*Original with:*
Punjab Vidhan Sabha
*Digitized by:*
Panjab Digital Library

*Original with:*
Punjab Vidhan Sabha
*Digitized by:*
Panjab Digital Library

Original with:
Punjab Vidhan Sabha
Digitized by:
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*20th January, 1976*

Vol. I—No. 1

Chief Reporter
Punjab Vidhan Sabha
Chandigarh

## OFFICIAL REPORT

CONTENTS

*Tuesday, the 20th January, 1976*

| | PAGE |
|---|---|
| Obituary References .. | (1)1 |

Punjab Vidhan Sabha Secretariat, Chandigarh.

Price . Rs. 9-20

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

## OFFICERS OF THE PUNJAB VIDHAN SABHA

| | | |
|---|---|---|
| SPEAKER | .. Dr. Kewal Krishan, House No. 47 Sector 2, Chandigarh | (Off. 24738) (Res. 24155) |
| DEPUTY SPEAKER | .. Sardar Nasib Singh Gill, House No. 10, Sector 2, Chandigarh | (Off. 24626) (Res. 24169) |
| SECRETARY | .. Sardar Partap Singh, 8-F/3357, Sector 23-D, Chandigarh | (Off. 24762) (Res. 25018) |

### LIST OF MEMBERS OF THE CABINET, MINISTERS OF STATE, DEPUTY MINISTERS AND CHIEF PARLIAMENTARY SECRETARY

### CABINET MINISTER

1. Giani Zail Singh, Chief Minister:

| | | |
|---|---|---|
| Office | .. Room No. 31, 2nd Floor, Punjab Civil Secretariat | (29325) |
| | .. Room No. 94, 1st Floor, Punjab Vidhan Bhavan | (25704) |
| Residence | .. House No. 45, Sector 2, Chandigarh | (24824) |

2. Sardar Umrao Singh, Revenue and Elections Minister:

| | | |
|---|---|---|
| Office | .. Room No. 34, 6th Floor, Punjab Civil Secretariat | (25714) |
| Residence | .. House No. 43, Sector 2, Chandigarh | (24188) |

3. Shri Hans Raj Sharma, Finance Minister :

| | | |
|---|---|---|
| Office | .. Room No. 38, 6th Floor, Punjab Civil Secretariat | (26045) |
| Residence | .. House No. 46, Sector 2, Chandigarh | (26053) |

4. Shri Gurmail Singh, Education Minister :

| | | |
|---|---|---|
| Office | .. Room No. 37, 6th Floor, Punjab Civil Secretariat | (24132) |
| Residence | .. House No. 42, Sector 2, Chandigarh | (26120) |

5. Master Gurbanta Singh, Agriculture and Forest Minister :

| | | |
|---|---|---|
| Office | .. Room No. 28, 2nd Floor, Punjab Civil Secretariat | (25703 |
| Residence | .. House No. 32, Sector 3, Chandigarh | (25265) |

6. Shri Yash Pal, Excise and Taxation Minister :

| | | |
|---|---|---|
| Office | .. Room No. 33, 6th Floor, Punjab Civil Secretariat | (29319) |
| Residence | .. House No. 518, Sector 8-B, Chandigarh | (25237) |

### MINISTERS OF STATE

1. Shri Joginder Pal Pandey, Minister of State for Public Works :

| | | |
|---|---|---|
| Office | .. Room No. 34, 3rd Floor, Punjab Civil Secretariat | (25463) |
| Residence | .. House No. 7, Sector 2, Chandigarh | (25340) |

2. Sardar Santokh Singh Randhawa, Minister of State for Development

| | | |
|---|---|---|
| Office | .. Room No. 33, 5th Floor, Punjab Civil Secretariat | (29354) |
| Residence | .. House No. 8, Sector 2, Chandigarh | (25383) |

3. Miss Sarla Prasher, Minister of State for Social Welfare :

| | | |
|---|---|---|
| Office | .. Room No. 31, 3rd Floor, Punjab Civil Secretariat | (24832) |
| Residence | .. House No. 9, Sector 2, Chandigarh | (25497) |

Original with;
Punjab Vidhan Sabha
Digitized by;
Panjab Digital Library

4. Jathedar Sohan Singh Jalalusman, Minister of State for Public Health :

| | | | |
|---|---|---|---|
| Office | .. | Room No. 31, 7th Floor, Punjab Civil Secretariat | (25791) |
| Residence | .. | House No. 71, Sector 7, Chandigarh | (26195) |

5. Sardar Dilbagh Singh Daleke, Minister of State for Transport and Civil Aviation :

| | | | |
|---|---|---|---|
| Office | .. | Room No. 34, 7th Floor, Punjab Civil Secretariat | (27638) |
| Residence | .. | House No. 6, Sector 2, Chandigarh | (25288) |

6. Sardar Balbir Singh, Minister of State for Health and Family Planning :

| | | | |
|---|---|---|---|
| Office | .. | Room No. 30, 7th Floor, Punjab Civil Secretariat | (27640) |
| Residence | .. | House No. 48, Sector 9, Chandigarh | (26188) |

7. Sardar Gurbakhsh Singh Sibia, Minister of State for Irrigation and Power :

| | | | |
|---|---|---|---|
| Office | .. | Room No. 35, 7th Floor, Punjab Civil Secretariat | (25333) |
| Residence | .. | House No. 4, Sector 4, Chandigarh | (25739) |

8. Sardar Gurdarshan Singh, Minister of State for Food and Supplies :

| | | | |
|---|---|---|---|
| Office | .. | Room No. 32, 7th Floor, Punjab Civil Secretariat | (27639) |
| Residence | .. | House No. 8, Sector 3, Chandigarh | (24172) |

9. Mrs. Gurbrinder Kaur Brar, Minister of State for Housing :

| | | | |
|---|---|---|---|
| Office | .. | Room No. 31, 5th Floor, Punjab Civil Secretariat | (24812) |
| Residence | .. | House No. 73, Sector 7, Chandigarh | (24430) |

DEPUTY MINISTERS

1. Shri Bal Ram, Deputy Minister, Irrigation and Power :

| | | | |
|---|---|---|---|
| Office | .. | Room No. 6, 8th Floor, Punjab Civil Secretariat | (25786) |
| Residence | .. | House No. 169, Sector 9, Chandigarh | (27856) |

2. Shri Khushhal Bahl, Deputy Minister, Cottage Industries :

| | | | |
|---|---|---|---|
| Office | .. | Room No. 21, 7th Floor, Punjab Civil Secretariat | (27637) |
| Residence | .. | House No. 66, Sector 7, Chandigarh | (25338) |

CHIEF PARLIAMENTARY SECRETARY

1. Sardar Gurcharan Singh Nihalsinghwala, Chief Parliamentary Secretary :

| | | | |
|---|---|---|---|
| Office | .. | Room No. 32, 5th Floor, Punjab Civil Secretariat | (28386) |
| Residence | .. | House No. 77, Sector, 7, Chandigarh | (25134) |

ADVOCATE GENERAL

1. Sardar Joginder Singh Wasu :

| | | | |
|---|---|---|---|
| Residence | .. | House No. 63, Sector 2, Chandigarh | (20684) |
| Office | .. | Room No. 1, Punjab and Haryana High Court, Chandigarh | (24347) |

Original with; Punjab Vidhan Sabha Digitized by; Panjab Digital Library

*Alphabetical List of Members showing their Party/Group Affiliation in the Punjab Vidhan Sabha, Constituencies and Districts*

| Serial No. | Name of Member | Party/ Group Affiliation | Constituency | District |
|---|---|---|---|---|
| 1 | - | 3 | 4 | 5 |
| 1. | Achhra Singh, Comrade .. | C.P.I. | Dhuri | Sangrur |
| 2. | Amir Singh Kalkat, Dr. .. | Cong. | Tanda | Hoshiarpur |
| 3. | Arjan Singh Litt, Giani .. | S.A.D. | Qila Raipur | Ludhiana |
| 4. | Arjan Singh Mastana, Comrade .. | C.P.I. | Valtoha | Amritsar |
| 5. | Balbir Singh, Sardar .. | Cong. | Jullundur Cantt. | Jullundur |
| 6. | Baldev Parkash, Doctor .. | J. S. | Amritsar East | Amritsar |
| 7. | Balmukand Sharma, Shri .. | Cong. | Ferozepur | Ferozepur |
| 8. | Bal Ram, Chaudhri .. | Cong. | Abohar | Ferozepur |
| 9. | Balwinder Singh Bhunder, Sardar .. | S.A.D. | Sardulgarh | Bhatinda |
| 10. | Basant Singh Khalsa, Sardar .. | S.A.D. | Dakha (S.C.) | Ludhiana |
| 11. | Beant Singh, Sardar .. | Cong. | Payal | Ludhiana |
| 12. | Brij Lal Goyal, Shri .. | Cong. | Rajpura | Patiala |
| 13. | Brish Bhan, Shri .. | Cong. | Lehra | Sangrur |
| 14. | Chand Singh, Master .. | C.P.I. (M) | Sherpur (S.C.) | Sangrur |
| 15. | Dalip Chand, Master .. | Cong. | Balachaur | Hoshiarpur |
| 16. | Dana Ram, Comrade .. | C.P.I. | Lambi (S.C.) | Faridkot |
| 17. | Darbara Singh, Sardar .. | Cong. | Nakodar | Jullundur |
| 18. | Darshan Singh Canadian, Comrade .. | C.P.I. | Garhshanker | Hoshiarpur |
| 19. | Darshan Singh, Chaudhri .. | Cong. | Nurmahal | Jullundur |
| 20. | Darshan Singh K.P., Sardar .. | Cong. | Jamsher (S.C.) | Jullundur |
| 21. | Dhanna Singh Gulshan, Sardar .. | S.A.D. | Nathana (S.C.) | Bhatinda |
| 22. | Dilbagh Singh, Sardar .. | Cong. | Nawanshahar | Jullundur |
| 23. | Dilbagh Singh Daleke, Sardar .. | Cong. | Tarn Taran | Amritsar |
| 24. | Guran Dass Hans, Bhagat .. | Cong. | Sham Chaurasi (S.C.) | Hoshiarpur |
| 25. | Gurbachan Singh Cheema, Sardar .. | Cong. | Dasuya | Hoshiarpur |
| 26. | Gurbachan Singh, Jathedar .. | S.A.D. | Sunam | Sangrur |
| 27. | Gurbachan Singh, Sardar .. | Cong. | Ropar | Ropar |

Original with;
Punjab Vidhan Sabha
Digitized by;
Panjab Digi

| 1 | 2 | 3 | 4 | 5 |
|---|---|---|---|---|
| 28. | Gurbakhsh Singh Sibia, Sardar .. | Cong. | Sangrur | Sangrur |
| 29. | Gurbanta Singh, Master .. | Cong. | Kartarpur (S. C.) | Jullundur |
| 30. | Gurbrinder Kaur Brar, Mrs. .. | Cong. | Malout | Faridkot |
| 31. | Gurcharan Singh Nihal-Singhwala, Sardar .. | Cong. | Baghapurana | Faridkot |
| 32. | Gurdarshan Singh, Sardar .. | Cong. | Nabha | Patiala |
| 33. | Gurdev Kaur Gill, Mrs. .. | Cong. | Moga | Faridkot |
| 34. | Gurdev Singh Badal, Sardar .. | S.A.D. | Faridkot (S.C.) | Faridkot |
| 35. | Gurdev Singh Bakhshiwala, Sardar .. | Cong. | Budhlada | Bhatinda |
| 36. | Gurdev Singh Sidhu, Sardar .. | S.A.D. | Samana (S. C.) | Patiala |
| 37. | Gurdial Saini, Shri .. | Cong. | Jullundur (North) | Jullundur |
| 38. | Gurdit Singh, Sardar .. | Cong. | Attari (S.C.) | Amritsar |
| 39. | Gurmail Singh, Shri .. | Cong. | Mahilpur (S. C.) | Hoshiarpur |
| 40. | Gurmej Singh, Sardar .. | Cong. | Verka (S C.) | Amritsar |
| 41. | Hans Raj Sharma, Shri .. | Cong. | Banur | Patiala |
| 42. | Harbans Singh Jalal, Sardar .. | S.A.D. | Phul | Bhatinda |
| 43. | Harbhajan Singh, Doctor .. | Cong. | Adampur | Jullundur |
| 44. | Harchand Singh, Sardar .. | Cong. | Amloh (S. C.) | Patiala |
| 45. | Harcharan Singh, Sardar .. | Cong. | Ajnala | Amritsar |
| 46. | Jagat Ram, Chaudhri .. | Cong. | Banga (S.C.) | Jullundur |
| 47. | Jagdev Singh Talwandi, Sardar .. | S.A.D. | Raikot | Ludhiana |
| 48. | Jai Muni, Shri .. | Cong. | Dinanagar (S.C.) | Gurdaspur |
| 49. | Jangir Singh Joga, Comrade .. | C.P.I. | Mansa | Bhatinda |
| 50. | Jasdev Kaur Sandhu, Shrimati .. | S.A.D. | Dakala | Patiala |
| 51. | Jaswant Kaur, Shrimati .. | Cong. | Khadoor Sahib | Amritsar |
| 52. | Jaswinder Singh Brar, Sardar .. | S.A.D. | Kotkapura | Faridkot |
| 53. | Joginder Pal Pandey, Shri .. | Cong. | Ludhiana (South) | Ludhiana |
| 54. | Kanshi Ram, Chaudhri .. | Cong. | Fazilka | Ferozepur |
| 55. | Karnail Singh Marhari, Sardar .. | S.A.D. | Jandiala (S.C.) | Amritsar |
| 56. | Kesho Ram Goel, Shri .. | Cong. | Bhatinda | Bhatinda |
| 57. | Kewal Krishan, Doctor .. | Cong. | Mukerian | Hoshiarpur |

Original with Punjab Vidhan Sabha
Digitized by; Panjab Digital Library

| 1 | 2 | 3 | 4 | 5 |
|---|---|---|---|---|
| 58. | Khushhal Bahl, Shri .. | Cong. | Gurdaspur | Gurdaspur |
| 59. | Kirpal Singh Dhillon, Sardar .. | Cong. | Kapurthala | Kapurthala |
| 60. | Kirpal Singh Randhawa, Sardar .. | Cong. | Majitha | Amritsar |
| 61. | Kulwant Kaur, Shrimati .. | S.A.D. | Dharamkot | Ferozepur |
| 62. | Kundan Singh Patang, Giani .. | S.A.D. | Bhadaur (S.C.) | Sangrur |
| 63. | Kundan Singh, Master .. | Cong. | Hoshiarpur | Hoshiarpur |
| 64. | Lachhman Singh, Sardar .. | Cong. | Guru Harsahai | Ferozepur |
| 65. | Mehtab Singh Nokerian, Comrade .. | C.P.I. | Jalalabad | Ferozepur |
| 66. | Mohinder Singh Sayanwala Sardar | S A.D. | Ferozepur Cantt. | Ferozepur |
| 67. | Nasib Singh Gill, Sardar .. | Cong. | Zira | Ferozepur |
| 68. | Parkash Singh Badal, Sardar .. | S.A.D. | Giddarbaha | Faridkot |
| 69. | Partap Chand Bhandari, Shri .. | Cong. | Amritsar Central | Amritsar |
| 70. | Piara Ram Dhanowali, Shri | Cong. | Phagwara (S.C.) | Kapurthala |
| 71. | Pirthipal Singh, Sardar .. | Cong. | Amritsar (South) | Amritsar |
| 72. | Prehlad Singh, Sardar .. | S.A.D. | Samrala | Ludhiana |
| 73. | Prem Gupta, Shri .. | Cong. | Patiala | Patiala |
| 74. | Prem Singh Prem, Sardar .. | Cong. | Raipur | Patiala |
| 75. | Prithvi Singh Azad, Acharya .. | Cong. | Khanna (S.C.) | Ludhian |
| 76, | Raj Kumar, Comrade .. | C.P.I. | Dhariwal | Gurdaspur |
| 77. | Ram Singh, Chaudhri .. | Cong. | Pathankot | Gurdaspur |
| 78. | Randhir Singh Cheema, Sardar .. | S.A.D. | Sirhind | Patiala |
| 79. | Rattan Singh, Captain .. | Cong. | Kum Kalan | Ludhiana |
| 80. | Sadhu Singh, Sardar .. | Cong. | Sultanpur | Kapurthala |
| 81. | Sarhar Singh, Comrade .. | C.P.I. | Nihalsinghwala (S.C.) | Faridkot |
| 82. | Sajida Begum, Shrimati .. | Cong. | Malerkotla | Sangrur |
| 83. | Santokh Singh Randhawa, Sardar . | Cong. | Fatehgarh | Gurdaspur |
| 84. | Sardari Lal Kapur, Shri .. | Cong. | Ludhiana North | Ludhiana |
| 85. | Sarla Prasher, Miss .. | Cong. | Nangal | Ropar |
| 86. | Satnam Singh Bajwa, Sardar .. | S.A.D. | Qadian | Gurdaspur |
| 87. | Satwaut Kaur Sandhu, Shrimati .. | S.A.D. | Morinda (S.C.) | Ropar |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 |
|---|---|---|---|---|
| 88. | Satya Pal Dang, Comrade .. | C.P.I. | Amritsar West | Amritsar |
| 89. | Shamsher Singh Josh, Comrade .. | C.P.I. | Kharar | Ropar |
| 90. | Sohan Singh Jalalusman, Jathedar .. | Cong. | Beas | Amritsar |
| 91. | Sukhdev Singh Dhillon, Sardar .. | S.A.D. | Talwandi Sabo | Bhatinda |
| 92. | Sukhdev Sindh Dhindsa, Sardar .. | S.A.D. | Dhanaula | Sangrur |
| 93. | Sunder Singh, Chaudhri .. | Cong. | Narot Mehra (S. C.) | Gurdaspur |
| 94. | Surinder Singh Kairon, Sardar .. | Cong. | Patti | Amritsar |
| 95. | Surjit Singh Atwal, Sardar .. | Cong. | Phillaur | Jullundur |
| 96. | Surjit Singh, Sardar .. | S.A.D. | Barnala | Sangrur |
| 97. | Surjit Singh Sidhu, Sardar .. | S.A.D. | Pakka Kalan | Bhatinda |
| 98. | Tara Singh Chheena, Sardar | S.A.D. | Jagraon | Ludhiana |
| 99. | Ujagar Singh, Sardar | Cong. | Muktsar (S.C.) | Faridkot |
| 100. | Umrao Singh, Sardar .. | Cong. | Bara Pind | Jullundur |
| 101. | Vishva Mittar Sekhri, Shri .. | Cong. | Batala | Gurdaspur |
| 102. | Waryam Singh Bhagowalia, Sardar | Cong. | Srihargobindpur | Gurdaspur |
| 103. | Yash Pal, Shri .. | Cong. | Jullundur South | Jullundur |
| 104. | Zail Singh, Giani .. | Cong. | Anandpur Sahib | Ropar |

**Partywise break-up**

| | *Name of Party* | | *Strength* |
|---|---|---|---|
| 1. | Congress | .. | 67 |
| 2. | Shiromani Akali Dal | .. | 25 |
| 3. | Communist Party of India | .. | 10 |
| 4. | Communist Party of India (Marxist) | .. | 1 |
| 5. | Bhartiya Jan Sangh | .. | 1 |
| | Total | .. | 104 |

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

# DEBATES

Tuesday, the 20th January, 1976.

*The Vidhan Sabha met in the Punjab Vidhan Sabha Hall, Vidhan Bhavan, Chandigarh, at 4.30 P.M. of the Clock. Mr. Speaker (Doctor Kewal Krishan) in the Chair.*

## OBITUARY REFERENCES

**ਸ੍ਰੀ ਸਪੀਕਰ** : ਸੀ. ਐਮ. ਸਾਹਿਬ ਪਹਿਲਾਂ ਸਾਬਕਾ ਮੁੱਖ ਮੰਤਰੀ, ਮੁਸਾਫਿਰ ਸਾਹਿਬ ਲਈ ਸੋਗ ਦਾ ਰੈਜ਼ੋਲਿਊਸ਼ਨ ਪੇਸ਼ ਕਰਨਗੇ ਔਰ ਉਸ ਦੇ ਬਾਅਦ ਬਾਕੀਆਂ ਲਈ ਕਰਾਂਗੇ ।

**ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ)** : ਸਤਿਕਾਰਯੋਗ ਸਪੀਕਰ ਸਾਹਿਬ, ਮੈਨੂੰ ਡੂੰਘੇ ਅਫਸੋਸ ਤੇ ਭਰੇ ਹੋਏ ਦਿਲ ਨਾਲ ਕਹਿਣਾ ਪੈਂਦਾ ਹੈ ਕਿ ਪਿਛਲੇ ਇਜਲਾਸ ਤੋਂ ਬਾਅਦ ਕੁਝ ਮਹਾਨ ਸ਼ਖਸੀਅਤਾਂ ਸਾਥੋਂ ਵਿਛੜ ਗਈਆਂ ਹਨ । ਗਿਆਨੀ ਗੁਰਮੁਖ ਸਿੰਘ ਮੁਸਾਫ਼ਰ ਜੀ ਮੁਸਾਫ਼ਰ ਹੋ ਕੇ ਟੁਰ ਗਏ ਹਨ । ਉਨ੍ਹਾਂ ਮੁਸਾਫ਼ਰੀ ਵਾਲੇ ਲਫ਼ਜ਼ ਆਪਣੇ ਨਾਲ ਰਖੇ ਸਨ ਅਤੇ ਉਹ ਉਸੇ ਤਰ੍ਹਾਂ ਮੁਸਾਫ਼ਰਾਂ ਦੀ ਤਰ੍ਹਾਂ ਚਲੇ ਗਏ । 18 ਜਨਵਰੀ, 1976 ਨੂੰ ਉਹ ਅਕਾਲ ਚਲਾਣਾ ਕਰਦੇ ਹਨ ਔਰ 17 ਦੀ ਰਾਤ ਨੂੰ 10.30 ਵਜੇ ਤਕ ਉਹ ਮੇਰੇ ਨਾਲ ਰਹੇ ਅਤੇ ਬੜੀਆਂ ਦਿਲ ਖੋਲ੍ਹ ਕੇ ਗੱਲਾਂ ਕਰਦੇ ਰਹੇ ਸਨ । ਉਸ ਵੇਲੇ ਸੋਚਿਆ ਵੀ ਨਹੀਂ ਜਾ ਸਕਦਾ ਸੀ ਕਿ ਅਗਲੇ ਦਿਨ ਉਨ੍ਹਾਂ ਦੇ ਦਰਸ਼ਨ ਨਹੀਂ ਹੋਣਗੇ । ਜਦੋ ਮੈਂ ਉਨ੍ਹਾਂ ਨੂੰ ਉਨ੍ਹਾਂ ਦੀ ਕੋਠੀ ਛੱਡਣ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਮੇਰੇ ਪਾਸ ਬੈਠ ਜਾਓ । ਮੈਂ ਕਿਹਾ, ਨਹੀਂ ਹੁਣ ਨਹੀਂ ਮੈਂ ਬੈਠਣਾ, ਬਹੁਤ ਵਕਤ ਹੋ ਗਿਆ ਹੈ ਤਾਂ ਉਨ੍ਹਾਂ ਨੇ ਕਿਹਾ ਕਿ ਚਲੋ ਬਈ ਹੁਣ ਨਹੀਂ ਬੈਠਣਾ ਤਾਂ ਸਵੇਰੇ ਬਰੇਕਫਾਸਟ ਮੇਰੇ ਕੋਲ ਲੈਣਾ । ਮੈਂ ਕਿਹਾ ਗਿਆਨੀ ਜੀ ਮੈਂ ਇਹ ਪੱਕਾ ਨਹੀਂ ਕਹਿੰਦਾ । ਉਨ੍ਹਾਂ ਨੇ ਕਿਹਾ ਕਿ ਨਹੀਂ ਇਹ ਪੱਕਾ ਹੀ ਹੈ ਅਤੇ ਸਵੇਰੇ ਤੁਹਾਨੂੰ ਆਉਣਾ ਹੀ ਪਵੇਗਾ । ਨਹੀਂ ਸੋਚ ਸਕਦੇ ਸੀ ਕਿ ਅਗਲੀ ਸਵੇਰ ਜਾਣਾ ਹੀ ਪਵੇਗਾ ਪਰ ਮੁਸਾਫ਼ਰ ਸਾਹਿਬ ਨਹੀਂ ਹੋਣਗੇ । ਜਿਹੜੀ ਵਿਦਵੱਤਾ, ਸਿਆਸਤਦਾਨੀ ਅਤੇ ਦੇਸ਼ ਭਗਤੀ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਜੀ ਵਿਚ ਸੀ ਉਹ ਕਿਸੇ ਵਿਰਲੇ ਵਿਰਲੇ ਲੀਡਰਾਂ ਵਿਚ ਮਿਲਦੀ ਹੈ । ਉਨ੍ਹਾਂ ਨੇ ਜ਼ਿੰਦਗੀ ਦੇ 77 ਸਾਲ ਜਿਸ ਖੁਸ਼ੀ ਤੇ ਪ੍ਰਸੰਨਤਾ ਨਾਲ ਗੁਜ਼ਾਰੇ ਹਨ ਕੋਈ ਵਿਰਲਾ ਮਨੁੱਖ ਹੀ ਗੁਜ਼ਾਰ ਸਕਦਾ ਹੈ । ਉਨ੍ਹਾਂ ਦਾ ਸਿਆਸੀ ਜੀਵਨ ਇੰਨਾ ਲੰਮਾ ਹੈ ਕਿ ਸ਼ਾਇਦ ਹੀ ਹਿੰਦੁਸਤਾਨ ਵਿਚ ਇਸ ਤਰ੍ਹਾਂ ਦੇ ਬਹੁਤੇ ਸੱਜਣ ਹੋਣ । ਸਿਰਫ ਗਿਣਤੀ ਦੇ ਸਜਣ ਹੀ ਹੋਣੇ ਹਨ ਜਿਹੜੇ ਇਸ ਵੇਲੇ ਜੀਊਂਦੇ ਹੋਣ ਔਰ ਉਨ੍ਹਾਂ ਦਾ ਸਿਆਸੀ ਜੀਵਨ ਇਤਨਾ ਲੰਮਾ ਹੋਵੇ । ਪਰ ਮੁਸਾਫਰ ਸਾਹਿਬ ਨੇ 60 ਸਾਲ ਦੇਸ਼ ਦੀ ਸੇਵਾ ਵਿਚ ਲੰਘਾਏ ਹਨ । ਆਜ਼ਾਦ ਹਿੰਦੁਸਤਾਨ ਵਿਚ ਆਜ਼ਾਦੀ ਲਿਆਉਣ ਲਈ ਜਦੋਂ ਉਹ ਮੈਦਾਨ ਵਿਚ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਨਿਤਰੇ ਤਾਂ ਨਾ ਕੇਵਲ ਉਹ ਆਪ ਕੈਦਾਂ ਕਟਦੇ ਸੀ ਸਗੋਂ ਹਿੰਦੁਸਤਾਨ ਦੇ ਨੌਜਵਾਨਾਂ ਨੂੰ ਆਪਣੀਆਂ ਕਵਿਤਾਵਾਂ ਨਾਲ ਜਗਾਉਂਦੇ ਰਹੇ ਅਤੇ ਉਨ੍ਹਾਂ ਵਿਚ ਜੋਸ਼ ਪੈਦਾ ਕਰਦੇ ਰਹੇ। ਸਰਕਾਰ ਜੋ ਵਿਦੇਸ਼ੀ ਸਰਕਾਰ ਸੀ ਉਹ ਸੋਚਦੀ ਸੀ ਅਤੇ ਇਹ ਹਦਾਇਤਾਂ ਦਿਆ ਕਰਦੀ ਸੀ ਕਿ ਜਿਸ ਕਾਨਫਰੰਸ ਵਿਚ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਜੀ ਜਾਣ ਉਥੇ ਤੁਹਾਨੂੰ ਕੁਝ ਹੱਥਕੜੀਆਂ ਲੈ ਕੇ ਜਾਣਾ ਚਾਹੀਦਾ ਹੈ ਨਹੀਂ ਤਾਂ ਉਨ੍ਹਾਂ ਨੇ ਕਵਿਤਾਵਾਂ ਨਾਲ ਦੇਸ਼ ਭਗਤੀ ਦੇ ਮਤਵਾਲਿਆਂ ਨੂੰ ਉਸੇ ਕਾਨਫਰੰਸ ਵਿਚ ਤਿਆਰ ਕਰ ਦੇਣਾ ਹੈ। ਗਿਆਨੀ ਗੁਰਮੁਖ ਸਿੰਘ ਮੁਸਾਫਿਰ ਜੀ ਆਜ਼ਾਦੀ ਤੋਂ ਬਾਅਦ ਦੇਸ਼ ਦੀ ਨਵੀਂ ਤਾਮੀਰ ਵਾਸਤੇ ਮੈਦਾਨ ਵਿਚ ਆਏ। ਸਾਡੇ ਦੇਸ਼ ਦਾ ਨਵਾਂ ਵਿਧਾਨ ਬਣਿਆ ਅਤੇ ਉਹ ਆਈਨ ਅਸੈਂਬਲੀ ਦੇ ਮੈਂਬਰ ਬਣੇ। ਜਿਸ ਵਕਤ ਹਿੰਦੁਸਤਾਨ ਦੀ ਭਾਸ਼ਾ ਦਾ ਮਸਲਾ ਸਾਹਮਣੇ ਆਇਆ ਕਿ ਹਿੰਦੁਸਤਾਨ ਦੀ ਭਾਸ਼ਾ ਹਿੰਦੀ ਰੱਖੀ ਜਾਏ ਤਾਂ ਉਸ ਵਕਤ ਵੋਟਾਂ ਦਾ ਫਰਕ ਇੰਨਾ ਸੀ ਕਿ ਜੇ ਮੁਸਾਫਰ ਜੀ ਆਪਣੀ ਵੋਟ ਹਿੰਦੀ ਦੇ ਹੱਕ ਵਿਚ ਨਾ ਪਾਉਂਦੇ ਤਾਂ ਹਿੰਦੀ ਭਾਸ਼ਾ ਮਨਜ਼ੂਰ ਹੋਣੀ ਮੁਮਕਿਨ ਨਹੀਂ ਸੀ। ਗਿਆਨੀ ਜੀ ਹੋਰਾਂ ਨੇ ਜਿਸ ਦਲੇਰੀ ਨਾਲ ਆਪਣੀ ਰਾਏ ਦਿਤੀ ਉਹ ਹਮੇਸ਼ਾਂ ਲਈ ਉਨ੍ਹਾਂ ਦੀ ਯਾਦ ਰਹੇਗੀ। ਮੁਸਾਫ਼ਿਰ ਜੀ ਲਗਾਤਾਰ ਪੂਰੇ 10 ਸਾਲ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰੈਜ਼ੀਡੈਂਟ ਰਹੇ। ਛੋਟੇ ਛੋਟੇ ਬਹੁਤ ਸਾਰੇ ਔਹਦਿਆਂ ਉਤੇ ਵੀ ਬਿਰਾਜਮਾਨ ਰਹੇ ਮਗਰ ਕੰਸਟੀਚੂਐਂਟ ਅਸੈਂਬਲੀ ਦੇ ਮੈਂਬਰ ਬਣਨ ਤੋਂ ਬਾਅਦ ਉਹ ਥੋੜ੍ਹਾ ਜਿਹਾ ਸਮਾਂ ਵਿਚੋਂ ਜੋ ਪ੍ਰੋਵਿਜ਼ਨਲ ਪਾਰਲੀਮੈਂਟ ਬਣੀ ਸੀ ਉਸ ਦੇ ਵੀ ਮੈਂਬਰ ਰਹੇ ਤੇ ਫਿਰ ਉਸ ਤੋਂ ਬਾਅਦ 3 ਟਰਮਜ਼ ਵਿਚ ਲੋਕ ਸਭਾ ਦੇ ਮੈਂਬਰ ਰਹੇ ਔਰ ਇਸ ਵੇਲੇ ਰਾਜ ਸਭਾ ਦੀ ਦੂਸਰੀ ਟਰਮ ਵਿਚ ਜਾ ਰਹੇ ਸਨ। ਮੁਸਾਫ਼ਿਰ ਜੀ ਨੇ ਆਪਣੀ ਜ਼ਿੰਦਗੀ ਵਿਚ ਕੋਈ 25 ਦੇ ਕਰੀਬ ਪੁਸਤਕਾਂ ਲਿਖੀਆਂ। ਉਹ ਕਵੀ ਵੀ ਸਨ, ਕਹਾਣੀਕਾਰ ਵੀ ਸਨ ਔਰ ਨਜ਼ਮਾਂ ਵੀ ਪੰਜਾਬੀ ਤੇ ਉਰਦੂ ਵਿਚ ਲਿਖਦੇ ਸਨ। ਉਨ੍ਹਾਂ ਦੀਆਂ ਲਿਖਤਾਂ ਹਮੇਸ਼ਾਂ ਲਈ ਲੋਕਾਂ ਨੂੰ ਯਾਦ ਰਹਿਣਗੀਆਂ। ਉਹ 1930 ਤੋਂ ਲੈ ਕੇ ਹੁਣ ਤਕ ਆਲ ਇੰਡੀਆ ਕਾਂਗਰਸ ਪਾਰਟੀ ਦੇ ਮੈਂਬਰ ਚਲੇ ਆ ਰਹੇ ਸਨ ਔਰ ਕਈ ਸਾਲ ਉਹ ਵਰਕਿੰਗ ਕਮੇਟੀ ਦੇ ਮੈਂਬਰ ਵੀ ਰਹੇ। ਉਨ੍ਹਾਂ ਦੀਆਂ ਪ੍ਰਾਪਤੀਆਂ ਅਤੇ ਉਨ੍ਹਾਂ ਦੇ ਖਿਆਲਾਂ ਦਾ ਪ੍ਰਭਾਵ ਪੰਜਾਬੀਆਂ ਤੇ ਕਈ ਨਸਲਾਂ ਤਕ ਮਹਿਸੂਸ ਕੀਤਾ ਜਾਂਦਾ ਰਹੇਗਾ। ਜਿੰਨਾ ਜੀਵਨ ਉਨ੍ਹਾਂ ਨੇ ਖੁਸ਼ੀ ਨਾਲ ਗੁਜ਼ਾਰਿਆ ਹੈ, ਪਿਆਰ ਨਾਲ ਗੁਜ਼ਾਰਿਆ ਹੈ ਵਿਰੋਧੀਆਂ ਨੇ ਵੀ ਕਦੇ ਆਪਣਾ ਦੁਸ਼ਮਣ ਨਹੀਂ ਸਮਝਿਆ, ਇਹ ਕਿਸੇ ਵਿਰਲੇ ਮਨੁੱਖ ਦੇ ਹਿੱਸੇ ਇਹੋ ਜਿਹੀ ਜ਼ਿੰਦਗੀ ਆਉਂਦੀ ਹੈ। ਉਹ ਥੋੜ੍ਹਾ ਸਮਾਂ ਰੀਆਰਗੇਨਾਈਜ਼ੇਸ਼ਨ ਤੋਂ ਬਾਅਦ ਇਸ ਨਵੇਂ ਪੰਜਾਬ ਦੇ ਪਹਿਲੇ ਮੁੱਖ ਮੰਤਰੀ ਬਣੇ ਸਨ ਔਰ ਥੋੜ੍ਹੇ ਜਿਹੇ ਸਮੇਂ ਵਿਚ ਮੁੱਖ ਮੰਤਰੀ ਬਣਦਿਆਂ ਸਾਰ ਉਨ੍ਹਾਂ ਦੇ ਸਾਹਮਣੇ ਕਈ ਸਮੱਸਿਆਵਾਂ ਖੜ੍ਹੀਆਂ ਹੋ ਗਈਆਂ। ਇਕ ਐਸਾ ਸਮਾਂ ਵੀ ਆਇਆ ਜਦੋਂ ਕਿ ਇਸ ਗੱਲ ਦਾ ਡਰ ਸੀ ਕਿ ਸਾਰਾ ਪੰਜਾਬ ਸੜ ਕੇ ਸੁਆਹ ਨਾ ਹੋ ਜਾਵੇ ਔਰ ਇਸ ਨੂੰ ਬਚਾਉਣਾ ਮੁਸ਼ਕਲ ਬਾਤ ਹੋ ਗਈ ਸੀ ਪਰ ਉਨ੍ਹਾਂ ਨੇ ਆਪਣੀ ਦਲੇਰੀ ਅਤੇ ਦੂਰ ਅੰਦੇਸ਼ੀ ਤੋਂ ਕੰਮ ਲੈਂਦਿਆਂ ਉਸ ਮਸਲੇ ਨੂੰ ਹੱਲ ਕੀਤਾ ਔਰ ਪੰਜਾਬ ਨੂੰ ਅੱਗ ਵਿਚ ਸੜਨ ਤੋਂ ਬਚਾਇਆ। ਥੋੜ੍ਹੇ ਜਿਹੇ ਸਮੇਂ ਵਿਚ ਉਨ੍ਹਾਂ ਨੇ ਪੰਜਾਬ ਦੀ, ਇਸ ਨਵੇਂ ਪੰਜਾਬ ਦੀ ਇੰਡਸਟਰੀ ਵੱਲ ਧਿਆਨ ਦੇ ਕੇ ਇਹ ਜੋ ਫੋਕਲ ਪੁਆਇੰਟ ਸ਼ੁਰੂ ਹੋਏ ਹਨ, ਇਹ ਉਨ੍ਹਾਂ ਦੀ ਸਰਕਾਰ ਦੀ ਦੇਣ ਸੀ। ਮੁਹਾਲੀ, ਰਾਜਪੁਰਾ ਔਰ ਲੁਧਿਆਣਾ ਦੇ ਲਾਗੇ ਢੰਡਾਰੀਕਲਾਂ ਇਹ ਤਿੰਨ ਫੋਕਲ ਪੁਆਇੰਟ ਉਨ੍ਹਾਂ ਨੇ ਸ਼ੁਰੂ ਕਰਵਾਏ ਸਨ। ਉਨ੍ਹਾਂ ਨੇ ਥੋੜ੍ਹੇ ਸਮੇਂ ਵਿਚ ਪੰਜਾਬ

Original with
Punjab Vidhan Sabha
Digitized by
Panjab Digital Library

ਦੇ ਹਰ ਪਹਿਲੂ ਵਿਚ ਉੱਨਤੀ ਵਲ ਪੂਰੀ ਤਰ੍ਹਾਂ ਧਿਆਨ ਦੇਣ ਦਾ ਯਤਨ ਕੀਤਾ। ਉਨ੍ਹਾਂ ਦੀਆਂ ਲਿਖੀਆਂ ਹੋਈਆਂ ਕਹਾਣੀਆਂ ਅਤੇ ਕਵਿਤਾਵਾਂ ਹੁਣ ਲੋਕਾਂ ਦੇ ਸਾਹਮਣੇ ਦੁਬਾਰਾ ਫਿਰ ਆਉਣਗੀਆਂ।

ਥੋੜ੍ਹਾ ਸਮਾਂ ਹੋਇਆ ਹੈ ਉਨ੍ਹਾਂ ਨੇ ਲਿਖਿਆ ਸੀ ਕਿ ਇਸ ਦੇਸ਼ ਵਿਚ ਕੀ ਕੁਝ ਨਹੀਂ? ਇਸ ਦੇਸ਼ ਵਿਚ ਸਭ ਕੁਝ ਹੈ ਪਰ ਸਭ ਲਈ ਨਹੀਂ। ਇਹ ਇਕ ਐਸੀ ਆਵਾਜ਼ ਸੀ ਜੋ ਲੋਕਾਂ ਦੀ ਆਵਾਜ਼ ਸੀ। ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਗਰੀਬਾਂ, ਨਿਮਾਣਿਆਂ, ਨਿਤਾਣਿਆਂ ਅਤੇ ਮੇਹਨਤਕਸ਼ ਲੋਕਾਂ ਦੀ ਜ਼ਬਾਨ ਬਣ ਕੇ ਬੋਲਦੇ ਰਹੇ, ਅੱਖਾਂ ਬਣ ਕੇ ਵੇਖਦੇ ਰਹੇ, ਕੰਨ ਬਣ ਕੇ ਸੁਣਦੇ ਰਹੇ। ਉਨ੍ਹਾਂ ਦੇ ਇਸ ਵਿਛੋੜੇ ਨਾਲ ਸਾਰੇ ਪੰਜਾਬ ਭਰ ਵਿਚ ਸੋਗ ਦੀ ਲਹਿਰ ਫੈਲ ਗਈ ਅਤੇ ਸਾਰਾ ਹਿੰਦੁਸਤਾਨ ਉਸ ਦੇ ਵਿਛੋੜੇ ਨੂੰ ਮਹਿਸੂਸ ਕਰਦਾ ਹੈ। ਅਸੀਂ ਅੱਜ ਉਨ੍ਹਾਂ ਦੀਆਂ ਕੀਤੀਆਂ ਹੋਈਆਂ ਘਾਲਣਾਂ ਨੂੰ ਯਾਦ ਕਰਦੇ ਹਾਂ ਅਤੇ ਇਸ ਹਾਊਸ ਵਿਚ ਅੱਜ ਜੋ ਮਤਾ ਅਸੀਂ ਰੱਖ ਰਹੇ ਹਾਂ। ਇਸ ਦੇ ਬਾਅਦ ਕਈ ਦੋਸਤ ਮੇਰੇ ਪਾਸ ਆਏ ਔਰ ਇਸ ਮਤੇ ਤੋਂ ਪਹਿਲੋਂ ਕਈਆਂ ਨੇ ਲਿਖਿਆ ਔਰ ਕਾਂਗਰਸ ਕਮੇਟੀ ਦਾ ਮੇਰੇ ਪਾਸ ਇਕ ਰੈਜ਼ੋਲਿਊਸ਼ਨ ਵੀ ਆਇਆ ਹੈ ਕਿ ਗਿਆਨੀ ਗੁਰਮੁਖ ਸਿੰਘ ਜੀ ਮੁਸਾਫ਼ਿਰ ਦੀ ਯਾਦਗਰ ਕਾਇਮ ਕੀਤੀ ਜਾਵੇ। ਉਨ੍ਹਾਂ ਦੀਆਂ ਲਿਖੀਆਂ ਹੋਈਆਂ ਚੀਜ਼ਾਂ ਤੋਂ ਇਲਾਵਾ ਅਣ-ਲਿਖੀਆਂ ਹੋਈਆਂ, ਅਧੂਰੀਆਂ ਚੀਜ਼ਾਂ ਜੋ ਦੇਸ਼-ਭਗਤਾਂ ਦਾ ਇਤਿਹਾਸ ਉਹ ਲਿਖ ਰਹੇ ਸਨ ਉਨ੍ਹਾਂ ਨੂੰ ਅਤੇ ਉਨ੍ਹਾਂ ਦੀਆਂ ਹੱਥਾਂ ਦੀਆਂ ਚੀਜ਼ਾਂ ਨੂੰ ਸਾਂਭਣ ਲਈ ਜੋ ਕਮੇਟੀ ਜਾਂ ਟਰਸਟ ਬਣੇਗਾ, ਮੈਂ, ਸਪੀਕਰ ਸਾਹਿਬ, ਇਸ ਗੱਲ ਦਾ ਭਰੋਸਾ ਦਿਲਾਉਂਦਾ ਹਾਂ ਕਿ ਪੰਜਾਬ ਸਰਕਾਰ ਇਸ ਮਾਮਲੇ ਵਿਚ ਫ਼ਰਾਖ਼ਦਿਲੀ ਨਾਲ ਮਿਲਵਰਤਣ ਦੇਵੇਗੀ ਤਾਂ ਕਿ ਅਸੀਂ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਦੀਆਂ ਯਾਦਗਾਰਾਂ ਹਮੇਸ਼ਾਂ ਲਈ ਸਾਂਭ ਸਕੀਏ।

ਸਪੀਕਰ ਸਾਹਿਬ, ਸੰਸਾਰ ਵਿਚ ਨਾ ਵਿਛੜਿਆਂ ਦਾ ਕਥਨ ਕੀਤਾ ਜਾ ਸਕਦਾ ਹੈ ਅਤੇ ਨਾ ਉਨ੍ਹਾਂ ਦੀ ਮਹਾਨਤਾ ਲਿਖੀ ਜਾ ਸਕਦੀ ਹੈ। ਗਿਆਨੀ ਜੀ ਨੇ ਮੌਤ ਨੂੰ ਵੇਖ ਕੇ ਲਿਖਿਆ ਸੀ। ਮੌਤ ਦੇ ਵਿਛੋੜੇ ਤੋਂ ਜੋ ਉਨ੍ਹਾਂ ਦੀ ਆਵਾਜ਼ ਸੀ ਉਹ ਲਫ਼ਜ਼ ਮੈਨੂੰ ਯਾਦ ਆਉਂਦੇ ਹਨ :

ਹਿਰਦੇ 'ਚ ਲੁਕੀ ਪੀੜ ਨੂੰ ਪਰਗਟ ਵਿਖਾਵਾਂ ਕਿਸ ਤਰ੍ਹਾਂ,
ਅਰਮਾਨ ਲੁਕੇ ਰੰਜ ਵਿਚ ਮੂਹ ਤੇ ਲਿਆਵਾਂ ਕਿਸ ਤਰ੍ਹਾਂ,
ਅੰਦਰ ਹੀ ਅੰਦਰ ਸੁਕ ਗਏ ਹੰਝੂ ਵਹਾਵਾਂ ਕਿਸ ਤਰ੍ਹਾਂ,
ਮਾਨੋਂ ਅਮਾਨਤ ਖੁਸ ਗਈ ਕਰਜ਼ਾ ਚੁਕਾਵਾਂ ਕਿਸ ਤਰ੍ਹਾਂ।

ਇਨ੍ਹਾਂ ਸ਼ਬਦਾਂ ਨਾਲ ਮੈਂ ਉਨ੍ਹਾਂ ਨੂੰ ਆਪਣੀ ਸ਼ਰਧਾਂਜਲੀ ਭੇਂਟ ਕਰਦਾ ਹਾਂ ਔਰ, ਸਪੀਕਰ ਸਾਹਿਬ, ਇਹ ਮਤਾ ਜਦੋਂ ਪਾਸ ਹੋ ਜਾਏ ਉਨ੍ਹਾਂ ਦੇ ਪਰਿਵਾਰ ਨੂੰ ਭੇਜ ਦਿਤਾ ਜਾਏ।

**ਸਰਦਾਰ ਪ੍ਰੇਮ ਸਿੰਘ ਪ੍ਰੇਮ** (ਰਾਏਪੁਰ) : ਸਪੀਕਰ ਸਾਹਿਬ, ਮੈਂ ਤਾਂ ਇਸ ਵਾਸਤੇ ਬੈਠਾ ਰਿਹਾ ਕਿਉਂਕਿ ਮੈਂ ਸਮਝਦਾ ਸੀ ਕਿ ਪਹਿਲਾਂ ਵਿਰੋਧੀ ਧੜੇ ਵਾਲਿਆਂ ਦਾ ਹੱਕ ਬਣਦਾ ਹੈ ਅਤੇ ਉਹ ਉਠਣਗੇ ਪਰ ਤੁਸੀਂ ਮੈਨੂੰ ਹੁਕਮ ਦਿਤਾ ਹੈ ਅਤੇ ਬਾਜਵਾ ਸਾਹਿਬ ਬਾਅਦ ਵਿਚ ਬੋਲ ਲੈਣਗੇ।

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰੇਮ ਸਿੰਘ ਪ੍ਰੇਮ]

ਸਪੀਕਰ ਸਾਹਿਬ, ਜਿਸ ਤਰ੍ਹਾਂ ਗਿਆਨੀ ਜ਼ੈਲ ਸਿੰਘ ਜੀ ਨੇ ਮੁਸਾਫ਼ਿਰ ਸਾਹਿਬ ਦੇ ਸ਼ੋਕ ਦਾ ਜੋ ਮਤਾ ਇਸ ਹਾਊਸ ਦੇ ਸਾਹਮਣੇ ਰਖਿਆ ਹੈ, ਮੈਂ ਉਸ ਦੀ ਪ੍ਰੋੜਤਾ ਕਰਦਾ ਹਾਂ। ਆਪ ਤਾਂ ਸਾਰੇ ਮੈਂਬਰ ਸਾਹਿਬਾਨ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਹੋ ਕਿ ਮੇਰੀ ਮੁਸਾਫ਼ਿਰ ਜੀ ਨਾਲ ਜ਼ਾਤੀ ਤੌਰ ਤੇ ਬੜੀ ਨੇੜ ਸੀ। ਮੈਨੂੰ 18 ਤਾਰੀਖ ਨੂੰ ਸਵੇਰੇ 4 ਵਜੇ ਦਿੱਲੀ ਤੋਂ ਟੈਲੀਫੋਨ ਰਾਹੀਂ ਜਿਸ ਵੇਲੇ ਇਹ ਦੁਖਦਾਈ ਖਬਰ ਦਿਤੀ ਗਈ ਤਾਂ ਇਕ ਵੇਰ ਮੈਨੂੰ ਐਸਾ ਮਹਿਸੂਸ ਹੋਇਆ ਜਿਵੇਂ ਕਿਸੇ ਨੇ ਮੇਰੇ ਕਲੇਜੇ ਵਿਚ ਛੁਰਾ ਘੋਂਪ ਦਿਤਾ ਹੈ। ਜ਼ਿੰਦਗੀ ਦੇ 40-45 ਸਾਲ ਅਸੀਂ ਇਕੱਠੇ ਰਹੇ। ਜੇਲ੍ਹ ਵਿਚ ਇਕੱਠੇ ਰਹੇ, ਜੇਲ੍ਹ ਦੀ ਕੋਠੜੀ ਵਿਚ ਇਕੱਠੇ ਰਹੇ, ਸਿਆਸਤ ਦੇ ਮੈਦਾਨ ਵਿਚ ਇਕੱਠੇ ਸੁਲਾਹ ਅਤੇ ਲੜਾਈ ਵਿਚ ਇਕੱਠੇ ਰਹੇ ਹਾਂ ਅਤੇ ਸ਼ਾਦੀ ਗ਼ਮੀ ਵਿਚ ਇਕੱਠੇ ਰਹੇ। ਅਜ ਮੈਂ ਮਾਣ ਨਾਲ ਕਹਿ ਸਕਦਾ ਹਾਂ ਕਿ ਜਦੋਂ ਖਾਲਸਾ ਕਾਲਜ ਵਿਚ ਬੀ.ਏ. ਦੇ ਇਮਤਿਹਾਨ ਤੋਂ ਬਾਅਦ ਪ੍ਰੋਵਿੰਸ਼ਲ ਅਟਾਨੋਮੀ ਦੇ ਥਲੇ ਜਿਹੜੀਆਂ ਚੋਣਾਂ ਆਈਆਂ ਸਨ ਤੇ ਉਨ੍ਹਾਂ ਨੇ ਮੈਨੂੰ ਕਿਹਾ ਸੀ ਕਿ 'ਪ੍ਰੇਮ' ਅਸੀਂ ਕਾਂਗਰਸ ਦੀ ਮਦਦ ਕਰਨੀ ਹੈ। ਉਸ ਦਿਨ ਤੋਂ ਲੈ ਕੇ ਅੱਜ ਤਕ ਮੇਰੀ ਵਫ਼ਾਦਾਰੀ ਉਸ ਮਹਾਨ ਆਤਮਾ ਨਾਲ ਅਟੁੱਟ ਅਤੇ ਅਡੋਲ ਸਬੰਧ ਸੀ। ਮੈਂ ਇਸ ਵਿਚ ਵੀ ਮੁਬਾਲਗਾ ਨਹੀਂ ਸਮਝਦਾ ਕਿ ਇਹ ਅਡੋਲਤਾ ਜੋ ਪਾਲਿਟਿਕਸ ਵਿਚ ਮੇਰੀ ਰਹੀ ਇਹ ਵੀ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਦੇ ਕਰੈਕਟਰ ਦਾ ਹੀ ਪ੍ਰਭਾਵ ਸੀ। ਉਸ ਦੀ ਸਾਰੀ ਜ਼ਿੰਦਗੀ ਦੇਸ਼ ਦੀ ਸੇਵਾ ਵਿਚ ਗੁਜ਼ਰੀ। ਆਪ ਕੰਸਟੀਚੂਐਂਟ ਅਸੰਬਲੀ ਦੇ ਮੈਂਬਰ ਰਹੇ, ਪਾਰਲੀਮੈਂਟ ਦੇ ਮੈਂਬਰ ਰਹੇ, ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ ਰਹੇ, ਫਿਰ ਚੀਫ਼ ਮਨਿਸਟਰ ਬਣੇ ਹੁਣ ਵੀ ਪਾਰਲੀਮੈਂਟ ਦੇ ਮੈਂਬਰ ਸਨ। ਲੇਕਿਨ ਅਜ਼ਾਦੀ ਲਈ ਲੜਾਈ ਦੇ ਦਿਨਾਂ ਨੂੰ ਜੇ ਯਾਦ ਕੀਤਾ ਜਾਵੇ ਤਾਂ ਉਨ੍ਹਾਂ ਨੂੰ ਔਕੜਾਂ ਵੀ ਬੜੀਆਂ ਆਈਆਂ। ਉਨ੍ਹਾਂ ਨੇ ਉਹ ਔਕੜਾਂ ਹੱਸ ਕੇ ਗੁਜ਼ਾਰੀਆਂ। ਉਸ ਅਸੰਬਲੀ ਦੀ ਲੜਾਈ ਤੋਂ ਬਾਅਦ ਉਸ ਵਕਤ ਦੀ ਯੂਨੀਅਨਿਸਟ ਪਾਰਟੀ ਨੇ ਜਿਹੜੀ ਉਨ੍ਹਾਂ ਕੋਲ ਬੀਮਾਂ ਕੰਪਨੀ ਸੀ ਉਹ ਖੋਹ ਲਈ ਅਤੇ ਉਹ ਮਾਲੀ ਤੌਰ ਤੇ ਬਹੁਤ ਕਮਜ਼ੋਰ ਹੋ ਗਏ। ਕਈ ਵਾਰੀ ਘਰ ਵਿਚ ਆਟਾ ਵੀ ਨਹੀਂ ਸੀ ਹੁੰਦਾ।

ਉਹ ਜੇਲ੍ਹ ਵਿਚ ਸਨ ਤੇ ਉਨ੍ਹਾਂ ਦਾ ਲੜਕਾ ਗੁਜ਼ਰ ਗਿਆ ਅਤੇ ਲੜਕੀ ਬਹੁਤ ਬੀਮਾਰ ਹੋ ਗਈ। ਗਿਆਨੀ ਜੀ ਪੈਰੋਲ ਤੇ ਛੋਡੇ ਗਏ ਪਰ ਉਹ ਲੜਕੀ ਵੀ ਬਚ ਨਾ ਸਕੀ, ਗੁਜ਼ਰ ਗਈ। ਇਸ ਦੇ ਬਾਵਜੂਦ ਸੇਵਾ ਦੇ ਮੈਦਾਨ ਵਿਚੋਂ ਉਨ੍ਹਾਂ ਦਾ ਪੈਰ ਨਹੀਂ ਡੋਲਿਆ। ਇਕ ਦਿਨ ਜਿਸ ਵੇਲੇ ਉਹ ਘਰ ਗਏ ਅਤੇ ਮੈਂ ਵੀ ਅੰਮ੍ਰਿਤਸਰ ਉਨ੍ਹਾਂ ਦੇ ਨਾਲ ਸੀ ਉਨ੍ਹਾਂ ਦੀ ਧਰਮ-ਪਤਨੀ ਨੇ ਉਨ੍ਹਾਂ ਨੂੰ ਕਿਹਾ ਕਿ ਮੈਂ ਫਲਾਣੀ ਜਗ੍ਹਾ ਆਦਮੀ ਭੇਜਿਆ ਸੀ ਅਤੇ ਉਥੋਂ ਆਟਾ ਨਹੀਂ ਮਿਲਿਆ। ਇਸ ਤੋਂ ਦੂਸਰੇ ਦਿਨ ਉਨ੍ਹਾਂ ਨੇ ਇਹ ਕਵਿਤਾ ਲਿਖੀ ਜਿਸ ਦੇ ਮੈਂ ਸਿਰਫ਼ ਦੋ ਬੰਦ ਹੀ ਪੜ੍ਹਾਂਗਾ :—

"ਭਵ ਸਾਗਰ ਦਾ ਦੂਰ ਕਿਨਾਰਾ ਦੇ ਦਿਤਾ ਕਿਸੇ ਰਤਾ ਸਹਾਰਾ
ਡੁਬਦੇ ਦੇ ਸੰਗ ਡੁਬਕੇ ਕੋਈ ਮਰੇ ਕਿਉਂ
ਨਾਲ ਮੁਸਾਫ਼ਿਰ ਪਿਆਰ ਕੋਈ ਕਰੇ ਕਿਉਂ

ਤੰਗਦਸਤੀ, ਬੰਦਸ਼, ਮਜਬੂਰੀ ਝੂਮੇ ਵਿਚ ਜਿਸ ਦੇ ਇਹ ਮੂੜੀ
ਹਾਮੀ ਉਸ ਦੀ ਭੁਲਕੇ ਕੋਈ ਭਰੇ ਕਿਉਂ
ਨਾਲ ਮੁਸਾਫ਼ਿਰ ਪਿਆਰ ਕੋਈ ਕਰੇ ਕਿਉਂ।"

Original with;
Punjab Vidhan Sabha
Digitized by;
Panjab Digital Library

ਉਹ ਵੀ ਵਕਤ ਸੀ ਲੇਕਿਨ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਹਮੇਸ਼ਾਂ ਅਡੋਲਤਾ ਨਾਲ ਇਸ ਦੇਸ਼ ਦੀ ਸੇਵਾ ਕਰਦੇ ਰਹੇ ਅਤੇ ਕਿਸੇ ਔਕੜ ਵਿਚ ਉਨ੍ਹਾਂ ਦਾ ਮਨ ਨਹੀਂ ਡੋਲਿਆ। ਠੀਕ ਹੈ ਚੀਫ਼ ਮਨਿਸਟਰ ਸਾਹਿਬ ਨਾਲ ਰਾਤ ਨੂੰ ਰੋਟੀ ਖਾਧੀ, ਉਹ ਸਾਢੇ ਦਸ ਵਜੇ ਛੱਡ ਕੇ ਆਏ। ਉਨ੍ਹਾਂ ਨੂੰ ਸਵਾ ਦੋ ਵਜੇ ਅਟੈਕ ਹੋਇਆ ਅਤੇ ਤਿੰਨ ਡਾਕਟਰ ਪਹੁੰਚ ਗਏ। ਆਖਰੀ ਸਮੇਂ ਵੀ ਮਨ ਅਡੋਲ ਰਿਹਾ। ਉਨ੍ਹਾਂ ਨੇ ਡਾਕਟਰ ਨੂੰ ਕਿਹਾ ਕਿ ਤੁਸੀਂ ਲੇਟ ਹੋ ਗਏ ਹੋ। ਮੇਰੇ ਹਣ ਜਾਣ ਦਾ ਸਮਾਂ ਆ ਗਿਆ ਹੈ, ਤੁਸੀਂ ਮੈਨੂੰ ਜਾਣ ਦਿਉ।

ਸਪੀਕਰ ਸਾਹਿਬ, ਵੈਸੇ ਤਾਂ ਮੈਨੂੰ ਉਨ੍ਹਾਂ ਦੀ ਜ਼ਿੰਦਗੀ ਦੀਆਂ ਬਹੁਤ ਗੱਲਾਂ ਯਾਦ ਹਨ। ਲੇਕਿਨ 1927 ਦੀ ਮੈਂ ਇਕ ਗੱਲ ਸੁਣਾਉਂਦਾ ਹਾਂ ਕਿ ਜਿਸ ਵੇਲੇ ਉਹ ਗੁਰਦਵਾਰਾ ਇਲੈਕਸ਼ਨਾਂ ਦੇ ਵਿਚ ਫਿਰਦੇ ਫਿਰਦੇ ਸਾਡੇ ਪਿੰਡ ਦੇ ਵਿਚ ਦੀ ਲੰਘੇ ਤਾਂ ਪਿੰਡ ਦੇ ਬਾਹਰ ਇਕ ਭੱਠਾ ਸੀ। ਉਸ ਭੱਠੇ ਉਤੇ ਉਹ ਰੁਕੇ ਤੇ ਕਿਹਾ ਕਿ ਪਾਣੀ ਪਿਲਾ ਦਿਉ। ਉਹ ਸਾਈਕਲ ਤੇ ਜਾ ਰਹੇ ਸਨ। ਅਸੀਂ ਕਿਹਾ ਕਿ ਪਾਣੀ ਇਥੇ ਹੈ ਨਹੀਂ। ਉਹ ਕਹਿਣ ਲਗੇ ਕਿ ਉਹ ਸਾਮ੍ਹਣੇ ਮਸ਼ਕ ਵਿਚ ਜੋ ਪਾਣੀ ਲਿਆ ਰਿਹਾ ਹੈ ਉਸ ਵਿਚੋਂ ਮੈਨੂੰ ਬੁਕ ਨਾਲ ਪਾਣੀ ਪਿਲਾ ਦਿਉ। ਉਹ ਮਸ਼ਕ ਵਾਲਾ ਹਰੀਜਨ ਸੀ। ਉਸ ਵੇਲੇ ਕੋਈ ਅੰਦਾਜ਼ਾ ਵੀ ਨਹੀਂ ਸੀ ਲਾਉਂਦਾ ਕਿ ਹਰੀਜਨ ਦੇ ਹੱਥ ਦਾ ਪਾਣੀ ਉਹ ਅਕਸੈਪਟ ਕਰਨਗੇ। ਪਰ ਉਹ ਕਹਿਣ ਲੱਗੇ ਕਿ ਮੇਰੀ ਬੁਕ ਵਿਚ ਮਸ਼ਕ ਵਿਚੋਂ ਪਾਣੀ ਪਾ ਕੇ ਮੈਨੂੰ ਪਿਲਾ ਦਿਉ। ਉਨ੍ਹਾਂ ਨੂੰ ਉਹ ਪਾਣੀ ਅਸੀਂ ਪਿਲਾਇਆ ਅਤੇ ਉਹ ਬੜੇ ਖੁਸ਼ ਹੋਏ। ਜਿਸ ਤਰ੍ਹਾਂ ਯਸ਼ ਜੀ ਨੇ ਲਿਖਿਆ ਹੈ ਕਿ ਸਿਆਸਤ ਦੇ ਮੈਦਾਨ ਵਿਚ ਦੁਸ਼ਮਨ ਤਾਂ ਬਦੋ ਬਦੀ ਬਣ ਜਾਂਦੇ ਨੇ, ਮੁਖਾਲਫ ਬਦੋ ਬਦੀ ਬਣ ਜਾਂਦੇ ਨੇ, ਲੇਕਿਨ ਉਨ੍ਹਾਂ ਦਾ ਪਿਆਰ ਵੇਖ ਕੇ ਮੁਖਾਲਫ ਅਤੇ ਮੁਖਾਲਫਤ ਉਨ੍ਹਾਂ ਦੇ ਸਾਹਮਣੇ ਖੁਦ ਸ਼ਰਮਿੰਦਾ ਹੋ ਜਾਂਦੀ ਸੀ। ਯਸ਼ ਜੀ ਨੇ ਲਿਖਿਆ ਹੈ ਕਿ ਇਸ ਤਰ੍ਹਾਂ ਦਾ ਉਨ੍ਹਾਂ ਦਾ ਸੁਭਾਓ ਸੀ। ਇਸ ਕਰਕੇ ਉਹ ਇਸ ਦੁਨੀਆ ਵਿਚ ਕੋਈ ਵੈਰੀ ਨਹੀਂ ਛੱਡ ਕੇ ਗਏ, ਦੋਸਤ ਹੀ ਛੱਡ ਕੇ ਗਏ ਹਨ। ਮੈਂ ਮੁਸਾਫ਼ਿਰ ਸਾਹਿਬ ਦੇ ਮਰਨ ਤੋਂ ਬਾਅਦ ਇਹ ਗੱਲ ਅੱਜ ਕਹਿੰਦਾ ਹਾਂ ਕਿ ਭਾਵੇਂ ਪਾਲੀਟਿਕਸ ਦੇ ਮੈਦਾਨ ਵਿਚ ਉਨ੍ਹਾਂ ਨੂੰ ਇਤਨੀ ਸ਼ੋਭਾ ਔਰ ਪਦਵੀ ਮਿਲੀ, ਲੇਕਿਨ ਉਹ ਪਾਲੀਟੀਸ਼ਨ ਨਹੀਂ ਸਨ। ਉਹ ਇਕ ਫਿਲਾਸਫਰ ਸਨ, ਲਿਖਾਰੀ ਸਨ, ਸ਼ਾਇਰ ਸਨ ਅਤੇ ਇਨਸਾਨ ਸਨ। ਇਸੇ ਲਈ ਉਨ੍ਹਾਂ ਕਿਹਾ ਸੀ :

ਸਿੱਖ, ਜੈਨੀ, ਪਾਰਸੀ, ਹਿੰਦੂ ਯਾ ਮੁਸਲਮਾਨ ਬਨ,
ਬਨ ਜੋ ਮਰਜ਼ੀ ਬਨ ਐ ਬਸ਼ਰ ਪਰ ਇਨਸਾਨ ਬਨ।

ਉਨ੍ਹਾਂ ਦੇ ਜਾਣ ਨਾਲ ਇਸ ਤਰ੍ਹਾਂ ਲਗਦਾ ਹੈ ਜਿਵੇਂ ਇਕ ਯੁਗ ਬੀਤ ਗਿਆ ਹੈ। ਬਹੁਤੇ ਆਦਮੀਆਂ ਨੂੰ ਭੁਲੇਖਾ ਸੀ ਕਿ ਉਹ ਮੇਰੇ ਰਿਸ਼ਤੇਦਾਰ ਸਨ। ਉਸ ਦਿਨ ਜਦੋਂ ਸ਼ੇਖ ਅਬਦੁਲੇ ਨਾਲ ਪੰਜਾਬ ਦੇ ਕਿਸੇ ਵੱਡੇ ਲੀਡਰ ਨੇ ਮੈਨੂੰ ਇੰਟਰੋਡਿਊਸ ਕਰਾਇਆ ਤਾਂ ਉਨ੍ਹਾਂ ਨੇ ਕਿਹਾ ਕਿ ਮੈਂ ਉਨ੍ਹਾਂ ਦਾ ਭਾਣਜਾ ਲਗਦਾ ਹਾਂ। ਮੇਰੀ ਔਰ ਮੁਸਾਫ਼ਿਰ ਸਾਹਿਬ ਦੀ ਕੋਈ ਨੇੜੇ ਦੀ ਰਿਸ਼ਤੇਦਾਰੀ ਨਹੀਂ। ਪਰ ਫਿਰ ਵੀ ਪਿਆਰ ਦਾ ਰਿਸ਼ਤਾ ਇਤਨਾ ਮਜ਼ਬੂਤ ਸੀ ਕਿ ਮੇਰੇ ਔਰ ਉਨ੍ਹਾਂ ਦੇ ਦਰਮਿਆਨ ਕੋਈ ਵਿੱਥ ਨਹੀਂ ਸੀ। ਇਹ ਪਿਆਰ ਦਾ ਰਿਸ਼ਤਾ ਸੀ। ਵਰਨਾ ਉਨ੍ਹਾਂ ਨਾਲ ਮੇਰੀ ਕੋਈ ਹੋਰ ਰਿਸ਼ਤੇਦਾਰੀ ਨਹੀਂ ਸੀ। ਮੈਂ ਉਨ੍ਹਾਂ ਦੀਆਂ ਖ਼ੂਬੀਆਂ ਅਤੇ ਯਾਦਾਂ ਦਾ ਇਥੇ ਜ਼ਿਆਦਾ ਜ਼ਿਕਰ ਨਹੀਂ ਕਰ ਸਕਦਾ ਅਤੇ ਨਾ ਹੀ ਹਾਊਸ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰੇਮ ਸਿੰਘ ਪ੍ਰੇਮ]

ਦਾ ਸਮਾਂ ਲੈਣਾ ਚਾਹੁੰਦਾ ਹਾਂ । ਮੇਰਾ ਗੱਚ ਵੀ ਭਰਿਆ ਚਲਾ ਆਉਂਦਾ ਹੈ ਅਤੇ ਉਸਨੂੰ ਠੱਲਣ ਦੇ ਵਾਸਤੇ ਵੀ ਸ਼ਾਇਦ ਮੇਰੇ ਵਾਸਤੇ ਸੰਭਵ ਨਹੀਂ, ਇਸ ਵਾਸਤੇ ਮੈਂ ਉਨ੍ਹਾਂ ਦੀ ਆਤਮਾ ਨੂੰ ਆਪਣੀ ਸ਼ਰਧਾਂਜਲੀ ਭੇਂਟ ਕਰਦਾ ਹਾਂ ਔਰ ਗਿਆਨੀ ਜ਼ੈਲ ਸਿੰਘ ਜੀ ਦੀ ਇਸ ਗੱਲ ਦੀ ਪ੍ਰਸ਼ੰਸਾ ਕਰਦਾ ਹਾਂ ਕਿ ਉਹਨਾਂ ਨੇ ਇਕ ਇਤਨੇ ਵੱਡੇ ਦੇਸ਼ ਭਗਤ, ਇਤਨੇ ਵੱਡੇ ਲਿਖਾਰੀ ਦੀ ਯਾਦਗਰ ਬਣਾਉਣ ਦੇ ਵਿਚ ਸਰਕਾਰ ਵਲੋਂ ਮਿਲਵਰਤਣ ਦੇਣ ਦਾ ਅਤੇ ਉਸ ਤੇ ਸਰਕਾਰੀ ਹੱਥ ਰੱਖਣ ਦਾ ਜੋ ਐਲਾਨ ਕੀਤਾ ਹੈ, ਮੈਂ ਸਮਝਦਾ ਹਾਂ ਕਿ ਇਹ ਬੜੀ ਭਾਰੀ ਗੱਲ ਹੈ ਜਿਸ ਨਾਲ ਆਉਣ ਵਾਲੀਆਂ ਨਸਲਾਂ ਉਨ੍ਹਾਂ ਦੀ ਅਣਛਪੀ ਕਵਿਤਾ ਅਤੇ ਅਣਲਿਖੀ ਵਾਰਤਾ ਨੂੰ ਪੜ੍ਹ ਕੇ ਰੌਸ਼ਨੀ ਲੈ ਸਕਣਗੀਆਂ । ਇਨ੍ਹਾਂ ਸ਼ਬਦਾਂ ਨਾਲ ਮੈਂ ਆਪਣੀ ਸ਼ਰਧਾਂਜਲੀ ਉਸ ਮਹਾਨ ਇਨਸਾਨ ਦੇ ਚਰਨਾ ਵਿਚ ਪੇਸ਼ ਕਰਦਾ ਹਾਂ ।

**ਸਰਦਾਰ ਸਤਨਾਮ ਸਿੰਘ ਬਾਜਵਾ** (ਕਾਦੀਆਂ) :

"ਬੜੇ ਗੌਰ ਸੇ ਸੁਨ ਰਹਾ ਥਾ ਜ਼ਮਾਨਾ,
ਹਮੀਂ ਸੋ ਗਏ ਦੌਸਤ ਕਹਿਤੇ ਕਹਿਤੇ ।"

ਮੁਲਕ ਦੀ ਇਸ ਮਹਾਨ ਹਸਤੀ ਤੋਂ ਦੇਸ਼ ਪਤਸੋਂ ਵਾਂਝਾ ਹੋ ਗਿਆ ਹੈ । ਗਿਆਨੀ ਗੁਰਮੁਖ ਸਿੰਘ ਮੁਸਾਫਿਰ ਜਿਹੜੇ ਕਿ ਪੰਜਾਬ ਦੇ ਸਾਬਕਾ ਚੀਫ ਮਨਿਸਟਰ ਸਨ, ਉਨ੍ਹਾਂ ਨੇ 17 ਸਾਲ ਦੀ ਉਮਰ ਤੋਂ 60 ਸਾਲ ਤਕ ਆਪਣੇ ਦੇਸ਼, ਕੌਮ ਔਰ ਮੁਲਕ ਦੀ ਸੇਵਾ ਕੀਤੀ । ਉਨ੍ਹਾਂ ਨੂੰ ਨਾ ਕੇਵਲ ਪੰਜਾਬ ਬਲਕਿ ਸਾਰੇ ਦੇਸ਼ ਦਾ ਬੱਚਾ ਬੱਚਾ ਜਾਣਦਾ ਹੈ । ਉਹ ਪੰਜਾਬੀ ਦੇ ਬੜੇ ਲਿਖਾਰੀ ਸਨ, ਕਵੀ ਸਨ, ਬੜੀਆਂ ਬੜੀਆਂ ਨਜ਼ਮਾਂ ਉਨ੍ਹਾਂ ਨੇ ਲਿਖੀਆਂ । ਉਹ ਬੜਾ ਪਿਆਰ ਭਰਿਆ ਦਿਲ ਰੱਖਦੇ ਸਨ ਅਤੇ ਬੜੀ ਰੰਗੀਨ ਤਬੀਅਤ ਦੇ ਮਾਲਕ ਸਨ । ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਦਾ ਜਨਮ 1899 ਵਿਚ ਜ਼ਿਲ੍ਹਾ ਕੈਮਲਪੁਰ, ਜਿਹੜਾ ਕਿ ਹੁਣ ਪਾਕਿਸਤਾਨ ਵਿਚ ਰਹਿ ਗਿਆ ਹੈ, ਵਿਚ ਹੋਇਆ । ਉਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਬੇਹਤਰੀਨ ਬਲਕਿ ਸਾਰਾ ਸਮਾਂ ਦੇਸ਼ ਦੀ ਅਜ਼ਾਦੀ ਦੀ ਜਦੋ-ਜਹਿਦ ਵਿਚ ਲਾਇਆ । ਉਹ ਇਕ ਬਹੁਤ ਵਡੇ ਫਰੀਡਮ ਫਾਈਟਰ ਸਨ । ਜਦੋਂ ਉਹ ਇਥੇ ਚੀਫ਼ ਮਨਿਸਟਰ ਬਣ ਕੇ ਆਏ ਤਾਂ ਮੈਂ ਵੀ ਕੁਝ ਚਿਰ ਬਤੌਰ ਐਮ.ਐਲ.ਏ. ਉਨ੍ਹਾਂ ਦੇ ਨਾਲ ਕੰਮ ਕੀਤਾ । ਗਿਆਨੀ ਜ਼ੈਲ ਸਿੰਘ ਜੀ ਅਤੇ ਪ੍ਰੇਮ ਸਿੰਘ ਪ੍ਰੇਮ ਜੀ ਠੀਕ ਹੀ ਕਹਿੰਦੇ ਹਨ ਕਿ ਮੁਸਾਫ਼ਰ ਸਾਹਿਬ ਦਾ ਕੋਈ ਦੁਸ਼ਮਣ ਨਹੀਂ ਸੀ। ਉਹ ਹਮੇਸ਼ਾਂ ਦੁਸ਼ਮਨ ਨੂੰ ਜੱਫੀ ਪਾ ਕੇ ਮਿਲਦੇ ਸਨ ਅਤੇ ਇਤਨੇ ਪਿਆਰ ਦੇ ਨਾਲ ਮਿਲਦੇ ਸਨ ਕਿ ਉਸ ਨੂੰ ਅਹਿਸਾਸ ਹੀ ਨਹੀਂ ਸੀ ਹੁੰਦਾ ਕਿ ਉਨ੍ਹਾਂ ਦੇ ਨਾਲ ਉਸ ਦੀ ਕੋਈ ਦੁਸ਼ਮਨੀ ਹੈ ਅਤੇ ਇਹ ਚੀਜ਼ ਉਸਦੇ ਦਿਮਾਗ ਵਿਚੋਂ ਹੀ ਨਿਕਲ ਜਾਂਦੀ ਸੀ । ਸਭ ਤੋਂ ਪਹਿਲਾਂ ਉਨ੍ਹਾਂ ਨੇ ਅਕਾਲੀ ਦਲ ਦੇ ਜਨਰਲ ਸੈਕਟਰੀ ਦੇ ਤੌਰ ਤੇ ਦੇਸ਼ ਦੀ ਆਜ਼ਾਦੀ ਦੀ ਜੱਦੋ-ਜਹਿਦ ਵਿਚ ਆਪਣਾ ਕਦਮ ਰਖਿਆ । ਉਸ ਦੇ ਬਾਅਦ ਜਦੋਂ 1925 ਵਿਚ ਲਾਹੌਰ ਵਿਚ ਕਿਸਾਨ ਮੋਰਚਾ ਲਗਿਆ ਤਾਂ ਉਨ੍ਹਾਂ ਨੇ ਉਸ ਦੇ ਵਿਚ ਹਿੱਸਾ ਲਿਆ । 1941 ਵਿਚ ਸ਼ੇਖੂਪੁਰੇ ਜਿਹੜੀ ਪਿਕਟ ਲੱਗੀ ਉਸ ਦੇ ਵਿਚ ਉਨ੍ਹਾਂ ਹਿੱਸਾ ਲਿਆ । ਉਹ ਆਲ ਇੰਡੀਆ ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ ਰਹੇ ਔਰ 1947 ਤੋਂ ਲੈ ਕੇ ਆਪਣੀ ਜ਼ਿੰਦਗੀ ਦੇ ਆਖਰੀ ਦਮ ਤਕ ਉਹ ਦੇਸ਼ ਦੀ ਸੇਵਾ ਕਰਦੇ ਰਹੇ । ਉਹ ਪਾਰਲੀਮੈਂਟ ਦੇ ਮੈਂਬਰ ਵੀ ਰਹੇ । ਥੋੜ੍ਹੇ ਜਿਹੇ ਅਰਸੇ ਲਈ

Original with:
Punjab Vidhan Sabha
Digitized by;
Panjab Digital Library

ਉਨ੍ਹਾਂ ਨੂੰ ਪੰਜਾਬ ਦਾ ਚੀਫ਼ ਮਨਿਸਟਰ ਬਣਾ ਕੇ ਭੇਜਿਆ ਗਿਆ ਅਤੇ ਉਨ੍ਹਾਂ ਨੂੰ ਪੰਜਾਬ ਦੀ ਸੇਵਾ ਕਰਨ ਦਾ ਮੌਕਾ ਮਿਲਿਆ। ਮੈਂ ਆਪਣੇ ਜਜ਼ਬਾਤ ਅਤੇ ਆਪਣੀ ਪਾਰਟੀ ਦੇ ਜਜ਼ਬਾਤ ਜੋ ਹਨ ਉਹ ਮੁਸਾਫਿਰ ਜੀ ਦੇ ਕਦਮਾਂ ਵਿਚ ਪੇਸ਼ ਕਰਦਾ ਹਾਂ। ਗਿਆਨੀ ਜੀ ਨੇ ਜਿਹੜੀ ਤਜਵੀਜ਼ ਰਖੀ ਹੈ ਉਨ੍ਹਾਂ ਦਾ ਟਰੱਸਟ ਬਣਾਉਣ ਲਈ ਮੈਂ ਕਹਾਂਗਾ ਕਿ ਇਹ ਬਹੁਤ ਉੱਚਾ ਖਿਆਲ ਹੈ। ਉਸ ਮਹਾਨ ਹਸਤੀ ਦੀਆਂ ਲਿਖੀਆਂ ਹੋਈਆਂ ਕਿਤਾਬਾਂ ਤੇ ਕਵਿਤਾਵਾਂ ਤੋਂ ਮੇਰਾ ਪੰਜਾਬ ਹਮੇਸ਼ਾਂ ਵਾਸਤੇ ਮੁਸਤਫੀਦ ਹੁੰਦਾ ਰਹੇਗਾ। ਮੈਂ ਆਪਣੇ ਆਪ ਅਤੇ ਆਪਣੀ ਪਾਰਟੀ ਨੂੰ ਗਿਆਨੀ ਜ਼ੈਲ ਸਿੰਘ ਅਤੇ ਪ੍ਰੇਮ ਸਿੰਘ ਪ੍ਰੇਮ ਜੀ ਦੇ ਇਸ ਮਤੇ ਨਾਲ ਸ਼ਾਮਿਲ ਕਰਦਾ ਹਾਂ।

**ਕਾਮਰੇਡ ਜੰਗੀਰ ਸਿੰਘ ਜੋਗਾ** (ਮਾਨਸਾ): ਸਪੀਕਰ ਸਾਹਿਬ, ਗਿਆਨੀ ਜ਼ੈਲ ਸਿੰਘ ਜੀ ਨੇ ਜਿਹੜਾ ਮਤਾ ਮੁਸਾਫਿਰ ਜੀ ਦੇ ਮੁਤਅੱਲਿਕ ਰਖਿਆ ਹੈ ਮੈਂ ਉਸ ਦੀ ਪ੍ਰੋੜਤਾ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਮੁਸਾਫਿਰ ਜੀ ਸਭ ਦੇ ਜਾਣੇ ਪਹਿਚਾਣੇ ਦੋਸਤਾਂ ਵਿਚੋਂ ਸਨ। ਅਕਾਲੀ ਮੋਰਚਿਆਂ ਦੇ ਵਕਤ ਜਿਸ ਵੇਲੇ ਗੁਰਦਵਾਰਾ ਸੁਧਾਰ ਤਹਿਰੀਕ ਚਲ ਰਹੀ ਸੀ, ਸਾਡਾ ਮੁਸਾਫਿਰ ਜੀ ਦੇ ਨਾਲ ਉਸ ਵੇਲੇ ਦਾ ਸਬੰਧ, ਸਾਥ ਜੁੜਿਆ ਸੀ। ਗੁਰਦਵਾਰਿਆਂ ਦੀ ਆਜ਼ਾਦੀ ਲਈ ਕੀਤੀ ਜੱਦੋ-ਜਹਿਦ ਵਿਚ ਮੁਸਾਫਿਰ ਜੀ ਮੂਹਰਲੀਆਂ ਸਫਾਂ ਵਿਚੋਂ ਗਿਣੇ ਜਾਂਦੇ ਸਨ। ਮੁਸਾਫਿਰ ਜੀ ਅਕਾਲੀ ਦਲ ਦੇ ਜਨਰਲ ਸੈਕਟਰੀ ਰਹੇ। ਮੁਸਾਫਿਰ ਜੀ ਅਕਾਲ ਤਖਤ ਦੇ ਜਥੇਦਾਰ ਵੀ ਰਹੇ। ਜਦੋਂ 1930 ਵਿਚ ਉਹ ਅਕਾਲੀ ਦਲ ਵਿਚ ਸਨ ਤਾਂ ਅਕਾਲੀ ਦਲ ਵਿਚ ਰਹਿੰਦੇ ਹੋਏ ਕਾਂਗਰਸ ਵਿਚ ਹਿੱਸਾ ਪਾਇਆ ਅਤੇ ਉਸ ਤੋਂ ਬਾਅਦ ਜਦੋਂ ਕਾਂਗਰਸ ਵਿਚ ਸ਼ਾਮਿਲ ਹਏ ਤਾਂ 1930 ਤੋਂ ਲੈ ਕੇ ਲਗਾਤਾਰ ਇਸ ਵੇਲੇ ਤਕ ਕਾਂਗਰਸ ਵਿਚ ਕੰਮ ਕਰਦੇ ਰਹੇ ਅਤੇ ਹਮੇਸ਼ਾਂ ਫਿਰਕਾਪਰੱਸਤੀ ਤੋਂ ਬਿਲਕੁਲ ਉਪਰ ਰਹੇ। ਸਭ ਤੋਂ ਵੱਡੀ ਦੇਣ ਉਨ੍ਹਾਂ ਦੀ ਸਾਡੇ ਦੇਸ਼ ਨੂੰ ਇਹ ਹੈ ਕਿ ਕਈ ਦਫਾ ਜਦੋਂ ਜ਼ਬਾਨ ਦੇ ਮਸਲੇ ਵਗੈਰਾ ਤੇ ਦੇਸ਼ ਦੇ ਵਿਚ ਵਾਤਾਵਰਨ ਖਰਾਬ ਹੋ ਜਾਂਦਾ ਰਿਹਾ ਅਤੇ ਜਿਸ ਵੇਲੇ ਹਿੰਦੀ ਅਤੇ ਅੰਗਰੇਜ਼ੀ ਦੇ ਮਸਲੇ ਤੇ ਫ਼ਿਰਕੂ ਵਾਯੂਮੰਡਲ ਪੈਦਾ ਹੋ ਗਿਆ ਸੀ ਤਾਂ ਹਿੰਦੀ ਦੇ ਹੱਕ ਵਿਚ ਇਕੋ ਹੀ ਵੋਟ ਸੀ ਗੁਰਮੁਖ ਸਿੰਘ ਜੀ ਮੁਸਾਫਰ ਦੀ ਵੋਟ ਨਾ ਹੁੰਦੀ ਤਾਂ ਹਿੰਦੀ ਨੂੰ ਰਾਸ਼ਟਰ ਭਾਸ਼ਾ ਦਾ ਦਰਜਾ ਨਾ ਮਿਲਦਾ। ਇਹ ਮੁਸਾਫਰ ਜੀ ਦੀ ਦੇਸ਼ ਨੂੰ ਬੜੀ ਦੇਣ ਹੈ। ਮੁਸਾਫਰ ਜੀ ਜੰਗੇ ਆਜ਼ਾਦੀ ਦੇ ਸਿਪਾਹੀ ਰਹੇ ਅਤੇ ਹਮੇਸ਼ਾਂ ਹੀ ਉਨ੍ਹਾਂ ਨੇ ਪੰਜਾਬੀ ਜ਼ਬਾਨ ਨੂੰ ਉੱਨਤ ਕਰਨ ਲਈ, ਇਸ ਜ਼ਬਾਨ ਨੂੰ ਪੰਜਾਬ ਦੀ ਮਾਤਰੀ ਭਾਸ਼ਾ ਬਣਾਉਣ ਲਈ ਠੀਕ ਮਾਅਨਿਆਂ ਵਿਚ ਪੰਜਾਬੀ ਭਾਸ਼ਾ ਨੂੰ ਉਪਰ ਚੁਕਣ ਵਿਚ ਪੂਰਾ ਯਤਨ ਕੀਤਾ। ਉਨ੍ਹਾਂ ਨੇ ਪੰਜਾਬੀ ਸਭਾ ਸੰਗਠਨ ਕੀਤੀ ਅਤੇ ਉਨ੍ਹਾਂ ਨੇ ਪੰਜਾਬੀ ਦੇ ਲਿਖਾਰੀ, ਪੰਜਾਬੀ ਦੇ ਸ਼ਾਇਰ ਵੀ ਇਕੱਠੇ ਕੀਤੇ ਅਤੇ ਪੰਜਾਬੀ ਜ਼ਬਾਨ ਨੂੰ ਉਚਾ ਲੈ ਜਾਣ ਦੀ ਪੂਰੀ ਕੋਸ਼ਿਸ਼ ਕਰਦੇ ਰਹੇ। ਉਨ੍ਹਾਂ ਦੀਆਂ 25—30 ਕਿਤਾਬਾਂ ਵੀ ਛਪੀਆਂ ਹੋਈਆਂ ਹਨ ਜਿਨ੍ਹਾਂ ਨੂੰ ਅਸੀਂ ਸਾਰੇ ਲੋਕ ਪੜ੍ਹਦੇ ਹਾਂ। ਮੁਸਾਫਰ ਜੀ ਦੀ ਹਿੰਦੁਸਤਾਨ ਦੀ ਏਕਤਾ, ਆਜ਼ਾਦੀ ਅਤੇ ਅਖੰਡਤਾ ਲਈ ਬੜੀ ਭਾਰੀ ਕੁਰਬਾਨੀ ਸੀ। 1942 ਦੀ ਆਜ਼ਾਦੀ ਦੀ ਮੂਵਮੈਂਟ ਵਿਚ ਮੁਸਾਫਰ ਜੀ ਗੁਜਰਾਤ ਜੇਲ੍ਹ ਵਿਚ ਸਨ। ਦਿਉਲੀ ਦਾ ਕੈਂਪ ਟੁਟਣ ਤੋਂ ਬਾਅਦ ਅਸੀਂ ਗੁਜਰਾਤ ਜੇਲ੍ਹ ਵਿਚ ਇਕੱਠੇ ਹੋ ਗਏ ਤਾਂ ਮੁਸਾਫਰ ਜੀ ਆਪਣੇ ਬਚਪਨ ਦੀਆਂ ਕਵਿਤਾਵਾਂ ਬੜੀ ਖੁਸ਼ੀ ਨਾਲ ਸੁਣਾਉਂਦੇ ਸਨ। ਜਿਹੜੇ ਅਜਿਹੇ ਬਜ਼ੁਰਗ ਸਨ, ਇਕ ਮਹਾਨ ਦੇਸ਼ ਭਗਤ ਸਨ, ਜਿਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਦੇਸ਼ ਦੀ ਖਾਤਰ ਗੁਜ਼ਾਰੀ ਹੋਵੇ ਅਤੇ ਦੇਸ਼ ਦੀ ਸੇਵਾ ਕੀਤੀ ਹੋਵੇ ਅਤੇ ਦੇਸ਼ ਦੀ ਏਕਤਾ ਨੂੰ ਕਾਇਮ ਰੱਖਣ ਲਈ ਹਰ ਯਤਨ ਕੀਤੇ ਹੋਣ, ਉਨ੍ਹਾਂ ਦੀ ਇਕ ਯਾਦਗਾਰ ਬਣਾਉਣਾ ਇਕ ਕਾਬਲੇ ਫ਼ਖ਼ਰ ਗੱਲ ਹੈ ਅਤੇ ਮੈਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਜੰਗੀਰ ਸਿੰਘ ਜੋਗਾ]

ਆਪਣੀ ਕਮਿਊਨਿਸਟ ਪਾਰਟੀ ਵਲੋਂ, ਜੋ ਮਤਾ ਗਿਆਨੀ ਜ਼ੈਲ ਸਿੰਘ ਜੀ, ਮੁੱਖ ਮੰਤਰੀ ਨੇ ਪੇਸ਼ ਕੀਤਾ ਹੈ, ਉਸ ਨਾਲ ਸਹਿਮਤ ਹਾਂ ਅਤੇ ਗਿਆਨੀ ਗੁਰਮੁਖ ਸਿੰਘ ਜੀ ਮੁਸਾਫਿਰ ਜੀ ਨੂੰ ਸ਼ਰਧਾਂਜਲੀ ਪੇਸ਼ ਕਰਦਾ ਹਾਂ । ਮੈਂ ਇਹ ਪ੍ਰਾਰਥਨਾ ਕਰਦਾ ਹਾਂ ਕਿ ਮੁਸਾਫਿਰ ਜੀ ਦੀ ਯਾਦ ਵਿਚ ਜੋ ਟਰੱਸਟ ਵਗੈਰਾ ਬਣਾਇਆ ਜਾਣਾ ਹੋਵੇ, ਉਸ ਤੇ ਕੋਈ ਲੰਮਾ ਚੋੜਾ ਸਮਾਂ ਨਹੀਂ ਲਗਣਾ ਚਾਹੀਦਾ ਅਤੇ ਜਲਦੀ ਹੀ ਬਣਾ ਦੇਣਾ ਚਾਹੀਦਾ ਹੈ । ਇਸ ਦੇ ਨਾਲ ਮੈਂ ਆਪਣੀ ਪਾਰਟੀ ਵਲੋਂ ਇਹ ਬੇਨਤੀ ਕਰਦਾ ਹਾਂ ਕਿ ਮੁਸਾਫਿਰ ਜੀ ਦੇ ਪਰਿਵਾਰ ਨੂੰ ਸ਼ੋਕ ਦਾ ਮਤਾ ਭੇਜਿਆ ਜਾਵੇ ।

**ਸਰਦਾਰ ਗੁਰਮੇਜ ਸਿੰਘ (ਵੇਰਕਾ, ਐਸ. ਸੀ.)**: ਸਪੀਕਰ ਸਾਹਿਬ, ਅੱਜ ਅਸੀਂ ਇਕ ਮਹਾਨ ਆਦਮੀ ਅਤੇ ਇਕ ਮਹਾਨ ਆਤਮਾ ਦੀ ਯਾਦ ਵਿਚ ਬੈਠੇ ਹਾਂ ਜਿਨ੍ਹਾਂ ਨੇ ਹਮੇਸ਼ਾਂ ਆਪਣੀ ਸਾਰੀ ਜ਼ਿੰਦਗੀ ਜ਼ਿੰਦਾ ਦਿਲੀ ਨਾਲ ਗੁਜ਼ਾਰੀ ਹੈ । ਉਨ੍ਹਾਂ ਦੀ ਜ਼ਿੰਦਾ ਦਿਲੀ ਦਾ ਮੈਂ ਸਬੂਤ ਦੇਣਾ ਚਾਹੁੰਦਾ ਹਾਂ । 1962 ਵਿਚ ਮੁਸਾਫਿਰ ਜੀ ਨਾਲ ਮੈਂ ਇਲੈਕਸ਼ਨ ਲੜੀ, ਉਹ ਪਾਰਲੀਮੈਂਟ ਦੇ ਉਮੀਦਵਾਰ ਸਨ ਅਤੇ ਮੈਂ ਵਿਧਾਨ ਸਭਾ ਦਾ ਉਮੀਦਵਾਰ ਸੀ । ਇਕ ਦਿਨ ਮੈਨੂੰ ਸਵਰਗੀਯ ਸਰਦਾਰ ਪਰਤਾਪ ਸਿੰਘ ਕੈਰੋਂ ਨੇ ਬੁਲਾਇਆ ਅਤੇ ਕਹਿਣ ਲੱਗੇ ਕਿ ਗੁਰਮੇਜ ਸਿੰਘ ਮੁਸਾਫਿਰ ਜੀ ਨੂੰ ਬੁਲਾ ਕੇ ਲਿਆ । ਰਾਤ ਦੇ ਢਾਈ ਵਜੇ ਸਨ, ਮੈਂ ਮੁਸਾਫਿਰ ਜੀ ਨੂੰ ਉਨ੍ਹਾਂ ਦੀ ਕੋਠੀ ਤੋਂ ਲੈ ਕੇ ਆਇਆ । ਸਰਦਾਰ ਪਰਤਾਪ ਸਿੰਘ ਕੈਰੋਂ ਉਨ੍ਹਾਂ ਨੂੰ ਕਹਿਣ ਲਗੇ ਕਿ ਤੁਸੀਂ ਬੰਬਈ ਚਲੇ ਜਾਓ, ਉਥੇ ਤੁਹਾਡੀ ਇਲੈਕਸ਼ਨ ਵਿਚ ਲੋੜ ਹੈ ਅਤੇ ਇਥੇ ਦੀ ਇਲੈਕਸ਼ਨ ਤੁਸੀਂ ਸਾਡੇ ਤੇ ਛੱਡ ਦੇਵੋ ਅਤੇ ਤੁਹਾਡੀ ਪਾਰਲੀਮੈਂਟ ਦੀ ਇਲੈਕਸ਼ਨ ਅਸੀਂ ਲੜਾਂਗੇ । ਮੁਸਾਫਿਰ ਜੀ ਹੱਸ ਪਏ ਅਤੇ ਕਹਿਣ ਲਗੇ ਕਿ ਸਰਦਾਰ ਪਰਤਾਪ ਸਿੰਘ ਜੀ ਜੇ ਮੁਸਾਫਿਰ ਪਾਰਲੀਮੈਂਟ ਦਾ ਮੈਂਬਰ ਨਾ ਬਣੇਗਾ ਤਾਂ ਕੀ ਖੁਸ ਜਾਵੇਗਾ । ਕਿੰਨੀ ਮਹਾਨਤਾ ਦੀ ਗੱਲ ਉਨ੍ਹਾਂ ਨੇ ਕੀਤੀ । ਮੈਂ ਉਨ੍ਹਾਂ ਨਾਲ 15—20 ਸਾਲ ਗੁਜ਼ਾਰੇ ਹਨ ਪਰ ਮੈਂ ਕਦੇ ਉਨ੍ਹਾਂ ਦੇ ਚੇਹਰੇ ਤੇ ਮਾਯੂਸੀ ਨਹੀਂ ਵੇਖੀ, ਹਮੇਸ਼ਾਂ ਖੁਸ਼ ਰਹਿੰਦੇ ਸਨ, ਜੇ ਉਨ੍ਹਾਂ ਨੂੰ ਕੋਈ ਚੀਜ਼ ਮਿਲ ਜਾਵੇ ਤਾਂ ਵੀ ਅਤੇ ਜੇ ਨਾ ਮਿਲੇ ਤਾਂ ਵੀ ਹਮੇਸ਼ਾਂ ਖੁਸ਼ ਰਹਿੰਦੇ ਸਨ । ਇਸ ਕਿਸਮ ਦੇ ਮਹਾਨ ਇਨਸਾਨ ਸਨ ਮੁਸਾਫਿਰ ਜੀ । ਉਨ੍ਹਾਂ ਦੇ ਦਿਲ ਵਿਚ ਕਦੇ ਕੋਈ ਅਜਿਹੀ ਗੱਲ ਨਹੀਂ ਸੀ ਆਈ ਕਿ ਕੋਈ ਆਦਮੀ ਕਿਸ ਬਰਾਦਰੀ ਨਾਲ ਤਾਲੁਕ ਰੱਖਦਾ ਹੈ, ਉਹ ਇਕੋ ਹੀ ਗੱਲ ਵੇਖਦੇ ਸਨ ਕਿ ਕਾਂਗਰਸੀ ਕੌਣ ਹੈ ਅਤੇ ਗੈਰ-ਕਾਂਗਰਸੀ ਕੌਣ ਹੈ, ਉਹ ਸਾਰਿਆਂ ਨਾਲ ਪਿਆਰ ਕਰਦੇ ਸਨ ਅਤੇ ਹਰੀਜਨਾਂ ਦੇ ਨਾਲ ਉਹ ਸਭ ਤੋਂ ਜ਼ਿਆਦਾ ਪਿਆਰ ਕਰਦੇ ਸਨ ਅਤੇ ਇਹ ਕਹਿੰਦੇ ਸਨ ਕਿ ਹਰੀਜਨ ਕਾਂਗਰਸ ਦਾ ਸਭ ਤੋਂ ਵੱਡਾ ਅੰਗ ਹਨ, ਪਿਛੜੇ ਹੋਏ ਹਨ ਅਤੇ ਇਨ੍ਹਾਂ ਨੂੰ ਉਪਰ ਚੁਕਣਾ ਚਾਹੀਦਾ ਹੈ ।

"ਜ਼ਮੀਂ ਵੀ ਬਣ ਜਾਏ ਕਾਗਜ਼
ਸਮੁੰਦਰ ਹੋ ਸਿਆਹੀ ਕਾ
ਕਲਮ ਤਬ ਵੀ ਲਿਖ ਨਹੀਂ ਸਕਤੀ
ਸਦਮਾ ਜੁਦਾਈ ਕਾ ।"

ਸਪੀਕਰ ਸਾਹਿਬ, ਮੈਂ ਆਪ ਦਾ ਧੰਨਵਾਦ ਕਰਦਾ ਹਾਂ ਕਿ ਆਪ ਨੇ ਮੈਨੂੰ ਇਸ ਸ਼ੋਕ ਮਤੇ ਤੇ ਬੋਲਣ ਦਾ ਟਾਈਮ ਦਿਤਾ ਅਤੇ ਗਿਆਨੀ ਗੁਰਮੁਖ ਸਿੰਘ ਜੀ ਮੁਸਾਫਿਰ ਨੂੰ, ਜਿਹੜੇ ਕਿ ਕਾਂਗਰਸ ਦੇ ਬਾਪੂ ਸਨ, ਸ਼ਰਧਾਂਜਲੀ ਪੇਸ਼ ਕਰਦਾ ਹਾਂ ਅਤੇ ਇਹ ਅਰਜ਼ ਕਰਦਾ ਹਾਂ ਕਿ ਸ਼ੋਕ ਦਾ ਮਤਾ ਪਾਸ ਕਰਕੇ ਉਨ੍ਹਾਂ ਦੇ ਪਰਿਵਾਰ ਨੂੰ ਭੇਜ ਦਿਤਾ ਜਾਵੇ ।

Original with; Punjab Vidhan Sabha Digitized by; Panjab Digital Library

**ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ.ਸੀ.)** : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਮੁਸਾਫਿਰ ਜੀ ਬਾਰੇ ਜਿਹੜਾ ਮਾਤਮੀ ਮਤਾ ਪੇਸ਼ ਕੀਤਾ ਹੈ, ਮੈਂ ਉਸ ਦੇ ਨਾਲ ਸਹਿਮਤ ਹਾਂ । ਮੁਸਾਫਿਰ ਜੀ ਇਕ ਵਿਦਵਾਨ ਸਨ, ਕਵੀ ਸਨ, ਸਿਆਸਤਦਾਨ ਸਨ । ਜਦੋਂ ਅਸੀਂ ਪੜ੍ਹਦੇ ਹੁੰਦੇ ਸਾਂ ਤਾਂ ਕਿਤਾਬਾਂ ਵਿਚ ਅਤੇ ਰਸਾਲਿਆਂ ਵਿਚ ਗਿਆਨੀ ਜੀ ਦੀਆਂ ਲਿਖੀਆਂ ਹੋਈਆਂ ਕਵਿਤਾਵਾਂ ਨੂੰ ਵੀ ਪੜ੍ਹਦੇ ਸਾਂ ਅਤੇ ਇਸ ਗੱਲ ਦਾ ਪਤਾ ਲਗਦਾ ਸੀ ਕਿ ਉਹ ਪੰਜਾਬੀ ਦੇ ਇਕ ਉਘੇ ਕਵੀ ਸਨ । ਗਿਆਨੀ ਗੁਰਮੁਖ ਸਿੰਘ ਜੀ ਮੁਸਾਫਰ ਪੰਜਾਬ ਦੇ ਮੁੱਖ ਮੰਤਰੀ ਵੀ ਬਣੇ ਅਤੇ ਸਿਆਸਤ ਵਿਚ ਉਨ੍ਹਾਂ ਨੇ ਉਘਾ ਰੋਲ ਪਲੇ ਕੀਤਾ । ਅੱਜ ਗਿਆਨੀ ਗੁਰਮੁਖ ਸਿੰਘ ਜੀ ਮੁਸਾਫਰ ਸਾਡੇ ਨਾਲੋਂ ਵਿਛੜ ਗਏ ਹਨ ਅਤੇ ਉਨ੍ਹਾਂ ਦੇ ਚਲੇ ਜਾਣ ਨਾਲ ਜਿਹੜਾ ਸਾਨੂੰ ਘਾਟਾ ਪਿਆ ਹੈ, ਉਹ ਪੂਰਾ ਨਹੀਂ ਹੋ ਸਕਦਾ । ਮੈਂ ਆਪਣੀ ਪਾਰਟੀ ਵਲੋਂ ਅੱਜ ਦੇ ਸ਼ੋਕ ਮਤੇ ਵਿਚ ਸ਼ਾਮਿਲ ਹੁੰਦਾ ਹਾਂ ਅਤੇ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਇਹ ਸ਼ੋਕ ਮਤਾ ਪਾਸ ਕਰਕੇ ਮੁਸਾਫਿਰ ਜੀ ਦੇ ਪਰਿਵਾਰ ਨੂੰ ਭੇਜ ਦਿਤਾ ਜਾਵੇ ।

**ਸਰਦਾਰ ਗੁਰਦੇਵ ਸਿੰਘ ਬਾਦਲ (ਫਰੀਦਕੋਟ, ਐਸ.ਸੀ)** : ਸਪੀਕਰ ਸਾਹਿਬ, ਅੱਜ ਅਸੀਂ ਇਕ ਮਹਾਨ ਵਿਅਕਤੀ ਦੀ ਵਿਛੜੀ ਹੋਈ ਆਤਮਾ ਨੂੰ ਸ਼ਰਧਾਂਜਲੀ ਭੇਟ ਕਰ ਰਹੇ ਹਾਂ ਜਿਨ੍ਹਾਂ ਦੇ ਵਿਸ਼ਾਲ ਹਿਰਦੇ ਵਿਚ ਦੇਸ਼ ਲਈ ਪਿਆਰ, ਆਜ਼ਾਦੀ ਲਈ ਤੜਪ, ਗੁਲਾਮੀ ਲਈ ਨਫਰਤ, ਦੁਖੀ ਲਈ ਦਰਦ, ਵਿਦਿਆ ਲਈ ਭੰਡਾਰ, ਵਿਰੋਧੀਆਂ ਲਈ ਇਨਸਾਫ, ਹਰੀਜਨਾਂ ਲਈ ਪਿਆਰ ਅਤੇ ਜੋ ਆਇਆ ਸੋ ਬਲਿਹਾਰ—

"ਜੋ ਆਇਆ ਸੋ ਚਲਸੀ,
ਸਭ ਕੋ ਆਈ ਵਾਰੀਏ ।"

ਉਹ ਇਸ ਸੰਸਾਰ ਤੇ ਆਪਣੀ ਵਾਰੀ ਕੱਟ ਕੇ ਚਲੇ ਗਏ ਹਨ ।

ਸਾਜਨ ਮੈਂਡੇ ਰੰਗਲੇ, ਜਾਏ ਸੁਤੇ ਜੀਆ ਰਾਨ ।

ਇਹ ਕੁਦਰਤ ਦਾ ਕਾਨੂੰਨ ਹੈ ਕਿ ਜਿੰਨੇ ਕਿਸੇ ਦੇ ਸੁਆਸ ਲਿਖੇ ਹਨ ਉਸ ਤੋਂ ਵਧ ਨਹੀਂ ਲੈ ਸਕਦਾ । ਜੋ ਕੁਦਰਤ ਨੇ ਲਿਖਿਆ ਹੈ ਉਸ ਦੇ ਮੁਤਾਬਿਕ ਹੀ ਹੁੰਦਾ ਹੈ:

ਰਾਈ ਵਧੇ ਨਾ ਤਿਲ ਘਟੇ,
ਜੋ ਲਿਖਤੀ ਕਰਤਾਰ।

ਗਿਆਨੀ ਗੁਰਮੁਖ ਸਿੰਘ ਜੀ ਮੁਸਾਫਿਰ ਮੈਨੂੰ 1970 ਵਿਚ ਮਿਲੇ ਸਨ ਜਦੋਂ ਅਸੀਂ ਚੜ੍ਹੱਕ ਦੇ ਮੇਲੇ ਵਿਚ ਇਕੋ ਹੀ ਕਾਰ ਵਿਚ ਗਏ ਸੀ ਤਾਂ ਸਾਡੀ ਕਾਰ ਵਿਚ ਕਈ ਅਖਬਾਰਾਂ ਵਿੱਚ ਖ਼ਬਰ ਦੇਣ ਵਾਲੇ ਵੀ ਬੈਠੇ ਸੀ । ਉਹ 15 ਮਿੰਟ ਲਗਾਤਾਰ ਇਨ੍ਹਾਂ ਦੀ ਸਿਫਤ ਕਰਦੇ ਰਹੇ ਅਤੇ ਉਹ ਕਹਿੰਦੇ ਸਨ ਕਿ ਪੰਜਾਬ ਵਿਚ ਅਜੇ ਤਕ ਅਜਿਹਾ ਕੋਈ ਵੀ ਮੁੱਖ ਮੰਤਰੀ ਨਹੀਂ ਆਇਆ ਜੋ ਇਨ੍ਹਾਂ ਦਾ ਮੁਕਾਬਲਾ ਕਰ ਸਕਿਆ ਹੋਵੇ । ਉਹ ਇਕ ਸਿਆਣੇ ਅਤੇ ਉਚ ਕੋਟੀ ਦੇ ਇਨਸਾਨ ਸਨ । ਉਹ ਕਿਸੇ ਨਾਲ ਵੈਰ ਨਹੀਂ ਰਖਦੇ ਸਨ । ਆਪਣੇ ਦੁਸ਼ਮਣਾਂ ਨਾਲ ਵੀ ਉਨ੍ਹਾਂ ਦਾ ਕੋਈ ਵੈਰ ਨਹੀਂ ਸੀ ਅਤੇ ਨਾ ਹੀ ਉਨ੍ਹਾਂ ਦੀ ਜ਼ਿੰਦਗੀ ਵਿਚ ਕੋਈ ਦੁਸ਼ਮਣ ਹੋਇਆ । ਉਹ ਕਹਿੰਦੇ ਹੁੰਦੇ ਸਨ ਕਿ—

ਨਾ ਕੋ ਬੈਰੀ, ਨਹੀ ਬਿਗਾਨਾ,
ਸਗਲ ਸੰਗਿ ਹਮ ਕਉ ਬਨਿ ਆਈ ।

ਉਨ੍ਹਾਂ ਦਾ ਜ਼ਿੰਦਗੀ ਵਿਚ ਕੋਈ ਵੀ ਵੈਰੀ ਨਹੀਂ ਸੀ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਦੇਵ ਸਿੰਘ ਬਾਦਲ]

ਸਪੀਕਰ ਸਾਹਿਬ, ਮਰ ਤਾਂ ਸਾਰੇ ਹੀ ਜਾਂਦੇ ਹਨ ਪਰ ਅਜਿਹੇ ਚੰਗੇ ਆਦਮੀਆਂ ਦੀ ਮੌਤ ਨਹੀਂ ਹੁੰਦੀ ਇਨ੍ਹਾਂ ਦੀ ਯਾਦਗਾਰ ਬਣ ਜਾਂਦੀ ਹੈ। ਇਸ ਬਾਰੇ ਇਕ ਸ਼ਬਦ ਲਿਖਿਆ ਹੈ :

ਮਰਤਾ ਮਰਤਾ ਜਗ ਮੂਆ, ਮਤ ਭੀ ਨਾ ਜਾਨੇ ਕੋਇ
ਐਸੀ ਮਰਨੀ ਜੋ ਮਰੇ, ਬਹੁਰ ਨਾ ਮਰਨਾ ਹੋਇ।

ਐਸੀ ਮਰਨੀ ਜੋ ਮਰਦਾ ਹੈ ਉਸ ਦਾ ਨਾਉਂ ਹਮੇਸ਼ਾ ਕਾਇਮ ਰਹਿੰਦਾ ਹੈ। ਉਹ ਭੁਲਾਇਆ ਨਹੀਂ ਜਾ ਸਕਦਾ। ਇਸੇ ਤਰ੍ਹਾਂ ਗਿਆਨੀ ਗੁਰਮੁਖ ਸਿੰਘ ਮੁਸਾਫਰ ਜੀ ਨੇ ਐਨੀਆਂ ਵਡੀਆਂ ਕੁਰਬਾਨੀਆਂ ਕੀਤੀਆਂ ਜਿਨ੍ਹਾਂ ਨੂੰ ਕਿ ਭੁਲਾਇਆ ਨਹੀਂ ਜਾ ਸਕਦਾ।

ਸਪੀਕਰ ਸਾਹਿਬ, ਮਰ ਤਾਂ ਸਾਰੇ ਹੀ ਜਾਂਦੇ ਹਨ ਕੁਦਰਤ ਨੇ 3 ਚੀਜ਼ਾਂ ਨਿਯਤ ਕੀਤੀਆਂ ਹਨ। ਜਦ ਤਕ ਇਹ ਤਿੰਨੇ ਚੀਜ਼ਾਂ ਇਕੱਠੀਆਂ ਨਹੀਂ ਹੁੰਦੀਆਂ ਆਦਮੀ ਦੀ ਮੌਤ ਨਹੀਂ ਹੋ ਸਕਦੀ। ਉਨ੍ਹਾਂ ਵਿਚੋਂ ਇਕ ਤਾਂ ਕੁਦਰਤ ਨੇ ਟਾਇਮ ਨਿਯਤ ਕੀਤਾ ਹੈ ਕਿ ਫਲਾਣੇ ਟਾਇਮ ਤੇ ਮਰਨਾ ਹੈ। ਇਕ ਮੌਤ ਦਾ ਬਹਾਨਾ ਬਣਨਾ ਹੁੰਦਾ ਹੈ ਜਿਵੇਂ ਕਿ ਕੋਈ ਤਪਦਿਕ ਨਾਲ ਮਰ ਜਾਂਦਾ ਹੈ, ਕੋਈ ਦਿਲ ਦੀ ਬਿਮਾਰੀ ਨਾਲ ਮਰ ਜਾਂਦਾ ਹੈ, ਕਿਸੇ ਨੂੰ ਹਲਕਾ ਕੁੱਤਾ ਵਢ ਜਾਂਦਾ ਹੈ ਤਾਂ ਮੌਤ ਹੋ ਜਾਂਦੀ ਹੈ ਅਤੇ ਕੋਈ ਕਿਸੇ ਹੋਰ ਬਿਮਾਰੀ ਨਾਲ ਜਾਂ ਐਕਸੀਡੈਂਟ ਹੋਣ ਕਾਰਣ ਮਰ ਜਾਂਦਾ ਹੈ ਅਤੇ ਤੀਜੀ ਜਿਹੜੀ ਚੀਜ਼ ਕੁਦਰਤ ਵਾਲੇ ਨੇ ਲਿਖੀ ਹੈ ਉਹ ਹੈ ਥਾਂ ਕਿ ਕਿਸ ਥਾਂ ਤੇ ਕਿਸ ਨੇ ਮਰਨਾ ਹੈ। ਇਸ ਲਈ ਜਿੰਨਾ ਚਿਰ ਇਹ ਤਿੰਨ ਚੀਜ਼ਾਂ ਇਕੱਠੀਆਂ ਨਹੀਂ ਹੋ ਜਾਂਦੀਆਂ ਇਨਸਾਨ ਦੀ ਮੌਤ ਨਹੀਂ ਹੋ ਸਕਦੀ।

ਸਪੀਕਰ ਸਾਹਿਬ, ਵਾਰਸ ਸ਼ਾਹ ਆਪਣੇ ਟਾਇਮ ਵਿਚ ਬੜੇ ਹੀ ਸਿਆਣੇ ਅਤੇ ਪੰਜਾਬੀ ਦੇ ਲਿਖਾਰੀ ਹੋਏ ਹਨ। ਉਨ੍ਹਾਂ ਨੇ ਇਹੋ ਜਿਹੇ ਇਨਸਾਨਾਂ ਦੇ ਬਾਰੇ ਆਪਣੀ ਕਲਮ ਨਾਲ ਲਿਖਿਆ ਹੈ :—

ਵਾਰਸ ਸ਼ਾਹ ਉਹ ਜਗ ਤੇ ਸਦਾ ਜੀਊਂਦੇ
ਜਿਨ੍ਹਾਂ ਕੀਤੀਆਂ ਨੇਕ ਕਮਾਈਆਂ।

ਜਿਨ੍ਹਾਂ ਨੇ ਨੇਕ ਕੰਮ ਕੀਤੇ ਹਨ, ਉਨ੍ਹਾਂ ਦੇ ਨਾਂ ਇਸ ਜੱਗ ਵਿਚ ਹਮੇਸ਼ਾ ਰਹਿੰਦੇ ਹਨ। ਮਰ ਤਾਂ ਹਰ ਇਨਸਾਨ ਨੇ ਜਾਣਾ ਹੈ ਕੋਈ ਕਿਸੇ ਬਿਮਾਰੀ ਨਾਲ ਅਤੇ ਕੋਈ ਕਿਸੇ ਬਿਮਾਰੀ ਨਾਲ, ਪਰ ਯਾਦ ਉਸੇ ਦੀ ਹੀ ਕਾਇਮ ਰਹਿੰਦੀ ਹੈ ਜੋ ਦੇਸ਼ ਲਈ, ਵਤਨ ਲਈ ਆਪਣੀ ਕੁਰਬਾਨੀ ਦਿੰਦਾ ਹੈ। ਇਸ ਲਈ ਮੈਂ ਬਹੁਤ ਕੁਝ ਨਾ ਕਹਿੰਦਾ ਹੋਇਆ ਵਾਹਿਗੁਰੂ ਅੱਗੇ ਇਹੀ ਅਰਦਾਸ ਕਰਾਂਗਾ ਕਿ ਉਨ੍ਹਾਂ ਦੀ ਰੂਹ ਨੂੰ ਆਪਣੇ ਚਰਨਾ ਵਿਚ ਨਿਵਾਸ ਬਖਸ਼ੇ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਇਸ ਦੇ ਨਾਲ ਹੀ ਜੋ ਗਿਆਨੀ ਜੀ ਉਨ੍ਹਾਂ ਦੀ ਯਾਦਗਾਰ ਬਣਾਉਣ ਲਈ ਵਿਚਾਰ ਕਰ ਰਹੇ ਹਨ ਉਸ ਦੇ ਲਈ ਮੈਂ ਉਨ੍ਹਾਂ ਨੂੰ ਪ੍ਰਾਰਥਨਾ ਕਰਾਂਗਾ ਕਿ ਇਹੋ ਜਿਹੇ ਮਨੁਖ ਦੀ ਐਸੀ ਯਾਦਗਾਰ ਬਣਾਉਣੀ ਚਾਹੀਦੀ ਹੈ ਜਿਸ ਨੂੰ ਵੇਖ ਕੇ ਹਰ ਇਨਸਾਨ ਦੇ ਦਿਲ ਵਿਚ ਕੁਰਬਾਨੀ ਕਰਨ ਲਈ ਚਾਅ ਉਠੇ। ਇੰਨਾਂ ਕਹਿੰਦਾ ਹੋਇਆ ਮੈਂ ਉਨ੍ਹਾਂ ਦੀ ਰੂਹ ਦੀ ਸ਼ਾਂਤੀ ਲਈ ਵਾਹਿਗੁਰੂ ਅੱਗੇ ਅਰਦਾਸ ਕਰਕੇ ਬੈਠਦਾ ਹਾਂ।

Original with
Punjab Vidhan Sabha
Digitized by;
Panjab Digital Library

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ** (ਖੰਨਾ, ਐਸ. ਸੀ.) : ਸਪੀਕਰ ਸਾਹਿਬ, ਗਿਆਨੀ ਗੁਰਮੁਖ ਸਿੰਘ ਮੁਸਾਫਰ ਜੀ ਇਕ ਅਜਿਹੇ ਮਹਾਨ ਵਿਅਕਤੀਤਵ ਦੇ ਮਨੁੱਖ ਸਨ ਜਿਸ ਨੂੰ ਦਰਸਾਉਣ ਵਾਸਤੇ ਜੇ ਭਾਸ਼ਾ ਦੇ ਸਾਰੇ ਸ਼ਬਦਾਂ ਦਾ ਪਰਯੋਗ ਕੀਤਾ ਜਾਵੇ ਤਾਂ ਵੀ ਅਸੀਂ ਉਨ੍ਹਾਂ ਦੇ ਵਿਅਕਤੀਤਵ ਦੀ ਪ੍ਰਸ਼ੰਸਾ ਨਹੀਂ ਕਰ ਸਕਦੇ । ਇਹ ਠੀਕ ਹੈ ਕਿ ਮੁਸਾਫਰ ਜੀ ਦੇ ਰਾਜਨੀਤਕ ਜੀਵਨ ਦਾ ਆਰੰਭ 1921 ਵਿਚ ਗੁਰੂ ਕੇ ਬਾਗ ਦੇ ਮੋਰਚੇ ਤੋਂ ਹੋਇਆ । ਪਰ ਉਦੋਂ, ਸਪੀਕਰ ਸਾਹਿਬ, ਅਕਾਲੀ ਦਲ ਦੇ ਜਿੰਨੇ ਵੀ ਮੋਰਚੇ ਹੁੰਦੇ ਸਨ ਜਾਂ ਅਕਾਲੀ ਦਲ ਵਿਚ ਜਿੰਨੇ ਵੀ ਕੰਮ ਕਰਨ ਵਾਲੇ ਸਜਨ ਹੁੰਦੇ ਸਨ ਉਨ੍ਹਾਂ ਦੀ ਸੋਚ ਵਿਚ ਔਰ ਕ੍ਰਾਂਤੀਕਾਰੀ ਕਾਂਗ੍ਰਸੀਆਂ ਦੀ ਸੋਚ ਵਿਚ ਕੋਈ ਅੰਤਰ ਨਹੀਂ ਹੁੰਦਾ ਸੀ । ਉਦੋਂ ਤਾਂ ਅਕਾਲੀ ਦਲ ਅਤੇ ਕਾਂਗ੍ਰਸੀ ਇਕਮਿਕ ਹੋਕੇ ਹਰ ਖੇਡ ਵਿੱਚ ਭਾਵੇਂ ਧਾਰਮਿਕ ਖੇਤਰ ਵਿਚ ਹੋਵੇ, ਭਾਵੇਂ ਰਾਜ-ਨੀਤਕ ਖਤਰ ਵਿਚ ਹੋਵੇ, ਇਕੋ ਇਕ ਦੇਸ਼ ਦੀ ਆਜ਼ਾਦੀ ਅਤੇ ਸੱਚੇ ਧਰਮ ਦੀ ਭਾਵਨਾ ਨਾਲ ਲੈ ਕੇ ਤੇ ਇਕ ਮਿਕ ਹੋਕੇ ਕੰਮ ਕਰਦੇ ਸਨ । ਸਪੀਕਰ ਸਾਹਿਬ, 1921 ਵਿਚ ਜਦੋਂ ਕਿ ਗੁਰੂ ਕੇ ਬਾਗ ਦਾ ਮੋਰਚਾ ਲਗਿਆ ਹੋਇਆ ਸੀ ਤਾਂ ਮੁਸਾਫਰ ਜੀ ਪੋਠੋਹਾਰ ਤੋਂ 100 ਸਿੰਘਾਂ ਦਾ ਜੱਥਾ ਲੈ ਕੇ ਅੰਮ੍ਰਿਤਸਰ ਆਏ ਸਨ । ਉਸ ਵੇਲੇ ਅਕਾਲ ਤਖਤ ਤੇ ਇਕ ਦੀਵਾਨ ਸਜਿਆ ਹੋਇਆ ਸੀ । ਉਸ ਦੀਵਾਨ ਵਿਚ ਮੁਸਾਫਰ ਜੀ ਨੇ ਇਕ ਅਜਿਹੀ ਕਵਿਤਾ ਪੜ੍ਹੀ ਜਿਸ ਨੂੰ ਸੁਣ ਕੇ ਸੰਗਤਾਂ ਦੇ ਦਿਲ ਵਿਚ ਇਕ ਨਵੀਂ ਭਾਵਨਾ ਜਾਗ ਉਠੀ। ਮੈਨੂੰ ਯਾਦ ਹੈ ਕਿ ਜਿਸ ਵੇਲੇ ਇਹ ਕਵਿਤਾ ਉਨ੍ਹਾਂ ਨੇ ਪੜ੍ਹੀ ਤਾਂ ਉਹ ਸਜਨ ਜਿਸ ਨੇ ਕਿ ਗਿਆਨੀ ਗੁਰਮੁਖ ਸਿੰਘ ਮੁਸਾਫਰ ਜੀ ਨੂੰ ਪ੍ਰੇਰਣਾਂ ਦੇ ਕੇ ਅਕਾਲੀ ਦਲ ਅਤੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਬਣਾਇਆ ਸੀ, ਉਸ ਸਮੇਂ ਦੇ ਜਥੇ ਦੇ ਜਿਹੜੇ ਸਰਦਾਰ ਤੇਜਾ ਸਿੰਘ ਅਕਰਪੁਰੀ ਜਿਹੜੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਹੁੰਦੇ ਸਨ ਉਨ੍ਹਾਂ ਨੇ ਇਹ ਕਵਿਤਾ ਸੁਣ ਕੇ ਕਿਹਾ ਸੀ ਕਿ ਹੁਣ ਤੋਂ ਗਿਆਨੀ ਗੁਰਮੁਖ ਸਿੰਘ ਮੁਸਾਫਰ ਜੀ ਜਥੇ ਵਿਚ ਨਹੀਂ ਜਾਇਆ ਕਰਨਗੇ ਅਤੇ ਉਹ ਬਾਹਰ ਰਹਿ ਕੇ ਹੀ ਕੰਮ ਕਰਨਗੇ ਤਾਂ ਜੋ ਉਸ ਮੋਰਚੇ ਦੀ ਸਫਲਤਾ ਲਈ ਲੋਕਾਂ ਵਿਚ ਜ਼ਿਆਦਾ ਤੋਂ ਜ਼ਿਆਦਾ ਚੰਗੀ ਭਾਵਨਾ ਅਤੇ ਜਾਗ੍ਰਿਤੀ ਪੈਦਾ ਕੀਤੀ ਜਾ ਸਕੇ । ਸਪੀਕਰ ਸਾਹਿਬ, ਗਿਆਨੀ ਗੁਰਮੁਖ ਸਿੰਘ ਮੁਸਾਫਰ ਜੀ ਆਪਣੇ ਰਾਜਨੀਤਿਕ ਜੀਵਨ ਵਿਚ ਇਕ ਸ਼ਕਤੀਸ਼ਾਲੀ, ਅਡਿਗ, ਅਡੋਲ ਅਤੇ ਦ੍ਰਿੜ੍ਹ ਨਿਸਚੇ ਦੇ ਨੇਤਾ ਸਨ ।

ਸਪੀਕਰ ਸਾਹਿਬ, ਜਿਥੇ ਮੈਂ ਉਨ੍ਹਾਂ ਦੀ ਰਾਜਨੀਤਕ ਜੀਵਨ ਵਿਚ ਸਫਲਤਾ ਦੀ ਪ੍ਰਸ਼ੰਸਾ ਕਰ ਰਿਹਾ ਹਾਂ ਉਥੇ ਮੈਂ ਇਹ ਵੀ ਅਰਜ਼ ਕਰਾਂਗਾ ਕਿ ਉਹ ਪੰਜਾਬੀ ਸਾਹਿਤ ਵਿਚ ਆਪਣਾ ਹੀ ਇਕ ਵਿਸ਼ੇਸ਼ ਸਥਾਨ ਰਖਦੇ ਸਨ ਅਤੇ ਖਾਸ ਕਰਕੇ ਅੱਗੇ ਵਧੂ ਪੰਜਾਬੀ ਕਵਿਤਾ ਦੇ ਯੁਗ ਵਿਚ ਇਕ ਉਘੇ ਵਿਅਕਤੀ ਸਨ ਜਿਨ੍ਹਾਂ ਨੇ ਕਿ ਪੰਜਾਬੀ ਸਾਹਿਤ ਨੂੰ ਇਕ ਨਵਾਂ ਰੂਪ ਦਿਤਾ । ਮੁਸਾਫਰ ਜੀ ਨਵੇਂ ਪੰਜਾਬੀ ਕਾਵਿ-ਜਗਤ ਵਿਚ ਇਕ ਵਲੀ ਦਾ ਥਾਂ ਰਖਦੇ ਹਨ । ਪੰਜਾਬੀ ਸਾਹਿਤ ਨੂੰ ਭਗਤੀ ਅਤੇ ਇਸ਼ਕੀਆ ਰੰਗ ਚੋਂ ਕਢ ਕੇ ਇਸ ਨੂੰ ਰਾਜ-ਨੀਤੀ, ਅਰਥ ਅਤੇ ਸਮਾਜ ਸੁਧਾਰਾਂ ਲਈ ਮੁਸਾਫਰ ਜੀ ਨੇ ਹੀ ਵਰਤਿਆ । ਪੰਜਾਬੀ ਸਾਹਿਤ ਨੂੰ ਉਚਾ ਕਰਨ ਵਿਚ ਦੋ ਹੀ ਅਜਿਹੇ ਵਿਅਕਤੀ ਹੋਏ ਹਨ ਜਿਨ੍ਹਾਂ ਨੇ ਪੰਜਾਬੀ ਕਵਿਤਾ ਨੂੰ ਨਵਾਂ ਮੋੜ ਦਿਤਾ । ਇਨ੍ਹਾਂ ਵਿਚੋਂ ਇਕ ਤਾਂ ਸਨ ਮੁਸਾਫਰ ਜੀ ਅਤੇ ਦੂਸਰੇ ਸਨ ਸ਼੍ਰੀ ਹੀਰਾ ਸਿੰਘ ਦਰਦ ਜਿਨ੍ਹਾਂ ਨੇ ਕਿ ਪੰਜਾਬੀ ਸਾਹਿਤ ਨੂੰ ਉਘਾ ਕੀਤਾ । ਇਨ੍ਹਾਂ ਪੰਜਾਬੀ ਸਾਹਿਤ ਨੂੰ ਇਕ ਉਹ ਮੋੜ ਦਿਤਾ ਜਿਹੜਾ ਕਿ ਇਨ੍ਹਾਂ ਤੋਂ ਪਹਿਲਾਂ ਕਿਸੇ ਕਵੀ ਨੇ ਨਹੀਂ ਦਿਤਾ ਸੀ ਤੇ ਜਿਸ ਮੋੜ ਨੇ ਪੰਜਾਬ ਵਿਚ ਇਕ ਨਵੀਂ ਜਾਗ੍ਰਿਤੀ ਪੈਦਾ ਕੀਤੀ ।

Original with;
Punjab Vidhan Sabha
Digitized by;
Panjab Digital Library

[ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ]

ਗਿਆਨੀ ਗੁਰਮੁਖ ਸਿੰਘ ਜੀ ਮੁਸਾਫਰ 1921 ਵਿਚ ਜਦੋਂ ਗੁਰੂ ਕੇ ਬਾਗ ਦੇ ਮੋਰਚੇ ਲਈ ਤਿਆਰੀ ਕਰਕੇ ਆਏ ਤਾਂ ਉਨ੍ਹਾਂ ਨੇ ਅਕਾਲ ਤਖਤ ਤੇ ਸਜੇ ਦੀਵਾਨ ਵਿਚ ਇਕ ਕਵਿਤਾ ਬੋਲਦਿਆਂ ਇਹ ਕਿਹਾ ਸੀ ਕਿ—

ਅਸੀਂ ਤੇਗ ਦੀ ਧਾਰ ਚੋਂ ਜਨਮ ਲੀਤਾ,
ਤਾਹੀਓਂ ਫਿਕਰ ਤਲਵਾਰ ਦੀ ਧਾਰ ਦਾ ਨਹੀਂ ।

ਅਤੇ ਇਕ ਦੂਜੀ ਕਵਿਤਾ ਪੜ੍ਹਦਿਆਂ ਹੋਇਆਂ ਮੁਸਾਫਰ ਜੀ ਨੇ ਇਹ ਵੀ ਕਿਹਾ ਸੀ—

ਗਲੀ ਯਾਰ ਦੀ ਤਲੀ ਤੇ ਸੀਸ ਧਰਿਆ,
ਅਸੀਂ ਗੋਲੀਆਂ ਤੋਂ ਨਹੀਂ ਡਰਨ ਵਾਲੇ ।

ਮੁਸਾਫਰ ਜੀ ਨੇ ਆਪਣੀਆਂ ਕਵਿਤਾਵਾਂ ਰਾਹੀਂ ਲੋਕਾਂ 'ਚ ਬੇਖੌਫੀ ਦਾ ਜਜ਼ਬਾਂ ਭਰਿਆ ਅਤੇ ਉਨ੍ਹਾਂ ਨੂੰ ਦੇਸ਼ ਦੀ ਆਜ਼ਾਦੀ ਅਤੇ ਸੱਚੇ ਧਰਮ ਦੀ ਰਖਿਆ ਲਈ ਤਿਆਰ ਕੀਤਾ ਅਤੇ ਇਹ ਪਾਬੰਦੀਆਂ ਤੋੜਨ ਦੀ ਜੱਦੋ ਜਹਿਦ ਨੂੰ ਸਫਲ ਬਣਾਇਆ ਜਿਹੜੀਆਂ 'ਧਰਮ ਦੇ ਖੇਤਰ' 'ਚ ਲਗੀਆਂ ਹੋਈਆਂ ਸਨ ।

ਸਪੀਕਰ ਸਾਹਿਬ, 31 ਦਸੰਬਰ ਦੀ ਗੱਲ ਹੈ ਮੈਂ ਕਾਂਗਰਸ ਦੇ ਇਜਲਾਸ ਤੋਂ ਬਾਹਰ ਆ ਕੇ ਇਕ ਬੜੀ ਉਦਾਸ ਅਵਸਥਾ ਵਿਚ ਖੜ੍ਹਾ ਸੀ । ਕਾਰਣ ਇਹ ਸੀ ਕਿ ਮੈਂ ਇਕ ਅਜਿਹੀ ਬੱਚੀ ਵੇਖੀ ਜਿਸ ਬੱਚੀ ਦੀ ਸ਼ਕਲ ਸੂਰਤ ਬਿਲਕੁਲ ਮੇਰੀ ਬੱਚੀ ਦੀ ਸ਼ਕਲ ਦੇ ਨਾਲ ਮਿਲਦੀ ਸੀ । ਮੈਂ ਉਸ ਨੂੰ ਵੇਖ ਕੇ ਉਦਾਸਿਆ ਉਦਾਸਿਆ ਖੜ੍ਹਾ ਸੀ । ਉਥੇ ਮੁਸਾਫਰ ਜੀ ਆਏ ਤਾਂ ਉਨ੍ਹਾਂ ਦੇ ਪੁੱਛਣ ਤੇ ਮੈਂ ਕਿਹਾ ਕਿ ਮੈਂ ਕੁਝ ਮਗਮੂਮ ਹਾਂ । ਉਹ ਹੱਸ ਕੇ ਕਹਿਣ ਲਗੇ, ਜੇ ਤੁਸੀਂ ਮਗਮੂਮ ਹੋ ਤਾਂ "ਅਸੀਂ ਹੋਣ ਵਾਲੇ ਮਰਹੂਮ ਹਾਂ" । ਸਪੀਕਰ ਸਾਹਿਬ, ਕਿਸੇ ਨੂੰ ਕੀ ਪਤਾ ਸੀ ਕਿ ਉਹ ਸੱਚ ਮੁੱਚ ਮਰਹੂਮ ਹੋ ਜਾਣਗੇ । ਉਹ ਮੈਨੂੰ 25 ਜਨਵਰੀ ਵਾਸਤੇ ਬੁਲਾ ਗਏ ਸਨ । ਜਿਹੜੀ ਉਹ ਦੇਸ਼ ਭਗਤੀ ਦੀ ਪੁਸਤਕ ਲਿਖ ਰਹੇ ਸਨ ਉਸ ਬਾਰੇ ਉਨ੍ਹਾਂ ਨੇ ਮੈਥੋਂ ਕੁਝ ਪੁੱਛ ਗਿੱਛ ਕਰਨੀ ਸੀ । ਹੁਣ 25 ਜਨਵਰੀ ਨੂੰ ਮੁਸਾਫਰ ਸਾਹਿਬ ਨੂੰ ਮਿਲ ਤਾਂ ਨਹੀਂ ਸਕਾਂਗਾ ਪਰ 25 ਜਨਵਰੀ ਨੂੰ ਮੁਸਾਫਰ ਸਾਹਿਬ ਨੂੰ ਆਪਣੀ ਆਖਰੀ ਸ਼ਰਧਾਂਜਲੀ ਦੇਣ ਵਾਸਤੇ ਉਥੇ ਜ਼ਰੂਰ ਜਾਵਾਂਗਾ ।

ਸਪੀਕਰ ਸਾਹਿਬ, ਮੁਸਾਫਰ ਜੀ ਜੇਕਰ ਰਾਜਨੀਤੀ ਵਿਚ ਪੈਰ ਨਾ ਰੱਖਦੇ ਤਾਂ ਪੰਜਾਬੀ ਵਿਚ ਉਨ੍ਹਾਂ ਦਾ ਦਰਜਾ ਸ਼ਾਇਦ ਉਸ ਤੋਂ ਵੀ ਅੱਗੇ ਹੁੰਦਾ ਜਿਹੜਾ ਕਿ ਉਰਦੂ ਜਾਂ ਫਾਰਸੀ ਵਿਚ ਇਕਬਾਲ ਜਾਂ ਦਜਿਆਂ ਦਾ ਹੈ । ਪਰ ਮੁਸਾਫਰ ਜੀ ਦੀ ਹਿੰਮਤ ਸੀ ਕਿ ਰਾਜਨੀਤੀ ਦੇ ਰਹਿਨੁਮਾਵਾਂ ਦੀ ਉਚੀ ਟੋਲੀ ਵਿਚ ਰਹਿੰਦੇ ਹੋਏ ਪੰਜਾਬੀ ਸਾਹਿਤ ਦੀ ਜੋ ਉਚ-ਕੋਟੀ ਦੀ ਸੇਵਾ ਕੀਤੀ ਹੈ ਉਹ ਬਹੁਤ ਘੱਟ ਲੋਕਾਂ ਨੇ ਕੀਤੀ ਹੈ ਅਤੇ ਗਿਆਨੀ ਜ਼ੈਲ ਸਿੰਘ ਜੀ ਦੀ ਪਾਰਖੂ ਅੱਖ ਨੇ ਮੁਸਾਫਿਰ ਜੀ ਦੇ ਉਸ ਸਾਹਿਤ ਨੂੰ ਹੀ ਨਹੀਂ ਬਲਕਿ ਉਨ੍ਹਾਂ ਤੋਂ ਮਿਲੇ ਕੌਮੀ ਵਿਰਸੇ ਨੂੰ ਬਚਾਉਣ ਵਾਸਤੇ ਜੋ ਰਾਹ ਅਪਣਾਇਆ ਹੈ ਮੈਂ ਸਮਝਦਾ ਹਾਂ ਕਿ ਉਸ ਤੋਂ ਆਉਣ ਵਾਲੀਆਂ ਸਾਡੀਆਂ ਨਸਲਾਂ ਨੂੰ ਅਗਵਾਈ ਮਿਲੇਗੀ । ਮੁਸਾਫਰ ਜੀ ਨੇ ਆਪਣੇ ਵਾਸਤੇ ਬਹੁਤ ਪਹਿਲਾਂ ਲਿਖਿਆ ਸੀ :—

ਕਾਵਿ ਜ਼ਿੰਦਗੀ ਬਖਸ਼ਦੇ
ਤੂੰ ਅਰਥ ਉਲਟੇ ਕਰ ਗਿਆ,
ਲੋਕ ਸਮਝਣ ਲਗ ਪਏ,
ਸ਼ਾਇਦ ਮੁਸਾਫਰ ਮਰ ਗਿਆ ।"

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਇਕ ਮੁਸਾਫਿਰ ਉਦੋਂ ਮਰਿਆ ਸੀ, ਇਕ ਮੁਸਾਫਰ ਹੁਣ ਸਾਡੇ ਤੋਂ ਜੁਦਾ ਹੋ ਗਿਆ ਹੈ। ਹੁਣ ਜਿਹੜੇ ਮੁਸਾਫਰ ਮਾਨਵਤਾ ਦੇ ਜਜ਼ਬਿਆਂ ਦੀ ਕਦਰ ਕਰਨ ਵਾਲਾ ਤੇ ਰਾਜਨੀਤੀ ਨੂੰ ਪ੍ਰੇਮ ਦੇ ਰਾਹ ਉਪਰ ਚਲਾਉਣ ਵਾਲੇ ਦੀ ਜੁਦਾਈ ਹੋਈ ਹੈ, ਇਹ ਮੈਂ ਸਮਝਦਾ ਹਾਂ ਕਿ ਇਕ ਵੱਡਾ ਘਾਟਾ ਪੰਜਾਬ ਨੂੰ ਅਤੇ ਸਾਡੇ ਦੇਸ਼ ਨੂੰ ਅਤੇ ਗ਼ਰੀਬ ਮਨੁੱਖਤਾ ਨੂੰ ਪੁੱਜਿਆ ਹੈ। ਪ੍ਰਮਾਤਮਾ ਪਾਸ ਪ੍ਰਾਰਥਨਾ ਕਰੋ ਕਿ ਅਸੀਂ ਉਨ੍ਹਾਂ ਦੇ ਦੱਸੇ ਹੋਏ ਰਸਤੇ ਅਤੇ ਪਾਏ ਹੋਏ ਪੂਰਨਿਆਂ ਉਪਰ ਚਲਦੇ ਹੋਏ ਆਪਣੇ ਜੀਵਨ ਨੂੰ ਸੱਚੇ ਇਨਸਾਨ ਦਾ ਰੂਪ ਦੇ ਸਕੀਏ ਅਤੇ ਸਮਾਜ ਦਾ ਸੁਧਾਰ ਕਰ ਸਕੀਏ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪਣੇ ਬਜ਼ੁਰਗ ਭਰਾ ਸ੍ਰੀਮਾਨ ਗੁਰਮੁਖ ਸਿੰਘ ਮੁਸਾਫਰ ਜੀ ਨੂੰ ਆਪਣੀ ਸ਼ਰਧਾਂਜਲੀ ਭੇਟ ਕਰਦਾ ਹਾਂ।

**ਸ੍ਰੀ ਸਪੀਕਰ :** ਮੇਰਾ ਖਿਆਲ ਹੈ ਕਿ ਸਾਰੇ ਮਾਨਯੋਗ ਮੈਂਬਰਾਂ ਦੇ ਵਿਚਾਰ ਆ ਗਏ ਹਨ।

**ਆਵਾਜ਼ਾਂ** : ਹਾਂ ਜੀ।

**ਸ੍ਰੀ ਸਪੀਕਰ :** ਗਿਆਨੀ ਗੁਰਮੁਖ ਸਿੰਘ ਮੁਸਾਫਰ ਜੀ ਸੰਨ 1899 ਨੂੰ ਉੱਦੋਵਾਲ, ਜ਼ਿਲ੍ਹਾ ਕੈਮਲਪੁਰ ਵਿਚ ਪੈਦਾ ਹੋਣ ਵਾਲੇ ਪੰਜਾਬ ਦੇ ਸਾਬਕ ਮੁੱਖ ਮੰਤਰੀ ਦੇ ਅਹੁਦੇ ਦੀ ਸ਼ੋਭਾ ਪ੍ਰਾਪਤ ਕਰਨ ਵਾਲੇ, ਜੰਗੇ-ਆਜ਼ਾਦੀ ਦੇ ਜਰਨੈਲ, ਦੇਸ਼ ਭਗਤੀ ਦਿਆਂ ਜਜ਼ਬਿਆਂ ਨਾਲ ਕਵਿਤਾਵਾਂ ਲਿਖਣ ਵਾਲੇ, ਉੱਚ ਕੋਟੀ ਦੇ ਕਵੀ, ਕਹਾਣੀਕਾਰ ਦਾ ਬੇਵਕਤ ਚਲਾਣਾ ਪੰਜਾਬ ਨੂੰ ਖਾਸ ਤੌਰ ਤੇ ਅਤੇ ਭਾਰਤ ਨੂੰ ਆਮ ਤੌਰ ਤੇ ਗਹਿਰੇ ਸਦਮੇ ਦਾ ਕਾਰਣ ਬਣਿਆ ਹੈ। ਮੁਸਾਫਰ ਜੀ ਨੇ ਜੀਵਨ ਦਾ ਸਫਰ ਅਧਿਆਪਕ ਦੇ ਨਾਤੇ ਦੇਸ਼ ਸੇਵਾ ਨਾਲ ਸ਼ੁਰੂ ਕੀਤਾ। ਸੇਵਾ ਦੇ ਰਾਹ ਵਿਚ ਆਉਣ ਵਾਲੀਆਂ ਅਣਗਿਣਤ ਮੁਸੀਬਤਾਂ ਤੇ ਨਾ ਸਹੇ ਜਾਣ ਵਾਲੀਆਂ ਜੇਲ੍ਹਖਾਨੇ ਦੀਆਂ ਸਾਲਾਂ ਦੀਆਂ ਤਕਲੀਫਾਂ ਨੂੰ ਹੱਸਦੇ ਹੱਸਦੇ ਸਹਿੰਦੇ ਹੋਏ ਆਖਰੀ ਸਾਹ ਤੀਕ ਭਾਰਤ ਮਾਂ ਦੀ ਸੇਵਾ ਲਈ ਖਤਮ ਕੀਤਾ।

ਆਜ਼ਾਦੀ ਮਿਲਣ ਦੇ ਬਾਅਦ 1947 ਵਿਚ ਕਾਨਸਟੀਚਿਊਐਂਟ ਅਸੈਂਬਲੀ ਦੇ ਮੈਂਬਰ ਚੁਣੇ ਗਏ। ਅੱਜ ਦੇ ਸੰਵਿਧਾਨ ਦੇ ਨਿਰਮਾਣ 'ਚ ਉਨ੍ਹਾਂ ਦਾ ਯੋਗਦਾਨ ਵੀ ਮਹੱਤਵਪੂਰਨ ਹੈ। ਉਹ ਪਹਿਲੀ ਹਿੰਦੁਸਤਾਨ ਦੀ ਪਾਰਲੀਮੈਂਟ ਦੇ ਮੈਂਬਰ ਬਣੇ ਤੇ ਹੁਣ ਤੀਕ ਇਸ ਸਨਮਾਨ ਦੇ ਪਾਤਰ ਬਣਨ ਦਾ ਉਨ੍ਹਾਂ ਨੂੰ ਦੇਸ਼ ਵਾਸੀਆਂ ਵਲੋਂ ਸੁਭਾਗ ਪ੍ਰਾਪਤ ਹੋਣ ਦਾ ਫਖਰ ਮਿਲਦਾ ਰਿਹਾ।

13 ਅਪਰੈਲ, 1919 ਦੇ ਜ਼ਲ੍ਹਿਆਂ ਵਾਲੇ ਬਾਗ਼ ਦੇ ਖੂਨੀ ਸਾਕੇ ਦਾ ਪ੍ਰਭਾਵ ਜਦ ਕਿ ਉਨ੍ਹਾਂ ਦੀ ਉਮਰ 20 ਸਾਲ ਦੀ ਸੀ, ਬੜਾ ਹੀ ਗਹਿਰਾ ਹੋਇਆ। ਜ਼ਲ੍ਹਿਆਂ ਵਾਲੇ ਬਾਗ਼ ਮੈਮੋਰੀਅਲ ਉਨ੍ਹਾਂ ਦੀ ਸ਼ਹੀਦਾਂ ਦੇ ਪ੍ਰਤਿ ਅਗਾਧ ਸ਼ਰਧਾ ਤੇ ਸਨਮਾਨ ਦੀ ਬੇ-ਜੋੜ ਮਿਸਾਲ, ਉਨਾਂ ਦੀ ਨਾ-ਮਿਟਣ ਵਾਲੀ ਯਾਦਗਾਰ ਬਣ ਕੇ ਕੌਮ ਦੀਆਂ ਅੱਖਾਂ ਸਾਹਮਣੇ ਹਮੇਸ਼ਾ ਹਮੇਸ਼ਾ ਕਾਇਮ ਰਹੇਗੀ। ਉਨ੍ਹਾਂ ਵਰਗੇ ਸੱਚੇ ਸੁੱਚੇ ਦੇਸ਼ ਭਗਤ, ਇਮਾਨਦਾਰ ਕੁਰਬਾਨੀ ਵਾਲੇ ਨੇਤਾ ਦੀ ਅੱਜ ਦੇਸ਼ ਤੇ ਕੌਮ ਨੂੰ ਬੇਹੱਦ ਲੋੜ ਸੀ। ਪਰ ਮੌਤ ਦਾ ਜ਼ਾਲਮ ਹੱਥ ਉਨ੍ਹਾਂ ਨੂੰ ਸਾਡੇ ਕੋਲੋਂ ਖੋਹ ਕੇ ਦੂਰ ਲੈ ਗਿਆ ਪਰ ਦਿਲਾਂ ਤੋਂ ਦੂਰ ਉਹ ਨਹੀਂ ਹੋ ਸਕਦੇ। ਇਹ ਠੀਕ ਹੈ ਜਾਣ ਵਾਲੇ ਲੌਟ ਕੇ ਨਹੀਂ ਆਉਂਦੇ ਪਰ ਉਨ੍ਹਾਂ ਦੀ ਯਾਦ ਜ਼ਰੂਰ ਆਉਂਦੀ ਹੈ :—

ਜਾਨੇ ਵਾਲੇ ਲੌਟ ਕੇ ਨਹੀਂ ਆਤੇ,
ਸਿਰਫ ਉਨ ਕੀ ਯਾਦ ਆਤੀ ਹੈ"।

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

ਏ ਆਈ. ਸੀ. ਸੀ. ਦੇ ਮਟੌਰ ਸ਼ੈਸ਼ਨ ਵਿਚ ਉਨ੍ਹਾਂ ਦੀ ਜ਼ੋਰਦਾਰ ਗਰਜਦੀ ਤੇ ਦਿਲਾਂ 'ਚ ਉੱਤਰੀ ਹੋਈ ਉਨ੍ਹਾਂ ਦੀ ਆਖਰੀ ਤਕਰੀਰ ਨੂੰ ਸੁਣਦੇ ਹੋਏ ਕੋਈ ਸੋਚ ਵੀ ਨਹੀਂ ਸਕਦਾ ਸੀ ਕਿ ਪੁਰਵਕਾਰ ਹਸਤੀ ਐਨੀ ਛੇਤੀ ਅੱਖਾਂ ਤੋਂ ਓਝਲ ਹੋ ਜਾਵੇਗੀ । ਨਹਿਰੂ ਖਾਨਦਾਨ ਦੀਆਂ ਦੇਸ਼ ਸੇਵਾਵਾਂ ਤੇ ਦੇਸ਼ ਪਿਆਰ ਦੇ ਪ੍ਰਤੀ ਤੇ ਜ਼ਲ੍ਹਿਆਂ ਵਾਲੇ ਬਾਗ ਦੇ ਸ਼ਹੀਦਾਂ ਦੇ ਪ੍ਰਤੀ ਉਨ੍ਹਾਂ ਦੀ ਭਰਪੂਰ ਸ਼ਰਧਾਂਜਲੀ ਜਿਹੜੀ ਦੇਸ਼ ਦੇ ਸਭ ਤੋਂ ਵੱਡੇ ਸਮਾਗਮ ਵਿਚ ਅਰਪਤ ਕੀਤੀ ਗਈ ਇਤਿਹਾਸ ਦੇ ਪੰਨਿਆਂ ਤੇ ਸਦਾ ਅਮਰ ਰਹੇਗੀ । ਉਨ੍ਹਾਂ ਨੂੰ ਯਾਦ ਕਰਦੇ ਹੋਏ, ਉਨ੍ਹਾਂ ਦੀ ਰਾਜਨੀਤਕ, ਸਮਾਜਿਕ ਤੇ ਧਾਰਮਿਕ ਖੇਤਰਾਂ 'ਚ ਸ਼ਾਨਦਾਰ ਅਗਵਾਈ ਤੋਂ ਰੋਸ਼ਨੀ ਲੈਂਦੇ ਹੋਏ ਜੀਵਨ ਦੀਆਂ ਉਲਝਣਾ, ਔਕੜਾਂ ਤੇ ਮੁਸ਼ਕਲਾਂ ਵਾਸਤੇ ਇਹ ਕਹਿ ਸਕਦੇ ਹਾਂ, "ਮੁਸਾਫਰ ਜੀ" :—

"ਕਭੀ ਜਬ ਜਿੰਦਗੀ ਮੇਂ ਗਰਦਸ਼ੇ ਐਯਾਮ ਆਏਗੀ,
ਤੁਮਹਾਰੀ ਰਹਿਨੁਮਾਈ ਹਰ ਕਦਮ ਪਰ ਕਾਮ ਆਏਗੀ" ।

ਇਨ੍ਹਾਂ ਦੁੱਖ ਭਰੇ ਸ਼ਬਦਾਂ ਨਾਲ ਮੈਂ ਲੀਡਰ ਆਫ ਦੀ ਹਾਊਸ ਦੇ ਮੁਸਾਫਰ ਜੀ ਦੇ ਪ੍ਰਤੀ ਰੱਖੇ ਸ਼ੋਕ ਪ੍ਰਸਤਾਵ ਦਾ ਸਮਰਥਨ ਕਰਦਾ ਹਾਂ ਤੇ ਹਾਊਸ ਦੇ ਮਾਨਯੋਗ ਮੈਂਬਰਾਂ ਦੇ ਪ੍ਰਗਟ ਕੀਤੇ ਜਜ਼ਬਾਤ ਨਾਲ ਆਪਣੇ ਆਪ ਨੂੰ ਸ਼ਾਮਲ ਕਰਦਾ ਹਾਂ । ਇਹ ਸ਼ੋਕ ਪ੍ਰਸਤਾਵ ਹਾਊਸ ਦੀ ਇੱਛਾ ਅਨੁਸਾਰ ਉਨ੍ਹਾਂ ਦੇ ਪਰਿਵਾਰ ਨੂੰ ਭੇਜ ਦਿਤਾ ਜਾਵੇਗਾ ।

ਮੈਂ ਬੇਨਤੀ ਕਰਾਂਗਾ ਕਿ ਮਾਨਯੋਗ ਮੈਂਬਰ ਦੋ ਮਿੰਟ ਖੜ੍ਹੇ ਹੋ ਕੇ ਵਿਛੜੀ ਪ੍ਰਵਿੱਤਰ ਰੂਹ ਦੀ ਸ਼ਾਂਤੀ ਲਈ ਖਾਮੋਸ਼ੀ ਨਾਲ ਅਰਦਾਸ ਕਰਨ ।

(ਇਸ ਸਮੇਂ ਹਾਊਸ ਦੇ ਸਾਰੇ ਹਾਜ਼ਰ ਮਾਨਯੋਗ ਮੈਂਬਰ ਸਾਹਿਬਾਨ ਨੇ ਖੜੇ ਹੋ ਕੇ ਦੋ ਮਿੰਟ ਲਈ ਮੋਨ ਧਾਰਨ ਕੀਤਾ ।)

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਸਪੀਕਰ ਸਾਹਿਬ, ਮੈਂ ਇਤਨੀ ਇਨਫਰਮੇਸ਼ਨ ਪਹਿਲਾਂ ਦੇ ਦੇਵਾ ਕਿ ਗਿਆਨੀ ਗੁਰਮੁਖ ਸਿੰਘ ਮੁਸਾਫਰ ਜੀ ਦੀਆਂ ਅਸਥੀਆਂ ਜੋ ਕੀਰਤਪੁਰ ਸਾਹਿਬ ਵਿਚ ਜਲ ਪਰਵਾਹ ਕੀਤੀਆਂ ਜਾਣੀਆਂ ਹਨ ਉਹ ਕਲ ਪੰਜਾਬ ਪੁੱਜਣਗੀਆਂ । ਪੰਜਾਬ ਦੀ ਹੱਦ ਤੇ ਉਨ੍ਹਾਂ ਨੂੰ ਰੀਸੀਵ ਕੀਤਾ ਜਾਣਾ ਹੈ ਅਤੇ ਕੁਝ ਸਮੇਂ ਲਈ ਇਥੇ ਚੰਡੀਗੜ੍ਹ ਵਿਚ ਪ੍ਰਦੇਸ਼ ਕਾਂਗਰਸ ਦੇ ਦਫਤਰ ਵਿਚ ਉਹ ਰੱਖੀਆਂ ਜਾਣਗੀਆਂ ਤਾਕਿ ਹਾਊਸ ਦੇ ਮੈਂਬਰ ਹਾਊਸ ਦੀ ਸਮਾਪਤੀ ਤੋਂ ਬਾਅਦ ਉਸ ਵਿਚ ਸ਼ਾਮਲ ਹੋ ਸਕਣ ਔਰ ਕੀਰਤਪੁਰ ਪੁੱਜ ਸਕਣ ਔਰ ਉਨ੍ਹਾਂ ਦੀਆਂ ਅਸਥੀਆਂ ਅਸੀਂ ਬੜੇ ਅਦਬ ਨਾਲ ਜਲਪਰਵਾਹ ਕਰ ਸਕੀਏ । ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਜਦੋਂ ਉਨ੍ਹਾਂ ਦੀਆਂ ਅਸਥੀਆਂ ਸਾਡੇ ਕੈਪੀਟਲ ਵਿਚ ਪੁਜ ਜਾਣ ਉਸ ਵਕਤ ਤੋਂ ਕਲ੍ਹ ਸਾਰੇ ਦਫਤਰਾਂ ਵਿਚ ਛੁੱਟੀ ਕਰ ਦਿੱਤੀ ਜਾਵੇਗੀ ਤਾਂਕਿ ਸ਼ਰਧਾਵਾਨ ਉਥੇ ਉਨ੍ਹਾਂ ਦੀਆਂ ਅਸਥੀਆਂ ਨੂੰ ਆਪਣੀ ਸ਼ਰਧਾ ਅਰਪਿਤ ਕਰ ਸਕਣ ।

ਸਪੀਕਰ ਸਾਹਿਬ, ਮਹਾਨ ਕੌਮਾਂ ਦਾ ਇਤਿਹਾਸ ਉਨ੍ਹਾਂ ਕੁਝ ਕੁ ਮਹਾਨ ਸਖਸ਼ੀਅਤਾਂ ਦਾ ਇਤਿਹਾਸ ਹੁੰਦਾ ਹੈ ਜਿਹੜੀਆਂ ਸਖਸ਼ੀਅਤਾਂ ਕਿ ਉਹ ਪੈਦਾ ਕਰਦੀਆਂ ਹਨ । ਸ੍ਰੀ ਕੇ. ਕਾਮਰਾਜ ਅਜਿਹੀਆਂ ਕੁਝ ਕੁ ਸ਼ਖਸੀਅਤਾਂ ਵਿਚੋਂ ਹੀ ਸਨ ਜਿਨ੍ਹਾਂ ਨੇ ਕਿ ਆਪਣੇ ਆਪ ਨੂੰ ਭਾਰਤ ਦੇਸ਼ ਲਈ ਵਕਫ ਕਰ ਕੇ ਬੜੀ ਲਗਨ ਨਾਲ ਸੇਵਾ ਕੀਤੀ ਅਤੇ ਇਸ ਸੇਵਾ ਦਾ ਸਦਕਾ

Original with
Punjab Vidhan Sabha
Digitized by;
Panjab Digital Library

ਉੱਚ ਸਥਾਨ ਪ੍ਰਾਪਤ ਕੀਤਾ । ਉਹ ਇਕ ਸਿਆਣੇ ਸਿਆਸਤਦਾਨ ਅਤੇ ਮੰਨੇ ਪਰਮੰਨੇ ਸੂਝਵਾਨ ਸਨ । ਉਹ ਇਕ ਸੱਚੇ ਸੁਚੇ ਗਾਧੀਵਾਦੀ ਸਨ ਜਿਨ੍ਹਾਂ ਦੇ ਜੀਵਨ ਨੇ ਗਾਧੀ ਜੀ ਦੇ ਉਪਦੇਸ਼ਾਂ ਨੂੰ ਅਮਲੀ ਤੌਰ ਤੇ ਧਾਰਨ ਕਰ ਲਿਆ ਸੀ । ਉਹ ਆਜ਼ਾਦੀ ਦੀ ਜੰਗ ਦੇ ਇਕ ਨਿਡਰ ਸਿਪਾਹੀ ਸਨ ਜਿਨ੍ਹਾਂ ਨੇ ਭਾਰਤ ਦੇਸ਼ ਦੀ ਸੇਵਾ ਬੜੀ ਲਗਨ ਅਤੇ ਮਾਣ ਨਾਲ ਕੀਤੀ । ਜਿਸ ਗੱਲ ਨੂੰ ਉਹ ਨਿਆਂ-ਸੰਗਤ ਸਮਝਦੇ, ਉਸ ਉੱਤੇ ਉਹ ਸਾਬਿਤ-ਕਦਮ ਰਹਿੰਦੇ ਅਤੇ ਉਨ੍ਹਾਂ ਨੇ ਆਪਣਾ ਸਬੰਧ ਆਮ ਜਨਤਾ ਨਾਲੋਂ ਕਦੇ ਵੀ ਨਾ ਤੋੜਿਆ ਅਤੇ ਉਹ ਹਮੇਸ਼ਾ ਨਿਮਾਣਿਆਂ ਨਿਤਾਣਿਆਂ ਦੇ ਨਾਲ ਰਹੇ ।

ਉਹ ਇਕ ਆਧਾਰਨ ਵਾਲੇ ਆਗੂ ਸਨ ਜਿਨ੍ਹਾਂ ਦਾ ਜੀਵਨ ਆਮ ਜਨਤਾ ਦੇ ਘੋਲ ਦਾ ਇਕ ਸਾਕਾ ਹੈ । ਆਪਣੇ ਗੁਣਾਂ ਦਾ ਸਦਕਾ ਹੀ ਤਰੱਕੀ ਕਰਦੇ ਉਹ ਆਮ ਵਰਕਰ ਤੋਂ ਕੌਮੀ ਅਹਿਮੀਅਤ ਦੀ ਪਦਵੀ ਤੇ ਪਹੁੰਚੇ ਅਤੇ ਦੋ ਵਾਰ ਇੰਡੀਅਨ ਨੈਸ਼ਨਲ ਕਾਂਗਰਸ ਦੇ ਪਰਧਾਨ ਚੁਣੇ ਗਏ । ਮੁੱਖ ਮੰਤਰੀ ਦੇ ਅਹੁਦੇ ਤੇ ਉਨ੍ਹਾਂ ਨੇ ਇਕ ਬਹੁਤ ਚੰਗੇ ਪ੍ਰਸ਼ਾਸਕ ਹੋਣ ਦਾ ਸਬੂਤ ਦਿੱਤਾ ਅਤੇ ਤਾਮਿਲਨਾਡੂ ਦੀ ਉਨਤੀ ਵਿਚ ਉਨ੍ਹਾਂ ਨੇ ਉਸ ਵੇਲੇ ਬੇਮਿਸਾਲ ਵਾਧਾ ਕੀਤਾ ।

ਉਨ੍ਹਾਂ ਦਾ ਜੀਵਨ ਸਾਡੇ ਵਾਸਤੇ ਚਾਨਣ ਮੁਨਾਰੇ ਦਾ ਕੰਮ ਦੇਵੇਗਾ ਅਤੇ ਗਰੀਬੀ ਦੂਰ ਕਰਨ ਦੀ ਸਾਡੀ ਸੱਧਰ ਜ਼ਰੂਰ ਪੂਰੀ ਕਰਦਿਆਂ ਹੋਇਆਂ ਗਰੀਬਾਂ ਦੇ ਉਧਾਰ ਦਾ ਸਾਧਨ ਬਣੇਗਾ ।

2 ਅਕਤੂਬਰ, 1975 ਨੂੰ ਹੋਈ ਉਨ੍ਹਾਂ ਦੀ ਮਿਰਤੂ ਨਾਲ ਅਸੀਂ ਇਕ ਮਹਾਨ ਦੇਸ਼-ਭਗਤ ਤੋਂ ਵਿਛੜ ਗਏ ਹਾਂ ਅਤੇ ਸਾਡਾ ਦੇਸ਼ ਜਮਹੂਰੀਅਤ ਤੇ ਸਮਾਜਵਾਦ ਲਈ ਲੜਨ ਮਰਨ ਵਾਲੇ ਇਕ ਨਿੱਡਰ ਸਿਪਾਹੀ ਤੋਂ ਵਾਂਝਿਆਂ ਰਹਿ ਗਿਆ ਹੈ । ਉਹ ਇਕ ਤਕੜੇ ਪ੍ਰਸ਼ਾਸਕ ਹੋਣ ਦੇ ਨਾਲ ਨਾਲ ਜ਼ਹੀਨੇ ਵੀ ਸਨ । ਨਿਮਾਣੇ ਅਤੇ ਨਿਤਾਣੇ ਲੋਕਾਂ ਲਈ ਉਹ ਜਾਨ ਵਾਰਦੇ ਸਨ । ਉਨ੍ਹਾਂ ਦੇ ਅਕਾਲ ਚਲਾਣੇ ਨਾਲ ਦੇਸ਼ ਨੂੰ ਬਹੁਤ ਘਾਟਾ ਪਿਆ ਹੈ । ਮੈਂ ਪ੍ਰਸਤਾਵ ਕਰਾਂਗਾ ਕਿ ਇਹ ਮਤਾ ਹਾਊਸ ਦੀ ਮਨਜ਼ੂਰੀ ਤੋਂ ਬਾਅਦ ਉਨ੍ਹਾਂ ਦੇ ਪਰਿਵਾਰ ਨੂੰ ਭੇਜਿਆ ਜਾਵੇ ।

ਸਪੀਕਰ ਸਾਹਿਬ, ਜਥੇਦਾਰ ਤੇਜਾ ਸਿੰਘ ਅਕਰਪੁਰੀ ਅਜ਼ਾਦੀ ਦੇ ਘੋਲ ਦੇ ਇਕ ਨਿਡਰ ਸਿਪਾਹੀ ਅਤੇ ਮਹਾਨ ਸਮਾਜ ਸੁਧਾਰਕ ਸਨ । ਉਹ ਮਿਜ਼ਾਜ਼ ਦੇ ਸਿੱਧੇ ਸਾਦੇ ਅਤੇ ਸਪਸ਼ਟਵਾਦੀ ਸਨ । ਉਨ੍ਹਾਂ ਨੇ ਆਪਣਾ ਜੀਵਨ ਦੇਸ਼ ਨੂੰ ਅੰਗਰੇਜ਼ੀ ਰਾਜ ਤੋਂ ਮੁਕਤ ਕਰਾਉਣ ਲਈ ਵਕਫ ਹੀ ਕਰ ਦਿਤਾ ਸੀ । ਪਹਿਲੇ ਸਾਜ਼ਸ ਕੇਸ ਵਿਚ ਉਨ੍ਹਾਂ ਨੂੰ ਅੰਗਰੇਜ਼ ਰਾਜ ਨੇ ਚਾਰ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਅਤੇ ਅਸਹਿ ਤਸੀਹੇ ਦਿੱਤੇ ।

ਉਨ੍ਹਾਂ ਦਾ ਜਨਮ ਪਿੰਡ ਅਕਰਪੁਰ, ਜ਼ਿਲ੍ਹਾ ਗੁਰਦਾਸਪੁਰ ਵਿੱਚ 22 ਜੁਲਾਈ, 1894 ਈਸਵੀ ਨੂੰ ਹੋਇਆ । ਮਹੰਤਾਂ ਦੇ ਚੁੰਗਲ ਵਿਚੋਂ ਗੁਰਦੁਆਰਿਆਂ ਨੂੰ ਆਜ਼ਾਦ ਕਰਾਉਣ ਦੇ ਮੋਰਚੇ ਵਿਚ ਉਨ੍ਹਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ । ਲੋਕ ਸੇਵਾ ਦੇ ਆਪਣੇ ਪਹਿਲੇ ਕੁਝ ਸਾਲਾਂ ਵਿੱਚ ਉਨ੍ਹਾਂ ਨੇ ਅਕਾਲੀ ਅੰਦੋਲਨ ਵਿਚ ਕੰਮ ਕੀਤਾ ਅਤੇ 1921 ਤੋਂ 1923 ਤਕ ਅਤੇ ਫਿਰ 1926 ਤੋਂ 1929 ਤਕ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਦੇ ਜੱਥੇਦਾਰ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਰਹੇ । 1930 ਤੋਂ 2 ਸਾਲਾਂ ਲਈ ਉਹ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਤੇ ਸ੍ਰੀ ਨਨਕਾਣਾ ਸਾਹਿਬ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੀ ਰਹੇ ।

1941 ਵਿੱਚ ਜੱਥੇਦਾਰ ਤੇਜਾ ਸਿੰਘ ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ । ਦੇਸ਼ ਦੀ ਵੰਡ ਪਿਛੋਂ ਉਹ ਕਾਂਗਰਸ ਪਾਰਟੀ ਵਿਚ ਸ਼ਾਮਲ ਹੋ ਗਏ ਅਤੇ ਗੁਰਦਾਸਪੁਰ ਦੇ ਚੋਣ ਹਲਕੇ ਵਿਚੋਂ 1952 ਵਿੱਚ ਪਹਿਲੀ ਲੋਕ ਸਭਾ ਦੇ ਮੈਂਬਰ ਚੁਣੇ ਗਏ ।

ਜੱਥੇਦਾਰ ਤੇਜਾ ਸਿੰਘ ਦੇ ਸ਼ੌਕ ਬਹੁਮੁੱਖੀ ਸਨ । ਬੁਨਿਆਦੀ ਤੌਰ ਤੇ ਉਹ ਇਕ ਜ਼ਿਮੀਦਾਰ ਸਨ ਪਰ ਹੋਰ ਸਮਾਜੀ ਸਰਗਰਮੀਆਂ ਵਿਚ ਵੀ ਉਨ੍ਹਾਂ ਨੂੰ ਡੂੰਘੀ ਦਿਲਚਸਪੀ ਸੀ । ਉਹ ਨਸ਼ਾਬੰਦੀ ਦੇ ਕੱਟੜ ਹਾਮੀ ਸਨ । ਅਨਪੜ੍ਹਤਾ ਦੂਰ ਕਰਨ ਵਿਚ ਵੀ ਉਹ ਪਿੱਛੇ ਨਹੀਂ ਰਹੇ ਅਤੇ ਪਿੰਡਾਂ ਦੀ ਸਫਾਈ ਅਤੇ ਪਿੰਡ ਵਾਸੀਆਂ ਦੇ ਜੀਵਨ ਪੱਧਰ ਨੂੰ ਉਚਿਆਂ ਉਠਾਣ ਵਿਚ ਉਨ੍ਹਾਂ ਖਾਸ ਹਿੱਸਾ ਪਾਇਆ ।

ਉਨ੍ਹਾਂ ਦੀ ਮਿਰਤੂ ਨਾਲ ਪੰਜਾਬ ਵਿਚੋਂ ਇਕ ਮਹਾਨ ਦੇਸ਼ ਭਗਤ ਤੁਰ ਗਿਆ ਹੈ ਅਤੇ ਅਸੀਂ ਆਜ਼ਾਦੀ ਦੇ ਘੋਲ ਦੇ ਇਕ ਨਿਡਰ ਸਿਪਾਹੀ, ਪ੍ਰਸਿੱਧ ਧਾਰਮਕ ਆਗੂ ਤੇ ਸਮਾਜ ਸੁਧਾਰਕ ਤੋਂ ਵਾਂਝਿਆਂ ਰਹਿ ਗਏ ਹਾਂ । ਉਨ੍ਹਾਂ 20 ਨਵੰਬਰ, 1975 ਨੂੰ ਪ੍ਰਾਣ ਤਿਆਗੇ ।

ਸਪੀਕਰ ਸਾਹਿਬ, ਪੰਡਿਤ ਰਾਮ ਕਿਸ਼ਨ ਭੜੋਲੀਆਂ ਸੁਤੰਤਰਤਾ ਸੰਗਰਾਮੀਏ ਅਤੇ ਕਾਮਗਾਰ ਸ਼ਰੇਣੀ ਦੇ ਹਿੱਤਾਂ ਦੇ ਰਾਖੇ ਸਨ । ਉਹ ਸਦਾ ਆਜ਼ਾਦੀ ਦੀ ਲਹਿਰ ਦੇ ਅਲਮ-ਬਰਦਾਰ ਰਹੇ । ਉਨ੍ਹਾਂ ਦਾ ਜੀਵਨ ਕੁਰਬਾਨੀਆਂ ਦਾ ਇਕ ਇਤਿਹਾਸ ਹੈ । ਮਾਤ ਭੂਮੀ ਨੂੰ ਵਿਦੇਸ਼ੀ ਗੁਲਾਮੀ ਤੋਂ ਮੁਕਤ ਕਰਾਉਣ ਲਈ ਉਨ੍ਹਾਂ ਨੂੰ ਕਈ ਵਾਰ ਜੇਲ੍ਹ ਜਾਣਾ ਪਿਆ ।

ਉਨ੍ਹਾਂ ਅਤਿਵਾਦੀ ਲਹਿਰ ਵਿਚ ਸਰਗਰਮ ਹਿੱਸਾ ਲਿਆ । 1925 ਤੋਂ 1930 ਤਕ ਉਹ ਜੇਲ੍ਹ ਗਏ । ਜੇਲ੍ਹ ਵਿਚ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਤਸੀਹੇ ਦਿੱਤੇ ਗਏ ਪਰ ਉਨ੍ਹਾਂ ਦੇ ਸਿਦਕ ਵਿੱਚ ਕੋਈ ਫ਼ਰਕ ਨਾ ਪਿਆ ।

1940 ਵਿਚ ਉਨ੍ਹਾਂ ਨੂੰ ਬਜਵਾੜਾ ਸਤਿਆਗ੍ਰਹਿ ਸਿਖਿਆਰਥੀ ਕੈਂਪ ਲਾਉਣ ਕਾਰਨ 6 ਸਾਲ ਮਿੰਟਗੁਮਰੀ ਅਤੇ ਗੁਜਰਾਤ ਦੀਆਂ ਜੇਲ੍ਹਾਂ ਵਿਚ ਬਿਤਾਉਣੇ ਪਏ ।

ਉਨ੍ਹਾ ਨੇ ਭਾਰਤ ਦੀ ਮਾਰਕਸਵਾਦੀ ਲਹਿਰ ਉਤੇ ਵਿਸ਼ੇਸ਼ ਕਰਕੇ ਪੰਜਾਬ ਵਿਚ ਆਪਣੀ ਅਮਿੱਟ ਛਾਪ ਛੱਡੀ । ਉਹ ਪੰਜਾਬ ਕਿਸਾਨ ਸਭਾ ਦੇ ਜਨਰਲ ਸਕੱਤਰ ਰਹੇ ।

ਮਾਨਯੋਗ ਮੈਂਬਰਾਂ ਨੂੰ ਇਹ ਯਾਦ ਹੀ ਹੋਵੇਗਾ ਕਿ ਭੜੋਲੀਆਂ ਜੀ 1952 ਵਿਚ ਇਸ ਮਹਾਨ ਸਦਨ ਦੇ ਮੈਂਬਰ ਬਣੇ । ਉਹ ਇਕ ਚੰਗੇ ਵਿਧਾਨਕਾਰ ਸਨ ਅਤੇ ਇਸ ਸਦਨ ਵਿਚ ਉਨ੍ਹਾਂ ਵਲੋਂ ਪਾਇਆ ਹਿੱਸਾ ਮਿਸਾਲੀ ਹੈ ।

Original with:
Punjab Vidhan Sabha
Digitized by:
Panjab Digital Library

8 ਦਸੰਬਰ, 1975 ਨੂੰ ਉਹ ਸਵਰਗਵਾਸ ਹੋ ਗਏ, ਜਿਸ ਨਾਲ ਰਾਜ ਇਕ ਮਹਾਨ ਦੇਸ਼ ਭਗਤ, ਨਿਡਰ ਸੁਤੰਤਰਤਾ ਸੰਗਰਾਮੀਏ ਅਤੇ ਲਿਤਾੜੇ ਹੋਏ ਲੋਕਾਂ ਦੇ ਸੱਚੇ ਹਿਮਾਇਤੀ ਦੀਆਂ ਸੇਵਾਵਾਂ ਤੋਂ ਵਾਂਝਿਆ ਹੋ ਗਿਆ ਹੈ ।

ਸਪੀਕਰ ਸਾਹਿਬ, ਸ੍ਰੀ ਬਲਵੰਤ ਰਾਏ ਆਹਲੂਵਾਲੀਆ ਇਕ ਸੱਚੇ ਦੇਸ਼ ਭਗਤ, ਪ੍ਰਸਿੱਧ ਸੁਤੰਤਰਤਾ ਸੰਗਰਾਮੀਏ, ਸਰਗਰਮ ਸਮਾਜ ਸੁਧਾਰਕ ਅਤੇ ਉੱਘੇ ਵਿਧਾਨਕਾਰ ਸਨ । ਉਹ ਗਾਂਧੀ ਜੀ ਦੇ ਅਸੂਲਾਂ, ਜਿਵੇਂ ਕਿ 'ਸਹੀ ਸਾਧਨ ਤੇ ਸਹੀ ਸਿੱਟਿਆਂ'', ਤੇ ''ਪ੍ਰਸ਼ਾਸਨ ਅਤੇ ਆਮ ਜੀਵਨ ਦੀ ਸੁੱਧਤਾ'' ਵਿਚ ਦ੍ਰਿੜ੍ਹ ਵਿਸ਼ਵਾਸ ਰੱਖਦੇ ਸਨ ।

ਜਿਵੇਂ ਕਿ ਆਪ ਜੀ ਨੂੰ ਪਤਾ ਹੈ, ਆਹਲੂਵਾਲੀਆ ਜੀ ਪੰਜਾਬ ਵਿਧਾਨ ਪਰਿਸ਼ਦ ਦੇ ਅਸੈਂਬਲੀ ਚੋਣ ਹਲਕੇ ਤੋਂ ਕਾਂਗਰਸ ਟਿਕਟ ਤੇ 1952 ਵਿਚ ਮੈਂਬਰ ਬਣੇ । 1921 ਤੋਂ ਉਹ ਕਾਂਗਰਸ ਅੰਦੋਲਨ ਦੀ ਜਿੰਦ-ਜਾਨ ਰਹੇ ਅਤੇ ਉਸ ਦੀ ਹਰ ਸਰਗਰਮੀ ਵਿਚ ਮਨੋਂ ਤਨੋਂ ਹਿੱਸਾ ਲੈਂਦੇ ਰਹੇ । ਉਹ ਲੋਕਰਾਜੀ ਸਿਧਾਂਤਾਂ, ਜਮਹੂਰੀਅਤ ਅਤੇ ਹਿੰਦੂ ਸਿੱਖ ਏਕਤਾ ਵਿਚ ਵਿਸ਼ਵਾਸ ਰੱਖਦੇ ਸਨ । ਉਹ ਇਕ ਨਿਡਰ ਸਿਆਸਤਦਾਨ ਅਤੇ ਦ੍ਰਿੜ੍ਹ ਅਸੂਲਾਂ ਵਾਲੇ ਵਿਅਕਤੀ ਸਨ । ਉਹ ਅਨਿਆ ਅਤੇ ਨਾ-ਬਰਾਬਰੀ ਨਾਲ ਕਿਸੇ ਹਾਲਤ ਵਿਚ ਵੀ ਸਮਝੌਤਾ ਨਾ ਕਰ ਸਕੇ । ਆਪਣੇ ਜੀਵਨ ਕਾਲ ਵਿੱਚ ਉਹ ਕਈ ਉੱਚੇ ਅਹੁਦਿਆਂ ਤੇ ਸਸ਼ੋਭਿਤ ਰਹੇ, ਜਿਹਾ ਕਿ ਬਾਰ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਅਤੇ ਮਿਊਂਸਪਲ ਕਮੇਟੀ, ਲੁਧਿਆਣਾ ਦੇ ਮੀਤ-ਪ੍ਰਧਾਨ ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੈਂਬਰ ਰਹੇ ।

31 ਦਸੰਬਰ, 1975 ਨੂੰ ਹੋਈ ਉਨ੍ਹਾਂ ਦੀ ਮਿਤ੍ਰੂ ਨਾਲ ਰਾਜ ਤੋਂ ਇਕ ਮਹਾਨ ਸਿਆਸਤਦਾਨ, ਪ੍ਰਤਿਭਾਸ਼ਾਲੀ ਪ੍ਰਸ਼ਾਸਕ ਅਤੇ ਤਜਰਬੇਕਾਰ ਵਿਧਾਨਕਾਰ ਖੁੱਸ ਗਿਆ ।

ਸਪੀਕਰ ਸਾਹਿਬ, ਡਾਕਟਰ ਸੱਤ ਟੰਡਨ, ਅਮਨ, ਦੋਸਤੀ ਅਤੇ ਸਦ-ਭਾਵਨਾ ਦੇ ਪ੍ਰਤੀਕ ਸਨ ਅਤੇ ਆਪਣੀ ਪ੍ਰਭਾਵਸ਼ਾਲੀ ਸ਼ਖਸੀਅਤ ਤੇ ਨਿੱਘੇ ਸੁਭਾਅ ਕਾਰਨ ਹਰਦਿਲ ਅਜੀਜ਼ ਸਨ । ਉਨ੍ਹਾਂ ਨੇ ਭਾਰਤ-ਰੂਸ ਦੋਸਤੀ ਹਿੱਤ ਆਪਾ ਅਰਪਿਤ ਕੀਤਾ ਹੋਇਆ ਸੀ । ਉਹ ਪ੍ਰਗਤੀਸ਼ਾਲੀ ਝੁਕਾਵਾਂ ਤੋਂ ਬਹੁਤ ਪ੍ਰਭਾਵਤ ਸਨ ਅਤੇ ਆਪਣੀ ਯੋਗਤਾ, ਸਚਾਈ ਅਤੇ ਸਾਫਗੋਈ ਕਾਰਨ ਉਨ੍ਹਾਂ ਨੂੰ ਕੌਮਾਂਤਰੀ ਪ੍ਰਸਿੱਧੀ ਹਾਸਲ ਸੀ । ਉਨ੍ਹਾਂ ਨੇ ਸਭ ਤੋਂ ਪਹਿਲਾਂ ਪੰਜਾਬ ਦੇ ਵਿਚ ਹਿੰਦ-ਰੂਸ ਦੋਸਤੀ ਦੀ ਸੰਸਥਾ ਕਾਇਮ ਕੀਤੀ ਸੀ ਅਤੇ ਭਾਰਤ ਅਤੇ ਸੋਵੀਅਤ ਰੂਸ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਲਈ ਕਾਫੀ ਜਤਨ ਕੀਤੇ ਸਨ । ਦਿੱਲੀ ਵਿਖੇ ਉਹ ਇਸ ਸੋਸਾਇਟੀ ਦੇ ਹਮੇਸ਼ਾਂ ਜਿੰਦ ਜਾਨ ਰਹੇ ਅਤੇ ਪੰਜਾਬ ਦੀ ਇਸ ਸੰਸਥਾ ਨੂੰ ਉਨ੍ਹਾਂ ਨੇ ਪੂਰਾ ਪੂਰਾ ਜ਼ੋਰ ਲਾਕੇ ਤਕੜਾ ਕੀਤਾ ।

ਉਨ੍ਹਾਂ ਨੇ ਵਿਦਿਆ ਦੇ ਪਰਚਾਰ ਲਈ ਅਣਥੱਕ ਘਾਲਣਾ ਘਾਲੀ ਅਤੇ ਕਈ ਵਿਦਿਅਕ ਸੰਸਥਾਵਾਂ ਨਾਲ ਉਨ੍ਹਾਂ ਦੇ ਡੂੰਘੇ ਸਬੰਧ ਸਨ । ਡਾਕਟਰੀ ਦੇ ਕਿੱਤੇ ਵਿਚ ਉਨ੍ਹਾਂ ਨੇ ਬੜਾ ਚੰਗਾ ਸਤਿਕਾਰਯੋਗ ਸਥਾਨ ਪ੍ਰਾਪਤ ਕੀਤਾ । ਉਨ੍ਹਾਂ ਨੇ ਗ਼ਰੀਬ ਲੋਕਾਂ ਦਾ ਇਲਾਜ ਮੁਫਤ ਅਤੇ ਉਨ੍ਹਾਂ ਦੇ ਘਰੀਂ ਜਾ ਕੇ ਕੀਤਾ । ਉਹ ਭਾਰਤੀ ਮੈਡੀਕਲ ਐਸੋਸੀਏਸ਼ਨ ਦੇ ਸਰਗਰਮ ਮੈਂਬਰ ਰਹੇ ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

4 ਦਸੰਬਰ, 1975 ਨੂੰ ਉਨ੍ਹਾਂ ਦੇ ਸੁਵਰਗਵਾਸ ਹੋ ਜਾਣ ਕਾਰਨ ਭਾਰਤ ਨੇ ਇਕ ਅਜਿਹਾ ਸੱਚਾ ਸਮਾਜਵਾਦੀ ਗਵਾ ਲਿਆ ਹੈ, ਜਿਸ ਨੇ ਭਾਰਤ-ਸੋਵੀਅਤ ਮਿੱਤਰਤਾ ਲਈ ਬਹੁਤ ਅਹਿਮ ਰੋਲ ਅਦਾ ਕੀਤਾ ਸੀ। ਉਨ੍ਹਾਂ ਦੀ ਮੌਤ ਉਨ੍ਹਾਂ ਦਾ ਦਿਲ ਫੇਲ੍ਹ ਹੋ ਜਾਣ ਕਾਰਨ ਚੰਡੀਗੜ੍ਹ ਦੇ ਬੱਸ ਸਟੈਂਡ ਦੇ ਉਤੇ ਹੋਈ ਸੀ ਜਦੋਂ ਕਿ ਉਹ ਪਟਨੇ ਜਾਣ ਵਾਸਤੇ ਤਿਆਰੀ ਕਰਕੇ ਆਏ ਸਨ। ਔਰ ਉਨ੍ਹਾਂ ਨੇ ਉਨ੍ਹਾਂ ਤਾਕਤਾਂ ਦੇ ਖਿਲਾਫ ਜੋ ਪਿਛਾਂਹ ਖਿੱਚੂ ਤਾਕਤਾਂ ਹਨ, ਫਾਸਿਸਟ ਵਿਰੁੱਧ ਕਾਨਫਰੰਸ ਵਿਚ ਹਿੱਸਾ ਪਾਉਣ ਜਾਣਾ ਸੀ। ਪਰ ਕੁਦਰਤ ਨੂੰ ਇਹ ਮਨਜ਼ੂਰ ਨਹੀਂ ਸੀ। ਉਹ ਸਾਡੇ ਤੋਂ ਹਮੇਸ਼ਾਂ ਲਈ ਵਿੱਛੜ ਗਏ ਹਨ। ਉਨ੍ਹਾਂ ਦੀ ਮੌਤ ਨਾਲ ਪੰਜਾਬ ਨੂੰ ਬਹੁਤ ਵੱਡਾ ਘਾਟਾ ਪਿਆ ਹੈ।

ਸਪੀਕਰ ਸਾਹਿਬ, ਸਾਡੇ ਲੈਫਟੀਨੈਂਟ ਜਨਰਲ ਸੰਤ ਸਿੰਘ ਫੌਜੀਆਂ ਦੇ ਮਹਾਨ ਯੋਧਿਆਂ ਵਿਚੋਂ ਪ੍ਰਸਿੱਧ ਜਨਰਲ ਸਨ। ਉਨ੍ਹਾਂ ਨੇ ਸਦਾ ਹੀ ਬਹੁਤ ਦਲੇਰੀ ਅਤੇ ਵਿਉਂਤਬੰਦੀ ਨਾਲ ਫੌਜ ਵਿਚ ਨਾਮ ਪੈਦਾ ਕੀਤਾ, ਇਹ ਉਨ੍ਹਾਂ ਵਿਚ ਸਭ ਤੋਂ ਉੱਤਮ ਗੁਣ ਸਨ। ਰਿਟਾਇਰ ਹੋਣ ਤੋਂ ਬਾਅਦ ਉਨ੍ਹਾਂ ਨੇ ਜਿਲ੍ਹਾ ਲੁਧਿਆਣਾ ਦੀ ਖੇਤੀਬਾੜੀ ਵਿਚ ਬਹੁਤ ਵੱਡਾ ਹਿੱਸਾ ਪਾਇਆ ਅਤੇ ਉਹ ਹਰਮਨ ਪਿਆਰੇ ਬਣ ਗਏ ਸਨ। ਜਨਰਲ ਸੰਤ ਸਿੰਘ ਜੀ 1967 ਵਿਚ ਫੌਜੀ ਸੈਨਕ ਸੇਵਾ ਤੋਂ ਰਿਟਾਇਰ ਹੋਏ ਸਨ। ਉਨ੍ਹਾਂ ਦੇ ਇਸ ਅਕਾਲ ਚਲਾਣੇ ਨਾਲ ਪੰਜਾਬ ਇਕ ਮਸ਼ਹੂਰ ਬਹਾਦਰ ਜਰਨੈਲ ਅਤੇ ਬਹੁਤ ਸੁਲਝੇ ਹੋਏ ਕਾਸ਼ਤਕਾਰ ਤੋਂ ਵਾਂਝਾ ਹੋ ਗਿਆ ਹੈ। ਉਨ੍ਹਾਂ ਦੀ ਮਿਰਤੂ 27 ਨਵੰਬਰ, 1975 ਨੂੰ ਹੋਈ।

ਸਪੀਕਰ ਸਾਹਿਬ, ਸਾਡੇ ਵਿਚੋਂ ਇਕ ਧਾਰਮਿਕ ਨੇਤਾ ਸੰਤ ਈਸ਼ਰ ਸਿੰਘ ਜੀ ਰਾੜੇਵਾਲੇ ਹਮੇਸ਼ਾਂ ਲਈ ਚਲੇ ਗਏ ਹਨ। ਉਹ ਕੇਵਲ ਸਿੱਖਾਂ ਵਿਚ ਹੀ ਨਹੀਂ ਬਲਕਿ ਦੂਜੇ ਧਰਮਾਂ ਵਿਚ ਵੀ ਕਾਫੀ ਮਕਬੂਲ ਸਨ। ਲੱਖਾਂ ਹੀ ਲੋਕ ਉਨ੍ਹਾਂ ਦੇ ਸ਼ਰਧਾਲੂ ਸਨ ਅਤੇ ਉਨ੍ਹਾਂ ਨੇ ਲੋਕਾਂ ਨੂੰ ਸੱਚ ਦਾ ਮਾਰਗ ਅਪਨਾਉਣ ਵਿਚ ਬਹੁਤ ਉਚੇਰਾ ਉਦਮ ਕੀਤਾ। ਉਹ ਨਾਮ ਜਪਣਾ, ਸਿਮਰਨ ਕਰਨਾ ਅਤੇ ਨਸ਼ਿਆਂ ਤੋਂ ਬਚਕੇ ਰਹਿਣ ਦਾ ਪਰਚਾਰ ਕਰਦੇ ਰਹੇ ਅਤੇ ਉਨ੍ਹਾਂ ਦੇ ਕੀਰਤਨ ਤੋਂ ਪ੍ਰਭਾਵਿਤ ਹੋਕੇ ਲੱਖਾਂ ਪਰਾਣੀਆਂ ਨੇ ਆਪਣੇ ਜੀਵਨ ਨੂੰ ਸੁਧਾਰਿਆ। ਉਨ੍ਹਾਂ ਨੇ ਚਲਾਣਾ ਵੀ ਵਲਾਇਤ ਜਾਕੇ ਵੋਲਵਰਹੈਮਟਨ ਨਗਰ ਵਿਚ ਕੀਤਾ। ਜਦੋਂ ਉਨ੍ਹਾਂ ਦੇ ਸਰੀਰ ਨੂੰ ਉਨ੍ਹਾਂ ਦੀ ਇੱਛਾ ਅਨੁਸਾਰ ਨੰਗਲ ਵਿਖੇ ਜਲ ਪਰਵਾਹ ਕੀਤਾ ਤਾਂ ਲੋਕਾਂ ਦਾ ਬੇਪਨਾਹ ਇਕੱਠ ਸੀ। ਉਨ੍ਹਾਂ ਦੀ ਇੱਛਾ ਅਨੁਸਾਰ ਉਨ੍ਹਾਂ ਦੇ ਸਰੀਰ ਨੂੰ ਨੰਗਲ ਵਿਖੇ ਜਲ ਪਰਵਾਹ ਕਰਨਾ ਸੀ ਅਤੇ ਉਨ੍ਹਾਂ ਨੇ ਆਪਣੀ ਵਿੱਲ ਵਿਚ ਕਿਹਾ ਸੀ ਕਿ ਮੇਰੇ ਸ਼ਰੀਰ ਦਾ ਜਲ ਪਰਵਾਹ ਨੰਗਲ ਵਿਚ ਦਰਿਆ ਸਤਲੁਜ ਦੇ ਪਾਣੀ ਅੰਦਰ ਕੀਤਾ ਜਾਵੇ। ਉਸ ਦਿਨ ਲੱਖਾਂ ਹੀ ਲੋਕਾਂ ਨੇ ਕੜਕਦੀ ਧੁੱਪ ਵਿਚ ਉਨ੍ਹਾਂ ਨੂੰ ਸ਼ਰਧਾਂਜਲੀਆਂ ਅਰਪਣ ਕੀਤੀਆਂ ਅਤੇ ਸ਼ਰਧਾਂਜਲੀਆਂ ਪੇਸ਼ ਕੀਤੀਆਂ ਸਨ। ਉਸ ਮਹਾਨ ਪੁਰਸ਼ ਦੇ ਚਲੇ ਜਾਣ ਨਾਲ ਰੂਹਾਨੀ ਜ਼ਿੰਦਗੀ ਵਿਚ ਅਤੇ ਧਾਰਮਕ ਦੁਨੀਆਂ ਵਿਚ ਬਹੁਤ ਵੱਡਾ ਖਲਾ ਪੈਦਾ ਹੋ ਗਿਆ। ਉਹ ਹਮੇਸ਼ਾ ਲਈ ਸਾਡੇ ਪਾਸੋਂ ਚਲੇ ਗਏ ਹਨ।

ਸਪੀਕਰ ਸਾਹਿਬ, ਡਾਕਟਰ ਕਰਮ ਸਿੰਘ ਗਰੇਵਾਲ ਬਹੁਤ ਮਸ਼ਹੂਰ ਡਾਕਟਰ ਅਤੇ ਸਪੈਸ਼ਲਿਸਟ ਸਨ। ਉਨ੍ਹਾਂ ਨੇ ਆਪਣਾ ਨਾਮ ਉੱਚਾ ਪੈਦਾ ਕੀਤਾ। ਸਪੀਕਰ ਸਾਹਿਬ,

Original with
Punjab Vidhan Sabha
Digitized by;
Panjab Digital Library

ਉਨ੍ਹਾਂ ਦਾ ਜ਼ਿਕਰ ਇਸ ਏਜੰਡੇ ਵਿਚ ਨਹੀਂ ਸੀ ਪਰ ਬਾਅਦ ਵਿਚ ਉਨ੍ਹਾਂ ਦਾ ਨਾਮ ਮੇਰੇ ਕੋਲ ਆਇਆ ਇਸ ਕਰਕੇ ਮੈਂ ਉਨ੍ਹਾਂ ਦਾ ਹੁਣ ਜ਼ਿਕਰ ਕਰ ਰਿਹਾ ਹਾਂ। ਇਸ ਨੂੰ ਤੁਸੀਂ ਏਜੰਡੇ ਵਿਚ ਸ਼ਾਮਿਲ ਕਰ ਲੈਣਾ। ਆਪ ਇਕ ਓਰਥੋਪੈਡਿਕ ਸਰਜਨ ਸਨ ਅਤੇ ਉਨ੍ਹਾਂ ਨੇ ਇਸ ਸਪੈਸ਼ਲਿਟੀ ਵਿਚ ਇਸ ਲਾਇਨ ਵਿਚ ਐਨਾ ਉੱਚਾ ਨਾਮ ਪੈਦਾ ਕੀਤਾ ਕਿ ਉਹ ਇੰਟਰਨੈਸ਼ਨਲ ਸੰਸਥਾ ਦੇ ਵਿਚ ਜਾ ਕੇ ਦੋ ਵਾਰੀ ਪ੍ਰਧਾਨਗੀ ਕਰਕੇ ਆਏ ਅਤੇ ਸਾਡੇ ਦੇਸ਼ ਦਾ ਨਾਮ ਉੱਚਾ ਕੀਤਾ। ਉਨ੍ਹਾਂ ਦੇ ਵਿਦਿਆਰਥੀ ਅਤੇ ਉਨ੍ਹਾਂ ਦੇ ਸਾਥੀ ਜਿਹੜੇ ਉਨ੍ਹਾਂ ਨਾਲ ਪਿਆਰ ਕਰਦੇ ਸਨ ਉਸ ਦਾ ਅੰਦਾਜ਼ਾ ਅਸੀਂ ਲਗਾ ਨਹੀਂ ਸਕਦੇ। ਪਰ ਉਨ੍ਹਾਂ ਦੀ ਮੌਤ ਤੋਂ ਬਾਅਦ ਪੰਜਾਬ ਵਿਚੋਂ ਇਕ ਐਸਾ ਸਪੈਸ਼ਲਿਸਟ, ਡਾਕਟਰ ਚਲਾ ਗਿਆ ਹੈ ਕਿ ਜਿਸ ਦਾ ਘਾਟਾ ਪੂਰਾ ਹੋਣਾ ਸਾਡੇ ਲਈ ਬਹੁਤ ਔਖਾ ਹੋ ਗਿਆ ਹੈ। ਸਪੀਕਰ ਸਾਹਿਬ, ਮੈਂ ਪ੍ਰਸਤਾਵ ਕਰਦਾ ਹਾਂ ਕਿ ਇਸ ਸਦਨ ਦੇ ਸਾਰੇ ਮੈਂਬਰ ਇਨ੍ਹਾਂ ਮਹਾਨ ਸ਼ਖਸੀਅਤਾਂ, ਜਿਹੜੀਆਂ ਸਾਥੋਂ ਵਿੱਛੜ ਗਈਆਂ ਹਨ, ਨੂੰ ਸ਼ਰਧਾਂਜਲੀ ਦੇਣ ਲਈ 2 ਮਿੰਟ ਖੜੇ ਹੋਕੇ ਇਨ੍ਹਾਂ ਦੀ ਆਤਮਕ ਸ਼ਾਂਤੀ ਲਈ ਅਰਦਾਸ ਕਰਨ ਅਤੇ ਜੋ ਮੈਂ ਪ੍ਰਸਤਾਵ ਪੇਸ਼ ਕੀਤੇ ਹਨ ਉਹ ਪਾਸ ਹੋਣ ਤੋਂ ਬਾਅਦ ਉਨ੍ਹਾਂ ਦੇ ਪਰਿਵਾਰਾਂ ਨੂੰ ਭੇਜੇ ਜਾਣ।

**ਸਰਦਾਰ ਸਤਨਾਮ ਸਿੰਘ ਬਾਜਵਾ (ਕਾਦੀਆਂ) :** ਸਤਿਕਾਰਯੋਗ ਸਪੀਕਰ ਸਾਹਿਬ, ਇਸ ਥੋੜ੍ਹੇ ਜਿਹੇ ਸਮੇਂ ਵਿਚ ਹੀ ਮੇਰੇ ਦੇਸ਼ ਦੀਆਂ ਕੁਝ ਮਹਾਨ ਹਸਤੀਆਂ ਸਾਡੇ ਕੋਲੋਂ ਹਮੇਸ਼ਾ ਹਮੇਸ਼ਾ ਲਈ ਜੁਦਾ ਹੋ ਗਈਆਂ ਹਨ, ਜਿਨ੍ਹਾਂ ਦਾ ਖਲਾ ਮੇਰਾ ਦੇਸ਼ ਪੂਰਾ ਨਹੀਂ ਕਰ ਸਕਦਾ। ਸਭ ਤੋਂ ਪਹਿਲਾਂ ਸ੍ਰੀ ਕਾਮਰਾਜ ਜੀ, ਜਿਹੜੇ ਕਿ ਤਾਮਿਲਨਾਡੂ (ਮਦਰਾਸ) ਦੇ ਚੀਫ਼ ਮਨਿਸ਼ਟਰ ਰਹੇ ਹਨ ਅਤੇ ਹਿੰਦੁਸਤਾਨ ਦੀ ਇਕ ਬਹੁਤ ਕੁਰਬਾਨੀ ਵਾਲੇ ਸਾਦਾ ਜ਼ਿੰਦਗੀ ਵਾਲੇ ਅਰ ਆਪਣੇ ਉਚੇ ਅਤੇ ਸੁੱਚੇ ਇਖਲਾਕ ਵਾਲੇ ਲੀਡਰ ਸਨ। ਉਨ੍ਹਾਂ ਨੇ ਆਪਣਾ ਜੀਵਨ ਇਕ ਸਧਾਰਨ ਵਰਕਰ ਤੋਂ ਸ਼ੁਰੂ ਕੀਤਾ। ਸਭ ਤੋਂ ਪਹਿਲਾਂ ਉਨ੍ਹਾਂ ਨੇ ਰਾਜਗੋਪਾਲ ਅਚਾਰੀਆ ਨਾਲ ਕੰਮ ਕੀਤਾ। 1954 ਤੋਂ ਪਹਿਲਾਂ ਉਹ ਬਗੈਰ ਕਿਸੇ ਅਹੁਦੇ ਤੇ ਆਪਣੇ ਸੂਬੇ ਦੀ ਸੇਵਾ ਕਰਦੇ ਰਹੇ। ਉਸ ਦੇ ਬਾਦ 1954 ਤੋਂ ਲੈ ਕੇ 1963 ਤੱਕ ਰਾਜ ਗੋਪਾਲ ਅਚਾਰੀਆ ਤੋਂ ਬਾਦ ਚੀਫ਼ ਮਨਿਸਟਰ ਰਹੇ ਸਨ। ਉਨ੍ਹਾਂ ਨੇ ਨਾ ਕੋਈ ਘਰ ਬਣਾਇਆ ਅਤੇ ਨਾ ਬਹੁਤ ਅੱਛੇ ਕਪੜੇ ਪਾਏ। ਨਾ ਕਦੇ ਉਨ੍ਹਾਂ ਨੇ ਕਿਸੇ ਕੋਠੀ ਦਾ ਲਾਲਚ ਹੀ ਕੀਤਾ। ਬੜੀ ਸਾਦਾ ਜ਼ਿੰਦਗੀ ਉਨ੍ਹਾਂ ਬਸਰ ਕਰਕੇ ਹਿੰਦੁਸਤਾਨ ਦੇ ਸਾਹਮਣੇ ਮਿਸਾਲ ਰੱਖੀ। ਸਪੀਕਰ ਸਾਹਿਬ, ਉਸ ਤੋਂ ਬਾਅਦ ਸ੍ਰੀ ਕਾਮਰਾਜ ਜੀ ਆਲ ਇੰਡੀਆ ਕਾਂਗਰਸ ਦੇ ਪ੍ਰਧਾਨ ਬਣੇ ਅਤੇ ਚੀਫ਼ ਮਨਿਸਟਰੀ ਨੂੰ ਛੱਡ ਗਏ। ਉਸ ਤੋਂ ਬਾਅਦ ਕਾਮਰਾਜ ਪਲਾਨ ਦੇ ਮਤਹਿਤ 1969 ਵਿਚ ਕਾਂਗਰਸ (ਓ) ਬਣ ਗਈ ਤਾਂ ਉਹ ਉਸ ਵਿਚ ਚਲੇ ਗਏ। ਉਹ ਬੜੇ ਉਚੇ ਔਰ ਸੁੱਚੇ ਵਿਅਕਤੀ ਸਨ। 2 ਅਕਤੂਬਰ, 1975 ਨੂੰ ਦਿਲ ਦਾ ਦੌਰਾ ਪੈਣ ਨਾਲ ਉਹ 72 ਸਾਲ ਦੀ ਉਮਰ ਵਿਚ ਸਾਡੇ ਤੋਂ ਹਮੇਸ਼ਾ ਹਮੇਸ਼ਾ ਲਈ ਜੁਦਾ ਹੋ ਗਏ।

ਸਪੀਕਰ ਸਾਹਿਬ, ਸਰਦਾਰ ਤੇਜਾ ਸਿੰਘ ਅਕਰਪੁਰੀ ਮੇਰੇ ਜ਼ਿਲ੍ਹੇ ਗੁਰਦਾਸਪੁਰ ਦੇ ਰਹਿਣ ਵਾਲੇ ਸਨ। ਆਪ ਬੜੇ ਆਜ਼ਾਦੀ ਦੇ ਪਰਵਾਨੇ ਅਤੇ ਅਜ਼ਾਦੀ ਦੀ ਜਦੋ-ਜਹਿਦ ਵਿਚ ਬੜਾ ਹਿੱਸਾ ਪਾਉਣ ਵਾਲੇ ਸਨ। ਇਹ ਠੀਕ ਹੈ ਕਿ ਮੁਸਾਫ਼ਿਰ ਜੀ ਦੇ ਨਾਲ ਉਨ੍ਹਾਂ ਦਾ ਬਹੁਤ ਪਿਆਰ ਸੀ। ਔਰ ਇਹੀ ਵਜ੍ਹਾ ਸੀ ਕਿ ਗਿਆਨੀ ਗੁਰਮਖ ਸਿੰਘ ਮੁਸਾਫ਼ਰ ਜੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਸਤਨਾਮ ਸਿੰਘ ਬਾਜਵਾ]

ਇਨਾਂ ਦੇ ਭੋਗ ਸਮੇਂ ਅਕਰਪੁਰ ਪਿੰਡ ਵਿਚ ਗਏ ਤਾਂ ਗਿਆਨੀ ਜੀ ਨੇ ਕਿਹਾ ਸੀ ਕਿ ਮੇਰੇ ਸਾਥੀ ਵਾਰੀ ਵਾਰੀ ਜੁਦਾ ਹੁੰਦੇ ਰਹੇ ਹਨ ਔਰ ਸਾਡੀ ਵੀ ਹੁਣ ਵਾਰੀ ਆ ਗਈ ਹੈ। ਸਰਦਾਰ ਤੇਜਾ ਸਿੰਘ ਵਾਂਗ ਬੜੇ ਮਿਲਣਸਾਰ, ਗਿਆਨੀ ਜੀ ਵਾਂਗ ਹੱਸ ਮੁੱਖ ਔਰ ਹਰ ਬੰਦੇ ਨਾਲ ਮੁਹੱਬਤ ਪਿਆਰ ਕਰਨ ਵਾਲੇ ਸਨ। ਸੰਨ 1921 ਤੋਂ ਲੈ ਕੇ 1923 ਤਕ ਅਤੇ 1926 ਤੋਂ ਲੈ ਕੇ 1929 ਤਕ 2 ਵਾਰ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਦੇ ਜਥੇਦਾਰ ਬਣੇ। ਉਹ ਸੰਨ 1930-31 ਵਿਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਚੁਣੇ ਗਏ ਔਰ ਉਸ ਦੇ ਬਾਦ 1941 ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ। ਉਹ ਐਜੂਕੇਸ਼ਨ ਨਾਲ ਬੜੀ ਖਾਸ ਤੌਰ ਤੇ ਮੁਹੱਬਤ ਰੱਖਦੇ ਸਨ। ਮੇਰੇ ਜ਼ਿਲ੍ਹੇ ਵਿਚ 2 ਹਾਈ ਸਕੂਲਾਂ ਦੇ ਪ੍ਰਧਾਨ ਵੀ ਰਹੇ। ਉਹ 10 ਸਾਲ ਮੈਂਬਰ ਪਾਰਲੀਮੈਂਟ ਰਹੇ ਉਹ 81 ਸਾਲ ਦੀ ਉਮਰ ਵਿਚ ਕੁਝ ਦੇਰ ਬਿਮਾਰ ਰਹਿਣ ਤੋਂ ਬਾਦ ਇਸ ਦੁਨੀਆਂ ਤੋਂ ਚਲੇ ਗਏ।

ਫਿਰ ਸਪੀਕਰ ਸਾਹਿਬ, ਪੰਡਿਤ ਰਾਮ ਕਿਸ਼ਨ ਭੜੋਲੀਆਂ ਸਾਬਕਾ ਐਮ. ਐਲ. ਏ. ਸੰਨ 1952 ਦੇ ਵਿਚ ਐਮ. ਐਲ. ਏ. ਬਣੇ ਸਨ। ਇਹ ਸੀ. ਪੀ. ਆਈ. (ਐਮ) ਦੇ ਉਘੇ ਨੇਤਾ ਸਨ। ਉਹ ਪਿੰਡ ਭੜੋਲੀਆਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਰਹਿਣ ਵਾਲੇ ਸਨ। ਆਜ਼ਾਦੀ ਦੀ ਲਹਿਰ ਵਿਚ ਉਹ ਜੇਲ੍ਹਾਂ ਵਿਚ ਗਏ ਅਤੇ ਹਮੇਸ਼ਾਂ ਹੀ ਜਦੋ-ਜਹਿਦ ਦੀ ਜ਼ਿੰਦਗੀ ਗੁਜ਼ਾਰੀ ਮੁਲਕ ਦੀ ਆਜ਼ਾਦੀ ਤੋਂ ਬਾਅਦ 1948 ਤੋਂ 1954 ਤੱਕ 6 ਸਾਲ ਜੇਲ੍ਹ ਵਿਚ ਰਹੇ ਅਤੇ ਤਿੰਨ ਵਾਰ ਲੰਮੇ ਸਮੇਂ ਲਈ ਨਜ਼ਰ ਬੰਦ ਵੀ ਰਹੇ। ਕਈ ਦਫ਼ਾ ਉਨ੍ਹਾਂ ਦੀ ਜਾਇਦਾਦ ਜ਼ਬਤ ਕੀਤੀ ਗਈ। ਉਹ ਪੰਜਾਬ ਕਿਸਾਨ ਸਭਾ ਦੇ ਜਨਰਲ ਸਕਤਰ ਬਣੇ ਰਹੇ। 70 ਸਾਲ ਦੀ ਉਮਰ ਵਿਚ ਉਹ ਸਾਡੇ ਤੋਂ ਜੁਦਾ ਹੋ ਗਏ।

ਸ੍ਰੀ ਬਲਵੰਤ ਰਾਇ ਆਹਲੂਵਾਲੀਆ ਜੀ ਵੀ, ਸਪੀਕਰ ਸਾਹਿਬ, ਸਾਡੇ ਤੋਂ ਵਿਛੜ ਗਏ ਹਨ: ਉਨ੍ਹਾਂ ਦਾ ਜਨਮ ਲੁਧਿਆਣੇ ਵਿਚ ਹੋਇਆ। ਜਿਸ ਤਰ੍ਹਾਂ ਗਿਆਨੀ ਜੀ ਨੇ ਵੀ ਕਿਹਾ ਹੈ ਉਹ ਆਜ਼ਾਦੀ ਦੇ ਪਰਵਾਨੇ ਸਨ ਅਤੇ ਲੁਧਿਆਣੇ ਦੇ ਬੜੇ ਮਸ਼ਹੂਰ ਤੇ ਉਘੇ ਵਕੀਲ ਸਨ ਔਰ ਕਈ ਦਫ਼ਾ ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਚੁਣੇ ਗਏ। ਉਹ ਮਿਊਂਸਿਪਲ ਕਮੇਟੀ ਦੇ ਮੀਤ ਪ੍ਰਧਾਨ ਵੀ ਰਹੇ ਔਰ ਇਸ ਦੇ ਬਾਅਦ ਉਹ ਐਮ. ਐਲ. ਸੀ. ਵੀ ਬਣੇ। ਇਹ ਵੀ ਹਮੇਸ਼ਾ ਵਾਸਤੇ ਸਾਡੇ ਤੋਂ ਵਿਛੜ ਗਏ ਹਨ।

ਸਪੀਕਰ ਸਾਹਿਬ, ਇਸ ਤੋਂ ਅਗੇ ਸੰਤ ਈਸ਼ਰ ਸਿੰਘ ਜੀ ਰਾੜੇ ਵਾਲੇ ਹਨ। ਇਹ ਬਚਪਨ ਤੋਂ ਹੀ ਧਾਰਮਕ ਰੁਚੀ ਰੱਖਣ ਵਾਲੇ ਸਨ ਅਤੇ ਬੜੇ ਉਚੇ ਸੁੱਚੇ ਖਿਆਲਾਂ ਦੇ ਮਾਲਕ ਸਨ। ਇਨ੍ਹਾਂ ਨੇ ਸਿੱਖ ਧਰਮ ਦਾ ਬੜਾ ਪ੍ਰਚਾਰ ਕੀਤਾ ਔਰ ਬੜੇ ਸੁੰਦਰ ਤਰੀਕੇ ਨਾਲ ਪ੍ਰਚਾਰ ਕੀਤਾ ਕਿ ਲੱਖਾਂ ਲੋਕ ਉਨ੍ਹਾਂ ਦੇ ਸਰਧਾਲੂ ਬਣ ਗਏ। ਉਨ੍ਹਾਂ ਦਾ ਕੀਰਤਨ ਜਾਂ ਉਨਾਂ ਦੇ ਵਿਚਾਰ ਆਦਿ ਸੁਣਨ ਲਈ ਜਿਥੇ ਕਿਥੇ ਵੀ ਉਹ ਜਾਂਦੇ ਸਨ ਲੋਕੀ ਸਾਰੀ ਸਾਰੀ ਰਾਤ ਠੰਡ ਵਿਚ ਬੈਠ ਕੇ ਉਨ੍ਹਾਂ ਦੇ ਖਿਆਲਾਤ ਸੁਣਦੇ ਸਨ। ਉਨ੍ਹਾਂ ਦੇ ਰਹਾਨੀ ਵਿਚਾਰ ਲੋਕਾਂ ਤੇ ਬਹੁਤ ਪ੍ਰਭਾਵੀ ਹੁੰਦੇ ਸਨ ਅਤੇ ਇਸ ਤਰ੍ਹਾਂ ਲੱਖਾਂ ਲੋਕ ਉਨ੍ਹਾਂ ਦੇ ਸ਼ਰਧਾਲੂ ਬਣਦੇ ਜਾ ਰਹੇ ਸਨ। ਇਹ ਆਪਣੇ 11 ਸੇਵਕਾਂ ਨਾਲ ਯੂ. ਕੇ. ਗਏ ਅਤੇ ਉਥੇ ਉਹ ਧਰਮ ਪ੍ਰਚਾਰ ਕਰਨ ਲਈ ਗਏ ਸਨ। ਲੇਕਿਨ ਜਿਸ ਜਗ੍ਹਾ ਤੇ ਕਿਸੇ ਦਾ ਦਾਣਾ ਪਾਣੀ

Original with;
Punjab Vidhan Sabha
Digitized by;
Panjab Digital Library

ਮੁਕਣਾ ਹੋਵੇ ਉਸ ਜਗ੍ਹਾ ਤੇ ਇਨਸਾਨ ਚਲਾ ਜਾਂਦਾ ਹੈ । ਸੋ ਉਹ ਆਪਣੀ ਆਖ਼ਰੀ ਵਕਤ ਯੂ. ਕੇ. ਵਿਚ ਗਏ ਅਤੇ 26 ਅਗਸਤ, 1975 ਨੂੰ ਉਥੇ ਅਕਾਲ ਚਲਾਣਾ ਕਰ ਗਏ । ਜਿਸ ਤਰ੍ਹਾਂ ਗਿਆਨੀ ਜੀ ਨੇ ਵੀ ਫਰਮਾਇਆ ਹੈ ਕਿ ਜਦੋਂ ਉਨ੍ਹਾਂ ਦੀ ਦੇਹ ਨੂੰ ਇਥੇ ਲਿਆਂਦਾ ਗਿਆ ਤਾਂ ਲੱਖਾਂ ਲੋਕਾਂ ਨੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ । ਉਨ੍ਹਾਂ ਦੇ ਚਲੇ ਜਾਣ ਨਾਲ ਸਾਡੇ ਰੂਹਾਨੀ ਸਰਕਲ ਵਿਚ ਬਹੁਤ ਵੱਡਾ ਘਾਟਾ ਪਿਆ ਹੈ ।

ਇਸ ਤੋਂ ਅਗੇ, ਸਪੀਕਰ ਸਾਹਿਬ, ਡਾਕਟਰ ਸੱਤ ਚਿਤ ਅਨੰਦ ਸਰੂਪ ਟੰਡਨ ਜੀ ਹਨ । ਇਹ ਭਾਰਤੀ ਰੂਸੀ ਕਲਚਰ ਐਸੋਸੀਏਸ਼ਨ ਦੇ ਪੰਜਾਬ ਬਰਾਂਚ ਦੇ ਜਨਰਲ ਸਕੱਤਰ ਸਨ । ਇਨ੍ਹਾਂ ਦੀ ਵਜ੍ਹਾ ਨਾਲ ਹੀਂ ਭਾਰਤ ਔਰ ਰੂਸ ਬਹੁਤ ਕਰੀਬ ਆਏ । ਇਹ ਦੇਣ ਡਾਕਟਰ ਟੰਡਨ ਜੀ ਹੀ ਸੀ । ਉਹ ਮਸ਼ਹੂਰ ਸੋਸ਼ਲ ਵਰਕਰ ਸਨ । ਉਹ ਅਮਨ ਅਤੇ ਦੋਸਤੀ ਦੇ ਅਲੰਬਰਦਾਰ ਸਨ । ਉਨ੍ਹਾਂ ਦੀ ਮੌਤ ਉਤੇ ਰੂਸੀ ਰਾਜਦੂਤ ਨੇ ਇਕ ਖਾਸ ਸੰਦੇਸ਼ ਭੇਜਿਆ ਸੀ ਜਿਸ ਦੇ ਵਿਚ ਉਨ੍ਹਾਂ ਨੇ ਦੱਸਿਆ ਕਿ ਡਾਕਟਰ ਟੰਡਨ ਰੂਸ ਦੇ ਇਕ ਖਾਸ ਦੋਸਤ ਸਨ । 10 ਦਸੰਬਰ, 1975 ਨੂੰ ਉਨ੍ਹਾਂ ਦਾ ਦਿਹਾਂਤ ਪਟਿਆਲੇ ਵਿਖੇ ਹੋਇਆ ਅਤੇ ਉਨ੍ਹਾਂ ਦੇ ਚਲੇ ਜਾਣ ਨਾਲ ਮੇਰੇ ਪੰਜਾਬ ਨੂੰ ਬਹੁਤ ਵੱਡਾ ਘਾਟਾ ਪਿਆ ।

ਸਪੀਕਰ ਸਾਹਿਬ, ਇਸ ਤੋਂ ਅਗੇ ਲੈਫਟੀਨੈਂਟ ਜ਼ਰਨਲ ਸਰਦਾਰ ਸੰਤ ਸਿੰਘ ਸੇਖੋਂ ਲੁਧਿਆਣੇ ਦੇ ਸਿੱਖ ਪ੍ਰਵਾਰ ਦੇ ਇਕ ਬੜੇ ਮਸ਼ਹੂਰ ਜਰਨਲ ਸਨ । ਇਨ੍ਹਾਂ ਨੇ ਮੁਲਕ ਦੀ ਬੜੀ ਸੇਵਾ ਕੀਤੀ ਔਰ ਆਪਣੀ ਹਿੰਮਤ ਨਾਲ 2 ਸਾਲ ਲਈ ਫੌਜੀਆਂ ਦੀ ਲੀਗ ਦੇ ਪੰਜਾਬ ਵਿਚ ਪ੍ਰਧਾਨ ਰਹੇ ਔਰ 1967 ਵਿਚ ਰਿਟਾਇਰ ਹੋ ਕੇ ਆਪਣੇ ਪਿੰਡ ਵਿਚ ਸੁੰਦਰ ਤਰੀਕੇ ਨਾਲ ਖੇਤੀਬਾੜੀ ਕੀਤੀ 1968 ਵਿਚ ਸਾਡੇ ਪ੍ਰਾਇਮ ਮਨਿਸਟਰ, ਸ੍ਰੀਮਤੀ ਇੰਦਰਾ ਗਾਂਧੀ ਜੀ ਉਨ੍ਹਾਂ ਦੇ ਫ਼ਾਰਮ ਉਤੇ ਸਬਜ਼ ਇਨਕਲਾਬ ਦੇਖਣ ਵਾਸਤੇ ਸ਼ਪੈਸ਼ਲ ਤੌਰ ਤੇ ਗਏ ਸਨ । ਇਹ ਨੌਜਵਾਨਾਂ ਨੂੰ ਸਨਮਾਨ ਦੇਣ ਵਾਸਤੇ ਜੋ ਕਮੇਟੀ ਬਣੀ ਸੀ ਉਸ ਦੇ ਪ੍ਰੈਜ਼ੀਡੈਂਟ ਵੀ ਬਣੇ । ਇਹ ਪੰਜਾਬ ਯੂਨੀਵਰਸਿਟੀ ਦੇ ਸੈਨਿਟ ਦੇ ਮੈਂਬਰ ਵੀ ਰਹੇ । ਉਹ ਰਾਸ਼ਟਰਪਤੀ ਸ੍ਰੀ ਰਾਜਿੰਦਰਾ ਪ੍ਰਸ਼ਾਦ ਦੇ ਏ. ਡੀ. ਸੀ. ਵੀ ਰਹੇ । 27 ਨਵੰਬਰ, 1975 ਨੂੰ ਮਿਲਟਰੀ ਹਸਪਤਾਲ ਜਲੰਧਰ ਵਿਚ 72 ਸਾਲ ਦੀ ਉਮਰ ਵਿਚ ਉਹ ਸਾਡੇ ਕੋਲੋਂ ਜੁਦਾ ਹੋ ਗਏ ।

ਸਪੀਕਰ ਸਹਿਬ, ਸਭ ਤੋਂ ਆਖਿਰ ਵਿਚ ਡਾਕਟਰ ਕਰਮ ਸਿੰਘ ਜੀ ਗਰੇਵਾਲ ਇਸ ਮਹੀਨੇ ਸਾਡੇ ਤੋਂ ਜੁਦਾ ਹੋ ਗਏ 18 ਤਾਰੀਖ ਨੂੰ ਇਧਰ ਉਨ੍ਹਾਂ ਦਾ ਭੋਗ ਸੀ ਅਤੇ ਉਸੇ ਦਿਨ ਗਿਆਨੀ ਗੁਰਮੁਖ ਸਿੰਘ ਮੁਸਾਫਰ ਜੀ ਵੀ ਸਾਡੇ ਤੋਂ ਜੁਦਾ ਹੋ ਗਏ ਸਨ । ਉਨ੍ਹਾਂ ਦੇ ਭੋਗ ਤੇ ਹਜ਼ਾਰਾਂ ਲੋਕ ਸ਼ਾਮਲ ਹੋਏ । ਨਾ ਸਿਰਫ ਪੰਜਾਬ ਦੇ ਹੀ ਲੋਕ ਬਲਕਿ ਬਾਕੀ ਸਟੇਟਾਂ ਵਿਚੋਂ ਵੀ ਬਹੁਤ ਸਾਰੇ ਲੋਕ ਇਨ੍ਹਾਂ ਦੇ ਭੋਗ ਤੇ ਆਏ ਸਨ । ਡਾਕਟਰ ਕਰਮ ਸਿੰਘ ਜੀ ਦਾ ਘਾਟਾ ਨਾ ਕੇਵਲ ਉਨ੍ਹਾਂ ਦੇ ਪਰਿਵਾਰ ਜਾਂ ਰਿਸ਼ਤੇਦਾਰਾਂ ਲਈ ਘਾਟਾ ਹੈ ਬਲਕਿ ਇਹ ਸਾਡੇ ਸਾਰੇ ਮੁਲਕ ਲਈ ਘਾਟਾ ਹੈ ।

ਸਪੀਕਰ ਸਾਹਿਬ, ਮੈਂ ਅਤੇ ਮੇਰੀ ਅਕਾਲੀ ਪਾਰਟੀ ਭਰੇ ਦਿਲ ਨਾਲ ਸਭ ਮਹਾਨ ਹਸਤੀਆਂ ਨੂੰ ਸ਼ਰਧਾਂਜਲੀ ਦੇ ਫੁਲ ਭੇਟ ਕਰਦੀ ਹੈ ਔਰ ਜੋ ਮਤੇ ਸੀ. ਐਮ. ਸਾਹਿਬ ਨੇ ਉਨ੍ਹਾਂ ਦੇ ਪ੍ਰਵਾਰਾਂ ਨੂੰ ਭੇਜਣ ਵਾਸਤੇ ਰਖੇ ਹਨ ਉਨ੍ਹਾਂ ਵਿਚ ਸ਼ਾਮਲ ਹੁੰਦੀ ਹੈ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਜੰਗੀਰ ਸਿੰਘ ਜੋਗਾ** (ਮਾਨਸਾ) : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਜਿਹੜਾ ਮਤਾ ਰੱਖਿਆ ਹੈ ਅਸੀਂ ਉਸ ਮਤੇ ਦੀ ਤਾਈਦ ਕਰਦੇ ਹਾਂ ਕਿ ਇੰਨੇ ਥੋੜ੍ਹੇ ਜਿਹੇ ਸਮੇਂ ਵਿਚ ਸਾਥੋਂ ਬਹੁਤ ਸਾਰੀਆਂ ਹਸਤੀਆਂ ਵਿੱਛੜ ਗਈਆਂ ਹਨ । ਸ੍ਰੀ ਕੇ. ਕਾਮਰਾਜ ਤਾਮਿਲਨਾਡੂ ਦੇ ਰਹਿਣ ਵਾਲੇ ਸਨ ਜਿਨ੍ਹਾਂ ਨੇ ਮੁੱਖ ਮੰਤਰੀ ਬਣਕੇ ਆਪਣੇ ਸੂਬੇ ਦੀ ਸੇਵਾ ਕੀਤੀ ਔਰ ਉਹ ਉਚੇ, ਸੁੱਚੇ ਔਰ ਤਿਆਗੀ ਪੁਰਸ਼ ਸਨ । ਇਹੀ ਕਾਰਨ ਹੈ ਕਿ ਚੰਦ ਹੀ ਸਿਆਸਤਦਾਨ ਮਿਲਣਗੇ ਜਿਨ੍ਹਾਂ ਨੇ ਆਪਣੀ ਕੋਈ ਜਾਇਦਾਦ ਨਾ ਬਣਾਈ ਹੋਵੇ, ਐਸੀਆਂ ਕਈ ਹਸਤੀਆਂ ਦਾ ਅਸੀਂ ਬੜੇ ਫਖਰ ਨਾਲ ਲੋਕਾਂ ਨੂੰ ਸੰਦੇਸ਼ ਦਿੰਦੇ ਹਾਂ ਜਿਨ੍ਹਾਂ ਨੇ ਸਾਰੀ ਉਮਰ ਦੇਸ਼ ਦੀ ਸੇਵਾ ਕੀਤੀ ਔਰ ਮਰਨ ਵੇਲੇ ਕਰਜ਼ਦਾਰ ਮਿਲੇ ਔਰ ਕੌਮ ਨੂੰ ਉਨ੍ਹਾਂ ਦਾ ਕਰਜ਼ਾ ਚੁਕਾਣਾ ਪਿਆ । ਕਾਮਰਾਜ ਜੀ ਉਨ੍ਹਾਂ ਹਸਤੀਆਂ ਵਿਚੋਂ ਸਨ ਜਿਨ੍ਹਾਂ ਨੇ ਕੋਈ ਆਪਣੀ ਚੀਜ਼, ਕੋਈ ਘਰ ਵਗੈਰਾ ਨਹੀਂ ਬਣਾਇਆ । ਇਸ ਸਾਡੇ ਸੂਬੇ ਵਿਚ ਵੀ, ਪੰਜਾਬ ਵਿਚ ਜਿਸ ਤਰ੍ਹਾਂ ਗਿਆਨੀ ਕਰਤਾਰ ਸਿੰਘ ਉਨ੍ਹਾਂ ਹਸਤੀਆਂ ਵਿਚੋਂ ਸਨ ਜਿਨ੍ਹਾਂ ਨੇ ਆਪਣੇ ਕਛਹਿਰੇ ਤੋਂ ਬਿਨਾਂ ਕੋਈ ਚੀਜ਼ ਨਹੀਂ ਸੀ ਰਖੀ । ਇਸੇ ਤਰ੍ਹਾਂ ਮੈਂ ਅਰਜ਼ ਕਰਦਾ ਹਾਂ ਕਿ ਕਾਮਰਾਜ ਜੀ ਨੇ ਵੀ ਬੜੀ ਭਾਰੀ ਦੇਸ਼ ਦੀ ਸੇਵਾ ਕੀਤੀ ਅਤੇ ਹੋਰ ਵੀ ਸੇਵਾ ਇਸ ਤਰ੍ਹਾਂ ਕੀਤੀ ਕਿ ਜਿਹੜੇ ਗੜਬੜ ਮਚਾਉਂਦੇ ਸੀ ਉਨ੍ਹਾਂ ਨੂੰ ਦਬਾਇਆ ਅਤੇ ਕਾਮਰਾਜ ਪਲੈਨ ਨਾਲ ਡਿਸਾਈ ਸਾਹਿਬ ਨੂੰ ਚਲਦਾ ਕੀਤਾ ਅਤੇ ਸਹੀ ਮਾਅਨਿਆਂ ਵਿਚ ਲੋਕਾਂ ਦੀ ਮਦਦ ਕੀਤੀ । ਇਸ ਵਾਸਤੇ ਕਾਮਰਾਜ ਜੀ ਨੂੰ ਇਨ੍ਹਾਂ ਸ਼ਬਦਾਂ ਨਾਲ ਵੀ ਯਾਦ ਕੀਤਾ ਜਾਵੇਗਾ ਕਿ ਉਨ੍ਹਾਂ ਨੇ ਪਿਛਾਂਹ ਖਿੱਚੂ ਸ਼ਕਤੀਆਂ ਨੂੰ ਪਛਾੜਿਆ ਅਤੇ ਅੱਗੇ ਨਹੀਂ ਵੱਧਣ ਦਿੱਤਾ । ਇਹੋ ਜਿਹੇ ਬਜ਼ੁਰਗ ਦੇ ਸਾਡੇ 'ਚੋਂ ਚਲੇ ਜਾਣ ਨਾਲ ਦੇਸ਼ ਨੂੰ ਇਕ ਘਾਟਾ ਪਿਆ ਹੈ ਅਤੇ ਅਸੀਂ ਇਸ ਘਾਟੇ ਨੂੰ ਪੂਰਾ ਨਹੀਂ ਕਰ ਸਕਦੇ ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਸ੍ਰੀ ਬਲਵੰਤ ਰਾਇ ਆਹਲੂਵਾਲੀਆ ਸਾਥੋਂ ਵਿਛੜ ਗਏ ਹਨ । 1938 ਵਿਚ ਜਿਸ ਵੇਲੇ ਆਲ ਇੰਡੀਆ ਸਟੇਟ ਪੀਪਲਜ਼ ਕਾਨਫਰੰਸ ਹੋਈ ਉਹ ਕਾਂਗਰਸ ਦੇ ਮੁੱਖ ਸੱਜਣਾਂ ਵਿਚੋਂ ਸਨ ਜਿਨ੍ਹਾਂ ਨੇ ਸਾਨੂੰ ਫੰਡ ਇਕੱਠਾ ਕਰਕੇ ਦਿੱਤਾ । ਮੈਨੂੰ ਉਨ੍ਹਾਂ ਦੇ ਨਾਲ 1938 ਦੇ ਵਿਚ ਮਿਲਣ ਦਾ ਮੌਕਾ ਮਿਲਿਆ । 1938 ਵਿਚ ਜਦੋਂ ਸਟੇਟ ਪੀਪਲਜ਼ ਕਾਨਫਰੰਸ ਹੋਈ, ਜਿਸ ਦੇ ਪੰਡਿਤ ਜਵਾਹਰ ਲਾਲ ਨਹਿਰੂ ਪ੍ਰਧਾਨ ਸਨ, ਤਾਂ ਉਨ੍ਹਾਂ ਨੇ ਬੜੀ ਕੋਸ਼ਿਸ਼ ਕਰਕੇ ਤਕਰੀਬਨ 14-15 ਹਜ਼ਾਰ ਰੁਪਿਆ ਲੁਧਿਆਣੇ ਵਿਚੋਂ ਇਕੱਠਾ ਕਰਕੇ ਸਾਨੂੰ ਦਿੱਤਾ ਔਰ ਉਸ ਕਾਨਫਰੰਸ ਨੂੰ ਕਾਮਯਾਬ ਕਰਨ ਵਿਚ ਬੜੇ ਯਤਨ ਕੀਤੇ । ਉਹ ਕਾਂਗਰਸ ਦੇ ਵਰਕਰ ਰਹੇ ਅਤੇ ਦੇਸ਼ ਦੀ ਸੇਵਾ ਕਰਦੇ ਰਹੇ । ਉਹ ਆਪਣੇ ਜੀਵਨ ਵਿਚ ਵਕਾਲਤ ਕਰ ਕੇ ਹੀ ਗੁਜ਼ਾਰਾ ਕਰਦੇ ਰਹੇ । ਅੱਜ ਆਹਲੂਵਾਲੀਆ ਜੀ ਸਾਥੋਂ ਵਿਛੜ ਗਏ, ਭਾਵੇਂ ਉਨ੍ਹਾਂ ਦੀ ਉਮਰ ਕਾਫ਼ੀ ਸੀ, ਪਰ ਉਨ੍ਹਾਂ ਦਾ ਘਾਟਾ ਪੂਰਾ ਨਹੀਂ ਹੋ ਸਕਦਾ ।

ਪੰਡਿਤ ਰਾਮ ਕਿਸ਼ਨ ਭੜੋਲੀਆਂ ਸਾਡੀ ਕਮਿਊਨਿਸਟ ਪਾਰਟੀ ਦੇ ਇਕ ਵਰਕਰ ਸਨ । ਉਨ੍ਹਾਂ ਨੇ 1921 ਵਿਚ ਦੇਸ਼ ਦੀ ਸਵਤੰਤਰਤਾ ਦੀ ਲਹਿਰ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ । 1921 ਤੋਂ ਉਨ੍ਹਾਂ ਦਾ ਜਦੋਜਹਿਦ ਦਾ ਜੀਵਨ ਸ਼ੁਰੂ ਹੋਇਆ । 1962

Original with:
Punjab Vidhan Sabha
Digitized by:
Panjab Digital Library

ਵਿਚ ਬਦਕਿਸਮਤੀ ਨਾਲ ਚਾਈਨਾ ਦੇ ਹਮਲੇ ਦੇ ਕਾਰਨ ਦੁਫਾੜ ਹੋ ਗਏ। ਉਹ ਕਿਸਾਨ ਸਭਾ ਦੇ ਜਨਰਲ ਸੈਕਟਰੀ ਰਹੇ। ਉਨ੍ਹਾਂ ਦੇ ਵਿਛੋੜੇ ਨਾਲ ਜੋ ਘਾਟਾ ਹੋਇਆ ਹੈ ਉਹ ਸਾਥੋਂ ਪੂਰਾ ਨਹੀਂ ਹੋ ਸਕਣਾ।

ਇਸੇ ਤਰ੍ਹਾਂ ਡਾਕਟਰ ਸੱਤ ਚਿਤ ਆਨੰਦ ਸਰੂਪ ਟੰਡਨ ਅੱਜ ਸਾਥੋਂ ਵਿਛੜ ਗਏ। ਉਨ੍ਹਾਂ ਦਾ ਵਿਛੋੜਾ ਗਿਆਨੀ ਜੀ ਨੇ ਵੀ ਮਹਿਸੂਸ ਕੀਤਾ ਹੈ ਪਰ ਅਸੀਂ ਤਾਂ ਬਹੁਤ ਜ਼ਿਆਦਾ ਮਹਿਸੂਸ ਕੀਤਾ ਹੈ। ਸਾਡੇ ਕਈ ਵਰਕਰ ਜਿਨ੍ਹਾਂ ਨੂੰ ਟੀ. ਬੀ. ਹੋ ਜਾਂਦੀ ਸੀ ਉਹ ਲਗਾਤਾਰ ਉਨ੍ਹਾਂ ਦਾ ਇਲਾਜ ਕਰਦੇ ਸਨ ਅਤੇ ਮਾਇਆ ਦੀ ਸਹਾਇਤਾ ਵੀ ਇਕੱਠੀ ਕਰਕੇ ਦਿੰਦੇ ਸਨ। ਉਹ ਉਨ੍ਹਾਂ ਨੂੰ ਆਪਣੇ ਹਸਪਤਾਲ ਵਿਚ ਦਾਖਲ ਕਰਦੇ ਸਨ। ਸਾਡੇ ਸੈਂਕੜੇ ਵਰਕਰਜ਼ ਉਨ੍ਹਾਂ ਨੇ ਰਾਜ਼ੀ ਕੀਤੇ। ਇਸੇ ਤਰ੍ਹਾਂ ਰੂਸ ਔਰ ਹਿੰਦ ਦੀ ਅਟੁਟ ਦੋਸਤੀ ਵਿਚ ਉਨ੍ਹਾਂ ਨੇ ਅਣਥੱਕ ਸੇਵਾ ਕੀਤੀ। ਅਖੀਰ ਵੇਲੇ ਜਿਸ ਵੇਲੇ ਉਹ ਪਟਨਾ ਐਂਟੀ ਫਾਸਿਸਟ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਇਥੋਂ ਗੱਡੀ ਵਿਚ ਬੈਠਣ ਲੱਗੇ ਤਾਂ ਉਨ੍ਹਾਂ ਦੀ ਮ੍ਰਿਤੂ ਹੋ ਗਈ ਅਤੇ ਉਨ੍ਹਾਂ ਦੇ ਲਈ ਲਿਆ ਟਿਕਟ ਇਥੇ ਹੀ ਰਹਿ ਗਿਆ। ਜਿਹੜਾ ਲਗਾਤਾਰ ਗਰੀਬਾਂ ਲਈ ਕੰਮ ਕਰਦਾ ਹੋਵੇ ਉਸ ਦਾ ਸਾਥੋਂ ਵਿਛੜ ਜਾਣਾ ਇਕ ਬਹੁਤ ਬੜਾ ਘਾਟਾ ਹੈ। ਉਨ੍ਹਾਂ ਦੀ ਉਮਰ ਵੀ ਬਹੁਤ ਛੋਟੀ ਸੀ। ਉਹ ਕੋਈ 55 ਸਾਲ ਦੀ ਉਮਰ ਦੇ ਸਨ।

ਇਸ ਤੋਂ ਅੱਗੇ ਡਾਕਟਰ ਕਰਮ ਸਿੰਘ ਗਰੇਵਾਲ ਜੀ ਜਿਹੜੇ ਉਚ ਕੋਟੀ ਦੇ ਡਾਕਟਰ ਸਨ, ਉਨ੍ਹਾਂ ਨੂੰ ਕੌਣ ਨਹੀਂ ਜਾਣਦਾ ਔਰ ਮੇਰਾ ਖਿਆਲ ਹੈ ਕਿ ਉਨ੍ਹਾਂ ਨੂੰ ਪੰਜਾਬ ਦਾ ਬੱਚਾ ਬੱਚਾ ਜਾਣਦਾ ਹੈ। ਉਹ ਬੜੇ ਉੱਘੇ ਡਾਕਟਰ ਸਨ ਔਰ ਨਿਸ਼ਕਾਮ ਸੇਵਾ ਲੋਕਾਂ ਦੀ ਕਰਦੇ ਸਨ। ਅੱਜ ਉਨ੍ਹਾਂ ਦੀ ਘਾਟ ਬੜੀ ਮਹਿਸੂਸ ਕੀਤੀ ਜਾ ਰਹੀ ਹੈ ਕਿਉਂਕਿ ਉਨ੍ਹਾਂ ਦੇ ਪਾਏ ਦਾ ਡਾਕਟਰ ਅਜੇ ਤਕ ਪੈਦਾ ਨਹੀਂ ਹੋਇਆ ਜਿਹੜਾ ਲੋਕਾਂ ਦੇ ਟੁਟੇ ਹੋਏ ਅੰਗ ਜਾਂ ਹੱਡੀਆਂ ਜੋੜ ਸਕੇ। ਸਪੀਕਰ ਸਾਹਿਬ, ਉਨ੍ਹਾਂ ਨੇ ਪਟਿਆਲਾ ਅਤੇ ਅੰਮ੍ਰਿਤਸਰ ਦੇ ਹਸਪਤਾਲਾਂ ਵਿਚ ਬੜੀ ਨਿਸ਼ਕਾਮ ਸੇਵਾ ਕੀਤੀ। ਜਦੋਂ ਉਹ ਰਿਟਾਇਰ ਹੋਏ ਉਨ੍ਹਾਂ ਨੇ ਕੰਮ ਛੱਡਿਆ ਨਹੀਂ। ਆਪਣਾ ਛੋਟਾ ਜਿਹਾ ਪ੍ਰਾਈਵੇਟ ਹਸਪਤਾਲ ਬਣਾ ਕੇ ਸੇਵਾ ਕਰਦੇ ਰਹੇ। ਅਸੀਂ ਸਮਝਦੇ ਹਾਂ ਕਿ ਇਨ੍ਹਾਂ ਸੱਜਣਾਂ ਦਾ ਸਾਡੇ ਵਿਚੋਂ ਚਲੇ ਜਾਣਾ ਬਹੁਤ ਵੱਡੀ ਘਾਟ ਹੈ। ਮੈਂ ਇਨ੍ਹਾਂ ਸਾਰੇ ਸਾਥੀਆਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ। ਜਿਹੜੇ ਸਾਥੀ ਸਾਥੋਂ ਜੁਦਾ ਹੋ ਗਏ ਸਾਡੇ ਨੌਜਵਾਨਾਂ ਨੂੰ ਉਨ੍ਹਾਂ ਤੋਂ ਸਿਖਿਆ ਲੈਣੀ ਚਾਹੀਦੀ ਹੈ ਤਾਂ ਕਿ ਉਹ ਉਨ੍ਹਾਂ ਵਾਂਗ ਦੇਸ਼ ਨੂੰ ਚਮਕਾ ਸਕਣ। ਇਨ੍ਹਾਂ ਸ਼ਬਦਾਂ ਨਾਲ ਮੈਂ, ਮੁੱਖ ਮੰਤਰੀ ਜੀ ਨੇ ਜਿਹੜਾ ਮਤਾ ਪੇਸ਼ ਕੀਤਾ ਹੈ, ਉਸ ਦੇ ਨਾਲ ਆਪਣੀ ਪਾਰਟੀ ਵਲੋਂ ਸਹਿਮਤ ਹੁੰਦਾ ਹੋਇਆ ਪ੍ਰਾਰਥਨਾ ਕਰਦਾ ਹਾਂ ਕਿ ਪਾਸ ਹੋਏ ਮਤੇ ਦੀ ਕਾਪੀ ਉਨ੍ਹਾਂ ਦੇ ਪਰਿਵਾਰਾਂ ਨੂੰ ਹਮਦਰਦੀ ਵਜੋਂ ਭੇਜ ਦਿੱਤੀ ਜਾਵੇ।

**ਮਾਸਟਰ ਚੰਦ ਸਿੰਘ** (ਸ਼ੇਰਪੁਰ, ਐਸ. ਸੀ.) : ਸਪੀਕਰ ਸਾਹਿਬ, ਡਾਕਟਰ ਸੱਤ ਚਿਤ ਆਨੰਦ ਸਰੂਪ ਟੰਡਨ ਗਰੀਬਾਂ ਦੇ ਹਮਦਰਦ ਅਤੇ ਉਨ੍ਹਾਂ ਦਾ ਮੁਫਤ ਇਲਾਜ ਕਰਦੇ ਸਨ। ਇਸ ਕਰਕੇ ਉਹ ਗਰੀਬ ਲੋਕਾਂ ਵਿਚ ਹਰਮਨ ਪਿਆਰੇ ਸਨ। ਰੂਸ ਹਿੰਦ ਕਾਮਨ ਮਿੱਤਰਤਾ ਵਿਚ ਉਨ੍ਹਾਂ ਦਾ ਅਹਿਮ ਰੋਲ ਸੀ। ਉਹ 4 ਦਸੰਬਰ, 1975 ਨੂੰ ਸਾਥੋਂ ਵਿਛੜ ਗਏ ਹਨ। ਇਹ ਬਹੁਤ ਬੜੀ ਘਾਟ ਹੈ। ਉਹ ਇਕ ਮਹਾਨ ਦੇਸ਼ ਭਗਤ ਸਨ।

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਪੰਡਿਤ ਰਾਮ ਕਿਸ਼ਨ ਭੜੋਲੀਆਂ 1921 ਵਿਚ ਸਿਆਸਤ ਵਿਚ ਆਏ । ਪਹਿਲਾਂ ਉਹ ਕਾਂਗਰਸ ਵਿਚ ਰਹੇ ਅਤੇ ਫਿਰ ਸਾਡੀ ਕਮਿਊਨਿਸਟ ਪਾਰਟੀ ਵਿਚ ਆਏ ਅਤੇ ਉਹ ਐਮ. ਐਲ. ਏ. ਵੀ ਰਹੇ । ਕਮਿਊਨਿਸਟ ਪਾਰਟੀ ਵਿਚ 1962 ਵਿਚ ਦੁਫਾੜ ਹੋਈ ਉਸ ਤੋਂ ਬਾਅਦ ਉਹ ਕਮਿਊਨਿਸਟ ਮਾਰਕਸੀ ਵਿਚ ਸ਼ਾਮਲ ਹੋਏ । ਉਹ ਸਭਾ ਸਕੱਤਰੇਤ ਦੇ ਮੈਂਬਰ ਸਨ ਅਤੇ ਪੰਜਾਬ ਕਿਸਾਨ ਸਭਾ ਦੇ ਸਕੱਤਰ ਜਨਰਲ ਰਹੇ । ਉਨ੍ਹਾਂ ਦੇ ਚਲੇ ਜਾਣ ਤੇ ਸਾਡੇ ਦੇਸ਼ ਨੂੰ ਅਤੇ ਖਾਸ ਕਰਕੇ ਪੰਜਾਬ ਨੂੰ ਬਹੁਤ ਘਾਟਾ ਪਿਆ ਹੈ । ਉਹ ਜਿਸ ਵੇਲੇ ਕਿਸਾਨ ਸਭਾ ਦੇ ਜਨਰਲ ਸਕੱਤਰ ਸਨ ਪੰਜਾਬ ਵਿਚ ਮੁਜ਼ਾਰਾ ਲਹਿਰ ਚਲੀ ਅਤੇ ਉਨ੍ਹਾਂ ਨੇ ਬਹੁਤ ਪਾਰਟ ਪਲੇ ਕੀਤਾ । ਉਨ੍ਹਾਂ ਨੂੰ ਨੰਗਲ ਦੇ ਏਰੀਏ ਦੇ ਮਜ਼ਦੂਰ ਅਤੇ ਪੰਜਾਬ ਦਾ ਹਰ ਕਿਸਾਨ ਜਾਣਦਾ ਹੈ । ਉਨ੍ਹਾਂ ਨੇ ਹਰ ਥਾਂ ਪਿੰਡ ਪਿੰਡ ਕਿਸਾਨ ਸਭਾਵਾਂ ਬਣਾਈਆਂ । 1962 ਵਿਚ ਜਦੋਂ ਬੈਟਰਮੈਂਟ ਲੈਵੀ ਲੱਗੀ ਤਾਂ ਉਨ੍ਹਾਂ ਨੇ ਬੜੇ ਜੋਸ਼ ਨਾਲ ਲੋਕਾਂ ਵਿਚ ਜਾਕੇ ਕੰਮ ਕੀਤਾ । ਸ਼ੇਰਪੁਰ ਵਿਚ ਜਦੋਂ ਗੋਲੀ ਚਲੀ ਲੋਕਾਂ ਤੇ ਉਹ ਲੋਕਾਂ ਨਾਲ ਸਨ । 1973 ਵਿਚ ਜਦੋਂ ਕਿਸਾਨ ਸਭਾ ਵਲੋਂ ਮੋਰਚਾ ਲੱਗਾ ਤਾਂ ਉਹ ਜੇਲ੍ਹ ਵਿਚ ਗਏ । ਉਹ 4 ਦਸੰਬਰ, 1975 ਨੂੰ ਸਾਥੋਂ ਵਿਛੜ ਗਏ । ਉਹ ਸਾਡੀ ਕਮਿਊਨਿਸਟ ਪਾਰਟੀ ਦੇ ਨੇਤਾ ਸਨ । ਉਨ੍ਹਾਂ ਦੀ ਘਾਟ ਸਾਨੂੰ ਸਦਾ ਲਈ ਯਾਦ ਰਹੇਗੀ । ਉਹ ਮਹਾਨ ਦੇਸ਼ ਭਗਤ ਸਨ । ਉਹ ਮਜ਼ਦੂਰ ਕਿਸਾਨਾਂ ਦੇ ਨੇਤਾ ਸਨ ।

ਡਾਕਟਰ ਕਰਮ ਸਿੰਘ, ਹੱਡੀਆਂ ਦੇ ਸਪੈਸ਼ਲਿਸਟ ਸਨ । ਸਰੀਰ ਦੀ ਕੋਈ ਹੱਡੀ ਟੁੱਟ ਜਾਂਦੀ ਜਾਂ ਕੋਈ ਅੰਗ ਟੁੱਟ ਜਾਂਦਾ ਤਾਂ ਉਹ ਉਸਨੂੰ ਜੋੜਨ ਵਿਚ ਬੜੇ ਮਾਹਰ ਸਨ । ਉਨ੍ਹਾਂ ਦਾ ਸਾਥੋਂ ਵਿਛੜ ਜਾਣਾ ਬਹੁਤ ਹੀ ਘਾਟੇ ਦਾ ਕੰਮ ਹੈ । ਹੋਰ ਜਿਹੜੇ ਸਾਥੀ ਮਹਾਨ ਦੇਸ਼ ਭਗਤ, ਸਿਆਸਤਦਾਨ ਸਾਥੋਂ ਵਿਛੜ ਗਏ ਹਨ ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਸ਼ੋਕ ਪ੍ਰਗਟ ਕਰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਇਹ ਸ਼ੋਕ ਮਤਾ ਉਨ੍ਹਾਂ ਦੇ ਪਰੀਵਾਰਾਂ ਨੂੰ ਭੇਜਿਆ ਜਾਵੇਗਾ ।

**ਰਾਜ ਮੰਤਰੀ ਸਿਹਤ ਅਤੇ ਪਰਿਵਾਰ ਨਿਯੋਜਨ** (ਸਰਦਾਰ ਬਲਬੀਰ ਸਿੰਘ) : ਸਪੀਕਰ ਸਾਹਿਬ, ਡਾਕਟਰ ਕਰਮ ਸਿੰਘ ਜੋ ਆਰਥੋਪੈਡਿਕਸ ਦੇ ਸਰਜਨ ਸਨ । ਉਹ ਬਹੁਤ ਦੇਰ ਤਕ ਗੁਰੂ ਤੇਗ ਬਹਾਦਰ ਹਸਪਤਾਲ ਵਿਚ ਲੋਕਾਂ ਦੀਆ ਹੱਡੀਆਂ ਜੋੜਨ ਅਤੇ ਉਨ੍ਹਾਂ ਦੀ ਸੇਵਾ ਕਰਨ ਵਿਚ ਲਗੇ ਰਹੇ । ਮੁੱਖ ਮੰਤਰੀ ਜੀ ਨੇ ਫੈਸਲਾ ਕੀਤਾ ਹੈ ਕਿ ਉਹ ਵਾਰਡ ਅਤੇ ਉਹ ਰੂਮ ਜਿਸ ਵਿਚ ਉਹ ਸੇਵਾ ਕਰਦੇ ਰਹੇ ਹਨ ਉਨ੍ਹਾਂ ਦੇ ਨਾਮ ਤੇ ਰੱਖਿਆ ਜਾਵੇਗਾ ।

**ਸ੍ਰੀ ਸਪੀਕਰ :** ਸ੍ਰੀ ਕੁਮਾਰਾ ਸਵਾਮੀ ਕਾਮਰਾਜ ਜੀ ਤੋਂ ਸਾਰਾ ਦੇਸ਼ ਉਸ ਵੇਲੇ ਭਲੀ ਭਾਂਤੀ ਜਾਣੂ ਹੋਇਆ ਜਦ ਉਨ੍ਹਾਂ ਆਲ-ਇੰਡੀਆ ਕਾਂਗਰਸ ਦੇ ਪ੍ਰਧਾਨ ਦੀ ਹੈਸੀਅਤ ਵਿਚ ਕਾਮਰਾਜ ਪਲਾਨ ਨਾਲ ਜਾਣੇ ਜਾਣ ਵਾਲੇ ਇਨਕਲਾਬੀ ਕਦਮ ਨੂੰ ਉਠਾਇਆ । ਉਨ੍ਹਾਂ ਮਹਾਤਮਾ ਗਾਂਧੀ ਦੀ ਨਮਕ ਤਹਰੀਕ ਵਿਚ ਸ਼ਾਮਲ ਹੋ ਕੇ ਦੋ ਸਾਲ ਦੀ ਜੇਲ੍ਹ ਯਾਤਰਾ ਕਰਕੇ ਆਪਣੀ ਸਿਆਸੀ ਜ਼ਿੰਦਗੀ ਸ਼ੁਰੂ ਕੀਤੀ । 1931, 1941 ਅਤੇ 1942 ਦੇ ਕੌਮੀ ਅੰਦੋਲਨਾਂ ਵਿਚ ਵੀ ਉਹ ਆਗੂ ਰਹੇ । ਔਰ ਲਗ ਭਗ 1954 ਤੋਂ ਲੈ ਕੇ 1963 ਤਕ 8 ਸਾਲ ਮਦਰਾਸ ਦੇ ਕਾਮਯਾਬ ਤੇ ਮਜ਼ਬੂਤ ਮੁੱਖ ਮੰਤਰੀ ਰਹੇ । ਸ੍ਰੀ ਕਾਮਰਾਜ ਆਪਣੀ ਦੇਸ਼ ਸੇਵਾ,

Original with;
Punjab Vidhan Sabha
Digitized by;
Panjab Digital Library

ਤਿਆਗ ਭਰੀ ਜ਼ਿੰਦਗੀ ਤੇ ਨਾ ਭੁਲਣ ਵਾਲੀ ਕੁਰਬਾਨੀ ਤੇ ਹਰਦਿਲ ਅਜ਼ੀਜ਼ੀ ਦੇ ਗੁਣਾਂ ਨਾਲ ਹਮੇਸ਼ਾਂ ਯਾਦ ਕੀਤੇ ਜਾਣਗੇ । ਸਾਰੀ ਉਮਰ ਬ੍ਰਹਮਚਾਰੀ ਰਹੇ ਅਤੇ ਉਨ੍ਹਾਂ ਨੇ ਸਿਵਾਏ ਲੋਕ ਸੇਵਾ ਦੇ ਹੋਰ ਕਦੇ ਕੁਝ ਸੋਚਿਆ ਹੀ ਨਹੀਂ । ਮਦਰਾਸ ਦੇ ਪਿੰਡਾਂ ਵਿਚ ਮੈਨੂੰ ਉਸ ਦਿਨ ਜਾਣ ਦਾ ਮੌਕਾ ਮਿਲਿਆ ਜਦ ਕਾਮਰਾਜ ਜੀ ਦਾ ਉਸ ਹਲਕੇ ਵਿਚ ਦੌਰਾ ਸੀ । ਡੀ. ਐਮ. ਕੇ. ਦੀ ਹਕੂਮਤ ਹੋਣ ਦੇ ਬਾਵਜੂਦ ਲੋਕਾਂ ਦੀ ਉਨ੍ਹਾਂ ਪ੍ਰਤੀ ਅਥਾਹ ਸ਼ਰਧਾ ਤੇ ਪਿਆਰ ਨੂੰ ਦੇਖ ਕੇ ਇੰਝ ਜਾਪਦਾ ਸੀ ਕਿ ਮਦਰਾਸ ਦੀ ਜੰਤਾ ਦੇ ਦਿਲਾਂ ਤੇ ਡੀ. ਐਮ. ਕੇ. ਦਾ ਨਹੀਂ ਸ੍ਰੀ ਕਾਮਰਾਜ ਦਾ ਰਾਜ ਹੈ । ਸ੍ਰੀ ਕਾਮਰਾਜ ਜੀ ਸ਼ਾਇਰ ਦੇ ਇਸ ਜਜ਼ਬੇ ਨੂੰ ਮੁੱਖ ਰਖਕੇ ਲੋਕ ਸੇਵਾ ਦੇ ਜਜ਼ਬੇ ਦੇ ਪੁੰਜ ਸੀ ;

''ਫਰਿਸ਼ਤੇ ਝੁਕਾਏਂਗੇ ਸਰ ਐ ਬਸ਼ਰ,
ਬਸ਼ਰ ਬਨ ਕੇ ਲੇਕਿਨ ਦਿਖਾ ਤੋ ਸਹੀ,
ਜ਼ਮਾਨਾ ਬਨਾਏਗਾ ਅਪਨਾ ਤੁਝੇ,
ਜ਼ਮਾਨੇ ਕੋ ਅਪਨਾ ਬਨਾ ਤੂੰ ਸਹੀ ।

ਸਰਦਾਰ ਤੇਜਾ ਸਿੰਘ ਅਕਰਪੁਰੀ ਜੰਗੇ ਅਜ਼ਾਦੀ ਦੇ ਪੁਰਾਣੇ ਘੁਲਾਟੀਏ ਤੇ ਅਕਾਲੀ ਲਹਿਰ ਦੇ ਮੋਢੀ ਦੀਆਂ ਦੇਸ਼ ਦੇ ਪ੍ਰਤੀ ਕੀਤੀਆਂ ਹੋਈਆਂ ਸੇਵਾਵਾਂ ਨੂੰ ਕੌਣ ਭੁਲ ਸਕਦਾ ਹੈ । ਦਸ ਸਾਲ ਲਗਾਤਾਰ ਲੋਕ ਸਭਾ ਦੇ ਮੈਂਬਰ ਰਹਿ ਕੇ ਉਨ੍ਹਾਂ ਆਪਣੀ ਯੋਗਤਾ, ਮਿਹਨਤ ਤੇ ਲਗਨ ਨਾਲ ਜਿਹੜਾ ਉਘਾ ਹਿੱਸਾ ਪਾਇਆ, ਉਹ ਪੰਜਾਬੀਆਂ ਨੂੰ ਸਦਾ ਯਾਦ ਰਹੇਗਾ । ਉਨ੍ਹਾਂ ਦਾ ਵਿਛੋੜਾ ਦੁਖਦਾਈ ਹੈ ।

ਪੰਡਿਤ ਰਾਮ ਕਿਸ਼ਨ, ਭੜੋਲੀਆਂ ਵਾਸੀ ਦੇਸ਼ ਦੇ ਉਘੇ ਜੰਗੇ ਅਜ਼ਾਦੀ ਦੇ ਪਰਵਾਨਿਆਂ ਵਿਚੋਂ ਇੱਕ ਸਨ । ਉਹ ਅਤਿਵਾਦੀ ਸਨ ਅਤੇ ਅੰਗਰੇਜ਼ਾਂ ਦੇ ਖਿਲਾਫ ਬੜੀ ਜ਼ੁਰਅਤ ਤੇ ਦਲੇਰੀ ਨਾਲ ਹਰ ਤਰੀਕੇ ਨਾਲ ਲੋਹਾ ਲੈਣ ਲਈ ਉਤਾਰੂ ਰਹਿੰਦੇ ਸਨ । ਉਨ੍ਹਾਂ ਨੇ ਕਈ ਵਾਰ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਦੀਆਂ ਤਕਲੀਫਾਂ ਝੱਲੀਆਂ । ਤਸ਼ਦਦ ਤੇ ਜ਼ੁਲਮ ਸਹਿਆ ਪਰ ਉਫ ਨਾ ਕੀਤੀ । ਉਨ੍ਹਾਂ ਦੇ ਜੀਵਨ ਦਾ ਬਹੁਤਾ ਹਿੱਸਾ ਜੇਲ੍ਹਾਂ ਵਿਚ ਗੁਜ਼ਰਿਆ । ਜਵਾਨੀ ਦੀਆਂ ਉਮੰਗਾਂ ਤੇ ਸੱਧਰਾਂ ਭਾਰਤ ਦੀ ਅਜ਼ਾਦੀ ਤੇ ਕੁਰਬਾਨ ਕਰ ਦੇਣ ਵਾਲੇ ਰਾਮ ਕਿਸ਼ਨ ਦਾ ਤਿਆਗਮਈ ਸੇਵਾ ਦਾ ਜੀਵਨ ਦੇਸ਼ ਦੇ ਨੌਜਵਾਨਾਂ ਲਈ ਰਾਹ ਦੱਸਦਾ ਰਹੇਗਾ । ਉਹ 1957 ਵਿਚ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ । ਨੰਗਲ ਫਰਟੇਲਾਈਜ਼ਰ ਦੀ ਸਥਾਪਨਾ ਤੇ ਸਵਾਂ ਦੇ ਪੁਲ ਦੀ ਤਾਮੀਰ ਵਿਚ ਉਨ੍ਹਾਂ ਦਾ ਬਹੁਤ ਸ਼ਲਾਘਾਯੋਗ ਹਿੱਸਾ ਹੈ ।

ਸ੍ਰੀ ਬਲਵੰਤ ਰਾਏ ਆਹਲੂਵਾਲੀਆ, ਸਾਬਕ ਐਮ. ਐਲ. ਸੀ., ਪੰਜਾਬ ਦੇ ਜੰਗੇ ਆਜ਼ਾਦੀ ਦੇ ਦਲੇਰ ਤੇ ਨਿਡਰ ਸਿਪਾਹੀਆਂ ਵਿਚੋਂ ਇੱਕ ਸਨ । ਉਨ੍ਹਾਂ ਕਦੇ ਬੁਰਾਈ ਨਾਲ ਸਮਝੌਤਾ ਨਹੀਂ ਕੀਤਾ ਤੇ ਨਾ ਹੀ ਸਿਆਸੀ ਵਿਚਾਰਾਂ ਦੀ ਲੜਾਈ ਅੱਗੇ ਹਾਰ ਮੰਨੀ । ਮਜ਼ਬੂਤ ਇਰਾਦੇ ਦੇ ਸ੍ਰੀ ਬਲਵੰਤ ਰਾਏ ਜੋ ਕਿ ਵਕੀਲ ਸਨ, ਕਈ ਵਾਰ ਜ਼ਿਲ੍ਹਾ ਲੁਧਿਆਣਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਚੁਣੇ ਗਏ । ਉਹ ਲੁਧਿਆਣਾ ਮਿਊਂਸਪਲ ਕਮੇਟੀ ਦੇ ਬਹੁਤ ਦੇਰ ਮੈਂਬਰ ਰਹੇ ਅਤੇ ਲੁਧਿਆਣਾ ਦੀ ਤਾਮੀਰ ਅਤੇ ਤਰੱਕੀ ਵਿਚ ਉਨ੍ਹਾਂ ਉਘਾ ਹਿੱਸਾ ਪਾਇਆ । ਕਾਂਗਰਸ ਪਾਰਟੀ ਦੇ ਆਗੂ ਨੇਤਾਵਾਂ ਵਿਚੋਂ ਉਨ੍ਹਾਂ ਦੀ ਗਿਣਤੀ ਕੀਤੀ ਜਾਂਦੀ ਹੈ । ਉਨ੍ਹਾਂ ਦਾ ਵਿਛੋੜਾ ਬੜਾ ਦੁਖਦਾਈ ਹੈ ।

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

ਡਾਕਟਰ ਸਤਚਿੱਤ ਆਨੰਦ ਸਰੂਪ ਟੰਡਨ ਦੀ ਬੇਵਕਤ ਮੌਤ ਦਾ ਸਦਮਾ ਨਾਕਾਬਲੇ-ਬਰਦਾਸ਼ਤ ਹੈ । ਦਸੰਬਰ, 1975 ਨੂੰ ਜਦੋਂ ਉਹ ਇੰਟਰਨੈਸ਼ਨਲ ਐਂਟੀ-ਫਾਸਿਸਟ ਕਾਨਫਰੰਸ ਪਟਨਾ ਵਿਖੇ ਸ਼ਾਮਲ ਹੋਣ ਲਈ ਜਾ ਰਹੇ ਸਨ, ਉਨ੍ਹਾਂ ਦੀ ਮੌਤ ਹੋਈ । ਉਹ ਹਿੰਦੁਸਤਾਨ ਦੀ ਤਰਫੋਂ ਰੂਸ ਦੇ ਦੋਸਤ ਸਨ ਤੇ ਦੋਸਤੀ ਵਧਾਉਣ ਵਿਚ ਉਨ੍ਹਾਂ ਕਾਫੀ ਹਿੱਸਾ ਪਾਇਆ । ਉਨ੍ਹਾਂ ਦੀ ਮੌਤ ਤੇ ਰਸ਼ੀਅਨ ਐਮਬੈਸੀ ਵਲੋਂ ਦੁੱਖ ਤੇ ਹਮਦਰਦੀ ਦਾ ਸੁਨੇਹਾ ਮਿਲਣਾ ਉਨ੍ਹਾਂ ਦੀ ਹਿੰਦ-ਰੂਸ ਦੋਸਤੀ ਨੂੰ ਪੱਕਿਆਂ ਕਰਨ ਦਾ ਤੇ ਆਪਣਾ ਯੋਗਦਾਨ ਦੇਣ ਦਾ ਭਾਰੀ ਸਬੂਤ ਹੈ । ਉਹ ਪੰਜਾਬ ਪ੍ਰਾਂਤ ਆਈ. ਐਸ. ਸੀ. ਯੂ. ਐਸ. ਦੇ ਜਨਰਲ ਸਕੱਤਰ ਸਨ ਤੇ ਉਨ੍ਹਾਂ ਦੇ ਕੰਮਾਂ ਦੀ ਹਮੇਸ਼ਾਂ ਪੰਜਾਬ ਵਾਸੀਆਂ ਨੂੰ ਯਾਦ ਰਹੇਗੀ ।

ਲੈਫਟੀਨੈਂਟ ਜਨਰਲ ਸੰਤ ਸਿੰਘ ਜੀ ਦਾ ਜੀਵਨ ਭਾਰਤ ਦੇ ਸਾਬਕ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦਰ ਸ਼ਾਸਤਰੀ ਦੇ ਪ੍ਰਸਿੱਧ ਇਤਿਹਾਸਕ ਵਾਕ 'ਜੈ ਜਵਾਨ, ਜੈ ਕਿਸਾਨ' ਦੀ ਸਾਰਥਕਤਾ ਨੂੰ ਸਾਕਾਰ ਸਿੱਧ ਕਰਦਾ ਹੈ । ਉਹ ਇੱਕ ਆਮ ਫੌਜੀ ਦੇ ਅਹੁਦੇ ਤੋਂ ਉਚਾ ਉਠ ਕੇ ਆਪਣੀ ਬਹਾਦਰੀ ਤੇ ਯੋਗਤਾ ਨਾਲ ਜਰਨੈਲ ਬਣੇ । ਉਹ ਡਾਕਟਰ ਰਾਜਿੰਦਰ ਪ੍ਰਸਾਦ, ਭਾਰਤ ਦੇ ਪਹਿਲੇ ਰਾਸ਼ਟਰਪਤੀ ਜੀ ਦੇ ਏ. ਡੀ. ਸੀ. ਵੀ ਰਹੇ । ਰਿਟਾਇਰ ਹੋਣ ਤੋਂ ਬਾਅਦ ਐਕਸ-ਸਰਵਿਸਮੈਨ ਪੰਜਾਬ ਲੀਗ ਦੇ ਪ੍ਰਧਾਨ ਬਣ ਕੇ ਮਹੱਤਵਪੂਰਣ ਸੇਵਾ ਦਾ ਕੰਮ ਕੀਤਾ ਅਤੇ ਨਾਲ ਹੀ ਉਨਤ ਖੇਤੀ ਵਾਸਤੇ ਬੜੀ ਕੜੀ ਮਿਹਨਤ ਕਰਕੇ ਤੇ ਪੂਰੀ ਦਿਲਚਸਪੀ ਲੈ ਕੇ ਆਪਣੇ ਐਗਰੀਕਲਚਰਲ ਫਾਰਮ ਨੂੰ ਹਰੇ ਇਨਕਲਾਬ ਦੇ ਉਸ ਆਦਰਸ਼ ਦੇ ਯੋਗ ਬਣਾਇਆ ਜਿਸ ਨੂੰ ਵੇਖਣ ਵਾਸਤੇ 1968 ਵਿਚ ਪ੍ਰਧਾਨ ਮੰਤਰੀ, ਸ੍ਰੀਮਤੀ ਇੰਦਰਾ ਗਾਂਧੀ ਜੀ ਉਨ੍ਹਾਂ ਦੇ ਫਾਰਮ ਵਿਚ ਆਏ । ਉਨ੍ਹਾਂ ਪਹਿਲਾਂ ਡਾਇਰੈਕਟਰ ਦੇ ਤੌਰ ਤੇ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ ਪਟਿਆਲਾ ਦੀ ਤੇ ਪੰਜਾਬੀ ਯੂਨੀਵਰਸਿਟੀ ਦੀ ਸੈਨੇਟ ਦੇ ਮੈਂਬਰ ਬਣ ਕੇ ਕਾਬਲੇ-ਤਾਰੀਫ ਸੇਵਾ ਕੀਤੀ । ਉਨ੍ਹਾਂ ਦਾ ਚਲਾਣਾ ਵੀ ਪੰਜਾਬ ਨੂੰ ਇੱਕ ਭਾਰੀ ਘਾਟ ਹੈ ।

ਸੰਤ ਈਸ਼ਰ ਸਿੰਘ ਜੀ ਰਾੜੇਵਾਲਾ ਧਾਰਮਿਕ ਜਗਤ ਦੇ ਉਹ ਚਮਕਦੇ ਸਿਤਾਰੇ ਸਨ ਜਿਨ੍ਹਾਂ ਆਪਣੀ ਵਿਦਵਤਾ, ਯੋਗਤਾ, ਤਪੱਸਿਆ ਤੇ ਸੇਵਾ ਭਾਵ ਦੇ ਨਾਲ ਆਪਣੇ ਲੱਖਾਂ ਸੇਵਕਾਂ, ਸ਼ਰਧਾਲੂਆਂ ਦਾ ਮਨ ਜਿੱਤਿਆ । ਉਨ੍ਹਾਂ ਦੇ ਧਾਰਮਿਕ ਵਿਖਿਆਨ ਆਮ ਜੰਤਾ ਦੇ ਵਿਚਾਰਾਂ ਨੂੰ ਧਰਮ ਵਲ ਪ੍ਰੇਰਿਤ ਕਰਨ ਦੀ ਭਾਰੀ ਸ਼ਕਤੀ ਰਖਦੇ ਸਨ । ਉਹ 11 ਸੇਵਕਾਂ ਨਾਲ ਇੰਗਲੈਂਡ ਵਿਚ ਧਾਰਮਿਕ ਪ੍ਰਚਾਰ ਤੇ ਰੂਹਾਨੀ ਉਪਦੇਸ਼ ਦੇਣ ਦੇ ਮਿਸ਼ਨ ਤੇ ਗਏ ਸਨ । ਸਾਰੇ ਦੇਸ਼ ਨੇ ਉਨ੍ਹਾਂ ਦੀ ਵਿਦੇਸ਼ ਵਿਚ ਧਰਮ ਪ੍ਰਚਾਰ ਦਾ ਕੰਮ ਕਰਦਿਆਂ ਸਵਰਗਵਾਸ ਹੋਣ ਦੀ ਖਬਰ ਨੂੰ ਭਾਰੀ ਸਦਮੇ ਦੀ ਤਰ੍ਹਾਂ ਸੁਣਿਆ । ਧਾਰਮਿਕ ਜਗਤ ਵਿਚ ਉਨ੍ਹਾਂ ਦੀ ਘਾਟ ਕਦੇ ਵੀ ਪੂਰੀ ਨਹੀਂ ਹੋ ਸਕਦੀ ।

ਡਾਕਟਰ ਕਰਮ ਸਿੰਘ ਗਰੇਵਾਲ, ਹੱਡੀਆਂ ਦੇ ਮਾਹਰ ਡਾਕਟਰ ਸਨ । ਉਨ੍ਹਾਂ ਦੀ ਕਮੀ ਦੇਸ਼ ਦੀ ਭਾਰੀ ਕਮੀ ਹੈ ।

ਮੈਂ ਸ਼ੋਕ ਭਰੇ ਇਨ੍ਹਾਂ ਸ਼ਬਦਾਂ ਨਾਲ ਮੁੱਖ ਮੰਤਰੀ, ਪੰਜਾਬ, ਲੀਡਰ ਆਫ ਦੀ ਹਾਊਸ ਵਲੋਂ ਰੱਖੇ ਹੋਏ ਪ੍ਰਸਤਾਵ ਦਾ ਸਮੱਰਥਨ ਕਰਦਾ ਹਾਂ ਅਤੇ ਵੱਖ ਵੱਖ ਪਾਰਟੀਆਂ ਦੇ ਲੀਡਰਾਂ ਤੇ

Original with:
Punjab Vidhan Sabha
Digitized by:
Panjab Digital Library

ਮਾਨਯੋਗ ਮੈਂਬਰਾਂ ਦੇ ਭਾਵਪੂਰਣ, ਸ਼ਰਧਾ ਭਰੇ ਵਿਚਾਰਾਂ ਨਾਲ ਸਹਿਮਤ ਹੁੰਦਾ ਹਾਂ ਅਤੇ ਵਿਛੜੀਆਂ ਹੋਈਆਂ ਰੂਹਾਂ ਵਾਸਤੇ ਅਰਦਾਸ ਕਰਦਾ ਹਾਂ ਕਿ ਪ੍ਰਮਾਤਮਾ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਵੇ ਅਤੇ ਸਬੰਧੀਆਂ, ਪ੍ਰੇਮੀਆਂ ਅਤੇ ਸਾਨੂੰ ਸਾਰਿਆਂ ਨੂੰ ਉਨ੍ਹਾਂ ਦੀ ਜੁਦਾਈ ਦੇ ਸਦਮੇ ਨੂੰ ਸਹਿਨ ਕਰਨ ਦਾ ਬਲ ਬਖਸ਼ੇ। ਇਸ ਸ਼ੋਕ ਪ੍ਰਸਤਾਵ ਤੇ ਹਾਊਸ ਦੇ ਸੰਵੇਦਨਾ ਭਰੇ ਵਿਚਾਰਾਂ ਦੀ ਕਾਪੀ ਉਨ੍ਹਾਂ ਦੇ ਸਬੰਧੀਆਂ ਨੂੰ ਭੇਜ ਦਿੱਤੀ ਜਾਵੇਗੀ।

ਹੁਣ ਮੈਂ ਹਾਊਸ ਦੇ ਮਾਨਯੋਗ ਮੈਂਬਰਾਂ ਨੂੰ ਪ੍ਰਾਰਥਨਾ ਕਰਾਂਗਾ ਕਿ ਉਹ ਦੋ ਮਿੰਟ ਲਈ ਖੜੇ ਹੋ ਕੇ ਆਪਣੀ ਸ਼ਰਧਾ ਉਨ੍ਹਾਂ ਮਹਾਨ ਵਿਛੜੀਆਂ ਆਤਮਾਵਾਂ ਦੇ ਚਰਨਾਂ ਵਿਚ ਭੇਂਟ ਕਰਨ।

(ਇਸ ਸਮੇਂ ਸਦਨ ਦੇ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਦੋ ਮਿੰਟ ਮੌਨ ਖੜੇ ਹੋਏ।)

**Mr. Speaker** : The House stands adjourned till 9.00 A. M. on Wednesday, the 21st January, 1976.

6.17 P.M. (*The Sabha then adjourned till 9.00 A.M. on Wednesday, the 21st January, 1976.*)

1760—20-1-74—283—ਪੰਜਾਬ ਸਰਕਾਰ ਪਰੈਸ, ਪਟਿਆਲਾ।

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

©

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Original with
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

---

*21st January, 1976*

---

Vol. I—No. 2

---

## OFFICIAL REPORT

CONTENTS

*Wednesday, the 21st January, 1976*


| | | PAGE |
|---|---|---|
| Starred Questions and Answers | .. | (2) 1 |
| Written Answers to Starred Questions laid on the Table of the House under Rule 38 | .. | (2)27 |
| Unstarred Questions and Answers | .. | (2)37 |
| Call Attention Notices under Rule 66 | .. | (2)102 |
| Announcements by the Speaker | .. | (2)105 |
| Announcement by the Secretary | .. | (2)106 |
| First Report of the Business Advisory Committee | .. | (2)106 |
| Decision reg. Adjournment of the House earlier | ... | (2)108 |
| Announcement by the Chief Minister reg. grant of Additional Instalments of D.A. to Govt. Employees | ... | (2)108 |


---


Punjab Vidhan Sabha Secretariat, Chandigarh.

Price : Rs 45-70



Original with;
Punjab Vidhan Sabha
Digitized by;
Panjab Digital Library

Page

Third Report of the Rules Committee ... (2)109

Third Report of the Committee of Privileges ... (2)109

Paper re-laid/laid on the Table of the House ... (2)109

Discussion on Governor's Address ... (2)111

Walk-out ... (2)111

Discussion on Governor's Address (*Resumption*) ... (2)111

Appendix ... (i)

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

Wednesday, the 21st January, 1976

---

*The Vidhan Sabha met in the Punjab Vidhan Sabha Hall, Vidhan Bhavan, Chandigarh—160001, at 9.00 A. M. of the Clock. Mr. Speaker (Dr. Kewal Krishan) in the Chair.*

---

## STARRED QUESTIONS AND ANSWERS

---

### SUSPENSION OF POLICE OFFICIALS BY THE D.I.G., PATIALA RANGE POSTED AT KHARAR

*3373. **Sardar Dhanna Singh Gulshan**: Will the Chief Minister be pleased to state—

(a) whether it is a fact that D.I.G., Patiala Range, suspended some of the Police officials posted at Kharar, District Ropar, during the last week of May, 1975;

(b) if the reply to part (a) above be in the affirmative, the names, designations and addresses of the said officials together with the nature of allegations on the basis of which they were suspended ?

**ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ** (ਮੁੱਖ ਸੰਸਦੀ ਸਕੱਤਰ): (ੳ) ਹਾਂ ਜੀ ।

(ਅ) ਏ.ਐਸ.ਆਈ. ਵੇਦ ਪ੍ਰਕਾਸ਼ ਤੇ ਹੌਲਦਾਰ ਜੋਗਿੰਦਰ ਸਿੰਘ ਨੰ: 281 ਥਾਣਾ ਖਰੜ ਨੂੰ ਇਸ ਬਿਨਾ ਤੇ ਮੁਅੱਤਲ ਕੀਤਾ ਗਿਆ ਕਿ ਉਨ੍ਹਾਂ ਦੇ ਮੁਕੱਦਮਾ ਨੰ: 78/75 ਅਧੀਨ ਧਾਰਾ 307/148/149/379/427 ਆਈ. ਪੀ. ਸੀ. ਥਾਣਾ ਖਰੜ ਦੀ ਪੜਤਾਲ ਵਿਚ ਘੋਰ ਅਣਗਹਿਲੀ ਵਿਖਾਈ ਸੀ ।

**ਸਰਦਾਰ ਧੰਨਾ ਸਿੰਘ ਗੁਲਸ਼ਨ**: ਜਵਾਬ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਕਰਮਚਾਰੀਆਂ ਨੇ ਆਪਣੀ ਡਿਊਟੀ ਨਿਭਾਉਣ ਵਿਚ ਬਹੁਤ ਹੀ ਅਣਗਹਿਲੀ ਕੀਤੀ ਸੀ; ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਹ ਕਿਹੜੀ ਅਣਗਹਿਲੀ ਹੈ ਜਿਸ ਦੀ ਬਿਨਾ ਤੇ ਇਹ ਜਵਾਬ ਦਿਤਾ ਗਿਆ ਹੈ ?

**ਮੁੱਖ ਸੰਸਦੀ ਸਕੱਤਰ**: ਮੈਂ ਉਹ ਦਫਾਵਾਂ ਪੜ੍ਹ ਕੇ ਸੁਣਾਈਆਂ ਹਨ ਜਿਨ੍ਹਾਂ ਦੇ ਅਧੀਨ ਉਨ੍ਹਾਂ ਨੂੰ ਸਜ਼ਾ ਦਿਤੀ ਗਈ ਹੈ ।

**ਸਰਦਾਰ ਧੰਨਾ ਸਿੰਘ ਗੁਲਸ਼ਨ**: ਉਨ੍ਹਾਂ ਦੀ ਅਣਗਹਿਲੀ ਕੀ ਸੀ ?

Original with;
Punjab Vidhan Sabha
Digitized by;
Panjab Digital Library

**ਮੁੱਖ ਸੰਸਦੀ ਸਕੱਤਰ:** ਆਪਣੀ ਡਿਊਟੀ ਨੂੰ ਠੀਕ ਤਰ੍ਹਾਂ ਸਰਅੰਜਾਮ ਨਹੀਂ ਕੀਤਾ। ਜਿਥੇ ਤੁਸੀਂ ਗੜਬੜ ਕਰਦੇ ਹੋ, ਮਨਿਸਟਰ ਦੀ ਕਾਰ ਤੇ ਡਾਂਗਾਂ ਮਾਰਦੇ ਹੋ, ਤੁਹਾਨੂੰ ਫੜ ਕੇ ਅੰਦਰ ਕਿਉਂ ਨਹੀਂ ਦਿਤਾ ?

**ਚੌਧਰੀ ਰਾਮ ਸਿੰਘ:** ਜਿਹੜੇ ਉਸ ਗੱਲ ਦੇ ਹੀਰੋ ਡੀ. ਆਈ .ਜੀ. ਆਫ ਪੁਲਿਸ ਸਨ, ਉਨ੍ਹਾਂ ਦਾ ਕੀ ਬਣਿਆ, ਉਹ ਕਿਥੇ ਹਨ ?

**ਮੁੱਖ ਸੰਸਦੀ ਸਕੱਤਰ:** ਫਰੈਸ਼ ਨੋਟਿਸ ਦੇ ਦੇਵੋ, ਸਾਰੀ ਹਿਸਟਰੀ ਦੱਸ ਦੇਵਾਂਗੇ।

---

## ਬਾਲ ਵਿਆਹ ਰੋਕੂ ਐਕਟ ਅਧੀਨ ਰਜਿਸਟਰਡ ਕੀਤੇ ਗਏ ਕੇਸ

*3316. **ਸਰਦਾਰ ਸੁਰਜੀਤ ਸਿੰਘ ਸਿੱਧੂ:** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ 31 ਮਾਰਚ, 1973 ਤੋਂ 31 ਮਾਰਚ, 1974 ਤਕ ਦੇ ਸਮੇਂ ਦੇ ਦੌਰਾਨ ਰਾਜ ਵਿਚ ਜ਼ਿਲ੍ਹੇਵਾਰ ਬਾਲ ਵਿਆਹ ਰੋਕੂ ਐਕਟ ਅਧੀਨ ਕੁਲ ਕਿੰਨੇ ਕੇਸ ਰਜਿਸਟਰ ਕੀਤੇ ਗਏ ?

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ (ਮੁੱਖ ਸੰਸਦੀ ਸਕੱਤਰ) : 31 ਮਾਰਚ, 1973 ਤੋਂ 31 ਮਾਰਚ, 1974, ਤਕ ਰਾਜ ਵਿਚ ਬਾਲ ਵਿਆਹ ਰੋਕੂ ਐਕਟ ਅਧੀਨ ਪੁਲਿਸ ਪਾਸ ਕੋਈ ਕੇਸ ਦਰਜ ਨਹੀਂ ਹੋਇਆ।

**ਸਰਦਾਰ ਸੁਰਜੀਤ ਸਿੰਘ ਸਿੱਧੂ:** ਕੀ ਸਰਕਾਰ ਇਸ ਲਾਹਨਤ ਨੂੰ ਰੋਕਣ ਵਾਸਤੇ ਕੋਈ ਸਪੈਸ਼ਲ ਇੰਤਜ਼ਾਮ ਕਰ ਸਕਦੀ ਹੈ ?

**ਮੁੱਖ ਸੰਸਦੀ ਸਕੱਤਰ:** ਸਰਕਾਰ ਦੇ ਕਾਨੂੰਨ ਬਣੇ ਹੋਏ ਹਨ। ਮੈਨੂੰ ਤਾਂ ਇਹ ਪੁਛਿਆ ਗਿਆ ਸੀ ਕਿ ਫਲਾਂ ਤਾਰੀਖ ਤੋਂ ਲੈ ਕੇ ਫਲਾਂ ਤਾਰੀਖ ਤਕ ਇਸ ਬਾਰੇ ਪੁਲਿਸ ਪਾਸ ਕੋਈ ਕੇਸ ਦਰਜ ਹੋਇਆ ਕਿ ਨਹੀਂ, ਮੈਂ ਜਵਾਬ ਵਿਚ ਕਿਹਾ ਹੈ ਕਿ ਕੋਈ ਕੇਸ ਰਜਿਸਟਰ ਨਹੀਂ ਹੋਇਆ। ਜੇ ਤੁਹਾਨੂੰ ਪਤਾ ਹੈ ਤਾਂ ਦੱਸ ਦੇਵੋ, ਐਕਸ਼ਨ ਲਿਆ ਜਾਵੇਗਾ।

---

## ਸਟੇਨਲੈਸ ਸਟੀਲ ਕੋਟਾ ਹੋਲਡਰਜ਼

*3327. **ਗਿਆਨੀ ਕੁੰਦਨ ਸਿੰਘ ਪਤੰਗ:** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ—

(ੳ) ਇਸ ਸਮੇਂ ਰਾਜ ਵਿਚ ਸਟੇਨਲੈਸ ਸਟੀਲ ਦੇ ਕੋਟਾ ਹੋਲਡਰਾਂ ਦੇ ਨਾਂ ਕੀ ਕੀ ਹਨ ;

(ਅ) ਇਸ ਸਮੇਂ ਪੰਜਾਬ ਰਾਜ ਨੂੰ ਕਿੰਨੇ ਟਨ ਸਟੇਨਲੈਸ ਸਟੀਲ ਅਲਾਟ ਕੀਤੀ ਗਈ ਹੈ ;

(ੲ) ਉਕਤ ਕੋਟੇ ਦੀ ਵੰਡ ਦਾ ਵੇਰਵਾ ਕੀ ਹੈ ;

(ਸ) ਕੋਟਾ ਹੋਲਡਰਾਂ ਨੂੰ ਕਿੰਨਾ ਲਾਭ ਕਮਾਉਣ ਦੀ ਇਜਾਜ਼ਤ ਹੈ ;

(ਹ) ਕੀ ਉਕਤ ਕੋਟੇ ਦੀ ਉਚਿਤ ਵੰਡ ਦੀ ਜਾਂਚ ਪੜਤਾਲ ਕਰਨ ਲਈ ਅਤੇ ਸਰਕਾਰ ਨੂੰ ਤਿਮਾਹੀ ਰਿਪੋਰਟ ਭੇਜਣ ਲਈ ਸਰਕਾਰ ਨੇ ਕੋਈ ਜਾਂਚ ਪੜਤਾਲ ਕਮੇਟੀ ਨਿਯੁਕਤ ਕੀਤੀ ਹੈ ?

Original with;
Punjab Vidhan Sabha
Digitized by;
Panjab Digital Library

**Sardar Gurcharan Singh Nihalsinghwala** (Chief Parliamentary Secretary): (a) to (c) No quota for stainless steel was allotted by the Punjab Government during the years 1974-75 and 1975-76. The question of giving any details, therefore, does not arise.

(d) No limit is prescribed.

(e) No, Sir.

**ਗਿਆਨੀ ਕੁੰਦਨ ਸਿੰਘ ਪਤੰਗ:** ਮੁੱਖ ਸੰਸਦੀ ਸਕੱਤਰ ਸਾਹਿਬ, ਜਵਾਬ ਪੰਜਾਬੀ ਵਿਚ ਪੜ੍ਹੋ ?

**ਮੁੱਖ ਸੰਸਦੀ ਸਕੱਤਰ:** ਤੁਹਾਡਾ ਸਵਾਲ ਅੰਗਰੇਜ਼ੀ ਵਿਚ ਆਇਆ ਸੀ, ਇਸ ਕਰਕੇ ਜਵਾਬ ਅੰਗਰੇਜ਼ੀ ਵਿਚ ਦਿਤਾ ਗਿਆ ਹੈ ।

**ਗਿਆਨੀ ਕੁੰਦਨ ਸਿੰਘ ਪਤੰਗ:** ਇਹ ਪੰਜਾਬ ਵਿਧਾਨ ਸਭਾ ਹੈ, ਅੰਗਰੇਜ਼ੀ ਸਭਾ ਨਹੀਂ ।

**ਮੁੱਖ ਸੰਸਦੀ ਸਕੱਤਰ:** ਮੈਂ ਜਵਾਬ ਪੰਜਾਬੀ ਵਿਚ ਪੜ੍ਹ ਦੇਂਦਾ ਹਾਂ ।

(ੳ) ਤੋਂ (ੲ) ਸਾਲ 1974-75 ਅਤੇ 1975-76 ਵਿਚ ਸਟੇਨਲੈਸ ਸਟੀਲ ਦਾ ਕੋਈ ਕੋਟਾ ਪੰਜਾਬ ਸਰਕਾਰ ਵਲੋਂ ਕਿਸੇ ਨੂੰ ਅਲਾਟ ਨਹੀਂ ਕੀਤਾ ਗਿਆ। ਇਸ ਲਈ ਕੋਈ ਵੇਰਵਾ ਦੇਣ ਦਾ ਸਵਾਲ ਪੈਦਾ ਨਹੀਂ ਹੁੰਦਾ ।

(ਸ) ਕੋਈ ਹੱਦ ਨਿਸ਼ਚਿਤ ਨਹੀਂ ਕੀਤੀ ਗਈ ।

(ਹ) ਨਹੀਂ ਜੀ ।

---

## ਭੂਮੀ ਸੀਮਾਂ ਐਕਟ ਦੀ ਸਮੀਖਿਆ

*3337. **ਸਰਦਾਰ ਸੁਖਦੇਵ ਸਿੰਘ ਢੀਂਡਸਾ:** ਕੀ ਮਾਲ ਅਤੇ ਚੋਣਾਂ ਦੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਇਹ ਪਤਾ ਲਗਾਉਣ ਲਈ ਕਿ ਕੀ ਮੌਜੂਦਾ ਭੂਮੀ ਸੀਮਾਂ ਤੋਂ ਉਤਪਾਦਨ ਵਿਚ ਵਾਧਾ ਹੋਇਆ ਹੈ ਜਾਂ ਘਾਟਾ, ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰਾਂ ਦੀ ਇਕ ਕਮੇਟੀ ਬਣਾਉਣ ਦਾ ਵਿਚਾਰ ਰੱਖਦੀ ਹੈ;

(ਅ) ਕੀ ਸਰਕਾਰ ਭੂਮੀ ਸੀਮਾਂ ਐਕਟ ਦੀ ਸਮੀਖਿਆ ਕਰਨ ਦਾ ਵਿਚਾਰ ਰੱਖਦੀ ਹੈ ?

**ਸਰਦਾਰ ਉਮਰਾਓ ਸਿੰਘ:** (ੳ) ਨਹੀਂ ਜੀ ।

(ਅ) ਨਹੀਂ ਜੀ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਖਦੇਵ ਸਿੰਘ ਢੀਂਡਸਾ** : ਮਨਿਸਟਰ ਸਾਹਿਬ ਨੇ ਜੁਆਬ ਨਹੀਂ ਵਿਚ ਦਿਤਾ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਮੌਜੂਦਾ ਭੂਮੀ ਦੀ ਸੀਮਾਂ ਹੈ, ਉਸ ਦੀ ਹੱਦ ਮੁਕਰਰ ਕਰ ਦਿੱਤੀ ਹੈ । ਕੀ ਸਰਕਾਰ ਦਾ ਇਹ ਫਰਜ਼ ਨਹੀਂ ਬਣਦਾ ਕਿ ਭੂਮੀ ਸੀਮਾਂ ਐਕਟ ਵਿਚ ਚੇਂਜ ਲਿਆਉਂਦੇ ਅਤੇ ਅਫਸਰਾਂ ਦੀ ਇਨਕੁਆਇਰੀ ਕਰਵਾਉਂਦੇ ਕਿ ਉਨ੍ਹਾਂ ਕੋਲ ਜ਼ਮੀਨ ਵੱਧ ਹੈ ਜਾਂ ਘੱਟ ਅਤੇ ਕੀ ਸਰਕਾਰ ਅਗੇ ਲਈ ਸੋਚ ਰਹੀ ਹੈ ਕਿ ਇਸ ਮੰਤਵ ਲਈ ਇਕ ਕਮੇਟੀ ਬਣਾਈ ਜਾਵੇ ?

**ਮੰਤਰੀ** : ਆਲ ਇੰਡੀਆ ਗਾਈਡ ਲਾਈਨਜ਼ ਦਾ ਐਕਟ ਬਣਿਆ ਹੈ ਅਤੇ ਸਾਰੀ ਚੀਜ਼ ਨੂੰ ਵਿਚਾਰ ਕੇ ਹੀ ਹੱਦ ਰੱਖੀ ਗਈ ਹੈ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਇਸ ਗੱਲ ਤੇ ਵਿਚਾਰ ਕਰਕੇ ਹੀ ਹੱਦ ਮੁਕਰਰ ਕੀਤੀ ਗਈ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੇ ਵਰਲਡ ਬੈਂਕ ਤੋਂ ਟਰੈਕਟਰ ਮੰਗੇ ਜਾਂਦੇ ਹਨ ਤਾਂ 10 ਕਿੱਲੇ ਜ਼ਮੀਨ ਦਾ ਨੰਬਰ ਮੰਗਿਆ ਜਾਂਦਾ ਹੈ । 10 ਕਿੱਲੇ ਜ਼ਮੀਨ ਵਾਲਾ ਜਾਂ ਇਸ ਤੋਂ ਉਪਰ ਵਾਲਾ ਤਾਂ ਟਰੈਕਟਰ ਦੀ ਫੈਸਿਲਿਟੀ ਲੈ ਸਕਦਾ ਹੈ ਪਰ ਇਸ ਤੋਂ ਘੱਟ ਵਾਲਾ ਨਹੀਂ ਲੈ ਸਕਦਾ । ਇਸ ਤਰ੍ਹਾਂ ਨਾਲ ਮਕੈਨੀਕਲ ਖੇਤੀ ਕਰਨ ਵਿਚ ਲੋਕਾਂ ਨੂੰ ਦਿਕਤ ਆਵੇਗੀ । ਇਹ ਫੈਮਿਲੀ ਦੀ ਡੈਫੀਨੀਸ਼ਨ ਕੀ ਹੋਈ ?

**ਮੰਤਰੀ** : ਫੈਮਲੀ ਦੀ ਡੈਫੀਨੀਸ਼ਨ ਹੈ, ਹਜ਼ਬੈਂਡ, ਵਾਈਫ ਅਤੇ ਮਾਈਨਰ ਚਿਲਡਰਨ, ਜੇ ਮੀਆਂ ਬੀਵੀ ਦੀ ਫੈਮਿਲੀ ਇਕੱਠੀ ਹੈ ਤਾਂ 17 ਯੂਨਿਟਸ ਇਕੱਠੇ ਹੀ ਰਹਿਣਗੇ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਅਸੀਂ ਤਾਂ ਮੀਆਂ ਬੀਵੀ ਇਕੱਠੇ ਹੀ ਰਹਾਂਗੇ ਪਰ ਕੀ ਇਨ੍ਹਾਂ ਦੀ ਬੀਵੀ ਅੱਡ ਰਹੇਗੀ ?

**Mr. Speaker** : Not allowed.

**ਕਾਮਰੇਡ ਸੱਤ ਪਾਲ ਡਾਂਗ** : ਕੀ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਜੇ ਸਾਰੀਆਂ ਚੀਜ਼ਾਂ ਨੂੰ ਸਾਹਮਣੇ ਰੱਖ ਕੇ ਹੱਦ ਮੁਕਰਰ ਕੀਤੀ ਗਈ, ਜਿਸ ਨਾਲ ਕਿ ਪ੍ਰੋਡਕਸ਼ਨ ਵਧੇ ਅਤੇ ਗਰੀਬਾਂ ਦਾ ਵੀ ਭਲਾ ਹੋਵੇ ਅਤੇ ਸੋਸ਼ਲ ਜਸਟਿਸ ਵੀ ਮਿਲੇ, ਤਾਂ ਉਨ੍ਹਾਂ ਦੇ ਧਿਆਨ ਵਿਚ ਇਹ ਗੱਲ ਹੈ ਕਿ ਪੰਜਾਬ ਦੇ ਬਹੁਤ ਸਾਰੇ ਲੈਂਡ ਲਾਰਡਾਂ ਨੇ ਆਪਣੀਆਂ ਜ਼ਮੀਨਾਂ ਬੇਨਾਮੀ ਕਰ ਦਿੱਤੀਆਂ ਹਨ ਅਤੇ ਇਸ ਤਰ੍ਹਾਂ ਨਾਲ ਇਹ ਲੈਂਡ ਸੀਲਿੰਗ ਐਕਟ ਲਾਗੂ ਨਹੀਂ ਹੋਣਾ ?

**ਮੰਤਰੀ** : ਇਸ ਚੀਜ਼ ਤੇ ਵਿਚਾਰ ਕਰ ਰਹੇ ਹਾਂ । ਕੁਝ ਜਗ੍ਹਾ ਵਿਚ ਆਪਣੇ ਅਫ਼ਸਰਾਂ ਨੂੰ ਕਿਹਾ ਹੈ ਕਿ ਪਿੰਡਾਂ ਵਿਚ ਜਾ ਕੇ ਸਾਰੀ ਗੱਲ ਨੂੰ ਵੇਖਣ ।

**ਸ੍ਰੀ ਕੇਸ਼ੋ ਰਾਮ ਗੋਇਲ** : ਕੀ ਸਰਕਾਰ ਲੈਜਿਸਲੇਚਰ ਦੀ ਅਜਿਹੀ ਕਮੇਟੀ ਬਣਾਉਣ ਨੂੰ ਤਿਆਰ ਹੈ ਜਿਹੜੀ ਕਿ ਇਸ ਗੱਲ ਦੀ ਇਨਕੁਆਇਰੀ ਕਰੇ ਕਿ ਕਿੰਨ੍ਹਾਂ ਲੈਂਡ ਲਾਰਡਾਂ ਕੋਲ ਬੇਨਾਮੀ ਜ਼ਮੀਨ ਹੈ ?

**ਮੰਤਰੀ** : ਸਪੀਕਰ ਸਾਹਿਬ, ਬਿਲਕੁਲ ਸਰਕਾਰ ਇਸ ਗੱਲ ਲਈ ਤਿਆਰ ਹੈ ਜੇ ਮੈਂਬਰ ਸਹਿਬਾਨ ਕੋਈ ਚੰਗਾ ਸੁਝਾਓ ਦੇਣਗੇ ਕਿ ਜਿਨ੍ਹਾਂ ਕੋਲ ਵੱਧ ਜ਼ਮੀਨ ਹੈ ਉਹ ਵਾਪਿਸ ਕੀਤੀ ਜਾਵੇ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਦੇਵ ਸਿੰਘ ਸਿੱਧੂ :** ਜਿਹੜੀ ਫਾਲਤੂ ਜ਼ਮੀਨ ਹਰਚੰਦ ਸਿੰਘ ਕਮੇਟੀ ਵਿਚ ਨਿਕਲੀ ਸੀ, ਉਸ ਬਾਰੇ ਕੀ ਕੀਤਾ ਗਿਆ ਹੈ ?

**ਮੰਤਰੀ :** ਉਸ ਬਾਰੇ ਵੀ ਬਿਲ ਅਸੀਂ ਸੈਂਟਰ ਨੂੰ ਮੰਨਜ਼ੂਰੀ ਲਈ ਭੇਜਿਆ ਹੈ, ਜਿਸ ਵੇਲੇ ਆ ਜਾਵੇਗਾ ਅਸੈਂਬਲੀ ਵਿਚ ਲੈ ਆਵਾਂਗੇ ।

**ਸਰਦਾਰ ਸੁਰਜੀਤ ਸਿੰਘ ਅਟਵਾਲ :** ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਫੈਮਿਲੀ ਵਿਚ ਹਜ਼ਬੈਂਡ, ਵਾਈਫ ਅਤੇ ਮਾਈਨਰ ਚਿਲਡਰਨ ਆਉਂਦੇ ਹਨ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਮਨਿਸਟਰ ਸਾਹਿਬ ਦੱਸਣਗੇ ਕਿ ਜਿਹੜੇ ਲੋਕਾਂ ਨੇ ਹਜ਼ਬੈਂਡ ਦੇ ਨਾਂ ਤੇ ਵੀ ਸਾਢੇ ਸਤਾਰਾਂ ਏਕੜ ਜ਼ਮੀਨ ਰੱਖੀ ਹੈ ਅਤੇ ਸਾਢੇ ਸਤਾਰਾਂ ਏਕੜ ਵਾਈਫ ਦੇ ਨਾਂ ਤੇ ਵੀ ਰਖੀ ਹੈ ਉਨ੍ਹਾਂ ਤੋਂ ਜ਼ਮੀਨ ਵਾਪਿਸ ਲਈ ਜਾਵੇਗੀ ?

**ਮੰਤਰੀ :** ਕਾਨੂੰਨ ਦੇ ਮੁਤਾਬਿਕ ਦੋਨੋਂ ਰਲ ਕੇ ਸਾਢੇ ਸਤਾਰਾਂ ਏਕੜ ਰੱਖ ਸਕਣਗੇ ।

**ਸ੍ਰੀ ਸਰਦਾਰੀ ਲਾਲ ਕਪੂਰ :** ਕੀ ਮਨਿਸਟਰ ਸਾਹਿਬ ਦੱਸਣਗੇ ਕਿ ਜਿਨ੍ਹਾਂ ਲੋਕਾਂ ਨੇ ਬੇਨਾਮੀ ਜ਼ਮੀਨਾਂ ਦੂਜਿਆਂ ਦੇ ਨਾਂ ਤੇ ਕੀਤੀਆਂ ਹਨ, ਉਸ ਵਾਸਤੇ ਕੋਈ ਡੇਟ ਮੁਕਰਰ ਕੀਤੀ ਜਾਵੇਗੀ ਕਿ ਫਲਾਂ ਤਾਰੀਖ ਤੋਂ ਬਾਅਦ ਬੇਨਾਮੀ ਟਰਾਂਜ਼ੈਕਸ਼ਨ ਨਹੀਂ ਮੰਨੀ ਜਾਵੇਗੀ ?

**ਮੰਤਰੀ :** ਇਸ ਕਾਨੂੰਨ ਵਿਚ ਇਹ ਹੈ ਕਿ ਜਿਹੜੀ ਜ਼ਮੀਨ 24 ਜਨਵਰੀ, 1971 ਤੋਂ ਬਾਅਦ ਟਰਾਂਸਫਰ ਹੋਈ ਹੋਵੇ ਅਤੇ ਇਹ ਸ਼ਾਬਤ ਨਾ ਹੋਵੇ ਕਿ ਬੇਨਾਮੀ ਹੈ ਉਹ ਬੇਨਾਮੀ ਸਮਝੀ ਜਾਵੇਗੀ ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ :** ਮੰਤਰੀ ਜੀ ਨੇ ਕਿਹਾ ਹੈ ਕਿ ਜਿਨ੍ਹਾਂ ਨੇ ਬੇਨਾਮੀ ਟਰਾਂਜ਼ੈਕਸ਼ਨਜ਼ ਕੀਤੀਆਂ ਹਨ, ਉਨ੍ਹਾਂ ਬਾਰੇ ਅਫਸਰਾਨ ਨੂੰ ਕਿਹਾ ਹੈ ਕਿ ਉਨ੍ਹਾਂ ਨੂੰ ਟਰੇਸ ਕਰਨ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਇਸ ਬਾਰੇ ਡੈਡ ਲਾਇਨ ਫਿਕਸ ਕੀਤੀ ਜਾਵੇਗੀ ਜਿਸ ਤਕ ਕਿ ਉਨ੍ਹਾਂ ਲੋਕਾਂ ਨੂੰ ਟਰੇਸ ਕਰਕੇ ਉਨ੍ਹਾਂ ਦੇ ਖਿਲਾਫ ਸਖਤ ਐਕਸ਼ਨ ਲਿਆ ਜਾਵੇਗਾ ?

**ਮੰਤਰੀ :** ਬੇਨਾਮੀ ਦੇ ਮੁਤਾਲਿਕ ਬੜੀ ਕੰਪਲੀਕੇਟਿਡ ਜਿਹੀ ਗੱਲ ਹੈ । ਕੁਝ ਕਾਨੂੰਨ ਐਸੇ ਹਨ ਜਿਹੜੇ ਕਿ ਬੇਨਾਮੀ ਚੀਜ਼ ਦੀ ਮਦਦ ਕਰਦੇ ਹਨ । ਸਰਕਾਰ ਇਸ ਪਾਸੇ ਪੂਰੇ ਜ਼ੋਰ ਨਾਲ ਕੋਸ਼ਿਸ਼ ਕਰਨਾ ਚਾਹੁੰਦੀ ਹੈ ਕਿ ਬਨਾਮੀ ਟਰਾਂਜ਼ੈਕਸ਼ਨ ਵਾਲੀ ਜ਼ਮੀਨ ਵੱਧ ਤੋਂ ਵੱਧ ਮਿਲ ਜਾਵੇ ।

**ਸਰਦਾਰ ਗੁਰਦੇਵ ਸਿੰਘ ਬਾਦਲ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਔਰਤਾਂ ਨੂੰ ਉਨ੍ਹਾਂ ਦੇ ਘਰ ਵਾਲਿਆਂ ਨੇ ਤਲਾਕ ਦੇ ਦਿੱਤੇ ਹਨ ਅਤੇ ਉਨ੍ਹਾਂ ਦੇ ਬਾਅਦ ਵਿਚ ਬੱਚੇ ਪੈਦਾ ਹੋਏ ਹਨ, ਕੀ ਉਨ੍ਹਾਂ ਬੱਚਿਆਂ ਨੂੰ ਇਹ ਸਰਕਾਰ ਕੋਈ ਹੱਕ ਦੇਵੇਗੀ ? (ਹਾਸਾ)

(ਕੋਈ ਜਵਾਬ ਨਹੀਂ ਦਿੱਤਾ ਗਿਆ)

**ਚੌਧਰੀ ਰਾਮ ਸਿੰਘ :** ਸਪੀਕਰ ਸਾਹਿਬ, ਕੀ ਵਜ਼ੀਰ ਸਾਹਿਬ ਇਹ ਦੱਸਣ ਦੀ ਕ੍ਰਿਪਾ ਕਰਨਗੇ ਕਿ ਜਿਹੜੇ ਆਦਮੀਆਂ ਨੇ ਡਾਈਵੋਰਸ ਦਿੱਤੇ ਹਨ, ਉਹ ਕਿੰਨੇ ਆਦਮੀ ਹਨ ਕੀ ਉਨ੍ਹਾਂ ਦੀਆਂ ਲਿਸਟਾਂ ਬਣਾਈਆਂ ਹਨ ? (ਹਾਸਾ) (ਵਿਘਨ)

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ** : ਨੈਕਸਟ ਕੁਐਸ਼ਚਨ, ਗਿਆਨੀ ਅਰਜਨ ਸਿੰਘ ਲਿੱਟ ।

---

**1974-75 ਦੇ ਦੌਰਾਨ ਪਰਯੋਗਸ਼ਾਲਾ ਵਿਚ ਟੈਸਟ ਕਰਵਾਏ ਗਏ ਖਾਦ ਦੇ ਨਮੂਨੇ**

***3295** 1. ਗਿਆਨੀ ਅਰਜਨ ਸਿੰਘ ਲਿੱਟ
2. ਸਰਦਾਰ ਸੁਰਜੀਤ ਸਿੰਘ ਸਿੱਧੂ

ਕੀ ਖੇਤੀ ਅਤੇ ਜੰਗਲਾਤ ਦੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਰਾਜ ਵਿੱਚ ਸਰਕਾਰ ਜਾਂ ਦੂਸਰੀਆਂ ਪ੍ਰਾਈਵੇਟ ਏਜੰਸੀਆਂ ਦੁਆਰਾ ਕਿਸਾਨਾਂ ਨੂੰ ਸਪਲਾਈ ਕੀਤੇ ਜਾਂਦੇ ਖਾਦ ਦੇ ਨਮੂਨੇ ਲੈ ਕੇ ਪ੍ਰਯੋਗਸ਼ਾਲਾ ਵਿਚ ਟੈਸਟ ਕਰਵਾਏ ਜਾਂਦੇ ਹਨ, ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਨ ਹਨ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਸਾਲ 1974-75 ਦੇ ਦੌਰਾਨ ਅਜਿਹੇ ਕਿੰਨੇ ਨਮੂਨੇ ਲਏ ਗਏ ਅਤੇ ਉਨ੍ਹਾਂ ਦੇ ਸਿੱਟੇ ?

**ਮਾਸਟਰ ਗੁਰਬੰਤਾ ਸਿੰਘ** : (ੳ) ਹਾਂ ਜੀ । ਖਾਦਾਂ ਦੇ ਸੈਂਪਲ ਖਾਦ ਦੇ ਡੀਲਰਾਂ ਪਾਸੋਂ ਭਰੇ ਜਾਂਦੇ ਹਨ ਤੇ ਟੈਸਟ ਕੀਤੇ ਜਾਂਦੇ ਹਨ ਤਾਂ ਜੋ ਇਨ੍ਹਾਂ ਦੀ ਕੁਆਲਟੀ ਤੇ ਨਿਗਰਾਨੀ ਰੱਖੀ ਜਾ ਸਕੇ ।

(ਅ) ਸਾਲ 1974-75 ਵਿੱਚ ਖਾਦਾਂ ਦੇ 908 ਸੈਂਪਲ ਭਰੇ ਗਏ ਤੇ ਟੈਸਟ ਕੀਤੇ ਗਏ ਸਨ । ਇਨ੍ਹਾਂ ਵਿੱਚੋਂ 110 ਸੈਂਪਲ ਖਰਾਬ ਆਏ ਸਨ । ਦੋਸ਼ੀਆਂ ਵਿਰੁੱਧ ਮਾਮਲੇ ਦਰਜ ਕਰਵਾਏ ਗਏ ਹਨ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ ਜਿਹੜੇ ਸੈਂਪਲ ਭਰੇ ਹਨ ਉਨ੍ਹਾਂ ਵਿਚ 10% ਸੈਂਪਲ ਖਰਾਬ ਨਿਕਲੇ ਹਨ ਅਤੇ ਉਨ੍ਹਾਂ ਦੇ ਖਿਲਾਫ ਪਰਚੇ ਦਰਜ ਕੀਤੇ ਗਏ ਹਨ । ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਅਦਾਲਤਾਂ ਵਿਚ ਪਰਚੇ ਦਰਜ ਕਰਨ ਦਾ ਪ੍ਰੋਸੀਜ਼ਰ ਹੈ ਇਹ ਬੜਾ ਲੈਂਗਥੀ ਹੈ ਅਤੇ ਬਾਅਦ ਵਿਚ ਫੇਲ੍ਹ ਹੋ ਜਾਂਦਾ ਹੈ । ਇਸ ਨਾਲ ਕਿਸਾਨਾਂ ਦਾ ਬੜਾ ਭਾਰੀ ਨੁਕਸਾਨ ਹੁੰਦਾ ਹੈ ਅਤੇ ਉਹ ਮਾਰਿਆ ਜਾਂਦਾ ਹੈ ਇਸ ਲਈ ਸਰਕਾਰ ਇਸ ਮੈਥਡ ਨੂੰ ਸਿੰਪਲ ਕਰਕੇ ਕੋਈ ਡਾਇਰੈਕਟ ਤਰੀਕੇ ਨਾਲ ਇੰਤਜ਼ਾਮ ਕਰੇਗੀ ਜਿਸ ਨਾਲ ਕਿਸਾਨਾਂ ਨੂੰ ਸਹੂਲਤ ਹੋ ਸਕੇ ?

**ਸ਼੍ਰੀ ਸਪੀਕਰ** : ਹਾਂ ਜੀ, ਮਾਸਟਰ ਜੀ, ਸਿੰਪਲੀਫਾਈ ਕਰਨ ਲਈ ਕੋਈ ਤਰੀਕਾ ਦੱਸੋ ?

**ਮੰਤਰੀ** : ਸਪੀਕਰ ਸਾਹਿਬ, ਇਸ ਤੋਂ ਵੱਧ ਹੋਰ ਕੀ ਤਰੀਕਾ ਹੋ ਸਕਦਾ ਹੈ ਕਿ ਅਸੀਂ ਕੇਸ ਰਜਿਸਟਰ ਕਰਕੇ ਉਸ ਦਾ ਚਲਾਨ ਕਰਦੇ ਹਾਂ ਅਤੇ ਬਾਅਦ ਵਿਚ ਜੇ ਉਸ ਦਾ ਸੈਂਪਲ ਖਰਾਬ ਨਿਕਲਦਾ ਹੈ ਤਾਂ ਉਸ ਦਾ ਲਾਇਸੈਂਸ ਕੈਂਸਲ ਕਰ ਦਿੰਦੇ ਹਾਂ ਅਤੇ ਉਹ ਖਾਦ ਵੇਚ ਨਹੀਂ ਸਕਦਾ ।

**ਸਰਦਾਰ ਸਤਨਾਮ ਸਿੰਘ ਬਾਜਵਾ** : ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪਿਛੇ ਜਿਹੇ ਗੌਰਮਿੰਟ ਨੇ ਇਹ ਕਿਹਾ ਹੈ ਕਿ

Original with
Punjab Vidhan Sabha
Digitized by
Panjab Digital Library

ਹੁਣ ਖਾਦ ਦੀਆਂ ਕੀਮਤਾਂ ਘਟਾਈਆਂ ਹਨ ਕੀ ਇਹ ਗੱਲ ਠੀਕ ਨਹੀਂ ਕਿ ਇਨ੍ਹਾਂ ਨੇ ਹੁਣ ਖਾਦ ਦੀ ਮਿਕਦਾਰ 50 ਕਿਲੋ ਤੋਂ 45 ਕਿਲੋ ਕਰ ਦਿੱਤੀ ਹੈ ?

**ਸ੍ਰੀ ਸਪੀਕਰ** : ਬਾਜਵਾ ਸਾਹਿਬ, ਤੁਸੀਂ ਤਾਂ ਬੜੇ ਸਿਆਣੇ ਮੈਂਬਰ ਹੋ, ਸਵਾਲ ਤਾਂ ਇਸ ਨਾਲ ਸਬੰਧਤ ਨਹੀਂ ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਜਿਵੇਂ ਇਨ੍ਹਾਂ ਨੇ ਇਹ ਕਿਹਾ ਹੈ ਕਿ ਜਦੋਂ ਕਿਸੇ ਦਾ ਸੈਂਪਲ ਖਰਾਬ ਹੋਵੇ ਤਾਂ ਲਾਇਸੈਂਸ ਕੈਂਸਲ ਕਰ ਦਿੱਤਾ ਜਾਂਦਾ ਹੈ । ਇਸ ਗੱਲ ਦੇ ਪੇਸ਼ੇ ਨਜ਼ਰ ਕਿ ਆਦਮੀ ਦਾ ਜਦ ਲਾਇਸੈਂਸ ਕੈਂਸਲ ਕਰ ਦਿੱਤਾ ਜਾਂਦਾ ਹੈ ਤਾਂ ਉਹ ਡਾਲਡੇ ਦਾ ਜਾਂ ਤੇਲ ਦਾ ਲਾਇੰਸੈਂਸ ਲੈ ਕੇ ਹੋਰ ਕੰਮ ਚਾਲੂ ਕਰ ਲੈਂਦਾ ਹੈ । ਮੈਂ ਕਹਿੰਦਾ ਹਾਂ ਕਿ ਇਹ ਕੋਈ ਉਸ ਨੂੰ ਸਜ਼ਾ ਤਾਂ ਨਹੀਂ ਹੈ । ਇਹ ਤਾਂ ਸਿਰਫ ਉਸ ਨੇ ਆਪਣਾ ਕਾਰੋਬਾਰ ਬਦਲ ਲੈਣਾ ਹੈ । ਕੀ ਇਸ ਦੇ ਲਈ ਮਨਿਸਟਰ ਸਾਹਿਬ ਕੋਈ ਆਨ ਦੀ ਸਪਾਟ ਸਜ਼ਾ ਦੇਣ ਦਾ ਤਰੀਕਾ ਕੱਢਣਗੇ ?

**ਮੰਤਰੀ** : ਸਪੀਕਰ ਸਾਹਿਬ, ਜਦੋਂ ਕਿਸੇ ਦਾ ਸੈਂਪਲ ਖਰਾਬ ਨਿਕਲੇ ਤਾਂ ਉਸ ਦਾ ਲਾਇਸੈਂਸ ਕੈਂਸਲ ਕਰ ਦਿੱਤਾ ਜਾਂਦਾ ਹੈ । ਇਸ ਤੋਂ ਵੱਧ ਹੋਰ ਕੀ ਸਜ਼ਾ ਹੋ ਸਕਦੀ ਹੈ ? ਆਨ ਦੀ ਸਪਾਟ ਤਾਂ ਸਜ਼ਾ ਅਸੀਂ ਦੇ ਨਹੀਂ ਸਕਦੇ ਕਿਉਂਕਿ ਜਦ ਤਕ ਇਹ ਨਾ ਪਤਾ ਲਗ ਜਾਵੇ ਕਿ ਉਹ ਬੇਗੁਨਾਹ ਹੈ ਜਾਂ ਗੁਨਾਹਗਾਰ ਹੈ । ਆਨ ਦੀ ਸਪਾਟ ਸਜ਼ਾ ਦੇਣ ਨਾਲ ਕਿਤੇ ਇਹ ਨਾ ਹੋਵੇ ਕਿ ਬੇਗੁਨਾਹ ਹੀ ਮਾਰੇ ਜਾਣ ।

**ਸਰਦਾਰ ਸੁਖਦੇਵ ਸਿੰਘ ਢਿੱਲੋਂ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ 110 ਸੈਂਪਲ ਖਰਾਬ ਨਿਕਲੇ ਹਨ ਉਨ੍ਹਾਂ ਵਿਚ ਸਰਕਾਰੀ ਅਦਾਰਿਆਂ ਦੇ ਕਿੰਨੇ ਸੈਂਪਲ ਹਨ ?

**ਮੰਤਰੀ** : ਸਪੀਕਰ ਸਾਹਿਬ, ਸਰਕਾਰੀ ਅਦਾਰਿਆਂ ਦੇ ਕਿੰਨੇ ਸੈਂਪਲ ਹਨ ਜਾਂ ਮਾਰਕਫੈਡ ਦੇ ਕਿੰਨੇ ਸੈਂਪਲ ਹਨ ਜਾਂ ਪ੍ਰਾਈਵੇਟ ਦੇ ਕਿੰਨੇ ਸੈਂਪਲ ਹਨ, ਇਸ ਦੇ ਲਈ ਇਹ ਪੁੱਛ ਲੈਣ ਜਵਾਬ ਦੇ ਦੇਵਾਂਗੇ । (ਵਿਘਨ)

**ਇਕ ਆਵਾਜ਼** : ਪੁੱਛਿਆ ਤਾਂ ਹੈ ਹੀ ।

**ਸ੍ਰੀ ਸਪੀਕਰ** : ਉਨ੍ਹਾਂ ਕੋਲ ਹੁਣ ਇਨਫਰਮੇਸ਼ਨ ਨਹੀਂ ਹੈ।

**ਸਰਦਾਰ ਦਰਬਾਰਾ ਸਿੰਘ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਕੋਈ ਸੈਂਪਲ ਫੇਲ੍ਹ ਹੋ ਜਾਂਦਾ ਹੈ ਤਾਂ ਕੀ ਇਹ ਉਨ੍ਹਾਂ ਦਾ ਬਾਕੀ ਸਟਾਕ ਜ਼ਬਤ ਕਰ ਲੈਂਦੇ ਹਨ ਜਿਵੇਂ ਉਨ੍ਹਾਂ ਕੋਲ ਬਾਕੀ ਖਾਦ ਪਈ ਹੁੰਦੀ ਹੈ । ਦੂਜੀ ਗਲ ਕੀ ਇਹ ਉਨ੍ਹਾਂ ਨੂੰ ਕੋਈ ਦਾਣੇਦਾਰ ਖਾਦ ਦੇਣ ਲਈ ਤਿਆਰ ਹਨ ਜਿਸ ਵਿਚ ਮਿਲਾਵਟ ਨਹੀਂ ਹੋ ਸਕਦੀ ?

**ਮੰਤਰੀ** : ਸਪੀਕਰ ਸਾਹਿਬ, ਜਿਹੜੇ ਆਦਮੀਆਂ ਦੇ ਸੈਂਪਲ ਭਰੇ ਜਾਂਦੇ ਹਨ ਉਨ੍ਹਾਂ ਕੋਲ ਜਿਹੜਾ ਬਾਕੀ ਸਟਾਕ ਖਾਦ ਦਾ ਹੁੰਦਾ ਹੈ ਉਹ ਸਾਰਾ ਜ਼ਬਤ ਕਰ ਲਿਆ ਜਾਂਦਾ ਹੈ । ਉਹ ਬਾਜ਼ਾਰ ਵਿਚ ਵੇਚਿਆ ਨਹੀਂ ਜਾ ਸਕਦਾ । ਦੂਜੀ ਗਲ ਜਿਹੜੀ ਇਨ੍ਹਾਂ ਨੇ ਕਹੀ ਹੈ ਉਸ ਦਾ ਇਸ ਸਵਾਲ ਨਾਲ ਕੋਈ ਤੁਅੱਲਕ ਨਹੀਂ ਹੈ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਹਿਲਾਦ ਸਿੰਘ** : ਸਪੀਕਰ ਸਾਹਿਬ, ਇਹ ਘਪਲਾ ਪ੍ਰਾਈਵੇਟ ਏਜੰਸੀਆਂ ਵਿੱਚ ਨਹੀਂ ਹੁੰਦਾ । ਇਹ ਘਪਲਾ ਤਾਂ ਜਿਹੜੀਆਂ ਮਾਰਕਫੈਡ ਦੀਆਂ ਏਜੰਸੀਆਂ ਹਨ ਉਨ੍ਹਾਂ ਵਿਚ ਬਹੁਤ ਜ਼ਿਆਦਾ ਹੁੰਦਾ ਹੈ । ਪਿਛੇ ਸਮਰਾਲਾ ਵਿਚ ਮਾਰਕਫੈਡ ਦਾ ਇਕ ਸੈਂਪਲ ਭਰਿਆ ਸੀ ਅਤੇ ਉਹ ਖਰਾਬ ਨਿਕਲਿਆ । ਕੀ ਇਹ ਸਰਕਾਰ ਉਨ੍ਹਾਂ ਮੁਲਾਜ਼ਮਾਂ ਨੂੰ ਜਾਂ ਅਫਸਰਾਂ ਨੂੰ ਨੌਕਰੀ ਤੋਂ ਕੱਢੇਗੀ ਜਾਂ ਕੋਈ ਹੋਰ ਸਜ਼ਾ ਦੇਵੇਗੀ ?

**ਮੰਤਰੀ** : ਸਪੀਕਰ ਸਾਹਿਬ, ਮਾਰਕਫੈਡ ਦੇ ਜਿਹੜੇ ਵੀ ਸੈਂਪਲ ਖਰਾਬ ਨਿਕਲੇ ਹਨ ਜਾਂ ਕਿਸੇ ਹੋਰ ਏਜੰਸੀ ਦੇ ਖਰਾਬ ਨਿਕਲੇ ਹਨ, ਉਨ੍ਹਾਂ ਦੇ ਬਰਖਿਲਾਫ ਐਕਸ਼ਨ ਲਿਆ ਗਿਆ ਹੈ ਅਤੇ ਉਨ੍ਹਾਂ ਦੇ ਲਾਇਸੈਂਸ ਕੈਂਸਲ ਕਰ ਦਿੱਤੇ ਗਏ ਹਨ ਅਤੇ ਉਨ੍ਹਾਂ ਦੇ ਬਰਖਿਲਾਫ ਕੇਸ ਰਜਿਸਟਰ ਕੀਤੇ ਗਏ ਹਨ ।

**ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ** : ਸਪੀਕਰ ਸਾਹਿਬ, ਤਲਵੰਡੀ ਭਾਈ ਮਾਰਕਫੈਡ ਦਾ ਸੈਂਪਲ ਖਰਾਬ ਨਿਕਲਿਆ ਸੀ ਅਤੇ ਉਸ ਦੇ ਖਿਲਾਫ ਕੇਸ ਵੀ ਰਜਿਸਟਰ ਕੀਤਾ ਗਿਆ ਸੀ ਪਰ ਹੁਣ ਚੀਫ ਮਨਿਸਟਰ ਸਾਹਿਬ ਨੇ ਉਹ ਕੇਸ ਵਾਪਸ ਲੈਣ ਲਈ ਆਰਡਰ ਕਰ ਦਿੱਤੇ ਹਨ ਇਸ ਤੋਂ ਵੱਧ ਮਾੜੀ ਗਲ ਹੋਰ ਕੀ ਹੋ ਸਕਦੀ ਹੈ ।

(ਕੋਈ ਜਵਾਬ ਨਹੀਂ ਦਿੱਤਾ ਗਿਆ)

**ਸ੍ਰੀ ਸਪੀਕਰ** : ਇਹ ਤਾਂ ਇੰਡਵਿਜੂਅਲ ਕੇਸ ਹੈ, ਇਸ ਦਾ ਜਵਾਬ ਕਿਸ ਤਰ੍ਹਾਂ ਦਿੱਤਾ ਜਾ ਸਕਦਾ ਹੈ (ਵਿਘਨ) ਨਾਟ ਅਲਾਊਡ । ਇਹ ਇੰਡਵਿਜੂਅਲ ਕੇਸ ਹੈ ਇਸ ਦੀ ਇਨਫਰਮੇਸ਼ਨ ਮਨਿਸਟਰ ਸਾਹਿਬ ਕੋਲ ਨਹੀਂ ਹੋ ਸਕਦੀ ।

**ਸ੍ਰੀ ਪ੍ਰੇਮ ਗੁਪਤਾ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮਾਰਕਫੈਡ ਦੀ ਜਿਹੜੀ ਡਿਸਟਰੀਬਿਊਸ਼ਨ ਹੈ ਇਸ ਵਿਚ ਕਈ ਖਾਮੀਆਂ ਹਨ । ਇਸ ਲਈ ਕੀ ਇਹ ਸਰਕਾਰ ਇਸ ਨੂੰ ਆਪਣੇ ਕੰਟਰੋਲ ਵਿਚ ਲੈਕੇ ਫੂਡ ਅਤੇ ਸਪਲਾਈਜ਼ ਵਿਭਾਗ ਦੁਆਰਾ ਇਸ ਦੀ ਡਿਸਟਰੀਬਿਊਸ਼ਨ ਕਰਾਉਣ ਦਾ ਪ੍ਰਬੰਧ ਕਰੇਗੀ ?

**ਮੰਤਰੀ** : ਸਪੀਕਰ ਸਾਹਿਬ, ਜਿਸ ਤਰ੍ਹਾਂ ਮਾਰਕਫੈਡ ਡਿਸਟਰੀਬਿਊਸ਼ਨ ਕਰਦੀ ਹੈ ਉਸ ਤਰ੍ਹਾਂ ਹੀ ਫੂਡ ਅਤੇ ਸਪਲਾਈਜ਼ ਵਿਭਾਗ ਨੇ ਕਰਨੀ ਹੈ ਇਸ ਵਿਚ ਤਾਂ ਕੋਈ ਫਰਕ ਨਹੀਂ ਹੈ । ਪਰ ਸਰਕਾਰ ਇਸ ਨੂੰ ਆਪਣੇ ਕੰਟਰੋਲ ਵਿਚ ਕਿਸ ਤਰ੍ਹਾਂ ਲੈ ਸਕਦੀ ਹੈ, ਇਹ ਕਰੋੜਾਂ ਰੁਪਏ ਦੀ ਗਲ ਹੈ ।

**ਸ੍ਰੀ ਸਰਦਾਰੀ ਲਾਲ ਕਪੂਰ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਵੇਲੇ ਖਾਦ ਦਾ ਸੈਂਪਲ ਲਿਆ ਜਾਂਦਾ ਹੈ ਤਾਂ ਉਸ ਨੂੰ ਐਗਜ਼ਾਮਿਨ ਕਰਨ ਵਿਚ ਕਿੰਨਾ ਟਾਇਮ ਲਗਦਾ ਹੈ ਅਤੇ ਕਿਹੜੀ ਲੈਬਾਰਟਰੀ ਵਿੱਚ ਇਸ ਨੂੰ ਟੈਸਟ ਕਰਨ ਲਈ ਭੇਜਿਆ ਜਾਂਦਾ ਹੈ ?

**ਮੰਤਰੀ** : ਸਪੀਕਰ ਸਾਹਿਬ, ਜਿਹੜਾ ਵੀ ਸੈਂਪਲ ਲਿਆ ਜਾਂਦਾ ਹੈ ਉਸ ਨੂੰ 3 ਜਾਂ 4 ਦਿਨਾਂ ਵਿਚ ਹੀ ਐਗਜ਼ਾਮਿਨ ਕਰ ਲਿਆ ਜਾਂਦਾ ਹੈ ਅਤੇ ਸਾਡੀ ਲੁਧਿਆਣੇ ਇਕ ਲੈਬਾਰਟਰੀ ਹੈ ਜਿਸ ਵਿਚ ਇਸ ਨੂੰ ਟੈਸਟ ਕਰਨ ਲਈ ਭੇਜਿਆ ਜਾਂਦਾ ਹੈ ।

Original with:
Punjab Vidhan Sabha
Digitized by:
Panjab Digital Library

**Mr. Speaker** . Next question

---

**ਰਾਜ ਵਿੱਚ ਕਿਸਾਨਾਂ ਨੂੰ ਰਸਾਇਣਕ ਖਾਦ ਦੀ ਸਪਲਾਈ ਲਈ ਸਕੀਮ**

*3296 1. **ਗਿਆਨੀ ਅਰਜਨ ਸਿੰਘ ਲਿੱਟ**
2. **ਸਰਦਾਰ ਸੁਰਜੀਤ ਸਿੰਘ ਸਿੱਧੂ** } ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ:-

(ੳ) ਸਰਕਾਰ ਦੀ ਰਾਜ ਵਿੱਚ ਕਿਸਾਨਾਂ ਨੂੰ ਰਸਾਇਣਕ ਖਾਦ ਦੀ ਲੋੜੀਂਦੀ ਸਪਲਾਈ ਨੂੰ ਯਕੀਨੀ ਬਣਾਉਣ ਦੀ ਕੋਈ ਤਜਵੀਜ਼ ਹੈ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਰਸਾਇਣਕ ਖਾਦ ਦੀ ਵੰਡ ਲਈ ਸਰਕਾਰ ਦੁਆਰਾ ਇਸ ਤਰ੍ਹਾਂ ਬਣਾਈ ਗਈ ਸਕੀਮ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ?

**ਮਾਸਟਰ ਗੁਰਬੰਤਾ ਸਿੰਘ** : (ੳ) ਹਾਂ ਜੀ । ਰਾਜ ਦੇ ਕਿਸਾਨਾਂ ਦੀ ਖਾਦਾਂ ਦੀ ਹੁਣ ਕੁਲ ਮੰਗ ਪੂਰੀ ਕੀਤੀ ਜਾ ਰਹੀ ਹੈ ;

(ਅ) ਨੋਟ ਦੀ ਕਾਪੀ ਜਿਸ ਵਿੱਚ ਖਾਦਾਂ ਦੀ ਮੰਗ, ਸਪਲਾਈ ਤੇ ਕੁਮਿਟਮੈਂਟ ਦਾ ਵੇਰਵਾ ਦਿੱਤਾ ਹੈ, ਨਾਲ ਅੰਤਿਕਾ ਤੇ ਨੱਥੀ ਹੈ । ਰਸਾਇਣਕ ਖਾਦਾਂ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ/ਪੰਜਾਬ ਸਹਿਕਾਰੀ ਸਪਲਾਈ ਐਂਡ ਮਾਰਕੀਟਿੰਗ ਫੈਡਰੇਸ਼ਨ ਅਤੇ ਉਤਪਾਦਕਾਂ ਦੇ ਡੀਲਰ ਸਪਲਾਈ ਕਰਦੇ ਹਨ ।

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਅਤੇ ਜੰਗਲਾਤ ਮੰਤਰੀ]

## ਅੰਤਿਕਾ

(ਅ) ਸਾਲ 1975-76—ਖਾਦ ਦੀ ਲੋੜ ਤੇ ਸਪਲਾਈ ਦੀ ਯੋਜਨਾ

(ਲਖ ਟਨ)

| | | ਸੌਣੀ | | | | ਹਾੜੀ | | | |
|---|---|---|---|---|---|---|---|---|---|
| | | ਨਾਈਟਰੋਜਨਸ | ਫਾਸਫੈਟਿਕ | ਪੋਟਾਸ਼ਿਕ | ਜੋੜ | ਨਾਈਟਰੋਜਨਸ | ਫਾਸਫੈਟਿਕ | ਪੋਟਾਸਿਕ | ਜੋੜ |
| 1. | ਟੀਚੇ | 5.00 | 1.10 | 0.10 | 6.20 | 8.75 | 3.75 | 0.25 | 12.75 |
| 2. | (ਸਟਾਕਸ) | | | | | | | | |
| (I) | 1-4-75 ਨੂੰ ਸਟਾਕਸ | 2.76 | 1.88 | 0.34 | 4.98 | | | | |
| (II) | ਸਪਲਾਈ (ਅਪ੍ਰੈਲ–ਜੂਨ,1975) | 1.86 | 0.42 | 0.02 | 2.30 | | | | |
| (III) | ਕੁਲ ਸਟਾਕਸ | 4.62 | 2.30 | 0.36 | 7.28 | | | | |
| 3. | ਖਪਤ | | | | | | | | |
| | ਅਪ੍ਰੈਲ-ਜੂਨ, 74 | 0·60 | 0.15 | 0.03 | 0.78 | | | | |
| | ਅਪ੍ਰੈਲ-ਜੂਨ, 75 | 1.68 | 0.24 | 0.02 | 1.94 | | | | |
| 4. | 1-7-75 ਨੂੰ ਪਰਲਬਦ ਸ ਟਾਕ | 2.94 | 2.06 | 0.34 | 5.34 | | | | |

ਨੋਟ :- ਕੇਂਦਰੀ ਸਰਕਾਰ ਸਾਲ 1975-76 ਦੀ ਸੌਣੀ ਤੇ ਹਾੜੀ ਲਈ ਕੁਲ ਖਾਦਾਂ ਦੀ ਲੋੜ ਪੂਰੀ ਕਰਨ ਲਈ ਸਹਿਮਤ ਹੋ ਗਈ ਹੈ ਅਤੇ ਇਸ ਤੋਂ ਬਿਨਾਂ 10% ਵਾਧੂ ਸਪਲਾਈ ਪਾਈਪਲਾਈਨ ਲਈ (ਰਾਹ ਵਿੱਚ ਹੋਵੇਗੀ) ।

Original with Punjab Vidhan Sabha Digitized by; Panjab Digital Library

**ਸਰਦਾਰ ਸੁਰਜੀਤ ਸਿੰਘ ਸਿੱਧੂ** : ਸਪੀਕਰ ਸਾਹਿਬ, ਕਿਸਾਨਾਂ ਦੀ ਮੰਗ ਨੂੰ ਮੁੱਖ ਰਖਦੇ ਹੋਏ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਬਠਿੰਡੇ ਜ਼ਿਲ੍ਹੇ ਵਿਚ ਇਕ ਬੋਰੀ ਵੀ ਖਾਦ ਦੀ ਨਹੀਂ ਮਿਲ ਰਹੀ ਜਦ ਕਿ ਇਸ ਵੇਲੇ ਕਿਸਾਨਾਂ ਨੂੰ ਇਸ ਦੀ ਬਹੁਤ ਲੋੜ ਹੈ। ਪਤਾ ਲਗਿਆ ਹੈ ਕਿ ਸਰਕਾਰ ਨੇ ਇਕ ਨੋਟੀਫੀਕੇਸ਼ਨ ਜਾਰੀ ਕੀਤੀ ਹੈ ਮਾਰਕੀਟਿੰਗ ਸੁਸਾਇਟੀਆਂ ਨੂੰ ਕਿ ਪਹਿਲਾਂ ਪਿੱਛਲੀ ਰਿਕਵਰੀ ਕੀਤੀ ਜਾਵੇ। ਇਹੋ ਜਿਹੇ ਹਾਲਾਤ ਵਿਚ ਕੀ ਮਨਿਸਟਰ ਸਾਹਿਬ ਕੋਈ ਜਵਾਬ ਦੇਣਗੇ ਜਿਸ ਨਾਲ ਬਠਿੰਡੇ ਜ਼ਿਲ੍ਹੇ ਵਿਚ ਇਹ ਹਾਲਤ ਸੁਧਾਰੀ ਜਾ ਸਕੇ ?

**ਮੰਤਰੀ** : ਸਪੀਕਰ ਸਾਹਿਬ, ਪੰਜਾਬ ਵਿਚ ਖਾਦ ਦਾ ਤੋਟਾ ਨਹੀਂ ਹੈ। ਖਾਦ ਪੂਰੀ ਤਰ੍ਹਾਂ ਸਪਲਾਈ ਕੀਤੀ ਜਾਂਦੀ ਹੈ। ਜਿਹੜੀ ਖਾਦ ਕੋਆਪ੍ਰੇਟਿਵ ਸੋਸਾਇਟੀਆਂ ਦੀ ਮਾਰਫਤ ਤਕਸੀਮ ਕੀਤੀ ਜਾਂਦੀ ਹੈ ਲੋਨ ਦੀ ਰੀਪੇਮੈਂਟ ਵਿਚ ਜਿਹੜੇ ਮੈਂਬਰਜ਼ ਡਿਫਾਲਟਰ ਹਨ ਉਨ੍ਹਾਂ ਨੂੰ ਨਹੀਂ ਦਿੱਤੀ ਜਾਂਦੀ। ਜਿਤਨਾਂ ਚਿਰ ਉਹ ਬੈਂਕ ਦੇ ਪੈਸੇ ਵਾਪਸ ਨਹੀਂ ਕਰਦੇ ਉਨ੍ਹਾਂ ਨੂੰ ਖਾਦ ਨਹੀਂ ਦਿੱਤੀ ਜਾਂਦੀ। ਬਾਕੀ ਜਿਹੜੇ ਮੈਂਬਰ ਹਨ ਉਨ੍ਹਾਂ ਨੂੰ ਖਾਦ ਪੂਰੀ ਮਿਲਦੀ ਹੈ। (ਵਿਘਨ)

**ਸਰਦਾਰ ਦਰਬਾਰਾ ਸਿੰਘ** : ਸਪੀਕਰ ਸਾਹਿਬ, ਇਸ ਕੰਮ ਨੂੰ ਯਕੀਨੀ ਬਣਾਉਣ ਲਈ ਕਿ ਜਿਹੜੀ ਖਾਦ ਕਿਸਾਨਾਂ ਨੂੰ ਮਿਲਦੀ ਹੈ ਜਿਹੜੀ ਲਿਖੀ ਹੋਈ ਸਪੈਸੀਫੀਕੇਸ਼ਨ ਹੈ ਉਸ ਦੇ ਮੁਤਾਬਿਕ ਮਿਲੇ, ਕੀ ਵਜ਼ੀਰ ਸਾਹਿਬ ਜਦੋਂ ਕੋਈ ਵੀ ਸੈਂਪਲ ਸਬ-ਸਟੈਂਡਰਡ ਦਾ ਹੋਵੇ ਤਾਂ ਉਸ ਦੇ ਮੈਨੂੰਫੈਕਚਰਿੰਗ ਯੂਨਿਟ ਦੇ ਲਾਈਸੈਂਸ ਨੂੰ ਕੈਂਸਲ ਕਰਨ ਲਈ ਯਤਨ ਕਰਨਗੇ ਔਰ ਬਾਕੀ ਹੱਟੀਆਂ ਵਿਚ ਜਿਹੜਾ ਸਟਾਕ ਉਸ ਸਬ-ਸਟੈਂਡਰਡ ਖਾਦ ਦਾ ਸਪਲਾਈ ਹੋਇਆ ਹੋਇਆ ਹੁੰਦਾ ਹੈ ਉਹ ਸਾਰੇ ਦਾ ਸਾਰਾ ਮਾਲ ਜ਼ਬਤ ਕਰਨਾ ਚਾਹੀਦਾ ਹੈ। ਮੈਂ ਇਹ ਬੇਨਤੀ ਕਰਾਂਗਾ ਕਿ ਉਹ ਜ਼ਰੂਰ ਜ਼ਬਤ ਕਰਨ ਦਾ ਉਪਰਾਲਾ ਕਰਨ ਔਰ ਉਸ ਦਾ ਮੈਨੂੰਫੈਕਚਰਿੰਗ ਯੂਨਿਟ ਜਿਹੜਾ ਹੋਵੇ ਉਸ ਦਾ ਲਾਈਸੈਂਸ ਕੈਂਸਲ ਕਰਨ ਦਾ ਉਪਰਾਲਾ ਕਰਨ।

**ਸ੍ਰੀ ਸਪੀਕਰ** : ਸਰਦਾਰ ਦਰਬਾਰਾ ਸਿੰਘ ਜੀ, ਤੁਸੀਂ ਸੁਜੈਸ਼ਨ ਨਾ ਦਿਓ, ਸਵਾਲ ਕਰੋ।

**ਸਰਦਾਰ ਦਰਬਾਰਾ ਸਿੰਘ** : ਮੈਂ ਸਵਾਲ ਕਰਦਾ ਹਾਂ ਜੀ ਕਿ ਕੀ ਵਜ਼ੀਰ ਸਾਹਿਬ ਜਿਨ੍ਹਾਂ ਦਾ ਮਾਲ ਸਬ-ਸਟੈਂਡਰਡ ਨਿਕਲੇ ਉਨ੍ਹਾਂ ਦੇ ਮੈਨੂੰਫੈਚਰਿੰਗ ਯੂਨਿਟ ਦਾ ਲਾਈਸੈਂਸ ਕੈਂਸਲ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਸਵਾਲ ਵਿੱਚ ਤਾਂ ਪੁੱਛਿਆ ਗਿਆ ਹੈ ਕਿ ਖਾਦ ਸਪਲਾਈ ਕੀਤੀ ਜਾਂਦੀ ਹੈ ਜਾਂ ਨਹੀਂ। ਇਸ ਵਿਚ ਇਹ ਕਿਤੇ ਨਹੀਂ ਪੁੱਛਿਆ ਕਿ ਜਿਹੜੀ ਖਰਾਬ ਖਾਦ ਹੈ ਉਹ ਜ਼ਬਤ ਕਰੋ ਜਾਂ ਨਾ ਕਰੋ ਜਾਂ ਲਾਇਸੈਂਸ ਕੈਂਸਲ ਕਰੋ। ਪਹਿਲੇ ਸਵਾਲ ਵਿਚ ਜੋ ਸੀ, ਉਸ ਦਾ ਜਵਾਬ ਮੈਂ ਦੇ ਦਿੱਤਾ ਹੈ

**ਕਾਮਰੇਡ ਅਰਜਨ ਸਿੰਘ ਮਸਤਾਨਾ** : ਕੀ ਵਜ਼ੀਰ ਸਾਹਿਬ ਨੂੰ ਇਸ ਗਲ ਦਾ ਇਲਮ ਹੈ ਕਿ ਇਸ ਸਰਕਾਰ ਵਲੋਂ ਹਦਾਇਤਾਂ ਗਈਆਂ ਹਨ, ਸਰਕੂਲਰ ਗਿਆ ਹੈ ਕਿ ਜਿਹੜੀਆਂ ਡਿਫਾਲਟਿੰਗ ਸੋਸਾਇਟੀਆਂ ਹਨ ਉਨ੍ਹਾਂ ਨੂੰ ਖਾਦ ਨਾ ਦਿੱਤੀ ਜਾਵੇ ਔਰ ਅੰਮ੍ਰਿਤਸਰ ਦੇ ਜ਼ਿਲ੍ਹੇ ਵਿਚ ਪੱਟੀ ਅਤੇ ਤਰਨਤਾਰਨ ਵਿਚ 90 ਫੀਸਦੀ ਸੋਸਾਇਟੀਆਂ ਡਿਫਾਲਟਰਜ਼ ਹਨ ਔਰ ਐਗਰੋ-ਇੰਡਸਟਰੀਜ਼ ਦੇ ਖਾਦ ਦੇ ਡਿਪੂ 30-30 ਮੀਲ ਦੀ ਵਿੱਥ ਤੇ ਹਨ। ਉਥੇ ਖਾਦ ਇਕੱਲੀ ਨਹੀਂ ਮਿਲਦੀ। ਅਸੀਂ ਥੱਲੇ ਦੇ ਲੈਵਲ ਤੇ ਵੀ ਇਹ ਸਵਾਲ ਉਠਾਇਆ ਸੀ। **ਕੀ ਸਰਕਾਰ ਕੈਸ਼ ਪੇਮੈਂਟ ਤੇ ਉਨ੍ਹਾਂ ਲੋਕਾਂ ਨੂੰ ਖਾਦ ਸਪਲਾਈ ਕਰਨ ਲਈ ਤਿਆਰ ਹੈ ?**

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਮਾਸਟਰ ਜੀ, ਪੇਮੈਂਟ ਤੇ ਖਾਦ ਇਕੱਲੀ ਸਪਲਾਈ ਕਰਨ ਦਾ ਸਪਲੀ-ਮੈਂਟਰੀ ਹੈ।

**ਮੰਤਰੀ** : ਸਪੀਕਰ ਸਾਹਿਬ, ਜਿਹੜੇ ਪ੍ਰਾਈਵੇਟ ਡੀਲਰਜ਼ ਹਨ ਉਹ ਤਾਂ ਖਾਦ ਪਹਿਲਾਂ ਹੀ ਕੈਸ਼ ਪੇਮੈਂਟ ਤੇ ਵੇਚਦੇ ਹਨ ਔਰ ਇਕੱਲੀ ਵੇਚਦੇ ਹਨ। ਪਰ ਜਿਹੜੀਆਂ ਸੋਸਾਇਟੀਆਂ ਡਿਫਾਲਟਰ ਹਨ ਔਰ ਉਨ੍ਹਾਂ ਦੇ ਜਿਹੜੇ ਡਿਫਾਲਟਿੰਗ ਮੈਂਬਰਜ਼ ਹਨ ਉਨ੍ਹਾਂ ਸੋਸਾਇਟੀਆਂ ਦੀ ਉਨ੍ਹਾਂ ਨੂੰ ਖਾਦ ਨਹੀਂ ਦਿੱਤੀ ਜਾਂਦੀ। ਜੇਕਰ ਸੋਸਾਇਟੀ ਡਿਫਾਲਟਰ ਹੋਵੇ ਤਾਂ ਉਸ ਦੇ ਮੈਂਬਰ ਨੂੰ ਖਾਦ ਦੇਣ ਦਾ ਪ੍ਰਬੰਧ ਕਰ ਲਿਆ ਹੈ ਪਰ ਜੇਕਰ ਕੋਈ ਸ਼ਿਕਾਇਤ ਹੈ ਤਾਂ ਮੇਰੇ ਨੋਟਿਸ ਵਿਚ ਲਿਆ ਦੇਣ।

**ਸਰਦਾਰ ਗੁਰਦੇਵ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਅੱਗੇ ਜਿਸ ਆਦਮੀ ਦਾ ਕੋਆਪ੍ਰੇਟਿਵ ਸੋਸਾਇਟੀ ਵਿਚ ਹਿੱਸਾ ਨਹੀਂ ਸੀ ਹੁੰਦਾ ਉਹ ਵੀ ਖਾਦ ਖਰੀਦ ਸਕਦਾ ਸੀ ਪਰ ਹੁਣ ਕੋਈ ਇਹੋ ਜਿਹਾ ਸਰਕੂਲਰ ਚਲਾ ਗਿਆ ਹੈ ਕਿ ਕੋਈ ਸੋਸਾਇਟੀ ਨਾਨ-ਮੈਂਬਰ ਨੂੰ ਖਾਦ ਮੁਲ ਨਹੀਂ ਦੇ ਸਕਦੀ। ਮੇਰਾ ਸਵਾਲ ਹੈ ਕਿ ਉਹ ਕਿਉਂ ਨਹੀਂ ਦੇ ਸਕਦੀ ? ਜਿਹੜੇ ਆਦਮੀਆਂ ਦਾ ਸੋਸਾਇਟੀ ਵਿਚ ਹਿੱਸਾ ਨਹੀਂ ਹੈ ਹੁਣ ਉਸ ਨੂੰ ਖਾਦ ਮਿਲਣੋਂ ਕਿਉਂ ਬੰਦ ਕੀਤੀ ਗਈ ਹੈ ?

**ਸ੍ਰੀ ਸਪੀਕਰ** : ਉਨ੍ਹਾਂ ਨੇ ਕਿਹਾ ਹੈ ਕਿ ਪ੍ਰਾਈਵੇਟ ਏਜੰਸੀਆਂ ਤੋਂ ਲੈ ਲਉ।

**ਮੰਤਰੀ** : ਸਪੀਕਰ ਸਾਹਿਬ, ਉਹ ਪ੍ਰਾਈਵੇਟ ਏਜੰਸੀਆਂ ਤੋਂ ਵੀ ਲੈ ਸਕਦੇ ਹਨ। ਹੁਣ ਕੋਆਪ੍ਰੇਟਿਵ ਸੋਸਾਇਟੀਆਂ ਨੂੰ ਕਹਿ ਦਿੱਤਾ ਗਿਆ ਹੈ ਕਿ ਜੇਕਰ ਕੋਈ ਨਾਨ-ਮੈਂਬਰ ਖਾਦ ਲੈਣ ਜਾਵੇ ਤਾਂ ਸੋਸਾਇਟੀ ਦੀ ਫੀਸ 10/11 ਰੁਪਏ ਲੈ ਕੇ ਮੈਂਬਰ ਬਣਾ ਕੇ ਉਸ ਵੇਲੇ ਹੀ ਖਾਦ ਦਿੱਤੀ ਜਾਵੇ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਮੇਰਾ ਸਵਾਲ ਇਹ ਹੈ ਕਿ ਇਸ ਗੱਲ ਦੇ ਪੇਸ਼ੇ ਨਜ਼ਰ ਕਿ ਸਰਕਾਰੀ ਸੰਸਥਾਵਾਂ ਕਿਸਾਨਾਂ ਨੂੰ ਖਾਦ ਤਕਸੀਮ ਕਰਨ ਦੀ ਬਜਾਏ ਪ੍ਰਾਈਵੇਟ ਡੀਲਰਜ਼ ਨੂੰ ਵੇਚ ਦਿੰਦੀਆਂ ਹਨ, ਇਸ ਤਰ੍ਹਾਂ ਨਾਲ ਕੁਰੱਪਸ਼ਨ ਸ਼ੁਰੂ ਹੁੰਦੀ ਹੈ, ਕੀ ਸਰਕਾਰ ਇਸ ਗੱਲ ਦੇ ਪੇਸ਼ੇਨਜ਼ਰ ਪ੍ਰਾਈਵੇਟ ਏਜੰਸੀਆਂ ਰਾਹੀ ਡਿਸਟ੍ਰੀਬਿਊਸ਼ਨ ਨੂੰ ਬੰਦ ਕਰਨ ਲਈ ਤਿਆਰ ਹੈ ?

**ਮੰਤਰੀ** : ਜੇਕਰ ਤਾਂ ਸਰਕਾਰ ਦੇ ਨੋਟਿਸ ਵਿਚ ਆ ਜਾਵੇ ਕਿ ਸੋਸਾਇਟੀ ਦੇ ਕਰਮ-ਚਾਰੀ ਨੇ ਬਜਾਏ ਕਿਸਾਨ ਨੂੰ ਖਾਦ ਦੇਣ ਦੇ ਹੋਰ ਪਾਸੇ ਖਾਦ ਦਿੱਤੀ ਹੈ ਤਾਂ ਉਸ ਦੇ ਬਰਖਿਲਾਫ ਐਕਸ਼ਨ ਲਿਆ ਜਾਵੇਗਾ। ਮੈਨੂੰ ਦੱਸੋ ਮੈਂ ਉਥੇ ਜਾਣ ਨੂੰ ਵੀ ਤਿਆਰ ਹਾਂ।

ਦੂਸਰੀ ਗੱਲ ਹੈ ਪ੍ਰਾਈਵੇਟ ਏਜੰਸੀਆਂ ਦੀ। ਉਹ ਤਾਂ ਅੱਗੇ ਹੀ ਖੁਲ੍ਹੀਆਂ ਹੋਈਆਂ ਹਨ, ਉਨ੍ਹਾਂ ਨੂੰ ਖਾਦ ਦਿੱਤੀ ਜਾਂਦੀ ਹੈ। ਜਿਤਨੀ ਖਾਦ ਮਾਰਕਫੈਡ ਨੂੰ ਜਾਂਦੀ ਹੈ ਉਤਨੀ ਹੀ ਖਾਦ ਪ੍ਰਾਈਵੇਟ ਏਜੰਸੀਆਂ ਨੂੰ ਜਾਂਦੀ ਹੈ। ਉਹ ਸਾਰੀ ਲੋਕਾਂ ਨੂੰ ਤਕਸੀਮ ਹੁੰਦੀ ਹੈ। ਜਿਤਨੀਆਂ ਵੀ ਸ਼ਿਕਾਇਤਾਂ ਆਉਂਦੀਆਂ ਹਨ ਉਹ ਅਮੂਮਨ ਪ੍ਰਾਈਵੇਟ ਏਜੰਸੀਆਂ ਦੀਆਂ ਹੀ ਆਉਂਦੀਆਂ ਹਨ, ਮਾਰਕਫੈਡ ਦੀਆਂ ਨਹੀਂ ਆਉਂਦੀਆਂ।

Original with
Punjab Vidhan Sabha
Digitized by;
Panjab Digital Library

**ਸਰਦਾਰ ਸੁਖਦੇਵ ਸਿੰਘ ਢੀਂਡਸਾ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਤੋਂ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਸਰਦਾਰ ਸੁਰਜੀਤ ਸਿੰਘ ਜੀ ਨੇ ਕੁਐਸਚਨ ਕੀਤਾ ਸੀ, ਉਸ ਦਾ ਕਲੀਅਰ ਜਵਾਬ ਨਹੀਂ ਦਿੱਤਾ। ਜਿਹੜੇ ਡਿਫਾਲਟਰਜ਼ ਹਨ ਉਹ ਨਕਦ ਰੇਹ ਖਰੀਦਣਾ ਚਾਹੁੰਦੇ ਹਨ। ਇਸ ਲਈ ਉਨ੍ਹਾਂ ਨੂੰ ਇਜਾਜ਼ਤ ਦਿੱਤੀ ਜਾਵੇ ਤਾਕਿ ਲੋਨ ਵਾਲਾ ਪ੍ਰੋਸੀਜ਼ਰ ਚਲਦਾ ਰਹੇ। ਇਸ ਤਰ੍ਹਾਂ ਨਾਲ ਜਦੋਂ ਉਨ੍ਹਾਂ ਨੂੰ ਪ੍ਰਾਈਵੇਟ ਡੀਲਰਾਂ ਤੋਂ ਖਾਦ ਨਾ ਮਿਲੇ ਤਾਂ ਉਹ ਉਨ੍ਹਾਂ ਸੋਸਾਇਟੀਆਂ ਤੋਂ ਖਰੀਦ ਸਕਣ, ਕੀ ਇਸ ਤਰ੍ਹਾਂ ਦੀ ਇਜਾਜ਼ਤ ਸਰਕਾਰ ਦੇਣ ਨੂੰ ਤਿਆਰ ਹੈ ?

**ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਕਹਿ ਚੁਕਾ ਹਾਂ ਕਿ ਕੋਆਪ੍ਰੇਟਿਵ ਸੋਸਾਇਟੀਆਂ ਖਾਦ ਉਸ ਆਦਮੀ ਨੂੰ ਨਹੀਂ ਦਿੰਦੀਆਂ ਜਿਹੜਾ ਮੈਂਬਰ ਉਨ੍ਹਾਂ ਦਾ ਡਿਫਾਲਟਰ ਹੋਵੇ। ਮੈਨੂੰ ਹੁਣੇ ਹਣੇ ਹੀ, ਸਪੀਕਰ ਸਾਹਿਬ ਸ੍ਰੀ ਬਲ ਰਾਮ ਜੀ ਨੇ ਦੱਸਿਆ ਹੈ, ਕਿ ਜਿਹੜੇ ਕੋਆਪ੍ਰੇਟਿਵ ਸੋਸਾਇਟੀਆਂ ਦੇ ਇੰਚਾਰਜ ਹਨ, ਕਿ ਅਸੀਂ ਕੋਆਪ੍ਰੇਟਿਵ ਸੋਸਾਇਟੀਆਂ ਨੂੰ ਨਕਦ ਪੈਸੇ ਲੈ ਕੇ ਖਾਦ ਦੇਣ ਵਾਸਤੇ ਇਜਾਜ਼ਤ ਦੇ ਦਿੱਤੀ ਹੈ।

**ਸਰਦਾਰ ਉਜਾਗਰ ਸਿੰਘ** : ਪ੍ਰਾਈਵੇਟ ਡੀਲਰਜ਼ ਖਾਦ ਬਲੈਕ ਵਿਚ ਵੇਚਦੇ ਹਨ। ਡਿਫਾਲਟਰ ਹੋਣ ਦੀ ਵਜ੍ਹਾ ਨਾਲ ਸੋਸਾਇਟੀਆਂ ਖਾਦ ਨਹੀਂ ਦਿੰਦੀਆਂ। ਪੈਸੇ ਉਹ ਵਿਚਾਰੇ ਦੇ ਨਹੀਂ ਸਕਦੇ। ਇਸ ਲਈ, ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੂੰ ਕਿਹਾ ਜਾਵੇ ਕਿ ਉਹ ਹਦਾਇਤਾਂ ਜਾਰੀ ਕਰ ਦੇਣ ਕਿ ਕੈਸ਼ ਪੇਮੈਂਟ ਤੇ ਖਾਦ ਮਿਲ ਸਕੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਇਹ ਅਰਜ਼ ਕਰ ਚੁਕਾ ਹਾਂ ਕਿ ਜਿਹੜੇ ਕੋਆਪ੍ਰੇਟਿਵ ਸੋਸਾਇਟੀਆਂ ਦੇ ਮੈਂਬਰਜ਼ ਡਿਫਾਲਟਰਜ਼ ਹਨ, ਜਿਨ੍ਹਾਂ ਨੇ ਲੋਨ ਦੇ ਪੈਸੇ ਵਾਪਸ ਨਹੀਂ ਕੀਤੇ, ਕਰਜ਼ਾ ਵਾਪਸ ਨਹੀਂ ਕੀਤਾ ਉਨ੍ਹਾਂ ਨੂੰ ਬਿਲਕੁਲ ਬੰਦ ਕੀਤਾ ਹੋਇਆ ਹੈ। ਇਸ ਕਰਕੇ ਜਦੋਂ ਤਕ ਕਰਜ਼ਾ ਵਾਪਸ ਨਾ ਦੇਣ ਆਨ ਲੋਨ ਖਾਦ ਨਹੀਂ ਦੇਣੀ। ਜੇਕਰ ਕਰਜ਼ਾ ਵਾਪਸ ਦੇਣ ਤਾਂ ਖਾਦ ਦਿੱਤੀ ਜਾਵੇਗੀ। ਜਿਹੜਾ ਸਰਦਾਰ ਉਜਾਗਰ ਸਿੰਘ ਜੀ ਨੇ ਕਿਹਾ ਹੈ ਕਿ ਕੈਸ਼ ਪੇਮੈਂਟ ਤੇ ਖਾਦ ਦਿੱਤੀ ਜਾਣੀ ਚਾਹੀਦੀ ਹੈ, ਉਸ ਬਾਰੇ ਅਸੀਂ ਕੋਆਪ੍ਰੇਟਿਵ ਸੋਸਾਇਟੀਆਂ ਨੂੰ ਹਦਾਇਤ ਦੇ ਦਿੱਤੀ ਹੈ। ਅੱਜ ਤੋਂ ਇਹ ਚੀਜ਼ ਸ਼ੁਰੂ ਹੋ ਗਈ ਹੈ।

**ਕਾਮਰੇਡ ਦਾਨਾ ਰਾਮ** : ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸ੍ਰੀਮਤੀ ਇੰਦਰਾ ਗਾਂਧੀ ਜੀ ਦੇ 20 ਨੁਕਾਤੀ ਪ੍ਰੋਗਰਾਮ ਵਿਚ ਗਰੀਬਾਂ ਦੀ ਮੱਦਦ ਕਰਨ ਵਾਸਤੇ ਪ੍ਰਬੰਧ ਕਰਨਾ ਹੈ, ਕੀ ਇਹ ਗਰੀਬ ਕਿਸਾਨ ਔਰ ਹਰੀਜਨਾਂ ਨੂੰ, ਜਿਨ੍ਹਾਂ ਪਾਸ ਜ਼ਮੀਨਾਂ ਹਨ, ਉਨ੍ਹਾਂ ਵਾਸਤੇ ਖਾਦ ਦੀਆਂ ਕੀਮਤਾਂ ਘਟਾਉਣ ਵਾਸਤੇ ਹਿੰਦ ਸਰਕਾਰ ਨੂੰ ਕਹਿਣਗੇ ?

(ਕੋਈ ਉੱਤਰ ਨਹੀਂ ਆਇਆ)

**ਸ੍ਰੀ ਸਪੀਕਰ** : ਨੈਕਸਟ ਕੁਐਸਚਨ, ਸਰਦਾਰ ਸੁਖਦੇਵ ਸਿੰਘ ਢੀਂਡਸਾ।

---

### ਕਿਸਾਨਾਂ ਨੂੰ ਕੂਪਨਾਂ ਤੇ ਦਿੱਤੀ ਗਈ ਰਸਾਇਣਕ ਖਾਦ

***3336 ਸਰਦਾਰ ਸੁਖਦੇਵ ਸਿੰਘ ਢੀਂਡਸਾ** : ਕੀ ਖੇਤੀਬਾੜੀ ਅਤੇ ਵਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਰਾਜ ਵਿਚ ਕਿਸਾਨ ਨਕਦ ਬੋਨਸ ਦੇ ਬਦਲੇ ਸਿਰਫ਼ ਕੂਪਨਾਂ ਤੇ ਹੀ ਰਸਾਇਣਕ ਖਾਦ ਲੈ ਸਕਦੇ ਹਨ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਸਰਕਾਰ ਉਨ੍ਹਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਖਦੇਵ ਸਿੰਘ ਢੀਂਡਸਾ]

ਕਿਸਾਨਾਂ ਨੂੰ ਜਿਹੜੇ ਕਿ ਰੂੜੀ ਜਾਂ ਹਰੀ ਖਾਦ ਦੀ ਵਰਤੋਂ ਕਰਨਾ ਚਾਹੁੰਦੇ ਹੋਣ ਕਿਸ ਢੰਗ ਨਾਲ ਮੁਆਵਜ਼ਾ ਦੇ ਰਹੀ ਹੈ ?

**ਮਾਸਟਰ ਗੁਰਬੰਤਾ ਸਿੰਘ** : (ੳ) ਹਾਂ ਜੀ । ਇਹ ਠੀਕ ਹੈ ਕਿ ਰਾਜ ਵਿਚ ਕਿਸਾਨ ਕੈਸ਼ ਬੋਨਸ ਬਦਲੇ ਕੇਵਲ ਰਸਾਇਣਕ ਖਾਦਾਂ ਹੀ ਲੈ ਸਕਦੇ ਹਨ ।

(ਅ) ਇਸ ਵਿਭਾਗ ਦੀ ਕੋਈ ਐਸੀ ਸਕੀਮ ਨਹੀਂ ਹੈ ਜਿਸ ਅਧੀਨ ਜ਼ਿਮੀਦਾਰਾਂ ਨੂੰ, ਜਿਹੜੇ ਕੇਵਲ ਰੂੜੀ ਜਾਂ ਹਰੀ ਖਾਦ ਵਰਤਣਾ ਚਾਹੁਣ, ਕੈਸ਼ ਕੋਪਨਾਂ ਦਾ ਮੁਆਵਜ਼ਾ ਦਿੱਤਾ ਜਾ ਸਕੇ ।

**ਸਰਦਾਰ ਸੁਖਦੇਵ ਸਿੰਘ ਢੀਂਡਸਾ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਕਈ ਦਫ਼ਾ ਐਸੀ ਹਾਲਤ ਹੁੰਦੀ ਹੈ ਕਿ ਕਿਸਾਨ ਨੂੰ ਖਾਦ ਦੀ ਲੋੜ ਹੁੰਦੀ ਹੈ ਉਦੋਂ ਕਦੇ ਵੀ ਖਾਦ ਨਹੀਂ ਮਿਲਦੀ, ਇਸ ਲਈ ਉਸ ਨੂੰ ਮਜਬੂਰਨ ਹਰੀ ਖਾਦ ਨਾਲ ਡੰਗ ਟਪਾਉਣਾ ਪੈਂਦਾ ਹੈ । ਇਸ ਚੀਜ਼ ਨੂੰ ਠੀਕ ਕਰਨ ਵਾਸਤੇ ਕੀ ਸਰਕਾਰ ਕੋਈ ਐਸੀ ਸਕੀਮ ਬਨਾਉਣ ਲਈ ਤਿਆਰ ਹੈ ਜਿਸ ਨਾਲ ਕਿ ਕਿਸਾਨਾਂ ਨੂੰ ਵੇਲੇ ਸਿਰ ਖਾਦ ਮਿਲ ਸਕੇ ?

**ਮੰਤਰੀ** : ਸਪੀਕਰ ਸਾਹਿਬ, ਇਹ ਪੰਜਾਬ ਸਰਕਾਰ ਨੇ ਪਹਿਲੀ ਦਫ਼ਾ ਕੀਤਾ ਹੈ ਕਿ ਕਣਕ ਤੇ ਵੀ 8 ਰੁਪਏ ਪ੍ਰਤੀ ਕੁਇੰਟਲ ਬੋਨਸ ਦਿਤਾ ਜਾਵੇ । ਹਿੰਦੁਸਤਾਨ ਦੇ ਕਿਸੇ ਸੂਬੇ ਨੇ ਇਸ ਤਰ੍ਹਾਂ ਨਹੀਂ ਕੀਤਾ । ਇਹ ਸੋਚ ਸਮਝ ਕੇ ਕੀਤਾ ਹੈ ਕਿ ਜਿਹੜੀ ਵਾਧੂ ਕੀਮਤ ਪੰਜਾਬ ਸਰਕਾਰ ਆਪਣੇ ਖਜ਼ਾਨੇ ਵਿਚੋਂ ਕਿਸਾਨਾਂ ਨੂੰ ਦੇਵੇ ਉਸ ਦੀ ਕੂਪਨਾਂ ਰਾਹੀਂ ਕੇਵਲ ਖਾਦ ਹੀ ਮਿਲਦੀ ਜਾਵੇ ਤਾਕਿ ਅਗਲੀ ਫਸਲ ਵਿਚ ਕਿਸਾਨ ਆਪਣੀ ਖਾਦ ਨਾਲ ਜ਼ਿਆਦਾ ਉਪਜ ਕਰ ਸਕੇ ।

**ਕਾਮਰੇਡ ਅੱਛਰਾ ਸਿੰਘ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਸੰਗਰੂਰ ਵਿਚ ਜਿਹੜੀਆਂ ਕੋਆਪਰੇਟਿਵ ਸੋਸਾਇਟੀਆਂ ਦੇ ਮੈਂਬਰਜ਼ ਬੇ-ਜ਼ਮੀਨੇ ਕਿਸਾਨ ਹਨ, ਉਨ੍ਹਾਂ ਦੇ ਕਰਜ਼ੇ ਦੀ ਹੱਦ ਨੂੰ ਨਹੀਂ ਬੰਨ੍ਹਿਆ ਅਤੇ ਨਤੀਜਾ ਇਹ ਹੁੰਦਾ ਹੈ ਕਿ ਉਨ੍ਹਾਂ ਨੂੰ ਖਾਦ ਨਹੀਂ ਮਿਲਦੀ, ਨਕਦ ਖਰੀਦਣ ਦੀ ਉਨ੍ਹਾਂ ਦੀ ਸ਼ਕਤੀ ਨਹੀਂ, ਉਹ ਆਪਣੀਆਂ ਫਸਲਾਂ ਵਿਚ ਖਾਦ ਨਹੀਂ ਪਾ ਸਕਦੇ । ਸਾਡੇ ਜ਼ਿਲ੍ਹੇ ਦੀ ਬਹੁਤ ਵੱਡੀ ਮਿਸਾਲ ਹੈ। 20 ਨੁਕਾਤੀ ਪ੍ਰੋਗਰਾਮ ਦੀਆਂ ਧੱਜੀਆਂ ਉਡ਼ ਰਹੀਆਂ ਹਨ । ਜਿਹੜੇ ਬੇ-ਜ਼ਮੀਨੇ ਕਿਸਾਨ ਹਨ ਉਨ੍ਹਾਂ ਨੂੰ ਖਾਦ ਨਹੀਂ ਮਿਲਦੀ । ਸਰਕਾਰ ਨੇ ਹਦਾਇਤ ਕੀਤੀ ਹੈ ਕਿ ਜਿਸ ਦੇ ਨਾਂ ਜ਼ਮੀਨ ਨਹੀਂ ਹੁੰਦੀ ਉਸ ਨੂੰ ਖਾਦ ਨਾ ਦਿੱਤੀ ਜਾਵੇ । ਕੀ ਵਜ਼ੀਰ ਸਾਹਿਬ ਯਕੀਨ ਦਿਵਾਉਣ ਲਈ ਤਿਆਰ ਹਨ ਕਿ ਇਨ੍ਹਾਂ ਨੂੰ ਖਾਦ ਮੁਹੱਈਆ ਕੀਤੀ ਜਾਵੇਗੀ ?

**Mr. Speaker** : Supplementary is irrelevant, hence not allowed.

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮਾਨਯੋਗ ਸਪੀਕਰ ਸਾਹਿਬ, ਸਰਕਾਰ ਨੇ ਜਿਹੜੀ ਕੂਪਨਾਂ ਦੀ ਪਾਲਿਸੀ ਬਣਾਈ ਹੈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਗਰੀਬ ਕਿਸਾਨ ਇਕ ਕੁਇੰਟਲ ਕਣਕ ਮੰਡੀ ਵਿਚ ਲੈ ਜਾਂਦਾ ਹੈ ਉਸ ਨੂੰ 105 ਰੁਪਏ ਮਿਲਦੇ ਹਨ ਤੇ 8 ਰੁਪਏ ਦਾ ਕੂਪਨ ਵੀ ਮਿਲਦਾ ਹੈ ਪਰ ਖਾਦ 150 ਰੁਪਏ ਕੁਇੰਟਲ ਮਿਲਦੀ ਹੈ ਇਸ ਤਰ੍ਹਾਂ ਕਰਕੇ ਉਸ

Original with;
Punjab Vidhan Sabha
Digitized by;
Panjab Digital Library

ਨੂੰ ਆਪਣੇ ਹੱਥੋਂ ਪੈਸੇ ਦੇਣੇ ਪੈਂਦੇ ਹਨ, ਉਹ ਇਹ ਪੈਸੇ ਦੇ ਨਹੀਂ ਸਕਦਾ ਅਤੇ ਖਾਦ ਉਸ ਨੂੰ ਮਿਲ ਨਹੀਂ ਸਕਦੀ। ਕੀ ਇਹ ਪਾਲਿਸੀ ਬਦਲਣਗੇ ਤਾਂ ਜੋ ਜਿਹੜੇ 4-5 ਏਕੜ ਵਾਲੇ ਛੋਟੇ ਕਿਸਾਨ ਹਨ ਉਹ ਕੈਸ਼ ਵਿਚ ਖਾਦ ਲੈ ਸਕਣ ਔਰ ਬੋਨਸ ਕੈਸ਼ ਵਿਚ ਦਿੱਤਾ ਜਾਵੇ ਤਾਂ ਜੋ ਕਿਸਾਨ ਆਪਣੇ ਕੋਲੋਂ ਪੈਸੇ ਨਾ ਗਵਾਉਣ ?

**ਮੰਤਰੀ :** ਸਪੀਕਰ ਸਾਹਿਬ, ਇਹ ਜਿਹੜਾ ਅਸੀਂ ਬੋਨਸ ਦੇਂਦੇ ਹਾਂ, ਗੌਰਮਿੰਟ ਆਫ ਇੰਡੀਆ ਨੇ ਕਿਹਾ ਹੈ ਕਿ ਇਹ ਬੋਨਸ ਪੈਸੇ ਦੀ ਸ਼ਕਲ ਵਿਚ ਨਾ ਦਿਉ, ਖਾਦ ਦੀ ਸ਼ਕਲ ਵਿਚ ਦਿੱਤਾ ਜਾਵੇ। ਗੌਰਮਿੰਟ ਆਫ਼ ਇੰਡੀਆ ਦੇ ਕਹਿਣ ਮੁਤਾਬਿਕ ਜ਼ਿਮੀਦਾਰਾਂ ਦੀ ਬੇਹਤਰੀ ਦਾ ਖਿਆਲ ਰੱਖਦੇ ਹੋਏ ਕੂਪਨ ਦੇਂਦੇ ਹਾਂ। ਮੈਂ ਤਾਂ ਹੈਰਾਨ ਹਾਂ ਕਿ ਇਕ ਕੁਵਿੰਟਲ ਕਣਕ ਕੋਈ ਜਿਮੀਂਦਾਰ ਮੰਡੀ ਵਿਚ ਨਹੀਂ ਲਿਆਉਂਦਾ ਹੈ ਲੇਕਿਨ ਇੱਕ ਕੁਵਿੰਟਲ ਖਾਦ ਜ਼ਰੂਰੀ ਦਿੱਤੀ ਜਾਂਦੀ ਹੈ।

**आचार्य पृथ्वी सिंह आज़ाद :** क्या मंत्री महोदय बतायेंगे कि बोनस कूपन का 19 करोड़ रुपया बनता है, क्या यह उसकी ज़िलावार और तहसीलवार तफसील देंगे ?

**मंत्री :** यह नोटिस दे दें मैं इस की तफसील दे दूंगा।

**ਸਰਦਾਰ ਗੁਰਦੇਵ ਸਿੰਘ ਬਾਦਲ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਗਰੀਬ ਹਰੀਜਨ ਕਿਸਾਨ ਹਨ, ਉਨ੍ਹਾਂ ਵਿਚਾਰਿਆਂ ਕੋਲੋਂ ਇਕ ਕੁਇੰਟਲ ਖਾਦ ਦੀ ਕੀਮਤ ਬੋਨਸ ਰਾਹੀਂ ਪੂਰੀ ਨਹੀਂ ਹੁੰਦੀ। ਉਹ ਜਿਹੜੇ ਵਾਧੂ ਪੈਸੇ ਖਾਦ ਦੇ ਹੁੰਦੇ ਹਨ ਉਹ ਉਨ੍ਹਾਂ ਕੋਲੋਂ ਪੱਲਿਉਂ ਪਾਉਣ ਦੀ ਹਿੰਮਤ ਨਹੀਂ ਹੁੰਦੀ। ਇਸ ਤਰ੍ਹਾਂ ਬੋਨਸ ਦੇ ਸਾਰੇ ਪੈਸੇ ਫਜ਼ੂਲ ਜਾਂਦੇ ਹਨ ਅਤੇ ਉਨ੍ਹਾਂ ਨੂੰ ਕੋਈ ਫਾਇਦਾ ਨਹੀਂ ਹੁੰਦਾ। ਕੀ ਇਹ ਠੀਕ ਨਹੀਂ ਕਿ ਉਨ੍ਹਾਂ ਨੂੰ ਕੂਪਨ ਦੇਣ ਦੀ ਬਜਾਏ ਸਰਕਾਰ ਜੇ ਉਨ੍ਹਾਂ ਨੂੰ ਨਕਦ ਪੈਸੇ ਵੀ ਨਹੀਂ ਦੇ ਸਕਦੀ ਤਾਂ ਉਨ੍ਹਾਂ ਵਿਚਾਰਿਆਂ ਨੂੰ ਖੰਡ, ਚਾਹ ਆਦਿ ਹੀ ਦੇ ਦਿਆ ਕਰੇ ?

(ਕੋਈ ਜਵਾਬ ਨਹੀ ਦਿੱਤਾ ਗਿਆ)

**ਕਾਮਰੇਡ ਸੱਤ ਪਾਲ ਡਾਂਗ :** ਕੀ ਇਸ ਕਰਕੇ ਨਕਦ ਨਹੀਂ ਦੇਣੇ ਕਿ ਹਿੰਦੁਸਤਾਨ ਦੀ ਸਰਕਾਰ ਨੇ ਕਿਹਾ ਹੈ ਕਿ ਅਸੀਂ ਨਕਦ ਨਹੀਂ ਦੇਣੇ, ਖਾਦ ਦੇਣੀ ਹੈ। ਕੀ ਮਨਿਸਟਰ ਸਾਹਿਬ ਇਸ ਗੱਲ ਉਤੇ ਗੌਰ ਕਰਨ ਨੂੰ ਤਿਆਰ ਹਨ ਕਿ ਜਿਹੜੇ ਛੋਟ ਕਿਸਾਨ ਔਰ ਦਰਮਿਆਨੇ ਦਰਜੇ ਦੇ ਕਿਸਾਨ ਹਨ ਔਰ ਕੂਪਨ ਦੇਣ ਨਾਲ ਉਨ੍ਹਾਂ ਨੂੰ ਕੋਈ ਫਾਇਦਾ ਨਹੀਂ ਹੁੰਦਾ ਸਗੋਂ ਨੁਕਸਾਨ ਹੁੰਦਾ ਹੈ ਅਤੇ ਇਸ ਦੇ ਵਿੱਚ ਮਾਲ-ਪ੍ਰੈਕਟਿਸ ਚਲਦੀ ਹੈ, ਪੰਜਾਬ ਦੇ ਵਿਚ ਕਿਸਾਨ ਆਰਗੇਨਾਈਜ਼ੇਸ਼ਨ ਨੂੰ ਕੰਸਲਟ ਕਰਕੇ ਹਿੰਦੁਸਤਾਨ ਦੀ ਸਰਕਾਰ ਇਹ ਸਾਰਾ ਕੇਸ ਟੇਕ ਅਪ ਕਰਨ ਨੂੰ ਤਿਆਰ ਹੈ ਕਿ ਇਹ ਸਕੀਮ ਮੋਡੀਫਾਈ ਕੀਤੀ ਜਾਵੇ ਤਾਕਿ ਛੋਟੇ ਕਿਸਾਨ ਨੂੰ ਪੈਸੇ ਨਕਦ ਦੇਣ ਦੀ ਆਗਿਆ ਦਿੱਤੀ ਜਾਵੇ ?

**ਮੰਤਰੀ :** ਜੇ ਅੱਗੇ ਬੋਨਸ ਦੇਵਾਂਗੇ ਤਾਂ ਫਿਰ ਦੇਖੀ ਜਾਵੇਗੀ।

---

## STARRED QUESTION NO. 3304**

**Mr. Speaker :** Extension has been asked for in respect of Starred Question No. 3304.

---

**This Question was included in the list of Postponed Starred Questions dated the 11th February, 1976 but was not put as the hon. Member concerned was not present in the House.

Original with;
Punjab Vidhan Sabha
Digitized by;
Panjab Digital Library

## ਹੁਸ਼ਿਆਰਪੁਰ ਦੇ ਚੋਆਂ ਵਿਚ ਵਰਖਾ ਰੁੱਤ ਵਿਚ ਹੜ੍ਹਾਂ ਕਾਰਨ ਆਵਾਜਾਈ ਵਿਚ ਵਿਘਨ

*3317· **ਜਥੇਦਾਰ ਗੁਰਬਚਨ ਸਿੰਘ** : ਕੀ ਲੋਕ ਕਾਰਜ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੂੰ ਇਸ ਗੱਲ ਦਾ ਪਤਾ ਹੈ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਚੋਆਂ ਵਿਚ ਹੜ੍ਹਾਂ ਦੇ ਕਾਰਨ ਵਰਖਾ ਰੁੱਤ ਵਿਚ ਸੜਕਾਂ ਬੰਦ ਹੋ ਜਾਂਦੀਆਂ ਹਨ ਜਿਸ ਦੇ ਸਿੱਟੇ ਵਜੋਂ ਟ੍ਰੈਫਿਕ ਰੁਕ ਜਾਂਦਾ ਹੈ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਸਾਰਾ ਸਾਲ ਨਿਯਮਤ ਟ੍ਰੈਫਿਕ ਯਕੀਨੀ ਬਣਾਉਣ ਦੇ ਆਸ਼ੇ ਨਾਲ ਉਕਤ ਜ਼ਿਲ੍ਹੇ ਵਿਚ ਚੋਆਂ ਦੇ ਅਸਰ ਹੇਠ ਸਾਰੀਆਂ ਮੁੱਖ ਸੜਕਾਂ ਤੇ ਪੁਲਾਂ ਦੇ ਕਿਸ ਸਮੇਂ ਤੱਕ ਬਣਾਏ ਜਾਣ ਦੀ ਤਜਵੀਜ਼ ਹੈ ?

**ਸ਼੍ਰੀ ਜੋਗਿੰਦਰ ਪਾਲ ਪਾਂਡੇ** : (ੳ) ਇਹ ਠੀਕ ਹੈ ਕਿ ਕਈ ਚੋਆਂ ਤੇ ਪੁਲ ਨਾਂ ਹੋਣ ਕਾਰਣ ਹੜ੍ਹਾਂ ਦੇ ਸਮੇਂ ਟ੍ਰੈਫਿਕ ਵਿਚ ਰੁਕਾਵਟ ਪੈਂਦੀ ਹੈ ।

(ਅ) ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਗੜ੍ਹਸ਼ੰਕਰ-ਹੁਸ਼ਿਆਰਪੁਰ-ਟਾਂਡਾ ਸੜਕ ਉੱਤੇ ਕੇਂਦਰੀ ਸਰਕਾਰ ਦੇ ਖਰਚੇ ਤੇ 19 ਚੋਆਂ ਤੇ ਪੁਲ ਬਣਾਉਣ ਦੀ ਤਜਵੀਜ਼ ਹੈ ਜਿਨ੍ਹਾਂ ਵਿੱਚੋਂ 6 ਪੁਲਾਂ ਤੇ ਕੰਮ ਪਹਿਲਾਂ ਹੀ ਚਲ ਰਿਹਾ ਹੈ ਅਤੇ 5 ਪੁਲਾਂ ਤੇ ਕੰਮ ਛੇਤੀ ਹੀ ਸ਼ੁਰੂ ਕੀਤਾ ਜਾਵੇਗਾ । ਬਾਕੀ ਦੇ ਪੁਲਾਂ ਦੀ ਮਨਜ਼ੂਰੀ ਹਾਲੇ ਭਾਰਤ ਸਰਕਾਰ ਤੋਂ ਨਹੀਂ ਆਈ ਅਤੇ ਕੁੱਝ ਤਖਮੀਨੇ ਪੈਸਿਆਂ ਦੀ ਘਾਟ ਕਾਰਨ ਵਾਪਸ ਵੀ ਆ ਗਏ ਹਨ ।

ਇਕ ਹੋਰ ਸੜਕ ਹੁਸ਼ਿਆਰਪੁਰ ਤੋਂ ਦਸੂਆ ਅਤੇ ਹੁਸ਼ਿਆਰਪੁਰ ਤੋਂ ਹਰਿਆਣਾ ਤੱਕ 4 ਪੁਲ ਬਣ ਗਏ ਹਨ ਅਤੇ ਗੜ੍ਹਦੀਵਾਲਾ ਤੋਂ ਦਸੂਆ ਤੱਕ ਵੀ 2 ਪੁਲ ਬਣ ਗਏ ਹਨ । ਦੋ ਹੋਰ ਪੁਲਾਂ ਦੀ ਉਸਾਰੀ ਛੇਤੀ ਹੀ ਸ਼ੁਰੂ ਹੋ ਜਾਵੇਗੀ । ਹਰਿਆਣਾ ਤੋਂ ਗੜ੍ਹਦੀਵਾਲਾ ਦਰਮਿਆਨ ਹਾਲੇ ਕੋਈ ਪੁਲ ਨਹੀਂ ਬਣਾਇਆ ਗਿਆ ਕਿਉਂਕਿ ਇਸ ਵਿਚ ਚੋਆਂ ਦੇ ਸੁਧਾਰ ਬਾਰੇ ਨਹਿਰੀ ਵਿਭਾਗ ਨੇ ਕੋਈ ਫੈਸਲਾ ਨਹੀਂ ਕੀਤਾ । ਪੁਲਾਂ ਦੀ ਉਸਾਰੀ ਇਸ ਫੈਸਲੇ ਉਪਰੰਤ ਹੀ ਹੋ ਸਕੇਗੀ ਇਹ ਕੰਮ ਬਹੁਤ ਵੱਡਾ ਹੈ ਅਤੇ ਇਸ ਕੰਮ ਲਈ ਕਾਫੀ ਧਨ ਦੀ ਲੋੜ ਹੈ ਇਸ ਲਈ ਬਾਕੀ ਦੀਆਂ ਸੜਕਾਂ ਉਤੇ ਪੁਲਾਂ ਦੀ ਉਸਾਰੀ ਬਾਰੇ ਤਜਵੀਜ਼ਾਂ ਅਗਲੇ ਪ੍ਰੋਗਰਾਮਾਂ ਵਿੱਚ ਸ਼ਾਮਲ ਕੀਤੀਆਂ ਜਾਣਗੀਆਂ ।

**ਕਾਮਰੇਡ ਦਰਸ਼ਨ ਸਿੰਘ ਕਨੈਡੀਅਨ** : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਜਿਹੜੀ ਸੜਕ ਰੋਪੜ-ਹੁਸ਼ਿਆਰਪੁਰ-ਟਾਂਡਾ ਤੱਕ ਹੈ ਇਹ ਕੇਂਦਰ ਸਰਕਾਰ ਨੇ ਬਣਾਉਣੀ ਹੈ । ਪਰ 16 ਤਾਰੀਖ ਨੂੰ ਕੇਂਦਰ ਦੇ ਇਕ ਅਫਸਰ ਨੇ ਆ ਕੇ ਕਿਹਾ ਕਿ ਇਸ ਤੇ ਕੰਮ ਬੰਦ ਕਰ ਦਿੱਤਾ ਜਾਵੇ । ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਰੋਪੜ ਤੋਂ ਟਾਂਡਾ ਸੜਕ ਤੇ ਚੋਆਂ ਤੇ ਪੁਲ ਬਨਾਉਣ ਦਾ ਕੰਮ ਹੈ ਜੇ ਇਹ ਕੇਂਦਰ ਸਰਕਾਰ ਵੱਲੋਂ ਵਿਘਨ ਪਾਉਣ ਤੇ ਬੰਦ ਕੀਤਾ ਗਿਆ ਹੈ ਤਾਂ ਕੀ ਪੰਜਾਬ ਸਰਕਾਰ ਇਸ ਕੰਮ ਨੂੰ ਕੰਪਲੀਟ ਕਰੇਗੀ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਸਵਾਲ ਪੁਲ ਬਨਾਉਣ ਦਾ ਸੀ ਸੜਕਾਂ ਬਨਾਉਣ ਦਾ ਨਹੀਂ। ਇਸ ਕਰਕੇ ਜੋ ਅਸਲ ਸਵਾਲ ਸੀ ਉਸ ਦਾ ਜਵਾਬ ਮੈਂ ਦੇ ਦਿੱਤਾ ਹੈ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਇਹ ਪੁਲਾਂ ਦਾ ਜਵਾਬ ਦੇ ਦੇਣ ਤੇ ਸੜਕਾਂ ਦਾ ਛੱਡ ਦੇਣ।

**ਸ੍ਰੀ ਸਪੀਕਰ** : ਕਨੇਡੀਅਨ ਸਾਹਿਬ ਨੇ ਕਿਹਾ ਹੈ ਕਿ ਜੇ ਕੇਂਦਰ ਸਰਕਾਰ ਨੇ ਨਾਂਹ ਕਰ ਦਿੱਤੀ ਹੈ ਤਾਂ ਕੀ ਰਾਜ ਸਰਕਾਰ ਇਸ ਨੂੰ ਕੰਪਲੀਟ ਕਰੇਗੀ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਸ ਸਵਾਲ ਵਿਚ ਕੇਂਦਰ ਸਰਕਾਰ ਦੇ ਫੈਸਲੇ ਬਾਰੇ ਕੋਈ ਸਵਾਲ ਨਹੀਂ ਹੈ। ਜੇ ਇਹ ਕੋਈ ਹੋਰ ਸਵਾਲ ਕਰਨਾ ਚਾਹੁੰਦੇ ਹਨ ਤਾਂ ਜਵਾਬ ਦੇ ਦਿਤਾ ਜਾਵੇਗਾ।

---

## ਮੋਰਿੰਡਾ ਚੋਣ ਹਲਕੇ ਵਿਚ ਸੜਕਾਂ ਦੀ ਉਸਾਰੀ

*3364. **ਸਰਦਾਰ ਪ੍ਰਹਿਲਾਦ ਸਿੰਘ** : ਕੀ ਰਾਜ ਮੰਤਰੀ, ਲੋਕ ਨਿਰਮਾਣ ਵਿਭਾਗ, ਪੰਜਾਬ, ਕਿਰਪਾ ਕਰਕੇ ਇਹ ਦੱਸਣਗੇ ਕਿ ਮੋਰਿੰਡਾ ਚੋਣ ਹਲਕੇ ਵਿਚ ਮਾਰਚ, 1975 ਤੋਂ ਜੂਨ, 1975, ਤੱਕ ਕਿਤਨੇ ਮੀਲ ਸੜਕਾਂ ਦੀ ਉਸਾਰੀ ਕੀਤੀ ਗਈ ਅਤੇ ਉਨ੍ਹਾਂ ਪਿੰਡਾਂ ਦੇ ਨਾਂ ਜਿਨ੍ਹਾਂ ਨੂੰ ਸੜਕਾਂ ਨਾਲ ਜੋੜਿਆ ਗਿਆ ਹੈ ?

**ਸ੍ਰੀ ਜੋਗਿੰਦਰ ਪਾਲ ਪਾਂਡੇ** : ਮੋਰਿੰਡਾ ਚੋਣ ਹਲਕੇ ਵਿਚ ਮਾਰਚ, 1975, ਤੋਂ ਜੂਨ, 1975 ਤੱਕ 4.38 ਮੀਲ ਸੜਕਾਂ ਦੀ ਉਸਾਰੀ ਕੀਤੀ ਗਈ ਅਤੇ 6 ਪਿੰਡਾਂ ਨੂੰ ਸੜਕਾਂ ਨਾਲ ਜੋੜਿਆ ਗਿਆ। ਇਨ੍ਹਾਂ ਸੜਕਾਂ ਦੇ ਨਾਂ, ਲੰਬਾਈ ਅਤੇ ਜਿਨ੍ਹਾਂ ਪਿੰਡਾਂ ਨੂੰ ਸੜਕਾਂ ਨਾਲ ਜੋੜਿਆ ਗਿਆ, ਉਹ ਹੇਠ ਮੁਤਾਬਿਕ ਹਨ—

| ਲੜੀ ਨੰ: | ਸੜਕਾਂ ਦਾ ਨਾਂ | ਲੰਬਾਈ | ਜਿਨ੍ਹਾਂ ਪਿੰਡਾਂ ਨੂੰ ਸੜਕਾਂ ਨਾਲ ਜੋੜਿਆ ਗਿਆ |
|---|---|---|---|
| 1. | ਮੋਰਿੰਡਾ ਚੂਨੀ ਸੜਕ ਤੋਂ ਪਿੰਡ ਦਤਾਰਪੁਰ ਤੱਕ | 1 ਮੀਲ | ਦਤਾਰਪੁਰ |
| 2. | ਦੁਮਨਾ ਤੋਂ ਛੋਟਾ ਸਮਾਨਾ ਸੜਕ | 0.50 ਮੀਲ | ਦੁਮਨਾ ਅਤੇ ਛੋਟਾ ਸਮਾਨਾ। |
| 3. | ਸ਼ਹੀਦ ਕਾਂਸ਼ੀ ਰਾਮ ਮੈਮੋਰੀਅਲ ਪਿੰਡ ਮਰੌਲੀ ਖੁਰਦ ਸੜਕ | 0.50 ਮੀਲ | ਮਰੌਲੀ ਖੁਰਦ |

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਲੋਕ ਨਿਰਮਾਣ ਵਿਭਾਗ]

| ਲੜੀ ਨੰ: | ਸੜਕਾਂ ਦੇ ਨਾਂ | ਲੰਬਾਈ | ਜਿਨ੍ਹਾਂ ਪਿੰਡਾਂ ਨੂੰ ਸੜਕਾਂ ਨਾਲ ਜੋੜਿਆ ਗਿਆ |
|---|---|---|---|
| 4. | ਅਰਨੌਲੀ-ਮੰਡੀਆਂ ਦੁਮਨਾ ਪਿੰਡ ਦੇ ਗੁਰਦੁਆਰੇ ਤੋਂ ਹਰੀਜਨ ਗੁਰਦੁਆਰੇ ਤੱਕ ਸੜਕ ਨੂੰ ਵਧਾਉਣਾ | 0.38 ਮੀਲ | ਦੁਮਨਾ |
| 5. | ਕੁਰਾਲੀ ਤੋਂ ਪਪਰਾਲੀ ਤੱਕ ਸੜਕ | 1.50 ਮੀਲ | ਪਪਰਾਲੀ |
| 6. | ਕੁਰਾਲੀ ਸੀਸਵਾਂ ਤੋਂ ਚੰਦਪੁਰ ਲਿੰਕ ਸੜਕ | 0.50 ਮੀਲ | ਚੰਦਪੁਰ |
| | ਕੁੱਲ | 4.38 ਮੀਲ | 6 ਪਿੰਡ |

**ਸਰਦਾਰ ਪ੍ਰਹਿਲਾਦ ਸਿੰਘ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮਈ, 1975, ਦੇ ਵਿੱਚ ਇਹ ਪਿੰਡਾਂ ਵਿਚ ਜਿੰਨੀਆਂ ਸੜਕਾਂ ਮਨਜ਼ੂਰ ਕਰਕੇ ਆਏ ਸਨ ਕੀ ਉਹ ਸਾਰੀਆਂ ਸੜਕਾਂ ਇਸ ਸਾਲ ਵਿਚ ਕੰਪਲੀਟ ਕਰ ਦੇਣਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਸ ਦਾ ਜੋ ਸਪੈਸੀਫਿਕ ਸਵਾਲ ਸੀ ਉਸ ਦਾ ਮੈਂ ਸਪੈਸੀਫੀਕਲੀ ਜਵਾਬ ਦੇ ਦਿੱਤਾ ਹੈ । ਜੇ ਇਨ੍ਹਾਂ ਨੇ ਕੋਈ ਹੋਰ ਸਵਾਲ ਪੁੱਛਣਾ ਹੈ ਤਾਂ ਇਹ ਲਿਖਕੇ ਭੇਜ ਦੇਣ ਜਵਾਬ ਦੇ ਦਿਤਾ ਜਾਵੇਗਾ ।

**ਸਰਦਾਰ ਪ੍ਰਹਿਲਾਦ ਸਿੰਘ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਮਈ, 1975, ਵਿੱਚ ਪਿੰਡ ਪਿੰਡ ਵਿਚ ਜਾ ਕੇ ਲੋਕਾਂ ਨੂੰ ਕਹਿਕੇ ਆਏ ਸਨ ਕਿ ਸਾਰੇ ਪਿੰਡਾਂ ਨੂੰ ਸੜਕਾਂ ਨਾਲ ਜੋੜ ਦਿਆਂਗੇ। ਉਥੇ ਪੱਥਰ ਪਏ ਹਨ । ਪਿੰਡ ਸੱਧੂਪੁਰ ਪੱਥਰ ਪਏ ਹਨ। ਕੀ ਜਿਹੜੇ ਉਥੇ ਪੱਥਰ ਪਏ ਹਨ ਸੜਕਾਂ ਬਣਾਉਣ ਵਾਸਤੇ, ਉਨ੍ਹਾਂ ਦਾ ਵੀ ਕੁੱਝ ਕਰਨਗੇ । ਕੀ ਉਥੇ ਸੜਕਾਂ ਬਣਾਉਣਗੇ ਜਾਂ ਪੱਥਰ ਹੀ ਵਾਪਿਸ ਚੁਕ ਕੇ ਲੈ ਆਉਣਗੇ ?

**ਰਾਜ ਮੰਤਰੀ** : ਮੇਰਾ ਖਿਆਲ ਹੈ ਕਿ ਮੈਂਬਰ ਸਾਹਿਬ ਜੋ ਵਾਕਫੀਅਤ ਲੈਣਾ ਚਾਹੁੰਦੇ ਸੀ, ਉਹ ਵਾਕਫੀਅਤ ਉਨ੍ਹਾਂ ਨੂੰ ਮਿਲ ਗਈ ਹੈ । ਜੇ ਉਹ ਹੋਰ ਵਾਕਫੀਅਤ ਲੈਣਾ ਚਾਹੁੰਦੇ ਹਨ ਤਾਂ ਲਿਖ ਕੇ ਭੇਜ ਦੇਣ, ਜਵਾਬ ਦੇ ਦਿਆਂਗੇ ।

---

**ਮੋਰਿੰਡਾ ਅਸੈਂਬਲੀ ਚੋਣ ਹਲਕੇ ਵਿਚ ਆਉਂਦੇ ਪਿੰਡਾਂ ਦੀਆਂ ਫਿਰਨੀਆਂ ਨੂੰ ਪੱਕਾ ਕਰਨਾ**

*3359. **ਸਰਦਾਰ ਪ੍ਰਹਿਲਾਦ ਸਿੰਘ** : ਕੀ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ ਮੋਰਿੰਡਾ ਅਸੈਂਬਲੀ ਚੋਣ ਹਲਕੇ ਦੇ ਉਨ੍ਹਾਂ ਪਿੰਡਾਂ ਦੇ ਨਾਵਾਂ, ਜਿਥੇ ਮਾਰਚ, 1975, ਤੋਂ ਜੂਨ, 1975, ਤੱਕ ਦੇ ਸਮੇਂ ਦੇ ਦੌਰਾਨ "ਫਿਰਨੀਆਂ" ਨੂੰ ਪੱਕੇ ਕੀਤੇ ਜਾਣ ਦਾ ਕੰਮ ਕੀਤਾ ਗਿਆ, ਦਾ ਵਿਵਰਣ ਸਦਨ ਦੀ ਮੇਜ਼ ਤੇ ਰੱਖਣਗੇ ?

Original with; Punjab Vidhan Sabha Digitized by; Panjab Digital Library

**ਸਰਦਾਰ ਸੰਤੋਖ ਸਿੰਘ ਰੰਧਾਵਾ** : ਮੋਰਿੰਡਾ ਅਸੈਂਬਲੀ ਚੋਣ ਹਲਕੇ ਵਿਚ ਆਉਂਦੇ ਕਿਸੇ ਵੀ ਪਿੰਡ ਦੀ 'ਫਿਰਨੀ' ਪੱਕੀ ਕਰਨ ਦਾ ਕੰਮ ਮਾਰਚ, 1975 ਤੋਂ ਜੂਨ, 1975, ਤੱਕ ਵਿਕਾਸ ਵਿਭਾਗ ਵੱਲੋਂ ਨਹੀਂ ਕੀਤਾ ਗਿਆ ।

**ਸਰਦਾਰ ਪ੍ਰਹਿਲਾਦ ਸਿੰਘ** : ਸਪੀਕਰ ਸਾਹਿਬ, ਮੇਰਾ ਇਹ ਸਵਾਲ ਵੀ ਪਹਿਲੇ ਸਵਾਲ ਦੀ ਤਰ੍ਹਾਂ ਹੀ ਹੈ ਕਿ ਇਹ ਜਿਹੜਾ ਪਿੰਡਾਂ ਵਿਚ ਸੜਕਾਂ ਬਣਾਉਣ ਵਾਸਤੇ ਕਹਿ ਕੇ ਆਏ ਹਨ, ਕੀ ਇਹ ਸੜਕਾਂ ਬਣਾਉਣਗੇ ਵੀ ਜਾਂ ਨਹੀਂ? (ਵਿਘਨ) ਇਸ ਸਵਾਲ ਵਿਚ ਫਿਰਨੀਆਂ ਨੂੰ ਪੱਕਾ ਕਰਨ ਬਾਰੇ ਪੁੱਛਿਆ ਗਿਆ ਹੈ । ਜਿਸ ਤਰ੍ਹਾਂ ਕਿ ਪਿੰਡ ਟਕਰਾਲੀ ਦੇ ਦੁਆਲੇ ਫਿਰਨੀ ਬਣਾਉਣ ਬਾਰੇ ਕਿਹਾ ਸੀ । ਇਨ੍ਹਾਂ ਨੇ ਜਿਹੜਾ ਫਿਰਨੀਆਂ ਪੱਕੀਆਂ ਕਰਨ ਬਾਰੇ ਕਿਹਾ ਸੀ, ਕੀ ਇਨ੍ਹਾਂ ਨੇ ਕਿਤੇ ਫਿਰਨੀ ਪੱਕੀ ਬਣਾਈ ਵੀ ਹੈ ਜਾਂ ਨਹੀਂ ?

**ਰਾਜ ਮੰਤਰੀ** : ਸਪੀਕਰ ਸਾਹਿਬ, ਅਸਲ ਗੱਲ ਇਹ ਹੈ ਕਿ ਮਾਰਚ, 1975 ਤੋਂ ਲੈ ਕੇ ਜੂਨ, 1975 ਤਕ ਵਿਕਾਸ ਵਿਭਾਗ ਨੇ ਸਾਰੇ ਪੰਜਾਬ ਵਿਚ ਕਿਤੇ ਵੀ ਕੋਈ 'ਫਿਰਨੀ' ਨਾ ਹੀ ਬਣਾਉਣ ਦਾ ਵਾਅਦਾ ਕੀਤਾ ਹੈ ਅਤੇ ਨਾ ਹੀ ਕੋਈ 'ਫਿਰਨੀ' ਬਣਾਈ ਹੈ ।

---

**ਪੰਜਾਬ ਰੋਡਵੇਜ਼ ਵਿਚ ਬੱਸ ਟਿਕਟਾਂ ਦੀ ਹੇਰਾ ਫੇਰੀ ਦੇ ਕੇਸ**

*3328. **ਗਿਆਨੀ ਕੁੰਦਨ ਸਿੰਘ ਪਤੰਗ** : ਕੀ ਟ੍ਰਾਂਸਪੋਰਟ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 1 ਜਨਵਰੀ, 1974, ਤੋਂ 30 ਜੂਨ, 1975 ਤੱਕ ਦੇ ਸਮੇਂ ਦੇ ਦੌਰਾਨ ਪੰਜਾਬ ਰੋਡਵੇਜ਼ ਵਿਚ ਬੱਸ ਟਿਕਟਾਂ ਦੀ ਹੇਰਾਫੇਰੀ ਦੇ ਕਿੰਨੇ ਕੇਸ ਪਕੜੇ ਗਏ ;

(ਅ) ਉਕਤ ਸਮੇਂ ਦੇ ਦੌਰਾਨ ਉਕਤ ਹੇਰਾਫੇਰੀ ਨਾਲ ਸਰਕਾਰ ਨੂੰ ਕੁੱਲ ਕਿੰਨਾ ਅਨੁਮਾਨਿਤ ਘਾਟਾ ਪਿਆ ;

(ੲ) ਭਵਿੱਖ ਵਿਚ ਅਜਿਹੇ ਭਰਿਸ਼ਟਾਚਾਰ/ਹੇਰਾਫੇਰੀ ਨੂੰ ਰੋਕਣ ਲਈ ਕੀ ਕਾਰਵਾਈ ਕੀਤੀ ਗਈ ਹੈ ?

**ਸਰਦਾਰ ਦਿਲਬਾਗ ਸਿੰਘ ਡਾਲੇਕੇ** : (ੳ) 5,665 ।

(ਅ) 5665 ਕੇਸਾਂ ਵਿਚੋਂ 5654 ਕੇਸਾਂ ਵਿਚ ਸਰਕਾਰ ਨੂੰ ਮਾਲੀ ਤੌਰ ਤੇ ਕੋਈ ਨੁਕਸਾਨ ਨਹੀਂ ਹੋਇਆ ਕਿਉਂਕਿ ਬਣਦੇ ਕਿਰਾਏ ਦੀਆਂ ਟਿਕਟਾਂ ਸਬੰਧਤ ਕੰਡਕਟਰ ਪਾਸੋਂ ਬਿਨਾਂ ਪੰਚ ਕੀਤੇ, ਲੈ ਲਈਆਂ ਗਈਆਂ ਅਤੇ ਇਸ ਪ੍ਰਕਾਰ ਰਕਮ ਦੀ ਵਸੂਲੀ ਹੋਈ । ਬਾਕੀ ਦੇ 11 ਕੇਸਾਂ ਦਾ ਸਬੰਧ ਜਾਲ੍ਹੀ ਟਿਕਟਾਂ ਨਾਲ ਹੈ ; ਇਨ੍ਹਾਂ ਵਿਚ ਮਾਲੀ ਨੁਕਸਾਨ ਦਾ ਪੂਰਾ ਪੂਰਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਜਦੋਂ ਤੱਕ ਕਿ ਅਦਾਲਤਾਂ ਵਲੋਂ ਇਨ੍ਹਾਂ ਕੇਸਾਂ ਦੀ ਪੜਤਾਲ ਮੁਕੰਮਲ ਨਹੀਂ ਕੀਤੀ ਜਾਂਦੀ ।

Original with;
Punjab Vidhan Sabha
Digitized by;
Panjab Digital Library

[ਆਵਾਜਾਈ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ]

(ੲ) ਅਜਿਹੇ ਭਰਿਸ਼ਟਾਚਾਰ/ਹੇਰਾਫੇਰੀ ਨੂੰ ਰੋਕਣ ਲਈ ਜੋ ਕਾਰਵਾਈ ਕੀਤੀ ਗਈ ਉਸ ਦੇ ਬਾਰੇ ਸੂਚਨਾ ਸਦਨ ਦੀ ਮੇਜ਼ ਉਤੇ ਰੱਖੀ ਜਾਂਦੀ ਹੈ ।

ਅਨੁਲੱਗ

ਪੰਜਾਬ ਰੋਡਵੇਜ਼ ਵਿੱਚੋਂ ਭਰਿਸ਼ਟਾਚਾਰ ਅਤੇ ਹੇਰਾਫੇਰੀ ਨੂੰ ਰੋਕਣ ਲਈ ਹੇਠ ਲਿਖੇ ਉਪਰਾਲੇ ਕੀਤੇ ਗਏ :—

(1) ਹਰ ਡਿਪੂ ਵਿਚ ਲੋਕਲ ਫਲਾਇੰਗ ਸੁਕੈਡ ਬਣਾਏ ਗਏ ਹਨ।

(2) ਕੇਂਦਰੀ ਫਲਾਇੰਗ ਸੁਕੈਡ ਨੂੰ ਚੁਸਤ ਕੀਤਾ ਗਿਆ ਹੈ ਅਤੇ ਯੋਜਨਾ—ਬੱਧ ਚੈਕਿੰਗ ਕਰਾਈ ਜਾਂਦੀ ਹੈ ।

(3) ਜਨਰਲ ਮੈਨੇਜਰ, ਜ਼ਿਲ੍ਹਾ ਟਰਾਂਸਪੋਰਟ ਅਫਸਰ ਅਤੇ ਐਮ.ਐਮ.ਪੀ.ਐਸ.ਆਈਜ਼. ਨਾਲ ਮਿਲ ਕੇ ਹਫ਼ਤੇ ਵਿਚ ਦੋ ਵਾਰ ਸਾਂਝੀ ਚੈਕਿੰਗ ਕਰਦੇ ਹਨ ।

(4) ਇੱਕ ਡਿਪੂ ਦੇ ਜਨਰਲ ਮੈਨੇਜਰ ਦੂਜੇ ਡਿਪੂ ਦੇ ਟਰੈਫਿਕ ਮੈਨੇਜਰ ਨਾਲ ਮਿਲ ਕੇ ਅਚਨਚੇਤ ਚੈਕਿੰਗ ਕਰਦੇ ਹਨ ।

(5) ਰੂਟ ਦੇ ਇੰਸਪੈਕਟਰਾਂ ਨੂੰ ਸਖਤ ਹਦਾਇਤਾਂ ਕਰ ਦਿਤੀਆਂ ਗਈਆਂ ਹਨ ਕਿ ਉਹ ਪੂਰੀ ਜ਼ਿੰਮੇਵਾਰੀ ਨਾਲ ਆਪਣੀ ਡਿਊਟੀ ਦੇਣ ।

(6) ਸਰਕਾਰੀ ਆਮਦਨ ਵਿਚ ਹੇਰਾਫੇਰੀ ਨੂੰ ਰੋਕਣ ਲਈ ਬੱਸਾਂ ਚਲਣ ਵਾਲੀ ਥਾਵਾਂ ਅਤੇ ਰੂਟ ਤੋਂ ਆਉਣ ਵਾਲੇ ਮਹੱਤਵ ਪੂਰਨ ਅੱਡਿਆਂ ਤੋਂ ਵੱਧ ਤੋਂ ਵੱਧ ਅਡਵਾਂਸ ਬੁਕਿੰਗ ਕਰਾਈ ਜਾਂਦੀ ਹੈ ।

(7) ਜਾਹਲੀ ਟਿਕਟਾਂ ਦੀ ਵਰਤੋਂ ਨੂੰ ਰੋਕਣ ਲਈ ਇਕ ਰੁਪਏ ਤੋਂ ਵੱਧ ਕੀਮਤ ਵਾਲੀ ਟਿਕਟਾਂ ਤੇ ਗਜ਼ਟਿਡ ਅਫ਼ਸਰਾਂ ਦੇ ਹਸਤਾਖਰਾਂ ਦੀ ਮੋਹਰ ਲਾਈ ਜਾਂਦੀ ਹੈ । ਇਸ ਪ੍ਰਕਾਰ ਅਸਲੀ ਤੋਂ ਜਾਹਲੀ ਟਿਕਟਾਂ ਦੀ ਪਛਾਣ ਹੋ ਜਾਂਦੀ ਹੈ ।

(8) ਅੰਮ੍ਰਿਤਸਰ ਅਤੇ ਤਰਨ ਤਾਰਨ ਡਿਪੋਜ਼ ਵਿਚ ਸਪੈਸ਼ਲ ਪੁਲਿਸ ਸੁਕੈਡ ਲਗਵਾਏ ਗਏ ।

---

ਖਾਣ ਵਾਲੀਆਂ ਚੀਜ਼ਾਂ ਵਿਚ ਮਿਲਾਵਟ

*3352. **ਜੱਥੇਦਾਰ ਗੁਰਬਚਨ ਸਿੰਘ :** ਕੀ ਸਿਹਤ ਅਤੇ ਪਰਿਵਾਰ ਨਿਯੋਜਨ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੂੰ ਇਸ ਗੱਲ ਦਾ ਪਤਾ ਹੈ ਕਿ ਖਾਣ

Original with; Punjab Vidhan Sabha Digitized by; Panjab Digital Library

ਵਾਲੀਆਂ ਚੀਜ਼ਾਂ ਵਿੱਚ ਮਿਲਾਵਟ ਨੇ ਰਾਜ ਵਿੱਚ ਹਰ ਇੱਕ ਵਿਅਕਤੀ ਦੀ ਜ਼ਿੰਦਗੀ ਨੂੰ ਖ਼ਤਰੇ ਵਿਚ ਪਾ ਦਿੱਤਾ ਹੈ; ਜੇ ਕਰ ਅਜਿਹਾ ਹੋਵੇ, ਤਾਂ ਇਸ ਬੁਰਾਈ ਨੂੰ ਰੋਕਣ ਲਈ ਸਰਕਾਰ ਦੁਆਰਾ ਕੀ ਠੋਸ ਕਾਰਵਾਈ ਕੀਤੀ ਗਈ ਹੈ ?

**ਸਰਦਾਰ ਬਲਬੀਰ ਸਿੰਘ :** ਇਸ ਤਰ੍ਹਾਂ ਦਾ ਕੋਈ ਮੌਕਾ ਇਸ ਵਿਭਾਗ ਦੇ ਨੋਟਿਸ ਵਿਚ ਨਹੀਂ ਆਇਆ ਹੈ ਜਿਥੇ ਕਿ ਖਾਣ ਪੀਣ ਦੀਆਂ ਵਸਤਾਂ ਵਿੱਚ ਮਿਲਾਵਟ ਕਰਕੇ ਜਨ ਜੀਵਨ ਨੂੰ ਖਤਰਾ ਪੈਦਾ ਹੋਇਆ ਹੋਵੇ, ਤੇ ਨਾ ਹੀ ਕਿਤੇ ਜਾਨੀ ਨੁਕਸਾਨ ਦੀ ਸੂਚਨਾ ਹੀ ਮਿਲੀ ਹੈ ।

ਰਾਜ ਵਿੱਚ ਖਾਣ ਪੀਣ ਦੀਆਂ ਵਸਤਾਂ ਵਿੱਚ ਮਿਲਾਵਟ ਨੂੰ ਰੋਕਣ ਲਈ ਹੇਠ ਲਿਖੇ ਪ੍ਰਬੰਧ ਕੀਤੇ ਗਏ ਹਨ :

(ੳ) ਖਾਣ ਪੀਣ ਦੀਆਂ ਵਸਤਾਂ ਦੇ ਸੈਂਪਲ ਭਰਨ ਦੀਆਂ ਪਾਵਰਜ਼ ਕੇਵਲ ਮੈਡੀਕਲ ਅਫਸਰਾਂ ਨੂੰ ਲੋੜੀਂਦੀ ਇਕ ਮਹੀਨੇ ਦੀ ਫੂਡ ਸੈਂਪਲਿੰਗ ਦੀ ਟਰੇਨਿੰਗ ਤੋਂ ਉਪਰੰਤ ਦਿੱਤੀਆਂ ਗਈਆਂ ਹਨ । ਉਹ ਗਜ਼ਟਿਡ ਅਫਸਰ ਟੈਕਨੀਕਲੀ ਕੁਆਲੀਫਾਈਡ ਹਨ । ਪੀ. ਐਫ. ਏ. ਐਕਟ 1954 ਅਧੀਨ 290 ਮੈਡੀਕਲ ਅਫਸਰਾਂ ਨੂੰ ਫੂਡ ਇਨਸਪੈਕਟਰ ਤੇ 255 ਮੈਡੀਕਲ ਅਫਸਰਾਂ ਨੂੰ ਕੋਰਟ ਵਿੱਚ ਮੁਕਦਮੇ ਚਲਾਉਣ ਲਈ ਅਸਿਸਟੈਂਟ ਪਬਲਿਕ ਪ੍ਰਾਸੀਕਿਊਟਰ ਨਿਯੁਕਤ ਕੀਤਾ ਹੋਇਆ ਹੈ ।

(ਅ) ਇਸ ਬੁਰਾਈ ਨੂੰ ਦੂਰ ਕਰਨ ਲਈ ਮਿਲਾਵਟ ਵਿਰੋਧੀ ਰੇਡ ਕੀਤੇ ਜਾਂਦੇ ਹਨ । ਹਰ ਜ਼ਿਲ੍ਹੇ ਲਈ ਹਰ ਮਹੀਨੇ ਘੱਟ ਤੋਂ ਘੱਟ 40 ਸੈਂਪਲ ਜ਼ਰੂਰ ਭਰਨੇ ਨਿਸ਼ਚਿਤ ਕੀਤੇ ਗਏ ਹਨ । ਇਸ ਤੋਂ ਇਲਾਵਾ ਹਰ ਦੋ ਮਹੀਨੇ ਬਾਅਦ ਉਚੇਚੇ ਤੌਰ ਤੇ ਐਂਟੀ-ਅਡਲਟਰੇਸ਼ਨ ਹਫਤਾ ਮਨਾਇਆ ਜਾਂਦਾ ਹੈ, ਜਿਸ ਵਿਚ ਲੱਗਭਗ 2000 ਸੈਂਪਲ ਭਰੇ ਜਾਂਦੇ ਹਨ ।

(ੲ) ਲਬਾਰਟਰੀਆਂ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਕਈ ਤਰੀਕੇ ਅਪਣਾਏ ਗਏ ਹਨ, ਜਿਸ ਤਰ੍ਹਾਂ ਨਮੂਨਿਆਂ ਨੂੰ ਗੁਪਤ ਕੋਡ ਨੰਬਰ ਜਾਰੀ ਕਰਨੇ, ਅੰਦਰ ਆਣ ਜਾਣ ਲਈ ਪਾਸ ਆਦਿ । ਜਦੋਂ ਤੋਂ ਇਹ ਮੁਹਿੰਮ ਸ਼ੁਰੂ ਕੀਤੀ ਹੈ 1973 ਤੋਂ, ਉਸ ਵੇਲੇ ਐਡਲਟਰੇਸ਼ਨ ਜਿਹੜੀ ਹੈ, ਇਹ 33% ਸੀ । 1974 ਵਿਚ ਇਹ 21.7% ਤੇ ਆ ਗਈ । 1975 ਵਿਚ ਇਹ ਸਿਰਫ 9% ਰਹਿ ਗਈ । ਸਪੀਕਰ ਸਾਹਿਬ, ਮੇਰਾ ਖਿਆਲ ਹੈ ਮੈਂ ਜਿਹੜਾ ਜਵਾਬ ਦਿਤਾ ਹੈ ਇਹ ਕਾਫੀ ਕੰਪਰੀਹੈਂਸਿਵ ਹੈ ਅਤੇ ਹੋਰ ਕੋਈ ਸਪਲੀਮੈਂਟਰੀ ਕਰਨ ਦੀ ਜ਼ਰੂਰਤ ਨਹੀਂ ਹੈ ।

**ਸ੍ਰੀ ਸਰਦਾਰੀ ਲਾਲ ਕਪੂਰ :** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜੋ ਦੱਸਿਆ ਹੈ, ਲੁਧਿਆਣਾ ਦੇ ਮੁਤੱਲਕ ਮੇਰਾ ਜੋ ਤਜਰਬਾ ਹੈ ਉਥੇ ਅਗਰ ਕੋਈ ਨਮੂਨਾਂ ਅੱਜ ਭਰਿਆ ਜਾਂਦਾ ਹੈ ਤਾਂ ਉਸ ਦੀ ਵਾਰੀ ਇਕ ਮਹੀਨੇ ਦੇ ਬਾਅਦ ਆਉਂਦੀ ਹੈ । ਅਤੇ ਐਨੇ ਸਮੇਂ ਵਿੱਚ ਜਿਹੜਾ ਉਸ ਕੋਲ ਸਮਾਨ ਹੁੰਦਾ ਹੈ, ਜਿਹੜਾ ਨਮੂਨਾ ਫੇਲ੍ਹ ਹੋ ਜਾਂਦਾ ਹੈ ਉਹ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਤਦਾਰੀ ਲਾਲ ਕਪੂਰ]

ਮਾਲ ਵਿਕ ਜਾਂਦਾ ਹੈ। ਇਸ ਤਰ੍ਹਾਂ ਅਡਲਟਰੇਸ਼ਨ ਹਟਾਉਣ ਦਾ ਜਿਹੜਾ ਮੰਕਸਦ ਹੈ, ਉਹ ਫੇਲ੍ਹ ਹੋ ਜਾਂਦਾ ਹੈ। ਇਸ ਨੂੰ ਠੀਕ ਕਰਨ ਦੀ ਖਾਤਰ ਜਿਹੜੀ ਉਥੇ ਲੋਕਲ ਲੈਬਾਰਟਰੀ ਹੈ ਉਸ ਵਿਚ ਜਾਂਚ ਕਰਕੇ ਉਸ ਦਾ ਤੀਜੇ ਦਿਨ ਫੈਸਲਾ ਕਰ ਦਿਤਾ ਜਾਵੇ ਨਾ ਕਿ ਅਜਿਹੇ ਕੇਸਾਂ ਵਿਚ ਮਹੀਨਾ ਮਹੀਨਾ ਲੱਗ ਜਾਵੇ। ਫਿਰ ਉਨ੍ਹਾਂ ਦੇ ਕੋਰਟ ਵਿਚ ਮੁਕੱਦਮੇ ਚਲੇ ਜਾਂਦੇ ਹਨ ਅਤੇ ਇਸ ਤਰ੍ਹਾਂ ਮੁਕੱਦਮਾ ਸਾਲ ਭਰ ਲਟਕਦਾ ਰਹਿੰਦਾ ਹੈ ਅਤੇ ਐਨੇ ਚਿਰ ਵਿੱਚ ਉਸ ਦਾ ਮਾਲ ਵਿਕ ਜਾਂਦਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਚੀਜ਼ ਨੂੰ ਠੀਕ ਕਰਨ ਦੀ ਖਾਤਰ ਸਾਡੀ ਸਰਕਾਰ ਕੀ ਕਰ ਰਹੀ ਹੈ ?

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਦੱਸਿਆ ਹੈ ਕਿ ਪਹਿਲੇ ਸਟੇਟ ਵਿਚ ਇੱਕ ਲੈਬਾਟਰੀ ਹੁੰਦੀ ਸੀ ਪਰ ਹੁਣ ਅਸੀਂ ਨਵੀਆਂ ਲੈਬਾਰਟਰੀਆਂ ਜਲੰਧਰ ਅਤੇ ਬਠਿੰਡਾ ਵਿਚ ਖੋਲ੍ਹੀਆਂ ਹਨ ਅਤੇ ਹੁਣ ਮਹੀਨੇ ਵਾਲੀ ਗੱਲ ਨਹੀਂ ਰਹੀ।

**ਸ੍ਰੀ ਪ੍ਰੇਮ ਗੁਪਤਾ :** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਲੋਕ ਅਡਲਟਰੇਸ਼ਨ ਕਰਕੇ ਉਸ ਦੇ ਬਾਅਦ ਕੋਰਟ ਵਿਚ ਕਨਵਿਕਟ ਹੋ ਜਾਂਦੇ ਹਨ ਅਤੇ ਨਾਲ ਹੀ ਉਨ੍ਹਾਂ ਦੀ ਜ਼ਮਾਨਤ ਹੋ ਜਾਂਦੀ ਹੈ ਅਤੇ ਫਿਰ ਉਹ ਹਾਇਰ ਕੋਰਟ ਵਿਚ ਚਲੇ ਜਾਂਦੇ ਹਨ, ਮੈਂ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਦੁਕਾਨ ਦੇ ਉੱਤੇ ਸਾਈਨ ਬੋਰਡ ਲੱਗਣਾ ਚਾਹੀਦਾ ਹੈ। ਕੀ ਸਰਕਾਰ ਉਨ੍ਹਾਂ ਦੀ ਦੁਕਾਨ ਤੇ ਸਾਈਨ ਬੋਰਡ ਲਗਾਉਣ ਵਾਸਤੇ ਤਿਆਰ ਹੈ ਕਿ ਇਸ ਆਦਮੀ ਨੂੰ ਅਡਲਟਰੇਸ਼ਨ ਕਰਕੇ ਐਨੀ ਸਜ਼ਾ ਹੋਈ ਹੈ ਪਰ ਇਸ ਨੇ ਹਾਇਰ ਕੋਰਟ ਵਿਚ ਅਪੀਲ ਕੀਤੀ ਹੈ; ਤਾਕਿ ਲੋਕ ਉਥੋਂ ਚੀਜ਼ਾਂ ਨਾ ਖ਼ਰੀਦਣ ?

**ਰਾਜ ਮੰਤਰੀ :** ਅਸੀਂ ਕੋਰਟ ਦੇ ਮੁਆਮਲੇ ਵਿਚ ਕਿਸ ਤਰ੍ਹਾਂ ਇੰਟਰਫ਼ੀਅਰ ਕਰ ਸਕਦੇ ਹਾਂ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਮੈਂ ਪਤਾ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਅਡਲਟਰੇਸ਼ਨ ਕਰਦੇ ਹਨ ਉਨ੍ਹਾਂ ਨਾਲ ਸਖਤੀ ਨਾਲ ਨਜਿੱਠਣ ਲਈ ਕੀ ਸਰਕਾਰ ਕੁੱਝ ਸੋਚ ਰਹੀ ਹੈ ?

**ਰਾਜ ਮੰਤਰੀ :** ਇਸ ਬਾਰੇ ਪਰੀਵੈਨਸ਼ਨ ਆਫ਼ ਫੂਡ ਅਡਲਟਰੇਸ਼ਨ ਐਕਟ ਹੈ। ਇਸ ਬਾਰੇ ਇੱਕ ਸਿਲੈਕਟ ਕਮੇਟੀ ਹੈ ਅਤੇ ਉਸ ਵਿੱਚ ਇਸ ਬਾਰੇ ਸੋਚਿਆ ਜਾ ਰਿਹਾ ਹੈ। ਇਹ ਸੈਂਟਰ ਦੀ ਕਮੇਟੀ ਹੈ ਜਦ ਉਹ ਕੋਈ ਸ਼ਿਫ਼ਾਰਿਸ਼ ਕਰੇਗੀ ਕਿ ਸਜ਼ਾ ਹੋਰ ਸਖਤ ਕੀਤੀ ਜਾਵੇ ਤਾਂ ਅਸੀਂ ਉਸ ਨੂੰ ਲਾਗੂ ਕਰਾਂਗੇ। ਇਸ ਬਾਰੇ ਸੈਂਟਰ ਕਾਨੂੰਨ ਬਣਾਉਂਦਾ ਹੈ।

**ਕੈਪਟਨ ਰਤਨ ਸਿੰਘ :** ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਲੈਬਾਰਟਰੀ ਲੁਧਿਆਣਾ ਮਿਉਂਸਪਲ ਕਮੇਟੀ ਦੀ ਹੈ ਜਿਸ ਦੇ ਮੁਤਅੱਲਕ ਕਪੂਰ ਸਾਹਿਬ ਨੇ ਦੱਸਿਆ ਹੈ, ਕੀ ਇਨ੍ਹਾਂ ਦੀ ਇਹ ਇਨਟੈਨਸ਼ਨ ਹੈ ਕਿ ਉਸ ਲੈਬਾਰਟਰੀ ਨੂੰ ਹੈਲਥ ਡਿਪਾਰਟਮੈਂਟ

Original with;
Punjab Vidhan Sabha
Digitized by;
Panjab Digital Library

ਲੈ ਲਵੇ ਤਾਂਕਿ ਰਿਜ਼ਲਟ ਛੇਤੀ ਮਿਲ ਜਾਇਆ ਕਰੇ ਅਤੇ ਇਸ ਤਰ੍ਹਾਂ ਇਕ ਹੋਰ ਲੈਬਾਰਟਰੀ ਬਣ ਜਾਵੇਗੀ ?

**ਰਾਜ ਮੰਤਰੀ :** ਇਸ ਗੱਲ ਤੇ ਵਿਚਾਰ ਕਰ ਲਵਾਂਗੇ ।

---

CONSTRUCTION OF PUCCA CHANNELS TO ENSURE WATER SUPPLY TO DISTANT FIELDS.

***3297. 1. Giani Arjan Singh Litt**
**2. Sardar Surjit Singh Sidhu** : Will the Minister of State for Irrigation and Power be pleased to state—

(a) whether ihe Government is aware of the fact that the channels of the Canals in the State being Kacha, the water supply to the distant fields becomes impossible and farmers have to suffer a heavy loss in agricultural production;

(b) if the reply to part (a) above be in the affirmative, the steps being taken by the Government to construct pucca channels or to make some alternative arrangments ?

**ਸਰਦਾਰ ਗੁਰਬਖਸ਼ ਸਿੰਘ ਸਿਬੀਆ :** (ੳ) ਹਾਂ, ਜੀ । ਸਰਕਾਰ ਨੂੰ ਪਤਾ ਹੈ ਕਿ ਕੱਚੇ ਨਾਲੇ ਹੋਣ ਕਰਕੇ ਦੂਰ ਦੁਰਾਡੇ ਖੇਤਾਂ ਵਿਚ ਕਾਫੀ ਮਾਤਰਾ ਵਿਚ ਪਾਣੀ ਦੇਣਾ ਮੁਸ਼ਕਲ ਹੈ ।

(ਅ) ਇਸ ਕੰਮ ਲਈ ਪੰਜਵੀਂ ਪੰਜ ਸਾਲਾ ਯੋਜਨਾ ਵਿਚ 9.57 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ ।

**ਸਰਦਾਰ ਸੁਰਜੀਤ ਸਿੰਘ ਸਿੱਧੂ :** ਜਿਹੜੀਆਂ ਚੈਨਲਜ਼ ਰੇਤਲੇ ਇਲਾਕਿਆਂ ਵਿਚ ਹਨ ਜਿਹ ਤਰ੍ਹਾਂ ਜ਼ਿਲ੍ਹਾ ਬਠਿੰਡਾ ਅਤੇ ਸਮਰਾਲਾ ਤਹਿਸੀਲ ਵਿਚ ਇਸ ਤਰ੍ਹਾਂ ਦੀ ਪ੍ਰਾਬਲਮ ਹੈ, ਇਸ ਦੇ ਵਿਚ ਅੱਗੇ ਪੁੱਛਿਆ ਗਿਆ ਹੈ ਕਿ ਇਸ ਸਬੰਧੀ ਇਹ ਬਦਲਵੇਂ ਪ੍ਰਬੰਧ ਕੀ ਕਰਨਗੇ । (ਵਿਘਨ) ਮੈਂ ਪੁੱਛਣਾ ਚਾਹੁੰਦਾ ਹਾਂ ਕਿ ਲਾਸਟ ਟਲਾਂ ਨੂੰ ਪੱਕੇ ਕਰਨ ਦਾ ਕੋਈ ਪ੍ਰਬੰਧ ਹੈ ?

**ਰਾਜ ਮੰਤਰੀ :** ਟੇਲਜ਼ ਪੱਕੀਆਂ ਨਹੀਂ ਹੋ ਸਕਦੀਆਂ, ਚੈਨਲਜ਼ ਪੱਕੀਆਂ ਹੋਣਗੀਆਂ ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ :** ਸਪੀਕਰ ਸਾਹਿਬ, ਸਰਕਾਰ ਦਾ ਇਹ ਬੜਾ ਸ਼ਲਾਘਾ ਯੋਗ ਕਦਮ ਹੈ ਕਿ ਨਹਿਰਾਂ ਦੀਆਂ ਖਾਲਾਂ ਪੱਕੀਆਂ ਕਰ ਰਹੇ ਹਨ । ਹੁਸ਼ਿਆਰਪੁਰ ਜ਼ਿਲ੍ਹੇ ਵਿਚ ਸਰਕਾਰ ਨੇ ਡੀਪ ਟਿਊਬਵੈਲ ਕੰਡੀ ਦੇ ਇਲਾਕੇ ਵਿਚ ਲਗਾਏ ਹਨ. . . .

(ਵਿਘਨ)

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਇਹ ਇਥੇ ਕਿਸ ਤਰ੍ਹਾਂ ਆ ਗਿਆ । ਨਾਟ ਅਲਾਊਡ । (ਵਿਘਨ) ਤੁਸੀਂ ਸਵਾਲ ਕਰ ਲਓ ਤੁਹਾਨੂੰ ਜੁਆਬ ਮਿਲ ਜਾਵੇਗਾ । (ਵਿਘਨ)

**ਸਰਦਾਰ ਸੁਖਦੇਵ ਸਿੰਘ ਢਿਲੋਂ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਮੰਨਿਆ ਹੈ ਕਿ ਕੱਚੀਆਂ ਖਾਲਾਂ ਨਾਲ ਪਾਣੀ ਦਾ ਵੀ ਨੁਕਸਾਨ ਹੁੰਦਾ ਹੈ ਅਤੇ ਉਨ੍ਹਾਂ ਨੇ ਕਿਹਾ ਹੈ ਕਿ ਇਹ ਖਾਲਾਂ ਪੱਕੇ ਕਰਨ ਦੀ ਸਕੀਮ ਹੈ । 1874 ਵਿਚ ਇਕ ਸਟੇਟ ਲੈਵਲ ਤੇ ਫੰਕਸ਼ਨ ਤਲਵੰਡੀ ਸਾਬੋ ਵਿਚ ਹੋਇਆ ਸੀ ਅਤੇ ਜਿਸ ਤੇ ਕਾਫੀ ਖਰਚ ਕੀਤਾ ਗਿਆ ਸੀ । ਬੀਬੀਆਂ ਦੇ ਨਾਚ ਵਗੈਰਾ ਵੀ ਕਰਵਾਏ ਗਏ ਸਨ ਅਤੇ ਉਥੇ ਉਦਘਾਟਨ ਕਰਵਾਇਆ ਸੀ ਖਾਲਾਂ ਪੱਕੀਆਂ ਕਰਨ ਦਾ । ਕੀ ਇਸੇ ਖਰਚੇ ਵਿਚੋਂ ਫੁਟ ਦੋ ਫੁਟ ਉਥੇ ਵੀ ਬਣਾਉਣਗੇ ? (ਵਿਘਨ)

**ਰਾਜ ਮੰਤਰੀ** : ਸਪੀਕਰ ਸਾਹਿਬ, ਜਿਹੜਾ ਆਨਰੇਬਲ ਮੈਂਬਰ ਨੇ ਸਵਾਲ ਪੁਛਿਆ ਹੈ ਉਹ ਚੈਨਲਜ਼ ਨੂੰ ਪੱਕੇ ਕਰਨ ਵਾਸਤੇ ਪੁਛਿਆ ਹੈ । ਉਸ ਦਾ ਮੈਂ ਜਵਾਬ ਦੇ ਦਿਤਾ ਹੈ । (ਵਿਘਨ)

**ਸ੍ਰੀ ਕੇਸ਼ੋ ਰਾਮ ਗੋਇਲ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਬ ਡਵੀਜ਼ਨ ਬਠਿੰਡਾ ਦੇ ਚੈਨਲ ਕਿੰਨੀ ਦੇਰ ਵਿਚ ਪੱਕੇ ਕਰ ਦੇਣਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਸ ਦੇ ਵਾਸਤੇ ਸੈਪਰੇਟ ਨੋਟਿਸ ਦੇ ਦੇਣ, ਜਵਾਬ ਦੇ ਦੇਵਾਂਗੇ ।

**ਕਾਮਰੇਡ ਜੰਗੀਰ ਸਿੰਘ ਜੋਗਾ** : ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਇਹ ਤਾਂ ਸਰਕਾਰ ਦਾ ਸ਼ਲਾਘਾਯੋਗ ਉੱਦਮ ਹੈ ਕਿ ਪਾਣੀ ਨੂੰ ਜ਼ਾਇਆ ਹੋਣ ਤੋਂ ਬਚਾਇਆ ਹੈ ਪਰ ਇਸ ਦੇ ਲਈ ਜੋ ਬੈਂਕਾਂ ਵਿਚੋਂ ਕਰਜ਼ਾ ਮਿਲਦਾ ਹੈ ਉਸ ਦੇ ਵਿਚ ਬੈਂਕ ਰੁਕਾਵਟਾਂ ਕਰਦੇ ਹਨ । ਹੁਣ ਜ਼ਿਲ੍ਹੇ ਦੀ ਸ਼ਿਕਾਇਤ ਕਮੇਟੀ ਵਿਚ ਇਹ ਸ਼ਿਕਾਇਤ ਆਉਂਦੀ ਹੈ ਕਿ ਬੈਂਕ ਕਰਜ਼ਾ ਨਹੀਂ ਦੇ ਰਹੇ, ਕੀ ਇਸ ਦੇ ਮੁਤੱਲਕ ਵਜ਼ੀਰ ਸਾਹਿਬ ਕੁਝ ਕਰਨਗੇ ? (ਵਿਘਨ)

**Mr. Speaker** : This is irrelevant. Supplementary not allowed.

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਨਹਿਰਾਂ ਦੇ ਖਾਲ ਜੋ ਕੱਚੇ ਹਨ ਉਨ੍ਹਾਂ ਨੂੰ ਪੱਕੇ ਕਰਨ ਦੀ ਸਕੀਮ ਬਣਾਈ ਹੈ । ਇਸ ਦੇ ਲਈ ਪੰਜਵੀਂ ਪੰਜ ਸਾਲਾ ਯੋਜਨਾ ਵਿਚ 9.57 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ । ਇਸ ਕੰਮ ਦੇ ਲਈ ਬੈਂਕਾਂ ਤੋਂ ਕਰਜ਼ਾ ਲੈਣਾ ਪੈਂਦਾ ਹੈ । ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਅਪਣੇ ਕੋਲੋਂ ਫੰਡ ਦੇ ਕੇ ਇਸ ਸਕੀਮ ਨੂੰ ਕਾਮਯਾਬ ਕਰਨ ਵਾਸਤੇ ਤਿਆਰ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਹ ਜੋ ਚੈਨਲਜ਼ ਹਨ ਇਨ੍ਹਾਂ ਨੂੰ ਪੱਕਾ ਕਰਨ ਵਾਸਤੇ 2 ਏਜੰਸੀਆਂ ਕੰਮ ਕਰਦੀਆਂ ਹਨ--ਇਕ ਟਿਊਬਵੈੱਲ ਕਾਰਪੋਰੇਸ਼ਨ ਅਤੇ ਦੂਸਰੀ ਸਾਇਲ ਕੰਜ਼ਰਵੇਸ਼ਨ ਵਾਲੇ । ਇਹ ਬੈਂਕੇਬਲ ਸਕੀਮ ਹੈ ਅਤੇ ਇਸ ਦੇ ਲਈ 80% ਬੈਂਕ ਤੋਂ ਲੋਨ ਮਿਲਦਾ ਹੈ ਅਤੇ 20% ਰਕਮ ਸਰਕਾਰ ਦਿੰਦੀ ਹੈ । (ਵਿਘਨ) ਸਾਰਾ ਪੈਸਾ ਗੌਰਮਿੰਟ ਨਹੀਂ ਦੇ ਸਕਦੀ ।

Original with;
Punjab Vidhan Sabha
Digitized by;
Panjab Digital Library

CONSTRUCTION OF PUCCA CHANNELS IN DISTRICT BHATINDA.

*3372. **Sardar Surjit Singh**: Will the Minister of State for Irrigation & Power be pleased to state—

(a) the reasons for which the seheme to construct 'pucca' channels in district Bhatinda which were required to be started in 1974 could not be taken in hand;

(b) whether the said scheme is likely to be started during the year 1975 ?

**ਸਰਦਾਰ ਗੁਰਬਖਸ਼ ਸਿੰਘ ਸਿਬੀਆ** (ੳ) ਸਾਲ 1974 ਵਿਚ ਬਠਿੰਡਾ ਜ਼ਿਲ੍ਹੇ ਵਿਚ ਨਹਿਰਾਂ ਨੂੰ ਪੱਕਿਆਂ ਕਰਨ ਦਾ ਕੰਮ ਸ਼ੁਰੂ ਕਰਨ ਦੀ ਕੋਈ ਤਜਵੀਜ਼ ਨਹੀਂ ਸੀ ।

(ਅ) ਨਹੀਂ ਜੀ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਕੁਐਸਚਨ ਬਿਲਕੁਲ ਕਲੀਅਰ ਹੈ. . . .(ਵਿਘਨ)

**ਇਕ ਆਵਾਜ਼**: ਜਵਾਬ ਵੀ ਬਿਲਕੁਲ ਕਲੀਅਰ ਹੈ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ**: ਪਿਛਲਾ ਸਵਾਲ ਜੋ ਖਾਲਾਂ ਨੂੰ ਪੱਕੇ ਕਰਨ ਬਾਰੇ ਸੀ ਉਸ ਵਿਚ ਇਕ ਸਪਲੀਮੈਂਟਰੀ ਦੇ ਜਵਾਬ ਵਿਚ ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਦੋ ਏਜੰਸੀਆਂ——ਇਕ ਟਿਊਬਵੈੱਲ ਕਾਰਪੋਰੇਸ਼ਨ ਅਤੇ ਦੂਸਰੀ ਸਾਇਲ ਕੰਜ਼ਰਵੇਸ਼ਨ ਵਾਲੇ ਹਨ । (ਵਿਘਨ) ਜਨਾਬ, ਮੇਰੀ ਬੇਨਤੀ ਤਾਂ ਸੁਣ ਲਓ । (ਵਿਘਨ) ਟਿਊਬਵੈੱਲ ਕਾਰਪੋਰੇਸ਼ਨ ਅਤੇ ਸਾਇਲ ਕੰਜ਼ਰਵੇਸ਼ਨ ਵਾਲਿਆਂ ਦੇ ਥਰੂ ਜੋ ਕੰਮ ਹੁੰਦਾ ਹੈ ਉਹ ਬਿਲਕੁਲ ਫੇਲ੍ਹ ਹੈ, ਇਕੱਲਾ ਇਕੱਲਾ ਜ਼ਿਮੀਂਦਾਰ ਇਸ ਕੰਮ ਲਈ ਭਜਿਆ ਫਿਰਦਾ ਹੈ । ਬਠਿੰਡੇ ਵਿਚ ਇਹ ਸਕੀਮ ਬਿਲਕੁਲ ਨਿਲ ਸਾਬਤ ਹੋਈ ਹੈ । ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਇਸ ਸਕੀਮ ਨੂੰ ਬਦਲ ਕੇ ਸਰਕਾਰ ਆਪਣੇ ਪਾਸੋਂ ਡਾਇਰੈਕਟ ਫੰਡ ਦੇ ਕੇ ਇਸ ਸਕੀਮ ਨੂੰ ਸਿਰੇ ਚਾੜ੍ਹਨ ਨੂੰ ਤਿਆਰ ਹੈ ?

**ਰਾਜ ਮੰਤਰੀ**: ਸਪੀਕਰ ਸਾਹਿਬ, ਐਸੀ ਕੋਈ ਤਜਵੀਜ਼ ਜ਼ੇਰੇ ਗੌਰ ਨਹੀਂ ਹੈ ਕਿਉਂਕਿ ਇਹ ਬੈਂਕੇਬਲ ਸਕੀਮ ਬਣੀ ਹੈ । ਇਹ ਸਾਰਾ ਕੰਮ ਦੋ ਏਜੰਸੀਆਂ, ਜਿਸ ਤਰ੍ਹਾਂ ਮੈਂ ਪਹਿਲਾਂ ਦਸਿਆ ਹੈ, ਕਰਦੀਆਂ ਹਨ ਅਤੇ ਇਸ ਦੇ ਲਈ 80% ਕਰਜ਼ਾ ਬੈਂਕ ਦਿੰਦਾ ਹੈ ਅਤੇ 20% ਸਰਕਾਰ ਦਿੰਦੀ ਹੈ । ਕੁਝ ਡਿਸਟ੍ਰਿਕਟਸ ਵਿਚ ਕੰਮ ਟਿਊਬਵੈੱਲ ਕਾਰਪੋਰੇਸ਼ਨ ਕਰਦੀ ਹੈ ਅਤੇ ਕੁਝ ਡਿਸਟ੍ਰਿਕਟਸ ਵਿਚ ਸਾਇਲ ਕੰਜ਼ਰਵੇਸ਼ਨ ਵਾਲੇ ਕਰਦੇ ਹਨ ।

**ਕੈਪਟਨ ਰਤਨ ਸਿੰਘ**: ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੇ ਕੋਈ ਅਜਿਹੀ ਸਕੀਮ ਉਨ੍ਹਾਂ ਦੇ ਜ਼ੇਰੇ ਗੌਰ ਨਹੀਂ ਤਾਂ ਕੀ ਇਸ ਤੇ ਨਵੇਂ ਸਿਰਿਉਂ ਸਰਕਾਰ ਗੌਰ ਕਰੇਗੀ ਕਿਉਂਕਿ ਫੀਲਡ ਚੈਨਲਜ਼ ਪੱਕੇ ਕਰਨ ਨਾਲ 25% ਪਾਣੀ ਬਚ ਸਕਦਾ ਹੈ ?

Original with; Punjab Vidhan Sabha Digitized by; Panjab Digital Library

[ਕੈਪਟਨ ਰਤਨ ਸਿੰਘ]

ਦੂਸਰਾ ਸਵਾਲ ਮੇਰਾ ਇਹ ਹੈ, ਸਪੀਕਰ ਸਾਹਿਬ, ਕਿ ਜਾਂ ਤਾਂ ਦਫਤਰ ਵਿਚੋਂ ਤੁਹਾਡੇ ਕੋਈ ਗਲਤੀ ਹੋ ਗਈ ਹੈ ਜਾਂ ਸਵਾਲ ਪੁੱਛਣ ਵਿਚ ਗਲਤੀ ਹੋ ਗਈ ਹੈ। ਜਿਹੜਾ ਸਵਾਲ ਹੈ ਉਹ ਇਸ ਤਰ੍ਹਾਂ ਹੈ—

Whether the said Scheme is likely to be started during the year 1975 ਇਹ 1976 ਹੈ ਜਾਂ 1975 ਹੈ ?

**Mr. Speaker**: There is no mistake on the part of Sabha Secretariat. The original notice was given like this in 1975.

**ਰਾਜ ਮੰਤਰੀ**: 1975 ਹੈ ਜੀ । (ਵਿਘਨ) ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਅਰਜ਼ ਕੀਤੀ ਹੈ ਕਿ ਸਾਨੂੰ ਇਹ ਪਤਾ ਹੈ ਕਿ 20% ਤੋਂ 30% ਤਕ ਪਾਣੀ ਬਚਦਾ ਹੈ, ਇਸੇ ਲਈ ਅਸੀਂ 9.57 ਕਰੋੜ ਰੁਪਏ ਦਾ ਉਪਬੰਧ ਪੰਜਵੀਂ ਪੰਜ ਸਾਲਾ ਪਲੈਨ ਵਿਚ ਕੀਤਾ ਹੈ ਅਤੇ ਇਸੇ ਕਰਕੇ ਇਹ ਸਕੀਮ ਬਣਾਈ ਹੈ । ਇਸ ਦੇ ਵਿਚ 80% ਬੈਂਕ ਤੋਂ ਕਰਜ਼ਾ ਲੈ ਕੇ ਅਤੇ 20% ਸਰਕਾਰ ਆਪਣੇ ਕੋਲੋਂ ਪਾਉਂਦੀ ਹੈ । ਜੇ ਇਹ ਸਕੀਮਾਂ ਸਿਰੇ ਚੜ੍ਹ ਜਾਣ ਤਾਂ ਇਸ ਦੇ ਨਾਲ 17 ਲੱਖ ਏਕੜ ਜ਼ਮੀਨ ਨੂੰ ਹੋਰ ਪਾਣੀ ਮਿਲ ਸਕਦਾ ਹੈ । ਇਸੇ ਲਈ ਇਹ ਯਤਨ ਕੀਤਾ ਗਿਆ ਹੈ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼**: ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਇਹ ਮੰਨਿਆ ਹੈ ਕਿ ਜਿਹੜੀਆਂ ਖਾਲਾਂ ਪੱਕੀਆਂ ਕਰਨ ਦੀਆਂ ਸਕੀਮਾਂ ਹਨ ਉਹ ਸਰਕਾਰ ਨੇ ਆਪ ਸਿਧੀਆਂ ਨਹੀਂ ਕਰਨੀਆਂ ਟਿਊਬਵੈਲ ਕਾਰਪੋਰੇਸ਼ਨ ਰਾਹੀਂ ਅਤੇ ਸਾਇਲ ਕੰਜ਼ਰਵੇਸ਼ਨ ਵਾਲਿਆਂ ਦੇ ਰਾਹੀਂ ਕਰਨੀਆਂ ਹਨ । ਇਨ੍ਹਾਂ ਨੇ ਇਹ ਵੀ ਮੰਨਿਆ ਹੈ ਕਿ ਕਰਜ਼ਾ ਲੈ ਕੇ ਕੰਮ ਸ਼ੁਰੂ ਕਰਨਾ ਹੈ । ਮੈਂ ਮਨਿਸਟਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਰਜ਼ਾ ਮਿਲਣ ਵਿਚ ਜਿਹੜੀਆਂ ਰੁਕਾਵਟਾਂ ਹਨ, ਉਨ੍ਹਾਂ ਰੁਕਾਵਟਾਂ ਨੂੰ ਦੂਰ ਕਰਨ ਵਾਸਤੇ ਪੰਜਾਬ ਸਰਕਾਰ ਕੀ ਕਦਮ ਚੁਕ ਰਹੀ ਹੈ ?

**ਰਾਜ ਮੰਤਰੀ**: ਸਪੀਕਰ ਸਾਹਿਬ, ਇਹ ਸਕੀਮ ਜਿਹੜੀ ਹੈ ਇਸ ਦੇ ਵਿਚ ਏ.ਆਰ.ਸੀ. ਦੇ ਥਰੂ ਸਾਨੂੰ ਪੈਸਾ ਮਿਲਦਾ ਹੈ । ਉਸ ਦੇ ਕੋਲ ਕੇਸ ਜਾਂਦਾ ਹੈ । ਮੈਰਿਟ ਦੇ ਉਤੇ ਕੇਸ ਉਨ੍ਹਾਂ ਕੋਲ ਜਾਂਦਾ ਹੈ ਅਤੇ ਫਿਰ ਉਨ੍ਹਾਂ ਤੋਂ ਬੰਬਈ ਕੇਸ ਜਾਂਦਾ ਹੈ । ਸਾਰਾ ਕੁਝ ਹੋਣ ਤੋਂ ਬਾਅਦ ਪੈਸੇ ਮਿਲਦੇ ਹਨ । ਇਸ ਸਕੀਮ ਵਿਚ ਸੁਧਾਰ ਲਿਆਉਣ ਵਾਸਤੇ ਅਸੀਂ ਸੋਚ ਸਕਦੇ ਹਾਂ ਪਰ ਟਾਈਮ ਫੈਕਟਰ ਤਾਂ ਜ਼ਰੂਰੀ ਹੈ । ਜੋ ਪ੍ਰਾਸੈਸ ਹੈ ਉਹ ਤਾਂ ਪੂਰਾ ਕਰਨਾ ਪੈਂਦਾ ਹੈ । ਇਥੋਂ ਪ੍ਰਾਸੈਸ ਹੋ ਕੇ ਉਥੇ ਕੇਸ ਜਾਂਦਾ ਹੈ ਅਤੇ ਫਿਰ ਬੰਬਈ ਤੋਂ ਇਸ ਦੀ ਇਜਾਜ਼ਤ ਮਿਲਦੀ ਹੈ ਤਾਂ ਇਹ ਪੈਸੇ ਸਾਨੂੰ ਮਿਲਦੇ ਹਨ । 8A

**ਸ੍ਰੀ ਪਿਆਰਾ ਰਾਮ ਧੰਨੋਵਾਲੀ**: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਬਿਜਲੀ ਬੋਰਡ ਨੇ ਮਾਰਕੀਟ ਕਮੇਟੀਆਂ ਕੋਲੋਂ ਪੈਸੇ ਲੈ ਕੇ ਹਰ ਸੱਬ-ਡਿਵੀਜ਼ਨ ਵਿਚ ਸਾਰੇ ਪਿੰਡਾਂ ਨੂੰ ਬਿਜਲੀ ਦੇਣ ਦਾ ਫੈਸਲਾ ਕੀਤਾ ਹੈ ਕੀ ਉਸੇ ਤਰ੍ਹਾਂ ਹਰ ਮਾਰਕੀਟ ਕਮੇਟੀ ਕੋਲੋਂ ਪੈਸੇ ਲੈ ਕੇ ਜਿਹੜੇ ਕੱਚੇ ਨਾਲੇ ਹਨ ਕੀ ਉਨ੍ਹਾਂ ਨੂੰ ਪਕਾ ਕੀਤਾ ਜਾਵੇਗਾ ?

(ਕੋਈ ਉੱਤਰ ਨਹੀਂ ਆਇਆ)

Original with;
Punjab Vidhan Sabha
Digitized by;
Panjab Digital Library

**Mr. Speaker**: Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Legislative Assembly.

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38.

### STARRED QUESTION NO. 3315

Extension has been asked for in respect of Starred Question No. 3315**

### ਰਾਜ ਵਿਚ ਕਿਸਾਨਾਂ ਨੂੰ ਦਿੱਤਾ ਗਿਆ ਬੋਨਸ ।

*3375. **ਸਰਦਾਰ ਧੰਨਾ ਸਿੰਘ ਗੁਲਸ਼ਨ**: ਕੀ ਖੁਰਾਕ ਤੇ ਸਪਲਾਈਜ਼ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਕਿਸਾਨਾਂ ਨੂੰ ਕਣਕ ਦੇ ਪ੍ਰਤੀ ਕੁਇੰਟਲ 5 ਰੁਪਏ ਦੀ ਦਰ ਤੇ ਬੋਨਸ ਦਾ ਐਲਾਨ ਮਾਰਚ/ਅਪਰੈਲ, 1975 ਵਿਚ ਕੀਤਾ ਗਿਆ ਸੀ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿੱਚ ਹੋਵੇ ਤਾਂ ਅਪਰੈਲ, 1975 ਤੋਂ ਲੈ ਕੇ ਅਗਸਤ, 1975 ਤਕ ਦੇ ਸਮੇਂ ਦੇ ਦੌਰਾਨ ਜਿਲ੍ਹਾ-ਵਾਰ ਕਿਸਾਨਾਂ ਨੂੰ ਬੋਨਸ ਦੀ ਕਿੰਨੀ ਰਕਮ ਇਸ ਤਰ੍ਹਾਂ ਦਿੱਤੀ ਗਈ ?

**ਸਰਦਾਰ ਗੁਰਦਰਸ਼ਨ ਸਿੰਘ** (ੳ) ਕਿਸਾਨਾਂ ਨੂੰ ਕਣਕ ਤੇ ਕੇਵਲ ਬੋਨਸ ਦੇਣ ਦਾ ਐਲਾਨ ਮਾਰਚ/ਅਪ੍ਰੈਲ, 1975 ਵਿਚ ਕੀਤਾ ਗਿਆ ਸੀ ।

(ਅ) ਅਪ੍ਰੈਲ, 1975 ਤੋਂ ਲੈ ਕੇ ਅਗੱਸਤ, 1975 ਤੱਕ ਦੇ ਸਮੇਂ ਦੇ ਦੌਰਾਨ ਜੋ ਬੋਨਸ ਦੀ ਰਕਮ ਕਿਸਾਨਾਂ ਨੂੰ ਖਾਦ ਦੀ ਸ਼ਕਲ ਵਿੱਚ ਦਿੱਤੀ ਗਈ ਉਸਦਾ ਜ਼ਿਲ੍ਹਾਵਾਰ ਵੇਰਵਾ ਇਸ ਪ੍ਰਕਾਰ ਹੈ । ਬੋਨਸ ਪ੍ਰਤੀ ਕੁਇੰਟਲ 8 ਰਪਏ ਦੀ ਦਰ ਤੇ ਦਿੱਤਾ ਗਿਆ ਹੈ ।

| ਕ੍ਰਮ ਨੰ: | ਜ਼ਿਲ੍ਹੇ ਦਾ ਨਾਂ | ਰਕਮ ਜੋ ਖਾਦ ਦੀ ਸ਼ਕਲ ਵਿਚ ਬੋਨਸ ਵਜੋਂ ਦਿੱਤੀ ਗਈ (ਰਕਮ ਰੁਪਇਆਂ ਵਿਚ) |
|---|---|---|
| 1. | ਅੰਮ੍ਰਿਤਸਰ | 2,28,06,880 |
| 2. | ਬਠਿੰਡਾ | 67,84,000 |

**For Starred Question No. 3315 and reply thereto please see Appendix to this Debates.

Original with;
Punjab Vidhan Sabha
Digitized by;
Panjab Digital Library

[ਖੁਰਾਕ ਤੇ ਸਪਲਾਈਜ਼ ਦੇ ਰਾਜ ਮੰਤਰੀ]

| ਕ੍ਰਮ ਨੰ: | ਜ਼ਿਲ੍ਹੇ ਦਾ ਨਾਂ | | ਰਕਮ ਜੋ ਖਾਦ ਦੀ ਸ਼ਕਲ ਵਿਚ ਬੋਨਸ ਵਜੋਂ ਦਿੱਤੇ ਗਈ (ਰਕਮ ਰੁਪਇਆਂ ਵਿਚ) |
|---|---|---|---|
| 3. | ਫਰੀਦਕੋਟ | | 1,95,06,720 |
| 4. | ਗੁਰਦਾਸਪੁਰ | .. | 1,23,73,296 |
| 5. | ਹੁਸ਼ਿਆਰਪੁਰ | .. | 44,91,456 |
| 6. | ਜਲੰਧਰ | .. | 86,25,864 |
| 7. | ਕਪੂਰਥਲਾ | .. | 85,14,216 |
| 8. | ਲੁਧਿਆਣਾ | .. | 3,12,08,480 |
| 9. | ਪਟਿਆਲਾ | .. | 1,90,23,360 |
| 10. | ਰੋਪੜ | .. | 18,35,440 |
| 11. | ਸੰਗਰੂਰ | .. | 2,15,88,560 |
| 12. | ਫਿਰੋਜ਼ਪੁਰ | .. | 1,71,77,360 |
| | | ਕੁਲ ਜੋੜ | 17,39,35,632 ਰੁਪਏ |

## ਰਾਜ ਵਿਚ ਲਗਾਏ ਗਏ ਗੋਬਰ ਗੈਸ ਪਲਾਂਟਸ

*3374. **ਸਰਦਾਰ ਧੰਨਾ ਸਿੰਘ ਗੁਲਸ਼ਨ**: ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ 1974-75 ਵਿੱਚ ਕੇਂਦਰੀ ਸਰਕਾਰ ਨੇ ਪੰਜਾਬ ਸਰਕਾਰ ਨੂੰ ਪੰਜਾਬ ਰਾਜ ਵਿੱਚ ਗੋਬਰ ਗੈਸ ਪਲਾਂਟਸ ਲਗਵਾਉਣ ਲਈ ਆਖਿਆ ਸੀ;

(ਅ) ਜੇਕਰ ਉਕਤ ਭਾਗ (ੳ) ਦਾ ਉਤਰ ਹਾਂ ਵਿਚ ਹੋਵੇ ਤਾਂ ਕੇਂਦਰੀ ਅਤੇ ਰਾਜ ਸਰਕਾਰ ਦੁਆਰਾ ਗੋਬਰ ਗੈਸ ਪਲਾਂਟਸ ਲਗਾਉਣ ਲਈ ਵੱਖ ਵੱਖ ਕਿੰਨੀ ਕਿੰਨੀ ਰਕਮ ਐਲੋਕੇਟ ਕੀਤੀ ਗਈ;

(ੲ) ਜ਼ਿਲ੍ਹਾ-ਵਾਰ ਉਨ੍ਹਾਂ ਥਾਵਾਂ ਦੇ ਨਾਂ ਕੀ ਕੀ ਹਨ ਜਿਥੇ ਇਹ ਪਲਾਂਟਸ ਲਗਾਏ ਗਏ ਹਨ;

(ਸ) ਕਿਸਾਨਾਂ ਦੇ ਕਿੰਨੇ ਪਰਿਵਾਰਾਂ ਨੂੰ ਇਸ ਸਕੀਮ ਦੁਆਰਾ ਲਾਭ ਪਹੁੰਚਾਇਆ ਗਿਆ ਹੈ;

(ਹ) 1974-75 ਦੇ ਦੌਰਾਨ ਅਸਲ ਵਿਚ ਖਰਚ ਕੀਤੀ ਗਈ ਰਕਮ ਦੇ ਵੇਰਵੇ ਕੀ ਹਨ ?

Original with;
Punjab Vidhan Sabha
Digitized by;
Panjab Digital Library

**ਮਾਸਟਰ ਗੁਰਬੰਤਾ ਸਿੰਘ** : (ੳ) ਹਾਂ ਜੀ ।

(ਅ) (1) ਭਾਰਤ ਸਰਕਾਰ ਵਲੋਂ 15,85,305.00 ਰੁਪਏ ਦੀ ਰਕਮ ਅਲਾਟ ਕੀਤੀ ਗਈ ਸੀ ।

(2) ਪੰਜਾਬ ਸਰਕਾਰ ਨੇ ਕੈਪੀਟਲ ਕਾਸਟ ਉਤੇ 25 ਪ੍ਰਤੀਸ਼ਤ ਸਬਸਿਡੀ ਦੇਣੀ ਸੀ ਤੇ ਇਹ ਰਕਮ ਭਾਰਤ ਸਰਕਾਰ ਵਲੋਂ ਮਿਲਣੀ ਸੀ ।

(ੲ) ਜਿਨ੍ਹਾਂ ਥਾਵਾਂ ਤੇ ਗੋਬਰ ਗੈਸ ਪਲਾਂਟ ਲਗਾਏ ਗਏ ਹਨ, ਉਨ੍ਹਾਂ ਦੀ ਜ਼ਿਲ੍ਹਾ-ਵਾਰ ਸੂਚੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

(ਸ) ਕਿਸਾਨਾਂ ਦੇ 2006 ਟੱਬਰਾਂ ਨੂੰ ਇਸ ਸਕੀਮ ਨਾਲ ਲਾਭ ਪਹੁੰਚਿਆ ।

(ਹ) ਸਾਲ 1974-75 ਵਿੱਚ 18,74,802.50 ਰੁਪਏ ਇਸ ਸਕੀਮ ਅਧੀਨ ਉਪਦਾਨ ਦੇਣ ਵਾਸਤੇ ਖਰਚੇ ਗਏ ।

## ਜ਼ਿਲ੍ਹਾਵਾਰ ਸੂਚੀ

### ਜ਼ਿਲ੍ਹਾ ਫਰੀਦਕੋਟ

| ਲੜੀ ਨੰ. | ਬਲਾਕ ਦਾ ਨਾਂ | ਪਿੰਡਾਂ ਦੇ ਨਾਂ ਜਿਥੇ ਗੋਬਰ ਗੈਸ ਪਲਾਂਟ ਲਗੇ ਹੋਏ ਹਨ |
|---|---|---|
| (1) | ਫਰੀਦਕੋਟ | ਸਾਦਿਕ, ਢੀਰਾਂ ਵਾਲਾ, ਟਹਿਣਾ, ਮੈਮੂਆਣਾ, ਭਰਾਈਵਾਲਾ, ਮਚਾਕੀਵੱਲ, ਸਿੰਘਵਾਲਾ, ਧੂਲਕੋਟ, ਚਾਹਲ, ਕਿੰਗਰੇ । |
| (2) | ਕੋਟਕਪੂਰਾ | ਹਰੀ ਨਾਉਂ, ਧੀਮਨਵਾਲੀ, ਦੋਆਰੀਆਣਾ, ਸੰਦਵਾਣਾ, ਸਰਵਾਣ, ਮੈਹਲਾ, ਰੋੜੀਕਪੂਰਾ, ਜੈਤੋ, ਪਬੋਸਿੰਘ ਵਾਲਾ, ਗੋਮਤੀ ਕਲਾਂ, ਭਲੂਰ । |
| (3) | ਮੁਕਤਸਰ | ਮੁਕਤਸਰ, ਚੱਕ ਸਿਰੇਵਾਲਾ, ਰੁਪਾਣਾ, ਸਾਮੇਵਾਲਾ, ਨਾਡਗੜ, ਲਖੇਵਾਲੀ, ਸੀਰੇਵਾਲੀ, ਚਿਬਰਾਂ ਵਾਲੀ, ਬੁਲਰ । |
| (4) | ਮਲੋਟ | ਸਰਵਾਣਾ, ਰਾਮ ਨਗਰ, ਝਰੋੜ, ਮਲਵਾਲਾ, ਔਨਾਖੇੜਾ । |
| (5) | ਲੰਬੀ | ਕੁਤਿਆਂ ਵਾਲੀ, ਅਬੁਲਖਰਾਨਾ, ਅਧੀਨਾ, ਬਾਦਲ, ਖੁਫਆਇਨਾ । |
| (6) | ਗਿਦੜਬਾਹਾ | ਦੋਦਾ, ਮੰਡੀਰ, ਫੱਕਰਸਰ, ਕੋਟਬਾਈ, ਚਤਆਇਨਾ । |
| (7) | ਬਾਗਾਪੁਰਾਣਾ | ਸਮਾਲਸਰ, ਮਲਕੇ । |
| (8) | ਨਿਹਾਲ ਸਿੰਘ ਵਾਲਾ | ਬਦਨੀਕਲਾਂ, ਖਾਈ । |

Original with;
Punjab Vidhan Sabha
Digitized by;
Panjab Digital Library

[ਖੇਤੀ ਬਾੜੀ ਅਤੇ ਜੰਗਲਾਤ ਮੰਤਰੀ]

| ਲੜੀ ਨੰਬਰ | ਬਲਾਕ ਦਾ ਨਾਂ | ਪਿੰਡਾਂ ਦਾ ਨਾਂ ਜਿਥੇ ਗੋਬਰ ਗੈਸ ਪਲਾਂਟ ਲਗੇ ਹਨ |
|---|---|---|
| (9) | ਮੋਗਾ-I | ਰੌਲੀ, ਕਪੂਰੇ, ਪੂਰੋਵਾਲਾ, ਕੋਕਰੀ ਕਲਾਂ, ਬੀਰਝੜਿਕ, ਮੋਗੇਮਹਿਲਾਂ, ਲੰਡੇਕੇ, ਡਾਲਾ, ਇਜਤਵਾਲ, ਮਹਿਨਾ, ਚੁਗਾਵਾਂ, ਬੁਟਰ, ਬੂਗੀਪੁਰਾ। |
| (10) | ਮੋਗਾ-II | ਘਲਕਲਾਂ, ਰਤੀਆਂ, ਦਰਾਪੁਰ, ਬਡਾਘਰ, ਖੁਸੇਪਾਂ ਡੌਂ, ਚੋਟਾ ਘਰ, ਡਰੋਲੀ ਭਾਈ, ਦੁਨੇਕੇ । |
| | | **ਫਿਰੋਜ਼ਪੁਰ** |
| (1) | ਕੋਟ ਈਸੇ ਖਾਂ | ਬੂਹਰਵਾਲੀ, ਖੋਸਾ ਰਣਧੀਰ, ਜਲਾਲਾਬਾਦ, ਕਾਦਰਵਾਲਾ, ਮਸੀਤਾਂ, ਕੜਿਆਲਾਂ, ਨੂਰਪੁਰ ਹਕੀਮਾਂ, ਕੋਟ ਇਸੇਖਾਂ। |
| (2) | ਜ਼ੀਰਾ | ਭਾਗੋਕੇ, ਸੁਖੇਵਾਲ, ਵਾਰਿਆ, ਗੋਗੋਆਣਾ, ਵਾੜਾ ਪਹੂਵਿੰਡ, ਪੰਡੋਰੀ ਜਟਾਂ, ਮਨੇਰ, ਜ਼ੀਰਾ, ਤਲਵੰਡੀਪਾਲਾ । |
| (3) | ਘਲ ਖੁਰਦ | ਸ਼ੇਖਾਂ, ਡੂਨੇਵਾਲਾ, ਕਾਦਾ ਬੋੜਾ, ਹਕੂਮਤ ਸਿੰਘ ਵਾਲਾ, ਮਲਵਾਲ, ਬਸਤੀ ਭਾਗ ਸਿੰਘ, ਰਤਾ ਖੇੜੇ, ਕੁਕੂਵਾਲਾ। |
| (4) | ਫਿਰੋਜ਼ਪੁਰ | ਮਲਾਂ ਵਾਲਾ, ਜੀਆਂ ਬੱਗਾ, ਬਸਤੀ ਜੀਆ ਰੇਗਾ, ਮਲੂਵਾਲਾ, ਨੂਰਪੁਰ ਸੇਖਾਂ, ਫਿਰੋਜ਼ਪੁਰ, ਬਕਨਖਾਂ ਵਾਲਾ, ਫਿਰੋਜ਼ਪੁਰ ਛਾਉਣੀ । |
| (5) | ਗੁਰੂ ਹਰ ਸਹਾਇ | ਚੁਗਾ, ਮੋਹਨ ਕੇ ਉਤਾੜ, ਵਿਰਕ ਖੁਰਦ, ਬਸਤੀ ਨਿਜਰ, ਬਸਤੀ ਕੇਹਰ ਸਿੰਘ ਵਾਲਾ, ਝੰਡੂਵਾਲਾ, ਗੁਰੂ ਹਰ ਸਹਾਇ, ਬਸਤੀ ਸਿੰਘ ਵਾਲਾ, ਚੱਕ ਟਾਹਲੀ ਵਾਲਾ, ਕੁਟੀ, ਸਰੂਪੇ ਵਾਲ, ਬਗੂਵਾਲ। |
| (6) | ਜਲਾਲਾਬਾਦ | ਚੱਕ ਹੀਰਾ, ਮੋਹਕਮ ਆਰਾਈ, ਢਾਬ ਘੜਿਆਲ, ਜਲਾਂ ਲਖੋ ਕੇ ਹਥਾੜ, ਮਸਤੂ ਵਾਲਾ, ਕੀੜਿਆਂ ਵਾਲਾ, ਲਧੂ ਕਾ ਮੰਡੀ । |
| (7) | ਫਾਜ਼ਿਲਕਾ | ਰਾਮਪੁਰਾ, ਜਟਾਂ ਵਾਲੀ, ਜੋੜ ਕੇਕਿਕਰ ਵਾਲੀ, ਸਿੰਘਪੁਰ । |
| (8) | ਅਬੋਹਰ | ਮੋਜਗੜ, ਕਿਲੀਆਂ ਵਾਲੀ, ਮਤਰੇਵਾਲਾ, ਸਪਾਂ ਵਾਲੀ, ਦਾਨੇਵਾਲੀ, ਪਨੀਵਾਲਾ, ਮਹਾਲਾ, ਬਾਰੇਕੀ, ਪਿੰਡ ਕਟੇਹਰਾ, ਧਰਮਪੁਰ, ਅਬੋਹਰ, ਢੀਗਾਂ ਵਾਲੀ, ਕੇਰਾ ਖੇੜਾ, ਰੁਕਨਪੁਰਾ, ਗੋਬਿੰਦਗੜ੍ਹ, ਰਾਜਾਂ ਵਾਲੀ, ਜੋਧਪੁਰ, ਰਾਮ ਗੜ੍ਹ । |
| (9) | ਖੂਹੀਆਂ ਸਰਵਰ | ਨਿਹਾਲ ਖੇੜ, ਚਿਰਾਜ਼ ਢਾਣੀ, ਘੁਰਆਣਾ, ਅਬੋਹਰ, ਬੁਰਜ ਸਹਾਰ ਧਰਮ ਪੁਰਾ । |

Original with;
Punjab Vidhan Sabha
Digitized by;
Panjab Digital Library

### ਜ਼ਿਲ੍ਹਾ : ਲੁਧਿਆਣਾ

ਗਿੱਦੜ ਪਿੰਡੀ, ਜਰਗ, ਡੋਂਡੂ, ਖੇੜੀ ਨੌਧ ਸਿੰਘ, ਸਲੀਮਪੁਰ, ਭੁਮਾਲ, ਬੋਪਾ ਰਾਏ, ਰਾਉਨੀ ਬਰ ਖੁਰਦ, ਕੋਟਲੀ ਅਜਮੇਰ, ਕਿਲਾ ਰਾਏਪੁਰ, ਜਰਗ, ਬਗਲੀ ਕਲਾਂ, ਬਰਵਾਲੀ ਖੁਰਦ, ਲਲਉੜੀ ਕਲਾਂ, ਮਾਨਪੁਰ, ਘਰਖਾਨਾ, ਭਾਘੋਰ, ਟਪੱਰੀਆਂ ਟੋਡਰਪੁਰ, ਮਾਧੀਵਾੜਾ, ਰੌਣੇ ਖੁਰਦ, ਘੁਰਾਲਾ, ਘੁਜਰਾਲੀ ਰਾਜਪੂਤਾਂ, ਜਹਗਰੀ, ਆਲਮਗੀਰ, ਨਿਗਜਾਮਪੁਰ, ਮਾਛੀਵਾੜਾ, ਛਖਰਾਂ, ਪਰੀਨੋਉਨ, ਘਰਾਉਨੀ ਕਲਾਂ, ਖਟੜਾ, ਚੁਹੜਾਮੀ, ਕਾਕੋਵਾਲ, ਕੋਟਲਾ ਅਜਮੇਰ, ਕੋਟਲਾ ਬਤਲਾ, ਬਾੜੀ, ਬੜੇਵਾਲ, ਮਨਸੂਰਾਨ, ਦਮੋਰ ਖੁਰਦ, ਡਾਡ, ਜੋੜਾਂ, ਕਟਾਰੀ, ਸਰੀਂਹ, ਆਲਮਗੀਰ, ਹੀਰਾਂ, ਸੁਜਾ ਪੁਰ, ਅਲੀਗੜ੍ਹ, ਮਲੌਦ ਰੋੜੀਆਂ, ਸ਼ਹਿਰੀ ਮਾਜਰਾ, ਗੁਰੇ, ਕਲਾਰ, ਘੁੰਘਰਾਲੀ, ਘੁੰਘਰਾਲੀ ਰਾਜਪੂਤਾਂ, ਹੈਬੋਵਾਲ ਕਲਾਂ, ਬਲੋਕੇ, ਕ੍ਰਿਸ਼ਨ ਪੁਰ, ਕਦੋਂ, ਜੱਲਾਂ, ਸ਼ਾਹਪੁਰ, ਮਦਨੀ ਪੁਰ, ਗੁੜਾਨੀ ਕਲਾਂ, ਭੱਠਲ, ਮਕਸੂੰਦਰਾਂ, ਨਪਾਂ ਹੈਬੋਵਾਲ ਖੁਰਦ, ਮੋਹਰਬਾਨ, ਮੰਗੇਵਾਲ, ਦੁਬੁਰਜੀ, ਪਿਰਥੀਪੁਰ, ਬਾਉਂਤ, ਕਾਦੀਆਨਾ, ਜਗਿਆਨਾ, ਮੀਆਂ ਵਾਲੀ, ਗਿਦੜੀ, ਮਾਜਰੀ, ਢੇਰੀ, ਖੰਨਾ, ਸ਼ਾਹਬਾਨਾ, ਗਿੱਦੜ ਵਿੰਡੀ, ਗਾਲਬਕਲਾਂ, ਪੰਜ ਗਰਾਹੀਆਂ ਬਿਜਨਪੁਰ, ਸ਼ਾਹਪੁਰ ਸ਼ੇਰਗਾ, ਧਨੇਟ, ਗੁੜਾਨੀਕਲਾਂ, ਫਿਰੋਜ਼ਪੁਰ ਪਾਇਲ, ਹਬੰੜਾ, ਗਾਉਂਸਗੜ, ਰੌਲ, ਭੱਠਲ, ਹਰੀਉ ਕਲਾਂ, ਗਾਲਬ ਕਲਾਂ, ਮੋਹਨਪੁਰ, ਬਹਿਲੋਲ ਪੋਰ, ਮੁੰਡੀਆਂ ਖੁਰਦ, ਰਾਹਉਨ, ਸੋਹਨਪੁਰ, ਲੋਪੋਂ, ਖੁਰਦ, ਗਿੱਲ, ਤਲਵੰਡੀ ਕਲਾਂ, ਮੈਸਰਜ ਵਰਦਮਾਨ ਸਿਪਿਨਿੰਗ ਮਿਲ ਲਿਮਿਟਡ ਜਮਾਲਪੁਰ, ਗੁਰੂਸਰ ਕਾਉਕੇ । ਚੁਰਪੁੜਾ, ਤਲਵੰਡੀ ਕਲਾਂ, ਗਾਲਬ ਕਲਾਂ, ਮੋਹਨ ਪੁਰ, ਭਟੀਆਂ, ਰੰਧਾਵਾ ਕੋਲੋਨੀ ਬੁਰਜ ਲਬਰਾਂ, ਭਮਟ ।

### ਜ਼ਿਲ੍ਹਾ ਹੁਸ਼ਿਆਰਪੁਰ

ਮੋਨਾ ਕਲਾਂ, ਫਗਲਾਨਾ, ਢਾਹਾਂ, ਬਿਹਾਲਾ, ਪੋਵਾਲਾ, ਅੱਬੋਵਾਲ, ਹਾਰਟਾ, ਹਰਿਆਨਾ ਕਲਾਂ, ਬਡਲਾ, ਕਾਲੇਵਾਲ ਫੱਤੋ, ਸਿੰਬਲੀ, ਧਮੇਈ, ਮੋਨਾ ਕਲਾਂ, ਭਟਗਾਨਾ, ਕਕੋਂ, ਜਟਪੁਰਾ, ਮਹਿਤਾਬਪੁਰ, ਸਿਆਣਾ, ਸੁਜੋਵਾਲ, ਮਹਿਤਪੁਰ, ਰੜੇਵਾਲ, ਗੋਂਦਪੁਰ, ਲੇਹਾਟ, ਥੱਥਿਆਲ, ਮੋਹਿੰਦੀਪੁਰ, ਗਰੂਨ, ਆਇਲ ਸਟੋਰ ਗੜ੍ਹਸ਼ੰਕਰ ਰੋਡ ਹੁਸ਼ਿਆਰਪੁਰ ।

### ਜ਼ਿਲ੍ਹਾ ਪਟਿਆਲਾ

| ਬਲਾਕ ਦਾ ਨਾਂ | ਪਿੰਡਾਂ ਦਾ ਨਾਂ |
|---|---|
| ਪਟਿਆਲਾ : | ਬਖਸ਼ੀਵਾਲਾ, ਪਟਿਆਲਾ, ਮਿਰਜਾਪੁਰ, ਰਸੂਲਪੁਰ, ਸਿਧੂਵਾਲ, ਮਿਠੂਮਾਜਰਾ, ਭੱਠਲਾ, ਰੱਖੜਾ, ਝਿੱਲ, ਬਹਾਦਰ ਗੜ । |
| ਭੁਨਰਹੇੜੀ : | ਬੂਟਾ ਸਿੰਘ ਵਾਲਾ, ਸਨੌਰ, ਮੰਗਤਪੁਰਾ, ਨੂਰਪੁਰ, ਫਰਾਸਵਾਲਾ, ਮਿਰਨਪੁਰ, ਮਕਮੋਲਪੁਰ, ਮਸੀਨ, ਡਲਬੇਹਰਾ, ਦੂਪਨ, ਭੁਨਰਹੇੜੀ, ਬਿਸ਼ਨ ਨਗਰ, ਕੋਟਲਾ, ਦੇਵੀਨਗਰ, ਭੈਣੀ, ਹਰੀਗੜ੍ਹ, ਕਾਠ ਗੜ੍ਹ, |
| ਸਮਾਣਾ : | ਚੁਪਕੀ, ਕਮਾਸਪੁਰ, ਨਿਆਲਾ, ਸਾਹਪੁਰ, ਜੋਰਾਮਾਜਰਾ, ਗਾਜ਼ੇਵਾਸ, ਦੁਤਾਲ, ਸਿਆਲ ਕਲਾਂ, ਸਮਾਨਾਂ, ਨਗਰੀ, ਬਾਦਸਾਹਪੁਰ, ਬਿਸ਼ਨਪੁਰ, ਦਫਤਰੀਵਾਲਾ, |

Original with;
Punjab Vidhan Sabha
Digitized by;
Panjab Digital Library

[ਖੇਤੀ ਬਾੜੀ ਅਤੇ ਜੰਗਲਾਤ ਮੰਤਰੀ]

ਦਸਤਬਹਪੁਰ, ਜਾਹਨਪ ਗੌਰੀਆਂ, ਘੱਗਾ, ਅਸਮਾਨਪੁਰ, ਫਤੇਹਗੜ, ਕਾਰਨੇਵਾਲ, ਚੋਹਟ, ਸਤਰਾਨਾ, ਦੁਗਾਲ ਕਲਾਂ, ਕਾਂਗੜਾ, ਘਰਾਂ ਚੋਂ, ਆਲਮਪੁਰ, ਅਵੱਲਾ, ਰਮੂਕੀ, ਫਾਰਮ ਪਾਤੜਾਂ,

ਨਾਭਾ : ਰਾਮਗੜ੍ਹ, ਛਨਾ, ਮਨਡੋੜ, ਜਜਾ, ਹਰਿਆਣਾ ਖੁਰਦ, ਦਿਤਪੁਰ, ਫਰੀਦਪੁਰ, ਰੈਸਲ, ਨਾਲੌਰੀ, ਕਲਾ ਪਜਾਜਰ, ਤਰਖੇੜੀ, ਭਾਦਸੋਂ, ਜਦੀਵਾਲ, ਮਨੌਰਾ, ਨਾਨੋਵਾਲ, ਢਿੰਗੀ, ਦੁਲੰਦੀ, ਅਲੋਹਰਾਖੁਰਦ, ਭੇਜੋਮਾਜ਼ਰੀ ।

ਸਰਹੰਦ : ਚੰਨੋ, ਸ਼ੇਖਪੁਰ, ਘੌਲਪੁਰ, ਅੱਤਾਪੁਰ, ਡਟੀਡਾ, ਸੀਰਪੁਰ, ਚੁਨਾਰਥਲ, ਖੁਰਦ, ਹੇਲੋਤਾਹਲੀ, ਖਰਾ, ਸੰਠਲਪੁਰ, ਨਰਾਇਣਗੜ੍ਹ ਚਲਾਨ, ਭੋਗ, ਕੁਲਗੜ੍ਹ, ਹਿੰਮਤਗੜ੍ਹ, ਘੁਟਿਡਾਠ, ਅਮਲੋਹ, ਅਲੀਪੁਰ, ਮੌੜਾਂ, ਸਾਮਪੁਰ ।

ਬਸੀਪਠਾਨਾਂ : ਬਹਾਦਰਗੜ੍ਹ, ਸ਼ਮਸ਼ੇਰਨਗਰ, ਕੋਟਲਾ ਭਾਈਕਾ, ਸਹਜਾਦਪੁਰ, ਸਾਧੂਗੜ੍ਹ, ਜੈਮਤਗੜ੍ਹ, ਨਵਾਂ ਗਾਂਵ, ਭੈਣੀ ਖੁਰਦ ।

ਰਾਜਪੁਰਾ : ਠੀਠਸਾ, ਕੁਕਰਾਲਾ, ਬਨੂੜ, ਕੱਲੋ ਮਾਜਰਾ, ਘੰਗਾਂ, ਸਰਾਏ, ਬੂਹਾ, ਨਰਾਇਣ ਉਡਰਨ, ਦਲਾਰਪੁਰ, ਰਾਮਪੁਰਾ ਕੰਡਾ, ।

ਡੇਰਾ ਬਸੀ : ਡੋਗਾ ਪੁਰ, ਡੇਰਾਬਸੀ।

## ਜ਼ਿਲ੍ਹਾ ਅੰਮ੍ਰਿਤਸਰ

ਨੰਗਲੀ, ਸਬਾ, ਭੱਟੀ, ਮਹਾਜਨ ਖ਼ਿਲਾ, ਮਧੂ, ਚਕਪੁਲਾ, ਤਰਨਤਾਰਨ, ਪੱਟੀ, ਭਾਖਾਹਰੀ ਸਿੰਘ, ਤੀਰੇ ਪੁਰਦ, ਚਮਿਆਰੀ, ਗੁਜਰ ਪੁਰਾ, ਸਦਰ ਰਾਜਪੂਤਾਂ, ਸੁਮਨ, ਮੁਸਫਾਬਾਦ, ਜੈਠੂਵਾਲਾ, ਗਮਟਾਲਾ, ਤੀਜੇ ਚੱਕ, 4-ਫੀਲਡ ਨੇੜੇ ਬਾਈ ਪਾਸ, ਅੱਡੀ ਵਾਲ, ਬਹਾਦਰਪੁਰ, ਭਿਸਾਰ ਕੀਲਨ, ਮਸ਼ੈਲ, ਕੋਟਲਾ, ਟਾਂਗਰਾਂ, ਕੋਟਲਾ, ਨਿਸ਼ਟਾ, ਰੋਰਵਾਲਾ, ਰਨਾਉਲ, ਭਿਆਨੀ, ਸਦਰਰਾਜਪੂਤਾਨਾ, ਅਜਨਾਲਾ, ਨਾਗਲੀ, ਬਿਹਾਰੀਪੁਰ, ਹਾਰੋ ਪੱਟੀ, ਰਾਜਾਸੰਸੀ, ਫੀਲਡ ਵੇਰਕਾ, ਖਜਨਵਾਲਾ, ਤਰਨਤਾਰਨ, ਝੰਗ, ਮਾਨਾਂ, ਤਰਪਾਈ, ਸਦਰ ਰਾਜਪੁਤਾਨਾ, ਅਮਰਕੋਟ, ਸਹਿਡੀਨ, ਨੌਜਰਪੁਰ, ਗੁਮਟਾਲਾ, ਨਿਸਟਾ, ਰਣੀਕਾ, ਰੋਰਨਵਾਲਾ, ਨਿਸਟਾ, ਰਈਪੁਰ, ਖੂਰਾ, ਝੰਗ, ਖਾਈਰਾਜ ਪੁਤਾਨਾ, ਬਿਹਾਰੀ ਪੁਰ, ਲਸਕਰੀ ਨੰਗਲ, ਗੰਡੀਵਿੰਡ., ਖਾਨਕੋਟ, ਅਟਾਰੀ, ਪੱਟੀ, ਧੰਨੋ ਖਰੜ, ਤਰਨਤਾਰਨ, ਸਦਰ ਰਾਜਪੁਤਾਨਾ, ਪੱਕਰ ਪੁਰ, ਜੰਡਿਆਲਾ, ਗੁਰੂ, ਸਠੀਆਲਾ ।

## ਜ਼ਿਲ੍ਹਾ ਸੰਗਰੂਰ

**ਪਿੰਡਾਂ ਦਾ ਨਾਂ ਜਿਥੇ ਗੋਬਰ ਗੈਸਪਲਾਂਟ ਲਗੇ ਹਨ ।**

ਦੱਦਾਤ, ਸਾਹੋਰ, ਕੰਮੋ ਮਾਜਰਾ, ਨਿਹਾਲਸਿੰਘ ਵਾਲਾ, ਚਨਣ ਵਾਲਾ, ਗੋਬਿੰਦਗੜ, ਹੁਚਾਨ ਕੋਕਲਾਂ, ਬਿਹਲਾ, ਬਹਿਣਾ, ਖਿਆਲੀ, ਲਦਾਲ, ਗੋਬਿੰਦਪੁਰਾ, ਗੋਬਿੰਦਪੁਰਾ ਮੂਨਕ, ਮੂਨਕ, ਦੁਦੀਆਂ, ਲਾਲਵੰਜਾਰਾ, ਖਨੌਰੀ ਖਨੋਰੀ, ਹਰਆਉ, ਰਾਮਗੜ੍ਹਸੀਡਬੀਆਂ, ਰਾਮਨਗਰ, ਦਿਹਕਲਾਂ, ਸੰਗਰੂਰ, ਅਕੋਈ ਸਾਹਿਬ, ਖੇੜੀ, ਸਾਰੋ, ਲੱਡੀ, ਹਕੀਕਤ ਪੁਰਾ, ਸੁੰਦਰ ਘਾਟ,

Original with:
Punjab Vidhan Sabha
Digitized by:
Panjab Digital Library

ਤਰਜੀਖੇੜਾ, ਅਕਾਲਗੜ੍ਹ, ਸੁਨਾਮ, ਖੜਾਇਲ, ਬਿਸ਼ਨਪੁਰਾ, ਸੁਨਾਮ, ਗੁਜਰਾਂ, ਕਾਲੋਕੇ, ਦਾਨਗੜ੍ਹ, ਹੰਡਿਆਇਆ, ਕਰਮਗੜ੍ਹ, ਬਰਨਾਲਾ, ਠਿਕਰੀਵਾਲਾ, ਧਨੌਲਾ, ਧਾਨਗੜ੍ਹ, ਧੂਰਕੋਟ, ਹੁਭੜਕੇ ਕਲਾਂ, ਧੌਲਾ, ਰਾਜਗੜ੍ਹ, ਧਨੌਲਾ ਖੁਰਦ, ਤੱਪਾ, ਸਹਿਣਾ, ਪਖੋਕੇ, ਢਿਲਵਾਂ, ਚੀਮਾਂ-ਭਾਦੌੜ, ਧੂਰੀ, ਮਾਨਾਂ, ਰਾਜੋਮਾਜਰਾ, ਬਰਦਵਾਲਾ, ਮਾਨਾਂ ਵਾਲਾ, ਬਦਲਵੱਡ, ਕੰਕੜਵਾਲ, ਬੰਗਾ, ਬੁਲਰਹੇੜੀ, ਭੁਰਬਲਾ, ਜਗੜ, ਮੰਡੀਵੀ, ਲਗੜੀਆਂ, ਮੰਡੀਆ, ਦੋਲੋਵਾਲ, ਨਾਰੀਕੇ, ਸ਼ੇਕਰਾਂ, ਜਟੂਉਆਂ ਖਾਨਪੁਰ, ਚਪਰੋਦਾ, ਅਹਿਮਦਗੜ੍ਹ, ਅਮਰਗੜ੍ਹ ਚੌਂਧਾ, ਜਲਾਲਗੜ੍ਹ, ਭਸੌੜ, ਕਲਾਲਗੜ੍ਹ ਮੋਹਾਂ ਵਾਲੀ, ਹਥੋਆਂ, ਭਵਾਨੀਗੜ੍ਹ, ਗੁਮੰਦਸਿੰਘਵਾਲਾ, ਮਾਜਾ, ਖੇੜੀ ਚੰਦਵਾਂ. ਹਰਕਿਸ਼ਨ ਪੁਰਾ, ਰਾਮਪੁਰਾ, ਰਾਏਸਿੰਘ ਵਾਲਾ, ਨਕਟੇ, ਹਰਦਿਤਪੁਰਾ. ਖੁਰਦ, ਫੈਜੇਵਾਲ, ਸੰਦੌੜ, ਧਲੇਰ, ਕਲਾਂ, ਅਹਿਮਦਗੜ੍ਹ, ਇਸ਼ਪੁਰ ਕਟਾ, ਸ਼ੇਰਵਾਲੀ ਕੋਟ, ਦਸੌਂਦਾ ਸਿੰਘ।

### ਜ਼ਿਲ੍ਹਾ ਰੋਪੜ

ਭੁਲਾਵ, ਭਾਲੜੀ, ਮਾਨਕਪੁਰ, ਗੋਲਨੀ, ਕੁਲਗਾਹਾਂ, ਸੂਰੇਵਾਲ, ਗੋਲੜੀ, ਬਲੋਵਾਲ ਭਨੂਪਲੀ, ਮਹਿਰੌਲੀ, ਮਤੌੜ, ਖਾਨਪੁਰ, ਪੋਲੇਵਾਲ, ਅਨਦਪੁਰ ਸਾਹਿਬ, ਬਮੇੜਾ, ਦਸਗਰਾਂ, ਮਾਂਗੇਵਾਲ, ਰਤੋਂ, ਅਸਰਪੁਰ, ਮਨੈਲਾ, ਘਮਗੜੀ ਬੁਰਡੇ, ਮਾਨਗੜ੍ਹ, ਰੂਕਾਲੀ, ਸੰਦੇਸ਼ ਖੁਰਦ, ਫਕੀਰਪੁਰ, ਕਤਲੋਹ, ਬੇਗਮਪੁਰ, ਸ਼ੁਰਤਾਰਪੁਰ, ਬਹਿਰਾਮ ਬੇਟ, ਮਕੋਵਾਲ, ਬਲਰਾਮਪੁਰ ਖੱਖਰ, ਮੋਹਨ ਮਾਜਰਾ, ਟੱਪਰੀਆਂ, ਅਮਰ ਸਿੰਘ, ਕੰਧੋਲਾ, ਰਸੀਦਪੁਰ, ਸੈਦਪੁਰ, ਮੋਹਰੀ, ਕੋਟਲੀ, ਬੇਲਾ, ਫਿਰੋਜ਼ਪੁਰ, ਲੇਖਪੁਰਾ, ਸਲੀਮਪੁਰ, ਚਲਾਕੀ, ਖੰਟਨ ਧਨੌਲਾ, ਮਨੈਲੀ, ਸਖੋ ਮਾਜਰਾ, ਪੰਜ ਕੋਹਾ, ਵਜੀਦਪੁਰ, ਰੁੜਕੀ ਹੀਰਾਂ, ਮਨੌਲੀ ਕਲਾਂ, ਬਲਾ ਬਲਾਨ, ਮੁਰਿੰਡਾ, ਬਾਹਮਾਜਰਾ, ਚਿਤਾਮਲਾ, ਰਾਮਪੁਰ, ਮਹਿਰਾਲ, ਕਾਂਜਲਾ, ਸਲੋ ਮਾਜਰਾ, ਦਤਾਗਪੁਰ, ਡੂਮਛੇੜੀ, ਲੱਖਨੌਰ, ਗ਼ੋਹਾ ਮਾਜਰਾ, ਬਾਲਾਉਂਗੀ, ਟਤਿਪਰੀ, ਰੌੜ, ਖਾਨਪੁਰ, ਨੰਗਲ ਫੈਜਾਗੜ੍ਹ, ਗੋਬਿੰਦਗੜ੍ਹ, ਖਰੜ, ਕੁੜੀ, ਸੋਹਾਨਾ, ਸਿਲ ਕਪੜਾ, ਗ਼ੁਡਾਨਾ, ਭਾਗੋ ਮਾਜਰਾ, ਰਾਏਪੁਰ ਕਲਾਂ, ਧੜਕ ਕਲਾਂ, ਕੁੰਬੜਾ, ਜਾਹਤਪੁਰ, ਕੋਟਲਾ ਨਿਹੰਗ, ਬੰਦੇ ਮਾਹਿਲ, ਰੋਪੜ, ਅਵਾਨਕਟੇ, ਹਵੇਲੀ ਕਲਾਂ, ਪਪਹਾੜਾ, ਭਿਉਰਾ, ਨੂਹੋਂ, ਦਬੁਰਜੀ, ਸਖਰਾਮਪੁਰ, ਬੈਰਮਪੁਰ, ਖਵਾਸਪੁਰ, ਨਾਨਕਪੁਰ, ਬਹਾਦਰਪੁਰ, ਲੋਦੀਮਾਜਰਾ, ਸਿਬੜ ਝਲੀਆਂ, ਕੁਕਰਾਲਾ, ਝਖੀਆਂ, ਭਰਤਗੜ੍ਹ, ਪ੍ਰਿਥਵੀਪੁਰ, ਸਨੋਹਾ, ਠੈਣਾ, ਪਾਖਾਲੀ, ਗੰਦੋ, ਖੇੜੀ, ਸੋਲਖੀਆਂ, ਰੰਗੀਲਪਬ, ਕਮਾਲ ਪੁਰ, ਖੇੜੀ ਸਲਾਬਤਪੁਰ, ਝਲੀਆਂ ਖੁਰਦ, ਸਾਲਾਪੁਰ, ਕੁਲੜੀ ਮਾਜਰਾ, ਸਿੰਘ, ਮੁਦਲ ਮਾਜਰੀ. ਕਿਸ਼ਨਪੁਰ/ਕਿਸ਼ਨਪੁਰ, ਚੁਪਕੀ, ਔਲਖ, ਅਸਾਲਤ ਪੁਰ, ਚਲੋਲੀ, ਨੂਰਪੁਰ ਬੇਦੀ, ਸੈਣੀ ਮਾਜਰਾ, ਸਨੀਰੋਵਾਲ, ਅੰਗ ਆਇਨਾਂ, ਤਖਤ ਗੜ੍ਹ, ਬਜਰੂੜ, ਮੋਤਾਪੁਰ, ਮਹਿਤਪੁਰ, ਸੰਗਤਪੁਰ, ਸਿੰਘ ਪੁਰਾ, ਮਾਨਕ ਪੁਰ ਸਰੀਫ, ਗੰਨੋ ਮਾਜਰਾ, ਕੁਸਾਹਨਾ, ਝਿੰਗੜ ਕਲਾਂ, ਮਦਨ ਮਸਤਾਨਾ ਹਸਨਪੁਰ, ਮਹਿਰਾਮਪੁਰ, ਟਪਰੀਆਂ, ਆਸਪੁਰ, ਰਸੂਲ ਪੁਰ, ਖੈਤਪੁਰ, ਭੜੋਗੀਆਂ, ਮਧੋਮਾਜਰਾ, ਜਹਿਲੋਲ ਪੁਰ, ਖੇੜਾ, ਮਨਾਲਾ।

### ਜ਼ਿਲ੍ਹਾ : ਗੁਰਦਾਸਪੁਰ

ਕਾਸ਼ਤੀਵਾਲ, ਤਲਵੰਡੀ ਪਰਖ, ਰਿਆਈ ਕਲਾਂ, ਜੀਰਾ, ਚੂਹੇਵਾਲ, ਪੂਲੇਵਾਲ, ਡਿਬਕੂ, ਨਮਾਣਾ, ਸੇਖੁਪੁਰੀ, ਗਿੱਲ, ਮਿਨਾਰਵਾਲੀ, ਘਣੀਏਕੇ ਬਾਂਗਰ, ਵੀਲਾ ਤੇਜਾ, ਚਤਾਂ, ਨੁਸਿਹਰਾ, ਕੋਟਲੀ ਚਾਲ, ਦਬੁਰਜੀ, ਸੁਲਤਾਨੀ, ਹਸਤ ਨਗਰ, ਗੁਰਦਾਸਪੁਰ, ਨਦੀ ਪੋਚ, ਜੋਗੀ ਚੀਮਾਂ, ਵੜੈਚ, ਸੁਲਤਾਨਪੁਰ, ਬੇਬਹਾਲੀ, ਔਜਲਾ, ਡੁਗਲਵਾਲਾ, ਨਵੀਪੁਰ, ਨਰ ਪੁਰ, ਬੂਟਰਕ ਾਂ,

Original with;
Punjab Vidhan Sabha
Digitized by;
Panjab Digital Library

[ਖੇਤੀ ਬਾੜੀ ਅਤੇ ਜੰਗਲਾਤ ਮੰਤਰੀ]

ਕਾਹਨੂੰਵਾਲ, ਜਮਾਲਪੁਰ, ਹੇਮਰਾਜ ਪੁਰ, ਸੁਲਤਾਨ ਪੁਰ, ਜਕਵਰ, ਗੋਹਤ ਪੋਖਰ, ਕਾਸ਼ਤੀਵਾਲ, ਕਾਲਾ ਲਖਣ, ਧਾਰਕਲਾਂ, ਖਾਨੂਰ, ਵਾਗੁਸ਼ਾਹ, ਚਾਹਲਕਲਾਂ, ਗੋਚੋਵਾਲ, ਕੋਟ ਖਜਾਨਾ, ਕਾਲਾ ਅਫਗਾਨਾ, ਜਕੜੀਆਂ, ਛੀਨਾ, ਮੁਰਾੜਾ, ਦਬੁਰਜੀ, ਸਿਧਵਾਂ ਜਮੀਲਾ, ਸਲੀਮ ਪੁਰ ਰਈਆਂ, ਕੋਟਲੀ ਸ਼ਾਹਪੁਰ, ਖੋਖੁਰ, ਸੈਦੋਵਾਲ ਖੁਰਦ, ਵੜੈਚ, ਗੋਬਿੰਦਸਰ, ਬੇਬੇਹਾਲੀ, ਜੋਗੀਚੀਮਾਂ, ਮੜ, ਸੇਖੂਪੁਰਾ, ਕਾਹਨੂੰਵਾਨ, ਜਮਾਲਪੁਰਾਂ, ਸੁਲਤਾਨਪੁਰ, ਅਵਲਖੈਰ, ਗੋਹਤ ਖੋਖਰ, ਸੁੱਖਲ ਚਕ, ਝੜੋਲੀ, ਅਬਵਾਲ, ਮਸਤ ਕੋਟ, ਬੀਹੀਲਾ ਖੁਰਦ, ਸੈਰ ਪੁਰ, ਬਸਰਾਏ, ਬਿਸਨੀ ਵਾਲਾ, ਕੋਟਲੀ ਨੰਗਲ, ਬਡਾਲਾ ਗਰੰਥੀਆਂ. ਪਾੜੇ, ਸੁਗਲਵਾਲਾ, ਹਰਦੋ ਝੰਡੇ, ਸੁਕਾਲਾ, ਲਲੋਂ, ਸਾਂਦੜ, ਮੜ, ਗਿਲ ਮੰਝ, ਸਿਠਆਲੀ, ਮਨੂਕ ਮੜ, ਭੈਂਗੀਰੀ ਵਾਲਾ, ਭੈਣੀ ਮੀਆਂ ਖਾਂ, ਕੋਟ ਗੋਬਰ ਮੱਲ, ਝੜੋਲੀ, ਸਿਕਾਰ, ਕੋਟਲੀ ਸੂਰਤ ਮੱਲੀ, ਕਾਸ਼ਤੀਵਾਲ, ਬਬਰੀ ਜੀਵਨ ਵਾਲ, ਜੈਤੋ ਸ਼ਰਜ਼ਾ, ਅਖਰੋਟਾ, ਬੇਬਹਾਲੀ, ਸੁਲਤਾਨੀ, ਧਾਰੀਵਾਲ, ਜਲ ਰੋੜ, ਹਰਚੋਵਾਲ, ਭਾਮ, ਕਾਦੀਆਂ, ਮਲੂਕ ਮਟਮ, ਸਤਕੋਹਾ, ਭਰੋਆ ਜਟਾਂ, ਖੰਡੇਰਵਾਲ, ਖੁਸ਼ੀਪੁਰ, ਕਲਾਂ ਨੌਰ, ਨਰਵਾਲਾ, ਨਾਹਰਪੌਰ, ਗਾਮਪੁਰ, ਬਸਰਾਏ। ਸੁਲਤਾਨੀ, ਦਿਆਲਗੜ, ਮਨੋਹਰਪੁਰ, ਬਡਾਲਾ ਗਰੰਥੀਆਂ, ਸੁਰਾਈਆਂ, ਸੁਕਾਂਲਾ, ਟਲਾਨੀਵਾਲ, ਕੋਟਲਾ, ਮੜ, ਅੰਵਾਖਾਂ ਸਠਿਆਲੀ, ਵੰਡੀ, ਗਿੱਲ ਮੰਝ, ਕੋਟ ਸੁੰਦਲ, ਸਹਿਜਾਦਾ, ਸਿਕਾਰ, ਅਵਾੜਾ, ਜਾਹਲ ਕਲਾਂ, ਜੈਤੂ ਸਰਜੀ, ਮਾਨਤਤਾਂ, ਤਾਤਲੇ, ਨਵਾਂ ਪਿੰਡ ਸਤਕੋਹਾ, ਭਾਮੜੀ, ਲਲਾ ਸੋਹੀਆਂ, ਢਪੈਈ, ਮਨੂਕ ਮਟਮ, ਗੁਜਰਾਂ ਲੜੀ, ਬੋਰੋਆਂ ਜਟਾਂ, ਰਾਮ ਪੁਰ, ਉਮਰਪੁਰਾ, ਔਗਾ, ਆਮੋਂ ਨੰਗਲ, ਬਸਰਾਏ, ਚਾਹਨ ਕਲਾਂ, ਹਰਿਆਲ, ਕੋਟਲੀ ਮੁਗਲਾਂ, ਵਿਰਕ ਭਾਮ, ਗਾਤੂ ਨਗਰ, ਨਹਿਰਾਂ ਬਹਾਦਰ, ਖੋਖਰ ਫੌਜੀਆਂ, ਦਿਆਲ ਗੜ, ਕਾਦੀਆਂ, ਬਰੋਆਂ ਜਟਾਂ, ਮਨਿਆਲਾ, ਮਾਮੂਨ,ਬਹਾਦਰ ਸੋਮਪੁਰਗੁਵੇਂ, ਨਹਿਰਾਂ ਬਹਾਦਰ, ਬਟਾਲਾ ।

**ਜ਼ਿਲ੍ਹਾ ਬਠਿੰਡਾ**

**ਪਿੰਡ ਦਾ ਨਾਂ ਜਿਥੇ ਗੋਬਰ ਗੈਸ ਪਲਾਂਟ ਲਗੇ ਹੋਏ ਹਨ**

ਹਰਨਾਮ ਸਿੰਘ, ਫੂਲ ਕੋਠੀ, ਸੈਲ ਬੜਾ, ਗਿੱਲ ਕਲਾਂ, ਸਿਆਲਬਾ, ਰਾਮ ਪੁਰਾ, ਕੋਟਾ ਕੋਰਾ, ਕਰਾਰਵਾਲਾ, ਮਹਾਰਾਜ, ਭੂੰਦਰ, ਖਤਰੀਵਾਲਾ, ਦਿਆਲਪੁਰਾ, ਮੌਫਰ, ਮੱਖੀਵਾਲਾ, ਮਾਨਸਾ, ਉਰਤਸੀਰੀਵਾਲਾ, ਗੰਡੂ ਖੁਰਦ, ਬੋਹਾ, ਰੀਉਦ ਕਲਾਂ, ਦੇਤੇਵਾਸ. ਕੁਲੈੜੀ, ਕਾਉਕਰੀ, ਫੁਲੂਵਾਲਾ ਡੋਗਰਾ, ਸਟਾਟਿਕ, ਸਰਪਾਲੀ, ਅਛਨਾਕ, ਫੂਲਵਾਲਾ ਦੋਦ, ਧਾਦੇ, ਬਾਲੀ ਵਾਲੀ, ਝੂੰਬਾ, ਰਾਮਨ ਵਾਸ, ਨੰਦ ਗੜ੍ਹ, ਫੂਲ ।

**ਬਠਿੰਡਾ ਬਲਾਕ**

ਜੋਧਪੁਰ ਰਮਾਨਾਂ, ਕਿੱਲੀ ਨਿਹਾਲ ਸਿੰਘ ਵਾਲਾ, ਮੈਹਮਾਂ ਸਿਵਾਲੇਏ, ਹਾਊਸ ਨੰ ;: 3387 ਪਾਵਰ ਹਾਊਸ ਰੋਡ ਨਛਤਰ ਨਗਰ ਬਠਿੰਡਾ, ਦਨ ਸਿੰਘ ਵਾਲਾ, ਗੰਗਾ, ਬਾਹਮਣ ਦਿਵਾਨਾਂ, ਖਿਆਲੀ ਵਾਲਾ, ਜੀਦਾ, ਕਰਤਾਰ ਸਿੰਘ ਵਾਲਾ, ਹਰ ਰਾਏ ਪੁਰ, ਮੈਹਮਾਂ ਸਿਵਾਏ, ਡੇਰਾ ਤਾਪ, ਕੂਤੀ, ਮੈਹਮਾਂ, ਗੁਰ ਤਾਰੀ, ਪੱਕਾ ਕਲਾਂ, ਮਸਾਨਾ, ਮਾਲਵਾਲਾ, ਦੂਨਵਾਝਾ, ਭਗਵਾਨ ਗੜ੍ਹ, ਪਥਰਾਲਾ, ਡੂਮਵਾਲੀ, ਮੌਹਾਲਾਂ, ।

**ਤਲਵੰਡੀ ਸਾਬੋ ਬਲਾਕ**

ਗਟਵਾਲੀ, ਮੌੜ ਖੁਰਾ, ਫਤਹਿਗੜ, ਗੁਰਨੌਰ ਜੱਗਾ,ਭਗਵਾਨ ਪੁਰਾ, ਮੀਰਜੀਆਨਾ, ਜੀਵਨ ਸਿੰਘ ਵਾਲਾ, ਕਾਨਕਵਾਲ, ਟੌਨਾਂ ਪੁਆਨੀਆਂ ਤਲਵੰਡੀ ਸਾਬੋ, ਜੁਗਵਾਲਾ, ਬੁਰਜ, ਲਲੋਨਾਂ, ਸੇਖੂਪੁਰਾ, ਮਜੀਮੰਗਲ, ਕਰੋਲੂ, ਤਨਗਰੇਤੀ, ਚੱਕ ਬਕਤੂ, ਪੂਹਲਾ, ਗੰਗਾ, ਬਹਮਨ ।

Original with;
Punjab Vidhan Sabha
Digitized by;
Panjab Digital Library

**ਨਥਾਨਾਂ ਬਲਾਕ**

ਭੁੱਚੋ ਕਲਾਂ, ਫਹਿਤ ਸਿੰਘ ਵਾਲਾ, ਗੰਗਾ, ਬਹਿਮਾਨ, ਕੇਹਰਾ ਖਾਨਾ, ਕਲਿਆਣ ਮਲਕਾ, ਨਥਾਨਾ, ਭੁੱਚੋ ਖੁਰਦ, ਪੋਹਲੀ, ਤੁੰਗਵਾਲੀ ।

**ਜ਼ਿਲ੍ਹਾ : ਜਲੰਧਰ**

ਗੰਨਾ ਪਿੰਡ, ਹਰੀਪੁਰ ਖਾਲਸਾ, ਭਾਦਵਾਂ, ਕਾਕਵਾਂ ਕਲਾਂ, ਨਾਰੰਗਪੁਰ, ਟਟ ਸ਼ੇਰ ਸਿੰਘ, ਕੋਟਾ ਸਿੰਘ ਮਝ, ਧੋਗੜੀ, ਬਰਜ ਆਸਣ, ਤਲਵਨ, ਬੁਰਜ ਹਸਨ, ਗੰਨਾ ਮਹਿਲ, ਤਲਵਨ, ਧੋਗੜੀ, ਬਸਤੀ ਦਾਸਨਿਸਮੰਦਾ, ਰੇਰੂ, ਧਾਲੀਵਾਲ, ਚਪੜਦੇ, ਜੰਡੇਰ, ਤੱਲਾਂ ਪੰਡੋਰੀ ਨਿਜਰਾਂ, ਗੜ੍ਹੀ ਬਖਸ਼ਾਂ, ਭੱਟੀਆਂ, ਘੋੜਾਵਾਹੀ, ਕਨਿਆਣਪੁਰ, ਚੋਲਾਨਾ, ਕੋਟਲਾ ਅਵਾਚਨ, ਸਮੀਪਰ, ਹਸੇਨ ਪੁਰ, ਨਵਾਂ ਪਿੰਡ, ਲੋਧੀ ਪੁਰ, ਮਾਹਲਾਂ, ਬਿਲਗਾ, ਪਰ ਜੀਆਂ ਕਲਾਂ, ਕਾਕਵਾਂ ਕਲਾਂ, ਸਲਾਮਾਂ, ਆਦਿਲਪੁਰ, ਤਲਵਨ, ਹਰਦੋ ਖੁਰਦ, ਥੋਡ, ਤਾਏ ਪੁਰ, ਰਸੂਲ ਪਰ, ਬਸਤੀ ਦਾਨਿਸਮੰਦਾ, ਗਾਖਲਾ, ਧਾਲੀਵਾਲ, ਜੰਡੇਰ, ਜਮਾਲਪੁਰ, ਖਚਲਕਲਾ, ਸੀਤਲ ਪਰ, ਬਡਾਲ, ਨੰਗਲ ਫੀਦਾਂ, ਚਾਹੜਕੇ ਕਲਿਆਣ ਪੁਰ, ਅਵਾਦਾਰ, ਕੁਰਾਜੀ, ਖਾਬੜਾ, ਨਵਾਂ ਪਿੰਡ, ਜਬੋਵਾਲ, ਭਾਂਗਲਕੇ ਮਾਹਲਾਂ, ਸਲੋਹ, ਰਾਏ, ਸਲੋਹ, ਮਲੋਹ, ਮੁਸਾ ਪੁਰ, ਨਵਾਂ ਸ਼ਹਿਰ, ਚਾਹਲ ਖੁਰਦ, ਸ਼ੰਕਰ, ਚੱਕ ਮਿਗਲਾਨੀ, ਚੱਕ ਜਿੰਦਾ, ਸਲੀਮ ਪੁਰ ਮੁਸਲਮਾਨ, ਵਰਿਆਣਾ, ਬਸਤੀ ਦਾਸਤਨਿਸਮੰਦਾ, ਗੰਦਾਲਪੁਰ, ਅੱਡਾ, ਕਖਰ, ਜਲੋਕੇ, ਪਲੀਆ ਕਲਾਂ, ਪਰਨ ਮਾਜਰਾ, ਗਜਰ ਕਲਾਂ, ਔੜ, ਕਮਾਮ, ਗੁੱਖਾਂ, ਗੰੜ ਭਾਦਨਾ, ਔੜ, ਬੋਹਾਰਾਂ, ਕਰੀਹਾ, ਕਰਨਾਸ, ਸੰਘਵਾਲ, ਟਾਹਲੀ, ਘੰਨੀ ਪਿੰਡ, ਬੁਡਾਲਾ, ਲਾਬੜੀ, ਬੇਗਮਪਰ, ਲੋਧੀਪੁਰ, ਪਾਲ ਜੇਡਾ, ਮਾਲੋਹ, ਮਲਵ, ਬਾਜੋਹਾ ਕਲਾਂ, ਚੱਕ ਮਿਗਲਾਨੀ, ਚੱਕ ਜਿੰਦਾ ਵਰਿਆਣਾ, ਬਸਤੀ ਕਾਨਿਸਮੰਦਾ, ਬਸਤੀ ਭਸਾਵਾ ਖੇਲ, ਭਗਵਾਨ ਪਰ, ਕਲਿਆਣ ਪੱਲੀਆਂ ਕਲਾਂ, ਗਜਰ ਕਲਾਂ, ਗੋਰਖਪਰ, ਕਮਾਮ, ਮਾਜਰਾ, ਗਰਚਾ, ਗੜ ਪਧਾਨਾ, ਕਰਨਾਸ, ਨੰਗਜਾ, ਕਿਸ਼ਨਗੜ੍ਹ, ਬਜੂਰਾ ਖੁਰਦ, ਜੰਡਿਆਲਾ, ਜਗੂ, ਧਾਲੀਵਾਲ, ਲਖਨਪਰ, ਸਰਹਾਈ, ਸਮਰਾਏ, ਕੰਮਖੁਰਦ, ਜਕੋ ਖਰਦ, ਲੋਹੀਆਂ ਖਾਸਨਲ, ਕੰਗ ਖੁਰਦ, ਜਾਡਲਾ, ਮੱਘਰ, ਲੰਗੜੋਆਂ, । ਬਗੌਰਾਂ, ਬੰਸੀਆਂ, ਬਰਨਾਲਾ ਕਲਾਂ, ਸੈਖੂਪਰ, ਮੁਕੰਦ ਪੁਰ, ਤਲਵੰਡੀ ਪੱਤਰ, ਲੰਗੋਰੀ, ਗੰਗਾ, ਬਾਹਰੋਵਲ, ਢੇਸੀਆਂ, ਗੁਲਾਂ ਚੋਰ, ਸ਼ਰਕਪੁਰ, ਨਕੋਦਰ, ਬਾਵਾਂ ਅਸਲਾਮ, ਬੜਾ ਪਿੰਡ, ਨਥੂਵਾਲ, ਚੋਹਦਾਂ, ਸਮਰਾਏ, ਕਾਕੂ ਕਲਾਂ, ਜਕੋਹ, ਖੁਰਦ, ਨਲ, ਗਿਦੜ ਪਿੰਡ, ਮੱਹੀਪੁਰ, ਜਾਡਲਾ, ਜਲੋਪੁਰ, ਭਾਵਾ, ਬੰਸੀਆਂ, ਬਰਨਾਲਾ ਕਲਾ, ਤਲਵੰਡੀ ਫਤੂ, ਮੰਡੇਰ, ਮੰਕਦਪੁਰ, ਲੰਗੋਰੀ, ਲੱਖਪੁਰ, ਹਪੋਵਾਲ, ਢੇਸੀਆਂ, ਪਾਹਵਾ, ਰਾਏਬਰਡ ਬਾ, ਸ਼ੇਰਕਪੁਰ, ਨਕੋਦਰ, ਬਾਵਾ ਅਸਲਾਮ, ਬੜਾ ਪਿੰਡ, ਕਾਲਾ ਬਕਰਜ, ਕਿੰਗਰਾਂ ਕੋਰ, ਚੱਕ ਮਾਂਈਦਾਸ, ਬਹਿਰਾਮ, ਬਹਿਲਾ, ਬਹਿਲਗੜ੍ਹ, ਖਟਕਲ ਕਲਾਂ, ਡੱਲਾਵਾਲ, ਨਵਾਂ ਪਿੰਡ, ਭਾਰਕਾ, ਲੋਹਾਰ ਮੁੜ੍ਹ, ਲਦੜਾ, ਫਤਹਿ ਜਲਾਲ, ਗਰਚਾ, ਗਰਾਇਆ, ਜਿਦੋਵਾਲ, ਰਾਹੋਂ, ਫੋਲੜੀਵਾਲ, ਭੋਡੀਵਾਲ, ਧਾਲੀਵਾਲ, ਇਸਲਾਮਦੀਨਪੁਰ, ਭੱਟਾ ਨੂਰ ਮਹਿਲ, ਬੰਗਾ, ਹੁਸੈਨਪੁਰਾ ਮਿਠਾ ਪੁਰ, ਜਲੋਵਾਲ, ਸੰਤਵਾਲੀ, ਚੱਕ ਮਾਈ ਦਾਸ, ਬਹਿਰਾਮ, ਪਹਿਲਗੜ੍ਹ, ਲੱਡਾ ਝਿਕਾ, ਬੋਪਾਰਾਏ, ਡੱਲੇਵਾਲ, ਸ਼ਿਵਾਨਾ, ਫਤਹਿ ਜਲਾਲ, ਪਤੜ ਨੂਨ, ਨਗਲ, ਸਿਰਗੋਦ, ਜਿੰਦੋਵਾਲ, ਰਾਹੋਂ, ਫੂਲੜੀ ਵਾਲ, ਬਸਤੀ ਕਰਮਲਿਸਮੰਦਾ, ਪੂਨਰ ਪੁਰ, ਸੂਰਾ ਪੁਰ, ਮਨਸੂਰਪੁਰ, ਸਰਕ ਪੁਰ ।

Original with;
Punjab Vidhan Sabha
Digitized by;
Panjab Digital Library

[ਖੇਤੀ ਬਾੜੀ ਅਤੇ ਜੰਗਲਾਤ ਮੰਤਰੀ]

### ਜ਼ਿਲ੍ਹਾ ਕਪੂਰਥਲਾ

ਹੋਨੀਆਂ, ਹੱਠੀਆਨਾ, ਸਫਲਾ ਬਾਦ, ਸੇਖੂਪੁਰ, ਖਾਨਗੜ੍ਹ, ਭਾਨ ਲਗਾ, ਸਿਧੂ, ਖੇੜਾ ਠੋਨਾ, ਹਸਨਾਬਾਦ, ਕਾਲਾ ਸੰਘੀਆਂ, ਵਡੈਲ, ਬੂਲਾ ਖਾਨਪੁਰ, ਜਵਾਲਾ ਪੁਰ, ਨੂਰ ਪੁਰ ਡੋਨਾ, ਸ਼ੇਰ ਵਾਲਾ, ਕਸੋਕਲ, ਨਰਕਤ, ਮਿਆਨੀਵਾਲਾ, ਕਪਰਥਲਾ, ਸਕਾਨੀ, ਹੈਬਤਪਰ, ਸੇਹੀਆਂ, ਸੁਲਤਾਨਪੁਰ, ਰਣਧੀਰ ਪਰ, ਸੰਤੋਖ ਗੜ੍ਹ, ਡੱਲਾ, ਜੈਲਪਰ, ਅੱਲਾ ਦਿਤਾ, ਚੱਕ ਕੋਟਲਾ, ਕਲਾੜ ਨ ਕਲਾਂ, ਤਲਵੰਡੀ ਚੌਧਰੀਆਂ, ਸ਼ੇਲਾਪਰ, ਬੇਟ, ਪਲਾਹੀ, ਫਗਵਾੜਾ, ਅਠੋਲੀ, ਰਾਮਪੁਰ, ਹਰਗੋਬਿੰਦਪੁਰ, ਠਾਕਰਕੀ, ਜੈਦ, ਸ਼ੇਰ ਸਿੰਘ ਵਾਲਾ, ਰਾਮ ਗੜ, ਹਮੀਰਾ, ਮੰਨਾ ਤਲਵੰਡੀ, ਬੂਲਬ, ਪੀਰ ਬੈਕਸ ਵਾਲਾ, ਪੱਸੀ ਵਾਲ, ਲਾਡੇ ਪੁਰ ਰਾਜਪੂਤਾਂ, ਲਖਨ ਕਲਾਂ, ਮੁਰਾੜ ਹਮੀਰਾ, ਦਿਆਲਪੁਰਾ, ਨਡਾਲਾ, ਨੰਗਲ ਮਾਜਰਾ, ਸੁਨਰਾ ਰਾਜਪੂਤਾਂ, ਬਗਾਨਾ, ਬਾਰੂ, ਰਾਮ ਪੁਰ ਸਨਰਾ, ਨਿਹਾਲਗੜ, ਦੀਪਾ ਵਾਲਾ ਸਲਤਾਨਪਰ ।

---

### ਪਿੰਡ ਭੱਟੀਆਂ ਅਤੇ ਅਲੂਨਾ ਟੋਲਾ ਵਿਚਕਾਰ ਰਾਜਬਾਹਾ ਵਿਚ ਪਾਣੀ ਛੱਡਣਾ

* 3358 **ਸਰਦਾਰ ਪ੍ਰਹਿਲਾਦ ਸਿੰਘ** : ਕੀ ਸਿੰਜਾਈ ਤੇ ਬਿਜਲੀ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਿੰਜਾਈ ਵਾਸਤੇ ਪਿੰਡ ਭੱਟੀਆਂ ਅਤੇ ਅਲੂਨਾਂ ਟੋਲਾ (ਖੰਨੇ ਲਾਗੇ) ਵਿਚਕਾਰ ਰਾਜਬਾਹੇ ਵਿਚ ਪਾਣੀ ਛੱਡਿਆ ਜਾਂਦਾ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ ?

**ਸਰਦਾਰ ਗੁਰਬਖਸ਼ ਸਿੰਘ ਸਿਬੀਆ** : ਹਾਂ ਜੀ, ਵਾਰੋ ਵਾਰੀ ।

---

### DUMPER MACHINES PURCHASED FOR ANANDPUR HYDEL PROJECT

**3338. Sardar Sukhdev Singh Dhindsa.** Will the Minister of State for Irrigation and Power be pleased to state :—

(a) whether it is a fact that the Dumper Machines worth Rs. 54 lakhs were purchased for the Anandpur Hydel Project;

(b) whether the purchase order placed by the officer concerned was in order or it had only legal defect.

(c) if the purchase order was not in order, the action taken against the officcr concerned ?

**ਸਰਦਾਰ ਗੁਰਬਖਸ਼ ਸਿੰਘ ਸਿਬੀਆ** : (ੳ) ਨਹੀਂ ਜੀ ।

(ਅ) ਸਮਰਥ ਅਧਿਕਾਰੀ ਦੀ ਮੰਨਜ਼ੂਰੀ ਤੋਂ ਬਗੈਰ ਹੀ ਹੁਕਮ ਦਿਤਾ ਗਿਆ ਸੀ ਜੋ ਕਿ ਬਾਅਦ ਵਿਚ ਸਸਪੈਂਡ ਕਰ ਦਿੱਤਾ ਗਿਆ ਸੀ ।

(ੲ) ਸਬੰਧਤ ਮੁੱਖ ਇੰਜਨੀਅਰ ਅਤੇ ਨਿਗਰਾਨ ਇੰਜਨੀਅਰ ਮੁਅੱਤਲ ਕੀਤੇ ਜਾ ਚੁੱਕੇ ਹਨ ।

Original with;
Punjab Vidhan Sabha
Digitized by;
Panjab Digital Library

## UNSTARRED QUESTIONS AND ANSWERS

### ਬਿਨਾ ਨਿਸ਼ਾਨ ਪ੍ਰਸ਼ਨ ਨੰ : 991

( ਇਸ ਪ੍ਰਸ਼ਨ ਨੂੰ ਅਗੇ ਪਾਉਣ ਲਈ ਕਿਹਾ ਗਿਆ )

ਵਿਧਾਨ ਸਭਾ ਦੇ ਸਵਾਲ ਨੰ : 991 ਜੋ ਮਿਤੀ 21 ਜਨਵਰੀ, 1976 ਲਈ ਬਿਨਾਂ ਨਿਸ਼ਾਨ ਸੁਆਲਾਂ ਦੀ ਸੂਚੀ ਵਿਚ ਕਾਮਰੇਡ ਸਤਪਾਲ ਡਾਂਗ ਐਮ. ਐਲ. ਏ. ਦੇ ਨਾਂ ਹੇਠ ਦਰਜ਼ ਹੈ ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ ਕਿਉਂਕਿ ਵਿਧਾਨ ਸਭਾ ਸਕੱਤਰੇਤ ਵਲੋਂ ਇਸ ਦਾ ਨੋਟਿਸ ਮਿਤੀ 21 ਜਨਵਰੀ, 1976 ਨੂੰ 11-30 ਵਜੇ ਪ੍ਰਾਪਤ ਹੋਇਆ ਹੈ । ਸਬੰਧਤ ਸੂਚਨਾ ਜੋ ਇਕੱਤਰ ਕੀਤੀ ਜਾ ਰਹੀ ਹੈ ਦੇ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿੱਤਾ ਜਾਵੇਗਾ ।

ਜਨ ਸਿਹਤ ਮੰਤਰੀ, ਪੰਜਾਬ :

ਸੇਵਾ ਵਿਚ

ਸਕੱਤਰ, ਪੰਜਾਬ ਵਿਧਾਨ ਸਭਾ,

ਚੰਡੀਗੜ੍ਹ ।

ਗ. ਸ. ਪੱਤਰ ਨੰ: 49-ਏਕਿਊ-ਸਿੰ. ਬਿ (1)-76/ ਮਿਤੀ ਚੰਡੀਗੜ੍ਹ 21 ਜਨਵਰੀ, 1976 ।

---

### 1 ਅਕਤੂਬਰ, 1975 ਤਕ ਰਾਜ ਵਿਚ ਦਿੱਤੇ ਗਏ ਪਾਵਰ ਕੁਨੈਕਸ਼ਨ

992. **ਕਾਮਰੇਡ ਸੱਤਪਾਲ ਡਾਂਗ** : ਕੀ ਲੋਕ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਰਾਜ ਵਿਚ ਜ਼ਿਲ੍ਹਾ ਵਾਰ ਉਦਯੋਗਿਕ ਪਾਵਰ ਕਨੈਕਸ਼ਨਾਂ ਦੀ 1 ਅਕਤੂਬਰ, 1975 ਨੂੰ ਕੁੱਲ ਗਿਣਤੀ ਕਿੰਨੀ ਕਿੰਨੀ ਸੀ;

(ਅ) 1 ਅਕਤੂਬਰ, 1975 ਨੂੰ ਰਾਜ ਵਿਚ ਜ਼ਿਲ੍ਹਾ ਵਾਰ ਟਿਊਬਵੈਲ ਕੁਨੈਕਸ਼ਨਾਂ ਦੀ ਕੁੱਲ ਗਿਣਤੀ ਕਿੰਨੀ ਕਿੰਨੀ ਸੀ;

(ੲ) 1 ਅਕਤੂਬਰ, 1975 ਤਕ ਰਾਜ ਵਿਚ ਜ਼ਿਲ੍ਹਾ ਵਾਰ ਕੁੱਲ ਕਿੰਨੇ ਕਿੰਨੇ ਪਿੰਡਾਂ ਨੂੰ ਬਿਜਲੀ ਦਿੱਤੀ ਗਈ;

(ਸ) 1 ਅਕਤੂਬਰ, 1975 ਤਕ ਰਾਜ ਵਿਚ ਜ਼ਿਲ੍ਹਾ ਵਾਰ ਘਰੇਲੂ ਕੁਨੈਕਸ਼ਨਾਂ ਦੀ ਕੁੱਲ ਗਿਣਤੀ ਕਿੰਨੀ ਕਿੰਨੀ ਸੀ ?

**ਸਰਦਾਰ ਮੋਹਨ ਸਿੰਘ ਜਲਾਲਉਸਮਾਨ** ; ਉੱਤਰ ਸੰਲਗਤ ਵਿਵਰਣ-ਪੱਤਰ ਵਿੱਚ ਦਸਿਆ ਗਿਆ ਹੈ ?

Original with;
Punjab Vidhan Sabha
Digitized by;
Panjab Digital Library

[ਲੋਕ ਸਿਹਤ ਦੇ ਰਾਜ ਮੰਤਰੀ]

## Statement

Total number of industrial power connections (District-wise) as on 1st October, 1975 is as under :—

| | | | |
|---|---|---|---|
| 1. | Gurdaspur | .. | 3507 |
| 2. | Amritsar | .. | 4103 |
| 3. | Kapurthala | .. | 1536 |
| 4. | Jullundur | .. | 6028 |
| 5. | Hoshiarpur | .. | 1634 |
| 6. | Ropar | .. | 815 |
| 7. | Ludhiana | .. | 7583 |
| 8. | Ferozepur | .. | 1571 |
| 9. | Faridkot | .. | 2727 |
| 10. | Bhatinda | .. | 906 |
| 11. | Sangrur | .. | 1166 |
| 12. | Patiala | .. | 2586 |
| | | .. | 34162 |

(b) Total number of Tube-well connections (District-wise) in the State as on 1st October, 1975 are given below :—

| | | | |
|---|---|---|---|
| 1. | Amritsar | .. | 22479 |
| 2. | Bhatinda | .. | 968 |
| 3. | Faridkot | .. | 6639 |
| 4. | Ferozepur | .. | 11049 |
| 5. | Gurdaspur | .. | 15532 |
| 6. | Hoshiarpur | .. | 10264 |
| 7. | Jullundur | .. | 20360 |
| 8. | Kapurthala | .. | 7308 |
| 9. | Ludhiana | .. | 19639 |
| 10. | Patiala | .. | 14241 |
| 11. | Ropar | .. | 4426 |
| 12. | Sangrur | .. | 10253 |
| | | .. | 143208 |

(c) Total number of electrified villages, (District-wise) in the State as on 1st October, 1975 is as under :—

| | | | |
|---|---|---|---|
| 1. | Amritsar | .. | 999 |
| 2. | Bhatinda | .. | 222 |
| 3. | Faridkot | .. | 389 |
| 4. | Ferozepur | .. | 458 |

Original with;
Punjab Vidhan Sabha
Digitized by;
Panjab Digital Library

| | | | |
|---|---|---|---|
| 5. | Gurdaspur | .. | 1086 |
| 6. | Hoshiarpur | .. | 848 |
| 7. | Jullundur | .. | 945 |
| 8. | Kapurthala | .. | 439 |
| 9. | Ludhiana | .. | 700 |
| 10. | Patiala | .. | 937 |
| 11. | Ropar | .. | 577 |
| 12. | Sangrur | .. | 478 |
| | | Total | 8073 |

(d) Total number of domestic connections (District-wise) in the State as on 1st October, 1975 is as under : —

| | | | |
|---|---|---|---|
| 1. | Gurdaspur | .. | 77247 |
| 2. | Amritsar | .. | 92069 |
| 3. | Kapurthala | .. | 40944 |
| 4. | Jullundur | .. | 135523 |
| 5. | Hoshiarpur | .. | 64434 |
| 6. | Ropar | .. | 32071 |
| 7. | Ludhiana | .. | 138416 |
| 8. | Ferozepur | .. | 41698 |
| 9. | Faridkot | .. | 66024 |
| 10. | Bhatinda | .. | 37029 |
| 11. | Sangrur | .. | 54330 |
| 12. | Patiala | .. | 86038 |
| | | Total | 865823 |

---

## MEDIUM OF URDU IN GOVERNMENT SCHOOLS IN THE STATE

**994. Comrade Satya Pal Dang** : Will the Minister for Education be pleased to state the number, names and location of Government schools (Primary, Middle and High) in the State where Urdu is the medium of instruction at present ?

**ਸ੍ਰੀ ਗੁਰਮੇਲ ਸਿੰਘ** : ਕੋਈ ਨਹੀਂ ਜੀ ।

---

## MEDIUM OF URDU IN GOVERNMENT AIDED SCHOOLS IN THE STATE

**995. Comrade Satya Pal Dang**: Will the Minister for Education be pleased to state the number, names and location of Government-aided schools (Primary, Middle and High) in the State where Urdu is the medium of instruction at present?

Original with;
Punjab Vidhan Sabha
Digitized by;
Panjab Digital Library

**ਸ਼੍ਰੀ ਗੁਰਮੇਲ ਸਿਂਘ** : 1. ਇਸਲਾਮੀਆ ਹਾਈ ਸਕੂਲ, ਮਲੇਰਕੋਟਲਾ (ਜ਼ਿਲ੍ਹਾ ਸੰਗਰੂਰ) ।

2. ਕੰਬੋਹ ਮਿਡਲ ਸਕੂਲ, ਮਲੇਰਕੋਟਲਾ (ਜ਼ਿਲ੍ਹਾ ਸੰਗਰੂਰ) ।

(ਕਲਾਸ 1 ਤੋਂ 5ਵੀਂ ਤਕ)

---

**ਬਿਨਾ ਨਿਸ਼ਾਨ ਪ੍ਰਸ਼ਨ ਨੰ: 996**

(ਇਸ ਪ੍ਰਸ਼ਨ ਨੂੰ ਅਗੇ ਪਾਉਣ ਲਈ ਕਿਹਾ ਗਿਆ ।)

**ਵਿਸ਼ਾ:**—ਵਿਧਾਨ ਸਭਾ ਤਾਰਾ ਰਹਿਤ ਪ੍ਰਸ਼ਨ ਨੰ: 996 ਜੋ ਕਾਮਰੇਡ ਸੱਤ ਪਾਲ ਡਾਂਗ, ਐਮ. ਐਲ. ਏ. ਵੱਲੋਂ ਰਾਜ ਵਿਚ ਪ੍ਰਾਇਮਰੀ ਤੋਂ ਮਿਡਲ ਅਤੇ ਮਿਡਲ ਤੋਂ ਹਾਈ ਪੱਧਰ ਉੱਚਾ ਕੀਤੇ ਸਕੂਲਾਂ ਸਬੰਧੀ ਪੁੱਛਿਆ ਗਿਆ ।

ਸਭਾ ਦੇ ਸਵਾਲ ਨੰ: 996 ਜੋ ਮਿਤੀ 21 ਜਨਵਰੀ, 1976 ਲਈ ਅਨ-ਸਟਾਰਡ ਸਵਾਲਾਂ ਦੀ ਸੂਚੀ ਵਿਚ ਕਾਮਰੇਡ ਸੱਤ ਪਾਲ ਡਾਂਗ, ਐਮ. ਐਲ, ਏ. ਵਲੋਂ/ਨਾਂ ਹੇਠ ਦਰਜ ਹੈ, ਦਾ ਜੁਆਬ ਅਜੇ ਤਿਆਰ ਨਹੀਂ ਹੋਇਆ ।

ਸਬੰਧਤ ਸੂਚਨਾ ਇੱਕਤਰ ਹੋ ਜਾਣ ਤੇ ਜੁਆਬ ਤੁਰੰਤ ਭੇਜ ਦਿੱਤਾ ਜਾਵੇਗਾ ।

(ਗੁਰਮੇਲ ਸਿੰਘ)

**ਸਕੱਤਰ,** ਪੰਜਾਬ ਵਿਧਾਨ ਸਭਾ ।

ਗ. ਸ. ਨੰ: 654-5 ਸਿ 3-76/ ਮਿਤੀ ਚੰਡੀਗੜ੍ਹ, 20 ਜਨਵਰੀ, 197੬

---

**ਰਾਜ ਵਿਚ ਪ੍ਰਾਇਮਰੀ ਸਕੂਲ**

997. **ਕਾਮਰੇਡ ਸੱਤ ਪਾਲ ਡਾਂਗ:** ਕੀ ਵਿੱਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਸਾਲ 1975-76 ਦੇ ਦੌਰਾਨ ਨਵੇਂ ਖੋਲੇ ਗਏ ਪ੍ਰਾਇਮਰੀ ਸਕੂਲਾਂ ਦੀ ਜ਼ਿਲ੍ਹਾ ਵਾਰ ਗਿਣਤੀ ਕਿੰਨੀ ਹੈ ?

**ਸ਼੍ਰੀ ਗੁਰਮੇਲ ਸਿੰਘ:** 1975-76 ਵਿੱਚ ਨਵੇਂ ਖੋਲ੍ਹੇ ਗਏ 499 ਸਰਕਾਰੀ ਪ੍ਰਾਇਮਰੀ ਸਕੂਲਾਂ, ਜਿਨ੍ਹਾਂ ਦੇ ਆਦੇਸ਼ ਜਾਰੀ ਕੀਤੇ ਜਾ ਚੁੱਕੇ ਹਨ, ਦੀ ਜ਼ਿਲ੍ਹੇਵਾਰ ਵੰਡ ਹੇਠ ਦਿੱਤੀ ਜਾਂਦੀ ਹੈ :—

| | | |
|---|---|---|
| 1. | ਅੰਮ੍ਰਿਤਸਰ | 64 |
| 2. | ਭਟਿੰਡਾ | 9 |

Original with;
Punjab Vidhan Sabha
Digitized by;
Panjab Digital Library

| | | |
|---|---|---|
| 3. | ਫਿਰੋਜ਼ਪੁਰ | 22 |
| 4. | ਫਰੀਦਕੋਟ | 15 |
| 5. | ਗੁਰਦਾਸਪੁਰ | 103 |
| 6. | ਹੁਸ਼ਿਆਰਪੁਰ | 52 |
| 7. | ਜਲੰਧਰ | 60 |
| 8. | ਕਪੂਰਥਲਾ | 36 |
| 9. | ਲੁਧਿਆਣਾ | 10 |
| 10. | ਪਟਿਆਲਾ | 39 |
| 11. | ਰੋਪੜ | 59 |
| 12. | ਸੰਗਰੂਰ | 30 |
| | | 499 |

## ਸਰਕਾਰੀ ਪ੍ਰਾਇਮਰੀ ਸਕਲਾਂ ਵਿੱਚ ਸਿੱਖਿਅਤ ਅਧਿਆਪਕ

998 **ਕਾਮਰੇਡ ਸੱਤਪਾਲ ਡਾਂਗ** : ਕੀ ਵਿੱਦਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਰਾਜ ਵਿਚ 1 ਨਵੰਬਰ 1975 ਤਕ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਅਤੇ ਸਰਕਾਰੀ ਮਿਡਲ, ਹਾਈ ਅਤੇ ਹਾਇਰ ਸੈਕੰਡਰੀ ਸਕੂਲਾਂ ਦੇ ਪ੍ਰਾਇਮਰੀ ਸ਼ੈਕਸ਼ਨਾਂ ਵਿੱਚ ਵੱਖ ਵੱਖ ਪੁਰਸ਼ ਅਤੇ ਇਸਤਰੀ ਸਿੱਖਿਅਤ ਅਧਿਆਪਕਾਂ ਦੀ ਜ਼ਿਲ੍ਹਾਵਾਰ ਕੁੱਲ ਗਿਣਤੀ ਕਿੰਨੀ ਕਿੰਨੀ ਸੀ ?

**ਸ੍ਰੀ ਗੁਰਮੇਲ ਸਿੰਘ**. ਨੱਥੀ ਕੀਤੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ਜੀ ।

Original with;
Punjab Vidhan Sabha
Digitized by;
Panjab Digital Library

ਮਿਤੀ 1 ਨਵੰਬਰ, 1975 ਤੱਕ ਸਰਕਾਰੀ ਸਕੂਲਾਂ ਵਿਚ ਸ਼ਿੱਖਿਅਤ ਅਧਿਆਪਕਾਂ/ਅਧਿਆਪਕਾਵਾਂ ਦੀ ਗਿਣਤੀ

| ਲੜੀ ਨੰ: | ਜ਼ਿਲ੍ਹੇ ਦਾਂ ਨਾਂ | ਸਰਕਾਰੀ ਪ੍ਰਾਇਮਰੀ ਸਕੂਲਾਂ ਸਬੰਧੀ | | | ਸਰਕਾਰੀ ਮਿਡਲ ਸਕੂਲਾਂ ਦੇ ਪ੍ਰਾਇਮਰੀ ਵਿਭਾਗਾਂ ਸਬੰਧੀ | | | ਸਰਕਾਰੀ/ਹਾਈ/ਹਾਇਰ ਸੈਕੰਡਰੀ ਸਕੂਲਾਂ ਦੇ ਪ੍ਰਾਇਮਰੀ ਵਿਭਾਗਾਂ ਸਬੰਧੀ | | |
|---|---|---|---|---|---|---|---|---|---|---|
| | | ਪੁਰਸ਼ | ਇਸਤਰੀ | ਜੋੜ | ਪੁਰਸ਼ | ਇਸਤਰੀ | ਜੋੜ | ਪੁਰਸ਼ | ਇਸਤਰੀ | ਜੋੜ |
| 1. | ਫਿਰੋਜ਼ਪੁਰ .. | 1,382 | 889 | 2,271 | 196 | 274 | 470 | 148 | 279 | 427 |
| 2. | ਲੁਧਿਆਣਾ .. | 1,960 | 990 | 2,950 | 445 | 425 | 870 | 397 | 460 | 857 |
| 3. | ਫਰੀਦਕੋਟ .. | 699 | 722 | 1,421 | 340 | 510 | 850 | 442 | 407 | 849 |
| 4. | ਅੰਮ੍ਰਿਤਸਰ .. | 3377 | 1,063 | 4,440 | 528 | 437 | 965 | 234 | 317 | 551 |
| 5. | ਗੁਰਦਾਸਪੁਰ .. | 1,651 | 1,101 | 2,752 | 4,89 | 288 | 777 | 275 | 272 | 547 |
| 6. | ਕਪੂਰਥਲਾ .. | 422 | 568 | 990 | 134 | 239 | 373 | 149 | 176 | 325 |
| 7. | ਬਠਿੰਡਾ .. | 735 | 214 | 949 | 295 | 130 | 425 | 542 | 178 | 720 |
| 8. | ਰੋਪੜ .. | 893 | 582 | 1,475 | 161 | 115 | 276 | 195 | 171 | 366 |
| 9. | ਹੁਸ਼ਿਆਰਪੁਰ .. | 2,217 | 1,412 | 3,629 | 326 | 269 | 595 | 327 | 233 | 560 |
| 10. | ਪਟਿਆਲਾ .. | 1,600 | 1,067 | 2,667 | 350 | 234 | 584 | 656 | 355 | 1,011 |
| 11. | ਜਲੰਧਰ .. | 1,715 | 1,330 | 3,045 | 395 | 304 | 699 | 382 | 290 | 672 |
| 12. | ਸੰਗਰੂਰ .. | 1,237 | 545 | 1,782 | 307 | 258 | 565 | 410 | 581 | 991 |

Original with
Punjab Vidhan Sabha
Digitized by;
Panjab Digital Library

## ਸਰਬ ਭਾਰਤੀ ਕਿਰਤ ਮੰਤਰੀਆਂ ਦੀ ਕਾਨਫਰੰਸ ਦੀ ਭਾਰਤ ਵਿਚ ਸਾਈਕਲ ਰਿਕਸ਼ਾ ਚਲਾਉਣ ਸਬੰਧੀ ਸਿਫਾਰਸ਼

999. **ਕਾਮਰੇਡ ਸੱਤਪਾਲ ਡਾਂਗ :** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਬ ਭਾਰਤੀ ਕਿਰਤ ਮੰਤਰੀਆਂ ਦੀ ਕਾਨਫਰੰਸ ਨੇ 1955 ਵਿਚ ਹੋਏ ਆਪਣੇ 12ਵੇਂ ਸਮਾਗਮ ਵਿਚ ਭਾਰਤ ਵਿਚ ਸਾਈਕਲ ਰਿਕਸ਼ਾ ਚਲਾਉਣ ਸਬੰਧੀ ਕੋਈ ਸਿਫਾਰਸ਼ ਕੀਤੀ ਸੀ, ਜੇਕਰ ਅਜਿਹਾ ਹੋਵੇ, ਤਾਂ ਇਹ ਸਿਫਾਰਸ਼ ਕਿਸ ਤਰ੍ਹਾਂ ਦੀ ਸੀ ;

(ਅ) ਕੀ ਉਕਤ ਸਿਫਾਰਸ਼ ਤੇ ਪੰਜਾਬ ਸਰਕਾਰ ਨੇ ਕੋਈ ਫੈਸਲਾ ਕੀਤਾ ਸੀ ਅਤੇ ਇਹ ਫੈਸਲਾ ਕਿਸ ਤਰੀਕ ਨੂੰ ਕੀਤਾ ਗਿਆ ਅਤੇ ਹੁਣ ਤੱਕ ਇਸ ਫੈਸਲੇ ਨੂੰ ਕਿਸ ਹੱਦ ਤੱਕ ਲਾਗੂ ਕੀਤਾ ਗਿਆ ਹੈ ?

**ਸ੍ਰੀ ਹੰਸ ਰਾਜ ਸ਼ਰਮਾ :** (ੳ) ਹਾਂ ਜੀ। ਸਿਫਾਰਸ਼ ਨਿਮਨ-ਲਿਖਿਤ ਅਨੁਸਾਰ ਹੈ :—

(a) Rickshaw pulling should be abolished gradually and where such abolition was not possible, suitable regulations governing the conditions of work, medical examination etc. of rickshaw pullers should be enforced on the lines of model regulations to be framed by the Central Government for the guidance of the State Governments and

(b) Pending total abolition, no fresh license for rickshaws should be issued.

ਇਸ ਸਿਫਾਰਸ਼ ਤੇ ਮੁੜ ਕਿਰਤ ਮੰਤਰੀਆਂ ਦੇ 19ਵੇਂ ਸਮਾਗਮ ਵਿਚ ਵਿਚਾਰ ਕੀਤਾ ਗਿਆ ਸੀ ਅਤੇ ਨਿਮਨ-ਲਿਖਤ ਫੈਸਲਾ ਕੀਤਾ ਗਿਆ ਸੀ :—

> "The subject was discussed in general way. It was felt that the abolition of rickshaw pulling could only be a gradual process."

(ਅ) ਹਾਂ ਜੀ। ਪੰਜਾਬ ਸਰਕਾਰ ਨੇ ਸਾਈਕਲ ਰਿਕਸ਼ਾ ਚਲਾਉਣ ਵਾਲਿਆਂ ਨੂੰ ਰਿਕਸ਼ਾ ਤੇ ਮੋਟਰ ਲਗਾਉਣ ਲਈ ਕਰਜ਼ਾ ਦਿਵਾਉਣ ਦੀ ਸਕੀਮ ਤਿਆਰ ਕੀਤੀ ਹੈ ਤਾਂ ਕਿ ਮਨੁੱਖ ਦੁਆਰਾ ਰਿਕਸ਼ਾ ਖਿੱਚਣਾ ਬੰਦ ਹੋ ਜਾਵੇ। ਇਹ ਫੈਸਲਾ 3 ਦਸੰਬਰ, 1975 ਨੂੰ ਕੀਤਾ ਗਿਆ ਸੀ ਅਤੇ ਇਸ ਫੈਸਲੇ ਨੂੰ ਲਾਗੂ ਕਰਨ ਬਾਰੇ ਰਾਜ ਦੇ ਸਮੂਹ ਡਿਪਟੀ ਕਮਿਸ਼ਨਰ ਅਤੇ ਹੋਰ ਸਬੰਧਤਾਂ ਨੂੰ ਜ਼ਰੂਰੀ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ।

---

## ਰਾਜ ਵਿਚ ਸਾਈਕਲ ਰਿਕਸ਼ਿਆਂ ਤੇ ਮੋਟਰਾਂ ਲਗਾਉਣ ਸਬੰਧੀ ਤਜਵੀਜ਼

1000. **ਕਾਮਰੇਡ ਸੱਤ ਪਾਲ ਡਾਂਗ :** ਕੀ ਵਿੱਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ—

(ੳ) ਕੀ ਰਾਜ ਵਿਚ ਸਾਈਕਲ ਰਿਕਸ਼ਿਆਂ ਤੇ ਮੋਟਰਾਂ ਲਗਾਉਣ ਸਬੰਧੀ ਕੋਈ ਤਜਵੀਜ਼ ਜਾਂ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸਤ ਪਾਲ ਡਾਂਗ]

ਹੋਵੇ ਤਾਂ ਇਸ ਦਾ ਵੇਰਵਾ ਕੀ ਹੈ ਅਤੇ ਇਸ ਨੂੰ ਕਿਸ ਤਰੀਕ ਤੋਂ ਲਾਗੂ ਕੀਤੇ ਜਾਣ ਦੀ ਤਜਵੀਜ਼ ਹੈ;

(ਅ) ਇਸ ਸਮੇਂ ਰਾਜ ਵਿਚ ਸਾਈਕਲ ਰਿਕਸ਼ਿਆ ਦੀ ਕੁੱਲ ਗਿਣਤੀ ਕਿੰਨੀ ਹੈ;

(ੲ) ਉਕਤ ਭਾਗ (ਅ) ਵਿਚ ਵਰਣਿਤ ਗਿਣਤੀ ਵਿਚੋਂ ਉਨ੍ਹਾਂ ਰਿਕਸ਼ਿਆਂ ਦੀ ਕੁੱਲ ਗਿਣਤੀ ਕਿੰਨੀ ਹੈ ਜਿਨ੍ਹਾਂ ਤੇ ਮੋਟਰਾਂ ਲਗਾਉਣ ਦੀ ਤਜਵੀਜ਼ ਹੈ ਅਤੇ ਇਹ ਲੱਗਭਗ ਕਿਸ ਤਰੀਕ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸ੍ਰੀ ਹੰਸ ਰਾਜ ਸ਼ਰਮਾ** : (ੳ) ਸਾਈਕਲ ਰਿਕਸ਼ਿਆਂ ਤੇ ਮੋਟਰਾਂ ਲਗਾਉਣ ਦੀ ਤਜਵੀਜ਼ ਤੇ ਪਹਿਲਾਂ ਹੀ 3 ਦਸੰਬਰ, 1975 ਨੂੰ ਫੈਸਲਾ ਕੀਤਾ ਜਾ ਚੁੱਕਾ ਹੈ। ਇਸ ਸਕੀਮ ਅਧੀਨ ਬੈਂਕ ਰਿਕਸ਼ਾ ਤੇ ਮੋਟਰ ਲਗਾਉਣ ਵਾਲੇ ਨੂੰ ਕਰਜ਼ਾ ਦੇਣਗੇ ਅਤੇ ਉਸ ਕਰਜ਼ੇ ਤੇ ਵਿਆਜ ਰਾਜ ਸਰਕਾਰ ਅਦਾ ਕਰੇਗੀ। ਇਹ ਫੈਸਲਾ 3 ਦਸੰਬਰ, 1975 ਤੋਂ ਹੀ ਲਾਗੂ ਹੋ ਗਿਆ ਹੈ।

(ਅ) 28,084

(ੲ) ਕੋਈ ਗਿਣਤੀ ਜਾਂ ਤਰੀਕ ਨਿਸ਼ਚਿਤ ਨਹੀਂ ਕੀਤੀ ਗਈ। ਜੋ ਵੀ ਵਿਅਕਤੀ ਜਿਹੜਾ ਕਿ ਇਸ ਸਕੀਮ ਅਧੀਨ ਕਰਜ਼ਾ ਲੈਣ ਦੀਆਂ ਸ਼ਰਤਾਂ ਨੂੰ ਪੂਰਾ ਕਰਦਾ ਹੋਵੇ ਅਤੇ ਕਰਜ਼ੇ ਦੀ ਮੰਗ ਕਰੇ ਉਸ ਨੂੰ ਕਰਜ਼ਾ ਦੇ ਦਿੱਤਾ ਜਾਵੇਗਾ।

---

## ਰਾਜ ਵਿਚ ਮਿਉਂਸਪਲ ਕਮੇਟੀਆਂ ਦੁਆਰਾ ਲਾਗੂ ਕੀਤੇ ਗਏ ਸਾਈਕਲ ਰਿਕਸ਼ਾ ਉਪ-ਨਿਯਮ

1001. **ਕਾਮਰੇਡ ਸੱਤ ਪਾਲ ਡਾਂਗ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਉਨ੍ਹਾਂ ਮਿਉਂਸਪਲ ਕਮੇਟੀਆਂ ਦੀ ਜ਼ਿਲ੍ਹਾਵਾਰ ਗਿਣਤੀ ਅਤੇ ਨਾਂ ਕੀ ਕੀ ਹਨ ਜਿਨ੍ਹਾਂ ਨੇ ਸਾਈਕਲ ਰਿਕਸ਼ਾ ਉਪ-ਨਿਯਮ ਸਰਕਾਰ ਤੋਂ ਬਾਕਾਇਦਾ ਤੌਰ ਤੇ ਮੰਨਜ਼ੂਰ ਕਰਵਾ ਲਏ ਹਨ;

(ਅ) ਮਿਉਂਸਪਲ ਕਮੇਟੀਵਾਰ ਅਤੇ ਜ਼ਿਲ੍ਹਾਵਾਰ ਇਹ ਉਪ-ਨਿਯਮ ਕਿਸ ਕਿਸ ਤਰੀਕ ਤੋਂ ਲਾਗੂ ਕੀਤੇ ਗਏ ਹਨ;

(ੲ) ਮਿਉਂਸਪਲ ਕਮੇਟੀਵਾਰ ਅਤੇ ਜ਼ਿਲ੍ਹਾਵਾਰ ਰਿਕਸ਼ਾ ਮਾਲਕਾਂ ਅਤੇ ਚਲਾਉਣ ਵਾਲਿਆਂ ਨੂੰ ਕਰ/ਫੀਸ ਦੀ ਕਿੰਨੀ ਕਿੰਨੀ ਰਕਮ ਅਦਾ ਕਰਨੀ ਪੈਂਦੀ ਹੈ ?

**ਸ੍ਰੀ ਹੰਸ ਰਾਜ ਸ਼ਰਮਾ** : (ੳ) ਸੂਚੀ ਅਨੁਲੱਗ—1 ਤੇ ਰੱਖੀ ਜਾਂਦੀ ਹੈ ਜੀ।

(ਅ) ਸੂਚੀ ਅਨੁਲੱਗ—II ਤੇ ਰੱਖੀ ਜਾਂਦੀ ਹੈ ਜੀ।

(ੲ) ਸੂਚੀ ਅਨੁਲੱਗ—III ਤੇ ਰੱਖੀ ਜਾਂਦੀ ਹੈ ਜੀ।

Original with;
Punjab Vidhan Sabha
Digitized by;
Panjab Digital Library

ਅਨੁਲੱਗ—1

| ਜ਼ਿਲ੍ਹੇ ਦਾ ਨਾਂ | ਲੜੀ ਨੰ: | ਕਮੇਟੀ ਦਾ ਨਾਂ |
|---|---|---|
| ਪਟਿਆਲਾ | 1 | ਪਟਿਆਲਾ |
| | 2 | ਨਾਭਾ |
| | 3 | ਬੱਸੀ ਪਠਾਨਾਂ |
| | 4 | ਸਮਾਨਾ |
| | 5 | ਰਾਜਪੁਰਾ |
| | 6 | ਗੋਬਿੰਦਗੜ੍ਹ |
| | 7 | ਸਰਹਿੰਦ |
| ਸੰਗਰੂਰ | 1 | ਸੰਗਰੂਰ |
| | 2 | ਸੁਨਾਮ |
| | 3 | ਮਲੇਰਕੋਟਲਾ |
| | 4 | ਅਹਿਮਦਗੜ੍ਹ |
| | 5 | ਬਰਨਾਲਾ |
| | 6 | ਧੂਰੀ |
| | 7 | ਭਦੌੜ |
| ਜਲੰਧਰ | 1 | ਜਲੰਧਰ |
| | 2 | ਨਕੋਦਰ |
| | 3 | ਕਰਤਾਰਪੁਰ |
| | 4 | ਨਵਾਂ ਸ਼ਹਿਰ |
| | 5 | ਬੰਗਾ |
| | 6 | ਆਦਮਪੁਰ |
| ਹੁਸ਼ਿਆਰਪੁਰ | 1 | ਹੁਸ਼ਿਆਰਪੁਰ |
| | 2 | ਉੜਮੜ-ਟਾਂਡਾ |
| | 3 | ਦਸੂਹਾ |
| | 4 | ਮੁਕੇਰੀਆਂ |
| | 5 | ਗੜ੍ਹਸ਼ੰਕਰ |

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

| ਜ਼ਿਲ੍ਹੇ ਦਾ ਨਾਂ | ਲੜੀ ਨੰ: | ਕਮੇਟੀ ਦਾ ਨਾਂ |
|---|---|---|
| ਕਪੂਰਥਲਾ | 1 | ਕਪੂਰਥਲਾ |
| | 2 | ਫਗਵਾੜਾ |
| ਲੁਧਿਆਣਾ | 1 | ਲੁਧਿਆਣਾ |
| | 2 | ਜਗਰਾਉਂ |
| | 3 | ਖੰਨਾ |
| | 4 | ਦੋਰਾਹਾ |
| ਰੋਪੜ | 1 | ਰੋਪੜ |
| | 2 | ਐਨ: ਏ: ਸੀ: ਨਯਾ ਨੰਗਲ |
| | 3 | ਐਨ: ਏ: ਸੀ: ਨੰਗਲ ਟਾਊਨਸ਼ਿਪ |
| ਅੰਮ੍ਰਿਤਸਰ | 1 | ਅੰਮ੍ਰਿਤਸਰ |
| | 2 | ਪੱਟੀ |
| | 3 | ਤਰਨਤਾਰਨ |
| | 4 | ਜੰਡਿਆਲਾ |
| ਗੁਰਦਾਸਪੁਰ | 1 | ਗੁਰਦਾਸਪੁਰ |
| | 2 | ਬਟਾਲਾ |
| | 3 | ਪਠਾਨਕੋਟ |
| | 4 | ਸੁਜਾਨਪੁਰ |
| ਫਿਰੋਜ਼ਪੁਰ | 1 | ਫਿਰੋਜ਼ਪੁਰ |
| | 2 | ਅਬੋਹਰ |
| | 3 | ਜਲਾਲਾਬਾਦ |
| | 4 | ਫਾਜ਼ਿਲਕਾ |
| | 5 | ਜ਼ੀਰਾ |
| ਫ਼ਰੀਦਕੋਟ | 1 | ਫ਼ਰੀਦਕੋਟ |
| | 2 | ਮੋਗਾ |
| | 3 | ਜੈਤੋ |
| | 4 | ਮੁਕਤਸਰ |
| | 5 | ਮਲੋਟ |
| | 6 | ਕੋਟਕਪੂਰਾ |

Original with;
Punjab Vidhan Sabha
Digitized by;
Panjab Digital Library

| ਜ਼ਿਲ੍ਹੇ ਦਾ ਨਾਂ | ਲੜੀ ਨੰ: | ਕਮੇਟੀ ਦਾ ਨਾਂ |
|---|---|---|
| ਬਠਿੰਡਾ | 1 | ਬਠਿੰਡਾ |
| | 2 | ਮਾਨਸਾ |
| | 3 | ਰਾਮਪੁਰਾ ਫੂਲ |
| | 4 | ਰਾਮਾਂ |
| | 5 | ਬੁਢਲਾਡਾ |

**ਅਨੁਲੱਗ—2**

| ਜ਼ਿਲ੍ਹੇ ਦਾ ਨਾਂ | ਲੜੀ ਨੰ: | ਕਮੇਟੀ ਦਾ ਨਾਂ | ਰਿਕਸ਼ਾ ਬਾਈਲਾਜ਼ ਲਾਗੂ ਹੋਣ ਦੀ ਮਿਤੀ |
|---|---|---|---|
| ਪਟਿਆਲਾ | 1 | ਪਟਿਆਲਾ | 29-9-2003 ਬਿਕਰਮੀ |
| | 2 | ਨਾਭਾ | 11-11-60 |
| | 3 | ਬੱਸੀ ਪਠਾਨਾਂ | 21-8-59 |
| | 4 | ਸਮਾਨਾ | 26-11-62 |
| | 5 | ਰਾਜਪੁਰਾ | 1-1-61 |
| | 6 | ਗੋਬਿੰਦਗੜ੍ਹ | 1.1.62 |
| | 7 | ਸਰਹੰਦ | 25.7.63 |
| ਸੰਗਰੂਰ | 1 | ਸੰਗਰੂਰ | 17-3-64 |
| | 2 | ਸੁਨਾਮ | 1-10-63 |
| | 3 | ਮਲੇਰਕੋਟਲਾ | 1-10-63 |
| | 4 | ਅਹਿਮਦਗੜ੍ਹ | 1-10-63 |
| | 5 | ਬਰਨਾਲਾ | 1-10-63 |
| | 6 | ਧੂਰੀ | 7-12-56 |
| | 7 | ਭਦੌੜ | 10-3-64 |
| ਜਲੰਧਰ | 1 | ਜਲੰਧਰ | 1-7-64 |
## ANNOUNCEMENT BY THE CHIEF MINISTER RE. GRANT OF ADDITIONAL INSTALMENTS OF D.A. TO GOVERNMENT EMPLOYEES

**ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ)** : ਸਪੀਕਰ ਸਾਹਿਬ, ਪੰਜਾਬ ਸਰਕਾਰ ਦੇ ਕਰਮਚਾਰੀਆਂ ਨੂੰ ਐਡੀਸ਼ਨਲ ਮਹਿੰਗਾਈ ਭੱਤਾ ਦੇਣ ਦਾ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਸੀ। ਵਿਕਾਸ ਦੀਆਂ ਜ਼ਰੂਰੀ ਮੱਦਾਂ ਉਤੇ ਹੋਣ ਵਾਲੇ ਖਰਚ, ਮਾਲੀ ਹਾਲਤ ਤੇ ਕੀਮਤਾਂ ਦੇ ਘੱਟ ਹੋਣ ਨੂੰ ਧਿਆਨ ਵਿੱਚ ਰੱਖਦਿਆਂ, ਇਹ ਫੈਸਲਾ ਕੀਤਾ ਹੈ ਕਿ ਸਰਕਾਰ ਮਹਿੰਗਾਈ ਭੱਤੇ ਦੀਆਂ ਦੋ ਕਿਸ਼ਤਾਂ ਆਪਣੇ ਕਰਮਚਾਰੀਆਂ ਨੂੰ 1 ਮਾਰਚ, 1976 ਤੋਂ ਦੇਵੇਗੀ।

**ਕਾਮਰੇਡ ਸੱਤ ਪਾਲ ਡਾਂਗ** : ਆਨ ਦੇ ਪੁਆਇੰਟ ਆਫ਼ ਇਨਫਰਮੇਸ਼ਨ, ਸਰ। ਸਪੀਕਰ ਸਾਹਿਬ, ਮੈਂ ਚੀਫ਼ ਮਨਿਸਟਰ ਸਾਹਿਬ ਤੋਂ ਇਹ ਇਨਫਰਮੇਸ਼ਨ ਲੈਣਾ ਚਾਹਾਂਗਾ ਕਿ ਪੰਜਾਬ ਸਰਕਾਰ 1967 ਤੋਂ ਕਮਿਟਡ ਹੈ ਕਿ ਮਹਿੰਗਾਈ ਅਲਾਊਂਸ ਪੰਜਾਬ ਸਰਕਾਰ ਆਪਣੇ ਮੁਲਾਜ਼ਮਾਂ ਨੂੰ ਸੈਂਟਰ ਦੇ ਮੁਤਾਬਿਕ ਦੇਵੇਗੀ। ਇਸ ਵੇਲੇ ਪੰਜਾਬ ਦੇ ਮੁਲਾਜ਼ਮਾਂ ਦੀਆਂ 5 ਕਿਸ਼ਤਾਂ ਡਿਊ ਹਨ, ਜਿਹੜੀਆਂ ਕਿ ਸੈਂਟਰ ਨੇ ਦੇ ਦਿੱਤੀਆਂ ਹਨ। ਮੈਂ ਚੀਫ਼ ਮਨਿਸਟਰ ਸਾਹਿਬ ਤੋਂ ਤੁਹਾਡੇ ਰਾਹੀਂ ਜਾਣਨਾ ਚਾਹਾਂਗਾ ਕਿ ਉਹ ਕਮਿਟਮੈਂਟ ਹੁਣ ਕਿਉਂ ਆਨਰ ਨਹੀਂ ਕੀਤੀ ਜਾ ਰਹੀ। ਇਕਤਸਾਦੀ ਹਾਲਾਤ ਤਾਂ ਸਾਰੇ ਦੇਸ਼ ਵਿੱਚ ਇਕੋ ਜਿਹੇ ਹਨ। ਸੈਂਟਰ ਨੇ ਆਪਣੇ ਮੁਲਾਜ਼ਮਾਂ ਨੂੰ ਪੰਜ ਕਿਸ਼ਤਾਂ ਮਹਿੰਗਾਈ ਭੱਤੇ ਦੀਆਂ ਦੇ ਦਿੱਤੀਆਂ ਹਨ, ਛੇਵੀਂ ਕਿਸ਼ਤ ਦੇਣ ਦਾ ਵੀ ਉਹ ਵਿਚਾਰ ਕਰ ਰਹੇ ਹਨ।

Original with;
Punjab Vidhan Sabha
Digitized by;
Panjab Digital Library

**ਮਾਲ ਅਤੇ ਚੋਣ ਮੰਤਰੀ** : ਸਪੀਕਰ ਸਾਹਿਬ, ਬਜਟ ਆ ਰਿਹਾ ਹੈ। ਉਸ ਵੇਲੇ ਗਲ ਕਰ ਲੈਣ। ਫਾਈਨਾਂਸ ਮਨਿਸਟਰ ਸਾਹਿਬ ਜਵਾਬ ਦੇ ਦੇਣਗੇ।

---

## THIRD REPORT OF THE RULES COMMITTEE

**Mr. Speaker** : I lay on the *Table the recommendations of the Rules Committee of the Punjab Vidhan Sabha as contained in its Third Report.

---

## THIRD REPORT OF THE COMMITTEE OF PRIVILEGES

**Chaudhri Kanshi Ram**(A Member of the Committee of Privileges): Sir, I beg to present* the Third Report of the Committee of Privileges (i. e. the Report in respect of the question of privilege regarding an attempt made by some Akali Members on 29th January, 1975 to prevent the Speaker from discharging his Constitutional duties in the House).

---

## PAPERS RE-LAID/LAID ON THE TABLE OF THE HOUSE

**Revenue and Elections Minister** (Sardar Umrao Singh): Sir, I beg to relay on the Table—

(i) the Punjab Labour Welfare Fund (First Amendment) Rules, 1975, as required under Section 27 (3) of the Punjab Labour Welfare Fund Act, 1965;

(ii) the Punjab Land Reforms (First Amendment) Rules, 1975, as required under Section 26 (2) of the Punjab Land Reforms Act, 1972;

(iii) the Punjab Homoeopathic Practitioners Regulation, 1974 as required under Section 55 of the Punjab Homoeopathic Practitioners Act, 1965.

**Revenue and Elections Minister** (Sardar Umrao Singh): Sir, I beg to lay on the Table—

(iv) the Punjab Labour Welfare Fund (Second Amendment) Rules, 1975, as required under Section 27 (3) of the Punjab Labour Welfare Fund Act, 1965;

(v) the 22nd Annual Report of the Punjab Financial Corporation for the year ended 31st March, 1975, as required under Section 38 (3) of the State Financial Corporations Act, 1951;

---

*Placed in the Library.

Original with;
Punjab Vidhan Sabha
Digitized by;
Panjab Digital Library

[Revenue and Elections Minister]

(vi) the 8th and 9th Annual Reports of the Punjab State Small Industries Corporation Limited Chandigarh, for the years 1969-70 and 1970-71, as required under Section 619-A (3) of the Companies Act, 1956;

(vii) the 10th and 11th Annual Reports of the Punjab State Small Industries Corporation Limited for the years 1971-72 and 1972-73, as required under Section 619-A (3) of the Companies Act, 1956;

(viii) Notifications Nos. GSR. 71/P.A. 8/54/S, 19/Amd. (3)/75, dated the 9th July, 1975 and G. S. R. 82/P. A. 8/54/S.19/Amd. (4)/75, dated the 5th August, 1975, as required under Section 19 (3) of the Punjab Entertainments Tax (Cinematograph Shows) Act, 1954;

(ix) the Punjab Industrial Establishments (National and Festival Holidays and Casual and Sick Leave) Rules, 1966, as required Section 15 (4) of the Punjab Industrial Establishments (National and Festival Holidays and Casual and Sick Leave) Act, 1965;

(x) the Punjab Homoeopathic Practitioners (Election) Rules, 1975, as required under Section 55 of the Punjab Homoeopathic Practitioners Act, 1965;

(xi) the Annual Administration Report of the Punjab State Electricity Board for the year 1972-73, as required under Section 75 of the Electricity Supply Act, 1948.

(xii) (i) the Punjab (Gram Panchayat Amendment) Ordinance, 1975 (Punjab Ordinance No. 10 of 1975);

(ii) the Punjab Panchayat Samitis and Zila Parishads (Third Amendment) Ordinance, 1975 (Punjab Ordinance No. 11 of 1975);

(iii) the Punjab Town Improvement (Second Amendment) Ordinance, 1975 (Punjab Ordinance No. 12 of 1975);

(iv) the Punjab Municipal (Third (Amendment) Ordinance, 1975 (Punjab Ordinance No. 13 of 1975):

(v) the Punjab General Sales Tax (Amendment and Validation) Ordinance, 1975 (Punjab Ordinance No. 14 of 1975);

(vi) the Punjab Gram Panchayat (Second Amendment) Ordinance, 1975 (Punjab Ordinance No. 15 of 1975);

(vii) the Punjab Agricultural Produce Makets (Validation) Ordinance, 1975 (Punjab Ordinance No. 16 of 1975);

as required under Article 213 (2) (a) of the Constitution of India.

(xiii) the Punjab Prevention of Beggary Rules, 1975, as required under Section 17 (3) of the Punjab Prevention of Beggary Act, 1971.

---

Original with; Punjab Vidhan Sabha Digitized by; Panjab Digital Library

## DISCUSSION ON GOVERNOR'S ADDRESS

**Mr. Speaker**: Now, we take up the next item "Discussion on Governor's Address." Shri Kirpal Singh Dhillon may please move the motion.

(ਇਸ ਸਮੇਂ ਸਰਦਾਰ ਸਤਨਾਮ ਸਿੰਘ ਬਾਜਵਾ ਬੋਲਣ ਲਈ ਖੜ੍ਹੇ ਹੋਏ)

**ਸ੍ਰੀ ਸਪੀਕਰ** : ਬਾਜਵਾ ਸਾਹਿਬ, ਢਿਲੋਂ, ਸਾਹਿਬ ਨੂੰ ਪਹਿਲਾਂ ਮੋਸ਼ਨ ਮੂਵ ਕਰ ਲੈਣ ਦੇਵੋ, ਤੁਸੀਂ ਬਾਅਦ ਵਿਚ ਬੋਲ ਲੈਣਾ ।

---

## WALK-OUT

**ਸਰਦਾਰ ਸਤਨਾਮ ਸਿੰਘ ਬਾਜਵਾ**: ** **

**ਸ੍ਰੀ ਸਪੀਕਰ** : ਇਹ ਚੇਅਰ ਤੇ ਐਸਪਰਸ਼ਨ ਹੈ, ਇਹ ਰਿਕਾਰਡ ਨਾ ਕੀਤਾ ਜਾਵੇ ।

(ਇਸ ਸਮੇਂ ਅਕਾਲੀ ਮੈਂਬਰਜ਼ ਨਾਅਰੇ ਲਗਾਂਦੇ ਹੋਏ ਹਾਊਸ ਵਿਚੋਂ ਵਾਕ-ਆਊਟ ਕਰ ਗਏ

**ਸ੍ਰੀ ਸਪੀਕਰ** : ਇਹ ਜੋ ਨਾਹਰੇ ਲਗਾਏ ਜਾ ਰਹੇ ਹਨ,ਇਹ ਪ੍ਰੋਸੀਡਿੰਗਜ਼ ਦਾ ਹਿੱਸਾ ਨਾ ਬਣਨ ।

---

## DISCUSSION ON GOVERNOR'S ADDRESS (*Resumption*)

**Sardar Kirpal Singh Dhillon** (Kapurthala): Sir I beg to move that an Address be presented to the Governor in the following terms—

> "That the Members of this House assembled in this Session are deeply grateful to the Governor for the Address which he has been pleased to deliver to the House on the 20th January, 1976."

ਸਪੀਕਰ ਸਾਹਿਬ, ਪੰਜਾਬ ਦੇ ਰਾਜਪਾਲ ਜੀ ਨੇ ਕਲ ਜੋ ਇਥੇ ਹਾਊਸ ਵਿਚ ਆਪਣਾ ਭਾਸ਼ਣ ਦਿੱਤਾ ਸੀ, ਮੈਨੂੰ ਜੋ ਉਸ ਦੀ ਪ੍ਰਸ਼ੰਸਾ ਅਤੇ ਕਮੇਂਡੇਸ਼ਨ ਲਈ ਪ੍ਰਿਵਿਲੱਜ ਮਿਲਿਆ ਹੈ, ਮੈਂ ਉਸ ਲਈ ਬਹੁਤ ਵੱਡਾ ਫੱਖਰ ਮਹਿਸੂਸ ਕਰਦਾ ਹਾਂ । ਮੈਂ ਇਹ ਵੀ ਚਾਹੁੰਦਾ ਸੀ ਕਿ ਮੇਰੇ ਅਕਾਲੀ ਮਿੱਤਰ ਆਰਾਮ ਨਾਲ ਬੈਠ ਕੇ ਮੇਰੀ ਗੱਲ ਸੁਣ ਲੈਂਦੇ ਤਾਂ ਉਨ੍ਹਾਂ ਦੇ ਵੀ ਇਹ ਚੀਜ਼ ਕੰਮ ਆਉਂਦੀ । ਪਰ ਉਨ੍ਹਾਂ ਦੀ ਪੁਰਾਣੀ ਆਦਤ ਅਜਿਹੀ ਹੈ, ਰਵਾਇਤ ਐਸੀ ਹੈ ਕਿ ਉਹ ਇਥੋਂ ਚਲੇ ਗਏ । ਮੈਂ ਇਹ ਕਹਿੰਦਾ ਹਾਂ ਕਿ ਅਜੇ ਵੀ ਕੁਦਰਤ ਉਨ੍ਹਾਂ ਨੂੰ ਸਮਰਥਾ ਦੇਵੇ ਅਤੇ ਅਕਲ ਦੇਵੇ ਕਿ ਮੁੜ ਕੇ ਆਪਣੇ ਬੈਂਚਾਂ ਤੇ ਬੈਠ ਜਾਣ ਅਤੇ ਮੇਰੇ ਵਿਚਾਰ ਸੁਣਨ ਅਤੇ ਚੰਗੀਆਂ ਗੱਲਾਂ ਤੇ ਅਮਲ ਕਰਨ । ਸਪੀਕਰ ਸਾਹਿਬ, ਹਣ ਜਿਸ ਇਕ ਖਾਸ "ਸਾਈਲੈਂਟ

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ ਢਿਲੋਂ]

ਸਟਰੈਟੇਜੀ ਬਟ ਪਰਸੈਪਟੀਬਲ ਰੇਵੋਲਿਊਸ਼ਨ' ਦਾ ਇਸ਼ਾਰਾ, ਇਨਕਲਾਬਾਤ ਦਾ ਇਸ਼ਾਰਾ ਰਾਜ-ਪਾਲ ਜੀ ਨੇ ਆਪਣੇ ਭਾਸ਼ਣ ਵਿਚ ਦਿੱਤਾ ਸੀ, ਮੈਨੂੰ ਇੰਜ ਜਾਪਦਾ ਹੈ ਕਿ ਉਨ੍ਹਾਂ ਨੇ ਜਿਸ ਢੰਗ ਨਾਲ ਪੰਜਾਬ ਦੀ ਹਰ ਗੱਲ ਨੂੰ ਸਾਡੇ ਸਾਮ੍ਹਣੇ ਰਖਿਆ ਹੈ, ਉਸ ਲਈ ਢੁਕਵੀ ਸ਼ਰਧਾਂਜਲੀ ਦੇਣ ਵਿਚ ਮੈਂ ਪੂਰਾ ਜਸਟਿਸ ਨਹੀਂ ਦੇ ਸਕਾਂਗਾ । ਪਰ ਫਿਰ ਵੀ ਇਹ ਯਤਨ ਕਰਾਂਗਾ ਕਿ ਆਪਣੇ ਵਲੋਂ ਇਸ ਗੱਲ ਨੂੰ ਸਾਰਿਆਂ ਦੇ ਸਾਮ੍ਹਣੇ, ਹਾਊਸ ਦੇ ਸਾਮ੍ਹਣੇ ਰਖਣ ਵਾਸਤੇ ਪੂਰੀ ਹਿੰਮਤ ਅਤੇ ਕੋਸ਼ਿਸ਼ ਕਰਾਂ । ਸਪੀਕਰ ਸਾਹਿਬ, ਮਨੁੱਖੀ ਜੀਵਨ ਅਤੇ ਕੌਮੀ ਜੀਵਨ ਦੇ ਚਾਰ ਵੱਡੇ ਖੇਤਰ ਹਨ । ਪਹਿਲਾ ਖੇਤਰ ਰਿਲੀਜਨ ਦਾ ਹੈ ।

ਦੂਸਰਾ ਆਰਥਿਕ ਜੀਵਨ, ਤੀਸਰਾ ਸਮਾਜਿਕ ਅਤੇ ਚੌਥਾ ਰਾਜਨੀਤਿਕ ਜੀਵਨ ਹੈ । ਸਪੀਕਰ ਸਾਹਿਬ, ਰਾਜਪਾਲ ਜੀ ਨੇ ਇਹ ਜਿਹੜੇ 4 ਖੇਤਰ ਦਸੇ ਹਨ ਇਨ੍ਹਾਂ 4 ਖੇਤਰਾਂ ਨੂੰ ਆਪਣੇ ਭਾਸ਼ਣ ਵਿਚ ਬੜੀ ਚੰਗੀ ਤਰ੍ਹਾਂ ਉਜਾਗਰ ਕੀਤਾ ਹੈ । ਪਹਿਲਾ ਖੇਤਰ ਜਿਸ ਨੂੰ ਸਪਿਰਚੁਅਲ ਰੀਜੈਨਰੇਸ਼ਨ ਰੀਕਿੰਡਲਿੰਗ, ਧਾਰਮਿਕ, ਰਿਲਿਜਿਅਸ ਦਾ ਕਿਹਾ ਜਾ ਸਕਦਾ ਹੈ । ਉਸ ਦੇ ਬਾਰੇ ਰਾਜਪਾਲ ਜੀ ਨੇ ਪਹਿਲੇ ਹੀ ਸਫ਼ੇ ਤੇ ਜ਼ਿਕਰ ਕੀਤਾ ਹੈ ਇਸ ਦੇ ਬਾਰੇ anonymous ਅੰਗ੍ਰੇਜ਼ Poet ਨੇ ਵੀ ਕਿਹਾ ਹੈ ਕਿ—

> "This world is a fair, where thousands meet, but none can stay,
>
> and this world is an inn where travellers sojourn for rest and then pass away."

ਸਪੀਕਰ ਸਾਹਿਬ, ਇਹ ਦੁਨੀਆਂ ਇਕ ਬੜਾ ਵੱਡਾ ਮੇਲਾ ਹੈ ਔਰ ਇਸ ਮੇਲੇ ਵਿਚ ਹਜ਼ਾਰਾਂ ਹੀ ਇਨਸਾਨ ਇਕੱਠੇ ਹੁੰਦੇ ਹਨ, ਪਰ ਸਦਾ ਇਕੱਠੇ ਨਹੀਂ ਰਹਿੰਦੇ, ਕੁਝ ਸਮੇਂ ਮਗਰੋਂ ਵਿੱਛੜ ਜਾਂਦੇ ਹਨ । ਇਸੇ ਤਰ੍ਹਾਂ ਦੁਨੀਆਂ ਨੂੰ ਇਕ ਬੜੀ ਵੱਡੀ ਸਰਾਂ ਵੀ ਕਿਹਾ ਜਾ ਸਕਦਾ ਹੈ । ਇਸ ਸਰਾਂ ਵਿਚ ਹਜ਼ਾਰਾਂ, ਲੱਖਾਂ ਆਦਮੀ ਠਹਿਰਦੇ ਹਨ, ਆਰਾਮ ਕਰਦੇ ਹਨ, ਬੈਠਦੇ ਹਨ ਔਰ ਫਿਰ ਕੁਝ ਸਮੇਂ ਮਗਰੋਂ ਚਲੇ ਜਾਂਦੇ ਹਨ । ਸਪੀਕਰ ਸਾਹਿਬ, ਹੁਣ ਵਿਚਾਰ ਕਰਨ ਵਾਲੀ ਇਹ ਗਲ ਹੈ ਕਿ ਇਸ ਦੁਨੀਆਂ ਵਿਚ ਕਿਸਮ ਕਿਸਮ ਦੇ ਮਨੁਖ ਆਉਂਦੇ ਹਨ । ਇਕ ਉਹ ਜਿਹੜੇ ਕਿ ਇਸ ਦੁਨੀਆਂ ਦੀ ਸਰਾਂ ਵਿਚ ਆਕੇ ਠਹਿਰਦੇ ਹਨ, ਪਰ ਇਸ ਸਰਾਂ ਦੀ ਸਫਾਈ ਦਾ ਧਿਆਨ, ਦੀਵਾਰਾਂ ਦੀ ਮਜ਼ਬੂਤੀ ਦਾ ਧਿਆਨ, ਇਸ ਸਰਾਂ ਦੇ ਫਰਸ਼ਾਂ ਨੂੰ ਪੱਕਾ ਰਖੱਣ ਦਾ ਧਿਆਨ ਅਤੇ ਇਸ ਦੀ ਹਰ ਮਜ਼ਬੂਤੀ ਨੂੰ ਬਣਾਏ ਰੱਖਣ ਦਾ ਧਿਆਨ ਬਹੁਤ ਹੀ ਘੱਟ ਦਿਦੇ ਹਨ । ਇਸ ਕਿਸਮ ਦੇ ਇਨਸਾਨ ਆਉਂਦੇ ਹਨ ਅਤੇ ਅਰਾਮ ਕਰਕੇ ਬੈਠ ਕੇ ਚਲੇ ਜਾਂਦੇ ਹਨ । ਪਰ ਦੂਸਰੀ ਕਿਸਮ ਦੇ ਇਨਸਾਨ, ਉਹ ਕੁਝ ਅਜਿਹੀਆਂ ਹਸਤੀਆਂ ਹੁੰਦੀਆਂ ਹਨ, ਇਸ ਤਰ੍ਹਾਂ ਦੇ ਵਿਅਕਤੀ ਹੁੰਦੇ ਹਨ, ਇਸ ਤਰ੍ਹਾਂ ਦੀਆਂ ਸ਼ਖਸ਼ੀਅਤਾਂ ਹੁੰਦੀਆਂ ਹਨ, ਜੋ ਇਸ ਦੁਨੀਆਂ ਦੀ ਸਰਾਂ ਵਿਚ ਆਉਂਦੇ ਹਨ ਅਤੇ ਆਪਣੀ ਸਪਿਰਚੂਅਲ ਅਤੇ ਆਤਮਿਕ ਸ਼ਕਤੀ ਨਾਲ ਅਤੇ ਹਰ ਤਰ੍ਹਾਂ ਦੀ ਕੁਰਬਾਨੀ ਦੇ ਕੇ ਇਸ ਸਰਾਂ ਦੀ ਸਫਾਈ ਦਾ ਖਿਆਲ, ਇਸ ਸਰਾਂ ਦੀ ਪਕਿਆਂ ਰੱਖਣ ਦਾ ਧਿਆਨ, ਫਰਸ਼ਾਂ ਨੂੰ ਪੱਕਾ ਰੱਖਣ ਦਾ ਧਿਆਨ ਕਰਦੇ ਰਹਿੰਦੇ ਹਨ । ਉਹ ਚਾਹੁੰਦੇ ਹਨ ਕਿ ਇਸ ਤਰ੍ਹਾਂ ਦੀ ਮਜ਼ਬੂਤੀ ਬਣੀ ਰਹੇ ਅਤੇ ਇਸ ਦੀਆਂ ਦੀਵਾਰਾਂ ਨੂੰ ਟੁੱਟਣ ਨਾ ਦਿੱਤਾ ਜਾਵੇ ।

ਠੀਕ ਇਸ ਤਰ੍ਹਾਂ ਦਾ ਰੈਫਰੈਂਸ ਸਾਡੇ ਰਾਜਪਾਲ ਜੀ ਨੇ ਆਪਣੇ ਕੱਲ ਦੇ ਭਾਸ਼ਣ ਵਿਚ ਪਹਿਲੇ ਹੀ ਸਫੇ ਤੇ ਦਿੱਤਾ ਹੈ । ਉਨ੍ਹਾਂ ਨੇ ਆਪਣੇ ਭਾਸ਼ਣ ਵਿਚ ਗਿਆਨੀ ਜੀ ਦੀ ਸਰਕਾਰ ਦੀ

Original with;
Punjab Vidhan Sabha
Digitized by;
Panjab Digital Library

ਪਰਫਾਰਮੈਂਸ ਅਤੇ ਐਚੀਵਮੈਂਟਸ ਨੂੰ ਬਿਆਨ ਕੀਤਾ ਹੈ । ਇਸ ਦੁਨੀਆ ਵਿਚ ਜੋ ਸਭ ਤੋਂ ਵਡੀ ਹਸਤੀ ਆਈ ਜਿਸ ਨੇ ਆਪਣੀ ਕੁਰਬਾਨੀ ਦੇਕੇ ਦੁਨੀਆਂ ਵਿਚ ਆਤਮਕ ਅਤੇ ਸਦਾ-ਚਾਰਕ ਉਧਾਰ ਨੂੰ ਕਾਇਮ ਰਖਿਆ, ਉਸ ਮਹਾਨ ਇਨਸਾਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਤੀਜੀ ਸ਼ਹੀਦੀ ਸ਼ਤਾਬਦੀ ਸ਼ਾਨਦਾਰ ਢੰਗ ਨਾਲ ਮਨਾਉਣ ਲਈ ਸਾਡੀ ਸਰਕਾਰ ਨੇ ਫੈਸਲਾ ਕੀਤਾ। ਰਾਜਪਾਲ ਜੀ ਨੇ ਆਪਣੇ ਭਾਸ਼ਣ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜ਼ਿਕਰ ਕਰਕੇ ਨੈਸ਼ਨਲ ਇੰਟੈਗਰੇਸ਼ਨ ਲਈ ਜ਼ੋਰ ਪਾਇਆ ਹੈ । ਇਸ ਤਰ੍ਹਾਂ ਹੀ ਇਕ ਹੋਰ ਮਹਾਨ ਆਤਮਾ ਭਗਵਾਨ ਮਹਾਂਵੀਰ ਜੀ ਜਿਸ ਦੀ ਕਿ ਪਿਛਲੇ ਸਾਲ ਪੰਜੀਵੀ ਨਿਰਵਾਣ ਸ਼ਤਾਬਦੀ ਵੀ ਬੜੇ ਉਤਸ਼ਾਹ ਨਾਲ ਮੰਨਾਈ ਗਈ ਹੈ ਉਸ ਦਾ ਵੀ ਰਾਜਪਾਲ ਜੀ ਨੇ ਆਪਣੇ ਭਾਸ਼ਣ ਵਿਚ ਜ਼ਿਕਰ ਕੀਤਾ ਹੈ । ਇਨ੍ਹਾਂ ਮਹਾਨ ਹਸਤੀਆਂ ਨੇ ਦੁਨੀਆਂ ਨੂੰ ਇਕ ਪਲੇਟਫਾਰਮ ਤੇ ਖੜ੍ਹਾ ਕੀਤਾ ਅਤੇ ਹਿੰਦੂ ਸਿੱਖ ਵਿਚ ਕੋਈ ਫਰਕ ਨਾ ਰਹਿਣ ਦਿੱਤਾ । ਅਸੀਂ ਇਸ ਗਲ ਨੂੰ ਭੁਲ ਨਹੀਂ ਸਕਦੇ ਕਿ ਜਿਸ ਨੈਸ਼ਨਲ ਇੰਟੈਗਰੇਸ਼ਨ ਲਈ, ਸਪਿਰਚੁਅਲ ਰੀਜੈਨਰੇਸ਼ਨ ਰੀਕਿੰਡਲਿੰਗ ਲਈ ਸਾਡੇ ਰਾਜਪਾਲ ਜੀ ਨੇ ਸਾਡਾ ਧਿਆਨ ਦਿਵਾਇਆ ਹੈ ਅਸੀਂ ਇਸ ਲਈ ਉਨ੍ਹਾਂ ਦੀ ਬਹੁਤ ਸਰਾਹਨਾ ਕਰਦੇ ਹਾਂ ।

ਅੱਜ ਹੀ ਸਾਡੇ ਰੇਵਨਿਊ ਮਨਿਸਟਰ ਸਾਹਿਬ ਨੇ ਸਾਰੇ ਹਾਊਸ ਨੂੰ ਇਕ ਅਪੀਲ ਕੀਤੀ ਹੈ ਕਿ ਅੱਜ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਦੀਆਂ ਅਸਥੀਆਂ ਇਥੇ ਆ ਰਹੀਆਂ ਹਨ ਅਤੇ ਇਸ ਦੇ ਲਈ ਹਾਊਸ ਦਾ ਟਾਈਮ ਬਚਾ ਕੇ ਸਾਰੇ ਮੈਂਬਰਾਂ ਨੂੰ ਉਥੇ ਪਹੁੰਚਣ ਲਈ ਸਮਾਂ ਦਿੱਤਾ ਜਾਵੇ ਤਾਂਕਿ ਉਹ ਆਪਣੀ ਸ਼ਰਧਾਂਜਲੀ ਉਥੇ ਜਾ ਕੇ ਦੇ ਸਕਣ । ਇਸ ਸਬੰਧ ਵਿਚ ਰਾਜਪਾਲ ਜੀ ਨੇ ਆਪਣੇ ਭਾਸ਼ਣ ਵਿਚ ਗਿਆਨੀ ਗੁਰਮੁਖ ਸਿੰਘ ਜੀ ਮੁਸਾਫਿਰ, ਜੋ ਕਿ ਇਕ ਬਹੁਤ ਵੱਡੀ ਸ਼ਖਸੀ-ਅਤ ਸਨ, ਸੱਚੇ ਦੇਸ਼ ਭਗਤ ਸਨ, ਨੂੰ ਆਪਣੀ ਸ਼ਰਧਾਂਜਲੀ ਭੇਂਟ ਕੀਤੀ ਹੈ । ਸਾਡੇ ਰਾਜਪਾਲ ਜੀ ਨੇ ਇਨ੍ਹਾਂ ਮਹਾਨ ਹਸਤੀਆਂ ਨੂੰ ਜੋ ਕਿ ਇਸ ਦੁਨੀਆਂ ਦੀ ਸਰਾਂ ਵਿਚ ਆਕੇ ਅਤੇ ਇੰਨੀਆ ਕੁਰਬਾਨੀਆਂ ਦੇ ਕੇ ਚਲੇ ਗਏ ਹਨ, ਦਾ ਆਪਣੇ ਭਾਸ਼ਣ ਵਿਚ ਜ਼ਿਕਰ ਕਰਕੇ ਇਕ ਬਹੁਤ ਵੱਡਾ ਕੰਮ ਕੀਤਾ ਹੈ ।

ਸਪੀਕਰ ਸਾਹਿਬ, ਰਾਜਪਾਲ ਦੇ ਭਾਸ਼ਣ ਵਿਚ ਜੋ ਦੂਜਾ ਵੱਡਾ ਖੇਤਰ ਹੈ ਉਹ ਹੈ ਇਕਨੌਮਿਕ ਖੇਤਰ, ਆਰਥਿਕ ਖੇਤਰ । ਇਸ ਵਲ ਵੀ ਮੈਂ ਹਾਊਸ ਦੇ ਮੈਂਬਰਾਂ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ । ਜਦ ਤਕ ਕਿਸੇ ਮੁਲਕ ਦੀ, ਕਿਸੇ ਦੇਸ਼ ਦੀ ਜਾਂ ਕਿਸੇ ਵੀ ਪਰਿਵਾਰ ਦੀ ਆਰਥਿਕ ਹਾਲਤ ਚੰਗੀ ਨਾ ਹੋਵੇ ਤਦ ਤੱਕ ਉਹ ਕਿਸੇ ਵੀ ਕੰਮ ਵਿਚ ਕਾਮਯਾਬ ਨਹੀਂ ਹੋ ਸਕਦਾ ।

ਸਪੀਕਰ ਸਾਹਿਬ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਦੇਸ਼ ਦੀ ਆਰਥਕ ਹਾਲਤ ਦੋ ਗੱਲਾਂ ਤੇ ਨਿਰਭਰ ਕਰਦੀ ਹੈ । ਉਹ ਦੋ ਪੁਆਇੰਟ ਹਨ-ਐਗਰੀਕਲਚਰ ਅਤੇ ਇੰਡਸਟਰੀ । ਜਿਸ ਕਿਸੇ ਵੀ ਦੇਸ਼ ਦੀ ਐਗਰੀਕਲਚਰ ਅਤੇ ਇੰਡਸਟਰੀ ਤਰੱਕੀ ਤੇ ਹੈ ਉਸ ਦੇਸ਼ ਦੀ ਆਰਥਿਕ ਹਾਲਤ ਬਹੁਤ ਚੰਗੀ ਹੋਵੇਗੀ । ਸਾਡੇ ਰਾਜਪਾਲ ਜੀ ਨੇ ਵੀ ਐਗਰੀਕਲਚਰ ਦੇ ਬਾਰੇ ਆਪਣੇ ਭਾਸ਼ਣ ਵਿਚ ਜ਼ਿਕਰ ਕੀਤਾ ਹੈ । ਸਾਡੀ ਪ੍ਰਾਈਮ ਮਨਿਸਟਰ ਸਾਹਿਬਾ ਦਾ ਜਿਹੜਾ 20 ਪੁਆਇੰਟ ਪ੍ਰੋਗ੍ਰਾਮ ਹੈ ਇਸ ਦੇ 17 ਪੁਆਇੰਟ ਤਾਂ ਇਸ ਦੇ ਵਿਚ ਹੀ ਕਵਰ ਹੋ ਜਾਂਦੇ ਹਨ । ਸਾਡੇ ਰਾਜਪਾਲ ਜੀ ਨੇ ਆਪਣੇ ਭਾਸ਼ਣ ਵਿਚ ਕਿਹਾ ਹੈ ਕਿ ਸਾਡੀ ਆਰਥਿਕਤਾ ਮੁੱਖ ਤੌਰ ਤੇ ਖੇਤੀ ਪ੍ਰਧਾਨ ਹੈ । ਉਨ੍ਹਾਂ ਨੇ ਆਪਣੇ ਭਾਸ਼ਣ ਵਿਚ ਉਪਜ ਦੇ ਆਂਕੜੇ ਦਸਦੇ ਹੋਏ ਕਿਹਾ ਕਿ 1974-75 ਵਿਚ ਸਾਡੇ ਪੰਜਾਬ ਵਿਚ 80 ਲੱਖ ਮੀਟ੍ਰਿਕ ਟਨ ਅਨਾਜ ਦੀ ਉਪਜ ਹੋਈ ਹੈ ਅਤੇ 1975-76 ਵਿਚ ਇਸ ਵਿਚ 4 ਲੱਖ ਮੀਟ੍ਰਿਕ ਟਨ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ ਢਿਲੋਂ]

ਦਾ ਵਾਧਾ ਕੀਤਾ ਗਿਆ ਅਤੇ ਹੁਣ 1976-77 ਵਿਚ ਇਸ ਵਿਚ 2 ਲੱਖ ਮੀਟ੍ਰਿਕ ਟਨ ਉਪਜ ਵਿਚ ਵਾਧਾ ਹੋਣ ਦੀ ਸੰਭਾਵਨਾ ਹੈ ।

10.40 A.M. (ਇਸ ਵੇਲੇ ਸਰਦਾਰ ਸੁਰਜੀਤ ਸਿੰਘ ਅਟਵਾਲ ਮੈਂਬਰ, ਪੈਨਲ ਆਫ਼ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ) (ਤਾੜੀਆਂ)

ਚੇਅਰਮੈਨ ਸਾਹਿਬ, ਸਾਡੀ ਸਰਕਾਰ ਕਿਸਾਨਾਂ ਵਿਚ ਜਾਗ੍ਰਤੀ ਪੈਦਾ ਕਰਨ ਲਈ ਉਨ੍ਹਾਂ ਨੂੰ ਖੇਤੀ ਬਾੜੀ ਸਬੰਧੀ ਤਕਨੀਕੀ ਸਹਾਇਤਾ ਵੀ ਦੇ ਰਹੀ ਹੈ ਜਿਸ ਨਾਲ ਆਪਣੇ ਸੂਬੇ ਦੀ ਉਪਜ ਨੂੰ ਹੋਰ ਵੀ ਵਧਾਇਆ ਜਾ ਸਕੇ । ਸਾਡੀ ਸਰਕਾਰ ਉਪਜ ਵਿਚ ਵਾਧਾ ਕਰਨ ਵਾਸਤੇ ਵਿਦਿਆਰਥੀਆਂ ਦੀ ਵੀ ਸਹਾਇਤਾ ਲੈਣ ਲਈ ਉਨ੍ਹਾਂ ਵਿਚ ਖੇਤੀ ਬਾੜੀ ਸਬੰਧੀ ਜਾਗ੍ਰਤੀ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਇਸ ਮਨੋਰਥ ਲਈ ਸਾਡੀ ਸਰਕਾਰ ਨੇ "ਵਿਦਿਆਰਥੀ ਖੇਤੀ ਸਹਾਇਕ ਸੈਨਾ" ਬਣਾਉਣ ਦੀ ਤਜਵੀਜ਼ ਕੀਤੀ ਹੈ ।

ਸਾਡੇ ਰਾਜਪਾਲ ਜੀ ਨੇ ਆਪਣੇ ਭਾਸ਼ਣ ਵਿਚ ਆਰਥਿਕ ਹਾਲਤ ਨੂੰ ਉਚਾ ਕਰਨ ਲਈ ਛੋਟੇ ਕਿਸਾਨਾਂ ਵਲ ਵਿਸ਼ੇਸ਼ ਧਿਆਨ ਦੇਣ ਲਈ ਜ਼ੋਰ ਦਿੱਤਾ ਹੈ । ਸਾਡੀ ਸਰਕਾਰ ਹਰ ਜ਼ਿਲ੍ਹੇ ਵਿਚ ਛੋਟੇ ਛੋਟੇ ਕਿਸਾਨਾਂ ਦੀਆਂ ਏਜੰਸੀਆਂ ਕਾਇਮ ਕਰ ਰਹੀ ਹੈ ਅਤੇ ਹਰ ਪਿੰਡ ਵਿਚ 5 ਕਿਸਾਨਾਂ ਨੂੰ ਖਾਸ ਸਹਾਇਤਾ ਦੇਣ ਲਈ ਇਕ ਨਵਾਂ ਪ੍ਰੋਗਰਾਮ ਚਾਲੂ ਕੀਤਾ ਹੈ । ਇਹ ਸਕੀਮ 12 ਹਜ਼ਾਰ ਪਿੰਡਾ ਵਿਚ ਸ਼ੁਰੂ ਕੀਤੀ ਜਾਵੇਗੀ ਇਸ ਦਾ ਮਤਲਬ ਇਹ ਹੋਇਆ ਕਿ ਜੇ 12 ਹਜ਼ਾਰ ਨੂੰ 5 ਨਾਲ ਜ਼ਰਬ ਦੇਈਏ ਤਾਂ 60,000 ਕਿਸਾਨਾਂ ਨੂੰ ਵਿਸ਼ੇਸ਼ ਸਹਾਇਤਾ ਦੇਣ ਦਾ ਪ੍ਰਬੰਧ ਕੀਤਾ ਜਾਵੇਗਾ । ਇਨ੍ਹਾਂ ਛੋਟੇ ਕਿਸਾਨਾਂ ਵਾਸਤੇ ਸਰਕਾਰ ਨੇ ਸਹਾਇਤਾ ਲਈ ਪੂਰਾ ਪੂਰਾ ਇੰਤਜ਼ਾਮ ਕੀਤਾ ਹੈ । ਇਨ੍ਹਾਂ ਛੋਟੇ ਕਿਸਾਨਾਂ ਨੂੰ ਹਰ ਟੈਕਨੀਕਲ ਸਹਾਇਤਾ ਦਿੱਤੀ ਜਾਵੇਗੀ ਜਿਸ ਨਾਲ ਇਨ੍ਹਾਂ ਛੋਟੇ ਜ਼ਿਮੀਦਾਰਾਂ ਨੂੰ ਪੂਰੀ ਮਦਦ ਮਿਲੇਗੀ । ਇਹ ਵੀ ਪੰਜਾਬ ਸਰਕਾਰ ਨੂੰ ਰਾਜਪਾਲ ਜੀ ਦੇ ਭਾਸ਼ਨ ਦੇ ਵਧਾਈ ਦੇਣ ਦੀ ਗੱਲ ਹੈ ।

ਚੇਅਰਮੈਨ ਸਾਹਿਬ, ਕਿਸਾਨਾਂ ਦੇ ਅਨਾਜ ਦੀ ਕੀਮਤ ਬੜੀਆ ਕੋਸ਼ਿਸ਼ਾਂ ਕਰਕੇ ਇਸ ਸਰਕਾਰ ਨੇ 105/- ਰੁਪਏ ਫੀ ਕੁਇੰਟਲ ਦੁਆਈ ਹੈ । ਇਹ ਰੇਟ ਗਿਆਨੀ ਜ਼ੈਲ ਸਿੰਘ ਜੀ ਦੀ ਹਿੰਮਤ ਨਾਲ ਫਿਕਸ ਹੋਇਆ ਹੈ । ਇਥੇ ਹੀ ਬੱਸ ਨਹੀਂ ਜਦੋਂ ਇਹ ਰੇਟ ਗੌਰਮਿੰਟ ਆਫ਼ ਇੰਡੀਆ ਵਲੋਂ ਫਿਕਸ ਕੀਤਾ ਗਿਆ ਤਾਂ ਇਸ ਸਰਕਾਰ ਨੇ 19 ਕਰੋੜ ਰੁਪਿਆ ਇਨਸੈਂਟਿਵ ਦੇ ਤੌਰ ਤੇ ਕਿਸਾਨਾਂ ਨੂੰ ਬੋਨਸ ਦਾ ਦਿਤਾ ਹੈ । ਇਹ ਵੀ ਬਹੁਤ ਵਡੀ ਵਧਾਈ ਵਾਲੀ ਗੱਲ ਹੈ । ਇਸ ਸਾਲ ਚੇਅਰਮੈਨ ਸਾਹਿਬ, 15 ਲੱਖ ਟਨ ਗੰਦਮ ਪੈਦਾ ਹੋਈ ਹੈ ਜੋ ਮੰਡੀਆਂ ਵਿਚ ਆਈ ਹੈ ਔਰ ਬਾਕੀ ਜੋ ਜ਼ਿਮੀਦਾਰਾਂ ਨੇ ਘਰਾਂ ਵਿਚ ਰੱਖੀ ਹੈ, ਉਹ ਵੱਖਰੀ ਹੈ । ਇਸ ਵਿਚੋਂ 15 ਲੱਖ ਟਨ ਡੈਫਿਸਿਟ ਸਟੇਟਸ ਨੂੰ ਪ੍ਰੋਵਾਈਡ ਕੀਤੀ ਗਈ ਹੈ । ਮੰਡੀਆਂ ਵਿਚ ਆਈ ਕਣਕ ਦਾ 98% ਹਿੱਸਾ ਸੈਂਟਰਲ ਪੂਲ ਵਿਚ ਦਿੱਤਾ ਗਿਆ ਹੈ ਔਰ ਜੋ ਟੋਟਲ ਪੂਲ ਹੈ ਉਸ ਵਿਚ 60% ਹਿੱਸਾ ਇਕੱਲੇ ਪੰਜਾਬ ਦਾ ਹੈ ।

ਚੇਅਰਮੈਨ ਸਾਹਿਬ, ਰਾਈਸ ਦੀ ਪੈਦਾਵਾਰ ਵਿਚ ਵੀ ਇਸ ਤਰ੍ਹਾਂ ਹੀ ਪੰਜਾਬ ਨੇ ਅੱਗੇ ਨਾਲੋਂ ਵਾਧਾ ਕੀਤਾ ਹੈ ਔਰ ਪੰਜਾਬ ਸਰਕਾਰ ਨੂੰ ਉਸ ਦੀ ਮਿਹਨਤ ਦਾ ਕਰੈਡਿਟ

Original with; Punjab Vidhan Sabha Digitized by; Panjab Digital Library

ਜਾਂਦਾ ਹੈ । 9 ਲੱਖ ਟਨ ਰਾਈਸ ਦੀ ਪੈਦਾਵਾਰ ਸੀ ਸੰਨ 1972-73 ਵਿਚ ਅਤੇ ਉਹ ਵੱਧ ਕੇ ਸਾਢੇ 14 ਲੱਖ ਟਨ ਹੋਈ ਹੈ । (ਥੰਪਿੰਗ) ਇਹ ਵੀ ਛੋਟੀ ਗੱਲ ਜਾਂ ਛੋਟਾ ਉਦਮ ਨਹੀਂ ਹੈ ਜਿਹੜਾ ਕਿ ਇਸ ਪੰਜਾਬ ਦੀ ਸਰਕਾਰ ਨੇ ਕੀਤਾ ਹੈ ।

ਚੇਅਰਮੈਨ ਸਾਹਿਬ, ਇਹ ਗੱਲ ਵੀ ਧਿਆਨ ਯੋਗ ਹੈ ਜੋ ਰਾਜਪਾਲ ਜੀ ਨੇ ਆਪਣੇ ਭਾਸ਼ਣ ਵਿਚ ਕਿਹਾ ਹੈ ਕਿ ਰਾਜ ਦੇ ਕੁਝ ਹਿੱਸਿਆਂ ਵਿਚ ਝੱਖੜ, ਗੜੇ ਮਾਰੀ ਅਤੇ ਹੜ੍ਹਾਂ ਕਾਰਨ ਭਾਰੀ ਨੁਕਸਾਨ ਹੋਇਆ ਹੈ ਔਰ ਇਸ ਸਰਕਾਰ ਨੇ ਫਲੱਡ ਅਫੈਕਟਿਡ ਲੋਕਾਂ ਨੂੰ ਕੰਪੈਨਸੇਟ ਕਰਨ ਵਾਸਤੇ 6 ਕਰੋੜ ਰੁਪਿਆ ਰੈਵਨਿਊ ਡਿਪਾਰਟਮੈਂਟ ਦੇ ਸਪੁਰਦ ਕੀਤਾ ਹੈ । ਇਤਨੀ ਵੱਡੀ ਰਕਮ ਸ਼ਾਇਦ ਪਹਿਲਾਂ ਕਦੇ ਨਹੀਂ ਦਿਤੀ ਗਈ । (ਥੰਪਿੰਗ) ਇਹ 6 ਕਰੋੜ ਰੁਪਿਆ ਪੰਜਾਬ ਦੇ ਲੋਕਾਂ ਲਈ ਹੀ ਦਿੱਤਾ ਗਿਆ ਹੈ ਤਾਂ ਕਿ ਉਹ ਲੋਕ ਆਪਣੇ ਡੰਗਰ ਆਦਿ ਖਰੀਦ ਸਕਣ, ਹੱਲ ਵਾਹੁਣ ਲਈ ਬੈਲ ਖਰੀਦ ਸਕਣ । ਇਹ ਵਧਾਈ ਦੇਣ ਵਾਲੀ ਸਭ ਤੋਂ ਵੱਡੀ ਗੱਲ ਹੈ । ਇਸ ਤੋਂ ਇਲਾਵਾ, ਚੇਅਰਮੈਨ ਸਾਹਿਬ, ਇਹ ਵੀ ਚੀਜ਼ ਵਿਚਾਰ ਗੋਚਰੇ ਹੈ ਕਿ ਇਕ ਸਟੇਟ ਐਮਰਜੈਂਸੀ ਪਲਾਨ ਟੂ-ਪ੍ਰੋਵਾਈਡ ਪਰਮਾਨੈਂਟ ਰੀਲੀਫ ਬਣਾਇਆ ਹੈ । ਇਹ ਐਮਰਜੈਂਸੀ ਪਲਾਨ ਇਸ ਪੰਜਾਬ ਦੀ ਸਰਕਾਰ ਦੇ ਲੀਡਰ, ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਜੀ ਨੇ ਪੈਦਾ ਕੀਤਾ ਹੈ । ਇਸ ਪਾਸੇ ਦੋ ਕਰੋੜ ਰੁਪਿਆ ਦਿੱਤਾ ਹੈ । ਇਹ ਤਾਂ ਪੈਸਾ ਪੰਜਾਬ ਸਰਕਾਰ ਨੇ ਇਸ ਸਾਲ ਲਈ ਰਖਿਆ ਹੈ ਅਗੋਂ ਜਿਸ ਤਰ੍ਹਾਂ ਵੀ ਆਉਂਦੇ ਸਾਲ ਵਿਚ ਸਰਕਾਰ ਦਾ ਖਰਚ ਕਰਨ ਦਾ ਇਰਾਦਾ ਹੋਵੇਗਾ ਉਹ ਕਰੇਗੀ ! ਇਹ ਪੈਸਾ ਤਾਂ ਪੰਜਾਬ ਸਰਕਾਰ ਨੇ ਜੋ ਬਿਆਸ ਦਰਿਆ ਹੈ, ਸਤਲੁਜ ਹੈ, ਰਾਵੀ ਹੈ ਜਾਂ ਸਕੀ ਨਾਲਾ ਹੈ ਜਾਂ ਹੋਰ ਪਰੋਜੈਕਟਸ ਹਨ ਉਨ੍ਹਾਂ ਦੀ ਐਂਬੈਂਕਮੈਂਟਸ ਔਰ ਉਨ੍ਹਾਂ ਦੇ ਕੰਢੇ ਬਣਾਉਣ ਲਈ ਪਲਾਨ ਤਿਆਰ ਕੀਤਾ ਹੈ ਜਿਸ ਸਾਲ ਕਿ ਪੰਜਾਬ ਦੇ ਲੋਕਾਂ ਨੂੰ ਫਲੱਡਜ਼ ਦਾ ਅਗੇ ਤੋਂ ਸਾਹਮਣਾ ਨਾ ਕਰਨਾ ਪਿਆ ਕਰੇ । ਅਗੇ ਤੋਂ ਪੰਜਾਬ ਦੇ ਲੋਕ ਫਲੱਡ ਅਫੈਕਟਿਡ ਨਹੀਂ ਹੋਇਆ ਕਰਨਗੇ । (ਥੰਪਿੰਗ) ਚੇਅਰਮੈਨ ਸਾਹਿਬ, ਮੈਂ ਦੂਸਰੀ ਗੱਲ ਐਗਰੀਕਲਚਰ ਦੇ ਸਬੰਧ ਵਿਚ ਕਹਾਂਗਾ । ਉਹ ਹੈ ਵ੍ਹਾਈਟ ਰੈਵੋਲਿਊਸ਼ਨ ਦੀ । ਇਸ ਤਰ੍ਹਾਂ ਦਾ ਰੈਵੋਲਿਊਸ਼ਨ ਅਜੇ ਤਕ ਕਿਸੇ ਸੂਬੇ ਵਿਚ ਨਹੀਂ ਆਇਆ ਪਰ ਪੰਜਾਬ ਦੀ ਸਰਕਾਰ ਨੇ ਦੁੱਧ ਦੀਆਂ ਨਦੀਆਂ ਸੱਚ ਮੁੱਚ ਹੀ ਬਹਾ ਦਿਤੀਆਂ ਹਨ । ਚੇਅਰਮੈਨ ਸਾਹਿਬ, ਪੰਜਾਬ ਦੀ ਸਰਕਾਰ ਨੇ ਦੋ ਸਾਲਾਂ ਵਿਚ 54 ਹਜ਼ਾਰ ਕਰਾਸ ਬਰੀਡ ਗਊਆਂ ਦੇਣੀਆਂ ਹਨ । ਫਿਰ ਇਸ ਤਰ੍ਹਾਂ ਹੀ ਉਨ੍ਹਾਂ ਲਈ ਨਵੇਂ ਹਸਪਤਾਲ 30, ਨਵੀਆਂ ਡਿਸਪੈਂਸਰੀਆਂ 32 ਮੁਹੱਈਆ ਕਰਨਾ ਇਕ ਵੱਡੀ ਗੱਲ ਹੈ । ਤੁਸੀਂ ਆਪ ਅੰਦਾਜ਼ਾ ਲਗਾਓ ਕਿ ਸੰਨ 1973-74 ਵਿਚ ਪੰਜਾਬ ਦੇ ਇਕ ਆਦਮੀ ਲਈ ਦੁੱਧ 400 ਗਰਾਮ ਮਿਲ ਸਕਦਾ ਸੀ ਅਤੇ ਇਹ ਹੁਣ 443 ਗਰਾਮ ਦੁੱਧ ਹੋ ਗਿਆ ਹੈ । ਇਤਨਾ ਦੁੱਧ ਹੁਣ ਇਕ ਆਦਮੀ ਨੂੰ ਮੁਹੱਈਆ ਹੈ । ਇਹ ਕੋਈ ਛੋਟੀ ਗੱਲ ਨਹੀਂ ਹੈ, ਬੜੀ ਵੱਡੀ ਗਲ ਹੈ । ਇਸ ਵਾਸਤੇ ਇਹ ਸਰਕਾਰ ਮੁਬਾਰਿਕਬਾਦ ਦੀ ਪਾਤਰ ਹੈ (ਥੰਪਿੰਗ)

ਇਸ ਤਰ੍ਹਾਂ ਹੀ, ਚੇਅਰਮੈਨ ਸਾਹਿਬ, ਇਹ ਸਰਕਾਰ ਚਾਰ ਮਿਲਕ ਪਲਾਂਟ ਪੌਣੇ ਚਾਰ ਕਰੋੜ ਰੁਪਏ ਦੀ ਲਾਗਤ ਨਾਲ ਹੁਸ਼ਿਆਰਪੁਰ, ਕਪੂਰਥਲਾ, ਜਲੰਧਰ ਅਤੇ ਸੰਗਰੂਰ ਦੇ ਜ਼ਿਲ੍ਹਿਆਂ ਵਿਚ ਲਗਾ ਰਹੀ ਹੈ, ਇਹ ਵੀ ਇਕ ਬਹੁਤ ਵੱਡੀ ਗੱਲ ਹੈ । ਇਸ ਤਰ੍ਹਾਂ ਹੀ ਅੱਜ 615 ਪ੍ਰਾਇਮਰੀ ਦੁੱਧ ਪ੍ਰਾਸੈਸਿੰਗ ਸਭਾਵਾਂ ਹਨ ਜਿਹੜੀਆਂ ਕਿ ਰੋਜ਼ਾਨਾ 30,000

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ ਢਿਲੋਂ]

ਲਿਟਰ ਤੋਂ ਵੱਧ ਦੁੱਧ ਲੈ ਰਹੀਆਂ ਹਨ । ਇਤਨਾ ਦੁੱਧ ਉਹ ਡੇਲੀ ਹੈਂਡਲ ਕਰਦੀਆਂ ਹਨ । ਇਸ ਕੰਮ ਵਿਚ ਕੋਆਪਰੇਟਿਵ ਸੋਸਾਇਟੀਆਂ ਦਾ ਵੱਡਾ ਰੋਲ ਹੈ । ਸਰਕਾਰ ਦੇ 20-ਨਕਾਤੀ ਪਰੋਗਰਾਮ ਨੂੰ ਪੂਰਾ ਕਰਨ ਵਿਚ ਜੋ ਕੰਮ ਕੋਆਪਰੇਟਿਵ ਡਿਪਾਰਟਮੈਂਟ ਕਰ ਰਿਹਾ ਹੈ ਉਸ ਨੂੰ ਅਸੀਂ ਭੁਲ ਨਹੀਂ ਸਕਦੇ ਜਿਨ੍ਹਾਂ ਨੇ ਕਿ 93 ਕਰੋੜ ਰੁਪਿਆ ਲੋਕਾਂ ਨੂੰ ਸੀਡ, ਫਰਟੇਲਾਈਜ਼ਰ ਅਤੇ ਉਨ੍ਹਾਂ ਦੀ ਪ੍ਰਾਗਰੈਸ ਲਈ ਹੋਰ ਸਹੂਲਤਾਂ ਦੇਣ ਵਾਸਤੇ ਲੋਨ ਦਿਤਾ ਹੈ ਅਤੇ ਲੋਕ ਅੱਜ ਆਪਣੇ ਪੈਰਾਂ ਤੇ ਖੜ੍ਹੇ ਹਨ । ਮਾਰਕਫੈਡ ਰਾਹੀਂ 12 ਹਜ਼ਾਰ ਟਰੈਕਟਰ ਲੋਕਾਂ ਨੂੰ ਖਰੀਦ ਕੇ ਦਿੱਤੇ ਗਏ ਹਨ । 7 ਕਰੋੜ ਰੁਪਿਆ ਮਾਰਕਫੈਡ ਨੇ ਫਰਟੇਲਾਈਜ਼ਰ ਵਾਸਤੇ ਲੋਕਾਂ ਨੂੰ ਦਿਤਾ ਹੈ । ਇਸ ਤੋਂ ਵੱਡੀ ਗੱਲ ਹੋਰ ਕੀ ਹੋ ਸਕਦੀ ਹੈ । ਇਸ ਤਾਂ ਇਲਾਵਾ ਹੋਰ ਵੀ ਵੱਡੀ ਗੱਲ ਕੀਤੀ ਹੈ ਕਿ ਸਵਾ ਲੱਖ ਰੁਪਏ ਦੇ ਕਰੀਬ ਟਿਊਬਵੈਲਾਂ ਨੂੰ ਲਗਾਉਣ ਵਾਸਤੇ ਦਿੱਤਾ ਜਿਸ ਨਾਲ ਪਾਣੀ ਵਿਚ ਵਾਧਾ ਹੋਇਆ ਹੈ । 60 ਹਜ਼ਾਰ ਹੈਕਟੇਅਰ ਏਕੜ ਇਸ ਨਾਲ ਇਰੀਗੇਸ਼ਨ ਦੇ ਥੱਲੇ ਜ਼ਮੀਨ ਆਈ ਹੈ ।

ਮੈਂ ਅੰਤ ਵਿਚ ਕੋਆਪਰੇਟਿਵ ਡਿਪਾਰਟਮੈਂਟ ਲਈ ਇਕ ਸ਼ਬਦ ਕਹਿੰਦਾ ਹੋਇਆ ਪੰਜਾਬ ਸਰਕਾਰ ਦਾ ਧਿਆਨ "ਉਨਤੀ ਵਿਤਰਣ" ਨਾਂ ਦਾ ਜੋ ਪਾਇਲਿਟ ਪ੍ਰਾਜੈਕਟ ਸਰਕਾਰ ਨੇ ਅਨੰਦਪੁਰ ਸਾਹਿਬ ਵਿਖੇ ਸ਼ੁਰੂ ਕੀਤਾ ਹੈ ਜਿਸ ਨਾਲ ਦਿਹਾਤੀ ਇਲਾਕਿਆਂ ਵਿਚ ਜ਼ਰੂਰੀ ਵਸਤਾਂ ਵਾਜਬ ਕੀਮਤਾਂ ਤੇ ਸਪਲਾਈ ਕਰਨ ਦਾ ਪਰੋਗਰਾਮ ਹੈ । ਇਹ ਪਰੋਗਰਾਮ ਸਰਕਾਰ ਨੇ ਆਪਣੇ ਹੱਥ ਵਿਚ ਲਿਆ ਹੈ । ਇਹ ਐਕਸਪੈਰੀਮੈਂਟ ਦੇ ਤੌਰ ਤੇ ਸ਼ੁਰੂ ਕੀਤਾ ਗਿਆ ਹੈ ਔਰ ਇਹ ਐਕਸਪੈਰੀਮੈਂਟ ਹਰ ਹਾਲਤ ਵਿਚ ਕਾਮਯਾਬ ਹੋਵੇਗਾ ਅਤੇ ਇਹ ਐਕਸਪੈਰੀਮੈਂਟ ਹਰ ਜ਼ਿਲ੍ਹੇ ਵਿਚ ਜਾਵੇਗਾ ਅਤੇ ਲੋਕ ਧੰਨ ਧੰਨ ਕਰਨਗੇ ।

ਚੇਅਰਮੈਨ ਸਾਹਿਬ, ਮੈਂ ਅਜੇ ਇਕ ਪਹੀਏ ਦੀ ਗੱਲ ਕੀਤੀ ਹੈ, ਐਗਰੀਕਲਚਰ ਦਾ ਇਹ ਪਹੀਆ ਹੈ । ਜਿਸ ਨੂੰ ਕਿ ਗਿਆਨੀ ਜ਼ੈਲ ਸਿੰਘ ਜੀ ਦੀ ਘਾਲਣਾ ਨਾਲ ਇਸ ਨੂੰ ਨੰਬਰ ਇਕ ਤੇ ਲੈ ਗਏ ਹਾਂ । ਦੂਸਰਾ ਪਹੀਆ ਹੈ ਇੰਡਸਟਰੀ ਦਾ ਇਹ ਕਿਸੇ ਨੇ ਕਿਹਾ ਸੀ ਕਿ ਪਿਛੇ ਰਿਹਾ ਹੈ । ਚੇਅਰਮੈਨ ਸਾਹਿਬ, ਇਸ ਸਾਲ 28 ਲੈਟਰ ਆਫ਼ ਇੰਟੈਂਟਸ ਔਰ 29 ਇੰਡਸਟਰੀਅਲ ਲਾਈਸੈਂਸ ਗੌਰਮਿੰਟ ਆਫ ਇੰਡੀਆ ਤੋਂ ਪੰਜਾਬ ਸਰਕਾਰ ਨੇ ਹਾਸਿਲ ਕੀਤੇ ਹਨ ਔਰ ਇਨ੍ਹਾਂ ਉਤੇ ਟੋਟਲ ਇਨਵੈਸਟਮੈਂਟ ਜੋ ਆਵੇਗੀ ਉਹ 65 ਕਰੋੜ ਰੁਪਿਆ ਆਵੇਗੀ, 16,000 ਨਵੇਂ ਮਨੁੱਖਾਂ ਨੂੰ ਰੋਟੀ ਕਪੜਾ ਮਿਲੇਗਾ ਔਰ ਉਨ੍ਹਾਂ ਦੀ ਹਾਲਤ ਚੰਗੀ ਹੋਵੇਗੀ । ਇਸ ਤਰ੍ਹਾਂ ਹੀ 42 ਹਜ਼ਾਰ ਛੋਟੇ ਯੂਨਿਟਸ ਦੀ ਗਿਣਤੀ ਪੰਜਾਬ ਸਰਕਾਰ ਨੇ ਕਰਨ ਦਾ ਪਰੋਗਰਾਮ ਬਣਾਇਆ ਹੈ। ਪਹਿਲਾਂ, ਚੇਅਰਮੈਨ ਸਾਹਿਬ, ਸਿਰਫ ਤਿੰਨ ਹੀ ਫੋਕਲ ਪੁਆਇੰਟਸ ਸਨ ਅਤੇ 26 ਫੋਕਲ ਪੁਆਇੰਟਸ ਹੋਰ ਐਡ ਕਰ ਦਿੱਤੇ ਹਨ । ਇਹ ਵਧਾਈ ਵਾਲੀ ਕੋਈ ਛੋਟੀ ਗੱਲ ਨਹੀਂ ਹੈ । ਮੈਂ ਇਸੇ ਸਬੰਧ ਵਿਚ ਜੋ 20 ਪੁਆਇੰਟ ਪਰੋਗਰਾਮ ਵਿਚ ਰੂਰਲ ਇੰਡਸਟਰੀ ਦਾ ਸਵਾਲ ਹੈ ਉਸ ਨੂੰ ਤਰੱਕੀ ਦੇਣ ਵਾਸਤੇ ਪੰਜਾਬ ਸਰਕਾਰ ਨੇ ਟੈਕਸਟਾਈਲ ਡਿਵੈਲਪਮੈਂਟ ਕਾਰਪੋਰੇਸ਼ਨ ਕਾਇਮ ਕੀਤੀ ਹੈ ਔਰ ਉਸ ਤੇ 1 ਕਰੋੜ ਰੁਪਿਆ ਇਨ੍ਹਾਂ ਨੇ ਕਾਰਪੋਰੇਸ਼ਨ ਵਾਲਿਆਂ ਦੇ ਸਪੁਰਦ ਕਰਨ ਦਾ ਫੈਸਲਾ ਕੀਤਾ ਹੈ । ਇਸ ਤਰ੍ਹਾਂ ਹੀ 20-ਨੁਕਾਤੀ ਪਰੋਗਰਾਮ ਵਿਚ ਐਗਰੀਕਲਚਰ ਅਤੇ ਇੰਡਸਟਰੀ ਦੇ ਖੇਤਰ ਦੇ ਸਬੰਧ ਵਿਚ ਰਾਜਪਾਲ ਜੀ ਦੇ ਭਾਸ਼ਣ ਵਿਚ ਜੋ ਜ਼ਿਕਰ ਆਉਂਦਾ ਹੈ ਉਸ ਨੂੰ ਵੇਖ ਕੇ ਮੈਂ ਸਮਝਦਾ ਹਾਂ ਕਿ ਪੰਜਾਬ ਸਰਕਾਰ ਨੂੰ ਹੀ ਸਾਰਾ ਕਰੈਡਿਟ ਜਾਂਦਾ ਹੈ ।

Original with;
Punjab Vidhan Sabha
Digitized by;
Panjab Digital Library

ਚੇਅਰਮੈਨ ਸਾਹਿਬ, ਇਨ੍ਹਾਂ ਐਗਰੀਕਲਚਰ ਅਤੇ ਇੰਡਸਟਰੀ ਦੇ ਪਹੀਆਂ ਨੂੰ ਅਗੇ ਤੋਰਨ ਵਾਸਤੇ, ਉਨ੍ਹਾਂ ਵਿਚ ਹੋਰ ਸਪੀਡ ਪੈਦਾ ਕਰਨ ਵਾਸਤੇ ਬਿਜਲੀ ਵਿਚ ਵਾਧਾ ਕੀਤਾ ਹੈ। ਬਿਜਲੀ ਦੇ ਵਾਸਤੇ ਗੁਰੂ ਨਾਨਕ ਥਰਮਲ ਪਲਾਂਟ ਨੂੰ ਚਾਲੂ ਕਰਕੇ ਇਕ ਬਹੁਤ ਵੱਡਾ ਟਾਰਗੇਟ ਸਾਹਮਣੇ ਲਿਆਂਦਾ ਹੈ। ਉਹ ਟਾਰਗੇਟ ਕੀ ਹੈ? ਸੰਨ 1977 ਵਿਚ ਜੋ ਮਹਾਤਮਾਂ ਗਾਂਧੀ ਜੀ ਦੀ ਅਗਲੀ ਐਨੀਵਰਸਰੀ ਹੈ ਉਸ ਤੋਂ ਪਹਿਲਾਂ ਪਹਿਲਾਂ 12,188 ਪਿੰਡਾਂ ਵਿਚੋਂ ਕੋਈ ਨਗਰ ਨਹੀਂ ਰਹੇਗਾ ਜਿਸ ਵਿਚ ਬਿਜਲੀ ਨਹੀਂ ਹੋਵੇਗੀ। (ਥੰਪਿੰਗ) ਸਾਰੇ ਨਗਰਾਂ ਨੂੰ ਬਿਜਲੀ ਨਾਲ ਉਜਾਗਰ ਕਰ ਦਿਤਾ ਜਾਵੇਗਾ। ਇਹ ਪੰਜਾਬ ਸਰਕਾਰ ਦਾ ਵੱਡ-ਮੁੱਲਾ ਕੰਮ ਹੈ। ਇਸ ਦੇ ਨਾਲ ਨਾਲ ਹੀ 20 ਹਜ਼ਾਰ ਟਿਊਬਵੈਲਜ਼ ਨੂੰ ਬਿਜਲੀ ਦੇ ਇਸ ਕਰੰਟ ਯੀਅਰ ਵਿਚ ਕੁਨੈਕਸ਼ਨ ਦਿਤੇ ਜਾਣਗੇ ਅਤੇ 20 ਹਜ਼ਾਰ ਹੀ ਅਗਲੇ ਸਾਲ ਵਿਚ ਐਨਰਜਾਈਜ਼ ਕੀਤੇ ਜਾਣਗੇ। 40 ਹਜ਼ਾਰ ਟਿਊਬਵੈਲ ਜਦੋਂ ਚਲਣਗੇ ਤਾਂ ਉਨ੍ਹਾਂ ਨਾਲ ਕੋਈ ੬੦ ਹਜ਼ਾਰ ਏਕੜ ਜ਼ਮੀਨ ਇਰੀਗੇਟ ਕੀਤੀ ਜਾਇਆ ਕਰੇਗੀ। ਫਿਰ ਪੰਜਾਬ ਸਟੇਟ ਟਿਊਬਵੈਲ ਕਾਰਪੋਰੇਸ਼ਨ 100 ਡੂੰਘੇ ਟਿਊਬਵੈਲ ਲਗਾਵੇਗੀ ਜਿਸ ਨਾਲ 16 ਹਜ਼ਾਰ ਏਕੜ ਜ਼ਮੀਨ ਨੂੰ ਇਰੀਗੇਸ਼ਨ ਥਲੇ ਲਿਆਂਦਾ ਜਾਵੇਗਾ। ਚੇਅਰਮੈਨ ਸਾਹਿਬ, ਮੈਂ ਸੋਧ ਕਰਦਾ ਹਾਂ ਜੀ, 16 ਹਜ਼ਾਰ ਹੈਕਟੇਅਰ ਰਕਬਾ ਸਿੰਜਾਈ ਅਧੀਨ ਆ ਜਾਵੇਗਾ। ਇਸ ਤਰ੍ਹਾਂ 16 ਪਲੱਸ ੬੦ = 96 ਹਜ਼ਾਰ ਹੈਕਟੇਅਰ ਰਕਬੇ ਨੂੰ ਪੀ.ਐਸ.ਈ.ਬੀ. ਦੀ ਹਿੰਮਤ ਨਾਲ, ਪੰਜਾਬ ਸਰਕਾਰ ਦੀ ਹਿੰਮਤ ਨਾਲ ਇਰੀਗੇਸ਼ਨ ਦੇ ਥੱਲੇ ਲਿਆਂਦਾ ਜਾਵੇਗਾ। ਇਹ ਸਾਰਾ ਹੀ ਪਰੋਗਰਾਮ ਜੋ ਪਾਵਰ ਦਾ, ਐਗਰੀਕਲਚਰ ਦਾ, ਇੰਡਸਟਰੀ ਦਾ ਪੰਜਾਬ ਦੀ ਸਰਕਾਰ ਨੇ ਬਣਾਇਆ ਹੈ ਇਹ 20 ਪੁਆਇੰਟ ਪ੍ਰੋਗਰਾਮ ਨੂੰ ਮੁੱਖ ਰੱਖ ਕੇ ਬਣਾਇਆ ਹੈ ਅਤੇ ਹੈ, ਉਸ ਨੂੰ ਮੁੱਖ ਰਖ ਕੇ ਕੀਤਾ ਹੈ। ਜੋ ਪਰੋਗਰਾਮ ਪ੍ਰਾਈਮ ਮਨਿਸਟਰ, ਸ੍ਰੀਮਤੀ ਇੰਦਰਾ ਗਾਂਧੀ ਜੀ ਨੇ ਦਿੱਤਾ ਸੀ, ਜੋ ਮਿਸਾਲ ਕਾਇਮ ਕੀਤੀ ਔਰ ਦੁਨੀਆਂ ਵਾਸਤੇ ਜੋ ਮਿਸਾਲ ਦੇ ਤੌਰ ਤੇ ਰੌਸ਼ਨ-ਮੁਨਾਰਾ ਦਿੱਤਾ ਹੈ ਇਹ ਕੰਮ ਪੰਜਾਬ ਸਰਕਾਰ ਨੇ ਉਸ ਦੀ ਲਾਈਟ ਵਿਚ ਕੀਤਾ ਹੈ।

ਹੁਣ ਮੈਂ ਤੀਸਰੇ ਖੇਤਰ ਵੱਲ ਆਉਂਦਾ ਹਾਂ। ਤੀਸਰੇ ਖੇਤਰ ਵਿਚ ਸੋਸ਼ਲ ਸਰਵਿਸ ਹੈ। ਚੇਅਰਮੈਨ ਸਾਹਿਬ, ਸੋਸ਼ਲ ਸਰਵਿਸ ਵਿਚ ਸਮਾਜਕ ਕੁਰੀਤੀਆਂ, ਸਮਾਜਕ ਬੁਰਾਈਆਂ, ਸੋਸ਼ਲ ਉੱਚ ਨੀਚ ਦੀਆਂ ਗਲਾਂ ਜੱਦ ਤਕ ਹਿੰਦੁਸਤਾਨ ਵਿਚ ਦੂਰ ਕਰਨ ਦੀ ਜਰੂਰਤ ਨੂੰ ਪੂਰਾ ਨਹੀਂ ਕਰ ਲੈਂਦੇ ਤਦ ਤਕ ਸਾਰੇ ਪ੍ਰੋਗਰਾਮ ਅਧੂਰੇ ਹਨ। ਇਸ ਤਰ੍ਹਾਂ ਹੀ ਪੰਜ਼ਾਬ ਸਰਕਾਰ ਨੇ ਪਿੰਡਾਂ ਦੇ ਕਲਿਆਣ ਵੱਲ ਬਹੁਤ ਧਿਆਨ ਦਿੱਤਾ ਹੈ। ਸਭ ਤੋਂ ਵੱਡਾ ਕੰਮ ਪਿੰਡਾਂ ਵਿਚ ਪੰਚਾਇਤਾਂ ਨੂੰ ਬਰਾਡ-ਬੇਸਡ ਕਰਨ ਦਾ ਕੀਤਾ ਹੈ। ਪੰਚਾਇਤਾਂ ਵਿਚ ਪੱਛੜੀਆਂ ਸ੍ਰੇਣੀਆਂ, ਅਤੇ ਅਨੁਸੂਚਿਤ ਜਾਤੀਆਂ ਦੇ ਲੋਕ ਅਤੇ ਇਸਤਰੀਆਂ ਦੀ ਪ੍ਰਤਿਨਿਧਤਾ, ਜੋ ਪੰਜਾਬ ਸਰਕਾਰ ਨੇ ਖਾਸ ਨੁਮਾਇੰਦਗੀ ਦੇ ਕੇ ਇਨ੍ਹਾਂ ਨੂੰ ਮੋਹਰੇ ਲਿਆਂਦਾ ਹੈ ਤਾਂਕਿ ਇਹ ਆਪਣੇ ਹੱਕਾਂ ਦੀ ਪੂਰੀ ਤਰ੍ਹਾਂ ਰਾਖੀ ਕਰ ਸਕਣ। ਇਸ ਦੇ ਨਾਲ ਹੀ ਜ਼ਿਲ੍ਹਾ ਪ੍ਰੀਸ਼ਦਾਂ ਦੇ ਲੈਵਲ ਤੇ ਵਿਸ਼ੇਸ਼ ਨੁਮਾਇੰਦਗੀ ਦੇਣ ਦਾ ਫੈਸਲਾ ਪੰਜਾਬ ਸਰਕਾਰ ਨੇ ਕੀਤਾ ਹੈ। 20,000 ਦੇ ਕਰੀਬ ਪੰਚਾਂ ਅਤੇ ਸਰਪੰਚਾਂ ਦੀ ਟਰੇਨਿੰਗ ਦੇਣ ਦਾ ਖਾਸ ਪ੍ਰਬੰਧ ਵੀ ਪੰਜਾਬ ਸਰਕਾਰ ਨੇ ਕੀਤਾ ਹੈ। ਸੱਭ ਤੋਂ ਵੱਡੀ ਗੱਲ ਇਹ ਹੈ ਕਿ ਪੰਚਾਇਤਾਂ ਦੀ ਆਮਦਨੀ ਪਹਿਲਾਂ ਕੋਈ ਨਹੀਂ ਸੀ ਹੁੰਦੀ ਹੁਣ ਪੰਜ਼ਾਬ ਦੀ ਸਰਕਾਰ ਨੇ $9\frac{1}{2}$ ਲੱਖ ਰੁਪਿਆ ਇਨਵੈਸਟ ਕੀਤਾ ਹੈ। $2\frac{1}{2}$ ਕਰੋੜ ਰੁਪਏ ਦੀ ਆਮਦਨੀ ਸ਼ਾਮਲਾਤਾਂ ਦੀ ਸੀ, ਉਸ ਨੂੰ 5 ਕਰੋੜ ਕਰ ਦਿੱਤਾ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ ਢਿੱਲੋਂ]

ਇਸ ਤਰ੍ਹਾਂ ਹੀ ਚੰਗੇਰੇ ਪ੍ਰਬੰਧ ਸਦਕਾ ਪੰਚਾਇਤਾਂ ਦੀ ਸ਼ਾਮਲਾਤ ਜ਼ਮੀਨਾਂ ਤੋਂ ਹੋਣ ਵਾਲੀ ਆਮਦਨ 90 ਰੁਪਏ ਪ੍ਰਤੀ ਏਕੜ ਤੋਂ ਵਧ ਕੇ 182 ਰਪਏ ਪ੍ਰਤੀ ਏਕੜ ਹੋ ਕੇ ਦੁਗਣੀ ਹੋ ਗਈ ਹੈ । ਇਹ ਕੋਈ ਪੰਜਾਬ ਸਰਕਾਰ ਦੀ ਘੱਟ ਕਰੈਡਿਟ ਵਾਲੀ ਗੱਲ ਨਹੀਂ ਹੈ । ਇਸ ਦੇ ਨਾਲ ਹੀ 12,799 ਫੇਅਰ ਪ੍ਰਾਈਸ ਸ਼ਾਪਸ ਪੰਜਾਬ ਸਰਕਾਰ ਨੇ ਖੋਲ੍ਹੀਆਂ ਹਨ । ਇਨ੍ਹਾਂ ਫੇਅਰ ਪ੍ਰਾਈਸ਼ ਸ਼ੋਪਸ਼, ਵਿਚ ਜ਼ਿੰਦਗੀ ਦੀਆਂ ਜ਼ਰੂਰੀ ਚੀਜ਼ਾਂ ਬੜੀ ਆਸਾਨੀ ਨਾਲ ਅਤੇ ਆਰਾਮ ਨਾਲ ਮਿਲਣਗੀਆਂ । ਇਹ ਬੜਾ ਸ਼ਲਾਘਾਯੋਗ ਪੰਜਾਬ ਸਰਕਾਰ ਦਾ ਕਦਮ ਹੈ । (ਥੰਪਿੰਗ)

ਪੰਜਾਬ ਸਰਕਾਰ ਨੇ ਪ੍ਰਾਈਮ ਮਨਿਸਟਰ ਸਾਹਿਬ ਦੇ 20-ਨੁਕਾਤੀ ਪ੍ਰੋਗਰਾਮ ਵਿਚ ਵਿਦਿਆਰਥੀਆਂ ਵਾਸਤੇ ਜਿਹੜਾ ਐਲਾਨ ਕੀਤਾ ਹੈ ਉਸ ਨੂੰ ਪੂਰੀ ਤਰ੍ਹਾਂ ਨਾਲ ਲਾਗੂ ਕਰ ਦਿੱਤਾ ਹੈ । ਵਿਦਿਆਰਥੀਆਂ ਦੇ ਸਾਰਿਆਂ ਹੋਸਟਲਾਂ ਨੂੰ ਖੱਪਤ ਦੀਆਂ ਜ਼ਰੂਰੀ ਚੀਜ਼ਾਂ, ਜਿਵੇਂ ਕਿ ਆਟਾ, ਖੰਡ ਅਤੇ ਦਾਲਾਂ ਆਦਿ ਸਪਲਾਈ ਕਰਨ ਦਾ ਪੰਜਾਬ ਸਰਕਾਰ ਨੇ ਪ੍ਰਬੰਧ ਕੀਤਾ ਹੈ । ਇਸ ਦੇ ਨਾਲ ਹੀ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ ਦੇ ਵਿਦਿਆਰਥੀਆਂ ਨੂੰ ਮੈਡੀਕਲ ਕਾਲਜਾਂ ਅਤੇ ਇੰਜਨੀਅਰਿੰਗ ਕਾਲਜਾਂ ਵਿਚ ਵਧੇਰੇ ਸਹੂਲਤਾਂ ਮੁਹੱਈਆ ਕਰਨ ਲਈ ਉਨ੍ਹਾਂ ਦੀ ਟਿਊਸ਼ਨ ਫੀਸ ਮਾਫ ਕਰ ਦਿੱਤੀ ਹੈ ਜਿਸ ਦੀ ਪ੍ਰਤਿਪੂਰਤੀ ਹੁਣ ਸਿੱਧੀ ਸਰਕਾਰ ਦੁਆਰਾ ਕੀਤੀ ਜਾਣੀ ਹੈ । ਹੋਸਟਲਾਂ ਵਿਚ ਪ੍ਰਾਪਤ ਸੀਟਾਂ ਵਿਚੋਂ 25 ਪ੍ਰਤੀਸ਼ਤ ਸੀਟਾਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ ਵਿਦਿਆਰਥੀਆ ਲਈ ਰਿਜ਼ਰਵ ਕਰ ਦਿੱਤੀਆਂ ਗਈਆਂ ਹਨ । ਇਸ ਤਰ੍ਹਾਂ ਦੇ ਵਿਦਿਆਰਥੀਆਂ ਲਈ ਵਿਦਿਅਕ ਖੱਪੇ ਨੂੰ ਪੂਰਾ ਕਰਨ ਲਈ ਵਿਸ਼ੇਸ ਕਲਾਸਾਂ ਦਾ ਵੀ ਪ੍ਰਬੰਧ ਪੰਜਾਬ ਸਰਕਾਰ ਨੇ ਕੀਤਾ ਹੈ । ਹੁਣ ਗਰੀਬਾਂ ਦਾ ਕਲਿਆਣ ਹੋਵੇਗਾ ਅਤੇ ਉਹ ਅੱਗੇ ਜਾ ਸਕਣਗੇ ।

ਜੋ ਪਿੰਡਾਂ ਦਾ ਸਮਾਜਕ ਸਟਰਕਚਰ ਹੈ, ਉਸ ਵਿਚ ਪਾਣੀ ਦਾ ਪ੍ਰਬੰਧ ਆਉਂਦਾ ਹੈ, ਸੜਕਾਂ ਦਾ ਪ੍ਰਬੰਧ ਆਉਂਦਾ ਹੈ । ਮੈਂ ਹਾਊਸ ਨੂੰ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਕਿੰਨਾ ਵੱਡਾ ਕੰਮ ਸੀ, ਕਿੰਨੀ ਵੱਡੀ ਖਾਮੀ ਸੀ। ਗੁਰੂ ਨਾਨਕ ਦੇਵ ਜੀ ਦੇ ਵੇਲੇ ਮਰਦਾਨੇ ਨੂੰ ਪਿਆਸ ਲੱਗੀ ਸੀ ਜੱਦ ਮਰਦਾਨਾ ਪਹਾੜੀ ਤੇ ਪਾਣੀ ਪੀਣ ਗਿਆ ਤਾਂ ਉਥੇ ਵਲੀ ਕੰਧਾਰੀ ਪਹਾੜੀ ਤੇ ਬੈਠਾ ਸੀ ਤਾਂ ਕਿਸ ਤਰ੍ਹਾਂ ਗੁਰੂ ਜੀ ਨੇ ਮਰਦਾਨੇ ਦੀ ਪਿਆਸ ਮਿਟਾਈ ਸੀ । ਅੱਜ ਕਿੰਨੇ ਮਰਦਾਨੇ ਪਿਆਸੇ ਸਨ ਔਰ ਉਨ੍ਹਾਂ ਨੂੰ ਸਰਕਾਰ ਨੇ ਪਾਣੀ ਦੇਕੇ ਉਨ੍ਹਾਂ ਦੀ ਪਿਆਸ ਮਿਟਾਈ । ਔਰ ਗੁਰੂ ਨਾਨਕ ਦੇਵ ਜੀ ਦੀ ਫ਼ਿਲਾਸਫੀ ਨੂੰ ਗਿਆਨੀ ਜ਼ੈਲ ਸਿੰਘ ਜੀ ਨੇ ਉਜਾਗਰ ਕੀਤਾ ਹੈ । (ਤਾੜੀਆਂ) 1004 ਪਿੰਡਾਂ ਨੂੰ ਪਾਈਪਾਂ ਰਾਹੀਂ ਪਾਣੀ ਸਪਲਾਈ ਕਰਨ ਦਾ ਪ੍ਰਬੰਧ ਕੀਤਾ ਹੈ । ਔਰ ਇਹ ਪਾਣੀ ਦੀ ਸਪਲਾਈ ਦਾ ਕੰਮ 1972 ਤੋਂ ਲੈਕੇ 1975 ਤਕ ਤਿੰਨ ਸਾਲਾ ਵਿਚ ਹੋਇਆ, ਇਸ ਤੇ 16 ਕਰੋੜ ਰੁਪਏ ਖਰਚ ਹੋਏ ਅਤੇ 1004 ਪਿੰਡਾਂ ਨੂੰ ਪਾਣੀ ਸਪਲਾਈ ਕੀਤਾ ਗਿਆ । ਇਹ ਸਾਰਾ ਕੰਢੀ ਅਤੇ ਨੀਮ ਪਹਾੜੀ ਇਲਾਕਾ ਹੈ । ਇਸ ਸਾਰੇ ਇਲਾਕੇ ਵਿਚ ਲੋਕੀਂ ਰੱਜ ਕੇ ਪਾਣੀ ਪੀ ਸਕਦੇ ਹਨ ਨਹੀਂ ਤਾਂ ਪਹਿਲਾਂ ਛੱਪੜ ਦਾ ਪਾਣੀ ਪੀਂਦੇ ਸੀ, ਉਹ ਵੀ ਨਹੀਂ ਸੀ ਮਿਲਦਾ । ਪਿੰਡਾਂ ਵਿਚ ਕਮਿਊਨੀਕੇਸ਼ਨ ਦਾ ਕੰਮ, ਮਤਲਬ ਕਿ ਸੜਕਾਂ ਬਣਾਉਣਾ, ਇਹ ਸੜਕਾਂ ਮਾਰਚ, 1976 ਵਿੱਚ ਜਿਸ ਨੂੰ ਕਿ ਸਿਰਫ ਡੇਢ੍ਹ ਮਹੀਨਾ ਰਹਿ ਗਿਆ ਹੈ ਇਹ 25400 ਕਿਲੋਮੀਟਰ ਸੜਕਾਂ ਬਣ ਜਾਣਗੀਆਂ । (ਤਾੜੀਆਂ) 11500 ਪਿੰਡ ਪੰਜਾਬ ਦੇ ਸੜਕਾਂ ਨਾਲ ਮਿਲ ਜਾਣਗੇ । ਪੰਜਾਬ ਸਰਕਾਰ ਵਲੋਂ ਪਾਣੀ ਦੀ ਸਪਲਾਈ ਕਰਨਾ ਅਤੇ ਸੜਕਾਂ ਦਾ ਬਣਾਉਣਾ ਇਹ ਬੜੀ ਮੁਬਾਰਿਕ ਵਾਲੀ ਗੱਲ ਹੈ ।

Original with;
Punjab Vidhan Sabha
Digitized by;
Panjab Digital Library

ਇਸ ਤਰ੍ਹਾਂ ਹੀ 20 ਨੁਕਾਤੀ ਪ੍ਰੋਗਰਾਮ ਜੋ ਪ੍ਰਾਈਮ ਮਨਿਸਟਰ ਸਾਹਿਬਾ ਨੇ ਰੱਖਿਆ ਹੈ ਉਸ ਵਿਚ ਇਕ ਗੱਲ ਹੋਰ ਬੜੀ ਵਰਨਣਯੋਗ ਹੈ। ਚੇਅਰਮੈਨ ਸਾਹਿਬ, ਜਿਹੜੇ ਲੋਕ ਬੇ-ਘਰ ਸਨ, ਜਿਨ੍ਹਾਂ ਕੋਲ ਘਰਾਂ ਲਈ ਪਲਾਟ ਨਹੀਂ ਸਨ, ਜਿਨ੍ਹਾਂ ਕੋਲ ਆਪਣੀ ਝੌਂਪੜੀ ਜਾਂ ਕੁਟੀਆਂ ਬਨਾਉਣ ਲਈ ਥੋੜੀ ਜਿਹੀ ਜਗ੍ਹਾ ਨਹੀਂ ਸੀ 3 ਲੱਖ ਐਸ ਲੋਕਾਂ ਨੂੰ 19 ਨਵੰਬਰ, 1975 ਤਕ ਜਾਂ ਲੈਂਡਲੈਸ ਰੂਰਲ ਲੋਕਾਂ ਨੂੰ ਸਰਕਾਰ ਨੇ ਪਲਾਟ ਅਲਾਟ ਕਰ ਦਿੱਤੇ ਹਨ। (ਤਾੜੀਆਂ) ਅਤੇ ਉਨ੍ਹਾਂ ਨੂੰ ਸੌਂਪ ਦਿਤੇ ਹਨ। 83 ਲੱਖ ਰੁਪਏ ਉਨ੍ਹਾਂ ਨੂੰ ਫਾਈਨਾਂਸ਼ਲ ਅਸਿਸਟੈਂਸ ਵੀ ਦਿੱਤੀ ਹੈ ਜਿਸ ਨਾਲ ਉਹ ਆਪਣੀਆਂ ਝੌਂਪੜੀਆਂ ਜਾਂ ਆਪਣੇ ਲਈ ਬੈਡ ਰੂਮ ਜਾਂ ਕਿਚਨ ਦੀ ਉਸਾਰੀ ਕਰ ਸਕਣ। ਅੱਜ ਇਸੇ, ਸਟਰਕਚਰ ਦਾ ਹਿੱਸਾ, ਜਿਸ ਨਾਲ ਪੰਜਾਬ ਤਰੱਕੀ ਕਰ ਰਿਹਾ ਹੈ, ਉਸ ਵਿਚ ਸ਼ਹਿਰ ਵੀ ਸ਼ਾਮਲ ਹਨ। ਐਜੂਕੇਸ਼ਨ ਦੇ ਸਬੰਧ ਵਿਚ ਮੈਂ ਅਰਜ਼ ਕਰਦਾ ਹਾਂ ਪੰਜਾਬ ਵਿਚ 6 ਸਾਲ ਤੋਂ 11 ਸਾਲ ਦੇ 98 ਪ੍ਰਤੀਸ਼ਤ ਬੱਚੇ ਸਕੂਲਾਂ ਵਿਚ ਭੇਜੇ ਹਨ। ਇਹ 98 ਪ੍ਰਤੀਸ਼ਤ ਜਿਹੜੀ ਸੰਖਿਆ ਹੈ ਇਹ ਸੌ ਫੀਸਦੀ ਹੀ ਹੈ। (ਤਾੜੀਆਂ) ਕੋਈ ਬਦਕਿਸਮਤ ਬੱਚਾ ਹੋਵੇਗਾ ਜਾਂ ਜਿਹੜਾ ਮਾਂ ਬਾਪ ਦਾ ਇੱਕਲਾ ਬੱਚਾ ਹੋਵੇਗਾ ਉਹ ਭਾਵੇਂ ਸਕੂਲ ਨਾ ਜਾਂਦਾ ਹੋਵੇ ਬਾਕੀ ਸਾਰੇ ਬੱਚੇ ਸਕੂਲਾਂ ਵਿਚ ਜਾਂਦੇ ਹਨ। ਅਸੀਂ ਨਵੇਂ 500 ਪ੍ਰਾਇਮਰੀ ਸਕੂਲ ਔਰ 200 ਮਿਡਲ ਸਕੂਲ ਅਤੇ ਹਾਈ ਸਕੂਲ ਬਣਾਏ। 100 ਨਵੇਂ ਹਾਈ ਸਕੂਲ ਪੰਜਾਬ ਸਰਕਾਰ ਨੇ ਖੋਲ੍ਹੇ। ਵੋਕੇਸ਼ਨਲ ਐਜੂਕੇਸ਼ਨ ਦੇ ਸਬੰਧ ਵਿਚ ਮੈਂ ਦਸੱਦਾ ਹਾਂ ਕਿ 50 ਹਾਇਰ ਸਕੈਂਡਰੀ ਸਕੂਲ ਅਸੀਂ ਸਿਲੈਕਟ ਕੀਤੇ ਹਨ ਜਿਨ੍ਹਾਂ ਵਿਚ ਬੱਚਿਆਂ ਨੂੰ ਇੰਡਸਟਰੀ ਦੇ ਬਾਰੇ ਜਾਂ ਹੋਰ ਕਿਸੇ ਕਿਸਮ ਦੀ ਟਰੇਨਿੰਗ ਦਿੱਤੀ ਜਾਵੇਗੀ। ਇਸ ਦੇ ਨਾਲ ਹੀ ਸੌ ਮਿਡਲ ਸਕੂਲ ਵੀ ਪੰਜਾਬ ਸਰਕਾਰ ਨੇ ਸਿਲੈਕਟ ਕੀਤੇ ਹਨ। ਇਹ ਪੰਜਾਬ ਸਰਕਾਰ ਦਾ ਤਰੱਕੀ ਵੱਲ ਬਹੁਤ ਮਹਾਨ ਕਦਮ ਹੈ। ਲੋਕ ਆਪਣੀ ਰੋਟੀ ਆਪ ਕਮਾ ਸਕਣਗੇ ਅਤੇ ਨੌਕਰੀਆਂ ਵੀ ਲੱਭ ਸਕਣਗੇ। ਇਕ ਹੋਰ ਗੱਲ ਜੋ ਐਜੂਕੇਸ਼ਨ ਨਾਲ ਸਬੰਧ ਰਖਦੀ ਹੈ, ਉਸ ਦਾ ਵੀ ਮੈਂ ਜ਼ਿਕਰ ਜ਼ਰੂਰ ਕਰਨਾ ਚਾਹੁੰਦਾ ਹਾਂ। ਉਹ ਹੈ ਸਪੋਰਟਸ। ਸਪੋਰਟਸ ਦੇ ਮੈਦਾਨ ਵਿਚ ਪੰਜਾਬ ਸਰਕਾਰ ਨੇ ਬਹੁਤ ਕੁਝ ਕੀਤਾ ਹੈ। ਸਪੋਰਟਸ ਦਾ ਸੈਪਰੇਟ ਡਾਇਰੈਕਟੋਰੇਟ ਕਾਇਮ ਕੀਤਾ ਹੈ। ਸਪੋਰਟਸ ਅਕੈਡਮੀ ਬਣਾਈ ਹੈ ਅਤੇ ਇਸ ਸਾਲ ਹਾਕੀ ਦੇ ਖਿਲਾੜੀਆਂ ਨੂੰ ਪੰਜਾਬ ਨੇ ਟਰੇਨਿੰਗ ਦੇ ਕੇ ਕਿਸ ਤਰ੍ਹਾਂ ਸੰਸਾਰ ਵਿਚ ਜਿੱਤ ਪ੍ਰਾਪਤ ਕੀਤੀ ਹੈ। ਇਸ ਤਰ੍ਹਾਂ ਕਰਕੇ ਗਿਆਨੀ ਜੀ ਨੇ ਪੰਜਾਬ, ਭਾਰਤ ਦਾ ਨਾਮ ਸਾਰੀ ਦੁਨੀਆਂ ਵਿਚ ਉਚਾ ਕੀਤਾ ਹੈ। (ਤਾੜੀਆਂ) ਗਿਆਨੀ ਜੀ ਨੇ ਇਹ ਜੋ ਪੰਜਾਬੀਆਂ ਦਾ ਸਿਰ ਉਚਾ ਕੀਤਾ ਹੈ ਇਸ ਨੂੰ ਪੰਜਾਬ ਕਦੇ ਭੁੱਲ ਨਹੀਂ ਸਕਦਾ। ਮੈਂ ਇਸ ਗੱਲ ਨੂੰ ਵੀ ਵਰਣਨ ਕੀਤੇ ਬਿਨਾਂ ਨਹੀਂ ਰਹਿ ਸਕਦਾ ਕਿ ਸਮਾਜਿਕ ਕਲਿਆਣ ਅਤੇ ਆਰਥਿਕ ਪ੍ਰੋਗਰਾਮ ਵਿਚ ਪੰਜਾਬ ਸਰਕਾਰ ਨੇ ਬਹੁਤ ਅੱਛਾ ਕੰਮ ਕੀਤਾ ਹੈ। ਸ਼ਡਿਊਲਡ ਕਾਸਟਸ ਦੀ ਵੈਲਫੇਅਰ, ਬੈਕਵਰਡ ਕਲਾਸਿਜ਼ ਦੀ ਵੈਲਫੇਅਰ ਪੰਜਾਬ ਸਰਕਾਰ ਨੇ ਬਹੁਤ ਕੀਤੀ ਹੈ। ਹਰੀਜਨ ਧਰਮਸ਼ਾਲਾਵਾਂ ਇਸ ਸਾਲ 9600 ਪਿੰਡਾਂ ਵਿਚ ਮੁਕੰਮਲ ਹੋ ਚੁੱਕੀਆਂ ਹਨ ਜਦ ਕਿ 1974 ਵਿਚ ਇਨ੍ਹਾਂ ਦਾ ਨੰਬਰ 2181 ਸੀ। 2500 ਪਿੰਡਾਂ ਵਿਚ ਧਰਮਸ਼ਾਲਾਵਾਂ ਬਣਨੀਆਂ ਰਹਿੰਦੀਆਂ ਹਨ ਅਤੇ ਇਹ 1977 ਤੱਕ ਮੁਕੰਮਲ ਕਰ ਦਿੱਤੀਆਂ ਜਾਣਗੀਆਂ ਤਾਂਕਿ ਕੋਈ ਐਸਾ ਪਿੰਡ ਨਾ ਰਹਿ ਜਾਵੇ ਜਿਥੇ ਕਿ ਧਰਮਸ਼ਾਲਾ ਨਾ ਬਣੀ ਹੋਵੇ। (ਤਾੜੀਆਂ)

ਇਸ ਦੇ ਨਾਲ ਹੀ ਐਨਵਾਇਰਨਮੈਂਟਲ ਬਸਤੀਆਂ ਦੀ ਗੱਲ ਹੈ। 132 ਜੋ ਗੰਦੀਆਂ ਬਸਤੀਆਂ ਹਨ, ਉਥੇ ਪੰਜਾਬ ਸਰਕਾਰ ਨੇ 90 ਲੱਖ ਰੁਪਿਆ ਖਰਚ ਕੇ ਐਨਵਾਇਰਨਮੈਂਟਲ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ ਢਿਲੋਂ]

ਬਸਤੀਆਂ ਨੂੰ ਠੀਕ ਕੀਤਾ ਹੈ । (ਤਾੜੀਆਂ) ਸਲੱਮਜ਼ ਕਲੀਅਰੈਂਸ ਦੇ ਸਬੰਧ ਵਿਚ ਪੰਜਾਬ ਸਰਕਾਰ ਨੇ 50 ਲੱਖ ਰੁਪਿਆ ਖਰਚਿਆ ਹੈ ਤਾਂਕਿ ਪੰਜਾਬ ਵਿਚ ਕੋਈ ਸਲੱਮ ਏਰੀਆ ਨਾ ਰਹਿ ਜਾਵੇ । (ਤਾੜੀਆਂ)

ਮੈਂ ਇਹ ਗੱਲ ਦਸੇ ਬਗੈਰ ਵੀ ਨਹੀਂ ਰਹਿ ਸਕਦਾ ਕਿ ਪੰਜਾਬ ਸਰਕਾਰ ਨੇ ਸ਼ਡਿ-ਊਲਡ ਕਾਸਟਸ ਅਤੇ ਪਛੜੀਆਂ ਸ਼੍ਰੇਣੀਆਂ ਦੇ ਬੱਚਿਆਂ ਲਈ ਕੀ ਕੁਝ ਕੀਤਾ ਅਤੇ ਕੀ ਕੁਝ ਕਰ ਰਹੀ ਹੈ । ਉਨ੍ਹਾਂ ਦੇ ਬੱਚਿਆਂ ਨੂੰ ਪੜ੍ਹਨ ਵਿਚ ਅਤੇ ਟਰੇਨਿੰਗ ਦੇਣ ਲਈ ਸਰਕਾਰ ਬਹੁਤ ਕੁਝ ਕਰ ਰਹੀ ਹੈ ਅਤੇ ਕੀਤਾ ਹੈ । ਉਨ੍ਹਾਂ ਦੇ 1500 ਬੱਚਿਆ ਲਈ ਜੇ, ਬੀ. ਟੀ. ਦੀਆਂ ਕਲਾਸਾਂ ਚਾਲੂ ਕੀਤੀਆਂ ਗਈਆਂ ਹਨ । ਇਸ ਤਰ੍ਹਾਂ 1500 ਬੱਚਿਆਂ ਨੂੰ ਜੇ.ਬੀ.ਟੀ. ਦੀ ਟਰੇਨਿੰਗ ਦਿਤੀ ਜਾ ਰਹੀ । ਇਸੇ ਤਰ੍ਹਾਂ ਹੀ 500 ਲਈ ਬੀ. ਐਡ. ਦੀਆਂ ਕਲਾਸਾਂ ਚਲ ਰਹੀਆਂ ਹਨ । ਇਸੇ ਤਰ੍ਹਾਂ ਹੀ ਇੱਕ ਸੌ ਐਗਰੀਕਲਚਰ ਸਬ-ਇਨਸਪੈਕਟਰਾਂ ਨੂੰ ਟਰੇਨਿੰਗ ਦਿਤੀ ਜਾ ਰਹੀ ਹੈ । ਟਰੇਨਿੰਗ ਦੇਣ ਤੋਂ ਬਾਅਦ ਉਹ ਨੌਕਰੀ ਕਰ ਸਕਣਗੇ । (ਤਾੜੀਆਂ)

ਸਪੈਸ਼ਲ ਇੰਪਲਾਇਮੈਂਟ ਪ੍ਰੋਗਰਾਮ ਬਣਾਇਆ ਗਿਆ ਜਿਸ ਅਨੁਸਾਰ 2000 ਨਵੇਂ ਆਦਮੀਆਂ ਨੂੰ ਇੰਪਲਾਇਮੈਂਟ ਦਿੱਤੀ ਗਈ । ਇਹ ਵੀ ਪੰਜਾਬ ਸਰਕਾਰ ਦਾ ਇਕ ਬਹੁਤ ਵੱਡਾ ਸ਼ਲਾ-ਘਾਯੋਗ ਕਦਮ ਹੈ, ਜਿਸ ਨਾਲ ਇੰਪਲਾਇਮੈਂਟ ਪੋਟੈਂਸ਼ੀਅਲ ਵਧੇਗੀ । ਲੋਕਾਂ ਨੂੰ ਇੰਪਲਾਇ-ਮੈਂਟ ਦਿੱਤੀ ਜਾ ਰਹੀ ਹੈ । ਚੇਅਰਮੈਨ ਸਾਹਿਬ, ਮੈਂ ਹਾਊਸ ਦਾ ਧਿਆਨ ਇਕ ਦੋ ਗੱਲਾਂ ਵੱਲ ਹੋਰ ਦਿਵਾਉਣਾ ਚਾਹੁੰਦਾ ਹਾਂ, ਜਿਨ੍ਹਾਂ ਦਾ ਕਰੈਡਿਟ ਗਿਆਨੀ ਜੀ ਨੂੰ, ਇਸ ਸਰਕਾਰ ਨੂੰ ਜਾਂਦਾ ਹੈ । ਮੈਂ ਇਹ ਵੀ ਦੱਸੇ ਬਿਨਾਂ ਨਹੀਂ ਰਹਿ ਸਕਦਾ ਕਿ ਜਿਥੇ ਪੁਲਿਟੀਕਲ ਸਫਰਰਜ਼ ਨੂੰ ਮੇਰੀ ਸਰਕਾਰ ਨੇ ਕੰਪੈਨਸੇਟ ਕੀਤਾ ਹੈ, ਉਨ੍ਹਾਂ ਨੂੰ ਪੈਨਸ਼ਨ ਦਿਤੀ ਹੈ ਉਥੇ ਬਢਾਪਾ ਪੈਨਸ਼ਨ ਦਾ ਵੀ ਪੂਰਾ ਖਿਆਲ ਰੱਖਿਆ ਗਿਆ ਹੈ । 1971 ਵਿਚ 27 ਹਜ਼ਾਰ ਨੂੰ ਬੁਢਾਪਾ ਪੈਨਸ਼ਨ ਮਿਲਦੀ ਸੀ ਜਦ ਕਿ ਇਸ ਸਾਲ ਵਿਚ 52 ਹਜ਼ਾਰ ਨੂੰ ਮਿਲਣੀ ਹੈ । ਉਸ ਵੇਲੇ ਉਨ੍ਹਾਂ ਨੂੰ 96 ਲੱਖ ਰੁਪਿਆ ਦਿਤਾ ਜਾਂਦਾ ਸੀ ਜਦ ਕਿ ਹੁਣ ਉਨ੍ਹਾਂ ਨੂੰ 216 ਲੱਖ ਰੁਪਿਆ ਦਿਤਾ ਜਾਣਾ ਹੈ । (ਤਾੜੀਆਂ) ਚੇਅਰਮੈਨ ਸਾਹਿਬ, 1973 ਤੱਕ 21 ਸੌ ਵਿਡੋਜ਼ ਨੂੰ ਪੈਨਸ਼ਨ ਦਿਤੀ ਜਾਂਦੀ ਸੀ ਜਦ ਕਿ ਹੁਣ 87 ਸੌਂ ਨੂੰ ਦਿਤੀ ਜਾਣੀ ਹੈ । ਉਦੋਂ 8 ਲੱਖ ਰੁਪਿਆ ਵਿਡੋਜ਼ ਨੂੰ ਜਾਂਦਾ ਸੀ ਜਦ ਕਿ ਹੁਣ 43 ਲੱਖ ਰੁਪਿਆ ਦਿਤਾ ਜਾਣਾ ਹੈ ।

ਇਕ ਹੋਰ ਵੱਡੀ ਬਿਮਾਰੀ ਜੋ ਸੀ, ਸਾਡੇ ਮੁਲਕ ਵਿਚ, ਸਾਡੇ ਸੂਬੇ ਵਿਚ ਟੱਟੀ ਸਿਰ ਤੇ ਚੁੱਕਣ ਦੀ ਜਿਹੜੀ ਲਾਨ੍ਹਤ ਸੀ, ਜਿਸ ਤਰ੍ਹਾ ਕਿ ਕੋਈ ਇਕ ਮੰਜ਼ਲਾ ਮਕਾਨ ਹੁੰਦਾ ਸੀ ਪਰ ਉਸ ਦੀ ਟੱਟੀ ਉਪਰ ਹੁੰਦੀ ਸੀ ਅਤੇ ਜਦ ਕੋਈ ਲਾਗੇ ਦੀ ਆਦਮੀ ਲੰਘਦਾ ਸੀ ਤਾਂ ਉਸ ਦੇ ਸਿਰ ਤੇ ਡਿੱਘ ਪੈਂਦੀ ਸੀ, ਇਸ ਬਿਮਾਰੀ ਨੂੰ ਦੂਰ ਕਰਨ ਲਈ ਹੁਣ ਸਰਕਾਰ ਨੇ ਉਦਮ ਕੀਤਾ ਹੈ । ਹੁਣ ਅੰਡਰਗਰਾਊਂਡ ਸੀਵਰੇਜ ਹੋਵੇਗੀ ਅਤੇ ਇਸ ਗਿਆਨੀ ਜੀ ਦੀ ਸਰਕਾਰ ਨੇ ਸਿਰ ਤੇ ਗੰਦ ਚੁੱਕਣ ਦੀ ਬਿਮਾਰੀ ਨੂੰ ਬੰਦ ਕੀਤਾ ਹੈ । (ਤਾੜੀਆਂ)

ਚੇਅਰਮੈਨ ਸਾਹਿਬ. ਰਿਕਸ਼ਾ ਚਾਲਕਾਂ ਦੇ ਸਬੰਧ ਵਿਚ ਮੈਂ ਦੱਸਦਾ ਹਾਂ ਕਿ 5 ਹਜ਼ਾਰ ਰਿਕਸ਼ਾਂ ਵਾਲਿਆਂ ਨੂੰ ਰਿਕਸ਼ੇ ਦੇ ਮਾਲਿਕ ਬਣਾਇਆ ਹੈ । ਇਸ ਦਾ ਕਰੈਡਿਟ ਮੇਰੀ ਸਰਕਾਰ ਨੂੰ ਜਾਂਦਾ ਹੈ । (ਤਾੜੀਆਂ)

Original with;
Punjab Vidhan Sabha
Digitized by;
Panjab Digital Library

ਪੁਲਿਸ ਦੇ ਸਬੰਧ ਵਿਚ ਮੈਂ ਦੱਸਣਾ ਚਾਹੁੰਦਾ ਹਾਂ । ਪੁਲਿਸ ਦੇ ਸਬੰਧ ਵਿਚ ਬਹੁਤ ਦੇਰ ਤੋਂ ਕਿਹਾ ਜਾਂਦਾ ਰਿਹਾ ਹੈ ਕਿ ਉਨ੍ਹਾਂ ਦੀ ਟਰੇਨਿੰਗ ਠੀਕ ਹੋਣੀ ਚਾਹੀਦੀ ਹੈ, ਮੋਰ ਹਿਊਮਨ ਹੋਣੀ ਚਾਹੀਦੀ ਹੈ, ਇਸ ਦੀ ਟੈਕਨੀਕ ਜ਼ਿਆਦਾ ਚੰਗੀ ਤਰ੍ਹਾਂ ਹੋਣੀ ਚਾਹੀਦੀ ਹੈ ਅਤੇ ਪੁਰਾਣੇ ਢੰਗ ਨੂੰ ਛੱਡਕੇ ਨਵਾਂ ਢੰਗ ਅਪਣਾਉਣਾ ਚਾਹੀਦਾ ਹੈ । ਉਨ੍ਹਾਂ ਦੀ ਟੈਕਨੀਕ ਬਹੁਤ ਬਿਹਤਰ ਹੋਣੀ ਚਾਹੀਦੀ ਹੈ । ਇਸ ਸਬੰਧ ਵਿਚ ਮੈਂ ਦੱਸਦਾ ਹਾਂ ਕਿ ਪੁਲਿਸ ਦੀ ਟਰੇਨਿੰਗ ਨੂੰ ਰੀਉਰੀਐਂਟੇਸ਼ਨ ਕਰਨ ਲਈ ਪੰਜਾਬ ਸਰਕਾਰ ਨੇ ਤਹੱਈਆ ਕੀਤਾਂ ਹੈ, ਫੈਸਲਾ ਕੀਤਾ ਹੈ । ਉਨ੍ਹਾਂ ਨੂੰ ਟਰੇਨਿੰਗ ਬਿਹਤਰ ਢੰਗ ਨਾਲ ਦਿਤੀ ਜਾਵੇਗੀ ਅਤੇ ਇਸ ਨਾਲ ਲੋਕਾਂ ਨੂੰ ਇਹ ਸ਼ੱਕ ਨਹੀਂ ਰਹੇਗਾ ਕਿ ਮਾੜੇ ਨਾਲ ਠੀਕ ਵਰਤਾਉ ਨਹੀਂ ਹੁੰਦਾ ਅਤੇ ਤਕੜੇ ਨਾਲ ਠੀਕ ਵਰਤਾਉ ਹੁੰਦਾ ਹੈ ਅਤੇ ਉਸ ਨੂੰ ਛੱਡ ਦਿਤਾ ਜਾਂਦਾ ਹੈ । (ਤਾੜੀਆਂ)

ਮੇਰੀ ਸਰਕਾਰ ਨੇ ਔਰਤਾਂ ਦਾ ਪੂਰਾ ਸਨਮਾਨ ਕੀਤਾ ਹੈ । ਅੱਗੇ ਨਵ-ਵਿਆਹੀਆਂ ਔਰਤਾਂ ਸਿਊ-ਸਾਈਡ ਕਰ ਲੈਂਦੀਆਂ ਸਨ ਪਰ ਹੁਣ ਮੇਰੀ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਹੁਣ ਕਿਸੇ ਵੀ ਨਵ-ਵਿਆਹੀ ਔਰਤ ਨੂੰ ਸਿਊਸਾਈਡ ਨਹੀਂ ਕਰਨਾ ਪਵੇਗਾ । ਇਸ ਦਾ ਕਰੈਡਿਟ ਗਿਆਨੀ ਜੀ ਨੂੰ ਜਾਂਦਾ ਹੈ । (ਤਾੜੀਆਂ)

ਨਸ਼ਾ-ਬੰਦੀ, ਸ਼ਰਾਬ-ਬੰਦੀ ਵੱਲ ਵੀ ਸਰਕਾਰ ਨੇ ਕੁਝ ਕਦਮ ਉਠਾਏ ਹਨ । ਹੁਣ ਚੇਅਰਮੈਨ ਸਾਹਿਬ, ਮੈਂ ਆਖੀਰ ਵਿਚ ਉਸ ਖੇਤਰ ਵੱਲ ਆਉਂਦਾ ਹਾਂ ਮਤਲਬ ਕਿ ਆਰਥਿਕ, ਸਭਿਆਚਾਰਕ. ਧਾਰਮਿਕ ਤੋਂ ਮਗਰੋਂ ਲਾਸਟ ਵਿਚ ਮੈਂ ਰਾਜਨੀਤੀ ਹੁਣ ਦੇ ਹਾਲਾਤ ਦੇ ਬਾਰੇ ਅਰਜ਼ ਕਰਦਾ ਹਾਂ । 25-30 ਸਾਲਾਂ ਵਿਚ ਕੀ ਕੁਝ ਹੋਇਆ, ਉਸ ਬਾਰੇ ਦੱਸਦਾ ਹਾਂ । 25-30 ਸਾਲਾਂ ਵਿਚ ਮੁਲਕ ਵਿਚ ਇਨਡਿਸਿਪਲਿਨ ਵਧਿਆ, ਇਨਫਲੇਸ਼ਨ ਵਧੀ, ਸਮਗਲਿੰਗ ਵਧੀ, ਐਂਟੀ-ਸੋਸ਼ਲ ਐਲੀਮੈਂਟ ਵਧਿਆ । ਇਸ ਮੁਲਕ ਵਿਚ ਐਡਲਟਰੇਸ਼ਨ ਵਧੀ ਔਰ ਫਾਸਿਸਟ ਤਾਕਤਾਂ ਨੇ ਸਿਰ ਚੁੱਕਿਆ । ਜਦ ਇਹ ਸਾਰੀਆਂ ਚੀਜ਼ਾਂ ਹੋਈਆਂ ਤਾਂ ਭਾਰਤ ਦੀ ਪ੍ਰਧਾਨ ਮੰਤਰੀ ਸਾਹਿਬਾਂ ਨੇ ਐਮਰਜੈਂਸੀ ਲਾਗੂ ਕੀਤੀ ਜਿਸ ਨਾਲ ਐਫੀਸ਼ੈਂਸੀ ਵਧੀ, ਇਨਫਲੇਸ਼ਨ ਘਟੀ, ਇਨਡਿਸਿਪਲਿਨ ਘਟਿਆ, ਅਤੇ ਫ਼ਾਸਿਸਟ ਤਾਕਤਾਂ ਨੂੰ ਸੱਪਾਂ ਵਾਂਗ ਫੇਹ ਦਿੱਤਾ । ਜਿਨ੍ਹਾਂ ਨੇ ਸਰਕਾਰ ਨੂੰ ਤੋੜਨਾ ਸੀ ਉਨ੍ਹਾਂ ਦੀ ਮਸ਼ੀਨ ਦੇ ਪੁਰਜੇ ਤੋੜ ਦਿਤੇ । ਜਿਸ ਤਰ੍ਹਾਂ ਖੂਹ ਦਾ ਢੋਲ ਟੁੱਟ ਜਾਵੇ ਤਾਂ ਫਿਰ ਖੂਹ ਚੱਲ ਨਹੀਂ ਸਕਦਾ, ਇਸੇ ਤਰ੍ਹਾਂ ਹੀ ਚੀਜ਼ ਹੋਈ ਹੈ । ਸਰਕਾਰ ਨੂੰ ਜਿਹੜੇ ਖਤਮ ਕਰਨਾ ਚਾਹੁੰਦੇ ਸੀ ਉਨ੍ਹਾਂ ਦੀ ਸਾਰੀ ਮਸ਼ੀਨ ਨੂੰ ਤੋੜਕੇ ਟੋਏ ਵਿਚ ਪੂਰਿਆ । ਫਿਰ ਚੇਅਰਮੈਨ ਸਾਹਿਬ, ਉਨ੍ਹਾਂ ਦੇ ਹੱਥ ਪੈਰ ਬੰਨ ਦਿਤੇ ਗਏ ਹਨ ਤਾਕਿ ਉਹ ਮਾੜੇ ਕੰਮ ਨਾ ਕਰ ਸਕਣ ਅਤੇ ਸਰਕਾਰ ਵੱਲ ਨਜ਼ਰ ਨਾ ਕਰ ਸਕਣ ਅਤੇ ਪੰਜਾਬ, ਹਿੰਦੁਸਤਾਨ ਬੜੀ ਧੂਮ ਧਾਮ ਨਾਲ ਅੱਗੇ ਵੱਧਦਾ ਚਲਾ ਜਾਵੇਗਾ । (ਤਾੜੀਆਂ)

ਅੰਤ ਵਿਚ ਮੈਂ, ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਜੋ ਦੱਸਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਅਚੀਵਮੈਂਟ ਹੋਈ, ਪ੍ਰਾਪਤੀ ਹੋਈ । ਉਸ ਪ੍ਰਾਪਤੀ ਲਈ ਕੀ ਸਾਧਨ ਵਰਤੇ ਗਏ । ਜੋ ਸਾਧਨ ਵਰਤੇ ਗਏ ਹਨ ਉਹ ਠੀਕ ਢੰਗ ਨਾਲ ਵਰਤੇ ਗਏ ਹਨ । ਪਰ ਇਨ੍ਹਾਂ ਦੀ ਪਿਛੋਕੜ ਕੀ ਹੈ, ਕਾਰਣ ਕੀ ਹੈ ? ਇਸ ਦਾ ਕਰੈਡਿਟ ਕਿਸ ਨੂੰ ਜਾਂਦਾ ਹੈ ? ਅੰਤ ਵਿਚ ਮੈਂ ਇਸ ਸਬੰਧ ਵਿਚ ਆਪ ਦੇ ਰਾਹੀਂ, ਚੇਅਰਮੈਨ, ਸਾਹਿਬ, ਦੱਸਣਾ ਚਾਹੁੰਦਾ ਹਾਂ ਕਿ ਇਹ ਜੋ ਸਾਰੀ ਪ੍ਰਾਪਤੀ ਹੈ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਕ੍ਰਿਪਾਲ ਸਿੰਘ ਢਿਲੋਂ]

This is all due to Dr. (Giani) Zail Singh the Architect of Punjab, the father of re-birth of Punjab, the doctor of rejuvenation of political, social and religious thought of Punjab, the Uncle of all youngones of Punjab, the Warrior and Crusador against poverty, disease and illiteracy and now Punjab in himself.

Rightly some one has said in an English Paper, "Dr. Giani Zail Singh is possessed with ability of a lion, strength and patience of an elephant and dash of a hawk," Here is the leader who has built Punjab, who will build Punjab, who will lead the Punjab and each and every one will remember him for ever.

**Mr. Speaker** : Motion moved.

That an address be presented to the Governor in the following terms :

"That the Members of this House assembled in this Session are deeply grateful to the Governor for the Address which he has been pleased to deliver to the House on the 20th January, 1976.'

**ਸ੍ਰੀ ਬ੍ਰਿਜ ਲਾਲ ਗੋਇਲ** (ਰਾਜਪੁਰਾ): ਚੇਅਰਮੈਨ ਸਾਹਿਬ, ਮੈਂ ਰਾਜਪਾਲ ਦੇ ਐਡਰੈਸ ਦੀ ਸ਼ਲਾਘਾ ਕਰਨ ਲਈ ਖੜ੍ਹਾ ਹੋਇਆ ਹਾਂ । ਉਨ੍ਹਾਂ ਨੇ ਆਪਣੇ ਐਡਰੈਸ ਦੇ ਵਿਚ ਕੋਈ ਐਸਾ ਹਿੱਸਾ ਨਹੀਂ ਛੱਡਿਆ ਜਿਸ ਦਾ ਉਨ੍ਹਾਂ ਨੇ ਜ਼ਿਕਰ ਨਾ ਕੀਤਾ ਹੋਵੇ । ਵਿਦਿਆਰਥੀਆਂ ਦੇ ਲਈ, ਨੌਜਵਾਨਾਂ ਦੇ ਲਈ, ਮਜ਼ਦੂਰਾਂ ਦੇ ਲਈ, ਕਿਸਾਨਾਂ ਦੇ ਲਈ ਅਤੇ ਇੰਡਸਟਰੀ ਜਾਂ ਹੋਰ ਜਿਹੜੀਆਂ ਚੀਜ਼ਾਂ ਹਨ ਇਨ੍ਹਾਂ ਸਾਰੀਆਂ ਗੱਲਾਂ ਦਾ ਉਨ੍ਹਾਂ ਆਪਣੇ ਐਡਰੈਸ ਵਿਚ ਜ਼ਿਕਰ ਕੀਤਾ ਹੈ ।

ਜਿਥੋਂ ਤੱਕ, ਚੇਅਰਮੈਨ ਸਾਹਿਬ, ਇਸ ਐਡਰੈਸ ਦਾ ਤੁੱਅਲੁਕ ਹੈ ਬਹੁਤ ਸਾਰੀਆਂ ਗਲਾਂ ਇਸ ਦੇ ਵਿਚ ਦੱਸੀਆਂ ਗਈਆਂ ਹਨ ਪਰ ਸਮਾਂ ਘੱਟ ਹੋਣ ਦੀ ਵਜ੍ਹਾ ਨਾਲ ਮੈਂ ਬਹੁਤ ਕੁਝ ਨਹੀਂ ਕਹਾਂਗਾ । ਮੈਂ ਕੁੱਝ ਉਹ ਗੱਲਾਂ ਦੱਸਣੀਆਂ ਚਾਹੁੰਦਾ ਹਾਂ ਜਿਹੜੇ ਪੰਜਾਬ ਸਰਕਾਰ ਨੇ ਕੰਮ ਕੀਤੇ ਹਨ ਅਤੇ ਇਸ ਐਡਰੈਸ ਦੇ ਵਿਚ ਵੀ ਉਨ੍ਹਾਂ ਦਾ ਜ਼ਿਕਰ ਕੀਤਾ ਜਾ ਸਕਦਾ ਸੀ । ਪੰਜਾਬ ਦੀ ਸਰਕਾਰ ਨੇ ਜਿੰਨੇ ਕੰਮ ਕੀਤੇ ਹਨ ਉਨ੍ਹਾਂ ਦਾ ਜ਼ਿਕਰ ਇਸ ਥੋੜੇ ਜਿਹੇ ਸਮੇਂ ਵਿਚ ਨਹੀਂ ਕੀਤਾ ਜਾ ਸਕਦਾ ।

ਪੰਜਾਬ ਦੇ ਅੰਦਰ ਪਿਛਲੇ ਕੁਝ ਸਾਲਾਂ ਵਿਚ ਹਰ ਇਕ ਸ਼ਫੀਅਰ ਵਿਚ ਤਰੱਕੀ ਹੋਈ ਹੈ । ਇਸ ਸਰਕਾਰ ਤੇ ਪੰਜਾਬ ਦੇ ਲੋਕਾਂ ਨੂੰ ਬੜਾ ਮਾਣ ਹੈ । ਮੈਂ, ਚੇਅਰਮੈਨ ਸਾਹਿਬ, ਇਸ ਥੋੜ੍ਹੇ ਜਿਹੇ ਸਮੇਂ ਵਿਚ ਮੈਂ ਤੁਹਾਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਰਹਿਨੁਮਾਈ ਪਹਿਲਾਂ ਰਾਜਸੀ ਤੌਰ ਤੇ ਹੀ ਸਿਰਫ ਕੀਤੀ ਜਾਂਦੀ ਸੀ । ਪਰ ਅੱਜ ਇਹ ਪਹਿਲਾ ਮੌਕਾ ਹੈ ਜਦੋਂ ਗਿਆਨੀ ਜ਼ੈਲ ਸਿੰਘ ਜੀ ਨਾ ਸਿਰਫ ਸਿਆਸੀ ਤੌਰ ਤੇ ਪੰਜਾਬ ਦੀ ਰਹਿਨੁਮਾਈ ਕਰ ਰਹੇ ਹਨ ਸਗੋਂ ਧਾਰਮਿਕ ਤੌਰ ਤੇ ਸਮਾਜਿਕ ਤੌਰ ਤੇ ਅਤੇ ਆਰਥਿਕ ਤੌਰ ਤੇ ਪੰਜਾਬ ਦੇ ਲੋਕਾਂ ਦੀ ਰਹਿਨੁਮਾਈ ਕਰਦੇ ਹਨ । (ਥੰਪਿੰਗ) ਸਿਰਫ ਸਿਆਸੀ ਤੌਰ ਤੇ ਰਹਿਨੁਮਾਈ ਕਰਨ ਵਾਲੇ ਲੋਕ ਇਹ ਭੁਲਦੇ ਰਹੇ ਕਿ ਕਰੋੜਾਂ ਲੋਕ ਜੋ ਹਨ ਉਨ੍ਹਾਂ ਦੇ ਅੰਦਰ ਧਾਰਮਿਕ ਭਾਵਨਾ ਵੀ ਹੋ ਸਕਦੀ ਹੈ । ਇਹ ਪਹਿਲੀ ਸਰਕਾਰ ਹੈ, ਇਹ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਹੈ ਜਿਸ ਨੇ

Original with;
Punjab Vidhan Sabha
Digitized by;
Panjab Digital Library

ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਸਮਝਿਆ ਅਤੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਜਾਗਰਤੀ ਦੇਣ ਵਲ ਆਪਣਾ ਧਿਆਨ ਦਿਤਾ । ਇਸ ਸਰਕਾਰ ਨੇ ਸੋਚਿਆਂ ਕਿ ਹਰ ਧਰਮ ਨੂੰ ਪਰਫੁਲਤ ਕੀਤਾ ਜਾਵੇ । ਹਰ ਧਰਮ ਦੇ ਬਜ਼ੁਰਗਾ ਨੂੰ ਸ਼ਰਧਾਂਜਲੀ ਭੇਟ ਕਰਨ ਦਾ ਮੌਕਾ ਲੋਕਾਂ ਨੂੰ ਦਿਤਾ ਜਾਵੇ । ਇਸ ਐਡਰੈਸ ਦੇ ਵਿਚ ਗਵਰਨਰ ਸਾਹਿਬ ਨੇ ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਦਾ ਜ਼ਿਕਰ ਕੀਤਾ ਹੈ । ਉਨ੍ਹਾਂ ਨੇ ਦੱਸਿਆ ਹੈ ਕਿ ਇਸ ਸਰਕਾਰ ਨੇ ਆਤਮਿਕ ਉਧਾਰ, ਸਦਾਚਾਰਕ ਸੋਧ, ਧਾਰਮਿਕ ਸਹਿਣਸ਼ੀਲਤਾ ਅਤੇ ਸਭਿਆਚਾਰਕ ਏਕਤਾ ਦੀ ਪ੍ਰਾਪਤੀ ਲਈ ਸਾਲ ਭਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਤੀਜੀ ਸ਼ਹੀਦੀ ਸ਼ਤਾਬਦੀ ਸ਼ਾਨਦਾਰ ਢੰਗ ਨਾਲ ਮਨਾਉਣ ਦਾ ਫੈਸਲਾ ਕੀਤਾ ਹੈ । ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਇਕ ਅਦੁੱਤੀ ਸ਼ਹੀਦੀ ਸੀ । ਮੈਂ ਇਤਨਾ ਕਹਿ ਸਕਦਾ ਹਾਂ ਕਿ ਆਉਣ ਵਾਲੀਆਂ ਨਸਲਾਂ ਜਿਹੜੀਆਂ ਇਹ ਗਲ ਭੁਲ ਗਈਆ ਸਨ ਜਿਸ ਨੂੰ ਇਸ ਇਤਿਹਾਸ ਦਾ ਨਹੀਂ ਪਤਾ ਸੀ, ਜਿਹੜੇ ਨੌਜਵਾਨ ਕੁਰਾਹੇ ਪੈਂਦੇ ਜਾਂਦੇ ਸੀ ਮੁੜ ਗਿਆਨੀ ਜ਼ੈਲ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ 300 ਸਾਲਾ ਸ਼ਹੀਦੀ ਸ਼ਤਾਬਦੀ ਮੰਨਾ ਕੇ ਉਨ੍ਹਾਂ ਨੌਜਵਾਨਾਂ ਨੂੰ ਕੁਰਾਹੇ ਪੈਣ ਤੋਂ ਬਚਾ ਕੇ ਕੁਰਬਾਨੀਆਂ ਦਾ ਰਸਤਾ ਦਿਖਾ ਕੇ ਪੰਜਾਬ ਦੇ ਲੋਕਾਂ ਤੇ ਇਕ ਬੜਾ ਭਾਰੀ ਅਹਿਸਾਨ ਕੀਤਾ ਹੈ (ਥੰਪਿੰਗ) ਅਗਰ ਗੁਰੂ ਤੇਗ ਬਹਾਦਰ ਸਾਹਿਬ ਜੀ ਸ਼ਹੀਦੀ ਨਾ ਦਿੰਦੇ ਤਾਂ ਇਸ ਵੇਲੇ ਜੋ ਹਿੰਦੁਸਤਾਨ ਨਜ਼ਰ ਆਉਂਦਾ ਹੈ, ਇਸ ਵੇਲੇ ਜੋ ਪੰਜਾਬ ਨਜ਼ਰ ਆਉਂਦਾ ਹੈ ਸ਼ਾਇਦ ਇਹ ਇਹੋ ਜਿਹਾ ਨਜ਼ਰ ਨਾ ਆਉਂਦਾ । ਹਿੰਦਸਤਾਨ ਦੀ ਸੰਸਕ੍ਰਿਤੀ ਨਾ ਹੁੰਦੀ । (ਵਿਘਨ) ਅੱਜ ਹਰ ਥਾਂ ਤੇ, ਹਰ ਮੁਹੱਲੇ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਪੜ੍ਹੀ ਤੇ ਸੁਣੀ ਜਾਂਦੀ ਹੈ । ਅੱਜ ਗਿਆਨੀ ਜ਼ੈਲ ਸਿੰਘ ਜੀ ਦੇ ਸਦਕੇ ਪੰਜਾਬ ਦੇ ਨੌਜਵਾਨਾਂ ਵਿਚ ਕੁਰਬਾਨੀ ਦਾ ਜਜ਼ਬਾ ਪੈਦਾ ਹੋ ਗਿਆਂ ਹੈ । ਮੈਂ ਇਕੱਲੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਗੱਲ ਹੀ ਨਹੀਂ ਕਰਦਾ ਇਸ ਦੇ ਵਿਚ ਭਗਵਾਨ ਮਹਾਂਵੀਰ ਜੀ ਦਾ ਵੀ ਜ਼ਿਕਰ ਕੀਤਾ ਗਿਆ ਹੈ । ਪਿਛਲੇ ਸਾਲ ਭਗਵਾਨ ਮਹਾਂਵੀਰ ਜੀ ਦੀ ਪੰਝੀਵੀਂ ਨਿਰਵਾਨ ਸ਼ਤਾਬਦੀ ਵੀ ਬੜੇ ਉਤਸ਼ਾਹ ਨਾਲ ਮੰਨਾਈ ਗਈ ਹੈ । ਮੇਰੇ ਕਹਿਣ ਦਾ ਭਾਵ ਹੈ ਭਾਵੇਂ ਕੋਈ ਜੈਨੀ ਹੋਵੇ, ਕੋਈ ਆਰੀਆ ਸਮਾਜੀ ਹੋਵੇ, ਸਨਾਤਨੀ ਹੋਵੇ ਜਾਂ ਕਿਸੇ ਵੀ ਧਰਮ ਦਾ ਹੋਵੇ ਉਸ ਦੇ ਧਰਮ ਨੂੰ ਪ੍ਰਫੁਲਤ ਕਰਨ ਦੇ ਲਈ ਸਮੁੱਚੇ ਤੌਰ ਤੇ ਪੰਜਾਬ ਦੀ ਸਰਕਾਰ ਨੇ ਯਤਨ ਕੀਤਾ ਹੈ ਅਤੇ ਹਰ ਧਰਮ ਦੀ ਤਰੱਕੀ ਦੇ ਲਈ ਪੰਜਾਬ ਦੀ ਸਰਕਾਰ ਨੇ ਮੌਕਾ ਦਿੱਤਾ ਹੈ । ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਜੀ ਨੇ ਜਿਸ ਤਰੀਕੇ ਨਾਲ ਕੰਮ ਕੀਤਾ ਹੈ ਅੱਜ ਤਕ ਕਿਸੇ ਮੁੱਖ ਮੰਤਰੀ ਨੇ ਨਹੀਂ ਕੀਤਾ । ਅੱਜ ਤਕ ਸਰਕਾਰਾਂ ਦਾ ਕੰਮ ਇਹ ਸਮਝਿਆ ਜਾਂਦਾ ਸੀ ਕਿ ਚੰਦ ਮਾੜਿਆਂ ਨੂੰ ਸਜ਼ਾ ਦੇਣਾ, ਚੰਦ ਲੋਕਾਂ ਦੀਆਂ ਸੈਕਟਰੀਏਟ ਵਿਚੋਂ ਬਦਲੀਆਂ ਕਰਨੀਆਂ, ਚੰਦ ਲੋਕਾਂ ਦੀਆਂ ਤਰੱਕੀਆਂ ਕਰਨੀਆਂ ਔਰ ਪੁਲਿਸ ਦੇ ਜ਼ਰੀਏ 4 ਬਦਮਾਸ਼ਾਂ ਨੂੰ ਸਜ਼ਾ ਦੇਣਾ ਹੀ ਸਰਕਾਰ ਦਾ ਕੰਮ ਸਮਝਿਆ ਜਾਂਦਾ ਸੀ । ਇਹ ਪਹਿਲੀ ਵਾਰ ਹੈ ਜਿਸ ਸਰਕਾਰ ਨੇ ਗਿਆਨੀ ਜ਼ੈਲ ਸਿੰਘ ਜੀ ਦੀ ਅਗਵਾਈ ਹੇਠ ਗਰੀਬਾਂ ਦੀ ਮਦਦ ਕੀਤੀ ਹੈ, ਦੇਸ਼ ਭਗਤਾਂ ਦੀ ਮਦਦ ਕੀਤੀ ਹੈ, ਦੇਸ਼ ਭਗਤਾਂ ਦੇ ਪਰਿਵਾਰਾਂ ਦਾ ਸਤਿਕਾਰ ਕੀਤਾ ਹੈ । ਇਹ ਪਹਿਲੀ ਦਫ਼ਾ ਹੈ ਜਿਸ ਸਰਕਾਰ ਨੇ ਇਹ ਸਾਬਤ ਕੀਤਾ ਹੈ ਕਿ ਸਰਕਾਰ ਦਾ ਕੰਮ ਗਰੀਬਾਂ ਦੀ ਮਦਦ ਕਰਨਾ, ਦੇਸ਼ ਭਗਤਾਂ ਦੇ ਪਰਿਵਾਰਾਂ ਨੂੰ ਸਤਿਕਾਰ ਦੇਣਾ ਅਤੇ ਹਰ ਧਰਮ ਨੂੰ ਪ੍ਰਫੁਲਤ ਕਰਨਾ ਹੈ । ਇਸ ਐਡਰੈਸ ਦੇ ਵਿਚ ਪੰਜਾਬ ਮਾਤਾ ਦਾ ਵੀ ਜ਼ਿਕਰ ਕੀਤਾ ਗਿਆ ਹੈ । ਉਹ ਅੱਜ ਸਾਡੀ ਇਸ ਦੁਨੀਆਂ ਵਿਚ ਨਹੀਂ ਹਨ । ਅੱਜ ਪੰਜਾਬ ਦੀਆਂ ਦੇਵੀਆਂ ਇਹ ਗਲ ਸੋਚਣ ਤੇ ਮਜ਼ਬੂਰ ਹਨ ਕਿ ਸਾਡੀ ਕੁਖੋਂ ਵੀ ਕਈ ਭਗਤ ਸਿੰਘ ਪੈਦਾ ਹੋਵੇ ਤਾਂਕਿ ਅਸੀਂ ਵੀ

Original with;
Punjab Vidhan Sabha
Digitized by;
Panjab Digital Library

[ਸ੍ਰੀ ਬ੍ਰਿਜ ਲਾਲ ਗੋਇਲ]

ਸਤਿਕਾਰੇ ਜਾਈਏ । ਮੈਂ ਸਮਝਦਾ ਹਾਂ ਕਿ ਇਹ ਸਿਰਫ ਸ਼ਹੀਦ ਭਗਤ ਸਿੰਘ ਜੀ ਦੀ ਮਾਂ ਨੂੰ ਨਹੀਂ ਸਤਿਕਾਰਿਆ ਗਿਆ ਸਗੋਂ ਸਾਰੇ ਦੇਸ਼ ਭਗਤਾਂ ਦੀਆਂ ਮਾਂਵਾਂ ਨੂੰ ਸਤਕਾਰਿਆ ਗਿਆ ਹੈ । ਇਹ ਇਕ ਖਿਆਲ ਦਿਤਾ ਗਿਆ ਹੈ, ਇਹ ਸੋਚ ਪੰਜਾਬ ਦੇ ਲੋਕਾਂ ਵਿਚ ਦਿਤੀ ਗਈ ਹੈ ਕਿ ਦੇਸ਼ ਭਗਤ ਬੱਚਿਆਂ ਦੀਆਂ ਮਾਵਾਂ ਨੂੰ ਪੂਰਾ ਸਤਿਕਾਰ ਮਿਲਣਾ ਚਾਹੀਦਾ ਹੈ । ਇਹ ਪੰਜਾਬ ਦੇ ਇਕ ਬੀਸਿਜ਼ ਮਾਵਾਂ ਨੂੰ ਸਮਝਾਇਆ ਗਿਆ ਹੈ, ਇਸ ਦੇ ਲਈ ਗਿਆਨੀ ਜ਼ੈਲ ਸਿੰਘ ਜੀ ਅਤੇ ਇਹ ਸਰਕਾਰ ਮੁਬਾਰਕਬਾਦ ਦੀ ਹੱਕਦਾਰ ਹੈ । ਇਹ ਗਿਆਨੀ ਜ਼ੈਲ ਸਿੰਘ ਜੀ ਹਨ ਜਿਨ੍ਹਾਂ ਨੇ ਇਹ ਸੋਚਿਆ ਹੈ ਕਿ ਜੇ ਕਿਸੇ ਗਰੀਬ ਦੀ ਸ਼ਾਦੀ ਹੈ ਤਾਂ ਉਥੇ ਪਹੁੰਚਣਾ ਹੈ, ਜੇ ਕਿਸੇ ਦੀ ਮੌਤ ਹੋਈ ਹੈ ਤਾਂ ਉਥੇ ਸ਼ਰਧਾ ਦੇ ਫੁਲ ਭੇਟ ਕਰਨੇ ਹਨ । ਪੰਜਾਬ ਦੀ ਸਰਕਾਰ ਨੇ ਇਹ ਪਹਿਲੀ ਮਿਸਾਲ ਕਾਇਮ ਕੀਤੀ ਹੈ । ਪੰਜਾਬ ਦੇ ਵਿਚ ਇਕ ਨਵੇਂ ਢੰਗ ਨਾਲ ਰਾਜ ਚਲ ਰਿਹਾ ਹੈ । ਪੰਜਾਬ ਵਿਚ ਜਦੋਂ ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਬਣੇ ਅਤੇ ਜਦੋਂ ਉਨ੍ਹਾਂ ਦੀ ਸਰਕਾਰ ਬਣੀ ਤਾਂ ਉਸ ਤੋਂ ਪਹਿਲਾਂ ਪੰਜਾਬ ਦੇ ਵਿਚ ਐਸੇ ਹਾਲਾਤ ਹੋ ਗਏ ਸਨ ਕਿ ਲੋਕ ਇਹ ਸਮਝਦੇ ਸਨ ਕਿ ਬਿਨਾਂ ਕਾਲਜ ਜਾਏ ਸਾਡੀ ਹਾਜ਼ਰੀ ਕਾਲਜ ਵਿਚ ਲਗਣੀ ਚਾਹੀਦੀ ਹੈ, ਬਿਨਾ ਇਮਤਿਹਾਨ ਦਿਤੇ ਡਿਗਰੀ ਮਿਲਣੀ ਚਾਹੀਦੀ ਹੈ, ਬਿਨਾ ਕਰਾਇਆ ਖਰਚੇ ਬਸ ਵਿਚ ਸਫ਼ਰ ਕਰਨਾ ਚਾਹੀਦਾ ਹੈ, ਬਿਨਾ ਦਫ਼ਤਰ ਜਾਏ ਸਾਨੂੰ ਤਨਖਾਹ ਮਿਲਣੀ ਚਾਹੀਦੀ ਹੈ, ਬਿਨਾ ਦੁਕਾਨ ਖੋਲ੍ਹੇ ਸਾਨੂੰ ਪ੍ਰਾਫਿਟ ਮਿਲਣਾ ਚਾਹੀਦਾ ਹੈ ਅਤੇ ਬਿਨਾਂ ਪ੍ਰਾਫਿਟ ਦੇ ਸਾਨੂੰ ਬੋਨਸ ਮਿਲਣਾ ਚਾਹੀਦਾ ਹੈ । ਕੁਝ ਇਹੋ ਜਿਹੇ ਹਾਲਾਤ ਪੰਜਾਬ ਦੇ ਵਿਚ ਪੈਦਾ ਹੋ ਗਏ ਸਨ । ਮਗਰ ਅੱਜ ਉਹ ਹਾਲਾਤ ਨਹੀਂ ਰਹੇ । ਪ੍ਰਧਾਨ ਮੰਤਰੀ ਜੀ ਨੇ ਜੋ 20 ਨੁਕਾਤੀ ਪ੍ਰੋਗਰਾਮ ਲੋਕਾਂ ਦੇ ਸਾਹਮਣੇ ਰਖਿਆ ਹੈ ਉਸ ਨੂੰ ਕਾਮਯਾਬ ਬਣਾਉਣ ਲਈ ਹਰ ਕੋਸ਼ਿਸ਼ ਕੀਤੀ ਜਾ ਰਹੀ ਹੈ । ਇਸ ਐਡਰੈਸ ਦੇ ਵਿਚ 20 ਨੁਕਾਤੀ ਪ੍ਰੋਗਰਾਮ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਦਸਿਆ ਗਿਆ ਹੈ ਕਿ 20 ਨੁਕਾਤੀ ਆਰਥਿਕ ਪ੍ਰੋਗਰਾਮ ਆਰਥਿਕ ਨੂੰ ਪੂਰਾ ਕਰਨ ਲਈ ਵਿਸ਼ੇਸ਼ ਧਿਆਨ ਹਰ ਪੱਖ ਵਲ ਦਿਤਾ ਜਾ ਰਿਹਾ ਹੈ । ਚੇਅਰਮੈਨ ਸਾਹਿਬ ਪੰਜਾਬ ਦੇ ਅੰਦਰ ਪਹਿਲਾਂ ਬਲੈਕ ਮਾਰਕੀਟਿੰਗ ਦਾ ਬੜਾ ਧੰਧਾ ਸੀ । ਬਹੁਤ ਸਾਰੇ ਲੋਕ ਅਖਬਾਰਾਂ ਕਢਦੇ ਸਨ ਲੋਕਾਂ ਨੂੰ ਬਲੈਕ ਮੇਲਿੰਗ ਕਰਨ ਵਾਸਤੇ । ਮੈਂ ਵੱਡੇ ਵੱਡੇ ਕਸਬਿਆਂ ਦੀ ਗਲ ਨਹੀਂ ਕਰਦਾ, ਸ਼ਹਿਰਾਂ ਦੀ ਗਲ ਨਹੀਂ ਕਰਦਾ, ਮੁਹੱਲਿਆਂ ਦੇ ਵਿਚ ਅਖ਼ਬਾਰਾਂ ਨਿਕਲਦੀਆਂ ਸਨ ਅਤੇ ਵੱਡੇ ਵੱਡੇ ਨੇਤਾਵਾਂ ਦੀਆਂ ਗਾਇਆਂ ਤੇ ਉਹ ਲੋਕ ਇਤਰਾਜ਼ ਕਰਦੇ ਸਨ ਅਤੇ ਉਨ੍ਹਾਂ ਨੂੰ ਬਲੈਕ ਮੇਲਿੰਗ ਕਰਨ ਦੀ ਕੋਸ਼ਿਸ਼ ਕਰਦੇ ਸਨ । ਪਰ ਅਜ ਇਹ ਵਾਤਾਵਰਣ ਨਹੀਂ ਹੈ । ਇਹ ਪਹਿਲੀ ਦਫ਼ਾ ਹੈ ਅਖ਼ਬਾਰਾਂ ਸਿਰਫ ਬਲੈਕ ਮੇਲਿੰਗ ਲਈ ਨਹੀਂ ਹਨ । ਅੱਜ ਉਹ ਹਾਲਤ ਨਹੀਂ ਰਹੇ ਕਿ ਵੱਡੇ ਵੱਡੇ ਨੇਤਾਵਾਂ ਨੂੰ ਅਖ਼ਬਾਰਾਂ ਦੇ ਰਾਹੀਂ ਬਲੈਕ ਕੀਤਾ ਜਾ ਸਕੇ । ਅੱਜ ਉਹ ਲੋਕ ਜਿਹੜੇ ਬਲੈਕ ਮੇਲ ਕਰਦੇ ਸੀ ਅਤੇ ਝੰਡਾ ਲੈ ਕੇ ਅਗੇ ਆਉਂਦੇ ਸੀ ਉਹ ਇਸ ਤਰ੍ਹਾਂ ਨਹੀਂ ਕਰ ਸਕਦੇ । ਪੰਜਾਬ ਦੇ ਵਿਚ ਇਕ ਐਸਾ ਮਾਹੌਲ ਹੋ ਗਿਆ ਹੈ ਕਿ ਹੁਣ ਕੋਈ ਸ਼ੋਰ ਸ਼ਰਾਬਾ ਨਹੀਂ, ਕੋਈ ਹੜਤਾਲਾਂ ਨਹੀਂ ਹੁੰਦੀਆਂ, ਕੋਈ ਇਸ ਕਿਸਮ ਦਾ ਵਾਤਾਵਰਣ ਬਣ ਗਿਆ ਹੈ ਕਿ ਲੋਕ ਹੁਣ ਖੁਸ਼ਹਾਲ ਹਨ ਅਤੇ ਤਰੱਕੀ ਦੇ ਰਾਹ ਵਲ ਨੂੰ ਜਾ ਰਹੇ ਹਨ । ਹੁਣ ਲੋਕਾਂ ਵਿਚ ਜਾਗ੍ਰਿਤੀ ਆ ਗਈ ਹੈ ਅਤੇ ਲੋਕਾਂ ਦਾ ਧਿਆਨ ਪੜ੍ਹਾਈ ਵਲ ਹੋ ਗਿਆ ਹੈ । ਅੱਜ ਜਿਹੜਾ ਮਜ਼ਦੂਰ ਖੇਤਾਂ ਵਿਚ ਮਜ਼ਦੂਰੀ ਕਰਦਾ ਹੈ, ਕਾਰਖਾਨਿਆਂ ਵਿਚ ਮਜ਼ਦੂਰੀ ਕਰਦਾ ਹੈ ਉਹ ਵੀ ਆਪਣੇ ਬਚਿਆਂ ਨੂੰ ਪੜ੍ਹਾਉਣਾ ਚਾਹੁੰਦਾ ਹੈ । ਹੁਣੇ ਮੈਂ ਤੁਹਾਡੇ ਸਾਹਮਣੇ ਢਿਲੋਂ ਸਾਹਿਬ ਨੇ ਵੀ ਜਿਸ ਤਰ੍ਹਾਂ ਦੱਸਿਆ ਹੈ

Original with;
Punjab Vidhan Sabha
Digitized by;
Panjab Digital Library

ਕਿ ਪੰਜਾਬ ਦੀ ਸਰਕਾਰ ਨੇ 500 ਨਵੇਂ ਪ੍ਰਾਇਮਰੀ ਸਕੂਲ ਖੋਲ੍ਹੇ ਹਨ, 200 ਸਕੂਲਾਂ ਨੂੰ ਅੱਪ-ਗਰੇਡ ਕੀਤਾ ਹੈ 100 ਹਾਇਰ ਸਕੈਂਡਰੀ ਸਕੂਲ ਬਣਾਏ ਹਨ। ਹੁਣ 98% 6 ਸਾਲ ਤੋਂ 11 ਸਾਲ ਤਕ ਦੀ ਉਮਰ ਦੇ ਬਚੇ ਸਕੂਲਾਂ ਵਿਚ ਜਾਂਦੇ ਹਨ। ਅੱਜ ਲੋਕਾਂ ਦਾ ਪੜ੍ਹਾਈ ਵਲ ਰੁਝਾਨ ਵੱਧ ਗਿਆ ਹੈ। ਅੱਜ ਇਹ ਲੋਕ ਮਹਿਸੂਸ ਕਰਨ ਲਗ ਪਏ ਹਨ ਕਿ ਆਪਣੇ ਬਚਿਆਂ ਨੂੰ ਤਾਲੀਮ ਦੇਣ ਨਾਲ ਆਪਣਾ ਵੀ ਭਲਾ ਹੈ। ਪੰਜਾਬ ਦਾ ਵੀ ਭਲਾ ਹੈ। ਅਤੇ ਸਾਰੇ ਦੇਸ਼ ਦਾ ਵੀ ਭਲਾ ਹੈ। ਚੇਅਰਮੈਨ ਸਾਹਿਬ, ਪੰਜਾਬ ਦੀ ਸਰਕਾਰ ਨੇ ਸਿਰਫ ਐਜੂਕੇਸ਼ਨ ਵਲ ਹੀ ਧਿਆਨ ਨਹੀਂ ਦਿਤਾ ਸਗੋਂ ਪੰਜਾਬ ਦੀ ਸਰਕਾਰ ਨੇ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਹਰ ਗਲ ਨੂੰ ਪੂਰਾ ਕਰਨ ਵਲ ਵੀ ਧਿਆਨ ਦਿਤਾ ਹੈ। ਪੰਜਾਬ ਦੀ ਸਰਕਾਰ ਨੇ ਜਿਥੇ ਸਕੂਲ ਖੋਲ੍ਹੇ ਹਨ ਉਥੇ ਪੰਜਾਬ ਦੀ ਸਰਕਾਰ ਨੇ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਨੂੰ ਖਾਣ ਪੀਣ ਦੀਆਂ ਚੀਜ਼ਾਂ ਵੀ ਮੁਹੱਈਆਂ ਕੀਤੀਆਂ ਹਨ। ਹੋਸਟਲਾਂ ਦੇ ਅੰਦਰ ਕੰਟਰੋਲ ਰੇਟਸ ਤੇ ਸਾਰੀਆਂ ਚੀਜ਼ਾ ਦੇਣ ਲਈ ਫੇਅਰ ਪ੍ਰਾਈਸ ਸ਼ਾਪਸ ਖੋਲ੍ਹੀਆਂ ਹਨ। ਪੰਜਾਬ ਵਿਚ ਬੱਚਿਆਂ ਨੂੰ ਸਕੂਲਾਂ ਤਕ ਪਹੁੰਚਣ ਲਈ ਅਤੇ ਵਾਪਸ ਆਉਣ ਲਈ ਬਸਾਂ ਦੇ ਵਿਚ ਕਰਾਏ ਦੀ ਰਿਆਇਤ ਦਿਤੀ ਹੈ। ਅੱਜ ਬਚਿਆਂ ਨੂੰ ਕਾਪੀਆਂ ਵਗੈਰਾਂ ਸਹੀ ਕੀਮਤਾਂ ਤੇ ਦੇਣ ਦਾ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ।

ਇਹ ਪਹਿਲੀ ਦਫ਼ਾ ਇਸ ਤਰੀਕੇ ਨਾਲ ਹੋਇਆ ਹੈ। ਵਿਦਿਆਰਥੀਆਂ ਦਾ ਧਿਆਨ ਵੀ ਨਾਲ ਦੀ ਨਾਲ ਕੀਤਾ ਗਿਆ ਹੈ। ਇਥੇ ਵਿਦਿਆਰਥੀਆਂ ਨੂੰ ਪੁਠੇ ਰਾਹ ਲਾਇਆ ਜਾਂਦਾ ਸੀ, ਪਰ ਪੰਜਾਬ ਦੀ ਸਰਕਾਰ ਨੇ ਇਹ ਕੀਤਾ ਹੈ ਕਿ ਜਿੰਨੇ ਵੀ ਡਿਵੈਲਪਮੈਂਟ ਦੇ ਕੰਮ ਹਨ, ਜਾਂ ਦੇਸ਼ ਵਿਚ ਗੰਦੇ ਮੁਹੱਲਿਆਂ ਨੂੰ ਸਾਫ ਕਰਨ ਦੇ ਕੰਮ ਹਨ ਜਾਂ ਹੋਰ ਨੈਸ਼ਨਲ ਕੰਮ ਹਨ ਉਨ੍ਹਾਂ ਵਿਚ ਵਿਦਿਆਰਥੀਆਂ ਨੂੰ ਸ਼ਾਮਲ ਕੀਤਾ ਹੈ। ਅਗੇ ਦੋ ਤਿੰਨ ਮਹੀਨੇ ਕਿਤਾਬਾਂ ਪੜ੍ਹਾ ਕੇ ਛੁੱਟੀ ਕਰ ਦਿੱਤੀ ਜਾਂਦੀ ਸੀ, ਇਹ ਪਹਿਲੀ ਦਫ਼ਾ ਹੀ ਹੋਇਆ ਹੈ ਕਿ ਵਿਦਿਆਰਥੀ ਡਿਵੈਲਪਮੈਂਟ ਦੇ ਕੰਮਾਂ ਵਿਚ ਹਿੱਸਾ ਲੈ ਰਹੇ ਹਨ। ਸਰਕਾਰ ਉਨ੍ਹਾਂ ਨੂੰ ਰਿਆਇਤਾਂ ਦੇ ਰਹੀ ਹੈ। ਸਰਕਾਰ ਸਕੂਲ, ਕਾਲਜ ਥਾਂ ਥਾਂ ਤੇ ਖੋਲ੍ਹ ਰਹੀ ਹੈ, ਵੋਕੇਸ਼ਨ ਐਜੂਕੇਸ਼ਨ ਦਾ ਪ੍ਰਬੰਧ ਕਰ ਰਹੀ ਹੈ ਅਤੇ ਹੋਰ ਵੀ ਜਿਹੜੀਆਂ ਦਿਕਤਾਂ ਹਨ ਉਨ੍ਹਾਂ ਨੂੰ ਦੂਰ ਕਰ ਰਹੀ ਹੈ। ਸਾਰੀਆਂ ਸਹੂਲਤਾਂ ਸਰਕਾਰ ਪ੍ਰੋਵਾਈਡ ਕਰ ਰਹੀ ਹੈ। ਖਾਸ ਗਲ ਤਾਂ ਇਹ ਹੈ ਕਿ ਸਿਰਫ ਵਿਦਿਆਰਥੀਆਂ ਲਈ ਹੀ ਨਹੀਂ ਬਲਕਿ ਸਰਕਾਰ ਉਨ੍ਹਾਂ ਟੀਚਰਾਂ ਲਈ ਵੀ ਜਿਹੜੇ ਕੰਮ ਕਰਨ ਵਾਲੇ ਹਨ, ਸਹੂਲਤਾਂ ਪ੍ਰੋਵਾਈਡ ਕਰ ਰਹੀ ਹੈ ਅਤੇ ਉਨ੍ਹਾਂ ਦੀ ਸਰਾਹਨਾ ਕਰਦੀ ਹੈ ਅਤੇ ਜਿਹੜੇ ਕੰਮ ਨਹੀਂ ਕਰਦੇ ਉਨ੍ਹਾਂ ਨੂੰ ਸਜ਼ਾਵਾਂ ਦੇ ਰਹੀ ਹੈ। ਮੈਂ ਕਹਿ ਸਕਦਾ ਹਾਂ ਕਿ ਇਸ ਸਫੀਅਰ ਵਿਚ ਪੰਜਾਬ ਦੀ ਸਰਕਾਰ ਨੇ ਬੜਾ ਕੰਮ ਕੀਤਾ ਹੈ।

ਇਥੇ ਇਕ ਐਸਾ ਮਾਹੌਲ ਪੈਦਾ ਕੀਤਾ ਗਿਆ ਸੀ ਕਿ ਪੰਜਾਬ ਵਿਚ ਕੋਈ ਇੰਡਸਟਰੀ ਨਹੀਂ ਸੀ ਲਾਉਣਾ ਚਾਹੁੰਦਾ। ਪੰਜਾਬ ਦੇ ਹਾਲਾਤ ਇਹ ਹੋ ਰਏ ਸੀ ਕਿ ਜਿਹੜੇ ਲਾਇਸੈਂਸ ਇੰਡਸਟਰੀ ਲਾਉਣ ਬਾਰੇ ਮਿਲੇ ਸੀ ਉਨ੍ਹਾਂ ਦਾ ਇਸਤੇਮਾਲ ਨਾ ਕੀਤਾ ਜਾ ਸਕਿਆ ਅਤੇ ਇੰਡਸਟਰੀ ਨਾ ਲਗ ਸਕੀ। ਹੁਣ ਪਿਛਲੇ 4 ਸਾਲਾਂ ਵਿਚ ਪੰਜਾਬ ਵਿਚ ਇਕ ਐਸਾ ਵਾਤਾਵਰਣ ਪੈਦਾ ਹੋ ਗਿਆ ਹੈ ਕਿ ਲੋਕ ਪੰਜਾਬ ਵਿਚ ਇੰਡਸਟਰੀ ਲਾਉਣ ਲਈ ਸੋਚ ਰਹੇ ਹਨ ਅਤੇ ਇਸ ਦਾ ਕਾਰਣ ਇਹ ਹੈ ਕਿ ਪੰਜਾਬ ਦੀ ਸਰਕਾਰ ਨੇ ਇੰਡਸਟਰੀ ਲਾਉਣ ਲਈ ਬਹੁਤ ਹੀ ਇੰਸੈਂਟਿਵ ਦਿੱਤੇ ਹਨ। ਲੋਕਾਂ ਦਾ ਰੁਝਾਨ ਪੰਜਾਬ ਵਿਚ ਇੰਡਸਟਰੀ ਲਾਉਣ ਦਾ ਬਣਿਆ ਹੈ। ਪਿਛਲੇ 7 ਮਹੀਨਿਆਂ ਵਿਚ ਲੈਟਰ ਆਫ ਇੰਟੈਂਟਸ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਬ੍ਰਿਜ ਲਾਲ ਗੋਇਲ]

ਅਤੇ 29 ਇੰਡਸਟਰੀਅਲ ਲਾਇਸੈਂਸ ਮਿਲੇ ਹਨ ਔਰ ਇਨ੍ਹਾਂ ਤੇ ਇਨਵੈਸਟਮੈਂਟ 65 ਕਰੋੜ ਦੀ ਹੈ ਅਤੇ 16 ਹਜ਼ਾਰ ਲੋਕਾਂ ਨੂੰ ਰੁਜ਼ਗਾਰ ਮਿਲੇਗਾ । ਪਹਿਲਾਂ ਜਿਸ ਤਰ੍ਹਾਂ ਐਗਰੀਕਲਚਰ ਵਿਚ ਗਰੀਨ ਰੈਵੋਲਿਊਸ਼ਨ ਆਇਆ ਸੀ ਇਸੇ ਤਰ੍ਹਾਂ ਪੰਜਾਬ ਵਿਚ ਇੰਡਸਟਰੀਅਲ ਰੈਵੋਲਿਊਸ਼ਨ ਲਿਆਉਣ ਲਈ ਪੰਜਾਬ ਦੀ ਸਰਕਾਰ ਕੰਮ ਕਰ ਰਹੀ ਹੈ । ਸਾਡਾ ਪੰਜਾਬ ਖੇਤੀ ਬਾੜੀ ਦੇ ਤੌਰ ਤੇ ਬਹੁਤ ਮਸ਼ਹੂਰ ਹੈ ਲੇਕਿਨ ਇੰਡਸਟਰੀ ਵਿਚ ਪਛੜਿਆ ਹੋਇਆ ਸੀ । ਹੁਣ ਪਹਿਲੀ ਦਫ਼ਾ ਇਸ ਸਰਕਾਰ ਨੇ ਇਸ ਪੱਖ ਵੱਲ ਤਵੱਜੋ ਦਿੱਤੀ ਹੈ । ਜਿਥੇ ਹੈਵੀ ਇੰਡਸਟਰੀ ਲਗੀ ਹੈ ਉਥੇ ਸਮਾਲ ਸਕੇਲ ਇੰਡਸਟਰੀ ਲਾਉਣ ਲਈ ਵੀ ਉਪਰਾਲੇ ਕੀਤੇ ਜਾ ਰਹੇ ਹਨ ।

ਜਿਥੋਂ ਤੱਕ ਐਗਰੀਕਲਚਰ ਦਾ ਤੁਅੱਲਕ ਹੈ ਇਹ ਹਿੰਦੁਸਤਾਨ ਵਿਚ ਪਹਿਲਾ ਸੂਬਾ ਹੈ ਜਿਥੇ 19 ਕਰੋੜ ਰੁਪਏ ਦਾ ਬੋਨਸ ਕਿਸਾਨਾਂ ਨੂੰ ਦਿੱਤਾ ਗਿਆ ਹੈ ਔਰ 15 ਲੱਖ ਟਨ ਜਿਹੜਾ ਅਨਾਜ ਡੈਫਿਸਿਟ ਸੀ, ਹਿੰਦ ਸਰਕਾਰ ਨੂੰ ਭੇਜਿਆ ਜਾ ਚੁੱਕਾ ਹੈ । ਸੈਂਟਰਲ ਪੂਲ ਵਿਚ ਪੰਜਾਬ ਨੇ ਟੋਟਲ ਅਨਾਜ ਦਾ 60% ਦਿੱਤਾ ਹੈ । ਇਸ ਤਰੀਕੇ ਨਾਲ ਜਿਹੜਾ 20 ਨੁਕਾਤੀ ਪ੍ਰੋਗਰਾਮ ਪ੍ਰਾਈਮ ਮਨਿਸਟਰ ਸਾਹਿਬਾ ਨੇ ਦਿੱਤਾ ਹੈ ਕਿ ਲੋਕਾਂ ਨੂੰ ਸਹੀ ਕੀਮਤਾਂ ਤੇ ਸਹੀ ਚੀਜ਼ਾਂ ਮਿਲਣੀਆਂ ਚਾਹੀਦੀਆਂ ਹਨ, ਇਸ ਸਬੰਧ ਵਿਚ ਪੰਜਾਬ ਪਹਿਲਾ ਸੂਬਾ ਹੈ ਜਿਸ ਨੇ ਸਾਰੇ ਪਿੰਡਾਂ ਦੇ ਅੰਦਰ ਗਰੀਬ ਲੋਕਾਂ ਵਾਸਤੇ ਉਨ੍ਹਾਂ ਦੇ ਘਰਾਂ ਵਿਚ ਜਾ ਕੇ ਦੁਕਾਨਾਂ ਖੋਲ੍ਹੀਆਂ ਹਨ । ਪੰਜਾਬ ਦੇ ਵਿਚ 12,799 ਦੁਕਾਨਾਂ ਖੋਲ੍ਹੀਆਂ ਗਈਆਂ ਹਨ ਤਾਂ ਕਿ ਪਿੰਡਾਂ ਵਿਚ ਕੰਮ ਕਰਨ ਵਾਲੇ ਕਿਸਾਨ ਨੂੰ, ਗਰੀਬ ਨੂੰ, ਹਰੀਜਨ ਨੂੰ ਅਨਾਜ ਲੈਣ ਲਈ, ਚੀਨੀ ਲੈਣ ਲਈ ਜਾਂ ਹੋਰ ਜ਼ਰੂਰੀਯਾਤੇ ਜ਼ਿੰਦਗੀ ਲੈਣ ਲਈ ਸ਼ਹਿਰਾਂ ਵਿਚ ਜਾ ਕੇ ਲਾਈਨਾਂ ਵਿਚ ਨਾ ਖੜ੍ਹਨਾ ਪਏ, ਠੋਕਰਾਂ ਨਾ ਖਾਣੀਆਂ ਪੈਣ । ਸਹੀ ਕੀਮਤਾਂ ਅਤੇ ਸਹੀ ਵਕਤ ਤੇ ਉਨ੍ਹਾਂ ਨੂੰ ਚੀਜ਼ਾਂ ਮਿਲ ਸਕਣ, ਪੰਜਾਬ ਦੀ ਸਰਕਾਰ ਨੇ ਇਸ ਤਰ੍ਹਾਂ ਦਾ ਪ੍ਰਬੰਧ ਕੀਤਾ ਹੈ । ਇਸ ਗੱਲ ਲਈ ਪੰਜਾਬ ਦੀ ਸਰਕਾਰ ਮੁਬਾਰਿਕਬਾਦ ਦੀ ਹੱਕਦਾਰ ਹੈ ।

ਜਿਥੋਂ ਤੱਕ ਪੰਚਾਇਤਾਂ ਦਾ ਤੁਅੱਲਕ ਹੈ ਉਨ੍ਹਾਂ ਨੂੰ ਰੀਵਾਈਟੇਲਾਈਜ਼ ਕਰਨ ਲਈ, ਜ਼ਿਆਦਾ ਡੈਮੋਕਰੈਟਿਕ ਬਣਾਉਣ ਲਈ ਪੰਜਾਬ ਦੀ ਸਰਕਾਰ ਨੇ ਬਹੁਤ ਜ਼ਿਆਦਾ ਕੰਮ ਕੀਤਾ ਹੈ । ਪੰਚਾਇਤਾਂ ਲਈ ਸੈਪਰੇਟ ਡਾਇਰੈਕਟੋਰੇਟ ਬਣਾਇਆ ਹੈ ਤਾਂ ਕਿ ਪੰਚਾਇਤਾਂ ਜਿਹੜੀਆਂ ਹਨ ਉਹ ਇਫ਼ੈਕਟਿਵਲੀ ਕੰਮ ਕਰ ਸਕਣ । ਜਿਥੇ ਪਹਿਲਾਂ ਸੰਮਤੀਆਂ ਵਿਚ ਇਕ ਮਹਿਲਾ ਹੁੰਦੀ ਸੀ ਉਥੇ ਹੁਣ ਦੋ ਕਰ ਦਿੱਤੀਆਂ ਹਨ ਅਤੇ ਜ਼ਿਲ੍ਹਾ ਪ੍ਰੀਸ਼ਦ ਵਿਚ ਜਿਥੇ ਦੋ ਹੁੰਦੀਆਂ ਸਨ ਉਥੇ 4 ਕਰ ਦਿੱਤੀਆਂ ਹਨ । ਚੇਅਰਮੈਨ ਸਾਹਿਬ, ਜਿਥੋਂ ਤੱਕ ਸੜਕਾਂ ਦਾ ਤੁਅੱਲਕ ਹੈ ਪੰਜਾਬ ਦੇ ਵਿਚ ਬਹੁਤ ਘੱਟ ਪਿੰਡ ਰਹਿ ਗਏ ਹਨ ਜਿਥੇ ਸੜਕ ਨਹੀਂ ਪਹੁੰਚੀ । ਸਾਰੇ ਹਿੰਦੁਸਤਾਨ ਵਿਚ ਇਸ ਗਲ ਦਾ ਚਰਚਾ ਹੈ ਕਿ ਜਿਸ ਤਰ੍ਹਾਂ ਪੰਜਾਬ ਵਿਚ ਸਾਰੇ ਪਿੰਡ ਸੜਕਾਂ ਨਾਲ ਜੋੜੇ ਗਏ ਹਨ ਅਗਰ ਉਸੇ ਪ੍ਰੋਗਰਾਮ ਮੁਤਾਬਿਕ ਸਾਰੇ ਹਿੰਦੁਸਤਾਨ ਵਿਚ ਕੀਤਾ ਜਾਏ ਤਾਂ ਦੇਸ਼ ਵਿਚ ਸਾਰੇ ਪਿੰਡ ਸੜਕਾਂ ਨਾਲ ਜੁੜ ਜਾਣਗੇ । ਪੰਜਾਬ ਦੀ ਸਰਕਾਰ ਨੂੰ ਮੈਂ ਇਸ ਗੱਲ ਤੇ ਮੁਬਾਰਿਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ 25,400 ਕਿਲੋ ਮੀਟਰ ਸੜਕਾਂ ਪਿਛਲੇ ਸਾਲ ਬਣਾਈਆਂ ਹਨ । ਇਸ ਦੇ ਨਾਲ ਪੰਜਾਬ ਦੇ ਵਿਚ ਤਰੱਕੀ ਹੋਈ ਹੈ ਅਤੇ ਪੰਜਾਬ ਦੇ ਪਿੰਡਾਂ ਨੂੰ ਸ਼ਹਿਰਾਂ ਨਾਲ ਜੋੜਿਆ ਹੈ ।

ਚੇਅਰਮੈਨ ਸਾਹਿਬ, ਮੈਂ ਪਿਛੇ ਇੰਡਸਟਰੀ ਦੀ ਗੱਲ ਕਰ ਰਿਹਾ ਸੀ, ਮੈਂ ਇੰਡਸਟਰੀ ਦੇ ਬਾਰੇ ਵਿਚ ਇਹ ਗੱਲ ਦੱਸਣੀ ਜ਼ਰੂਰੀ ਸਮਝਦਾ ਹਾਂ ਕਿ ਪੰਜਾਬ ਵਿਚ 26 ਫੋਕਲ ਪੁਆਇੰਟ

Original with;
Punjab Vidhan Sabha
Digitized by;
Panjab Digital Library

ਬਣ ਗਏ ਹਨ ਔਰ ਇਹ ਪਹਿਲੇ 3 ਨਾਲੋਂ ਅਲਿਹਦਾ ਹਨ । ਇਨ੍ਹਾਂ ਲਈ ਜਿਹੜੀ ਬੇਸਿਕ ਟਰੇਨਿੰਗ ਹੈ ਉਸ ਵਾਸਤੇ ਟੈਕਨੀਕਲ ਗਾਈਡੈਂਸ ਦੇਣ ਲਈ ਸਕੂਲ ਖੋਲ੍ਹੇ ਗਏ ਹਨ, ਟੈਕਸਟਾਈਲ ਕਾਰਪੋਰੇਸ਼ਨ ਬਣਾਈ ਗਈ ਹੈ ਔਰ ਪੰਜਾਬ ਦੀ ਸਰਕਾਰ ਨੇ ਇਸ ਦੀ ਇਨਪੁਟਸ ਲਈ 1 ਕਰੋੜ ਰੁਪਈਆ ਰੱਖਿਆ ਹੈ । ਇਸ ਤਰੀਕੇ ਨਾਲ ਪੰਜਾਬ ਦੀ ਸਰਕਾਰ ਨੇ ਇੰਡਸਟਰੀ, ਐਜੂਕੇਸ਼ਨ, ਐਗਰੀਕਲਚਰ ਅਤੇ ਪੰਚਾਇਤਾਂ ਦੇ ਕੰਮ ਵਿਚ ਤਰੱਕੀ ਕਰਨ ਲਈ ਉਦਮ ਕੀਤੇ ਹਨ ਔਰ ਇਨ੍ਹਾਂ ਖੇਤਰਾਂ ਵਿਚ ਪੰਜਾਬ ਦੀ ਤਰੱਕੀ ਹੋਈ ਹੈ । ਪੰਜਾਬ ਦੀ ਸਰਕਾਰ ਨੇ ਸਿਰਫ ਸਿਆਸਤ ਦੇ ਖੇਤਰ ਵਿਚ ਨਹੀਂ ਬਲਕਿ ਸਾਰੇ ਖੇਤਰਾਂ ਵਿਚ ਕੰਮ ਕਰਕੇ ਲੋਕਾਂ ਦੀ ਸੇਵਾ ਕੀਤੀ ਹੈ ।

ਬੁਢਾਪਾ ਪੈਨਸ਼ਨ : ਜਿਨ੍ਹਾਂ ਬੰਦਿਆਂ ਨੂੰ ਕੋਈ ਪੁੱਛਣ ਵਾਲਾ ਨਹੀਂ ਸੀ, ਉਨ੍ਹਾਂ ਦੀ ਲਾਠੀ ਬਣ ਕੇ ਪੰਜਾਬ ਦੇ ਮੁੱਖ ਮੰਤਰੀ ਨੇ ਉਨ੍ਹਾਂ ਦੀ ਆਵਾਜ਼ ਸੁਣੀ । ਪੰਜਾਬ ਦੇ ਅੰਦਰ ਸਿਰਫ 700 ਫਰੀਡਮ ਫਾਈਟਰਜ਼ ਨੂੰ ਪੈਨਸ਼ਨ ਮਿਲਦੀ ਸੀ ਜਦੋਂ ਕਿ ਅੱਜ 7,684 ਪੰਜਾਬ ਦੇ ਦੇਸ਼ ਭਗਤਾਂ ਨੂੰ ਸਹਾਇਤਾ ਵਜੋਂ ਪੈਨਸ਼ਨ ਦਿੱਤੀ ਜਾ ਰਹੀ ਹੈ । ਪਹਿਲਾਂ ਜਿਹੜੀ ਓਲਡ ਏਜ ਪੈਨਸ਼ਨ ਸੀ ਉਹ ਕੇਵਲ 27,054 ਲੋਕਾਂ ਨੂੰ ਮਿਲਦੀ ਸੀ ਜਦੋਂ ਕਿ ਅੱਜ 47,906 ਆਦਮੀਆਂ ਨੂੰ ਦਿੱਤੀ ਜਾ ਰਹੀ ਹੈ । ਸਿਰਫ 2,100 ਵਿਡੋਜ਼ ਨੂੰ ਪੈਨਸ਼ਨ ਮਿਲਦੀ ਸੀ ਅੱਜ 7,460 ਨੂੰ ਮਿਲ ਰਹੀ ਹੈ । ਪਹਿਲਾਂ ਸਿਰਫ 8 ਲੱਖ ਰੁਪਏ ਖਰਚ ਕੀਤੇ ਜਾਂਦੇ ਸੀ, ਪਰ ਅੱਜ 48 ਲੱਖ ਰੁਪਇਆ ਖਰਚ ਕੀਤਾ ਜਾ ਰਿਹਾ ਹੈ । ਇਹ ਗਲ ਹੀ ਨਹੀਂ ਕਿ ਸਿਰਫ ਵਡਿਆਂ ਦੀ ਹੀ ਸੁਣਵਾਈ ਹੁੰਦੀ ਹੈ ਬਲਕਿ ਹਰ ਕਾਮਨ ਆਦਮੀ ਦੀ ਸੁਣਵਾਈ ਕੀਤੀ ਜਾਂਦੀ ਹੈ ।

ਪੰਜ ਹਜ਼ਾਰ ਰਿਕਸ਼ਾ ਪੁਲਰਜ਼ ਨੂੰ ਅੱਜ ਰਿਕਸ਼ਾਂ ਮਾਲਕ ਬਣਾ ਦਿੱਤਾ ਗਿਆ ਹੈ ਪਹਿਲੀ ਵਾਰ ਹੀ ਹੋਇਆ ਹੈ ਕਿ ਇਸ ਤਰ੍ਹਾਂ ਗਰੀਬਾਂ ਦੀ ਸੁਣਵਾਈ ਕੀਤੀ ਜਾ ਰਹੀ ਹੈ । ਜਿਨ੍ਹਾਂ ਤਬਕਿਆਂ ਨੂੰ ਹੁਣ ਤੱਕ ਇਗਨੋਰ ਕੀਤਾ ਜਾਂਦਾ ਸੀ, ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਉਨ੍ਹਾਂ ਨੂੰ ਪੁੱਛਿਆ ਹੈ ਅਤੇ ਪੱਕੇ ਤੌਰ ਤੇ ਉਨ੍ਹਾਂ ਦੀ ਮਦਦ ਕੀਤੀ ਹੈ। (ਥੰਪਿੰਗ) ਇਸ ਦਾ ਕਰੈਡਿਟ ਇਸ ਸਰਕਾਰ ਨੂੰ ਹੀ ਜਾਂਦਾ ਹੈ, ਕਿਉਂਕਿ ਪੰਜਾਬ ਦੀ ਇਸ ਸਰਕਾਰ ਨੇ ਇਤਨੇ ਥੋੜ੍ਹੇ ਸਮੇਂ ਵਿਚ ਇਹ ਸਾਰੇ ਗਰੀਬਾਂ ਦੇ ਕੰਮ ਕੀਤੇ ਹਨ ।

ਪੰਜਾਬ ਦੇ ਰਾਜਪਾਲ ਨੇ ਕਿਹਾ ਹੈ ਕਿ ਪੰਜਾਬ ਦੀ ਪੁਲੀਸ ਨੂੰ ਮਾਡਰਨ ਢੰਗ ਨਾਲ ਆਰਗੇਨਾਈਜ਼ ਕਰਨਾ ਚਾਹੀਦਾ ਹੈ । ਮੈਂ ਕਹਿੰਦਾ ਹਾਂ ਕਿ ਇਹ ਬਹੁਤ ਹੀ ਅੱਛਾ ਕੰਮ ਹੈ । ਪੁਲੀਸ ਜਿਹੜੀ ਹੈ ਉਨ੍ਹਾਂ ਨੂੰ ਚੋਰਾਂ, ਡਾਕੂਆਂ, ਸਮੱਗਲਰਾਂ ਅਤੇ ਉਹ ਲੋਕ ਜਿਹੜੇ ਹਿੰਦੁਸਤਾਨ ਦੀ ਫ਼ਿਜ਼ਾ ਨੂੰ ਖਰਾਬ ਕਰਦੇ ਹਨ ਉਨ੍ਹਾਂ ਨਾਲ ਨਿਪਟਣਾ ਹੁੰਦਾ ਹੈ, ਇਸ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਪੁਲੀਸ ਨੂੰ ਰੀਆਰਗੇਨਾਈਜ਼ ਕੀਤਾ ਜਾਵੇ । ਇਸ ਤੋਂ ਇਲਾਵਾ ਦੇਸ਼ ਦੇ ਅੰਦਰ ਪ੍ਰਾਈਮ ਮਨਿਸਟਰ ਸਾਹਿਬਾ ਨੇ ਜਿਹੜਾ 20 ਨੁਕਾਤੀ ਪ੍ਰੋਗਰਾਮ ਦਿੱਤਾ ਹੈ ਉਸ ਨੂੰ ਇਮਪਲੀਮੈਂਟ ਕਰਨ ਲਈ ਅਤੇ ਨਵੇਂ ਕਾਨੂੰਨਾਂ ਨੂੰ ਲਾਗੂ ਕਰਾਉਣ ਲਈ ਇਹ ਬਹੁਤ ਜਰੂਰੀ ਹੈ ਕਿ ਪੁਲੀਸ ਨੂੰ ਮਾਡਰਨ ਤਰੀਕੇ ਨਾਲ ਰੀਆਰਗੇਨਾਈਜ਼ ਕੀਤਾ ਜਾਵੇ । ਗਵਰਨਰ ਸਾਹਿਬ ਨੇ ਹੋਰ ਕਿਹਾ ਹੈ ਕਿ ਜਿਹੜਾ ਟੈਕਸੇਸ਼ਨ ਸਿਸਟਮ ਹੈ ਉਸ ਨੂੰ ਰਿਵਾਈਜ਼ ਕੀਤਾ ਜਾਏਗਾ ਤਾਂ ਕਿ ਇੰਡਸਟਰੀਅਲਿਸਟ ਨੂੰ ਦਿਕਤ ਨਾ ਹੋਵੇ, ਦੁਕਾਨਦਾਰ ਨੂੰ ਦਿਕਤ ਨਾ ਹੋਵੇ, ਪ੍ਰੋਡਿਊਸਰ ਨੂੰ ਦਿਕਤ ਨਾ ਹੋਵੇ ਅਤੇ ਟੈਕਸ ਦਾ ਜਿਹੜਾ ਹਿਸਾਬ ਕਿਤਾਬ ਹੈ ਉਹ

Original with;
Punjab Vidhan Sabha
Digitized by;
Panjab Digital Library

[ਸ੍ਰੀ ਬ੍ਰਿਜ ਲਾਲ ਗੋਇਲ]

ਠੀਕ ਰਹਿ ਅਤੇ ਸਰਕਾਰ ਦਾ ਰੇਵੈਨਿਊ ਵੀ ਠੀਕ ਢੰਗ ਨਾਲ ਚਲੇ । ਇਸ ਦੇ ਲਈ ਇਹ ਜ਼ਰੂਰੀ ਹੈ ਕਿ ਟੈਕਸੇਸ਼ਨ ਸਿਸਟਮ ਨੂੰ ਸਿੰਪਲੀਫਾਈ ਕੀਤਾ ਜਾਵੇ ਜਿਸ ਨਾਲ ਸਰਕਾਰ ਨੂੰ ਅੋਰ ਲੋਕਾਂ ਨੂੰ ਸਹੂਲਤ ਹੋਵੇ ।

ਚੇਅਰਮੈਨ ਸਾਹਿਬ, ਮੈਂ ਤੁਹਾਡਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਆਪਣੇ ਖਿਆਲਾਤ ਦਾ ਇਜ਼ਹਾਰ ਕਰਨ ਲਈ ਟਾਈਮ ਦਿੱਤਾ ਹੈ ਅਤੇ ਮੈਂ ਗਵਰਨਰ ਸਾਹਿਬ ਦੇ ਐਡਰੈਸ ਦੀ ਸਰਾਹਨਾ ਲਈ ਕੁਝ ਕਹਿ ਸਕਿਆ ਹਾਂ ।

**ਚੌਧਰੀ ਜਗਤ ਰਾਮ** (ਬੰਗਾ ਐਸ. ਸੀ.) : ਚੇਅਰਮੈਨ ਸਾਹਿਬ, ਮੈਂ ਗਵਰਨਰ ਸਾਹਿਬ ਦੇ ਐਡਰੈਸ ਤੇ ਜਿਹੜਾ ਮਤਾ ਪੇਸ਼ ਕੀਤਾ ਹੈ, ਉਸ ਦੀ ਪ੍ਰੋੜ੍ਹਤਾ ਕਰਨ ਲਈ ਖੜ੍ਹਾ ਹੋਇਆ ਹਾਂ । ਇਹ ਗੱਲ ਬਹੁਤ ਅੱਛੀ ਹੁੰਦੀ ਜੇ ਆਪੋਜ਼ੀਸ਼ਨ ਵਾਲੇ ਇਥੇ ਬੈਠ ਕੇ ਸੁਣਦੇ । ਜਿਸ ਦੇਸ਼ ਦੀ ਆਪੋਜ਼ੀਸ਼ਨ ਤਕੜੀ ਹੋਵੇ, ਜਿਸ ਦੇਸ਼ ਦੀ ਆਪੋਜ਼ੀਸ਼ਨ ਸੁਲਝੀ ਹੋਈ ਹੋਵੇ, ਉਸ ਦੇਸ਼ ਦੀ ਸਰਕਾਰ ਬਿਲਕੁਲ ਤਕੜੀ ਹੁੰਦੀ ਹੈ ਅਤੇ ਉਸ ਸੂਬੇ ਦਾ ਫਾਇਦਾ ਹੁੰਦਾ ਹੈ, ਕੰਟਰੀ ਦਾ ਫਾਇਦਾ ਹੁੰਦਾ ਹੈ । ਜੇ ਆਪੋਜ਼ੀਸ਼ਨ ਇਥੇ ਬੈਠ ਕੇ ਹੌਸਲੇ ਨਾਲ ਸੁਣਦੀ ਤਾਂ ਉਹ ਸਰਕਾਰ ਨੂੰ ਕੋਈ ਚੰਗੀ ਸਲਾਹ ਦੇ ਸਕਦੀ । ਜੇ ਕੋਈ ਤਰੁੱਟੀ ਉਨ੍ਹਾਂ ਨੂੰ ਨਜ਼ਰ ਆਉਂਦੀ ਤਾਂ ਉਸ ਨੂੰ ਦਸ ਸਕਦੀ । ਪਰ ਆਪੋਜ਼ੀਸ਼ਨ ਨੂੰ ਮੁਸ਼ਕਲ ਇਹ ਸੀ ਕਿ ਉਹ ਇਥੇ ਬੈਠ ਕੇ ਸੁਣ ਨਹੀਂ ਸਕਦੇ ਸੀ । ਕਿਉਂ ਨਹੀਂ ਸੀ ਸੁਣ ਸਕਦੇ ? ਸਰਕਾਰ ਨੇ ਬਹੁਤ ਚੰਗੇ ਕੰਮ ਕੀਤੇ ਹਨ, ਉਹ ਇਥੇ ਬੈਠ ਕੇ ਉਨ੍ਹਾਂ ਨੂੰ ਨਹੀਂ ਸੀ ਸੁਣ ਸਕਦੇ, ਬਰਦਾਸ਼ਤ ਨਹੀਂ ਸੀ ਕਰ ਸਕਦੇ । ਸਰਕਾਰ ਨੇ ਜਿਹੜੀ ਚੰਗੀ ਗੱਲ ਕੀਤੀ ਹੈ, ਉਸ ਨੂੰ ਕਹਿਣ ਤੋਂ ਮੈਂ ਆਪਣੇ ਆਪ ਨੂੰ ਰੋਕ ਨਹੀਂ ਸਕਦਾ । ਚੇਅਰਮੈਨ ਸਾਹਿਬ, ਜ਼ਮਾਨੇ ਵਿਚ ਇਨਕਲਾਬ ਆਇਆ । ਇਹ ਜ਼ਰੂਰ ਕਹਿਣਾ ਪਵੇਗਾ ਕਿ ਗਿਆਨੀ ਜੀ ਦੀ ਸਰਕਾਰ ਨੇ ਉਹੀ ਕੀਤਾ ਜੋ ਗੁਰੂਆਂ ਨੇ, ਰਿਸ਼ੀਆਂ ਨੇ, ਮੁਨੀਆਂ ਨੇ ਇਸ ਦੇਸ਼ ਵਿੱਚ ਕੀਤਾ ਸੀ । ਜੇ ਅਸੀਂ ਇਹ ਗੱਲ ਮੰਨਦੇ ਹਾਂ ਕਿ ਨੌਵੀਂ ਪਾਤਸ਼ਾਹੀ ਨੇ ਬਹੁਤ ਬੜੀ ਕੁਰਬਾਨੀ ਕੀਤੀ ਹੈ । ਦਸਵੀਂ ਪਾਤਸ਼ਾਹੀ ਨੇ ਆਪਣਾ ਸਾਰਾ ਪਰਿਵਾਰ ਕੁਰਬਾਨ ਕਰ ਦਿੱਤਾ, ਦੋ ਸਾਹਿਬਜ਼ਾਦੇ ਨੀਹਾਂ ਵਿੱਚ ਚਿਣਾਏ । ਐਨਾ ਕੁਰਬਾਨੀ ਦੇਣ ਵਾਲਾ ਹੋਰ ਕੋਈ ਪਰਿਵਾਰ ਨਹੀਂ ਹੋ ਸਕਦਾ । ਜੋ ਉਨ੍ਹਾਂ ਗੁਰੂਆਂ ਦੀ ਗੁਰਬਾਣੀ ਦੀ ਦੇਣ ਹੈ, ਉਸਦੇ ਮੁਤਾਬਿਕ ਹੀ ਗਿਆਨੀ ਜੀ ਦੀ ਸਰਕਾਰ ਨੇ ਨਿਥਾਵਿਆਂ ਨੂੰ ਥਾਂ ਦਿੱਤੀ ਹੈ । ਨਿਹੱਥਿਆਂ ਨੂੰ, ਜਿਨ੍ਹਾਂ ਦੇ ਕੋਲ ਕੋਈ ਚੀਜ਼ ਨਹੀਂ ਸੀ, ਉਨ੍ਹਾਂ ਨੂੰ ਸਹਾਰਾ ਦਿੱਤਾ ਹੈ । ਜਿਸ ਤਰ੍ਹਾਂ ਮਹਾਰਾਜ ਦੀ ਬੀੜ ਤੇ ਚੌਰ ਹੁੰਦਾ ਹੈ, ਗਿਆਨੀ ਜੀ ਦੀ ਸਰਕਾਰ ਨੇ ਵੀ ਚੌਰ ਕਰਕੇ ਦਿਖਾਇਆ ਹੈ । ਜੇ ਧੰਨੇ ਜੱਟ, ਬਾਬਾ ਫਰੀਦ, ਸਦਨੇ ਕਸਾਈ, ਰਵੀ ਦਾਸ ਚਮਾਰ ਅਤੇ ਪੰਡਿਤ ਤਰਲੋਚਨ, ਸਾਰਿਆਂ ਨੂੰ ਚੌਰ ਹੋਇਆ ਹੈ ਤਾਂ ਇਸ ਤਰ੍ਹਾਂ ਦਾ ਕਾਨੂੰਨ ਇਸ ਸਰਕਾਰ ਨੇ ਬਣਾਇਆ ਹੈ ਕਿ ਸਾਰਿਆਂ ਵਿਚ ਏਕਤਾ ਦਾ ਚੌਰ ਹੋ ਗਿਆ ਹੈ । ਇਹ ਸਰਕਾਰ ਉਨ੍ਹਾਂ ਲੋਕਾਂ ਦੀ ਸਰਕਾਰ ਕਹਾਈ ਜਾ ਸਕਦੀ ਹੈ ਜੋ ਅੱਜ ਗਰੀਬ ਹਨ । ਪਹਿਲਾਂ ਕਿਹਾ ਜਾਂਦਾ ਸੀ ਕਿ ਇਸ ਦੇਸ਼ ਵਿੱਚ ਦੇਵਤਿਆਂ ਅਤੇ ਰਾਖਸ਼ਸਾਂ ਦੇ ਵਿਚ ਲੜਾਈ ਹੁੰਦੀ ਸੀ । । ਮੇਰੇ ਖਿਆਲ ਵਿੱਚ ਭਾਸ਼ਾ ਦਾ ਫਰਕ ਹੈ । ਜਿਵੇਂ ਪਾਣੀ ਨੂੰ ਜੱਲ ਅਤੇ ਵਾਟਰ ਕਿਹਾ ਜਾਂਦਾ ਹੈ, ਇਸੇ ਤਰ੍ਹਾਂ ਗਰੀਬ ਨੂੰ ਦੇਵਤੇ ਕਿਹਾ ਜਾ ਸਕਦਾ ਹੈ, ਅਤੇ ਲੁੱਟ ਕੇ ਖਾਣ ਵਾਲੇ ਨੂੰ ਰਾਖਸ਼ਸ ਕਿਹਾ ਜਾ ਸਕਦਾ ਹੈ । ਗਿਆਨੀ ਜੀ ਦੀ ਸਰਕਾਰ ਨੇ ਬੜੇ ਸੁਹਣੇ ਢੰਗ ਨਾਲ ਇਸ ਮਸਲੇ ਨੂੰ ਹੱਲ ਕੀਤਾ ਹੈ । ਜਿਹੜੇ ਲੁਟੇਰੇ ਸਨ, ਪਾਖੰਡ

Original with;
Punjab Vidhan Sabha
Digitized by;
Panjab Digital Library

ਬਾਜ਼ੀ ਕਰਦੇ ਸਨ, ਉਨ੍ਹਾਂ ਨੂੰ ਸਰਕਾਰ ਨੇ ਚੰਗੇ ਤਰੀਕੇ ਨਾਲ ਠੀਕ ਕੀਤਾ ਹੈ। ਇਹ ਲੁਟੇਰੇ ਕਦੇ ਕਿਸੇ ਨੂੰ ਸਪੇਅਰ ਕਰ ਦੇਣਗੇ ? ਦੁਕਾਨ ਦੇ ਅੰਦਰ ਤਾਂ ਤਸਵੀਰ ਰੱਖੀ ਹੋਈ ਹੈ ਗੁਰੂ ਗੋਬਿੰਦ ਸਿੰਘ ਜੀ ਮਾਹਾਰਾਜ ਦੀ ਪਰ ਘੀ ਦੇ ਵਿੱਚ ਗਰੀਸ ਮਿਲਾ ਕੇ ਵੇਚਦੇ ਹਨ। ਇਸ ਸਰਕਾਰ ਨੇ ਇਨ੍ਹਾਂ ਲੁਟੇਰਿਆਂ ਨੂੰ ਸਪੇਅਰ ਨਹੀਂ ਕੀਤਾ। ਇਨ੍ਹਾਂ ਨੂੰ ਸੁਹਣੇ ਢੰਗ ਨਾਲ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਹੈ। ਚੇਅਰਮੈਨ ਸਾਹਿਬ, ਮੇਰੇ ਮਨ ਵਿਚ ਤਾਂ ਇਹ ਚੀਜ਼ ਆਇਆ ਕਰਦੀ ਸੀ ਤੇ ਇਹ ਚੀਜ਼ ਬਿਲਕੁਲ ਠੀਕ ਹੈ ਕਿ ਜੇ ਸਾਧੂਆਂ ਨੇ ਚੋਰਾਂ ਨੂੰ ਫੇਸ ਕਰ ਲਿਆ ਤਾਂ ਚੋਰ ਮਾਰੇ ਗਏ ਔਰ ਜੇ ਚੋਰਾਂ ਨੇ ਸਾਧਾਂ ਨੂੰ ਫੇਸ ਕਰ ਲਿਆ ਤਾਂ ਸਾਧ ਮਾਰੇ ਗਏ। ਜੋ ਨੌਵੇਂ ਪਾਤਸ਼ਾਹੀ ਦਾ ਸੀਸ ਲਿਆਉਣਾ ਸੀ ਤਾਂ ਹਰੀਜਨ ਨੇ ਲਿਆਂਦਾ। ਗੁਰੂ ਗੋਬਿੰਦ ਸਿੰਘ ਜੀ ਦਾ ਸਾਥ ਹਰੀਜਨ ਨੇ ਦਿੱਤਾ। ਸਰੋਵਰ ਦੇ ਪਾਣੀ ਨੂੰ ਮਾਤਾ ਭੀਲਣੀ ਨੇ ਪਵਿੱਤਰ ਕੀਤਾ। ਅਗਰ ਮਾਤਾ ਸੀਤਾ ਤੇ ਬਿਪਤਾ ਆਈ ਤਾਂ ਬਾਲਮੀਕ ਜੀ ਨੇ ਮਦਦ ਕੀਤੀ। ਲੇਕਿਨ ਸਮਾਜ ਦੇ ਆਗੂਆਂ ਨੇ ਇਨ੍ਹਾਂ ਲੋਕਾਂ ਨੂੰ ਅੱਗੇ ਨਹੀਂ ਆਉਣ ਦਿੱਤਾ। ਇਨ੍ਹਾਂ ਸਾਧੂਆਂ ਦੇ ਬੱਚਿਆਂ ਨੂੰ ਚੂੜ੍ਹੇ ਚਮਾਰ ਕਿਹਾ। ਪਰ ਗਿਆਨੀ ਜੀ ਦੀ ਸਰਕਾਰ ਨੇ ਉਸ ਗੱਲ ਨੂੰ ਖ਼ਤਮ ਕਰ ਦਿੱਤਾ ਹੈ ਅਤੇ ਉਨ੍ਹਾਂ ਲੋਕਾਂ ਨੂੰ ਮੁਹਰੇ ਲਿਆ ਕਿ ਕਿਹਾ ਕਿ ਇਨ੍ਹਾਂ ਲੋਕਾਂ ਦਾ ਹੱਕ ਬਣਦਾ ਹੈ, ਤੁਹਾਡਾ ਨਹੀਂ।

'ਯੂਹੀਂ ਜੋ ਕਿ ਫਿਰਤੇ ਹੈਂ ਬੇਇਲਮੋ ਜਾਹਿਲ,
ਬਹੁਤ ਇਨਮੇਂ ਹੈਂ ਜਿਨਕੇ ਜੌਹਰ ਹੈਂ ਕਾਬਿਲ"।

ਅਗਰ ਇਹ ਗੱਲ ਠੀਕ ਹੈ ਕਿ ਭੀਲਣੀ ਦੇ ਚਰਣਾਂ ਨਾਲ ਪਾਣੀ ਸੁਧ ਹੋ ਗਿਆ ਸੀ ਬਾਲਮੀਕ ਜੀ ਦੀ ਸ਼ਿਖਸ਼ਾ ਨਾਲ ਲਵ ਤੇ ਕੁਸ਼ ਨੇ ਰਾਮ ਜੀ ਨੂੰ ਮੂਰਛਿਤ ਕਰ ਦਿੱਤਾ ਸੀ, ਤਾਂ ਉਸ ਰਮਾਇਣ ਲਿਖਣ ਵਾਲੇ ਦੀ ਔਲਾਦ ਅੱਜ ਕਿਉਂ ਦਰ ਬਦਰ ਧੱਕੇ ਖਾਂਦੀ ਫਿਰਦੀ ਹੈ। ਲੇਕਿਨ ਉਸ ਵਕਤ ਦੇ ਸਮਾਜ ਦੇ ਆਗੂਆਂ ਨੇ ਇਨ੍ਹਾਂ ਲੋਕਾਂ ਨੂੰ ਉਠਣ ਨਹੀਂ ਦਿੱਤਾ। ਮੈਂ ਹੁਣੇ ਕਿਹਾ ਸੀ ਕਿ ਇਲਮ ਅਤੇ ਤਾਲੀਮ ਤੇ ਇਨ੍ਹਾਂ ਲਈ ਪਾਬੰਦੀ ਲਾ ਦਿੱਤੀ ਗਈ। ਇਹ ਕਿਹਾ ਗਿਆ ਕਿ ਇਹ ਪੜ੍ਹ ਲਿਖ ਨਹੀਂ ਸਕਦੇ। ਪਰ ਗਿਆਨੀ ਜੀ ਦੀ ਸਰਕਾਰ ਨੇ ਆਊਟ ਆਫ ਦੀ ਵੇ ਜਾ ਕੇ ਫੈਸਲਾ ਕੀਤਾ ਅਤੇ ਹਰੀਜਨਾਂ ਦੇ 1500 ਮੁੰਡਿਆਂ ਨੂੰ ਬੇਸਿਕ ਟਰੇਨਿੰਗ ਦੇ ਕੋਰਸ ਵਿਚ ਦਾਖ਼ਲ ਕਰਵਾਇਆ। ਇਨ੍ਹਾਂ ਸਾਰਿਆਂ ਨੂੰ ਪੜ੍ਹਾ ਲਿਖਾ ਕੇ ਉਸ ਢੰਗ ਦਾ ਬਣਾ ਦਿੱਤਾ। ਜੋ ਗੁਰੂਆਂ ਨੇ ਕਿਹਾ ਸੀ ਉਸਦੇ ਮੁਤਾਬਿਕ ਹੀ ਇਸ ਸਰਕਾਰ ਨੇ ਸਾਰੇ ਦਾ ਸਾਰਾ ਸਿਲਸਿਲਾ ਚਲਾਇਆ ਹੈ ਅਤੇ ਇਨ੍ਹਾਂ ਗਰੀਬਾਂ ਨੂੰ ਉਚਿਆਂ ਕਰਨ ਲਈ ਤਿੰਨ ਕਰੋੜ ਰੁਪਏ ਦਾ ਬਜਟ ਆ ਰਿਹਾ ਹੈ। ਜਿਨ੍ਹਾਂ ਦੇ ਕੋਲ ਮਕਾਨ ਨਹੀਂ ਸੀ, ਲੁਧਿਆਣੇ ਅਤੇ ਮੋਹਾਲੀ ਵਿਚ, ਉਨ੍ਹਾਂ ਨੂੰ ਮਕਾਨ ਦਿੱਤੇ ਹਨ। ਜਿਨ੍ਹਾਂ ਕੋਲ ਮਕਾਨ ਬਣਾਉਣ ਲਈ ਜਗ੍ਹਾ ਨਹੀਂ ਸੀ, ਉਨ੍ਹਾਂ ਨੂੰ ਪਿੰਡਾਂ ਵਿੱਚ ਜਗ੍ਹਾ ਦਿੱਤੀ। ਜਿਨ੍ਹਾਂ ਦੀ ਘੱਟ ਆਮਦਨ ਸੀ ਉਨ੍ਹਾਂ ਨੂੰ ਮਕਾਨ ਬਣਾ ਕੇ ਦਿੱਤੇ ਹਨ। ਇਸ ਤਰ੍ਹਾਂ ਨਿਥਾਵਿਆਂ ਨੂੰ ਥਾਂ ਦਿੱਤੀ ਹੈ। ਇਹ ਫਿਕਰਾ ਗਿਆਨੀ ਜੀ ਦੀ ਸਰਕਾਰ ਨੇ ਹੀ ਪੂਰਾ ਕਰਕੇ ਦਿਖਾਇਆ ਹੈ। ਫਿਰ ਚੇਅਰਮੈਨ ਸਾਹਿਬ, ਕੋਈ ਐਸਾ ਪਿੰਡ ਨਜ਼ਰ ਨਹੀਂ ਆਉਂਦਾ ਜਿਸ ਨੂੰ ਸੜਕ ਨਾ ਜਾਂਦੀ ਹੋਵੇ, ਐਸਾ ਕੋਈ ਪਿੰਡ ਨਹੀਂ ਜਿਸ ਵਿਚ ਬਿਜਲੀ ਨਾ ਪਹੁੰਚੀ ਹੋਵੇ, ਕੋਈ ਐਸਾ ਪਿੰਡ ਨਹੀਂ ਜਿਸ ਵਿਚ ਪ੍ਰਾਇਮਰੀ ਸਕੂਲ ਨਾ ਹੋਵੇ। ਹਰ ਪਿੰਡ ਵਿਚ ਸਕੂਲ ਖੋਲ੍ਹੇ ਹਨ। ਇਹ

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਤ ਰਾਮ]

ਇਸ ਲਈ ਕੀਤਾ ਹੈ ਕਿ ਜਹਾਲਤ ਦੂਰ ਹੋਵੇ । ਇਹ ਕਦਮ ਸਰਕਾਰ ਨੇ ਬੜੇ ਤਕੜੇ ਢੰਗ ਨਾਲ ਚੁਕਿਆ ਹੈ । ਕਿਸੇ ਨੇ ਕਿਹਾ ਹੈ :

"ਬੀ.ਏ. ਚਮਾਰ ਹੋ, ਐਮ.ਏ. ਲੋਹਾਰ ਹੋ,
ਫਿਰ ਮੁਲਕ ਮੇਂ ਦੇਖੀਏ ਕੈਸੀ ਬਹਾਰ ਹੋ"

ਇਸ ਸਰਕਾਰ ਨੇ ਸਾਡੇ ਸੂਬੇ ਵਿਚ ਬਹੁਤ ਇੰਡਸਟਰੀ ਲਾਈ ਹੈ । ਪਹਿਲਾਂ ਕਈ ਸਰਕਾਰਾਂ ਇਸ ਢੰਗ ਦਾ ਰੌਲਾ ਪਾਉਂਦੀਆਂ ਰਹੀਆਂ, ਕਈ ਯਤਨ ਕਰਦੀਆਂ ਰਹੀਆਂ, ਪਰ ਜਹਾਲਤ ਨੂੰ ਤਕੜੇ ਢੰਗ ਨਾਲ ਦੂਰ ਨਾ ਕਰ ਸਕੀਆਂ । ਪੁਰਾਣੇ ਜ਼ਮਾਨੇ ਵਿਚ ਲੋਕ ਕਿਹਾ ਕਰਦੇ ਸਨ ਕਿ ਇਹ ਪੁਰਾਣੀ ਰਵਾਇਤ ਹੈ ਕਿ ਜਿਸ ਘਰ ਦਾਣੇ, ਉਸਦੇ ਕਮਲੇ ਵੀ ਸਿਆਣੇ। ਇਸ ਸਰਕਾਰ ਨੇ ਫੈਸਲਾ ਕਰ ਦਿੱਤਾ ਕਿ ਕਮਲਿਆਂ ਕੋਲ ਕੋਈ ਦਾਣਾ ਨਹੀਂ ਆ ਸਕਦਾ। ਪਹਿਲਾਂ ਪਿੰਡਾਂ ਵਾਲੇ ਵਕੀਲਾਂ ਦੇ ਘਰ ਜਾ ਕੇ ਆਪਣੇ ਸਾਰੇ ਦਾਣੇ ਸੁੱਟ ਆਉਂਦੇ ਸਨ । ਹੁਣ ਸਰਕਾਰ ਨੇ ਲੋਕਾਂ ਨੂੰ ਸਮਝਾ ਦਿੱਤਾ ਹੈ ਕਿ 107/105 ਤੁਹਾਡਾ ਬਣਾਉਣ ਵਾਲਾ ਉਹ ਨਹੀਂ । ਤੁਸੀਂ ਆਪਣੇ ਆਪ ਮਿਹਨਤ ਕਰੋ, ਖੇਤੀ ਬਾੜੀ ਕਰੋ, ਇੰਡਸਟਰੀ ਵਿਚ ਕੰਮ ਕਰੋ, 24 ਘੰਟੇ ਕੰਮ ਕਰਕੇ ਆਪਣੇ ਪੱਧਰ ਨੂੰ ਉੱਚਾ ਕਰੋ । ਪਰ ਇਥੇ ਮੇਰੇ ਦੋਸਤ ਜ਼ਿਮੀਂਦਾਰ ਦੀ ਮਦਦ ਕਰਨ ਦੀਆਂ ਗੱਲਾਂ ਕਰਦੇ ਹਨ । ਜਿਸ ਤਰ੍ਹਾਂ ਪੁਰਾਣੇ ਜ਼ਮਾਨੇ ਵਿਚ ਹਿੰਦੂ ਤੇ ਮੁਸਲਮਾਨ ਕਹਿ ਕੇ ਲੜਾਈ ਕਰਵਾਉਂਦੇ ਰਹੇ । ਗੁਰੂ ਸਾਹਿਬ ਨੇ ਇਸ ਤਰ੍ਹਾਂ ਦਾ ਕੋਈ ਵਿਤਕਰਾ ਨਹੀਂ ਕੀਤਾ । ਅਗਰ ਮੁਸਲਮਾਨਾਂ ਨੂੰ ਇਸ ਢੰਗ ਨਾਲ ਅਸੀਂ ਨਾ ਸਮਝਦੇ ਹੁੰਦੇ ਤਾਂ ਮੇਰਾ ਖ਼ਿਆਲ ਹੈ ਕਿ ਕਦੇ ਵੀ ਸਰੋਵਰ ਦੀ ਨੀਂਹ ਮੀਆਂ ਮੀਰ ਤੋਂ ਨਾ ਰਖਾਈ ਜਾਂਦੀ । ਪਹਿਲਾਂ ਉਨ੍ਹਾਂ ਨੇ ਹਿੰਦੂਆਂ ਤੇ ਮੁਸਲਮਾਨਾਂ ਦੀ ਲੜਾਈ ਕਰਵਾਈ । ਫਿਰ ਜਦੋਂ ਵੰਡ ਪੈ ਗਈ ਤਾਂ ਹਿੰਦੂ ਸਿੱਖਾਂ ਦੀ ਲੜਾਈ ਸ਼ੁਰੂ ਕਰਵਾ ਦਿੱਤੀ । ਲੇਕਿਨ ਜਿਸ ਵੇਲੇ ਇਹ ਚੀਜ਼ ਵੀ ਦੂਰ ਹੋ ਗਈ ਤਾਂ ਇਨ੍ਹਾਂ ਲੋਕਾਂ ਨੇ ਹੋਰ ਢੰਗ ਦੇ ਬੁਰਕੇ ਪਾ ਲਏ । ਹੁਣ ਜੇ ਕਿਸੇ ਅਮੀਰ ਆਦਮੀ ਨੂੰ ਪੁੱਛੋ ਕਿ ਸੇਠ ਸਾਹਿਬ ਕੀ ਕਰਦੇ ਹੋ ਤਾਂ ਉਹ ਜਵਾਬ ਦਿੰਦਾ ਹੈ ਕਿ ਮਜ਼ਦੂਰੀ ਕਰਕੇ ਰੋਟੀ ਕਮਾਉਂਦਾ ਹਾਂ । ਇਸ ਸਰਕਾਰ ਨੇ ਅੱਜ ਮਜ਼ਦੂਰ ਦਾ ਜੁੱਗ ਲਿਆ ਦਿੱਤਾ ਹੈ । ਇਸ ਮਜ਼ਦੂਰ ਦੇ ਜੁੱਗ ਵਿੱਚ ਵੀ ਇਨ੍ਹਾਂ ਨੇ ਹੋਰ ਬੁਰਕਾ ਓੜਨ ਦੀ ਕੋਸ਼ਿਸ਼ ਕੀਤੀ । ਚੇਅਰਮੈਨ ਸਾਹਿਬ, ਤੁਹਾਡਾ ਪਿੰਡ ਮੇਰੇ ਪਿੰਡ ਦੇ ਨਾਲ ਹੀ ਹੈ । ਇਕ ਦਿਨ ਮੈਂ ਜੰਡਿਆਲੇ ਗਿਆ । ਜਦੋਂ ਮੈਂ ਹਰੀਜਨਾਂ ਦੇ ਮੁਹੱਲੇ ਵਿੱਚ ਗਿਆ ਤਾਂ ਲੋਕ ਇਕੱਠੇ ਹੋ ਗਏ। ਸੜਕ ਤਾਂ ਪਿੰਡ ਵਿੱਚ ਸੀ ਪਰ ਹਰੀਜਨਾਂ ਦੇ ਮੁਹੱਲੇ ਨੂੰ ਨਹੀਂ ਸੀ ਗਈ । ਰਸਤਾ ਫਿਰ ਵੀ ਅੱਛਾ ਸੀ, ਥੋੜਾ ਜਿਹਾ ਪਾਣੀ ਲੰਘ ਕੇ ਆਉਣਾ ਪੈਂਦਾ ਸੀ । ਉਥੇ ਇਕ ਬੁਢੀ ਮਾਈ ਸੀ । ਉਸਨੇ ਕਿਹਾ ਕਿ ਚੌਧਰੀ ਜਗਤ ਰਾਮ ਆਇਆ ਹੈ । ਉਸਨੇ ਪੁੱਛਿਆ ਕਿਹੜੇ ਰਸਤੇ ਤੋਂ ਆਇਆ ਹਾਂ ਤਾਂ ਮੈਂ ਜਵਾਬ ਦਿੱਤਾ ਕਿ ਪਾਣੀ ਲੰਘ ਕੇ ਆਇਆ ਹਾਂ । ਮੈਂ ਉਸ ਮਾਈ ਨੂੰ ਕਿਹਾ ਕਿ ਇਹ ਕਰੈਡਿਟ ਗਿਆਨੀ ਜੀ ਦੀ ਸਰਕਾਰ ਨੂੰ ਹੀ ਜਾਂਦਾ ਹੈ ਕਿ ਤੁਹਾਨੂੰ ਇਤਨੇ ਜੋਗਾ ਤਾਂ ਕਰ ਦਿੱਤਾ ਹੈ, ਪਹਿਲਾਂ ਤਾਂ ਕੋਈ ਪੁੱਛਦਾ ਵੀ ਨਹੀਂ ਸੀ । ਗਰੀਬਾਂ ਨੂੰ ਘਰ ਦਿੱਤੇ ਹਨ, ਜ਼ਿੰਦਗੀ ਦੀਆਂ ਜ਼ਰੂਰੀ ਚੀਜ਼ਾਂ ਦਿੱਤੀਆਂ ਹਨ । ਮੇਰੇ ਕਹਿਣ ਦਾ ਭਾਵ ਹੈ ਕਿ ਇਹ ਸਭ ਤੋਂ ਵੱਡੀ ਗੱਲ ਹੋਈ ਹੈ ਜਿਹੜੀ ਗਿਆਨੀ ਜੀ ਦੀ ਸਰਕਾਰ ਨੇ ਕੀਤੀ ਹੈ ਕਿ ਗਰੀਬਾਂ ਨੂੰ ਮਕਾਨ ਬਣਾਉਣ ਲਈ ਜਗ੍ਹਾ ਇਸ ਢੰਗ ਨਾਲ ਦਈਏ ।

Original with;
Punjab Vidhan Sabha
Digitized by;
Panjab Digital Library

ਮੈਨੂੰ ਇਕ ਗੱਲ ਯਾਦ ਆ ਗਈ । 1962 ਵਿੱਚ ਰਾਹੋਂ ਪਿੰਡ ਵਿਚ ਇਕ ਜਲਸੇ ਵਿਚ ਸਵਰਗੀਯ ਸਰਦਾਰ ਪਰਤਾਪ ਸਿੰਘ ਕੈਰੋਂ ਨੂੰ ਐਡਰੈਸ ਪੇਸ਼ ਕੀਤਾ ਗਿਆ ਅਤੇ ਉਨ੍ਹਾਂ ਨੂੰ ਉਸ ਐਡਰੈਸ ਵਿੱਚ ਇਹ ਕਿਹਾ ਗਿਆ ਕਿ ਜਿਹੜਾ ਉਥੇ ਦਰਿਆ ਹੈ, ਉਸ ਵਿਚ ਹੜ੍ਹ ਆਉਣ ਤੇ ਲੋਕਾਂ ਦਾ ਬੜਾ ਨੁਕਸਾਨ ਹੁੰਦਾ ਹੈ; ਉਸ ਦਾ ਕੋਈ ਪ੍ਰਬੰਧ ਕੀਤਾ ਜਾਵੇ । ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਕਿਹਾਂ ਕਿ ਥੋੜਾ ਜਿਹਾ ਰੁਕ ਜਾਵੋ ਅਤੇ ਇਸ ਦਰਿਆ ਨੂੰ ਚੰਗੀ ਤਰ੍ਹਾਂ ਅਤੇ ਇਸ ਤਰ੍ਹਾਂ ਰੋਕਾਂਗੇ ਕਿ ਜਦੋਂ ਹੁਕਮ ਹੋਵੇ ਤਾਂ ਚਲ ਪਵੇ ਅਤੇ ਜਦੋਂ ਹੁਕਮ ਹੋਵੇ ਤਾਂ ਰੁਕ ਜਾਵੇ । ਜਦੋਂ ਉਨ੍ਹਾਂ ਨੂੰ ਪੁਛਿਆਂ ਗਿਆ ਕਿ ਥੋੜਾ ਜਿਹਾ ਰੁਕਣ ਦਾ ਕੀ ਮਤਲਬ ਹੈ ਤਾਂ ਉਨ੍ਹਾਂ ਨੇ ਕਿਹਾ ਕਿ ਮੈਨੂੰ ਇੰਜੀਨੀਅਰਜ਼, ਚੀਫ ਇੰਜੀਨੀਅਰਜ਼, ਪੈਦਾ ਕਰ ਲੈਣ ਦੇਵੋ । ਸੋ ਮੈਂ ਇਹ ਚੀਜ਼ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਸ ਸਰਕਾਰ ਨੇ ਲੋਕਾਂ ਦੀ ਸੋਚ ਬਦਲ ਦਿੱਤੀ, ਤਾਲੀਮ ਘਰ ਘਰ ਵਿੱਚ ਪੁਜਾ ਦਿੱਤੀ । ਚੇਅਰਮੈਨ ਸਾਹਿਬ, ਤੁਹਾਡੇ ਪਿੰਡਾਂ ਵਿਚ ਪਹਿਲਾਂ ਇਕ ਸਕੂਲ ਹੁੰਦਾ ਸੀ, ਹੁਣ ਦੋ ਹੋ ਗਏ ਹਨ, ਇਕ ਬਾਹਰਲੇ ਹਰੀਜਨਾਂ ਦੇ ਮੁਹੱਲੇ ਵਿੱਚ ਹੋਰ ਸਕੂਲ ਖੋਲ ਦਿੱਤਾ ਗਿਆ ਹੈ । ਇਸ ਸਰਕਾਰ ਨੇ ਗਰੀਬਾਂ ਲਈ, ਹਰੀਜਨਾਂ ਲਈ ਬਹੁਤ ਕੁਝ ਕੀਤਾ ਹੈ ਅਤੇ ਉਨ੍ਹਾਂ ਵਿਚ ਤਾਲੀਮ ਫੈਲਾ ਕੇ ਉਨ੍ਹਾਂ ਦੀ ਇਕਤਸਾਦੀ ਹਾਲਤ ਨੂੰ ਬਿਹਤਰ ਬਣਾ ਕੇ, ਉਨ੍ਹਾਂ ਦਾ ਸਿਰ ਉਚਾ ਕੀਤਾ ਹੈ, ਉਨ੍ਹਾਂ ਵਿਚ ਜਾਗ੍ਰਿਤੀ ਲਿਆਂਦੀ ਹੈ ਜਿਨ੍ਹਾਂ ਕੌਮਾਂ ਦਾ ਬਰੇਨ ਤਾਕੜਾ ਹੋਵੇ ਲੋਕ ਤਕੜੇ ਹੋਣ ਉਹੀ ਕੌਮਾਂ ਉਪਰ ਉਠ ਸਕਦੀਆਂ ਹਨ । ਇਸ ਚੀਜ਼ ਲਈ ਗਿਆਨੀ ਜ਼ੈਲ ਸਿੰਘ ਜੀ ਅਤੇ ਉਨ੍ਹਾਂ ਦੀ ਸਰਕਾਰ ਮੁਬਾਰਿਕਬਾਦ ਦੀ ਹੱਕਦਾਰ ਹੈ ਕਿ ਉਨ੍ਹਾਂ ਨੇ ਹਰੀਜਨਾਂ ਅਤੇ ਗਰੀਬਾਂ ਲਈ ਬਹੁਤ ਹੀ ਕੰਮ ਕੀਤੇ ਹਨ ਅਤੇ ਉਨ੍ਹਾਂ ਦੀ ਹਾਲਤ ਨੂੰ ਸੁਧਾਰਿਆ ਹੈ (ਥੰਪਿੰਗ) ਜੇ ਲੀਡਰ ਚੰਗਾ ਨਾ ਮਿਲੇ ਤਾਂ ਕੌਮ ਮਰਦੀ ਹੈ, ਜਿਸ ਘਰ ਦਾ ਆਗੂ ਨਿਕੰਮਾ ਹੋਵੇ ਉਹ ਘਰ ਤਬਾਹ ਹੋ ਜਾਂਦਾ ਹੈ । ਅਗਰ ਸਾਡੇ ਦੇਸ਼ ਦੀ ਰਹਿਨੁਮਾਈ ਕਰਨ ਲਈ ਕਾਬਲ ਬੰਦੇ ਨਾ ਹੁੰਦੇ ਤਾਂ ਸਾਡਾ ਸਿਰ ਦੁਨੀਆਂ ਵਿਚ ਉਚਾ ਨਾ ਹੁੰਦਾ । ਬੜੇ ਬੜੇ ਰਿਸ਼ੀ ਅਤੇ ਅਵਤਾਰ ਵੀ ਇਸ ਗੱਲ ਦੀ ਕੋਸ਼ਿਸ਼ ਕਰਦੇ ਰਹੇ ਕਿ ਸਾਡੇ ਦੇਸ਼ ਦਾ ਸਿਰ ਫ਼ਾਰੇਨ ਕੰਾਰੀਜ਼ ਵਿਚ ਉਚਾ ਰਹੇ । ਪਰ ਜਿਸ ਤਰ੍ਹਾਂ ਦੀ ਲੀਡਰਸ਼ਿਪ ਇਸ ਵੇਲੇ ਹਿੰਦੁਸਤਾਨ ਨੂੰ ਮਿਲੀ ਹੈ, ਉਸ ਨਾਲ ਸਾਡਾ ਸਿਰ ਦੁਨੀਆਂ ਵਿਚ ਹੀ ਉੱਚਾ ਨਹੀਂ ਹੋਇਆ ਬਲਕਿ ਚਾਈਨਾ ਅਤੇ ਅਮਰੀਕਾ ਵੀ ਸਾਡੇ ਸਾਹਮਣੇ ਆਪਣੇ ਸਿਰ ਨੀਵੇਂ ਰੱਖਦੇ ਹਨ । ਇਸ ਕਰਕੇ ਸਾਨੂੰ ਆਪਣੇ ਲੀਡਰਾਂ ਤੇ ਫ਼ੱਖਰ ਹੈ ਅਤੇ ਚੇਅਰਮਨ ਸਾਹਿਬ, ਮੈਂ ਤੁਹਾਡੇ ਰਾਹੀਂ ਆਪਣੀ ਸਰਕਾਰ ਨੂੰ ਮੁਬਾਰਿਕਬਾਦ ਦਿੰਦਾ ਹਾਂ ਅਤੇ ਸਰਕਾਰ ਨੂੰ ਇਹ ਅਰਜ਼ ਕਰਾਂਗਾ ਕਿ ਜਿਸ ਢੰਗ ਨਾਲ ਉਨ੍ਹਾਂ ਨੂੰ ਪਹਿਲਾਂ ਮੁਹਾਲੀ, ਲੁਧਿਆਣਾ, ਜਲੰਧਰ ਵਗੈਰਾ ਵਿਚ ਗਰੀਬ ਲੋਕਾਂ ਨੂੰ ਜਿਨ੍ਹਾਂ ਕੋਲ ਮਕਾਨ ਨਹੀਂ ਸਨ, ਮਕਾਨ ਦਿੱਤੇ ਹਨ, ਅਤੇ ਜਿਵੇਂ ਸਰਕਾਰ ਨੇ 3 ਕਰੋੜ ਰੁਪਿਆ ਲਿਆ ਹੈ ਅਤੇ ਉਸ ਦੇ ਮੁਤਾਬਿਕ ਮਕਾਨ ਬਣਾ ਕੇ ਗਰੀਬਾਂ ਨੂੰ ਦੇ ਰਹੇ ਹਨ, ਉਸ ਦੇ ਨਾਲ ਥੋੜਾ ਜਿਹਾ ਸਰਕਾਰ ਇਹ ਵੀ ਹੰਭਲਾ ਮਾਰੇ ਕਿ ਜੇ ਕੋਈ ਐਸੀ ਗੱਲ ਕਿਤੇ ਰਹਿ ਗਈ ਹੈ ਤਾਂ ਉਥੇ ਵੀ ਪੂਰੀ ਕਰ ਦਿੱਤੀ ਜਾਵੇ ਕਿਉਂਕਿ ਸਰਕਾਰ ਹਮੇਸ਼ਾ ਕੁਝ ਸਰਕਾਰੀ ਕਰਮਚਾਰੀਆਂ ਦੇ ਉਤੇ ਹੁੰਦੀ ਹੈ ਅਤੇ ਕਈ ਜਗ੍ਹਾ ਉਨ੍ਹਾਂ ਦੇ ਸੈਲ ਵੀ ਕਾਇਮ ਹੁੰਦੇ ਹਨ ਅਤੇ ਜਿਸ ਦੇ ਕਾਰਨ ਕਈ ਲੋਕ ਇਹ ਰੌਲਾ ਪਾਉਂਦੇ ਹਨ ਕਿ ਸਰਕਾਰ ਨੇ ਫਲਾਂ ਚੀਜ਼ ਨਹੀਂ ਕੀਤੀ । ਦੁਨੀਆਂ ਵਿਚ ਲੜਾਈ ਝਗੜੇ ਤਾਂ ਹਮੇਸ਼ਾਂ ਚਲਦੇ ਹੀ ਰਹਿੰਦੇ ਹਨ । ਲੇਕਿਨ ਮੈਂ ਇਹ ਕਹਿ ਸਕਦਾ ਹਾਂ ਕਿ ਪਰਾਪੇਗੰਡਾ ਕਰਨਾ ਬਿਲਕੁਲ ਗਲਤ ਹੈ ਕਿ ਸਰਕਾਰ ਨੇ ਕੋਈ ਕਿਸੀ ਗੱਲ ਵਿਚ ਕਮੀਂ ਰੱਖੀ ਹੈ । ਇਸ ਸਰਕਾਰ ਨੇ ਗਰੀਬਾਂ ਲਈ ਬਹੁਤ ਕੁਝ ਕੀਤਾ ਹੈ । ਜਿਵੇਂ ਕਿ ਇਥੇ ਯਸ਼ ਜੀ

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਤ ਰਾਮ]

ਵੀ ਬੈਠੇ ਹਨ ਅਤੇ ਉਹ ਤਾਂ ਮੇਰੇ ਨਾਲੋਂ ਜ਼ਿਆਦਾ ਸਿਆਣੇ ਹਨ ਅਤੇ ਸਵਰਨ ਜਾਤੀਆਂ ਵਿਚੋਂ ਹਨ। ਇਥੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਢੋਰ ਚੋਰ ਸੂਦਰ ਨਾਰੀ ਸਭ ਤਾੜਨ ਦੇ ਅਧਿਕਾਰੀ ਇਸ ਸਰਕਾਰ ਨੇ ਬਿਲਕੁਲ ਇਸ ਤਰ੍ਹਾਂ ਹੀ ਕਰ ਦਿੱਤਾ ਹੈ ਕਿ ਤਾੜਨ ਦਾ ਅਧਿਕਾਰੀ ਨਹੀਂ ਹੈ, ਗਰੀਬ ਆਦਮੀ ਨੂੰ ਕੋਈ ਨਹੀਂ ਤਾੜ ਸਕਦਾ, ਹੁਣ ਉਹ ਜ਼ਮਾਨਾਂ ਖ਼ਤਮ ਹੋ ਗਿਆ। ਇਸ ਸਰਕਾਰ ਨੇ ਹਰ ਵੱਡੇ ਛੋਟੇ ਨੂੰ ਪੂਰੇ ਅਧਿਕਾਰ ਦਿੱਤੇ ਹਨ। ਚੇਅਰਮੈਨ ਸਾਹਿਬ ਮੈਂ ਇਸ ਗੱਲ ਲਈ ਗਿਆਨੀ ਜੀ ਦੀ ਸਰਕਾਰ ਨੂੰ ਮੁਬਾਰਿਕਬਾਦ ਦੇਂਦਾ ਹਾਂ ਜਿਨ੍ਹਾਂ ਨੇ ਉਨ੍ਹਾਂ ਲੋਕਾਂ ਨੂੰ, ਜਿਹੜੇ ਕਿ ਦੇਸ਼ ਦੀਆਂ ਸੜਕਾਂ ਬਣਾਉਂਦੇ ਹਨ, ਰੋੜੀ ਕੁਟਦੇ ਸਨ, ਗ਼ਰੀਬ ਸਨ ਅਤੇ ਜਿਨ੍ਹਾਂ ਨੂੰ ਕਈ ਤਕਲੀਫਾਂ ਦਾ ਸਾਹਮਣਾ ਕਰਨਾ ਪੈਂਦਾ ਸੀ, ਉਨ੍ਹਾਂ ਨੂੰ ਆਈ ਏ. ਐਸ. ਬਣਾ ਦਿੱਤਾ ਹੈ (ਥੰਪਿੰਗ) ਇਸ ਸਾਰੀ ਚੀਜ਼ ਦਾ ਕਰੈਡਿਟ ਇਸ ਸਰਕਾਰ ਨੂੰ ਜਾਂਦਾ ਹੈ ਅਤੇ ਮੇਰੇ ਆਪੋਜ਼ੀਸ਼ਨ ਦੇ ਮਿੱਤਰਾਂ ਤੋਂ ਇਹ ਚੀਜ਼ ਬਰਦਾਸ਼ਤ ਨਹੀਂ ਹੁੰਦੀ ਅਤੇ ਉਨ੍ਹਾਂ ਵਿਚੋਂ ਜਿਹੜੇ ਤਕੜੇ ਜ਼ਿਮੀਦਾਰ ਹਨ ਉਹ ਇਨ੍ਹਾਂ ਗਰੀਬਾਂ ਦੀ ਭਲਾਈ ਨਹੀਂ ਵੇਖ ਸਕਦੇ। ਇਥੇ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਅਟਵਾਲ ਸਾਹਿਬ ਨੇ ਕਿਹਾ ਸੀ ਅਤੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਪਹਿਲਾਂ ਖੂਹਾਂ ਤੇ ਕਿਸ ਤਰ੍ਹਾਂ ਕੰਮ ਕੀਤਾ ਜਾਂਦਾ ਸੀ।

**ਕੁੱਝ ਆਵਾਜ਼ਾਂ** : ਅਟਵਾਲ ਸਾਹਿਬ ਨੇ ਨਹੀਂ ਕਿਹਾ ਸੀ .....।

**ਚੌਧਰੀ ਜਗਤ ਰਾਮ** : ਚੇਅਰਮੈਨ ਸਾਹਿਬ, ਮੈਂ ਇਹ ਅਰਜ਼ ਕਰਨੀ ਹੈ ਕਿ ਜਿਹੜੇ ਪਹਿਲਾਂ ਜ਼ਿਮੀਦਾਰ ਸਨ, ਉਨ੍ਹਾਂ ਨੂੰ ਕਿਸ ਤਰ੍ਹਾਂ ਕੰਮ ਕਰਨਾ ਪੈਂਦਾ ਸੀ, ਖੂਹ ਦੇ ਉਤੇ ਲਉਂ ਚਲਾ ਕੇ ਹੱਥਾਂ ਨਾਲ ਕੰਮ ਕਰਨਾ ਪੈਂਦਾ ਸੀ, ਮੈਂ ਆਪ ਵੀ ਇਸ ਤਰ੍ਹਾਂ ਕਰਦਾ ਰਿਹਾ ਹਾਂ ਪਰ ਇਸ ਵੇਲੇ ਕੀ ਹੈ ਕਿ ਜ਼ਿਮੀਦਾਰਾਂ ਦੇ ਮੁੰਡੇ ਟਰੈਕਟਰ ਚਲਾਉਂਦੇ ਹਨ ਅਤੇ ਬਿਜਲੀ ਦਾ ਬਟਨ ਦਬਾ ਕੇ ਖੂਹ ਦੀ ਮੋਟਰ ਚਲਾਉਂਦੇ ਹਨ। ਪਰ ਮੇਰੇ ਇਹ ਅਪੋਜ਼ੀਸ਼ਨ ਦੇ ਦੋਸਤ ਕਹਿੰਦੇ ਹਨ ਕਿ ਜ਼ਿਮੀਦਾਰ ਲਈ ਇਸ ਸਰਕਾਰ ਨੇ ਕੁਝ ਨਹੀਂ ਕੀਤਾ ਅਤੇ ਕਹਿੰਦੇ ਹਨ ਕਿ ਇਹ ਸਰਕਾਰ ਕਿਸਾਨਾਂ ਦੀ ਮਾਰੂ ਸਰਕਾਰ ਹੈ। ਪਹਿਲਾਂ ਜਿਮੀਦਾਰ ਦੀ ਕੀ ਹਾਲਤ ਸੀ। ਇਕ ਸਾਫ਼ਾ ਬੰਨ੍ਹਿਆ ਹੁੰਦਾ ਸੀ ਅਤੇ ਉਹ ਵੀ ਗੋਡਿਆਂ ਤਕ ਅਤੇ ਸਿਰ ਤੇ ਕੁਝ ਹੁੰਦਾ ਹੀ ਨਹੀਂ ਸੀ। ਇਸ ਵੇਲੇ ਜ਼ਿਮੀਦਾਰਾਂ ਦੀ ਹਾਲਤ ਵਿਚ ਕਿੰਨ੍ਹਾ ਸੁਧਾਰ ਹੋ ਗਿਆ ਹੈ। ਉਸ ਵੇਲੇ ਜ਼ਿਮੀਦਾਰਾਂ ਦਾ ਖੇਤੀ ਵਿੱਚੋਂ ਆਪਣਾ ਗੁਜ਼ਾਰਾ ਨਹੀਂ ਸੀ ਹੁੰਦਾ, ਅਤੇ ਖੇਤਾਂ ਵਿਚ ਬੀਜ ਪਾਉਣ ਦਾ ਖ਼ਰਚ ਵੀ ਪੂਰਾ ਨਹੀਂ ਸੀ ਹੁੰਦਾ, ਪਰ ਹੁਣ ਉਹ ਗੱਲ ਨਹੀਂ ਹੈ ਅਤੇ ਉਨ੍ਹਾਂ ਦੀ ਹਾਲਤ ਪਹਿਲਾਂ ਨਾਲੋਂ ਲੱਖਾਂ ਦਰਜੇ ਚੰਗੀ ਹੋ ਗਈ ਹੈ। ਇਸ ਕਰਕੇ ਇਹ ਚੀਜ਼ ਮਹਿਜ਼ ਪਰਾਪੇਗੰਡੇ ਵਾਸਤੇ ਨਹੀਂ ਕਰਨੀ ਚਾਹੀਦੀ ਕਿ ਇਹ ਸਰਕਾਰ ਕਿਸਾਨਾਂ ਦੀ ਮਾਰੂ ਸਰਕਾਰ ਹੈ ਅਤੇ ਉਨ੍ਹਾਂ ਵਾਸਤੇ ਕੁਝ ਕੀਤਾ ਨਹੀਂ ਗਿਆ। ਇਹ ਬਿਲਕੁਲ ਗਲਤ ਹੈ। ਇਸ ਦੇ ਨਾਲ ਹੀ ਮੈਂ ਸਰਕਾਰ ਨੂੰ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਦਾ ਜ਼ਿਮੀਦਾਰੀ ਦਾ ਮਹਿਕਮਾ ਹੈ, ਉਸ ਨੂੰ ਤਕੜਾ ਕਰਨਾ ਚਾਹੀਦਾ ਹੈ ਤਾਂ ਜੋ ਉਹ ਲੋਕਾਂ ਨੂੰ ਹੋਰ ਵਧੇਰੇ ਇਸ ਪਰਾਪੇਗੰਡੇ ਤੋਂ ਪਰੇ ਰੱਖੇ ਅਤੇ ਲੋਕਾਂ ਨੂੰ ਸਹੀ ਗੱਲ ਦਾ ਪਤਾ ਲੱਗਦਾ ਰਹੇ। ਸਰਕਾਰ ਇਸ ਗੱਲ ਦੀ ਮੁਬਾਰਿਕਬਾਦ ਦੀ ਹੱਕਦਾਰ ਹੈ ਜਿਸ ਨੇ ਕਿ ਗਰੀਬਾਂ ਅਤੇ ਹਰੀਜਨਾਂ ਵਾਸਤੇ, ਕਿਸਾਨਾਂ ਵਾਸਤੇ ਬਹੁਤ ਕੁਝ ਕੀਤਾ ਹੈ। ਇਸ ਸਰਕਾਰ ਨੇ, ਹਿਦੁੰਸਤਾਨ ਦੀ ਸਰਕਾਰ ਨੇ ਦੇਸ਼ ਨੂੰ ਇਕ ਮੰਦਿਰ ਬਣਾ ਦਿੱਤਾ ਹੈ, ਪੰਜਾਬ ਨੂੰ ਇਕ ਮੰਦਿਰ ਬਣਾ ਦਿੱਤਾ ਹੈ ਅਤੇ ਇਸ ਮੰਦਿਰ ਦੀ ਸਰਕਾਰ ਪੂਰੀ ਤਰ੍ਹਾਂ ਹਿਫਾਜ਼ਤ ਕਰ ਰਹੀ ਹੈ। ਚੇਅਰਮੈਨ ਸਾਹਿਬ, ਮੈਂ ਇਥੇ ਇਹ ਕਹਿਣਾ ਚਾਹੁੰਦਾ ਹਾਂ ਕਿ 'ਅਵਲ ਅੱਲਾ ਨੂਰ ਉਪਾਇਆ, ਕੁਦਰਤ ਕੇ **ਸਭ ਬੰਦੇ**' ਚੇਅਰਮਨ ਸਾਹਿਬ, ਇਕ ਮੈਂ ਤੁਹਾਨੂੰ ਆਪਣੇ ਪਿੰਡ ਦੀ ਗੱਲ

Original with;
Punjab Vidhan Sabha
Digitized by;
Panjab Digital Library

ਦਸਦਾ ਹਾਂ । ਉਥੇ ਇਕ ਮੁਸਲਮਾਨ ਸੀ, ਮਾਮ ਦੀਨ, ਉਹ ਫਕੀਰ ਸੀ । ਅਤੇ ਮੰਗਦਾ ਹੁੰਦਾ ਸੀ । ਜਦੋਂ ਪਾਕਿਸਤਾਨ ਬਣਿਆ ਤਾ ਮੈਂ ਉਸ ਨੂੰ ਪੁੱਛਿਆ ਕਿ ਤੂੰ ਪਾਕਿਸਤਾਨ ਕਿਉਂ ਜਾ ਰਿਹਾ ਹੈਂ, ਤੂੰ ਤਾਂ ਇਥੇ ਵੀ ਕਿਸੇ ਦੇ ਘਰ ਵਿਚ ਹੀ ਰਹਿੰਦਾ ਹੈਂ । ਉਹ ਕਹਿਣ ਲੱਗਾ ਕਿ ਸਾਡਾ ਧਰਮ ਇਹੀ ਕਹਿੰਦਾ ਹੈ, ਸਾਡਾ ਮਜ਼ਹਬ ਹੀ ਇਸ ਤਰ੍ਹਾਂ ਕਹਿੰਦਾ ਹੈ । ਜਦੋਂ ਉਹ ਪਕਿਸਤਾਨ ਚਲਿਆ ਗਿਆ ਤਾਂ ਇਕ ਦਫਾ ਮੈਨੂੰ ਉਧਰ ਜਾਣ ਦਾ ਮੌਕਾ ਮਿਲਿਆ ਅਤੇ ਮਾਮ ਦੀਨ ਮੈਨੂੰ ਮਿਲ ਗਿਆ । ਮੈਂ ਉਸ ਨੂੰ ਪੁੱਛਿਆ ਕਿ ਮਾਮ ਦੀਨ ਕਿਸ ਤਰ੍ਹਾਂ ਹਾਲ ਹੈ ਤਾਂ ਉਹ ਕਹਿਣ ਲੱਗਾ ਪਹਿਲੇ ਵਾਲਾ ਹੀ ਹਾਲ ਹੈ, ਉਥੇ ਵੀ ਭੀਖ ਮੰਗਦਾ ਸੀ ਅਤੇ ਇਥੇ ਵੀ ਭੀਖ ਮੰਗਦਾ ਹਾਂ, ਫਰਕ ਸਿਰਫ ਇੰਨਾਂ ਹੈ ਕਿ ਮੇਰੀ ਝੋਲੀ ਉਥੇ ਰਹਿ ਗਈ ਸੀ, ਉਹ ਮੈਨੂੰ ਉਥੇ ਮਿਲ ਗਈ ਹੈ, ਕੰਮ ਮੈਂ ਪਹਿਲਾਂ ਵਾਲਾ ਹੀ ਕਰਦਾ ਹਾਂ । ਬਲਕਿ ਪਾਕਿਸਤਾਨ ਵਿਚ ਤਾਂ ਟੱਟੀਆਂ ਵੀ ਚੁੱਕਣੀਆਂ ਪੈਂਦੀਆਂ ਹਨ । ਸੋ ਗਰੀਬ ਆਦਮੀ ਨੂੰ ਉਚਾ ਚੁੱਕਣਾ ਚਾਹੀਦਾ ਹੈ ਨਾ ਕਿ ਉਸ ਨੂੰ ਹੇਠ ਦਬਾ ਕੇ ਰੱਖਣਾ ਚਾਹੀਦਾ ਹੈ ।

ਚੇਅਰਮੈਨ ਸਾਹਿਬ, ਸਾਡੇ ਪੰਜਾਬ ਵਿਚ ਦੋ ਤਰ੍ਹਾਂ ਦੇ ਇਨਸਾਨ ਹਨ ਇਕ ਅਮੀਰ ਅਤੇ ਦੂਜਾ ਗਰੀਬ । ਜਿਹੜੇ ਲੁਟੇਰੇ ਹਨ ਇਹ ਬਹੁਤ ਘੱਟ ਹਨ । ਇਨ੍ਹਾਂ ਲੁਟੇਰਿਆਂ ਨੂੰ ਕਿਸੇ ਦੀ ਭਲਾਈ ਦਾ ਖਿਆਲ ਨਹੀਂ ਇਹ ਤਾਂ ਬਸ ਖਾਣਾ ਹੀ ਖਾਣਾ ਜਾਣਦੇ ਹਨ । ਸਾਡੇ ਇਨ੍ਹਾਂ ਆਪੋਜ਼ੀਸ਼ਨ ਭਰਾਵਾਂ ਵਿਚ ਕਈ ਅਜਿਹੇ ਗਰੀਬ ਬੈਠੇ ਹਨ ਜਿਹੜੇ ਲੁਟੇਰੇ ਨਹੀਂ ਪਰ ਗਰੀਬ ਹਨ । ਪਰ ਉਹ ਆਪਣੀ ਪਾਰਟੀ ਦੀ ਮਜਬੂਰੀ ਕਰਕੇ ਉਧਰ ਬੈਠੇ ਹਨ । ਇਕ ਦਿਨ ਉਹ ਵੀ ਸਾਡੇ ਨਾਲ ਇੱਥੇ ਆ ਕੇ ਰਲ ਜਾਣਗੇ ।

ਚੇਅਰਮੈਨ ਸਾਹਿਬ, ਇਹ ਸਰਕਾਰ ਗਰੀਬਾਂ ਦੀ ਹਾਮੀ ਹੈ । ਗਰੀਬਾਂ ਦਾ ਹਮੇਸ਼ਾ ਖਿਆਲ ਰੱਖਦੀ ਹੈ । ਕਲ ਜਿਸ ਵੇਲੇ ਸਾਡੇ ਆਪੋਜ਼ੀਸ਼ਨ ਦੇ ਸਾਥੀ ਇਥੋਂ ਵਾਕ ਆਊਟ ਕਰਕੇ ਗਏ ਤਾਂ ਮੈਂ ਬਾਹਰ ਉਨ੍ਹਾਂ, ਨੂੰ ਮਿਲਿਆ । ਮੈਨੂੰ ਬੀਬੀ ਮਿਲੀ ਉਹ ਕਹਿਣ ਲਗੀ ਕਿ ਕੀ ਕਰਾਂ, ਇਨ੍ਹਾਂ ਦੇ ਨਾਲ ਰਲ ਕੇ ਉਥੇ ਤੋਂ ਪਿਟ ਕੇ ਆ ਗਈ ਹਾਂ ਪਰ ਮੈਨੂੰ ਤਾਂ ਤੁਹਾਡੇ ਨਾਲ ਬਿਲਕੁਲ ਹੀ ਕੋਈ ਇਤਰਾਜ਼ ਨਹੀਂ ।

ਚੇਅਰਮੈਨ ਸਾਹਿਬ, ਸਾਡੀ ਗਿਆਨੀ ਜੀ ਦੀ ਸਰਕਾਰ ਹੀ ਇਸ ਗੱਲ ਲਈ ਵਧਾਈ ਦੀ ਪਾਤਰ ਹੈ ਕਿ ਇਸ ਨੇ ਗਰੀਬਾਂ ਨੂੰ ਉਚਾ ਚੁੱਕਣ ਦੀ ਕੋਸ਼ਿਸ਼ ਕੀਤੀ ਹੈ । ਇਸ ਸਰਕਾਰ ਨੇ ਗ਼ਰੀਬਾਂ ਨੂੰ ਸਹੂਲਤਾਂ ਦਿੱਤੀਆਂ ਹਨ । ਇਹ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ੧੦ਵੀਂ ਪਾਤਸ਼ਾਹੀ ਦੇ ਸਿੱਖ ਕਹਾਉਂਦੇ ਹਨ, ਪਰ ਇਨ੍ਹਾਂ ਵਿਚ ਉਹ ਸਿਆਣਪ ਨਹੀਂ । ਇਹ ਤਾਂ ਲੁੱਟਣ ਨੂੰ ਲਗੇ ਹਨ । ਇਸ ਲਈ ਗੁਰੂ ਸਾਹਿਬ ਇਹ ਜਾਣਦੇ ਹਨ ਕਿ ਇਹ ਸਿੱਖ ਸਿਆਣੇ ਨਹੀਂ, ਇਸ ਲਈ ਉਨ੍ਹਾਂ ਨੇ ਇਨ੍ਹਾਂ ਨੂੰ ਕੋਈ ਕੰਮ ਕਰਨ ਲਈ ਨਹੀਂ ਕਿਹਾ । ਚੇਅਰਮੈਨ ਸਾਹਿਬ, ਬਾਪ ਹਮੇਸ਼ਾ ਉਸ ਬੱਚੇ ਨੂੰ ਹੁਕਮ ਕਰਦਾ ਹੈ ਜਿਹੜਾ ਬੱਚਾ ਬੜਾ ਕਾਬਲ ਹੋਵੇ । ਜਿਹੜਾ ਚੰਗੇ ਢੰਗ ਨਾਲ ਕੰਮ ਕਰ ਸਕੇ । ਗਰੀਬਾਂ ਦੀ ਭਲਾਈ ਕਰ ਸਕੇ । ਗੁਰੂ ਗੋਬਿੰਦ ਸਿੰਘ ਜੀ ਨੇ ਗਿਆਨੀ ਜੀ ਨੂੰ ਇਹ ਹੁਕਮ ਦਿੱਤਾ ਕਿ ਇਹ ਮਾਰਗ ਬਣਾਉਣਾ ਹੈ ਕਿਉਂਕਿ ਉਹ ਜਾਣਦੇ ਹਨ ਕਿ ਇਹ ਸੱਚਾ ਸਿੱਖ ਹੈ, ਇਹ ਕਾਬਲ ਸਿੱਖ ਹੈ । ਫਿਰ ਗਿਆਨੀ ਜੀ ਨੇ ਇਹ ਮਾਰਗ ਬਣਾਉਣ ਦਾ ਸੇਹਰਾ ਪ੍ਰਾਪਤ ਕੀਤਾ ।

ਫਿਰ ਗੁਰੂ ਤੇਗ਼ ਬਹਾਦਰ ਜੀ ਦੀ ਤੀਜੀ ਸ਼ਹੀਦੀ ਸ਼ਤਾਬਦੀ ਦਾ ਜਲੂਸ ਬੜੇ ਸ਼ਾਨਦਾਰ ਢੰਗ ਨਾਲ ਕੱਢ ਕੇ ਦਿੱਲੀ ਤਕ ਲਿਜਾਇਆ ਗਿਆ । ਇਸ ਲਈ ਮੈਂ ਇਹ ਕਹਿੰਦਾ ਹਾਂ ਕਿ

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਤ ਰਾਮ]

ਇਹ ਗਿਆਨੀ ਜੀ ਦੀ ਹੀ ਸਰਕਾਰ ਦਾ ਕੰਮ ਸੀ, ਇਸ ਤੋਂ ਪਹਿਲਾਂ ਇਹ (ਆਪੋਜ਼ੀਸ਼ਨ ਬੈਂਚਿਜ਼ ਵਲ ਇਸ਼ਾਰਾ ਕਰਦੇ ਹੋਏ) ਕੁਝ ਵੀ ਨਹੀਂ ਕਰ ਸਕੇ ਸੀ । ਇਸ ਲਈ ਚੇਅਰਮੈਨ ਸਾਹਿਬ ਗੁਰੂ ਉਸੇ ਨੂੰ ਹੁਕਮ ਕਰਦਾ ਹੈ ਜਿਹੜਾ ਉਸ ਦਾ ਕਾਬਲ ਸਿੱਖ ਹੁੰਦਾ ਹੈ ।

ਅੰਤ ਵਿਚ ਚੇਅਰਮੈਨ ਸਾਹਿਬ, ਮੈਂ ਇਸ ਗਿਆਨੀ ਜੀ ਦੀ ਸਰਕਾਰ ਨੂੰ ਫਿਰ ਵਧਾਈ ਦਿੰਦਾ ਹਾਂ ਅਤੇ ਆਪ ਜੀ ਦਾ ਸ਼ੁਕਰ ਗੁਜ਼ਾਰ ਹਾਂ ਕਿ ਆਪ ਨੇ ਮੈਨੂੰ ਬੋਲਣ ਲਈ ਵਕਤ ਦਿੱਤਾ ਹੈ । ਇਸ ਗਿਆਨੀ ਜੀ ਦੀ ਸਰਕਾਰ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਉਹ ਆਪਣੇ ਦੇਸ਼ ਦੇ ਗਰੀਬਾਂ ਦੀ, ਪੰਜਾਬ ਦੇ ਗਰੀਬ ਲੋਕਾਂ ਦੀ ਸਹੀ ਅਰਥਾਂ ਵਿਚ ਭਲਾਈ ਕਰਨ ਵਾਲੀ ਹੈ ਅਤੇ ਇਸ ਨੇ ਪੰਜਾਬ ਨੂੰ ਤਰੱਕੀ ਵਲ ਲੈ ਜਾਣ ਲਈ ਕਦਮ ਚੁੱਕੇ ਹਨ । ਅੰਤ ਵਿਚ ਮੈਂ ਤੁਹਾਡਾ ਫਿਰ ਧੰਨਵਾਦ ਕਰਦਾ ਹਾਂ ।

**ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ. ਸੀ)** : ਚੇਅਰਮੈਨ ਸਾਹਿਬ, ਗਵਰਨਰ ਸਾਹਿਬ ਦਾ ਐਡਰੈਸ ਜੋ ਕਲ ਇਸ ਹਾਊਸ ਵਿਚ ਪੇਸ਼ ਹੋਇਆ ਹੈ ਉਹ ਬਹੁਤ ਹੀ ਖੋਖਲਾ, ਹਕੀਕਤ ਤੋਂ ਉਲਟ ਅਤੇ ਸ਼ੇਖੀ ਭਰਿਆ ਹੈ । ਇਸ ਦੀਆਂ ਉਦਾਹਰਣਾਂ ਸਾਹਮਣੇ ਹਨ । ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਦੇ ਸਫ਼ਾ 15 ਤੇ ਇਹ ਲਿਖਿਆ ਹੈ ਕਿ ਬੇ-ਘਰੇ ਲੋਕਾਂ ਨੂੰ ਪਲਾਟ ਦੇਣ ਲਈ ਪਰਮ ਅਗੇਤ ਕੀਤੀ ਗਈ ਹੈ । ਅਤੇ ਤਿੰਨ ਲੱਖ ਤੋਂ ਵੱਧ ਬੇਘਰੇ ਲੋਕਾਂ ਨੂੰ ਪਲਾਟ 19 ਨਵੰਬਰ, 1975, ਤਕ ਦਿੱਤੇ ਗਏ ਹਨ । ਪਰ ਅਸਲ ਹਕੀਕਤ ਇਸ ਤੋਂ ਉਲਟ ਹੈ ਕਿ ਪਿੰਡਾਂ ਵਿਚ ਜਿੰਨੇ ਵੀ ਬੇਘਰੇ ਲੋਕ ਹਨ ਉਨ੍ਹਾ ਨੂੰ ਜਿਥੇ ਵੀ ਪਲਾਟ ਦਿਤੇ ਗਏ ਹਨ ਉਹ ਟੋਬਿਆਂ ਵਿਚ ਨੀਵੀਂ ਥਾਂ ਤੇ ਦਿੱਤੇ ਗਏ ਹਨ ਜਾਂ ਪਿੰਡ ਤੋਂ ਦੂਰ ਦੂਰ ਪਲਾਟ ਦਿੱਤੇ ਗਏ ਹਨ ਅਤੇ ਬਹੁਤ ਥਾਂਵੇ ਦਿਤੇ ਹੀ ਨਹੀਂ ਹਨ । ਕਲ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਇਹ ਵੀ ਕਿਹਾ ਕਿ ਕਈ ਬੇਘਰੇ ਲੋਕਾਂ ਨੂੰ ਪਲਾਟਾਂ ਤੇ ਕਬਜ਼ੇ ਵੀ ਦਿੱਤੇ ਗਏ ਹਨ । ਪਰ ਮੈਂ ਕਹਿੰਦਾ ਹਾਂ ਕਿ ਅੱਜੇ ਤਕ ਕਬਜ਼ੇ ਜਿਹੜੇ ਹਨ ਉਹ 20% ਲੋਕਾਂ ਨੂੰ ਹੀ ਮਿਲੇ ਹਨ ਬਾਕੀ ਕਿਸੇ ਨੂੰ ਨਹੀਂ ਮਿਲੇ । ਪਲਾਟਾਂ ਵਾਸਤੇ ਜਿਹੜੀਆਂ, ਜ਼ਮੀਨਾਂ ਕਟੀਆਂ ਹਨ ਉਹ ਦੇਹ ਸ਼ਾਮਲਾਤ ਬਚਤਾਂ ਅਤੇ ਟੋਬਿਆਂ ਵਿਚ ਕੱਟੀਆਂ ਹਨ । ਇਸ ਦੀਆਂ ਕੁੱਝ ਮਿਸਾਲਾਂ ਮੈਂ ਇਥੇ ਹਾਊਸ ਵਿਚ ਰਖਣਾ ਚਾਹੁੰਦਾ ਹਾਂ

ਪਿੰਡ ਮਹਿਲ ਖੁਰਦ ਦੇ ਬੇਘਰੇ ਲੋਕਾਂ ਨੂੰ ਮਹਿਲਕਲਾਂ ਤਹਿਸੀਲ ਬਰਨਾਲਾ ਵਿਖੇ ਦੋ ਮੀਲ ਦੂਰ ਪਲਾਟ ਦਿੱਤੇ ਗਏ ਹਨ ਅਤੇ ਉਹ ਸਾਰੇ ਟੋਬਿਆਂ ਵਿਚ ਕੱਟੇ ਗਏ ਹਨ । ਇਸ ਪਿੰਡ ਵਿਚ ਇਥੋਂ ਦੀ ਬਚਤ ਸੀ । ਪਿੰਡ ਬਾਜੇ ਕੇ ਕਲਾਂ ਦੇ ਲੋਕਾਂ ਨੂੰ ਜਿਹੜੀ ਜ਼ਮੀਨ ਹੱਦ ਤੇ ਬਚਤ ਸੀ ਅਤੇ ਬਹੁਤ ਹੀ ਖਰਾਬ ਅਤੇ ਨੀਵੀਂ ਥਾਂ ਤੇ ਸੀ ਉਥੇ ਦਿੱਤੀ ਗਈ ਹੈ ਅਤੇ ਪਿੰਡ ਭੱਠਲਾਂ ਦੇ ਲੋਕਾਂ ਲਈ ਕਬਰਾਂ ਵਿਚ ਪਲਾਟ ਕੱਟੇ ਹਨ । ਪਿੰਡ ਹਮੀਦੀ ਵਿਚ ਵੀ ਪਲਾਟ ਟੋਬਿਆਂ ਵਿਚ ਹੀ ਕੱਟੇ ਗਏ ਹਨ ਇਸੇ ਤਰ੍ਹਾਂ ਸਰਦਾਰ ਉਮਰਾਓ ਸਿੰਘ ਦੇ ਹਲਕੇ ਵਿਚ ਬੜਾ ਪਿੰਡ ਵਿਚ ਜਿਹੜੇ ਪਲਾਟ ਕੱਟੇ ਹਨ ਉਹ ਵੀ ਬਸਤੀ ਤੋਂ ਬਹੁਤ ਦੂਰ ਦੂਰ ਕੱਟੇ ਗਏ ਹਨ । ਉਥੇ ਉਨ੍ਹਾਂ ਬੇਘਰੇ ਲੋਕਾਂ ਨੂੰ ਜਾਣ ਨਾਲ ਬਹੁਤ ਡਿਸਲੋਕੇਸ਼ਨ ਹੋਈ ਹੈ ਮੀਮਸਾ ਤਹਿਸੀਲ ਮਲੇਰਕੋਟਲਾ ਵਿਚ ਸਿਰਫ਼ ਹੁਣ ਤਕ 10 ਪਲਾਟ ਕੱਟੇ ਹਨ ਅਤੇ ਬਾਕੀ ਦਰਖਾਸਤਾਂ ਪੈਂਡਿੰਗ ਪਈਆਂ ਹਨ, ਉਨ੍ਹਾਂ ਤੇ ਹੁਣ ਤਕ ਗੌਰ ਨਹੀਂ ਕੀਤਾ ਗਿਆ । ਇਸੇ ਤਰ੍ਹਾਂ ਸਿਰਫ਼ 20% ਹੀ ਪਲਾਟਾਂ ਤੇ ਹੁਣ ਤਕ ਕਬਜ਼ੇ ਮੁਸ਼ਕਲ ਨਾਲ ਦਿਤੇ ਗਏ ਹਨ ।

Original with;
Punjab Vidhan Sabha
Digitized by;
Panjab Digital Library

ਚੇਅਰਮੈਨ ਸਾਹਿਬ, ਅਲਾਟਮੈਂਟ ਬਾਰੇ ਵੀ ਸਿਰਫ਼ ਕਾਗਜ਼ਾਂ ਵਿਚ ਖਾਨਾਪੂਰੀ ਕੀਤੀ ਗਈ ਹੈ ਅਤੇ ਸ਼ੇਖੀਭਰੀ ਸਪੀਚ ਕੀਤੀ ਗਈ ਹੈ ਪਰ ਅਸਲ ਵਿਚ ਕੁਝ ਵੀ ਨਹੀਂ ਹੋਇਆ। ਬਾਕੀ ਜਿਹੜੇ ਕਾਲੋਨੀਜ਼ ਬਣਾਉਣ ਲਈ ਨੀਂਹ ਪੱਥਰ ਰਖੇ ਸੀ ਉਥੇ ਵੀ ਹਾਲੇ ਤਕ ਕੁਝ ਨਹੀਂ ਕੀਤਾ ਗਿਆ । ਉਹ ਪੱਥਰ ਹੀ ਬਣੇ ਪਏ ਹਨ ਇਸ ਦੀਆਂ ਮੈਂ ਤੁਹਾਨੂੰ ਮਿਸਾਲ ਵੀ ਦੇ ਸਕਦਾ ਹਾਂ । ਜਲੰਧਰ ਜ਼ਿਲ੍ਹੇ ਵਿਚ ਪਿੰਡ ਬੂਲਥਮ ਅਤੇ ਯੋਗਾਵਾਂ ਵਿਚ ਸਾਡੇ ਚੀਫ਼ ਮਨਿਸਟਰ ਸਾਹਿਬ ਨੇ ਕਾਲੋਨੀਜ਼ ਬਣਾਉਣ ਲਈ ਨੀਂਹ ਪੱਥਰ ਰੱਖਿਆ ਸੀ ਪਰ ਹਾਲੇ ਤਕ ਉਥੇ ਕੁਝ ਵੀ ਨਹੀਂ ਕੀਤਾ ਗਿਆ । ਪਾਂਡੇ ਸਾਹਿਬ ਨੇ ਵੀ ਆਪਣੇ ਪਿੰਡ ਸ਼ੰਕਰ ਨੀਂਹ ਪੱਥਰ ਰਖਿਆ ਸੀ ਪਰ ਉਥੇ ਵੀ ਹਾਲੇ ਤਕ ਕੁਝ ਨਹੀਂ ਕੀਤਾ ਗਿਆ । ਪਰ ਕਹਿ ਇਹ ਦਿੰਦੇ ਹਨ ਕਿ ਅਸੀਂ ਬਹੁਤ ਕੰਮ ਕੀਤੇ ਹਨ । ਬਹੁਤ ਸਾਰਿਆਂ ਬੇਘਰੇ ਲੋਕਾਂ ਦੀਆਂ ਅਰਜ਼ੀਆਂ ਜਿਹੜੀਆਂ ਕਿ ਉਨ੍ਹਾਂ ਨੇ ਪਲਾਟਾਂ ਵਾਸਤੇ ਦਿੱਤੀਆਂ ਸਨ ਬਿਨਾ ਕਿਸੇ ਕਾਰਨ ਰਿਜੈਕਟ ਕਰ ਦਿੱਤੀਆਂ ਹਨ ਅਤੇ ਪਲਾਟ ਨਹੀਂ ਦਿਤੇ ਗਏ।

ਚੇਅਰਮੈਨ ਸਾਹਿਬ,ਮੈਂ ਇਹ ਅਰਜ਼ ਕਰਨੀ ਚਾਹੁੰਦਾਂ ਹਾਂ ਕਿ ਇਨ੍ਹਾਂ ਬੇਘਰੇ ਲੋਕਾਂ ਨੂੰ ਜਿਹੜੀ ਰਹਿਣ ਲਈ ਥਾਂ ਦਿੱਤੀ ਜਾ ਰਹੀ ਹੈ ਉਹ ਸਾਫ਼ ਥਾਂ ਦਿਤੀ ਜਾਵੇ, ਪੱਧਰੀ ਥਾਂ ਦਿੱਤੀ ਜਾਵੇ । ਟੋਬਿਆਂ ਵਿਚ ਨੀਵੀਆਂ ਥਾਵਾਂ ਤੇ ਪਲਾਟ ਕੱਟਣ ਨਾਲ ਉਨ੍ਹਾਂ ਬੇਘਰੇ ਲੋਕਾਂ ਨੂੰ ਬੜੀ ਮੁਸ਼ਕਲ ਹੁੰਦੀ ਹੈ ਅਤੇ ਬਸਤੀਆਂ ਦੇ ਨੇੜੇ ਥਾਂ ਦਿਤੀ ਜਾਵੇ, ਤੇ ਜੇ ਸ਼ਾਮਲਾਤ ਨਹੀਂ ਤਾਂ ਵੱਡੇ ਕਿਸਾਨ ਦੀ ਜ਼ਮੀਨ ਲੈ ਕੇ ਦਿੱਤੀ ਜਾਵੇ ।

ਫਿਰ ਚੇਅਰਮੈਨ ਸਾਹਿਬ, ਕਲ੍ਹ ਗਵਰਨਰ ਸਾਹਿਬ ਨੇ ਇਥੇ ਕਰਜ਼ਿਆਂ ਬਾਰੇ ਵੀ ਕਿਹਾ ਸੀ । ਠੀਕ ਹੈ ਕਿ ਸਰਕਾਰ ਨੇ ਕਿਸਾਨ ਦੇ ਕਰਜ਼ੇ ਮਾਫ਼ ਕਰ ਦਿਤੇ ਹਨ ਅਤੇ ਦੋ ਸਾਲਾਂ ਲਈ ਰਿਕਵਰੀ ਪੋਸਟਪੋਨ ਕਰ ਦਿੱਤੀ ਹੈ ਪਰ ਇਸ ਦੇ ਨਾਲ ਸਾਡੀ ਸਰਕਾਰ ਨੇ ਉਨ੍ਹਾਂ ਨੂੰ ਕਰਜ਼ੇ ਦੇਣ ਲਈ ਕੋਈ ਸਹੂਲਤ ਨਹੀਂ ਦਿੱਤੀ । ਅੱਜ ਗਰੀਬ ਲੋਕਾਂ ਅਤੇ ਗਰੀਬ ਕਿਸਾਨਾਂ ਪਾਸ ਕੋਈ ਪੈਸਾ ਨਹੀਂ । ਅਤੇ ਉਨ੍ਹਾਂ ਦੇ ਕਾਰੋਬਾਰ ਵੀ ਬੰਦ ਹੋ ਗਏ ਹਨ । ਇਸ ਲਈ ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਪਿੰਡਾਂ ਵਿਚ ਜਿਹੜੇ ਗਰੀਬ ਲੋਕ ਰਹਿੰਦੇ ਹਨ ਉਨ੍ਹਾਂ ਦੇ ਲਈ ਕਰਜ਼ਿਆਂ ਲਈ ਜ਼ਰੂਰ ਪ੍ਰਬੰਧ ਕੀਤਾ ਜਾਵੇ । ਪਿੰਡਾਂ ਵਿਚ ਕੋਆਪਰੇਟਿਵ ਬੈਂਕ ਖੋਲ੍ਹਣੇ ਚਾਹੀਦੇ ਹਨ ਜਿਥੋਂ ਕਿ ਸਾਡੇ ਗਰੀਬ ਕਿਸਾਨਾਂ ਨੂੰ ਕਰਜ਼ੇ ਮਿਲ ਸਕਣ । ਇਸ ਨਾਲ ਉਨ੍ਹਾਂ ਨੂੰ ਬਹੁਤ ਸਹੂਲਤ ਮਿਲੇਗੀ ਅਤੇ ਉਹ ਆਪਣਾ ਗੁਜ਼ਾਰਾ ਚੰਗੀ ਤਰ੍ਹਾਂ ਕਰ ਸਕਣਗੇ । ਸਰਕਾਰੀ ਕਰਜ਼ੇ ਵੀ ਮੁਆਫ਼ ਕਰਨੇ ਚਾਹੀਦੇ ਹਨ ।

ਚੇਅਰਮੈਨ ਸਾਹਿਬ, ਹੁਣ ਮੈਂ ਕੁਝ ਜ਼ਮੀਨ ਸੁਧਾਰ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ । ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚ ਜ਼ਮੀਨੀ ਸੁਧਾਰ ਬਾਰੇ ਇਕ ਲਫ਼ਜ਼ ਵੀ ਨਹੀਂ ਕਿਹਾ । ਮੈਂ ਇਸ ਐਡਰੈਸ ਨੂੰ ਚੰਗੀ ਤਰ੍ਹਾਂ ਪੜ੍ਹਿਆ ਹੈ । ਮੈਂ ਜ਼ਮੀਨਾਂ ਦੇ ਬਾਰੇ ਨਾ ਵੇਖ ਕੇ ਬੜਾ ਹੈਰਾਨ ਹੋਇਆ ਹਾਲਾਂਕਿ ਜਿਹੜਾ 20 ਪੁਆਇੰਟ ਪ੍ਰੋਗਰਾਮ ਹੈ ਉਸ ਦੇ ਵਿਚ ਜ਼ਮੀਨੀ ਸੁਧਾਰ ਪ੍ਰੋਗਰਾਮ ਮੁੱਖ ਹਿੱਸਾ ਹੈ । ਜ਼ਮੀਨੀ ਸੁਧਾਰ ਬਾਰੇ ਚੀਫ਼ ਮਨਿਸਟਰ ਨੇ 18 ਦਸੰਬਰ, 1975 ਨੂੰ ਇਕ ਪ੍ਰੈਸ ਕਾਨਫਰੈਂਸ ਵਿਚ ਸੰਬੋਧਨ ਕਰਦੇ ਹੋਏ ਕਿਹਾ ਕਿ ਪੈਪਸੂ ਅਤੇ ਪੰਜਾਬ ਦੀ ਜਿਹੜੀ ਜ਼ਮੀਨ ਨਿਕਲਦੀ ਸੀ ਉਹ ਸਾਰੀ ਵੰਡੀ ਜਾ ਚੁੱਕੀ ਹੈ ਤੇ ਹੁਣ ਕੋਈ ਮਸਲਾ ਨਹੀਂ ਹੈ । ਪਰ ਅਸਲ ਪੁਜ਼ੀਸ਼ਨ ਇਹ ਨਹੀਂ ਹੈ । ਇਹ ਤਾਂ ਸਿਰਫ ਖਾਨਾ ਪੂਰੀ ਹੀ ਕੀਤੀ ਗਈ ਹੈ । ਇਸ ਲਈ ਮੈਂ ਪੰਜਾਬ ਸਰਕਾਰ ਨੂੰ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿੰਨੀਆਂ

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿਘ]

ਵੀ ਫਾਲਤੂ ਜ਼ਮੀਨਾਂ ਇਕ ਜਾਗੀਰਦਾਰ ਕੋਲ ਚਾਰ ਸੂਬਿਆਂ ਵਿਚ ਹਨ ਉਹ ਖੋਹ ਕੇ ਸਾਰੀਆਂ ਹੀ ਗਰੀਬਾਂ ਦੇ ਵਿਚ ਵੰਡ ਦੇਣੀਆਂ ਚਾਹੀਦੀਆਂ ਹਨ ਤਾਂਕਿ ਉਹ ਗਰੀਬ ਲੋਕ ਵੀ ਉਸ ਤੇ ਆਪਣਾ ਕੰਮ ਕਰ ਸਕਣ ।

ਫਿਰ ਇਕ ਗਲ ਮੈਂ, ਚੇਅਰਮੈਨ ਸਾਹਿਬ, ਨਕਾਸੀ ਜ਼ਮੀਨਾਂ ਬਾਰੇ ਵੀ ਕਰਨੀ ਚਾਹੁੰਦਾ ਹਾਂ। ਪਿੰਡਾਂ ਵਿਚ ਜਿਹੜੀ ਨਾਕਸ ਜ਼ਮੀਨ ਤੇ ਬੰਜਰ ਜ਼ਮੀਨ ਪਈ ਸੀ ਉਹ ਗਰੀਬ ਮੁਜ਼ਾਰੇ ਲੋਕਾਂ ਨੇ, ਹਰੀਜਨਾਂ ਨੇ ਬੜੀ ਮਿਹਨਤ ਨਾਲ ਕੰਮ ਕਰਨ ਜੋਗ ਬਣਾਈ ਸੀ । ਪਰ ਹੁਣ ਕਾਂਗਰਸ ਸਰਕਾਰ ਉਨ੍ਹਾਂ ਦੀ ਬੋਲੀ ਦੇ ਕੇ ਬਹੁਤ ਮਹਿੰਗੇ ਭਾ ਤੇ ਵੇਚ ਰਹੀ ਹੈ । ਬੋਲੀ ਨਾਲ ਤਕੜਾ ਜ਼ਮੀਨ ਖਰੀਦ ਲੈਂਦਾ ਹੈ । ਬੋਲੀ ਬੰਦ ਕਰਨੀ ਚਾਹੀਦੀ ਹੈ ਕਿ ਇਸ ਤਰ੍ਹਾਂ ਗਰੀਬਾਂ ਨੂੰ ਇਹ ਜ਼ਮੀਨ ਨਹੀਂ ਮਿਲ ਸਕਦੀ । ਮੈਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਬੇ-ਜ਼ਮੀਨੇ ਗਰੀਬਾਂ ਦੇ ਇਕ ਇਕ ਪਰਿਵਾਰ ਨੂੰ 5,5 ਏਕੜ ਜ਼ਮੀਨ ਅਲਾਟ ਕਰਨੀ ਚਾਹੀਦੀ ਹੈ। ਤਾਂ ਕਿ ਕੋਈ ਵੀ ਹਰੀਜਨ ਗਰੀਬ ਮੁਜ਼ਾਰਾ, ਖੇਤ-ਮਜ਼ਦੂਰ, ਜ਼ਮੀਨ ਤੋਂ ਬਿਨਾ ਨਾ ਰਹਿ ਜਾਵੇ। ਅਗੇ ਉਜਰਤਾਂ ਦੀ ਗਲ ਹੈ। ਇਸ ਬਾਰੇ ਬੜੇ ਹੀ ਦਮਗਜੇ ਮਾਰੇ ਸੀ ਕਿ ਅਸੀਂ 7 ਰੁਪਏ 65 ਪੈਸੇ ਦਿਹਾੜੀ ਕਰ ਦਿੱਤੀ ਹੈ ਪਰ ਅਫਸੋਸ ਹੈ ਕਿ ਕਈ ਥਾਂਈ ਪਿੰਡਾਂ ਵਿਚ ਵੀ 7.65 ਰੁਪਏ ਨਹੀਂ ਮਿਲਦੇ । ਕਈ ਪਿੰਡਾਂ ਵਿਚ ਤਾਂ ਚਾਰ ਚਾਰ ਰੁਪਏ ਤਕ ਉਜਰਤ ਦਿਤੀ ਜਾਂਦੀ ਹੈ । ਹਾਲਾਂਕਿ ਸਰਕਾਰ ਕਹਿੰਦੀ ਹੈ ਕਿ 7.65 ਰੁਪਏ ਉਜਰਤ ਕਰ ਦਿਤੀ ਹੈ । ਇਹ ਸਰਕਾਰ ਤਾਂ ਆਪ ਹੀ ਇਸ ਗਲ ਤੇ ਅਮਲ ਨਹੀਂ ਕਰਦੀ । ਤੁਸੀਂ ਵੇਖ ਲਵੋ, ਚੇਅਰਮੈਨ ਸਾਹਿਬ, ਸੜਕਾਂ ਤੇ ਇਹ ਕੀ ਕਰਦੇ ਹਨ । ਵਰਕ-ਚਾਰਜ ਜਿਹੜੇ ਲਗੇ ਹੋਏ ਹਨ ਉਥੇ ਸਰਕਾਰ ਚਾਰ ਰੁਪਏ ਦਿਹਾੜੀ ਦਿੰਦੀ ਹੈ । ਇਹ ਸਰਕਾਰ ਤਾਂ ਆਪ ਹੀ ਆਪਣੇ ਫੈਸਲੇ ਤੇ ਅਮਲ ਨਹੀਂ ਕਰਦੀ । ਇਹ ਕਿੱਡਾ ਵੱਡਾ ਫਰਾਡ ਹੈ । ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਆਪਣਾ ਨਿਸ਼ਚਿਤ ਕੀਤਾ ਹੋਇਆ ਰੇਟ 7.65 ਇਨ੍ਹਾਂ ਵਰਕਚਾਰਜ਼ ਵਰਕਰਾਂ ਨੂੰ ਦੇਣ । ਇਹ ਉਜਰਤ ਵਧਾਉਣ ਵਾਲਾ ਕਿੱਸਾ ਵੀ ਇਕ ਫਰਾਡ ਸਿੱਧ ਹੋਇਆ ਹੈ ਔਰ ਇਹ ਲੋਕਾਂ ਨਾਲ ਫਰਾਡ ਕਰ ਰਹੇ ਹਨ ।

ਇਸ ਤਰ੍ਹਾਂ ਹੀ ਕਿਸਾਨਾਂ ਬਾਰੇ ਹੈ । ਇਸ ਐਡਰੈਸ ਵਿਚ ਲਿਖਿਆ ਹੋਇਆ ਹੈ ਕਿ ਇਤਨੇ ਟਿਊਬਵੈਲਾਂ ਨੂੰ ਕੁਨੈਕਸ਼ਨ ਦੇ ਦਿੱਤੇ ਗਏ ਤਾਂ ਲੋਕ ਖੁਸ਼ਹਾਲ ਹੋ ਜਾਣਗੇ ਪਰ ਅਫਸੋਸ ਦੀ ਗਲ ਹੈ ਕਿ 8 ਰੁਪਏ ਪਾਵਰ ਤੋਂ 12 ਰੁਪਏ ਫੀ ਪਾਵਰ ਕਰ ਦਿੱਤਾ ਸੀ । ਹੁਣ ਪੰਜ ਹਾਰਸ ਪਾਵਰ ਦੇ ਕੁਨੈਕਸ਼ਨ ਲਈ 95 ਰੁਪਏ ਰੇਟ ਹੋ ਗਿਆ ਹੈ । ਇਸ ਤਰ੍ਹਾਂ ਇਨ੍ਹਾਂ ਨੇ ਕਿਸਾਨ ਦਾ ਨੱਕ ਵਿਚ ਦਮ ਕਰ ਦਿਤਾ ਹੈ । ਇਹ ਵਧਾਇਆ ਰੇਟ ਇਨ੍ਹਾਂ ਨੂੰ ਤੁਰੰਤ ਵਾਪਸ ਲੈਣਾ ਚਾਹੀਦਾ ਹੈ ਤਾਂ ਕਿ ਗਰੀਬ ਕਿਸਾਨ ਆਪਣੇ ਪਰਿਵਾਰ ਦਾ ਗੁਜ਼ਾਰਾ ਚੰਗੀ ਤਰ੍ਹਾਂ ਚਲਾ ਸਕੇ । ਇਸ ਪਾਸੇ ਵਲ ਖਾਸ ਧਿਆਨ ਸਰਕਾਰ ਨੂੰ ਦੇਣਾ ਚਾਹੀਦਾ ਹੈ ਨਹੀਂ ਤਾਂ ਕਾਗਜ਼ਾਂ ਵਿਚ ਤਾਂ ਬਹੁਤ ਕੁਝ ਹੈ । ਇਹ ਬੜਾ ਹੀ ਫਰਾਡ ਕੀਤਾ ਜਾ ਰਿਹਾ ਹੈ । ਕਿਸਾਨਾਂ ਦਾ ਕੁਝ ਨਹੀਂ ਬਣਿਆ।

ਇਨ੍ਹਾਂ ਨੇ ਕਿਹਾ ਹੈ ਕਿ ਗੰਨੇ ਦਾ ਭਾਅ 14 ਰੁਪਏ 35 ਪੈਸੇ ਕਰ ਦਿੱਤਾ ਹੈ । ਇਸ ਤਰ੍ਹਾਂ ਨਾਲ, ਚੇਅਰਮੈਨ ਸਾਹਿਬ, ਕਿਸਾਨਾਂ ਦੀ ਛਿੱਲ ਲਾਹੀ ਜਾਂਦੀ ਹੈ । ਧੂਰੀ ਤੇ ਫਗਵਾੜੇ ਤਾਂ ਰੇਟ ਹੋਰ ਵੀ ਘੱਟ ਦਿੱਤਾ ਜਾਂਦਾ ਹੈ । ਧੂਰੀ ਵਿਚ ਤਾਂ ਉਨ੍ਹਾਂ ਨੇ ਇਕ ਗੱਡੇ ਗੰਨੇ ਦਾ 200 ਰੁਪਏ, ਟਰਾਲੀ ਦਾ 500 ਰੁਪਏ ਤੇ ਠੇਲੇ ਨਾਲ ਲਿਆਵੇ ਤਾਂ 800 ਰੁਪਏ ਦਿੰਦੇ ਹਨ

Original with;
Punjab Vidhan Sabha
Digitized by;
Panjab Digital Library

ਅਤੇ ਕਹਿੰਦੇ ਹਨ ਕਿ ਭਾਅ ਦਾ ਕੋਈ ਪਤਾ ਨਹੀਂ ਹੈ । ਮੈਂ ਸਰਕਾਰ ਨੂੰ ਕਹਾਂਗਾ ਕਿ ਪ੍ਰਾਈਵੇਟ ਮਿੱਲਾਂ ਜਿਹੜੀਆਂ ਹਨ ਜਿਸ ਤਰ੍ਹਾਂ ਕਿ ਧੂਰੀ ਦੀ ਮਿਲ ਹੈ ਉਥੇ ਵੀ 14.35 ਰੁਪਏ ਰੇਟ ਨਾਲ ਪੈਸੇ ਕਿਸਾਨਾਂ ਨੂੰ ਦੇਣੇ ਚਾਹੀਦੇ ਹਨ । ਪਿਛਲੇ ਸਾਲ ਫਗਵਾੜੇ ਵਿਚ ਕਿਸਾਨਾਂ ਨੇ ਆਪਣੇ ਜ਼ੋਰ ਨਾਲ ਜ਼ਿਆਦਾ ਰੇਟ ਲਿਆ ਸੀ ਪਰ ਹੁਣ ਐਮਰਜੈਂਸੀ ਹੈ, ਹੁਣ ਉਹ ਵਿਚਾਰੇ ਬੋਲ ਨਹੀਂ ਸਕਦੇ । ਇਸ ਕਰਕੇ ਉਨ੍ਹਾਂ ਨੂੰ ਦਬਾਇਆ ਜਾਂਦਾ ਹੈ ਇਸ ਲਈ ਮੈਂ ਸਰਕਾਰ ਨੂੰ ਅਪੀਲ ਕਰਾਂਗਾ ਕਿ 14.35 ਰੁਪਏ ਕਿਸਾਨਾਂ ਨੂੰ ਜ਼ਰੂਰ ਦਿਵਾਉਣ ।

ਹੁਣ ਮੈਂ ਆਲੂਆਂ ਅਤੇ ਨਰਮੇਂ ਦੇ ਭਾਅ ਬਾਰੇ ਕਹਾਂਗਾ । ਲੋਕਾਂ ਦੀ ਆਲੂਆਂ ਦੀ ਫਸਲ ਤਬਾਹ ਹੋ ਰਹੀ ਹੈ । ਨਰਮੇ ਦਾ ਵੀ ਭਾਅ ਡਾਊਨ ਹੈ। ਇਸ ਲਈ ਵੱਧ ਭਾਅ ਦਿਤੇ ਜਾਣ ਤਾਂਕਿ ਕਿਸਾਨ ਆਪਣੀਆਂ ਲੋੜਾਂ ਨੂੰ ਪੂਰਾ ਕਰ ਸਕੇ ।

ਮੁਲਾਜ਼ਮਾਂ ਬਾਰੇ ਗਿਆਨੀ ਜੀ ਨੇ ਐਲਾਨ ਕੀਤਾ ਕਿ ਮੁਲਾਜ਼ਮਾਂ ਨੂੰ ਦੋ ਕਿਸ਼ਤਾਂ ਮਾਰਚ 1976 ਤੋਂ ਦਿੱਤੀਆਂ ਜਾਣਗੀਆਂ । ਬੜੇ ਦੁੱਖ ਦੀ ਗੱਲ ਹੈ ਕਿ ਸੈਂਟਰਲ ਪੈਟਰਨ ਤੇ ਡੀ.ਏ. ਸੰਨ 1967 ਦਾ ਲਿੰਕ ਹੋਇਆ ਹੋਇਆ ਹੈ । ਇਨ੍ਹਾਂ ਨੂੰ ਚਾਹੀਦਾ ਸੀ ਕਿ ਜਦੋਂ ਵੀ ਸੈਂਟਰ ਨੇ ਐਲਾਨ ਕੀਤਾ ਸੀ ਇਨ੍ਹਾਂ ਨੂੰ ਵੀ ਕਰਨਾ ਚਾਹੀਦਾ ਸੀ ਇਹ ਹੁਣ ਉਨ੍ਹਾਂ ਦੇ ਡੀ.ਏ. ਦੀਆਂ ਤਿੰਨ ਕਿਸ਼ਤਾਂ ਖਾ ਗਏ ਹਨ । ਇਸ ਲਈ ਮੈਂ ਸਰਕਾਰ ਨੂੰ ਕਹਾਂਗਾ ਕਿ ਜਿਹੜੀਆਂ ਇਹ ਤਿੰਨ ਕਿਸ਼ਤਾਂ ਰਹਿੰਦੀਆਂ ਹਨ, ਮਹਿੰਗਾਈ ਦੇ ਵਾਧੇ ਨੂੰ ਵੇਖ ਕੇ ਇਹ ਬਾਕੀ ਦੀਆਂ ਕਿਸ਼ਤਾਂ ਦਾ ਵੀ ਐਲਾਨ ਕਰਨ । ਜਿਹੜੇ ਪੈਸੇ ਉਨ੍ਹਾਂ ਦੇ ਬਣਦੇ ਹਨ, ਉਹ ਉਨ੍ਹਾਂ ਨੂੰ ਦਿੱਤੇ ਜਾਣ । ਇਹ ਮੈਂ ਮੰਗ ਕਰਦਾ ਹਾਂ।

ਫਿਰ ਬੋਨਸ ਬਾਰੇ ਮੈਂ ਕਹਾਂਗਾ ਕਿ ਹੁਣ ਇਨ੍ਹਾਂ ਦੀ ਸੈਂਟਰ ਸਰਕਾਰ ਨੇ ਉਹ ਬੰਦ ਕਰ ਦਿਤਾ ਹੈ । ਇਹ ਮਜ਼ਦੂਰ ਮੁਲਾਜ਼ਮਾਂ ਤੇ ਬੜੀ ਵੱਡੀ ਸੱਟ ਹੈ । 8.33% ਬੋਨਸ ਮਜ਼ਦੂਰਾਂ ਨੂੰ ਮਿਲਦਾ ਸੀ, ਉਹ ਬੰਦ ਕਰ ਦਿਤਾ ਹੈ । ਇਹ ਸੱਭ ਤੋਂ ਵੱਡਾ ਮਾਰੂ ਹਮਲਾ ਹੈ । ਇਸ ਲਈ ਮੈਂ ਮੰਗ ਕਰਦਾ ਹਾਂ ਕਿ ਸਾਰੇ ਮੁਲਾਜ਼ਮਾਂ ਨੂੰ 8.33% ਬੋਨਸ ਸਿਸਟਮ ਜਾਰੀ ਕਰਕੇ ਉਨ੍ਹਾਂ ਨੂੰ ਦਿਤਾ ਜਾਵੇ ।

ਹੁਣ ਡਿਪੂਆਂ ਦੀ ਗਲ ਲੈ ਲਓ । ਦਮਗਜ਼ੇ ਬੜੇ ਮਾਰੇ ਗਏ ਹਨ ਕਿ ਡਿਪੂ ਬੜੇ ਖੋਲ੍ਹ ਦਿਤੇ ਗਏ ਹਨ । ਲਿਖਿਆ ਹੈ ਕਿ 12,7999 ਡਿਪੂ ਖੋਲ੍ਹੇ ਹਨ ਔਰ ਲੋਕ ਬੜੇ ਹੀ ਸੁਖੀ ਹਨ । ਇਹ ਇਨ੍ਹਾਂ ਨੇ ਸ਼ੇਖ਼ੀ ਮਾਰੀ ਹੈ । ਪਰ ਹੈ ਇਸ ਦੇ ਉਲਟ । ਕਿਸੇ ਪਿੰਡ ਵਿਚ ਵੀ ਡਿਪੂ ਨਹੀਂ ਖੋਲ੍ਹਿਆ । ਪਿੰਡਾਂ ਵਿਚ ਕੋਆਪ੍ਰੇਟਿਵ ਸੋਸਾਇਟੀਆਂ ਹਨ, ਉਥੇ ਕੋਆਪ੍ਰੇਟਿਵ ਸੋਸਾਇਟੀਆਂ ਵਿਚ ਸਿਰਫ ਚੀਨੀ ਹੀ ਆਉਂਦੀ ਹੈ, ਨਾ ਤੇਲ ਤੇ ਨਾ ਕਪੜਾ ਆਉਂਦਾ ਹੈ । ਮੇਰੇ ਹਲਕੇ ਵਿਚ ਹੀ ਵੇਖ ਲਵੋ । ਮੇਰਾ ਹਲਕਾ ਸ਼ੇਰਪੁਰ ਹੈ । ਉਥੇ ਕਿਸੇ ਵੀ ਪਿੰਡਾਂ ਵਿਚ ਸਰਦਾਰ ਗੁਰਦਰਸ਼ਨ ਸਿੰਘ ਜੀ, ਡਿਪੂ ਨਹੀਂ ਹੈ । ਇਸ ਲਈ ਮੈਂ ਮੰਗ ਕਰਦਾ ਹਾਂ ਕਿ ਗਰੀਬਾਂ ਨੂੰ ਹੋਰ ਸਸਤੀਆਂ ਚੀਜ਼ਾਂ ਜਿਸ ਤਰ੍ਹਾਂ ਕਿ ਚੌਲ ਹੈ, ਮਿੱਟੀ ਦਾ ਤੇਲ ਜਾਂ ਦਾਲਾਂ ਹਨ ਉਨ੍ਹਾਂ ਨੂੰ ਸਸਤੇ ਭਾਅ ਤੇ ਦੇਣ ਵਾਸਤੇ ਪਿੰਡ ਪਿੰਡ ਦੇ ਵਿਚ ਡਿਪੂ ਖੋਲ੍ਹੇ ਜਾਣ ਤਾਂਕਿ ਗਰੀਬ ਆਪਣੀ ਹਾਲਤ ਨੂੰ ਹੋਰ ਬੇਹਤਰ ਕਰ ਸਕਣ । ਇਹ ਮੈਂ ਮੰਗ ਕਰਦਾ ਹਾਂ । ਅੱਜ ਕੀ ਹੁੰਦਾ ਹੈ ਕਿ ਇਨ੍ਹਾਂ ਦੇ ਆਪਣੇ ਸ਼ਹਿਰੀ ਡਿਪੂਆਂ ਤੇ ਹੀ 1.37 ਰੁਪਏ ਕਿਲੋ ਆਟਾ ਮਿਲਦਾ । ਮੈਂ ਇਹ ਮੰਗ ਕਰਦਾ ਹਾਂ ਕਿ ਆਟੇ ਦੀ ਬਜਾਏ ਕਣਕ ਦਿੱਤੀ ਜਾਣੀ ਚਾਹੀਦੀ ਹੈ । (ਵਿਘਨ) ਤਾਂਕਿ ਲੋਕ ਆਪਣੀ ਸਿਹਤ ਨੂੰ ਬਰਕਰਾਰ ਰੱਖ ਸਕਣ । ਆਟਾ ਮਿਲਾਵਟ ਵਾਲਾ ਮਿਲਦਾ ਹੈ ।

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਇਨ੍ਹਾਂ ਨੇ ਕਿਹਾ ਹੈ ਕਿ ਐਮਰਜੈਂਸੀ ਨਾਲ ਕੰਮ ਜਲਦੀ ਵੱਧ ਹੋਣ ਲਗ ਪਿਆ । ਪਰ ਅਸਲ ਗਲ ਇਹ ਹੈ ਕਿ ਐਮਰਜੈਂਸੀ ਦੇ ਦੌਰਾਨ ਮਿਲ-ਮਾਲਕਾਂ ਨੇ ਆਪਣੀਆਂ ਫੈਕਟਰੀਆਂ ਬੰਦ ਕਰ ਦਿੱਤੀਆਂ ਹਨ । ਕਾਮਿਆਂ ਦੀਆਂ ਛਾਂਟੀਆਂ ਕਰ ਦਿੱਤੀਆਂ ਹਨ । ਅੰਮ੍ਰਿਤਸਰ, ਲੁਧਿਆਣਾ, ਅਬੋਹਰ ਵਿਚ ਅਤੇ ਹੋਰ ਕਈਆਂ ਸ਼ਹਿਰਾਂ ਵਿਚ ਇਸ ਤਰ੍ਹਾਂ ਹੋਇਆ ਹੈ । ਬਹੁਤ ਸਾਰੇ ਮਜ਼ਦੂਰਾਂ ਦੀ ਛਾਂਟੀ ਕਰ ਦਿੱਤੀ ਹੈ । ਅੱਜ ਉਹ ਮਜ਼ਦੂਰ ਭੁੱਖੇ ਮਰ ਰਹੇ ਹਨ ਕਿਉਂਕਿ ਉਨ੍ਹਾਂ ਨੇ ਜੋ ਕਮਾਉਣਾ ਸੀ ਉਹ ਖਾਣਾ ਸੀ । ਇਸ ਲਈ ਮੈਂ ਮੰਗ ਕਰਦਾ ਹਾਂ ਕਿ ਸਾਰੀਆਂ ਮਿੱਲਾਂ ਨੂੰ ਕੌਮੀਕਰਨ ਕਰ ਦਿੱਤਾ ਜਾਣਾ ਚਾਹੀਦਾ ਹੈ ਅਤੇ ਛਾਂਟੀ ਕੀਤੇ ਹੋਏ ਕਾਮੇ ਵਾਪਸ ਕੰਮ ਤੇ ਲਗਾਏ ਜਾਣ ਅਤੇ ਉਨ੍ਹਾਂ ਦੇ ਪੈਸੇ ਉਨ੍ਹਾਂ ਨੂੰ ਦਿੱਤੇ ਜਾਣ ।

ਅਗਲੀ ਗਲ ਆਈ ਹੈ, ਸੜਕਾਂ ਦੇ ਬਾਰੇ ਵਿਚ । ਸੜਕਾਂ ਦੇ ਬਾਰੇ ਬੜਾ ਕਿਹਾ ਗਿਆ ਹੈ ਕਿ ਸਾਰੇ ਪਿੰਡਾਂ ਨੂੰ ਲਿੰਕ ਰੋਡਜ਼ ਨਾਲ ਜੋੜ ਦਿੱਤਾ ਹੈ ਪਰ ਇਹ ਗਲਤ ਗਲ ਹੈ । ਕਈਆਂ ਪਿੰਡਾਂ ਵਿਚ ਲਿੰਕ ਰੋਡਜ਼ ਨਹੀਂ ਹਨ । ਚੇਅਰਮੈਨ ਸਾਹਿਬ, ਸੰਨ 1973 ਵਿਚ ਜਨਵਰੀ ਦੇ ਮਹੀਨੇ ਪਾਂਡੇ ਸਾਹਿਬ ਹਮੀਦੀ ਤੋਂ ਭਗਲਟੜ ਤਕ ਸੜਕ ਬਣਾਉਣ ਦਾ ਐਲਾਨ ਕਰਕੇ ਆਏ ਸਨ ਪਰ ਉਹ ਪੂਰਾ ਨਹੀਂ ਕੀਤਾ । ਇਹ ਗਵਰਨਰ ਐਡਰੈਸ ਹੈ, ਇਸ ਵਿਚ ਐਲਾਨ ਕਰ ਦਿੰਦੇ ਕਿ ਇਹ ਕੰਮ ਪੂਰਾ ਕਰ ਦਿੱਤਾ ਹੈ । ਇਸ ਤਰ੍ਹਾਂ ਨਾਲ ਇਹ ਕਹਿੰਦੇ ਹਨ । ਮੈਂ ਇਨ੍ਹਾਂ ਨੂੰ ਕਹਾਂਗਾ ਕਿ ਜਿਹੜੀ ਗੱਲ ਇਹ ਕਹਿਣ ਉਹ ਘੱਟੋ ਘੱਟ ਪੂਰੀ ਤਾਂ ਕਰ ਦਿਆ ਕਰਨ ਤਾਂਕਿ ਲੋਕਾਂ ਵਿਚ ਬੇਚੈਨੀ ਨਾ ਫੈਲੇ । ਜਦੋਂ ਦੀ ਐਮਰਜੈਂਸੀ ਲਗਾਈ ਹੈ ਉਦੋਂ ਦਾ ਮਜ਼ਦੂਰਾਂ, ਮੁਲਾਜ਼ਮਾਂ ਤੇ ਕਿਸਾਨਾਂ ਦਾ ਗਲਾ ਹੀ ਘੁੱਟ ਦਿੱਤਾ ਹੈ । (ਵਿਘਨ) ਇਸ ਲਈ ਮੈਂ ਫਿਰ ਬੇਨਤੀ ਕਰਾਂਗਾ ਕਿ ਜਿਹੜੀ ਇਹ ਸੜਕ ਹੈ ਇਸ ਨੂੰ ਤੁਰੰਤ ਬਣਾਇਆ ਜਾਵੇ ।

ਸਕੂਲਾਂ ਬਾਰੇ ਮੇਰੀ ਅਰਜ਼ ਹੈ ਕਿ ਇਕ ਸਾਲ ਆਪਣਾ ਹੋਰ ਰਹਿ ਗਿਆ ਹੈ । ਚਾਰ ਸਾਲਾਂ ਵਿਚ ਮੇਰੇ ਹਲਕੇ ਵਿਚ ਦੋ ਸਕੂਲ ਬਣਾਏ ਹਨ ।

**ਖੁਰਾਕ ਅਤੇ ਸਪਲਾਈ ਮੰਤਰੀ** (ਸਰਦਾਰ ਗੁਰਦਰਸ਼ਨ ਸਿੰਘ) : ਪੜ੍ਹ ਲਿਖ ਕੇ ਤੁਹਾਡੇ ਵਰਗੇ ਹੀ ਹੋਣਗੇ । (ਹਾਸਾ)

**ਮਾਸਟਰ ਚੰਦ ਸਿੰਘ** : ਚੇਅਰਮੈਨ ਸਾਹਿਬ, ਹੁਣ ਤੱਕ ਦੋ ਸਕੂਲ ਬਣਾਏ ਹਨ । ਮੈਂ ਈ. ਐਮ. ਸਾਹਿਬ ਨੂੰ ਲਿਖ ਕੇ ਵੀ ਦਿੱਤਾ ਕਿ ਫਲਾਣੇ ਸਕੂਲ ਬਣਾਉਣੇ ਚਾਹੀਦੇ ਹਨ ਪਰ ਕੋਈ ਅਮਲ ਨਹੀਂ ਹੋਇਆ । ਮੈਂ ਇਨ੍ਹਾਂ ਨੂੰ ਫਿਰ ਕਹਾਂਗਾ ਕਿ ਝਨੇਰ ਬਲੇਰ ਕਲਾਂ, ਪੰਜਾਵਾਲ, ਕਲਿਆਨ, ਬਾਜਵੇ, ਭੇੜੀਬੇ, ਰੰਗੀਆਂ ਆਦਿ ਦੇ ਮਿਡਲ ਸਕੂਲ ਬਣਾਉਣ ਵਾਲੇ ਹਨ । ਮੈਂ ਸਰਕਾਰ ਨੂੰ ਕਹਾਂਗਾ ਕਿ ਆਪੋਜ਼ੀਸ਼ਨ ਦੇ ਹਲਕੇ ਦਾ ਵੀ ਖਿਆਲ ਰੱਖਣ, ਉਨ੍ਹਾਂ ਨੇ ਵੀ ਵੋਟਾਂ ਪਾਈਆਂ ਹੋਈਆਂ ਹਨ । ਮਿਡਲ ਸਕੂਲ ਫਤਿਹਗੜ੍ਹ, ਪੰਜਗਰ੍ਹਾਈਂ, ਟੱਬਾ, ਮੌਲੀਕਲਾਂ ਕਾਤਰੋ, ਖੇੜੀ ਚਹਿਲਾਂ ਹਾਈ ਸਕੂਲ ਬਣਾਏ ਜਾਣ ।

ਪੁਲੀਸ ਬਾਰੇ ਕਿਹਾ ਗਿਆ ਹੈ ਕਿ ਇਸ ਨੂੰ ਮਾਡਰਨ ਬਣਾ ਰਹੇ ਹਾਂ । ਚੌਧਰੀ ਜਗਤ ਰਾਮ ਜੀ ਨੇ ਕਿਹਾ ਹੈ ਇਹ ਕੰਮ ਛੇਤੀ ਹੀ ਕਰਨਾ ਚਾਹੀਦਾ ਹੈ । ਕੀ ਬਣਾਉਣਾ ਚਾਹੀਦਾ ਹੈ, ਚੇਅਰਮੈਨ ਸਾਹਿਬ, ਇਹ ਮੈਂ ਤੁਹਾਨੂੰ ਦੱਸਦਾ ਹਾਂ । ਇਹ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਇਸ ਤਰ੍ਹਾਂ ਦਾ ਬਣਾਉਣਾ ਚਾਹੀਦਾ ਹੈ, ਕਿ ਉਹ ਲੋਕਾਂ ਦੇ ਸਿਰ ਸ਼ਰਾਬ ਪਾਉਣ, ਗਲਤ

Original with;
Punjab Vidhan Sabha
Digitized by;
Panjab Digital Library

ਕੇਸ ਬਣਾਉਣ, ਕਿਸੇ ਤੇ ਅਫੀਮ ਪਾ ਦਿੱਤੀ । ਮੈਂ ਤਿੰਨ ਚਾਰ ਕੇਸ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਔਰ ਮੈਂ ਉਮੀਦ ਰਖਦਾ ਹਾਂ ਕਿ ਸਰਕਾਰ ਇਸ ਪਾਸੇ ਵੱਲ ਧਿਆਨ ਦੇਵੇਗੀ । ਵਜ਼ੀਦਕੇ ਕਲਾਂ, ਤਹਿਸੀਲ ਬਰਨਾਲਾ ਵਿਚ ਇਕ ਗਰੀਬ ਮਜ਼ਦੂਰ ਰਜਵਾਹੇ ਤੇ ਕੰਮ ਕਰਦਾ ਹੈ, ਉਸ ਦੀ ਲੜਕੀ ਪਤਾ ਨਹੀਂ ਹੈ ਪਿਛਲੇ ਅਗਸਤ ਦੇ ਮਹੀਨੇ ਵਿਚ ਕੌਣ ਲੈ ਗਿਆ । ਰਿਪੋਰਟ ਵੀ ਦਰਜ ਕਰਵਾਈ ਪਰ ਕੋਈ ਪਤਾ ਨਹੀਂ ਲਗਾਇਆ ਗਿਆ । ਇਸ ਤਰ੍ਹਾਂ ਹੀ ਅਮਰ ਸਿੰਘ ਚੀਮੇ ਪਿੰਡ ਵਿਚ ਰਹਿੰਦਾ ਹੈ । (ਵਿਘਨ) ਉਸ ਦਾ ਪੂਰਾ ਐਡਰੈਸ ਹੈ ਅਮਰ ਸਿੰਘ ਪੁੱਤਰ ਰਾਮ ਸਿੰਘ, ਪਿੰਡ ਚੀਮਾ, ਤਹਿਸੀਲ ਮਲੇਰਕੋਟਲਾ । ਇਹ ਹਲਕਾ ਸ਼ੇਰਪੁਰ ਵਿਚ ਹੈ । ਇਹ ਅਗਸਤ ਦੀ ਗੱਲ ਹੈ ਕਿ ਉਸ ਦੀ ਲੜਕੀ ਲੁਧਿਆਣੇ ਵਿਆਹੀ ਗਈ ਸੀ । ਲੜਕੀ ਨੂੰ ਉਥੇ ਲੈ ਗਏ ਸਨ ਪਰ ਪਤਾ ਨਹੀਂ ਲਗਾ ਕਿ ਉਹ ਲੜਕੀ ਕਿੱਥੇ ਹੈ । ਪਤਾ ਨਹੀਂ ਮਾਰ ਦਿੱਤੀ ।

**ਸ੍ਰੀ ਸਭਾਪਤੀ** : ਵਾਈਂਡ ਅੱਪ ਕਰੋ ਜੀ ।

**ਮਾਸਟਰ ਚੰਦ ਸਿੰਘ** : ਮੈਂ ਵਾਈਂਡ ਅੱਪ ਕਰ ਰਿਹਾ ਹਾਂ ਜੀ । ਸੋ ਉਸ ਲੜਕੀ ਦਾ ਪਤਾ ਹੀ ਨਹੀਂ ਕਿ ਕਿੱਥੇ ਗਈ ਹੈ । ਮੈਂ ਗਿਆਨੀ ਜੀ ਨੂੰ ਹੁਣੇ ਹੀ ਮਿਲਿਆ ਸੀ ਤਾਂ ਉਨ੍ਹਾਂ ਨੇ ਕਿਹਾ ਕਿ ਇਨਕੁਆਇਰੀ ਕਰਵਾਵਾਂਗੇ ਕਿ ਕੀ ਨਿਕਲਦਾ ਹੈ । ਮੈਂ ਕਹਿੰਦਾ ਹਾਂ ਕਿ ਸਪੈਸ਼ਲ ਇਨਕੁਆਇਰੀ ਕਰਨ ਔਰ ਘੱਟੋ ਘੱਟ ਜਿਹੜੇ ਕੇਸ ਗਾਇਬ ਹਨ ਉਨ੍ਹਾਂ ਦਾ ਪਤਾ ਤਾਂ ਲਗੇ । ਇਸੇ ਤਰ੍ਹਾਂ ਪਿੰਡ ਚਾਂਗਲੀ ਹੈ, ਉਥੇ ਦੀ ਲੜਕੀ ਜਹਾਂਗੀਰ ਵਿਹਾਈ ਸੀ ਉਥੇ ਦੀ ਇਕ ਲੜਕੀ ਮਾਰ ਦਿੱਤੀ ਇਹ ਹਰੀਜਨ ਲੜਕੀ ਹੈ । ਮੈਂ ਗਰੀਵੈਂਸਿਜ਼ ਕਮੇਟੀ ਵਿਚ ਇਹ ਮਸਲਾ ਪੇਸ਼ ਕੀਤਾ ਹੈ ਪਰ ਕੋਈ ਪਤਾ ਨਹੀਂ ਲਗਾਇਆ ਗਿਆ । ਇਸ ਤਰ੍ਹਾਂ ਨਾਲ ਹਰੀਜਨਾਂ ਨਾਲ ਧੱਕਾ ਹੋ ਰਿਹਾ ਹੈ । ਚੇਅਰਮੈਨ ਸਾਹਿਬ, ਇਨ੍ਹਾਂ ਧੱਕਿਆਂ ਨੂੰ ਰੋਕਿਆ ਜਾਵੇ । ਮੈਂ ਪੁਲੀਸ ਦੀ ਇੰਸਟਾਂਸ ਦਿੰਦਾ ਹਾਂ । ਬਰਨਾਲੇ ਜਾਗੀਰ ਸਿੰਘ ਐਸ. ਐਚ. ਓ. ਹੈ, ਉਹ ਬੜਾ ਹੀ ਖਰ-ਦਿਮਾਗ ਹੈ । ਉਸ ਦਾ ਮੈਡੀਕਲ ਕਰਾਉ । ..... ਉਸ ਨੂੰ ਬਲੱਡ ਪ੍ਰੈਸ਼ਰ ਦੀ ਬਿਮਾਰੀ ਹੈ (ਵਿਘਨ) ਇਹ ਜਿਹੜਾ ਥਾਣੇਦਾਰ ਹੈ ਇਹ ਲੋਕਾਂ ਨਾਲ ਧੱਕੇ ਕਰ ਰਿਹਾ ਹੈ । ਇਸ ਤੇ ਕੰਟ੍ਰੋਲ ਕਰਨਾ ਚਾਹੀਦਾ ਹੈ ।

ਚੇਅਰਮੈਨ ਸਾਹਿਬ, ਅੰਤ ਵਿਚ ਮੈਂ ਇਹ ਕਹਾਂਗਾ ਕਿ ਇਹ ਜਿਹੜਾ ਭਾਸ਼ਣ ਹੈ, ਇਹ ਖੋਖਲਾ ਅਤੇ ਸ਼ੇਖੀਆਂ ਨਾਲ ਭਰਿਆ ਹੋਇਆ ਹੈ ਅਤੇ ਹਕੀਕਤਾਂ ਦੇ ਉਲਟ ਹੈ ਤੇ ਮੈਂ ਇਸਦਾ ਵਿਰੋਧ ਕਰਦਾ ਹਾਂ ।

**ਸ੍ਰੀ ਪ੍ਰੇਮ ਗੁਪਤਾ** (ਪਟਿਆਲਾ) : ਚੇਅਰਮੈਨ ਸਾਹਿਬ, ਜਿਹੜਾ ਢਿੱਲੋਂ ਸਾਹਿਬ ਨੇ ਗਵਰਨਰ ਸਾਹਿਬ ਦੇ ਐਡਰੈਸ ਤੇ ਸ਼ੁਕਰੀਏ ਦਾ ਪ੍ਰਸਤਾਵ ਰੱਖਿਆ ਹੈ, ਮੈਂ ਉਸ ਨੂੰ ਸਪੋਰਟ ਕਰਨ ਵਾਸਤੇ ਖੜ੍ਹਾ ਹੋਇਆ ਹਾਂ । ਇਸ ਤੋਂ ਪਹਿਲਾਂ ਕਿ ਮੈਂ ਗਵਰਨਰ ਐਡਰੈਸ ਤੇ ਬੋਲਣਾ ਸ਼ੁਰੂ ਕਰਾਂ, ਮੈਂ ਗਵਰਨਰ ਦੇ ਐਡਰੈਸ ਦੇ ਸਫ਼ਾ ਨੰ: 2 ਤੇ ਪੈਰਾ 5 ਬਾਰੇ ਜ਼ਿਕਰ ਕਰਨਾ ਚਾਹੁੰਦਾ ਹਾਂ, ਜਿਸ ਵਿਚ ਗਵਰਨਰ ਸਾਹਿਬ ਨੇ 1975 ਵਿਚ ਲਗਾਈ ਗਈ ਐਮਰਜੰਸੀ ਦਾ ਜ਼ਿਕਰ ਕੀਤਾ ਹੈ । ਐਮਰਜੰਸੀ ਤੋਂ ਬਾਅਦ ਦੇਸ਼ ਨੇ ਜੋ ਨਵੀਂ ਕਰਵਟ ਲਈ, ਨਵੀਆਂ ਤਬਦੀਲੀਆਂ ਆਈਆਂ ਉਸ ਦਾ ਗਵਰਨਰ ਸਾਹਿਬ ਨੇ ਜ਼ਿਕਰ ਕੀਤਾ ਹੈ ।

Original with;
Punjab Vidhan Sabha
Digitized by;
Panjab Digital Library

12.19 P.M. (ਇਸ ਸਮੇਂ ਸ੍ਰੀ ਸਰਦਾਰੀ ਲਾਲ ਕਪੂਰ, ਮੈਂਬਰ, ਪੈਨਲ ਆਫ਼ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

ਇਹ ਸਾਰੀਆਂ ਪ੍ਰਸ਼ੰਸਾਯੋਗ ਗੱਲਾਂ ਹਨ ਅਤੇ ਸਾਰੇ ਦੇਸ਼ ਨੂੰ ਕਈ ਮਾਮਲਿਆਂ ਵਿਚ ਰਹਿਨੁਮਾਈ ਦਿੱਤੀ ਹੈ, ਮੈਂ ਥੋੜ੍ਹਾ ਜਿਹਾ ਜ਼ਿਕਰ ਉਸ ਗੱਲ ਦਾ ਜ਼ਰੂਰ ਕਰਨਾ ਚਾਹੁੰਦਾ ਹਾਂ । ਇਥੇ ਐਮਰਜੰਸੀ ਲਾਗੂ ਕਿਉਂ ਹੋਈ ? ਤੁਹਾਨੂੰ ਯਾਦ ਹੋਵੇਗਾ ਕਿ ਇਸ ਹਾਊਸ ਵਿਚ ਪਿਛਲੇ ਸਾਲ ਬੋਲਦੇ ਹੋਏ ਮੈਂ ਇਕ ਮੰਗ ਰੱਖੀ ਸੀ ਕਿ ਇਸ ਦੇਸ਼ ਦੀ ਜੇ ਆਰਥਿਕ ਤਰੱਕੀ ਕਰਨੀ ਹੈ, ਇਸ ਦੇ ਵਿਚ ਜੇ ਗਰੀਬ ਨੂੰ ਇਨਸਾਫ਼ ਮਿਲਣਾ ਹੈ ਤਾਂ ਇਥੋਂ ਦਾ ਸੋਸ਼ਲ, ਇਕਨਾਮਿਕ, ਪੁਲਿਟੀਕਲ ਸਟਰਕਚਰ ਬਾਰੇ, ਚੀਫ਼ ਜਸਟਿਸ ਕਹਿੰਦਾ ਹੈ ਕਿ ਹਿੰਦੁਸਤਾਨ ਵਿਚ ਬੇਲਗਾਮ ਜਿਹੜੀ ਆਜ਼ਾਦੀ ਹੈ, ਇਥੇ ਹਰ ਬੰਦੇ ਨੂੰ ਜਿਹੜੀ ਬੋਲਣ ਦੀ ਐਨੀ ਆਜ਼ਾਦੀ ਹੈ ਇਸ ਤੇ ਪਾਬੰਦੀ ਲਾਉਣੀ ਪਵੇਗੀ । ਮੇਰੀ ਇਸ ਗੱਲ ਦੇ ਉਤੇ ਕ੍ਰਿਟੀਸਿਜ਼ਮ ਹੋਇਆ, ਇਸ ਤੇ ਕ੍ਰਿਟੀਸਿਜ਼ਮ ਲੋਕ ਸਭਾ ਵਿਚ ਆਪੋਜ਼ੀਸ਼ਨ ਦੇ ਲੋਕਾਂ ਵਲੋਂ ਕੀਤਾ ਗਿਆ । ਇਥੇ ਬੈਠੇ ਇਨ੍ਹਾਂ ਵੀਰਾਂ ਨੇ (ਆਪੋਜ਼ੀਸ਼ਨ ਵੱਲ ਇਸ਼ਾਰਾ) ਬੜੀ ਹਾਹਾਕਾਰ ਮਚਾਈ । ਲੇਕਿਨ ਮੁਲਕ ਦੇ ਹਾਲਾਤ ਨੇ ਇਸ ਗੱਲ ਦਾ ਸਬੂਤ ਦਿੱਤਾ ਕਿ ਐਮਰਜੰਸੀ ਲਗਾਓ । ਜਿਸ ਤਰ੍ਹਾਂ ਗਵਰਨਰ ਸਾਹਿਬ ਨੇ ਵੀ ਆਪਣੇ ਭਾਸ਼ਣ ਵਿਚ ਜ਼ਿਕਰ ਕੀਤਾ ਹੈ ਕਿ ਇਥੇ ਕੀ ਹਾਲਾਤ ਸਨ । ਇਥੇ ਕਿਸ ਕਿਸਮ ਦੀਆਂ ਬੁਰਾਈਆਂ ਚਲ ਰਹੀਆਂ ਸਨ । ਰਾਜਨੀਤੀ ਨੂੰ ਇਕ ਪਾਸੇ ਛੱਡਕੇ ਕੀ ਕੁਝ ਸੋਚਿਆ ਵਿਚਾਰਿਆ ਜਾ ਰਿਹਾ ਸੀ । ਸਰਦਾਰ ਗੁਰਦਰਸ਼ਨ ਸਿੰਘ ਜੀ ਨੂੰ ਪਤਾ ਹੈ । ਉਹ ਫੂਡ ਸਪਲਾਈ ਮਹਿਕਮੇ ਦੇ ਮਨਿਸਟਰ ਹਨ । ਗੱਲ ਇਥੋਂ ਹੀ ਸ਼ੁਰੂ ਹੁੰਦੀ ਹੈ । ਉਸ ਵੇਲੇ ਡਿਪੂਆਂ ਤੇ ਬੜੀਆਂ ਬੜੀਆਂ ਲਾਈਨਾਂ ਸਨ । ਕਈ ਚੀਜ਼ਾਂ ਡਿਪੂਆਂ ਤੋਂ ਵੀ ਅਤੇ ਬਾਹਰੋਂ ਵੀ ਨਹੀਂ ਸਨ ਮਿਲਦੀਆਂ । ਸੀਮਿੰਟ ਦੀ ਮਿਸਾਲ ਲੈ ਲਵੋ । ਇਹ ਨਹੀਂ ਸੀ ਮਿਲਦਾ । ਪਰ ਐਮਰਜੰਸੀ ਲੱਗਣ ਤੋਂ ਬਾਅਦ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਅੱਜ ਸੀਮਿੰਟ ਡਿਪੂਆਂ ਰਾਹੀਂ ਦਿੱਤਾ ਜਾਂਦਾ ਹੈ । ਇਸ ਬਾਰੇ ਫੂਡ ਐਂਡ ਸਪਲਾਈ ਵਿਭਾਗ ਵਾਲੇ ਪਰਮਿਟ ਵੀ ਦਿੰਦੇ ਹਨ । ਜੇ ਐਮਰਜੰਸੀ ਲਗੀ ਹੈ ਤਾਂ ਇਹ ਚੀਜ਼ਾਂ ਮਿਲਣ ਲੱਗ ਪਈਆਂ ਹਨ । ਸੀਮਿੰਟ ਤਾਂ ਕੀ ਇਥੇ ਲੋਕਾਂ ਨੂੰ ਖਾਣ ਵਾਸਤੇ ਚੀਜ਼ਾਂ ਨਹੀਂ ਸਨ ਮਿਲਦੀਆਂ ਪਰ ਅਜ ਕੱਲ ਉਹ ਸਾਰੀਆਂ ਚੀਜ਼ਾਂ ਮਿਲਣ ਲੱਗ ਪਈਆਂ ਹਨ । ਇਹ ਸਾਰੀਆਂ ਚੀਜ਼ਾਂ ਸਰਮਾਇਦਾਰਾਂ ਨੇ ਜਾਗੀਰਦਾਰਾਂ ਨੇ ਜਿਹੜੇ ਕਿ ਪ੍ਰਾਈਵੇਟ ਇਕਾਨਮੀ ਨੂੰ ਪੂਰਾ ਕੰਟਰੋਲ ਕਰਦੇ ਹਨ ਉਨ੍ਹਾਂ ਨੇ ਇਨ੍ਹਾਂ ਨੂੰ ਰੱਖਿਆ ਹੋਇਆ ਸੀ । 1972-1974 ਦੀਆਂ ਰਾਜਨੀਤਕ ਹਾਰਾਂ ਤੋਂ ਬਾਅਦ ਅਤੇ 1971 ਦੀਆਂ ਪਾਰਲੀਮੈਂਟ ਦੀਆਂ ਇਲੈਕਸ਼ਨਾਂ ਵਿਚ ਹਾਰਨ ਤੋਂ ਬਾਅਦ 1974 ਦੇ ਵਿਚ ਜਿਹੜੀ ਥੋੜ੍ਹੀ ਬਹੁਤ ਉਮੀਦ ਸੀ, ਜਿਹੜੀ ਰਿਆਇਤ ਯੂ. ਪੀ. ਅਤੇ ਉੜੀਸਾ ਵਿਚ ਇਲੈਕਸ਼ਨਾਂ ਵਿਚ ਦਿੱਤੀ ਗਈ, ਉਨ੍ਹਾਂ ਇਲੈਕਸ਼ਨਾਂ ਵਿਚ ਲੋਕਾਂ ਦੇ ਹੱਥੋਂ ਹਾਰ ਖਾਣ ਦੇ ਬਾਅਦ ਕਿਸ ਤਰ੍ਹਾਂ ਅਨਡੈਮੋਕਰੈਟਿਕ, ਐਂਟੀ ਕੰਸਟੀਚਿਊਸ਼ਨਲ ਤਰੀਕੇ ਅਪਣਾਏ ਗਏ ਤਾਂਕਿ ਇਸ ਦੇਸ਼ ਦੇ ਰਾਜ ਪ੍ਰਬੰਧ ਨੂੰ, ਇਸ ਦੇਸ਼ ਦੇ ਢਾਂਚੇ ਨੂੰ ਤੋੜਕੇ ਹਿੰਦੁਸਤਾਨ ਤੋਂ ਬਾਹਰ ਜੋ ਤਾਕਤਾਂ ਬੈਠੀਆਂ ਸਨ ਜਿਹੜੀਆਂ ਤਾਕਤਾਂ ਹਿੰਦੁਸਤਾਨ ਦੇ ਬਾਰੇ ਬੁਰੇ ਇਰਾਦੇ ਰੱਖਦੀਆਂ ਸਨ, ਉਨ੍ਹਾਂ ਦੇ ਇਰਾਦੇ ਪੂਰੇ ਕਰ ਸਕਣ । ਲੇਕਿਨ ਇਸ ਗੱਲ ਦਾ ਮਾਣ ਹੈ ਕਿ ਜਦ ਕਦੇ ਵੀ ਇਥੇ ਐਂਟੀ-ਸੋਸ਼ਲ ਐਕਟੀਵਿਟੀਜ਼ ਚੱਲੀਆਂ ਉਨ੍ਹਾਂ ਨੂੰ ਰੋਕਣ ਲਈ ਸਰਕਾਰ ਨੇ ਕੋਸ਼ਿਸ਼ ਕੀਤੀ ਚਾਹੇ ਇਹ ਕੋਸ਼ਿਸ਼ ਪੰਜਾਬ ਸਰਕਾਰ ਨੇ ਕੀਤੀ ਅਤੇ ਚਾਹੇ ਹਿੰਦ ਸਰਕਾਰ ਨੇ ਕੀਤੀ । ਤੁਸੀਂ ਕਿਸੇ ਬਲੈਕ ਮਾਰਕੀਟੀਏ ਨੂੰ ਨਹੀਂ ਫੜ ਸਕਦੇ ਸੀ । ਕਿਸੇ ਅਡੱਲਟਰੇਸ਼ਨ ਕਰਨ ਵਾਲੇ

Original with;
Punjab Vidhan Sabha
Digitized by;
Panjab Digital Library

ਨੂੰ ਨਹੀਂ ਫੜ ਸਕਦੇ ਸੀ, ਸਮੱਗਲਰ ਨੂੰ ਨਹੀਂ ਫੜ ਸਕਦੇ ਸੀ । ਹਾਲਤ ਇਹ ਹੋ ਗਈ ਸੀ ਕਿ ਜੇ ਸਮੱਗਲਰ ਨੂੰ ਫੜਿਆ ਗਿਆ ਤਾਂ ਉਸ ਦਾ ਵੀ ਰੌਲਾ ਹਾਈ ਕੋਰਟ ਵਿਚ ਪਿਆ । ਉਹ ਲੋਕ ਹਾਈ ਕੋਰਟ ਵਿਚ ਗਏ । ਮੈਂ ਇਸ ਗੱਲ ਦੇ ਖਿਲਾਫ ਨਹੀਂ ਕਿ ਕੋਈ ਬੰਦਾ ਹਾਈ ਕੋਰਟ ਵਿਚ ਕਿਉਂ ਜਾਂਦਾ ਹੈ । ਹਰ ਆਦਮੀ ਨੂੰ ਹਾਈ ਕੋਰਟ ਵਿਚ ਜਾਣ ਦਾ ਹੱਕ ਹੈ । ਲੇਕਿਨ ਮੁਲਕ ਦੀਆਂ ਸਿਆਸੀ ਪਾਰਟੀਆਂ, ਮੁਲਕ ਦੇ ਸਿਆਸੀ ਲੋਕਾਂ ਨੇ, ਆਪਣੇ ਆਪਣੇ ਫੋਰਮ ਤੋਂ ਉਨ੍ਹਾਂ ਲੋਕਾਂ ਦੀ ਸਪੋਰਟ ਕੀਤੀ, ਮੱਦਦ ਕੀਤੀ ਤਾਂਕਿ ਸਰਕਾਰ ਜੋ ਇਥੇ ਦੀ ਇਕਾਨਮੀ ਨੂੰ, ਇਥੋਂ ਦੇ ਆਰਥਿਕ ਢਾਂਚੇ ਨੂੰ ਨੈਸ਼ਨੇਲਾਈਜ਼ ਕਰਨਾ ਚਾਹੁੰਦੀ ਸੀ, ਉਹ ਨਾ ਕਰ ਸਕੇ ਅਤੇ ਨਾਲ ਹੀ ਜਿਹੜੇ ਕਾਂਗਰਸ ਪਾਰਟੀ ਨੇ 1971, 1972, 1973 ਅਤੇ 1974 ਤੱਕ ਲੋਕਾਂ ਨਾਲ ਵਾਅਦੇ ਕਰਕੇ ਉਨ੍ਹਾਂ ਦਾ ਭਲਾ ਕਰਨਾ ਚਾਹੁੰਦੀ ਸੀ, ਵੈਸਟਿਡ ਮਨਾਪਲੀ, ਵੈਸਟਿਡ ਇੰਟਰੈਸਟ ਵਾਲਿਆਂ ਤੇ ਸੱਟ ਮਾਰਨਾ ਚਾਹੁੰਦੀ ਸੀ, ਉਸ ਨੂੰ ਇਸ ਢੰਗ ਨਾਲ ਉਲਝਾ ਦਿੱਤਾ ਜਾਵੇ ਤਾਂਕਿ ਉਹ ਇਸ ਪਾਸੇ ਕਦਮ ਨਾ ਚੁੱਕ ਸਕਣ । ਮੈਂ ਇਸ ਗਲ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਐਮਰਜੰਸੀ ਤੋਂ ਪਹਿਲਾਂ ਸੜਕ ਤੇ ਤੁਰਨ ਫਿਰਨ ਵਾਲਿਆਂ ਦੇ ਮਨਾਂ ਵਿਚ ਐਨਾ ਟੈਰੱਰ ਕਰੀਏਟ ਕੀਤਾ ਜਾ ਰਿਹਾ ਸੀ, ਹਰ ਸਫੀਅਰ ਵਿਚ ਐਨਾ ਡਰ, ਟੈਰਰ ਕਰੀਏਟ ਕੀਤਾ ਜਾ ਰਿਹਾ ਸੀ ਜੋ ਕਿ ਤੁਹਾਡੇ ਸਾਰਿਆਂ ਦੇ ਸਾਹਮਣੇ ਹੀ ਹੈ । ਇਸ ਬਾਰੇ ਤੁਹਾਨੂੰ ਸਾਰਿਆਂ ਨੂੰ ਪਤਾ ਹੀ ਹੈ । ਇਸ ਲਈ ਸ਼੍ਰੀਮਤੀ ਇੰਦਰਾ ਗਾਂਧੀ ਨੇ ਯੋਗ ਕਦਮ ਚੁਕੇ ਔਰ ਇਸ ਦੇ ਬਾਅਦ ਜਿਹੜੀ ਉਨ੍ਹਾਂ ਦੀ ਪ੍ਰਸ਼ੰਸ਼ਾ ਹੋਈ ਇਹ ਨਾ ਸਿਰਫ ਹਿੰਦੁਸਤਾਨ ਵਿਚ ਹੀ ਹੋਈ ਬਲਕਿ ਹਿੰਦੁਸਤਾਨ ਤੋਂ ਬਾਹਰ ਵੀ ਇਸ ਗੱਲ ਦੀ ਪ੍ਰਸ਼ੰਸ਼ਾ ਕੀਤੀ ਗਈ ਹੈ । ਬੰਗਲਾ ਦੇਸ਼ ਦਾ ਮੈਂ ਬਹੁਤਾ ਰੇਫਰੈਂਸ ਨਹੀਂ ਦੇਣਾ ਚਾਹੁੰਦਾ । ਬੰਗਲਾ ਦੇਸ਼ ਦੇ ਜੋ ਵਾਕਿਆਤ ਉਥੇ ਐਮਰਜੰਸੀ ਤੋਂ ਬਾਅਦ ਹੋਏ ਹਨ, ਲੋਕਾਂ ਦੀ ਇਹ ਰਾਏ ਹੈ ਕਿ ਅਜਿਹੇ ਹਾਲਾਤ ਹਿੰਦੁਸਤਾਨ ਦੇ ਵਿਚ ਵੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾਣੀ ਸੀ ਜੇ ਸ਼੍ਰੀਮਤੀ ਇੰਦਰਾ ਗਾਂਧੀ 26 ਜੂਨ, 1975 ਨੂੰ ਇਸ ਕੰਸਟੀਚਿਊਸ਼ਨ ਦੀ ਕਲਾਜ਼ ਨੂੰ ਲਾਗੂ ਨਾ ਕਰਦੀ ਅਤੇ ਦੇਸ਼ ਨੂੰ ਨਾ ਬਚਾਉਂਦੀ । ਹਿੰਦੁਸਤਾਨ ਵਿਚ ਦੋ ਦਿਨ ਬੜੇ ਪਵਿੱਤਰ ਸਮਝੇ ਜਾਂਦੇ ਹਨ । ਇਕ ਤਾਂ 15 ਅਗਸਤ ਦਾ ਹੈ ਜਿਸ ਦਿਨ ਦੇਸ਼ ਆਜ਼ਾਦ ਹੋਇਆ ਸੀ ਅਤੇ ਦੂਜਾ ਦਿਨ 26 ਜਨਵਰੀ ਹੈ ਜਿਸ ਦਿਨ ਸਾਡਾ ਵਿਧਾਨ ਲਾਗੂ ਹੋਇਆ ਸੀ । ਜੇ ਇਨ੍ਹਾਂ ਦੋ ਦਿਨਾਂ ਨਾਲ ਇਹ ਤੀਜਾ ਦਿਨ ਵੀ ਤਿਉਹਾਰ ਦੇ ਤੌਰ ਤੇ ਮਨਾ ਲਈਏ ਜਿਸ ਦਿਨ ਸਾਡੇ ਦੇਸ਼ ਦਾ ਢਾਂਚਾ ਬਚਾਇਆ ਗਿਆ, ਜਿਸ ਦਿਨ ਦੇਸ਼ ਵਿਚ ਡੈਮੋਕਰੇਸੀ ਬਚਾਈ ਗਈ, ਜਿਸ ਦਿਨ ਫਾਸਿਸਟ ਤਾਕਤਾਂ ਅਤੇ ਰੀਐਕਸ਼ਨਰੀ ਫੋਰਸਿਜ਼ ਦਾ ਮੁਕਾਬਲਾ ਕਰਨ ਲਈ ਇਥੇ ਪੱਕੇ ਇਰਾਦੇ ਨਾਲ ਕਦਮ ਚੁੱਕੇ ਗਏ । ਉਹ ਦਿਨ 26 ਜੂਨ ਦੀ ਸਵੇਰ ਹੈ ਜਦ ਰੇਡੀਓ ਤੋਂ ਰਾਸ਼ਟਰਪਤੀ ਜੀ ਨੇ ਅਤੇ ਪ੍ਰਾਈਮ ਮਨਿਸਟਰ ਨੇ ਐਮਰਜੰਸੀ ਦਾ ਐਲਾਨ ਕੀਤਾ । ਇਹ ਦਿਨ ਵੀ ਮਹਾਨਤਾ ਭਰਿਆ ਹੈ । ਇਸ ਦਿਨ ਨੂੰ ਆਉਣ ਵਾਲੀ ਜੈਨਰੇਸ਼ਨ ਹਿੰਦੁਸਤਾਨ ਵਿਚ ਮਨਾਏਗੀ । ਫਿਰ ਉਸ ਦੇ ਬਾਅਦ 20 ਨੁਕਾਤੀ ਪ੍ਰੋਗਰਾਮ ਪ੍ਰਾਈਮ ਮਨਿਸਟਰ ਦਾ ਆਇਆ । ਮੈਨੂੰ ਇਸ ਗੱਲ ਦਾ ਫੱਖਰ ਹੈ ਕਿ ਸੈਂਟਰਲ ਗੌਰਮਿੰਟ ਤੋਂ ਕੋਈ ਵੀ ਪ੍ਰੋਗਰਾਮ ਪ੍ਰਾਈਮ ਮਨਿਸਟਰ ਦਾ ਆਇਆ ਤਾਂ ਪੰਜਾਬ ਨੇ ਉਸ ਨੂੰ ਹਰ ਖੇਤਰ ਵਿਚ ਲਾਗੂ ਕਰਨ ਦਾ ਤਹੱਈਆ ਕੀਤਾ ਔਰ ਹਿੰਦੁਸਤਾਨ ਦੇ ਰਾਜਨੀਤਿਕ ਕਰਾਈਸਿਜ਼ ਨੂੰ ਟਾਲਣ ਵਾਸਤੇ, ਮੈਂ ਇਹ ਗੱਲ ਫੱਖਰ ਨਾਲ ਕਹਿ ਸਕਦਾ ਹਾਂ ਕਿ ਪੰਜਾਬ ਦੇ ਚੀਫ ਮਨਿਸਟਰ ਨੇ ਜੋ ਕੰਟਰੀਬਿਊਸ਼ਨ ਕੀਤੀ, ਅੱਜ ਸਾਰਾ ਦੇਸ਼ ਇਸ ਗੱਲ ਵਾਸਤੇ

Original with;
Punjab Vidhan Sabha
Digitized by;
Panjab Digital Library

[ਸ੍ਰੀ ਪ੍ਰੇਮ ਗੁਪਤਾ]

ਪੰਜਾਬ ਦੇ ਚੀਫ਼ ਮਨਿਸਟਰ ਨੂੰ ਐਪਰੀਸ਼ੀਏਟ ਕਰਦਾ ਹੈ। ਜਦ ਇਥੇ ਕਰਾਈਸਿਜ਼ ਸੀ ਤਾਂ ਫਾਸਿਸਟ ਤਾਕਤਾਂ ਕਿਸੇ ਢੰਗ ਨਾਲ ਗੜ ਬੜ ਕਰਨਾ ਚਾਹੁੰਦੀਆਂ ਸਨ ਤਾਂ ਉਸ ਵੇਲੇ ਇਹ ਸਹੀ ਕਦਮ, ਇਹ ਸਹੀ ਰਾਏ ਸਾਡੇ ਮੁੱਖ ਮੰਤਰੀ ਨੇ ਸਾਡੇ ਪ੍ਰਾਈਮ ਮਨਿਸਟਰ ਨੂੰ ਦਿੱਤੀ। ਉਸ ਡਾਇਰੈਕਸ਼ਨ ਵਿਚ ਦੇਸ਼ ਅੱਗੇ ਵਧਿਆ।

ਚੇਅਰਮੈਨ ਸਾਹਿਬ, ਮੈਂ ਦੋ ਚਾਰ ਗੱਲਾਂ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ। ਜਿਥੋਂ ਤੱਕ ਲੋਕਾਂ ਦੀ ਵੈਲਫੇਅਰ ਦਾ ਸਬੰਧ ਹੈ ਜਾਂ ਸਮਾਜਵਾਦ ਦਾ ਏਮ ਹੈ, ਇਸ ਵਿਚ ਪੰਜਾਬ ਨੇ ਸਭ ਤੋਂ ਪਹਿਲਾਂ ਕੰਮ ਸ਼ੁਰੂ ਕੀਤਾ। ਸਭ ਤੋਂ ਪਹਿਲਾ ਕੰਮ ਇਹ ਹੈ ਕਿ ਹਰ ਬੰਦੇ ਨੂੰ ਰੋਟੀ ਅਤੇ ਮਕਾਨ ਮਿਲੇ। ਆਪੋਜ਼ੀਸ਼ਨ ਕਹਿੰਦੀ ਹੈ ਕਿ ਗਵਰਨਰ ਦੇ ਐਡਰੈਸ ਵਿਚ ਕੋਈ ਖਾਸ ਗੱਲ ਨਜ਼ਰ ਨਹੀਂ ਆਈ। ਚੇਅਰਮੈਨ ਸਾਹਿਬ, ਮੈਂ ਕਹਿੰਦਾ ਹਾਂ ਕਿ ਗਵਰਨਰ ਦੇ ਐਡਰੈਸ ਵਿਚ ਸਭ ਕੁਝ ਦਿੱਤਾ ਗਿਆ ਹੈ ਅਤੇ ਆਪੋਜ਼ੀਸ਼ਨ ਨੂੰ ਬਿਲਕੁਲ ਕੋਸ਼ਿਸ਼ ਨਹੀਂ ਕਰਨੀ ਪਈ ਕਿ ਉਹ ਇੰਟਰੱਪਸ਼ਨ ਪੈਦਾ ਕਰਨ। ਇਸ ਤੋਂ ਵਧੀਆ ਐਡਰੈਸ ਹੋਰ ਕੀ ਹੋ ਸਕਦਾ ਹੈ, ਅਚੀਵਮੈਂਟ ਕੀ ਹੋ ਸਕਦੀ ਹੈ ਕਿ ਇਥੇ ਵਿਘਨ ਪਾਉਣ ਵਾਲਾ ਹੀ ਕੋਈ ਨਹੀਂ ਰਿਹਾ। ਮੈਂ ਇਸ ਗੱਲ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ ਕਿ ਸਾਰੀ ਗੱਲ ਮਕਾਨ ਤੋਂ ਸ਼ੁਰੂ ਹੁੰਦੀ ਹੈ। 3 ਲੱਖ ਬੰਦਿਆਂ ਨੂੰ ਪਿੰਡਾਂ ਵਿਚ ਹਾਊਸ ਸਾਈਟਸ ਦਿੱਤੀਆਂ ਗਈਆਂ ਹਨ। ਪਰ ਆਪੋਜ਼ੀਸ਼ਨ ਵਾਲੇ ਕਹਿੰਦੇ ਹਨ ਕਿ ਕੁਝ ਕੀਤਾ ਨਹੀਂ ਹੈ। ਇਹ ਕਹੀ ਜਾਣਾ ਕਿ ਕੀਤਾ ਕੁਝ ਨਹੀਂ ਹੈ, ਇਹ ਠੀਕ ਨਹੀਂ ਹੈ। ਸਰਕਾਰ ਦੇ ਕੀਤੇ ਕੰਮਾਂ ਨੂੰ ਅੰਡਰਮਾਈਨ ਕਰਨਾ, ਇਹ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਵਾਲੀ ਗੱਲ ਹੈ। ਲੋਕਾਂ ਨੂੰ ਮਕਾਨ ਦਿਤੇ ਹਨ। ਲੋਕਾਂ ਨੂੰ ਹਾਊਸ ਸਾਈਟਸ ਦਿੱਤੀਆਂ ਗਈਆਂ ਹਨ। ਅਰਬਨ ਏਰੀਆ ਵਿਚ 25 ਸੌ ਹਾਊਸਿਜ਼ ਹਾਊਸਿੰਗ ਡਿਵੈਲਪਮੈਂਟ ਬੋਰਡ ਨੇ ਇਸ ਵੇਲੇ ਪੰਜਾਬ ਦੇ ਵਖ ਵਖ ਅਰਬਨ ਏਰੀਆ ਵਿਚ ਬਣਾਉਣੇ ਸ਼ੁਰੂ ਕੀਤੇ ਹਨ ਜਿਹੜੇ ਕਿ 31 ਮਾਰਚ ਤਕ ਕੰਪਲੀਟ ਹੋ ਜਾਣਗੇ। ਅਗਲੇ ਸਾਲ ਵੀ ਐਨੇ ਹੀ ਬਣਨਗੇ। ਮੈਂ ਬੇਨਤੀ ਕਰਾਂਗਾ ਕਿ ਹੋਰ ਵੀ ਸ਼ਹਿਰਾਂ ਅਤੇ ਪਿੰਡਾਂ ਵਿਚ ਵੀ ਜਿਨ੍ਹਾਂ ਲੋਕਾਂ ਕੋਲ ਮਕਾਨ ਨਹੀਂ ਹਨ ਉਨ੍ਹਾਂ ਨੂੰ ਮਕਾਨ ਦਿੱਤੇ ਜਾਣ ਅਤੇ ਸਲੱਮਜ਼ ਕਲੀਅਰੈਂਸ ਵਾਸਤੇ ਜਿਹੜੀ ਜਗ੍ਹਾ ਉਨ੍ਹਾਂ ਦੀ ਲੈਂਦੇ ਹੋ ਉਨ੍ਹਾਂ ਨੂੰ ਹਾਊਸ ਸਾਈਟਸ ਦਿੱਤੀਆਂ ਜਾਣ। ਕਵਾਰਟਰਜ਼ ਵੀ ਲੋਅਰ ਕੈਟੇਗਰੀਜ਼ ਦੇ ਲੋਕਾਂ ਨੂੰ ਮਿਲਣੇ ਚਾਹੀਦੇ ਹਨ।

ਚੇਅਰਮੈਨ ਸਾਹਿਬ, ਐਜੂਕੇਸ਼ਨ ਦੇ ਬਾਰੇ ਮੈਂ ਬਹੁਤਾ ਕੁਝ ਨਹੀਂ ਕਹਿਣਾ ਚਾਹੁੰਦਾ। ਲੇਕਿਨ ਦੋ ਫੈਸਲੇ ਇਸ ਸਰਕਾਰ ਨੇ ਲਾਗੂ ਕੀਤੇ ਹਨ ਜਿਸ ਤਰ੍ਹਾਂ ਯੂ.ਜੀ.ਸੀ. ਦੇ ਗਰੇਡ ਯੂਨੀਵਰਸਿਟੀਜ਼ ਦੇ ਟੀਚਰਜ਼ ਅਤੇ ਕਾਲਜਾਂ ਦੇ ਟੀਚਰਜ਼ ਤੇ ਲਾਗੂ ਕੀਤੇ ਹਨ। ਦੂਸਰਾ ਇਹ ਕਿ ਜਿਹੜੇ ਮੁੰਡੇ ਇਮਤਿਹਾਨ ਵਿਚੋਂ ਫਸਟ ਰਹਿੰਦੇ ਹਨ ਪਹਿਲੇ ਉਨ੍ਹਾਂ ਨੂੰ ਇਨਾਮ ਯੂਨੀਵਰਸਿਟੀ ਜਾਂ ਸਕੂਲ ਦਿੰਦੇ ਸੀ ਪਰ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਐਨਕਰੇਜ ਕਰਨ ਵਾਸਤੇ, ਉਨ੍ਹਾਂ ਦੀ ਹੌਂਸਲਾ ਅਫ਼ਜ਼ਾਈ ਕਰਨ ਵਾਸਤੇ ਪਹਿਲੀ ਵਾਰ ਇਹ ਫੈਸਲਾ ਕੀਤਾ ਹੈ ਕਿ ਪਬਲਿਕ ਐਗਜ਼ਾਮੀਨੇਸ਼ਨ ਜਿੰਨੇ ਹਨ, ਚਾਹੇ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਲੈਂਦਾ ਹੈ, ਚਾਹੇ ਪੰਜਾਬ ਦੀ ਕੋਈ ਯੂਨੀਵਰਸਿਟੀ ਲੈਂਦੀ ਹੈ, ਜੋ ਮੁੰਡੇ ਫਸਟ ਰਹਿੰਦੇ ਹਨ ਪੰਜਾਬ ਐਜੂਕੇਸ਼ਨ ਬੋਰਡ, ਪੰਜਾਬ ਸਰਕਾਰ ਉਨ੍ਹਾਂ ਮੁੰਡਿਆਂ ਨੂੰ ਇਨਾਮ ਦੇਵੇਗੀ ਔਰ

Original with; Punjab Vidhan Sabha Digitized by; Panjab Digital Library

ਦਿੱਤੇ ਗਏ ਹਨ । ਇਹ ਬੜਾ ਚੰਗਾ ਕਦਮ ਹੈ । ਇਸ ਕਦਮ ਨੂੰ ਹੋਰ ਵੀ ਐਕਸਪੈਂਡ ਕੀਤਾ ਜਾਵੇਗਾ । ਬੜੀਆਂ ਫੈਸਿਲਿਟੀਜ਼ ਦਿੱਤੀਆਂ ਜਾ ਰਹੀਆਂ ਹਨ । ਅੱਜ ਸਕੂਲਾਂ ਅਤੇ ਕਾਲਜਾਂ ਦਾ ਵਾਤਾਵਰਣ ਹੋਰ ਹੀ ਹੈ । ਸਕੂਲਾਂ ਅਤੇ ਕਾਲਜਾਂ ਦੇ ਐਟਮਾਸਫੀਅਰ ਵਿਚ ਨਵੀਂ ਚੇਂਜ ਆਈ ਹੈ। ਅੱਜ ਬੜਾ ਅੱਛਾ ਅਤੇ ਚੇਂਜਡ ਐਟਮਾਸਫੀਅਰ, ਇਕ ਕੰਸਟਰੱਕਟਿਵ ਐਟਮਾਸਫੀਅਰ ਸਕੂਲਾਂ ਅਤੇ ਕਾਲਜਾਂ ਵਿਚ ਮਿਲਦਾ ਹੈ ਜਿਹੜਾ ਕਿ ਇਥੇ ਦੀ ਐਜੂਕੇਸ਼ਨ ਦੀ ਪਰੋਗਰੈਸ ਵਾਸਤੇ ਬੜਾ ਸਹਾਈ ਹੋਵੇਗਾ ।

ਚੇਅਰਮੈਨ ਸਾਹਿਬ, ਇਸ ਤੋਂ ਇਲਾਵਾ ਮੈਂ ਉਨ੍ਹਾਂ ਗਲਾਂ ਦਾ ਜ਼ਿਕਰ ਕਰਨਾ ਵੀ ਮੁਨਾਸਿਬ ਸਮਝਦਾ ਹਾਂ ਚਾਹੇ ਉਹ ਪਿੰਡਾਂ ਵਿਚ ਹਨ ਜਾਂ ਸ਼ਹਿਰਾਂ ਵਿਚ ਹਨ । ਜਿਹੜੀਆਂ ਸਾਡੇ ਇਥੇ ਵਿਡੋਜ਼ ਨੂੰ ਪੈਨਸ਼ਨਾਂ ਦਿਤੀਆਂ ਗਈਆਂ ਹਨ......

**ਸ੍ਰੀ ਸਭਾਪਤੀ** : ਤੁਸੀਂ ਦੋ ਮਿੰਟ ਹੋਰ ਬੋਲ ਸਕਦੇ ਹੋ ।

**ਸ੍ਰੀ ਪ੍ਰੇਮ ਗੁਪਤਾ** : ਚੇਅਰਮੈਨ ਸਾਹਿਬ, ਮੈਂ ਤਾਂ ਹਾਲਾਂ ਥੋੜਾ ਹੀ ਬੋਲਿਆ ਹਾਂ ।

**ਸ੍ਰੀ ਸਭਾਪਤੀ** : ਹੋਰਨਾਂ ਨੇ ਵੀ ਬੋਲਣਾ ਹੈ ।

**ਸ੍ਰੀ ਪ੍ਰੇਮ ਗੁਪਤਾ** : ਪਰ ਇਹ ਮੇਰੇ ਤੇ ਬਾਰ ਕਿਉਂ ਲਗਾਈ ਜਾ ਰਹੀ ਹੈ ।

**ਸ੍ਰੀ ਸਭਾਪਤੀ** : ਜੇ ਹੋਰ ਕਿਸੇ ਨੇ ਨਹੀਂ ਬੋਲਣਾ ਤਾਂ ਫਿਰ ਤੁਸੀਂ ਬੋਲੀ ਜਾਓ ।

**ਸ੍ਰੀ ਪ੍ਰੇਮ ਗੁਪਤਾ** : ਚੇਅਰਮੈਨ ਸਾਹਿਬ, ਮੈਂ ਇਸ ਗਲ ਦਾ ਜ਼ਿਕਰ ਕਰਨਾ ਮੁਨਾਸਿਬ ਸਮਝਦਾ ਹਾਂ ਕਿ ਇਥੇ ਵੈਲਫੇਅਰ ਦਾ ਕੰਮ ਬਹੁਤ ਹੋਇਆ ਹੈ । ਬੜੀਆਂ ਸਕੀਮਾਂ ਚਲ ਰਹੀਆਂ ਹਨ ਅਤੇ ਸਮਾਜ ਦੇ ਜਿਸ ਹਿੱਸੇ ਨੂੰ ਟਚ ਕੀਤਾ ਜਾ ਰਿਹਾ ਹੈ, ਜਿਹੜੀ ਵੀ ਕੋਈ ਪ੍ਰਾਬਲਮ ਹੈ ਉਸ ਬਾਰੇ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਉਹ ਹਲ ਹੋ ਜਾਵੇ । ਰਿਕਸ਼ਾ ਪੁਲਰਜ਼ ਦੀ ਗੱਲ ਕਰਦਾ ਹਾਂ । ਇਹ ਸਮਾਜ ਦਾ ਸਭ ਨਾਲੋਂ ਮਾੜਾ ਅਤੇ ਕਮਜ਼ੋਰ ਤਬਕਾ ਹੈ । ਰਿਕਸ਼ਾ ਚਲਾਉਣਾ ਇਸ ਦੇਸ਼ ਵਿਚ ਮੈਂ ਸਮਝਦਾ ਹਾਂ ਕਿ ਲਾਹਨਤ ਹੈ । ਰਿਕਸ਼ੇ ਦੀ ਪਾਬੰਦੀ ਹੋਣੀ ਚਾਹੀਦੀ ਹੈ । ਸਰਕਾਰ ਇਸ ਗਲ ਤੇ ਵੀ ਕੋਈ ਡਿਵਾਈਸ ਢੂੰਡ ਰਹੀ ਹੈ ਤਾਂਕਿ ਬੰਦੇ ਨੂੰ ਬੰਦਾ ਨਾ ਖਿਚੇ । ਪਰ ਉਥੇ ਸਾਡੇ ਸਾਈਕਲ ਰਿਕਸ਼ੇ ਨਹੀਂ ਚਲਦੇ ਜਿਸ ਹਿੱਸੇ ਵਿਚ ਬੰਦਾ ਬੰਦੇ ਨੂੰ ਰੇੜੀ ਵਿਚ ਪਾ ਕੇ ਖਿਚਦਾ ਹੈ । ਇਸ ਕੰਮ ਦੀ ਵੀ ਬੜੀ ਐਕਸਪਲਾਇਟੇਸ਼ਨ ਹੁੰਦੀ ਸੀ । ਉਹ ਗਰੀਬ ਆਪਣਾ ਰਿਕਸ਼ਾ ਨਹੀਂ ਸੀ ਰੱਖ ਸਕਦੇ । ਉਨ੍ਹਾਂ ਨੂੰ 4 ਰੁਪਏ ਦਿਨ ਵਿਚ ਭਾਵੇਂ ਬਣਨ ਜਾਂ ਨਾ ਬਣਨ ਲੇਕਿਨ ਰਿਕਸ਼ਾ ਓਨਰ ਨੇ 3 ਜਾਂ 4 ਰੁਪਏ ਉਸ ਤੋਂ ਦਿਹਾੜੀ ਦੇ ਲੈਣੇ ਹਨ । ਮਿਉਂਸਪਲ ਕਮੇਟੀ ਨੇ ਜੋ ਲਾਇਸੈਂਸ ਦੇਣੇ ਹਨ ਉਸ ਦੇ ਵਿਚ ਵੀ ਇਨ੍ਹਾਂ ਦੀ ਮਨਾਪਲੀ ਸੀ । ਇਹ ਜੋ ਸਕੀਮ ਲਾਗੂ ਕੀਤੀ ਹੈ ਇਸ ਦੇ ਬਾਰੇ ਮੈਨੂੰ ਜ਼ਾਤੀ ਤੌਰ ਤੇ ਪਤਾ ਹੈ ਕਿ ਸਰਕਾਰ ਦੇ ਕੋਲ ਆ ਕੇ ਇਸ ਗਲ ਦੀ ਐਡਵੋਕੇਸੀ ਕੀਤੀ ਗਈ ਕਿ ਉਹ ਤਾਂ ਰਿਕਸ਼ਾ ਨਹੀਂ ਲੈ ਸਕਦੇ, ਅਤੇ ਹੋਰ ਇਸ ਤਰ੍ਹਾਂ ਦੀਆਂ ਕਈ ਗਲਾਂ ਕੀਤੀਆਂ ਗਈਆਂ ਫਿਰ ਵੀ ਇਸ ਸਰਕਾਰ ਨੇ ਦਲੇਰੀ ਕਰਕੇ ਇਸ ਚੀਜ਼ ਨੂੰ ਲਾਗੂ ਕਰਨ ਦਾ ਫੈਸਲਾ ਕੀਤਾ । ਇਕ ਡਿਫੀਕਲਟੀ ਇਹ ਵੀ ਆਈ ਕਿ ਬੈਂਕਾਂ ਨੇ ਕਰਜ਼ਾ ਦੇਣ ਤੋਂ ਇਨਕਾਰ ਕਰ ਦਿਤਾ, ਇਹ ਕਹਿ ਕੇ ਕਿ ਕੋਈ ਗਰੰਟੀ ਲਿਆਉ । ਗਰੰਟੀ ਉਹ ਵਿਚਾਰਾ ਕਿਥੋਂ ਲਿਆ ਸਕਦਾ ਸੀ । ਸਰਕਾਰ ਨੇ ਇਸ ਗਲ ਨੂੰ ਟੇਕ-ਅੱਪ ਕੀਤਾ ਅਤੇ ਇਹ ਕਿਹਾ ਕਿ ਇਹ ਜੋ ਗਰੀਬਾਂ ਨੂੰ ਇੰਟਰੱਸਟ ਫਰੀ ਲੋਨ ਦਿਤਾ ਗਿਆ ਹੈ ਇਸ ਦੇ

Original with;
Punjab Vidhan Sabha
Digitized by;
Panjab Digital Library

[ਸ੍ਰੀ ਪ੍ਰੇਮ ਗੁਪਤਾ]
ਲਈ ਇਕ ਰਕਸ਼ਾ ਵਾਲਾ ਦੂਜੇ ਰਿਕਸ਼ਾ ਵਾਲੇ ਦੀ ਗਰੰਟੀ ਦੇ ਸਕਦਾ ਹੈ । ਇਹ ਚੀਜ਼ ਇੰਟਰੋਡਿਊਸ ਕਰਦਿਆਂ ਪੰਜਾਬ ਦੀ ਇਸ ਸਰਕਾਰ ਨੇ ਰਿਕਸ਼ਾ ਪੁਲਰ ਦੀ ਜੋ ਐਕਸਪਲਾਇਟੇਸ਼ਨ ਹੁੰਦੀ ਹੈ ਉਸ ਨੂੰ ਬੰਦ ਕਰਨ ਦੀ ਕੋਸ਼ਿਸ਼ ਕੀਤੀ ਹੈ । ਇਸ ਦੇ ਲਈ ਚੇਅਰਮੈਨ ਸਾਹਿਬ, ਮੈਂ ਇਕ ਸੁਝਾਉ ਦੇਵਾਂਗਾ ਅਤੇ ਤੁਹਾਡੇ ਨੋਟਿਸ ਵਿਚ ਵੀ ਹੈ ਕਿ ਲੁਧਿਆਣੇ ਵਿਚ ਇਕ ਪੈਟਰੋਲ ਨਾਲ ਚਲਣ ਵਾਲਾ ਰਿਕਸ਼ਾ ਬਣਾਇਆ ਗਿਆ ਹੈ । ਇਹ ਨੁਮਾਇਸ਼ ਵਿਚ ਡਿਸਪਲੇ ਕੀਤਾ ਗਿਆ ਸੀ । ਮੈਂ ਵੀ ਨੁਮਾਇਸ਼ ਕਮੇਟੀ ਦਾ ਮੈਂਬਰ ਸੀ । ਉਥੇ ਦੀਕਸ਼ਤ ਸਾਹਿਬ ਨੇ ਇਹ ਵੀ ਕਿਹਾ ਸੀ ਕਿ ਹੈਂਡਲ ਨੂੰ ਰਿਮੂਵ ਕਰਕੇ ਸਟੇਰਿੰਗ ਲਾ ਦਿਉ । (ਵਿਘਨ) ਮੈਂ ਉਮੀਦ ਕਰਦਾ ਹਾਂ ਕਿ ਪੰਜਾਬ ਸਰਕਾਰ ਇਸ ਵਲ ਧਿਆਨ ਦੇਵੇਗੀ । ਪ੍ਰਾਈਸ ਬਾਰੇ ਵੀ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਦੀ ਪ੍ਰਾਈਸ ਇਸ ਵੇਲੇ 2,900 ਰੁਪਏ ਦੇ ਕਰੀਬ ਹੈ ਇਹ ਵੀ ਰਿਡਿਊਸ ਕਰਕੇ 1,600 ਜਾਂ 1,700 ਰੁਪਏ ਤਕ ਲਿਆ ਕੇ ਰਿਕਸ਼ਾ ਪੁਲਰ ਨੂੰ ਸਰਕਾਰ ਲੈ ਕੇ ਦੇਵੇ ਅਤੇ ਅਗੋਂ ਕਿਸ਼ਤਾਂ ਤੇ ਉਸ ਤੋਂ ਪੈਸੇ ਲਵੇ ਤਾਂ ਕਿ ਬੰਦੇ ਨੂੰ ਬੰਦਾ ਖਿਚਣ ਦੀ ਜਿਹੜੀ ਲਾਹਨਤ ਹੈ ਉਹ ਖਤਮ ਹੋ ਸਕੇ ।

ਇਸ ਤੋਂ ਇਲਾਵਾ ਚੇਅਰਮੈਨ ਸਾਹਿਬ, ਐਡਰੈਸ ਦੇ ਵਿਚ ਵੀ ਇਸ ਗੱਲ ਦਾ ਜ਼ਿਕਰ ਕੀਤਾ ਗਿਆ ਹੈ, ਸ਼ਹਿਰਾਂ ਦੇ ਵਿਚ ਜਿਹੜੀਆਂ ਗੰਦਗੀ ਦੀਆਂ ਟੋਕਰੀਆਂ ਸਿਰਾਂ ਤੇ ਚੁਕਣ ਵਾਲੀ ਗ਼ਲ ਹੈ ਉਸ ਨੂੰ ਬੰਦ ਕਰਨ ਵਾਸਤੇ ਸੀਵਰੇਜ ਸਿਸਟਮ ਨੂੰ ਇਨਟਰੋਡਿਊਸ ਕੀਤਾ ਗਿਆ ਸੀ । ਮੈਂ ਸਮਝਦਾ ਹਾਂ ਕਿ ਸਰਕਾਰ ਇਸ ਨੂੰ ਤੇਜ਼ੀ ਨਾਲ ਲਾਗੂ ਕਰੇਗੀ ਤਾਂ ਕਿ ਸਾਡਾ ਜੋ ਏਮ ਹੈ, ਜੋ ਔਬਜੈਕਟ ਹੈ ਸੋਸ਼ਲ ਜਸਟਿਸ ਅਤੇ ਇਕਨਾਮਿਕ ਜਸਟਿਸ ਦੇਣ ਦਾ ਉਹ ਅਸੀਂ ਅਚੀਵ ਕਰ ਸਕੀਏ ।

ਇਸ ਦੇ ਨਾਲ ਹੀ ਚੇਅਰਮੈਨ ਸਾਹਿਬ, ਮੈਂ ਉਨ੍ਹਾਂ ਗਲਾਂ ਦਾ ਜ਼ਿਕਰ ਦੁਬਾਰਾ ਨਹੀਂ ਕਰਨਾ ਚਾਹੁੰਦਾ ਜਿਹੜੀਆਂ ਮੇਰੇ ਸਾਥੀਆਂ ਨੇ ਕੀਤੀਆਂ ਹਨ । ਲੇਕਿਨ ਇਸ ਗਲ ਦਾ ਫਖਰ ਹੈ ਕਿ ਇਸ ਸਟੇਟ ਨੂੰ ਪਿਛਲੇ 3-4 ਵਰ੍ਹਿਆਂ ਵਿਚ ਇਕ ਪੋਲੀਟੀਕਲ ਸਟੇਬਿਲਿਟੀ ਜਿਸ ਤਰ੍ਹਾਂ ਗਵਰਨਰ ਸਾਹਿਬ ਨੇ ਵੀ ਆਪਣੇ ਐਡਰੈਸ ਵਿਚ ਜ਼ਿਕਰ ਕੀਤਾ ਹੈ, ਮਿਲੀ ਅਤੇ ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਗਿਆਨੀ ਜ਼ੈਲ ਸਿੰਘ ਜੀ ਦੀ ਰਹਿਨੁਮਾਈ ਵਿਚ ਇਸ ਸੂਬੇ ਨੇ ਬੜੀ ਤਰੱਕੀ ਕੀਤੀ ਹੈ । ਇਸ ਤੋਂ ਪਹਿਲਾਂ ਜੋ ਹਾਲਾਤ ਸਨ ਉਹ, ਚੇਅਰਮੈਨ ਸਾਹਿਬ, ਤੁਹਾਨੂੰ ਵੀ ਪਤਾ ਹਨ ਅਤੇ ਮੈਂ ਬਹੁਤਾ ਉਨ੍ਹਾਂ ਨੂੰ ਦੁਹਰਾਉਣਾ ਨਹੀਂ ਚਾਹੁੰਦਾ । ਲੇਕਿਨ ਇਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਲੋਕ ਧਰਮ ਨਾਲ ਪਾਲਿਟਿਕਸ ਨੂੰ ਜੋੜਦੇ ਸੀ ਜਾਂ ਨਹੀਂ ਜੋੜਦੇ ਸੀ ਇਸ ਦੇ ਬਾਰੇ ਮੈਨੂੰ ਬਹੁਤੀ ਸਮਝ ਨਹੀਂ ਆਈ ਲੇਕਿਨ ਧਰਮ ਨੂੰ ਪਾਲਿਟਿਕਸ ਵਿਚ ਵਰਤਦੇ ਜ਼ਰੂਰ ਸਨ । ਉਹ ਧਰਮ ਨੂੰ ਆਪਣੀਆਂ ਜੇਬਾਂ ਵਿਚ ਪਾਈ ਫਿਰਦੇ ਸੀ, ਉਹ ਧਰਮ ਦੇ ਠੇਕੇਦਾਰ ਬਣੇ ਫਿਰਦੇ ਸੀ ਅਤੇ ਇਹ ਗੱਲ ਆਮ ਸਮਝੀ ਜਾਂਦੀ ਸੀ ਕਿ ਸਰਕਾਰ ਨੂੰ ਐਡਮਨਿਸਟਰੇਟਿਵ ਆਊਟਲੁਕ ਤੋਂ ਇਸ ਦੇ ਵਿਚ ਬਹੁਤਾ ਦਖਲ ਨਹੀਂ ਦੇਣਾ ਚਾਹੀਦਾ । ਇਸ ਦੇ ਨਾਲ ਉਨ੍ਹਾਂ ਦੀ ਮਨਾਪਲੀ ਐਕਸਪਲਾਇਟੇਸ਼ਨ ਵੀ ਬਿਲਡ ਹੁੰਦੀ ਰਹੀ । ਮੈਂ ਸਮਝਦਾ ਹਾਂ ਕਿ ਪੰਜਾਬ ਵਿਚ ਹੁਣ ਦੀ ਸੈਕੂਲਰ ਸਰਕਾਰ ਨੇ ਸੈਕੂਲੇਰਿਜ਼ਮ ਨੂੰ ਮਜ਼ਬੂਤ ਕਰਦੇ ਹੋਏ ਹਰ ਧਰਮ ਦੀ ਤਰੱਕੀ ਵਾਸਤੇ, ਪ੍ਰਚਾਰ ਵਾਸਤੇ ਉਸ ਨੂੰ ਪ੍ਰਫੁਲਿਤ ਕਰਨ ਵਾਸਤੇ ਰਿਕੁਗਨੀਸ਼ਨ ਦੇ ਕੇ ਪੰਜਾਬ ਦੇ ਵਿਚ ਇਕ ਸੈਕੂਲੇਰਿਜ਼ਮ ਦਾ ਵਾਤਾਵਰਣ ਪੈਦਾ ਕੀਤਾ ਹੈ । ਆਉਣ ਵਾਲੇ ਸਮੇਂ ਵਿਚ ਮੈਨੂੰ ਉਮੀਦ ਹੈ, ਹੋ ਸਕਦਾ

Original with:
Punjab Vidhan Sabha
Digitized by:
Panjab Digital Library

ਹੈ ਮੇਰੀ ਉਮੀਦ ਗਲਤ ਵੀ ਸਾਬਤ ਹੋ ਜਾਵੇ, ਕਿ ਬਹੁਤੇ ਲੋਕ ਜਿਹੜੇ ਧਰਮ ਦੇ ਠੇਕੇਦਾਰ ਸਨ ਉਹ ਧਰਮ ਨੂੰ ਰਾਜਨੀਤੀ ਵਾਸਤੇ ਵਰਤ ਨਹੀਂ ਸਕਣਗੇ। ਇਸ ਦੇ ਨਾਲ ਨਾਲ ਜੋ ਜੋ ਵਾਕਿਆਤ ਹੋਏ ਮੈਂ ਉਨ੍ਹਾਂ ਦੀ ਤਫਸੀਲ ਵਿਚ ਨਹੀਂ ਜਾਣਾ ਚਾਹੁੰਦਾ ਲੇਕਿਨ ਜੋ ਜੋ ਐਕਸ਼ਨ ਪੰਜਾਬ ਦੀ ਸਰਕਾਰ ਨੇ ਕੀਤੇ ਹਨ, ਵੱਖ ਵੱਖ ਧਾਰਮਿਕ ਸੰਸਥਾਵਾਂ ਨੂੰ ਫੈਸਿਲਟੀਜ਼ ਦਿਤੀਆਂ ਹਨ ਉਨ੍ਹਾਂ ਦੀ ਪੰਜਾਬ ਦਾ ਬੱਚਾ ਬੱਚਾ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿਚ, ਗਲੀ ਮੁਹੱਲਿਆਂ ਵਿਚ ਪ੍ਰਸ਼ੰਸ਼ਾ ਕਰਦਾ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਜਿਹੜੀ ਕੋਸ਼ਿਸ਼ ਹੈ ਇਹ ਹੋਰ ਜਾਰੀ ਰਹਿਣੀ ਚਾਹੀਦੀ ਹੈ।

ਚੇਅਰਮੈਨ ਸਾਹਿਬ, ਮੈਂ ਇਸ ਦੇ ਨਾਲ ਹੀ ਹੋਰ ਜਿਹੜੀਆਂ ਚੰਗੀਆਂ ਗਲਾਂ ਹੋਈਆਂ ਹਨ ਉਨ੍ਹਾਂ ਦਾ ਵੀ ਕੁਝ ਜ਼ਿਕਰ ਕਰਨਾ ਚਾਹੁੰਦਾ ਹਾਂ। ਇਥੇ ਸਰਕਾਰੀ ਕਰਮਚਾਰੀਆਂ ਦੇ ਡੀ.ਏ. ਦਾ ਜ਼ਿਕਰ ਵੀ ਕੀਤਾ ਗਿਆ ਹੈ। ਕਾਂਗਰਸ ਪਾਰਟੀ ਪਹਿਲੀ ਪਾਰਟੀ ਹੈ ਜਿਹੜੀ ਕਰਮਚਾਰੀਆਂ ਦੀ ਬੈਟਰਮੈਂਟ ਵਾਸਤੇ ਹਮੇਸ਼ਾਂ ਕੋਸ਼ਿਸ਼ ਕਰਦੀ ਰਹੀ ਹੈ। ਇਹ ਪੰਜਾਬ ਦੀ ਸਰਕਾਰ ਕੇਂਦਰ ਦੀ ਸਰਕਾਰ ਦੇ ਸਾਰੇ ਫੈਸਲਿਆਂ ਨੂੰ ਡੀ.ਏ. ਦੇਣ ਲਈ, ਇਮਪਲੀਮੈਂਟ ਕਰਦੀ ਰਹੀ ਅਤੇ ਇਹ ਉਸੇ ਡਿਸੀਜ਼ਨ ਦੀ ਇਕ ਲੜੀ ਹੈ ਕਿ ਅਜ ਚੀਫ ਮਨਿਸਟਰ ਸਾਹਿਬ ਨੇ ਡੀ.ਏ. ਦੀਆਂ 2 ਕਿਸ਼ਤਾਂ ਸਰਕਾਰੀ ਮੁਲਾਜ਼ਮਾਂ ਨੂੰ ਦੇਣ ਦਾ ਐਲਾਨ ਕੀਤਾ ਹੈ। ਬਾਕੀ ਸਰਦਾਰ ਉਮਰਾਓ ਸਿੰਘ ਜੀ ਨੇ ਜ਼ਿਕਰ ਕੀਤਾ ਹੈ ਕਿ ਬਜਟ ਆਏਗਾ ਅਤੇ ਬਜਟ ਵਿਚ ਡਿਸਕਸ ਜੋ ਹੋਏਗਾ ਉਸ ਦਾ ਜਵਾਬ ਦੇਵਾਂਗੇ। ਮੈਂ ਸਮਝਦਾ ਹਾਂ ਕਿ ਲੋਅਰ ਕਲਾਸਿਜ਼ ਜੋ ਹਨ, ਸਰਕਾਰੀ ਜਾਂ ਗੈਰ ਸਰਕਾਰੀ ਮੁਲਾਜ਼ਮ ਹਨ ਉਨ੍ਹਾਂ ਦੇ ਲਈ ਸਰਕਾਰ ਦੀ ਡੈਫੀਨਿਟ ਪਾਲਸੀ ਹੈ ਕਿ ਉਨ੍ਹਾਂ ਦੀ ਵੈਲਫੇਅਰ ਸਿਕਿਉਰਟੀ ਅਤੇ ਬੈਟਰਮੈਂਟ ਦਾ ਧਿਆਨ ਰਖਿਆ ਜਾਵੇ। ਇਨ੍ਹਾਂ ਸ਼ਬਦਾਂ ਨਾਲ. ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਚੌਧਰੀ ਰਾਮ ਸਿੰਘ** (ਪਠਾਨਕੋਟ) : ਚੇਅਰਮੈਨ ਸਾਹਿਬ, ਮੈਂ ਗਵਰਨਰ ਸਾਹਿਬ, ਦੇ ਐਡਰੈਸ ਦੇ ਉਤੇ ਉਸ ਨੂੰ ਸ਼ੁਕਰੀਆ ਅਦਾ ਕਰਨ ਦਾ ਜਿਹੜਾ ਰੈਜ਼ੋਲਿਊਸ਼ਨ ਆਇਆ ਹੈ, ਉਸ ਤੇ ਬੋਲਣ ਲਈ ਖੜ੍ਹਾ ਹੋਇਆ ਹਾਂ। ਜਿਹੜਾ ਗਵਰਨਰ ਸਾਹਿਬ ਨੇ ਇਸ ਹਾਊਸ ਵਿਚ ਐਡਰੈਸ ਪੇਸ਼ ਕੀਤਾ ਹੈ ਉਸ ਦੀ ਹਰ ਪਾਸਿਉਂ ਸਰਾਹਨਾ ਕੀਤੀ ਜਾ ਸਕਦੀ ਹੈ ਕਿਉਂਕਿ ਪੰਜਾਬ ਨੇ ਹਰ ਪਖੋਂ ਗਿਆਨੀ ਜ਼ੈਲ ਸਿੰਘ ਜੀ ਦੀ ਰਹਿਨੁਮਾਈ ਵਿਚ ਤਰੱਕੀ ਕੀਤੀ ਹੈ, ਇਸ ਦੇ ਵਿਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ। ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਤੋਂ ਪਹਿਲਾਂ ਪੰਜਾਬ ਬੜੀਆਂ ਮੁਸ਼ਕਲਾਤਾਂ ਵਿਚੋਂ ਗੁਜ਼ਰ ਰਿਹਾ ਸੀ ਲੇਕਿਨ ਜਿਸ ਵੇਲੇ ਗਿਆਨੀ ਜੀ ਦੀ ਸਰਕਾਰ ਆਈ ਤਾਂ ਹੌਲੀ ਹੌਲੀ ਜਿਹੜੀਆਂ ਮੁਸ਼ਕਲਾਤਾਂ ਸਨ ਉਨ੍ਹਾਂ ਨੂੰ ਦੂਰ ਕਰਨ ਦਾ ਯਤਨ ਕੀਤਾ ਗਿਆ ਹੈ ਅਤੇ ਬਹੁਤ ਸਾਰੀਆਂ ਮੁਸ਼ਕਲਾਤਾਂ ਦੂਰ ਹੋ ਗਈਆਂ ਹਨ। ਮੈਂ, ਚੇਅਰਮੈਨ ਸਾਹਿਬ, ਅਰਜ਼ ਕਰਨਾ ਚਾਹੁੰਦਾ ਹਾਂ ਕਿ ਥੀਨ ਡੈਮ ਦਾ ਜੋ ਮਾਮਲਾ ਸੀ ਉਹ ਬੜੀ ਦੇਰ ਤੋਂ ਲਟਕ ਰਿਹਾ ਸੀ ਔਰ ਅਕਾਲੀਆਂ ਦੀ ਸਰਕਾਰ ਨੇ ਇਹ ਮਾਮਲਾ ਬੜਾ ਉਲਝਾ ਦਿਤਾ ਸੀ। ਹਰਿਆਣੇ ਵਾਲੇ ਆਪਣੀ ਤੌਰ ਤੇ ਖੜੇ ਹੋ ਗਏ, ਹਿਮਾਚਲ ਵਾਲੇ ਆਪਣੀ ਜਗ੍ਹਾ ਤੇ ਖੜੇ ਹੋ ਗਏ ਅਤੇ ਜੇ. ਐਂਡ ਕੇ. ਵਾਲੇ ਆਪਣੀ ਜਗ੍ਹਾ ਖੜੇ ਹੋ ਗਏ। ਲੇਕਿਨ ਗਿਆਨੀ ਜ਼ੈਲ ਸਿੰਘ ਜੀ ਨੇ ਆਪਣੇ ਉਚੇ ਤੇ ਸੁੱਚੇ ਵਿਚਾਰਾਂ ਅਤੇ ਨਿਮਰਤਾ ਦੇ ਨਾਲ ਇਸ ਮਸਲੇ ਨੂੰ ਹੱਲ ਕੀਤਾ ਹੈ। ਜੇ. ਐਂਡ ਕੇ. ਦਾ 11-12 ਹਜ਼ਾਰ ਏਕੜ ਦਾ ਰਕਬਾ ਸੀ ਔਰ ਹਿਮਾਚਲ ਪ੍ਰਦੇਸ਼ ਦਾ 6-7 ਸੌ ਕਿਲੇ ਰਕਬਾ ਸੀ। ਇਸ ਦੇ ਵਿਚੋਂ ਬਹੁਤ ਸਾਰਾ ਰਕਬਾ ਤਾਂ ਖੱਡਾਂ ਵਿਚ

Original with;
Punjab Vidhan Sabha
Digitized by;
Panjab Digital Library

[ਚੌਧਰੀ ਰਾਮ ਸਿੰਘ]

ਆਉਂਦਾ ਸੀ। ਸਾਡੀ 7-8 ਹਜ਼ਾਰ ਏਕੜ ਜ਼ਮੀਨ ਇਸ ਦੇ ਵਿਚ ਆਉਂਦੀ ਸੀ। ਅਕਾਲੀ ਸਰਕਾਰ ਨੇ ਇਹ ਮਾਮਲਾ ਐਸਾ ਉਲਝਾਇਆ ਕਿ ਜੇ. ਐਂਡ ਕੇ. ਗੌਰਮਿੰਟ ਨੇ ਇਕ ਆਪਣਾ ਪ੍ਰੋਜੈਕਟ ਜਿਥੇ ਥੀਨ ਡੈਮ ਦਾ ਬੰਨ੍ਹ ਬਣਨਾ ਸੀ ਇਕ ਚੈਨਲ ਬਣਾ ਕੇ ਸਾਰਾ ਰਾਵੀ ਦਾ ਪਾਣੀ ਲੈ ਜਾਣਾ ਸੀ ਔਰ ਥੀਨ ਡੈਮ ਨਕਾਰਾ ਹੋ ਜਾਣਾ ਸੀ। ਮੈਂ ਸਮਝਦਾ ਹਾਂ ਕਿ ਗਿਆਨੀ ਜੀ ਦੀ ਹਿੰਮਤ ਨਾਲ, ਗਿਆਨੀ ਜੀ ਦੀ ਕਾਬਲੀਅਤ ਨਾਲ ਇੰਨਾ ਵੱਡਾ ਮਸਲਾ ਜਿਹੜਾ ਪੰਜਾਬ ਦੇ ਨਾਲ ਸਬੰਧਤ ਸੀ, ਪੰਜਾਬ ਦੀ ਤਰੱਕੀ ਨਾਲ ਸਬੰਧਤ ਸੀ, ਪੰਜਾਬ ਦੀ ਜ਼ਰੱਈ ਤਰੱਕੀ ਨਾਲ ਸਬੰਧਤ ਸੀ, ਪੰਜਾਬ ਦੀ ਇੰਡਸਟਰੀ ਨਾਲ ਸਬੰਧਤ ਸੀ, ਉਹ ਮਸਲਾ ਥੀਨ ਡੈਮ ਦਾ ਹੱਲ ਹੋਇਆ ਹੈ। ਮੈਂ ਕਹਿੰਦਾ ਹਾਂ ਕਿ ਇਹ ਬਹੁਤ ਹੀ ਅੱਛਾ ਫ਼ੈਸਲਾ ਹੋਇਆ ਹੈ। ਇਸ ਲਈ ਪੰਜਾਬ ਦੀ ਸਰਕਾਰ ਮੁਬਾਰਕਬਾਦ ਦੀ ਮੁਸਤਹਿਕ ਹੈ। (ਥੰਪਿੰਗ) ਪੰਜਾਬ ਦੇ ਲੋਕ ਇਹ ਮਹਿਸੂਸ ਕਰ ਰਹੇ ਹਨ ਕਿ ਇਨ੍ਹਾਂ ਚਾਰ ਸਾਲਾਂ ਵਿਚ ਗਿਆਨੀ ਜੀ ਦੀ ਸਰਕਾਰ ਨੇ ਉਹ ਕੰਮ ਕੀਤੇ ਹਨ ਜਿਹੜੇ ਸ਼ਾਇਦ ਹੀ ਕੋਈ ਦੂਸਰੀ ਸਰਕਾਰ ਕਰ ਸਕੇ। ਇਸ ਮਸਲੇ ਲਈ, ਜਿਹੜਾ ਕਿ ਪਿਛਲੇ ਕਈ ਸਾਲਾਂ ਤੋਂ ਲਟਕਿਆ ਹੋਇਆ ਸੀ ਅਤੇ ਅਕਾਲੀ ਵੀਰਾਂ ਨੇ ਉਲਝਾ ਰਖਿਆ ਸੀ, ਗਿਆਨੀ ਜੀ ਨੂੰ ਮੁਬਾਰਕਬਾਦ ਦਿੰਦੇ ਹਾਂ ਕਿ ਉਨ੍ਹਾਂ ਨੇ ਅਛੇ ਢੰਗ ਨਾਲ ਸੁਲਝਾ ਦਿਤਾ ਹੈ। ਇਸ ਦੇ ਨਾਲ ਹੀ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਗਿਆਨੀ ਜੀ ਨੇ ਜਿਥੇ ਇਹ ਮਸਲਾ ਸੁਲਝਾਇਆ ਉਥੇ ਹੋਰ ਵੀ ਕਈ ਮਸਲੇ ਸੁਲਝਾਏ ਅਤੇ ਹਰ ਪਖੋਂ ਸਾਡੇ ਪੰਜਾਬ ਨੇ ਤਰੱਕੀ ਕੀਤੀ ਹੈ। ਇਹ ਸਰਕਾਰ ਗਰੀਬਾਂ ਦੇ ਪੱਖ ਵਲ ਖਾਸ ਕਰਕੇ ਚਲ ਰਹੀ ਹੈ। ਕੋਈ ਭੀ ਐਸਾ ਵਰਗ ਨਹੀਂ ਜਿਸ ਵਲੋਂ ਇਸ ਸਰਕਾਰ ਦੀ ਨਜ਼ਰ ਓਝਲ ਹੋ ਗਈ ਹੋਵੇ। ਚਾਹੇ ਕੋਈ ਲੈਂਡਲੈਸ ਹੈ, ਚਾਹੇ ਜ਼ਮੀਨ ਦੀ ਅਲਾਟਮੈਂਟ ਦਾ ਹੈ, ਚਾਹੇ ਕੋਈ ਨੌਕਰੀ ਵਾਲਾ ਹੈ, ਚਾਹੇ ਰਿਜ਼ਰਵੇਸ਼ਨ ਹੈ ਚਾਹੇ ਕੋਈ ਹੋਰ ਗਲ ਹੈ ਸਰਕਾਰ ਨੇ ਪੂਰਾ ਪੂਰਾ ਧਿਆਨ ਦਿਤਾ ਹੈ। ਚਾਹੇ ਕਰਜ਼ੇ ਦੀ ਛੋਟ ਹੈ, ਚਾਹੇ ਨਾਮੀਨੇਸ਼ਨ ਹੈ ਜਾਂ ਕੋਈ ਹੋਰ ਗਲ ਹੈ ਤੁਸੀਂ ਵੇਖੋਗੇ ਕਿ ਗਰੀਬ ਲੋਕਾਂ ਵਲ, ਸ਼ਡਿਊਲਡ ਕਾਸਟਸ ਵਲ, ਬੈਕਵਰਡ ਕਲਾਸਿਜ਼ ਵਲ ਜਾਂ ਚਾਹੇ ਕਿਸੇ ਹੋਰ ਵਰਗ ਦੇ ਲੋਕ ਹਨ ਉਨ੍ਹਾਂ ਵਲ ਪੂਰੀ ਤਵੱਜੋ ਦਿਤੀ ਹੈ ਅਤੇ ਉਨ੍ਹਾਂ ਲੋਕਾਂ ਨੂੰ ਜਿਹੜੇ ਕਿ ਕਾਂਗਰਸ ਦੀ ਰੀੜ੍ਹ ਦੀ ਹੱਡੀ ਹਨ, ਨੇੜੇ ਲੈ ਆਂਦਾ ਅਤੇ ਇਹ ਗਿਆਨੀ ਜੀ ਦੀ ਕਾਬਲੀਅਤ ਦੇ ਕਾਰਣ ਹੀ ਹੈ ਅਤੇ ਉਨ੍ਹਾਂ ਦੀ ਦੂਰਅੰਦੇਸ਼ੀ ਹੈ। ਚੇਅਰਮੈਨ ਸਾਹਿਬ, ਇਥੇ ਹੀ ਬਸ ਨਹੀਂ ਬਲਕਿ ਅਸੀਂ ਵੇਖਦੇ ਹਾਂ ਕਿ ਜਿਹੜੇ ਮੁਲਾਜ਼ਮ ਹਨ ਅਤੇ ਸੈਲਰੀਡ ਪਰਸਨਜ਼ ਹਨ ਉਨ੍ਹਾਂ ਦਾ ਵੀ ਪੂਰਾ ਪੂਰਾ ਖਿਆਲ ਕੀਤਾ ਜਾਂਦਾ ਹੈ। ਜਦੋਂ ਇਹ ਸਰਕਾਰ ਸ਼ੁਰੂ ਵਿਚ ਬਣੀ ਤਾਂ ਮੁਲਾਜ਼ਮਾਂ ਦਾ ਡੀ.ਏ. ਅੜਿਆ ਹੋਇਆ ਸੀ ਜਿਹੜਾ ਕਿ ਅਕਾਲੀਆਂ ਦੀ ਸਰਕਾਰ ਨੇ ਨਹੀਂ ਸੀ ਦਿੱਤਾ ਉਹ ਉਸ ਨੇ ਆਕੇ ਦਿਤਾ। ਹੁਣ ਵੀ ਪੰਜਾਬ ਸਰਕਾਰ ਕੋਸ਼ਿਸ਼ ਕਰਦੀ ਹੈ ਅਤੇ ਮੁਲਾਜ਼ਮਾਂ ਦਾ ਜੋ ਡੀ.ਏ. ਵਗੈਰਾ ਬਣਦਾ ਹੈ ਉਨ੍ਹਾਂ ਨੂੰ ਦੇਣ ਲਈ ਸੋਚ ਸਮਝ ਕੇ ਅਤੇ ਆਪਣੇ ਫੰਡਜ਼ ਨੂੰ ਵੇਖ ਕੇ ਫ਼ੈਸਲਾ ਕਰਦੀ ਹੈ। ਅੱਜ ਵੀ ਗਿਆਨੀ ਜੀ ਨੇ ਉਨ੍ਹਾਂ ਦੇ ਡੀ. ਏ. ਦਾ ਐਲਾਨ ਕੀਤਾ ਹੈ। ਜਿਹੜੇ ਲੋਕ ਕਲਮ ਨਾਲ ਕੰਮ ਕਰਦੇ ਹਨ ਅਤੇ ਸੈਲਰੀਡ ਪਰਸਨਜ ਹਨ ਉਨ੍ਹਾਂ ਵਲ ਵੀ ਪੂਰਾ ਪੂਰਾ ਧਿਆਨ ਦਿਤਾ ਜਾਂਦਾ ਹੈ ਤਾਂ ਕਿ ਉਹ ਪਰੇਸ਼ਾਨ ਨਾ ਹੋਣ। ਇਹ ਗਿਆਨੀ ਜੀ ਦੀ ਸੂਝ ਹੈ ਕਿ ਅੱਜ ਕੋਈ ਆਦਮੀ ਕਿਸੇ ਗਲੋਂ ਪਰੇਸ਼ਾਨ ਨਹੀਂ ਹੈ ਚਾਹੇ ਕੋਈ ਗਰੀਬ ਹੈ, ਕੋਈ ਕਿਸਾਨ ਹੈ, ਫ਼ਿਕਸਡ ਸੈਲਰੀ ਵਾਲਾ ਹੈ।

ਚੇਅਰਮੈਨ ਸਾਹਿਬ, ਅੱਜ ਸਾਡੇ ਪੰਜਾਬ ਦੀ ਜਿਹੜੀ ਪ੍ਰੋਡਕਸ਼ਨ ਹੈ ਉਹ ਬੜ੍ਹ ਰਹੀ ਹੈ, ਸਾਡੇ ਕਾਰਖਾਨੇ ਬਦ-ਦਸਤੂਰ ਚਲ ਰਹੇ ਹਨ। ਅੱਜ ਕੋਈ ਕਾਰਖਾਨਾ ਬੰਦ ਨਹੀਂ, ਕੋਈ

Original with;
Punjab Vidhan Sabha
Digitized by;
Panjab Digital Library

ਮਜ਼ਦੂਰ ਹੜਤਾਲ ਨਹੀਂ ਕਰਦਾ, ਕੋਈ ਤਾਲਾ ਬੰਦਾ ਨਹੀਂ, ਪ੍ਰੋਡਕਸ਼ਨ ਵੱਧ ਰਹੀ ਹੈ। ਇਹ ਪ੍ਰੋਡਕਸ਼ਨ ਕਿਉਂ ਵੱਧ ਰਹੀ ਹੈ ? ਇਹ ਇਸ ਲਈ ਵੱਧ ਰਹੀ ਹੈ ਕਿਉਂਕਿ ਵੇਜਿਜ਼ ਮੁਕੱਰਰ ਕਰ ਦਿਤੇ ਗਏ ਹਨ। ਚਾਹੇ ਕਿਸੇ ਵੀ ਕੈਟੇਗਿਰੀ ਦੇ ਲੋਕ ਕਿਉਂ ਨਹੀਂ ਹਨ, ਚਾਹੇ ਉਹ ਹੌਜ਼ਰੀ ਵਿਚ ਕੰਮ ਕਰਦੇ ਹਨ, ਚਾਹੇ ਕਿਸੇ ਹੋਰ ਇੰਡਸਟਰੀ ਵਿਚ ਉਨ੍ਹਾਂ ਦੀ ਸੈਲਰੀ ਨੂੰ ਮੀਨੀਮਮ ਵੇਜਿਜ਼ ਦੇ ਤਹਿਤ ਫ਼ਿਕਸ ਕਰ ਦਿਤਾ ਗਿਆ ਹੈ ਤਾਂਕਿ ਉਹ ਪਰੇਸ਼ਾਨ ਨਾ ਹੋਣ। ਅੱਜ ਸਾਰੇ ਪਾਸੇ ਅਮਨ ਹੈ, ਕੰਮ ਕਰਨ ਵਾਲੇ ਚਾਹੇ ਜ਼ਮੀਨ ਤੇ ਕੋਈ ਕੰਮ ਕਰਦਾ ਹੈ ਚਾਹੇ ਕਿਤੇ ਹੋਰ, ਸਭ ਖੁਸ਼ ਹਨ ਕਿਉਂਕਿ ਉਨ੍ਹਾਂ ਦੇ ਵੇਜਿਜ਼ ਫ਼ਿਕਸ ਕਰ ਦਿਤੇ ਗਏ ਹਨ। ਦਿਹਾਤਾਂ ਵਿਚ ਰਹਿਣ ਵਾਲੇ ਅਤੇ ਕੰਮ ਕਰਨ ਵਾਲੇ ਖੇਤ ਮਜ਼ਦੂਰਾਂ ਦੇ ਵੇਜਿਜ਼ ਵੀ ਮੁਕਰਰ ਕਰ ਦਿਤੇ ਗਏ ਹਨ ਇਹ ਬੜੀ ਸੂਝ ਦੀ ਗਲ ਹੈ ਕਿਉਂਕਿ 75% ਲੋਕ ਪਿੰਡਾਂ ਵਿਚ ਮਜ਼ਦੂਰੀ ਕਰਦੇ ਹਨ ਜ਼ਮੀਨਾਂ ਤੇ ਚਾਹੇ ਜ਼ਮੀਨ ਤੇ ਗੋਡੀ ਕਰਦੇ ਹਨ ਚਾਹੇ ਕੋਈ ਹੋਰ ਕੰਮ ਕਰਦੇ ਹਨ।

12.50 P.M. ( ਇਸ ਸਮੇਂ ਸ੍ਰੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ )

ਇਹ ਇਸ ਲਈ ਕੀਤਾ ਗਿਆ ਹੈ ਤਾਂ ਕਿ ਉਨ੍ਹਾਂ ਦੇ ਦਿਲੋਦਿਮਾਗ਼ ਤੇ ਕੋਈ ਗਲਤ ਫ਼ਹਿਮੀ ਨਾ ਰਹੇ, ਇਹ ਬੜੀ ਸਰਾਹਨਾ ਯੋਗ ਗਲ ਹੈ ਅਤੇ ਪੰਜਾਬ ਦੀ ਸਰਕਾਰ ਨੇ ਅੱਛਾ ਮਾਹੌਲ ਪੈਦਾ ਕਰਨ ਵਾਸਤੇ ਇਹ ਕੀਤਾ ਹੈ।

ਇਨ੍ਹਾਂ 4 ਸਾਲਾਂ ਦੀ ਗਿਆਨੀ ਜੀ ਦੀ ਟੈਨਿਉਰ ਵਿੱਚ ਤੁਸੀਂ ਵੇਖਦੇ ਹੋ ਕਿ ਕਿਤਨਾ ਅਮਨ ਅਮਾਨ ਹੈ। ਅਕਾਲੀਆਂ ਵੇਲੇ ਉਨ੍ਹਾਂ ਦੇ ਵਿਚ ਆਪਣੀ ਹਫ਼ੜਾ ਦਫੜੀ ਮਚੀ ਰਹਿੰਦੀ ਸੀ। ਇਹ ਕਰੈਡਿਟ ਗਿਆਨੀ ਜੀ ਨੂੰ ਹੀ ਜਾਂਦਾ ਹੈ ਕਿ ਉਨ੍ਹਾਂ ਦੀ ਪਾਰਟੀ ਵਿਚ ਕੋਈ ਐਸੀ ਗਲ ਨਹੀਂ ਹੋਈ ਹੈ ਅਤੇ ਸਾਰੇ ਲੈਜਿਸਲੇਟਰਜ਼ ਇਕ ਟੀਮ ਦੀ ਤਰ੍ਹਾਂ ਉਨ੍ਹਾਂ ਦੇ ਨਾਲ ਕੰਮ ਕਰ ਰਹੇ ਹਨ। ਇਸ ਵਿਚ ਕੋਈ ਦੋ ਰਾਵਾਂ ਨਹੀਂ। ਅੱਜ ਤਕ ਪੰਜਾਬ ਵਿਚ ਜਿੰਨੀਆਂ ਵੀ ਸਰਕਾਰਾਂ ਆਈਆਂ ਹਨ ਚਾਹੇ ਕਾਂਗਰਸ ਦੀਆਂ ਵੀ ਸਨ ਐਸੇ ਤਰੀਕੇ ਨਾਲ ਨਹੀਂ ਚਲੀਆਂ ਜਿਸ ਤਰ੍ਹਾਂ ਗਿਆਨੀ ਜੀ ਦੀ ਸਰਕਾਰ ਚਲ ਰਹੀ ਹੈ। ਡੀਜ਼ਲ ਬਾਰੇ ਸਾਡੇ ਅਕਾਲੀ ਭਰਾ ਕਿੰਨਾ ਰੌਲਾ ਪਾਉਂਦੇ ਫਿਰਦੇ ਰਹੇ। ਅੱਜ ਵੇਖੋ ਕਿਸੇ ਵੀ ਪੈਟਰੋਲ ਪੰਪ ਤੇ ਕੋਈ ਰਸ਼ ਨਹੀਂ। ਖਾਦ ਬਾਰੇ ਕਿਸੇ ਕਿਸਮ ਦੀ ਹਿਊ ਐਂਡ ਕਰਾਈ ਨਹੀਂ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਅੱਜ ਖਾਦ ਔਰ ਡੀਜ਼ਲ ਦੀ ਸਾਰੇ ਪੰਜਾਬ ਵਿਚ ਕੋਈ ਪ੍ਰਾਬਲਮ ਨਹੀਂ। ਅੱਜ ਵੇਖੋ ਕਿ 18-20 ਕਰੋੜ ਰੁਪਏ ਕਿਸਾਨ ਨੂੰ ਬੋਨਸ ਵਜੋਂ ਦਿਤੇ ਗਏ। 5 ਕਰੋੜ ਦਾ ਬੋਨਸ ਪੈਡੀ ਵਾਸਤੇ ਦਿੱਤਾ ਗਿਆ। ਇਨ੍ਹਾਂ ਅਕਾਲੀਆਂ ਨੇ ਆਪਣੀ ਸਰਕਾਰ ਵੇਲੇ ਅਜਿਹਾ ਕੁਝ ਨਹੀ ਕੀਤਾ। ਸੈਂਟਰ ਦੀ ਸਰਕਾਰ ਨੇ ਅਗਰ ਘੱਟ ਪੈਸੇ ਦਿਤੇ ਤਾਂ ਗਿਆਨੀ ਜੀ ਦੀ ਸਰਕਾਰ ਨੇ ਆਪਣੇ ਬਜਟ ਵਿਚੋਂ ਕਰੋੜਾਂ ਰੁਪਏ ਕਿਸਾਨਾਂ ਨੂੰ ਦਿਤੇ। ਪੂਰੀ ਬਿਜਲੀ ਦਿਤੀ, ਕਿਸਾਨ ਨੂੰ ਜ਼ਿਮੀਦਾਰ ਨੂੰ, ਪੂਰੀ ਖਾਦ ਦਿਤੀ, ਡੀਜ਼ਲ ਦਿਤਾ ਤਾਂ ਕਿ ਕਿਸਾਨ ਆਪਣੇ ਪੈਰਾਂ ਤੇ ਖੜਾ ਰਹਿ ਸਕੇ ਅਤੇ ਪ੍ਰੋਡਕਸ਼ਨ ਜ਼ਿਆਦਾ ਕਰ ਸਕੇ ਤਾਂ ਕਿ ਸੈਂਟਰਲ ਪੂਲ ਵਿਚ ਪੰਜਾਬ ਜ਼ਿਆਦਾ ਤੋਂ ਜ਼ਿਆਦਾ ਅਨਾਜ ਦੇ ਸਕੇ। ਇਸ ਗਲ ਲਈ ਗਿਆਨੀ ਜੀ ਦੀ ਸਰਕਾਰ ਮੁਬਾਰਕਬਾਦ ਦੀ ਮੁਸਤਹਿਕ ਹੈ। ਅੱਜ ਪੰਜਾਬ ਦੀ ਸਰਕਾਰ ਹਿੰਦੁਸਤਾਨ ਵਿਚ ਆਪਣਾ ਸਿਰ ਉਚਾ ਕਰ ਸਕਦੀ ਹੈ। ਸਾਰੇ ਪਖੋਂ ਪੰਜਾਬ ਦੀ ਸਰਕਾਰ ਮੁਬਾਰਕਬਾਦ ਦੀ ਮੁਸਤਹਿਕ ਹੈ।

Original with;
Punjab Vidhan Sabha
Digitized by;
Panjab Digital Library

[ਚੌਧਰੀ ਰਾਮ ਸਿੰਘ]

ਹੁਣ ਸਪੀਕਰ ਸਾਹਿਬ, ਮੈਂ ਇੰਡਸਟਰੀ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਅਕਾਲੀਆਂ ਨੇ ਆਪਣੀ ਸਰਕਾਰ ਦੇ ਸਮੇਂ ਕੋਈ 17 ਲਾਇਸੈਂਸਾਂ ਦੇ ਕਰੀਬ ਵਾਪਸ ਕਰ ਦਿਤੇ ਅਤੇ ਕੋਈ ਇੰਡਸਟਰੀ ਨਹੀਂ ਲਗਾਈ, ਲੇਕਿਨ ਗਿਆਨੀ ਜੀ ਦੀ ਸਰਕਾਰ ਨੇ ਕਰੋੜਾਂ ਰੁਪਏ ਦੀ ਇੰਡਸਟਰੀ ਲਗਾਈ, ਜੁਆਇੰਟ ਸੈਕਟਰ ਵਿਚ ਵੀ ਅਤੇ ਆਪਣੇ ਤੌਰ ਤੇ ਵੀ, ਜਿਸ ਦੇ ਨਤੀਜੇ ਵਜੋਂ ਪੰਜਾਬ ਪ੍ਰਾਸਪੈਰਿਟੀ ਵੱਲ ਚਲ ਰਿਹਾ ਹੈ। ਸਪੀਕਰ ਸਾਹਿਬ, ਅੱਜ ਇਹ ਬੇਸ਼ਕ ਨਾਹਰੇ ਲਾਈ ਜਾਣ, ਜੋ ਮਰਜੀ ਕਰਨ ਇਹ ਹੋਰ ਕੁਝ ਕਰ ਵੀ ਨਹੀਂ ਸਕਦੇ। ਇਹ ਨਾਹਰੇ ਲਾ ਕੇ ਵਾਕ ਆਊਟ ਕਰ ਜਾਂਦੇ ਹਨ। ਇਨ੍ਹਾਂ ਕੋਲ ਕੋਈ ਸੌਲਿਡ ਪ੍ਰੋਗਰਾਮ ਨਹੀਂ, ਮਜ਼ਮੂਨ ਨਹੀਂ, ਜਿਹੜਾ ਕਿ ਇਹ ਲੋਕਾਂ ਦੇ ਸਾਹਮਣੇ ਪੇਸ਼ ਕਰ ਸਕਣ ਕਿ ਅਸੀਂ ਇਹ ਕੀਤਾ ਸੀ, ਕਾਂਗਰਸ ਸਰਕਾਰ ਨੇ ਇਹ ਘੱਟ ਕੀਤਾ ਹੈ। ਇਨ੍ਹਾਂ ਨੂੰ ਮਾਲੂਮ ਹੈ ਕਿ ਇਨ੍ਹਾਂ ਕੁਝ ਨਹੀਂ ਕੀਤਾ ਸੀ। ਇਸ ਲਈ ਇਹ ਰੌਲਾ ਪਾ ਕੇ ਵਾਕ ਆਊਟ ਕਰ ਜਾਂਦੇ ਹਨ। ਇਸ ਦੇ ਸਿਵਾਏ ਇਨ੍ਹਾਂ ਕੋਲ ਹੋਰ ਕੋਈ ਚਾਰਾ ਨਹੀਂ। ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਇਥੇ ਹੀ ਬਸ ਨਹੀਂ। ਇਸ ਸਰਕਾਰ ਨੇ ਹਰੀਜਨਾਂ ਲਈ ਜਿਹੜਾ ਕੰਮ ਕੀਤਾ ਹੈ ਸਰਕਾਰੀ ਨੌਕਰੀਆਂ ਵਿੱਚ ਰਿਜ਼ਰਵੇਸ਼ਨ ਦੇਣ ਦਾ ਅਤੇ ਪ੍ਰਮੋਸ਼ਨਾਂ ਵਿੱਚ ਵੀ ਰਿਜ਼ਰਵੇਸ਼ਨ ਦੇਣ ਦਾ ਫੈਸਲਾ ਕੀਤਾ ਹੈ, ਇਹ ਬਹੁਤ ਚੰਗੀ ਗਲ ਹੈ। ਇਹ ਇਸ ਲਈ ਕੀਤਾ ਹੈ ਤਾਂਕਿ ਇਨ੍ਹਾਂ ਦੀਆਂ ਅਸਾਮੀਆਂ ਪੂਰੀਆਂ ਭਰੀਆਂ ਜਾਣ ਅਤੇ ਇਹ ਗਰੀਬ ਲੋਕ ਵੀ ਅੱਗੇ ਆ ਸਕਣ। ਇਨ੍ਹਾਂ ਦੇ ਵੇਲੇ ਬੇਸ਼ਕ ਰਿਜ਼ਰਵੇਸ਼ਨ ਦੀ ਪਰਸੈਂਟੇਜ ਘੱਟ ਸੀ ਪਰ ਇਨ੍ਹਾਂ ਨੇ ਉਸ ਨੂੰ ਵੀ ਪੂਰਾ ਨਹੀਂ ਕੀਤਾ। ਬਲਕਿ ਦੂਸਰੇ ਲੋਕਾਂ ਨੂੰ ਇਹ ਲਗਾਉਂਦੇ ਰਹੇ। ਗਰੀਬ ਹਰੀਜਨਾਂ ਦਾ ਜਿਹੜਾ ਕੋਟਾ ਸੀ ਉਹ ਕਦੇ ਪੂਰਾ ਨਹੀਂ ਕੀਤਾ। ਪਰ ਸਾਡੀ ਸਰਕਾਰ ਨੇ ਇਹ ਪੂਰਾ ਕੀਤਾ ਹੈ ਅਤੇ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। 25% ਰਿਜ਼ਰਵੇਸ਼ਨ ਦੇਣ ਦਾ ਡਿਸੀਜ਼ਨ ਕੀਤਾ ਹੈ। ਇਸ ਦੀ ਪੂਰੀ ਇੰਪਲੀਮੈਂਟੇਸ਼ਨ ਕਰ ਰਹੀ ਹੈ। ਇਨ੍ਹਾਂ ਵਾਂਙ ਜ਼ਬਾਨੀ ਗਲ ਨਹੀਂ ਕੀਤੀ। ਅੱਜ ਪੰਜਾਬ ਵਿੱਚ ਹਰੀਜਨ ਟੀਚਰਾਂ ਦੀ ਘਾਟ ਸੀ। ਸਰਕਾਰ ਨੇ ਹਰ ਸਬ ਡਿਵੀਜ਼ਨ ਵਿੱਚ ਜੇ ਬੀ. ਟੀ. ਟਰੇਨਿੰਗ ਦੀਆਂ ਕਲਾਸਾਂ ਖੋਲ੍ਹ ਦਿੱਤੀਆਂ ਤਾਂਕਿ ਇਨ੍ਹਾਂ ਦੀਆਂ ਜਿਹੜੀਆਂ ਰਿਜ਼ਰਵਡ ਵੇਕੇਂਸੀਆਂ ਹਨ ਉਹ ਪੂਰੀਆਂ ਭਰੀਆਂ ਜਾਣ। ਇਨ੍ਹਾਂ ਕਲਾਸਾਂ ਵਿਚ ਹਰੀਜਨ ਵਿਦਿਆਰਥੀ ਟਰੇਨਿੰਗ ਲੈ ਕੇ ਆਪਣੀ ਰਿਜ਼ਰਵੇਸ਼ਨ ਪੂਰੀ ਕਰਨਗੇ। ਇਸ ਵੇਲੇ ਇਹ ਗਲ ਵੀ ਨਹੀਂ ਕਹੀ ਜਾ ਸਕਦੀ ਕਿ ਫਲਾਣਾ ਡਾਮੀਨੇਟ ਕਰ ਰਿਹਾ ਹੈ ਜਾਂ ਫਲਾਣਾ ਨਹੀਂ ਕਰ ਰਿਹਾ। ਅੱਜ ਹਰ ਇਕ ਆਦਮੀ ਨੂੰ ਪ੍ਰਾਸਪੈਰਿਟੀ ਦਾ ਮੌਕਾ ਦਿੱਤਾ ਜਾ ਰਿਹਾ ਹੈ। ਕੁਝ ਲੋਕਾਂ ਨੂੰ ਅਤੇ ਖਾਸ ਕਰਕੇ ਅਕਾਲੀ ਦੋਸਤਾਂ ਨੂੰ ਇਹ ਭਾਉਂਦਾ ਨਹੀਂ। ਇਹ ਸਮਝਦੇ ਹਨ ਕਿ ਇਹ ਜਾਗੀਰਦਾਰੀ ਇਨ੍ਹਾਂ ਦੀ ਹੀ ਹੈ। ਗਿਆਨੀ ਜੀ ਨੇ ਇਨ੍ਹਾਂ ਦੀ ਜਾਗੀਰਦਾਰੀ ਘੱਟ ਕੀਤੀ ਹੈ। ਇਸ ਵਾਸਤੇ ਇਨ੍ਹਾਂ ਨੂੰ ਦੁੱਖ ਹੋਇਆ ਹੈ। ਇਸ ਲਈ ਹੀ ਇਹ ਵਾਕ ਆਊਟ ਕਰਦੇ ਹਨ। ਇਹ ਲੋਕਾਂ ਨੂੰ ਤਾਂ ਕੁਝ ਕਹਿ ਨਹੀਂ ਸਕਦੇ। ਅੱਜ ਗਿਆਨੀ ਜੀ ਦੀ ਸਰਕਾਰ ਨੇ ਬਗੈਰ ਕਿਸੇ ਵਿਤਕਰੇ ਦੇ ਹਰ ਇੱਕ ਆਦਮੀ ਨੂੰ ਪ੍ਰਾਸਪੈਰਿਟੀ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਪ੍ਰਧਾਨ ਮੰਤਰੀ ਜੀ ਦਾ ਜਿਹੜਾ 20 ਨੁਕਾਤੀ ਪ੍ਰੋਗਰਾਮ ਹੈ, ਇਸ ਦੀ ਹਰ ਇੱਕ ਨੇ ਦੁਨੀਆਂ ਭਰ ਵਿੱਚ ਸਰਾਹਨਾ ਕੀਤੀ ਹੈ। ਹਿੰਦੁਸਤਾਨ ਦੀਆਂ ਸਾਰੀਆਂ ਸਟੇਟਾਂ ਇਸ ਨੂੰ ਇੰਪਲੀਮੈਂਟ ਕਰ ਰਹੀਆਂ ਹਨ। ਗਿਆਨੀ ਜੀ ਦੀ ਸਰਕਾਰ ਨੇ ਵੀ ਇਸ ਨੂੰ ਪੂਰੇ ਤੌਰ ਤੇ ਇੰਪਲੀਮੈਂਟ ਕੀਤਾ ਹੈ ਅਤੇ ਕਰ ਰਹੀ ਹੈ। ਲੇਕਿਨ ਇਹ ਲੋਕ ਇਸਦੇ ਵਿਰੁੱਧ ਹਨ। ਇਨ੍ਹਾਂ ਦੇ ਦਿਲੋ ਦਿਮਾਗ ਵਿੱਚ ਇਸ ਦੇ ਵਿਰੁੱਧ ਹੀ ਵਿਚਾਰ ਹਨ।

Original with:
Punjab Vidhan Sabha
Digitized by:
Panjab Digital Library

20 ਨੁਕਾਤੀ ਪ੍ਰੋਗਰਾਮ ਤਾਂ ਗਰੀਬਾਂ ਲਈ ਹੈ । ਇਸ ਦਾ ਪਹਿਲਾ ਪੁਆਇੰਟ ਹੀ ਗਰੀਬ ਲੋਕਾਂ ਦੀਆਂ ਘਰੋਗੀ ਵਸਤੂਆਂ ਦੀ ਸਪਲਾਈ ਠੀਕ ਟਾਈਮ ਤੇ ਦੇਣ ਬਾਰੇ ਹੈ । ਅੱਜ ਪਿੰਡਾਂ ਵਿੱਚ ਵੇਖੋ, ਜਨਵਰੀ ਦਾ ਮਹੀਨਾ ਜਾ ਰਿਹਾ ਹੈ ਪਰ ਆਟੇ ਦੀ ਬਿਲਕੁਲ ਕਿਲੱਤ ਨਹੀਂ ਹੈ । ਇਨ੍ਹਾਂ ਨੂੰ ਇਹ ਗਲ ਚੁਭਦੀ ਹੈ ।

**ਸ਼੍ਰੀ ਸਪੀਕਰ :** ਚੌਧਰੀ ਸਾਹਿਬ, ਪੰਜ ਮਿੰਟਾਂ ਵਿੱਚ ਵਾਈਂਡ ਅਪ ਕਰੋ ।

**ਚੌਧਰੀ ਰਾਮ ਸਿੰਘ** : ਸਪੀਕਰ ਸਾਹਿਬ, ਅੱਜ ਪਿੰਡਾਂ ਵਿੱਚ ਆਟੇ ਦੀ ਕੋਈ ਕਿਲੱਤ ਨਹੀਂ । ਪਹਿਲਾਂ ਇਨ੍ਹਾਂ ਦੇ ਵੇਲੇ ਹਿਉ ਐਂਡ ਕਰਾਈ ਸੀ । ਅੱਜ ਤੇਲਾਂ ਦੇ ਰੇਟ ਬਿਲਕੁਲ ਗਿਰ ਗਏ ਹਨ । ਬਨਸਪਤੀ ਪਹਿਲਾਂ ਮਿਲਦਾ ਨਹੀਂ ਸੀ । ਅੱਜ ਇਹ ਮਿਲ ਰਿਹਾ ਹੈ । ਅੱਜ ਘਰੋਗੀ ਵਸਤੂਆਂ ਬਾਰੇ ਕਿਸੇ ਨੂੰ ਚਿੰਤਾ ਨਹੀਂ ਹੈ । ਹਰ ਚੀਜ਼ ਅਰਾਮ ਨਾਲ ਮਿਲ ਰਹੀ ਹੈ । ਆਪੋਜ਼ੀਸ਼ਨ ਵਾਲੇ ਚਾਹੁੰਦੇ ਹਨ ਕਿ ਇਹ ਸਪਲਾਈ ਲਾਈਨ ਖਰਾਬ ਕੀਤੀ ਜਾਵੇ । ਅੱਜ ਰੇਟ ਗਿਰ ਗਏ ਹਨ । ਅੱਜ ਹਰ ਘਰ ਦੀ ਔਰਤ ਖੁਸ਼ ਹੈ । ਕਿਸੇ ਨੂੰ ਹੁਣ ਚਿੰਤਾ ਨਹੀਂ ਕਿ ਇਹ ਚੀਜ਼ ਨਹੀਂ ਮਿਲ ਰਹੀ ਜਾਂ ਉਹ ਚੀਜ਼ ਨਹੀਂ ਮਿਲ ਰਹੀ । ਪਰ ਇਨ੍ਹਾਂ ਨੂੰ ਇਹ ਗਲ ਚੁਭਦੀ ਹੈ । ਇਹ ਸਕੇਅਰਸਿਟੀ ਇਨ੍ਹਾਂ ਦੀ ਹੀ ਪੈਦਾ ਕੀਤੀ ਹੋਈ ਸੀ । ਇਨ੍ਹਾਂ ਦੇ ਦਿਲੋ ਦਿਮਾਗ ਵਿੱਚ ਇਹ ਗਲ ਹੈ ਕਿ ਪੰਜਾਬ ਅੱਜ ਪ੍ਰਾਸਪੈਰਿਟੀ ਵਲ ਕਿਉਂ ਜਾ ਰਿਹਾ ਹੈ, ਗਿਆਨੀ ਜੀ ਦੀ ਸਰਕਾਰ ਤਕੜੀ ਤੇ ਮਜ਼ਬੂਤ ਕਿਉਂ ਹੋ ਰਹੀ ਹੈ । ਇਸ ਵਾਸਤੇ ਹੀ ਇਹ ਵਾਕ ਆਊਟ ਕਰਦੇ ਹਨ । ਕਲ ਵੀ ਇਨ੍ਹਾਂ ਨੇ ਵਾਕ ਆਊਟ ਕੀਤਾ ਤੇ ਅੱਜ ਵੀ ਕੀਤਾ ਹੈ । ਮੈਂ ਇਹ ਅਰਜ਼ ਕਰਾਂਗਾ ਕਿ ਇਸ ਸਰਕਾਰ ਦੀ ਚਾਰ ਸਾਲ ਦੀ ਇਸ ਟੈਨਿਉਰ ਵਿੱਚ ਪੰਜਾਬ ਨੇ ਹਰ ਪੱਖੋਂ ਤਰੱਕੀ ਕੀਤੀ ਹੈ । ਪੰਜਾਬ ਵਿੱਚ ਇੱਕ ਵੀ ਨਵਾਂ ਟੈਕਸ ਨਹੀਂ ਲੱਗਿਆ । ਹਰ ਰਾਜ ਵਿੱਚ ਟੈਕਸ ਲੱਗਦੇ ਹਨ (ਤਾੜੀਆਂ) ਇਹ ਗਿਆਨੀ ਜੀ ਦੀ ਕਾਬਲਿਅਤ ਦਾ ਨਤੀਜਾ ਹੈ ਕਿ ਪੰਜਾਬ ਦੇ ਉਤੇ ਇਤਨਾ ਬੋਝ ਹੋਣ ਦੇ ਬਾਵਜੂਦ ਵੀ ਅੱਜ ਪੰਜਾਬ ਤਰੱਕੀ ਕਰ ਰਿਹਾ ਹੈ, ਪ੍ਰਸਪੈਰਿਟੀ ਵੱਲ ਜਾ ਰਿਹਾ ਹੈ । ਇਹ ਕਹਿੰਦੇ ਹਨ ਕਿ ਲੋਕਾਂ ਵਿੱਚ ਹਿਉ ਐਂਡ ਕਰਾਈ ਕਿਉਂ ਨਹੀਂ ਹੈ । ਇਨ੍ਹਾਂ ਦੇ ਦਿਲੋ ਦਿਮਾਗ ਵਿੱਚ ਇਹੀ ਗਲ ਰਹਿੰਦੀ ਹੈ । ਇਹ ਕਹਿੰਦੇ ਹਨ ਕਿ ਸੂਬੇ ਵਿੱਚ ਹਲ ਚਲ ਕਿਉਂ ਨਹੀਂ ਹੋਈ, ਤਰੱਕੀ ਕਿਉਂ ਨਹੀਂ ਰੁਕ ਰਹੀ । ਇਨ੍ਹਾਂ ਨੂੰ ਇਹ ਵੀ ਦੁਖ ਹੈ ਕਿ ਗਿਆਨੀ ਜੀ ਦੀ ਮੁਸੱਲਮਾਂ ਕਾਬਲੀਅਤ ਕਾਰਣ ਹਰ ਪਾਸੇ ਕਿਉਂ ਤਰੱਕੀ ਹੋ ਰਹੀ ਹੈ । ਇਹ ਇਸ ਲਈ ਪਰੇਸ਼ਾਨ ਹਨ । ਅੱਜ ਸਾਨੂੰ ਚਾਹੀਦਾ ਹੈ ਕਿ ਅਸੀਂ ਗਿਆਨੀ ਜੀ ਦੇ ਹੱਥ ਹੋਰ ਮਜ਼ਬੂਤ ਕਰੀਏ ਅਤੇ ਪ੍ਰਧਾਨ ਮੰਤਰੀ ਜੀ ਦਾ ਜੋ 20 ਨੁਕਾਤੀ ਪ੍ਰੋਗਰਾਮ ਹੈ ਇਸ ਨੂੰ ਹੋਰ ਤੇਜ਼ੀ ਨਾਲ ਇੰਪਲੀਮੈਂਟ ਕਰੀਏ । ਆਪੋਜ਼ੀਸ਼ਨ ਨੇ ਤਾਂ ਸੈਬੋਟੇਜ ਕਰਨਾ ਹੀ ਹੈ । ਲੇਕਿਨ ਸਾਡੀ ਸਾਰਿਆਂ ਦੀ ਡਿਊਟੀ ਹੈ ਕਿ ਅਸੀਂ ਇਸ ਦੀ ਪੂਰੀ ਸਪੋਰਟ ਕਰੀਏ । ਮੈਂ ਇੱਕ ਗਲ ਹੋਰ ਕਰਨੀ ਚਾਹੁੰਦਾ ਹੈ । ਕੰਡੀ ਔਰ ਸਬ-ਮਾਊਂਟੇਨਸ ਜਿਹੜਾ ਏਰੀਆ ਹੈ, ਇਸਦੇ ਵਿੱਚ ਬੜੀ ਤਰੱਕੀ ਹੋਈ ਹੈ । ਵਾਟਰ ਸਪਲਾਈ ਵਿਚ ਤਰੱਕੀ ਹੋਈ ਹੈ । ਹੈਲਥ ਅਤੇ ਐਜੂਕੇਸ਼ਨ ਦੇ ਖੇਤਰਾਂ ਵਿੱਚ ਵੀ ਤਰੱਕੀ ਹੋਈ ਹੈ । ਸਾਰੇ ਪੱਖੋਂ ਤਰੱਕੀ ਹੋਈ ਹੈ ਲੇਕਿਨ ਇੱਕ ਮੁਸ਼ਕਲ ਪੇਸ਼ ਹੈ ।

**ਸ਼੍ਰੀ ਸਪੀਕਰ :** ਇੱਕ ਮਿੰਟ ਹੋਰ ਲੈ ਲਓ ਜੀ ।

Original with;
Punjab Vidhan Sabha
Digitized by;
Panjab Digital Library

**ਚੌਧਰੀ ਰਾਮ ਸਿੰਘ** : ਇਸ ਵਾਸਤੇ ਜਿਹੜਾ ਇਹ ਕੰਡੀ ਦਾ ਏਰੀਆ ਹੈ ਉਥੇ ਜਿਹੜੇ ਸਰਕਾਰੀ ਮੁਲਾਜ਼ਮੀਨ ਆਮ ਤੌਰ ਤੇ ਜਾਂਦੇ ਹਨ, ਉਹ ਇਹ ਕੋਸ਼ਿਸ਼ ਕਰਦੇ ਹਨ ਕਿ ਉਥੇ ਦੇ ਸਰਪੰਚ ਵਗੈਰਾ ਉਨ੍ਹਾਂ ਦੇ ਖਿਲਾਫ ਕੋਈ ਕੰਪਲੇਂਟ ਕਰ ਦੇਣ ਅਤੇ ਇਸ ਤਰ੍ਹਾਂ ਨਾਲ ਉਹ ਵਾਪਿਸ ਚਲੇ ਜਾਣ ਅਤੇ ਉਥੇ ਉਹ ਰਹਿਣਾ ਨਹੀਂ ਚਾਹੁੰਦੇ । ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਕਈ ਦਫਾ ਉਨ੍ਹਾਂ ਇਲਾਕਿਆਂ ਵਿਚ ਸਕੂਲ ਅਤੇ ਡਿਸਪੈਂਸਰੀਆਂ ਖਾਲੀ ਹੀ ਹੋ ਜਾਂਦੀਆਂ ਹਨ । ਇਸ ਦੇ ਲਈ ਮੈਂ ਇਕ ਸੁਝਾਓ ਵੀ ਦੇ ਸਕਦਾ ਹਾਂ ....

**ਸ੍ਰੀ ਸਪੀਕਰ** : ਚੌਧਰੀ ਸਾਹਿਬ, ਤਸ਼ਰੀਫ ਰਖੋ ।

**ਚੌਧਰੀ ਰਾਮ ਸਿੰਘ** : ਸਪੀਕਰ ਸਾਹਿਬ, ਮੈਨੂੰ ਗੱਲ ਪੂਰੀ ਕਰ ਲੈਣ ਦੇਵੋ ।

**Mr. Speaker** : Chaudhri Ram Singh, please resume your seat now.

The House stands adjourned till 9.00 A.M. on Thursday, the 22nd January, 1976.

1.00 P.M.

*(The Sabha then adjourned till 9.00 A.M. on Thursday, the 22nd January, 1976.)*

---

1837—28-7-76—286—Pb., Govt., Press, Patiala.

Original with
Punjab Vidhan Sabha
Digitized by
Panjab Digital Library

# APPENDIX

TO

**Punjab Vidhan Sabha Debates**

*Dated 21st January, 1976*

*Vol. I-No. 2*

**ਬਠਿੰਡੇ ਜ਼ਿਲ੍ਹੇ ਵਿਚ ਕਿਸਾਨਾਂ ਨੂੰ ਨਹਿਰੀ ਪਾਣੀ ਦੀ ਬਾਕਾਇਦਾ ਅਤੇ ਕਾਫੀ ਸਪਲਾਈ**

*3315. **ਸਰਦਾਰ ਸੁਰਜੀਤ ਸਿੰਘ ਸਿੱਧੂ** : ਕੀ ਸਿੰਜਾਈ ਅਤੇ ਬਿਜਲੀ ਦੇ ਰਾਜ ਮੰਤ੍ਰੀ ਕ੍ਰਿਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਸਾਲ 1974-75 ਦੇ ਦੌਰਾਨ ਬਠਿੰਡੇ ਜ਼ਿਲ੍ਹੇ ਵਿਚ ਹਾੜ੍ਹੀ ਅਤੇ ਸੌਣੀ ਦੀਆਂ ਦੋਵੇਂ ਫਸਲਾਂ ਜ਼ਿਲ੍ਹੇ ਦੇ ਕਿਸਾਨਾਂ ਨੂੰ ਨਹਿਰੀ ਪਾਣੀ ਦੀ ਨਾ-ਕਾਫੀ ਸਪਲਾਈ ਦੇ ਕਾਰਨ ਪੱਕ ਨਹੀਂ ਸਕੀਆਂ;

(ਅ) ਕੀ ਸਰਕਾਰ ਸਾਲ 1975-76 ਅਤੇ ਅੱਗੇ ਲਈ ਉਕਤ ਜ਼ਿਲ੍ਹੇ ਦੇ ਕਿਸਾਨਾਂ ਨੂੰ ਸਿੰਜਾਈ ਦੀਆਂ ਸਹੂਲਤਾਂ ਦੀ ਬਾਕਾਇਦਾ ਅਤੇ ਕਾਫੀ ਸਪਲਾਈ ਨੂੰ ਯਕੀਨੀ ਬਣਾਉਣ ਲਈ ਕੋਈ ਕਾਰਵਾਈ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਨਹੀਂ, ਤਾਂ ਇਸ ਦੇ ਕਾਰਨ ਕੀ ਹਨ ?

**ਸਰਦਾਰ ਗੁਰਬਖਸ਼ ਸਿੰਘ ਸਿਬੀਆ** : (ੳ) ਸਾਲ 1974-75 ਵਿਚ ਬਾਰਸ਼ਾਂ ਘੱਟ ਹੋਣ ਦੇ ਕਾਰਨ ਭਾਖੜਾ ਦੇ ਪਾਣੀ ਨਾਲ ਸਿੰਜਾਈ ਹੋਣ ਵਾਲੇ ਰਕਬੇ ਵਿਚ ਪਾਣੀ ਦੀ ਆਮ ਕਮੀ ਰਹੀ ਹੈ, ਜਿਸ ਦਾ ਕੁਝ ਹੱਦ ਤੱਕ ਫ਼ਸਲਾਂ ਦੀ ਪਕਾਈ ਤੇ ਮਾੜਾ ਅਸਰ ਪਿਆ ।

(ਅ) ਸਪਲਾਈ ਭਾਖੜਾ ਜਲ ਭੰਡਾਰ ਦੇ ਆਧਾਰ ਤੇ ਕੀਤੀ ਜਾਵੇਗੀ ।

---

**ਮੁਜ਼ਾਰਿਆਂ ਵੱਲੋਂ ਆਪਣੀ ਮੁਜ਼ਾਰਗਿਰੀ ਵਾਲੀ ਜ਼ਮੀਨ ਖਰੀਦਣ ਲਈ ਅਰਜ਼ੀਆਂ**

1006. **ਕਾਮਰੇਡ ਸੱਤ ਪਾਲ ਡਾਂਗ** : ਕੀ ਮਾਲ ਅਤੇ ਚੋਣਾਂ ਬਾਰੇ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਉਪ-ਮੰਡਲ-ਵਾਰ ਕਿੰਨੇ ਕਿੰਨੇ ਮੁਜ਼ਾਰਿਆਂ ਨੇ ਪੰਜਾਬ ਜ਼ਮੀਨ ਸੁਧਾਰ ਐਕਟ 1972 ਦੀ ਧਾਰਾ 15 ਅਧੀਨ ਆਪਣੀ ਮੁਜ਼ਾਰਗਿਰੀ ਵਾਲੀ ਜ਼ਮੀਨ ਖਰੀਦਣ ਲਈ ਅਰਜ਼ੀਆਂ ਦਿੱਤੀਆਂ ਹਨ;

(ਅ) ਉਪ-ਮੰਡਲ-ਵਾਰ ਕਿੰਨੇ ਕਿੰਨੇ ਬਿਨੇਕਾਰਾਂ ਨੂੰ ਆਪਣੀਆਂ ਜ਼ਮੀਨਾਂ ਖਰੀਦਣ ਦੀ ਆਗਿਆ ਮਿਲ ਗਈ ਹੈ ਅਤੇ ਇਹ ਰਕਬਾ ਕਿੰਨਾ ਕਿੰਨਾ ਹੈ;

Original with;
Punjab Vidhan Sabha
Digitized by;
Panjab Digital Library

(ੲ) ਉਪ-ਮੰਡਲ-ਵਾਰ ਕਿੰਨੇ ਕਿੰਨੇ ਖਰੀਦਦਾਰ ਮੁਜ਼ਾਰਿਆਂ ਨੂੰ ਜਮੀਨ ਦੀ ਕੀਮਤ ਦੀ ਪਹਿਲੀ ਕਿਸ਼ਤ ਦੇਣ ਤੇ ਜਾਂ ਯਕ-ਮੁਸ਼ਤ ਰਕਮ ਦੇਣ ਤੇ ਮਾਲਕੀ ਦੇ ਅਧਿਕਾਰ ਦਿਤੇ ਗਏ ਹਨ;

(ਸ) ਉਪ-ਮੰਡਲ-ਵਾਰ ਕਿੰਨੇ ਕਿੰਨੇ ਕੇਸ ਅਜੇ ਫੈਸਲੇ ਲਈ ਪੈਂਡਿੰਗ ਪਏ ਹਨ ।

ਸਰਦਾਰ ਉਮਰਾਓ ਸਿੰਘ : (ੳ), (ਅ), (ੲ), (ਸ) : ਲੋੜੀਂਦੀ ਸੂਚਨਾ ਅਨੁਲਗ "ੲ" ਤੇ ਨੱਥੀ ਕੀਤੀ ਜਾਂਦੀ ਹੈ ।

ANNEXURE 'A'

| Sr. No. | Name of Sub-Division | No. of tenants who had applied for the purchase of their tenancy land under section 15 of the Punjab Land Reforms Act, 1972 | No. of applicants who have been allowed to purchase their lands and the area involved | | No of purchasing tenants who have already been granted ownership rights on payment of first instalment of the price thereof or it slumpsum payment | No. of cases still pending for decision |
|---|---|---|---|---|---|---|
| 1 | 2 | 3 | 4 | | 5 | 6 |
| | | | No. of applicants | Area involved | | |
| | **Amritsar** | | | | | |
| 1. | Amritsar | .. 34 | 4 | 5-31 Hectares | 4 | 20 |
| 2. | Patti | .. 71 | 44 | 80 Hectares | 44 | 4 |
| 3. | Ajnala | .. 18 | 3 | 20-78 Hectares | 1 | 5 |
| 4. | Tarn Taran | .. 46 | 11 | 9-48 Hectares | — | 16 |
| | **Jullundur** | | | | | |
| 5. | Jullundur | .. 25 | 24 | 40-71.65 Hectares | 24 | 1 |
| 6. | Nawanshahr | .. 10 | 4 | 13.99 Hectares | 4 | — |
| 7. | Nakodar | .. 3 | — | — | — | 1 |
| 8. | Phillaur | .. — | — | — | — | — |
| | **Gurdaspur** | | | | | |
| 9. | Gurdaspur | .. 610 | — | — | — | 599 |
| 10. | Pathankot | ..1,610 | — | — | — | 1549 |
| 11. | Batala | .. 12 | — | — | — | 11 |

Original with:
Punjab Vidhan Sabha
Digitized by:
Panjab Digital Library

| 1 | 2 | 3 | 4 | | 5 | 6 |
|---|---|---|---|---|---|---|
| | **Hoshiarpur** | | | | | |
| 12. | Hoshiarpur | .. 13 | 7 | 22-34.88 Hectares | 1 | 1 |
| 13. | Garhshankar | .. — | — | — | — | — |
| 14. | Dasuya | .. 95 | 48 | 52-19.17 Hectares | — | 9 |
| | **Kapurthala** | | | | | |
| 15. | Kapurthala | .. 41 | — | — | — | 19 |
| 16. | Phagwara | .. 109 | — | — | — | 109 |
| 17. | Sultanpur Lodhi | .. — | — | — | — | — |
| | **Ferozepur** | | | | | |
| 18. | Ferozepur | .. 289 | 56 | 330 acres | 56 | 29 |
| 19. | Fazilka | ..3,913 | 1,224 | 8,143 acres | 1,224 | 511 |
| 20. | Zira | .. 52 | 30 | 122 acres 5 kanals 5 marlas | 30 | 14 |
| | **Faridkot** | | | | | |
| 21. | Faridkot | .. 79 | — | — | — | — |
| 22. | Moga | .. 50 | 24 | 45 Hectares | — | — |
| 23. | Muktsar | .. 409 | 94 | 533 Hectares | 91 | 107 |
| | **Bhatinda** | | | | | |
| 24. | Bhatinda | .. 55 | 2 | 2 Hectares | 2 | 6 |
| 25. | Mansa | .. 4 | — | — | — | 4 |
| 26. | Rampuraphul | .. — | — | — | — | — |
| | **Patiala** | | | | | |
| 27. | Patiala | .. 17 | 1 | 3 Hectares | 1 | 4 |
| 28. | Nabha | .. — | — | — | — | — |
| 29. | Fatehgarh Sahib | .. 11 | — | — | — | 7 |
| 30. | Rajpura | .. — | — | — | — | — |
| 31. | Samana | .. 17 | — | — | — | 17 |
| | **Ludhiana** | | | | | |
| 32. | Ludhiana | .. 1 | — | — | — | 1 |
| 33. | Samrala | .. 25 | 16 | 30-65 Hectares | — | 9 |
| 34. | Jagraon | .. — | — | — | — | — |

Original with:
Punjab Vidhan Sabha
Digitized by;
Panjab Digital Library

| 1 | 2 | | 3 | 4 | | 5 | 6 |
|---|---|---|---|---|---|---|---|
| | **Rupar** | | | | | | |
| 35. | Rupar | .. | 1 | — | — | — | 1 |
| 36. | Anandpur Sahib | .. | 63 | — | — | — | 57 |
| 37. | Kharar | .. | 366 | — | — | — | 3 |
| | **Sangrur** | | | | | | |
| 38. | Sangrur | .. | 9 | 5 | 34 Kanals 19 Marlas | 5 | 1 |
| 39. | Malerkotla | .. | 38 | 13 | 54 Hectares | 13 | 25 |
| 40. | Barnala | .. | — | — | — | — | — |
| 41. | Sunam | .. | 105 | 35 | 56 Hectares | 35 | 70 |

1837—28-7-76—286—Pb. Govt. Press, Patiala.

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

©

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*22nd January, 1976*

Vol. I—No. 3

## OFFICIAL REPORT

CONTENTS

*Thursday, the 22nd January, 1976*


| | | PAGE |
|---|---|---|
| Starred Questions and Answers | .. | (3)1 |
| Unstarred Questions and Answers | .. | (3)25 |
| Call Attention Notices Under Rule 66 | .. | (3)28 |
| Personal Explanation | .. | (3)29 |
| Resolution *re.* Providing Unemployment Allowance to the Educated Unemployed Youth both Technical and Non-Technical | .. | (3)30 |
| Discussion on the Third Report of the Committee of Privileges | .. | (3)84 |
| Extension of Time of the Sitting | .. | (3)90 |
| Discussion on the Third Report of the Committee of Privileges (*Resumption*) | .. | (3)90 |
| Appendix | .. | (i) |



**Punjab Vidhan Sabha Secretariat, Chandigarh**

**Price : Rs.30-15**



*Original with;*
Punjab Vidhan Sabha
*Digitized by;*
Panjab Digital Library

*Original with:*
Punjab Vidhan Sabha
*Digitized by:*
Panjab Digital Library

## PUNJAB VIDHAN SABHA

Thursday, the 22nd January, 1976

*The Vidhan Sabha met in the Punjab Vidhan Sabha Hall, Vidhan Bhavan, Chandigarh, at 9.00 a.m. of the Clock. Mr. Speaker (Dr. Kewal Krishan) in the Chair.*

## STARRED QUESTIONS AND ANSWERS

### ਮਾਲੀਆ ਵਿਭਾਗ ਦੇ ਅਫਸਰਾਂ/ਕਰਮਚਾਰੀਆਂ ਦੀ ਸਮਾਂ ਪੂਰਵ ਰਿਟਾਇਰਮੈਂਟ

*3383. **ਸ਼੍ਰੀ ਸਰਦਾਰੀ ਲਾਲ ਕਪੂਰ** : ਕੀ ਮਾਲ ਅਤੇ ਚੋਣ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਮਾਲੀਆ ਵਿਭਾਗ ਦੇ ਉਨ੍ਹਾਂ ਅਫਸਰਾਂ/ਕਰਮਚਾਰੀਆਂ ਦੀ ਸ਼੍ਰੇਣੀ-ਵਾਰ ਗਿਣਤੀ ਅਤੇ ਨਾਂ ਕੀ ਕੀ ਹਨ ਜੋ ਪੰਜਾਬ ਸਿਵਲ ਸੇਵਾ (ਸਮਾਂ ਪੂਰਵ ਰਿਟਾਇਰਮੈਂਟ) ਨਿਯਮ, 1975 ਅਧੀਨ ਰਿਟਾਇਰ ਕਰ ਦਿਤੇ ਗਏ ਹਨ ?

**ਸਰਦਾਰ ਉਮਰਾਓ ਸਿੰਘ** : ਵਿਵਰਣ 'ੳ' ਜਿਸ ਵਿਚ ਲੋੜੀਂਦੀ ਸੂਚਨਾ ਹੈ, ਸਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ ।

### ਵਿਵਰਣ 'ੳ'

**ਪੰਜਾਬ ਸਿਵਿਲ ਸਰਵਿਸਿਜ਼ (ਸਮਾਂ-ਪੂਰਵ ਰਿਟਾਇਰਮੈਂਟ) ਰੂਲਜ਼ 1975 ਦੇ ਅਧੀਨ ਰਿਟਾਇਰ ਕੀਤੇ ਗਏ ਮਾਲ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਦੀ ਸ਼ਰੇਣੀ-ਵਾਰ ਸੂਚੀ**

**ਤਹਿਸੀਲਦਾਰ**

1. ਸ਼੍ਰੀ ਮਲਵਿੰਦਰ ਸਿੰਘ
2. ਸ਼੍ਰੀ ਸਰੂਪ ਸਿੰਘ
3. ਸ਼੍ਰੀ ਏ.ਕੇ. ਭੱਲਾ

**ਨਾਇਬ ਤਹਿਸੀਲਦਾਰ**

4. ਸ਼੍ਰੀ ਬਲਬੀਰ ਸਿੰਘ
5. ਸ਼੍ਰੀ ਸੋਹਣ ਸਿੰਘ
6. ਸ਼੍ਰੀ ਹਰਨਾਮ ਸਿੰਘ
7. ਸ਼੍ਰੀ ਪ੍ਰੀਤਮ ਸਿੰਘ
8. ਸ਼੍ਰੀ ਪੂਰਨ ਚੰਦ
9. ਸ਼੍ਰੀ ਹਰਚਰਨ ਸਿੰਘ
10. ਸ਼੍ਰੀ ਮਦਨ ਮੋਹਨ ਗੁਪਤਾ
11. ਸ਼੍ਰੀ ਮੁਲਖ ਰਾਜ ਬੱਤਾ

**ਸਹਾਇਕ**

12. ਸ਼੍ਰੀ ਪਰਵਾਰ ਸਿੰਘ
13. ਸ਼੍ਰੀ ਰਾਮ ਲਛਮਣ ਦਾਸ
14. ਸ਼੍ਰੀ ਕਰਿਸ਼ਨ ਕੁਮਾਰ
15. ਸ਼੍ਰੀ ਅਲਬੇਲ ਸਿੰਘ

Original with;
Punjab Vidhan Sabha
Digitized by;
Panjab Digital Library

[ਮਾਲ ਅਤੇ ਚੋਣ ਮੰਤਰੀ]

ਸਹਾਇਕ-ਜਾਰੀ

16. ਸ੍ਰੀ ਹੰਸ ਰਾਜ
17. ਸ੍ਰੀ ਗੁਰਮੇਜ਼ ਸਿੰਘ
18. ਸ੍ਰੀ ਚਮਨ ਲਾਲ ਤਲਵਾੜ
19. ਸ੍ਰੀ ਰਾਮ ਸਰੂਪ ਚੋਪੜਾ
20. ਸ੍ਰੀ ਲਛਮਣ ਸਿੰਘ
21. ਸ੍ਰੀ ਮਹਿੰਦਰ ਸਿੰਘ
22. ਸ੍ਰੀ ਸ਼ਾਮ ਲਾਲ

ਸਟੈਨੋ ਟਾਈਪਿਸਟ

23. ਸ੍ਰੀ ਰਾਜਾ ਸਿੰਘ

ਕਲਰਕ

24. ਸ੍ਰੀ ਪ੍ਰੀਤਮ ਸਿੰਘ
25. ਸ੍ਰੀ ਗੁਰਦੇਵ ਸਿੰਘ
26. ਸ੍ਰੀ ਦੁਲੈ ਸਪੈਂਸਰ
27. ਸ੍ਰੀ ਰਾਮ ਦਿਆਲ
28. ਸ੍ਰੀ ਕੇਵਲ ਕ੍ਰਿਸ਼ਨ ਵਟਸ
29. ਸ੍ਰੀ ਰਾਮ ਚੰਦ
30. ਸ੍ਰੀ ਰੁਲੀਆ ਰਾਮ
31. ਸ੍ਰੀ ਰਾਮ ਪ੍ਰਤਾਪ
32. ਸ੍ਰੀ ਸੁਖਦੇਵ ਸਿੰਘ
33. ਸ੍ਰੀ ਗੁਰਕੇਸਰ ਸਿੰਘ
34. ਸ੍ਰੀ ਨੌਬਹਾਰ ਸਿੰਘ
35. ਸ੍ਰੀ ਕਰਨੈਲ ਸਿੰਘ
36. ਸ੍ਰੀ ਸ਼ਾਦੀ ਲਾਲ
37. ਸ੍ਰੀ ਬਚਨ ਲਾਲ
38. ਸ੍ਰੀ ਸੁਖਮਿੰਦਰ ਸਿੰਘ
39. ਸ੍ਰੀ ਮੱਘਰ ਸਿੰਘ
40. ਸ੍ਰੀ ਨੰਦ ਸਿੰਘ
41. ਸ੍ਰੀ ਗਿਰਧਾਰੀ ਲਾਲ
42. ਸ੍ਰੀ ਗੁਰਦੇਵ ਸਿੰਘ
43. ਸ੍ਰੀ ਖਾਜ ਸਿੰਘ
44. ਸ੍ਰੀ ਗੁਰਦੀਪ ਸਿੰਘ ਢਿਲੋਂ
45. ਸ੍ਰੀ ਸੂਰਤ ਸਿੰਘ
46. ਸ੍ਰੀ ਹਰੀ ਰਾਮ
47. ਸ੍ਰੀ ਹੁਕਮ ਚੰਦ
48. ਸ੍ਰੀ ਹਰਦਮ ਸਿੰਘ
49. ਸ੍ਰੀ ਗੁਰਦੇਵ ਸਿੰਘ
50. ਸ੍ਰੀ ਪ੍ਰੀਤਮ ਸਿੰਘ
51. ਸ੍ਰੀ ਹੰਸ ਰਾਜ ਪਾਠਿਕ
52. ਸ੍ਰੀ ਮਹਾਰਾਜ ਗੌਤਮ
53. ਸ੍ਰੀ ਚੰਨਣ ਸਿੰਘ
54. ਸ੍ਰੀ ਗੁਰਦਿਆਲ ਸਿੰਘ
55. ਸ੍ਰੀ ਕੁੰਦਨ ਲਾਲ
56. ਸ੍ਰੀ ਸੁਰਜੀਤ ਸਿੰਘ
57. ਸ੍ਰੀ ਸਵਰਨ ਸਿੰਘ
58. ਸ੍ਰੀ ਪ੍ਰੀਤਮ ਸਿੰਘ
59. ਸ੍ਰੀ ਹੰਸਾ ਸਿੰਘ
60. ਸ੍ਰੀ ਇੱਸ਼ਰ ਸਿੰਘ
61. ਸ੍ਰੀ ਰਾਮ ਪਾਲ
62. ਸ੍ਰੀ ਸ਼ੌਕੀਨ ਸਿੰਘ
63. ਸ੍ਰੀ ਜਗਤ ਰਾਮ
64. ਸ੍ਰੀ ਭਗਵਾਨ ਸਿੰਘ
65. ਸ੍ਰੀ ਜਸਵੰਤ ਸਿੰਘ
66. ਸ੍ਰੀ ਗੁਰਦਰਸ਼ਨ ਸਿੰਘ ਬੇਦੀ
67. ਸ੍ਰੀ ਅਮਰ ਸਿੰਘ
68. ਸ੍ਰੀ ਆਇਆ ਸਿੰਘ

ਚਪੜਾਸੀ

69. ਸ੍ਰੀ ਕਰਮ ਸਿੰਘ

Original with:
Punjab Vidhan Sabha
Digitized by:
Panjab Digital Library

### ਚੌਕੀਦਾਰ

70. ਸ੍ਰੀ ਸੰਤ ਸਿੰਘ

### ਕਾਨੂੰਗੋ

71. ਸ੍ਰੀ ਪਰਦੁਮਣ ਸਿੰਘ
72. ਸ੍ਰੀ ਜੈ ਸਿੰਘ
73. ਸ੍ਰੀ ਜਗੀਰ ਸਿੰਘ
74. ਸ੍ਰੀ ਦੇਵ ਦਾਸ
75. ਸ੍ਰੀ ਹਰੀ ਕ੍ਰਿਸ਼ਨ
76. ਸ੍ਰੀ ਲਛਮਣ ਸਿੰਘ
77. ਸ੍ਰੀ ਕ੍ਰਿਸ਼ਨ ਲਾਲ
78. ਸ੍ਰੀ ਅਮਰੀਕ ਸਿੰਘ
79. ਸ੍ਰੀ ਗੁਰਦਿਆਲ ਸਿੰਘ
80. ਸ੍ਰੀ ਚੰਨਣ ਦਾਸ
81. ਸ੍ਰੀ ਜਸਵੰਤ ਸਿੰਘ
82. ਸ੍ਰੀ ਮੋਹਿੰਦਰ ਸਿੰਘ
83. ਸ੍ਰੀ ਕੁੰਦਨ ਲਾਲ
84. ਸ੍ਰੀ ਅਮਰੀਕ ਸਿੰਘ
85. ਸ੍ਰੀ ਯੱਗਿਆ ਦੱਤ
86. ਸ੍ਰੀ ਪ੍ਰੀਤਮ ਸਿੰਘ
87. ਸ੍ਰੀ ਪ੍ਰੇਮ ਸਿੰਘ

### ਪਟਵਾਰੀ

88. ਸ੍ਰੀ ਗਿਰਧਾਰੀ ਲਾਲ
89. ਸ੍ਰੀ ਬਿਹਾਰੀ ਲਾਲ
90. ਸ੍ਰੀ ਖਮਿੰਦਰ ਸਿੰਘ
91. ਸ੍ਰੀ ਜੋਤੀ ਪ੍ਰਸ਼ਾਦ
92. ਸ੍ਰੀ ਜਾਗੀਰ ਸਿੰਘ
93. ਸ੍ਰੀ ਕੇਹਰ ਸਿੰਘ
94. ਸ੍ਰੀ ਹਰੀ ਚੰਦ
95. ਸ੍ਰੀ ਹਰਨੇਕ ਸਿੰਘ
96. ਸ੍ਰੀ ਬਚਨ ਸਿੰਘ
97. ਸ੍ਰੀ ਵਿਦਿਆ ਭੂਸ਼ਨ
98. ਸ੍ਰੀ ਸੋਮ ਨਾਥ
99. ਸ੍ਰੀ ਸ੍ਰੀ ਕਿਰਸ਼ਨ
100. ਸ੍ਰੀ ਰਾਮ ਪਾਲ
101. ਸ੍ਰੀ ਰਘਬੀਰ ਸਿੰਘ
102. ਸ੍ਰੀ ਰਘੂਨਾਥ ਸਰੂਪ
103. ਸ੍ਰੀ ਪਿਆਰੇ ਲਾਲ
104. ਸ੍ਰੀ ਨਿਰਮਲ ਸਿੰਘ
105. ਸ੍ਰੀ ਨੰਦ ਸਿੰਘ
106. ਸ੍ਰੀ ਹਰਦਿਆਲ ਸਿੰਘ
107. ਸ੍ਰੀ ਸੰਤ ਰਾਮ
108. ਸ੍ਰੀ ਮੋਹਨ ਲਾਲ
109. ਸ੍ਰੀ ਦੇਵਿੰਦਰ ਸਿੰਘ
110 ਸ੍ਰੀ ਬਰਹਮ ਪ੍ਰਕਾਸ਼
111 ਸ੍ਰੀ ਦੇਪਾਲ ਚੰਦ
112 ਸ੍ਰੀ ਹਰਦਿਆਲ ਸਿੰਘ
113 ਸ੍ਰੀ ਦਰਸ਼ਣ ਸਿੰਘ
114 ਸ੍ਰੀ ਹਜੂਰਾ ਸਿੰਘ
115 ਸ੍ਰੀ ਮੱਘਰ ਸਿੰਘ ਨਾਇਬ ਪਟਵਾਰੀ
116 ਸ੍ਰੀ ਅਮਰੀਕ ਸਿੰਘ
117 ਸ੍ਰੀ ਮਾਛੀ ਸਿੰਘ
118 ਸ੍ਰੀ ਗਮਦੂਰ ਸਿੰਘ
119 ਸ੍ਰੀ ਜਸਵੰਤ ਸਿੰਘ
120 ਸ੍ਰੀ ਗੁਰਜੰਗ ਸਿੰਘ
121 ਸ੍ਰੀ ਇੰਦਰਜੀਤ
122 ਸ੍ਰੀ ਸੁੰਦਰ ਸਿੰਘ
123 ਸ੍ਰੀ ਹੁਕਮ ਚੰਦ
124 ਸ੍ਰੀ ਪ੍ਰੀਤਮ ਸਿੰਘ
125 ਸ੍ਰੀ ਅਜੀਤ ਸਿੰਘ

Original with;
Punjab Vidhan Sabha
Digitized by;
Panjab Digital Library

[ਮਾਲ ਅਤੇ ਚੋਣ ਮੰਤਰੀ]

ਪਟਵਾਰੀ

126. ਸ੍ਰੀ ਮਲਕੀਅਤ ਸਿੰਘ
127. ਸ੍ਰੀ ਸਰਨਦਾਸ
128. ਸ੍ਰੀ ਰਾਜਿੰਦਰ ਸਿੰਘ
129. ਸ੍ਰੀ ਜਗਦੀਸ਼ ਰਾਮ
130. ਸ੍ਰੀ ਨੌਵਤ ਰਾਏ
131. ਸ੍ਰੀ ਗੁਲਾਬ ਰਾਏ
132. ਸ੍ਰੀ ਲਛਮਣ ਦਾਸ
133. ਸ੍ਰੀ ਬਾਲ ਕ੍ਰਿਸ਼ਨ
134. ਸ੍ਰੀ ਜਸਵੰਤ ਰਾਏ
135. ਸ੍ਰੀ ਤਿਲਕ ਰਾਜ
136. ਸ੍ਰੀ ਗਰੀਬ ਦੱਤ
137. ਸ੍ਰੀ ਹਰਭਜਨ ਸਿੰਘ
138. ਸ੍ਰੀ ਸੁਖਚੈਨ ਸਿਘ
139. ਸ੍ਰੀ ਪ੍ਰੀਤਮ ਸਿਘ
140. ਸ੍ਰੀ ਹਰਕ੍ਰਿਸ਼ਨ ਲਾਲ
141. ਸ੍ਰੀ ਪ੍ਰਿਥੀ ਰਾਜ
142. ਸ੍ਰੀ ਹੀਰਾ ਸਿੰਘ
143. ਸ੍ਰੀ ਨਿਰਵੈਰ ਸਿੰਘ
144. ਸ੍ਰੀ ਗੁਰਚਰਨ ਸਿੰਘ
145. ਸ੍ਰੀ ਗੁਰਦਿਆਲ ਸਿੰਘ
146. ਸ੍ਰੀ ਦੌਲਤ ਰਾਮ
147. ਸ੍ਰੀ ਕੇਵਲ ਨਾਥ
148. ਸ੍ਰੀ ਕੇਦਾਰ ਨਾਥ
149. ਸ੍ਰੀ ਮਹਿੰਦਰ ਸਿੰਘ
150. ਸ੍ਰੀ ਚੈਨ ਸਿੰਘ
151. ਸ੍ਰੀ ਗੁਰਦੇਵ ਸਿੰਘ
152. ਸ੍ਰੀ ਪਰਤਾਪ ਸਿੰਘ
153. ਸ੍ਰੀ ਗੋਪਾਲ ਸਿੰਘ
154. ਸ੍ਰੀ ਕੁਲਦੀਪ ਸਿੰਘ
155. ਸ੍ਰੀ ਬਿਸੰਭਰ ਦਾਸ
156. ਸ੍ਰੀ ਅਜੀਤ ਸਿੰਘ
157. ਸ੍ਰੀ ਮਦਨ ਲਾਲ
158. ਸ੍ਰੀ ਸਰਨ ਦਾਸ
159. ਸ੍ਰੀ ਸੁਰਜਣ ਸਿੰਘ
160. ਸ੍ਰੀ ਰਤਨ ਸਿੰਘ
161. ਸ੍ਰੀ ਮਹਿੰਗਾ ਮੱਲ
162. ਸ੍ਰੀ ਪ੍ਰੀਤਮ ਸਿੰਘ
163. ਸ੍ਰੀ ਨਰਿੰਦਰ ਨਾਥ
164. ਸ੍ਰੀ ਮਦਨ ਲਾਲ
165. ਸ੍ਰੀ ਤੀਰਥ ਸਿੰਘ
166. ਸ੍ਰੀ ਗੁਲਜ਼ਾਰਾ ਸਿੰਘ
167. ਸ੍ਰੀ ਪ੍ਰੀਤਮ ਸਿੰਘ
168. ਸ੍ਰੀ ਸੰਤ ਰਾਮ
169. ਸ੍ਰੀ ਮਨੋਹਰ ਲਾਲ
170. ਸ੍ਰੀ ਜਾਗੀਰ ਸਿੰਘ
171. ਸ੍ਰੀ ਪਰਸ ਰਾਮ
172. ਸ੍ਰੀ ਬਸੰਤ ਸਿੰਘ
173. ਸ੍ਰੀ ਜੋਰਾ ਸਿੰਘ
174. ਸ੍ਰੀ ਸਰਜਾ ਸਿੰਘ
175. ਸ੍ਰੀ ਜਾਗੀਰ ਸਿੰਘ
176. ਸ੍ਰੀ ਫਕੀਰ ਚੰਦ
177. ਸ੍ਰੀ ਦਲੀਪ ਸਿੰਘ
178. ਸ੍ਰੀ ਹਜ਼ਾਰੀ ਲਾਲ

**ਸ੍ਰੀ ਸਰਦਾਰੀ ਲਾਲ ਕਪੂਰ**: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਜਬਰੀ ਰਿਟਾਇਰ ਕੀਤੇ ਗਏ ਹਨ, ਇਨ੍ਹਾਂ ਵਿਚ ਜਿਹੜੇ ਅਫ਼ਸਰ ਹਨ, ਉਨ੍ਹਾਂ ਦੇ ਖਿਲਾਫ਼ ਕੀ ਚਾਰਜਿਜ਼ ਹਨ ?

Original with;
Punjab Vidhan Sabha
Digitized by;
Panjab Digital Library

ਮੰਤਰੀ ਚਾਰਜਿਜ਼ ਤਾਂ ਪੁਛੇ ਨਹੀਂ ਜੀ ਪਰ ਫਿਰ ਵੀ ਜਿਹੜੇ ਚਾਰਜਿਜ਼ ਲਗਾਏ ਜਾਂਦੇ ਹਨ ਉਹ ਇਨਐਫੀਸ਼ੀਐਂਸੀ ਜਾਂ ਉਨ੍ਹਾਂ ਦੇ ਕੰਮ ਦੀਆਂ ਪਿਛਲੀਆਂ ਰਿਪੋਰਟਾਂ ਵੇਖ ਕੇ ਐਗਜ਼ਾਮਿਨ ਕੀਤਾ ਜਾਂਦਾ ਹੈ ।

**ਸ਼੍ਰੀ ਪਿਆਰਾ ਰਾਮ ਧੰਨੋਵਾਲੀ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਪੁਛਣਾ ਚਾਹੁੰਦਾ ਹਾਂ ਇਹ ਜਿਹੜੇ 8 ਨਾਇਬ ਤਹਿਸੀਲਦਾਰ ਰਿਟਾਇਰ ਕੀਤੇ ਗਏ ਹਨ ਕੀ ਇਨ੍ਹਾਂ ਵਿਚ ਕੋਈ ਸ਼ਡਿਊਲਡ ਕਾਸਟਸ ਵੀ ਹਨ ?

**ਸ਼੍ਰੀ ਸਪੀਕਰ** ਹਾਂ ਜੀ ਕੋਈ ਮੈਂਬਰ ਸ਼ਡਿਊਲਡ ਕਾਸਟਸ ਦਾ ਵੀ ਹੈ ?

**ਮੰਤਰੀ**: ਸਪੀਕਰ ਸਾਹਿਬ, ਇਹ ਸਵਾਲ ਇਸ ਵਿਚੋਂ ਪੈਦਾ ਤਾਂ ਨਹੀਂ ਹੁੰਦਾ ਪਰ ਮੈਂ ਧੰਨੋਵਾਲੀ ਜੀ ਨੂੰ ਕਹਾਂਗਾ ਕਿ ਉਹ ਇਨ੍ਹਾਂ ਵਿਚ ਸ਼ਡਿਊਲਡ ਕਾਸਟਸ ਦੀ ਨੁਮਾਇੰਦਗੀ ਨਾ ਮੰਗਣ । (ਹਾਸਾ)

**ਸ਼੍ਰੀ ਸਪੀਕਰ**: ਇਸ ਪਾਸੇ ਨੁਮਾਇੰਦਗੀ ਨਾ ਲਵੋ ਜੀ । (ਹਾਸਾ)

**ਸ਼੍ਰੀ ਪਿਆਰਾ ਰਾਮ ਧੰਨੋਵਾਲੀ**. ਸਪੀਕਰ ਸਾਹਿਬ, ਇਨ੍ਹਾਂ ਵਿਚ 2 ਸ਼ਡਿਊਲਡ ਕਾਸਟਸ ਹਨ ਜੀ ।

**ਚੌਧਰੀ ਰਾਮ ਸਿੰਘ**: ਕੀ ਮੰਤਰੀ ਸਾਹਿਬ, ਇਹ ਦਸਣ ਦੀ ਖੇਚਲ ਕਰਨਗੇ ਕਿ ਇਹ ਜਿਹੜੇ ਪਟਵਾਰੀ 90 ਦੇ ਕਰੀਬ ਜ਼ਬਰੀ ਰਿਟਾਇਰ ਕੀਤੇ ਗਏ ਹਨ ਇਨ੍ਹਾਂ ਨੇ ਗਿਰਦਾਵਰੀਆਂ ਵੇਲੇ ਕੁਰਪਸ਼ਨ ਕੀਤੀ ਸੀ ਅਤੇ ਇਸ ਤਰ੍ਹਾਂ ਦੇ ਹੋਰ ਵੀ ਕਈ ਪਟਵਾਰੀ ਹਨ ਜਿਹੜੇ ਕਿ ਕੁਰੱਪਸ਼ਨ ਕਹਦੇ ਹਨ। ਕੀ ਸਰਕਾਰ ਉਨ੍ਹਾਂ ਨੂੰ ਵੀ ਰਿਟਾਇਰ ਕਰਨ ਲਈ ਕੋਈ ਹੋਰ ਲਿਸਟ ਤਿਆਰ ਕਰੇਗੀ ?

**ਮੰਤਰੀ**: ਸਪੀਕਰ ਸਾਹਿਬ, ਜਿਹੜੀ ਲਿਸਟ ਸਾਡੇ ਕੋਲ ਆਈ ਸੀ ਉਸ ਨੂੰ ਅਸੀਂ ਐਗਜ਼ਾਮਿਨ ਕਰਕੇ ਰਿਟਾਇਰ ਕਰ ਦਿੱਤਾ ਸੀ । ਜੇ ਕੋਈ ਹੋਰ ਵੀ ਅਜਿਹੀ ਸ਼ਿਕਾਇਤ ਆਈ ਤਾਂ ਉਸ ਤੇ ਵੀ ਗੌਰ ਕਰਾਂਗੇ ।

**ਸ਼੍ਰੀ ਪ੍ਰੇਮ ਗੁਪਤਾ**: ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਇਹ ਗਲ ਜਾਣਨਾ ਚਾਹੁੰਦਾ ਹਾਂ ਕਿ ਮਨਿਸਟਰ ਸਾਹਿਬ ਨੇ ਹੁਣੇ ਕਿਹਾ ਹੈ ਕਿ ਇਹ ਜਿਹੜੇ ਰਿਟਾਇਰ ਕੀਤੇ ਗਏ ਹਨ ਇਹ ਇਨਐਫੀਸ਼ੈਂਟ ਸਨ, ਮੈਂ ਇਹ ਪੁਛਣਾ ਹੈ ਕਿ ਕੀ ਜਿਹੜੇ ਹੁਣ ਬਾਕੀ ਕੰਮ ਕਰ ਰਹੇ ਹਨ ਉਹ ਸਾਰੇ ਐਫੀਸ਼ੈਂਟ ਹਨ ?

**ਮੰਤਰੀ**: ਸਪੀਕਰ ਸਾਹਿਬ, ਅਸੀਂ ਇਨ੍ਹਾਂ ਕਰਮਚਾਰੀਆਂ ਦਾ ਸਾਰਾ ਰਿਕਾਰਡ ਵੇਖ ਕੇ ਰਿਟਾਇਰ ਕੀਤਾ ਹੈ । ਪਰ ਫਿਰ ਵੀ ਰਿਟਾਇਰ ਕਰਨ ਵੇਲੇ ਕਈ ਹੋਰ ਗਲਾਂ ਦਾ ਵੀ ਖਿਆਲ ਰਖਿਆ ਜਾਂਦਾ ਹੈ ।

**ਕਾਮਰੇਡ ਸੱਤਪਾਲ ਡਾਂਗ**: ਕੀ ਮੰਤਰੀ ਮਹੋਦਯ ਇਹ ਦੱਸਣ ਦੀ ਕ੍ਰਿਪਾ ਕਰਨਗੇ ਕਿ ਇਹ ਜਿਹੜੇ ਕਰਮਚਾਰੀ ਰਿਟਾਇਰ ਕੀਤੇ ਹਨ ਇਹ ਸਾਰੇ ਹੇਠਲੇ ਦਰਜੇ ਦੇ ਹੀ ਹਨ, ਉਪਰਲੇ ਦਰਜੇ ਦਾ ਕੋਈ ਨਹੀਂ । ਮੈਂ ਇਹ ਕਹਿੰਦਾ ਹਾਂ ਕਿ ਜਿੰਨੇ ਚਿਰ ਤਕ ਉਪਰਲੇ ਦਰਜੇ ਦੇ ਵਿਚ ਜਿਹੜੇ ਕੁਰੱਪਟ ਅਫਸਰ ਹਨ ਉਨ੍ਹਾਂ ਨੂੰ ਰਿਟਾਇਰ ਨਹੀਂ ਕੀਤਾ ਜਾਂਦਾ ਇਤਨੇ ਚਿਰ ਤਕ ਸਰਕਾਰ ਦਾ ਕਾਰੋਬਾਰ ਠੀਕ ਨਹੀਂ ਹੋ ਸਕਦਾ । ਕੀ ਸਰਕਾਰ ਉਪਰਲੇ ਦਰਜੇ ਦੇ ਮੁਲਾਜ਼ਮਾਂ ਨੂੰ ਵੀ ਰਿਟਾਇਰ ਕਰਨ ਲਈ ਕੋਈ ਕਦਮ ਉਠਾਏਗੀ ?

Original with;
Punjab Vidhan Sabha
Digitized by;
Panjab Digital Library

**ਮੰਤਰੀ**: ਸਪੀਕਰ ਸਾਹਿਬ, ਵੈਸੇ ਤਾਂ ਇਸ ਵਿਚ ਸੀਨੀਅਰ ਅਫਸਰ ਵੀ ਹਨ, ਤਹਿਸੀਲਦਾਰ ਹਨ, ਨਾਇਬ ਤਹਿਸੀਲਦਾਰ ਹਨ ਪਰ ਫਿਰ ਵੀ ਮੈਂ ਇਨ੍ਹਾਂ ਦੀ ਗਿਆਤ ਲਈ ਦਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਵਿਚ ਇਕ ਅੰਡਰ ਸੈਕਟਰੀ ਵੀ ਰਿਟਾਇਰ ਕੀਤਾ ਜਾ ਰਿਹਾ ਹੈ ਜਿਸ ਨੂੰ ਕਿ 3 ਮਹੀਨਿਆਂ ਦਾ ਨੋਟਿਸ ਦਿੱਤਾ ਹੋਇਆ ਹੈ।

**ਸਰਦਾਰ ਲਛਮਣ ਸਿੰਘ**: ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਅਫਸਰ ਰਿਟਾਇਰ ਕੀਤੇ ਗਏ ਹਨ ਕੀ ਇਨ੍ਹਾਂ ਦੀ ਜਾਇਦਾਦਾਂ ਦੀ ਵੀ ਪੜਤਾਲ ਕੀਤੀ ਗਈ ਹੈ ਜੋ ਉਨ੍ਹਾਂ ਨੇ ਆਪਣੇ ਬੱਚਿਆਂ ਦੇ ਨਾਂ ਤੇ ਕੀਤੀਆਂ ਹੋਈਆਂ ਸਨ ? (ਵਿਘਨ)

(ਕੋਈ ਜਵਾਬ ਨਹੀਂ ਦਿੱਤਾ ਗਿਆ)

**ਸ੍ਰੀ ਸਰਦਾਰੀ ਲਾਲ ਕਪੂਰ** : ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ 3 ਤਹਿਸੀਲਦਾਰ ਰਿਟਾਇਰ ਕੀਤੇ ਗਏ ਹਨ, ਕੀ ਇਨ੍ਹਾਂ ਦੇ ਨੋਟਿਸ ਵਿਚ ਕੋਈ ਹੋਰ ਵੀ ਤਹਿਸੀਲਦਾਰ ਹਨ ਜਿਹੜੇ ਕਿ ਇਸ ਤਰ੍ਹਾਂ ਦੇ ਹੋਣ ?

**ਮੰਤਰੀ** : ਜਿਹੜੇ ਵੀ ਤਹਿਸੀਲਦਾਰ ਰਿਟਾਇਰ ਕੀਤੇ ਹਨ ਉਨ੍ਹਾਂ ਦਾ ਸਾਰਾ ਕੇਸ ਦੇਖਕੇ ਰਿਟਾਇਰ ਕੀਤੇ ਹਨ ਅਤੇ ਜੇ ਕੋਈ ਹੋਰ ਵੀ ਇਸ ਤਰ੍ਹਾਂ ਦਾ ਕੇਸ ਹੋਵੇਗਾ ਤਾਂ ਉਸ ਨੂੰ ਵੀ ਵੇਖ ਲਿਆ ਜਾਵੇਗਾ।

**ਸਰਦਾਰ ਉਜਾਗਰ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਠੀਕ ਨਹੀਂ ਕਿ ਜਿਹੜੇ ਇਨ੍ਹਾਂ ਨੇ ਨਾਇਬ ਤਹਿਸੀਲਦਾਰ ਜ਼ਬਰੀ ਰਿਟਾਇਰ ਕੀਤੇ ਹਨ ਉਨ੍ਹਾਂ ਵਿਚੋਂ ਕਈਆਂ ਨੂੰ, ਇਸ ਸਰਕਾਰ ਨੇ ਸਿਲਵਰ ਮੈਡਲ ਦਿੱਤੇ ਸੀ। ਮੈਂ ਪੁੱਛਦਾ ਹਾਂ ਕਿ ਇਸ ਦਾ ਕੀ ਕਾਰਨ ਹੈ ਕਿ ਪਹਿਲਾ ਉਨ੍ਹਾਂ ਨੂੰ ਇਨਾਮ ਦੇ ਦਿੱਤਾ ਅਤੇ ਬਾਅਦ ਵਿਚ ਜ਼ਬਰੀ ਰਿਟਾਇਰ ਕਰ ਦਿੱਤਾ ?

**ਮੰਤਰੀ** : ਸਪੀਕਰ ਸਾਹਿਬ, ਇਹ ਇਕ ਵੱਖਰੀ ਗੱਲ ਹੈ ਕਿ ਉਨ੍ਹਾਂ ਨੂੰ ਕੋਈ ਇਨਾਮ ਦਿੱਤਾ ਗਿਆ ਹੋਵੇ। ਪਰ ਜਦੋਂ ਉਨ੍ਹਾਂ ਨੂੰ ਬਾਅਦ ਵਿਚ ਕਿਸੇ ਕੇਸ ਵਿਚ ਫੜ ਲਿਆ ਅਤੇ ਉਨ੍ਹਾਂ ਦਾ ਕੰਮ ਠੀਕ ਨਾ ਰਿਹਾ ਤਾਂ ਰਿਟਾਇਰ ਕੀਤਾ ਹੈ। ਜੇ ਕੋਈ ਇਨ੍ਹਾਂ ਦੇ ਨੋਟਿਸ ਵਿਚ ਹੋਰ ਅਜਿਹਾ ਕੇਸ ਹੈ ਤਾ ਇਹ ਦੱਸ ਦੇਣ ਅਸੀਂ ਵੇਖ ਲਵਾਂਗੇ।

**ਕਾਮਰੇਡ ਸਤ ਪਾਲ ਡਾਂਗ** : ਕੀ ਮਨਿਸਟਰ ਸਾਹਿਬ ਦੇ ਇਹ ਇਲਮ ਵਿਚ ਹੈ ਕਿ ਇਨ੍ਹਾਂ ਦੇ ਮਹਿਕਮੇ ਵਿਚ ਇਕ ਆਈ. ਏ. ਐਸ. ਅਫਸਰ ਦੇ ਖਿਲਾਫ ਹਰਚੰਦ ਸਿੰਘ ਕਮੇਟੀ ਰਿਪੋਟ ਵਿਚ ਸਟਰਿਕਚਰ ਪਾਸ ਕੀਤਾ ਗਿਆ ਸੀ ਅਤੇ ਛੰਗਾਨੀ ਰਿਪੋਰਟ ਵਿਚ ਵੀ ਉਸ ਤੇ ਸਟਰਿਕਚਰ ਪਾਸ ਹੋਏ, ਉਸ ਨੂੰ ਰਿਟਾਇਰ ਕਿਉਂ ਨਹੀਂ ਕੀਤਾ ਗਿਆ ?

**ਮੰਤਰੀ**: ਇਹ ਸਵਾਲ ਤਾਂ ਇਸ ਵਿਚੋਂ ਪੈਦਾ ਹੀ ਨਹੀਂ ਹੁੰਦਾ ਜੀ।

**ਸਰਦਾਰ ਪ੍ਰਹਿਲਾਦ ਸਿੰਘ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਕਰਮਚਾਰੀ ਰਿਟਾਇਰ ਕੀਤੇ ਗਏ ਹਨ, ਕੀ ਇਹ ਠੀਕ ਨਹੀਂ ਕਿ ਇਹ ਇਸ ਕਰਕੇ ਰਿਟਾਇਰ ਕੀਤੇ ਗਏ ਹਨ ਕਿਉਂਕਿ ਉਹ ਸਰਕਾਰ ਦੀ ਮੌਜੂਦਾ ਗਲਤ ਪਾਲਿਸੀਆਂ ਇਮਪਲੀਮੈਂਟ ਨਹੀਂ ਸੀ ਕਰਦੇ ?

Original with:
Punjab Vidhan Sabha
Digitized by:
Panjab Digital Library

ਮੰਤਰੀ : ਸਪੀਕਰ ਸਾਹਿਬ, ਸਰਕਾਰ ਇਕ ਕਾਂਟੀਨਿਊਅਸ ਪ੍ਰਾਸਸ ਹੈ ਚਾਹੇ ਉਹ 1960 ਦੀ ਹੋਵੇ, ਚਾਹੇ 1965 ਦੀ ਹੋਵੇ ਜਾਂ 1975 ਦੀ ਹੋਵੇ। ਅਫਸਰਾਂ ਨੇ ਤਾਂ ਸਰਕਾਰ ਦੀ ਪਾਲਿਸੀ ਨੂੰ ਇਮਪਲੀਮੈਂਟ ਕਰਨਾ ਹੁੰਦਾ ਹੈ। ਇਸ ਲਈ ਐਸਾ ਕੋਈ ਵਿਚਾਰ ਨਹੀਂ ਹੋਇਆ ਨਾ ਹੀ ਕਦੇ ਹੋਣਾ ਹੈ ਕਿ ਇਸ ਲਿਹਾਜ਼ ਤੇ ਅਫਸਰਾਂ ਨੂੰ ਰਿਟਾਇਰ ਕੀਤਾਂ ਜਾਵੇ ।

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਕਰਮਚਾਰੀ ਉਨ੍ਹਾਂ ਦੀਆਂ ਖਰਾਬ ਰਿਪੋਰਟਾਂ ਦੇ ਅਧਾਰ ਤੇ ਰਿਟਾਇਰ ਕੀਤੇ ਗਏ ਹਨ ਕੀ ਇਹ ਗੱਲ ਠੀਕ ਨਹੀਂ ਕਿ ਉਨ੍ਹਾਂ ਵਿਚ ਕਈ ਐਸੇ ਕਰਮਚਾਰੀ ਵੀ ਹਨ ਜਿਨ੍ਹਾਂ ਦੀਆਂ ਕਿ ਉਨ੍ਹਾਂ ਦੇ ਸੀਨਿਅਰ ਅਫਸਰਾਂ ਨੇ ਡੈਲੀਬਰੇਟਲੀ ਰਿਪੋਰਟਾਂ ਖਰਾਬ ਕਰਕੇ ਉਨ੍ਹਾਂ ਨੂੰ ਰਿਟਾਇਰ ਕਰ-ਵਾਇਆ ਹੈ। ਕੀ ਸਰਕਾਰ ਉਨ੍ਹਾਂ ਦੀ ਅਪੀਲ ਨੂੰ ਰੀਕੰਸਿਡਰ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਜੇ ਕੋਈ ਅਜਿਹਾ ਕੇਸ ਹੋਵੇਗਾ ਅਤੇ ਉਸ ਨੇ ਅਪੀਲ ਕੀਤੀ ਹੋਵੇਗੀ ਤਾਂ ਉਸ ਤੇ ਗੌਰ ਕੀਤਾ ਜਾਵੇਗਾ ।

---

ਨਿਸ਼ਾਨ ਵਾਲਾ ਪ੍ਰਸ਼ਨ ਨੰ: 3412

(ਸਬੰਧਤ ਮਾਨਯੋਗ ਮੈਂਬਰ ਹਾਜ਼ਰ ਨਾ ਹੋਣ ਕਾਰਨ ਪੇਸ਼ ਨਹੀਂ ਕੀਤਾ ਗਿਆ।)

---

## PROPOSAL TO FREE INDUSTRIAL WORKERS ETC. FROM DEBTS

***3410 1. Comrade Saghar Singh**
**2. Comrade Satya Pal Dang** : Will the Minister for Finance be pleased to state whether the Government is examining any proposal to extinguish the debt of the industrial workers and other urban poor, if so, the time by which a final decision is likely to be taken in the matter ?

**Shri Hans Raj Sharma:** Government is awaiting central legislation in this respect.

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ 19 ਜੁਲਾਈ, 1975 ਦੀ ਲੇਬਰ ਕਾਨਫਰੰਸ ਤੋਂ ਬਾਅਦ 2 ਸਟੇਟਾਂ ਮਹਾਰਾਸ਼ਟਰ ਅਤੇ ਮੱਧ ਪ੍ਰਦੇਸ਼ ਨੇ ਸਟੇਟ ਲੈਜਿਸਲੇਸ਼ਨ ਬਣਾ ਕੇ ਅਰਬਨ ਪੂਅਰ, ਇੰਡਸਟਰੀਅਲ ਵਰਕਰਜ਼ ਆਦਿ ਦੇ ਕਰਜ਼ੇ ਮੁਆਫ ਕੀਤੇ ਹਨ। ਕੀ ਇਹ ਸਰਕਾਰ ਵੀ ਇਸ ਤਰ੍ਹਾਂ ਦੀ ਕੋਈ ਲੈਜਿਸਲੇਸ਼ਨ ਬਣਾਏਗੀ ?

ਮੰਤਰੀ : ਸਪੀਕਰ ਸਾਹਿਬ, ਪਹਿਲੇ ਅਲੱਗ ਅਲੱਗ ਸੂਬਿਆਂ ਦੀ ਅਲੱਗ ਅਲੱਗ ਲੈਜਿਸਲੇਸ਼ਨ ਲਿਆਉਣ ਦਾ ਵਿਚਾਰ ਸੀ ਪਰ 19 ਜੁਲਾਈ, 1975 ਦੀ ਆਲ ਇੰਡੀਆ ਲੇਬਰ ਕਾਨਫਰੰਸ ਵਿਚ ਇਹ ਫੈਸਲਾ ਕੀਤਾ ਗਿਆ ਸੀ ਕਿ ਇਕੋ ਹੀ ਸੈਂਟਰ ਵਲੋਂ ਲੈਜਿਸਲੇਸ਼ਨ ਬਣਾਈ ਜਾਵੇਗੀ ਅਤੇ ਉਸ ਤੇ ਸਾਰੇ ਸੂਬੇ ਅਮਲ ਕਰਨਗੇ ।

11 ਜਨਵਰੀ, 1976 ਨੂੰ ਜਿਹੜੀ ਕਾਨਫਰੰਸ ਹੋਈ ਸੀ ਉਸ ਵਿਚ ਗੌਰਮਿੰਟ ਆਫ਼ ਇੰਡੀਆਂ ਨੇ ਫਿਰ ਕਿਹਾ ਕਿ ਅਸੀਂ ਸੈਂਟਰਲ ਲੈਜਿਸਲੇਸ਼ਨ ਜਲਦੀ ਲਿਆ ਰਹੇ ਹਾਂ। ਇਸ ਕਰਕੇ ਸਾਰੇ ਇੰਡੀਆ ਵਿਚ ਇਕੋ ਜਿਹਾ ਲੈਜਿਸਲੇਸ਼ਨ ਬਣ ਜਾਏ ਤਾਂ ਬੇਹਤਰ ਹੋਵੇਗਾ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੈਂ ਤਾਂ ਪੁੱਛਿਆ ਸੀ ਕਿ 19 ਜੁਲਾਈ 1975 ਦੀ ਕਾਨਫਰੰਸ ਤੋਂ ਬਾਅਦ ਇਹ ਇਜਾਜ਼ਤ ਦਿੱਤੀ ਗਈ ਕਿ ਜਿਹੜੀ ਸਟੇਟ ਚਾਹੇ ਆਪਣਾ ਲੈਜਿਸਲੇਸ਼ਨ ਬਣਾ ਲਵੇ । ਉਸ ਬੇਸ ਤੇ ਮਹਾਰਾਸ਼ਟਰਾ ਨੇ ਔਰ ਮੱਧ ਪ੍ਰਦੇਸ਼ ਨੇ ਆਪਣੇ ਆਪਣੇ ਲੈਜਿਸਲੇਸ਼ਨ ਬਣਾਏ । ਇਸ ਲਈ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਦੇ ਰਸਤੇ ਵਿਚ ਕੀ ਰੁਕਾਵਟ ਹੈ ? ਜੇਕਰ ਇਹ ਬਣਾਉਣਾ ਚਾਹੁੰਦੇ ਹਨ ਤਾਂ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਤਨਾਂ ਚਿਰ ਤਕ ਸੈਂਟਰਲ ਲੈਜਿਸਲੇਸ਼ਨ ਨਹੀਂ ਆਉਂਦਾ ਇਹ ਮੋਰੇਟੋਰੀਅਮ ਕਰਨ ਨੂੰ ਤਿਆਰ ਹਨ ਤਾਂਕਿ ਜਿਹੜੇ ਗਰੀਬ ਲੋਕ ਹਨ ਉਨ੍ਹਾਂ ਉਤੋਂ ਸੂਦ ਦਾ ਭਾਰ ਹੱਟ ਜਾਵੇ ?

**ਮੰਤਰੀ** : ਜੇ ਸੈਂਟਰਲ ਲੈਜਿਸਲੇਸ਼ਨ ਜਲਦੀ ਨਾ ਆਇਆ ਤਾਂ ਅਸੀਂ ਆਪਣਾ ਲੈਜਿਸਲੇਸ਼ਨ ਲੈ ਆਵਾਂਗੇ ।

---

STARRED QUESTION NO. 3394

**Mr. Speaker** : Extension has been asked for in respect of Starred Question No. 3394.**

---

**ਖੇਤੀਬਾੜੀ ਵਿਭਾਗ ਦੇ ਅਫਸਰਾਂ/ਕਰਮਚਾਰੀਆਂ ਦੀ ਸਮਾਂ ਪੂਰਵ ਰਿਟਾਇਰਮੈਂਟ**

*3382. **ਸ਼੍ਰੀ ਸਰਦਾਰੀ ਲਾਲ ਕਪੂਰ** : ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਖੇਤੀਬਾੜੀ ਵਿਭਾਗ ਦੇ ਉਨ੍ਹਾਂ ਅਫਸਰਾਂ/ਕਰਮਚਾਰੀਆਂ ਦੀ ਸ਼੍ਰੇਣੀ-ਵਾਰ ਗਿਣਤੀ ਅਤੇ ਨਾਂ ਕੀ ਕੀ ਹਨ ਜੋ ਪੰਜਾਬ ਸਿਵਲ ਸੇਵਾ (ਸਮਾਂ-ਪੂਰਵ ਰਿਟਾਇਰਮੈਂਟ) ਨਿਯਮ, 1975 ਅਧੀਨ ਰਿਟਾਇਰ ਕਰ ਦਿਤੇ ਗਏ ਹਨ ?

**ਮਾਸਟਰ ਗੁਰਬੰਤਾ ਸਿੰਘ** : ਪੰਜਾਬ ਸਿਵਲ ਸੇਵਾਵਾਂ (ਸਮਾਂ-ਪੂਰਵ ਨਿਵਰਤੀ) ਰੂਲਜ਼, 1975 ਅਧੀਨ ਸੇਵਾਵਾਂ ਮੁਕਤ ਕੀਤੇ ਖੇਤੀਬਾੜੀ ਵਿਭਾਗ ਦੇ ਕਰਮਚਾਰੀਆਂ ਦੇ ਵੇਰਵੇ ਦਾ ਵਿਵਰਣ ਨੱਥੀ ਕੀਤਾ ਜਾਂਦਾ ਹੈ।

| ਲੜੀ ਨੰ: | ਸ਼੍ਰੇਣੀ | ਨਾਂ ਅਤੇ ਅਹੁਦਾ | ਨਿਵਰਤੀ ਦੀ ਮਿਤੀ |
|---|---|---|---|
| 1. | III | ਸ. ਨਰਿੰਦਰ ਸਿੰਘ ਭੰਡਾਲ, ਐਗਰੀਕਲਚਰਲ ਇਨਸਪੈਕਟਰ | 25 ਅਗਸਤ, 1975 |
| 2. | ,, | ਸ. ਮਹਿੰਦਰ ਸਿੰਘ ਸੈਣੀ, ਐਗਰੀਕਲਚਰਲ ਇਨਸਪੈਕਟਰ | ,, |
| 3. | ,, | ਸ਼੍ਰੀ. ਲੇਕ ਰਾਜ, ਸਹਾਇਕ | ,, |

**For Starred Question No. 3394 and reply thereto, please see Debates dated 4th Februrary, 1976.

Original with; Punjab Vidhan Sabha Digitized by; Panjab Digital Library

| ਲੜੀ ਨੰ: | ਸ੍ਰੇਣੀ | ਨਾਂ ਅਤੇ ਅਹੁਦਾ | ਨਿਵਰਤੀ ਦੀ ਮਿਤੀ |
|---|---|---|---|
| 4. | III | ਸ੍ਰੀ ਰਾਮ ਲਾਲ, ਸਹਾਇਕ | 25 ਅਗਸਤ, 1975 |
| 5. | ,, | ਸ੍ਰੀ ਸੁਰਿੰਦਰ ਸਿੰਘ, ਸਹਾਇਕ | ,, |
| 6. | ,, | ਸ੍ਰੀ ਲੇਖ ਰਾਮ ਸੈਣੀ, ਅਕਾਊਂਟੈਂਟ | 26 ਸਤੰਬਰ, 1975 |
| 7. | ,, | ਸ੍ਰੀ ਸਾਧੂ ਸਿੰਘ ਮਕੈਨਿਕ ਬੋਰਰ | 25 ਅਗਸਤ, 1975 |
| 8. | ,, | ਸ੍ਰੀ ਗੁਰਬਚਨ ਸਿੰਘ, ਕੰਪੋਸਟ ਇਨਸਪੈਕਟਰ | ,, |
| 9. | ,, | ਸ੍ਰੀ ਬਖਤਾਵਰ ਸਿੰਘ, ਕੰਪੋਸਟ ਇਨਸਪੈਕਟਰ | ,, |
| 10. | ,, | ਸ੍ਰੀ ਅਮਰ ਨਾਥ, ਕੰਪੋਸਟ ਇਨਸਪੈਕਟਰ | ,, |
| 11. | ,, | ਸ੍ਰੀ ਹਰੀ ਚੰਦ, ਮਕੈਨਿਕ | ,, |
| 12. | ,, | ਸ੍ਰੀ ਰਾਮ ਨਾਥ, ਜੀਪ ਡਰਾਈਵਰ | ,, |
| 13. | ,, | ਸ੍ਰੀ ਬਿਕਰਮ ਸਿੰਘ, ਟਰੈਕਟਰ ਡਰਾਈਵਰ | ,, |
| 14. | ,, | ਸ੍ਰੀ ਅਮਰ ਸਿੰਘ, ਡਰਿਲਰ | ,, |
| 15. | ,, | ਸ੍ਰੀ ਨਾਨਕ ਚੰਦ, ਸਹਾਇਕ ਡਰਿਲਰ | ,, |
| 16. | ,, | ਸ੍ਰੀ ਗੁਰਦੇਵ ਸਿੰਘ, ਬੇਲਦਾਰ | ,, |

**ਸ੍ਰੀ ਸਰਦਾਰੀ ਲਾਲ ਕਪੂਰ** : ਕੀ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਜਿਹੜਾ ਅਫਸਰ ਇਨ੍ਹਾਂ ਨੇ ਰਿਟਾਇਰ ਕੀਤਾ ਹੈ, ਉਸ ਦੇ ਖਿਲਾਫ ਕੀ ਚਾਰਜਿਜ਼ ਸਨ ?

**ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੂੰ ਪਤਾ ਹੈ ਕਿ ਅਫਸਰਾਂ ਦਾ ਅਮਾਲ-ਨਾਮਾ ਵੇਖ ਕੇ ਉਨ੍ਹਾਂ ਨੂੰ ਰਿਟਾਇਰ ਕੀਤਾ ਜਾਂਦਾ ਹੈ। ਜਿਨ੍ਹਾਂ ਦਾ ਅਮਾਲ-ਨਾਵਾਂ ਮਾੜਾ ਹੁੰਦਾ ਹੈ ਉਨ੍ਹਾਂ ਨੂੰ ਹੀ ਰਿਟਾਇਰ ਕੀਤਾ ਜਾਂਦਾ ਹੈ। ਇਸ ਅਫਸਰ ਦੇ ਖਿਲਾਫ ਚਾਰਜਿਜ਼ ਬੜੇ ਹਨ। ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਇਹ ਯਕੀਨ ਦਿਵਾਉਂਦਾ ਹਾਂ ਕਿ ਕਿਸੇ ਨਾਲ ਬੇਇਨਸਾਫੀ ਨਹੀਂ ਹੁੰਦੀ। ਅਸੀਂ ਰਿਟਾਇਰ ਅਮਾਲ-ਨਾਮਿਆਂ ਦੀ ਬੇਸ ਤੇ ਹੀ ਕਰਦੇ ਹਾਂ ਜੀ। (ਵਿਘਨ)

Original with;
Punjab Vidhan Sabha
Digitized by;
Panjab Digital Library

**ਸ਼੍ਰੀ ਪਿਆਰਾ ਰਾਮ ਧੰਨੋਵਾਲੀ:** ਮੈਂ ਮਾਸਟਰ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਸ਼ਡਿਊਲਡ ਕਾਸਟਸ ਅਫਸਰਾਂ ਨੂੰ ਤਰੱਕੀ ਦੇਣ ਵੇਲੇ ਉਨ੍ਹਾਂ ਦਾ ਖਿਆਲ ਰੱਖ ਲਿਆ ਜਾਂਦਾ ਹੈ, ਇਕ ਸਟੈਪ ਅਗੇ ਗਿਣਿਆ ਜਾਂਦਾ ਹੈ, ਜੇਕਰ ਕਿਸੇ ਦੀ ਰਿਪੋਰਟ ਵਿਚ ਗੁੱਡ ਹੋਵੇ ਤਾਂ ਵੈਰੀ ਗੁੱਡ ਸਮਝਿਆ ਜਾਂਦਾ ਹੈ। ਇਨ੍ਹਾਂ ਨੇ ਕਿਹਾ ਹੈ ਕਿ ਰਿਟਾਇਰਮੈਂਟ ਰਿਕਾਰਡ ਵੇਖ ਕੇ ਕੀਤੀ ਜਾਂਦੀ ਹੈ। ਰਿਕਾਰਡ ਤਾਂ ਗਾਲਬਨ ਖ਼ਰਾਬ ਹੀ ਹੁੰਦਾ ਹੈ। ਆਇਆ ਜਿਸ ਤਰ੍ਹਾਂ ਪ੍ਰੋਮੋਸ਼ਨ ਵੇਲੇ ਇਨ੍ਹਾਂ ਨੂੰ ਰਿਆਇਤ ਦਿਤੀ ਜਾਂਦੀ ਹੈ, ਇਕ ਸਟੈਪ ਅਗੇ ਗਿਣਿਆ ਜਾਂਦਾ ਹੈ, ਰਿਟਾਇਰਮੈਂਟ ਵੇਲੇ ਵੀ ਇਸ ਤਰ੍ਹਾਂ ਦੀ ਰਿਆਇਤ ਸਰਕਾਰ ਦੇਣ ਨੂੰ ਤਿਆਰ ਹੈ?

**ਮੰਤਰੀ:** ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਜਿਸ ਤਰ੍ਹਾਂ ਗੁੱਡ ਤੋਂ ਵੈਰੀ ਗੁੱਡ ਗਿਣਿਆ ਜਾਂਦਾ ਹੈ, ਉਸ ਤਰ੍ਹਾਂ ਹੀ ਕਰਨ। ਇਹ ਤਾਂ ਇਕ ਸਾਲ ਜਾਂ ਦੋ ਸਾਲਾਂ ਦਾ ਨਹੀਂ ਕਈ ਸਾਲਾਂ ਦਾ ਰਿਕਾਰਡ ਵੇਖਿਆ ਜਾਂਦਾ ਹੈ। ਜਿਹੜੀ ਬਿਲਕੁਲ ਹੀ ਤਾਣੀ ਟੁੱਟੀ ਹੋਈ ਹੋਵੇ ਉਸ ਕੇਸ ਵਿਚ ਰਿਟਾਇਰ ਕਰਦੇ ਹਾਂ, ਕਿਸੇ ਨਾਲ ਬੇਇਨਸਾਫ਼ੀ ਨਹੀਂ ਹੁੰਦੀ। (ਸਰਦਾਰ ਹਰਬੰਸ ਸਿੰਘ ਜਲਾਲ ਵਲੋਂ ਵਿਘਨ)

**ਸਰਦਾਰ ਹਰਬੰਸ ਸਿੰਘ ਜਲਾਲ:** ਸਪੀਕਰ ਸਾਹਿਬ, ਮੈਂ ਤਾਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਅਮਾਲ ਨਾਵਾਂ ਵੇਖ ਕੇ ਰਿਟਾਇਰ ਕੀਤਾ ਜਾਂਦਾ ਹੈ, ਆਇਆ ਉਹ ਮਾਲ ਘੱਟ ਦਿੰਦੇ ਹਨ ਜਾਂ ਬਿਲਕੁਲ ਨਹੀਂ ਦਿੰਦੇ ਜਿਨ੍ਹਾਂ ਨੂੰ ਰਿਟਾਇਰ ਕੀਤਾ ਜਾਂਦਾ ਹੈ? (ਹਾਸਾ)

(ਕੋਈ ਉਤਰ ਨਹੀਂ ਆਇਆ।)

**ਚੌਧਰੀ ਰਾਮ ਸਿੰਘ:** ਐਗਰੀਕਲਚਰ ਡਿਪਾਰਟਮੈਂਟ ਦੇ 16 ਆਦਮੀਆਂ ਨੂੰ ਰਿਟਾਇਰ ਕੀਤਾ ਗਿਆ ਹੈ। ਇਨ੍ਹਾਂ ਵਿਚ ਇਨਸਪੈਕਟਰਜ਼ ਵੀ ਹਨ। ਮੈਂ ਵਜ਼ੀਰ ਸਾਹਿਬ ਨੂੰ ਸਵਾਲ ਵੀ ਕਰਦਾ ਹਾਂ ਅਤੇ ਨਾਲ ਹੀ ਇਹ ਵੀ ਗੱਲ ਕਹਿੰਦਾ ਹਾਂ ਕਿ ਐਗਰੀਕਲਚਰ ਇਨਸਪੈਕਟਰ ਕੋਈ ਕੰਮ ਨਹੀਂ ਕਰਦੇ। ਫਾਲਤੂ ਤਨਖਾਹਾਂ ਲੈਂਦੇ ਹਨ, ਆਇਆ ਉਨ੍ਹਾਂ ਦੇ ਖਿਲਾਫ ਵੀ ਕੋਈ ਕਾਰਵਾਈ ਕੀਤੀ ਜਾਵੇਗੀ?

**ਮੰਤਰੀ:** ਸਪੀਕਰ ਸਾਹਿਬ, ਇਸ ਦਾ ਮੈਂ ਕੀ ਜਵਾਬ ਦੇਵਾਂ ਜੀ।

**ਸ਼੍ਰੀ ਸਪੀਕਰ:** ਉਨ੍ਹਾਂ ਦਾ ਮਤਲਬ ਹੈ ਕਿ ਐਡੇ ਵੱਡੇ ਮਹਿਕਮੇ ਵਿਚੋਂ ਸਿਰਫ 16 ਆਦਮੀ ਰਿਟਾਇਰ ਕੀਤੇ ਹਨ। ਉਹ ਆਪਣੇ ਕਦ ਦੇ ਮੁਤਾਬਿਕ ਕਹਿੰਦੇ ਹਨ। (ਹਾਸਾ)

**ਮੰਤਰੀ:** ਸਪੀਕਰ ਸਾਹਿਬ, ਹੋਰਨਾਂ ਦੇ ਖਿਲਾਫ ਵੀ ਕੇਸ ਤਿਆਰ ਹੋ ਰਹੇ ਹਨ। ਇਹ ਤਾਂ ਪਹਿਲੀ ਕਿਸ਼ਤ ਹੈ, ਹੋਰ ਕਿਸ਼ਤਾਂ ਵੀ ਆਉਣਗੀਆਂ।

**ਕਾਮਰੇਡ ਸੱਤ ਪਾਲ ਡਾਂਗ:** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਅਫਸਰਾਂ ਨੇ ਸੀਸਵਾਂ ਜੰਗਲ ਦਾ 12-12 ਹਜ਼ਾਰ ਦੇ ਵਿਚ ਠੇਕਾ ਦਿੱਤਾ ਹੈ, ਦੋ ਲੱਖ ਦਾ ਜੰਗਲ ਸੀ, ਛੰਗਾਨੀ ਕਮਿਸ਼ਨ ਨੇ ਵੀ ਉਨ੍ਹਾਂ ਅਫਸਰਾਂ ਦੇ ਖਿਲਾਫ ਲਿਖਿਆ ਹੈ, ਬੜਾ ਵੱਡਾ ਸਕੈਂਡਲ ਸੀ, ਉਨ੍ਹਾਂ ਅਫਸਰਾਂ ਨੂੰ ਰਿਟਾਇਰ ਕਿਉਂ ਨਹੀਂ ਕੀਤਾ?

Original with: Punjab Vidhan Sabha
Digitized by: Panjab Digital Library

**ਮੰਤਰੀ**: ਸਪੀਕਰ ਸਾਹਿਬ, ਅਗੇ ਫਾਰੈਸਟ ਦਾ ਵੀ ਸਵਾਲ ਹੈ। ਇਹ ਐਗਰੀਕਲਚਰ ਦਾ ਸਵਾਲ ਹੈ। ਲੇਕਿਨ ਮੈਂ ਡਾਂਗ ਸਾਹਿਬ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਅਫਸਰ ਦੇ ਬਰਖਿਲਾਫ ਕੋਈ ਚਾਰਜਿਜ਼ ਸਨ ਛੰਗਾਨੀ ਕਮਿਸ਼ਨ ਦੇ ਫੈਸਲੇ ਦੇ ਵਿਚ, ਉਹ ਤਾਂ ਸਾਡੀ ਇਸ ਸਕੀਮ ਤੋਂ ਪਹਿਲਾਂ ਹੀ ਰਿਟਾਇਰ ਹੋ ਗਿਆ ਹੈ। ਹੁਣ ਹੁੰਦਾ ਤਾਂ ਸ਼ਾਇਦ ਰਿਟਾਇਰ ਹੁਣ ਵੀ ਕਰ ਦਿੰਦੇ ਪਰ ਉਹ ਪਹਿਲਾਂ ਹੀ ਰਿਟਾਇਰ ਹੋ ਚੁਕਿਆ ਹੈ।

**ਸਰਦਾਰ ਸੁਖਦੇਵ ਸਿੰਘ ਢੀਂਡਸਾ**: ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਜਿਹੜੀ ਪ੍ਰੀਮੈਚੋਅਰ ਰਿਟਾਇਰਮੈਂਟ ਹੋ ਰਹੀ ਹੈ, ਇਹ ਉਸ ਦੀ ਪਹਿਲੀ ਕਿਸ਼ਤ ਹੈ। ਮੈਂ ਇਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ ਹੋਰ ਕਿਤਨੀਆਂ ਕਿਸ਼ਤਾਂ ਹਨ ਅਤੇ ਕਿਤਨੇ ਅਫਸਰਾਂ ਦੇ ਅਮਾਲ-ਨਾਵੇਂ ਇਨ੍ਹਾਂ ਦੇ ਜ਼ੇਰੇ-ਗੌਰ ਹਨ ?

**ਮੰਤਰੀ**: ਸਪੀਕਰ ਸਾਹਿਬ, ਮੈਨੂੰ ਵਾਕਫੀਅਤ ਹੈ ਕਿ ਅਸੀਂ 85 ਆਦਮੀਆਂ ਦੇ ਕੇਸ ਵੇਖੇ ਹਨ, ਉਨ੍ਹਾਂ ਵਿਚੋਂ 16 ਰਿਟਾਇਰ ਕੀਤੇ ਹਨ।

**ਸਰਦਾਰ ਸਾਧੂ ਸਿੰਘ**: ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਕ ਐਗਰੀਕਲਚਰ ਮਹਿਕਮੇ ਦੇ ਅਫਸਰ ਨੇ ਅਸਤੀਫਾ ਦਿੱਤਾ ਸੀ ਅਤੇ ਬਾਅਦ ਵਿੱਚ ਕਿਹਾ ਕਿ ਮੈਂ ਆਪਣਾ ਅਸਤੀਫਾ ਵਾਪਸ ਲੈਂਦਾ ਹਾਂ, ਉਸ ਦੇ ਅਸਤੀਫਾ ਵਾਪਸ ਲੈਣ ਦੀ ਕੀ ਵਜ੍ਹਾ ਸੀ ?

**ਮੰਤਰੀ**: ਸਪੀਕਰ ਸਾਹਿਬ, ਅਸਤੀਫਾ ਦੇ ਦੇਣ ਔਰ ਵਾਪਿਸ ਲੈਣ ਦੀ ਮੇਰੇ ਪਾਸ ਇਸ ਵੇਲੇ ਕੋਈ ਇਨਫਰਮੇਸ਼ਨ ਨਹੀਂ ਹੈ ਜੀ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 3370**

(ਸਬੰਧਤ ਮਾਨਯੋਗ ਮੈਂਬਰ ਹਾਊਸ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਕੀਤਾ ਗਿਆ)

---

**ਜੰਗਲਾਤ ਵਿਭਾਗ ਵਿਚ ਅਫਸਰਾਂ ਦੀ ਸਮੇਂ ਤੋਂ ਪਹਿਲਾਂ ਰੀਟਾਇਰਮੈਂਟ**

*3417. **ਚੌਧਰੀ ਰਾਮ ਸਿੰਘ**: ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹੁਣ ਤਕ ਪੰਜਾਬ ਸੇਵਾਵਾਂ (ਸਮੇਂ ਤੋਂ ਪਹਿਲਾਂ ਰੀਟਾਇਰਮੈਂਟ) ਨਿਯਮਾਵਲੀ, 1975 ਅਧੀਨ ਜੰਗਲਾਤ ਵਿਭਾਗ ਵਿਚੋਂ ਰੀਟਾਇਰ ਕੀਤੇ ਗਏ ਗਜ਼ਟਿਡ ਅਤੇ ਨਾਨ-ਗਜ਼ਟਿਡ ਅਫਸਰਾਂ/ਕਰਮਚਾਰੀਆਂ ਦੀ ਸ਼੍ਰੇਣੀ-ਵਾਰ ਗਿਣਤੀ ਕਿੰਨੀ ਕਿੰਨੀ ਹੈ ?

**ਮਾਸਟਰ ਗੁਰਬੰਤਾ ਸਿੰਘ**: ਵਣ ਵਿਭਾਗ ਦੇ ਨਿਮਨ ਲਿਖਤ ਕਰਮਚਾਰੀ (ਕੈਟੇਗਰੀ-ਵਾਰ) ਹੁਣ ਤਕ ਪੰਜਾਬ ਸਿਵਲ ਸੇਵਾਵਾਂ (ਸਮੇਂ ਤੋਂ ਪਹਿਲਾਂ ਰੀਟਾਇਰਮੈਂਟ) ਨਿਯਮਾਵਲੀ, 1976 ਅਧੀਨ ਰੀਟਾਇਰ ਕੀਤੇ ਜਾ ਚੁੱਕੇ ਹਨ :—

| ਕਾਰਜਕਾਰੀ ਅਮਲਾ | | ਨੰ: |
|---|---|---|
| 1. ਉਪ ਰੇਂਜਰ | .. | 2 |
| 2. ਫਾਰੈਸਟਰ | .. | 4 |
| 3. ਵਣ ਗਾਰਡ | .. | 10 |
| 4. ਜੰਗਲੀ ਜੀਵ ਗਾਰਡ | .. | 6 |
| ਜੋੜ | .. | 22 |

Original with;
Punjab Vidhan Sabha
Digitized by;
Panjab Digital Library

**ਚੌਧਰੀ ਰਾਮ ਸਿੰਘ :** ਮਨਿਸਟਰ ਸਾਹਿਬ ਨੇ ਇਹ ਦੱਸਿਆ ਹੈ ਕਿ ਡਿਪਟੀ ਰੇਂਜਰਜ਼, ਫਾਰੈਸਟਰਜ਼, ਫਾਰਿਸਟ ਗਾਰਡਜ਼ ਰਿਟਾਇਰ ਕੀਤੇ ਹਨ ਪਰ ਇਨ੍ਹਾਂ ਵਿਚ ਕੋਈ ਵੀ ਕਲਾਸ ਵਨ ਅਤੇ ਕਲਾਸ ਟੂ ਦਾ ਅਫਸਰ ਨਹੀਂ ਹੈ। ਆਇਆ ਉਨ੍ਹਾਂ ਵਾਸਤੇ ਕੋਈ ਹੋਰ ਲਿਸਟ ਤਿਆਰ ਹੋ ਰਹੀ ਹੈ ਜਾਂ ਸਰਕਾਰ ਨੇ ਅਗੇ ਤੋਂ ਪ੍ਰੀਮੈਚੋਅਰ ਰਿਟਾਇਰਮੈਂਟ ਇਸ ਮਹਿਕਮੇ ਵਿਚ ਬੰਦ ਕਰ ਦਿੱਤੀ ਹੈ।

**ਮੰਤਰੀ :** ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਕਲਾਸ ਵਨ ਔਰ ਕਲਾਸ ਟੂ ਦੇ ਅਫਸਰ ਰਿਟਾਇਰ ਨਹੀਂ ਕੀਤੇ। ਜਿੱਥੋਂ ਤਕ ਕਲਾਸ ਵਨ ਦੇ ਅਫਸਰਾਂ ਦਾ ਸਬੰਧ ਹੈ, ਉਨ੍ਹਾਂ ਬਾਰੇ ਇਕ ਕਮੇਟੀ ਬਣੀ ਸੀ ਜਿਸ ਵਿਚ ਚੀਫ਼ ਸੈਕਟਰੀ ਸਾਹਿਬ ਵੀ ਸਨ। ਉਨ੍ਹਾਂ ਨੇ ਪੜਤਾਲ ਕੀਤੀ ਹੈ ਔਰ ਉਨ੍ਹਾਂ ਨੇ ਮਾਲੂਮ ਕੀਤਾ ਹੈ ਕਿ ਰਿਟਾਇਰਮੈਂਟ ਦੇ ਕਾਬਿਲ ਕਲਾਸ ਵਨ ਦਾ ਕੋਈ ਅਫਸਰ ਨਹੀਂ ਹੈ। ਕਲਾਸ ਟੂ ਦੇ ਅਫਸਰ ਜਿਹੜੇ ਹਨ ਉਨ੍ਹਾਂ ਦੇ ਕੇਸ ਪੈਂਡਿੰਗ ਹਨ। ਅੱਠ ਐਸੇ ਅਫਸਰ ਹਨ, ਉਨ੍ਹਾਂ ਦੇ ਕੇਸ ਵਖੇ ਜਾ ਰਹੇ ਹਨ।

---

## ARREARS OF SALES TAX

*3416. **Chaudhri Ram Singh :** Will the Minister for Excise and Taxation be pleased to state—

(a) the total amount of arrears of Sales Tax in the State as at present;

(b) the number and names of persons/firms against whom arrears amounting to ten thousand rupees or above are due at present ?

**ਸ੍ਰੀ ਯਸ਼ ਪਾਲ :** (ੳ) 31 ਅਕਤੂਬਰ, 1975 ਨੂੰ ਕੁਲ ਬਕਾਇਆ ਰਕਮ 288.04 ਲੱਖ ਰੁਪਏ ਹੈ।

(ਅ) 31 ਅਕਤੂਬਰ, 1975 ਨੂੰ 286 ਇਨ੍ਹਾਂ ਪਾਰਟੀਆਂ ਅਤੇ ਵਿਅਕਤੀਆਂ ਦੇ ਨਾਮ ਪ੍ਰਕਾਸ਼ਿਤ ਕਰਨਾ ਲੋਕ ਹਿਤ ਵਿਚ ਨਹੀਂ ਹੈ।

**ਚੌਧਰੀ ਰਾਮ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀ ਮੰਤਰੀ ਸਾਹਿਬ ਤੋਂ ਇਹ ਫਿਰ ਪੁੱਛਣਾ ਚਾਹੁੰਦਾ ਹਾਂ ਕਿ 10 ਸਾਲ ਤੋਂ ਜ਼ਿਆਦਾ ਸਮਾਂ ਪੈ ਗਿਆ ਹੈ ਇਹ ਏਰੀਅਰਜ਼ ਪੈਂਡਿੰਗ ਹਨ, ਇਸ ਲਈ ਉਨ੍ਹਾਂ ਦੇ ਨਾਉਂ ਕੀ ਹਨ ਅਤੇ ਜਾਇਦਾਦ ਕਿਤਨੀ ਕਿਤਨੀ ਹੈ ਜਿਨ੍ਹਾਂ ਤੋਂ ਇਹ ਪੈਸੇ ਲੈਣੇ ਹਨ ? ਇਹ ਕਹਿੰਦੇ ਹਨ ਕਿ ਨਾਮ ਦਸਣੇ ਪਬਲਿਕ ਮੁਫਾਦ ਵਿਚ ਨਹੀਂ ਹਨ। ਜਿਹੜੇ ਟੈਕਸ ਚੋਰ ਹਨ ਉਨ੍ਹਾਂ ਦੇ ਨਾਮ ਜ਼ਾਹਿਰ ਕਰਨੇ ਚਾਹੀਦੇ ਹਨ ਤਾਂਕਿ ਸਮਾਜ ਵਿਚ ਉਨ੍ਹਾਂ ਦੇ ਨਾਮ ਜ਼ਾਹਿਰ ਹੋ ਜਾਣ। ਅੱਜ ਵਜ਼ੀਰ ਸਾਹਿਬ ਕਹਿੰਦੇ ਹਨ ਕਿ ਨਾਮ ਜ਼ਾਹਿਰ ਨਹੀਂ ਕਰਨੇ।

**ਸ੍ਰੀ ਸਪੀਕਰ :** ਸਵਾਲ ਕਰੋ, ਸੁਜੈਸ਼ਨ ਨਾ ਦਿਓ

**ਚੌਧਰੀ ਰਾਮ ਸਿੰਘ :** ਮੈਂ ਸਵਾਲ ਕਰਦਾ ਹਾਂ ਕਿ ਇਹ ਉਨ੍ਹਾਂ ਪਾਰਟੀਆਂ ਦੇ ਨਾਮ ਦੱਸਣ ਅਤੇ ਦੱਸਣ ਕਿ ਉਹ ਕਿਹੜੇ ਲੋਕ ਹਨ ਜਿਨ੍ਹਾਂ ਤੋਂ ਇਹ ਪੈਸੇ ਲੈਣੇ ਹਨ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਇਹ ਜਿਹੜੇ 288 ਲੱਖ ਦੇ ਬਕਾਏ ਜਿਨ੍ਹਾਂ ਲੋਕਾਂ ਤੋਂ ਲੈਣੇ ਹਨ ਇਹ ਅਸਲ ਵਿਚ ਟੈਕਸ ਚੋਰ ਨਹੀਂ ਹਨ। ਇਹ ਉਹ ਲੋਕ ਹਨ ਜਿਨ੍ਹਾਂ ਦੀ ਰਕਮ ਦਾ ਫੈਸਲਾ ਹੋ ਚੁਕਿਆ ਹੈ ਪਰ ਰਿਕਵਰੀ ਨਹੀਂ ਹੋਈ। ਰਿਕਵਰੀ ਇਸ ਕਰਕੇ ਨਹੀਂ ਹੋਈ ਕਿ ਕੋਈ ਹਾਈ ਕੋਰਟ ਵਿਚ ਚਲਾ ਗਿਆ ਤੇ ਕੋਈ ਹੇਠਲੀ ਅਦਾਲਤ ਵਿਚ ਚਲਾ ਗਿਆ ਔਰ ਉਨ੍ਹਾਂ ਨੇ ਸਟੇ-ਆਰਡਰਜ਼ ਲਏ ਹੋਏ ਹਨ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਕਿਸਾਨ ਤਕਾਵੀ ਜਾਂ ਲੋਨ ਨਾ ਮੋੜੇ ਉਨ੍ਹਾਂ ਨੂੰ ਹਥਕੜੀ ਲਗਾ ਕੇ ਹਵਾਲਾਤ ਵਿਚ ਰਖਿਆ ਜਾਂਦਾ ਹੈ ਤਾਂ ਕੀ ਇਨ੍ਹਾਂ ਦੇ ਨਾਮ ਵੀ ਨਹੀਂ ਦੱਸੇ ਜਾ ਸਕਦੇ ?

ਮੰਤਰੀ : ਮਾਮਲਾ ਸਬਜੁਡਿਸ ਹੈ ਜੀ।

**ਸਰਦਾਰ ਦਰਬਾਰਾ ਸਿੰਘ** : ਨਾਮ ਦੱਸਣਾ ਤਾਂ ਸੱਬਜੁਡਿਸ ਨਹੀਂ ਹੈ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ, ਤੋਂ ਪੁਛਣਾ ਚਾਹੁੰਦਾ ਹਾਂ ਕਿ ਕਿਤਨੇ ਕੇਸ ਸੱਬਜੁਡਿਸ ਹਨ ਔਰ ਕਿਤਨੇ ਦੂਸਰੇ ਹਨ ?

**ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਦੱਸ ਚੁੱਕਾ ਹਾਂ ਕਿ ਕਿਸੇ ਨੇ ਕਿਸੇ ਅਦਾਲਤ ਵਿਚੋਂ ਅਤੇ ਕਿਸੇ ਨੇ ਕਿਸੇ ਅਦਾਲਤ ਵਿਚੋਂ ਸਟੇ ਲੈ ਲਿਆ ਹੈ ਔਰ 288 ਲੱਖ ਰੁਪਏ ਦੇ ਬਕਾਏ ਹਨ। ਇਹ ਵੈਸੇ ਕੋਈ ਜ਼ਿਆਦਾ ਨਹੀਂ ਹਨ। ਇਕ ਸਾਲ ਵਿਚ ਅਸੀਂ ਕੋਈ 60-70 ਕਰੋੜ ਦੇ ਕਰੀਬ ਸੇਲਜ਼ ਟੈਕਸ ਵਸੂਲ ਕਰਦੇ ਹਾਂ। ਇਹ ਏਰੀਅਰਜ਼ ਇਕ ਸਾਲ ਦੇ ਨਹੀਂ ਹਨ। 31 ਅਕਤੂਬਰ, 1975 ਤਕ ਪਿਛਲੇ ਸਾਰੇ ਸਾਲਾਂ ਦੇ ਹਨ।

**ਸ੍ਰੀ ਵਿਸ਼ਵਾ ਮਿੱਤਰਸੇਖੜੀ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ 2 ਕਰੋੜ 88 ਲੱਖ ਰੁਪਏ ਹੈ ਕੀ ਇਸ ਦੀ ਜ਼ਿਲ੍ਹਾ-ਵਾਈਜ਼ ਡਿਟੇਲ ਵੱਖ ਵੱਖ ਦੱਸ ਸਕਦੇ ਹਨ ?

ਮਤਰੀ : ਮੈਂ 2 ਕਰੋੜ 88 ਲੱਖ ਰੁਪਏ ਦੇ ਬਾਰੇ ਡੀਟੇਲਜ਼ ਵਿਚ ਦੱਸ ਸਕਦਾ ਹਾਂ। ਇਹ ਇਸ ਤਰ੍ਹਾਂ ਹੈ :—

| | | |
|---|---|---|
| ਹੁਸ਼ਿਆਰਪੁਰ | .. | 13 ਲੱਖ 68 ਹਜ਼ਾਰ ਰੁਪਏ |
| ਜਲੰਧਰ | .. | 34 ਲੱਖ 84 ਹਜ਼ਾਰ 299 ਰੁਪਏ |
| ਅੰਮ੍ਰਿਤਸਰ | .. | 50 ਲੱਖ 56 ਹਜ਼ਾਰ 827 ਰੁਪਏ |
| ਗੁਰਦਾਸਪੁਰ | .. | 4 ਲੱਖ 8 ਹਜ਼ਾਰ 378 ਰੁਪਏ |
| ਕਪੂਰਥਲਾ | .. | 6 ਲੱਖ 98 ਹਜ਼ਾਰ 383 ਰੁਪਏ |
| ਪਟਿਆਲਾ | .. | 29 ਲੱਖ 54 ਹਜ਼ਾਰ 565 ਰੁਪਏ |

Original with;
Punjab Vidhan Sabha
Digitized by;
Panjab Digital Library

[ਆਬਕਾਰੀ ਤੇ ਕਰ ਮੰਤਰੀ]

| | | |
|---|---|---|
| ਸੰਗਰੂਰ | .. | 48 ਹਜ਼ਾਰ 874 ਰੁਪਏ |
| ਲੁਧਿਆਣਾ | .. | 28 ਲੱਖ 90 ਹਜ਼ਾਰ 897 ਰੁਪਏ |
| ਰੋਪੜ | .. | 10 ਲੱਖ 49 ਹਜ਼ਾਰ 947 ਰੁਪਏ |
| ਫ਼ਿਰੋਜ਼ਪੁਰ | .. | 9 ਲੱਖ 74 ਹਜ਼ਾਰ 177 ਰੁਪਏ |
| ਬਠਿੰਡਾ | .. | 8 ਲੱਖ 09 ਹਜ਼ਾਰ 908 ਰੁਪਏ |
| ਫ਼ਰੀਦਕੋਟ | .. | 9 ਲੱਖ 33 ਹਜ਼ਾਰ 350 ਰੁਪਏ |

ਇਨ੍ਹਾਂ ਵਿਚ ਪੈਸੇ ਵੀ ਹਨ ਜੋ ਮੈਂ ਨਹੀਂ ਬੋਲੇ ਹਨ ।

**ਸ਼੍ਰੀ ਗੁਰਦਿਆਲ ਸੈਣੀ :** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੇ ਆਦਮੀਆਂ ਨੂੰ ਛੋਟ ਦਿੱਤੀ ਹੋਈ ਹੈ ?

**ਮੰਤਰੀ :** ਛੋਟ ਕਿਸੇ ਆਦਮੀ ਨੂੰ ਨਹੀਂ ਦਿਤੀ ਹੋਈ ਹੈ । ਛੋਟ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

**ਸ਼੍ਰੀ ਪ੍ਰੇਮ ਗੁਪਤਾ :** ਸਪੀਕਰ ਸਾਹਿਬ, ਸੇਲ ਟੈਕਸ ਦੀ ਵਸੂਲੀ ਇਸ ਕਰਕੇ ਨਹੀਂ ਹੋ ਸਕੀ ਕਿਉਂਕਿ ਅਦਾਲਤਾਂ ਵਿਚ ਕੇਸ ਚਲ ਰਹੇ ਹਨ ਅਤੇ ਸਟੇ ਉਨ੍ਹਾਂ ਨੂੰ ਮਿਲੀ ਹੋਈ ਹੈ । ਮੈਂ ਇਹ ਗੱਲ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਉਹ ਵਪਾਰੀ ਆਪਣੇ ਕੇਸ ਅਦਾਲਤਾਂ ਵਿਚੋਂ ਵਾਪਸ ਲੈ ਲੈਣ ਤਾਂ ਕੀ ਸਰਕਾਰ ਇਸ ਸਾਰੀ ਕਰਨ ਦੀਆਂ ਕਿਸ਼ਤਾਂ ਕਰਨ ਨੂੰ ਤਿਆਰ ਹੈ, ਜਿਹੜਾ ਅਸੈਸ ਹੋਇਆ ਹੈ ?

**ਮੰਤਰੀ :** ਸਾਰਿਆਂ ਦੇ ਬਾਰੇ ਕਹਿਣਾ ਕਠਿਨ ਹੈ । ਵਿਅਕਤੀਗਤ ਦੇ ਕੇਸ ਵਿਚ ਤਾਂ ਹੋ ਸਕਦਾ ਹੈ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ 2 ਕਰੋੜ 88 ਲੱਖ ਰੁਪਏ ਦਾ ਕੇਸ ਹੈ, ਕੀ ਸਰਕਾਰ ਦੇ ਨੋਟਿਸ ਵਿਚ ਆਇਆ ਹੈ ਕਿ ਜੱਦ ਤੋਂ ਉਹ ਦੇਣ ਦਾਰ ਬਣੇ ਹਨ ਉਨ੍ਹਾਂ ਵਿਚ ਬਹੁਤ ਸਾਰਿਆਂ ਨੇ ਆਪਣੇ ਨਾਂ ਤੋਂ ਸਾਰੀ ਜਾਇਦਾਦ ਆਪਣੀ ਫੈਮਿਲੀ ਦੇ ਦੂਜੇ ਮੈਂਬਰਾਂ ਦੇ ਨਾਂ ਤੇ ਟਰਾਂਸਫਰ ਕਰ ਦਿਤੀ ਹੈ । ਜਿਸ ਨਾਲ ਬਹੁਤ ਸਾਰਿਆਂ ਤੋਂ ਇਹ ਗੌਰਮਿੰਟ ਪੈਸਾ ਵੀ ਵਸੂਲ ਨਹੀਂ ਕਰ ਸਕੇਗੀ ਸਿਵਾਏ 40 ਦਿਨ ਹਵਾਲਾਤ ਵਿਚ ਰੱਖਣ ਦੇ ?

**ਮੰਤਰੀ :** ਸਪੀਕਰ ਸਾਹਿਬ, ਜੋਸ਼ ਸਾਹਿਬ ਨੂੰ ਭੁਲੇਖਾ ਹੋਇਆ ਮਾਲੂਮ ਹੁੰਦਾ ਹੈ । ਇਹ ਜਿਹੜੇ ਦੇਣਦਾਰ ਹਨ ਉਹ ਸੇਲ ਟੈਕਸ ਦੇ ਝਗੜੇ ਨਹੀਂ ਇਹ ਐਕਸਾਈਜ਼ ਦੇ ਬਕਾਇਆ ਦੇ ਝਗੜੇ ਹਨ ਜੋ ਅਕਾਲੀ ਗੌਰਮਿੰਟ ਦੇ ਸਮੇਂ ਇਨ੍ਹਾਂ ਨੂੰ ਇਸ ਤਰ੍ਹਾਂ ਠੇਕਿਆਂ ਦੀ ਨੀਲਾਮੀ ਕੀਤੀ ਸੀ; ਅਤੇ ਅਜਿਹੇ 7-8 ਕਰੋੜ ਰੁਪਏ ਦੇ ਠੇਕੇ ਹਨ ਜਿਨ੍ਹਾਂ ਦਾ ਬਕਾਇਆ ਰਹਿੰਦਾ ਹੈ ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਰਦਾਰੀ ਲਾਲ ਕਪੂਰ** : ਸਪੀਕਰ ਸਾਹਿਬ, ਕੀ ਮਿਨਿਸਟਰ ਸਾਹਿਬ ਨੂੰ ਪਤਾ ਹੈ ਕਿ ਕੁਝ ਕੇਸਿਜ਼ ਇਸ ਕਿਸਮ ਦੇ ਹਨ ਜਿਨ੍ਹਾਂ ਦੀਆਂ ਫਾਈਲਾਂ ਹਰ ਵੇਲੇ ਉਸੇ ਤਰ੍ਹਾਂ ਹੀ ਰਹਿੰਦੀਆਂ ਹਨ । ਉਹ ਰਿਸ਼ਵਤ ਦੇ ਦਿੰਦੇ ਹਨ ਅਤੇ ਉਨ੍ਹਾਂ ਦੇ ਕੇਸਿਜ਼ ਵਿਚ ਕੋਈ ਫੈਸਲਾ ਨਹੀਂ ਹੁੰਦਾ ਕੀ ਉਹ ਇਨ੍ਹਾਂ ਦੇ ਮੁਤਾਲਿਕ ਇਨਕੁਆਇਰੀ ਕਰਨਗੇ ?

**ਮੰਤਰੀ** : ਇਸ ਤਰ੍ਹਾਂ ਦੇ ਬਹੁਤ ਸਾਰੇ ਕੇਸਿਜ਼ ਹਨ ਜਿਨ੍ਹਾਂ ਦੀ ਅਦਾਲਤਾਂ ਨੇ ਸਟੇ ਦਿਤੀ ਹੋਈ ਹੈ । ਮੈਂ ਇਹ ਨਹੀਂ ਕਹਿ ਸਕਦਾ ਕਿ ਅਦਾਲਤਾਂ ਕਿਸ ਤਰ੍ਹਾਂ ਕੰਮ ਕਰਦੀਆਂ ਹਨ । ਜੇ ਕਪੂਰ ਸਾਹਿਬ ਦੇ ਨੋਟਿਸ ਵਿਚ ਹੈ ਤਾਂ ਮੈਂ ਜ਼ਰੂਰ ਇਨਕੁਆਇਰੀ ਕਰਾਂਗਾ ।

---

**ਲਾਡੋਵਾਲੀ ਰੋਡ, ਜਲੰਧਰ ਵਿਖੇ ਇਸਤਰੀਆਂ ਲਈ ਸਰਕਾਰੀ ਪਾਲੀਟੈਕਨਿਕ**

*3428. 1. **ਕਾਮਰੇਡ ਅੱਛਰਾ ਸਿੰਘ**
2. **ਕਾਮਰੇਡ ਸੱਤ ਪਾਲ ਡਾਂਗ** : ਕੀ ਆਬਕਾਰੀ ਅਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਲਾਡੋਵਾਲੀ ਰੋਡ, ਜਲੰਧਰ ਵਿਖੇ ਇਸਤਰੀਆਂ ਲਈ ਸਰਕਾਰੀ ਪਾਲੀ-ਟੈਕਨਿਕ ਵਿਚ ਦੂਜੇ ਕੋਰਸਾਂ ਤੋਂ ਇਲਾਵਾ ਫਾਰਮੇਸੀ ਵਿਚ ਡਿਪਲੋਮਾ ਜਾਂ ਡਿਗਰੀ ਕੋਰਸ ਹੈ; ਜੇ ਕਰ ਅਜਿਹਾ ਹੋਵੇ, ਤਾਂ ਇਹ ਕੋਰਸ ਕਿਸ ਤਰੀਕ ਨੂੰ ਸ਼ੁਰੂ ਕੀਤਾ ਗਿਆ ਅਤੇ ਇਹ ਕੋਰਸ ਕਿੰਨੇ ਸਮੇਂ ਦਾ ਹੈ;

(ਅ) ਉਨ੍ਹਾਂ ਵਿਦਿਆਰਥੀਆਂ ਦੀ ਗਿਣਤੀ ਕਿੰਨੀ ਕਿੰਨੀ ਹੈ ਜਿਨ੍ਹਾਂ ਨੇ ਪਿਛਲੇ ਤਿੰਨ ਸਾਲਾਂ ਵਿਚ ਹਰ ਇਕ ਸਾਲ ਦੇ ਦੌਰਾਨ ਇਹ ਕੋਰਸ ਪਾਸ ਕੀਤਾ ਹੈ;

(ੲ) ਕੀ ਇਸ ਕੋਰਸ ਨੂੰ ਆਲ ਇੰਡੀਆ ਫਾਰਮੇਸੀ ਕੌਂਸਿਲ ਵਲੋਂ ਮਾਨਤਾ ਪ੍ਰਾਪਤ ਹੈ; ਜੇ ਕਰ ਨਹੀਂ, ਤਾਂ ਇਸ ਦੇ ਕਾਰਨ ਕੀ ਹਨ ?

**ਚੌਧਰੀ ਬਲ ਰਾਮ** (ਉਪ-ਮੰਤਰੀ ਸਿੰਜਾਈ ਅਤੇ ਬਿਜਲੀ) : (ੳ) ਹਾਂ ਜੀ ! ਡਿਪਲੋਮਾ ਕੋਰਸ ਅਗੱਸਤ, 1971 ਤੋਂ ਚਾਲੂ ਹੋਇਆ ਸੀ । ਕੋਰਸ ਦਾ ਸਮਾਂ 2 ਸਾਲ ਹੈ ।

(ਅ)

| ਸਾਲ | ਕੁਲ ਵਿਦਿਆਰਥੀ ਪਾਸ |
|---|---|
| 1973 | .. 13 |
| 1974 | .. 17 |
| 1975 | .. 5 |

(ੲ) ਅਜੇ ਨਹੀਂ ਜੀ । ਕੌਂਸਲ ਨੇ ਲੇਬਾਰਟਰੀ, ਇਕੁਅਪਮੈਂਟ ਤੇ ਸਟਾਫ ਬਾਰੇ ਕੁੱਝ ਘਾਟਾਂ ਦੱਸੀਆਂ ਸਨ ਜੋ ਹੁਣ ਦੂਰ ਕਰ ਦਿਤੀਆਂ ਗਈਆਂ ਹਨ ਤੇ ਕੌਂਸਲ ਨੂੰ ਮਾਨਤਾ ਲਈ ਲਿਖ ਦਿਤਾ ਗਿਆ ਹੈ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਸ ਸਰਕਾਰੀ ਪਾਲੀਟੈਕਨਿਕ ਦੇ ਵਿਚ ਦਾਖਲ ਕੀਤੀਆਂ ਜਿਹੜੀਆਂ 35 ਲੜਕੀਆਂ ਪਾਸ ਹੋਈਆਂ ਉਨ੍ਹਾਂ ਨੂੰ ਕਿਸੇ ਥਾਂ ਤੇ ਨੌਕਰੀ ਨਹੀਂ ਮਿਲ ਸਕਦੀ। ਕਿਉਂਕਿ ਇਸ ਡਿਪਲੋਮਾ ਜਾਂ ਡਿਗਰੀ ਕੋਰਸ ਨੂੰ ਆਲ-ਇੰਡੀਆ ਫਾਰਮੇਸੀ ਕੌਂਸਿਲ ਨੇ ਮਾਨਤਾ ਨਹੀਂ ਦਿੱਤੀ ਹੈ।

**ਉਪ-ਮੰਤਰੀ ਘਰੇਲੂ ਉਦਯੋਗ (ਸ੍ਰੀ ਖੁਸ਼ਹਾਲ ਬਹਿਲ)** : ਸਪੀਕਰ ਸਾਹਿਬ, ਕਾਊਂਸਲ ਨੂੰ ਅਸੀਂ ਮਾਨਤਾ ਲਈ ਦਰਖਾਸਤ ਦੇ ਦਿਤੀ ਹੈ। ਸਾਨੂੰ ਆਸ ਹੈ ਕਿ ਇਹ ਮਾਨਤਾ ਪਿਛਲੀ ਤਾਰੀਖ ਤੋਂ ਮਿਲ ਜਾਵੇਗੀ।

**ਕਾਮਰੇਡ ਸੱਤ ਪਾਲ ਡਾਂਗ** : ਜਿਸ ਸਾਲ ਦੇ ਬਾਰੇ ਕੌਂਸਿਲ ਨੇ ਇਨ੍ਹਾਂ ਦੇ ਨੁਕਸ ਕੱਢੇ ਅਤੇ ਕਿਹਾ ਕਿ ਇਹ ਜਿਹੜੀ ਸਰਕਾਰੀ ਪੋਲੀਟੈਕਨਿਕ ਵਿਚ ਟਰੇਨਿੰਗ ਦਿੱਤੀ ਜਾ ਰਹੀ ਹੈ ਇਹ ਮਾਨਤਾ ਦੇ ਕਾਬਲ ਨਹੀਂ। ਕੀ ਮਨਿਸਟਰ ਸਾਹਿਬ ਦੱਸਣਗੇ ਕਿ ਇਹ ਮਾਨਤਾ ਪਿਛਲੀ ਤਾਰੀਖ ਤੋਂ ਕਿਸ ਤਰ੍ਹਾਂ ਮਿਲ ਜਾਵੇਗੀ ? ਇਹ ਗਰੰਟੀ ਦੇਣ ਕਿ 1976 ਤਕ ਮਾਨਤਾ ਮਿਲ ਜਾਵੇਗੀ।

**ਉੱਪ-ਮੰਤਰੀ** : ਸਪੀਕਰ ਸਾਹਿਬ, ਅਸੀਂ ਉਦੋਂ ਹੀ ਕਾਊਂਸਲ ਨੂੰ ਅਪਲਾਈ ਕੀਤਾ ਫਿਰ ਕਾਊਂਸਲ ਦੀ ਟੀਮ ਆਈ ਤੇ ਉਨ੍ਹਾਂ ਨੇ ਕੁਝ ਘਾਟਾਂ ਦਸੀਆਂ ਸਨ ਜੋ ਹੁਣ ਦੂਰ ਕਰ ਦਿੱਤੀਆਂ ਗਈਆਂ ਹਨ ਤੇ ਕਾਊਂਸਲ ਨੂੰ ਮਾਨਤਾ ਲਈ ਫਿਰ ਲਿਖ ਦਿਤਾ ਗਿਆ ਹੈ। ਸਾਨੂੰ ਮਾਨਤਾ ਮਿਲਣ ਦੀ ਆਸ ਹੈ।

---

**ਨਿਸ਼ਾਨ ਵਾਲੇ ਸਵਾਲ ਨੰ: 3335, 3334, 3361, 3391 ਅਤੇ 3360**

(ਸਬੰਧਤ ਮਾਨਯੋਗ ਮੈਂਬਰ ਸਾਹਿਬਾਨ ਹਾਊਸ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਏ।)

---

STARRED QUESTION NO. 3411

**Mr. Speaker** : Extension has been asked for in respect of Starred Question No. 3411**

---

ACTION AGAINST PERSONS INDICTED IN CHHANGANI COMMISSION'S REPORT

**Chaudhri Ram Singh,** : Will the Chief Minister be pleased to state the details of the action, if any, taken or proposed to be taken against the officers and ex-Ministers who have been indicted in the Chhangani Commission's Report ?

---

**For Starred Question No.3411 and reply thereto, please see Punjab Vidhan Sabha Debates, dated 4th February, 1976.

Original with;
Punjab Vidhan Sabha
Digitized by;
Panjab Digital Library

**Sardar Gurcharan Singh Nihalsinghwala** (Chief Parliamentary Secretary) : On the basis of the findings given in the Chhangani Commission's Report, so far 7 cases under the Prevention of Corruption Act have been registered against the ex-Ministers. The Report is still under examination of the Punjab Government.

The officers about whom observations have been made in the Commission's Report, have been called upon to submit their explanations.

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਛੰਗਾਨੀ ਕਮਿਸ਼ਨ ਨੇ ਜਿਨ੍ਹਾਂ ਅਫਸਰਾਂ ਦੇ ਖਿਲਾਫ ਰਿਮਾਰਕਸ ਕੀਤੇ ਹਨ ਉਨ੍ਹਾਂ ਅਫਸਰਾਂ ਦੀ ਐਕਸਪਲੇਨੇਸ਼ਨ ਕਾਲ ਕਰ ਲਈ ਗਈ ਹੈ ਕੀ ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ ਉਨ੍ਹਾਂ ਅਫਸਰਾਂ ਵਿਚੋਂ ਕਲਾਸ ਵਨ ਅਫਸਰ, ਜਿਨ੍ਹਾਂ ਦੀ ਐਕਸਪਲੇਨੇਸ਼ਨ ਕਾਲ ਕੀਤੀ ਗਈ ਹੈ, ਉਨ੍ਹਾਂ ਦੇ ਨਾਮ ਉਹ ਪੜ੍ਹ ਕੇ ਦੱਸਣਗੇ ?

**ਮੁੱਖ ਸੰਸਦੀ ਸਕੱਤਰ** : ਸਪੀਕਰ ਸਾਹਿਬ, ਇਨ੍ਹਾਂ ਦਾ ਜੋ ਸਵਾਲ ਸੀ, ਉਸ ਦੇ ਮੁਤਾਬਿਕ ਬਿਲਕੁਲ ਜਵਾਬ ਦੇ ਦਿਤਾ ਗਿਆ ਹੈ ਕਿ ਇਹ ਐਗਜ਼ਾਮਿਨ ਕੀਤਾ ਜਾ ਰਿਹਾ ਹੈ। ਉਨ੍ਹਾਂ ਨੂੰ ਸ਼ੋ ਕਾਜ਼ ਨੋਟਿਸ ਇਸ਼ੂ ਹੋ ਗਏ ਹਨ। ਜਿਨ੍ਹਾਂ ਅਫਸਰਾਂ ਦੇ ਖਿਲਾਫ ਰਿਮਾਰਕਸ ਹਨ ਉਨ੍ਹਾਂ ਦੇ ਕੇਸਿਜ਼ ਐਗਜ਼ਾਮਿਨ ਹੋ ਰਹੇ ਹਨ।

**ਕਾਮਰੇਡ ਸੱਤ ਪਾਲ ਡਾਂਗ** : ਮੈਂ ਉਨ੍ਹਾਂ ਦੇ ਨਾਮ ਪੁੱਛੇ ਸੀ।

**ਸ੍ਰੀ ਸਪੀਕਰ** : ਉਹ ਨਾਮ ਨਹੀਂ ਦੱਸਣਾ ਚਾਹੁੰਦੇ। ਉਨ੍ਹਾਂ ਨੇ ਦੱਸਿਆ ਹੈ ਕਿ ਉਹ ਐਗਜ਼ਾਮਿਨ ਕਰ ਰਹੇ ਹਨ।

**ਕਾਮਰੇਡ ਸੱਤ ਪਾਲ ਡਾਂਗ** : ਜਿਨ੍ਹਾਂ ਨੂੰ ਸ਼ੋ ਕਾਜ਼ ਨੋਟਿਸ ਦਿੱਤੇ ਗਏ ਹਨ, ਉਨ੍ਹਾਂ ਦੇ ਨਾਮ ਇਹ ਦੱਸਣ।

**ਸ੍ਰੀ ਸਪੀਕਰ** : ਉਹ ਐਗਜ਼ਾਮਿਨ ਕਰ ਰਹੇ ਹਨ।

**ਚੌਧਰੀ ਰਾਮ ਸਿੰਘ** : ਉਨ੍ਹਾਂ ਐਕਸ-ਮਨਿਸਟਰਜ਼ ਅਤੇ ਉਨ੍ਹਾਂ ਦੇ ਅਫਸਰਾਂ ਦੇ ਨਾਮ ਕੀ ਹਨ ?

**ਮੁੱਖ ਸੰਸਦੀ ਸਕੱਤਰ** : ਉਨ੍ਹਾਂ ਐਕਸ-ਮਨਿਸਟਰਜ਼ ਅਤੇ ਉਨ੍ਹਾਂ ਅਫਸਰਾਂ ਦੇ ਨਾਮ ਰਿਪੋਰਟ ਵਿਚ ਦੱਸੇ ਗਏ ਹਨ ਅਤੇ ਉਹ ਰਿਪੋਰਟ ਸ਼ਾਇਆ ਹੋਈ ਹੈ।

**ਚੌਧਰੀ ਦਰਸ਼ਨ ਸਿੰਘ** : ਚੀਫ ਪਾਰਲੀਮੈਂਟਰੀ ਸੈਕਟਰੀ ਨੇ ਦੱਸਿਆ ਹੈ ਕਿ ਛੰਗਾਨੀ ਕਮਿਸ਼ਨ ਦੀ ਰਿਪੋਰਟ ਆ ਗਈ ਹੈ। This Commission was to hold enquiry. Whether prima facie case has been made out or not. Under Government rules if prima facie case is made out, the Officer has to be suspended. May I know from the Government whether the Officers involved have been suspended ?

**Chief Parliamentary Secretary** : The case is being examined.

Original with;
Punjab Vidhan Sabha
Digitized by;
Panjab Digital Library

**ਸਰਦਾਰ ਰਣਧੀਰ ਸਿੰਘ ਚੀਮਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਨੇ ਜਿਹੜਾ ਮਟੌਰ ਸੈਸ਼ਨ ਵਾਸਤੇ 10 ਕਰੋੜ ਰੁਪਿਆ ਇੱਕਠਾ ਕੀਤਾ ਹੈ, ਉਸ ਦੀ ਕੋਈ ਇਨਕੁਆਇਰੀ ਕਰਾਉਣਗੇ ?

**ਸ਼੍ਰੀ ਸਪੀਕਰ :** ਇਸ ਸਵਾਲ ਦਾ ਮਟੌਰ ਨਾਲ ਕੋਈ ਤੁਅੱਲਕ ਨਹੀਂ ਹੈ ।

**ਸਰਦਾਰ ਦਰਬਾਰਾ ਸਿੰਘ :** ਜਿਹੜੇ ਅਫਸਰਾਂ ਦੇ ਖਿਆਫ ਛੰਗਾਨੀ ਕਮਿਸ਼ਨ ਦੀਆਂ ਫਾਈਡਿੰਗਜ਼ ਹਨ ਵਜ਼ੀਰ ਸਾਹਿਬ ਉਨ੍ਹਾਂ ਦੇ ਖਿਲਾਫ ਕਿੰਨੀ ਦੇਰ ਤੱਕ ਕੇਸ ਦਰਜ ਕਰਾ ਦੇਣਗੇ ਅਤੇ ਕੀ ਕੋਈ ਅਜਿਹੇ ਅਫਸਰ ਵੀ ਹਨ ਜਿਨ੍ਹਾਂ ਦੇ ਖਿਲਾਫ ਇਨਡਿਕਟਮੈਂਟ ਹੈ ਪਰ ਉਨ੍ਹਾਂ ਅਫਸਰਾਂ ਨੂੰ ਪਰਮੋਸ਼ਨਾਂ ਮਿਲ ਗਈਆਂ ਹਨ ?

**ਮੁੱਖ ਸੰਸਦੀ ਸਕੱਤਰ :** 7 ਕੇਸਿਜ਼ ਵਜ਼ੀਰਾਂ ਦੇ ਖਿਲਾਫ਼ ਰਜਿਸਟਰ ਹੋ ਗਏ ਹਨ ਅਤੇ ਹਾਲਾਂ ਕੁਝ ਕੇਸ ਐਗਜ਼ਾਮਿਨ ਹੋ ਰਹੇ ਹਨ । 11 ਅਫਸਰਾਂ ਦੇ ਖਿਲਾਫ਼ ਕੇਸਾਂ ਬਾਰੇ ਇਹ ਹੈ ਕਿ ਆਇਆ ਉਨ੍ਹਾਂ ਦੇ ਖਿਲਾਫ ਪ੍ਰਾਈਮਾ-ਫੇਸਾਈ ਕੇਸਿਜ਼ ਬਣਦੇ ਹਨ ਜਾਂ ਨਹੀਂ, ਉਨ੍ਹਾਂ ਬਾਰੇ ਵੀ ਦੇਖਿਆ ਜਾ ਰਿਹਾ ਹੈ।

**ਕਾਮਰੇਡ ਸੱਤ ਪਾਲ ਡਾਂਗ :** ਕੀ ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਦਸਣਗੇ ਕਿ ਜਿਨ੍ਹਾਂ ਅਫਸਰਾਂ ਦੇ ਖਿਲਾਫ਼ ਕਮਿਸ਼ਨ ਨੇ ਸਟਰਿਕਚਰ ਪਾਸ ਕੀਤੇ ਕੀ ਇਨ੍ਹਾਂ ਨੇ ਇਹ ਗੱਲ ਐਗਜ਼ਾਮਿਨ ਕੀਤੀ ਹੈ ਕਿ ਉਨ੍ਹਾਂ ਅਫਸਰਾਂ ਵਿਚੋਂ 25 ਸਾਲ ਦੀ ਸਰਵਿਸ ਵਾਲੇ ਕਿੰਨੇ ਹਨ ਜਾਂ 50 ਸਾਲ ਤੋਂ ਵੱਧ ਉਮਰ ਵਾਲੇ ਕਿੰਨੇ ਹਨ ? ਜੇ 25 ਸਾਲ ਦੀ ਸਰਵਿਸ ਵਾਲੇ ਹਨ ਜਾਂ 50 ਸਾਲ ਤੋਂ ਵਧ ਉਮਰ ਵਾਲੇ ਹਨ ਤਾਂ ਉਨ੍ਹਾਂ ਅਫਸਰਾਂ ਨੂੰ ਕੰਪਲਸਰੀ ਰਿਟਾਇਰ ਕਿਉਂ ਨਹੀਂ ਕੀਤਾ ਗਿਆ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਹ ਰਿਪੋਰਟ ਜੋ ਹੈ ਇਸ ਵਿਚ ਬੁਨਿਆਦੀ ਤੌਰ ਤੇ ਗੱਲ ਇਹ ਸੀ ਕਿ ਕੁਝ ਐਕਸ-ਮਨਿਸਟਰਾਂ ਦੇ ਖਿਲਾਫ ਸ਼ਿਕਾਇਤ ਸੀ । ਉਨ੍ਹਾਂ ਨੂੰ ਕਮਿਸ਼ਨ ਨੇ ਦੋਸ਼ੀ ਕਰਾਰ ਦਿਤਾ । ਉਨ੍ਹਾਂ ਨੂੰ ਵਿਚ ਕੁਝ ਅਫਸਰਾਂ ਦੇ ਨਾਮ ਸਬੰਧਤ ਹਨ । ਸਬੰਧਤ ਅਫਸਰਾਂ ਦੇ ਨਾਮ ਜਿਹੜੇ ਹਨ ਉਨ੍ਹਾਂ ਨੂੰ ਸ਼ੋ ਕਾਜ਼ ਨੋਟਿਸ ਜਾਰੀ ਕੀਤੇ ਗਏ ਹਨ । ਜਿੰਨਾ ਚਿਰ ਉਨ੍ਹਾਂ ਦੇ ਦੋਸ਼ਾਂ ਨੂੰ ਗੰਭੀਰ ਨਹੀਂ ਸਮਝਿਆ ਜਾਂਦਾ ਜਾਂ ਪੂਰੀ ਤਰ੍ਹਾਂ ਐਗਜ਼ਾਮਿਨ ਕਰਕੇ ਉਨ੍ਹਾਂ ਦੋਸ਼ਾਂ ਦਾ ਉਨ੍ਹਾਂ ਵਲੋਂ ਜਵਾਬ ਨਹੀਂ ਆ ਜਾਂਦਾ ਉਤਨਾ ਚਿਰ ਉਨ੍ਹਾਂ ਨੂੰ ਸਸਪੈਂਨਸ਼ਨ ਦੀ ਸਜ਼ਾ ਜਾਂ ਰਿਟਾਇਰ ਕਰਨ ਦੀ ਸਜ਼ਾ ਦੇਣ ਦਾ ਸਵਾਲ ਨਹੀਂ ਬਣਦਾ । ਦੂਸਰਾ ਡਾਂਗ ਸਾਹਿਬ ਦਾ ਸਵਾਲ ਹੈ ਕਿ ਉਨ੍ਹਾਂ ਦੀ ਉਮਰ ਕਿੰਨੀ ਹੈ ਜਾਂ ਉਨ੍ਹਾਂ ਦੀ ਸਰਵਿਸ ਕਿੰਨੀ ਹੈ ? ਇਹ ਚੀਜ਼ ਜਾਚਣ ਦੀ ਜ਼ਰੂਰਤ ਇਸ ਕਰਕੇ ਨਹੀਂ ਪੈਂਦੀ ਕਿਉਂਕਿ ਇਹ ਸਰਕਾਰ ਦਾ ਕੰਮ ਹੈ ਜੋ ਸਰਵਿਸ ਕਰਾਉਣ ਵਾਲੀ ਹੈ ਕਿ ਉਸ ਦੀ ਉਮਰ 50 ਸਾਲ ਦੀ ਹੋ ਗਈ ਹੈ ਜਾਂ ਉਸ ਦੀ 25 ਸਾਲ ਦੀ ਸਰਵਿਸ ਹੋ ਗਈ ਹੈ ਅਤੇ ਉਸ ਨੂੰ ਸਰਵਿਸ ਵਿਚ ਰੱਖਣਾ ਹੈ ਜਾਂ ਨਹੀਂ ਰੱਖਣਾ, ਇਹ ਸਰਕਾਰ ਨੇ ਦੇਖਣਾ ਹੈ ਅਤੇ ਇਸ ਬਾਰੇ ਵਿਚਾਰ ਹੁੰਦਾ ਰਹਿੰਦਾ ਹੈ ਉਸ ਵਿਚ ਕੁਝ ਅਫ਼ਸਰ ਉਹ ਵੀ ਹਨ ਜਿਨ੍ਹਾਂ ਦਾ ਜ਼ਿਕਰ ਛੰਗਾਨੀ ਕਮਿਸ਼ਨ ਦੀ ਰਿਪੋਰਟ ਵਿਚ ਆਇਆ ਹੈ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ** : ਕੀ ਚੀਫ ਮਨਿਸਟਰ ਸਾਹਿਬ ਨੂੰ ਇਸ ਗੱਲ ਦਾ ਪਤਾ ਹੈ ਕਿ ਜਿਨ੍ਹਾਂ ਅਫਸਰਾਂ ਦੇ ਖਿਲਾਫ ਦੋਸ਼ ਹਨ ਉਨ੍ਹਾਂ ਦੀਆਂ ਦੋ ਕੈਟੇਗਰੀਜ਼ ਹਨ। ਇਕ ਕੈਟੇਗਰੀ ਉਹ ਹੈ ਜਿਹੜੇ ਅਫਸਰ ਕਮਿਸ਼ਨ ਦੇ ਸਾਹਮਣੇ ਪੇਸ਼ ਨਹੀਂ ਹੋਏ ਅਤੇ ਉਨ੍ਹਾਂ ਨੂੰ ਆਪਣੀ ਸਫਾਈ ਦੇਣ ਦਾ ਮੌਕਾ ਨਹੀਂ ਮਿਲਿਆ। ਉਨ੍ਹਾਂ ਦੇ ਕੇਸਿਜ਼ ਇਕ ਲੈਵਲ ਤੇ ਹਨ। ਲੇਕਿਨ ਕੁਝ ਕਲਾਸ ਵਨ ਦੇ ਅਫਸਰਾਂ ਨੂੰ ਕਮਿਸ਼ਨ ਨੇ ਸਫਾਈ ਦੇਣ ਦਾ ਮੌਕਾ ਦਿਤਾ ਅਤੇ ਕਮਿਸ਼ਨ ਨੇ ਬੁਲਾਇਆ। ਉਨ੍ਹਾਂ ਦੇ ਖਿਲਾਫ ਕਮਿਸ਼ਨ ਨੂੰ ਜੋ ਨਜ਼ਰ ਆਇਆ ਉਸ ਦੇ ਬਾਅਦ ਕਮਿਸ਼ਨ ਨੇ ਆਪਣੀਆਂ ਫਾਈਂਡਿੰਗਜ਼ ਦਿੱਤੀਆਂ। ਸੋ ਇਹ ਜਿਹੜੀ ਦੂਜੀ ਕੈਟੇਗਰੀ ਦੇ ਅਫਸਰ ਹਨ ਅਗਰ ਉਨ੍ਹਾਂ ਦੀ 50 ਸਾਲ ਤੋਂ ਉਮਰ ਉਪਰ ਹੋ ਗਈ ਹੈ ਜਾਂ 25 ਸਾਲ ਦੀ ਸਰਵਿਸ ਹੋ ਗਈ ਹੈ ਤਾਂ ਉਨ੍ਹਾਂ ਨੂੰ ਪੈਂਡਿੰਗ ਐਗਜ਼ਾਮੀਨੇਸ਼ਨ ਸਸਪੈਂਡ ਕਿਉਂ ਨਹੀਂ ਕੀਤਾ ਗਿਆ ?

**ਮੁੱਖ ਮੰਤਰੀ** : ਮੈਂ ਡਾਂਗ ਸਾਹਿਬ ਦੀ ਗਿਆਤ ਲਈ ਦੱਸਣਾ ਚਾਹੁੰਦਾ ਹਾਂ ਕਿ ਇਸੇ ਹੀ ਗੱਲ ਦੀ ਐਗਜ਼ਾਮੀਨੇਸ਼ਨ ਹੋ ਰਹੀ ਹੈ ਕਿ ਜੋ ਅਫਸਰ ਖੁਦ ਕਮਿਸ਼ਨ ਸਾਹਮਣੇ ਨਹੀਂ ਗਏ ਜਾਂ ਸਰਕਮਸਟਾਂਸਿਜ਼ ਦੇ ਅੰਦਰ ਉਨ੍ਹਾਂ ਨੂੰ ਜਾਣ ਦਾ ਮੌਕਾ ਨਹੀਂ ਮਿਲਿਆ, ਉਸ ਨੂੰ ਸਫਾਈ ਦਾ ਮੌਕਾ ਮਿਲੇ। ਇਨਕੁਆਇਰੀ ਕਮਿਸ਼ਨ ਸਜ਼ਾ ਤਾਂ ਮੁਕੱਰਰ ਨਹੀਂ ਕਰਦਾ ਆਪਣੀਆਂ ਫਾਈਂਡਿੰਗਜ਼ ਦਿੰਦਾ ਹੈ। ਰਿਪੋਰਟ ਦੀਆਂ ਫਾਈਂਡਿੰਗਜ਼ ਆਉਣ ਤੋਂ ਬਾਅਦ ਸਾਬਤ ਕਰਨਾ ਪੈਂਦਾ ਹੈ ਕਿ ਉਹ ਵਾਕਿਆ ਹੀ ਗੁਨਾਹਗਾਰ ਹਨ। ਜੇ ਉਹ ਗੁਨਾਂਹਗਾਰ ਹੋਣਗੇ ਤਾਂ ਸਜ਼ਾ ਦਿਤੀ ਜਾਵੇਗੀ। ਅਸੀਂ ਉਸ ਨੂੰ ਐਗਜ਼ਾਮਿਨ ਕਰ ਰਹੇ ਹਾਂ ਅਤੇ ਕਿਸੇ ਨਾਲ ਰਿਆਇਤ ਨਹੀਂ ਹੋਵੇਗੀ।

**ਸ੍ਰੀ ਪ੍ਰੇਮ ਗੁਪਤਾ** : ਸਪੀਕਰ ਸਾਹਿਬ, ਮੈਂ ਜਾਣਨਾ ਚਾਹੁੰਦਾ ਹਾਂ ਕਿ ਇਹ ਛੰਗਾਨੀ ਕਮਿਸ਼ਨ ਦੀ ਰਿਪੋਰਟ ਸਦਨ ਦੀ ਟੇਬਲ ਤੇ ਸਰਕਾਰ ਕਦੋਂ ਰੱਖੇਗੀ ?

**ਸ੍ਰੀ ਸਪੀਕਰ** : ਇਹ ਸਵਾਲ ਇਸ ਤੋਂ ਪੈਦਾ ਨਹੀਂ ਹੁੰਦਾ।

**ਮੁੱਖ ਮੰਤਰੀ** : ਜੇ ਹਾਲੇ ਨਹੀਂ ਰੱਖੀ ਅਤੇ ਅਗਰ ਹਾਊਸ ਚਾਹੇਗਾ ਤਾਂ ਰੱਖ ਦਿਆਂਗੇ।

**ਆਵਾਜ਼ਾਂ** : ਰੱਖੋ ਜੀ, ਰੱਖੋ ਜੀ।

**ਸ੍ਰੀ ਸਪੀਕਰ** : ਜੇ ਹਾਊਸ ਕਹੇਗਾ ਤਾਂ ਉਹ ਰੱਖ ਦੇਣਗੇ।

**ਮੁੱਖ ਸੰਸਦੀ ਸਕੱਤਰ** : ਅਸੀਂ ਰਿਪੋਰਟ ਜਲਦੀ ਸਦਨ ਦੀ ਟੇਬਲ ਤੇ ਰੱਖ ਦਿਆਂਗੇ। (ਤਾੜੀਆਂ) (ਵਿਘਨ)

---

## ਹੰਗਾਮੀ ਹਾਲਤ ਦਾ ਐਲਾਨ ਹੋਣ ਤੋਂ ਬਾਅਦ ਆਈ. ਏ. ਐਸ. ਅਫਸਰਾਂ ਦੀ ਜਬਰੀ ਰਿਟਾਇਰਮੈਂਟ

* 3380. **ਕਾਮਰੇਡ ਸੱਤ ਪਾਲ ਡਾਂਗ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ 26 ਜੂਨ 1975 ਨੂੰ ਹੰਗਾਮੀ ਹਾਲਤ ਦਾ ਐਲਾਨ ਹੋਣ ਤੋਂ ਬਾਅਦ ਪੰਜਾਬ ਸਰਕਾਰ ਦੁਆਰਾ ਕੋਈ ਆਈ. ਏ. ਐਸ. ਅਫਸਰ ਜਬਰੀ ਰਿਟਾਇਰ ਕੀਤੇ ਗਏ ਹਨ; ਜੇਕਰ ਕੀਤੇ ਗਏ ਹਨ ਤਾਂ ਉਨ੍ਹਾਂ ਅਫਸਰਾਂ ਦੇ ਨਾਮ ਕੀ ਕੀ ਹਨ ਅਤੇ ਉਨ੍ਹਾਂ ਦੀ ਜ਼ਬਰੀ ਰਿਟਾਇਰਮੈਂਟ ਦੀ ਮਿਤੀ ਅਤੇ ਹਰ ਇੱਕ ਕੇਸ ਵਿੱਚ ਇਸ ਦੇ ਕੀ ਕਾਰਨ ਹਨ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ** (ਮੁੱਖ ਸੰਸਦੀ ਸਕੱਤਰ) : ਨਹੀਂ ਜੀ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਇਨ੍ਹਾਂ ਦੇ ਮੁਤਾਬਿਕ ਕੰਪਲਸਰੀ ਰਿਟਾਇਰਮੈਂਟ ਰੂਲ ਦੇ ਮਾਤਹਿਤ ਕੋਈ ਆਈ.ਏ.ਐਸ. ਅਫਸਰ ਪੰਜਾਬ ਸਰਕਾਰ ਨੂੰ ਇਹੋ ਜਿਹਾ ਨਹੀਂ ਲੱਭਿਆ ਜਿਸ ਦੀ 25 ਸਾਲ ਤੋਂ ਉਪਰ ਸਰਵਿਸ ਸੀ ਜਾਂ ਜਿਸ ਦੀ 50 ਸਾਲ ਤੋਂ ਉਪਰ ਉਮਰ ਸੀ । ਕੋਈ ਇਨਐਫੀਸ਼ੈਂਟ ਅਫਸਰ ਨਹੀਂ ਲੱਭਿਆ ਜਿਸ ਕਰਕੇ ਕੋਈ ਅਫਸਰ ਰਿਟਾਇਰ ਨਹੀਂ ਕੀਤਾ ਗਿਆ । ਜੇ ਇਨ੍ਹਾਂ ਨੂੰ ਆਪ ਕੋਈ ਅਫਸਰ ਅਜਿਹਾ ਨਹੀਂ ਸੀ ਲੱਭਿਆ ਤਾਂ ਕੀ ਇਨ੍ਹਾਂ ਨੂੰ ਇਸ ਗੱਲ ਦਾ ਪਤਾ ਹੈ ਕਿ ਇਕ ਆਈ.ਏ.ਐਸ. ਅਫਸਰ ਜਿਸ ਦੀ ਉਮਰ 50 ਸਾਲ ਤੋਂ ਜ਼ਿਆਦਾ ਹੈ ਅਤੇ ਉਸ ਦੀ ਸਰਵਿਸ ਵੀ 25 ਸਾਲ ਤੋਂ ਜ਼ਿਆਦਾ ਹੈ ਅਤੇ ਜਿਸ ਨੂੰ ਛੰਗਾਣੀ ਕਮਿਸ਼ਨ, ਦਵੇ ਕਮਿਸ਼ਨ ਨੇ ਸਫਾਈ ਦੇਣ ਦਾ ਪੂਰਾ ਮੌਕਾ ਦਿੱਤਾ ਅਤੇ ਉਸ ਦੀ ਸਾਰੀ ਸਫਾਈ ਸੁਣ ਕੇ ਉਸ ਦੇ ਖਿਲਾਫ ਸਟਰਿਕਚਰ ਪਾਸ ਕੀਤੇ ਔਰ ਉਸ ਤੋਂ ਪਹਿਲਾਂ ਉਸ ਦੇ ਖਿਲਾਫ ਹਰਚੰਦ ਸਿੰਘ ਕਮੇਟੀ ਨੇ ਸਟਰਿਕਚਰ ਪਾਸ ਕੀਤੇ । ਘੱਟੋ ਘੱਟ ਇਕ ਅਫਸਰ ਨੂੰ ਤਾਂ ਰਿਟਾਇਰ ਕਰ ਦਿੰਦੇ । ਉਸ ਅਫਸਰ ਨੂੰ ਰਿਟਾਇਰ ਕਿਉਂ ਨਹੀਂ ਕੀਤਾ ਗਿਆ ?

**ਮੁੱਖ ਸੰਸਦੀ ਸਕੱਤਰ** : ਸਪੀਕਰ ਸਾਹਿਬ, ਪਿਛੇ ਵੀ ਇਕ ਅਜਿਹਾ ਸਵਾਲ ਆਇਆ ਸੀ ਜਿਸ ਦਾ ਜਵਾਬ ਦਿਤਾ ਗਿਆ ਸੀ ਕਿ ਕੋਈ ਅਫਸਰ ਰਿਟਾਇਰ ਨਹੀਂ ਕੀਤਾ । ਉਨ੍ਹਾਂ ਦੇ ਕੇਸ ਐਗਜ਼ਾਮਿਨ ਹੋ ਰਹੇ ਹਨ । ਜੇ ਦੋਸ਼ੀ ਸਮਝਾਂਗੇ ਤਾਂ ਉਨ੍ਹਾਂ ਨੂੰ ਜ਼ਰੂਰ ਸਜ਼ਾ ਮਿਲੇਗੀ ।

**ਸਰਦਾਰ ਹਰਚੰਦ ਸਿੰਘ** : ਸਪੀਕਰ ਸਾਹਿਬ, ਜਦ ਛੰਗਾਣੀ ਕਮਿਸ਼ਨ ਨੇ ਲਿਖਿਆ ਕਿ ਅਹਿਲਕਾਰਾਂ ਅਤੇ ਵਜ਼ੀਰਾਂ ਦਾ ਉਨ੍ਹਾਂ ਨਾਲ ਇੰਟਰੀਗ ਸੀ, ਮੇਲ ਸੀ ਤਾਂ ਕੀ ਕਿਸੇ ਐਕਸ-ਮਨਿਸਟਰ ਦੇ ਖਿਲਾਫ਼ ਕੇਸ ਦਰਜ ਹੋਇਆ ਜਾਂ ਉਨ੍ਹਾਂ ਕੋਲੋਂ ਐਕਸਪਲੇਨੇਸ਼ਨ ਮੰਗੀ ਗਈ ? ਮੈਨੂੰ ਦੱਸਿਆ ਜਾਵੇ ਕਿ ਹਰਚੰਦ ਸਿੰਘ ਕਮੇਟੀ ਦੀ ਰਿਪੋਰਟ ਅਨੁਸਾਰ ਜਿਹੜਾ ਸਰਦਾਰ ਦਰਬਾਰਾ ਸਿੰਘ ਅਤੇ ਕੈਪਟਨ ਰਤਨ ਸਿੰਘ ਜੀ ਨੂੰ ਕੱਢਿਆ ਗਿਆ ਹੈ, ਕੀ ਉਨ੍ਹਾਂ ਦੀ ਕਿਸੇ ਨੇ ਐਕਸਪਲੇਨੇਸ਼ਨ ਮੰਗੀ ਸੀ ? (ਹਾਸਾ) (ਵਿਘਨ)

**Sardar Darbara Singh** : On a point of personal explanation, Sir.

**ਸ਼੍ਰੀ ਸਪੀਕਰ** : ਪਰਸਨਲ ਐਕਸਪਲੇਨੇਸ਼ਨ ਕਿਸ ਚੀਜ਼ ਦੀ ?

**ਸਰਦਾਰ ਦਰਬਾਰਾ ਸਿੰਘ** : ਮੇਰਾ ਨਾਮ ਲਿਆ ਗਿਆ ਹੈ ।

**Mr. Speaker** : After Question **Hour.**

---

ਨਿਸ਼ਾਨ ਵਾਲਾ ਪ੍ਰਸ਼ਨ ਨੰ: 3369

(ਸਬੰਧਤ ਮਾਨਯੋਗ ਮੈਂਬਰ ਹਾਊਸ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਕੀਤਾ ਗਿਆ ।)

Original with Punjab Vidhan Sabha Digitized by Panjab Digital Library

## CASES OF PREMATURE RETIREMENT IN THE POLICE DEPARTMENT AFTER 26-6-1975

*3379. **Comrade Satya Pal Dang** : Will the Chief Minister be pleased to state—

(a) the names of Class I and Class II officers of the Police Department, who were prematurely retired after 26-6-1975 on attaining the age of 50 years or on completing 25 years service, indicating the date of premature retirement in each case ;

(b) the number of Class III and Class IV employees of the Police Department who were prematurely retired after 26-6-1975 ;

(c) the number and names of police officers/officials who challenged their compulsory retirement in the Punjab and Haryana High Court through Writ Petitions ;

(d) the number of Writ Petitions decided by the High Court and the decision/judgement given in each case ?

**Sardar Gurcharan Singh Nihal Singh wala** : (Chief Parliamentary Secretary) (a) The following seven Class I officers of the Police Department were retired on the dates mentioned against each—

| | | |
|---|---|---|
| 1. | Sh. J.R. Chhabra, I.P.S. | 22nd December, 1975 |
| 2. | Sh. Ranjit Singh, I.P.S. | 24th December, 1975 |
| 3, | Sh. Brijinder Singh, I.P.S. | 22nd December, 1975 |
| 4. | Sh. Avtar Singh Pannu, Offg. S.P. | 19th August, 1975 |
| 5. | Sh. Gurdev Singh Sindu, —do— | 19th August, 1975 |
| 6. | Sh. R.P. Syal, D.S.P. | 19th August, 1975 |
| 7. | Sh. Jagdev Singh, D.S.P. | 19th August, 1975 |

There is no Class II rank in the Police (Executive)

(b) 321 Class III employees of the Police Department were retired under the Premature Retirement Rules, 1975. No class IV employee has been retired.

(c) 26 class III employees (whose list is placed on the Table of the House) challenged their premature retirement in the Punjab and Haryana High Court, Chandigarh.

(d) Six Writ Petitions have so far been decided. Five writs of officers mentioned at Serial 1 to 5 in the list attached have been dismissed while one writ petition of A.S.I. Jangir Singh (Serial No 20) was accepted by the High Court on technical ground with the orders that his case may be reviewed afresh by Deputy Inspector General of Police, Patiala Range.

Original with;
Punjab Vidhan Sabha
Digitized by;
Panjab Digital Library

[Chief Parliamentary Secretary]

**List of Class III employees who challenged their Premature Retirement in the Punjab and Haryana High Court**

1. A.S.I. Kartar Singh
2. S.I. Kasturi Lal
3. A.S.I. Gurdial Singh
4. A.S.I. Kirpal Singh
5. A.S.I. Baldev Singh
6. S.I. Hazura Singh
7. A.S.I. Gurdev Singh
8. A.S.I. Balbir Singh
9. S.I. Ram Saran Dass
10. S.I. Ram Dev
11. S.I. Om Parkash Sharma
12. A.S.I. Megh Raj
13. A.S.I. Jagdish Chander
14. A.S.I Jaswant Singh
15. A.S.I. Om Parkash
16. A.S.I. Ranjit Singh
17. S.I. Amrao Singh
18. S.I. Joginder Singh
19. A.S.I. Hari Singh
20. A.S.I. Jangir Singh
21. S.I. Gurcharan Singh
22. S.I Naranjan Singh
23. S.I. Gurnam Singh
24. S.I. Kartar Singh
25. S.I. Sohan Singh
26. S.I. Kans Lal

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ ਨੇ ਦਸਿਆ ਹੈ ਕਿ ਕੁਝ ਕਲਾਸ ਵੰਨ ਪੁਲਿਸ ਦੇ ਅਫਸਰ ਰਿਟਾਇਰ ਕੀਤੇ ਹਨ । ਇਸ ਦੇ ਉਤੇ ਮੈਨੂੰ ਕੋਈ ਇਤਰਾਜ਼ ਨਹੀਂ ਜਿਹੜੇ ਅਫਸਰ ਰਿਟਾਇਰ ਕੀਤੇ ਹਨ । ਇਹ ਠੀਕ ਹੀ ਕੰਮ ਹੋਇਆ ਹੈ ਪਰ ਕੀ ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਇਸ ਗਲ ਤੋਂ ਵਾਕਿਫ ਹਨ ਕਿ ਪੁਲਿਸ ਦੇ ਮਹਿਕਮੇ ਵਿਚ ਗਰੁਪਬਾਜ਼ੀ ਹੈ । ਇਹ ਜਿਹੜੇ ਕੁਝ ਮਾੜੇ ਅਫਸਰ ਕਢੇ ਗਏ ਹਨ ਇਹ ਇਕ ਗਰੁਪ ਦੇ ਹਨ । ਕੀ ਜਿਹੜੇ ਦੂਜੇ ਗਰੁਪ ਦੇ ਮਾੜੇ ਅਫਸਰ ਹਨ ਉਨ੍ਹਾਂ ਨੂੰ ਕਢਣਗੇ ? (ਵਿਘਨ)

**Mr. Speaker** : Please put a supplementary question. ਇਹ ਐਲੀਗੇਸ਼ਨ ਹੈ । (ਵਿਘਨ)

**ਮੁੱਖ ਮੰਤਰੀ** : ਸਪੀਕਰ ਸਾਹਿਬ, ਡਾਂਗ ਸਾਹਿਬ ਦਾ ਇਹ ਸਪਲੀਮੈਂਟਰੀ ਸਵਾਲ ਨਹੀਂ ਸਗੋਂ ਇਕ ਇਲਜ਼ਾਮ ਹੈ । ਮੈਂ ਇਸ ਦੀ ਤਰਦੀਦ ਕਰਦਾ ਹਾਂ । ਪੁਲਿਸ ਦੇ ਮਹਿਕਮੇ ਵਿਚ ਕੋਈ ਗੁਟ ਬੰਦੀ ਨਹੀਂ ਹੈ । ਨਾ ਹੀ ਇਹ ਰਿਟਾਇਰਮੈਂਟ ਜੋ ਅਫਸਰਾਂ ਦੀ ਕੀਤੀ ਗਈ ਹੈ ਇਹ ਕਿਸੇ ਗੁਟਬੰਦੀ ਦੇ ਲਿਹਾਜ਼ ਨਾਲ ਕੀਤੀ ਗਈ ਹੈ ਅਤੇ ਨਾ ਅਸੀਂ ਕਿਸੇ ਦਾ ਲਿਹਾਜ਼ ਕੀਤਾ ਹੈ । ਮੈਂ ਡਾਂਗ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜੇ ਉਨ੍ਹਾਂ ਦੇ ਨੋਟਿਸ ਵਿਚ ਕੁਝ ਹੋਰ ਅਫਸਰ ਹਨ ਜੋ ਰੀਟਾਇਰ ਹੋਣੇ ਚਾਹੀਦੇ ਸਨ ਅਤੇ ਉਹ ਸਮਝਦੇ ਹਨ ਕਿ ਥੋੜ੍ਹੇ ਅਫਸਰ ਰਿਟਾਇਰ ਹੋਏ ਹਨ, ਹੋਰ ਹੋਣੇ ਚਾਹੀਦੇ ਹਨ ਤਾਂ ਉਹ ਸਾਨੂੰ ਉਨ੍ਹਾਂ ਦੇ ਨਾਮ ਅਤੇ ਗੁਨਾਹ ਦੱਸ ਦੇਣ, ਅਸੀਂ ਵਿਚਾਰ ਕਰ ਲਵਾਂਗੇ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕੁਝ ਆਈ.ਪੀ.ਐਸ. ਅਫ਼ਸਰ ਉਨ੍ਹਾਂ ਦਾ ਮਾੜਾ ਰਿਕਾਰਡ ਦੇਖ ਕੇ ਰਿਟਾਇਰ ਕੀਤੇ ਹਨ, ਕੁਝ ਹੋਰ ਇਸ ਤੋਂ ਵੀ ਮਾੜੇ ਮਾੜੇ

Original with;
Punjab Vidhan Sabha
Digitized by;
Panjab Digital Library

ਰਿਕਾਰਡ ਦੇ ਆਈ.ਪੀ.ਐਸ. ਅਫਸਰ ਹਨ ਉਹ ਹੋਰ ਸੀਨੀਅਰ ਕਰ ਦਿਤੇ ਹਨ, ਕੀ ਉਨ੍ਹਾਂ ਤੇ ਵੀ ਕੋਈ ਐਕਸ਼ਨ ਲੈਣਗੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਅਸੀਂ ਹਰ ਮਾੜੇ ਅਫਸਰ ਦੇ ਖਿਲਾਫ ਐਕਸ਼ਨ ਲੈਣ ਵਿਚ ਢਿਲ ਨਹੀਂ ਕਰਦੇ, ਲੇਕਿਨ ਰਿਕਾਰਡ ਨੂੰ ਐਗਜ਼ਾਮਿਨ ਕਰਨ ਲਗਿਆਂ ਇਹ ਦੇਖਣਾ ਪੈਂਦਾ ਹੈ ਕਿ ਕਿਸੇ ਸੀਨੀਅਰ ਅਫਸਰ ਨੇ ਰਿਕਾਰਡ ਖਰਾਬ ਕਰਨ ਦੇ ਵਿਚ ਉਸ ਦੇ ਨਾਲ ਕੋਈ ਜ਼ਿਆਦਤੀ ਤਾਂ ਨਹੀਂ ਕੀਤੀ । ਕਈ ਐਸੇ ਅਫਸਰ ਵੀ ਹਨ ਜਿਨ੍ਹਾਂ ਦਾ ਰਿਕਾਰਡ ਜਾਣ ਬੁਝ ਕੇ ਕਿਸੇ ਅਫਸਰ ਨੇ ਖਰਾਬ ਕੀਤਾ ਸੀ ਅਤੇ ਬਾਅਦ ਵਿਚ ਦੇਖਿਆ ਗਿਆ ਕਿ ਇਸ ਦਾ ਰਿਕਾਰਡ ਖਰਾਬ ਨਹੀਂ ਹੈ । ਅਕਾਲੀ ਮਨਿਸਟਰੀ ਵੇਲੇ ਜਿਨ੍ਹਾਂ ਦਾ ਰਿਕਾਰਡ ਖਰਾਬ ਸੀ ਉਹ ਐਗਜ਼ਾਮਿਨ ਕਰਨ ਦੇ ਬਾਅਦ ਦਰੁੱਸਤ ਕੀਤਾ ਗਿਆ ਹੈ । ਇਨ੍ਹਾਂ ਦੇ ਨੋਟਿਸ ਵਿਚ ਅਗਰ ਕੋਈ ਚੀਜ਼ ਹੈ ਤਾਂ ਸਾਨੂੰ ਦੱਸਣ ਅਸੀਂ ਵਿਚਾਰ ਕਰ ਲਵਾਂਗੇ ।

**ਸਰਦਾਰ ਗੁਰਦੇਵ ਸਿੰਘ ਸਿੱਧੂ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ, ਇਨ੍ਹਾਂ ਨੇ ਦਸਿਆ ਹੈ ਕਿ ਜਿਹੜੇ ਅਫਸਰ ਕੱਢੇ ਹਨ ਉਹ ਰਿਕਾਰਡ ਦੇਖ ਕੇ ਕਢੇ ਹਨ । ਕੁਝ ਅਫਸਰ ਐਸੇ ਹਨ ਜਿਨ੍ਹਾਂ ਨੂੰ ਰਿਟਾਇਰਮੈਂਟ ਦੇ ਨੋਟਿਸ ਮਿਲ ਗਏ ਅਤੇ ਉਨ੍ਹਾਂ ਨੂੰ ਰਿਕਾਰਡ ਖਰਾਬ ਹੋਣ ਦੇ ਬੇਸਿਜ਼ ਤੇ ਕੰਪਲਸਰੀ ਰਿਟਾਇਰਮੈਂਟ ਦਿਤੀ ਗਈ । ਉਨ੍ਹਾਂ ਨੂੰ ਫਿਰ ਇਹ ਕਿਹਾ ਗਿਆ ਕਿ ਇਹ ਨੋਟਿਸ ਵਾਪਿਸ ਕਰਵਾਉ । ਜੇ ਕਹੋ ਤਾਂ ਮੈਂ ਨਾਮ ਦੱਸ ਦਿੰਦਾ ਹਾਂ । ਐਸ.ਐਚ.ਓ. ਬੰਤਾ ਸਿੰਘ ਹੈ . . . .। (ਵਿਘਨ)

**ਸ਼੍ਰੀ ਸਪੀਕਰ** : ਸਿੱਧੂ ਸਾਹਿਬ ਕੁਐਸਚਨ ਪੁੱਟ ਕਰੋ, ਤੁਸੀਂ ਐਲੀਗੇਸ਼ਨ ਨਹੀਂ ਲਗਾ ਸਕਦੇ । (ਵਿਘਨ)

**ਸਰਦਾਰ ਗੁਰਦੇਵ ਸਿੰਘ ਸਿੱਧੂ** : ਚਲੋ ਇਹੀ ਦੱਸ ਦੇਣ ਕਿ ਜਿਨ੍ਹਾਂ ਨੂੰ ਨੋਟਿਸ ਇਸ਼ੂ ਹੋਏ ਸੀ ਕੀ ਉਹ ਵਾਪਸ ਲਿਤੇ ਹਨ ? (ਵਿਘਨ)

**ਮੁੱਖ ਮੰਤਰੀ** : ਸਪੀਕਰ ਸਾਹਿਬ, ਆਨਰੇਬਲ ਮੈਂਬਰ ਦਾ ਇਲਜ਼ਾਮ ਗਲਤ ਹੈ । ਕਿਸੇ ਅਫਸਰ ਨੂੰ ਨਹੀਂ ਕਿਹਾ ਗਿਆ । ਪ੍ਰਾਈਵੇਟ ਆਦਮੀ ਦੀ ਗਲ ਛਡੋ ਕਿਸੇ ਉਚ ਅਧਿਕਾਰੀ ਜਾਂ ਕਿਸੇ ਮਨਿਸਟਰ ਨੇ ਆਪਣੇ ਮਹਿਕਮੇ ਵਿਚ ਇਹੋ ਜਿਹੀ ਕੋਈ ਗਲ ਨਹੀਂ ਕੀਤੀ, ਲੇਕਿਨ ਸਰਕਾਰ ਇਸ ਗਲ ਦੀ ਆਪਣੀ ਜ਼ਿੰਮੇਵਾਰੀ ਮਹਿਸੂਸ ਕਰਦੀ ਹੈ ਕਿ ਅਗਰ ਕਿਸੇ ਅਫਸਰ ਨਾਲ ਕੋਈ ਬੇ-ਇਨਸਾਫੀ ਹੋ ਗਈ ਹੋਵੇ ਅਤੇ ਦੁਬਾਰਾ ਉਸ ਨੇ ਇਨਸਾਫ ਵਾਸਤੇ ਦਰਖਾਸਤ ਦਿਤੀ ਹੋਵੇ ਤਾਂ ਉਸ ਨੂੰ ਅਸੀਂ ਨਿਰਪੱਖਤਾ ਨਾਲ ਸੋਚਿਆ ਹੈ ਅਤੇ ਸੋਚਣ ਦੇ ਬਾਅਦ ਜਦੋਂ ਦੇਖਿਆ ਕਿ ਇਸ ਆਦਮੀ ਦਾ ਕਸੂਰ ਨਹੀਂ ਬਣਦਾ ਤਾਂ ਮਾਫ ਵੀ ਕੀਤਾ ਹੈ ਲੇਕਿਨ ਇਹ ਗਲ ਬਿਲਕੁਲ ਗਲਤ ਹੈ, ਬੇ-ਬੁਨਿਆਦ ਹੈ ਅਤੇ ਬਿਲਕੁਲ ਇਸ ਦੇ ਵਿਚ ਕੋਈ ਸਚਾਈ ਨਹੀਂ ਹੈ । (ਵਿਘਨ)

**ਕਾਮਰੇਡ ਸੱਤ ਪਾਲ ਡਾਂਗ**: ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਮੈਨੂੰ ਨਾਮ ਦੱਸੋ, ਅਫਸਰ ਦਾ ਗੁਨਾਹ ਦੱਸੋ ਮੈਂ ਜ਼ਰੂਰ ਗੌਰ ਕਰਾਂਗਾ । ਬਾਕੀ ਦੇ ਬੰਦੇ ਵੀ ਮੈਂ ਦੱਸਾਂਗਾ ਪਰ ਇਕ ਦੇ ਬਾਰੇ ਚੀਫ ਮਨਿਸਟਰ ਸਾਹਿਬ ਨੂੰ ਯਾਦ ਹੋਵੇਗਾ ਕਿ ਇਕ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤਪਾਲ ਡਾਂਗ]

ਐਸ.ਐਸ.ਪੀ. ਦੇ ਬਾਰੇ ਇਹ ਗਲ ਸਪੱਸ਼ਟ ਹੋ ਗਈ ਕਿ ਉਸ ਨੇ ਬੇਗੁਨਾਹ ਮੁਜ਼ਾਰਿਆਂ ਨੂੰ ਫੜਿਆ, ਮਾਰਿਆ ਕੁਟਿਆ ਅਤੇ ਕਤਲ ਦੇ ਕੇਸਾਂ ਵਿਚ ਨਿਰਦੋਸ਼ ਸਿਆਸੀ ਬੰਦਿਆਂ ਤੇ ਜ਼ੁਲਮ ਕੀਤਾ, ਕੀ ਘੱਟੋ ਘੱਟ ਉਸ ਨੂੰ ਰਿਟਾਇਰ ਕਰਨਗੇ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਡਾਂਗ ਸਾਹਿਬ ਦਾ ਇਹ ਸਪਲੀਮੈਂਟਰੀ ਇਸ ਸਵਾਲ ਵਿਚੋਂ ਤਾਂ ਬਣਦਾ ਨਹੀਂ । ਲੇਕਿਨ ਮੈਂ ਡਾਂਗ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਮੈਨੂੰ ਤਾਂ ਇਸ ਵੇਲੇ ਯਾਦ ਨਹੀਂ । ਮੇਰੇ ਕੋਲ ਆ ਕੇ ਉਹ ਮੈਨੂੰ ਦੱਸ ਦੇਣ ਕਿ ਕਿਹੜਾ ਅਫਸਰ ਸੀ । ਜੇ ਵਾਕਿਅਈ ਉਸ ਨੇ ਜਾਣ ਬੁਝ ਕੇ ਮੁਜ਼ਾਰਿਆਂ ਨੂੰ ਮਾਰਿਆ ਹੋਵੇਗਾ ਤਾਂ ਅਸੀਂ ਵਿਚਾਰ ਕਰ ਲਵਾਂਗੇ । (ਵਿਘਨ)

---

## PREMATURE RETIREMENT OF OFFICERS/OFFICIALS OF THE CO-OPERATIVE DEPARTMENT

*3381. **Shri Sardari Lal Kapur** : Will the Chief Minister be pleased to state the number and names of Officers/Officials category-wise of Co-operative Department who have been retired under the Punjab Civil Service (Premature Retirement) Rules, 1975 ?

**ਚੌਧਰੀ ਬਲਰਾਮ (ਉਪ-ਮੰਤਰੀ, ਸਿੰਜਾਈ ਅਤੇ ਬਿਜਲੀ) :** ਸਹਿਕਾਰਤਾ ਵਿਭਾਗ ਦਾ ਕੋਈ ਵੀ ਕਰਮਚਾਰੀ ਅਜੇ ਪਰੀਮੈਚਿਓਰ ਰੀਟਾਇਰਮੈਂਟ ਰੂਲਜ਼ ਦੇ ਅਧੀਨ ਰਿਟਾਇਰ ਨਹੀਂ ਕੀਤਾ ਗਿਆ, ਪ੍ਰੰਤੂ ਇਨ੍ਹਾਂ ਰੂਲਾਂ ਅਧੀਨ 10 ਅਫਸਰਾਂ ਅਤੇ ਕਰਮਚਾਰੀਆਂ ਨੂੰ 3 ਮਹੀਨੇ ਦੇ ਨੋਟਿਸ ਦਿੱਤੇ ਗਏ ਹਨ ।

**ਸ਼੍ਰੀ ਸਰਦਾਰੀ ਲਾਲ ਕਪੂਰ :** ਕੀ ਮੰਤਰੀ ਜੀ ਇਹ ਦੱਸਣ ਦੀ ਖੇਚਲ ਕਰਨਗੇ ਕਿ ਇਨ੍ਹਾਂ ਨੂੰ ਆਪਣੇ ਮਹਿਕਮੇ ਦੇ ਉਨ੍ਹਾਂ ਅਫਸਰਾਂ ਦੇ ਬਾਰੇ ਹਾਲੇ ਤਕ ਕੋਈ ਮੌਕਾ ਹੀ ਨਹੀਂ ਮਿਲਿਆ ਦੇਖਣ ਦਾ ਕਿ ਇਹ ਕੁਰੱਪਟ ਹਨ ਹਾਲਾਂ ਕਿ ਕੋਆਪਰੇਟਿਵ ਡੀਪਾਰਟਮੈਂਟ ਦੇ ਪਹਿਲੇ ਰਜਿਸਟਰਾਰ ਜਿਹੜੇ ਸਨ ਉਨ੍ਹਾਂ ਨੇ ਕਾਫੀ ਇਨਕੁਆਇਰੀ ਦੇ ਬਾਅਦ ਇਹ ਗਲ ਕਹੀ ਸੀ ਕਿ ਇਸ ਮਹਿਕਮੇ ਵਿਚ ਬਹੁਤ ਕੁਰੱਪਸ਼ਨ ਹੈ ਔਰ ਕਰੋੜਾਂ ਰੁਪਿਆ ਗੌਰਮਿੰਟ ਦਾ ਜ਼ਾਇਆ ਹੋਇਆ ਹੈ । ਕੀ ਮੈਂ ਮਨਿਸਟਰ ਸਾਹਿਬ ਨੂੰ ਪੁੱਛ ਸਕਦਾ ਹਾਂ ਕਿ ਦੂਸਰਿਆਂ ਨੂੰ 3 ਮਹੀਨੇ ਦਾ ਨੋਟਿਸ ਨਹੀਂ ਦਿਤਾ ਅਤੇ ਰੀਟਾਇਰਮੈਂਟ ਕਰ ਦਿਤੀ ਹੈ ਪਰ ਇਨ੍ਹਾਂ ਨੂੰ 3 ਮਹੀਨੇ ਦਾ ਨੋਟਿਸ ਦੇਣ ਦਾ ਕੀ ਮਤਲਬ ਹੈ ?

**उप-मन्त्री :** स्पीकर साहिब, दो ही तरीके हैं रिटायरमैंट करने के । किसी की कानफीडैंशल रिपोर्ट खराब हो या वह कहीं पकड़ा जाये । उस के हिसाब से रिटायरमैंट की जा सकती है । कोई तीसरा तरीका नहीं हैं ।

**ਸ਼੍ਰੀ ਵਿਸ਼ਵਾ ਮਿੱਤਰ ਸੇਖੜੀ :** ਸਪੀਕਰ ਸਾਹਿਬ, ਤੀਜਾ ਤਰੀਕਾ ਤਾਂ 25 ਸਾਲ ਦੀ ਸਰਵਿਸ ਹੈ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਦੇ ਮਹਿਕਮੇ ਵਿਚ ਕੋਈ ਐਸਾ ਅਧਿਕਾਰੀ ਨਹੀਂ ਜਿਸਦੀ 25 ਸਾਲਾਂ ਦੀ ਸਰਵਿਸ ਹੋ ਗਈ ਹੋਵੇ ਅਤੇ ਉਸ ਦਾ ਰਿਕਾਰਡ ਮਾੜਾ ਹੋਵੇ ?

**ਉਪ-ਮੰਤਰੀ :** ਅਗਰ ਕਿਸੇ ਦਾ ਰਿਕਾਰਡ ਮਾੜਾ ਹੋਵੇਗਾ ਤਾਂ ਉਹ ਆਟੋਮੈਟੀਕਲੀ ਰਿਟਾਇਰਮੈਂਟ ਵਿਚ ਆ ਜਾਏਗਾ ।

Original with;
Punjab Vidhan Sabha
Digitized by;
Panjab Digital Library

# UNSTARRED QUESTIONS AND ANSWERS

## ਰਾਜ ਵਿਚ ਬੀ. ਐਡ. ਅਧਿਆਪਕ

1045. **ਕਾਮਰੇਡ ਸੱਤ ਪਾਲ ਡਾਂਗ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦਸਣਗੇ ਕਿ --

(ੳ) 1 ਜਨਵਰੀ, 1976 ਨੂੰ ਰਾਜ ਵਿਚ ਸਰਕਾਰੀ ਸਕੂਲਾਂ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿਚ ਬੀ. ਐਡ. ਅਧਿਆਪਕਾਂ ਦੀ ਵੱਖ ਵੱਖ ਗਿਣਤੀ ਕਿੰਨੀ ਕਿੰਨੀ ਸੀ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਵਿਚੋਂ ਅਧਿਆਪਕਾਵਾਂ ਦੀ ਗਿਣਤੀ ਕਿੰਨੀ ਕਿੰਨੀ ਸੀ ?

**ਸ਼੍ਰੀ ਗੁਰਮੇਲ ਸਿੰਘ :**

| | ਗੌਰਮਿੰਟ ਸਕੂਲ | ਸਰਕਾਰੀ ਸਹਾਇਤਾ ਪ੍ਰਾਪਤ ਸਕੂਲ |
|---|---|---|
| (ੳ) | 14499 | 3021 |
| (ਅ) | 4604 | 1102 |

## ਰਾਜ ਵਿਚ ਜੇ. ਬੀ. ਟੀ. ਅਧਿਆਪਕ :

1046. **ਕਾਮਰੇਡ ਸੱਤ ਪਾਲ ਡਾਂਗ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) 1 ਜਨਵਰੀ, 1976 ਨੂੰ ਰਾਜ ਵਿਚ ਸਰਕਾਰੀ ਸਕੂਲਾਂ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿਚ ਜੇ. ਬੀ. ਟੀ. ਅਧਿਆਪਕਾਂ ਦੀ ਗਿਣਤੀ ਕਿੰਨੀ ਸੀ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਵਿਚੋਂ ਅਧਿਆਪਕਾਵਾਂ ਦੀ ਗਿਣਤੀ ਕਿੰਨੀ ਸੀ ?

**ਸ਼੍ਰੀ ਗੁਰਮੇਲ ਸਿੰਘ :** (ੳ) 51619

(ਅ) 24106

## ਸਿਹਤ ਵਿਭਾਗ ਵਿਚ ਡਾਕਟਰ

1047. **ਕਾਮਰੇਡ ਸੱਤ ਪਾਲ ਡਾਂਗ :** ਕੀ ਸਿਹਤ ਅਤੇ ਸੰਤਾਨ ਸੰਜਮ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ —

(ੳ) 1 ਜਨਵਰੀ, 1976 ਨੂੰ ਸਿਹਤ ਵਿਭਾਗ ਵਿਚ ਕੁੱਲ ਕਿੰਨੇ ਡਾਕਟਰ ਸਨ ;

(ਅ) ਉਪ੍ਰੋਕਤ ਭਾਗ (ੳ) ਵਿਚ ਵਰਣਿਤ ਵਿਚੋਂ ਕਿੰਨੀਆਂ ਲੇਡੀ ਡਾਕਟਰ ਸਨ ?

**ਸਰਦਾਰ ਬਲਬੀਰ ਸਿੰਘ :** (ੳ) 1594

(ਅ) 318

Original with;
Punjab Vidhan Sabha
Digitized by;
Panjab Digital Library

### ਸਰਕਾਰੀ ਮੈਡੀਕਲ ਕਾਲਜਾਂ ਵਿਚ ਅਧਿਆਪਕ ਅਮਲਾ

**1048. ਕਾਮਰੇਡ ਸੱਤ ਪਾਲ ਡਾਂਗ** : ਕੀ ਸਿਹਤ ਅਤੇ ਸੰਤਾਨ ਸੰਜਮ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ —

(ੳ) 1 ਜਨਵਰੀ, 1976 ਨੂੰ ਰਾਜ ਦੇ ਸਰਕਾਰੀ ਮੈਡੀਕਲ ਕਾਲਜਾਂ ਵਿੱਚ ਅਧਿਆਪਕ ਅਮਲੇ ਦੀ ਕੁਲ ਗਿਣਤੀ ਕਿੰਨੀ ਸੀ ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਸਟਾਫ ਵਿੱਚ ਔਰਤਾਂ ਦੀ ਗਿਣਤੀ ਕਿੰਨੀ ਸੀ?

**ਸ੍ਰੀ ਗੁਰਮੇਲ ਸਿੰਘ** (ਵਿਦਿਆ ਮੰਤਰੀ) : (ੳ) 193 ।

(ਅ) 39 ।

---

### ਬਿਨਾ ਨਿਸ਼ਾਨ ਪ੍ਰਸ਼ਨ ਨੰ: 1049

(ਇਸ ਪ੍ਰਸ਼ਨ ਨੂੰ ਅਗੇ ਪਾਉਣ ਲਈ ਕਿਹਾ ਗਿਆ ।)

ਵਿਧਾਨ ਸਭਾ ਦੇ ਸਵਾਲ ਨੰ: 1049 ਜੋ ਮਿਤੀ 22 ਜਨਵਰੀ, 1976 ਲਈ ਬਿਨਾਂ ਨਿਸ਼ਾਨ ਦੀ ਸੂਚੀ ਵਿਚ ਮਾਸਟਰ ਦਲੀਪ ਚੰਦ, ਐਮ. ਐਲ. ਏ., ਦੇ ਨਾਂ ਹੇਠ ਦਰਜ ਹੈ ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਕਿਉਂਕਿ ਵਿਧਾਨ ਸਭਾ ਸਕੱਤਰੇਤ ਵਲੋਂ ਇਸ ਦਾ ਨੋਟਿਸ ਮਿਤੀ 19 ਜਨਵਰੀ, 1976 ਨੂੰ ਪ੍ਰਾਪਤ ਹੋਇਆ ਹੈ ।

ਸਬੰਧਤ ਸੂਚਨਾ ਜੋ ਇਕੱਤਰ ਕੀਤੀ ਜਾ ਰਹੀ ਹੈ ਦੇ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿੱਤਾ ਜਾਵੇਗਾ ।

ਮੰਤਰੀ, ਲੋਕ ਨਿਰਮਾਣ ਪੰਜਾਬ ।

ਸੇਵਾ ਵਿਖੇ

ਸਕੱਤਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

ਗ: ਸ: ਪ: ਨੰ: 642-- ਏਸ2(1)-76/ ਮਿਤੀ 21 ਜਨਵਰੀ, 1976

### ਬਿਨਾ ਨਿਸ਼ਾਨ ਪ੍ਰਸ਼ਨ ਨੰ: 1051

(ਇਸ ਨੂੰ ਅਗੇ ਪਾਉਣ ਲਈ ਕਿਹਾ ਗਿਆ ।)

ਵਿਸ਼ਾ :— ਵਿਧਾਨ ਸਭਾ ਦੇ ਅਨਸਟਾਰਡ ਸਵਾਲ ਨੰ: 1051 ਵਲੋਂ ਸਰਦਾਰ ਧੰਨਾ ਸਿੰਘ ਗੁਲਸ਼ਨ ਅਤੇ ਹਰਬੰਸ ਸਿੰਘ ਜਲਾਲ, ਐਮ. ਐਲ. ਏ., ਬਾਬਤ ਵੱਡੇ ਜ਼ਿਮੀਂਦਾਰਾਂ ਦੁਆਰਾ ਖਾਲੀ ਕੀਤੀ ਗਈ ਵਾਧੂ ਜ਼ਮੀਨ ।

Original with:
Punjab Vidhan Sabha
Digitized by:
Panjab Digital Library

ਸਭਾ ਦੇ ਅਨਸਟਾਰਡ ਸਵਾਲ ਨੰ: 1051 ਜੋ ਮਿਤੀ 22 ਜਨਵਰੀ, 1976 ਲਈ ਅਨਸਟਾਰਡ ਸਵਾਲਾਂ ਦੀ ਸੂਚੀ ਵਿਚ ਸਰਦਾਰ ਧੰਨਾ ਸਿੰਘ ਗੁਲਸ਼ਨ ਅਤੇ ਹਰਬੰਸ ਸਿੰਘ ਜਲਾਲ, ਐਮ. ਐਲ. ਏ., ਦੇ ਨਾਂ ਹੇਠ ਦਰਜ ਹੈ ਦਾ ਜਵਾਬ ਅਜੇ ਤਿਆਰ ਨਹੀਂ ਹੈ।

ਸਬੰਧਤ ਸੂਚਨਾ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿੱਤਾ ਜਾਵੇਗਾ।

ਮਾਲ ਮੰਤਰੀ, ਪੰਜਾਬ।

ਸੇਵਾ ਵਿਖੇ

ਸਕੱਤਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

ਗ: ਸ: ਪ: ਨੰ: 519-ਭਸ-(4)-76/ ਚੰਡੀਗੜ੍ਹ, ਮਿਤੀ 21 ਜਨਵਰੀ, 1976।

**ਸਕੂਲਾਂ/ਕਾਲਜਾਂ ਵਿਚ ਵਿਦਿਆਰਥੀਆਂ ਨੂੰ ਰਿਆਇਤਾਂ**

**1054. ਕਾਮਰੇਡ ਸੱਤ ਪਾਲ ਡਾਂਗ** : ਕੀ ਸਿਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਕੀ ਰਾਜ ਦੇ ਸਕੂਲਾਂ ਅਤੇ ਕਾਲਜਾਂ ਵਿਚ ਦਾਖਲੇ ਅਤੇ ਫੀਸ ਦੀਆਂ ਰਿਆਇਤਾਂ ਹਾਸਲ ਕਰਨ ਵਾਸਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਤੋਂ ਇਲਾਵਾ ਦੂਜੇ ਵਿਦਿਆਰਥੀਆਂ ਦੇ ਕਿਸੇ ਵਰਗ ਨੂੰ ਪੱਛੜੀਆਂ ਹੋਈਆਂ ਸਮਝਿਆ ਜਾਂਦਾ ਹੈ, ਜੇਕਰ ਉਨ੍ਹਾਂ ਦੇ ਮਾਪਿਆਂ ਦੀ ਆਮਦਨ ਇਕ ਖਾਸ ਰਕਮ ਤੋਂ ਵੱਧ ਨਾ ਹੋਵੇ ;

(ਅ) ਜੇਕਰ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਅਜਿਹੇ ਵਿਦਿਆਰਥੀਆਂ ਨੂੰ ਉਪਲਭਧ ਰਿਆਇਤਾਂ/ਸਹੂਲਤਾਂ ਦਾ ਵੇਰਵਾ ਅਤੇ ਇਸ ਮੰਤਵ ਲਈ ਨਿਸ਼ਚਿਤ ਕੀਤੀ ਗਈ ਮਾਪਿਆਂ ਦੀ ਵੱਧ ਤੋਂ ਵੱਧ ਆਮਦਨ ਦੀ ਹੱਦ ਕੀ ਹੈ ?

**ਸ੍ਰੀ ਗੁਰਮੇਲ ਸਿੰਘ** : (ੳ) ਹਾਂ ਜੀ।

(ਅ) ਸਰਕਾਰੀ ਕਾਲਜਾਂ ਅਤੇ ਸਕੂਲਾਂ ਵਿਚ ਆਰਥਿਕ ਤੌਰ ਤੇ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਤੋਂ ਜਿਨ੍ਹਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ 1000 ਰੁਪਏ ਤੀਕ ਹੈ ਕੋਈ ਦਾਖਲਾ ਫੀਸ ਨਹੀਂ ਲਈ ਜਾਂਦੀ। ਇਸ ਤੋਂ ਇਲਾਵਾ ਸਪੈਸ਼ਲ ਅਤੇ ਮਾਡਲ ਸਕੂਲਾਂ ਨੂੰ ਛੱਡ ਕੇ ਸਰਕਾਰੀ ਹਾਈ/ਹਾਇਰ ਸੈਕੰਡਰੀ ਸਕੂਲਾਂ ਅਤੇ ਜੇ. ਬੀ. ਟੀ. ਕਲਾਸਾਂ ਵਿਚ ਹੇਠ ਲਿਖੀਆਂ ਰਿਆਇਤਾਂ ਉਪਲਭਧ ਹਨ :—

(1) ਆਰਥਿਕ ਤੌਰ ਤੇ ਪਛੜੇ ਪੰਜਾਬ ਦੇ ਵਸਨੀਕ ਵਿਦਿਆਰਥੀ ਜਿਨ੍ਹਾਂ ਦੇ ਮਾਪਿਆਂ ਦੀ ਆਮਦਨੀ 1000 ਰੁਪਏ ਸਾਲਾਨਾ ਤੋਂ ਘੱਟ ਹੈ ਨੂੰ ਵਿਦਿਆ ਮੁਫਤ।

Original with;
Punjab Vidhan Sabha
Digitized by;
Panjab Digital Library

[ਸਿਖਿਆ ਮੰਤਰੀ]

(2) ਲੜਕੀਆਂ ਨੂੰ ਜਿਨ੍ਹਾਂ ਦੇ ਮਾਪਿਆਂ ਦੀ ਸਾਲਾਨਾ ਆਮਦਨੀ 1001/- ਰੁਪਏ ਤੋਂ 3000/- ਰੁਪਏ ਤੀਕ ਹੈ, ਨੂੰ ਮੁਫਤ ਵਿਦਿਆ, ਪਰੰਤੂ ਇਸ ਸ਼੍ਰੇਣੀ ਵਿਚ ਆਉਂਦੇ ਲੜਕਿਆਂ ਤੋਂ ਅੱਧੀ ਫ਼ੀਸ ਲਈ ਜਾਂਦੀ ਹੈ।

(3) ਲੜਕੀਆਂ ਤੋਂ ਜਿਨ੍ਹਾਂ ਦੇ ਮਾਪਿਆਂ ਦੀ ਸਾਲਾਨਾ ਆਮਦਨੀ 3000/- ਰੁਪਏ ਤੋਂ ਵੱਧ ਹੈ, ਅੱਧੀ ਫ਼ੀਸ ਲਈ ਜਾਂਦੀ ਹੈ।

**UNSTARRED QUESTIONS NOS. 1055 & 1056

(Extension has been asked for in respect of Unstarred Questions Nos. 1055 & 1056)

## CALL ATTENTION NOTICES UNDER RULE 66

(Serial No. 14)

1. **Comrade Satya Pal Dang**
2. **Comrade Arjan Singh Mastana**
3. **Comrade Achhra Singh**
4. **Comrade Jangir Singh Joga**

: Sir, I beg to draw the attention of the Government towards a matter of urgent public importance, namely, a large number of workers in Cabling and Turbo Division of the Guru Nanak Thermal Plant are proposed to be retrenched within the next few days. A number of them have already received retrenchment notices.

It has caused much discontentment amongst the employees of the Thermal Plant Bhatinda in particular and of all the P. S. E. B. employees in general.

In view of the obvious and urgent importance of the matter, the Government may please be asked to make a statement in the House.

**Mr. Speaker** : Admitted. The Minister concerned may please make a statement.

(Serial No. 16)

**Comrade Shamsher Singh Josh** : Sir, I beg to draw the attention of the Government towards a matter of urgent public importance, namely, the decision of the State Government to regularise the services of those work-charged employees of the B & R and Irrigation Departments who have completed 5 years service has not been so far implemented which is causing grave concern amongst hundreds of workers who come under this category. In view of the importance of the matter the Government is requested to make a statement regarding this issue.

**For unstarred questions Nos. 1055 & 1056 and replies thereto, please see the Appendix to this debates.

Original with
Punjab Vidhan Sabha
Digitized by;
Panjab Digital Library

**Mr. Speaker** : Admitted. The Minister concerned may please make a statement.

(ਕ੍ਰਮ ਨੰ: 19)

**ਕਾਮਰੇਡ ਅਰਜਨ ਸਿੰਘ ਮਸਤਾਨਾ** : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ ਅਰਥਾਤ, ਇਸ ਸਾਲ ਨਰਮਾ ਤੇ ਕਪਾਹ ਦੀ ਸਰਕਾਰੀ ਖਰੀਦ ਨਾ ਹੋਣ ਕਰਕੇ ਕਿਸਾਨਾਂ ਨੂੰ ਬਹੁਤ ਘੱਟ ਭਾਅ ਮਿਲੇ ਹਨ। 80 ਫੀ ਸਦੀ ਤੋਂ ਜ਼ਿਆਦਾ ਫਸਲ ਕਿਸਾਨਾਂ ਦੇ ਹੱਥਾਂ ਵਿਚੋਂ ਜਾ ਚੁਕੀ ਹੈ। 20 ਫੀਸਦੀ ਅਜੇ ਫਸਲ ਕਿਸਾਨਾਂ ਪਾਸ ਹੈ। ਹੁਣ ਜ਼ਿਲ੍ਹਾ ਫਰੀਦਕੋਟ ਤੋਂ ਫ਼ਿਰੋਜ਼ਪੁਰ ਦੀਆਂ ਮੰਡੀਆਂ ਵਿਚ ਕਾਟਨ ਕਾਰਪੋਰੇਸ਼ਨ ਖਰੀਦ ਕਰ ਰਹੀ ਹੈ ਪਰ ਪੱਟੀ, ਖੇਮ ਕਰਨ ਜ਼ਿਲ੍ਹਾ ਅੰਮ੍ਰਿਤਸਰ ਜੋ ਨਰਮੇ ਦਾ ਘਰ ਹੈ ਅਜੇ ਤੱਕ ਕਾਰਪੋਰੇਸ਼ਨ ਕੋਈ ਖਰੀਦ ਨਹੀਂ ਕਰ ਰਹੀ। ਕਿਸਾਨਾਂ ਵਿਚ ਬੜੀ ਬੇਚੈਨੀ ਹੈ। ਸਰਕਾਰ ਬਿਆਨ ਦੇਣ ਦੀ ਕਿਰਪਾ ਕਰੇ।

**ਸ੍ਰੀ ਸਪੀਕਰ** : ਪ੍ਰਵਾਨ ਕੀਤਾ ਜਾਂਦਾ ਹੈ, ਸਬੰਧਤ ਵਜ਼ੀਰ ਸਾਹਿਬ, ਬਿਆਨ ਦੇਣ ਦੀ ਖੇਚਲ ਕਰਨ।

## PERSONAL EXPLANATION

**ਸਰਦਾਰ ਦਰਬਾਰਾ ਸਿੰਘ** : ਸਪੀਕਰ ਸਾਹਿਬ, ਸਰਦਾਰ ਹਰਚੰਦ ਸਿੰਘ ਜੀ ਨੇ ਹੁਣੇ ਹੀ ਹਰਚੰਦ ਸਿੰਘ ਕਮੇਟੀ ਦੀ ਰਿਪੋਰਟ ਬਾਰੇ ਮੇਰਾ ਜ਼ਿਕਰ ਕੀਤਾ ਹੈ। ਮੈਂ ਆਪ ਜੀ ਦੇ ਦੁਆਰਾ ਇਹ ਦੱਸਣਾ ਚਾਹੁੰਦਾ ਹਾਂ ਕਿ ਹਰਚੰਦ ਸਿੰਘ ਕਮੇਟੀ ਦੀ ਰਿਪੋਰਟ ਬਾਰੇ ਕਾਂਗਰਸ ਹਾਈ ਕਮਾਂਡ ਨੇ ਮੈਨੂੰ ਕਾਂਗਰਸ ਦਾ ਇਕ ਵਰਕਰ ਸਮਝਦੇ ਹੋਏ ਮੇਰੀ ਜਵਾਬ ਤਲਬੀ ਕੀਤੀ ਅਤੇ ਮੈਂ ਉਸ ਦਾ ਜਵਾਬ ਦਿੱਤਾ। ਉਨ੍ਹਾਂ ਨੇ ਇਕ ਕਮੇਟੀ ਬਣਾਈ ਸੀ ਜਿਸ ਦੇ ਮੈਂਬਰ ਸ੍ਰੀ ਗੋਖਲੇ ਜੀ, ਸ੍ਰੀ ਦਿਕਸ਼ਤ ਜੀ ਅਤੇ ਸਰਦਾਰ ਸਵਰਨ ਸਿੰਘ ਜੀ ਸਨ। ਉਨ੍ਹਾਂ ਨੇ ਕੇਸ ਦੀ ਪੜਤਾਲ ਕੀਤੀ ਅਤੇ ਉਸ ਕਮੇਟੀ ਨੇ ਮੈਨੂੰ ਬਿਲਕੁਲ ਬਰੀ ਕੀਤਾ। ਉਸ ਤੇ ਮੇਰੀ ਸਰਕਾਰ ਨੇ ਇਤਬਾਰ ਨਾ ਕੀਤਾ ਅਤੇ ਮੇਰੀ ਪੋਜ਼ੀਸ਼ਨ ਠੀਕ ਕਰਨ ਵਾਸਤੇ ਮੇਰੇ ਖਿਲਾਫ ਕੇਸ ਦਰਜ ਕਰਾਇਆ ਗਿਆ। ਉਸ ਕੇਸ ਵਿਚ ਅਦਾਲਤੇ ਆਲਾ ਨੇ ਮੈਨੂੰ ਬਿਲਕੁਲ ਬਰੀ ਕੀਤਾ ਹੈ। ਮੈਂ ਇਹ ਚੀਜ਼ ਆਪ ਦੀ ਗਿਆਤ ਵਿਚ ਲਿਆਉਣਾ ਚਾਹੁੰਦਾ ਸੀ ਕਿ ਕੋਈ ਐਸਾ ਇਲਜ਼ਾਮ ਨਹੀਂ ਜਿਸ ਦੇ ਮੁਤੱਲਕ ਮੇਰੀ ਇਨਕੁਆਇਰੀ ਨਾ ਹੋਈ ਹੋਵੇ।

**ਕਾਮਰੇਡ ਸੱਤ ਪਾਲ ਡਾਂਗ** : ** ** ** (ਵਿਘਨ)

**Mr. Speaker** : You can't decide about Censor. Please resume your seat. (*Interruption*) This should not form part of the proceedings.

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਅਸੈਂਬਲੀ ਵਿਚ ਮੈਂਬਰ ਸਾਹਿਬ, ਜੋ ਕੁਝ ਕਹਿੰਦੇ ਹਨ, ਉਹ ਛੱਪਣਾ ਚਾਹੀਦਾ ਹੈ ਜਾਂ ਨਹੀਂ, ਇਸ ਦਾ ਫੈਸਲਾ ਤੁਸੀਂ ਕਰੋ.........(ਵਿਘਨ)

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ** : ਇਸ ਦਾ ਫੈਸਲਾ ਮੈਂ ਨਹੀਂ ਕਰ ਸਕਦਾ, ਇਹ ਮੇਰੀ ਜਰਿਸਡਿਕਸ਼ਨ ਤੋਂ ਬਾਹਰ ਹੈ। I cannot interfere in the working of the Censor.

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਤੁਸੀਂ ਇਨ੍ਹਾਂ ਨੂੰ ਗਾਈਡ ਲਾਈਨਜ਼ ਦਿਓ।

**Mr. Speaker** : Please resume your seat.

## RESOLUTION RE. PROVIDING UNEMPLOYMENT ALLOWANCE TO THE EDUCATED UNEMPLOYED YOUTH, BOTH TECHNICAL & NON-TECHNICAL IN THE STATE

**ਕਾਮਰੇਡ ਅੱਛਰਾ ਸਿੰਘ (ਧੂਰੀ)** : ਸਪੀਕਰ ਸਾਹਿਬ, ਮੈਂ ਇਹ ਮਤਾ ਪੇਸ਼ ਕਰਦਾ ਹਾਂ,

"ਇਹ ਸਦਨ ਸਰਕਾਰ ਨੂੰ, ਰਾਜ ਵਿਚ ਪੜ੍ਹ ਲਿਖੇ
ਬੇਰੋਜ਼ਗਾਰ ਦੋਨੋਂ ਤਕਨੀਕੀ ਅਤੇ ਗੈਰ-ਤਕਨੀਕੀ
ਨੌਜਵਾਨਾਂ ਨੂੰ ਬੇਰੁਜ਼ਗਾਰੀ ਭੱਤਾ ਦੇਣ ਦਾ ਪ੍ਰਬੰਧ ਕਰਨ
ਸਬੰਧੀ ਇਕ ਸਕੀਮ ਬਣਾਉਣ ਲਈ ਕਾਰਵਾਈ ਕਰਨ
ਦੀ ਸਿਫਾਰਸ਼ ਕਰਦਾ ਹੈ।"

ਸਪੀਕਰ ਸਾਹਿਬ, ਅੱਜ ਕਲ ਪੜ੍ਹੇ ਲਿਖੇ ਬੇਰੋਜ਼ਗਾਰਾਂ ਦੀ ਸਮੱਸਿਆ ਦਾ ਰੋਜ਼ਗਾਰੀ ਦੇ ਨਾਲ ਬਹੁਤ ਸਬੰਧ ਹੈ। ਇਸ ਦਾ ਸਮਾਜਿਕ ਤੌਰ ਤੇ ਅਤੇ ਆਰਥਿਕ ਤੌਰ ਤੇ ਬੁਰਾ ਅਸਰ ਪੈਂਦਾ ਹੈ। ਸਮਾਜਿਕ ਤੌਰ ਤੇ ਵੇਖਿਆ ਹੈ ਕਿ ਸੈਂਕੜੇ ਨਹੀਂ ਹਜ਼ਾਰਾਂ ਨੌਜਵਾਨ ਖੁਦਕੁਸ਼ੀਆਂ ਕਰ ਚੁਕੇ ਹਨ। ਇਹ ਸਾਡੇ ਆਜ਼ਾਦ ਦੇਸ਼ ਦੇ ਮੱਥੇ ਉਤੇ ਲਾਹਨਤ ਹੈ। ਆਰਥਿਕ ਤੌਰ ਤੇ ਇਹ ਹੈ ਕਿ ਉਹ ਨੌਜਵਾਨ ਜਿਨ੍ਹਾਂ ਵਿਚ ਜਜ਼ਬਾ ਹੁੰਦਾ ਹੈ ਕਿ ਉਹ ਪੜ੍ਹ ਲਿਖ ਕੇ ਆਪਣੀ ਕੌਮ ਵਾਸਤੇ ਕੰਮ ਕਰਨਗੇ ਅਤੇ ਜਿਹੜੀ ਨੈਸ਼ਨਲ ਪ੍ਰੋਡਕਟ ਹੈ ਉਸ ਦੇ ਵਿਚ ਵਾਧਾ ਕਰਨਗੇ, ਉਹ ਜਜ਼ਬਾਤ ਉਨ੍ਹਾਂ ਦੇ ਧਰੇ ਧਰਾਏ ਰਹਿ ਜਾਂਦੇ ਹਨ। ਇਸ ਦਾ ਮਾੜਾ ਅਸਰ ਇਹ ਹੋਇਆ ਹੈ ਕਿ ਤੀਸਰੀ ਦੁਨੀਆਂ ਦੇ ਦੇਸ਼ਾਂ ਵਿਚ, ਯਾਨੀ ਜਿਹੜੇ ਹੁਣੇ ਆਜ਼ਾਦ ਹੋਏ ਹਨ ਅਤੇ ਸਾਡਾ ਭਾਰਤ ਵੀ ਉਸ ਵਿਚ ਸ਼ਾਮਲ ਹੈ, ਸਾਡੇ ਹਜ਼ਾਰਾਂ ਨੌਜਵਾਨਾਂ ਨੂੰ ਜਫਾ-ਜਾਲਣ ਦੇ ਬਾਵਜੂਦ ਬਿਲਕੁਲ ਰੋਜ਼ਗਾਰ ਨਹੀਂ ਮਿਲਦਾ ਅਤੇ ਉਹ ਬਾਹਰ ਜਾ ਰਹੇ ਹਨ। ਜੇ ਇਕੱਲੀ ਯੂ. ਕੇ. ਦੀ ਗੱਲ ਕਰੀਏ, ਕੈਨੇਡਾ ਉਸ ਤੋਂ ਬਾਅਦ ਆਉਂਦਾ ਹੈ, ਦੱਸ ਹਜ਼ਾਰ ਡਾਕਟਰਜ਼ ਮੈਡੀਕਲ ਸਰਵਿਸਿਜ਼ ਵਿਚ ਜਾ ਚੁਕੇ ਹਨ। ਹੋਰ ਦੇਸ਼ਾਂ ਵਿਚ ਵੀ, ਜਿਹੜੇ ਕਿ ਵਿਕਾਸ-ਸ਼ੀਲ ਦੇਸ਼ ਹਨ, ਸਾਡੇ ਨੌਜਵਾਨ ਜਾ ਰਹੇ ਹਨ। ਇਸ ਤੋਂ ਇਲਾਵਾ ਮੈਂ ਇਹ ਗੱਲ ਵੀ ਦੱਸਣੀ ਜ਼ਰੂਰੀ ਸਮਝਦਾ ਹਾਂ ਕਿ ਸਾਡੇ ਪੰਜਾਬ ਵਿਚ ਗਰੀਸ ਜਾਣ ਦੀ ਲਹਿਰ ਚੱਲੀ ਸੀ। ਇਥੇ ਬਹੁਤ ਸਾਰੀਆਂ ਬੋਗਸ ਏਜੰਸੀਆਂ ਚੱਲੀਆਂ ਹੋਈਆਂ ਹਨ ਜਿਨ੍ਹਾਂ ਨੇ ਸਾਡੇ ਨੌਜਵਾਨਾਂ ਨੂੰ ਗਰੀਸ ਭੇਜਣ ਲਈ ਉਨ੍ਹਾਂ ਦੇ ਜਾਹਲੀ ਪਾਸਪੋਰਟ ਬਣਾ ਦਿਤੇ ਅਤੇ ਸਾਡੇ ਨੌਜਵਾਨਾਂ ਨੂੰ ਰਸਤੇ ਵਿਚੋਂ ਵਾਪਸ ਮੁੜਨਾ ਪਿਆ ਅਤੇ ਉਨ੍ਹਾਂ ਏਜੰਸੀਆਂ ਨੇ ਲੱਖਾਂ ਰੁਪਏ ਲੁੱਟੇ। ਇਸ ਚੀਜ਼ ਨੂੰ ਰੋਕਣ ਵਾਸਤੇ ਗਵਰਨਰ ਸਾਹਿਬ

Original with; Punjab Vidhan Sabha Digitized by; Panjab Digital Library

ਦੇ ਐਡਰਸ ਵਿਚ ਕੋਈ ਯਕੀਨਦਹਾਨੀ ਨਹੀਂ ਦਿੱਤੀ ਗਈ । ਮੈਂ ਅਪੀਲ ਕਰਾਂਗਾ ਕਿ ਇਨ੍ਹਾਂ ਏਜੰਸੀਆਂ ਦੇ ਖਿਲਾਫ ਜਿਹੜੀਆਂ ਸਾਡੇ ਨੌਜਵਾਨਾਂ ਨੂੰ ਸਬਜ਼ ਬਾਗ ਦਿਖਾ ਕੇ ਬਾਹਰ ਲੈ ਜਾਂਦੀਆਂ ਹਨ ਅਤੇ ਜਿਹੜੀਆਂ ਨੌਜਵਾਨਾਂ ਨੂੰ ਇਸ ਤਰ੍ਹਾਂ ਪਰੇਸ਼ਾਨ ਕਰਨ ਉਨ੍ਹਾਂ ਨੂੰ ਖਤਮ ਕਰਨਾ ਚਾਹੀਦਾ ਹੈ । ਇਸ ਦੇ ਨਾਲ ਹੀ ਜਿਸ ਤਰ੍ਹਾਂ ਮੈਂ ਅਰਜ਼ ਕੀਤੀ ਹੈ ਕਿ ਸਮਾਜਿਕ ਤੌਰ ਤੇ ਕਿਸ ਤਰ੍ਹਾਂ ਨੌਜਵਾਨਾਂ ਤੇ ਬੁਰਾ ਅਸਰ ਪੈਂਦਾ ਹੈ । ਜਿਸ ਤਰ੍ਹਾਂ ਅਸੀਂ ਵੇਖ ਰਹੇ ਹਾਂ ਕਿ ਜਿਹੜੇ ਨੌਜਵਾਨ ਕਾਲਜਾਂ ਅਤੇ ਸਕੂਲਾਂ ਤੋਂ ਨਿਕਲਦੇ ਹਨ ਅਤੇ ਰੋਜ਼ਗਾਰ ਨਾ ਮਿਲਣ ਕਾਰਨ ਮਾਯੂਸ ਹੋ ਜਾਂਦੇ ਹਨ, ਕਿਸ ਤਰ੍ਹਾਂ ਉਹ ਸਮਾਜਿਕ ਬੁਰਾਈਆਂ ਵਿਚ ਫਸ ਜਾਂਦੇ ਹਨ । ਉਹ ਗਲਤ ਰਾਹ ਤੇ ਚਲੇ ਜਾਂਦੇ ਹਨ । ਜਿਸ ਤਰ੍ਹਾਂ ਉਹ ਨਕਸਲਬਾੜੀਆਂ ਦੇ ਸ਼ਿਕਾਰ ਹੋ ਗਏ ਸਨ । ਮੇਰੀ ਰਾਏ ਵਿਚ ਇਸ ਦਾ ਕਾਰਨ ਸੀ ਬੇਰੋਜ਼ਗਾਰੀ । ਲੋਕ ਬੇਰੋਜ਼ਗਾਰੀ ਤੋਂ ਤੰਗ ਆ ਕੇ ਜਿਧਰ ਹਿੱਤ ਨਹੀਂ ਹੁੰਦਾ ਉਸ ਪਾਸੇ ਵਲ ਤੁਰ ਜਾਂਦੇ ਹਨ ਅਤੇ ਦੇਸ਼ ਤਬਾਹੀ ਵਲ ਚਲਾ ਜਾਂਦਾ ਹੈ । ਸਾਡੇ ਦੇਸ਼ ਨੂੰ ਉਨ੍ਹਾਂ ਨੌਜਵਾਨਾਂ ਦਾ ਨੁਕਸਾਨ ਹੋ ਰਿਹਾ ਹੈ । ਇਸ ਗੱਲ ਬਾਰੇ ਸਾਨੂੰ ਖਾਸ ਧਿਆਨ ਦੇਣਾ ਚਾਹੀਦਾ ਹੈ ।

ਸਪੀਕਰ ਸਾਹਿਬ, ਆਲ ਇੰਡੀਆ ਲੈਵਲ ਤੇ ਗੌਰਮਿੰਟ ਆਫ ਇੰਡੀਆ ਨੇ 1972 ਵਿੱਚ ਇੱਕ ਭਗਵਤੀ ਕਮੇਟੀ ਬਣਾਈ ਸੀ ਅਤੇ ਉਸ ਨੇ ਆਪਣੀ ਇੰਟੈਰਿਮ ਰਿਪੋਰਟ ਵੀ 1972 ਵਿਚ ਹੀ ਪੇਸ਼ ਕਰ ਦਿੱਤੀ ਸੀ । ਇਸ ਰਿਪੋਰਟ ਵਿੱਚ ਉਸ ਕਮੇਟੀ ਨੇ ਸਿਫਾਰਸ਼ ਕੀਤੀ ਸੀ ਕਿ ਸਰਕਾਰ ਨੂੰ ਇਸ ਦੇ ਬਾਰੇ ਸੋਚਣਾ ਚਾਹੀਦਾ ਹੈ ਅਤੇ ਜੇ ਧਿਆਨ ਨਾ ਦਿੱਤਾ ਤਾਂ ਸਾਨੂੰ ਬੜਾ ਮਾਯੂਸ ਹੋਣਾ ਪਵੇਗਾ ਇਸ ਕਮੇਟੀ ਨੇ ਵੀ ਕਿਹਾ, Educated unemployed persons become frustrated and feel strong resentment against the existing social order and they become a source of social, economic and political discontent and turmoil in the country. ਇਸ ਗੱਲ ਨੂੰ ਮੁੱਖ ਰੱਖਦੇ ਹੋਏ ਸਾਡੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਇਸ ਸਮੱਸਿਆ ਨੂੰ ਦੂਰ ਕਰਨ ਵਾਸਤੇ ਜ਼ਰੂਰ ਕੋਈ ਕਦਮ ਚੁੱਕਣ ਤਾਂ ਕਿ ਸਾਰੇ ਜਿਹੜੇ ਪੜ੍ਹੇ ਲਿਖੇ ਲੋਕ ਹਨ ਜੋ ਕਿ ਸਕੂਲਾਂ ਜਾਂ ਕਾਲਜਾਂ ਵਿੱਚੋਂ ਪੜ੍ਹ ਲਿਖ ਕੇ ਬਾਹਰ ਅਉਂਦੇ ਹਨ ਉਨ੍ਹਾਂ ਨੂੰ ਰੋਜ਼ਗਾਰ ਦੀ ਗਰੰਟੀ ਹੋਵੇ । ਅਸੀਂ ਇਥੇ ਰੋਜ਼ ਸਮਾਜਵਾਦ ਦੀਆਂ ਗੱਲਾਂ ਕਰਦੇ ਹਾਂ । ਮੇਰਾ ਵਿਚਾਰ ਹੈ ਕਿ ਅਸੀਂ ਸਮਾਜਵਾਦ ਦਾ ਲਫਜ਼ ਉਧਾਰਾ ਲਿਆ ਹੋਇਆ ਹੈ ਸਮਾਜਵਾਦ ਦੀ ਇਹ ਪ੍ਰੀ-ਕੰਡੀਸ਼ਨ ਹੈ ਕਿ ਹਰ ਪੜ੍ਹੇ ਲਿਖੇ ਨੌਜਵਾਨ ਨੂੰ ਰੋਜ਼ਗਾਰ ਦਿੱਤਾ ਜਾਵੇਗਾ । ਜੇ ਅਸੀਂ ਰੋਜ਼ਗਾਰ ਦੀ ਗਰੰਟੀ ਨਹੀਂ ਦੇ ਸਕਦੇ ਅਤੇ ਫਿਰ ਵੀ ਕਹੀ ਜਾਂਦੇ ਹਾਂ ਕਿ ਅਸੀਂ ਸਮਾਜਵਾਦ ਲਿਆ ਰਹੇ ਹਾਂ ਤਾਂ ਮੇਰਾ ਖਿਆਲ ਹੈ ਕਿ ਅਸੀਂ ਸਮਾਜਵਾਦ ਦੇ ਨਾਂ ਨੂੰ ਬਦਨਾਮ ਕਰ ਰਹੇ ਹਾਂ । ਅੱਜ ਦੁਨੀਆ ਦੇ 1/3 ਹਿੱਸੇ ਤੇ ਸਮਾਜਵਾਦ ਹੈ । ਉਨ੍ਹਾਂ ਦੇਸ਼ਾਂ ਵਿੱਚ ਸਮਾਜੀ ਵਿਕਾਸ ਇਸ ਤਰੀਕੇ ਨਾਲ ਚਲਦਾ ਹੈ ਕਿ ਉਥੇ ਹਰ ਇਨਸਾਨ ਨੂੰ ਰੋਜ਼ਗਾਰ ਮਿਲਦਾ ਹੈ ਅਤੇ ਉਨ੍ਹਾਂ ਨੇ ਨਵੇਂ ਤਰੀਕੇ ਦਾ ਸਮਾਜਵਾਦ ਕਾਇਮ ਕਰ ਲਿਆ ਹੈ । ਪਹਿਲੀ ਗੱਲ ਇਹ ਹੈ ਕਿ ਹਰ ਇਕ ਪੜ੍ਹੇ ਲਿਖੇ ਅਤੇ ਅਨਪੜ੍ਹ ਨੌਜਵਾਨ ਨੂੰ ਉਨ੍ਹਾਂ ਦੇਸ਼ਾਂ ਵਿਚ ਰੋਜ਼ਗਾਰ ਦੀ ਗਾਰੰਟੀ ਹੈ । ਇਸ ਲਈ ਮੈਂ ਪੰਜਾਬ ਸਰਕਾਰ ਨੂੰ ਇਹ ਤਜਵੀਜ਼ ਕਰਾਂਗਾ ਕਿ ਅਸੀਂ ਕੋਸ਼ਿਸ਼ ਕਰੀਏ ਕਿ ਸਾਰੇ ਪੜ੍ਹੇ ਲਿਖੇ ਤੇ ਅਨਪੜ੍ਹ ਨੌਜਵਾਨਾਂ ਨੂੰ ਰੋਜ਼ਗਾਰ ਮਿਲੇ ਜਿਹੜੇ ਕਿ ਇਸ ਦੇਸ਼ ਦੀ ਕੌਮੀ ਆਮਦਨ ਵਿੱਚ ਵਾਧਾ ਕਰਨਾ ਚਾਹੁੰਦੇ ਹਨ । ਉਹ ਬੁਰੇ ਰਸਤੇ ਤੇ ਨਹੀਂ ਚਲਣਾ ਚਾਹੁੰਦੇ ਪਰ ਬੁਨਿਆਦੀ ਤੌਰ ਤੇ

Original with;
Punjab Vidhan Sabha
Digitized by;
Panjab Digital Library

[ ਕਾਮਰੇਡ ਅੱਛਰਾ ਸਿੰਘ ]

ਆਪਣੇ ਹਾਲਾਤ ਤੋਂ ਤੰਗ ਆ ਕੇ ਉਹ ਬੁਰੇ ਕੰਮਾਂ ਵਿੱਚ ਪੈਰ ਰੱਖਦੇ ਹਨ । ਸਰਕਾਰ ਰੋਜ਼ਗਾਰ ਦੀ ਸਾਰਿਆਂ ਨੂੰ ਗਾਰੰਟੀ ਦੇਵੇ । ਸਾਡੇ ਸੂਬੇ ਵਿੱਚ ਪੜ੍ਹੇ ਲਿਖੇ ਬੇਰੁਜ਼ਗਾਰਾਂ ਦੀ ਵੀ ਬਹੁਤ ਗਿਣਤੀ ਵੱਧੀ ਹੈ । ਪੜ੍ਹੇ ਲਿਖੇ ਜਿਹੜੇ ਬੇਰੋਜ਼ਗਾਰ ਹਨ ਉਹ ਪੰਜਾਬ ਵਿੱਚ ਦਸੰਬਰ 1972 ਵਿੱਚ 67673 ਸਨ ਅਤੇ ਦਸੰਬਰ 1973 ਵਿੱਚ ਇਨ੍ਹਾਂ ਦੀ ਗਿਣਤੀ 1,00,746 ਹੋ ਗਈ । ਇਸ ਤੋਂ ਸਾਫ ਹੈ ਕਿ ਬੇਰੋਜ਼ਗਾਰੀ ਦਾ ਟਰੈਂਡ ਜਿਹੜਾ ਹੈ ਇਹ ਵੱਧ ਰਿਹਾ ਹੈ ਅਤੇ ਇਸ ਸਬੰਧ ਵਿੱਚ ਸਾਨੂੰ ਜ਼ਰੂਰ ਸੋਚਣਾ ਪਵੇਗਾ । ਮੈਂ ਇਹ ਤਜਵੀਜ਼ ਦੇਵਾਂਗਾ ਕਿ ਜਿਹੜੀਆਂ ਸਾਡੀਆਂ ਆਰਥਿਕ ਨੀਤੀਆਂ ਹਨ ਇਨ੍ਹਾਂ ਤੇ ਸਾਨੂੰ ਨਜ਼ਰ ਮਾਰਨੀ ਚਾਹੀਦੀ ਹੈ ਅਤੇ ਜੇ ਇਹ ਲੋਕਾਂ ਨੂੰ ਰੋਜ਼ਗਾਰ ਨਹੀਂ ਦੇ ਸਕਦੀਆਂ ਤਾਂ ਇਨ੍ਹਾਂ ਵਿੱਚ ਲੋੜੀਂਦੀ ਤਬਦੀਲੀ ਕਰਨੀ ਚਾਹੀਦੀ ਹੈ ਤਾਕਿ ਸਾਰੇ ਪੜ੍ਹੇ ਲਿਖੇ ਬੇਰੋਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਮਿਲੇ । ਸਪੀਕਰ ਸਾਹਿਬ, ਦਸੰਬਰ 1973 ਵਿੱਚ ਪੜ੍ਹੇ ਲਿਖੇ :

**ਸ੍ਰੀ ਸਪੀਕਰ :** ਤੁਸੀਂ ਅੱਧੇ ਘੰਟੇ ਵਿਚ ਆਪਣੀ ਸਪੀਚ ਖ਼ਤਮ ਕਰ ਦੇਣਾ ਜੀ ।

**ਕਾਮਰੇਡ ਅੱਛਰਾ ਸਿੰਘ :** ਠੀਕ ਹੈ ਜੀ । ਮੈਂ ਅਰਜ਼ ਕਰ ਰਿਹਾ ਸੀ ਕਿ ਦਸੰਬਰ 1973 ਵਿੱਚ ਜਿਹੜੇ ਸਾਡੇ ਸੂਬੇ ਵਿਚ ਬੇਰੋਜ਼ਗਾਰ ਇੰਜੀਨੀਅਰਜ਼ ਸਨ ਉਨ੍ਹਾਂ ਦੀ ਗਿਣਤੀ 561 ਸੀ ਅਤੇ ਜਿਹੜੇ ਡਿਪਲੋਮਾ ਹੋਲਡਰਜ਼ ਸਨ ਉਨ੍ਹਾਂ ਦੀ ਗਿਣਤੀ 807 ਸੀ ਅਤੇ ਆਈ. ਟੀ. ਆਈ. ਦੇ ਜਿਹੜੇ ਟਰੇਂਡ ਸਿਖਿਆਰਥੀ ਬੇਰੋਜ਼ਗਾਰ ਸਨ ਉਨ੍ਹਾਂ ਦੀ ਗਿਣਤੀ 2500 ਦੇ ਕਰੀਬ ਸੀ । ਇਥੋਂ ਤਕ ਕਿ ਐਗਰੀਕਲਚਰ ਇਨਸਪੈਕਟਰ ਵੀ 346 ਦੇ ਕਰੀਬ ਬੇਰੋਜ਼ਗਾਰ ਸਨ । ਐਮ. ਬੀ. ਬੀ. ਐਸ. ਡਾਕਟਰ ਵੀ ਕਈ ਬੇਰੋਜ਼ਗਾਰ ਸਨ । ਸਰਕਾਰ ਨੇ ਇਹ ਚੰਗੀ ਗੱਲ ਕੀਤੀ ਹੈ ਕਿ ਬੇਰੋਜ਼ਗਾਰ ਜਿਤਨੇ ਵੀ ਡਾਕਟਰ, ਐਮ. ਬੀ. ਬੀ. ਐਸ. ਸਨ ਉਨ੍ਹਾਂ ਨੂੰ ਰੁਜ਼ਗਾਰ ਦਿੱਤਾ ਹੈ । ਜਿਤਨੇ ਬੀ.ਐਡ. ਅਤੇ ਜੇ.ਬੀ. ਟੀ. ਟੀਚਰ ਸਨ ਉਨ੍ਹਾਂ ਨੂੰ ਵੀ ਰੋਜ਼ਗਾਰ ਮਿਲ ਗਿਆ ਹੈ । ਇਹ ਬਹੁਤ ਹੀ ਚੰਗੀ ਗੱਲ ਹੈ । ਇਸ ਦੀ ਸਾਨੂੰ ਸਰਾਹਨਾ ਕਰਨੀ ਚਾਹੀਦੀ ਹੈ । ਇਥੇ ਇਹ ਗੱਲ ਸਰਕਾਰੀ ਬੈਂਚਾਂ ਵਲੋਂ ਕਹੀ ਜਾ ਸਕਦੀ ਹੈ ਕਿ ਉਹ ਇਹ ਗੱਲ ਸਮਝੇ ਨਹੀਂ । ਮੈਨੂੰ ਯਾਦ ਹੈ ਕਿ ਮੈਂ ਪਿਛਲੇ ਸਾਲ ਵੀ ਸਵਾਲਾਂ ਰਾਹੀਂ ਬੇਰੋਜ਼ਗਾਰੀ ਬਾਰੇ ਜ਼ਰੂਰ ਗੱਲ ਕੀਤੀ ਸੀ ਅਤੇ ਕਿਹਾ ਸੀ ਕਿ ਇਸ ਦਾ ਪਰਬੰਧ ਕਰਨਾ ਚਾਹੀਦਾ ਹੈ । ਖਜ਼ਾਨਾ ਮੰਤਰੀ ਸਾਹਿਬ ਵਲੋਂ ਕਿਹਾ ਗਿਆ ਕਿ ਇਹ ਸੰਭਵ ਨਹੀਂ ਪਰ ਇਸ ਸਬੰਧ ਵਿੱਚ ਕੋਸ਼ਿਸ਼ ਜ਼ਰੂਰ ਕਰਨੀ ਚਾਹੀਦੀ ਹੈ । ਮੈਨੂੰ ਅਫਸੋਸ ਹੈ ਕਿ ਜਿਹੜੀ ਇਸ ਪਾਸੇ ਵਲ ਮੌਜੂਦਾ ਮਨਿਸਟਰੀ ਨੇ ਕੋਸ਼ਿਸ਼ ਕੀਤੀ ਹੈ ਉਹ ਬੜੀ ਨਿਗੂਣੀ ਹੈ । ਇਸ ਮਸਲੇ ਨੂੰ ਹੱਲ ਕਰਨ ਲਈ ਵਾਰ-ਫੁਟਿੰਗ ਤੇ ਕੰਮ ਕਰਨਾ ਚਾਹੀਦਾ ਹੈ । ਇਸ ਦੇ ਬਾਰੇ ਮੈਂ ਇਕ ਮਿਸਾਲ ਦਿੰਦਾ ਹਾਂ ਜਿਸ ਤੋਂ ਸਾਨੂੰ ਸਾਰਿਆਂ ਨੂੰ ਸੱਬਕ ਮਿਲਦਾ ਹੈ । ਕੇਰਲਾ ਸਰਕਾਰ ਨੇ ਹਰ ਇਕ ਗਰਾਮ ਪੰਚਾਇਤ ਵਿੱਚ ਇੰਡਸਟਰੀਅਲ ਐਸਟੇਟ ਸ਼ੁਰੂ ਕੀਤੀ ਹੈ ਜਿਥੇ ਕਿ 1,000 ਪੜ੍ਹੇ ਲਿਖੇ ਨੌਜਵਾਨਾਂ ਨੂੰ ਰੋਜ਼ਗਾਰ ਦਿਤਾ ਜਾਵੇਗਾ, ਉਥੇ ਕੰਮ ਸ਼ੁਰੂ ਹੋ ਗਿਆ ਹੈ । ਇਸ ਦਾ ਮਤਲਬ ਹੈ ਕਿ 1 ਲੱਖ ਨੌਜਵਾਨਾਂ ਨੂੰ ਇੱਕ ਸਾਲ ਦੇ ਅੰਦਰ ਰੋਜ਼ਗਾਰ ਦੇਣ ਦਾ ਪ੍ਰਬੰਧ ਹੋ ਜਾਵੇਗਾ । ਇਹ ਬਹੁਤ ਭਾਰੀ ਕਦਮ ਉਨ੍ਹਾਂ ਨੇ ਪੁੱਟਿਆ ਹੈ । ਇਸ ਦੇ ਨਾਲ ਹੀ ਨਾਲ ਉਨ੍ਹਾਂ ਨੇ 1 ਲੱਖ ਮਕਾਨ ਵੀ ਬਣਾਏ ਹਨ । ਇਸ ਨਾਲ ਟੈਕਨੀਕਲੀ ਜਿਹੜੇ ਟਰੇਂਡ ਆਦਮੀ ਹਨ ਉਨ੍ਹਾਂ ਨੂੰ ਵੀ ਰੋਜ਼ਗਾਰ ਮਿਲਿਆ ਹੈ ਅਤੇ ਹੋਰਾਂ ਨੂੰ ਵੀ ਮਿਲਿਆ ਹੈ । ਮੈਂ ਬੇਨਤੀ ਕਰਾਂਗਾ ਕਿ ਸਾਡੀ ਸਰਕਾਰ ਨੂੰ ਵੀ ਇਸ ਸਬੰਧ ਵਿੱਚ ਕੁਝ ਨਾ ਕੁਝ ਜ਼ਰੂਰ ਸੋਚਣਾ ਚਾਹੀਦਾ ਹੈ ।

Original with
Punjab Vidhan Sabha
Digitized by
Panjab Digital Library

ਇੱਕ ਸੈਲਫ-ਇੰਪਲਾਇਮੈਂਟ ਦੀ ਸਕੀਮ ਇਨ੍ਹਾਂ ਨੇ ਸ਼ੁਰੂ ਕੀਤੀ ਸੀ । ਪੰਜਾਬ ਸਰਕਾਰ ਨੇ ਕਿਹਾ ਸੀ ਅਤੇ ਪਿੱਛੇ ਜਿਹੇ ਤਕਰੀਰ ਹੋਈ ਅਤੇ ਉਸ ਦੇ ਵਿੱਚ ਵਾਅਦਾ ਕੀਤਾ ਸੀ ਕਿ ਦੋ ਕਰੋੜ ਰੁਪਏ ਰੱਖਣੇ ਹਨ ਪੜ੍ਹੇ ਲਿਖੇ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਲਈ ਅਤੇ ਹੋਰ ਸਹੂਲਤਾਂ ਵੀ ਉਨ੍ਹਾਂ ਨੂੰ ਦਿੱਤੀਆਂ ਜਾਣਗੀਆਂ ਜਿਸ ਨਾਲ ਉਹ ਆਪਣਾ ਕੰਮ ਸ਼ੁਰੂ ਕਰ ਸਕਣਗੇ । ਮੈਨੂੰ ਅਫਸੋਸ ਹੈ ਕਿ ਲਾਟ ਸਾਹਿਬ ਦੀ ਤਕਰੀਰ ਵਿੱਚ ਇਸ ਦਾ ਕੋਈ ਜ਼ਿਕਰ ਨਹੀਂ ਆਇਆ । ਉਸ ਦੀ ਸ਼ੁਰੂਆਤ ਹੋਈ ਹੈ ਜਾਂ ਨਹੀਂ ਹੋਈ, ਜੇ ਹੋਈ ਹੈ ਤਾਂ ਕੀ ਪ੍ਰੋਗਰੈਸ ਹੋਈ ਹੈ, ਕਿਤਨੇ ਪੜ੍ਹੇ ਲਿਖੇ ਵਿਅਕਤੀਆਂ ਨੂੰ ਰੋਜ਼ਗਾਰ ਮਿਲਿਆ ਹੈ। ਜਿਹੜਾ ਵਾਅਦਾ ਕੀਤਾ ਸੀ ਇਸ ਦੋ ਕਰੋੜ ਰੁਪਏ ਦੀ ਰਕਮ ਨੂੰ ਖਰਚਣ ਦਾ ਉਹ ਰਕਮ ਖਰਚੀ ਵੀ ਗਈ ਹੈ ਜਾਂ ਨਹੀਂ । ਜੇ ਉਹ ਪੈਸਾ ਖਰਚ ਕੀਤਾ ਗਿਆ ਹੈ ਤਾਂ ਕਿਤਨੇ ਵਿਅਕਤੀਆਂ ਨੂੰ ਆਪਣਾ ਰੋਜ਼ਗਾਰ ਖੋਲ੍ਹਣ ਦਾ ਮੌਕਾ ਮਿਲਿਆ ਹੈ । ਇਸ ਤੋਂ ਬਾਅਦ ਜਿਹੜਾ ਇਹ 20 ਨੁਕਾਤੀ ਪ੍ਰੋਗਰਾਮ ਹੈ ਇਸ ਵਿਚ ਵੀ ਰੋਜ਼ਗਾਰ ਦੇਣ ਦੀਆਂ ਗੱਲਾਂ ਕੀਤੀਆਂ ਗਈਆਂ ਹਨ ।

**ਸ੍ਰੀ ਸਪੀਕਰ** : ਆਰਡਰ ਪਲੀਜ਼ । ਟਰੇਜ਼ਰੀ ਬੈਂਚਾਂ ਤੇ ਬੈਠੇ ਮਨਿਸਟਰ ਸਾਹਿਬਾਨ ਹਾਊਸ ਨੂੰ ਹੀ ਲਾਬੀ ਨਾ ਬਣਾਉਣ । ਉਹ ਲਾਬੀ ਵਿੱਚ ਜਾ ਕੇ ਗੱਲ ਕਰ ਲੈਣ । ਸ਼ਰਮਾ ਜੀ, ਤੁਸੀਂ ਲਾਬੀ ਵਿੱਚ ਗਲ ਕਰ ਲਓ ।

**ਵਿੱਤ ਮੰਤਰੀ** : ਸਪੀਕਰ ਸਾਹਿਬ, ਤੁਸੀਂ ਡਿਪਟੀ ਸਪੀਕਰ ਸਾਹਿਬ ਨੂੰ ਬੁਲਾ ਲਓ । (ਇਸ ਸਮੇਂ ਡਿਪਟੀ ਸਪੀਕਰ ਸਾਹਿਬ ਟਰੈਜ਼ਰੀ ਬੈਂਚਾਂ ਤੋਂ ਉਠ ਕੇ ਆਪਣੀ ਸੀਟ ਤੇ ਆ ਗਏ ਤੇ ਫਲੋਰ ਕਰਾਸ ਕਰ ਲਿਆ ।)

**ਸ੍ਰੀ ਸਪੀਕਰ** : ਡਿਪਟੀ ਸਪੀਕਰ ਸਾਹਿਬ, ਤੁਸੀਂ ਫਲੋਰ ਕਰਾਸ ਕਰ ਰਹੇ ਹੋ ਇਹ ਗਲਤ ਗਲ ਹੈ ।

**Sardar Nasib Singh Gill (Deputy Speaker)** : Sorry, Sir.

**ਕਾਮਰੇਡ ਅੱਛਰਾ ਸਿੰਘ** : ਮੈਂ, ਸਪੀਕਰ ਸਾਹਿਬ, ਬੇਨਤੀ ਕਰ ਰਿਹਾ ਸੀ ਕਿ ਪਿਛਲੇ ਬਜਟ ਸੈਸ਼ਨ ਵਿੱਚ ਦੋ ਕਰੋੜ ਰੁਪਏ ਇਸ ਦੇ ਲਈ ਰੱਖੇ ਗਏ ਸਨ । ਇਹ ਕਿਹਾ ਗਿਆ ਸੀ ਕਿ ਇਸ ਨਾਲ ਪੜ੍ਹੇ ਲਿਖੇ ਬੇਰੋਜ਼ਗਾਰਾਂ ਨੂੰ ਸੈਲਫ-ਐਪਲਾਇਮੈਂਟ ਦੇਣ ਵਾਸਤੇ ਕੰਮ ਕੀਤਾ ਜਾਵੇਗਾ । ਪਰ ਇੱਥੇ ਕੋਈ ਜ਼ਿਕਰ ਨਹੀਂ ਕੀਤਾ ਗਿਆ ਕਿ ਉਹ ਪੈਸੇ ਖਰਚੇ ਵੀ ਹਨ ਜਾਂ ਨਹੀਂ । ਜੇ ਉਹ ਪੈਸੇ ਖਰਚੇ ਗਏ ਹਨ ਤਾਂ ਕਿਤਨੇ ਪੜ੍ਹੇ ਲਿਖੇ ਬੇਰੋਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਦਾ ਮੌਕਾ ਮੁਹੱਈਆ ਕੀਤਾ ਹੈ । ਇਸ ਤੋਂ ਮਾਲੂਮ ਹੁੰਦਾ ਹੈ ਕਿ ਸਰਕਾਰ ਦੀ ਅਟੈਂਸ਼ਨ ਇਸ ਮਸਲੇ ਵਲ ਉਤਨੀ ਨਹੀਂ ਜਿਤਨੀ ਕਿ ਹੋਣੀ ਚਾਹੀਦੀ ਹੈ । 20 ਨੁਕਾਤੀ ਪ੍ਰੋਗਰਾਮ ਆਇਆ ਹੈ । ਉਸਦੇ ਵਿੱਚ ਇਹ ਵੀ ਇੱਕ ਨੁਕਤਾ ਹੈ ਕਿ ਪੜ੍ਹੇ ਲਿਖੇ ਬੇਰੋਜ਼ਗਾਰ ਜਿਹੜੇ ਨੌਜਵਾਨ ਹਨ ਇਨ੍ਹਾਂ ਨੂੰ ਰੋਜ਼ਗਾਰ ਦਿੱਤਾ ਜਾਵੇਗਾ । ਕੁਝ ਰੁਪਿਆ ਦੋ ਤਿੰਨ ਸਕੀਮਾਂ ਲਈ ਰੱਖਿਆ ਗਿਆ ਹੈ । 1961 ਦਾ ਅਪਰੈਂਟਿਸਸ਼ਿਪ ਐਕਟ ਜਿਹੜਾ ਹੈ ਉਸ ਦੇ ਉਤੇ ਅਮਲ ਕਰਨ ਦਾ ਵੀ ਵਚਨ ਕੀਤਾ ਗਿਆ ਹੈ । ਇਸ ਦੇ ਤਹਿਤ 700 ਨੌਜਵਾਨਾਂ ਨੂੰ ਟਰੇਂਡ ਕੀਤਾ ਜਾਵੇਗਾ ਉਸ ਤੋਂ ਬਾਅਦ 1500 ਹੋਰ ਜਿਹੜੇ ਹਨ ਉਨ੍ਹਾਂ ਨੂੰ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਅੱਛਰਾ ਸਿੰਘ]

ਵੀ ਨਿਊ ਅਪਰੈਂਟਿਸਸ਼ਿਪ ਦੇ ਤਹਿਤ ਟਰੇਂਡ ਕੀਤਾ ਜਾਵੇਗਾ। ਅਰਥਾਤ ਇਸ ਤਰ੍ਹਾਂ 2000 ਦੇ ਕਰੀਬ ਪੜ੍ਹੇ ਲਿਖੇ ਬੇਰੋਜ਼ਗਾਰ ਸ਼ਾਗਿਰਦਾਂ ਨੂੰ ਆਪਣਾ ਕੰਮ ਕਰਨ ਦੇ ਯੋਗ ਬਣਾਇਆ ਜਾਵੇਗਾ। ਪਰ ਇਸ ਤੇ ਕੋਈ ਅਮਲ ਕਰਨਾ ਸ਼ੁਰੂ ਨਹੀਂ ਹੋਇਆ।

10.09 ਸਵੇਰ | (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਗੀ ਦੀ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਮੈਂ ਇਹ ਤਜਵੀਜ਼ ਦੇਵਾਂਗਾ ਕਿ ਇਸ ਸਕੀਮ ਦੇ ਤਹਿਤ ਅਮਲ ਸ਼ੁਰੂ ਹੋਣਾ ਚਾਹੀਦਾ ਹੈ। ਇਸ ਤੋਂ ਬਾਅਦ 20 ਨੁਕਾਤੀ ਪ੍ਰੋਗਰਾਮ ਦੇ ਤਹਿਤ 2 ਕਰੋੜ ਰੁਪਿਆ ਹੋਰ ਸਕੀਮਾਂ ਲਈ ਰੱਖਿਆ ਗਿਆ ਹੈ। ਪਿਛਲੇ ਜਿਹੜੇ ਦੋ ਕਰੋੜ ਰੁਪਏ ਹਨ ਉਨਾਂ ਨੂੰ ਵੀ ਵਰਤਣ ਦਾ ਵਾਅਦਾ ਕੀਤਾ ਹੈ। ਸਰਕਾਰ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਕਿਸ ਤਰ੍ਹਾਂ ਇਹ ਪੈਸੇ ਖਰਚ ਕਰਨ ਦੀ ਸਕੀਮ ਹੈ। 5,000 ਪੜ੍ਹੇ ਲਿਖੇ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਦੀ ਵੀ ਗੱਲ ਕੀਤੀ ਗਈ ਹੈ। ਡਿਪਟੀ ਸਪੀਕਰ ਸਾਹਿਬ ਮੈਂ ਇਹ ਗੱਲ ਕਹੇ ਬਗੈਰ ਨਹੀਂ ਰਹਿ ਸਕਦਾ ਕਿ ਐਂਪਲਾਇਮੈਂਟ ਐਕਸਚੇਂਜਾਂ ਦੇ ਰਜਿਸਟਰਾਂ ਦੇ ਮੁਤਾਬਿਕ ਵੀ ਜਿਹੜੇ ਸਾਡੇ ਪੜ੍ਹੇ ਲਿਖੇ ਬੇਰੋਜ਼ਗਾਰ ਹਨ ਉਨ੍ਹਾਂ ਦੀ ਗਿਣਤੀ ਵੀ ਬਹੁਤ ਹੈ। ਬੇਸ਼ਕ ਇਨ੍ਹਾਂ ਰਜਿਸਟਰਾਂ ਤੇ ਇਤਬਾਰ ਨਹੀਂ ਕੀਤਾ ਜਾ ਸਕਦਾ। ਫਿਰ ਵੀ ਉਹ ਠੀਕ ਹੀ ਸਮਝ ਲੈਣੇ ਚਾਹੀਦੇ ਹਨ ਭਾਵੇਂ ਇਨ੍ਹਾਂ ਤੋਂ ਜਿਹੜੀ ਸਾਡੇ ਪੜ੍ਹੇ ਲਿਖੇ ਨੌਜਵਾਨਾਂ ਦੀ ਹਾਲਤ ਹੈ, ਉਸ ਦੀ ਟਰੂ ਪਿਕਚਰ ਡਿਪਿਕਟ ਨਹੀਂ ਹੁੰਦੀ। ਜਿਹੜੀਆਂ ਸਾਡੀਆਂ ਚੋਣ ਏਜੰਸੀਆਂ ਹਨ, ਸਬਾਰਡੀਨੇਟ ਸਰਵਿਸਿਜ਼ ਸਿਲੈਕਸ਼ਨ ਬੋਰਡ ਹੈ, ਪਬਲਿਕ ਸਰਵਿਸ ਕਮਿਸ਼ਨ ਹੈ, ਇਹ ਜਿਹੜੇ ਅਦਾਰੇ ਹਨ, ਇਹ ਠੀਕ ਕੰਮ ਨਹੀਂ ਕਰਦੇ। ਮੈਂ ਇਸ ਗਲ ਨੂੰ ਯਾਦ ਕਰਾਉਣਾ ਚਾਹੁੰਦਾ ਹਾਂ ਇਨ੍ਹਾਂ ਅਦਾਰਿਆਂ ਵਿਚ ਹਜ਼ਾਰਾਂ ਰੁਪਏ ਚਲਦੇ ਹਨ ਅਤੇ ਨੌਜਵਾਨਾਂ ਨਾਲ ਬੜੀ ਬੇਇਨਸਾਫੀ ਹੁੰਦੀ ਹੈ....

**Mr. Deputy Speaker** : Not allowed. This is not relevant to this resolution.

**ਕਾਮਰੇਡ ਅੱਛਰਾ ਸਿੰਘ** : ਜਿਹੜੇ ਪੜ੍ਹੇ ਲਿਖੇ ਲੋਕ ਹਨ ਅਤੇ ਜਿਹੜੇ ਕੰਮ ਵੀ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਰੋਜ਼ਗਾਰ ਨਹੀਂ ਦਿਤਾ ਜਾਂਦਾ। ਇਹ ਇਕ ਬੜੀ ਸਿਤਮ ਜ਼ਰੀਫੀ ਦੀ ਗੱਲ ਹੈ, ਬੜੀ ਬੇਇਨਸਾਫੀ ਦੀ ਗਲ ਹੈ ਅਤੇ ਇਹ ਚੋਣ ਏਜੰਸੀਆਂ ਠੀਕ ਤਰ੍ਹਾਂ ਕੰਮ ਨਹੀਂ ਕਰਦੀਆਂ। (ਘੰਟੀ) ਡਿਪਟੀ ਸਪੀਕਰ ਸਾਹਿਬ, ਤੁਸੀਂ ਘੰਟੀ ਵਜਾ ਰਹੇ ਹੋ ਪਰ ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਮੈਂ ਠੀਕ ਬੋਲ ਰਿਹਾ ਹਾਂ। ਜੋ ਕੁਝ ਇਨ੍ਹਾਂ ਅਦਾਰਿਆਂ ਵਿਚ ਹੁੰਦਾ ਹੈ ਉਸ ਦਾ ਜਨਤਾ ਨੂੰ ਪਤਾ ਹੈ। This is written on the wall. ਡਿਪਟੀ ਸਪੀਕਰ ਸਾਹਿਬ, ਜਿਹੜੀਆਂ ਚੋਣ ਏਜੰਸੀਆਂ ਹਨ, ਉਨ੍ਹਾਂ ਦਾ ਪੜ੍ਹੇ ਲਿਖੇ ਨੌਜਵਾਨਾਂ ਨਾਲ ਬੀਹੇਵੀਅਰ ਠੀਕ ਨਹੀਂ ਹੈ। ਇਸ ਬਾਰੇ ਇਕ ਗਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਜਦੋਂ ਕਿਸੇ ਵੇਕੈਂਸੀ ਵਾਸਤੇ ਨਵੀਆਂ ਅਰਜ਼ੀਆਂ ਮੰਗਵਾਈਆਂ ਜਾਂਦੀਆਂ ਹਨ ਤਾਂ ਉਨ੍ਹਾਂ ਤੇ ਕੋਈ ਫੀਸ ਨਹੀਂ ਹੋਣੀ ਚਾਹੀਦੀ ਅਤੇ ਨੌਜਵਾਨਾਂ ਨੂੰ ਆਉਣ ਜਾਣ ਦਾ ਟੀ.ਏ. ਵੀ ਦਿਤਾ ਜਾਣਾ ਚਾਹੀਦਾ ਹੈ। ਕਈ ਨੌਜਵਾਨ ਸਭਾਵਾਂ ਅਤੇ ਫੈਡਰੇਸ਼ਨਜ਼ ਵੀ ਬਣੀਆਂ ਹੋਈਆਂ ਹਨ,

Original with;
Punjab Vidhan Sabha
Digitized by;
Panjab Digital Library

ਜਿਨ੍ਹਾਂ ਨੇ ਕਿ ਇਸ ਬਾਰੇ ਆਪਣੀਆਂ ਮੰਗਾਂ ਵੀ ਪੇਸ਼ ਕੀਤੀਆਂ ਹਨ ਅਤੇ ਇਹ ਕਿਹਾ ਹੈ ਕਿ ਨੌਜਵਾਨ ਜਦੋ ਜਹਿਦ ਕਰਨ ਦੇ ਬਾਵਜੂਦ ਬੜੇ ਮਾਯੂਸ ਹਨ । ਉਨ੍ਹਾਂ ਨੇ ਇਹ ਮੰਗਾਂ ਕਈ ਵਾਰੀ ਸਾਰੇ ਦੇਸ਼ ਦੀ ਸਰਵੋਤਮ ਪਾਰਲੀਮੈਂਟ ਦੇ ਅਗੇ ਵੀ ਪੇਸ਼ ਕੀਤੀਆਂ ਅਤੇ ਸਾਡੇ ਅਗੇ ਵੀ ਕਈ ਵਾਰੀ ਮੈਮੋਰੈਂਡਮ ਪੇਸ਼ ਕੀਤੇ ਹਨ ਕਿ ਉਨ੍ਹਾਂ ਦੀਆਂ ਅਰਜ਼ੀਆਂ ਤੇ ਫੀਸ ਮਾਫ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਆਉਣ ਜਾਣ ਦਾ ਟੀ.ਏ. ਵੀ ਦਿਤਾ ਜਾਵੇ । ਸਾਡੀ ਸਰਕਾਰ ਨੂੰ ਇਨ੍ਹਾਂ ਗਲਾਂ ਨੂੰ ਸਵੀਕਾਰ ਕਰਨਾ ਚਾਹੀਦਾ ਹੈ । ਜਿਥੇ ਸਮਾਜਕ ਸੇਵਾ ਦਾ ਕੰਮ ਹੋ ਸਕਦਾ ਹੈ, ਉਥੇ ਜਿਹੜੀ ਇਹ ਬੁਰਾਈ ਹੈ, ਈਵਲ ਹੈ ਉਸ ਨੂੰ ਵੀ ਖਤਮ ਕਰਨਾ ਚਾਹੀਦਾ ਹੈ । ਇਸ ਦੇ ਨਾਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਇਹ ਵਾਇਦਾ ਕੀਤਾ ਹੈ ਕਿ 6 ਤੋਂ 11 ਸਾਲ ਦੀ ਉਮਰ ਦੇ ਸਾਰੇ ਬਚਿਆਂ ਨੂੰ ਕੰਪਲਸਰੀ ਐਜੂਕੇਸ਼ਨ ਦਿਤੀ ਜਾਵੇਗੀ । ਲੇਕਿਨ ਇਸ ਬਾਰੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ 90% ਬਚੇ ਰੋਲ ਤੇ ਤਾਂ ਹਨ ਪਰ ਅਸਲ ਵਿਚ ਉਹ ਸਕੂਲਾਂ ਵਿਚ ਨਹੀਂ ਜਾਂਦੇ .....

**Mr. Deputy Speaker** : How far is this relevant to this resolution ?

**ਕਾਮਰੇਡ ਅੱਛਰਾ ਸਿੰਘ** : ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰ ਰਿਹਾ ਸੀ......

**ਸ੍ਰੀ ਡਿਪਟੀ ਸਪੀਕਰ** : ਕਾਮਰੇਡ ਸਾਹਿਬ, ਤੁਹਾਡਾ ਰੈਜ਼ੋਲਿਊਸ਼ਨ ਤਾਂ ਇਹ ਹੈ ਕਿ ਐਜੂਕੇਟਿਡ ਯੂਥ ਨੂੰ ਅਨਐਂਪਲਾਇਮੈਂਟ ਅਲਾਊਂਸ ਮਿਲਣਾ ਚਾਹੀਦਾ ਹੈ ਜਾਂ ਨਹੀਂ । ਇਸ ਕਰਕੇ ਤੁਸੀਂ ਰੈਲੇਵੈਂਟ ਬੋਲੋ ।

**ਕਾਮਰੇਡ ਅੱਛਰਾ ਸਿੰਘ** : ਜਿਹੜਾ ਸਾਡਾ ਤਾਲੀਮ ਦਾ ਖੇਤਰ ਹੈ, ਉਸ ਦੇ ਵਿਚ ਜੇ. ਬੀ. ਟੀਜ਼. ਅਤੇ ਬੀ. ਐਡ. ਵਗੈਰਾ ਹਜ਼ਾਰਾਂ ਨੌਜਵਾਨ ਐਬਜ਼ਾਰਵ ਹੋ ਸਕਦੇ ਹਨ ਲੱਖਾਂ ਬਚੇ ਪੜ੍ਹਨ ਵਾਲੇ ਹਨ, ਉਨ੍ਹਾਂ ਨੂੰ ਤਾਲੀਮ ਦੇਣ ਲਈ ਬੇਰੋਜ਼ਗਾਰ ਟੀਚਰਾਂ ਨੂੰ ਲਗਾਇਆ ਜਾ ਸਕਦਾ ਹੈ । ਇਸ ਦੇ ਨਾਲ ਹੀ ਬਚਿਆਂ ਨੂੰ ਮੁਫਤ ਖਾਣਾ, ਮਿਡ ਮੀਲ ਅਤੇ ਮੁਫਤ ਕਾਪੀਆਂ ਕਿਤਾਬਾਂ ਵੀ ਦਿਤੀਆਂ ਜਾਣ ।

**ਸ੍ਰੀ ਡਿਪਟੀ ਸਪੀਕਰ** : ਤੁਸੀਂ ਹਾਊਸ ਨੂੰ ਇਹ ਦਸੋ ਕਿ ਬਾਹਰ ਦੇ ਕੰਟਰੀਜ਼ ਦੇ ਵਿਚ, ਕਮਿਊਨਿਸਟ ਕੰਟਰੀਜ਼ ਦੇ ਵਿਚ ਅਨਐਂਪਲਾਇਮੈਂਟ ਅਲਾਊਂਸ ਦਿਤਾ ਜਾਂਦਾ ਹੈ ਜਾਂ ਨਹੀਂ ਅਤੇ ਉਥੇ ਕੀ ਸਕੀਮ ਹੈ ?

**ਕਾਮਰੇਡ ਅੱਛਰਾ ਸਿੰਘ** : ਮੈਂ ਸਾਰੀ ਚੀਜ਼ ਦਸੀ ਹੈ ।

**ਸ੍ਰੀ ਡਿਪਟੀ ਸਪੀਕਰ** : ਤੁਸੀਂ ਇਸ ਸਿਲਸਿਲੇ ਵਿਚ ਕੋਈ ਗਲ ਨਹੀਂ ਕੀਤੀ ।

**ਕਾਮਰੇਡ ਅੱਛਰਾ ਸਿੰਘ** : ਮੈਂ ਰਿਪੀਟ ਕਰਦਾ ਅੱਛਾ ਨਹੀਂ ਲਗਦਾ (ਵਿਘਨ) ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਪੜ੍ਹੇ ਲਿਖੇ ਲੋਕਾਂ ਨੂੰ ਐਬਜ਼ਾਰਵ ਕੀਤਾ ਜਾਵੇ । ਡਿਪਟੀ ਸਪੀਕਰ ਸਾਹਿਬ, ਸਾਡੇ ਇਥੇ ਇੰਡਸਟਰੀਅਲ ਅਦਾਰੇ ਹਨ, ਉਹ ਜਿਸ ਤਰ੍ਹਾਂ ਕੰਮ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਅੱਛਰਾ ਸਿੰਘ]

ਕਰਦੇ ਹਨ. ਉਹ ਆਪਣੀ ਪੂਰੀ ਕਪੈਸਿਟੀ ਨਾਲ ਕੰਮ ਨਹੀਂ ਕਰਦੇ। ਉਹ ਕਾਰਖਾਨੇ ਆਪਣੀ ਇਨਸਟਾਲਡ ਕਪੈਸਿਟੀ ਨਾਲ ਕੰਮ ਨਹੀਂ ਕਰਦੇ ਅਤੇ ਜੋ ਇਸ ਵੇਲੇ ਸਰਕਾਰ ਪੂਰੀ ਕਪੈਸਿਟੀ ਦੀ ਗਲ ਕਰਦੀ ਹੈ, ਉਹ ਦਰਅਸਲ ਹੈ ਨਹੀਂ। ਡਾਂਗ ਸਾਹਿਬ ਨੇ ਦਸਿਆ ਸੀ ਕਿ ਕਿਸ ਤਰ੍ਹਾਂ ਅੰਮ੍ਰਿਤਸਰ ਦੇ ਇਕ ਸੇਠ ਨੇ ਲੇ-ਆਫ ਕਰ ਦਿਤਾ ਅਤੇ ਬੇਰੋਜ਼ਗਾਰੀ ਵਿਚ ਵਾਧਾ ਕੀਤਾ। ਇਸ ਕਰਕੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦੇ ਲੇ-ਆਫ ਨਹੀਂ ਹੋਣੇ ਚਾਹੀਦੇ ਅਤੇ ਕਾਰਖਾਨਿਆਂ ਨੂੰ ਆਪਣੀ ਫੁਲ ਕਪੈਸਿਟੀ ਨਾਲ ਕੰਮ ਕਰਨਾ ਚਾਹੀਦਾ ਹੈ। ਇਥੇ ਸਾਡੇ ਘੀ ਬਣਾਉਣ ਦੇ ਕਾਰਖਾਨੇ ਅੰਡਰ ਕਪੈਸਿਟੀ ਨਾਲ ਕੰਮ ਕਰਦੇ ਹਨ ਅਤੇ 100% ਇਨਸਟਾਲਡ ਕਪੈਸਿਟੀ ਨਾਲ ਕੰਮ ਨਹੀਂ ਕਰਦੇ। ਇਹ ਗਲ ਤਾਂ ਠੀਕ ਹੈ ਕਿ ਕਿਸੇ ਨੂੰ ਰਿਸ਼ਵਤ ਲੈਣ ਦੇ ਦੋਸ਼ ਵਿਚ ਅਤੇ ਕਿਸੇ ਨੂੰ ਡੀ.ਆਈ.ਆਰ. ਦੇ ਤਹਿਤ ਗ੍ਰਿਫਤਾਰ ਕੀਤਾ, ਕਰਨਾ ਚਾਹੀਦਾ ਹੈ ਅਤੇ ਹੋਰ ਸਟਰੌਂਗਲੀ ਇਸ ਕਾਨੂੰਨ ਨੂੰ ਲਾਗੂ ਕਰਨਾ ਚਾਹੀਦਾ ਹੈ ਪਰ ਇਸ ਦੇ ਨਾਲ ਜਿਹੜੇ ਕਾਰਖਾਨੇ ਵਗੈਰਾ ਆਪਣੀ ਫੁਲ ਕਪੈਸਿਟੀ ਨਾਲ ਕੰਮ ਨਹੀਂ ਕਰਦੇ, ਉਨ੍ਹਾਂ ਵਿਰੁਧ ਵੀ ਐਕਸ਼ਨ ਲੈਣਾ ਚਾਹੀਦਾ ਹੈ ਤਾਂ ਕਿ ਪਾਜ਼ੇਟਿਵ ਇਫੈਕਟ ਹੋਵੇ, ਪ੍ਰੋਡਕਸ਼ਨ ਵਿਚ ਵਾਧਾ ਹੋਵੇ ਅਤੇ ਨੌਜਵਾਨਾਂ ਨੂੰ ਰੋਜ਼ਗਾਰ ਮਿਲੇ। ਇਸ ਬਾਰੇ ਇਕ ਹੋਰ ਤਜਵੀਜ਼ ਹੋ ਸਕਦੀ ਹੈ ਅਤੇ ਬੇਰੋਜ਼ਗਾਰੀ ਕੁਝ ਹਦ ਤਕ ਦੂਰ ਹੋ ਸਕਦੀ ਹੈ। ਜਿਹੜੀ ਪੰਜਾਬ ਸਰਕਾਰ ਨੇ ਆਪਣੇ ਕਰਮਚਾਰੀਆਂ ਦੀ ਰਿਟਾਇਰਮੈਂਟ ਦੀ ਉਮਰ 58 ਸਾਲ ਰਖੀ ਹੋਈ ਹੈ, ਉਸ ਨੂੰ ਘਟਾ ਕੇ 55 ਸਾਲ ਕਰ ਦੇਣਾ ਚਾਹੀਦਾ ਹੈ, ਜਿਸ ਦੇ ਨਾਲ 18-20 ਹਜ਼ਾਰ ਸਜਣ ਰੋਜ਼ਗਾਰ ਤੇ ਲਗ ਸਕਦੇ ਹਨ ਅਤੇ ਇਹ ਚੀਜ਼ ਵਿਧਾਨ ਦੇ ਤਹਿਤ ਕੀਤੀ ਜਾ ਸਕਦੀ ਹੈ ਪਰ ਬੜੇ ਦੁਖ ਦੀ ਗਲ ਹੈ ਕਿ ਇਸ ਤਰ੍ਹਾਂ ਕੀਤਾ ਨਹੀਂ ਗਿਆ। ਇਸ ਕਰਕੇ ਮੈਂ ਮੌਜੂਦਾ ਸਰਕਾਰ ਅਗੇ ਬੇਨਤੀ ਕਰਾਂਗਾ ਕਿ ਰਿਟਾਇਰਮੈਂਟ ਦੀ ਉਮਰ 58 ਤੋਂ ਘਟਾ ਕੇ 55 ਸਾਲ ਕਰ ਦੇਣੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਨਾਲ 18,000 ਹੋਰ ਨੌਜਵਾਨਾਂ ਨੂੰ ਰੋਜ਼ਗਾਰ ਦਿਤਾ ਜਾ ਸਕਦਾ ਹੈ। ਇਸ ਦੇ ਨਾਲ ਮੈਂ ਇਹ ਵੀ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜਿਹੜੀ ਜ਼ਮੀਨ ਦੀ ਹੱਦ ਮੁਕੱਰਰ ਕੀਤੀ ਜਾ ਰਹੀ ਹੈ, ਇਹ ਜੈਨੂਅਨ ਹੋਣੀ ਚਾਹੀਦੀ ਹੈ ਅਤੇ ਫਾਲਤੂ ਜ਼ਮੀਨ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਕੋਲ ਜ਼ਮੀਨ ਨਹੀਂ ਹੈ, ਦਿਤੀ ਜਾ ਸਕਦੀ ਹੈ। ਇਸ ਤਰ੍ਹਾਂ ਨਾਲ ਵੀ ਬੇਰੋਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਮਿਲ ਸਕਦਾ ਹੈ। ਕਈ ਗਲਾਂ ਹਨ, ਜਿਨ੍ਹਾਂ ਨੂੰ ਅਡਾਪਟ ਕਰਕੇ ਸਰਕਾਰ ਬੇਰੋਜ਼ਗਾਰੀ ਨੂੰ ਖਤਮ ਕਰ ਸਕਦੀ ਹੈ....।

**ਸ੍ਰੀ ਡਿਪਟੀ ਸਪੀਕਰ** : ਤੁਹਾਡਾ ਜਿਹੜਾ ਰੈਜ਼ੋਲਿਊਸ਼ਨ ਹੈ ਉਹ ਐਜੂਕੇਟਿਡ ਯੂਥ ਨੂੰ ਅਨਐਂਪਲਾਇਮੈਂਟ ਅਲਾਊਂਸ ਦੇਣ ਬਾਰੇ ਹੈ, ਐਂਪਲਾਇਮੈਂਟ ਦੇਣ ਬਾਰੇ ਨਹੀਂ।

**ਕਾਮਰੇਡ ਅੱਛਰਾ ਸਿੰਘ** : ਮੈਂ ਇਸ ਕਰਕੇ ਹੀ ਅਰਜ਼ ਕਰਦਾ ਹਾਂ ਕਿ ਸਾਨੂੰ ਬੇਰੋਜ਼ਗਾਰੀ ਨੂੰ ਖ਼ਤਮ ਕਰਨਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਦੇ ਮੈਥਡ ਡਿਵਾਈਜ਼ ਕਰਨੇ ਚਾਹੀਦੇ ਹਨ ਕਿ ਅਨਐਂਪਲਾਇਮੈਂਟ ਖਤਮ ਹੋ ਜਾਵੇ, ਇਹ ਇਕ ਇੰਟੈਰਿਮ ਮਸਲਾ ਹੈ, ਇਹ ਫਾਰ ਐਵਰ ਦਾ ਨਹੀਂ। ਇਹ ਤਾਂ ਉਸ ਵੇਲੇ ਤਕ ਮਸਲਾ ਹੈ ਜਿੰਨਾ ਚਿਰ ਤਕ ਬੇਰੋਜ਼ਗਾਰ ਨੂੰ ਐਂਪਲਾਇਮੈਂਟ ਨਹੀਂ ਮਿਲਦੀ, ਇਹ ਮਸਲਾ ਤਾਂ ਉਸ ਵੇਲੇ ਤਕ ਹੈ ਜਦੋਂ

Original with; Punjab Vidhan Sabha Digitized by; Panjab Digital Library

ਕਿ ਸਾਲ ਛੇ ਮਹੀਨੇ ਤਕ ਕੋਈ ਅਨਐਂਪਲਾਇਡ ਰਹਿੰਦਾ ਹੈ, ਬਾਅਦ ਦਾ ਕੋਈ ਮਸਲਾ ਨਹੀਂ ਹੈ ਅਤੇ ਇਹ ਰੈਜ਼ੋਲਿਊਸ਼ਨ ਵੀ ਇਸ ਦੇ ਨਾਲ ਹੀ ਸਬੰਧ ਰਖਦਾ ਹੈ। ਇਸ ਵੇਲੇ ਪੰਜਾਬ ਵਿਚ ਕੋਈ ਲੱਖ ਡੇਢ ਲੱਖ ਮੇਰੇ ਵੀਰ ਬੇਰੋਜ਼ਗਾਰ ਹਨ ਅਤੇ ਇਸ ਮੌਕੇ ਤੇ ਸਾਰਿਆਂ ਨੂੰ ਚਾਹੀਦਾ ਹੈ ਕਿ ਇਨ੍ਹਾਂ ਬੇਰੋਜ਼ਗਾਰ ਨੌਜਵਾਨਾਂ ਦਾ ਭਲਾ ਕੀਤਾ ਜਾਵੇ। ਇਕ ਤਾਂ ਜਿਹੜੀਆਂ ਨਵੀਆਂ ਇੰਡਸਟਰੀਜ਼ ਲਗਾਈਆਂ ਜਾਂਦੀਆਂ ਹਨ, ਉਨ੍ਹਾਂ ਵਿਚ ਦੋ ਤਰ੍ਹਾਂ ਦੀਆਂ ਇੰਡਸਟਰੀਆਂ ਹੁੰਦੀਆਂ ਹਨ। ਇਕ ਤਾਂ ਲੇਬਰ ਇਨਟੈਂਸਿਵ ਇੰਡਸਟਰੀਜ਼ ਹੋਣੀਆਂ ਚਾਹੀਦੀਆਂ ਹਨ ਜਿਸ ਦੇ ਨਾਲ ਬੇਰੋਜ਼ਗਾਰਾਂ ਨੂੰ ਰੋਜ਼ਗਾਰ ਮਿਲ ਸਕਦਾ ਹੈ। ਇਸ ਤਰ੍ਹਾਂ ਦੀ ਇੰਡਸਟਰੀ ਲਗਾਉਣ ਲਈ 2 ਕਰੋੜ ਰੁਪਿਆ ਚਾਹੀਦਾ ਹੈ। ਇਕ ਪ੍ਰਾਈਵੇਟ ਪ੍ਰਾਫਿਟ ਮੋਟਿਵ ਇੰਡਸਟਰੀ ਹੁੰਦੀ ਹੈ ਜਿਹੜੀ ਕਿ ਸਰਮਾਇਦਾਰ ਨੂੰ ਮਜਬੂਰ ਕਰਦੀ ਹੈ ਕਿ ਉਹ ਮਸ਼ੀਨਾਂ ਲਗਾਵੇ ਅਤੇ ਇਸ ਤਰ੍ਹਾਂ ਦੇ ਹੋਰ ਤਰੀਕੇ ਵਰਤੇ ਜਿਸ ਨਾਲ ਕਿ ਲੇਬਰ ਘੱਟ ਤੋਂ ਘੱਟ ਲਗਾਈ ਜਾਵੇ, ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਬੇਰੋਜ਼ਗਾਰੀ ਵੱਧਦੀ ਹੈ। ਇਸ ਕਰਕੇ ਸਰਕਾਰ ਨੂੰ ਚਾਹੀਦਾ ਹੈ ਕਿ ਲੇਬਰ ਇਨਟੈਂਸਿਵ ਇੰਡਸਟਰੀਜ ਲਗਾਈਆਂ ਜਾਣ ਤਾਂ ਜੋ ਪੜ੍ਹੇ ਲਿਖੇ ਨੌਜਵਾਨਾਂ ਨੂੰ ਰੋਜ਼ਗਾਰ ਮਿਲ ਸਕੇ ਅਤੇ ਇਸ ਗਲ ਦਾ ਖਿਆਲ ਰਖਿਆ ਜਾਣਾ ਚਾਹੀਦਾ ਹੈ ਕਿ ਜਦੋਂ ਕਿਸੇ ਇੰਡਸਟਰੀ ਵਾਸਤੇ ਲਾਈਸੈਂਸ ਦਿਤਾ ਜਾਵੇ ਤਾਂ ਸਾਰੀਆਂ ਗਲਾਂ ਤੇ ਵਿਚਾਰ ਕਰਕੇ ਦਿਤਾ ਜਾਵੇ।

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਇਹ ਅਰਜ਼ ਕਰਾਂਗਾ ਕਿ ਇੰਡਸਟਰੀ ਨੂੰ ਪਿੰਡਾਂ ਵਿਚ ਵੀ ਲਾਇਆ ਜਾਵੇ ਤਾਂ ਕਿ ਜਿਹੜੇ ਪੰਜਾਬ ਦੇ ਪਿੰਡ ਹਨ ਉਨ੍ਹਾਂ ਦੀ ਤਰੱਕੀ ਵੀ ਹੋ ਸਕੇ। ਜਿਸ ਤਰ੍ਹਾਂ ਕੇਰਲਾ ਦੀ ਸਰਕਾਰ ਨੇ ਉਥੋਂ ਦੇ ਹਰ ਗਰਾਮ ਵਿਚ ਇਕ ਇੰਡਸਟਰੀਅਲ ਐਸਟੇਟ ਸਥਾਪਿਤ ਕੀਤੀ ਹੈ। ਇਹ ਇਕ ਬਹੁਤ ਚੰਗਾ ਹਿਸਟੋਰੀਕਲ ਸਟੈਪ ਲਿਆ ਹੈ ਅਤੇ ਮੈਂ ਵੀ ਇਸ ਦੀ ਸਪੋਰਟ ਕਰਦਾ ਹਾਂ। ਮੈਂ ਚਾਹੁੰਦਾ ਹਾਂ ਕਿ ਸਾਡੇ ਪੰਜਾਬ ਵਿਚ ਵੀ ਜਿਥੇ ਸ਼ਹਿਰਾਂ ਵਿਚ ਇੰਡਸਟਰੀ ਨੂੰ ਤਰੱਕੀ ਦਿਤੀ ਜਾ ਰਹੀ ਹੈ ਉਥੇ ਨਾਲ ਦੀ ਨਾਲ ਪਿੰਡਾਂ ਵਿਚ ਵੀ ਇਸ ਨੂੰ ਸੈਟ-ਅੱਪ ਕਰਨਾ ਚਾਹੀਦਾ ਹੈ, ਇਸ ਨਾਲ ਪਿੰਡਾਂ ਦੀ ਤਰੱਕੀ ਹੋਵੇਗੀ, ਉਥੋਂ ਦੇ ਲੋਕਾਂ ਨੂੰ ਰੋਜ਼ਗਾਰ ਮਿਲੇਗਾ, ਉਨ੍ਹਾਂ ਦੀ ਇਕਨਾਮਿਕ ਕੰਡੀਸ਼ਨ ਚੰਗੀ ਹੋਵੇਗੀ ਅਤੇ ਪਿੰਡਾਂ ਦੇ ਲੋਕ ਖੁਸ਼ਹਾਲ ਹੋਣਗੇ। ਡਿਪਟੀ ਸਪੀਕਰ ਸਾਹਿਬ, ਅੱਜ ਅਸੀਂ ਵੇਖਦੇ ਹਾਂ ਕਿ ਸਾਡੇ ਹਿੰਦੁਸਤਾਨ ਵਿਚ ਹਜ਼ਾਰਾਂ, ਲੱਖਾਂ ਹੀ ਪੜ੍ਹੇ ਲਿਖੇ ਨੌਜਵਾਨ ਬੇਰੋਜ਼ਗਾਰ ਫਿਰਦੇ ਹਨ ਉਹਨਾਂ ਨੂੰ ਕੋਈ ਕੰਮ ਨਹੀਂ ਮਿਲ ਰਿਹਾ, ਇਸ ਲਈ ਮੈਂ ਸਰਕਾਰ ਨੂੰ ਕਹਾਂਗਾ ਕਿ ਇਹ ਜਿਹੜੀ ਇੰਡਸਟਰੀਅਲ ਐਕਸਟੈਨਸ਼ਨ ਕੀਤੀ ਜਾ ਰਹੀ ਹੈ ਇਹ ਇਸ ਆਧਾਰ ਤੇ ਕੀਤੀ ਜਾਵੇ ਕਿ ਇਸ ਦਾ ਪਬਲਿਕ ਸੈਕਟਰ ਤੇ ਜ਼ਿਆਦਾ ਜ਼ੋਰ ਦਿਤਾ ਜਾਵੇ। ਡਿਪਟੀ ਸਪੀਕਰ ਸਾਹਿਬ, ਅੱਜ ਸਾਡੇ ਦੇਸ਼ ਨੂੰ ਆਜ਼ਾਦ ਹੋਇਆਂ 28 ਸਾਲ ਹੋ ਗਏ ਹਨ ਔਰ ਜੇ ਅਸੀਂ ਇਹ ਅੰਦਾਜ਼ਾ ਲਾਈਏ ਤਾਂ 1947 ਤੋਂ ਲੈ ਕੇ ਹੁਣ ਤਕ ਸਾਡੇ ਦੇਸ਼ ਵਿਚ ਬੇਰੋਜ਼ਗਾਰੀ ਵੱਧਦੀ ਹੀ ਗਈ ਹੈ ਅਤੇ ਇਨ੍ਹਾਂ ਵਿਚ ਪੜ੍ਹੇ ਲਿਖਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਪਰ ਹੁਣ ਤਕ ਸਾਡੀ ਕਿਸੇ ਵੀ ਸਰਕਾਰ ਨੇ ਇਹ ਨਹੀਂ ਸੋਚਿਆ ਕਿ ਇਸ ਦਾ ਕਾਰਨ ਕੀ ਹੈ। ਵੈਸੇ ਉਪਰ ਉਪਰ ਤੋਂ ਕਾਗਜ਼ੀ ਕਾਰਵਾਈ ਜ਼ਰੂਰ ਕਰਦੇ ਰਹੇ ਹਨ ਪਰ ਹੁਣ ਤਕ ਅਮਲ ਕੋਈ ਨਹੀਂ ਹੋਇਆ। ਇਹ ਤਾਂ ਸਾਰੀ ਉਪਰ ਤੋਂ ਹੀ ਪੋਚਾ ਪੋਚੀ ਕੀਤੀ ਜਾਂਦੀ ਰਹੀ ਹੈ। ਇਸ ਲਈ ਮੈਂ ਹੁਣ ਇਸ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਅੱਛਰਾ ਸਿੰਘ]

ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਨੂੰ ਇਸ ਬੇਰੋਜ਼ਗਾਰੀ ਦੇ ਕਾਰਨਾਂ ਵਿਚ ਜਾਣਾ ਚਾਹੀਦਾ ਹੈ ਅਤੇ ਇਹ ਵੇਖਣਾ ਚਾਹੀਦਾ ਹੈ ਕਿ ਇਸ ਬੇਰੋਜ਼ਗਾਰੀ ਦੇ ਕਾਰਨ ਕੀ ਹਨ ? ਇਸ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ ? ਮੈਂ, ਡਿਪਟੀ ਸਪੀਕਰ ਸਾਹਿਬ, ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਾਡੇ ਸੂਬੇ ਵਿਚ ਬਹੁਤ ਸਾਰੇ ਨੈਚੁਰਲ ਰਿਸੋਰਸਿਜ਼ ਹਨ, ਮੈਂ ਇਹ ਕਹਿੰਦਾ ਹਾਂ ਕਿ ਜੇ ਅਸੀਂ ਇਹਨਾਂ ਨੂੰ ਸਹੀ ਵਰਤੋਂ ਵਿਚ ਲੈ ਆਈਏ ਤਾਂ ਅਸੀਂ ਇਸ ਤੋਂ ਬਹੁਤ ਫਾਇਦਾ ਲੈ ਸਕਦੇ ਹਾਂ, ਇਹ ਜਿਹੜੀ ਨੈਚੁਰਲ ਵੈਲਥ ਹੈ ਇਸ ਨੂੰ ਵਧਾ ਸਕਦੇ ਹਾਂ। ਇਹਨਾਂ ਨੈਚੁਰਲ ਰਿਸੋਰਸਿਜ਼ ਦੀ ਵਰਤੋਂ ਨਾਲ ਅਸੀਂ ਆਪਣੇ ਪੰਜਾਬ ਵਿਚ ਇੰਡਸਟਰੀ ਨੂੰ ਵਧਾ ਸਕਦੇ ਹਾਂ ਅਤੇ ਇਸ ਇੰਡਸਟਰੀ ਦੇ ਵੱਧਣ ਨਾਲ ਸਾਡੇ ਦੇਸ਼ ਦੇ ਪੜ੍ਹੇ ਲਿਖੇ ਬੇ-ਰੋਜ਼ਗਾਰਾਂ ਨੂੰ ਰੋਜ਼ਗਾਰ ਮਿਲੇਗਾ, ਜਿਹੜੇ ਅੱਜ ਵੇਹਲੇ ਫਿਰਦੇ ਪਏ ਹਨ ਉਨ੍ਹਾਂ ਨੂੰ ਕੰਮ ਮਿਲ ਜਾਵੇਗਾ।

ਇਸ ਦੇ ਨਾਲ ਹੀ ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਅਰਜ਼ ਕਰਾਂਗਾ ਕਿ ਜੇ ਇਸ ਤਰ੍ਹਾਂ ਇੰਡਸਟਰੀ ਦੀ ਐਕਸਟੈਨਸ਼ਨ ਕਰਨ ਨਾਲ ਵੀ ਸਾਰੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਰੋਜ਼ਗਾਰ ਨਹੀਂ ਮਿਲਦਾ ਕਿਉਂਕਿ ਅੱਜ ਸਾਡੇ ਦੇਸ਼ ਵਿਚ ਹਜ਼ਾਰਾਂ ਲੱਖਾਂ ਹੀ ਪੜ੍ਹੇ ਲਿਖੇ ਨੌਜਵਾਨ ਬੇਕਾਰ ਬੈਠੇ ਹਨ, ਤਾਂ ਜਿਹੜੇ ਬਾਕੀ ਨੌਜਵਾਨ ਬੇਰੋਜ਼ਗਾਰ ਰਹਿ ਜਾਣ ਉਹਨਾਂ ਨੂੰ ਬੇਰੋਜ਼ਗਾਰੀ ਦਾ ਭੱਤਾ ਦਿਤਾ ਜਾਵੇ ਤਾਂਕਿ ਉਨ੍ਹਾਂ ਪੜ੍ਹੇ ਲਿਖੇ ਨੌਜਵਾਨਾਂ ਦੀ ਕਿਸੇ ਤਰ੍ਹਾਂ ਕੁਝ ਸਹਾਇਤਾ ਕੀਤੀ ਜਾ ਸਕੇ।

ਡਿਪਟੀ ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਨੌਜਵਾਨਾਂ ਨੂੰ ਡਾਕਟਰ ਬਣਾਉਣ ਲਈ ਲੱਖਾਂ ਰੁਪਏ ਸਰਕਾਰ ਵਲੋਂ ਖਰਚ ਕੀਤੇ ਜਾਂਦੇ ਹਨ ਅਤੇ ਹਜ਼ਾਰਾਂ ਰੁਪਏ ਉਨ੍ਹਾਂ ਦੇ ਪੇਰੈਂਟਸ ਵਲੋਂ ਖਰਚ ਕੀਤੇ ਜਾਂਦੇ ਹਨ। ਇਸੇ ਤਰ੍ਹਾਂ ਇੰਜੀਨੀਅਰਜ਼ ਆਦਿ ਲਈ ਵੀ ਹਜ਼ਾਰਾਂ ਰੁਪਏ ਸਰਕਾਰ ਦੇ ਅਤੇ ਉਹਨਾਂ ਦੇ ਪੇਰੈਂਟਸ ਦੇ ਖਰਚ ਹੋ ਜਾਂਦੇ ਹਨ ਪਰ ਜਦ ਉਹ ਪੜ੍ਹ ਕੇ ਨਿਕਲਦੇ ਹਨ ਤਾਂ ਉਨ੍ਹਾਂ ਨੂੰ ਰੋਜ਼ਗਾਰ ਨਹੀਂ ਮਿਲਦਾ। ਉਨ੍ਹਾਂ ਦੇ ਮਾਪਿਆਂ ਨੇ ਕਰਜ਼ੇ ਲੈ ਕੇ ਅਤੇ ਆਪਣੇ ਗਹਿਣੇ ਜ਼ਮੀਨਾਂ ਗਹਿਣੇ ਰਖ ਕੇ ਆਪਣੇ ਬੱਚਿਆਂ ਨੂੰ ਪੜ੍ਹਾਇਆ ਹੁੰਦਾ ਹੈ, ਪਰ ਜਿਸ ਵੇਲੇ ਉਨ੍ਹਾਂ ਦੇ ਬੱਚਿਆਂ ਨੂੰ ਰੋਜ਼ਗਾਰ ਨਹੀਂ ਮਿਲਦਾ ਤਾਂ ਉਨ੍ਹਾਂ ਦੀ ਆਰਥਿਕ ਹਾਲਤ ਬਹੁਤ ਖ਼ਰਾਬ ਹੋ ਜਾਂਦੀ ਹੈ। ਇਸ ਲਈ ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਬਾਰੇ ਸਰਕਾਰ ਨੂੰ ਜਲਦੀ ਤੋਂ ਜਲਦੀ ਕੋਈ ਕਦਮ ਉਠਾਉਣੇ ਚਾਹੀਦੇ ਹਨ ਤਾਕਿ ਉਨ੍ਹਾਂ ਨੂੰ ਰੋਜ਼ਗਾਰ ਮਿਲ ਸਕੇ।

**ਸ੍ਰੀ ਡਿਪਟੀ ਸਪੀਕਰ :** ਕਾਮਰੇਡ ਸਾਹਿਬ, ਤੁਸੀਂ ਦਸੋ ਕਿ ਤੁਹਾਡਾ ਇਸ ਅਨਐਂਪਲਾਇਮੈਂਟ ਬਾਰੇ ਕੀ ਵਿਚਾਰ ਹੈ; ਤੁਹਾਡੇ ਮਨ ਵਿਚ ਕੀ ਹੈ ?

**ਕਾਮਰੇਡ ਅੱਛਰਾ ਸਿੰਘ :** ਡਿਪਟੀ ਸਪੀਕਰ ਸਾਹਿਬ ਇਹੀ ਤਾਂ ਮੈਂ ਅਰਜ਼ ਕਰ ਰਿਹਾ ਹਾਂ ਕਿ ਸਾਡੇ ਮੁਲਕ ਨੂੰ ਆਜ਼ਾਦ ਹੋਇਆਂ 28 ਸਾਲ ਹੋ ਗਏ ਹਨ ਪਰ ਹੁਣ ਤਕ ਸਾਡੇ ਮੁਲਕ ਵਿਚ ਇਸ ਬੇਰੋਜ਼ਗਾਰੀ ਨੂੰ ਦੂਰ ਨਹੀਂ ਕੀਤਾ ਜਾ ਸਕਿਆ। ਦਿਨ ਪਰ ਦਿਨ ਇਨ੍ਹਾਂ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨਾਂ ਦੀ ਤਾਦਾਦ ਵੱਧਦੀ ਹੀ ਜਾ ਰਹੀ ਹੈ। ਸਾਡੀ ਸਰਕਾਰ ਨੂੰ ਜਾਣਨਾ ਚਾਹੀਦਾ ਹੈ ਕਿ ਇਸ ਦਾ ਕਾਰਨ ਕੀ ਹੈ ? ਬੇਰੋਜ਼ਗਾਰੀ ਨੂੰ ਖ਼ਤਮ ਕਰਨ ਲਈ ਸਾਨੂੰ ਇਸ ਦੇ ਕਾਰਨਾਂ ਵਿਚ ਜਾਣਾ ਪਵੇਗਾ। ਜੇ ਅਸੀਂ ਇਹ ਮੰਨਣ

Original with;
Punjab Vidhan Sabha
Digitized by;
Panjab Digital Library

ਲਗ ਜਾਈਏ ਕਿ ਇਨ੍ਹਾਂ ਨੂੰ ਦੇਣ ਵਾਸਤੇ ਰੋਜ਼ਗਾਰ ਨਹੀਂ ਹੈ ਤਾਂ ਸਾਨੂੰ ਇਹ ਸੋਚਣਾ ਪਵੇਗਾ ਕਿ ਬਾਹਰਲੇ ਸੂਬਿਆਂ ਵਿਚ ਹੋਰ ਦੇਸ਼ਾਂ ਵਿਚ ਰੋਜ਼ਗਾਰ ਦੇਣ ਦੇ ਕੀ ਤਰੀਕੇ ਹਨ। ਉਹਨਾਂ ਨੇ ਇੰਡਸਟਰੀ ਨੂੰ ਕਿਸ ਤਰ੍ਹਾਂ ਵਧਾਇਆ ਹੈ ਅਤੇ ਕਿਸ ਤਰ੍ਹਾਂ ਬੇਰੋਜ਼ਗਾਰੀ ਨੂੰ ਖ਼ਤਮ ਕੀਤਾ ਹੈ ? ਡਿਪਟੀ ਸਪੀਕਰ ਸਾਹਿਬ, ਮੈਂ ਇਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬਾਹਰਲੇ ਦੇਸ਼ਾਂ ਵਿਚ ਪੜ੍ਹੇ ਲਿਖੇ ਨੌਜਵਾਨਾਂ ਨੂੰ ਇਹ ਗਰੰਟੀ ਦਿਤੀ ਜਾਂਦੀ ਹੈ ਕਿ ਤੁਹਾਨੂੰ ਰੋਜ਼ਗਾਰ ਦਿਤਾ ਜਾਵੇਗਾ ਜੇ ਉਹਨਾਂ ਨੂੰ ਫਿਰ ਰੋਜ਼ਗਾਰ ਨਹੀਂ ਦਿਤਾ ਜਾ ਸਕਦਾ ਤਾਂ ਫਿਰ ਉਹਨਾਂ ਨੂੰ ਬੇਰੋਜ਼ਗਾਰੀ ਭੱਤਾ ਦਿਤਾ ਜਾਂਦਾ ਹੈ।

ਡਿਪਟੀ ਸਪੀਕਰ ਸਾਹਿਬ, ਸਾਡੇ 20 ਪੁਆਇੰਟ ਪ੍ਰੋਗਰਾਮ ਜਿਹੜਾ ਕਿ ਅੱਜ ਐਮਰਜੈਂਸੀ ਵਿਚ ਲਾਗੂ ਕੀਤਾ ਗਿਆ ਹੈ, ਉਸ ਦੇ ਵਿਚ ਇਸ ਦਾ ਜ਼ਿਕਰ ਕੀਤਾ ਗਿਆ ਹੈ। ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਅੱਜ ਇਸ ਐਮਰਜੈਂਸੀ ਦੇ ਵੇਲੇ ਜਿਸ ਵੇਲੇ ਕਿ ਸਾਡੀ ਸਰਕਾਰ ਨੂੰ ਕਈ ਤਰ੍ਹਾਂ ਦੀਆਂ ਐਕਸਟਰਾ ਪਾਵਰਾਂ ਮਿਲੀਆਂ ਹੋਈਆਂ ਹਨ, ਉਹਨਾਂ ਪਾਵਰਾਂ ਨੂੰ ਵਰਤ ਕੇ ਇਸ ਬੇਰੋਜ਼ਗਾਰੀ ਨੂੰ ਵੀ ਖਤਮ ਕੀਤਾ ਜਾ ਸਕਦਾ ਹੈ। ਬੇਰੋਜ਼ਗਾਰੀ ਨੂੰ ਖ਼ਤਮ ਕਰਨਾ ਐਮਰਜੈਂਸੀ ਲਈ ਜਸਟੀਫਾਈ ਹੋਵੇਗਾ। ਔਰ ਜੇ ਇਹ ਸਰਕਾਰ ਇਸ ਵੇਲੇ ਇਸ ਬੇਰੋਜ਼ਗਾਰੀ ਨੂੰ ਖਤਮ ਨਹੀਂ ਕਰ ਸਕੇਗੀ ਤਾਂ ਅਸੀਂ ਐਮਰਜੈਂਸੀ ਦੇ ਪ੍ਰਤੀ ਵਫਾਦਾਰ ਨਹੀਂ ਹੋਵਾਂਗੇ। ਇਸ ਲਈ ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੂੰ ਇਸ ਪਾਸੇ ਵਲ ਠੋਸ ਕਦਮ ਚੁੱਕਣੇ ਚਾਹੀਦੇ ਹਨ ਅਤੇ ਹਰ ਪੜ੍ਹੇ ਲਿਖੇ ਬੇਰੋਜ਼ਗਾਰ ਨੂੰ, ਜਿਹੜੇ ਕਿ ਬੇਰੋਜ਼ਗਾਰੀ ਦਾ ਸ਼ਿਕਾਰ ਹੋਏ ਹਨ ਕੋਈ ਨਾ ਕੋਈ ਰੋਜ਼ਗਾਰ ਜ਼ਰੂਰ ਦੇਣਾ ਚਾਹੀਦਾ ਹੈ। ਔਰ ਜੇ ਇਹ ਰੋਜ਼ਗਾਰ ਸਭ ਨੂੰ ਨਹੀਂ ਦਿਤਾ ਜਾ ਸਕਦਾ ਤਾਂ ਕੋਈ ਨਾ ਕੋਈ ਕਾਨੂੰਨ ਬਣਾ ਕੇ ਜਿਹੜਾ ਕਿ ਇਸੇ ਸੈਸ਼ਨ ਵਿਚ ਹੀ ਪਾਸ ਹੋਣਾ ਚਾਹੀਦਾ ਹੈ, ਉਸ ਦੇ ਮੁਤਾਬਕ ਉਨ੍ਹਾਂ ਨੂੰ ਬੇਰੋਜ਼ਗਾਰੀ ਭੱਤਾ ਜ਼ਰੂਰ ਦੇਣਾ ਚਾਹੀਦਾ ਹੈ।

**ਸ੍ਰੀ ਡਿਪਟੀ ਸਪੀਕਰ :** ਕਾਮਰੇਡ ਸਾਹਿਬ, ਕਿਸੇ ਹੋਰ ਸੋਸ਼ਲਿਸਟ ਕੰਟਰੀ ਵਿਚ ਵੀ ਬੇਰੋਜ਼ਗਾਰੀ ਅਲਾਊਂਸ ਨੌਜਵਾਨਾਂ ਨੂੰ ਦਿਤਾ ਜਾਂਦਾ ਹੈ ਜਾਂ ਨਹੀਂ ?

**ਕਾਮਰੇਡ ਅੱਛਰਾ ਸਿੰਘ :** ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰ ਰਿਹਾ ਸੀ ਕਿ ਇਥੇ ਹਰ ਪੜ੍ਹੇ ਲਿਖੇ ਨੌਜਵਾਨ ਨੂੰ ਰੋਜ਼ਗਾਰ ਮਿਲਣਾ ਚਾਹੀਦਾ ਹੈ ਅਤੇ ਜੇ ਰੋਜ਼ਗਾਰ ਨਹੀਂ ਮਿਲਦਾ ਤਾਂ ਉਨ੍ਹਾਂ ਨੂੰ ਬੇਰੋਜ਼ਗਾਰੀ ਭੱਤਾ ਜ਼ਰੂਰ ਦੇਣਾ ਚਾਹੀਦਾ ਹੈ। ਅਜਿਹਾ ਭੱਤਾ ਹੋਰ ਵੀ ਕਈ ਦੇਸ਼ਾਂ ਵਿਚ ਦਿਤਾ ਜਾਂਦਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਦਰਖਾਸਤ ਕਰਾਂਗਾ ਕਿ ਇਹ ਭੱਤੇ ਦੀ ਦਰ ਹਰ ਐਮ.ਏ. ਪੜ੍ਹੇ ਲਿਖੇ ਨੌਜਵਾਨ ਲਈ 200/- ਰੁਪਏ ਦੀ ਹੋਣੀ ਚਾਹੀਦੀ ਹੈ, ਬੀ. ਏ. ਲਈ 150/- ਰੁਪਏ ਅਤੇ ਇਸ ਤੋਂ ਥਲੇ 100/- ਰੁਪਏ ਜਾਂ 125/- ਰੁਪਏ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਪੜ੍ਹੇ ਲਿਖੇ ਨੌਜਵਾਨਾਂ ਨੂੰ ਕੁਝ ਨਾ ਕੁਝ ਰਿਲੀਫ ਮਿਲੇਗਾ। ਸਾਡੇ ਦੇਸ਼ ਦੀਆਂ ਸਰਕਾਰਾਂ ਨੇ ਇਸ ਬੇਰੋਜ਼ਗਾਰੀ ਨੂੰ ਖ਼ਤਮ ਕਰਨ ਲਈ ਮੀਟਿੰਗਾਂ ਅਤੇ ਕਾਨਫਰੰਸਾਂ ਤਾਂ ਬਹੁਤ ਕੀਤੀਆਂ ਹਨ ਪਰ ਹਾਲੇ ਤਕ ਇਸ ਬੇਰੋਜ਼ਗਾਰੀ ਨੂੰ ਖ਼ਤਮ ਨਹੀਂ ਕੀਤਾ ਜਾ ਸਕਿਆ। ਇਸ ਲਈ ਮੇਰੀ ਫਿਰ ਬੇਨਤੀ ਹੈ ਕਿ....

**ਸ੍ਰੀ ਡਿਪਟੀ ਸਪੀਕਰ :** ਕਾਮਰੇਡ ਅੱਛਰਾ ਸਿੰਘ ਜੀ, ਰੋਜ਼ਗਾਰ ਦੇਣ ਵਾਸਤੇ ਤੁਹਾਡੀ ਕੀ ਤਜਵੀਜ਼ ਹੈ ?

Original with;
Punjab Vidhan Sabha
Digitized by;
Panjab Digital Library

**ਕਾਮਰੇਡ ਅੱਛਰਾ ਸਿੰਘ :** ਡਿਪਟੀ ਸਪੀਕਰ ਸਾਹਿਬ, ਮੈਂ ਇਹੀ ਗੱਲ ਕਹ ਰਿਹਾ ਸੀ ਕਿ ਇਹ ਜਿਹੜੀ ਐਮਰਜੈਂਸੀ ਸਰਕਾਰ ਨੇ ਲਾਈ ਹੈ ਇਸ ਐਮਰਜੈਂਸੀ ਦੇ ਦੌਰਾਨ ਇਸ ਬੇਰੋਜ਼ਗਾਰੀ ਦੀ ਬਿਮਾਰੀ ਨੂੰ ਖ਼ਤਮ ਕਰਨਾ ਚਾਹੀਦਾ ਹੈ । ਜੇ ਇਹ ਰੋਜ਼ਗਾਰ ਨਹੀਂ ਦਿਤਾ ਜਾ ਸਕਦਾ ਤਾਂ ਉਨ੍ਹਾਂ ਨੌਜਵਾਨਾਂ ਨੂੰ ਬੇਰੋਜ਼ਗਾਰੀ ਭੱਤਾ ਦੇਣਾ ਚਾਹੀਦਾ ਹੈ ।

**ਸ੍ਰੀ ਡਿਪਟੀ ਸਪੀਕਰ :** ਪੈਸਾ ਕਿਥੋਂ ਆਵੇਗਾ ? ਸੈਸ ਲਗਾ ਦੇਈਏ ?

**ਕਾਮਰੇਡ ਅੱਛਰਾ ਸਿੰਘ :** ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ, ਨੌਜਵਾਨਾਂ ਨੂੰ ਬੇਰੋਜ਼ਗਾਰੀ ਦਾ ਭੱਤਾ ਦੇਣ ਵਾਸਤੇ ਐਡਮਨਿਸਟਰੇਟਿਵ ਸਾਈਡ ਤੇ ਇਕੋਨਮੀ ਕੀਤੀ ਜਾ ਸਕਦੀ ਹੈ ਅਤੇ ਹੋਰ ਕਈ ਜਿਹੜੀਆਂ ਫ਼ਜ਼ੂਲ ਖਰਚੀਆਂ ਹੁੰਦੀਆਂ ਹਨ ਉਨ੍ਹਾਂ ਨੂੰ ਬੰਦ ਕੀਤਾ ਜਾ ਸਕਦਾ ਹੈ ।

**ਸ੍ਰੀ ਡਿਪਟੀ ਸਪੀਕਰ :** ਠੀਕ ਹੈ, ਇਹ ਗੱਲ ਤੁਹਾਡੀ ਅੱਛੀ ਹੈ ਅਤੇ ਇਸ ਤੇ ਵਿਚਾਰ ਕੀਤਾ ਜਾ ਸਕਦਾ ਹੈ ।

**ਕਾਮਰੇਡ ਅੱਛਰਾ ਸਿੰਘ :** ਇਸ ਦੇ ਨਾਲ ਹੀ ਮੈਂ, ਡਿਪਟੀ ਸਪੀਕਰ ਸਾਹਿਬ, ਇਹ ਵੀ ਬੇਨਤੀ ਕਰਾਂਗਾ ਕਿ ਜਿਹੜੇ ਵਡੇ ਵਡੇ ਸਰਮਾਇਦਾਰ ਹਨ ਉਨ੍ਹਾਂ ਤੇ ਰੋਜ਼ਗਾਰ ਟੈਕਸ ਲਾਉਣਾ ਚਾਹੀਦਾ ਹੈ । ਸਰਮਾਇਦਾਰਾਂ ਨੂੰ ਹੀ ਇਸ ਦਾ ਭਾਰ ਝਲਣਾ ਚਾਹੀਦਾ ਹੈ । ਇਸੇ ਤਰ੍ਹਾਂ ਹੋਰ ਵੀ ਇਕੋਨਮੀ ਮਯੀਅਰ ਬੇਰੋਜ਼ਗਾਰੀ ਨੂੰ ਦੂਰ ਕਰਨ ਵਾਸਤੇ ਐਡਾਪਟ ਕੀਤੇ ਜਾ ਸਕਦੇ ਹਨ । ਇਸ ਤਰ੍ਹਾਂ ਨਾਲ ਸਰਕਾਰ ਨੂੰ ਜਿਹੜੇ ਰੁਪਏ ਦੀ ਬਚਤ ਹੋਵੇ ਉਹ ਇਨ੍ਹਾਂ ਬੇਰੋਜ਼ਗਾਰਾਂ ਨੂੰ ਭੱਤੇ ਦੇ ਰੂਪ ਵਿਚ ਦੇਣੇ ਚਾਹੀਦੇ ਹਨ । ਇਹੀ ਮੇਰੀ ਰਾਇ ਹੈ । ਇਸ ਨਾਲ ਦੇਸ਼ ਵਿਚ ਖੁਸ਼ਹਾਲੀ ਆਵੇਗੀ । ਇਸ ਤਰ੍ਹਾਂ ਹੋਰ ਦੇਸ਼ਾਂ ਵਿਚ ਵੀ ਕੀਤਾ ਜਾ ਰਿਹਾ ਹੈ । It is practised all over the world. ਅਮਰੀਕਾ ਅਤੇ ਯੂ.ਕੇ. ਵਿਚ ਜਿਹੜੇ ਨੌਜਵਾਨ ਪੜ੍ਹਦੇ ਹਨ ਉਹਨਾਂ ਨੂੰ ਰੋਜ਼ਗਾਰ ਦੀ ਗਰੰਟੀ ਦਿਤੀ ਜਾਂਦੀ ਹੈ ਅਤੇ ਜੇ ਉਨ੍ਹਾਂ ਨੂੰ ਰੋਜ਼ਗਾਰ ਨਹੀਂ ਦਿਤਾ ਜਾ ਸਕਦਾ ਤਾਂ ਉਨ੍ਹਾਂ ਨੂੰ ਬੇਰੋਜ਼ਗਾਰੀ ਭੱਤਾ ਦਿਤਾ ਜਾਂਦਾ ਹੈ ।

**ਸ੍ਰੀ ਡਿਪਟੀ ਸਪੀਕਰ :** ਉਹ ਤਾਂ ਕੈਪੀਟਲਿਸਟ ਕੰਟਰੀਜ਼ ਹਨ ।

**ਕਾਮਰੇਡ ਅੱਛਰਾ ਸਿੰਘ :** ਇਸੇ ਤਰ੍ਹਾਂ ਡਿਪਟੀ ਸਪੀਕਰ ਸਾਹਿਬ, ਸਾਡਾ ਵੀ ਫਰਜ਼ ਬਣਦਾ ਹੈ ਕਿ ਅਸੀਂ ਇਸ ਬੇਰੋਜ਼ਗਾਰੀ ਨੂੰ ਖ਼ਤਮ ਕਰਨ ਲਈ ਇਸ ਦੇ ਉਪਾ ਸੋਚੀਏ ਅਤੇ ਜੇ ਕਿਸੇ ਪੜ੍ਹੇ ਲਿਖੇ ਨੌਜਵਾਨ ਨੂੰ ਰੋਜ਼ਗਾਰ ਨਹੀਂ ਮਿਲਦਾ ਤਾਂ ਉਸ ਨੂੰ ਕੁਝ ਭੱਤਾ ਦਿਤਾ ਜਾਵੇ ।

**ਸ੍ਰੀ ਡਿਪਟੀ ਸਪੀਕਰ :** ਕੀ ਤੁਹਾਡਾ ਮਤਲਬ ਹੈ ਕਿ ਯੂ.ਕੇ. ਅਤੇ ਅਮਰੀਕਾ ਦੀ ਨਕਲ ਕੀਤੀ ਜਾਵੇ ?

**ਕਾਮਰੇਡ ਅੱਛਰਾ ਸਿੰਘ :** You seem to be very impressive. ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰ ਰਿਹਾ ਸੀ ਕਿ 28 ਸਾਲ ਹੋ ਗਏ ਹਨ ਸਾਡੇ ਦੇਸ਼ ਨੂੰ ਆਜ਼ਾਦ ਹੋਇਆਂ ਪਰ ਅੱਜੇ ਤਕ ਅਸੀਂ ਇਸ ਬੇਰੋਜ਼ਗਾਰੀ ਨੂੰ ਦੂਰ ਨਹੀਂ ਕਰ

Original with;
Punjab Vidhan Sabha
Digitized by;
Panjab Digital Library

ਸਕੇ । ਇਹ ਸਾਡਾ ਬੜਾ ਘਟੀਆਪਨ ਹੈ । ਸਾਨੂੰ ਇਸ ਸਮੱਸਿਆ ਤੇ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ । ਸਾਡੀ ਸਰਕਾਰ ਦੀ ਇਸ ਪਾਸੇ ਪੂਰੀ ਅਟਰੈਕਸ਼ਨ ਹੋਣੀ ਚਾਹੀਦੀ ਹੈ । ਇਸ ਬਾਰੇ ਮੈਂ ਇਹ ਕਹਿੰਦਾ ਹਾਂ ਕਿ ਜਦੋਂ ਤਕ ਸਾਡੀ ਸਰਕਾਰ ਇਸ ਮਸਲੇ ਤੇ ਗੰਭੀਰਤਾ ਨਾਲ ਨਹੀਂ ਸੋਚੇਗੀ ਤਦ ਤਕ ਸਾਡਾ ਦੇਸ਼ ਤਰੱਕੀ ਨਹੀਂ ਕਰ ਸਕੇਗਾ ।

ਅੱਜ ਹਰ ਨੌਜਵਾਨ ਹਰ ਕੰਮ ਕਰਨ ਲਈ ਤਿਆਰ ਹੈ ਔਰ ਤੁਸੀਂ ਸੁਣ ਕੇ ਹੈਰਾਨ ਹੋਵੋਗੇ ਕਿ ਬੀ.ਏ. ਪੜ੍ਹੇ ਲਿਖੇ ਲੋਕ ਹਰ ਕੰਮ ਕਰਨ ਨੂੰ ਤਿਆਰ ਹਨ । ਮੈਂ ਇਸ ਸਰਕਾਰ ਨੂੰ ਇਹ ਸੁਝਾਓ ਦਿੰਦਾ ਹਾਂ ਕਿ ਜਿਤਨਾ ਚਿਰ ਸਰਕਾਰ ਇਸ ਮੱਸਲੇ ਨੂੰ ਹੱਲ ਨਹੀਂ ਕਰ ਸਕਦੀ, ਉਤਨਾ ਚਿਰ ਤਕ ਪੜ੍ਹੇ ਲਿਖੇ ਨੌਜਵਾਨਾਂ ਨੂੰ ਬੇਰੋਜ਼ਗਾਰੀ ਭੱਤਾ ਦੇਣ ਦਾ ਪ੍ਰਬੰਧ ਕੀਤਾ ਜਾਵੇ (ਘੰਟੀ) ਇਸ ਤਰ੍ਹਾਂ 200/- ਰੁਪਏ ਐਮ.ਏ. ਪੜ੍ਹੇ ਨੂੰ ਔਰ 150/- ਬਾਕੀਆਂ ਨੂੰ ਦਿੱਤੇ ਜਾ ਸਕਦੇ ਹਨ । ਨਵੇਂ ਟੈਕਸ ਲਗਾ ਕੇ ਔਰ ਖਰਚਾਂ ਵਿਚ ਕਮੀ ਕਰਕੇ ਇਹ ਕੰਮ ਹੋ ਸਕਦਾ ਹੈ । ਇੰਡਸਟਰੀਅਲ ਸੈਕਟਰ ਉਤੇ ਟੈਕਸ ਲਗਾਏ ਜਾ ਸਕਦੇ ਹਨ । ਜੇਕਰ ਇਰਾਦਾ ਹੋਵੇ ਤਾਂ there are hundred and one ways to practise that idea. ਸਾਰਾ ਕੁਝ ਹੋ ਸਕਦਾ ਹੈ ਜੇਕਰ ਕਰਨ ਦਾ ਇਰਾਦਾ ਹੋਵੇ । (ਘੰਟੀ) ਹੋਰ ਸੈਕਸ਼ਨ ਹਨ ਜਿਹੜੇ ਕਿ ਵੈਲ-ਅੱਪ ਸੈਕਸ਼ਨ ਹਨ ਉਨ੍ਹਾਂ ਉਪਰ ਐਂਪਲਾਇਮੈਂਟ ਸੈਸ ਲਗਾਇਆ ਜਾ ਸਕਦਾ ਹੈ । ਜੇਕਰ ਯੂਨੀਵਰਸਿਟੀ ਸੈਸ ਲਗ ਸਕਦਾ ਹੈ ਤਾਂ ਇਹ ਕਿਉਂ ਨਹੀਂ ਲਗ ਸਕਦਾ ? ਇਸ ਲਈ ਇਹ ਸਾਰੇ ਹਾਲਾਤ ਵੇਖਦੇ ਹੋਏ, ਨੌਜਵਾਨ ਬੇਰੋਜ਼ਗਾਰਾਂ ਦੀ ਅਵੱਸਥਾ ਵੇਖਦੇ ਹੋਏ ਇਹ ਜ਼ਰੂਰ ਕਰਨਾ ਚਾਹੀਦਾ ਹੈ । ਜਿਸ ਤਰ੍ਹਾਂ ਨਾਲ ਦੂਸਰੇ ਕੰਟਰੀਜ਼ ਵਿਚ ਨੌਜਵਾਨ ਜਾ ਰਹੇ ਹਨ ਇਹ ਚੰਗੀ ਗਲ ਨਹੀਂ ਹੈ ਇਹ ਗਲ ਸ਼ੋਭਾ ਨਹੀਂ ਦਿੰਦੀ । ਇਹ ਕੌਮ ਨੂੰ ਵੀ ਚੈਲਿੰਜ ਹੈ ।

**ਸ੍ਰੀ ਡਿਪਟੀ ਸਪੀਕਰ:** ਬੈਠੋ ਸਰਦਾਰ ਅੱਛਰਾ ਸਿੰਘ ਜੀ ।

**Comrade Achhra Singh:** Sir, you have eaten my ten minutes.

**ਸ੍ਰੀ ਡਿਪਟੀ ਸਪੀਕਰ** ਜਿਤਨਾ ਮਰਜ਼ੀ ਹੈ ਤੁਸੀਂ ਬੋਲ ਸਕਦੇ ਹੋ, ਸਰਦਾਰ ਅੱਛਰਾ ਸਿੰਘ ਜੀ ।

**ਕੈਪਟਨ ਰਤਨ ਸਿੰਘ:** ਡਿਪਟੀ ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੇ ਕਿਹਾ ਹੈ ਕਿ ਤੁਸੀਂ ਟਾਈਮ ਖਾ ਗਏ ਹੋ । ਤੁਸੀਂ ਟਾਈਮ ਵਰਤ ਸਕਦੇ ਹੋ ਮੇਰਾ ਖਿਆਲ ਹੈ ਕਿ ਖਾ ਤਾਂ ਨਹੀਂ ਸਕਦੇ । ਇਨ੍ਹਾਂ ਨੂੰ ਇਹ ਕਹਿਣਾ ਵੀ ਨਹੀਂ ਸੀ ਚਾਹੀਦਾ । (ਹਾਸਾ)

**ਸ੍ਰੀ ਡਿਪਟੀ ਸਪੀਕਰ.** ਸਰਦਾਰ ਅੱਛਰਾ ਸਿੰਘ ਜੀ, ਕੋਈ ਪੰਜਾਬੀ ਦਾ ਸ਼ਬਦ ਐਸਾ ਨਾ ਵਰਤਿਆ ਕਰੋ ਜਿਸ ਦੇ ਤਿੰਨ ਤਿੰਨ ਮਤਲਬ ਨਿਕਲਣ ।

**ਕਾਮਰੇਡ ਸੱਤ ਪਾਲ ਡਾਂਗ:** ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਪੰਜਾਬੀ ਵਿਚ ਨਹੀਂ ਸੀ ਕਿਹਾ, ਅੰਗਰੇਜ਼ੀ ਵਿਚ ਕਿਹਾ ਸੀ । (ਹਾਸਾ)

**ਸ੍ਰੀ ਡਿਪਟੀ ਸਪੀਕਰ:** ਹਾਂ ਜੀ, ਸਰਦਾਰ ਅੱਛਰਾ ਸਿੰਘ ਜੀ । ਵੈਸੇ ਤਾਂ ਤੁਸੀਂ ਕਾਫੀ ਟਾਈਮ ਲੈ ਲਿਆ ਹੈ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਅੱਛਰਾ ਸਿੰਘ:** ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਜਿਹੜੇ ਇੰਜਨੀਅਰਜ਼ ਬਾਹਰ ਜਾਂਦੇ ਹਨ ਉਹ ਸਾਡੀ ਨੇਸ਼ਨ ਨੂੰ ਚੈਲਿੰਜ ਹੈ । ਇਸ ਲਈ ਸਾਨੂੰ ਉਨ੍ਹਾਂ ਲਈ ਸੂਟੇਬਲ ਜਾਬਜ਼ ਲਭਣੀਆਂ ਚਾਹੀਦੀਆਂ ਹਨ । ਡਿਪਟੀ ਸਪੀਕਰ ਸਾਹਿਬ, ਇਹ ਡਾਕਟਰਜ਼ ਦਾ, ਇੰਜਨੀਅਰਜ਼ ਦਾ ਖੇਤਰ ਬੈਸਟ ਕੁਆਲੀਫਾਈਡ ਹੈ ਔਰ ਜਿਹੜੇ ਇਸ ਖੇਤਰ ਵਿਚ ਹੋਣਹਾਰ ਨੌਜਵਾਨ ਹਨ ਉਹ ਬਾਹਰ ਜਾ ਰਹੇ ਹਨ ਜਿਸ ਦਾ ਨਤੀਜਾ ਇਹ ਹੋਵੇਗਾ ਕਿ ਹੋਣਹਾਰ ਨੌਜਵਾਨਾਂ ਨੇ ਬਾਹਰ ਚਲੇ ਜਾਣਾ ਹੈ ਔਰ ਅਸੀਂ ਟੈਕਨਾਲੋਜੀ ਵਿਚ, ਆਰਟਸ ਵਿਚ, ਸਾਇੰਸ ਵਿਚ, ਇੰਜਨੀਅਰਿੰਗ ਵਿਚ ਪਿੱਛੇ ਰਹਿ ਜਾਣਾ ਹੈ। ਇਸ ਲਈ ਜਿਤਨਾ ਚਿਰ ਉਨ੍ਹਾਂ ਦਾ ਐਂਪਲਾਇਮੈਂਟ ਦਾ ਪ੍ਰਬੰਧ ਨਹੀਂ ਕਰ ਸਕਦੇ ਉਤਨਾ ਚਿਰ ਉਨ੍ਹਾਂ ਨੂੰ ਮੰਥਲੀ ਅਲਾਊਂਸ ਦਿੱਤਾ ਜਾਵੇ । ਇਹ ਸਰਕਾਰ ਦੀ ਸੱਭ ਤੋਂ ਵੱਡੀ ਡਿਊਟੀ ਹੈ, ਉੱਤਮ ਫਰਜ਼ ਹੈ । ਮੈਂ ਸਮਝਦਾ ਹਾਂ ਕਿ ਸਰਕਾਰ ਐਮਰਜੈਂਸੀ ਦੇ ਦਿਨਾਂ ਵਿਚ ਵੀ 20 ਨੁਕਾਤੀ ਪ੍ਰੋਗਰਾਮ ਵਿਚ ਇਹ ਗਲ ਵੀ ਸ਼ਾਮਲ ਕਰੇ ਤਾਂ ਕਿ ਜਿਹੜੇ ਪੜ੍ਹੇ ਲਿਖੇ ਨੌਜਵਾਨ ਹਨ ਉਨ੍ਹਾਂ ਦੀ ਇਹ ਸਮੱਸਿਆ ਹੱਲ ਹੋ ਸਕੇ । ਜੇਕਰ ਇਹ ਚੀਜ਼ ਨਹੀਂ ਹੁੰਦੀ ਤਾਂ ਮੈਂ ਸਮਝਦਾ ਹਾਂ ਕਿ ਐਮਰਜੈਂਸੀ ਦਾ ਪੂਰਾ ਫਾਇਦਾ ਨਹੀਂ ਹੋ ਸਕੇਗਾ । ਸਾਡੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਨੌਜਵਾਨਾਂ ਨੇ ਆਪਣੀਆਂ ਕੁਰਬਾਨੀਆਂ ਕੀਤੀਆਂ ਹਨ । ਸ਼ਹੀਦੇ ਆਜ਼ਮ ਭਗਤ ਸਿੰਘ ਜੀ ਨੇ ਆਪਣੀ ਕੁਰਬਾਨੀ ਦਿੱਤੀ ਅਤੇ ਹੋਰਨਾਂ ਨੌਜਵਾਨਾਂ ਨੇ ਕੁਰਬਾਨੀਆਂ ਕੀਤੀਆਂ। ਇਸ ਲਈ ਸਾਡਾ ਵੀ ਇਹ ਫਰਜ਼ ਬਣ ਜਾਂਦਾ ਹੈ ਕਿ ਉਨ੍ਹਾਂ ਦਾ ਬੇਰੋਜ਼ਗਾਰੀ ਭੱਤਾ ਜਿਹੜਾ ਹੈ ਉਸ ਦਾ ਪ੍ਰਬੰਧ ਇਸੇ ਸੈਸ਼ਨ ਵਿਚ ਹੀ ਕਰੀਏ । ਬੱਸ ਜੀ ਧੰਨਵਾਦ ।

**Mr. Deputy Speaker:** Motion moved—

That this House recommends to the Government to take steps to introduce a Scheme so as to provide unemployment allowance to the educated unemployed youth, both technical and non-technical, in the State.

**ਸਰਦਾਰ ਬਲਵਿੰਦਰ ਸਿੰਘ ਭੂੰਦੜ (ਸਰਦੂਲਗੜ੍ਹ):** ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਸਾਡੇ ਹਿੰਦੁਸਤਾਨ ਦੀ ਅੱਜ ਬੜੀ ਮੁੱਖ ਸਮੱਸਿਆ ਹੈ, ਬੇਰੋਜ਼ਗਾਰੀ ਦੀ। ਬੇਰੋਜ਼ਗਾਰੀ ਵਿਚ ਸਾਡੀ ਹੀ ਨਹੀਂ ਸਗੋਂ ਦੇਸ਼ ਦੀ ਹਾਲਤ ਬੜੀ ਸੰਕਟ-ਮਈ ਦੌਰ ਵਿਚੋਂ ਲੰਘ ਰਹੀ ਹੈ। ਜੇਕਰ ਅਸੀਂ ਅੰਕੜੇ ਵੇਖੀਏ ਤਾਂ ਉਨ੍ਹਾਂ ਤੋਂ ਅਸੀਂ ਮੁਕੰਮਲ ਬੇਰੋਜ਼ਗਾਰੀ ਦਾ ਅੰਦਾਜ਼ਾ ਨਹੀਂ ਲਗਾ ਸਕਦੇ । ਇਹ ਮੁਕੰਮਲ ਅੰਦਾਜ਼ਾ ਰਜਿਸਟਰਾਂ ਤੋਂ ਨਹੀਂ ਲਗਾਇਆ ਜਾ ਸਕਦਾ ਕਿਉਂਕਿ ਇਥੇ ਸਿਰਫ਼ ਸੂਝ-ਬੂਝ ਵਾਲੇ ਤੇ ਚਲਣ ਫਿਰਨ ਵਾਲੇ ਹੀ ਲੋਕ ਆਪਣਾ ਨਾਮ ਰਜਿਸਟਰਾਂ ਉਤੇ ਦਰਜ ਕਰਾਉਂਦੇ ਹਨ। 80% ਪਿੰਡਾਂ ਦੀ ਜਨਤਾ ਕਰਾਇਆ ਲਗਾ ਕੇ ਵੀ ਰਜਿਸਟਰਾਂ ਤਕ ਨਹੀਂ ਪੁੱਜ ਸਕਦੀ । ਜੇਕਰ ਅਸੀਂ ਅੰਕੜਿਆਂ ਨੂੰ ਲਈਏ ਤਾਂ ਸੰਨ 1969 ਵਿਚ ਕੋਈ 84 ਹਜ਼ਾਰ ਦੇ ਕਰੀਬ ਬੇਰੋਜ਼ਗਾਰ ਸਨ । ਸੰਨ 1973 ਦੇ ਵਿਚ ਇਹ ਦੋ ਲੱਖ 8 ਹਜ਼ਾਰ ਦੇ ਕਰੀਬ ਹੋ ਗਏ । ਸੰਨ 1973 ਤੋਂ 1975 ਤਕ ਦੇ ਪੀਰੀਅਡ ਨੂੰ ਵੇਖੀਏ ਤਾਂ ਇਹ 23 ਲੱਖ ਦੇ ਕਰੀਬ ਚਲੇ ਗਏ ਹਨ ।

**ਸ਼੍ਰੀ ਡਿਪਟੀ ਸਪੀਕਰ:** ਇਹ ਫਿਗਰਜ਼ ਗਲਤ ਜਾਪਦੀਆਂ ਹਨ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ:** ਪਲੀਜ਼, ਤੁਸੀਂ ਮੇਰੀ ਗਲ ਨਾ ਕੱਟੋ । ਸੋ, ਡਿਪਟੀ ਸਪੀਕਰ ਸਾਹਿਬ, ਪੜ੍ਹੇ ਲਿਖੇ ਵੀ ਹੁਣ ਗਰੀਬ ਹਰੀਜਨਾਂ ਦੇ ਮੁੰਡੇ ਜੇਕਰ ਪਿੰਡਾਂ ਵਿਚੋਂ ਨਾਉਂ ਦਰਜ ਕਰਾਉਣ ਜਾਂਦੇ ਹਨ ਤਾਂ 20 ਰੁਪਏ ਕਰਾਏ ਦੇ ਲਗਦੇ ਹਨ । ਜੇਕਰ ਕਿਧਰੇ ਉਹ

Original with;
Punjab Vidhan Sabha
Digitized by;
Panjab Digital Library

ਨਾਉਂ ਦਰਜ ਕਰਵਾ ਵੀ ਲਵੇ ਤਾਂ ਉਹ ਇੰਟਰਵਿਊ ਹੀ ਦਿੰਦਾ ਦਿੰਦਾ ਥੱਕ ਜਾਂਦਾ ਹੈ ਔਰ ਫਿਰ ਹਾਰ ਕੇ ਘਰ ਬੈਠ ਜਾਂਦਾ ਹੈ । ਜੇਕਰ ਹਿੰਦੁਸਤਾਨ ਦੇ ਅੰਕੜੇ ਫਰੋਲੀਏ ਤਾਂ ਦਰਦਨਾਕ ਹਾਲਤ ਦਿਸਦੀ ਹੈ । ਹਿੰਦੋਸਤਾਨ ਦੇ ਅੰਕੜੇ 1 ਕਰੋੜ 17 ਲੱਖ ਦੇ ਕਰੀਬ ਰਜਿਸਟਰਾਂ ਉਤੇ ਦਰਜ ਹਨ । ਜੇਕਰ ਦੂਸਰੇ ਸਾਰੇ ਸਾਧਨਾਂ ਨੂੰ ਲਈਏ ਤਾਂ ਇਹ 17 ਕਰੋੜ ਦੇ ਕਰੀਬ ਚਲੇ ਜਾਂਦੇ ਹਨ । ਜੇਕਰ ਅਨਪੜ੍ਹ ਔਰ ਸਾਰੇ ਪੜ੍ਹੇ ਲਿਖੇ ਬੇਰੋਜ਼ਗਾਰਾਂ ਦੀ ਫਿੱਗਰ ਵੇਖੀਏ ਤਾਂ ਇਸ ਤਰ੍ਹਾਂ ਨਜ਼ਰ ਆਉਂਦਾ ਹੈ ਕਿ ਸਾਰਾ ਦੇਸ਼ ਹੀ ਬੇਕਾਰ ਹੈ । ਜੇਕਰ ਹਾਲਾਤ ਇਸ ਤਰ੍ਹਾਂ ਦੇ ਹਨ ਤਾਂ ਸਾਨੂੰ ਚਾਹੀਦਾ ਹੈ ਕਿ ਇਸ ਮੱਸਲੇ ਵੱਲ ਧਿਆਨ ਦੇਈਏ ਤਾਂ ਹੀ ਇਹ ਸਾਰਾ ਮੱਸਲਾ ਹੱਲ ਹੋ ਸਕੇਗਾ । ਜਿਹੜੇ ਇੰਜਨੀਅਰ ਹਨ, ਐਮ.ਏ. ਪੜ੍ਹੇ ਲਿਖੇ ਬੇਰੋਜ਼ਗਾਰ ਨੌਜਵਾਨ ਹਨ ਉਹ ਸੋਚ ਵੀ ਨਹੀਂ ਸਕਦੇ ਕਿ ਅਸੀਂ ਇਸ ਤਰ੍ਹਾਂ ਉਚੀਆਂ ਮੰਜ਼ਲਾਂ ਨੂੰ ਛੂਹ ਲਵਾਂਗੇ । ਜੇਕਰ ਇਹ ਅੰਦਾਜ਼ਾ ਲਗਾ ਕੇ ਵੇਖਿਆ ਜਾਵੇ ਤਾਂ ਇਕ ਇੰਜਨੀਅਰ ਨੂੰ ਜੇਕਰ ਇੰਡਸਟਰੀ ਵਿਚ ਲਗਾਇਆ ਜਾਵੇ ਤਾਂ ਉਹ 40 ਹਜ਼ਾਰ ਰੁਪਏ ਖਰਚ ਕਰਕੇ ਲਗ ਸਕਦਾ ਹੈ । ਇਤਨਾ ਰੁਪਿਆ ਇਕ ਇੰਜਨੀਅਰ ਦੇ ਪਿੱਛੇ ਇੰਡਸਟਰੀ ਉਤੇ ਲਗਾਉਣਾ ਪਵੇਗਾ । ਇਸ ਤਰ੍ਹਾਂ ਨਾਲ ਅਰਬਾਂ ਰੁਪਏ ਦੀ ਰਕਮ ਸਾਡੇ ਇੰਜਨੀਅਰਾਂ ਨੂੰ ਕੰਮਾਂ ਉਤੇ ਲਗਾਉਣ ਲਈ ਲਗੇਗੀ । ਮੈਂ ਇਹ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਸਰਕਾਰ ਜ਼ਿਆਦਾ ਦਿਹਾਤੀ ਤਰੱਕੀ ਵਲ ਧਿਆਨ ਦੇਵੇ । ਉਨ੍ਹਾਂ ਨੂੰ ਦਿਹਾਤੀ ਤਰੱਕੀ ਵਲ ਲਿਜਾਵੇ । ਮੈਂ ਫਿੱਗਰਜ਼ ਨੋਟ ਕੀਤੇ ਹਨ । ਪੰਜ ਹਜ਼ਾਰ ਪਿੱਛੇ ਇਕ ਨੌਜਵਾਨ ਨੂੰ ਐਂਪਲਾਇਮੈਂਟ ਮਿਲਦੀ ਹੈ ਔਰ ਵੱਧ ਤੋਂ ਵੱਧ (ਇਸ ਸਮੇਂ ਆਨਰੇਬਲ ਮੈਂਬਰ ਦਾ ਮਾਈਕ ਖ਼ਰਾਬ ਹੋ ਗਿਆ ।) 8 ਹਜ਼ਾਰ ਹੋ ਸਕਦਾ ਹੈ । ਇਸ ਅਨ-ਐਂਪਲਾਇਮੈਂਟ ਨੂੰ ਪੇਂਡੂ ਤਰੱਕੀ ਨੂੰ ਡਿਵੈਲਪਮੈਂਟ ਨੂੰ ਹੋਰ ਤੇਜ਼ ਕਰਕੇ ਹੱਲ ਕਰਨਾ ਚਾਹੀਦਾ ਹੈ ।

ਇਕ ਮੈਂ ਇਹ ਵੀ ਸੁਝਾਓ ਦੇਵਾਂਗਾ ਕਿ ਕਰਮਚਾਰੀਆਂ ਦੀ ਰਿਟਾਇਰਮੈਂਟ ਏਜ 55 ਸਾਲਾਂ ਤੋਂ ਘਟਾ ਕੇ 50 ਸਾਲ ਕਰ ਦੇਣੀ ਚਾਹੀਦੀ ਹੈ ਤਾਕਿ ਕਈ ਹਜ਼ਾਰਾਂ ਆਦਮੀ ਰਿਟਾਇਰ ਹੋ ਜਾਣ ਅਤੇ ਉਨ੍ਹਾਂ ਦੇ ਥਾਉਂ ਨਵੇਂ ਭਰਤੀ ਕੀਤੇ ਜਾਣ । ਅੱਜ ਸਾਨੂੰ ਲੋੜ ਹੈ ਕੁਰਬਾਨੀ ਕਰਨ ਦੀ । ਅਗੇ ਆਜ਼ਾਦੀ ਲਈ ਕੁਰਬਾਨੀਆਂ ਕੀਤੀਆਂ ਹਨ ਅੱਜ ਸਾਨੂੰ ਲੋੜ ਹੈ ਕਿ ਅਮਰੀਕਾ ਵਰਗੇ ਵ੍ਹਾਈਟ ਹਾਊਸ ਦੀ ਨਕਲ ਨਾ ਕਰੀਏ । ਅਮਰੀਕਾ ਅਤੇ ਕਨੇਡਾ ਵਰਗੀਆਂ 10-10 ਏਕੜ ਦੀਆਂ ਕੋਠੀਆਂ ਰੱਖਣ ਦੀ ਲੋੜ ਨਹੀਂ ਹੈ । ਜੇਕਰ ਮਨਿਸਟਰਾਂ ਨੂੰ ਕੋਠੀਆਂ ਵਿਚ ਰਹਿਣ ਦੀ ਬਜਾਏ ਉਨ੍ਹਾਂ ਦਾ ਫਲੈਟ ਸਿਸਟਮ ਬਣਾ ਦੇਈਏ, ਟੀ.ਏ., ਡੀ.ਏ. ਸਿਸਟਮ ਬੰਦ ਕਰ ਦੇਈਏ. ਉਨ੍ਹਾਂ ਨੂੰ ਰੋਟੀ ਚੰਗੀ ਦੇ ਦੇਈਏ, ਮੀਟ ਨਾਲ ਦੇ ਦੇਈਏ ਤਾਂ ਕਰੋੜਾਂ ਰੁਪਏ ਬਚ ਸਕਦੇ ਹਨ ਜਿਹੜੇ ਕਿ ਪੇਂਡੂ ਡਿਵੈਲਪਮੈਂਟ ਅਤੇ ਇੰਡਸਟਰੀ ਦੀ ਤਰੱਕੀ ਕਰਕੇ ਰੋਜ਼ਗਾਰ ਪੈਦਾ ਕਰਨ ਤੇ ਖਰਚ ਕੀਤੇ ਜਾ ਸਕਦੇ ਹਨ । ਕਿਉਂਕਿ ਸਾਡਾ ਦੇਸ਼ ਗਰੀਬ ਹੈ । (ਵਿਘਨ) ਸਾਡੀ ਛੋਟੀ ਜਿਹੀ ਸਟੇਟ ਹੈ । ਮੈਂ ਇਹ ਲਫਜ਼ ਨਹੀਂ ਵਰਤਦਾ ਪਰ ਜੇਕਰ ਅਸੀਂ ਇਸ ਤਰ੍ਹਾਂ ਇਕਾਨਮੀ ਕਰਕੇ ਫਾਲਤੂ ਖਰਚਾ ਜਿਹੜਾ ਹੈ ਉਹ ਰੋਕ ਕੇ ਗਰੀਬਾਂ ਉਤੇ ਲਗਾਈਏ ਬੇਰੋਜ਼ਗਾਰ ਨੌਜਵਾਨਾਂ ਨੂੰ, ਸਟੂਡੈਂਟਸ ਨੂੰ ਦੇਈਏ ਤਾਂ ਇਹ ਮਸਲਾ ਕਾਫੀ ਹੱਦ ਤੱਕ ਹੱਲ ਹੋ ਸਕਦਾ ਹੈ । ਪਰ, ਡਿਪਟੀ ਸਪੀਕਰ ਸਾਹਿਬ, ਅਫਸੋਸ ਹੈ ਕਿ ਅੱਜ ਸਾਡੀ ਸਰਕਾਰ ਜੇਕਰ ਕੋਈ ਸਟੂਡੈਂਟ ਨੌਕਰੀ ਮੰਗਦਾ ਹੈ ਬਜਾਏ ਉਸ ਨੂੰ ਰੋਟੀ ਤੇ ਕਪੜਾ ਦੇਣ ਦੇ ਡੀ.ਆਈ.ਆਰ. ਥੱਲੇ ਜੇਲ੍ਹ ਵਿਚ ਡੱਕਿਆ ਜਾਂਦਾ ਹੈ । ਕਹਿੰਦੇ ਹਨ ਕਿ ਇਹ ਅੱਤਵਾਦੀ ਵਿਦਿਆਰਥੀ ਹਨ । ਇਹ ਗਲ੍ਹ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਨਹੀਂ ਕਹਿੰਦੇ ਕਿ ਐਮਰਜੈਂਸੀ ਥੱਲੇ 20 ਨੁਕਾਤੀ ਪ੍ਰੋਗਰਾਮ ਥੱਲੇ ਕੋਈ ਰੋਜ਼ਗਾਰ ਦੇਣਾ ਹੈ। ਪਰ ਕਹਿੰਦੇ ਕੀ ਹਨ ਕਿ ਐਮਰਜੈਂਸੀ ਦੀ ਲੋੜ ਤਾਂ ਪਈ ਕਿ ਦੇਸ਼ ਨੂੰ ਤਰੱਕੀ ਵਲ ਲੈ ਜਾਣਾ ਹੈ। ਬੇਰੋਜ਼ਗਾਰੀ ਘੱਟ ਗਈ ਹੈ। (ਵਿਘਨ) ਮੈਂ ਬੇਰੋਜ਼ਗਾਰੀ ਦੇ ਬਾਰੇ ਹੀ ਦੱਸ ਰਿਹਾ ਹਾਂ। ਰੁਪਿਆ ਇਸ ਵੇਲੇ ਇੱਕ ਵੱਡਾ ਸਾਧਨ ਹੈ। ਇਹ ਮੈਂ ਤੁਹਾਨੂੰ ਮਿਸਾਲ ਦਿੰਦਾ ਹਾਂ ਕਿ ਜੇ ਸੈਂਟਰਲ ਗੌਰਮਿੰਟ 100/- ਰੁਪਏ ਦਾ ਨੋਟ ਚੇਂਜ ਕਰ ਦੇਵੇ ਤਾਂ ਰੁਪਏ ਦੀ ਕੀਮਤ ਵੱਧ ਜਾਵੇਗੀ। ਮੈਂ ਸੁਝਾਅ ਦਿੱਤਾ ਹੈ ਅਤੇ ਕਾਮਰੇਡ ਸਾਹਿਬ ਨੇ ਵੀ ਸੁਝਾਅ ਦਿੱਤਾ ਹੈ। ਇੰਜਨੀਅਰਜ਼ ਨੂੰ 300/- ਰੁਪਿਆ ਮਹੀਨਾ, ਐਮ.ਐਡ. ਨੂੰ 200/- ਰੁਪਿਆ ਅਤੇ ਮੈਟਰਿਕ ਨੂੰ 100/- ਰੁਪਿਆ ਮਹੀਨਾ ਬੇਰੋਜ਼ਗਾਰੀ ਭੱਤਾ ਦੇਣਾ ਚਾਹੀਦਾ ਹੈ। ਇਸ ਦੇ ਨਾਲ ਹੀ ਜੇ 100/- ਰੁਪਏ ਦੇ ਨੋਟ ਨੂੰ ਬੰਦ ਕਰ ਦਿੱਤਾ ਜਾਵੇ ਤਾਂ ਇੰਫਲੇਸ਼ਨ ਹੋਰ ਘੱਟ ਸਕਦੀ ਹੈ। ਜਿਤਨਾ ਰੁਪਿਆ ਅਸੀਂ ਸਮੱਗਲਰਾਂ ਤੋਂ ਇਕੱਠਾ ਕੀਤਾ ਹੈ ਅਤੇ ਜੋ ਬਲੈਕਮਨੀ ਵ੍ਹਾਈਟ ਮਨੀ ਬਣਾਈ ਗਈ ਹੈ, ਮੈਂ ਅਤੇ ਮੇਰੀ ਪਾਰਟੀ ਇਸ ਦਾ ਸਖ਼ਤ ਵਿਰੋਧ ਕਰਦੀ ਹੈ। ਬਲੈਕਮਨੀ ਨੂੰ ਵ੍ਹਾਈਟਮਨੀ ਨਹੀਂ ਸੀ ਕਰਨਾ ਚਾਹੀਦਾ। ਉਨ੍ਹਾਂ ਦੀ ਬਲੈਕਮਨੀ ਨੂੰ ਜ਼ਬਤ ਕਰ ਲਿਆ ਜਾਂਦਾ ਤਾਕਿ ਉਨ੍ਹਾਂ ਸਰਮਾਇਦਾਰਾਂ ਦਾ ਗਲਾ ਘੁੱਟਿਆ ਜਾਂਦਾ, ਜਿਸ ਨਾਲ ਉਹ ਸਿਰਫ ਗਰੀਬ ਨਾਲੋਂ ਜ਼ਿਆਦਾ ਵਧੀਆ ਰੋਟੀ ਹੀ ਖਾ ਸਕਦੇ। ਦਾਲ ਰੋਟੀ ਦੀ ਥਾਂ ਮੀਟ ਨਾਲ ਖਾ ਲੈਂਦੇ ਪਰ ਇਸ ਦੇ ਨਾਲ ਹੀ ਉਹ 250/- ਰੁਪਏ ਦੀ ਵ੍ਹਿਸਕੀ ਵੀ ਪੀ ਜਾਂਦੇ ਹਨ। ਉਹ ਬਹੁਤ ਖਰਚ ਕਰਦੇ ਹਨ ਅਤੇ ਕਾਰਾਂ ਵਿਚ ਜਾਂਦੇ ਹਨ, ਇਹ ਸਾਰਾ ਕੁਝ ਬਲੈਕਮਨੀ ਕਰਕੇ ਹੀ ਹੈ। ਡਿਪਟੀ ਸਪੀਕਰ ਸਾਹਿਬ, 1932 ਵਿਚ ਅਮਰੀਕਾ ਦੇ ਵਿਚ 40 ਲੱਖ ਦੇ ਕਰੀਬ ਬੇਰੋਜ਼ਗਾਰਾਂ ਨੂੰ ਰੋਜ਼ਗਾਰ ਦਿੱਤਾ ਗਿਆ ਸੀ। ਜਿਸ ਨਾਲ ਉਨ੍ਹਾਂ ਦੀ ਬੜੀ ਡਿਵੈਲਪਮੈਂਟ ਹੋਈ ਹੈ। ਉਥੇ ਬੇ-ਰੋਜ਼ਗਾਰਾਂ ਨੂੰ ਰੋਜ਼ਗਾਰ ਦੇਣ ਦੇ ਵਾਸਤੇ ਪਿੰਡਾਂ ਦਾ ਵਿਕਾਸ ਕਰਨ ਲਈ ਸੜਕਾਂ ਤੇ ਭਵਨ ਨਿਰਮਾਣ ਲਈ ਉਥੇ ਦੇ ਲੋਕਾਂ ਨੂੰ ਰੋਜ਼ਗਾਰ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਬੇ-ਰੋਜ਼ਗਾਰ ਭੱਤਾ ਵੀ ਦਿੱਤਾ ਗਿਆ ਸੀ। ਇਸੇ ਤਰ੍ਹਾਂ 1933 ਵਿਚ ਜਰਮਨੀ ਵਿਚ ਇਸ ਤਰ੍ਹਾਂ ਦਾ ਸੰਕਟ ਆਇਆ ਸੀ ਅਤੇ ਜਿਸ ਢੰਗ ਨਾਲ ਉਸ ਸੰਕਟ ਨੂੰ ਦੂਰ ਕੀਤਾ ਗਿਆ ਸੀ ਉਹ ਇਕ ਮਿਸਾਲ ਸੀ। ਸਾਡਾ ਇਸ ਵੇਲੇ ਪਿੰਡ-ਵਿਕਾਸ ਵੱਲ ਧਿਆਨ ਨਹੀਂ ਬਲਕਿ ਸਟੇਟ ਗੌਰਮਿੰਟ ਦੀਆਂ ਪਲਾਨਾਂ ਤੋਂ ਪਤਾ ਲਗਦਾ ਹੈ ਕਿ ਸਾਰਾ ਧਿਆਨ ਇੰਡਸਟਰੀ ਵੱਲ ਜਾਂਦਾ ਹੈ। ਇੰਡਸਟਰੀ ਨਾਲ 40 ਹਜ਼ਾਰ ਲੋਕਾਂ ਨੂੰ ਨੌਕਰੀਆਂ ਮਿਲਦੀਆਂ ਹਨ। ਡਿਪਟੀ ਸਪੀਕਰ ਸਾਹਿਬ, ਜਿਸ ਪ੍ਰੋਗਰਾਮ ਦੇ ਹਿਸਾਬ ਨਾਲ ਇਹ 20 ਨੁਕਾਤੀ ਪ੍ਰੋਗਰਾਮ ਦੇ ਥੱਲੇ ਸਾਰਿਆਂ ਨੂੰ ਰੋਜ਼ਗਾਰ ਦੇਣਾ ਹੈ, ਇਹ ਇਸ ਤਰ੍ਹਾਂ ਹੋਣਾ ਨਹੀਂ। ਮੈਂ ਤੁਹਾਨੂੰ ਛੋਟੀ ਜਿਹੀ ਮਿਸਾਲ ਪੰਜਾਬ ਦੀ ਦੇਣੀ ਚਾਹੁੰਦਾ ਹਾਂ। ਸਾਰਿਆਂ ਨੂੰ ਪਤਾ ਹੋਵੇਗਾ ਕਿ ਥੋੜੇ ਦਿਨਾਂ ਦੀ ਗੱਲ ਸੀ ਕਿ ਵੈਟਰਨਰੀ ਕੰਪੋਡਰਾਂ ਦੀ ਟ੍ਰੇਨਿੰਗ ਦੀਆਂ ਪੋਸਟਾਂ ਨਿਕਲੀਆਂ।

**ਸ੍ਰੀ ਡਿਪਟੀ ਸਪੀਕਰ**: ਬੇਰੋਜ਼ਗਾਰੀ ਦੀ ਤੁਸੀਂ ਗੱਲ ਕਰੋ।

**ਸਰਦਾਰ ਬਲਵਿੰਦਰ ਸਿੰਘ ਭੂੰਦੜ**: ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਪੰਜਾਬ ਦੀ ਮਿਸਾਲ ਦੇਣੀ ਚਾਹੁੰਦਾ ਹਾਂ ਜਿਸ ਤਰ੍ਹਾਂ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ ਹੈ:—

ਫਰੀਦਾ ਬਾਰਿ ਪਰਾਇਐ ਬੈਸਣਾ, ਸਾਂਈ ਮੁਝੇ ਨ ਦੇਹਿ ॥
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ ॥

Original with; Punjab Vidhan Sabha Digitized by; Panjab Digital Library

ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਸਾਡੇ ਨੌਜਵਾਨ ਸਾਰੇ ਪੰਜਾਬ ਦੇ ਵਿਚੋਂ ਨੌਕਰੀ ਲਈ ਚੰਡੀਗੜ੍ਹ ਆਉਂਦੇ ਹਨ। ਜਿਨ੍ਹਾਂ ਦੇ ਵਿਚ 25 ਫੀਸਦੀ ਰਿਜ਼ਰਵੇਸ਼ਨ ਹਰੀਜਨਾਂ ਲਈ ਹੈ, ਇਕ ਫ਼ੀਸਦੀ ਅਮੀਰਾਂ ਲਈ ਅਤੇ 2 ਫ਼ੀਸਦੀ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਲਈ ਜਿਨ੍ਹਾਂ ਦੀਆਂ ਤੁਸੀਂ ਸਿਫ਼ਾਰਸ਼ਾਂ ਕਰਦੇ ਹੋ। ਇਸ ਤਰ੍ਹਾਂ 28 ਪ੍ਰਤਿਸ਼ਤ ਨੌਕਰੀਆਂ ਇਸ ਤਰੀਕੇ ਨਾਲ ਚਲੀਆਂ ਜਾਂਦੀਆਂ ਹਨ।

**ਸ਼੍ਰੀ ਡਿਪਟੀ ਸਪੀਕਰ :** ਭੂੰਦੜ ਜੀ, ਇਹ ਵੀ ਤਾਂ ਲਿਖਿਆ ਹੈ—"ਉੱਤਮ ਖੇਤੀ, ਮੱਧਮ ਵਿਪਾਰ ਨਖਿੱਧ ਚਾਕਰੀ ਭੀਖ ਨਕਾਰ"।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਜਨਾਬ, ਮੈਂ ਵੀ ਇਹੀ ਚੀਜ਼ ਹੀ ਕਹੀ ਹੈ ਕਿ ਖੇਤੀ ਦਾ ਕਿੱਤਾ ਸੱਭ ਤੋਂ ਉੱਤਮ ਹੈ ਅਤੇ ਇਸ ਵੱਲ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ।

**ਸ਼੍ਰੀ ਡਿਪਟੀ ਸਪੀਕਰ :** ਪਰ ਤੁਸੀਂ ਰੈਲੇਵੈਂਟ ਰਹੋ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਮੈਂ, ਜਨਾਬ, ਬਿਲਕੁਲ ਰੈਲੇਵੈਂਟ ਬੋਲ ਰਿਹਾ ਹਾਂ। ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਕਿਹਾ ਹੈ ਕਿ ਖੇਤੀ ਦਾ ਕਿੱਤਾ ਚੰਗਾ ਹੈ ਪਰ ਮੈਂ ਵੀ ਤਾਂ ਇਹ ਹੀ ਕਹਿਣਾ ਹੈ ਕਿ ਇਸ ਵੱਲ ਹੋਰ ਧਿਆਨ ਦਿੱਤਾ ਜਾਵੇ। ਤੁਹਾਨੂੰ ਪਤਾ ਹੀ ਹੈ ਕਿ ਅੱਜ ਕੱਲ ਟਰੈਕਟਰ ਕਿੰਨੇ ਮਹਿੰਗੇ ਹੋ ਗਏ ਹਨ, ਤੇਲ ਮਹਿੰਗਾ ਹੈ, ਖ਼ਾਦ ਕਿਤਨੀ ਮਹਿੰਗੀ ਹੈ, ਪਰ ਕਿਸਾਨ ਨੂੰ ਉਸ ਦੀ ਜਿਨਸ ਦਾ ਪੂਰਾ ਭਾਅ ਨਹੀਂ ਮਿਲਦਾ। ਲੋਕੀ ਖੇਤੀ ਛੱਡ ਕੇ ਪਾਸੇ ਭੱਜ ਰਹੇ ਹਨ। ਇਸ ਤਰ੍ਹਾਂ ਉਹ ਖੇਤੀ ਨਹੀਂ ਕਰ ਸਕਦੇ। ਫੇਰ ਜੇ ਕੋਈ ਇਥੇ ਚੰਡੀਗੜ੍ਹ ਐਸ. ਐਸ. ਬੋਰਡ ਕੋਲ, ਕਮਿਸ਼ਨ ਕੋਲ ਜਾਂਦਾ ਹੈ ਜਾਂ ਉਨ੍ਹਾਂ ਨੂੰ ਮਨਿਸਟਰਾਂ ਕੋਲ ਜਾਣਾ ਪੈਂਦਾ ਹੈ ਤਾਂ 25 ਫੀਸਦੀ ਤਾਂ ਰਿਜ਼ਰਵੇਸ਼ਨ ਵਿਚ ਆ ਜਾਂਦੇ ਹਨ, ਇੱਕ ਫੀਸਦੀ ਅਮੀਰਾਂ ਦੇ ਆਉਂਦੇ ਹਨ, 26 ਫੀਸਦੀ ਜਿਹੜੇ ਪੈਸੇ ਦੇ ਕੇ ਆਉਂਦੇ ਹਨ ਅਤੇ 2 ਫੀਸਦੀ ਅਜਿਹੇ ਹਨ ਜਿਹੜੇ ਤੁਹਾਡੇ ਵਰਗੇ ਦੀ ਬਾਂਹ ਫੜ ਕੇ ਆਉਂਦੇ ਹਨ। ਬਾਕੀ ਜਿਹੜੇ ਸਾਡੇ ਵਰਗੇ ਜੱਟਾਂ ਦੇ ਮੁੰਡੇ ਹਨ ਉਹ ਵੈਸੇ ਹੀ ਰਹਿ ਜਾਂਦੇ ਹਨ। ਸਾਡੇ ਬੀ. ਏ. ਪਾਸ ਮੁੰਡੇ ਇਸ ਐਮਰਜੈਂਸੀ ਵਿਚ ਮਾਰ ਖਾ ਰਹੇ ਹਨ। ਉਨ੍ਹਾਂ ਨੂੰ ਕਿਰਾਇਆ ਭਰ ਕੇ ਇਥੇ ਆਉਣਾ ਪੈਂਦਾ ਹੈ, ਫੇਰ ਉਹ ਨੌਕਰੀ ਦੀ ਮੰਗ ਕਰਦੇ ਹਨ ਪਰ ਉਨ੍ਹਾਂ ਨੂੰ ਨੌਕਰੀ ਨਹੀਂ ਮਿਲਦੀ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਦਾ ਹਾਂ ਕਿ ਇੱਕ ਮੁੰਡਾ ਜਿਸ ਨੇ ਲਾਅ ਕੀਤਾ ਹੋਇਆ ਹੈ, ਅਤੇ ਮੱਧ ਪਰਦੇਸ਼ ਯੂਨੀਵਰਸਿਟੀ ਵਿਚੋਂ ਉਹ ਫਸਟ ਆਇਆ ਹੈ ਉਸ ਨੂੰ ਪੁਲਿਸ ਨੇ ਫੜ ਲਿਆ। ਉਸ ਨੂੰ ਇਸ ਕਰਕੇ ਫੜਿਆ ਗਿਆ ਤਾਂਕਿ ਉਹ ਮਟੌਰ ਸੈਸ਼ਨ ਵਿਚ ਜਾ ਕੇ ਸਰਵਿਸ ਨਾ ਮੰਗ ਲਏ।

**Mr. Deputy Speaker**: You are an hon'ble Member of this House. You should not make any wrong and irrelevant statement in the House.

**ਸਰਦਾਰ ਬਲਵਿੰਦਰ ਸਿੰਘ ਭੂੰਦੜ:** ਮੈਂ ਤੁਹਾਨੂੰ ਠੀਕ ਹੀ ਦੱਸ ਰਿਹਾ ਹਾਂ ਅਤੇ ਮੈਂ ਇਹ ਸਾਬਤ ਕਰ ਸਕਦਾ ਹਾਂ ਕਿ ਉਸ ਨੂੰ 26 ਦਸੰਬਰ ਤੋਂ ਲੈ ਕੇ 2 ਜਨਵਰੀ ਤਕ ਫੜੀ ਰੱਖਿਆ ਅਤੇ ਫੇਰ ਛੱਡਿਆ ਗਿਆ।

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ :** ਤੁਸੀਂ ਰੈਲੇਵੈਂਟ ਰਹੋ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸੋ, ਡਿਪਟੀ ਸਪੀਕਰ ਸਾਹਿਬ, ਤੁਸੀਂ ਕਹਿੰਦੇ ਸੀ ਕਿ ਕੋਈ ਮਿਸਾਲ ਦਿਉ, ਤੁਸੀਂ ਮਿਸਾਲ ਮੰਗਦੇ ਸੀ । ਇਹ ਜਿਹੜਾ ਬੇਰੋਜ਼ਗਾਰੀ ਦਾ ਮਸਲਾ ਹੈ ਜੇ ਇਸ ਦਾ ਮੁਕਾਬਲਾ ਅਮਰੀਕਾ ਅਤੇ ਕਨੇਡਾ ਜਿਹੇ ਮੁਲਕ ਨਾਲ ਕੀਤਾ ਜਾਵੇ ਤਾਂ ਪਤਾ ਲਗਦਾ ਹੈ ਕਿ ਬੇਰੋਜ਼ਗਾਰੀ ਇਥੇ ਜ਼ਿਆਦਾ ਹੈ ਜਾਂ ਉਥੇ ਜ਼ਿਆਦਾ ਹੈ । ਸਾਡੇ ਦੇਸ਼ ਦੇ ਹਾਲਾਤ ਜਦ ਇਥੋਂ ਤੱਕ ਪਹੁੰਚ ਗਏ ਹਨ ਤਾਂ ਅਲਾਊਂਸ ਲਾਜ਼ਮੀ ਤੌਰ ਤੇ ਉਨ੍ਹਾਂ ਬੇਰੋਜ਼ਗਾਰਾਂ ਨੂੰ ਮਿਲਣਾ ਚਾਹੀਦਾ ਹੈ ਅਤੇ ਅਸੀਂ ਇਸ ਦੇ ਹੱਕ ਵਿਚ ਹਾਂ । ਇਸੇ ਬੇਰੋਜ਼ਗਾਰੀ ਦੇ ਕਾਰਨ ਹੀ ਸਾਡੇ ਡਾਕਟਰਜ਼, ਇੰਜੀਨੀਅਰਜ਼ ਆਦਿ 2 ਹਜ਼ਾਰ ਦੇ ਕਰੀਬ ਇਰਾਨ ਵਗੈਰਾ ਮੁਲਕਾਂ ਵਿਚ ਗਏ ਹਨ । ਸਾਡੇ ਦੇਸ਼ ਦਾ ਇੰਟੈਲੀਜੈਂਸੀਆ ਬਾਹਿਰ ਜਾ ਰਿਹਾ ਹੈ । ਬੇਕਾਰੀ ਇਥੇ ਪਈ ਹੈ । ਜਦ ਇਥੇ ਅਜਿਹੇ ਹਾਲਾਤ ਹਨ ਤਾਂ ਅਸੀਂ ਤਰੱਕੀ ਕਿਸ ਤਰ੍ਹਾਂ ਕਰਾਂਗੇ । ਸੋ, ਡਿਪਟੀ ਸਪੀਕਰ ਸਾਹਿਬ, ਅੰਤ ਵਿਚ ਮੈਂ ਇਹ ਗੱਲ ਕਹਿੰਦਾ ਹਾਂ ਕਿ ਇਹ ਜੋ ਬੇਰੋਜ਼ਗਾਰੀ ਦਾ ਮਸਲਾ ਹੈ, ਇਹ ਬੜਾ ਅਹਿਮ ਮਸਲਾ ਹੈ । ਸਾਡੀ ਸਰਕਾਰ ਨੂੰ ਸਾਰਾ ਧਿਆਨ ਇਸ ਪਾਸੇ ਦੇਣਾ ਚਾਹੀਦਾ ਹੈ । ਇਸ ਬੇਕਾਰੀ ਦੇ ਮਸਲੇ ਨੂੰ ਹਲ ਕਰਨ ਵਾਸਤੇ ਮੈਂ ਤੁਹਾਨੂੰ 2-3 ਮਿਸਾਲਾਂ ਦਿੱਤੀਆਂ ਹਨ । ਮੈਂ ਕਹਾਂਗਾ ਕਿ ਉਨ੍ਹਾਂ ਨੂੰ ਬੇਰੋਜ਼ਗਾਰੀ ਅਲਾਊਂਸ ਜ਼ਰੂਰ ਦੇਣਾ ਚਾਹੀਦਾ ਹੈ ਤਾਕਿ ਕੁਝ ਚਿਰ ਲਈ ਉਨ੍ਹਾਂ ਵਿਚਾਰਿਆਂ ਦੇ ਮਨ ਅਸੀਂ ਸ਼ਾਂਤ ਕਰ ਸਕੀਏ । (ਘੰਟੀ)

**ਸ੍ਰੀ ਸਰਦਾਰੀ ਲਾਲ ਕਪੂਰ** (ਲੁਧਿਆਣਾ-ਉੱਤਰ): ਮਾਨਯੋਗ ਡਿਪਟੀ ਸਪੀਕਰ ਸਾਹਿਬ, ਜਿਹੜਾ ਕਾਮਰੇਡ ਸਾਹਿਬ ਨੇ ਮਤਾ ਪੇਸ਼ ਕੀਤਾ ਹੈ, ਮੈਂ ਉਸ ਨੂੰ ਸਪੋਰਟ ਕਰਦਾ ਹਾਂ ਅਤੇ ਮੈਂ ਇਹ ਸਮਝਦਾ ਹਾਂ ਕਿ ਦੇਸ਼ ਦੀ ਤਰੱਕੀ ਤਦ ਹੀ ਹੋ ਸਕਦੀ ਹੈ ਕਿ ਜਿਹੜੇ ਲੋਕ ਬੇਰੋਜ਼ਗਾਰ ਹਨ ਅਗਰ ਉਨ੍ਹਾਂ ਨੂੰ ਰੋਜ਼ਗਾਰ ਤੇ ਲਗਾਇਆ ਜਾਵੇ । ਸਭ ਨਾਲੋਂ ਜ਼ਰੂਰੀ ਗੱਲ ਇਹ ਦੇਖਣ ਵਾਲੀ ਹੈ ਕਿ ਆਇਆ ਪੰਜਾਬ ਦਾ ਜਿਹੜਾ ਵਾਸੀ ਹੈ, ਉਸ ਦੇ ਅਤੇ ਦੂਸਰਿਆਂ ਸੂਬਿਆਂ ਦੇ ਵਾਸੀਆਂ ਵਿਚ ਕਿੰਨਾਂ ਅਤੇ ਕਿਸ ਕਿਸਮ ਦਾ ਫਰਕ ਹੈ । ਮੈਂ ਹਾਲਾਂ ਵੀ ਇਹ ਸਮਝਦਾ ਹਾਂ ਕਿ ਬਿਹਾਰ, ਉੜੀਸਾ ਅਤੇ ਹੋਰ ਦੂਸਰੇ ਜਿਹੜੇ ਸੂਬੇ ਹਨ ਉਨ੍ਹਾਂ ਦੇ ਮੁਕਾਬਲੇ ਵਿਚ ਪੰਜਾਬ ਦੇ ਵਿਚ ਪੰਜਾਬੀ ਜਿਹੜਾ ਹੈ ਉਹ ਮਿਹਨਤ ਕਰਕੇ ਰੋਟੀ ਖਾਣ ਜਾਣਦਾ ਅਤੇ ਉਹ ਅਗਾਹ ਵਧੂ ਹੈ । ਉਹ ਆਪਣਾ ਰੋਜ਼ਗਾਰ ਫਿਰ ਵੀ ਲੱਭ ਲੈਂਦਾ ਹੈ ਮਿਹਨਤ ਕਰਕੇ । ਦੂਸਰੀ ਇਹ ਗੱਲ ਹੈ ਕਿ ਇਹ ਜਿਹੜੀ ਬੇਕਾਰੀ ਹੈ, ਇਹ ਜਿਹੜੀ ਅਨਇੰਪਲਾਇਮੈਂਟ ਹੈ ਇਹ ਪੰਜਾਬ ਵਿਚ ਵੀ ਹੈ । ਜਿਥੇ ਇੰਪਲਾਇਮੈਂਟ ਦੇ ਦਫ਼ਤਰ ਵਿਚ ਚਲੇ ਜਾਉ ਤਾਂ ਉਥੇ ਲਾਈਨਾਂ ਲੱਗ ਜਾਂਦੀਆਂ ਹਨ । ਉਹ ਵਿਚਾਰੇ ਇੰਤਜ਼ਾਰ ਕਰਦੇ ਰਹਿੰਦੇ ਹਨ ਕਿ ਸਾਨੂੰ ਕਦੋਂ ਚਿੱਠੀ ਆਵੇ ਅਤੇ ਕਦੋਂ ਸਾਨੂੰ ਰੋਜ਼ਗਾਰ ਮਿਲੇ । ਡਿਪਟੀ ਸਪੀਕਰ ਸਾਹਿਬ, ਮੈਨੂੰ ਇਕ ਵਾਕਿਆ ਯਾਦ ਹੈ ਜੋ ਕਿ ਬੜਾ ਦੁਖਦਾਈ ਵਾਕਿਆ ਹੈ । ਇਕ ਨੌਜਵਾਨ ਐਮ. ਏ. ਪੜ੍ਹਿਆ ਮੁੰਡਾ ਮੇਰੇ ਕੋਲ ਆਇਆ । ਉਹ ਮੈਨੂੰ ਕਹਿਣ ਲੱਗਾ ਕਿ ਮੈਂ ਚਾਰ ਦਿਨਾਂ ਤੋਂ ਭੁੱਖਾ ਹਾਂ ਅਤੇ ਮੈਨੂੰ ਰੋਟੀ ਨਹੀਂ ਮਿਲੀ । ਉਹ ਮੈਨੂੰ ਕਹਿਣ ਲੱਗਾ ਕਿ ਤੁਸੀਂ ਕੋਈ ਜਗ੍ਹਾਂ ਲੈ ਦਿਓ ਅਤੇ ਮੈਨੂੰ ਕਿਤੇ ਵੀ ਕੋਈ ਨੌਕਰੀ ਨਹੀਂ ਮਿਲੀ । ਮੈਂ ਕੋਸ਼ਿਸ਼ ਕਰਕੇ ਉਸ ਮੁੰਡੇ ਨੂੰ ਮਿਊਂਸਪੈਲਿਟੀ ਵਿਚ ਮੁਹੱਰਰ ਲਗਵਾ ਦਿੱਤਾ ਪਰ ਉਥੋਂ ਦਾ ਇਕ ਮਿਊਂਸਪਲ ਕਮਿਸ਼ਨਰ ਆਪਣੇ ਕਿਸੇ ਰਿਸ਼ਤੇਦਾਰ ਨੂੰ ਲਗਾਉਣਾ ਚਾਹੁੰਦਾ ਸੀ ਅਤੇ ਉਸ ਨੇ ਉਸ ਮੁੰਡੇ ਨੂੰ 15 ਦਿਨਾਂ ਦੇ ਬਾਅਦ ਨੌਕਰੀ ਤੋਂ ਹਟਾ ਦਿੱਤਾ । ਫਿਰ ਉਹ ਮੁੰਡਾ ਮੇਰੇ ਪਾਸ ਆਇਆ ਅਤੇ ਕਹਿਣ ਲੱਗਾ ਕਿ

Original with; Punjab Vidhan Sabha Digitized by; Panjab Digital Library

ਮੈਨੂੰ ਹਟਾ ਦਿੱਤਾ ਗਿਆ ਹੈ । ਫਿਰ ਉਹ ਕਹਿਣ ਲੱਗਾ ਕਿ ਤੁਸੀਂ ਮੈਨੂੰ ਪ੍ਰੈਜ਼ੀਡੈਂਟ, ਮਿਊਂਸਪਲ ਕਮੇਟੀ, ਅੰਮ੍ਰਿਤਸਰ ਦੇ ਨਾਮ ਤੇ ਚਿੱਠੀ ਦੇ ਦਿਓ ਅਤੇ ਮੈਂ ਵੀ ਉਸ ਪਾਸੇ ਦਾ ਹੀ ਰਹਿਣ ਵਾਲਾ ਹਾਂ । ਮੈਂ ਉੱਥੋਂ ਦੇ ਪ੍ਰੈਜ਼ੀਡੈਂਟ ਦੇ ਨਾਮ ਚਿੱਠੀ ਲਿਖ ਦਿੱਤੀ । ਉਥੋਂ ਦੀ ਮਿਊਂਸਪਲ ਕਮੇਟੀ ਦੇ ਪ੍ਰਧਾਨ ਸਰਦਾਰ ਕ੍ਰਿਪਾਲ ਸਿੰਘ ਮੇਰੇ ਦੋਸਤ ਹਨ ਮੈਂ ਕਿਹਾ ਕਿ ਉਸ ਦੇ ਨਾਮ ਚਿੱਠੀ ਲਿਖ ਦਿੰਦਾ ਹਾਂ। ਉਸ ਦੇ ਨਾਮ ਚਿੱਠੀ ਲਿੱਖ ਦਿੱਤੀ । ਫਿਰ ਉਸ ਮੁੰਡੇ ਦੀ ਮੈਨੂੰ ਚਿੱਠੀ ਆਈ ਕਿ ਸਰਦਾਰ ਕ੍ਰਿਪਾਲ ਸਿੰਘ ਮੇਰੀ ਮੱਦਦ ਨਹੀਂ ਕਰ ਸਕੇ । ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਦੱਸਦਾ ਹਾਂ ਕਿ ਉਸ ਮੁੰਡੇ ਨੇ ਲਿਖਿਆ ਕਿ ਜੇ ਮੈਨੂੰ 10 ਦਿਨ ਦੇ ਅੰਦਰ ਅੰਦਰ ਜਗ੍ਹਾ ਨਾ ਮਿਲੀ, ਮੇਰੀ ਸਿਲੈਕਸ਼ਨ ਕਿਤੇ ਨਾ ਹੋਈ ਤਾਂ ਮੈਂ ਇਸ ਦੁਨੀਆ ਵਿਚ ਨਹੀਂ ਰਹਾਂਗਾ। ਡਿਪਟੀ ਸਪੀਕਰ ਸਾਹਿਬ, ਮੈਨੂੰ ਇਹ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਉਸ ਐਮ. ਏ. ਪੜ੍ਹੇ ਮੁੰਡੇ ਨੇ ਰੇਲਵੇ ਲਾਈਨ ਹੇਠ ਸਿਰ ਦੇ ਦਿੱਤਾ ਅਤੇ ਉਸ ਦੀ ਮੌਤ ਹੋ ਗਈ । ਇਸ ਤਰ੍ਹਾਂ ਹੋਰ ਵੀ ਬਹੁਤ ਸਾਰੇ ਨੌਜਵਾਨ ਹਨ ਜਿਹੜੇ ਬੇਰੋਜ਼ਗਾਰ ਹਨ । ਇਹ ਬੇਰੋਜ਼ਗਾਰੀ ਦਾ ਮਸਲਾ ਬੜਾ ਜ਼ਬਰਦਸਤ ਮਸਲਾ ਹੈ । ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਇਹ ਜਿਹੜਾ ਰੈਜ਼ੋਲਿਊਸ਼ਨ ਪੇਸ਼ ਕੀਤਾ ਹੈ ਉਸ ਨਾਲੋਂ ਪਹਿਲਾਂ ਸਾਡੀ ਸਰਕਾਰ ਨੇ ਇਸ ਸਬੰਧੀ ਇਕ ਕਮੇਟੀ ਬਣਾਈ ਹੈ ਜਿਸ ਦੇ, ਡਿਪਟੀ ਸਪੀਕਰ ਸਾਹਿਬ, ਤੁਸੀਂ ਚੇਅਰਮੈਨ ਹੋ। ਤਸੀਂ ਉਸ ਚੀਜ਼ ਵਲ ਜਾ ਰਹੇ ਹੋ । ਸਰਕਾਰ ਦਾ ਇਹ ਫਰਜ਼ ਹੈ ਕਿ ਉਹ ਲੋਕਾਂ ਨੂੰ ਰੋਜ਼ਗਾਰ ਦੇਵੇ ਅਤੇ ਜਦ ਤਕ ਉਨ੍ਹਾਂ ਨੂੰ ਰੋਜ਼ਗਾਰ ਨਾ ਮਿਲੇ ਤਦ ਤਕ ਉਨ੍ਹਾਂ ਨੂੰ ਲਾਜ਼ਮੀ ਤੌਰ ਤੇ ਕੋਈ ਨਾ ਕੋਈ ਅਲਾਊਂਸ ਦਿਤਾ ਜਾਣਾ ਚਾਹੀਦਾ ਹੈ । ਮੈਂ ਇਹ ਵੀ ਅਰਜ਼ ਕਰਦਾ ਹਾਂ ਕਿ ਜਿਹੜੇ ਸਾਡੇ ਨੌਜਵਾਨ ਵਿਚਾਰੇ ਇੰਜੀਨੀਅਰਿੰਗ ਕਰਦੇ ਹਨ, ਇਤਨੀ ਪੜ੍ਹਾਈ ਕਰਦੇ ਹਨ, ਡਾਕਟਰੀ ਕਰਦੇ ਹਨ, ਉਹ ਪੜ੍ਹਕੇ ਅਤੇ ਕੋਰਸ ਕਰਨ ਤੋਂ ਬਾਅਦ ਨੌਕਰੀਆਂ ਲੱਭਦੇ ਹਨ ਪਰ ਉਨ੍ਹਾਂ ਨੂੰ ਨੌਕਰੀਆਂ ਨਹੀਂ ਮਿਲਦੀਆਂ। ਉਹ ਬਹੁਤ ਕੋਸ਼ਿਸ਼ ਕਰਦੇ ਹਨ ਪਰ ਫਿਰ ਵੀ ਨੌਕਰੀਆਂ ਨਹੀਂ ਮਿਲਦੀਆਂ (ਇਸ ਸਮੇਂ ਹਾਊਸ ਵਿਚ ਕੁਝ ਮੈਂਬਰ ਸਾਹਿਬਾਨ ਆਪਸ ਵਿਚ ਬੋਲ ਰਹੇ ਸਨ ।) ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਕੋਲ ਪ੍ਰਾਰਥਨਾ ਕਰਾਂਗਾ ਕਿ ਹਾਊਸ ਦੇ ਕੁਝ ਮੈਂਬਰ ਸਾਹਿਬਾਨ ਆਪਸ ਵਿਚ ਬੈਠੇ ਬੈਠੇ ਗੱਲਾਂ ਕਰ ਰਹੇ ਹਨ, ਉਨਾਂ ਨੂੰ ਕਹੋ ਕਿ ਉਹ ਚੁੱਪ ਕਰਕੇ ਸੁਣਨ ਤਾਂ ਠੀਕ ਹੈ ਨਹੀਂ ਤਾਂ ਗੱਲ ਨਹੀਂ ਬਣਨੀ ।

**ਸ੍ਰੀ ਡਿਪਟੀ ਸਪੀਕਰ :** ਨੌਜਵਾਨਾਂ ਬਾਰੇ ਗੱਲ ਹੋ ਰਹੀ ਹੈ, ਮੈਂਬਰ ਸਾਹਿਬਾਨ ਧਿਆਨ ਨਾਲ ਸੁਣਨ ।

**ਸ੍ਰੀ ਸਰਦਾਰੀ ਲਾਲ ਕਪੂਰ :** ਡਿਪਟੀ ਸਪੀਕਰ ਸਾਹਿਬ, ਜਿਹੜੇ ਸਾਡੇ ਦੇਸ਼ ਦੇ ਨੌਜਵਾਨ ਹਨ, ਇਹ ਦੇਸ਼ ਦੀ ਰੀੜ੍ਹ ਦੀ ਹੱਡੀ ਹਨ । ਜੇ ਤੁਸੀਂ ਨੌਜਵਾਨਾਂ ਨੂੰ ਵਿਸਾਰ ਦਿਉਗੇ ਤਾਂ ਮੈਂ ਸਮਝਦਾ ਹਾਂ ਕਿ ਪੰਜਾਬ ਦਾ, ਬਲਕਿ ਸਾਰੇ ਦੇਸ਼ ਦਾ ਭਲਾ ਨਹੀਂ ਹੋ ਸਕਦਾ, ਕਿਉਂਕਿ ਉਨ੍ਹਾਂ ਦੀਆਂ ਜ਼ਿੰਦਗੀਆਂ ਦੇਸ਼ ਲਈ ਹਨ । ਦੇਸ਼ ਲਈ ਉਨ੍ਹਾਂ ਨੇ ਕੁਝ ਕਰਨਾ ਹੈ । ਜੇ ਤੁਸੀਂ ਉਨ੍ਹਾਂ ਨੂੰ ਸਪੋਰਟ ਨਹੀਂ ਕਰੋਗੇ, ਉਨ੍ਹਾਂ ਦੀ ਮਦਦ ਨਹੀਂ ਕਰੋਗੇ ਤਾਂ ਮੈਂ ਸਮਝਦਾ ਹਾਂ ਕਿ ਹਫੜਾ ਦਫੜੀ ਵਧ ਸਕਦੀ ਹੈ । ਮੈਂ ਅਰਜ਼ ਕਰਦਾ ਹਾਂ ਕਿ ਨਕਸਲਬਾੜੀ ਕਿਉਂ ਬਣਦੇ ਹਨ ? ਇਸ ਦਾ ਵੱਡਾ ਕਾਰਨ ਇਹ ਹੈ ਕਿ ਜਿਹੜੇ ਬੇਰੋਜ਼ਗਾਰ ਹਨ ਉਹ ਵੀ ਇਸ ਪਾਸੇ ਜਾ ਰਹੇ ਹਨ । ਉਹ ਦੂਸਰਿਆਂ ਦੇ ਆਖੇ ਲੱਗਕੇ ਦੂਸਰੇ ਪਾਸੇ ਚਲੇ ਜਾਂਦੇ ਹਨ ਅਤੇ ਸਾਡੀ ਤਬਾਹੀ ਦਾ ਕਾਰਨ ਬਣਦੇ ਹਨ । ਅਗਰ ਉਨ੍ਹਾਂ ਨੂੰ ਰੋਜ਼ਗਾਰ ਮਿਲਿਆ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਰਦਾਰੀ ਲਾਲ ਕਪੂਰ]

ਹੋਵੇ ਤਾਂ ਉਹ ਉਸ ਪਾਸੇ ਨਹੀਂ ਜਾਣਗੇ। ਆਖਿਰ ਸਟੇਟ ਦੀ ਫਾਈਨੈਂਸ਼ਲ ਕੰਡੀਸ਼ਨ ਨੂੰ ਦੇਖਦੇ ਹੋਏ ਲਾਜ਼ਮੀ ਤੌਰ ਤੇ ਸਾਨੂੰ ਕੋਈ ਨਾ ਕੋਈ ਸੈਸ ਲਾਉਣਾ ਪਵੇਗਾ। ਇਸ ਤਰ੍ਹਾਂ ਕਹਿਣਾ ਪਵੇਗਾ ਕਿ ਜਿਹੜੇ ਲੋਕ ਟੈਕਸ ਦਿੰਦੇ ਹਨ, ਜਿਸ ਦੀ 10 ਲੱਖ ਦੀ ਆਮਦਨ ਹੈ ਉਸ ਉਤੇ 1 % ਜਾਂ 2% ਲਗਾ ਦਿਓ। ਜਿਹੜੇ ਵੱਡੇ ਵੱਡੇ ਜ਼ਿਮੀਂਦਾਰ ਹਨ, ਜਿਹੜੇ ਐਨਾ ਮੁਆਮਲਾ ਦਿੰਦੇ ਹਨ ਉਨ੍ਹਾਂ ਉਤੇ ਕੁਝ ਲਗਾ ਦਿਓ ਅਤੇ ਇਸੇ ਤਰ੍ਹਾਂ ਹੀ ਮੈਂ ਸਮਝਦਾ ਹਾਂ ਕਿ ਜਿਹੜੀ ਵੱਡੀਆਂ ਵੱਡੀਆਂ ਇੰਡਸਟਰੀਜ਼ ਚਲਦੀਆਂ ਹਨ ਕੁਝ ਉਨ੍ਹਾਂ ਉਤੇ ਲਗਾ ਦਿੱਤਾ ਜਾਵੇ। ਇਸ ਤਰ੍ਹਾਂ ਬੇਰੋਜ਼ਗਾਰੀ ਦਾ ਜਿਹੜੇ ਨੌਜਵਾਨ ਨਿਸ਼ਾਨਾ ਬਣਦੇ ਹਨ, ਉਨ੍ਹਾਂ ਨੂੰ ਲਾਜ਼ਮੀ ਤੌਰ ਤੇ ਰੋਜ਼ਗਾਰ ਮਿਲ ਸਕਦਾ ਹੈ ਅਤੇ ਦੂਸਰਾ ਉਨ੍ਹਾਂ ਨੂੰ ਅਲਾਊਂਸ ਮਿਲ ਸਕਦਾ ਹੈ ਇਹ ਗੱਲ ਲਾਜ਼ਮੀ ਹੈ ਕਿ ਜੇ ਅਸੀਂ ਨੌਜਵਾਨਾਂ ਦਾ ਭਲਾ ਕਰਨਾ ਹੈ ਤਾਂ ਉਨ੍ਹਾਂ ਨੂੰ ਕੁਝ ਨਾ ਕੁਝ ਦੇਣਾ ਹੀ ਪਵੇਗਾ। ਜੇ ਅਸੀਂ ਉਨ੍ਹਾਂ ਨੂੰ ਰੋਜ਼ਗਾਰ ਨਹੀਂ ਦਿਆਂਗੇ ਤਾਂ ਲਾਜ਼ਮੀ ਤੌਰ ਤੇ ਅਲਾਊਂਸ ਦੇਣਾ ਪਵੇਗਾ। ਅੱਜ ਨਹੀਂ, ਕੱਲ ਨਹੀਂ, ਮਹੀਨਾ ਨਹੀਂ, ਸਾਲ ਡੇਢ ਸਾਲ ਨਹੀਂ ਦਿਆਂਗੇ ਪਰ ਇਹ ਮਸਲਾ ਇਸ ਕਿਸਮ ਦਾ ਹੈ ਜਿਹੜਾ ਕਿ ਬੜਾ ਖਤਰਨਾਕ ਮਸਲਾ ਹੈ, ਬੜਾ ਦੁਖਦਾਈ ਮਸਲਾ ਹੈ। ਕਿਉਂਕਿ ਇਕ ਤਾਂ ਬੇਰੋਜ਼ਗਾਰੀ ਹੋਵੇ ਅਤੇ ਦੂਸਰੇ ਅਸੀਂ ਅਮਨ ਲੱਭੀਏ, ਅਮਨ ਅਤੇ ਬੇਰੋਜ਼ਗਾਰੀ ਇਹ ਦੋ ਵੱਖ ਵੱਖ ਗੱਲਾਂ ਹਨ। ਬੇਰੋਜ਼ਗਾਰ ਲੋਕ ਬਦਅਮਨੀ ਪੈਦਾ ਕਰਦੇ ਹਨ। ਲੁਧਿਆਣਾ ਵਿਚ ਇੰਡਸਟਰੀ ਬਹੁਤ ਹੈ। ਲੁਧਿਆਣਾ ਨੂੰ ਮਾਨਚੈਸਟਰ ਕਿਹਾ ਜਾਂਦਾ ਹੈ। ਪਰ ਅੱਜ ਉਥੋਂ ਦੀ ਹਾਲਤ ਇਹ ਹੈ ਕਿ ਕਾਰਖਾਨੇ ਨੂੰ ਆਪ ਤਾਲਾ ਲਾਉਣ ਦੀ ਵੀ ਜ਼ਰੂਰਤ ਨਹੀਂ ਪੈਂਦੀ ਆਪਣੇ ਆਪ ਹੀ ਤਾਲਾ ਲੱਗ ਜਾਂਦਾ ਹੈ। ਹਾਲਤ ਇਹ ਬਣ ਗਈ ਹੈ ਕਿ ਮਜ਼ਦੂਰਾਂ ਨੂੰ ਰੋਜ਼ਗਾਰ ਨਹੀਂ ਮਿਲਦਾ। ਇਹ ਚੀਜ਼ ਮੈਂ ਲੁਧਿਆਣਾ ਵਿਚ ਆਮ ਦੇਖੀ ਹੈ। ਡਿਪਟੀ ਸਪੀਕਰ ਸਾਹਿਬ, ਐਮ. ਏ. ਪਾਸ ਮੁੰਡੇ ਮਸ਼ੀਨਾਂ ਤੇ ਖੜੋ ਕੇ ਕੰਮ ਕਰਨ ਲੱਗ ਪਏ ਹਨ ਤਾਂਕਿ ਉਨ੍ਹਾਂ ਨੂੰ ਰੋਟੀ ਮਿਲੇ। ਅੱਜ ਉਨ੍ਹਾਂ ਦੀ ਹਾਲਤ ਇਹ ਹੈ ਪਰ ਇਸ ਦੇ ਬਾਵਜੂਦ ਵੀ ਉਹ ਬੇਰੋਜ਼ਗਾਰ ਹੋ ਗਏ ਹਨ ਤੇ ਉਹ ਸੜਕਾਂ ਤੇ ਫਿਰ ਰਹੇ ਹਨ। ਅੱਜ ਚੋਰੀਆਂ ਕਿਉਂ ਹੋ ਰਹੀਆਂ ਹਨ ? ਕਿਉਂਕਿ ਉਹ ਪੜ੍ਹ ਲਿਖਕੇ ਵਿਹਲੇ ਫਿਰ ਰਹੇ ਹਨ। ਉਹ ਪੜ੍ਹ ਲਿਖਕੇ ਉਸ ਰਸਤੇ ਤੇ ਪੈ ਗਏ ਹਨ ਜਿਹੜਾ ਰਸਤਾ ਉਨ੍ਹਾਂ ਨੂੰ ਅਖਤਿਆਰ ਨਹੀਂ ਸੀ ਕਰਨਾ ਚਾਹੀਦਾ। ਜਿਸ ਪਾਸੇ ਨੂੰ ਉਨ੍ਹਾਂ ਦਾ ਦਿਲ ਕਰਦਾ ਹੈ ਉਸ ਪਾਸੇ ਨੂੰ ਉਹ ਚਲੇ ਜਾਂਦੇ ਹਨ। ਉਨ੍ਹਾਂ ਨੂੰ ਉਸ ਪਾਸੇ ਜਾਣ ਤੋਂ ਰੋਕਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਜਿਸ ਤਰ੍ਹਾਂ ਪੰਜਾਬ ਨੇ ਸਾਰਿਆਂ ਸੂਬਿਆਂ ਦੀ ਅਗਵਾਈ ਕੀਤੀ ਹੈ, ਸਾਰਿਆਂ ਸੂਬਿਆਂ ਨਾਲੋਂ ਅੱਗੇ ਹੈ, ਮੈਂ ਸਮਝਦਾ ਹਾਂ ਕਿ ਪੰਜਾਬ ਗੌਰਮਿੰਟ ਨੂੰ ਵੀ ਇਹ ਪਾਸ ਕਰਨਾ ਚਾਹੀਦਾ ਹੈ ਕਿ ਜਿਹੜੇ ਪੜ੍ਹੇ ਲਿਖੇ ਨੌਜਵਾਨ ਹਨ ਜਦ ਤਕ ਉਨ੍ਹਾਂ ਨੂੰ ਰੋਜ਼ਗਾਰ ਨਹੀਂ ਮਿਲਦਾ ਤਦ ਤਕ ਉਨ੍ਹਾਂ ਨੂੰ ਲਾਜ਼ਮੀ ਤੌਰ ਤੇ ਅਲਾਊਂਸ ਮਿਲਣਾ ਚਾਹੀਦਾ ਹੈ। ਇਹ ਅੱਜ ਨਹੀਂ ਤਾਂ ਕਲ ਜ਼ਰੂਰ ਕਰਨਾ ਪਵੇਗਾ। ਤੁਸੀਂ ਅੰਦਾਜ਼ਾ ਲਗਾਉ ਕਿ ਜਿਹੜੇ ਮਾਂ ਬਾਪ ਦਾ ਬੱਚਾ ਪੜ੍ਹਦਾ ਹੈ ਉਸ ਦੀ ਕੋਸ਼ਿਸ਼ ਹੁੰਦੀ ਹੈ ਕਿ ਮੁੰਡਾ ਪੜ੍ਹ ਲਿਖਕੇ ਕਿਸੇ ਰੋਜ਼ਗਾਰ ਤੇ ਲਗ ਜਾਵੇ। ਇਹ ਵੀ ਹੁੰਦਾ ਹੈ ਕਿ ਬਾਪ ਆਪਣੇ ਬੱਚੇ ਪੜ੍ਹਾ ਨਹੀਂ ਸਕਦਾ। ਉਸ ਦਾ ਕਾਰਨ ਇਹ ਹੈ ਕਿ ਪੜ੍ਹਾਈ ਤੇ ਖਰਚ ਜ਼ਿਆਦਾ ਹੈ। ਪੜ੍ਹਾਈ ਤੇ ਖਰਚ ਬਹੁਤ ਹੁੰਦਾ ਹੈ। ਪੰਜਾਬ ਦੀ ਹਾਲਤ ਦੂਸਰਿਆਂ ਸੂਬਿਆਂ ਨਾਲੋਂ ਚੰਗੀ ਹੈ। ਪੰਜਾਬ ਦੂਜਿਆਂ ਸੂਬਿਆਂ ਨੂੰ ਰੋਟੀ ਦਿੰਦਾ ਹੈ। ਇਸ ਸਟੇਟ ਵਿਚ ਖਾਣ ਪੀਣ ਨੂੰ ਚੰਗਾ ਮਿਲਦਾ ਹੈ। ਬਾਵਜੂਦ ਇਸ ਗੱਲ ਦੇ, ਡਿਪਟੀ ਸਪੀਕਰ

Original with;
Punjab Vidhan Sabha
Digitized by;
Panjab Digital Library

ਸਾਹਿਬ, ਕਿ ਪੰਜਾਬ ਵਿਚ 22% ਐਸੇ ਆਦਮੀ ਹਨ ਜਿਨ੍ਹਾਂ ਦੇ ਸਰੀਰ ਵਿਚ ਖ਼ੂਨ ਘੱਟ ਹੈ। ਉਨ੍ਹਾਂ ਨੂੰ ਪੀਲੀਆ ਵਰਗੀ ਬਿਮਾਰੀ ਲਗੀ ਹੋਈ ਹੈ। ਉਹ ਵਿਚਾਰੇ ਕੁਝ ਕਰ ਨਹੀਂ ਸਕਦੇ। ਗਰੀਬਾਂ ਨੂੰ ਪਿੰਡਾਂ ਵਿਚ ਉਹ ਸਹੂਲਤਾਂ ਨਹੀਂ ਜਿਹੜੀਆਂ ਸਹੂਲਤਾਂ ਸ਼ਹਿਰਾਂ ਵਿਚ ਮਿਲਦੀਆਂ ਹਨ। ਉਨ੍ਹਾਂ ਨੂੰ ਵੀ ਪੂਰੀਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਜਿਹੜੇ ਪੜ੍ਹੇ ਲਿਖੇ ਨੌਜਵਾਨ ਹਨ ਜੇ ਉਨ੍ਹਾਂ ਨੂੰ ਨਹੀਂ ਸੰਭਾਲੋਗੇ ਤਾਂ ਉਹ ਹੱਥੋਂ ਨਿਕਲ ਜਾਣਗੇ ਤਾਂ ਫਿਰ ਉਹ ਲਾਜ਼ਮੀ ਤੌਰ ਤੇ ਸਾਡੇ ਦੇਸ਼ ਦੀ ਬਰਬਾਦੀ ਦਾ ਕਾਰਨ ਬਣਨਗੇ।

ਮੈਂ ਪ੍ਰਾਰਥਨਾ ਕਰਾਂਗਾ ਕਿ ਲਾਜ਼ਮੀ ਤੌਰ ਤੇ ਇਸ ਦੇ ਮੁਤੱਲਕ ਕੋਈ ਕਾਨੂੰਨ ਬਣਾਇਆ ਜਾਵੇ। ਜਿਹੜੀ ਪਹਿਲਾਂ ਹੀ ਇਸ ਦੇ ਮੁਤੱਲਕ ਕਮੇਟੀ ਬਣਾਈ ਹੋਈ ਹੈ ਉਹ ਕਮੇਟੀ ਆਪਣੀ ਰਿਪੋਰਟ ਜਲਦੀ ਤੋਂ ਜਲਦੀ ਤਿਆਰ ਕਰਕੇ ਦੇਵੇ। ਤੁਸੀਂ ਤਾਂ, ਡਿਪਟੀ ਸਪੀਕਰ ਸਾਹਿਬ, ਨੌਜਵਾਨਾਂ ਦੇ ਹਿਰਦੇ ਸਮਰਾਟ ਹੋ ਅਤੇ ਤੁਸੀਂ ਉਸ ਕਮੇਟੀ ਦੇ ਚੇਅਰਮੈਨ ਹੋ, ਤੁਹਾਨੂੰ ਚਾਹੀਦਾ ਹੈ ਕਿ ਉਸ ਕਮੇਟੀ ਦੀ ਰਿਪੋਰਟ ਜਲਦੀ ਤੋਂ ਜਲਦੀ ਤਿਆਰ ਕਰਕੇ ਪੰਜਾਬ ਗੌਰਮਿੰਟ ਦੇ ਕੋਲ ਪੇਸ਼ ਕਰੋ ਤਾਂਕਿ ਪੰਜਾਬ ਗੌਰਮਿੰਟ ਕੋਈ ਬਿਲ ਪੇਸ਼ ਕਰੇ। ਮੈਂ ਕਹਿੰਦਾ ਹਾਂ ਕਿ ਲਾਜ਼ਮੀ ਤੌਰ ਤੇ ਨੌਜਵਾਨਾਂ ਨੂੰ ਅਲਾਊਂਸ ਮਿਲਣਾ ਚਾਹੀਦਾ ਹੈ, ਇਨ੍ਹਾਂ ਨੂੰ ਬੇਰੋਜ਼ਗਾਰੀ ਅਲਾਊਂਸ ਜ਼ਰੂਰ ਮਿਲਣਾ ਚਾਹੀਦਾ ਹੈ। ਬੇਰੋਜ਼ਗਾਰੀ ਦੇ ਬਾਰੇ ਐਜੂਕੇਸ਼ਨ ਡਿਪਾਰਟਮੈਂਟ ਨੇ ਬੜਾ ਚੰਗਾ ਕੰਮ ਕੀਤਾ ਹੈ ਅਤੇ ਉਸ ਤਾਲੀਮ ਦੇ ਮਹਿਕਮੇ ਨੇ ਬੇਰੋਜ਼ਗਾਰ ਟੀਚਰਾਂ ਨੂੰ ਨੌਕਰੀਆਂ ਦਿਤੀਆਂ ਹਨ, ਹੋਰ ਮਹਿਕਮਿਆਂ ਨੇ ਵੀ ਨੌਕਰੀਆਂ ਦਿੱਤੀਆਂ ਹਨ ਅਤੇ ਬੇਰੋਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਵਾਸਤੇ ਕਾਫੀ ਮਦਦ ਕੀਤੀ ਹੈ ਪਰ ਮੈਂ ਅਰਜ਼ ਕਰ ਦਿਆਂ ਕਿ ਇਸ ਵਲ ਹੋਰ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ। ਅੱਜ ਜਿਹੜਾ ਇਕ ਨੌਜਵਾਨ ਇੰਜੀਨੀਅਰਿੰਗ ਕਰਦਾ ਹੈ ਉਹ ਐਸ. ਡੀ. ਓ. ਬਣ ਗਿਆ ਪਰ ਉਸ ਨੂੰ ਨੌਕਰੀ ਨਹੀਂ ਮਿਲੀ ਤਾਂ ਉਹ ਮਾਯੂਸ ਰਹਿੰਦਾ ਹੈ। ਗੌਰਮਿੰਟ ਨੇ ਆਪਣੇ ਤਰੀਕੇ ਨਾਲ ਉਨ੍ਹਾਂ ਬੇਰੋਜ਼ਗਾਰ ਇੰਜਨੀਅਰਜ਼ ਨੂੰ ਕਾਰਖਾਨਿਆਂ ਵਿਚ ਭੇਜਿਆ ਹੈ, ਇਹ ਇਕ ਚੰਗਾ ਕਦਮ ਹੈ। ਕਾਰਖਾਨਿਆਂ ਵਿਚ ਕੰਮ ਕਰਨ ਨਾਲ ਉਸ ਨੂੰ ਇਕ ਤਾਂ ਟਰੇਨਿੰਗ ਮਿਲੇਗੀ ਅਤੇ ਕੁਝ ਪੈਸੇ ਵੀ ਮਿਲਣਗੇ ਜਿਸ ਨਾਲ ਉਹ ਆਪਣੀ ਰੋਟੀ ਖਾ ਸਕਣਗੇ ਲੇਕਿਨ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਉਨ੍ਹਾਂ ਨੂੰ ਇਤਨੇ ਪੈਸੇ ਨਹੀਂ ਮਿਲਦੇ ਜਿਸ ਦੇ ਨਾਲ ਉਹ ਆਪਣਾ ਚੰਗਾ ਗੁਜ਼ਾਰਾ ਕਰ ਸਕਣ। ਸੋ, ਇਨ੍ਹਾਂ ਗਲਾਂ ਵਲ ਧਿਆਨ ਦੇਣ ਦੀ ਲੋੜ ਹੈ। ਜਿੰਨੀਆਂ ਸਕੀਮਾਂ ਤੁਸੀਂ ਬਣਾਈਆਂ ਹਨ। ਉਨ੍ਹਾਂ ਨਾਲ ਬੇਰੋਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ। ਮੈਂ ਤਾਂ ਇਹ ਵੀ ਕਹਾਂਗਾ ਕਿ ਪੰਜਾਬ ਇਕ ਐਸਾ ਸੂਬਾ ਹੈ ਜਿਸ ਨੇ ਐਸੇ ਨੌਜਵਾਨ ਪੈਦਾ ਕੀਤੇ ਹਨ ਜਿਹੜੇ ਕਿਸੇ ਅਗੇ ਹੱਥ ਨਹੀਂ ਫੈਲਾਉਣਾ ਠੀਕ ਸਮਝਦੇ, ਆਪਣੀ ਮਿਹਨਤ ਕਰਕੇ ਖਾਣ ਵਾਲੇ ਨੌਜਵਾਨ ਹਨ। ਜਦੋਂ 1947 ਦਾ ਜ਼ਮਾਨਾ ਸੀ ਤਾਂ ਉਸ ਵੇਲੇ ਕੈਂਪ ਇਥੇ ਲੱਗੇ ਸਨ। ਪੰਜਾਬ ਵਿਚ ਵੀ ਕੈਂਪ ਲਗੇ, ਬੰਗਾਲ ਵਿਚ ਵੀ ਕੈਂਪ ਲਗੇ, ਹੋਰ ਥਾਵਾਂ ਤੇ ਵੀ ਕੈਂਪ ਲਗੇ ਪਰ ਇਹ ਪੰਜਾਬੀ ਹੀ ਸੀ ਜਿਸ ਨੇ ਕੈਂਪਾਂ ਤੋਂ ਜਲਦੀ ਛੁਟਕਾਰਾ ਪਾਇਆ। ਉਸ ਨੇ ਕਿਸੇ ਤੋਂ ਮੰਗਣਾ ਪਸੰਦ ਨਹੀਂ ਕੀਤਾ, ਆਪ ਮਿਹਨਤ ਕਰਕੇ ਆਪਣੀ ਰੋਟੀ ਕਮਾਈ। ਮਿਹਨਤ ਕਰਕੇ ਆਪਣੇ ਅਤੇ ਆਪਣੇ ਬਾਲ ਬਚਿਆਂ ਦਾ ਪੇਟ ਪਾਲਣ ਦੀ ਕੋਸ਼ਿਸ਼ ਕੀਤੀ। ਹੁਣ ਪੰਜਾਬੀ ਸੂਬਾ ਬਣਨ ਨਾਲ ਪੰਜਾਬ ਹਾਲਾਂ ਕਿ ਟੁੱਟ ਗਿਆ ਹੈ, ਪਹਿਲਾਂ ਤਾਂ ਬਹੁਤ ਵਡਾ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਰਦਾਰੀ ਲਾਲ ਕਪੂਰ]

ਪੰਜਾਬ ਹੁੰਦਾ ਸੀ ਲੇਕਿਨ ਇਸ ਦੇ ਬਾਵਜੂਦ ਕਿ ਇਹ ਛੋਟਾ ਹੋ ਗਿਆ ਹੈ ਪੰਜਾਬ ਦੇ ਕਿਸਾਨ ਨੇ, ਪੰਜਾਬ ਦੇ ਮਜ਼ਦੂਰ ਨੇ, ਪੰਜਾਬ ਦੇ ਇੰਡਸਟਰੀ ਦੇ ਮਜ਼ਦੂਰ ਨੇ ਪੰਜਾਬ ਨੂੰ ਚਾਰ ਚੰਨ ਲਾ ਦਿਤੇ ਹਨ । ਲੁਧਿਆਣਾ ਇਕ ਐਸੀ ਜਗ੍ਹਾ ਹੈ ਜਿਥੋਂ ਦੇ ਮਜ਼ਦੂਰਾਂ ਨੇ ਮਿਹਨਤ ਕਰਕੇ ਪੰਜਾਬ ਦਾ ਨਾਮ ਸਾਰੇ ਹਿੰਦੁਸਤਾਨ ਵਿਚ ਅਤੇ ਬਾਹਰ ਵੀ ਰੋਸ਼ਨ ਕਰ ਦਿੱਤਾ ਹੈ । ਉਥੋਂ 20 ਕਰੋੜ ਰੁਪਏ ਦਾ ਮਾਲ ਬਾਹਰ ਜਾ ਰਿਹਾ ਹੈ । ਉਥੋਂ ਦੇ ਮਜ਼ਦੂਰਾਂ ਨੇ ਮਿਹਨਤ ਕਰਕੇ, ਦਿਨ ਰਾਤ ਇਕ ਕਰਕੇ ਪੰਜਾਬ ਦਾ ਨਾਮ ਪੈਦਾ ਕਰ ਦਿੱਤਾ ਹੈ । ਪੰਜਾਬ ਦਾ ਜੋ ਖੇਤ ਮਜ਼ਦੂਰ ਹੈ, ਜ਼ਿਮੀਂਦਾਰ ਹੈ, ਕਿਸਾਨ ਹੈ ਉਸ ਨੇ ਖੇਤੀ ਦੀ ਪੈਦਾਵਾਰ ਵਿਚ ਮਿਹਨਤ ਕਰਕੇ ਵਾਧਾ ਕੀਤਾ ਹੈ ਅਤੇ ਪੈਦਾਵਾਰ ਵਿਚ ਵਾਧਾ ਕਰਕੇ ਪੰਜਾਬ ਦਾ ਨਾਮ ਸਾਰੇ ਹਿੰਦੁਸਤਾਨ ਵਿਚ ਰੋਸ਼ਨ ਕੀਤਾ ਹੈ । ਸਾਰੇ ਜ਼ਿਲ੍ਹਿਆਂ ਵਿਚੋਂ ਲੁਧਿਆਣਾ ਨੰਬਰ ਇਕ ਤੇ ਹੈ । ਸਾਰੇ ਪੰਜਾਬ ਦੇ ਖੇਤ ਮਜ਼ਦੂਰਾਂ ਨੇ, ਜ਼ਿਮੀਦਾਰਾਂ ਨੇ, ਕਿਸਾਨਾਂ ਨੇ ਪੰਜਾਬ ਦਾ ਨਾਮ ਰੋਸ਼ਨ ਕੀਤਾ ਹੈ ਅਤੇ ਅੱਜ ਦੂਸਰੇ ਸਾਰੇ ਸੂਬੇ ਪੰਜਾਬ ਵਲ ਵੇਖ ਰਹੇ ਹਨ । ਪੰਜਾਬ ਦਾ ਸੂਬਾ ਖੇਤੀ ਦੀ ਉਪਜ ਇਤਨੀ ਵਧਾ ਰਿਹਾ ਹੈ ਕਿ 60% ਭੰਡਾਰ ਸਾਡੇ ਸੂਬੇ ਦਾ ਸੈਂਟਰ ਵਿਚ ਜਾ ਰਿਹਾ ਹੈ । ਸੋ, ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਲੋਕ ਬਹੁਤ ਬਹਾਦਰ ਅਤੇ ਮਿਹਨਤ ਕਸ਼ ਹਨ ।

ਸੋ, ਅੰਤ ਵਿਚ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੜ੍ਹੇ ਲਿਖੇ ਨੌਜਵਾਨਾਂ ਦਾ ਜੋ ਬੇਰੋਜ਼ਗਾਰੀ ਦਾ ਮਸਲਾ ਹੈ ਉਸ ਨੂੰ ਗੌਰਮਿੰਟ ਨੂੰ ਆਪਣੇ ਹੱਥਾਂ ਵਿਚ ਲੈਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਰੋਜ਼ਗਾਰ ਦੇਣ ਦੀ ਵੱਧ ਤੋਂ ਵੱਧ ਕੋਸ਼ਿਸ਼ ਕਰਨੀ ਚਾਹੀਦੀ ਹੈ । ਜਦੋਂ ਤਕ ਉਨ੍ਹਾਂ ਨੂੰ ਕੋਈ ਰੋਜ਼ਗਾਰ ਨਹੀਂ ਮਿਲਦਾ ਉਨ੍ਹਾਂ ਨੂੰ ਲਾਜ਼ਮੀ ਤੌਰ ਤੇ ਕੋਈ ਅਲਾਊਂਸ ਦੇਣਾ ਚਾਹੀਦਾ ਹੈ, ਲਾਜ਼ਮੀ ਤੌਰ ਤੇ ਉਨ੍ਹਾਂ ਵਾਸਤੇ ਕੋਈ ਅਲਾਊਂਸ ਮੁਕੱਰਰ ਕਰਨਾ ਚਾਹੀਦਾ ਹੈ ਤਾਂ ਕਿ ਉਹ ਜੀ ਸਕਣ ਅਤੇ ਕੋਈ ਐਸਾ ਕੰਮ ਨਾ ਕਰ ਸਕਣ ਜਿਸ ਨਾਲ ਪੰਜਾਬ ਦਾ ਨਾਮ ਬਦਨਾਮ ਹੋ ਸਕੇ ਅਤੇ ਪੰਜਾਬ ਦੇ ਨਾਮ ਤੇ ਕੋਈ ਧੱਬਾ ਲਗ ਸਕੇ । ਇਤਨਾ ਕਹਿ ਕੇ, ਡਿਪਟੀ ਸਪੀਕਰ ਸਾਹਿਬ, ਮੈਂ ਆਪ ਦਾ ਧੰਨਵਾਦ ਕਰਦਾ ਹਾਂ ।

**ਮਾਸਟਰ ਚੰਦ ਸਿੰਘ** (ਸ਼ੇਰਪੁਰ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਕਾਮਰੇਡ ਜੀ ਨੇ ਜੋ ਮਤਾ ਪੇਸ਼ ਕੀਤਾ ਹੈ ਮੈਂ ਇਸ ਦੇ ਨਾਲ ਸਹਿਮਤ ਹਾਂ । ਅਜ ਸਾਡੇ ਪੰਜਾਬ ਵਿਚ ਪੜ੍ਹੇ ਲਿਖੇ ਬੇਰੋਜ਼ਗਾਰ ਜਿਹੜੇ ਹਨ ਉਹ ਹਰ ਪਿੰਡ ਵਿਚ, ਹਰ ਸ਼ਹਿਰ ਵਿਚ ਮਿਲਦੇ ਹਨ । ਪਿੱਛੇ ਜਿਹੇ, ਡਿਪਟੀ ਸਪੀਕਰ ਸਾਹਿਬ, ਇਕ ਰਿਪੋਰਟ ਆਈ ਸੀ ਉਸ ਦੇ ਮੁਤਾਬਕ ਸਾਡੇ ਪੰਜਾਬ ਵਿਚ 1 ਲੱਖ ਪੜ੍ਹੇ ਲਿਖੇ ਬੇਰੁਜ਼ਗਾਰ ਹਨ ਜਿਨ੍ਹਾਂ ਵਿਚ ਇੰਜੀਨੀਅਰ, ਡਾਕਟਰ, ਮਾਸਟਰ ਅਤੇ ਹੋਰ ਪੜ੍ਹੇ ਲਿਖੇ ਹਨ । 3500 ਦੇ ਲੱਗ ਭੱਗ ਬੀ. ਏ. ਅਰਥਾਤ ਗਰੈਜੂਏਟ ਮੁੰਡੇ ਹਨ ਜਿਨ੍ਹਾਂ ਨੂੰ ਕੋਈ ਨੌਕਰੀ ਨਹੀਂ ਮਿਲ ਰਹੀ । ਇਹ ਸਰਕਾਰ ਆਪਣੇ ਆਪ ਨੂੰ ਸਮਾਜਵਾਦੀ ਸਰਕਾਰ ਕਹਿੰਦੀ ਹੈ ਪਰ ਇਹ ਸਮਾਜਵਾਦ ਵਾਲੇ ਪਾਸੇ ਨੂੰ ਨਹੀਂ ਜਾ ਰਹੀ । ਸਮਾਜਵਾਦੀ ਕੰਟਰੀਜ਼ ਜਿਹੜੇ ਹਨ ਉਨ੍ਹਾਂ ਵਿਚ ਤਾਂ ਬੇਰੋਜ਼ਗਾਰੀ ਦਾ ਨਾਮੋ-ਨਿਸ਼ਾਨ ਨਹੀਂ ਹੈ। ਜਦੋਂ ਉਥੇ ਕੋਈ ਆਪਣੀ ਐਜੂਕੇਸ਼ਨ ਪੂਰੀ ਕਰ ਲੈਂਦਾ ਹੈ, ਉਸ ਨੂੰ ਉਦੋਂ ਹੀ ਨੌਕਰੀ ਦਿੱਤੀ ਜਾਂਦੀ ਹੈ । ਇਨ੍ਹਾਂ ਦਾ ਸਮਾਜਵਾਦ ਬਾਰੇ ਕਹਿਣਾ ਐਵੇਂ ਫੜ੍ਹਾਂ ਹੀ ਹਨ ਪਰ ਇਨ੍ਹਾਂ ਨੇ ਕਰਨਾ ਕਰਾਉਣਾ ਕੁਝ ਨਹੀਂ । ਇਥੇ ਪੜ੍ਹੇ ਲਿਖੇ ਬੇਰੋਜ਼ਗਾਰਾਂ ਦੀ ਗਿਣਤੀ ਦਿਨ

Original with
Punjab Vidhan Sabha
Digitized by
Panjab Digital Library

ਪ੍ਰਤੀ ਦਿਨ ਵੱਧ ਰਹੀ ਹੈ । ਕਾਮਰੇਡ ਜੀ ਨੇ ਕਿਹਾ ਹੈ ਕਿ ਜਿਹੜਾ ਡਾਕਟਰੀ ਕਰ ਲੈਂਦਾ ਹੈ ਉਹ ਡਾਕਟਰ ਜਦੋਂ ਬਣ ਜਾਂਦਾ ਹੈ ਤਾਂ ਉਹ ਪ੍ਰਾਈਵੇਟ ਪ੍ਰੈਕਟਿਸ ਕਰ ਲੈਂਦਾ ਹੈ ਪਰ, ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਡਾਕਟਰੀ ਦਾ ਕੋਰਸ ਕਰਨਾ ਕਿੰਨਾਂ ਮੁਸ਼ਕਲ ਅਤੇ ਮਹਿੰਗਾ ਹੈ । ਮੈਂ ਆਪਣੇ ਹਲਕੇ ਸ਼ੇਰਪੁਰ ਦੀ ਤੁਹਾਨੂੰ ਗੱਲ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਇਕ ਹਰੀਜਨਾਂ ਦੇ ਮੁੰਡੇ ਨੇ ਐਮ. ਬੀ. ਬੀ. ਐਸ. ਵਿਚ ਦਾਖਲਾ ਤਾਂ ਲੈ ਲਿਆ ਪਰ ਉਸ ਨੂੰ ਪੈਸੇ ਵਗੈਰਾ ਨਹੀਂ ਮਿਲਦੇ ਅਤੇ ਉਹ ਕੋਰਸ ਵਿਚੇ ਹੀ ਛੱਡਣ ਨੂੰ ਤਿਆਰ ਹੈ । ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਪੜ੍ਹਾਈ ਬੜੀ ਮਹਿੰਗੀ ਹੈ, ਇਸ ਨੂੰ ਵੀ ਸਸਤਾ ਕਰੋ ਤਾਂ ਕਿ ਮੁੰਡੇ ਸੌਖੀ ਤਰ੍ਹਾਂ ਪੜ੍ਹਾਈ ਕਰ ਸਕਣ ਅਤੇ ਪੜ੍ਹਨ ਦੇ ਬਾਅਦ ਸਰਕਾਰ ਨੂੰ ਇਸ ਗੱਲ ਦੀ ਗਰੰਟੀ ਵੀ ਦੇਣੀ ਚਾਹੀਦੀ ਹੈ ਕਿ ਜਦੋਂ ਉਹ ਆਪਣੀ ਐਜੂਕੇਸ਼ਨ ਪੂਰੀ ਕਰ ਲਵੇਗਾ ਉਸ ਨੂੰ ਉਸ ਵੇਲੇ ਨੌਕਰੀ ਮਿਲ ਜਾਵੇਗੀ । ਇਸ ਵਿਚ ਸਰਕਾਰ ਦੀ ਆਪਣੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ ਨਾ ਕਿ ਕਿਸੀ ਹੋਰ ਅਦਾਰੇ ਦੀ ।

ਬਾਕੀ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਪਿੰਡਾਂ ਵਿਚ ਬੇਰੋਜ਼ਗਾਰ ਹਨ ਸਰਕਾਰ ਨੂੰ ਚਾਹੀਦਾ ਹੈ ਕਿ ਪਹਿਲਾਂ ਤਾਂ ਜਿਹੜਾ ਜ਼ਮੀਨੀ ਸੁਧਾਰ ਕੀਤਾ ਗਿਆ ਹੈ ਜਿਹੜੇ ਮੁੰਡੇ ਵਿਹਲੇ ਫਿਰਦੇ ਹਨ ਉਨ੍ਹਾਂ ਵਿਚ ਜ਼ਮੀਨ ਵੰਡੀ ਜਾਵੇ ਤਾਕਿ ਉਹ ਰੋਜ਼ਗਾਰ ਤੇ ਲਗ ਸਕਣ ਅਤੇ ਆਪਣਾ ਪੇਟ ਪਾਲ ਸਕਣ । ਫਿਰ ਇਸ ਤੋਂ ਇਲਾਵਾ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਛੋਟੇ ਛੋਟੇ ਧੰਧੇ ਹਨ, ਉਦਯੋਗ ਹਨ ਉਹ ਵੀ ਪਿੰਡਾਂ ਵਿਚ ਚਾਲੂ ਕੀਤੇ ਜਾਣ ਤਾਕਿ ਉਹ ਲੋਕ ਕੰਮ ਕਰਕੇ ਆਪਣੀ ਬੇਰੋਜ਼ਗਾਰੀ ਦਾ ਮਸਲਾ ਹੱਲ ਕਰ ਸਕਣ । ਇਸ ਦੇ ਨਾਲ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਵੱਡੀਆਂ ਵੱਡੀਆਂ ਜਿਹੜੀਆਂ ਫੈਕਟਰੀਆਂ ਹਨ ਉਨ੍ਹਾਂ ਵਿਚ ਵੀ ਬੇਰੋਜ਼ਗਾਰੀ ਦਾ ਮੱਸਲਾ ਆ ਜਾਂਦਾ ਹੈ । ਮਿਲ ਮਾਲਿਕ ਜਿਹੜੇ ਹਨ ਉਹ ਕਈ ਵਾਰੀ ਮਿਲ ਬੰਦ ਕਰ ਦਿੰਦੇ ਹਨ ਅਤੇ ਇਸ ਤਰ੍ਹਾਂ ਮਜ਼ਦੂਰ ਵੇਹਲਾ ਹੋ ਜਾਂਦਾ ਹੈ । ਸਰਕਾਰ ਨੂੰ ਚਾਹੀਦਾ ਹੈ ਕਿ ਇਹੋ ਜਿਹੇ ਜਿਹੜੇ ਅਦਾਰੇ ਹਨ ਉਨ੍ਹਾਂ ਵਲ ਵੀ ਧਿਆਨ ਦੇਵੇ ਅਤੇ ਇਸ ਤਰ੍ਹਾਂ ਜਿਹੜੀ ਬੇਰੋਜ਼ਗਾਰੀ ਹੈ ਉਹ ਪੈਦਾ ਨਾ ਹੋਵੇ ਉਹ ਰੈਗੂਲਰ ਕੰਮ ਕਰਦੇ ਰਹਿਣ ।

ਬਾਕੀ, ਡਿਪਟੀ ਸਪੀਕਰ ਸਾਹਿਬ, ਕਾਮਰੇਡ ਸਾਹਿਬ ਨੇ ਸੋਸ਼ਲਿਸਟ ਕੰਟਰੀਜ਼ ਦਾ ਜ਼ਿਕਰ ਕੀਤਾ ਹੈ । ਸੋਸ਼ਲਿਸਟ ਕੰਟਰੀਜ਼ ਵਿਚ ਤਾਂ ਟੈਕਨੀਕਲ ਐਜੂਕੇਸ਼ਨ ਕੰਪਲਸਰੀ ਹੈ । ਜਿਹੜੇ ਐਜੂਕੇਸ਼ਨ ਹਾਸਲ ਕਰਦੇ ਹਨ ਉਨ੍ਹਾਂ ਨੂੰ 2 ਘੰਟੇ ਮਸ਼ੀਨਾਂ ਦੇ ਪੁਰਜ਼ਿਆਂ ਦਾ ਕੰਮ ਜਾਂ ਹੋਰ ਟੈਕਨੀਕਲ ਕੰਮ ਕਰਵਾਇਆ ਜਾਂਦਾ ਹੈ ਤਾਕਿ ਤਕਨੀਕੀ ਸਿਖਿਆ ਵਿਚ ਮਾਹਰ ਹੋ ਸਕਣ ਅਤੇ ਮਾਹਰ ਹੋ ਕੇ ਉਹ ਆਪਣੇ ਕੰਮ ਤੇ ਲਗ ਸਕਣ ਅਤੇ ਬੇਰੋਜ਼ਗਾਰੀ ਦਾ ਜਿਹੜਾ ਮਸਲਾ ਹੈ ਉਹ ਹੱਲ ਹੋ ਸਕੇ । ਸਾਡੀ ਸਰਕਾਰ ਨੂੰ ਵੀ ਕੁਝ ਇਸ ਕਿਸਮ ਦਾ ਸੋਚਣਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਸਾਡੇ ਪੰਜਾਬ ਦੇ ਵਿਚ ਤੁਸੀਂ ਦੇਖੋ ਕਿ ਬੇਰੋਜ਼ਗਾਰੀ ਦਾ ਮਸਲਾ ਬਹੁਤ ਗੰਭੀਰ ਮਸਲਾ ਹੈ । ਤੁਸੀਂ ਦੇਖੋ ਕਿ ਜਿਹੜੇ ਵਰਕਚਾਰਜ ਹਨ ਉਹ ਕਈ ਕਈ ਚਿਰ ਤੋਂ ਕੰਮ ਕਰ ਰਹੇ ਹਨ ਪਰ ਉਹ ਰੈਗੂਲਰ ਨਹੀਂ ਹੋਏ । ਜਦੋਂ ਮਰਜ਼ੀ ਉਨ੍ਹਾਂ ਨੂੰ ਕੱਢ ਦਿਉ । ਮੇਰੀ ਅਰਜ਼ ਹੈ ਕਿ ਵਰਕਚਾਰਜ ਜਿਹੜੇ ਹਨ ਉਨ੍ਹਾਂ ਨੂੰ ਇਕ ਸਾਲ ਦੀ ਨੌਕਰੀ ਦੇ ਬਾਅਦ ਰੈਗੂਲਰ ਕਰੋ ਤਾਕਿ ਉਹ ਬੇਰੋਜ਼ਗਾਰ ਨਾ ਹੋ ਸਕਣ । ਪਰ, ਡਿਪਟੀ ਸਪੀਕਰ ਸਾਹਿਬ, ਸਰਕਾਰ ਦੀ ਨੀਤੀ ਕੀ ਹੈ ? ਸਰਕਾਰ ਦੀ ਨੀਤੀ ਇਹ

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਹੈ ਕਿ ਇਹ ਬੇਰੋਜ਼ਗਾਰਾਂ ਦੀ ਐਕਸਪਲਾਇਟੇਸ਼ਨ ਕਰਦੇ ਹਨ । (ਵਿਘਨ) ਪਿਛਲੇ ਸਾਲਾਂ ਵਿਚ ਟੀਚਰਜ਼ ਦੀਆਂ ਜੱਥੇਬੰਦੀਆਂ ਬਣੀਆਂ । ਉਨ੍ਹਾਂ ਟੀਚਰਾਂ ਨੂੰ ਹਾਫ਼-ਏ-ਮਿਲੀਅਨ-ਜਾਬ ਦੇ ਹੇਠਾਂ ਐਕਸਪਲਾਇਟ ਕੀਤਾ ਗਿਆ । ਜਿਹੜੇ ਰੈਗੂਲਰ ਟੀਚਰ ਹਨ ਉਨ੍ਹਾਂ ਨੂੰ ਤਨਖਾਹ 300/- ਰੁਪਏ ਮਹੀਨਾ ਅਤੇ ਜਿਹੜੇ ਹਾਫ਼-ਏ-ਮਿਲੀਅਨ-ਜਾਬ ਦੇ ਹੇਠਾਂ ਲਗੇ ਹਨ ਉਨ੍ਹਾਂ ਨੂੰ 150/- ਰੁਪਏ ਮਿਲਦੀ ਹੈ । ਇਸ ਤਰ੍ਹਾਂ ਦੀ ਜਿਹੜੀ ਐਕਸਪਲਾਇਟੇਸ਼ਨ ਹੈ ਉਹ ਬੰਦ ਕੀਤੀ ਜਾਵੇ ਤਾਕਿ ਉਨ੍ਹਾਂ ਨੂੰ ਵੀ ਬਰਾਬਰ ਦੇ ਹੱਕ ਮਿਲ ਸਕਣ ।

ਡਿਪਟੀ ਸਪੀਕਰ ਸਾਹਿਬ, ਮੈਂ ਬਹੁਤਾ ਸਮਾਂ ਨਾ ਲੈਂਦਾ ਹੋਇਆ ਅੰਤ ਵਿਚ ਇਹ ਕਹਿਣਾ ਚਾਹੁੰਦਾ ਹਾਂ ਕਿ ਇਕ ਹਰੀਜਨ ਐਮ. ਏ. ਐਮ. ਐਡ. ਮੁੰਡਾ ਚੰਡੀਗੜ੍ਹ ਵਿਚ ਮਜ਼ਦੂਰੀ ਕਰਦਾ ਹੈ । ਉਸ ਦੇ ਕੋਲ ਰੋਟੀ ਖਾਣ ਨੂੰ ਨਹੀਂ ਹੈ । ਉਹ 6/- ਰੁਪਏ ਰੋਜ਼ ਤੇ ਮਜ਼ਦੂਰੀ ਕਰਦਾ ਹੈ, ਲੋਕ ਸੰਪਰਕ ਵਿਭਾਗ ਵਿਚ । ਲੋਕਾਂ ਕੋਲ ਰੋਟੀ ਲਈ ਭੱਜਿਆ ਫਿਰਦਾ ਹੈ । ਸਰਕਾਰ ਬੇਰੋਜ਼ਗਾਰੀ ਘਟਾਉਣ ਦੀ ਬਜਾਏ ਇਸ ਵਿਚ ਵਾਧਾ ਕਰਦੀ ਹੈ । ਮੈਂ ਅਰਜ਼ ਕਰਾਂਗਾ ਕਿ ਜਿਹੜੇ ਬੇਰੋਜ਼ਗਾਰ ਹਨ ਉਨ੍ਹਾਂ ਨੂੰ ਬੇਰੋਜ਼ਗਾਰੀ ਭੱਤਾ ਲਾਜ਼ਮੀ ਮਿਲਣਾ ਚਾਹੀਦਾ ਹੈ । ਇਹ ਬੇਰੋਜ਼ਗਾਰੀ ਭੱਤਾ ਇਸ ਲਈ ਮਿਲਣਾ ਚਾਹੀਦਾ ਹੈ ਕਿਉਂਕਿ ਮਹਿੰਗਾਈ ਇਤਨੀ ਹੋ ਗਈ ਹੈ ਕਿ ਲੋਕਾਂ ਨੂੰ ਰੋਟੀ ਨਹੀਂ ਮਿਲਦੀ । ਮੈਂ ਇਸ ਮਤੇ ਦਾ ਸਮਰਥਨ ਕਰਦਾ ਹੋਇਆ ਸਾਰੇ ਸਦਨ ਨੂੰ ਪ੍ਰਾਰਥਨਾ ਕਰਦਾ ਹਾਂ ਕਿ ਇਹ ਮਤਾ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਜਾਵੇ ।

**ਸ਼੍ਰੀ ਪਿਆਰਾ ਰਾਮ ਧੰਨੋਵਾਲੀ** (ਫਗਵਾੜਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਜਿਹੜਾ ਮਤਾ ਕਾਮਰੇਡ ਅੱਛਰਾ ਸਿੰਘ ਨੇ ਇਸ ਹਾਊਸ ਵਿਚ ਪੇਸ਼ ਕੀਤਾ ਹੈ, ਉਸ ਦਾ ਸਕੋਪ ਬੜਾ ਲਿਮਿਟਿਡ ਹੈ । ਉਸ ਵਿਚ ਕਿਹਾ ਗਿਆ ਹੈ:

> "This House recommends to the Government to take steps to introduce a scheme so as to provide unemployment allowance to the educated unemployed youth, both technical and non-technical, in the State."

**ਗਿਆਨੀ ਕੁੰਦਨ ਸਿੰਘ ਪਤੰਗ :** ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਕੀ ਧੰਨੋਵਾਲੀਆ ਸਾਹਿਬ ਪੰਜਾਬ ਤੋਂ ਬਾਹਰ ਦੇ ਹਨ । ਜਦੋਂ ਸਰਕਾਰ ਪੰਜਾਬੀ ਵਿਚ ਸਾਰਾ ਕੰਮ ਕਰਦੀ ਹੈ ਤਾਂ ਇਹ ਅੰਗਰੇਜ਼ੀ ਵਿਚ ਬੋਲਦੇ ਹਨ । ਕੀ ਇਨ੍ਹਾਂ ਨੇ ਮਜ਼ਦੂਰਾਂ ਨੂੰ ਸਮਝਾਉਣਾ ਹੈ ਜਾਂ ਅੰਗਰੇਜ਼ਾਂ ਨੂੰ ? (ਵਿਘਨ) ਮੈਂ ਬੇਨਤੀ ਕਰਾਂਗਾ ਕਿ ਇਨ੍ਹਾਂ ਨੂੰ ਹਦਾਇਤ ਕਰੋ ਕਿ ਇਹ ਪੰਜਾਬੀ ਬੋਲਣ ਜੇ ਨਹੀਂ ਆਉਂਦੀ ਤਾਂ ਸਿੱਖ ਲੈਣ । ਪੰਜਾਬੀ ਮਾਂ ਬੋਲੀ ਹੈ ਸੰਗਦੇ ਕਿਉਂ ਹਨ ?

**ਸ਼੍ਰੀ ਡਿਪਟੀ ਸਪੀਕਰ** : ਧੰਨੋਵਾਲੀ ਸਾਹਿਬ, ਇਸ ਤਰ੍ਹਾਂ ਬੋਲੋ ਕਿ ਪਤੰਗ ਜੀ ਨੂੰ ਸਮਝ ਆਏ ।

**ਸ਼੍ਰੀ ਪ੍ਰੇਮ ਗੁਪਤਾ** : ਕਾਮਰੇਡ ਅੱਛਰਾ ਸਿੰਘ ਨੇ ਮਤਾ ਅੰਗਰੇਜ਼ੀ ਵਿਚ ਕਿਉਂ ਦਿਤਾ ਹੈ ? . . . . (ਵਿਘਨ)

Original with;
Punjab Vidhan Sabha
Digitized by;
Panjab Digital Library

**ਸ਼੍ਰੀ ਪਿਆਰਾ ਰਾਮ ਧੰਨੋਵਾਲੀ :** ਡਿਪਟੀ ਸਪੀਕਰ ਸਾਹਿਬ, ਮੈਂ ਪੰਜਾਬੀ ਵਿਚ ਦੱਸ ਦਿੰਦਾ ਹਾਂ । ਮੇਰੀ ਅਰਜ਼ ਹੈ ਕਿ ਇਹ ਮਤਾ ਇੰਨੇ ਤੱਕ ਸੀਮਤ ਹੈ ਕਿ ਜਿਹੜੇ ਪੜ੍ਹੇ ਲਿਖੇ ਬੇਰੋਜ਼ਗਾਰ ਹਨ ਚਾਹੇ ਟੈਕਨੀਕਲ ਹਨ ਚਾਹੇ ਨਾਨ-ਟੈਕਨੀਕਲ, ਉਨ੍ਹਾਂ ਨੂੰ ਕੋਈ ਸਕੀਮ ਬਣਾ ਕੇ ਅਲਾਊਂਸ ਵਗੈਰਾ ਦਿੱਤਾ ਜਾਏ । ਇਸ ਮਤੇ ਦੀ ਸਕੀਮ ਨੂੰ ਕਾਮਰੇਡ ਅੱਛਰਾ ਸਿੰਘ ਅਤੇ ਸਰਦਾਰ ਬਲਵਿੰਦਰ ਸਿੰਘ ਭੂੰਦੜ ਨੇ ਬਹੁਤ ਬੜ੍ਹਾ ਚੜ੍ਹਾ ਕੇ ਪੇਸ਼ ਕੀਤਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਇਸ ਹਾਊਸ ਦੀ ਗਿਆਤ ਲਈ ਕਹਾਂਗਾ ਕਿ ਠੀਕ ਹੈ ਕਿ ਇਹ ਮਤਾ ਹਾਊਸ ਵਿਚ ਆਇਆ ਅਤੇ ਮੈਂ ਇਹ ਵੀ ਨਹੀਂ ਕਹਿੰਦਾ ਕਿ ਮੈਂ ਇਸ ਮਤੇ ਨਾਲ ਸਹਿਮਤ ਨਹੀਂ, ਪਰ (ਵਿਘਨ) ਕਿੰਨੀ ਚੰਗੀ ਗਲ ਹੁੰਦੀ ਕਿ ਇਸ ਮਤੇ ਵਿਚ ਰਿਸੋਰਸਿਜ਼ ਵੀ ਦੱਸੇ ਜਾਂਦੇ ਕਿ ਪੈਸੇ ਕਿੱਥੋਂ ਆਉਣ, ਕਿੱਥੋਂ ਲਏ ਜਾਣ, ਇਸ ਬਾਰੇ ਕੋਈ ਗੱਲ ਨਹੀਂ ਦੱਸੀ । (ਵਿਘਨ)

**ਕਾਮਰੇਡ ਅੱਛਰਾ ਸਿੰਘ :** ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੈਂ ਮੈਂਬਰ ਸਾਹਿਬ ਨੂੰ ਇਹ ਦੱਸਣਾ ਚਾਹੁੰਦਾ ਹਾਂ......

**ਸ਼੍ਰੀ ਡਿਪਟੀ ਸਪੀਕਰ :** ਤੁਸੀਂ ਦੱਸੋ ਨਾ ਬਾਅਦ ਵਿਚ ਕਹਿ ਲੈਣਾ, ਹੁਣ ਉਨ੍ਹਾਂ ਨੂੰ ਡਿਸਟਰਬ ਨਾ ਕਰੋ ।

**ਸ਼੍ਰੀ ਪਿਆਰਾ ਰਾਮ ਧੰਨੋਵਾਲੀ :** ਡਿਪਟੀ ਸਪੀਕਰ ਸਾਹਿਬ, ਬੇਰੋਜ਼ਗਾਰੀ ਦੇ ਮਸਲੇ ਨੂੰ ਜਿਸ ਢੰਗ ਨਾਲ ਵਧਾ ਚੜ੍ਹਾ ਕੇ ਦੱਸਿਆ ਗਿਆ ਹੈ ਉਸ ਦੇ ਬਾਰੇ ਮੈਂ ਪੰਜਾਬ ਦੇ ਆਂਕੜੇ ਔਰ ਬਾਕੀ ਹਿੰਦੁਸਤਾਨ ਦੀਆਂ ਸਟੇਟਾਂ ਦੇ ਆਂਕੜੇ ਪੇਸ਼ ਕਰਦਾ ਹਾਂ । ਪੰਜਾਬ ਵਿਚ ਪੜ੍ਹੇ ਲਿਖੇ ਬੇਰੋਜ਼ਗਾਰਾਂ ਦੀ ਤਾਦਾਦ ਜਿਹੜੇ ਮੈਟਰਿਕ ਜਾਂ ਬੀ. ਏ. ਅਤੇ ਟੈਕਨੀਕਲ, ਉਨ੍ਹਾਂ ਅਨੁਸਾਰ ਜੋ ਸਾਨੂੰ ਫ਼ਿਗਰਜ਼ ਮਿਲੀਆਂ ਹਨ ਐਂਪਲਾਇਮੈਂਟ ਐਕਸਚੇਂਜਾਂ ਤੋਂ ਇਹ ਸਾਰੇ ਤਕਰੀਬਨ 1 ਲੱਖ 65 ਹਜ਼ਾਰ ਦੇ ਕਰੀਬ ਹਨ । ਯੂ. ਪੀ. ਵਿਚ 13 ਲੱਖ 76 ਹਜ਼ਾਰ, ਦਿੱਲੀ ਵਿਚ 4 ਲੱਖ 60 ਹਜ਼ਾਰ, ਮੱਧ ਪ੍ਰਦੇਸ਼ ਵਿਚ 7 ਲੱਖ 64 ਹਜ਼ਾਰ, ਉੜੀਸਾ ਵਿਚ 5 ਲੱਖ 76 ਹਜ਼ਾਰ, ਬਿਹਾਰ ਵਿਚ 11 ਲੱਖ, ਬੰਬਈ ਵਿਚ 50 ਲੱਖ ਦੇ ਕਰੀਬ ਅਤੇ ਗੁਜਰਾਤ ਵਿਚ 33 ਲੱਖ ਲੇਕਿਨ ਇਸ ਦੇ ਮੁਕਾਬਲੇ ਪੰਜਾਬ ਵਿਚ ਕੇਵਲ 1 ਲੱਖ 65 ਹਜ਼ਾਰ, ਕਿੰਨੀ ਘੱਟ ਫ਼ਿੱਗਰ ਹੈ । ਇਸ ਲਈ ਜਿਸ ਢੰਗ ਨਾਲ ਇਨ੍ਹਾਂ ਵਲੋਂ ਵਧਾ ਚੜ੍ਹਾ ਕੇ ਕਿਹਾ ਗਿਆ ਹੈ ਮੈਂ ਸਮਝਦਾ ਹਾਂ ਕਿ ਠੀਕ ਨਹੀਂ ਹੈ । ਮੇਰੇ ਦੋਸਤ ਨੇ ਕਿਹਾ ਹੈ ਕਿ ਸਰਕਾਰ ਗੱਲਾਂ ਕਰਦੀ ਹੈ ਪਰ ਕਰਦੀ ਕੁਝ ਨਹੀਂ । ਮੈਂ ਦੱਸਣਾ ਚਾਹੁੰਦਾ ਹਾਂ, ਡਿਪਟੀ ਸਪੀਕਰ ਸਾਹਿਬ, ਕਿ ਪੰਜਾਬ ਸਰਕਾਰ ਨੇ ਤੁਹਾਡੀ ਚੇਅਰਮੈਨਸ਼ਿਪ ਥੱਲੇ ਪੰਜਾਬ ਪੱਧਰ ਤੇ ਇਕ ਕਮੇਟੀ ਬਣਾਈ ਹੈ । ਇਹ ਹਿੰਦੁਸਤਾਨ ਭਰ ਵਿਚ ਪਹਿਲਾ ਸੂਬਾ ਹੈ ਜਿੱਥੇ ਇਸ ਕਿਸਮ ਦੀ ਕਮੇਟੀ ਬਣੀ ਹੈ । ਇਸ ਕਮੇਟੀ ਵਿਚ ਹਰ ਇਕ ਤਬਕੇ ਨੂੰ ਯਾਨੀ ਸਟੂਡੈਂਟਸ ਨੂੰ, ਯੂਥ ਨੂੰ, ਵੀਕਰ ਸੈਕਸ਼ਨ ਨੂੰ ਅਤੇ ਹੋਰ ਜਿਹੜੇ ਮਾਹਰੀਨ ਹਨ ਉਨ੍ਹਾਂ ਨੂੰ ਨੁਮਾਇੰਦਗੀ ਦਿੱਤੀ ਹੈ । ਉਸ ਕਮੇਟੀ ਵਿਚ, ਡਿਪਟੀ ਸਪੀਕਰ ਸਾਹਿਬ, ਮੈਨੂੰ ਵੀ ਮੌਕਾ ਮਿਲਿਆ ਹੈ ਔਰ ਮੈਂ ਵੀ ਉਸ ਵਿਚ ਮੈਂਬਰ ਹਾਂ। ਸਰਕਾਰ ਢੂੰਢ ਰਹੀ ਹੈ ਤਰੀਕੇ, ਪਰ ਆਪੋਜ਼ੀਸ਼ਨ ਵਾਲੇ ਨਹੀਂ ਚਾਹੁੰਦੇ ਕਿ ਇਸ ਤਰ੍ਹਾਂ ਕੋਈ ਚੀਜ਼ ਕੀਤੀ ਜਾਏ ....(ਵਿਘਨ)

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੈਂ ਮੈਂਬਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਮੈਂਬਰ ਸਾਹਿਬ ਦੀ ਗੱਲ ਠੀਕ ਹੈ ਕਿ ਕਮੇਟੀ ਬਣੀ ਹੈ, ਪਰ ਉਸ ਕਮੇਟੀ ਨੇ ਅੱਜ ਤੱਕ ਕਿੰਨੇ ਲੋਕਾਂ ਨੂੰ ਰੋਜ਼ਗਾਰ ਦਿਵਾਇਆ ਹੈ....

**ਸ੍ਰੀ ਪਿਆਰਾ ਰਾਮ ਧੰਨੋਵਾਲੀ** : ਡਿਪਟੀ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰ ਰਿਹਾ ਸੀ ਕਿ ਮੇਰੇ ਆਪੋਜ਼ੀਸ਼ਨ ਵਾਲੇ ਫ਼ਾਜ਼ਲ ਦੋਸਤ ਇਹ ਤਾਂ ਚਾਹੁੰਦੇ ਹਨ ਕਿ ਸਾਡਾ ਸੂਬਾ ਬਹਿਸ਼ਤ ਬਣ ਜਾਏ, ਲੇਕਿਨ ਇਹ ਕੋਈ ਨਹੀਂ ਦੱਸਦਾ ਕਿ ਇਸ ਤੇ ਜਿਹੜਾ ਕਰੋੜਾਂ ਅਰਬਾਂ ਰੁਪਿਆ ਖ਼ਰਚ ਆਉਣਾ ਹੈ ਉਹ ਕਿੱਥੋਂ ਆਵੇ। ਸਰਦਾਰ ਬਲਵਿੰਦਰ ਸਿੰਘ ਭੂੰਦੜ ਨੇ ਅਟਕਲ-ਪੱਚੂ ਲਾ ਦਿੱਤਾ ਕਿ 3 ਲੱਖ ਦੇ ਕਰੀਬ ਬੇਰੋਜ਼ਗਾਰ ਹਨ, ਪਤਾ ਨਹੀਂ ਕਿੱਥੋਂ ਫ਼ਿਗਰਜ਼ ਇਕੱਠੀਆਂ ਕੀਤੀਆਂ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਜੇ ਉਨ੍ਹਾਂ ਦੇ ਹਿੰਸੇ ਲਈਏ ਤਾਂ 3 ਲੱਖ ਪੜ੍ਹੇ ਲਿਖੇ ਨੌਜਵਾਨ ਬੇਰੋਜ਼ਗਾਰ ਹਨ ਅਤੇ ਉਨ੍ਹਾਂ ਨੇ ਦੱਸਿਆ ਹੈ ਕਿ ਉਨ੍ਹਾਂ ਨੂੰ 3 ਸੌ ਰੁਪਏ ਮਾਹਵਾਰ ਦਿਓ। ਮੇਰੇ ਫ਼ਾਜ਼ਲ ਦੋਸਤ ਕਾਮਰੇਡ ਜੀ ਨੇ 200 ਅਤੇ 150 ਰੁਪਏ ਦੇਣ ਦੀ ਗੱਲ ਕੀਤੀ ਹੈ। ਮੈਂ ਕਹਿੰਦਾ ਹਾਂ ਕਿ ਜੇ ਤਿੰਨ ਲੱਖ ਦੀ ਗਿਣਤੀ ਇਹ ਦਸਦੇ ਹਨ ਤਾਂ ਮੇਰਾ ਖਿਆਲ ਹੈ ਕਿ 9 ਕਰੋੜ ਰੁਪਏ ਮਹੀਨੇ ਦੇ ਚਾਹੀਦੇ ਹਨ ਔਰ $12 \times 9 = 108$ ਕਰੋੜ ਰੁਪਏ ਸਾਲ ਦੇ ਚਾਹੀਦੇ ਹਨ। ਇਹ ਦੱਸ ਦੇਣ ਕਿ ਇਹ 108 ਕਰੋੜ ਰੁਪਏ ਕਿੱਥੋਂ ਆਉਣ। ਕੀ ਟੈਕਸ ਲਾਇਆ ਜਾਵੇ ? ਜੇ ਕੋਈ ਟੈਕਸ ਲਾਇਆ ਜਾਂਦਾ ਹੈ ਤਾਂ ਹਾਹਾਕਾਰ ਮੱਚ ਜਾਂਦੀ ਹੈ। ਇਹ ਵੀ ਇਨ੍ਹਾਂ ਨੂੰ ਦੱਸਣਾ ਚਾਹੀਦਾ ਹੈ ਕਿ ਇਹ ਪੈਸਾ ਕਿੱਥੋਂ ਆਵੇ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਸਾਡੀਆਂ ਜਿਹੜੀਆਂ ਯੂਨੀਵਰਸਿਟੀਆਂ ਹਨ ਉਹ ਵੀ ਹਰ ਸਾਲ ਬੇਕਾਰੀ ਵਿਚ ਵਾਧਾ ਕਰ ਰਹੀਆਂ ਹਨ। ਮੈਂ ਕਹਿੰਦਾ ਹਾਂ ਕਿ ਦਸਵੀਂ ਦੀ ਐਜੂਕੇਸ਼ਨ ਤੋਂ ਬਾਅਦ ਟੈਕਨੀਕਲ ਐਜੂਕੇਸ਼ਨ ਦੇਣੀ ਚਾਹੀਦੀ ਹੈ। ਇਹ ਠੀਕ ਹੈ ਕਿ ਹਾਲੇ ਸਾਡੇ ਕੋਲ ਹੋਰ ਕੰਮ ਬਹੁਤ ਅਧੂਰੇ ਹਨ। ਮੈਂ ਇਸ ਦੇ ਖਿਲਾਫ਼ ਨਹੀਂ ਹਾਂ। ਇਸ ਬਾਰੇ, ਡਿਪਟੀ ਸਪੀਕਰ ਸਾਹਿਬ, ਤੁਹਾਡੀ ਚੇਅਰਮੈਨਸ਼ਿਪ ਥੱਲੇ ਕਮੇਟੀ ਬਣੀ ਹੋਈ ਹੈ ਔਰ ਉਮੀਦ ਹੈ ਕਿ ਤੁਸੀਂ ਰਿਪੋਰਟ ਵੀ ਜਲਦੀ ਦਿਓਗੇ, ਪਰ ਸਾਡੇ ਕੋਲ ਹੋਰ ਬਹੁਤ ਸਾਰੇ ਕੰਮ ਅਧੂਰੇ ਪਏ ਹਨ। ਹਾਲੇ ਤਕ ਅਸੀਂ ਹੈਲਥ ਵਲ ਪੂਰਾ ਪੂਰਾ ਧਿਆਨ ਨਹੀਂ ਦੇ ਸਕੇ। ਸਾਡੇ ਪਾਸ ਇਤਨੇ ਸਾਧਨ ਨਹੀਂ ਹਨ ਉਥੇ ਵੀ ਪੈਸੇ ਦੀ ਲੋੜ ਹੈ। ਡਿਪਟੀ ਸਪੀਕਰ ਸਾਹਿਬ, ਹਾਲੇ ਸੂਬੇ ਦੀ ਵੀ ਬਹੁਤ ਸਾਰੀ ਡਿਵੈਲਪਮੈਂਟ ਹੋਣੀ ਹੈ। ਉਸਦੇ ਵਿੱਚ ਵੀ ਕਾਫੀ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ। ਇਸ ਲਈ ਮੈਂ ਜ਼ਿਆਦਾ ਨਾ ਕਹਿੰਦਾ ਹੋਇਆ ਸਿਰਫ ਇਹ ਹੀ ਕਹਾਂਗਾ ਕਿ ਇਹ ਜੋ ਮਤਾ ਇਸ ਹਾਊਸ ਵਿਚ ਲਿਆਂਦਾ ਗਿਆ ਹੈ, ਕਿਤਨਾ ਚੰਗਾ ਹੁੰਦਾ ਜੇ ਇਸ ਦੇ ਨਾਲ ਹੀ ਇਹ ਰਿਸੋਰਸਿਜ਼ ਬਾਰੇ ਵੀ ਦੱਸ ਦਿੰਦੇ ਕਿ ਕਿੱਥੋਂ ਆਉਣਗੇ। ਤੁਸੀਂ, ਡਿਪਟੀ ਸਪੀਕਰ ਸਾਹਿਬ, ਆਪ ਵੀ ਕਿਹਾ ਸੀ ਕਿ ਰਿਸੋਰਸਿਜ਼ ਬਾਰੇ ਵੀ ਦੱਸ ਦਿੱਤਾ ਜਾਵੇ। ਐਗਰੀਕਲਚਰ ਦੀ ਸੈਸ ਦੀ ਸ਼ਾਇਦ ਗਲ ਸਰਦਾਰ ਬਲਵਿੰਦਰ ਸਿੰਘ ਨੇ ਕੀਤੀ ਸੀ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਨਹੀਂ, ਮੈਂ ਨਹੀਂ ਕਿਹਾ।

**ਸ੍ਰੀ ਪਿਆਰਾ ਰਾਮ ਧੰਨੋਵਾਲੀ** : ਮੈਂ ਸਮਝਦਾ ਹਾਂ ਕਿ ਇਸ ਸਬੰਧ ਵਿਚ ਜ਼ਰੂਰ ਤਜਵੀਜ਼ ਦਿੰਦੇ। ਅਸੀਂ ਹਰ ਸਾਲ 1.25 ਕਰੋੜ ਰੁਪਿਆ ਸਾਡੇ ਜਿਹੜੇ ਕਰਮਚਾਰੀ ਹਨ

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਨੂੰ ਤਨਖਾਹ ਦਿੰਦੇ ਹਾਂ, ਉਨ੍ਹਾਂ ਬਾਰੇ ਵੀ ਕੁਝ ਦੱਸ ਦਿੰਦੇ। ਕੋਈ ਜ਼ਰੀਆ ਦੱਸ ਦਿੰਦੇ ਤਾਂ ਮੈਂ ਪੂਰੀ ਤਰ੍ਹਾਂ ਨਾਲ ਇਨ੍ਹਾਂ ਨਾਲ ਮੁਤਫਿਕ ਹੁੰਦਾ। ਸਰਕਾਰ ਇਸ ਗਲ ਤੇ ਪਹਿਲਾਂ ਵੀ ਵਿਚਾਰ ਕਰ ਰਹੀ ਹੈ ਕਿ ਜਿਹੜੇ ਪੜ੍ਹੇ ਲਿਖੇ ਨੌਜਵਾਨ ਬੇਕਾਰ ਹਨ ਉਨ੍ਹਾਂ ਨੂੰ ਕਿੱਥੇ ਕਿੱਥੇ ਐਡਜਸਟ ਕੀਤਾ ਜਾਵੇ, ਕਿੱਥੇ ਕਿੱਥੇ ਉਨ੍ਹਾਂ ਨੂੰ ਨੌਕਰੀ ਦਿੱਤੀ ਜਾਵੇ। ਜਿਤਨੀ ਦੇਰ ਤਕ ਉਨ੍ਹਾਂ ਨੂੰ ਕੰਮ ਕੋਈ ਨਹੀਂ ਦਿੱਤਾ ਜਾਂਦਾ, ਉਤਨੀ ਦੇਰ ਤੱਕ ਉਨ੍ਹਾਂ ਨੂੰ ਮਹੀਨਾ ਕਿਸ ਢੰਗ ਨਾਲ ਦਿੱਤਾ ਜਾਵੇ, ਕਿਤਨੇ ਪੈਸੇ ਦਿੱਤੇ ਜਾਣ, ਇਸ ਬਾਰੇ ਵੀ ਸੋਚਣਾ ਹੈ। ਜੇ ਇਹ ਰਿਸੋਰਸਿਜ਼ ਬਾਰੇ ਵੀ ਗਲ ਕਰ ਦਿੰਦੇ ਤਾਂ ਮੈਂ ਪੂਰੀ ਤਰ੍ਹਾਂ ਨਾਲ ਇਨ੍ਹਾਂ ਦੇ ਨਾਲ ਮੁਤਫਿਕ ਹੁੰਦਾ। ਇਨ੍ਹਾਂ ਨੇ ਫੋਕੀ ਬੱਲੇ ਬੱਲੇ ਲੈਣ ਲਈ ਹੀ ਇਹ ਰੇਜ਼ੋਲਿਊਸ਼ਨ ਲਿਆਂਦਾ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦੀ ਹਾਂ।

**ਸ੍ਰੀ ਬ੍ਰਿਜ ਲਾਲ ਗੋਇਲ** (ਰਾਜਪੁਰਾ) : ਡਿਪਟੀ ਸਪੀਕਰ ਸਾਹਿਬ, ਮੈਂ, ਕਾਮਰੇਡ ਅੱਛਰਾ ਸਿੰਘ ਨੇ ਜਿਹੜਾ ਮਤਾ ਲਿਆਂਦਾ ਹੈ ਕਿ ਪੜ੍ਹੇ ਲਿਖੇ ਬੇਰੋਜ਼ਗਾਰ ਜਿਹੜੇ ਹਨ ਉਨ੍ਹਾਂ ਨੂੰ ਭੱਤਾ ਦਿਤਾ ਜਾਵੇ, ਇਸ ਦਾ ਸਮਰਥਨ ਕਰਨ ਲਈ ਖੜਾ ਹੋਇਆ ਹਾਂ। ਜਿੱਥੋਂ ਤਕ ਇਸ ਮੱਤੇ ਦਾ ਤੁਅੱਲਕ ਹੈ, ਇਹ ਮਤਾ ਬੜਾ ਚੰਗਾ ਹੈ, ਨੌਜਵਾਨਾਂ ਦੇ ਹਿੱਤ ਵਿਚ ਹੈ ਔਰ ਨੌਜਵਾਨਾਂ ਲਈ ਸੋਚਣਾ ਬਹੁਤ ਹੀ ਚੰਗੀ ਗਲ ਹੈ। ਲੇਕਿਨ ਜਿਸ ਤਰੀਕੇ ਨਾਲ ਕਾਮਰੇਡ ਅੱਛਰਾ ਸਿੰਘ ਜੀ ਬੋਲੇ ਹਨ ਉਸ ਤੋਂ ਇਸ ਤਰ੍ਹਾਂ ਲਗਦਾ ਸੀ ਕਿ ਸਾਰੀ ਚਿੰਤਾ ਨੌਜਵਾਨਾਂ ਦੀ ਇਨ੍ਹਾਂ ਨੂੰ ਹੀ ਹੈ, ਸਰਕਾਰ ਨੂੰ ਨਹੀਂ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ ਅਤੇ ਗਿਆਨੀ ਜ਼ੈਲ ਸਿੰਘ ਨੇ ਜਦੋਂ ਦੀ ਇਹ ਸਰਕਾਰ ਬਣੀ ਹੈ, ਉਨ੍ਹਾਂ ਨੇ ਨੌਜਵਾਨਾਂ ਲਈ ਔਰ ਬੇਕਾਰੀ ਦੂਰ ਕਰਨ ਲਈ ਅਤੇ ਉਨ੍ਹਾਂ ਦੀਆਂ ਦਿੱਕਤਾਂ ਦੂਰ ਕਰਨ ਲਈ ਕਈ ਉਪਰਾਲੇ ਕੀਤੇ ਹਨ। ਉਹ ਦਿੱਕਤਾਂ ਪੂਰੀ ਤਰ੍ਹਾਂ ਦੂਰ ਹੋਈਆਂ ਹਨ ਜਾਂ ਬੇਕਾਰੀ ਦੂਰ ਹੋਈ ਹੈ, ਇਸ ਬਾਰੇ ਮੈਂ ਕੁਝ ਨਹੀਂ ਕਹਿੰਦਾ। ਅਗਰ ਇਹ ਸਰਕਾਰ ਨੇ ਜਿਹੜੇ ਕਦਮ ਇਸ ਪਾਸੇ ਵਲ ਚੁਕੇ ਹਨ ਉਨ੍ਹਾਂ ਦੀ ਇਹ ਸਰਾਹਨਾ ਕਰ ਦਿੰਦੇ ਤਾਂ ਚੰਗਾ ਹੁੰਦਾ। ਇਨ੍ਹਾਂ ਨੇ ਸਿਰਫ ਇਕੋ ਹੀ ਪੱਖ ਇਥੇ ਰੱਖਿਆ ਹੈ। ਠੀਕ ਹੈ ਸਰਕਾਰ ਆਪਣਾ ਫਰਜ਼ ਪੂਰਾ ਕਰੇ। ਸਰਕਾਰ ਨੇ ਜੋ ਚੰਗੇ ਕੰਮ ਕੀਤੇ ਹਨ ਉਸਦੀ ਸਰਾਹਨਾ ਨਾ ਕੀਤੀ ਜਾਵੇ ਤਾਂ ਮਤਾ ਅਧੂਰਾ ਰਹਿ ਜਾਂਦਾ ਹੈ। ਮੈਂ ਇਹ ਗਲ ਕਹਿੰਦਾ ਹਾਂ ਕਿ ਜੋ ਨੌਜਵਾਨ ਪੜ੍ਹੇ ਲਿਖੇ ਬੇਕਾਰ ਫਿਰਦੇ ਹਨ ਉਨ੍ਹਾਂ ਦੇ ਮਨ ਵਿਚ ਕੀ ਜਜ਼ਬਾ ਹੁੰਦਾ ਹੈ। ਉਹ ਦੇਸ਼ ਦੇ ਹਿੱਤ ਲਈ ਨਹੀਂ ਸੋਚ ਸਕਦੇ। ਉਸਦੇ ਵਿਚ ਫਰੱਸਟਰੇਸ਼ਨ ਹੁੰਦੀ ਹੈ। ਉਹ ਫਿਰ ਉਨ੍ਹਾਂ ਲੋਕਾਂ ਦੇ ਹੱਥ ਲੱਗ ਜਾਂਦਾ ਹੈ ਜਿਹੜੇ ਕਿ ਇਥੇ ਮਤੇ ਲਿਆਉਂਦੇ ਹਨ ਅਤੇ ਆਪਣੀ ਅਵਾਜ਼ ਉਠਾਉਣ ਲਈ ਉਨ੍ਹਾਂ ਨੂੰ ਐਕਸਪਲਾਇਟ ਕਰਨ ਦਾ ਮੌਕਾ ਮਿਲਦਾ ਹੈ। ਉਨ੍ਹਾਂ ਨੂੰ ਐਂਟੀ-ਨੈਸ਼ਨਲ ਐਲੀਮੈਂਟ ਬਣਾਇਆ ਜਾਂਦਾ ਹੈ ਤਾਂ ਕਿ ਉਹ ਦੇਸ਼ ਵਿਚ ਗੜਬੜ ਫੈਲਾਉਣ, ਰੇਲਾਂ ਉਲਟਾਉਣ, ਬੱਸਾਂ ਫੂਕਣ। ਇਨ੍ਹਾਂ ਕੰਮਾਂ ਲਈ ਉਨ੍ਹਾਂ ਨੂੰ ਵਰਤਿਆ ਜਾਂਦਾ ਹੈ। ਇਸ ਲਈ ਜ਼ਰੂਰੀ ਹੈ ਕਿ ਸਰਕਾਰ ਇਸ ਸਬੰਧ ਵਿਚ ਸੋਚੇ ਅਤੇ ਦੇਖੇ ਕਿ ਦੇਸ਼ ਦੇ ਅੰਦਰ ਬੇਕਾਰੀ ਨਾ ਹੋਵੇ। ਪੰਜਾਬ ਦੇ ਮੁੱਖ ਮੰਤਰੀ ਨੇ ਤਾਂ ਪਹਿਲਾਂ ਹੀ ਇਸ ਬਾਰੇ ਸੋਚਿਆ ਹੈ। ਪੰਜਾਬ ਦੇ ਵਿਚ ਬੇਕਾਰੀ ਦੂਜੇ ਸੂਬਿਆਂ ਨਾਲੋਂ ਘੱਟ ਹੈ। ਫਿਰ ਵੀ ਮੈਂ ਕਹਾਂਗਾ ਕਿ ਇਸ ਸਬੰਧ ਵਿਚ ਹੋਰ ਕਦਮ ਚੁਕੇ ਜਾਣ ਅਤੇ ਬੇਕਾਰੀ ਦੂਰ ਕੀਤੀ ਜਾਵੇ। ਜੇ ਇਹ ਨਹੀਂ ਹੋ ਸਕਦੀ ਤਾਂ ਉਨ੍ਹਾਂ ਨੂੰ ਕੁਝ ਅਲਾਊਂਸ ਦਿੱਤਾ ਜਾਵੇ। ਇਸ ਸਾਰੇ ਮਸਲੇ ਤੇ ਸੋਚ ਵਿਚਾਰ ਕਰਨ ਲਈ ਪੰਜਾਬ

Original with
Punjab Vidhan Sabha
Digitized by;
Panjab Digital Library

[ਸ਼੍ਰੀ ਬ੍ਰਿਜ ਲਾਲ ਗੋਇਲ]
ਸਰਕਾਰ ਨੇ ਇਕ ਕਮੇਟੀ ਬਣਾਈ ਹੈ ਜਿਸਦੇ ਚੇਅਰਮੈਨ, ਡਿਪਟੀ ਸਪੀਕਰ ਸਾਹਿਬ, ਤੁਸੀਂ ਹੋ ।

ਇਥੇ ਇਹ ਵੀ ਕਿਹਾ ਗਿਆ ਹੈ ਕਿ ਪਿੰਡਾਂ ਦੇ ਲੋਕ ਆਪਣੇ ਨਾਂ ਇੰਪਲਾਇਮੈਂਟ ਐਕਸਚੇਂਜਾਂ ਵਿਚ ਨਹੀਂ ਦਰਜ ਕਰਵਾ ਸਕਦੇ । ਉਨ੍ਹਾਂ ਦਾ ਕਿਰਾਇਆ ਲਗਦਾ ਹੈ । ਹਜ਼ਾਰਾਂ ਲੋਕ ਇਸ ਸੂਬੇ ਦੇ ਅੰਦਰ ਐਸੇ ਹੋਣਗੇ ਜਿਨ੍ਹਾਂ ਨੇ ਆਪਣਾ ਨਾਂ ਦਰਜ ਨਹੀਂ ਕਰਵਾਇਆ ਅਤੇ ਆਪਣੇ ਆਪ ਨੌਕਰੀ ਦੀ ਤਾਲਾਸ਼ ਵਿਚ ਭਟਕਦੇ ਫਿਰਦੇ ਹਨ । ਉਨ੍ਹਾਂ ਦੇ ਨਾਂ ਦਰਜ ਕਰਾਉਣੇ ਚਾਹੀਦੇ ਹਨ । ਡਿਪਟੀ ਸਪੀਕਰ ਸਾਹਿਬ, ਇਹ ਕਮੇਟੀ ਬਣੀ ਹੋਈ ਹੈ । ਸਰਕਾਰ ਦਾ ਫਰਜ਼ ਹੈ ਕਿ ਜਿਤਨੇ ਲੋਕ ਐਸੇ ਹਨ ਜਿਨ੍ਹਾਂ ਨੇ ਆਪਣੇ ਨਾਂ ਦਰਜ ਨਹੀਂ ਕਰਵਾਏ ਉਨ੍ਹਾਂ ਦੇ ਨਾਂ ਦਰਜ ਕੀਤੇ ਜਾਣ । ਕੋਈ ਐਸਾ ਤਰੀਕਾ ਲੱਭਿਆ ਜਾਵੇ ਜਿਸ ਨਾਲ ਘਰੋ ਘਰੀ ਜਾ ਕੇ ਉਨ੍ਹਾਂ ਦੇ ਨਾਂ ਦਰਜ ਕੀਤੇ ਜਾਣ । ਕਈ ਲੋਕ ਐਸੇ ਵੀ ਹਨ ਜਿਨ੍ਹਾਂ ਨੂੰ ਨੌਕਰੀ ਮਿਲ ਜਾਂਦੀ ਹੈ ਫਿਰ ਵੀ ਉਹ ਆਪਣਾ ਨਾਂ ਨਹੀਂ ਕਟਾਉਂਦੇ । ਉਹ ਦੂਜੀ ਨੌਕਰੀ ਵੀ ਲੈਣਾ ਚਾਹੁੰਦੇ ਹਨ । ਕਈ ਲੋਕ ਐਸੇ ਵੀ ਹਨ ਜਿਨ੍ਹਾਂ ਨੇ ਤਿੰਨ ਚਾਰ ਇੰਪਲਾਇਮੈਂਟ ਐਕਸਚੇਂਜਾਂ ਵਿਚ ਆਪਣੇ ਨਾ ਲਿਖਵਾਏ ਹਨ । ਇਨ੍ਹਾਂ ਦੀ ਪੜਤਾਲ ਕੀਤੀ ਜਾਵੇ ਤਾਕਿ ਸਰਕਾਰ ਦੇ ਸਾਹਮਣੇ ਸਹੀ ਜਾਣਕਾਰੀ ਆ ਜਾਵੇ । ਜਿਨ੍ਹਾਂ ਦੇ ਨਾਂ ਨਹੀਂ ਲਿਖੇ ਗਏ ਉਨ੍ਹਾਂ ਦੇ ਲਿਖੇ ਜਾਣ ਅਤੇ ਜਿਨ੍ਹਾਂ ਨੇ ਕਈ ਥਾਂ ਲਿਖਾਏ ਹੋਏ ਹਨ ਉਨ੍ਹਾਂ ਦੇ ਨਾਂ ਕੱਟ ਦਿੱਤੇ ਜਾਣ । ਇਹ ਸਾਰੀ ਇਨਫਰਮੇਸ਼ਨ ਸਰਕਾਰ ਦੇ ਸਾਹਮਣੇ ਆਵੇ ਤਾਕਿ ਸਰਕਾਰ ਨੂੰ ਪਤਾ ਲਗੇ ਕਿ ਕਿਤਨੇ ਪੜ੍ਹੇ ਲਿਖੇ ਲੋਕ ਪੰਜਾਬ ਦੇ ਵਿਚ ਬੇਕਾਰ ਹਨ । ਅਗਰ ਇਹ ਪਤਾ ਲਗ ਜਾਵੇ ਤਾਂ ਸਾਡੀ ਕਾਫੀ ਮੁਸ਼ਕਲ ਆਸਾਨ ਹੋ ਜਾਂਦੀ ਹੈ ।

**ਸ਼੍ਰੀ ਡਿਪਟੀ ਸਪੀਕਰ** : ਗੋਇਲ ਸਾਹਿਬ, ਪਤਾ ਲਗਾ ਹੈ ਕਿ ਬੀ. ਡੀ. ਓਜ਼ ਅਤੇ ਮਿਊਂਸਪਲ ਕਮੇਟੀਜ਼ ਰਾਹੀਂ ਤੁਸੀਂ ਸਰਵੇ ਕਰਾਇਆ ਸੀ । ਉਸ ਦੇ ਬਾਰੇ ਵੀ ਦਸ ਦਿਓ ।

**ਸ਼੍ਰੀ ਬ੍ਰਿਜ ਲਾਲ ਗੋਇਲ** : ਡਿਪਟੀ ਸਪੀਕਰ ਸਾਹਿਬ, ਮੈਂ ਉਹ ਵੀ ਦੱਸਦਾ ਹਾਂ । ਪੰਜਾਬ ਸਰਕਾਰ ਨੇ ਬੇਕਾਰ ਟੀਚਰਾਂ ਨੂੰ ਨੌਕਰੀ ਦਿੱਤੀ ਹੈ । ਕੁਝ ਪੰਚਾਇਤ ਸੈਕਟਰੀ ਵੀ ਰੱਖੇ ਹਨ ਅਤੇ ਕੁਝ ਕੁਆਪਰੇਟਿਵ ਸੈਕਟਰੀ ਵੀ ਰੱਖੇ ਹਨ । ਲੇਕਿਨ ਇਸ ਦੇ ਨਾਲ ਮਸਲਾ ਹੱਲ ਨਹੀਂ ਹੁੰਦਾ । ਇਸ ਤੋਂ ਵੱਧ ਯਤਨ ਹੋਣਾ ਚਾਹੀਦਾ ਹੈ । ਫਿਰ ਪੰਜਾਬ ਵਿਚ ਇੰਡਸਟਰੀ ਵੀ ਲਾਈ ਗਈ ਹੈ, ਗਰੀਨ ਰੈਵੋਲਿਊਸ਼ਨ ਵੀ ਲਿਆਂਦਾ ਗਿਆ ਹੈ । ਇਸ ਨਾਲ ਬੇਕਾਰੀ ਨੂੰ ਦੂਰ ਕਰਨ ਵਿਚ ਮਦਦ ਮਿਲ ਰਹੀ ਹੈ । ਲੇਕਿਨ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦਰਖਾਸਤ ਕਰਾਂਗਾ ਕਿ ਨੌਜਵਾਨ ਭਾਵੇਂ ਇਕ ਵੀ ਵੇਹਲਾ ਫਿਰਦਾ ਹੋਵੇ, ਇਹ ਚੰਗੀ ਗਲ ਨਹੀਂ । ਜਿਸ ਮਾਂ ਦਾ ਪੁਤ ਪੜ੍ਹ ਲਿਖ ਕੇ, ਐਮ.ਏ. ਪਾਸ ਕਰਕੇ ਵੇਹਲਾ ਫਿਰਦਾ ਹੋਵੇ, ਜਿਸ ਪਿਓ ਨੇ ਹਜ਼ਾਰਾਂ ਰੁਪਏ ਆਪਣੇ ਪੁੱਤਰ ਦੀ ਪੜ੍ਹਾਈ ਤੇ ਖਰਚ ਕੀਤੇ ਹੋਣ ਪਰ ਉਸ ਨੂੰ ਰੋਜ਼ਗਾਰ ਨਾ ਮਿਲੇ ਤਾਂ ਉਸ ਦੇ ਮਨ ਵਿਚ ਜੋ ਫਰੱਸਟਰੇਸ਼ਨ ਆਉਂਦੀ ਹੈ, ਜੋ ਉਸ ਪਰਿਵਾਰ ਨੂੰ ਦਿੱਕਤ ਆਉਂਦੀ ਹੈ, ਉਸ ਬਾਰੇ ਸਾਰਿਆਂ ਨੂੰ ਸੋਚਣਾ ਚਾਹੀਦਾ ਹੈ । ਪੰਜਾਬ ਸਰਕਾਰ ਨੇ ਜਿਹੜੀ ਕਮੇਟੀ ਬਣਾਈ ਹੈ ਉਸਨੇ ਬੀ.ਡੀ.ਓਜ਼. ਅਤੇ ਮਿਊਂਸਪਲ ਕਮੇਟੀਜ਼ ਵਿਚ ਜਿਹੜੇ ਐਗਜ਼ੈਕਟਿਵ ਆਫੀਸਰਜ਼ ਹਨ, ਉਨ੍ਹਾਂ ਨੂੰ ਆਪਣੇ ਵਾਰਡਾਂ ਵਿਚ ਜਾਣ

Original with;
Punjab Vidhan Sabha
Digitized by;
Panjab Digital Library

ਲਈ ਕਿਹਾ ਹੈ । ਇਸ ਤਰ੍ਹਾਂ ਹੀ ਪੰਚਾਇਤ ਸੈਕਟਰੀ ਪਿੰਡਾਂ ਵਿਚ ਜਾਣ, ਠੀਕ ਇਨਫਰਮੇਸ਼ਨ ਇਕੱਠੀ ਕਰਨ ਕਿ ਕਿਤਨੇ ਆਦਮੀ ਬੇਕਾਰ ਹਨ ਅਤੇ ਕਿਤਨਿਆਂ ਨੇ ਆਪਣੇ ਨਾਂ ਐਂਪਲਾਇਮੈਂਟ ਐਕਸਚੇਂਜ ਵਿਚ ਦਰਜ ਨਹੀਂ ਕਰਵਾਏ । ਉਨ੍ਹਾਂ ਦੇ ਨਾਂ ਦਰਜ ਕੀਤੇ ਜਾਣ । ਜਿਨ੍ਹਾਂ ਨੇ ਕਈ ਜਗ੍ਹਾ ਤੇ ਦਰਜ ਕਰਵਾਏ ਹਨ, ਉਸਨੂੰ ਦੇਖਿਆ ਜਾ ਸਕਦਾ ਹੈ । ਇਸ ਲਈ ਮੈਂ ਕਹਿੰਦਾ ਹਾਂ ਕਿ ਜਿਹੜਾ ਕੰਮ ਤੁਸੀਂ ਕਰ ਰਹੇ ਹੋ ਇਸ ਨੂੰ ਤੇਜ਼ੀ ਨਾਲ ਕਰਨ ਦੀ ਲੋੜ ਹੈ । ਇਹ ਨਾ ਹੋਵੇ ਕਿ ਕਈ ਮਹੀਨਿਆਂ ਤਕ ਕੰਮ ਹੀ ਨਾ ਮੁੱਕੇ, ਇਥੇ ਰੈਜ਼ੋਲਿਊਸ਼ਨ ਆਈ ਜਾਣ, ਤਕਰੀਰਾਂ ਹੋਈ ਜਾਣ ਅਤੇ ਅਸੀਂ ਆਪਣੇ ਘਰੋਂ ਘਰੀ ਚਲੇ ਜਾਈਏ, ਇਸ ਨਾਲ ਸਮੱਸਿਆ ਦਾ ਹੱਲ ਨਹੀਂ ਹੁੰਦਾ । ਇਹ ਠੀਕ ਹੈ ਕਿ ਪੰਜਾਬ ਸਰਕਾਰ ਅਤੇ ਪੰਜਾਬ ਦੇ ਮੁੱਖ ਮੰਤਰੀ ਇਸ ਸਮੱਸਿਆ ਨੂੰ ਹੱਲ ਕਰਨ ਲਈ ਲੋਕਾਂ ਨਾਲ ਵੱਕਨ-ਬੱਧ ਹਨ । ਇਹ ਵੀ ਦੇਖਿਆ ਜਾਵੇ ਕਿ ਪੰਜਾਬ ਦਾ ਜਿਹੜਾ ਬੇਕਾਰ ਨੌਜਵਾਨ ਹੈ ਇਹ ਕੁਰਾਹੇ ਨਾ ਪਵੇ ਅਤੇ ਉਸ ਨੂੰ ਦੇਸ਼ ਦੇ ਹਿੱਤ ਲਈ ਹੀ ਵਰਤਿਆ ਜਾਵੇ । ਦੇਸ਼ ਦੇ ਵਿਚ ਜਿਹੜੇ ਕਨਸਟਰੱਕਟਿਵ ਕੰਮ ਹੋ ਰਹੇ ਹਨ ਉਨ੍ਹਾਂ ਦੇ ਵਿਚ ਇਸ ਨੂੰ ਲਾਇਆ ਜਾਵੇ । ਪੰਜਾਬ ਪਹਿਲਾ ਸੂਬਾ ਹੈ ਜਿਸ ਨੇ ਇਸ ਤਰਫ ਕਦਮ ਚੁੱਕਿਆ ਹੈ । ਪਰ ਸਾਡੀ ਬਦਕਿਸਮਤੀ ਹੈ ਕਿ ਜਿਹੜੇ ਲੋਕ ਨੌਕਰ ਵੀ ਹੋ ਜਾਂਦੇ ਹਨ ਉਹ ਠੀਕ ਕੰਮ ਨਹੀਂ ਕਰਦੇ । ਅੱਜ ਤੋਂ ਕੁਝ ਮਹੀਨੇ ਪਹਿਲਾਂ ਉਹ ਆਪਣਾ ਕੰਮ ਨਹੀਂ ਕਰਦੇ ਸੀ ਅਤੇ ਜਿਹੜੇ ਕੰਮ ਕਰਦੇ ਵੀ ਸਨ ਉਨ੍ਹਾਂ ਨੂੰ ਨਹੀਂ ਕਰਨ ਦਿੱਤਾ ਜਾਂਦਾ ਸੀ । ਮੈਂ ਇਕ ਉਦਾਹਰਣ ਦਿੰਦਾ ਹਾਂ । ਇਕ ਫੈਕਟਰੀ ਵਿਚ ਕੁਝ ਮਜ਼ਦੂਰ ਕੰਮ ਕਰਦੇ ਸੀ । ਇਕ ਮਜ਼ਦੂਰ ਨੂੰ ਭੁੱਖ ਹੜਤਾਲ ਤੇ ਬਿਠਾ ਦਿੱਤਾ ਗਿਆ। ਉਸਨੂੰ ਫੈਕਟਰੀ ਵਾਲਿਆਂ ਨੇ ਕੱਢ ਦਿੱਤਾ । ਉਸਨੇ ਹੋਰ ਮਜ਼ਦੂਰ ਇਕੱਠੇ ਕਰ ਲਏ । ਬਹੁਤ ਰੌਲਾ ਪਿਆ ਕਿ ਇਸ ਨੂੰ ਰੱਖ ਲਿਆ ਜਾਵੇ ਪਰ ਕੋਈ ਉਸਨੂੰ ਰੱਖਣ ਲਈ ਤਿਆਰ ਹੀ ਨਹੀਂ ਸੀ । ਉਹ ਕਹਿੰਦੇ ਸਨ ਕਿ ਇਕ ਤਾਂ ਨੌਕਰੀ ਅਸੀਂ ਦੇਈਏ ਔਰ ਗਾਲਾਂ ਵੀ ਅਸੀਂ ਖਾਈਏ । ਉਸ ਮਜ਼ਦੂਰ ਨੂੰ ਭੜਕਾ ਦਿੱਤਾ ਗਿਆ ਸੀ ਅਤੇ ਉਹ ਦਰ-ਬਦਰ ਫਿਰਦਾ ਸੀ । ਇਸ ਲਈ ਤਾਂ ਕਈ ਤਿਆਰ ਸਨ ਕਿ ਉਸਨੂੰ ਘਰ ਬੈਠੇ ਹੀ ਪੈਸੇ ਦੇ ਦਿੱਤੇ ਜਾਣ ਪਰ ਨੌਕਰੀ ਦੇਣ ਲਈ ਕੋਈ ਤਿਆਰ ਨਹੀਂ ਸੀ । ਜਿਸ ਪਾਰਟੀ ਨੇ ਇਹ ਕੰਮ ਕਰਾਇਆ ਸੀ ਉਸਨੂੰ ਪੁੱਛਣ ਦਾ ਮੈਨੂੰ ਮੌਕਾ ਮਿਲਿਆ । ਮੈਂ ਕਿਹਾ ਕਿ ਤੁਸੀਂ ਤਾਂ ਉਸ ਗਰੀਬ ਨੂੰ ਬਰਬਾਦ ਕਰ ਦਿੱਤਾ ਹੈ। ਮੈਨੂੰ ਅਫਸੋਸ ਹੈ ਕਿ ਉਨ੍ਹਾਂ ਨੇ ਕਿਹਾ ਕਿ ਸਾਡੀ ਪਾਰਟੀ ਦਾ ਝੰਡਾ ਚੁੱਕਣ ਲਈ ਇਸ ਤਰ੍ਹਾਂ ਦੇ ਆਦਮੀ ਚਾਹੀਦੇ ਹਨ ਜਿਹੜੇ ਕੰਮ ਨਾ ਕਰ ਸਕਣ । ਉਨ੍ਹਾਂ ਨੂੰ ਅਲਾਊਂਸ ਉਨ੍ਹਾਂ ਦੀਆਂ ਪਾਰਟੀਆਂ ਦਿੰਦੀਆਂ ਹਨ । ਮੈਂ ਜਿਸ ਪਾਰਟੀ ਦੀ ਗਲ ਕਰਦਾ ਹਾਂ ਮੈਂ ਉਨ੍ਹਾਂ ਦਾ ਨਾਂ ਨਹੀਂ ਲੈਣਾ ਚਾਹੁੰਦਾ । ਕਾਮਰੇਡ ਤਾਂ ਸਾਡੇ ਸਾਥੀ ਹਨ । ਉਨ੍ਹਾਂ ਦੇ ਬਾਰੇ ਇਹ ਗਲ ਨਹੀਂ ।

ਮੇਰੇ ਕਹਿਣ ਦਾ ਭਾਵ ਇਹ ਹੈ ਕਿ ਪੰਜਾਬ ਦੇ ਅੰਦਰ ਜਿਹੜੀਆਂ ਪਾਰਟੀਆਂ ਹਨ, ਇਨ੍ਹਾਂ ਦਾ ਕੰਮ ਨੌਜਵਾਨਾਂ ਨੂੰ ਕੰਮ ਤੇ ਲਗਾਉਣਾ ਨਹੀਂ, ਸਗੋਂ ਉਲਟੇ ਰਸਤੇ ਪਾਉਣਾ ਹੈ ਅਤੇ ਇਨ੍ਹਾਂ ਪਾਰਟੀਆਂ ਨੂੰ ਪਤਾ ਹੈ ਕਿ ਜੇ ਨੌਜਵਾਨ ਕੰਮ ਤੇ ਲਗ ਗਏ ਤਾਂ ਉਹ ਉਨ੍ਹਾਂ ਦੇ ਕੰਮ ਨਹੀਂ ਆਉਣਗੇ । ਸੋ, ਇਹ ਲੋਕ ਨੌਜਵਾਨਾਂ ਨੂੰ ਕਿਸੇ ਛੋਟੇ ਮੋਟੇ ਕੰਮ ਤੇ, ਕਿਸੇ ਕਾਰਖਾਨੇ ਵਿਚ ਜਾਂ ਕਿਸੇ ਦੁਕਾਨਦਾਰੀ ਦੇ ਕੰਮ ਵਿਚ ਨਹੀਂ ਪਾਉਂਦੇ । ਕਿਹੜੇ ਪਾਸੇ ਪਾਉਂਦੇ ਹਨ ? ਨਸ਼ੀਲੀ ਗੋਲੀਆਂ ਖਲਾਉਂਦੇ ਹਨ, ਤੋੜ ਫੋੜ ਕਰਵਾਉਂਦੇ ਹਨ ਅਤੇ ਹੋਰਨਾਂ ਨੂੰ ਗਾਲ੍ਹਾਂ

Original with;
Punjab Vidhan Sabha
Digitized by;
Panjab Digital Library

[ਸ੍ਰੀ ਬ੍ਰਿਜ ਲਾਲ ਗੋਇਲ]

ਕਢਣ ਦੇ ਪਾਸੇ ਪਾਉਂਦੇ ਹਨ ਅਤੇ ਉਨ੍ਹਾਂ ਦੀ ਬੇਕਾਰੀ ਦਾ ਫਾਇਦਾ ਉਠਾਇਆ ਜਾਂਦਾ ਹੈ । ਇਸ ਕਰਕੇ ਇਹ ਮਤਾ ਬੜਾ ਜ਼ਰੂਰੀ ਹੈ ਤਾਂ ਜੋ ਨੌਜਵਾਨ ਕੁਰਾਹੇ ਪੈਣ ਤੋਂ ਬਚ ਜਾਵੇ ਅਤੇ ਉਨ੍ਹਾਂ ਦੀ ਜ਼ਿੰਦਗੀ ਆਪਣੇ ਲਈ ਅਤੇ ਦੇਸ਼ ਲਈ ਲਾਭਦਾਇਕ ਹੋਵੇ । ਅਗਰ ਅਸੀਂ ਬੇਰੋਜ਼ਗਾਰ ਨੌਜਵਾਨਾਂ ਨੂੰ ਚੰਗੀ ਤਰ੍ਹਾਂ ਰੋਜ਼ਗਾਰ ਪ੍ਰੋਵਾਈਡ ਕਰ ਸਕੀਏ ਤਾਂ ਪੰਜਾਬ ਦੀ ਅਤੇ ਦੇਸ਼ ਦੀ ਸੇਵਾ ਹੋਵੇਗੀ । ਜਿਹੜੀ ਅਲਾਊਂਸ ਦੇਣ ਵਾਲੀ ਗੱਲ ਕਹੀ ਹੈ, ਇਸ ਦੇ ਨਾਲ ਇਹ ਤਾਂ ਹੋ ਜਾਂਦਾ ਹੈ ਕਿ ਉਸ ਨੂੰ ਰੋਟੀ, ਪਹਿਨਣ ਲਈ ਕਪੜਾ ਮਿਲ ਜਾਂਦਾ ਹੈ ਅਤੇ ਉਹ ਭੁਖਾ ਨਹੀਂ ਰਹਿੰਦਾ, ਪਰ ਇਸ ਦੇ ਨਾਲ ਇਹ ਗੱਲ ਵੀ ਹੋ ਸਕਦੀ ਹੈ ਕਿ ਉਹ ਨੌਕਰੀ ਲਭਣ ਵਿਚ ਢਿਲ ਪਾ ਦੇਵੇ, ਕਿਉਂਕਿ ਉਸ ਨੂੰ ਪਤਾ ਹੈ ਕਿ ਅਲਾਊਂਸ ਤਾਂ ਮਿਲਦਾ ਹੈ, ਹੋਰ ਕਾਰੋਬਾਰ ਕਿਸ ਲਈ ਕਰਨਾ ਹੈ ਅਤੇ ਉਸ ਵਿਚ ਕੰਮ ਕਰਨ ਦਾ ਉਤਸ਼ਾਹ ਨਹੀਂ ਰਹੇਗਾ । ਇਸ ਲਈ ਮੈਂ ਸਰਕਾਰ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਅਲਾਊਂਸ ਵੀ ਦਿੱਤਾ ਜਾਵੇ ਪਰ ਅਲਾਊਂਸ ਨਾਲੋਂ ਵਧ ਉਨ੍ਹਾਂ ਨੂੰ ਕੰਮ ਲੱਭ ਕੇ ਦਿੱਤਾ ਜਾਵੇ ਅਤੇ ਇਸ ਤਰ੍ਹਾਂ ਦੇ ਤਰੀਕੇ ਲੱਭੇ ਜਾਣ ਜਿਨ੍ਹਾਂ ਨਾਲ ਕਿ ਉਨ੍ਹਾਂ ਨੂੰ ਕੰਮ ਦਿਵਾਇਆ ਜਾ ਸਕੇ ਅਤੇ ਉਨ੍ਹਾਂ ਨੂੰ ਕੰਮ ਕਰਨ ਦੇ ਪਾਸੇ ਪਾਇਆ ਜਾਵੇ, ਉਨ੍ਹਾਂ ਨੂੰ ਕੁਰਾਹੇ ਪਾਉਣ ਵਾਸਤੇ ਅਲਾਊਂਸ ਨਹੀਂ ਦਿੱਤਾ ਜਾਣਾ ਚਾਹੀਦਾ । ਇਸ ਦੇ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ, ਜਿਸ ਤਰ੍ਹਾਂ ਮੇਰੇ ਇਕ ਵੀਰ ਨੇ ਇੱਥੇ ਕਿਹਾ ਹੈ ਕਿ ਐਸ. ਐਸ. ਐਸ. ਬੋਰਡ ਵਿਚ ਬੜਾ ਧੱਕਾ ਹੁੰਦਾ ਹੈ । ਜੇ 10 ਪੋਸਟਾਂ ਹੋਣ ਤਾਂ 10 ਹਜ਼ਾਰ ਆਦਮੀਆਂ ਨੂੰ ਬੁਲਾਇਆ ਜਾਂਦਾ ਹੈ, ਜਿਸ ਦੇ ਨਤੀਜੇ ਵਜੋਂ ਲੋਕਾਂ ਦਾ ਖਰਚ ਹੁੰਦਾ ਹੈ ਅਤੇ ਉਨ੍ਹਾਂ ਨੂੰ ਤਕਲੀਫ ਹੁੰਦੀ ਹੈ । ਇਸ ਬਾਰੇ ਮੇਰੀ ਆਪਣੀ ਰਾਏ ਇਹ ਹੈ ਕਿ ਐਸੇ ਸੰਸ਼ੋਧਨ ਕਰਨੇ ਚਾਹੀਦੇ ਹਨ ਕਿ ਜਿੰਨੀਆਂ ਪੋਸਟਾਂ ਹੋਣ, ਉਨ੍ਹਾਂ ਦੇ ਹਿਸਾਬ ਨਾਲ ਹੀ ਕੰਮ ਕੀਤਾ ਜਾਵੇ, ਕਿਉਂਕਿ ਪੋਸਟਾਂ ਘਟ ਹੁੰਦੀਆਂ ਹਨ ਅਤੇ ਬੁਲਾ ਬਹੁਤ ਸਾਰਿਆਂ ਨੂੰ ਲਿਆ ਜਾਂਦਾ ਹੈ, ਉਨ੍ਹਾਂ ਵਿਚਾਰਿਆਂ ਦੇ ਪੈਸੇ ਖਰਚ ਹੁੰਦੇ ਹਨ, ਕਈ ਦਫ਼ਾ ਉਨ੍ਹਾਂ ਨੂੰ 15-15 ਦਫਾ ਆਉਣਾ ਪੈਂਦਾ ਹੈ ਅਤੇ ਬਗੈਰ ਕੰਮ ਬਣੇ ਵਾਪਿਸ ਜਾਣਾ ਪੈਂਦਾ ਹੈ, ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਬਾਹਰ ਜਾ ਕੇ ਇਹ ਪ੍ਰਚਾਰ ਹੁੰਦਾ ਹੈ ਕਿ ਬੋਰਡ ਵਿਚ ਬੜਾ ਧੱਕਾ ਹੁੰਦਾ ਹੈ ਅਤੇ ਇਸ ਤਰ੍ਹਾਂ ਲਗਦਾ ਹੈ ਕਿ ਬੇਰੋਜ਼ਗਾਰੀ ਬਹੁਤ ਹੈ । ਮੈਂ ਇਸ ਵੇਲੇ ਇਹ ਤਾਂ ਨਹੀਂ ਦੱਸ ਸਕਦਾ ਕਿ ਨੌਕਰੀ ਦੇਣ ਦਾ ਕਿਹੜਾ ਸਿਸਟਮ ਹੋਣਾ ਚਾਹੀਦਾ ਹੈ, ਪਰ ਕੋਈ ਤਰੀਕਾ ਜ਼ਰੂਰ ਡਿਵਾਈਜ਼ ਕਰਨਾ ਚਾਹੀਦਾ ਹੈ ਕਿ ਨੌਕਰੀ ਵਾਲਿਆਂ ਨੂੰ ਇਮੀਜੀਏਟਲੀ ਨੌਕਰੀ ਮਿਲੇ ਅਤੇ ਜੋ ਪੋਸਟਾਂ ਭਰੀਆਂ ਜਾਣੀਆਂ ਹੋਣ, ਉਹ ਫੌਰਨ ਭਰੀਆਂ ਜਾਣ, ਜਿਸ ਦੇ ਨਾਲ ਲੋਕ ਵੀ ਖਰਚ ਤੋਂ ਬਚਣਗੇ ਅਤੇ ਨੌਕਰੀ ਵਾਲੇ ਨੂੰ ਨੌਕਰੀ ਵੀ ਮਿਲੇਗੀ ।

ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਚੀਜ਼ ਦਾ ਸਮਰਥਨ ਕਰਦਾ ਹਾਂ ਅਤੇ ਬੇਨਤੀ ਕਰਾਂਗਾ ਕਿ ਸਰਕਾਰ ਇਸ ਪਾਸੇ ਗੌਰ ਕਰੇ ।

**ਸ੍ਰੀ ਡਿਪਟੀ ਸਪੀਕਰ** : ਮੈਂ ਇਕ ਗੱਲ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਮਤਾ ਐਜੂਕੇਟਿਡ ਯੂਥ ਨੂੰ ਐਂਪਲਾਇਮੈਂਟ ਅਲਾਊਂਸ ਦੇਣ ਬਾਰੇ ਹੈ । ਤੁਸੀਂ ਦੱਸੋ ਕਿ ਤੁਸੀਂ ਯੂਥ ਕੈਟੇਗਰੀ ਵਿਚ ਆਉਂਦੇ ਹੋ ਜਾਂ ਨਹੀਂ ?

**ਮਾਲ ਅਤੇ ਚੋਣ ਮੰਤਰੀ** (ਸਰਦਾਰ ਉਮਰਾਓ ਸਿੰਘ) : ਇਹ ਆਪਣੇ ਬੱਚਿਆਂ ਬਾਰੇ ਗੱਲ ਕਰਦੇ ਹਨ । (ਹਾਸਾ)

Original with;
Punjab Vidhan Sabha
Digitized by;
Panjab Digital Library

**ਗਿਆਨੀ ਕੁੰਦਨ ਸਿੰਘ ਪਤੰਗ** (ਭਦੌੜ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਇਸ ਮਤੇ ਦੇ ਹੱਕ ਵਿਚ ਹਾਂ। ਬੇਰੋਜ਼ਗਾਰੀ ਦਾ ਨਾਂ ਸੁਣ ਕੇ ਸਾਡਾ ਦਿਲ ਕੰਬ ਜਾਂਦਾ ਹੈ, ਰੋਣ ਆ ਜਾਂਦਾ ਹੈ। ਜਦੋਂ ਅਸੀਂ ਪਿੰਡਾਂ ਵਿਚ ਜਾ ਕੇ ਵੇਖਦੇ ਹਾਂ ਕਿ ਸਾਡੇ ਪੇਂਡੂ ਲੋਕਾਂ ਦੀ, ਪੜ੍ਹੇ ਲਿਖੇ ਨੌਜਵਾਨਾਂ ਦੀ ਕੀ ਹਾਲਤ ਹੈ, ਤਾਂ ਬਹੁਤ ਦੁਖ ਹੁੰਦਾ ਹੈ। ਇਸ ਤਰ੍ਹਾਂ ਦੀ ਹਾਲਤ ਹੈ ਕਿ ਜਿਨ੍ਹਾਂ ਬੱਚਿਆਂ ਨੇ 20-20, 10-10, 15-15 ਸਾਲ ਪੜ੍ਹਨ ਲਈ ਗੁਜ਼ਾਰੇ ਹੁੰਦੇ ਹਨ ਉਹ ਪੜ੍ਹਨ ਤੋਂ ਬਾਅਦ ਖੇਤੀ ਜੋਗੇ ਭੀ ਨਹੀਂ ਰਹਿੰਦੇ। ਇਸ ਕਰਕੇ ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਬੱਚਿਆਂ ਨੂੰ ਤਾਲੀਮ ਦੇਣ ਦੇ ਨਾਲ ਕੋਈ ਹੱਥੀਂ ਕਿੱਤਾ ਜ਼ਰੂਰ ਸਿਖਾਉਣਾ ਚਾਹੀਦਾ ਹੈ। ਅਕਬਰ ਬਾਦਸ਼ਾਹ ਨੂੰ ਇਕ ਵਾਰੀ ਬੀਰਬਲ ਨੇ ਕਿਹਾ ਕਿ ਜੇ ਆਪਾਂ ਨੂੰ ਕੋਈ ਤਖਤ ਤੋਂ ਲਾਹ ਦੇਵੇ ਤਾਂ ਅਸੀਂ ਕੀ ਕਰਾਂਗੇ ? ਅਕਬਰ ਨੇ ਕਿਹਾ ਕਿ ਸਾਨੂੰ ਤਖਤ ਤੋਂ ਕੌਣ ਲਾਹ ਸਕਦਾ ਹੈ। ਬੀਰਬਲ ਨੇ ਕਿਹਾ ਕਿ ਹੋ ਸਕਦਾ ਹੈ ਕੋਈ ਆਪ ਨੂੰ ਤਖਤ ਤੋਂ ਲਾਹ ਹੀ ਦੇਵੇ ਅਤੇ ਮੈਨੂੰ ਵਜ਼ੀਰੀ ਤੋਂ ਲਾਹ ਦੇਵੇ ਤਾਂ ਅਸੀਂ ਕੀ ਕਰਾਂਗੇ ਅਤੇ ਕੀ ਖਾਵਾਂਗੇ ? ਇਸ ਗੱਲ ਤੇ ਅਕਬਰ ਨੇ ਕਿਹਾ ਕਿ ਮੈਨੂੰ ਤਾਂ ਕੁਝ ਨਹੀਂ ਆਉਂਦਾ। ਇਸ ਤੇ ਬੀਰਬਲ ਨੇ ਕਿਹਾ ਕਿ ਮੈਨੂੰ ਸਫਾਂ ਬੁਣਨੀਆਂ ਆਉਂਦੀਆਂ ਹਨ ਅਤੇ ਹੋਰ ਭੀ ਕੁਝ ਛੋਟਾ ਮੋਟਾ ਕੰਮ ਕਰ ਸਕਦਾ ਹਾਂ। ਇਸ ਕਰਕੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਚੀਜ਼ ਦਾ ਖਿਆਲ ਰਖਿਆ ਜਾਣਾ ਚਾਹੀਦਾ ਹੈ ਕਿ ਜਿਹੜੇ ਪੜ੍ਹੇ ਲਿਖੇ ਹਨ, ਜਿਹੜੇ ਬੱਚੇ ਪੜ੍ਹਦੇ ਹਨ, ਉਨ੍ਹਾਂ ਨੂੰ ਕੋਈ ਦਸਤਕਾਰੀ ਦਾ ਕੰਮ ਭੀ ਸਿਖਾਉਣਾ ਚਾਹੀਦਾ ਹੈ। ਜਦੋਂ ਮੈਂ ਪੜ੍ਹਦਾ ਹੁੰਦਾ ਸੀ, ਉਸ ਵੇਲੇ ਦੀ ਮੈਨੂੰ ਇਕ ਗੱਲ ਯਾਦ ਆ ਗਈ ਹੈ। ਉਸ ਵੇਲੇ ਇਕ ਕਾਰਟੂਨ ਨਿਕਲਿਆ ਸੀ ਜਿਸ ਵਿਚ ਲਾਹੌਰ ਯੂਨੀਵਰਸਿਟੀ ਨੂੰ ਕੁਕੜੀ ਬਣਾਇਆ ਹੋਇਆ ਸੀ ਅਤੇ ਉਸ ਦੇ ਪਿਛੇ 40-50 ਅੰਡੇ ਵਿਦਿਆਰਥੀ ਦੱਸੇ ਹੋਏ ਸਨ। ਅੱਜ ਸਾਡੀ ਬੇਰੋਜ਼ਗਾਰੀ ਦਾ ਹਾਲ ਇਹ ਹੈ ਕਿ ਅੱਜ ਸਾਡੇ ਪੜ੍ਹੇ ਲਿਖੇ ਨੌਜਵਾਨ ਕੋਈ ਕਿੱਤਾ ਹਥੀਂ ਨਹੀਂ ਕਰ ਸਕਦੇ ਜੇਕਰ ਸਰਕਾਰ ਉਨ੍ਹਾਂ ਲਈ ਕੋਈ ਪ੍ਰਬੰਧ ਨਾ ਕਰ ਸਕੇ ਤਾਂ ਉਹ ਕੀ ਕਰਨਗੇ। ਚੋਪੜਾ ਜੀ ਨੇ ਇਕ ਨੌਜਵਾਨ ਦੀ ਮਿਸਾਲ ਦਿੱਤੀ ਸੀ। ਨੌਜਵਾਨਾਂ ਦੀਆਂ ਗੱਲਾਂ ਸੁਣ ਕੇ ਰੋਣ ਆਉਂਦਾ ਹੈ। ਐਮ. ਏ., ਬੀ. ਐਡ.; ਬੀ. ਏ., ਬੀ. ਐਡ., ਜੇ ਛੇ ਰੁਪਏ ਦਿਹਾੜੀ ਤੇ ਰੋੜੀ ਕੁੱਟਣ ਦਾ ਕੰਮ ਕਰਨ ਤਾਂ ਠੀਕ ਨਹੀਂ। ਸਾਡੀ ਹਾਲਤ ਇਹ ਹੈ। ਸਾਡੇ ਮਜ਼ਦੂਰਾਂ ਦੀ ਹਾਲਤ ਵੀ ਬਹੁਤ ਭੈੜੀ ਹੈ। ਇਸ ਬਾਰੇ ਮੈਂ ਇਕ ਗੱਲ ਦਸਣਾ ਚਾਹੁੰਦਾ ਹਾਂ ਕਿ ਦੋ ਮਜ਼ਦੂਰ ਸਨ, ਉਨ੍ਹਾਂ ਕੋਲ ਇਕੋ ਹੀ ਰਜ਼ਾਈ ਸੀ। ਕਈ ਮਜ਼ਦੂਰ ਚਲਾਕ ਭੀ ਹੁੰਦੇ ਹਨ। ਜਿਸ ਨੂੰ ਵੀ ਤਕੜੇ ਨਾਲ ਵਾਹ ਪੈਂਦਾ ਹੈ, ਉਹ ਨੁਕਸਾਨ ਉਠਾਉਂਦਾ ਹੈ। ਦੋ ਚਾਰ ਦਿਨ ਤਾਂ ਉਹ ਇਕੱਠੇ ਹੀ ਇਕੋ ਹੀ ਰਜਾਈ ਵਿਚ ਸੌਂ ਜਾਂਦੇ ਰਹੇ। ਇਸ ਤੋਂ ਬਾਅਦ ਇਕ ਮਜ਼ਦੂਰ ਨੂੰ ਕਿਸੇ ਨੇ ਸਿੱਖਿਆ ਦਿੱਤੀ ਕਿ ਉਹ ਰਜ਼ਾਈ ਦੀ ਵੰਡ ਕਰ ਲੈਣ। ਸਿਆਲ ਦੇ ਦਿਨ ਸਨ, ਜਿਹੜਾ ਚਲਾਕ ਮਜ਼ਦੂਰ ਸੀ ਉਸ ਨੇ ਦੂਜੇ ਨੂੰ ਕਿਹਾ ਕਿ ਮੈਂ ਰਜ਼ਾਈ ਰਾਤ ਨੂੰ ਲੈ ਲਿਆ ਕਰਾਂਗਾ ਅਤੇ ਤੂੰ ਦਿਨ ਨੂੰ ਲੈ ਲਿਆ ਕਰ। ਦੂਜਾ ਵਿਚਾਰਾ ਮਜ਼ਦੂਰ ਮੰਨ ਗਿਆ। ਇਸ ਦਾ ਨਤੀਜਾ ਕੀ ਹੋਇਆ ਕਿ ਜਿਹੜਾ ਚਲਾਕ ਮਜ਼ਦੂਰ ਸੀ ਉਹ ਰਾਤ ਨੂੰ ਸਰਦੀ ਵਿਚ ਆਰਾਮ ਨਾਲ ਸੌਂਵੇ ਅਤੇ ਦੂਜਾ ਦਿਨ ਨੂੰ ਉਸ ਰਜ਼ਾਈ ਨੂੰ ਵੀ ਚੁਕੀ ਫਿਰੇ ਅਤੇ ਕੰਮ ਭੀ ਕਰੇ ਅਤੇ ਰਾਤ ਨੂੰ ਸਰਦੀ ਵਿਚ ਭੀ ਮਰੇ। ਇਸ ਗੱਲ ਤੇ ਕਿਸੇ ਹੋਰ ਨੇ ਦਿਨ ਨੂੰ ਰਜਾਈ ਲੈਣ ਵਾਲੇ ਮਜ਼ਦੂਰ ਨੂੰ ਭੀ ਸਿੱਖਿਆ ਦਿੱਤੀ ਕਿ ਰਜਾਈ ਦੀ ਤੁਸੀਂ ਵੰਡ ਕੀਤੀ ਹੋਈ ਹੈ ਅਤੇ ਦਿਨ ਨੂੰ ਤੇਰੇ ਕੋਲ ਰਹਿੰਦੀ ਹੈ, ਤੂੰ ਇਸ ਤਰ੍ਹਾਂ

Original with;
Punjab Vidhan Sabha
Digitized by;
Panjab Digital Library

[ਗਿਆਨੀ ਕੁੰਦਨ ਸਿੰਘ ਪਤੰਗ]

ਕਰ ਕਿ ਇਸ ਨੂੰ ਇਕ ਦਿਨ ਛੱਪੜ ਵਿਚ ਸੁਟ ਦੇ । ਇਸ ਤਰ੍ਹਾਂ ਨਾਲ ਜਦੋਂ ਦਿਨ ਛਿਪਣ ਨੂੰ ਇਕ ਘੰਟਾ ਰਹਿ ਗਿਆ ਤਾਂ ਉਸ ਮਜ਼ਦੂਰ ਨੇ ਰਜਾਈ ਚੁੱਕ ਕੇ ਛੱਪੜ ਵਿਚ ਸੁਟ ਦਿੱਤੀ । ਮੇਰਾ ਕਹਿਣ ਦਾ ਭਾਵ ਇਹ ਹੈ ਕਿ ਮਜ਼ਦੂਰਾਂ ਦੀ ਹਾਲਤ ਇਹ ਹੈ, ਉਨ੍ਹਾਂ ਨੂੰ ਇਕ ਰਜਾਈ ਭੀ ਨਹੀਂ ਮਿਲਦੀ, ਪੜ੍ਹੇ ਲਿਖੇ ਨੌਜਵਾਨਾਂ ਨੂੰ ਰੋਜ਼ਗਾਰ ਨਹੀਂ ਮਿਲਦਾ । ਇਹ ਸਰਕਾਰ ਕਹਿੰਦੀ ਹੈ ਕਿ ਇਨ੍ਹਾਂ ਨੇ ਬੜਾ ਕੁਝ ਕੀਤਾ ਹੈ । ਇਨ੍ਹਾਂ ਨੇ ਇਹ ਕੀਤਾ ਹੈ ਕਿ ਹਰ ਇਕ ਜਗ੍ਹਾ ਸ਼ਰਾਬ ਦੇ ਠੇਕੇ ਖੋਲ੍ਹ ਦਿੱਤੇ ਹਨ ਅਤੇ ਦੁਧ ਦੀਆਂ ਨਦੀਆਂ ਬਹਾਉਣ ਦੀ ਬਜਾਏ ਸ਼ਰਾਬ ਦੀਆਂ ਨਦੀਆਂ ਬਹਾ ਰਹੇ ਹਨ । ਸਿਨਮੇ ਖੋਲ੍ਹ ਰਹੇ ਹਨ ਅਤੇ ਲੋਕਾਂ ਦਾ ਆਚਰਣ ਵਿਗਾੜੀ ਜਾਂਦੇ ਹਨ । ਲੋਕਾਂ ਨੂੰ ਰੋਜ਼ਗਾਰ ਦਿਵਾਉਣ ਦੀ ਬਜਾਏ ਬੁਰੀਆਂ ਗੱਲਾਂ ਵਲ ਲਿਜਾਈ ਜਾਂਦੇ ਹਨ ਅਤੇ ਹਰ ਅੱਡੇ ਤੇ ਸ਼ਰਾਬ ਦੇ ਠੇਕੇ ਖੁਲ੍ਹ ਰਹੇ ਹਨ । ਇਹ ਮਹਾਤਮਾ ਗਾਂਧੀ ਜੀ ਦੇ ਅਸੂਲ ਤੋਂ ਉਲਟ ਜਾ ਰਹੇ ਹਨ । ਮਹਾਤਮਾ ਗਾਂਧੀ ਤਾਂ ਸ਼ਰਾਬ ਦੇ ਖਿਲਾਫ ਪਿਕਟਿੰਗ ਕਰਦੇ ਸਨ ਪਰ ਇਹ ਸ਼ਰਾਬ ਦੀਆਂ ਨਦੀਆਂ ਬਹਾ ਰਹੇ ਹਨ । (ਚੌਧਰੀ ਜਗਤ ਰਾਮ ਵਲੋਂ ਵਿਘਨ)

**ਸ਼੍ਰੀ ਡਿਪਟੀ ਸਪੀਕਰ** : ਕੋਈ ਇੰਟਰੱਪਟ ਨਾ ਕਰੇ ।

**ਗਿਆਨੀ ਕੁੰਦਨ ਸਿੰਘ ਪਤੰਗ** : ਮੈਨੂੰ ਇੰਟਰੱਪਟ ਨਾ ਕੀਤਾ ਜਾਵੇ, ਮੈਂ ਬੋਲਣਾ ਜਾਣਦਾ ਹਾਂ । ਇਨ੍ਹਾਂ ਨੇ ਸ਼ਰਾਬ ਦੀਆਂ ਨਦੀਆਂ ਬਹਾ ਦਿੱਤੀਆਂ ਹਨ । ਲੋਕ ਆਪਣਾ ਪੈਸਾ ਸ਼ਰਾਬ ਤੇ ਗਵਾਂਦੇ ਹਨ ਅਤੇ ਮੁੰਡੇ ਬੁਰੇ ਕੰਮ ਵਿਚ ਪੈਂਦੇ ਹਨ । ਇਸ ਦਾ ਨਤੀਜਾ ਇਹ ਭੀ ਹੋਇਆ ਕਿ ਜੇ ਸ਼ਰਾਬ ਬਜ਼ਾਰ ਤੋਂ ਮੁਲ ਨਾ ਲੈ ਸਕਣ ਤਾਂ ਫਿਰ ਘਰ ਹੀ ਕਢਣ ਲੱਗ ਜਾਂਦੇ ਹਨ ਅਤੇ ਸਰਕਾਰ ਉਨ੍ਹਾਂ ਨੂੰ ਜੇਲ੍ਹ ਵਿਚ ਭੇਜ ਦਿੰਦੀ ਹੈ । ਆਪ ਹੀ ਸਰਕਾਰ ਉਨ੍ਹਾਂ ਨੂੰ ਇਸ ਕੰਮ ਵੱਲ ਪਾਉਂਦੀ ਹੈ ਅਤੇ ਆਪ ਹੀ ਉਨ੍ਹਾਂ ਨੂੰ ਦੜਦੀ ਹੈ :—

"ਜੱਟਾ ਬੋਤਲ ਇਕ ਸ਼ਰਾਬ ਦੀ, ਤੈਨੂੰ ਪੈਂਦੀ ਮਹਿੰਗੇ ਮੁੱਲ ।
ਜਾਂ ਵਿਕਾਵੇ ਜੋੜੀਆਂ, ਨਹੀਂ ਤੇਰਾ ਦੀਵਾ ਕਰਦੀ ਗੁੱਲ ।
ਜਾਂ ਪਵਾਏ ਬੇੜੀਆਂ, ਜਾਂ ਗੰਗਾ ਪਵਾਏ ਫੁੱਲ ।
ਜਾਂ ਮੰਗਾਵੇ ਭੀਖ ਨੂੰ, ਤੂੰ ਮਰ ਜਾਏਂ ਗਲੀਏਂ ਰੁੱਲ ।
ਜਾਂ ਕਰਾਵੇ ਚਾਕਰੀ, ਤੂੰ ਹੋ ਜਾਏਂ ਮਰਿਆਂ ਤੁੱਲ ।
ਤੇਰੇ ਸਰ੍ਹਾਣੇ ਪਾਟੀ ਗੋਦੜੀ, ਤੇਰੇ ਉਤੇ ਪਾਟਿਆ ਜੁੱਲ ।
ਤੂੰ ਹੀਰਾ ਦੇਸ਼ ਪੰਜਾਬ ਦਾ, ਤੇਰਾ ਕੌਡੀ ਪੈਂਦਾ ਮੁੱਲ ।
ਨਾ ਪੀ ਪਿਆਲੀ ਜ਼ਹਿਰ ਦੀ, ਤੈਨੂੰ ਸਿਆਣੇ ਕਹਿੰਦੇ ਕੁਲ ।

ਫਿਰ, ਡਿਪਟੀ ਸਪੀਕਰ ਸਾਹਿਬ, ਸਾਡੇ ਮੁਲਕ ਵਿਚ ਅਫ਼ੀਮ ਭੀ ਕਾਫ਼ੀ ਵਰਤੀ ਜਾਣ ਲੱਗੀ ਹੈ । ਬਾਹਰਲੇ ਮੁਲਕਾਂ ਵਿਚੋਂ ਵੀ ਸਾਡੇ ਮੁਲਕ ਵਿਚ ਅਫ਼ੀਮ ਆਉਂਦੀ ਹੈ, ਪਰ ਸਰਕਾਰ ਇਸ ਦਾ ਕੋਈ ਪ੍ਰਬੰਧ ਨਹੀਂ ਕਰਦੀ । ਫਿਰ ਇਸ ਤੋਂ ਵੀ ਵੱਧ ਕਈ ਤਾਂ ਆਦਮੀ ਅਫ਼ੀਮ ਖਾਂਦੇ ਹਨ ਔਰ ਕਈ ਅਜਿਹੇ ਵੀ ਹਨ ਜਿਹੜੇ ਕਿ ਅਫ਼ੀਮ ਬਿਲਕੁਲ ਨਹੀਂ ਖਾਂਦੇ ਪਰ ਸਾਡੀ ਸਰਕਾਰ ਨੇ ਪੁਲਸੀਆਂ ਨੂੰ ਇਤਨੀ ਖੁਲ੍ਹ ਦਿੱਤੀ ਹੋਈ ਹੈ ਕਿ ਉਹ ਆਪ ਹੀ ਉਨ੍ਹਾਂ ਦੇ ਘਰਾਂ ਵਿਚ ਅਫ਼ੀਮ ਸੁੱਟ ਕੇ ਉਨ੍ਹਾਂ ਨੂੰ ਫੜ ਕੇ ਅੰਦਰ ਕਰੀ ਜਾਂਦੇ ਹਨ ਅਤੇ ਨਾਜਾਇਜ਼ ਤੰਗ ਕਰਨ ਤੇ ਲਗੇ ਹੋਏ ਹਨ ।

Original with;
Punjab Vidhan Sabha
Digitized by;
Panjab Digital Library

ਦੂਸਰੀ ਗੱਲ, ਡਿਪਟੀ ਸਪੀਕਰ ਸਾਹਿਬ, ਮੈਂ ਬੇਰੋਜ਼ਗਾਰੀ ਨੂੰ ਖਤਮ ਕਰਨ ਲਈ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਅੱਜ 55 ਸਾਲਾਂ ਦੀ ਉਮਰ ਦੇ ਕਰਮਚਾਰੀਆਂ ਨੂੰ ਰਿਟਾਇਰ ਕੀਤਾ ਜਾਂਦਾ ਹੈ ਇਹ ਕਿਉਂ ਨਹੀਂ 52 ਸਾਲ ਦੀ ਉਮਰ ਕਰ ਦਿੱਤੀ ਜਾਂਦੀ। ਉਨ੍ਹਾਂ ਨੇ ਬਥੇਰਾ ਖਾ ਹੰਢਾ ਲਿਆ ਹੈ, ਉਨ੍ਹਾਂ ਨੇ ਬਥੇਰੀ ਮੌਜ ਮਾਣ ਲਈ ਹੈ, ਹੁਣ ਉਨ੍ਹਾਂ ਨੂੰ ਹਟਾ ਕੇ ਨਵੇਂ ਨੌਜਵਾਨ ਭਰਤੀ ਕਰਨੇ ਚਾਹੀਦੇ ਹਨ ਇਸ ਨਾਲ ਕਾਫੀ ਹੱਦ ਤਕ ਬੇਰੋਜ਼ਗਾਰੀ ਖ਼ਤਮ ਕੀਤੀ ਜਾ ਸਕਦੀ ਹੈ।

ਫਿਰ ਇਕ ਗਲ ਹੋਰ ਮੈਂ ਸੇਲਜ਼ ਟੈਕਸ ਦੀ ਚੋਰੀ ਬਾਰੇ ਕਰਨੀ ਚਾਹੁੰਦਾ ਹਾਂ। ਇਸ ਨਾਲ ਸਾਡੇ ਦੇਸ਼ ਦਾ ਕਰੋੜਾਂ ਰੁਪਏ ਦਾ ਨੁਕਸਾਨ ਹੁੰਦਾ ਹੈ। ਪਰ ਸਾਡੀ ਸਰਕਾਰ ਦਾ ਇਸ ਤੇ ਕੋਈ ਚੈਕ ਨਹੀਂ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਸੇਲਜ਼ ਟੈਕਸ ਦੀ ਚੋਰੀ ਨੂੰ ਖਤਮ ਕਰਨ ਲਈ ਸਾਡੀ ਸਰਕਾਰ ਨੂੰ ਸੀ. ਆਈ. ਡੀ. ਦੁਆਰਾ ਪਤਾ ਕਰਾਉਣਾ ਚਾਹੀਦਾ ਹੈ। ਉਨ੍ਹਾਂ ਸੀ. ਆਈ. ਡੀ. ਦੇ ਆਦਮੀਆਂ ਨੂੰ ਇਹ ਵੇਖਣਾ ਚਾਹੀਦਾ ਹੈ ਕਿ ਇਹ ਜਿਹੜੇ ਇੰਨੇ ਛੋਟੇ ਛੋਟੇ ਮੁਲਾਜ਼ਮ ਹਨ ਇਹ ਐਨੇ ਵਡੇ ਵੱਡੇ ਟੱਬਰਾਂ ਨੂੰ ਕਿਸ ਤਰ੍ਹਾਂ ਪਾਲ ਰਹੇ ਹਨ। ਇਨ੍ਹਾਂ ਕੋਲੋਂ ਇੰਨਾ ਵੱਡਾ ਟੱਬਰ ਪਾਲਣ ਵਾਸਤੇ ਪੈਸਾ ਕਿੱਥੋਂ ਆ ਰਿਹਾ ਹੈ ? ਮੈਨੂੰ ਇਕ ਗੱਲ ਯਾਦ ਆ ਗਈ ਹੈ, ਉਹ ਮੈਂ ਸੁਣਾਉਂਦਾ ਹਾਂ—

ਕੋਈ ਆਦਮੀ ਮਰ ਗਿਆ ਜਿਹੜਾ ਕਿ ਚੋਰੀ ਕਰਦਾ ਹੁੰਦਾ ਸੀ। ਤਾਂ ਉਸ ਦੇ ਪੁੱਤਰ ਨੇ ਆਪਣੀ ਮਾਂ ਨੂੰ ਪੁਛਿਆ ਕਿ ਮੇਰਾ ਪਿਉ ਕੀ ਕਰਦਾ ਸੀ। ਉਸ ਨੇ ਕਿਹਾ ਠਹਿਰ ਜਾ, ਹਾਲੇ ਤੂੰ ਵੱਡਾ ਹੋ ਲੈ, ਸਿਆਣਾ ਬਣ ਜਾ, ਫਿਰ ਤੈਨੂੰ ਦੱਸਾਂਗੀ। ਫਿਰ ਜਿਸ ਵੇਲੇ 20 ਸਾਲਾਂ ਦਾ ਹੋ ਗਿਆ ਤਾਂ ਉਸ ਨੇ ਆਪਣੀ ਮਾਂ ਨੂੰ ਫਿਰ ਪੁੱਛਿਆ ਕਿ ਹੁਣ ਦੱਸ ਮੇਰਾ ਪਿਉ ਕੀ ਕਰਦਾ ਹੁੰਦਾ ਸੀ ? ਉਸ ਦੀ ਮਾਂ ਉਸ ਨੂੰ ਕਹਿਣ ਲੱਗੀ ਕਿ ਪਹਿਲੇ ਤੂੰ ਇਹ ਸੌਂਹ ਲੈ ਕਿ ਤੂੰ ਇਸ ਬਾਰੇ ਕਿਸੇ ਨੂੰ ਨਹੀਂ ਦੱਸੇਂਗਾ। ਕਿਸੇ ਧਰਮਸ਼ਾਲਾ ਵਿਚ ਨਹੀਂ ਜਾਵੇਂਗਾ, ਕਦੀ ਸੱਚ ਨਹੀਂ ਬੋਲੇਂਗਾ ਔਰ ਜੇ ਕਦੇ ਧਰਮਸ਼ਾਲਾ ਵਿਚ ਜਾਵੇਂਗਾ ਤਾਂ ਉਥੇ ਆਪਣੇ ਕੰਨਾਂ ਵਿਚ ਉਂਗਲੀ ਦੇ ਲਵੇਂਗਾ ਤੇ ਫਿਰ ਉਸ ਨੇ ਕਿਹਾ ਕਿ, ਤੇਰਾ ਪਿਉ ਤਾਂ ਚੋਰੀ ਕਰਦਾ ਹੁੰਦਾ ਸੀ। ਇਹ ਸੁਣ ਕੇ ਉਹ ਵੀ ਚੋਰੀ ਕਰਨ ਲੱਗ ਪਿਆ ਅਤੇ ਹੋਰ ਕੋਈ ਕੰਮ ਨਹੀਂ ਕਰਦਾ ਸੀ। ਇਹ ਵੇਖ ਕੇ ਕੁਝ ਸਮੇਂ ਮਗਰੋਂ ਉਥੋਂ ਦੇ ਲੋਕਾਂ ਨੇ ਸੋਚਿਆ ਕਿ ਜਿਸ ਘਰ ਦਾ ਆਦਮੀ ਕਮਾਉਂਦਾ ਨਾ ਹੋਵੇ ਜਿਸ ਘਰ ਦੀ ਔਰਤ ਕੋਈ ਕੰਮ ਨਾ ਕਰਦੀ ਹੋਵੇ ਚਰਖਾ ਨਾ ਕੱਤਦੀ ਹੋਵੇ, ਉਹ ਆਪਣੇ ਟੱਬਰ ਨੂੰ ਕਿਸ ਤਰ੍ਹਾਂ ਪਾਲੇਗਾ। ਫਿਰ ਤਾਂ ਉਹ ਜ਼ਰੂਰ ਹੀ ਚੋਰੀ ਕਰਦਾ ਹੋਵੇਗਾ। ਇਸ ਤਰ੍ਹਾਂ ਉਹ ਬਾਅਦ ਵਿਚ ਫੜਿਆ ਗਿਆ। (ਹਾਸਾ) ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਾਂਗਾ ਕਿ ਜਿਹੜੇ ਆਦਮੀ ਵਿਹਲੇ ਫਿਰਦੇ ਹਨ ਜਾਂ ਜਿਹੜੇ ਬਹੁਤ ਥੋੜ੍ਹੀ ਕਮਾਈ ਕਰਦੇ ਹਨ, ਸਾਡੀ ਸੀ. ਆਈ. ਡੀ. ਨੂੰ ਇਹ ਵੇਖਣਾ ਚਾਹੀਦਾ ਹੈ ਕਿ ਉਹ ਆਪਣਾ ਐਨਾ ਵਡਾ ਟੱਬਰ ਪਾਲਦੇ ਕਿਸ ਤਰ੍ਹਾਂ ਹਨ ? ਉਨ੍ਹਾਂ ਤੇ ਸੀ. ਆਈ. ਡੀ. ਲਾਉਣੀ ਚਾਹੀਦੀ ਹੈ ਜਿਹੜੀ ਇਹ ਵੇਖੇ ਕਿ ਉਹ ਕਿਥੋਂ ਖਾਂਦੇ ਹਨ ? ਉਹ ਕਿਥੋਂ ਐਨੀ ਐਸ਼ ਮਾਰਦੇ ਹਨ ਅਤੇ ਇਸ ਤਰ੍ਹਾਂ ਨਾਲ ਉਨ੍ਹਾਂ ਨੂੰ ਫੜਨਾ ਚਾਹੀਦਾ ਹੈ।

ਇਕ ਹੋਰ ਵੀ ਮੈਂ ਬੇਨਤੀ ਕਰਾਂਗਾ ਕਿ ਜਿਹੜੇ ਲੋਕ ਕਮਾਉਣ ਤੋਂ ਡਰਦੇ ਹਨ ਉਨ੍ਹਾਂ ਵਿਚੋਂ ਕਈ ਤਾਂ ਸਾਧ ਵੀ ਹੋ ਜਾਂਦੇ ਹਨ ਅਤੇ ਧਰਮ ਅਸਥਾਨਾਂ ਵਿਚ ਜਾਕੇ ਵਿਹਲੇ ਰੋਟੀਆਂ ਮੰਗਦੇ ਰਹਿੰਦੇ ਹਨ, ਉਨ੍ਹਾਂ ਵਲ ਵੀ ਸਾਡੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਦੂਜਾ

Original with;
Punjab Vidhan Sabha
Digitized by;
Panjab Digital Library

[ਗਿਆਨੀ ਕੁੰਦਨ ਸਿੰਘ ਪਤੰਗ]

ਮੈਂ ਇਕ ਹੋਰ ਬੇਨਤੀ ਕਰਾਂਗਾ ਕਿ ਬੇਰੋਜ਼ਗਾਰਾਂ ਦੀ ਗਿਣਤੀ 31 ਦਸੰਬਰ, 1972 ਨੂੰ 1,61,433 ਸੀ, ਇਤਨੇ ਉਸ ਵੇਲੇ ਬੇਕਾਰ ਸਨ ਪਰ ਹੁਣ ਤਕ ਉਨ੍ਹਾਂ ਵਿਚੋਂ ਸਿਰਫ 15 ਫੀਸਦੀ ਆਦਮੀਆਂ ਨੂੰ ਰੋਜ਼ਗਾਰ ਮਿਲਿਆ ਹੈ। ਬਾਕੀ ਤਾਂ ਬੇਰੋਜ਼ਗਾਰ ਹੀ ਫਿਰ ਰਹੇ ਹਨ, ਇਸ ਦਾ ਕੀ ਕਾਰਨ ਹੈ ? ਇਹ ਸਰਕਾਰ ਨੂੰ ਵੇਖਣਾ ਚਾਹੀਦਾ ਹੈ।

ਫਿਰ ਸਾਡੀ ਸਰਕਾਰ ਕਹਿੰਦੀ ਹੈ ਕਿ ਅਸੀਂ ਸਮਾਜਵਾਦ ਲਿਆਉਣਾ ਹੈ। ਮੈਂ ਕਹਿੰਦਾ ਹਾਂ ਕਿ ਜੇ ਤੁਸੀਂ ਵਾਕਈ ਹੀ ਸਮਾਜਵਾਦ ਲਿਆਉਣਾ ਚਾਹੁੰਦੇ ਹੋ ਤਾਂ ਇਹ ਜਿਹੜੇ ਫਾਲਤੂ ਖਰਚੇ ਕੀਤੇ ਜਾਂਦੇ ਹਨ ਇਹ ਕਿਉਂ ਨਹੀਂ ਰੋਕਦੇ ? ਅੱਜ ਜੇ ਕਿਸੇ ਦੀ ਸ਼ਾਦੀ ਹੁੰਦੀ ਹੈ ਤਾਂ ਉਸ ਲਈ ਸਜਾਵਟ ਤੇ ਕਿੰਨੀ ਹੀ ਬਿਜਲੀ ਖਰਚ ਕੀਤੀ ਜਾਂਦੀ ਹੈ ਅਤੇ ਉਸ ਵੇਲੇ ਕੋਈ ਪਰਵਾਹ ਨਹੀਂ ਕੀਤੀ ਜਾਂਦੀ। ਮੈਂ ਕਹਿੰਦਾ ਹਾਂ ਕਿ ਜੇ ਉਹ ਬਿਜਲੀ ਉਥੇ ਨਾ ਖਰਚ ਕਰਕੇ ਖੇਤੀ ਲਈ ਜਾਂ ਇੰਡਸਟਰੀ ਲਈ ਖਰਚ ਕੀਤੀ ਜਾਵੇ ਤਾਂ ਸਾਡੇ ਦੇਸ਼ ਦੀ ਹਾਲਤ ਸੁਧਰ ਸਕਦੀ ਹੈ। ਮੈਂ ਕਹਿੰਦਾ ਹਾਂ ਕਿ ਸਾਡੀ ਸਰਕਾਰ ਨੂੰ ਵਿਆਹ ਸ਼ਾਦੀਆਂ ਤੇ ਜਿਹੜੀ ਬਿਜਲੀ ਖਰਚ ਕੀਤੀ ਜਾਂਦੀ ਹੈ ਉਹ ਬੰਦ ਕਰ ਦੇਣੀ ਚਾਹੀਦੀ ਹੈ ਅਤੇ ਇਹੀ ਬਿਜਲੀ ਕਿਸਾਨਾਂ ਨੂੰ ਦੇਣੀ ਚਾਹੀਦੀ ਹੈ ਜਿਸ ਨਾਲ ਉਹ ਆਪਣੀ ਖੇਤੀ ਦੀ ਪੈਦਾਵਾਰ ਵਧਾ ਸਕਣ। ਠੀਕ ਹੈ, ਸਾਡੀ ਸਰਕਾਰ ਦਹੇਜ ਤੇ ਬਿੱਲ ਲਿਆ ਰਹੀ ਹੈ ਪਰ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਬਿੱਲਾਂ ਨਾਲ ਕੁਝ ਨਹੀਂ ਬਣਨਾ ਜੇ ਇਨ੍ਹਾਂ ਨੂੰ ਵਰਤੋਂ ਵਿਚ ਨਾ ਲਿਆਂਦਾ ਜਾਵੇ। ਸਾਡੀ ਸਰਕਾਰ ਬਿੱਲ ਤਾਂ ਬਹੁਤ ਬਣਾਉਂਦੀ ਰਹਿੰਦੀ ਹੈ ਪਰ ਵਰਤੋਂ ਵਿਚ ਕੋਈ ਨਹੀਂ ਲਿਆਇਆ ਜਾਂਦਾ।

ਫਿਰ, ਡਿਪਟੀ ਸਪੀਕਰ ਸਾਹਿਬ, ਸਮਾਜਵਾਦ ਉਤਨੇ ਚਿਰ ਤਕ ਨਹੀਂ ~~ਕਾਰਆਮਦ~~ ਆ ਸਕਦਾ ਜਦੋਂ ਤਕ ਕਿ ਉਸ ਤੇ ਇਹ ਆਪ ਅਮਲ ਨਹੀਂ ਕਰਦੇ। ਜਦ ਘਰ ਵਾਲੇ ਹੀ ਇਸ ਤੇ ਅਮਲ ਨਾ ਕਰਨ, ਹੋਰ ਕੋਈ ਕਿਵੇਂ ਕਰੇਗਾ। ਮੈਂ ਕਹਿੰਦਾ ਹਾਂ ਕਿ ਚਾਹੇ ਮਨਿਸਟਰ ਹੋਵੇ ਜਾਂ ਹੋਰ ਕੋਈ ਅਮੀਰ ਹੋਵੇ, ਇਹ ਕਹਿੰਦੇ ਹਨ ਕਿ ਸਮਾਜਵਾਦ ਵਿਚ ਸੁਧਾਰ ਲਿਆਉਣਾ ਹੈ ਪਰ ਆਪਣੇ ਥੱਲੇ ਐਨੀਆਂ ਵੱਡੀਆਂ ਵੱਡੀਆਂ ਕਾਰਾਂ ਜਿਸ ਤਰ੍ਹਾਂ ਲਈ ਫਿਰਦੇ ਹਨ, ਇਸ ਤਰ੍ਹਾਂ ਲਈ ਫਿਰਦੇ ਹਨ, ਇਸ ਤਰ੍ਹਾਂ ਸੁਧਾਰ ਨਹੀਂ ਆ ਸਕਦਾ। ਇਹ ਐਨੀਆਂ ਵਡੀਆਂ ਕਾਰਾਂ ਹਨ ਕਿ ਐਨਾਂ ਵਡਾ ਤਾਂ ਹੈਲੀਕੋਪਟਰ ਵੀ ਨਹੀਂ ਹੁੰਦਾ। ਉਹ ਵੀ ਇਸ ਤੋਂ ਛੋਟਾ ਹੁੰਦਾ ਹੈ। ਤੁਸੀਂ ਵੇਖੋ ਕਿ ਇਨ੍ਹਾਂ ਕਾਰਾਂ ਦੀ ਕਿੰਨੀ ਕੀਮਤ ਹੋਵੇਗੀ ? ਇਨ੍ਹਾਂ ਤੇ ਕਿੰਨਾ ਪੈਟਰੋਲ ਦਾ ਖਰਚ ਆਉਂਦਾ ਹੋਵੇਗਾ। ਫਿਰ ਜੇ ਇਨ੍ਹਾਂ ਨੂੰ ਪੁੱਛੀਏ ਤਾਂ ਇਹ ਕਹਿੰਦੇ ਹਨ ਕਿ ਸਮਾਜਵਾਦ ਵਿਚ ਸੁਧਾਰ ਲਿਆ ਰਹੇ ਹਾਂ। ਮੈਂ ਕਹਿੰਦਾ ਹਾਂ ਕਿ ਇਹ ਇਨ੍ਹਾਂ ਗੱਲਾਂ ਨਾਲ ਕਿਸ ਤਰ੍ਹਾਂ ਸੁਧਾਰ ਲਿਆ ਸਕਦੇ ਹਨ ?

ਇਹ ਇਸ ਤਰ੍ਹਾਂ ਬੇਰੋਜ਼ਗਾਰੀ ਨਹੀਂ ਖਤਮ ਕਰ ਸਕਦੇ। ਇਕ ਪਾਸੇ ਤਾਂ ਇਹ ਕਹਿੰਦੇ ਹਨ ਕਿ ਅਸੀਂ ਸਮਾਜਵਾਦ ਵਿਚ ਸੁਧਾਰ ਲਿਆਉਣਾ ਹੈ ਪਰ ਦੂਜੇ ਪਾਸੇ ਇਹ ਉਸ ਦੀ ਵਿਰੋਧਤਾ ਕਰੀ ਜਾਂਦੇ ਹਨ, ਇਸ ਤਰ੍ਹਾਂ ਤਾਂ ਗਲ ਨਹੀਂ ਬਣਨੀ ਕਿ ਇਹ ਦੋਨੀਂ ਪਾਸੀਂ ਹੀ ਆਪਣਾ ਹੱਥ ਰੱਖਣ। ਇਹ ਕਿਵੇਂ ਹੋ ਸਕਦਾ ਹੈ ? ਫਿਰ ਇਹ ਮੌਕ ਮਾਰ ਜਾਂਦੇ ਹਨ, ਝਿਜਕ ਜਾਂਦੇ ਹਨ, ਫਿਰ ਇਹ (ਕਮਿਊਨਿਸਟ ਪਾਰਟੀ ਵਲ ਇਸ਼ਾਰਾ ਕਰਦੇ ਹੋਏ) ਵੀ ਇਨ੍ਹਾਂ ਨਾਲ ਸਾਂਝ ਪਾਈ ਬੈਠੇ ਹਨ ਪਰ ਦੂਜੇ ਪਾਸੇ ਉਨ੍ਹਾਂ ਦੀ ਵਿਰੋਧਤਾ ਕਰਦੇ ਹਨ।

Original with;
Punjab Vidhan Sabha
Digitized by;
Panjab Digital Library

**ਸ੍ਰੀ ਪ੍ਰੇਮ ਗੁਪਤਾ :** ਡਿਪਟੀ ਸਪੀਕਰ ਸਾਹਿਬ, ਗਿਆਨੀ ਜੀ ਨੇ ਇਹ ਜਿਹੜਾ ਮੌਕ ਮਾਰਨ ਦਾ ਲਫਜ਼ ਕਿਹਾ ਹੈ ਇਹ ਇਨ੍ਹਾਂ ਨੂੰ ਵਾਪਸ ਕਰਾਉ ਜੀ । ਇਹ ਠੀਕ ਨਹੀਂ ਹੈ ।

**ਗਿਆਨੀ ਕੁੰਦਨ ਸਿੰਘ ਪਤੰਗ :** ਅੱਛਾ ਜੀ, ਮੈਂ ਮੌਕ ਮਾਰਨ ਦਾ ਲਫਜ਼ ਨਹੀਂ ਕਹਿੰਦਾ, ਝਿਜਕ ਜਾਂਦੇ ਹਨ ਇਹ ਕਹਿ ਦਿੰਦਾ ਹਾਂ ।

ਡਿਪਟੀ ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੇ ਇਨ੍ਹਾਂ ਨੇ ਸਹੀ ਸਮਾਜਵਾਦ ਵਿਚ ਸੁਧਾਰ ਲਿਆਉਣਾ ਹੈ ਤਾਂ ਇਹ ਜਿਹੜੀਆਂ ਵੱਡੀਆਂ ਵੱਡੀਆਂ ਕਾਰਾਂ ਹੈਲੀਕੌਪਟਰਾਂ ਵਾਂਗ ਲਈ ਫਿਰਦੇ ਹਨ, ਸਬਜ਼ੀ ਲੈਣ ਜਾਂਦੇ ਹਨ ਤਾਂ ਵੀ ਇਨ੍ਹਾਂ ਕਾਰਾਂ ਵਿਚ ਹੀ ਜਾਂਦੇ ਹਨ, ਇਹ ਇਨ੍ਹਾਂ ਨੂੰ ਛੱਡ ਦੇਣੀਆਂ ਚਾਹੀਦੀਆਂ ਹਨ । ਸਾਰੇ ਨਸ਼ੇ ਪੰਜਾਬ ਵਿਚ ਬੰਦ ਹੋਣੇ ਚਾਹੀਦੇ ਹਨ, ਸ਼ਰਾਬ ਬੰਦ ਹੋਣੀ ਚਾਹੀਦੀ ਹੈ, ਅਫੀਮ ਬੰਦ ਹੋਣੀ ਚਾਹੀਦੀ ਹੈ...

**ਸ੍ਰੀ ਡਿਪਟੀ ਸਪੀਕਰ :** ਗਿਆਨੀ ਜੀ, ਤੁਸੀਂ ਆਪਣੇ ਜਨਰਲ ਸਕੱਤਰ ਸਾਈਆਂਵਾਲਾ ਜੀ ਤੋਂ ਤਾਂ ਪੁੱਛ ਲਵੋ ਕਿ ਕੀ ਇਹ ਨਸ਼ੇ ਬੰਦ ਹੋਣੇ ਚਾਹੀਦੇ ਹਨ ? (ਹਾਸਾ)

**ਗਿਆਨੀ ਕੁੰਦਨ ਸਿੰਘ ਪਤੰਗ :** ਡਿਪਟੀ ਸਪੀਕਰ ਸਾਹਿਬ, ਫਿਰ ਪੰਜਾਬ ਨੇ ਦਫਤਰਾਂ ਵਿਚ ਸਿਗਰਟ ਪੀਣਾ ਬੰਦ ਕਰ ਦਿਤਾ ਹੈ, ਪਰ ਹੁਣ ਤਕ ਵੀ ਉਥੇ ਕਰਮਚਾਰੀ ਸਿਗਰਟ ਪੀਵੀ ਜਾਂਦੇ ਹਨ, ਉਨ੍ਹਾਂ ਨੂੰ ਕੋਈ ਚੈਕ ਨਹੀਂ ਕਰਦਾ । ਸ਼ਰਾਬ ਸਾਰੇ ਬੰਦੇ ਪੀਂਦੇ ਹਨ ਇਸ ਤੇ ਵੀ ਕੋਈ ਰੋਕ ਨਹੀਂ । ਮੈਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਸਮਾਜਵਾਦ ਨਹੀਂ ਆ ਸਕਦਾ । (ਘੰਟੀ) ਬਸ ਜੀ, ਡਿਪਟੀ ਸਪੀਕਰ ਸਾਹਿਬ, ਇੰਨਾ ਕਹਿ ਕੇ ਮੈਂ ਬੈਠਦਾ ਹਾਂ ।

**ਭਗਤ ਗੁਰਾਂ ਦਾਸ ਹੰਸ** (ਸ਼ਾਮ ਚੌਰਾਸੀ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਇਹ ਮਤਾ ਕਾਮਰੇਡ ਜੀ ਨੇ ਪੇਸ਼ ਕੀਤਾ ਹੈ ਕਿ ਜਿਹੜੇ ਨੌਜਵਾਨ ਐਜੂਕੇਟਿਡ ਹਨ ਉਹ ਬਹੁਤ ਜ਼ਿਆਦਾ ਗਿਣਤੀ ਵਿਚ ਬੇਰੋਜ਼ਗਾਰ ਫਿਰ ਰਹੇ ਹਨ । ਇਹ ਠੀਕ ਹੈ ਕਿ ਇਹ ਜਿਹੜੀ ਬੇਰੋਜ਼ਗਾਰੀ ਹੈ ਉਸ ਨੂੰ ਦੂਰ ਕਰਨਾ ਚਾਹੀਦਾ ਹੈ । ਸਾਨੂੰ ਇਸ ਗਲ ਦੀ ਖੁਸ਼ੀ ਹੈ ਕਿ ਸਾਡੀ ਗੌਰਮਿੰਟ ਨੌਜਵਾਨਾਂ ਦੀ ਇਸ ਤਕਲੀਫ ਨੂੰ ਮਹਿਸੂਸ ਕਰ ਰਹੀ ਹੈ । ਪਰ ਅਜ ਜਿਹੜੀ ਐਂਪਲਾਇਮੈਂਟ ਐਕਸਚੇਂਜ ਵਿਚ ਕੁਰੱਪਸ਼ਨ ਹੈ ਉਸ ਨਾਲ ਲੋਕਾਂ ਨੂੰ ਬਹੁਤ ਮੁਸ਼ਕਲ ਪੇਸ਼ ਹੋ ਰਹੀ ਹੈ । ਅੱਜ ਐਂਪਲਾਇਮੈਂਟ ਐਕਸਚੇਂਜ ਵਿਚ ਜਿੰਨੇ ਵੀ ਨਾਂ ਦਰਜ ਹੁੰਦੇ ਹਨ ਉਨ੍ਹਾਂ ਵਿਚ ਜਿਹੜੇ ਬਹੁਤ ਸਿਫਾਰਸ਼ੀ ਹੁੰਦੇ ਹਨ ਜਾਂ ਕੋਈ ਉਨ੍ਹਾਂ ਦਾ ਹੋਰ ਸੋਰਸ ਹੁੰਦਾ ਹੈ ਉਹ ਤਾਂ ਆਪਣਾ ਨਾਂ ਕਢਵਾ ਕੇ ਲੈ ਜਾਂਦੇ ਹਨ ਪਰ ਜਿਹੜੇ ਦੂਸਰੇ ਹਨ ਉਹ 2,4 ਸਾਲ ਇਸੇ ਤਰ੍ਹਾਂ ਹੀ ਲਟਕਦੇ ਰਹਿੰਦੇ ਹਨ । ਉਨ੍ਹਾਂ ਨੂੰ ਹਰ 3 ਮਹੀਨੇ ਬਾਅਦ ਆਪਣਾ ਨਾਂ ਫਿਰ ਦਰਜ ਕਰਾਉਣਾ ਪੈਂਦਾ ਹੈ ਅਤੇ ਫਿਰ ਵੀ ਉਨ੍ਹਾਂ ਦਾ ਨਾਂ ਨਹੀਂ ਕੱਢਿਆ ਜਾਂਦਾ ।

ਡਿਪਟੀ ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਬੇਰੋਜ਼ਗਾਰੀ ਨੂੰ ਦੂਰ ਕਰਨ ਵਾਸਤੇ ਤੁਹਾਡੀ ਕਮੇਟੀ ਜਿਹੜੀ ਹੈ ਉਹ ਅਜਿਹੇ ਕੇਸਾਂ ਨੂੰ ਗੌਰ ਨਾਲ ਦੇਖੇਗੀ ਅਤੇ ਇਸ ਬੇਇਨਸਾਫੀ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰੇਗੀ । ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਅੱਜ ਐਜੂਕੇਸ਼ਨ ਦਾ ਢਾਂਚਾ ਹੈ ਇਹ ਠੀਕ ਨਹੀਂ ਹੈ । ਪਹਿਲਾਂ ਅਸੀਂ ਇਸ ਤਰਫ ਬਹੁਤਾ ਧਿਆਨ ਨਹੀਂ ਦਿੱਤਾ ਕਿ ਅਸੀਂ ਆਪਣੇ ਨੌਜਵਾਨਾਂ ਨੂੰ ਅੱਛੀ ਐਜੂਕੇਸ਼ਨ, ਟੈਕਨੀਕਲ ਐਜੂਕੇਸ਼ਨ ਦੇਈਏ, ਜਿਸ ਨਾਲ ਕਿ ਸਾਡਾ ਦੇਸ਼ ਤਰੱਕੀ ਕਰੇ ।

Original with;
Punjab Vidhan Sabha
Digitized by;
Panjab Digital Library

[ਭਗਤ ਗੁਰਾਂ ਦਾਸ ਹੰਸ]

ਖੈਰ ਹੁਣ ਦੇ ਰਹੇ ਹਾਂ । ਮੈਨੂੰ ਪੰਜਾਬ ਤੋਂ ਇਲਾਵਾ ਦੂਜਿਆਂ ਸੂਬਿਆਂ ਵਿਚ ਜਾਣ ਦਾ ਮੌਕਾ ਮਿਲਿਆ । ਮੈਂ ਫਖਰ ਨਾਲ ਕਹਿ ਸਕਦਾ ਹਾਂ ਕਿ ਪੰਜਾਬ ਦੂਜਿਆਂ ਸੂਬਿਆਂ ਨਾਲੋਂ ਖੁਸ਼ਹਾਲ ਸੂਬ ਾਹੈ । ਦੂਸਰੇ ਸੂਬਿਆਂ ਵਿਚ ਗਰੀਬੀ ਬਹੁਤ ਹੈ ਜਿਸ ਨੂੰ ਵੇਖ ਕੇ ਰੋਣਾ ਆਉਂਦਾ ਹੈ । ਮੈਨੂੰ ਖਿਆਲ ਸੀ ਕਿ ਹਰੀਜਨ ਪੰਜਾਬ ਦੇ ਬੜੇ ਦੁਖੀ ਹਨ ਪਰ ਦੂਜੇ ਸੂਬਿਆਂ ਦੇ ਲੋਕ ਗਰੀਬੀ ਹੱਥੋਂ ਬੜੇ ਦੁਖੀ ਹਨ । ਮੈਂ ਤੁਹਾਨੂੰ ਇਕ ਮਿਸਾਲ ਦੱਸਦਾ ਹਾਂ । ਮੈਨੂੰ ਮਦਰਾਸ ਜਾਣ ਦਾ ਮੌਕਾ ਮਿਲਿਆ । ਟਰੇਨ ਵਿਚੋਂ ਕਿਸੇ ਨੇ ਭੁੰਜੇ ਆਪਣੀ ਜੂਠੀ ਚੀਜ਼ ਸੁੱਟੀ ਤਾਂ ਬੱਚਿਆਂ ਨੇ ਦੌੜ ਕੇ ਉਸ ਨੂੰ ਖਾ ਲਿਆ । ਮੈਂ ਪੁੱਛਿਆ ਕਿ ਹਰੀਜਨਾਂ ਦੇ ਮੁੰਡੇ ਹੋਣੇ ਹਨ ਤਾਂ ਮੈਨੂੰ ਮੇਰੇ ਨਾਲ ਬੈਠੇ ਆਦਮੀ ਨੇ ਕਿਹਾ ਕਿ ਇਥੇ ਹਰੀਜਨਾਂ ਦਾ ਸਵਾਲ ਨਹੀਂ ਹੈ, ਇਹ ਬੱਚੇ ਗਰੀਬਾਂ ਦੇ ਹਨ । ਸਾਡੀ ਸਰਕਾਰ ਨੇ ਇਸ ਪਾਸੇ ਧਿਆਨ ਦਿੱਤਾ ਹੈ । ਅੱਜ ਸਾਡਾ ਐਜੂਕੇਸ਼ਨ ਦਾ ਮਨਿਸਟਰ ਨੌਜਵਾਨ ਹੈ । ਪਹਿਲਾਂ ਇਕ ਕਰੋੜ ਤਿੰਨ ਲੱਖ ਰੁਪਿਆ ਐਜੂਕੇਸ਼ਨ ਦੇ ਵਜ਼ੀਫਿਆਂ ਉਤੇ ਖਰਚ ਕਰਨਾ ਪੈਂਦਾ ਸੀ । ਉਨ੍ਹਾਂ ਨੇ ਬੇਰੋਜ਼ਗਾਰੀ ਨੂੰ ਮੁੱਖ ਰੱਖਦੇ ਹੋਏ ਹੁਣ ਤਿੰਨ ਕਲਾਸਾਂ ਕਰ ਦਿੱਤੀਆਂ ਹਨ, 10ਵੀਂ, 9ਵੀਂ ਅਤੇ 8ਵੀਂ ਲਈ 25 ਰੁਪਏ, 22 ਰੁਪਏ ਔਰ 19 ਰੁਪਏ ਵਜ਼ੀਫਾ ਕਰ ਦਿੱਤਾ ਹੈ । 6ਵੀਂ ਔਰ 7ਵੀਂ ਨੂੰ ਵੀ ਵਜ਼ੀਫਾ ਦਿੱਤਾ ਹੈ ਜਿਸ ਦਾ ਕਿ 3 ਕਰੋੜ 90 ਲੱਖ ਰੁਪਿਆ ਗੌਰਮਿੰਟ ਦੇ ਸਿਰ ਤੇ ਪੈ ਗਿਆ ਹੈ । ਪਰ ਇਸ ਗਲ ਨਾਲ ਵੀ ਮਸਲਾ ਹੱਲ ਨਹੀਂ ਹੁੰਦਾ । ਜਿਤਨਾ ਚਿਰ ਤਕ ਅਸੀਂ ਆਪਣੇ ਬੱਚਿਆਂ ਨੂੰ ਐਜੂਕੇਸ਼ਨ ਜਿਹੜੀ ਹੈ, ਟੈਕਨੀਕਲ ਐਜੂਕੇਸ਼ਨ ਜਿਹੜੀ ਹੈ ਉਸ ਵਲ ਧਿਆਨ ਨਾ ਦੇਈਏ ਔਰ ਉਨ੍ਹਾਂ ਨੂੰ ਟੈਕਨੀਕਲ ਐਜੂਕੇਸ਼ਨ ਨਾ ਦੇਈਏ, ਇਹ ਮਸਲਾ ਹੱਲ ਨਹੀਂ ਹੁੰਦਾ । ਸਾਨੂੰ ਇਸ ਪਾਸੇ ਵਲ ਧਿਆਨ ਦੇਣ ਦੀ ਜ਼ਰੂਰਤ ਹੈ । ਪਤੰਗ ਸਾਹਿਬ ਨੇ ਸ਼ਰਾਬ ਦੀਆਂ ਗੱਲਾਂ ਜ਼ਰੂਰ ਕਰ ਦਿੱਤੀਆਂ । ਮੈਂ ਇਹ ਕਹਾਂਗਾ ਕਿ ਸ਼ਰਾਬ ਵੀ ਉਹ ਹੀ ਪੀਂਦੇ ਹਨ ਜਿਨ੍ਹਾਂ ਪਾਸ ਜੇਬ ਵਿਚ ਪੈਸੇ ਹੁੰਦੇ ਹਨ । ਪਤੰਗ ਜੀ ਬਜ਼ੁਰਗ ਹਨ, ਉਨ੍ਹਾਂ ਨੇ ਕਿਹਾ ਹੈ ਕਿ ਇਸ ਤਰ੍ਹਾਂ ਬੜਾ ਪੈਸਾ ਖਰਚ ਹੁੰਦਾ ਹੈ ਪਰ ਉਹ ਪੈਸਾ ਅਮੀਰ ਹੀ ਖਰਚ ਕਰਦੇ ਹਨ, ਜਿਨ੍ਹਾਂ ਪਾਸ ਪੈਸੇ ਹਨ ਉਹ ਹੀ ਪੀ ਸਕਦੇ ਹਨ ।

11-52 ਸਵੇਰੇ

(ਇਸ ਸਮੇਂ ਸ੍ਰੀ ਸਰਦਾਰੀ ਲਾਲ ਕਪੂਰ, ਜਿਹੜੇ ਕਿ ਪੈਨਲ ਆਫ ਚੇਅਰਮੈਨ ਦੇ ਮੈਂਬਰ ਹਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

**ਸ੍ਰੀ ਸਭਾਪਤੀ :** ਪਰ ਜਿਨ੍ਹਾਂ ਪਾਸ ਪੈਸੇ ਨਹੀਂ ਵੀ ਹੁੰਦੇ ਉਹ ਵੀ ਸ਼ਰਾਬ ਪੀਂਦੇ ਹਨ । ਸ਼ਰਾਬ ਤੇ ਹੀ ਘਰ ਬਾਰ ਲੁਟਾ ਦਿੰਦੇ ਹਨ ।

**ਭਗਤ ਗੁਰਾਂ ਦਾਸ ਹੰਸ :** ਹਾਂ ਜੀ, ਇਸ ਤਰ੍ਹਾਂ ਦੇ ਵੀ ਹਨ ਜਿਨ੍ਹਾਂ ਨੂੰ ਕੋਈ ਦੋਸਤ ਦੋਸਤੀ ਵਿਚ ਪਿਲਾ ਪਿਲਾ ਕੇ ਉਸ ਨੂੰ ਸ਼ਰਾਬ ਦੀ, ਡੋਡਿਆਂ ਦੀ ਆਦਤ ਪਾ ਦਿੰਦਾ ਹੈ । ਚੇਅਰਮੈਨ ਸਾਹਿਬ, ਸਾਡਾ ਦੇਸ਼ ਰਿਸ਼ੀਆਂ ਮੁਨੀਆਂ ਤੇ ਗੁਰੂਆਂ ਦਾ ਦੇਸ਼ ਹੈ । ਆਪਣੇ ਦੋਸਤ ਪਤੰਗ ਸਾਹਿਬ ਨੇ ਬੜੇ ਜ਼ੋਰ ਨਾਲ ਕਿਹਾ ਤੇ ਉਨ੍ਹਾਂ ਨੇ ਮਿਸਾਲਾਂ ਵੀ ਦਿੱਤੀਆਂ ਹਨ । ਮਾਨਯੋਗ ਮੈਂਬਰ ਬੜੇ ਹੀ ਗੁਰੂਆਂ ਦੇ ਸ਼ਰਧਾਲੂ ਹਨ । ਮੈਂ ਵੀ ਉਨ੍ਹਾਂ ਨੂੰ ਮਿਸਾਲ ਦੇਣੀ ਚਾਹੁੰਦਾ ਹਾਂ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਬੈਠੇ ਹਨ, ਦੀਵਾਨ ਸੱਜਿਆ ਹੋਇਆ ਹੈ, ਉਨ੍ਹਾਂ ਨੇ ਇਸ਼ਾਰਾ ਕੀਤਾ ਕਿ ਪਾਣੀ ਪੀਣਾ ਹੈ । ਇਕ

Original with;
Punjab Vidhan Sabha
Digitized by;
Panjab Digital Library

ਨੌਜਵਾਨ ਲੜਕਾ ਨੱਠ ਕੇ ਗਿਆ ਅਤੇ ਗਲਾਸ ਮਾਂਜ ਕੇ, ਸਵਾਰ ਕੇ ਦੋਨੋਂ ਹੱਥਾਂ ਤੇ ਰੱਖ ਕੇ, ਲਿਆਇਆ ਤਾਂ ਉਸ ਲੜਕੇ ਦੇ ਹੱਥਾਂ ਨਾਲ ਗੁਰੂ ਸਾਹਿਬ ਦੇ ਹੱਥ ਛੋਹ ਗਏ। ਗੁਰੂ ਸਾਹਿਬ ਨੇ ਕਿਹਾ ਕਿ ਤੇਰੇ ਹੱਥ ਬੜੇ ਨਰਮ ਹਨ, ਤੂੰ ਕੀ ਕੰਮ ਕਰਦਾ ਹੈਂ ? ਉਹ ਕਹਿਣ ਲੱਗਾ ਕਿ ਮੈਂ ਇਕ ਲੈਂਡਲਾਰਡ ਦਾ ਲੜਕਾ ਹਾਂ, ਕੰਮ ਕੁਝ ਨਹੀਂ ਕਰਦਾ, ਕੰਮ ਕਾਮੇ ਕਰਦੇ ਹਨ, ਇਸ ਕਰਕੇ ਹੀ ਮੇਰੇ ਹੱਥ ਨਰਮ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਸੱਚੇ ਇਤਿਹਾਸ ਦੀ ਗੱਲ ਹੈ ਕਿ ਗੁਰੂ ਸਾਹਿਬ ਨੇ ਪਾਣੀ ਦਾ ਗਲਾਸ ਸੁੱਟ ਦਿੱਤਾ ਕਿ ਤੇਰੇ ਹੱਥ ਕੰਮ ਨੂੰ ਨਹੀਂ ਲੱਗੇ ਇਸ ਕਰ ਕੇ ਤੇਰੇ ਹੱਥ ਦਾ ਪਾਣੀ ਨਹੀਂ ਪੀਣਾ।

ਫਿਰ ਪਤੰਗ ਸਾਹਿਬ ਨੇ ਵਜ਼ੀਰਾਂ ਦੀਆਂ ਕਾਰਾਂ ਦਾ ਜ਼ਿਕਰ ਕੀਤਾ ਹੈ। ਹੁਣ ਫਰਜ਼ ਕਰੋ ਕਿ ਵਜ਼ੀਰ ਨੇ ਸੰਗਰੂਰ ਜਾਣਾ ਹੋਵੇ ਤਾਂ ਕੀ ਉਨ੍ਹਾਂ ਦਾ ਖਿਆਲ ਹੈ ਕਿ ਉਨ੍ਹਾਂ ਨੂੰ ਗੱਡੇ ਉਤੇ ਬੈਠ ਕੇ ਜਾਣਾ ਚਾਹੀਦਾ ਹੈ ? ਇਸ ਤਰ੍ਹਾਂ ਕਿਤਨੇ ਦਿਨਾਂ ਵਿਚ ਉਹ ਸੰਗਰੂਰ ਪੁਜਣਗੇ ਔਰ ਕਦੋਂ ਵਾਪਸ ਸੈਕਰੇਟੇਰੀਏਟ ਪੁੱਜ ਕੇ ਕੰਮ ਕਰਨਗੇ ? ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਪਾਰਟੀ ਕੋਲ ਕਿਤਨੀਆਂ ਕਾਰਾਂ ਹਨ ਔਰ ਦੂਜੇ ਬੰਦਿਆਂ ਕੋਲ ਕਿਤਨੀਆਂ ਕਾਰਾਂ ਹਨ। ਇਸ ਤਰ੍ਹਾਂ ਇਹ ਵੀ ਦੇਖਣਾ ਚਾਹੀਦਾ ਹੈ ਕਿ ਕੋਈ ਆਦਮੀ ਕਿਤਨੇ ਕੰਮ ਕਰਦਾ ਹੈ। ਇਸ ਕਰਕੇ ਇਹ ਮਤਾ ਲਿਆਉਣਾ ਚਾਹੀਦਾ ਹੈ ਕਿ ਇਕ ਸਵੇਰੇ ਉਠਦਾ ਹੈ ਤਾਂ ਅਰਦਾਸ ਕਰਦਾ ਹੈ ਕਿ ਦੋ ਚਾਰ ਰੁਪਏ ਦਿਹਾੜੀ ਦੇ ਮਿਲ ਜਾਣ ਜਿਸ ਨਾਲ ਉਹ ਰੋਟੀ ਤਾਂ ਖਾ ਸਕੇ ਔਰ ਦੂਸਰੇ ਪਾਸੇ ਉਹ ਆਦਮੀ ਹੈ ਜਿਸ ਨੂੰ ਪਤਾ ਹੀ ਨਹੀਂ ਹੈ ਕਿ ਉਸ ਦੇ ਕਿਤਨੇ ਕੰਮ ਚਲ ਰਹੇ ਹਨ। ਇਸ ਲਈ ਗੌਰਮਿੰਟ ਨੂੰ ਚਾਹੀਦਾ ਹੈ ਕਿ ਇਕ ਮਤਾ ਲਿਆਵੇ ਕਿ ਕੋਈ ਵੀ ਇਕ ਤੋਂ ਇਲਾਵਾ ਹੋਰ ਕੋਈ ਕੰਮ ਨਾ ਕਰੇ। ਇਸ ਤਰ੍ਹਾਂ ਨਾਲ ਉਹ ਕੰਮ ਆਪਣੇ ਰਿਸ਼ਤੇਦਾਰਾਂ ਨੂੰ, ਦੋਸਤਾਂ ਨੂੰ ਕਰਵਾਵੇਗਾ ਔਰ ਬੇਰੋਜ਼ਗਾਰੀ ਦੂਰ ਹੋਵੇਗੀ। ਸਾਡੇ ਦੇਸ਼ ਦੇ ਵਿਚ ਗਰੀਬੀ ਜ਼ਰੂਰ ਹੈ ਮਗਰ ਅਸੀਂ ਅੱਗੇ ਨਾਲੋਂ ਗਰੀਬੀ ਨੂੰ ਮਹਿਸੂਸ ਕੀਤਾ ਹੈ। ਜਿਹੜਾ ਆਦਮੀ ਕਿਸੇ ਦੁੱਖ ਨੂੰ ਮਹਿਸੂਸ ਕਰਦਾ ਹੈ ਉਸ ਦਾ ਉਹ ਦੁਖ ਦੂਰ ਹੋ ਜਾਂਦਾ ਹੈ। ਜਦੋਂ ਤੋਂ ਆਜ਼ਾਦੀ ਆਈ ਹੈ ਅਸੀਂ ਵੇਖਦੇ ਹਾਂ ਕਿ ਹਿੰਦੁਸਤਾਨ ਵਿਚ ਨੌਜਵਾਨ ਅਨਐਂਪਲਾਇਡ ਫਿਰਦੇ ਹਨ। ਪਿੰਡਾਂ ਵਿਚ ਵੀ ਲੋਕ ਕਈ ਵਿਹਲੇ ਫਿਰਦੇ ਹਨ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਤੁਸੀਂ ਰੋਪੜ ਤੋਂ ਚਲੋ ਦਸੂਹੇ ਤੱਕ, ਤਾਂ ਸੱਜੇ ਹੱਥ ਵਲ ਬਹੁਤਾ ਸਾਰਾ ਇਲਾਕਾ ਬੇ-ਆਬਾਦ ਪਿਆ ਹੈ। ਮੈਨੂੰ ਖੁਸ਼ੀ ਹੈ ਕਿ ਸਾਡੇ ਆਨਰੇਬਲ ਚੀਫ ਮਨਿਸਟਰ ਸਾਹਿਬ ਨੇ ਇਸ ਪਾਸੇ ਧਿਆਨ ਦਿੱਤਾ ਹੈ। ਉਥੇ ਜਿਹੜੀ ਜ਼ਮੀਨ ਪਈ ਹੈ ਉਹ ਪੜ੍ਹੇ ਲਿਖੇ ਨੌਜਵਾਨਾਂ ਨੂੰ ਅੱਠ ਅੱਠ ਏਕੜ ਦੇ ਪਲਾਟ ਬਣਾ ਕੇ ਦੇਣੀ ਚਾਹੀਦੀ ਹੈ ਜਾਂ ਉਥੇ ਕੋਈ ਨੌਜਵਾਨਾਂ ਨੂੰ ਦਸਤਕਾਰੀ ਲਗਾ ਕੇ ਦੇਣੀ ਚਾਹੀਦੀ ਹੈ, ਉਸ ਨਾਲ ਕੁਝ ਤਾਂ ਅਨਾਜ ਦਾ ਮਸਲਾ ਹੱਲ ਹੋ ਸਕਦਾ ਹੈ ਔਰ ਇਕ ਅਨਐਂਪਲਾਇਮੈਂਟ ਦਾ ਮਸਲਾ ਹੱਲ ਹੋ ਸਕਦਾ ਹੈ। ਕਿਉਂਕਿ ਸਾਡੀ ਗੌਰਮਿੰਟ ਦਾ ਮਨਸ਼ਾ ਹੈ ਕਿ ਜਿਹੜੀ ਗਰੀਬੀ ਹੈ ਉਸ ਨੂੰ ਹਟਾਉਣਾ ਹੈ ਇਸ ਲਈ ਇਸ ਗੱਲ ਵਲ ਧਿਆਨ ਦਿੱਤਾ ਜਾਵੇ। ਇਹ ਗੱਲ ਠੀਕ ਹੈ ਕਿ ਕਮੇਟੀ ਬਣਾ ਦਿੱਤੀ ਹੈ ਜਿਸ ਦੇ ਚੇਅਰਮੈਨ ਡਿਪਟੀ ਸਪੀਕਰ ਸਾਹਿਬ ਹਨ। ਉਹ

Original with;
Punjab Vidhan Sabha
Digitized by;
Panjab Digital Library

[ਭਗਤ ਗੁਰਾਂ ਦਾਸ ਹੰਸ]

ਦੱਸੇਗੀ ਕਿ ਇਤਨੇ ਆਦਮੀ ਵਿਹਲੇ ਹਨ ਔਰ ਗੌਰਮਿੰਟ ਇਤਨਾ ਖਰਚ ਕਰ ਰਹੀ ਹੈ। ਨੌਜਵਾਨ ਇਹ ਨਾ ਸਮਝਣ ਕਿ ਮੈਂ ਤਾਂ ਕੁਰਸੀ ਉਤੇ ਹੀ ਬੈਠਣਾ ਹੈ। ਉਨ੍ਹਾਂ ਨੂੰ ਦਸਤਕਾਰੀ ਵਲ ਲਗਾਉਣਾ ਚਾਹੀਦਾ ਹੈ ਤਾਕਿ ਦੇਸ਼ ਦੀ ਤਰੱਕੀ ਦੇ ਵਿਚ ਉਹ ਵੀ ਆਪਣਾ ਹਿੱਸਾ ਪਾ ਸਕਣ। ਬੱਸ ਜੀ ਧੰਨਵਾਦ।

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਗੁਰਬਚਨ ਸਿੰਘ ਚੀਮਾਂ ਸਪੀਚ ਕਰਨ ਲਈ ਖੜੇ ਹੋਏ) (ਸਰਕਾਰੀ ਬੈਂਚਾਂ ਵਲੋਂ ਥੰਪਿੰਗ)

**ਸਰਦਾਰ ਗੁਰਬਚਨ ਸਿੰਘ ਚੀਮਾ** (ਦਸੂਹਾ) : ਸਪੀਕਰ ਸਾਹਿਬ, ਮੈਂ ਔਰ ਮੇਰੀ ਪਾਰਟੀ ਇਸ ਰੈਜ਼ੋਲਿਊਸ਼ਨ ਨਾਲ ਸਹਿਮਤ ਹੈ। ਬਾਕੀ, ਸਾਰਿਆਂ ਭਰਾਵਾਂ ਨੇ ਰੈਜ਼ੋਲਿਊਸ਼ਨ ਤੇ ਬੋਲਦਿਆਂ ਇਕ ਦੂਸਰੇ ਮੈਂਬਰ ਨੂੰ ਕਰਾਸ ਹੀ ਕੀਤਾ ਹੈ ਪਰ ਕੋਈ ਸੁਝਾਓ ਨਹੀਂ ਦਿੱਤਾ। ਬਜਾਏ ਕਰਾਸ ਕਰਨ ਦੇ ਜੇਕਰ ਸੁਝਾਓ ਦਿੱਤੇ ਜਾਣ ਤਾਂ ਅੱਛੀ ਗੱਲ ਹੈ। ਮੈਂ ਆਪਣੇ ਹਲਕੇ ਦੀ ਮਿਸਾਲ ਦਿੰਦਾ ਹਾਂ। ਸਾਡੇ ਇਕ ਇੰਜਨੀਅਰ ਮੁੰਡਾ ਸੀ। ਉਸ ਨੂੰ ਨੌਕਰੀ ਨਹੀਂ ਸੀ ਮਿਲਦੀ। ਨੌਕਰੀ ਨਾ ਮਿਲਣ ਤੇ ਉਸ ਨੂੰ ਤਿੰਨ ਟਰੈਕਟਰਾਂ ਦਾ ਲੋਨ ਲੈ ਕੇ ਦਿੱਤਾ ਹੈ। ਅੱਜ ਤਿੰਨਾਂ ਟਰੈਕਟਰਾਂ ਨਾਲ ਉਸ ਨੇ ਜ਼ਮੀਨ ਨੂੰ ਵਾਹਿਆ ਹੋਇਆ ਹੈ ਔਰ ਉਹ ਆਪਣੀ ਫੈਮਿਲੀ ਦਾ ਅੱਛਾ ਗੁਜ਼ਾਰਾ ਕਰ ਰਿਹਾ ਹੈ। ਸਪੀਕਰ ਸਾਹਿਬ, ਸਾਡੇ ਜਿਹੜੇ ਪੜ੍ਹੇ ਲਿਖੇ ਮੁੰਡੇ ਹਨ ਉਹ ਆਪਣੇ ਤੌਰ ਤੇ ਕੁਝ ਨਹੀਂ ਕਰਦੇ ਕਿ ਅਸੀਂ ਆਪਣੀ ਹਿੰਮਤ ਨਾਲ ਕੁਝ ਕਰੀਏ, ਔਰ ਫਿਰ ਐਮ. ਐਲ. ਏਜ਼. ਦੇ ਕੋਲ ਜਾਂਦੇ ਹਨ ਕਿ ਸਾਨੂੰ ਕੋਈ ਨੌਕਰੀ ਦਿਵਾਓ। ਨੌਕਰੀ ਉਸ ਨੂੰ ਮਿਲਦੀ ਨਹੀਂ ਹੈ। ਇਸ ਲਈ ਉਹ ਵੇਹਲੇ ਫਿਰਦੇ ਹਨ। ਪਰ ਜੇਕਰ ਉਹ ਆਪਣੀ ਹਿੰਮਤ ਕਰਨ ਤਾਂ ਅੱਗੇ ਵੱਧ ਸਕਦੇ ਹਨ। ਸਰਕਾਰ ਨੇ ਜਿਸ ਤਰ੍ਹਾਂ ਉਨ੍ਹਾਂ ਨੂੰ ਕਰਜ਼ੇ ਦੇਣ ਵਿਚ ਪਹਿਲ ਦਿੱਤੀ ਹੈ, ਇਸ ਤਰ੍ਹਾਂ ਹੀ ਅਨਐਂਪਲਾਇਮੈਂਟ ਨੂੰ ਦੂਰ ਕਰਨ ਲਈ ਛੋਟੀਆਂ ਛੋਟੀਆਂ ਦਸਤਕਾਰੀਆਂ ਪਿੰਡਾਂ ਵਿਚ ਖੋਲ੍ਹੀਆਂ ਜਾਣੀਆਂ ਚਾਹੀਦੀਆਂ ਹਨ ਤਾਕਿ ਪਿੰਡਾਂ ਵਾਲੇ ਮੁੰਡੇ ਜਿਹੜੇ ਹਨ ਉਹ ਦਸਤਕਾਰੀ ਵਿਚ ਅੱਗੇ ਨਿਕਲ ਸਕਣ। ਉਹ ਉਥੇ ਹੀ ਦਸਤਕਾਰੀ ਸਿੱਖਣ ਔਰ ਨਾਲ ਹੀ ਆਪਣੀ ਫੈਮਿਲੀ ਦਾ ਗੁਜ਼ਾਰਾ ਚੰਗੀ ਤਰ੍ਹਾਂ ਕਰ ਸਕਣ। ਬਾਕੀ ਜਿਹੜੇ ਜ਼ਿਮੀਂਦਾਰਾਂ ਦੇ ਲੜਕੇ ਹਨ ਇਹ ਕਿਸੇ ਕੰਪੀਟੀਸ਼ਨ ਵਿਚ ਤਾਂ ਆ ਹੀ ਨਹੀਂ ਸਕਦੇ, ਇਸ ਲਈ ਪਿੰਡਾਂ ਵਿਚ ਜ਼ਿਮੀਂਦਾਰਾਂ ਦੇ ਲੜਕਿਆਂ ਨੂੰ ਛੋਟੀਆਂ ਛੋਟੀਆਂ ਦਸਤਕਾਰੀਆਂ ਲਈ ਕਰਜ਼ੇ ਦਿੱਤੇ ਜਾਣ। ਕਰਜ਼ੇ ਦੇਣ ਨਾਲ ਉਹ ਆਪਣੇ ਜੀਵਨ ਨੂੰ ਚੰਗੇ ਪਾਸੇ ਲਗਾ ਸਕਦੇ ਹਨ।

ਸਾਡੇ ਹਲਕੇ ਦੇ ਵਿਚ ਸਿਰਫ ਇਕ ਹੀ ਮੁੰਡੇ ਨੇ ਇਕ ਖਰਾਦ ਲਗਾਇਆ ਹੋਇਆ ਹੈ ਔਰ ਉਹ ਅੱਜ ਹਜ਼ਾਰ ਰੁਪਿਆ ਮਹੀਨਾ ਕਮਾਉਂਦਾ ਹੈ। ਇਤਨਾ ਰੁਪਿਆ ਉਹ ਇਕ ਖਰਾਦ ਨਾਲ ਹੀ ਕਮਾਉਂਦਾ ਹੈ। ਅਸੀਂ ਛੋਟੇ ਕੰਮ ਵਲ ਬੱਚਿਆਂ ਦਾ ਧਿਆਨ ਨਹੀਂ ਲਗਾਉਂਦੇ। ਛੋਟੇ ਕੰਮ ਵਲੋਂ ਹੀ ਉਹ ਵੱਡੇ ਕੰਮ ਵਲ ਜਾ ਸਕਦੇ ਹਨ। ਲੜਕਾ ਵੀ ਧਿਆਨ ਇਸ ਪਾਸੇ ਨਾ ਦੇਵੇ ਕਿ ਕਲਰਕੀ ਕਰਨੀ ਹੈ ਭਾਵੇਂ 100/- ਰੁਪਿਆ ਹੀ ਮਹੀਨਾ ਮਿਲੇ।

Original with;
Punjab Vidhan Sabha
Digitized by;
Panjab Digital Library

ਪਤੰਗ ਸਾਹਿਬ ਨੇ ਕਿਹਾ ਹੈ ਕਿ ਨੌਜਵਾਨ ਹੋਰ ਪਾਸੇ ਜਾਂਦੇ ਹਨ । ਉਹ ਸ਼ਰਾਬਾਂ ਆਦਿ ਵਿਚ ਆਪਣੇ ਆਪ ਨੂੰ ਲਗਾ ਲੈਂਦੇ ਹਨ । ਇਸ ਲਈ ਮੈਂ ਇਹ ਸੁਝਾਓ ਦਿੰਦਾ ਹਾਂ ਕਿ ਸ਼ਰਾਬ ਇਲਕੁਲ ਹੀ ਬੰਦ ਕਰ ਦੇਣੀ ਚਾਹੀਦੀ ਹੈ । ਅੱਗੇ ਤੁਸੀਂ ਵੇਖਿਆ ਹੈ ਕਿ ਜਿਹੜਾ ਡਰਾਈ ਏਰੀਆ ਹੈ ਉਥੇ ਤਾਂ ਰੋਜ਼ਗਾਰ ਹੀ ਸ਼ਰਾਬ ਵੇਚਣ ਦਾ ਬਣ ਜਾਂਦਾ ਹੈ । ਇਸ ਲਈ ਮੈਂ ਕਹਾਂਗਾ ਕਿ ਇਹ ਠੀਕ ਹੈ ਕਿ ਸਾਰੇ ਬੱਚਿਆਂ ਨੂੰ ਸੁਝਾਓ ਦੇਣਾ ਚਾਹੀਦਾ ਹੈ ਕਿ ਉਹ ਆਪਣੀ ਹਿੰਮਤ ਕਰਨ, ਜੋ ਕੁਝ ਗੌਰਮਿੰਟ ਕਰ ਸਕਦੀ ਹੋਵੇਗੀ ਉਹ ਕਰੇਗੀ ਪਰ ਆਪਣੀ ਜ਼ਰੂਰ ਹਿੰਮਤ ਕਰਨ ਤਾਂ ਹੀ ਬੇਰੋਜ਼ਗਾਰੀ ਦੂਰ ਹੋ ਸਕਦੀ ਹੈ ।

ਬਾਕੀ ਜ਼ਿਮੀਂਦਾਰਾਂ ਕੋਲ ਵੀ ਜ਼ਮੀਨ ਇੰਨੀ ਨਹੀਂ ਹੈ ਕਿ ਉਨ੍ਹਾਂ ਦੀ ਸਾਰੀ ਫੈਮਿਲੀ, ਜਿਸ ਵਿਚ ਤਿੰਨ ਬੱਚੇ ਹੋਣ, ਗੁਜ਼ਾਰਾ ਕਰ ਸਕਣ । ਇਸ ਦੇ ਨਾਲ ਸਾਈਡ ਬਿਜ਼ਨੈਸ ਹੋਣਾ ਚਾਹੀਦਾ ਹੈ । ਜਿਸ ਤਰ੍ਹਾਂ ਸਾਡੇ ਦਸੂਹੇ ਵਿਚ ਮੁਰਗੀ ਪਾਲਣ ਦਾ ਕੰਮ ਇਤਨਾ ਹੈ ਕਿ ਕਈ ਫੈਮਿਲੀਜ਼ ਗੁਜ਼ਾਰਾ ਕਰ ਰਹੀਆਂ ਹਨ । ਉਨ੍ਹਾਂ ਨੂੰ ਵੀ ਕਈ ਵਾਰੀ ਦਿੱਕਤ ਹੁੰਦੀ ਹੈ । ਜਿਸ ਤਰ੍ਹਾਂ ਕਿ ਖੁਰਾਕ ਦਾ ਮਸਲਾ ਹੁੰਦਾ ਹੈ ਔਰ ਅੰਡਾ ਸਸਤਾ ਹੋ ਜਾਂਦਾ ਹੈ । ਖੁਰਾਕ ਮਹਿੰਗੀ ਹੋ ਜਾਂਦੀ ਹੈ । ਇਸ ਲਈ ਇਨ੍ਹਾਂ ਗੱਲਾਂ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਤਾਂਕਿ ਉਨ੍ਹਾਂ ਦਾ ਸਾਈਡ ਬਿਜ਼ਨੈਸ ਚਲਦਾ ਰਹੇ । ਬਾਕੀ ਹੁਣ ਜਿਹੜਾ ਪਿੰਡਾਂ ਵਿਚ ਜ਼ਿਮੀਂਦਾਰਾਂ ਦਾ ਡੇਰੀ ਵਾਲਾ ਕੰਮ ਹੈ, ਇਹ ਬਹੁਤ ਅੱਛਾ ਹੈ । ਪਰ ਮੈਂ ਇਸ ਵਿਚ ਇਹ ਜ਼ਰੂਰ ਕਹਾਂਗਾ ਕਿ ਡੇਰੀ ਚਲਾਉਣ ਵਾਸਤੇ ਠੀਕ ਹੈ ਕਿ ਡਾਕਟਰ ਵੀ ਬੜੇ ਆਉਂਦੇ ਹਨ, ਦਵਾਈਆਂ ਦਾ ਇੰਤਜ਼ਾਮ ਹੈ, ਪਰ ਜਿਹੜੀ ਦਿੱਕਤ ਆਉਂਦੀ ਹੈ ਉਹ ਇਹ ਹੈ ਕਿ ਬੈਂਕਾਂ ਵਿਚੋਂ ਲੋਕ ਕਰਜ਼ਾ ਲੈ ਲੈਂਦੇ ਹਨ ਪਰ ਉਸ ਦੀ ਵਸੂਲੀ ਦਾ ਢੰਗ ਇਸ ਤਰ੍ਹਾਂ ਦਾ ਹੈ ਕਿ ਉਹ ਵਾਪਸ ਕਰਨ ਵੇਲੇ ਤੰਗੀ ਮਹਿਸੂਸ ਕਰਦੇ ਹਨ । ਜ਼ਿਮੀਂਦਾਰ ਕਰਜ਼ਾ ਲੈ ਲੈਂਦੇ ਹਨ ਪਰ ਉਸ ਨੂੰ ਵਾਪਸ ਦੇਣ ਵੇਲੇ ਧਿਆਨ ਨਹੀਂ ਦਿੰਦੇ । ਜਦੋਂ ਕਿਸ਼ਤਾਂ ਟੁੱਟਦੀਆਂ ਹਨ ਤਾਂ ਇਹ ਇਕੱਠੀ ਰਕਮ ਨਹੀਂ ਦੇ ਸਕਦੇ ਅਤੇ ਫਿਰ ਸਾਡੇ ਦਰਵਾਜ਼ੇ ਤੇ ਆਉਂਦੇ ਹਨ ਕਿ ਰਿਕਵਰੀ ਸਟੇ ਕਰਵਾ ਦਿਓ । ਇਸ ਲਈ ਰਿਕਵਰੀ ਦਾ ਸਿਲਸਿਲਾ ਨਾਲ ਦੀ ਨਾਲ ਹੁੰਦਾ ਰਹੇ । ਜਦੋਂ ਸਾਰਾ ਕਰਜ਼ਾ ਇਕੱਠਾ ਮੋੜਨਾ ਪੈ ਜਾਵੇ ਤਾਂ ਦਿੱਕਤ ਮਹਿਸੂਸ ਹੁੰਦੀ ਹੈ । ਵੈਸੇ ਤਾਂ ਸਾਡੀ ਗੌਰਮਿੰਟ ਨੇ ਕਮੇਟੀ ਹੀ ਬਣਾ ਦਿੱਤੀ ਹੈ ਜਿਸ ਦੇ ਚੇਅਰਮੈਨ ਡਿਪਟੀ ਸਪੀਕਰ ਸਾਹਿਬ ਹਨ ਪਰ ਫਿਰ ਵੀ ਮੈਂ ਅਨਐਂਪਲਾਇਮੈਂਟ ਦੇ ਮਸਲੇ ਬਾਰੇ ਕੁਝ ਬੇਨਤੀ ਕਰਨੀ ਚਾਹੁੰਦਾ ਹਾਂ । ਇਸ ਮਸਲੇ ਵਲ ਹੋਰ ਵੀ ਧਿਆਨ ਦੇਣਾ ਚਾਹੀਦਾ ਹੈ ਤਾਂਕਿ ਅਨਐਂਪਲਾਇਮੈਂਟ ਜਿਹੜੀ ਹੈ ਉਹ ਦੂਰ ਹੋ ਸਕੇ । ਪੰਜਾਬ ਵਿਚ ਤਾਂ ਬਿਲਕੁਲ ਹੀ ਨਹੀਂ ਹੋਣੀ ਚਾਹੀਦੀ । ਵੈਸੇ ਬਾਹਰਲੇ ਮਜ਼ਦੂਰ ਸਾਡੇ ਆ ਕੇ ਸੜਕਾਂ ਤੇ ਕੰਮ ਕਰਦੇ ਹਨ । ਵੈਸੇ ਤਾਂ ਕੋਈ ਗੱਲ ਨਹੀਂ ਹੈ । ਪੰਜਾਬੀ ਸ਼ਾਨ ਨਾਲ ਜਿਉਂਦਾ ਹੈ । (ਇਸ ਸਮੇਂ ਮਾਨਯੋਗ ਮੈਂਬਰ ਸ਼੍ਰੀ ਪ੍ਰੇਮ ਗੁਪਤਾ ਅਤੇ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਬੋਲਣ ਲਈ ਖੜ੍ਹੇ ਹੋਏ ਪਰ ਫਿਰ ਮਾਨਯੋਗ ਮੈਂਬਰ ਸ਼੍ਰੀ ਪ੍ਰੇਮ ਗੁਪਤਾ ਬੈਠ ਗਏ ।)

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** (ਗੜ੍ਹਸ਼ੰਕਰ) : ਚੇਅਰਮੈਨ ਸਾਹਿਬ, ਮੈਂ ਗੁਪਤਾ ਜੀ ਦਾ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਮੈਨੂੰ ਬੋਲਣ ਲਈ ਮੌਕਾ ਦਿੱਤਾ ਹੈ । ਚੇਅਰਮੈਨ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਕਨੇਡੀਅਨ]

ਸਾਹਿਬ, ਮੈਂ ਸਮਝਦਾ ਹਾਂ ਕਿ ਕੁਝ ਸਾਥੀ ਭਾਵੇਂ ਇਤਰਾਜ਼ ਕਰਦੇ ਹਨ ਪਰ ਜਿਹੜਾ ਮਤਾ ਸਾਥੀ ਅੱਛਰਾ ਸਿੰਘ ਨੇ ਰੱਖਿਆ ਹੈ ਇਹ ਬੜਾ ਵਕਤੀ ਹੈ । ਚੰਗਾ ਹੁੰਦਾ ਕਿ ਜਿਨ੍ਹਾਂ ਨੂੰ ਇਤਰਾਜ਼ ਸੀ ਉਹ ਪਹਿਲਾਂ ਦੱਸ ਦਿੰਦੇ । ਸਿਰਫ ਇਸ ਕਰਕੇ ਨਹੀਂ ਕਿ ਵਾਦ-ਵਿਵਾਦ ਘਟਾਉਣਾ ਹੈ ਪਰ ਇਹ ਬੜਾ ਬਰਨਿੰਗ ਪੁਆਇੰਟ ਹੈ, ਭੱਖਦੀ ਸਮੱਸਿਆ ਹੈ । ਜਿਥੋਂ ਤਕ ਇਸ ਗੱਲ ਦਾ ਸਵਾਲ ਹੈ ਕਿ ਸਵਾ ਦੋ ਲੱਖ ਦੇ ਕਰੀਬ ਅਨਐਂਪਲਾਇਡ ਨੌਜਵਾਨ ਹਨ, ਨਾ ਸਿਰਫ ਇਹ ਕਿ ਮਾਪਿਆਂ ਨੇ ਪੈਸਾ ਖਰਚ ਦਿੱਤਾ ਹੈ ਬਲਕਿ ਇਹ ਕਿ ਉਨ੍ਹਾਂ ਦਾ ਭਵਿੱਸ਼ ਕੀ ਹੈ । ਉਹ ਲੋਫਰ ਬਣਦੇ ਹਨ, ਕੁਝ ਨਸ਼ਿਆਂ ਵਲ ਜਾਂਦੇ ਹਨ । ਸੋਚੋ, ਇਸ ਦਾ ਕੋਈ ਹੱਲ ਨਹੀਂ ਨਿਕਲ ਸਕਦਾ ?

ਇਹ ਦਲੇਰੀ ਕਰਨ, ਹਿੰਮਤ ਕਰਨ ਤਾਂ ਸਭ ਕੁਝ ਹੋ ਸਕਦਾ ਹੈ । ਪੰਜਾਬੀ ਜਿਥੇ ਵੀ ਗਿਆ, ਭਾਵੇਂ ਉਹ ਹਰਿਆਣੇ ਵਿਚ ਚਲਾ ਗਿਆ ਅਤੇ ਚਾਹੇ ਯੂ.ਪੀ. ਵਿਚ ਚਲਾ ਗਿਆ ਉਥੇ ਹੀ ਉਸ ਨੇ ਬਹੁਤ ਵੱਡੀ ਸਫਲਤਾ ਪ੍ਰਾਪਤ ਕੀਤੀ ਹੈ । ਇਸ ਦਾ ਕਾਰਨ ਕੀ ਹੈ ? ਉਹ ਮਿਹਨਤ ਕਰ ਸਕਦਾ ਹੈ, ਉਹ ਹਿੰਮਤੀ ਹੈ, ਉਹ ਸਾਧਨ ਪੈਦਾ ਕਰ ਸਕਦਾ ਹੈ । ਉਹ ਕੰਮ ਕਰਨਾ ਜਾਣਦਾ ਹੈ । ਇਸ ਦਾ ਦੂਸਰਾ ਪਾਸਾ ਇਹ ਵੀ ਹੈ ਕਿ ਸਾਡੇ ਨੌਜਵਾਨ ਹਨ ਉਹ ਅਸਲ ਮਾਰਗ ਤੋਂ ਪਾਸੇ ਜਾ ਰਹੇ ਹਨ । ਉਨ੍ਹਾਂ ਨੂੰ ਵੀ ਆਪਣੀ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ । ਪੁਰਾਣੇ ਤੌਰ ਤਰੀਕੇ ਬਦਲਣੇ ਚਾਹੀਦੇ ਹਨ । ਕੁਝ ਸੱਜਣ ਕਹਿੰਦੇ ਹਨ ਕਿ ਐਜੀਟੇਸ਼ਨਾਂ ਹੋ ਜਾਂਦੀਆਂ ਹਨ । ਉਨ੍ਹਾਂ ਨੂੰ ਬਹਿਕਾ ਲਿਆ ਜਾਂਦਾ ਹੈ । ਮੈਂ ਕਹਿੰਦਾ ਹਾਂ ਕਿ ਉਨ੍ਹਾਂ ਨੂੰ ਬਹਿਕਾਉਂਦਾ ਕੌਣ ਹੈ ? ਸਾਡਾ ਸਮਾਜੀ ਢਾਂਚਾ ਦਰੁਸਤ ਨਹੀਂ ਹੈ । ਇਸ ਦਾ ਕੁਝ ਸੁਧਾਰ ਕਰਨਾ ਚਾਹੀਦਾ ਹੈ। ਕੱਲ ਨੂੰ ਜੇ ਕੋਈ ਭੁੱਖ ਹੜਤਾਲ ਤੇ ਬੈਠ ਜਾਏ ਤਾਂ ਕੀ ਅਸੀਂ ਕਹਾਂਗੇ ਕਿ ਉਨ੍ਹਾਂ ਨੂੰ ਭੜਕਾ ਦਿਤਾ ਗਿਆ ਹੈ, ਉਨ੍ਹਾਂ ਨੂੰ ਬਹਿਕਾ ਦਿਤਾ ਗਿਆ ਹੈ । (ਵਿਘਨ) ਲੋਕ ਵਿਚਾਰੇ ਕੀ ਕਰਨ, ਇਕ ਸਾਲ ਵਿਚ ਬਿਜਲੀ ਦੇ ਰੇਟ ਢਾਈ ਗੁਣਾ ਵੱਧ ਗਏ ਹਨ । ਕਿਸਾਨਾਂ ਨੂੰ ਖਾਦ ਨਹੀਂ ਮਿਲਦੀ ਅਤੇ ਜੇ ਮਿਲਦੀ ਹੈ ਤਾਂ ਮਹਿੰਗੇ ਭਾਅ ਤੇ ਮਿਲਦੀ ਹੈ । ਐਜੀਟੇਸ਼ਨ ਦੀ ਵੀ ਤਾਂ ਕੋਈ ਬੁਨਿਆਦ ਹੁੰਦੀ ਹੈ । ਐਜੀਟੇਸ਼ਨ ਐਵੇਂ ਨਹੀਂ ਕੀਤੀ ਜਾਂਦੀ, ਉਸ ਦੀ ਕੋਈ ਬੁਨਿਆਦ ਹੁੰਦੀ ਹੈ । ਮੈਂ ਕਹਿੰਦਾ ਹਾਂ ਕਿ ਐਜੀਟੇਸ਼ਨ ਕਰਨ ਦੀ ਉਸ ਬੁਨਿਆਦ ਨੂੰ ਦੂਰ ਕਰੋ । ਇਕ ਚੌਕੀਦਾਰ ਦੀ ਮਹੀਨੇ ਦੀ ਤਨਖਾਹ 40 ਰੁਪਏ ਹੈ । ਕੀ ਉਸ ਦਾ 40 ਰੁਪਏ ਵਿਚ ਗੁਜ਼ਾਰਾ ਚਲ ਸਕਦਾ ਹੈ ? ਫਿਰ ਉਨ੍ਹਾਂ ਦਾ ਵੀ ਦਿਲ ਕਰਦਾ ਹੈ ਕਿ ਅਸੀਂ ਜੱਦੋ-ਜਹਿਦ ਕਰੀਏ । ਉਹ ਆਪਣੀਆਂ ਮੰਗਾਂ ਮੰਨਵਾਉਣ ਲਈ ਸਭ ਕੁਝ ਕਰਦੇ ਹਨ। ਫਿਰ ਉਨ੍ਹਾਂ ਨੂੰ ਯੂਨੀਅਨਾਂ ਬਣਾਉਣੀਆਂ ਪੈਂਦੀਆਂ ਹਨ । ਯੂਨੀਅਨ ਆਪਣੇ ਹੱਕ ਲੈਣ ਲਈ ਬਣਦੀ ਹੈ ਅਤੇ ਉਹ ਆਪਣੇ ਹੱਕ ਦੀ ਮੰਗ ਕਰਦੇ ਹਨ । ਜੇ ਉਨ੍ਹਾਂ ਦੀ ਸਮੱਸਿਆ ਦਾ ਹੱਲ ਹੋ ਜਾਂਦਾ ਹੈ, ਉਨ੍ਹਾਂ ਦੀਆਂ ਮੰਗਾਂ ਮੰਨ ਲਈਆਂ ਜਾਂਦੀਆਂ ਹਨ ਤਾਂ ਫਿਰ ਕੋਈ ਐਜੀਟੇਸ਼ਨ ਨਹੀਂ ਕਰਦਾ । ਸੋ, ਇਹ ਜਿਹੜੀ ਐਜੀਟੇਸ਼ਨ ਦੀ ਬੁਨਿਆਦ ਹੈ ਇਸ ਨੂੰ ਦੂਰ ਕਰਨਾ ਚਾਹੀਦਾ ਹੈ । ਹੋਰ ਵੱਡਾ ਸਵਾਲ ਇਹ ਹੈ ਕਿ ਸਾਡੇ ਕੋਲ ਸਾਧਨ ਨਹੀਂ ਹਨ । ਜੇ ਅਸੀਂ ਇਨ੍ਹਾਂ ਬੱਚਿਆਂ ਨੂੰ ਸੌ ਜਾਂ ਦੋ ਸੌ ਰੁਪਿਆ ਦੇਈਏ ਤਾਂ ਇਹ ਕੋਈ ਹੱਲ ਨਹੀਂ ਹੈ । ਇਹ ਤਾਂ ਆਰਜ਼ੀ ਤੌਰ ਤੇ ਹੈ ਅਤੇ ਇਹ ਹੈ ਡੰਗ ਟਪਾਊ ਕੰਮ । ਇਸ ਤਰ੍ਹਾਂ ਉਨ੍ਹਾਂ ਦਾ ਮਸਲਾ ਹੱਲ ਨਹੀਂ ਹੁੰਦਾ । ਇਨ੍ਹਾਂ ਬੱਚਿਆਂ ਨੂੰ ਰਾਹਤ ਦੇਣ ਲਈ ਸਾਡੀ ਆਰ-

Original with; Punjab Vidhan Sabha Digitized by; Panjab Digital Library

ਥਿਕਤਾ ਇਸ ਕਿਸਮ ਦੀ ਬਣਾਉ ਜਿਹੜੀ ਕਿ ਇਨ੍ਹਾਂ ਬੱਚਿਆਂ ਨੂੰ ਸਾਂਭ ਸਕੇ । ਉਨ੍ਹਾਂ ਨੂੰ ਕੰਮ ਦਿੱਤੇ ਜਾਣ ਅਤੇ ਉਨ੍ਹਾਂ ਦੀ ਸਿਹਤ ਠੀਕ ਬਣ ਸਕੇ । ਉਹ ਦੇਸ਼ ਲਈ ਉਤਪਾਦਨ ਕਰਨ ਅਤੇ ਦੇਸ਼ ਦੀ ਸੇਵਾ ਕਰ ਸਕਣ ਅਤੇ ਦੇਸ਼ ਲਈ ਸੁਚੱਜੇ ਸ਼ਹਿਰੀ ਬਣ ਸਕਣ । ਭਲਾ ਉਨ੍ਹਾਂ ਦੀਆਂ ਮੰਗਾਂ ਮੰਨਣ ਲਈ ਕਿੰਨਾ ਸਮਾਂ ਹੋਰ ਲੱਗੇਗਾ ? ਸਾਡੇ ਕੋਲ ਕੰਮ ਕਰਨ ਵਾਲੇ ਆਦਮੀ ਬਹੁਤ ਹਨ । ਕਿੰਨੀ ਵਾਧੂ ਜ਼ਮੀਨ ਪਈ ਹੈ । ਜਿਹੜੀ ਬੇ-ਆਬਾਦ ਜ਼ਮੀਨ ਸਾਡੇ ਕੋਲ ਪਈ ਹੈ ਉਹ ਇਸ ਪਾਸੇ ਵਰਤਣੀ ਚਾਹੀਦੀ ਹੈ । ਸਾਡੀ ਆਰਥਿਕਤਾ ਦੀ ਤਰੱਕੀ ਦੀ ਰਫਤਾਰ ਥੋੜ੍ਹੀ ਹੈ । ਇਹ ਅੱਜ ਕੱਲ ਦੇ ਨਵੇਂ ਨੌਜਵਾਨਾਂ ਨੂੰ, ਪੜ੍ਹਿਆਂ ਹੋਇਆਂ ਨੂੰ ਪੂਰਾ ਕੰਮ ਨਹੀਂ ਦੇ ਸਕਦੀ । ਰਿਸੋਰਸਿਜ਼ ਘਟ ਹਨ । ਰਿਸੋਰਸਿਜ਼ ਦਾ ਮਤਲਬ ਹੈ, ਮਾਇਆ । ਮਾਇਆ ਹੈ ਨਹੀਂ । ਮੈਂ ਬੇਨਤੀ ਕਰਾਂਗਾ ਕਿ ਇਹ ਠੀਕ ਹੈ ਕਿ ਸਾਡਾ ਮੁਲਕ ਗਰੀਬ ਹੈ, ਰੂਸ ਅਤੇ ਅਮਰੀਕਾ ਜਿਹੇ ਮੁਲਕਾਂ ਦੇ ਮੁਕਾਬਲੇ ਵਿਚ ਸਾਡੇ ਕੋਲ ਮਾਇਆ ਨਹੀਂ ਹੈ । ਜੇ ਮਾਇਆ ਹੈ ਤਾਂ ਉਹ ਠੀਕ ਹਿਸਾਬ ਨਾਲ ਨਹੀਂ ਹੈ । ਜੇ ਇਹ ਮਾਇਆ ਠੀਕ ਢੰਗ ਨਾਲ ਲਗਾਈ ਜਾਵੇ ਤਾਂ ਸਭ ਠੀਕ ਹੋ ਸਕਦਾ ਹੈ । ਸਾਡੇ ਵਿਕਾਸ ਦੀ 3, 4 ਜਾਂ 5 ਫੀਸਦੀ ਦੀ ਰਫਤਾਰ ਨਾਲ ਵੀ ਜੇ ਅਸੀਂ ਚਲੀਏ ਤਾਂ ਫੇਰ ਕਿੰਨੀ ਦੇਰ ਲੱਗੇਗੀ ਉਨ੍ਹਾਂ ਲੋਕਾਂ ਦੀਆਂ ਮੰਗਾਂ ਮੰਨਣ ਲਈ ? ਕਿਉਂ ਨਾ ਇਹ ਵਿਕਾਸ ਦੀ ਦਰ 8 ਜਾਂ 10% ਤਕ ਲੈ ਜਾਂਦੀ ਜਾਵੇ ।

ਜੇ ਕੋਈ ਟੱਬਰ ਹੋਵੇ, ਉਹ ਕਰਜ਼ਾਈ ਹੋ ਜਾਵੇ, ਉਸ ਨੂੰ ਰੋਟੀ ਨਾ ਮਿਲੇ ਤਾਂ ਉਸ ਟੱਬਰ ਨੂੰ ਕੋਈ ਅਸੂਲ ਬਣਾਉਣਾ ਪੈਂਦਾ ਹੈ । ਅਸੂਲ ਇਹ ਕਿ ਇਕ ਇਕ ਪਾਈ ਚੰਗੇ ਕੰਮ ਵਿਚ ਲਗਾਈ ਜਾਵੇ । ਟੱਬਰ ਦਾ ਕੋਈ ਆਦਮੀ ਗਲਤ ਕੰਮ ਨਾ ਕਰੇ, ਕੋਈ ਸ਼ਰਾਬ ਨਾ ਪੀਵੇ । ਇਕ ਇਕ ਪੈਸਾ ਆਰਥਿਕਤਾ ਵਿਚ ਲਗੇ ਤਾਂਕਿ ਉਸਾਰੀ ਇਸ ਢੰਗ ਨਾਲ ਹੋਵੇ ਕਿ ਪੈਦਾਵਾਰ ਵਧਾਈ ਜਾਵੇ । ਸਾਰਿਆਂ ਨੂੰ ਠੀਕ ਢੰਗ ਨਾਲ ਵੰਡਿਆ ਜਾਵੇ । ਸਾਰਿਆਂ ਨੂੰ ਰੋਟੀ, ਕੱਪੜਾ ਅਤੇ ਮਕਾਨ ਮਿਲ ਸਕੇ । ਪੈਸਾ ਕਿਥੋਂ ਆਵੇ ? ਪੈਸਾ ਕਿਥੋਂ ਆਉਂਦਾ ਹੈ । ਇਹ ਮੈਂ ਦੱਸਦਾ ਹਾਂ ਕਿ ਪਿੱਛਲੇ ਦਿਨੀ ਬਲੈਕ ਮਨੀ ਕਢਾਉਣ ਦੀ ਕੋਸ਼ਿਸ਼ ਕੀਤੀ ਗਈ । ਸਰਕਾਰ ਨੇ ਬਲੈਕ ਮਨੀ ਕਢਾਉਣ ਦਾ ਉੱਦਮ ਕੀਤਾ । ਮੈਂ ਸਮਝਦਾ ਹਾਂ ਕਿ ਐਮਰਜੈਂਸੀ ਦਾ ਇਹ ਕੰਮ ਬੜਾ ਸ਼ਲਾਘਾ ਯੋਗ ਹੈ । ਬਲੈਕਮਨੀ ਕਢਾਇਆ ਗਿਆ ਪਰ ਇਹ ਨਾ-ਕਾਫੀ ਹੈ । ਸਰਕਾਰੀ ਅੰਕੜਿਆਂ ਦੇ ਹਿਸਾਬ ਨਾਲ ਬਲੈਕ ਮਨੀ ਦੇਸ਼ ਦੇ ਅੰਦਰ ਇਸ ਵੇਲੇ ਕੋਈ 20 ਹਜ਼ਾਰ ਕਰੋੜ ਰੁਪਏ ਤੋਂ 24 ਹਜ਼ਾਰ ਕਰੋੜ ਰੁਪਏ ਤੱਕ ਹੈ ਪਰ ਉਸ ਵਿਚੋਂ ਕੋਈ 15 ਸੌ ਕਰੋੜ ਉਨ੍ਹਾਂ ਕੋਲੋਂ ਲਿਆ ਹੈ । ਉਹ ਵੀ ਉਨ੍ਹਾਂ ਦੀਆਂ ਮਿੰਨਤਾ ਕਰਕੇ ਲਿਆ ਹੈ । ਕੋਈ 10% ਪੈਸਾ ਅਸੀਂ ਪ੍ਰਾਪਤ ਕਰਨ ਵਿਚ ਸਫਲ ਹੋਏ ਹਾਂ । ਬਾਕੀ ਦਾ ਪੈਸਾ ਉਨ੍ਹਾਂ ਦੇ ਕਾਲੇ ਧੰਦਿਆਂ ਵਿਚ ਚਲਦਾ ਪਿਆ ਹੈ । ਇਸੇ ਤਰ੍ਹਾਂ ਹੀ ਟੈਕਸਾਂ ਬਾਰੇ ਹੈ । ਟੈਕਸ ਦੇ ਬਾਰੇ ਇਸ ਤਰ੍ਹਾਂ ਹੈ ਕਿ ਜਿਹੜੇ ਵੱਡੇ ਵੱਡੇ ਸਨਅਤਕਾਰ ਹਨ, ਵੱਡੇ ਵੱਡੇ ਵਿਉਪਾਰੀ ਹਨ, ਵੱਡੇ ਵੱਡੇ ਲੈਂਡਲਾਰਡਜ਼ ਹਨ, ਜਿਹੜੇ ਟੈਕਸ ਦਾ ਪੈਸਾ ਦਿੰਦੇ ਹਨ, ਉਨ੍ਹਾਂ ਸਾਰਿਆਂ ਕੋਲ ਦੋ ਦੋ ਖਾਤੇ ਹਨ । ਉਹ ਟੈਕਸ ਦੀ ਚੋਰੀ ਕਰਦੇ ਹਨ । ਪਿੱਛੇ ਜਿਹੇ ਇਕ ਰਾਣੀ ਕੋਲੋਂ 8 ਕੁਇੰਟਲ ਸੋਨਾ ਅਤੇ 25 ਕੁਇੰਟਲ ਚਾਂਦੀ ਨਿਕਲੀ ਸੀ । ਰਾਣੀਆਂ ਕੋਲੋਂ ਅਜਿਹੀਆਂ ਚੀਜ਼ਾਂ ਨਿਕਲ ਰਹੀਆਂ ਹਨ । ਅਜਿਹੀਆਂ ਚੀਜ਼ਾਂ ਕਿਸੇ ਹੋਰ ਸਟੇਟ ਦੀ ਰਾਣੀ ਕੋਲੋਂ ਨਿਕਲੀਆਂ ਹਨ ਪਰ ਪੰਜਾਬ ਸਟੇਟ ਵਿਚ ਕਿਸੇ ਕੋਲੋਂ ਅਜਿਹੀਆਂ ਚੀਜ਼ਾਂ ਨਹੀਂ ਨਿਕਲੀਆਂ ? ਕਿਉਂ ? ਇਹ ਮਾਇਆ ਪਾਪਾਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਕਨੇਡੀਅਨ]

ਨਾਲ ਇਕੱਠੀ ਕੀਤੀ ਹੋਈ ਨਿਕਲੀ ਹੈ । (ਵਿਘਨ) ਮੈਂ ਟੈਕਸ ਦੇ ਬਾਰੇ ਦੱਸ ਰਿਹਾ ਹਾਂ । ਇਹ ਜਿਹੜੇ ਵੱਡੇ ਵੱਡੇ ਸੱਨਅਤਕਾਰ, ਲੈਂਡ ਲਾਰਡਜ਼ ਆਦਿ ਹਨ ਇਹ ਟੈਕਸ ਨਹੀਂ ਦਿੰਦੇ ਅਤੇ ਫਿਰ ਉਸ ਦਾ ਨਤੀਜਾ ਇਹ ਹੁੰਦਾ ਹੈ ਕਿ ਐਕਸਾਈਜ਼ ਡਿਊਟੀ ਵਧ ਜਾਂਦੀ ਹੈ, ਵਿਕਰੀ ਟੈਕਸ ਵਧ ਜਾਂਦਾ ਹੈ ਅਤੇ ਇਸ ਦਾ ਅਸਰ ਗਰੀਬਾਂ ਤੇ ਪੈਂਦਾ ਹੈ । ਅਸੀਂ ਆਰਥਿਕਤਾ ਦੇ ਵਿਚ ਸਾਰਾ ਪੈਸਾ ਲਾ ਨਹੀਂ ਸਕਦੇ । ਹੋਰ ਟੈਕਸ ਕਿਉਂ ਲਗਾਉਂਦੇ ਹੋ ਇਹ ਜਿਹੜੇ ਟੈਕਸਾਂ ਦੀ ਚੋਰੀ ਕਰਦੇ ਹਨ ਇਨ੍ਹਾਂ ਨੂੰ ਫੜੋ ।

ਮੈਂ ਟ੍ਰਾਂਸਪੋਰਟ ਬਾਰੇ ਤੁਹਾਨੂੰ ਦੱਸਦਾ ਹਾਂ । ਟ੍ਰਾਂਸਪੋਰਟ ਦੀਆਂ ਪ੍ਰਾਈਵੇਟ ਕੰਪਨੀਆਂ ਬਹੁਤ ਹਨ । ਉਹ ਪੈਸਾ ਬਹੁਤ ਕਮਾਉਂਦੀਆਂ ਹਨ । ਉਹ ਪੂਰਾ ਟੈਕਸ ਨਹੀਂ ਦਿੰਦੀਆਂ । ਉਨ੍ਹਾਂ ਨੇ ਦੋ ਦੋ ਵਹੀਆਂ ਰਖੀਆਂ ਹੁੰਦੀਆਂ ਹਨ । ਬਰਾਤਾਂ ਆਦਿ ਲੈ ਜਾਣ ਲਈ ਵੱਖਰੀਆਂ ਵਹੀਆਂ ਹੁੰਦੀਆਂ ਹਨ ਅਤੇ ਆਪਣਾ ਸਾਰਾ ਇਸ ਕਿਸਮ ਦਾ ਖਰਚ ਕੱਢਕੇ, ਵੱਖਰੀਆਂ ਵਹੀਆਂ ਬਣਾ ਕੇ ਬਾਕੀ ਜੋ ਕੁਝ ਬਚਦਾ ਹੈ ਉਸ ਵਿਚੋਂ ਕੁਝ ਦਿੰਦੇ ਹਨ । ਅੱਜ ਲੋਕੀਂ ਕਹਿੰਦੇ ਹਨ ਕਿ ਬੱਸਾਂ ਤੋਂ ਕੋਈ ਮੁਨਾਫਾ ਨਹੀਂ ਹੁੰਦਾ । ਬੱਸਾਂ ਤੋਂ ਮੁਨਾਫਾ ਹੋਣਾ ਚਾਹੀਦਾ ਹੈ । ਕਈ ਲੋਕ ਕਹਿੰਦੇ ਹਨ ਕਿ ਜੇ ਇਹ ਬੱਸਾਂ ਸਰਕਾਰ ਦੇ ਕੰਟਰੋਲ ਵਿਚ ਹੋਣ ਤਾਂ ਮੁਨਾਫਾ ਨਹੀਂ ਹੋ ਸਕਦਾ । ਮੈਂ ਕਹਿੰਦਾ ਹਾਂ ਕਿ ਹਰਿਆਣਾ ਦੂਰ ਨਹੀਂ ਹੈ । ਉਨ੍ਹਾਂ ਦੀ ਸਟੇਟ ਸਾਡੇ ਨਾਲ ਹੀ ਲਗਦੀ ਹੈ, ਉਨ੍ਹਾਂ ਦੀ ਅਸੈਂਬਲੀ ਸਾਡੇ ਨਾਲ ਹੀ ਹੈ । ਉਨ੍ਹਾਂ ਦੀ ਹਾਲਤ ਕਿਉਂ ਚੰਗੀ ਹੈ ਅਤੇ ਸਾਡੀ ਹਾਲਤ ਕਿਉਂ ਮਾੜੀ ਹੈ ? ਅਸੀਂ ਕਰੋੜਾਂ ਰੁਪਏ ਲਾ ਚੁਕੇ ਹਾਂ ਹੁਣ ਇਹ ਕਹਿੰਦੇ ਹਨ ਕਿ ਬੱਸਾਂ ਵਿਚ ਰੇਡੀਓ ਲਾਉਣੇ ਹਨ ਤਾਂਕਿ ਉਨ੍ਹਾਂ ਦਾ ਮਨੋਰੰਜਨ ਹੋਵੇ । ਬੱਸ ਖੜਕਦੀ ਜਾਂਦੀ ਹੈ । ਮੈਂ ਕਈ ਵਾਰੀ ਦੇਖਿਆ ਹੈ ਕਿ ਦੂਰੋਂ ਜੇ ਕੋਈ ਕੁੱਤਾ ਆਉਂਦਾ ਹੋਵੇ ਤਾਂ ਉਹ ਕੁੱਤਾ ਤੁਹਾਨੂੰ ਲਗੇਗਾ ਕਿ ਉਹ ਸਿੱਧਾ ਨਹੀਂ ਸਗੋਂ ਵਿੰਗਾ ਆ ਰਿਹਾ ਹੈ । ਇਸੇ ਤਰ੍ਹਾਂ ਹੀ ਰੋਡਵੇਜ਼ ਦੀਆਂ ਬੱਸਾਂ ਦੀ ਹਾਲਤ ਹੈ । ਰੋਡਵੇਜ਼ ਦੀ ਬੱਸ ਵਿੰਗੀ ਹੁੰਦੀ ਹੈ । ਪਿਛਲਾ ਪਾਸਾ ਬੱਸ ਦਾ ਸੜਕ ਦੇ ਇਕ ਪਾਸੇ ਹੁੰਦਾ ਹੈ ਅਤੇ ਅਗਲਾ ਪਾਸਾ ਸੜਕ ਦੇ ਦੂਸਰੇ ਪਾਸੇ ਹੁੰਦਾ ਹੈ । ਮੈਂ ਹੈਰਾਨ ਹਾਂ ਕਿ ਇਹ ਕੁੱਤੇ ਦੀ ਨਸਲ ਵਿਚੋਂ ਤਾਂ ਨਹੀਂ ਤਾਂ ਫਿਰ ਇਨ੍ਹਾਂ ਬੱਸਾਂ ਨੂੰ ਕੀ ਬਿਮਾਰੀ ਹੈ, ਇਹ ਵਿੰਗੀਆਂ ਕਿਉਂ ਹਨ ? ਮਕੈਨਿਕ ਕਹਿੰਦੇ ਹਨ ਕਿ ਬੱਸਾਂ ਦੇ ਸਪਰਿੰਗ ਇਕ ਪਾਸੇ ਦੇ ਟੁੱਟੇ ਹੋਏ ਹਨ ਜਿਸ ਕਰਕੇ ਉਹ ਵਿੰਗੀਆਂ ਨਜ਼ਰ ਆਉਂਦੀਆਂ ਹਨ । ਤੁਸੀਂ ਇਸ ਚੀਜ਼ ਦਾ ਇੰਤਜ਼ਾਮ ਕਰੋ । ਮਨਿਸਟਰ ਹੈ, ਅਫਸਰ ਹਨ, ਉਹ ਤਨਖਾਹਾਂ ਲੈਂਦੇ ਹਨ, ਇਨ੍ਹਾਂ ਬੱਸਾਂ ਨੂੰ ਠੀਕ ਕਰੋ ।

ਪੰਜਾਬ ਇਕ ਜ਼ਰਾਇਤੀ ਸੂਬਾ ਹੈ । ਅਸੀਂ ਲੱਖਾਂ ਟਨ ਅਨਾਜ ਪੈਦਾ ਕਰਦੇ ਹਾਂ ਅਤੇ ਅਨਾਜ ਦੂਸਰਿਆਂ ਸੂਬਿਆਂ ਨੂੰ ਦਿੰਦੇ ਹਾਂ । ਪਰ ਮੈਂ ਬੜਾ ਹੈਰਾਨ ਹਾਂ ਕਿ ਕਣਕ ਇਥੋਂ ਤਾਂ ਕਿਸਾਨਾਂ, ਜ਼ਿਮੀਂਦਾਰਾਂ ਕੋਲੋਂ 105 ਰੁਪਏ ਕੁਇੰਟਲ ਦੇ ਹਿਸਾਬ ਨਾਲ ਲਈ ਜਾਂਦੀ ਹੈ ਪਰ ਜਦ ਇਹ ਬਾਹਰ ਬਿਹਾਰ, ਮੱਧ ਪ੍ਰਦੇਸ਼ ਆਦਿ ਜਿਹੇ ਸੂਬਿਆਂ ਵਿਚ ਜਾਂਦੀ ਹੈ ਤਾਂ ਉਥੇ ਇਸ ਨੂੰ 250 ਰੁਪਏ ਕੁਇੰਟਲ ਦੇ ਹਿਸਾਬ ਨਾਲ ਵੇਚਿਆ ਜਾਂਦਾ ਹੈ । ਇਥੇ ਦੇ ਕਿਸਾਨਾਂ ਨੂੰ ਕਿਉਂ ਨਹੀਂ ਪੈਸੇ ਪੂਰੇ ਹਿਸਾਬ ਨਾਲ ਦਿੱਤੇ ਜਾਂਦੇ, ਉਨ੍ਹਾਂ ਨੂੰ ਸਹੀ ਰੇਟ ਕਿਉਂ ਨਹੀਂ ਦਿਤਾ ਜਾਂਦਾ । ਜਦ ਬਾਹਰ ਸੂਬਿਆਂ ਵਿਚ ਇਹੀ ਕਣਕ 250 ਰੁਪਏ ਕੁਇੰਟਲ ਦੇ ਹਿਸਾਬ ਨਾਲ ਮਿਲਦੀ ਹੈ ਤਾਂ ਕੀ ਇਸ ਤਰ੍ਹਾਂ ਇਨਫਲੇਸ਼ਨ ਨਹੀਂ ਹੁੰਦੀ ? ਇਕ ਪਾਸੇ ਤਾਂ ਕਿਸਾਨ

Original with
Punjab Vidhan Sabha
Digitized by
Panjab Digital Library

ਨੂੰ ਜਿਣਸ ਦੇ ਠੀਕ ਰੇਟ ਨਹੀਂ ਮਿਲਦੇ ਪਰ ਦੂਜੇ ਪਾਸੇ ਉਸ ਨੂੰ ਖਾਦ ਠੀਕ ਰੇਟ ਤੇ ਨਹੀਂ ਮਿਲਦੀ। ਖਾਦ ਮਹਿੰਗੀ ਮਿਲਦੀ ਹੈ। ਇਹ ਜਿਹੜਾ ਪਾੜਾ ਹੈ ਇਹ ਕਿਵੇਂ ਹਟੇਗਾ। ਮੈਂ ਕਹਿੰਦਾ ਹਾਂ ਕਿ ਉਨ੍ਹਾਂ ਨੂੰ ਠੀਕ ਰੇਟ ਮਿਲਣੇ ਚਾਹੀਦੇ ਹਨ। ਇਹ ਪੈਸਾ ਸਾਡੇ ਕੋਲ ਆਉਣਾ ਚਾਹੀਦਾ ਹੈ ਅਤੇ ਇਸ ਨੂੰ ਉਸਾਰੀ ਦੇ ਕੰਮਾਂ ਤੇ ਲਗਾਇਆ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ ਹੀ ਪਰੋਫੈਸ਼ਨਲ ਦੀ ਗੱਲ ਹੈ। ਇਹ ਜਿਹੜੇ ਡਾਕਟਰ ਹਨ ਇਸ ਬਾਰੇ ਮੈਂ ਤੁਹਾਨੂੰ ਦੱਸਦਾ ਹਾਂ। ਇਹ ਵੀ ਟੈਕਸ ਦਿੰਦੇ ਹੋਣਗੇ। ਪਿੱਛੇ ਜਿਹੇ ਇਕ ਡਾਕਟਰ ਦੇ ਘਰ ਛਾਪਾ ਪਿਆ। ਉਸ ਦੇ ਕੋਲੋਂ ਚਾਰ ਲੱਖ ਰੁਪਿਆ ਨਿਕਲਿਆ। ਕੀ ਉਹ ਘਰੇ ਬੈਠਾ ਹੀ ਪੈਸੇ ਬਣਾਈ ਜਾਂਦਾ ਹੋਵੇਗਾ ? (ਵਿਘਨ) ਚੇਅਰਮੈਨ ਸਾਹਿਬ, ਅੱਜ ਸਵੇਰੇ ਇਕ ਸਵਾਲ ਵਿਕਰੀ ਟੈਕਸ ਦੇ ਬਾਰੇ ਪੁਛਿਆ ਗਿਆ ਸੀ ਕਿ ਤੁਹਾਡੇ ਪਾਸ ਲੋਕਾਂ ਵਲੋਂ ਕਿੰਨਾ ਰੁਪਿਆ ਆਇਆ। ਇਨ੍ਹਾਂ ਨੇ ਦਸਿਆ ਕਿ 3 ਕਰੋੜ ਰੁਪਿਆ ਆਇਆ। ਫਿਰ ਇਹ ਪੁਛਿਆ ਕਿ ਉਹ ਆਦਮੀ ਕੌਣ ਕੌਣ ਹਨ ਤਾਂ ਇਹ ਕਹਿਣ ਲਗੇ ਕਿ ਇਹ ਦੱਸਣਾ ਜਨਤਾ ਦੇ ਹਿੱਤ ਵਿਚ ਨਹੀਂ ਹੈ। ਕੀ ਜਨਤਾ ਦੇ ਹਿੱਤ ਵਿਚ ਇਹੀ ਹੈ ਕਿ ਜਿਹੜਾ ਚੋਰੀ ਕਰਦਾ ਹੈ ਉਹ ਕਰੀ ਜਾਵੇ ? ਉਸ ਚੋਰੀ ਕਰਦੇ ਨੂੰ ਤੁਸੀਂ ਢੱਕ ਦਿਓ। ਇਹ ਕਹਿੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਨੇ ਦੇਸ਼ ਨੂੰ ਬਚਾ ਲਿਆ। ਗੁਰੂ ਗੋਬਿੰਦ ਸਿੰਘ ਨੇ ਮਸੰਦਾਂ ਨੂੰ ਕੀ ਕੀਤਾ। (ਵਿਘਨ)

**ਸ੍ਰੀ ਸਭਾਪਤੀ:** ਤੁਸੀਂ ਰੈਜ਼ੋਲਿਊਸ਼ਨ ਤੇ ਬੋਲੋ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ:** ਮੈਂ ਬੇਨਤੀ ਕਰਾਂਗਾ ਕਿ ਜਿੰਨਾ ਚਿਰ ਉਨ੍ਹਾਂ ਨੂੰ ਕੰਮ ਨਹੀਂ ਮਿਲਦਾ ਉਨ੍ਹਾਂ ਨੂੰ ਕੁਝ ਨਾ ਕੁਝ ਦਿਓ ਤਾਂਕਿ ਉਨ੍ਹਾਂ ਦਾ ਕੁਝ ਕਲਿਆਣ ਹੋਵੇ। ਜੇ ਦੇਸ਼ ਦੀ ਤਰੱਕੀ ਕਰਨੀ ਹੈ, ਮੁਲਕ ਦੀ ਤਰੱਕੀ ਦੀ ਰਫਤਾਰ ਵਧਾਉਣੀ ਹੈ, ਤਾਂ ਇਹ ਜਿਹੜੇ ਮੌਜੂਦਾ ਕਾਰਖਾਨੇ ਹਨ, ਇਨ੍ਹਾਂ ਨਾਲ ਗੱਲ ਨਹੀਂ ਬਣਨੀ। ਵਿਕਾਸ ਦੇ ਕੰਮ ਨੂੰ ਹੋਰ ਤੇਜ਼ ਕਰਨਾ ਪਵੇਗਾ। ਸੜਕਾਂ ਬਣੀਆਂ ਹਨ, ਅਸੀਂ ਇਨ੍ਹਾਂ ਦੀ ਪ੍ਰਸ਼ੰਸਾ ਕਰਦੇ ਹਾਂ ਪਰ ਫਿਰ ਵੀ ਇਹ ਸਾਰੇ ਕੰਮ ਜਿਹੜੇ ਹੋਏ ਹਨ ਇਹ ਨਾ-ਕਾਫੀ ਹਨ। ਕੰਮ ਅਜਿਹੇ ਕਰੋ ਜਿਨ੍ਹਾਂ ਨਾਲ ਆਉਣ ਵਾਲੀ ਜੈਨਰੇਸ਼ਨ, ਪੀੜ੍ਹੀ, ਨੂੰ ਕੁਝ ਫਾਇਦਾ ਹੋਵੇ ਅਤੇ ਉਨ੍ਹਾਂ ਨੂੰ ਕੋਈ ਮੁਸ਼ਕਿਲ ਨਾ ਹੋਵੇ। ਅੰਤਿਮ ਇਕ ਗੱਲ ਕਹਿਕੇ ਮੈਂ ਚੇਅਰਮੈਨ ਸਾਹਿਬ, ਖਤਮ ਕਰਾਂਗਾ। ਮੁੰਡੇ ਪੜ੍ਹ ਲਿਖ ਗਏ ਹਨ ਅਤੇ ਅੰਗਰੇਜ਼ਾਂ ਦੇ ਵੇਲੇ ਨਾਲੋਂ ਕੁਝ ਸੁਧਾਰ ਹੋਇਆ ਹੈ ਲੇਕਿਨ ਬੁਨਿਆਦੀ ਗੱਲ ਉਥੇ ਹੀ ਹੈ। (ਵਿਘਨ) ਮੈਂ ਵਿਦਿਅਕ ਢਾਂਚੇ ਬਾਰੇ ਦੱਸ ਰਿਹਾ ਹਾਂ। ਜਿਹੜੇ ਮੁੰਡੇ ਪੜ੍ਹ ਲਿਖ ਜਾਂਦੇ ਹਨ ਉਹ ਕਹਿੰਦੇ ਹਨ ਕਿ ਅਸੀਂ ਚੰਗੇ ਕਪੜੇ ਪਾਈਏ, ਨੋਕਾਂ ਵਾਲੀਆਂ ਪੱਗਾਂ ਬੰਨ੍ਹੀਏ ਅਤੇ ਸਾਨੂੰ ਨੌਕਰੀ ਮਿਲ ਜਾਵੇ। ਉਹ ਪਹਿਲਾਂ ਹੀ ਮਨ ਵਿਚ ਧਾਰ ਲੈਂਦੇ ਹਨ ਕਿ ਮੈਂ ਤਹਿਸੀਲਦਾਰ ਬਣਨਾ ਹੈ, ਪਟਵਾਰੀ ਬਣਨਾ ਹੈ ਜਾਂ ਕਲੱਰਕ ਬਣਨਾ ਹੈ ਜਾਂ ਕਿਸੇ ਥਾਣੇ ਵਿਚ ਹੌਲਦਾਰ ਲੱਗਣਾ ਹੈ। ਮੈਂ ਪੁਛਣਾ ਚਾਹੁੰਦਾ ਹਾਂ ਕਿ ਕਿਸੇ ਮੁਲਕ ਵਿਚ ਜਿਹੜੇ ਲੋਕ ਐਡਮਨਿਸਟਰੇਸ਼ਨ ਵਿਚ ਲੱਗਦੇ ਹਨ, ਰਾਜ ਭਾਗ ਚਲਾਉਂਦੇ ਹਨ ਉਨ੍ਹਾਂ ਨਾਲ ਇਨ੍ਹਾਂ ਦਾ ਮੁਕਾਬਲਾ ਕਰਕੇ ਜ਼ਰਾ ਵੇਖੋ। (ਵਿਘਨ) ਰੋਟੀ ਖੇਤ ਵਿਚੋਂ ਮਿਲਣੀ ਹੈ, ਇੰਡਸਟਰੀ ਵਿਚੋਂ ਮਿਲਣੀ ਹੈ। ਐਨੇ ਸਕੂਲ ਖੁਲ੍ਹੇ ਹਨ, ਮੁੰਡਾ ਪੜ੍ਹ ਜਾਂਦਾ ਹੈ ਤਾਂ ਉਹ ਪਤਲੂਣ ਮੰਗਦਾ ਹੈ। ਉਹ ਫਿਰ ਕਹਿੰਦਾ ਹੈ ਕਿ ਜੇ ਮਿੱਟੀ ਨੂੰ ਹੱਥ ਲਗਾਇਆ ਤਾਂ ਹੱਥ ਖਰਾਬ ਹੋ ਜਾਵੇਗਾ। ਬਾਪ ਬੇਟੇ ਨੂੰ ਜੇ ਕਹੇ ਕਿ ਜਾ ਬੇਟਾ ਮਿੱਟੀ ਉਠਾ ਦੇ ਜਾਂ ਗੋਹਾ ਚੁਕ ਤਾਂ ਉਹ ਪੜ੍ਹਿਆ ਹੋਇਆ ਮੁੰਡਾ ਕਹਿੰਦਾ ਹੈ ਕਿ ਮੈਂ ਗੋਹਾ ਕਿਸ ਤਰ੍ਹਾਂ ਚੁੱਕਾਂ। (ਵਿਘਨ) ਉਹ ਬੜੇ ਲੋਫਰ ਬਣਦੇ ਜਾ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਕਨੇਡੀਅਨ]

ਰਹੇ ਹਨ । ਉਨ੍ਹਾਂ ਨੇ ਲੰਬੇ ਲੰਬੇ ਵਾਲ ਪਿਛਾਂਹ ਨੂੰ ਸੁਟੇ ਹੁੰਦੇ ਹਨ ਅਤੇ ਕੁੜੀਆਂ ਨੂੰ ਟਿੱਚਰਾਂ ਕਰਦੇ ਹਨ । ਇਹ ਰਵੱਈਆ ਗਲਤ ਹੈ । ਸੋ, ਮੈਂ ਕਹਾਂਗਾ ਕਿ ਇਹ ਜਿਹੜਾ ਵਿਦਿਅਕ ਢਾਂਚਾ ਹੈ ਇਸ ਬਾਰੇ ਕੁਝ ਸੋਚਣਾ ਪਵੇਗਾ, ਇਸ ਨੂੰ ਬਦਲਣ ਦੀ ਲੋੜ ਹੈ । ਇਸ ਕਿਸਮ ਦਾ ਵਿਦਿਅਕ ਢਾਂਚਾ ਬਣਾਓ ਕਿ ਹਰ ਇਕ ਦੇ ਦਿਮਾਗ ਵਿਚ ਚਾਨਣਾ ਹੋ ਜਾਵੇ । ਬੱਚਿਆਂ ਦਾ ਐਟੀਚਿਊਡ ਟੈਸਟ ਹੋਵੇ । ਕਿਸ ਬੱਚੇ ਨੇ ਕਿਸ ਪਾਸੇ ਜਾਣਾ ਹੈ ਅਤੇ ਕਿਸੇ ਨੇ ਕਿਸ ਲਾਈਨ ਵਿਚ ਜਾਣਾ ਹੈ, ਕਿਸ ਨੇ ਖੇਤੀ ਵਿਚ ਕੰਮ ਕਰਨਾ ਹੈ ਆਦਿ । ਪਰ ਇਹ ਜਿਹੜੀ ਕਲੱਰਕਾਂ ਦੀ ਪਲਟਨ ਤਿਆਰ ਕਰਨਾ ਹੈ ਇਹ ਠੀਕ ਨਹੀਂ ਹੈ । ਪੜ੍ਹ ਕੇ ਨਾ ਤਾਂ ਉਹ ਸਾਰੇ ਕੰਮ ਕਰ ਸਕਦੇ ਹਨ । ਨਾ ਉਹ ਘਰ ਦਾ ਕੰਮ ਕਰ ਸਕਦੇ ਹਨ ਅਤੇ ਨਾ ਉਹ ਬਾਹਰ ਕੰਮ ਕਰ ਸਕਦੇ ਹਨ । ਇਸ ਲਈ ਵਿਦਿਅਕ ਢਾਂਚੇ ਵਿਚ ਤਬਦੀਲੀ ਕਰਨੀ ਜ਼ਰੂਰੀ ਹੈ । ਮੈਂ ਇਸ ਮਤੇ ਨਾਲ ਸਹਿਮਤ ਹਾਂ । ਉਨ੍ਹਾਂ ਬਚਿਆਂ ਨੂੰ ਆਰਥਿਕ ਸਹਾਇਤਾ ਨਾਲ ਅਤੇ ਆਰਥਿਕਤਾ ਨੂੰ ਇਸ ਢੰਗ ਨਾਲ ਚਾਲੂ ਕਰੋ ਤਾਂਕਿ ਪੜ੍ਹੇ ਹੋਏ ਬਚੇ ਜਿਨ੍ਹਾਂ ਦੀ ਉਮਰ 15—18 ਸਾਲ ਦੀ ਹੋ ਜਾਵੇ, ਕਿਸੇ ਪਾਸੇ ਖਪ ਸਕਣ, ਉਸਾਰੀ ਦੇ ਕੰਮਾਂ ਵਿਚ ਲੱਗ ਸਕਣ, ਆਪਣਾ ਜੀਵਨ ਸੁਧਾਰਨ ਅਤੇ ਦੇਸ਼ ਲਈ ਵੀ ਕੁਝ ਕੰਟਰੀਬਿਊਸ਼ਨ ਕਰ ਸਕਣ ਅਤੇ ਦੇਸ਼ ਨੂੰ ਕੁਝ ਦੇਣ । ਲੇਕਿਨ ਵਿਚਕਾਰਲੇ ਸਮੇਂ ਵਿਚ, ਉਨ੍ਹਾਂ ਲੋਕਾਂ ਨੂੰ ਕੁਝ ਨਾ ਕੁਝ ਸਹਾਇਤਾ ਸਰਕਾਰ, ਅਨਐਮਪਲਾਇਮੈਂਟ ਅਲਾਊਂਸ ਦੀ ਸ਼ਕਲ ਵਿਚ ਜਾਂ ਇਸ ਕਿਸਮ ਦੀ ਕੋਈ ਹੋਰ ਚੀਜ਼ ਦੇਵੇ ਜਿਸ ਨਾਲ ਉਹ ਆਪਣੀ ਰੋਜ਼ੀ ਤੋਰੇ । ਇਤਨਾ ਕਹਿ ਕੇ ਚੇਅਰਮੈਨ ਸਾਹਿਬ, ਮੈਂ ਆਪ ਦਾ ਧੰਨਵਾਦ ਕਰਦਾ ਹਾਂ ।

**ਵਿੱਤ ਮੰਤਰੀ** (ਸ੍ਰੀ ਹੰਸ ਰਾਜ ਸ਼ਰਮਾ) : ਚੇਅਰਮੈਨ ਸਾਹਿਬ, ਇਹ ਜਿਹੜਾ ਰੈਜ਼ੋਲਿਊਸ਼ਨ ਹਾਊਸ ਦੇ ਸਾਹਮਣੇ ਪੇਸ਼ ਹੈ ਇਸ ਦੇ ਵਿਚ ਕੋਈ ਸ਼ਕ ਨਹੀਂ ਕਿ ਪੰਜਾਬ ਦੇ ਵਿਚ ਕੁਝ ਐਜੂਕੇਟਿਡ ਅਨਐਂਪਲਾਇਮੈਂਟ ਦਾ ਮਸਲਾ ਹੈ । ਬਾਕੀ ਪ੍ਰਾਂਤਾਂ ਨਾਲੋਂ ਭਾਵੇਂ ਪੰਜਾਬ ਵਿਚ ਘੱਟ ਹੈ ਪਰ ਪੰਜਾਬ ਵਿਚ ਇਹ ਐਜੂਕੇਟਿਡ ਅਨਐਂਪਲਾਇਮੈਂਟ ਦਾ ਮੱਸਲਾ ਹੈ ਜ਼ਰੂਰ । ਇਸ ਪ੍ਰਾਬਲਮ ਨੂੰ ਹੱਲ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਨੇ, ਪੰਜਾਬ ਦੀ ਸਰਕਾਰ ਨੇ, ਇਕ ਕਮੇਟੀ ਬਣਾਈ ਹੈ ਜਿਸ ਦੇ ਚੇਅਰਮੈਨ ਸਾਡੇ ਡਿਪਟੀ ਸਪੀਕਰ ਸਾਹਿਬ ਹਨ ਅਤੇ ਇਸ ਕਮੇਟੀ ਦੇ ਵਿਚ ਮੁਖਤਲਿਫ ਅਫਸਰ ਹਨ ਅਤੇ ਦੂਸਰੇ ਉਸ ਕਮੇਟੀ ਨੂੰ ਕਿਹਾ ਗਿਆ ਹੈ ਕਿ ਉਹ ਜਲਦੀ ਹੀ ਆਪਣੀ ਰਿਪੋਰਟ ਪੇਸ਼ ਕਰੇ । ਕਮੇਟੀ ਆਪਣੀਆਂ ਮੀਟਿੰਗਾਂ ਵੀ 3-4 ਕਰ ਚੁਕੀ ਹੈ । ਉਹ ਕਮੇਟੀ ਐਜੂਕੇਟਿਡ ਅਨਐਂਪਲਾਇਡ ਦੀ ਪ੍ਰਾਬਲਮ ਨੂੰ ਸਾਲਵ ਕਰਨ ਦੇ ਲਈ ਕੁਝ ਸਕੀਮਾਂ ਸੁਜੈਸਟ ਕਰੇਗੀ ਕਿ ਇਹ ਸਕੀਮਾਂ ਪੰਜਾਬ ਦੇ ਅੰਦਰ ਲਾਗੂ ਕੀਤੀਆਂ ਜਾਣ । ਉਨ੍ਹਾਂ ਸਕੀਮਾਂ ਤੇ ਫਿਰ ਇਹ ਪੰਜਾਬ ਦੀ ਸਰਕਾਰ ਗੌਰ ਕਰੇਗੀ, ਵਿਚਾਰ ਕਰੇਗੀ ਔਰ ਵਿਚਾਰ ਕਰਕੇ ਇਸ ਤੇ ਅਮਲ ਕਰੇਗੀ । ਚੇਅਰਮੈਨ ਸਾਹਿਬ, ਇਸ ਕਰੰਟ ਯੀਅਰ ਵਿਚ ਜਿੰਨੀਆਂ ਜਾਬਜ਼ ਪਲੈਨ ਵਿਚ ਪ੍ਰੋਵਾਈਡ ਹੋਈਆਂ ਉਤਨੀਆਂ ਨੌਕਰੀਆਂ ਪੜ੍ਹਿਆਂ ਲਿਖਿਆਂ ਨੂੰ ਦਿੱਤੀਆਂ ਗਈਆਂ ਹਨ । ਇਸ ਤੋਂ ਇਲਾਵਾ 2 ਕਰੋੜ ਰੁਪਇਆ ਕਰੰਟ ਯੀਅਰ ਵਿਚ ਰੱਖਿਆ ਹੈ ਤਾਂਕਿ ਹੋਰ ਸਕੀਮਾਂ ਬਣਾਈਆਂ ਜਾਣ ਅਤੇ ਪੜ੍ਹੇ ਲਿਖੇ ਬੇਰੁਜ਼ਗਾਰਾਂ ਨੂੰ ਹੋਰ ਮੱਦਦ ਦਿੱਤੀ ਜਾਵੇ, ਟਰੇਨਿੰਗ ਦਿਤੀ ਜਾਵੇ, ਅਤੇ ਉਹ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਣ । (ਵਿਘਨ) ਇਸੇ ਤਰ੍ਹਾਂ ਚੇਅਰਮੈਨ

Original with;
Punjab Vidhan Sabha
Digitized by;
Panjab Digital Library

ਸਾਹਿਬ, ਪੰਚਾਇਤ ਸੈਕਟਰੀਆਂ ਦੀ ਤਾਦਾਦ ਵਧਾ ਦਿੱਤੀ ਹੈ, ਕੋਆਪਰੇਟਿਵ ਸੈਕਟਰੀਆਂ ਦੀ ਤਾਦਾਦ ਵੱਧਾ ਦਿੱਤੀ ਹੈ । ਹੁਣ ਜਿਹੜੀ ਕਮੇਟੀ ਬਣਾਈ ਹੈ ਉਨ੍ਹਾਂ ਦੇ ਵਿਚਾਰ ਅਧੀਨ ਇਹ ਗਲ ਹੈ ਕਿ ਜਿੰਨੇ ਪੜ੍ਹੇ ਲਿਖੇ ਨੌਜਵਾਨ ਕਿਤੇ ਨੌਕਰੀ ਨਹੀਂ ਕਰਦੇ ਉਨ੍ਹਾਂ ਨੂੰ ਆਪਣੇ ਪੈਰਾਂ ਤੇ ਕਿਸ ਤਰ੍ਹਾਂ ਖੜਾ ਕੀਤਾ ਜਾਵੇ । ਇਸ ਪਾਸੇ ਗੌਰਮਿੰਟ ਸੋਚ ਰਹੀ ਹੈ ਕਿ ਉਹ ਵੀ ਮੱਦਦ ਕਰੇ, ਬੈਂਕਾਂ ਤੋਂ ਵੀ ਪੈਸੇ ਲੈ ਕੇ ਦਿੱਤੇ ਜਾਣ ਤਾਂਕਿ ਉਨ੍ਹਾਂ ਨੂੰ ਕਿਧਰੇ ਨਾ ਕਿਧਰੇ ਰੁਜ਼ਗਾਰ ਮਿਲ ਸਕੇ । ਤੁਸੀਂ ਜੋ ਅਲਾਊਂਸ ਦੇਣ ਦੀ ਗੱਲ ਕਰੋਗੇ, ਜਿਹੜੀ ਸੋਸ਼ਲਿਸਟਿਕ ਮੁਲਕਾਂ ਦੇ ਸੋਸ਼ਲਿਜ਼ਮ ਦੇ ਬਿਲਕੁਲ ਖਿਲਾਫ਼ ਹੈ, ਤਾਂ ਇਹ ਕੋਈ ਚੰਗੀ ਗੱਲ ਨਹੀਂ । ਸੋਸ਼ਲਿਸਟਿਕ ਪੈਟਰਨ ਤੇ ਚਲਣ ਵਾਲੇ ਜਿਹੜੇ ਦੇਸ਼ ਹਨ ਉਹ ਸਾਧਨ ਪੈਦਾ ਕਰਦੇ ਹਨ ਤਾਂ ਕਿ ਲੋਕਾਂ ਨੂੰ ਵੱਧ ਤੋਂ ਵੱਧ ਜਾਬਜ਼ ਦਿੱਤੀਆਂ ਜਾਣ, ਵੱਧ ਤੋਂ ਵੱਧ ਰੁਜ਼ਗਾਰ ਦਿੱਤਾ ਜਾਵੇ । ਕੋਈ ਇਹੋ ਜਿਹੇ ਸਾਧਨ ਪੈਦਾ ਕੀਤੇ ਜਾਣ ਜਿਸ ਨਾਲ ਵਾਈਟ ਰੈਵੋਲਿਓਸ਼ਨ ਲਿਆਉਣ ਵਿਚ, ਐਨੀਮਲ ਹਸਬੈਂਡਰੀ ਵਿਚ, ਇੰਡਸਟਰੀਜ਼ ਜਾਂ ਐਗਰੀਕਲਚਰ ਦੀ ਪ੍ਰੋਡੱਕਸ਼ਨ ਵਿਚ ਵਾਧਾ ਹੋਵੇ ਅਤੇ ਲੋਕਾਂ ਨੂੰ ਵੱਧ ਤੋਂ ਵੱਧ ਰੋਜ਼ਗਾਰ ਮਿਲੇ । ਇਹ ਤਾਂ ਭੀਖ ਮੰਗਿਆਂ ਵਾਲੀ ਗੱਲ ਹੈ ਕਿ ਪੰਜਾਬ ਦੇ ਨੌਜਵਾਨ ਨੂੰ ਇਸ ਤਰ੍ਹਾਂ ਪੈਸੇ ਦਿੱਤੇ ਜਾਣ ਔਰ ਪੰਜਾਬੀ ਨੌਜਵਾਨ ਜਿਹੜਾ ਹੈ ਉਹ ਅਲਾਊਂਸ ਮੰਗਦਾ ਫਿਰੇ । ਜਿਹੜੇ ਕਮੱਰਸ ਵਿਚ ਸੈਟਲ ਹੋ ਸਕਦੇ ਹਨ, ਜਿਹੜੇ ਖੇਤੀਬਾੜੀ ਵਿਚ ਸ਼ਾਮਲ ਹੋ ਸਕਦੇ ਹਨ, ਜਿਹੜੇ ਕਾਰਖਾਨਿਆਂ ਵਿਚ ਸ਼ਾਮਲ ਹੋ ਸਕਦੇ ਹਨ ਉਹ ਮੰਗਣ ਤੁਰ ਪੈਣ, ਇਹ ਪੰਜਾਬ ਦੀ ਸਪਿਰਟ ਦੇ ਖਿਲਾਫ਼ ਹੈ, ਪੰਜਾਬ ਦੀ ਮਿਹਨਤਕਸ਼ ਆਵਾਮ ਦੇ ਖਿਲਾਫ਼ ਹੈ । ਇਹ ਪੰਜਾਬ ਦੀ ਦੇਸ਼ ਭਗਤੀ ਦੇ ਖਿਲਾਫ਼ ਹੈ ਕਿ ਉਹ ਅਲਾਊਂਸ ਮੰਗੇ । ਇਹ ਗੱਲ ਠੀਕ ਹੈ ਕਿ ਅਸੀਂ ਐਸੀਆਂ ਸਕੀਮਾਂ ਬਣਾਈਆਂ ਹਨ ਕਿ 1972-73 ਨਾਲੋਂ 1974 ਵਿਚ ਜ਼ਿਆਦਾ ਪੜ੍ਹਿਆਂ ਲਿਖਿਆਂ ਨੂੰ ਐਂਪਲਾਇਮੈਂਟ ਦਿੱਤੀ ਹੈ, ਇਹ ਫਿਗਰਜ਼ ਮੈਂ ਬਾਅਦ ਵਿਚ ਦੱਸਾਂਗਾ ਲੇਕਿਨ ਇਕ ਗਲ ਵਾਜ਼ਿਆ ਹੈ ਕਿ ਸਾਰਿਆਂ ਨਾਲੋਂ ਪਹਿਲਾਂ ਐਜੂਕੇਸ਼ਨ ਦਾ ਤਰੀਕਾ ਬਦਲਣਾ ਜ਼ਰੂਰੀ ਸੀ । ਚੇਅਰਮੈਨ ਸਾਹਿਬ, ਇਸ ਦੇ ਵਿਚ ਪੰਜਾਬ ਪਹਿਲੀ ਸਟੇਟ ਹੈ ਜਿਸ ਨੇ ਵੋਕੇਸ਼ਨਲ ਐਜੂਕੇਸ਼ਨ ਆਪਣੇ ਸਕੂਲਾਂ ਵਿਚ ਸ਼ੁਰੂ ਕਰ ਦਿੱਤੀ ਹੈ । ਮਿਡਲ ਅਤੇ ਹਾਈ ਸਕੂਲਾਂ ਵਿਚ ਵਰਕਸ਼ਾਪਾਂ ਬਣਾ ਦਿੱਤੀਆਂ ਹਨ ਅਤੇ ਉਸਦੇ ਵਾਸਤੇ ਕਾਫ਼ੀ ਪੈਸਾ ਰੱਖਿਆ ਹੈ । ਅਗਲੇ ਸਾਲ ਲਈ ਜੋ ਇਸ ਕੰਮ ਵਾਸਤੇ ਪੈਸਾ ਰਖਿਆ ਹੈ ਉਸ ਦਾ ਜ਼ਿਕਰ ਮੈਂ ਜਦੋਂ ਬਜਟ ਪੇਸ਼ ਕਰਾਂਗਾ ਉਦੋਂ ਦੱਸਾਂਗਾ ਤਾਂ ਆਪ ਸਭ ਨੂੰ ਪਤਾ ਲਗ ਜਾਵੇਗਾ । ਬੀ.ਏ., ਐਮ.ਏ. ਪਾਸ ਕਰਕੇ ਕੋਈ ਆਪਣਾ ਕੰਮ ਸ਼ੁਰੂ ਨਹੀਂ ਕਰਦਾ ਸਵਾਏ ਸਰਕਾਰੀ ਨੌਕਰੀ ਮੰਗਣ ਦੇ । ਸਰਕਾਰ ਨੌਕਰੀਆਂ ਤਾਂ ਉਤਨੀਆਂ ਹੀ ਦੇ ਸਕਦੀ ਹੈ ਜਿੰਨੀਆਂ ਦੀ ਕਿ ਉਸ ਨੂੰ ਲੋੜ ਹੈ। ਸੋ ਪੰਜਾਬ ਦੇ ਅੰਦਰ ਵੋਕੇਸ਼ਨਲ ਐਜੂਕੇਸ਼ਨ ਸ਼ੁਰੂ ਕੀਤੀ ਹੈ ਅਤੇ ਇਸ ਦੇ ਲਈ ਪਹਿਲਾਂ 1 ਕਰੋੜ ਰੁਪਿਆ ਰੱਖਿਆ ਗਿਆ ਸੀ । ਐਤਕੀ 2 ਕਰੋੜ ਰੁਪਿਆ ਰੱਖਿਆ ਹੈ ਅਤੇ ਅਗਲੇ ਸਾਲ ਵਾਸਤੇ ਵੀ ਰੱਖਿਆ ਹੈ ਜਿਹੜਾ ਮੈਂ 29 ਤਾਰੀਖ ਨੂੰ ਆਪਣੀ ਬੱਜਟ ਸਪੀਚ ਵਿਚ ਦੱਸਾਂਗਾ ਤਾਂਕਿ ਸਕੂਲਾਂ ਵਿਚ ਇਸ ਕਿਸਮ ਦੀ ਸਿੱਖਿਆ ਦਿੱਤੀ ਜਾਵੇ ਕਿ ਨੌਜਵਾਨ ਆਪਣਾ ਰੋਜ਼ਗਾਰ ਕਮਾ ਸਕਣ । ਇਸ ਤੋਂ ਇਲਾਵਾ ਚੇਅਰਮੈਨ ਸਾਹਿਬ, 14 ਕਰੋੜ ਰੁਪਿਆ ਯੂਨੀਵਰਸਟੀਆਂ ਨੂੰ ਵੀ ਦਿੱਤਾ ਗਿਆ ਸੀ ਤਾਂਕਿ ਲੜਕਿਆਂ ਨੂੰ ਮਿਡਲ ਤੇ ਮੈਟਰਿਕ ਤੋਂ ਹੀ ਕਾਲਜ ਤੱਕ ਪੜ੍ਹਾਉਣ ਲਈ ਟੀਚਰਾਂ ਨੂੰ ਟਰੇਨਿੰਗ ਦਿੱਤੀ ਜਾਵੇ । ਪਹਿਲੀ ਗਲ ਇਹ ਹੋਵੇ ਕਿ ਜਦੋਂ ਉਹ ਲੋਕ ਯੂਨੀਵਰਸਟੀਆਂ ਵਿਚੋਂ ਨਿਕਲਣ ਉਨ੍ਹਾਂ ਨੂੰ ਸਾਡੀ ਅਕਾਨਮੀ ਐਬਜ਼ਾਰਵ ਕਰ ਲਵੇ । (ਵਿਘਨ)

Original with:
Punjab Vidhan Sabha
Digitized by:
Panjab Digital Library

[ਵਿੱਤ ਮੰਤਰੀ]

ਇਸ ਤੋਂ ਇਲਾਵਾ, ਚੇਅਰਮੈਨ ਸਾਹਿਬ, ਮੈਂ ਇਕ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਾਡੀ ਡਿਵੈਲਪਮੈਂਟ ਜੋ ਅਸੀਂ ਕੀਤੀ ਹੈ ਪੰਜਾਬ ਦੇ ਅੰਦਰ ਉਸ ਡਿਵੈਲਪਮੈਂਟ ਵਿਚ ਅਸੀਂ ਪ੍ਰੋਡਕਸ਼ਨ ਦਾ ਖਿਆਲ ਰੱਖਿਆ ਹੈ। ਪ੍ਰੋਡਕਟਿਵ ਇਕਾਨਮੀ ਨੂੰ ਜੈਨਰੇਟ ਕਰਨ ਦਾ ਖਿਆਲ ਅਸੀਂ ਰੱਖਿਆ ਹੈ। ਅਗਰ ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਅਲਾਊਂਸ ਦੇਣਾ ਸ਼ੁਰੂ ਕਰ ਦੇਈਏ ਤਾਂ ਸਾਰਾ ਰੁਪਿਆ ਜਿਹੜਾ ਅਸੀਂ ਡਿਵੈਲਪਮੈਂਟ ਦੇ ਕੰਮਾਂ ਵਿਚ ਲਾਉਂਦੇ ਹਾਂ ਤਾਂ ਉਹ ਤਾਂ ਅਲਾਊਂਸ ਵਿਚ ਹੀ ਲੱਗ ਜਾਵੇਗਾ। ਇਰੀਗੇਸ਼ਨ ਨਹੀਂ ਹੋਵੇਗੀ, ਪਾਵਰ ਜੈਨਰੇਸ਼ਨ ਨਹੀਂ ਹੋਵੇਗੀ, ਇੰਡਸਟਰੀ ਨਹੀਂ ਚੱਲੇਗੀ ਅਤੇ ਸੋਸ਼ਲ ਵੈਲਫ਼ੇਅਰ ਦੇ ਜੋ ਕੰਮ ਹਨ ਉਹ ਤੁਹਾਡੇ ਨਹੀਂ ਚਲਣਗੇ, ਇਹ ਹੀ ਸਾਰਾ ਰੁਪਿਆ ਖਾ ਜਾਣਗੇ। ਇਸ ਲਈ ਮੈਂ ਮੂਵਰ ਸਾਹਿਬ ਦੀ ਇੱਜ਼ਤ ਕਰਦਾ ਹੋਇਆ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਅਲਾਊਂਸ ਮੰਗਣਾ ਬਹੁਤ ਮਾੜੀ ਗੱਲ ਹੈ। ਇਹ ਪੰਜਾਬੀ ਆਪਣੇ ਪੈਰਾਂ ਤੇ ਆਪ ਖੜਾ ਹੋ ਸਕਦਾ ਹੈ, ਇਸ ਵੇਲੇ ਖੜਾ ਹੈ ਅਤੇ ਹੋਰ ਵੀ ਆਪਣੇ ਪੈਰਾਂ ਤੇ ਆਪ ਖੜਾ ਹੋਵੇਗਾ। ਚੇਅਰਮੈਨ ਸਾਹਿਬ, ਇਹ ਮੈਂ ਦੱਸਣਾ ਚਾਹੁੰਦਾ ਹਾਂ ਕਿ ਅਨਐਜੂਕੇਟਿਡ ਬੰਦਿਆਂ ਦੇ ਰੋਜ਼ਗਾਰ ਦਾ ਜੋ ਮਸਲਾ ਹੈ ਉਸ ਤੋਂ ਪੰਜਾਬ ਹੁਣ ਤੰਗ ਨਹੀਂ ਰਿਹਾ। ਬਾਕੀ ਦੇ ਪ੍ਰਾਂਤਾਂ ਵਿਚ, ਮੇਰੇ ਕਾਮਰੇਡ ਸਾਥੀ ਵੀ ਇਸ ਗੱਲ ਨੂੰ ਮੰਨਣਗੇ ਕਿ, ਜਿਹੜੇ ਅਨਐਜੂਕੇਟਿਡ ਹਨ ਉਨ੍ਹਾਂ ਦੇ ਰੋਜ਼ਗਾਰ ਦਾ ਵੀ ਮਸਲਾ ਜੋ ਹੈ ਉਹ ਐਜੂਕੇਟਿਡ ਤਬਕੇ ਦੇ ਬਰਾਬਰ ਹੀ ਉਨ੍ਹਾਂ ਨੂੰ ਤੰਗ ਕਰ ਰਿਹਾ ਹੈ ਪਰ ਸਾਡੇ ਪੰਜਾਬ ਦੇ ਸੂਬੇ ਵਿਚ ਅਨਐਜੂਕੇਟਿਡ ਲੋਕਾਂ ਦੇ ਰੋਜ਼ਗਾਰ ਦਾ ਮਸਲਾ ਨਹੀਂ ਕਿਉਂਕਿ ਅਸੀਂ ਪ੍ਰੋਡਕਟਿਵ ਓਰੀਐਂਟਿਡ ਇਕਾਨਮੀ ਬਣਾਈ ਹੈ। ਐਜੂਕੇਟਿਡ ਲੋਕਾਂ ਦਾ ਵੀ ਜਿਹੜਾ ਮਸਲਾ ਹੈ ਇਸ ਦੇ ਬਾਰੇ ਜੇ ਮੈਂ ਆਪ ਦੇ ਸਾਹਮਣੇ ਅੰਕੜੇ ਰੱਖਾਂ ਤਾਂ ਆਪ ਨੂੰ ਪਤਾ ਲਗੇਗਾ ਕਿ ਅਸੀਂ ਕਿੰਨਾਂ ਕੰਮ ਕੀਤਾ ਹੈ। 1971-72 ਵਿਚ 25,000 ਪੜ੍ਹੇ ਲਿਖੇ ਅਨਐਂਪਲਾਇਡ ਬੰਦੇ ਵੱਧੇ ਹਨ ਔਰ 34,874 ਬੰਦਿਆਂ ਨੂੰ 1971-72 ਵਿਚ ਨੌਕਰੀ ਮਿਲੀ ਹੈ। ਇਸ ਦੇ ਵਿਚ ਜਿਹੜੀ ਗੌਰਮਿੰਟ ਦੀ ਨੌਕਰੀ ਥਰੂ ਸਬਾਰਡੀਨੇਟ ਸਰਵਿਸਿਜ਼ ਸਿਲੈਕਸ਼ਨ ਬੋਰਡ ਔਰ ਪਬਲਿਕ ਸਰਵਿਸ ਕਮਿਸ਼ਨ ਮਿਲੀ ਹੈ ਉਹ 7998 ਬੰਦਿਆਂ ਨੂੰ ਮਿਲੀ ਹੈ। 1972-73 ਵਿਚ 40,000 ਹੋਰ ਵਧੇ ਹਨ ਅਤੇ 1972-73 ਵਿਚ 34,000 ਬੰਦਿਆਂ ਨੂੰ ਨੌਕਰੀ ਦਿਵਾਈ ਹੈ ਔਰ 10,000 ਬੰਦਿਆਂ ਨੂੰ ਗੌਰਮਿੰਟ ਅਦਾਰਿਆਂ ਵਿਚ ਸਬਾਰਡੀਨੇਟ ਸਰਵਿਸ ਸਿਲੈਕਸ਼ਨ ਬੋਰਡ, ਪਬਲਿਕ ਸਰਵਿਸ ਕਮਿਸ਼ਨ ਜਾਂ ਡਾਇਰੈਕਟ ਰਿਕਰੂਟਮੈਂਟ ਰਾਹੀਂ ਨੌਕਰੀ ਮਿਲੀ ਹੈ। 1973-74 ਵਿਚ 46,000 ਪੜ੍ਹੇ ਲਿਖੇ ਅਨਐਂਪਲਾਇਡ ਹੋਰ ਵੱਧੇ ਹਨ ਅਤੇ 42,249 ਬੰਦਿਆਂ ਨੂੰ ਨੌਕਰੀ ਦਿਵਾਈ ਹੈ ਔਰ 16,000 ਬੰਦਿਆਂ ਨੂੰ ਗੌਰਮਿੰਟ ਅਦਾਰਿਆਂ ਵਿਚ ਨੌਕਰੀ ਮਿਲੀ ਹੈ।

ਇਸ ਤੋਂ ਇਲਾਵਾ, ਚੇਅਰਮੈਨ ਸਾਹਿਬ, ਐਪਰੈਂਟਿਸਸ਼ਿਪ ਸਕੀਮ ਦੇ ਤਹਿਤ 2088 ਬੰਦਿਆਂ ਨੂੰ ਆਪਣੇ ਕੋਲੋਂ ਪੈਸੇ ਦੇ ਕੇ ਅਸੀਂ ਟਰੇਨਿੰਗ ਦਿਵਾਈ ਹੈ ਤਾਂਕਿ ਉਨ੍ਹਾਂ ਨੂੰ ਨੌਕਰੀ ਮਿਲ ਸਕੇ। ਇਸ ਤੋਂ ਇਲਾਵਾ 1500 ਇੰਜੀਨੀਅਰਜ਼ ਔਰ ਟੈਕਨੀਕਲ ਆਦਮੀਆਂ ਨੂੰ ਇਸ ਕਾਬਲ ਬਣਾਇਆ ਹੈ ਕਿ ਉਹ ਸੀਡ-ਮਨੀ ਲੈ ਕੇ ਅਤੇ ਫਾਈਨਾਂਸ਼ਲ ਬੈਂਕ ਤੋਂ ਪੈਸੇ ਲੈ ਕੇ ਇੰਡਸਟਰੀਅਲ ਸ਼ੈਡ ਵਗੈਰਾ ਬਣਾ ਸਕਣ ਅਤੇ ਇਸ ਤਰ੍ਹਾਂ ਉਹ ਆਪਣੇ ਪੈਰਾਂ ਤੇ ਆਪ ਖੜੇ ਹੋ ਸਕਣ। ਇਹ ਇੰਡਸਟਰੀਅਲ ਸ਼ੈਡ ਮੁਹਾਲੀ, ਢੰਡਾਰੀਕਲਾਂ, ਅੰਮ੍ਰਿਤਸਰ

Original with; Punjab Vidhan Sabha Digitized by; Panjab Digital Library

ਅਤੇ ਫਗਵਾੜਾ ਵਿਚ ਬਣੇ ਹਨ। ਅਗਰ ਚੇਅਰਮੈਨ ਸਾਹਿਬ, ਤੁਸੀਂ ਇਸ ਗਲ ਵਲ ਧਿਆਨ ਦਿਉਗੇ ਤਾਂ ਤੁਹਾਨੂੰ ਪਤਾ ਲਗੇਗਾ ਕਿ 1972-73 ਦਾ ਜਿਹੜਾ ਪਲਾਨ 80 ਕਰੋੜ ਰੁਪਏ ਦਾ ਸੀ ਉਸ ਨੂੰ 110 ਕਰੋੜ ਰੁਪਏ ਦਾ ਗਿਆਨੀ ਜ਼ੈਲ ਸਿੰਘ ਜੀ ਬਣਵਾ ਕੇ ਲਿਆਏ। ਅਗਲੇ ਸਾਲ 123 ਕਰੋੜ ਦਾ ਅਤੇ ਉਸ ਤੋਂ ਅਗਲੇ ਸਾਲ ਜਿਹੜਾ ਕਿ ਕਰੰਟ ਈਯਰ ਚਲ ਰਿਹਾ ਹੈ 163 ਕਰੋੜ ਰੁਪਏ ਦਾ ਅਤੇ ਹੁਣ 219 ਕਰੋੜ ਰੁਪਏ ਦਾ ਪਲਾਨ ਹੈ। (ਥੰਪਿੰਗ) ਇਹ ਸਾਰਾ ਰੁਪਿਆ ਕਿਥੇ ਜਾਣਾ ਹੈ ? ਇਸ ਨੇ ਸਾਰੀ ਐਂਪਲਾਇਮੈਂਟ ਕਰੀਏਟ ਕਰਨੀ ਹੈ। ਇਹ ਰੁਪਿਆ ਇੰਡਸਟਰੀ, ਐਗਰੀਕਲਚਰ, ਇਰੀਗੇਸ਼ਨ ਔਰ ਬਿਜਲੀ ਇਨ੍ਹਾਂ ਚਾਰ ਚੀਜ਼ਾਂ ਤੇ ਮੁੱਖ ਰੂਪ ਵਿਚ ਖ਼ਰਚ ਹੋਣਾ ਹੈ। ਨਾਨ-ਪਲੈਨ ਖਰਚ ਦਾ ਜ਼ਿਕਰ ਮੈਂ ਆਪਣੇ ਬਜਟ ਵਿਚ ਕਰਾਂਗਾ। ਚੇਅਰਮੈਨ ਸਾਹਿਬ, ਹਾਊਸ ਇਸ ਗਲ ਨੂੰ ਮੰਨ ਗਿਆ ਹੈ ਕਿ ਪੰਜਾਬ ਇਸ ਗੱਲ ਵੱਲ ਹੋ ਗਿਆ ਹੈ ਅਤੇ ਪੰਜਾਬ ਇਸ ਹਾਲਤ ਵਿਚ ਹੈ ਕਿ ਜਿਹੜੇ ਪੜ੍ਹੇ ਲਿਖੇ ਨੌਜਵਾਨ ਹਨ ਉਨ੍ਹਾਂ ਦਾ ਮਸਲਾ ਅਸੀਂ ਕਾਫ਼ੀ ਹਦ ਤੱਕ ਹੱਲ ਕਰ ਦਿਆਂਗੇ। (ਥੰਪਿੰਗ) ਲੇਕਿਨ ਗੌਰਮਿੰਟ ਨੌਕਰੀ ਦੇਵੇ ਜਾਂ ਅਲਾਊਂਸ ਦੇਵੇ ਇਸ ਦਾ ਇਹ ਹੱਲ ਨਹੀਂ ਹੈ। ਇਸ ਦਾ ਹੱਲ ਇਹ ਹੈ ਕਿ ਇਨ੍ਹਾਂ ਨੂੰ ਇਸ ਕਾਬਲ ਬਣਾਇਆ ਜਾਵੇ ਕਿ ਛੋਟੇ ਛੋਟੇ ਕੰਮ ਉਹ ਆਪ ਕਰਨ। ਐਨੀਮਲ ਹਸਬੈਂਡਰੀ ਅਤੇ ਕੋਆਪ੍ਰੇਟਿਵ ਮਹਿਕਮੇ ਵਿਚ ਤੁਸੀਂ ਵੇਖਿਆ ਹੋਵੇਗਾ, ਜਿਹੜੇ ਪੜ੍ਹੇ ਲਿਖੇ ਲੋਕ ਹਨ ਉਨ੍ਹਾਂ ਨੇ ਕੋਆਪ੍ਰੇਟਿਵ ਸੋਸਾਇਟੀਆਂ ਬਣਾ ਕੇ ਆਪਣੇ ਕਾਰੋਬਾਰ ਸ਼ੁਰੂ ਕੀਤੇ ਹੋਏ ਹਨ। ਉਨ੍ਹਾਂ ਨੂੰ ਸਹੂਲਤਾਂ ਦਿਤੀਆਂ ਹਨ ਤਾਂਕਿ ਉਨ੍ਹਾਂ ਵਿਚ ਜਜ਼ਬਾ ਆਵੇ ਕਿ ਅਸੀਂ ਕੰਮ ਕਰੀਏ ਪਰ ਜੇ ਕਿਤੇ ਇਹ ਅਲਾਊਂਸ ਵਾਲਾ ਜਜ਼ਬਾ ਪੈ ਗਿਆ ਜਿਹੜਾ ਕਿ ਸੋਸ਼ਲਿਸਟਿਕ ਕੰਟਰੀਜ਼ ਵਿਚ ਕਿਤੇ ਨਹੀਂ ਹੈ, ਇਹ ਸੋਸ਼ਲਿਸਟਕ ਪੈਟਰਨ ਦੇ ਖਿਲਾਫ਼ ਹੈ, ਤਾਂ ਪੰਜਾਬ ਨੂੰ ਇਹ ਨਾਕਾਰਾ ਕਰ ਦੇਵੇਗਾ, ਪੰਜਾਬ ਨੂੰ ਮੰਗਣ ਵਾਲਾ ਕਰ ਦੇਵੇਗਾ। ਮੈਂ ਨਿਹਾਇਤ ਅਦਬ ਨਾਲ ਮੂਵਰ ਸਾਹਿਬ ਨੂੰ ਇਹ ਅਰਜ਼ ਕਰਾਂਗਾ ਕਿ ਉਨ੍ਹਾਂ ਦੀ ਭਾਵਨਾ ਅੱਛੀ ਹੈ.... (ਵਿਘਨ)

**ਕਾਮਰੇਡ ਸੱਤ ਪਾਲ ਡਾਂਗ** : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ਼ ਇਨਫ਼ਰਮੇਸ਼ਨ ਇਹ ਹੈ ਕਿ ਮਨਿਸਟਰ ਸਾਹਿਬ ਨੇ ਬਾਰ ਬਾਰ ਕਿਹਾ ਹੈ ਕਿ ਸੋਸ਼ਲਿਸਟਿਕ ਮੁਲਕਾਂ ਵਿਚ ਅੱਨ-ਐਂਪਲਾਇਮੈਂਟ ਅਲਾਊਂਸ ਨਹੀਂ ਹੁੰਦਾ। ਮੈਂ ਇਹ ਵਾਕਫ਼ੀਅਤ ਲੈਣਾ ਚਾਹੁੰਦਾ ਹਾਂ ਕਿ ਜਿਸ ਮੁਲਕ ਵਿਚ ਅੱਨ-ਐਂਪਲਾਇਮੈਂਟ ਹੀ ਨਹੀਂ ਉਥੇ ਕੌਣ ਅਲਾਊਂਸ ਮੰਗੇਗਾ। ਇਹ ਤਾਂ ਸਰਮਾਏਦਾਰ ਮੁਲਕਾਂ ਵਿਚ ਹੁੰਦਾ ਹੈ...... (ਵਿਘਨ)

**ਵਿੱਤ ਮੰਤਰੀ** : ਚੇਅਰਮੈਨ ਸਾਹਿਬ, ਅਮਰੀਕਾ ਵਿਚ ਇਹ ਅਲਾਊਂਸ ਨਹੀਂ ਮਿਲਦਾ। ਇਹ ਤਾਂ ਐਵੇਂ ਹੀ ਆਪਣੇ ਵੱਲ ਲੈ ਗਏ ਹਨ। ਮੈਂ ਅਰਜ਼ ਕਰਾਂ ਕਿ ਜਦੋਂ ਰੂਸ ਵਿਚ ਇਨਕਲਾਬ ਆਇਆ, ਰੂਸ ਨੇ ਆਜ਼ਾਦੀ ਲਈ ਉਸ ਤੋਂ 15 ਸਾਲ ਤੱਕ ਜਦੋਂ ਉਥੇ ਸੋਸ਼ਲਿਜ਼ਮ ਬਣਦਾ ਪਿਆ ਸੀ ਤਾਂ ਉਥੇ ਉਸ ਦੌਰਾਨ ਐਜੂਕੇਟਿਡ ਔਰ ਅੱਨ-ਐਜੂਕੇਟਿਡ ਦਨੋਂ ਬੇਕਾਰ ਰਹੇ। ਲੇਕਿਨ ਚੂੰਕਿ ਉਥੇ ਸੋਸ਼ਲਿਜ਼ਮ ਬਣਦਾ ਪਿਆ ਸੀ ਇਸ ਕਰਕੇ ਕਿਸੇ ਨੇ ਨਹੀਂ ਕਿਹਾ ਕਿ ਅਲਾਊਂਸ ਦਿਤਾ ਜਾਏ। ਮੈਂ ਨਿਹਾਇਤ ਅਦਬ ਨਾਲ ਅਰਜ਼ ਕਰਦਾ ਹਾਂ ਕਿ ਇਥੇ ਸਾਡੇ ਮੁਲਕ ਵਿਚ ਸੋਸ਼ਲਿਜ਼ਮ ਬਣਦਾ ਪਿਆ ਹੈ ਤੁਸੀਂ ਸਾਰਾ ਰੁਪਿਆ ਐਸੇ ਪਾਸੇ ਲਾਓ ਕਿ ਪੰਜਾਬ ਦਾ ਢਾਂਚਾ ਹੀ ਹੋਰ ਹੋ ਜਾਏ ਅਤੇ ਇਥੇ ਪੜ੍ਹਿਆ ਲਿਖਿਆ ਕੋਈ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਬੇਰੋਜ਼ਗਾਰ ਨਜ਼ਰ ਹੀ ਨਾ ਆਵੇ । ਇਸ ਵਕਤ ਦੋ ਮਸਲੇ ਹਨ । ਇਕ ਤਾਂ ਇਹ ਕਿ ਜਿਹੜੇ ਯੂਨੀਵਰਸਿਟੀਆਂ ਤੋਂ ਆਲਰੈਡੀ ਡਿਗਰੀ ਲੈ ਚੁਕੇ ਹਨ ਅਤੇ ਦੂਸਰਾ ਉਨ੍ਹਾਂ ਦਾ ਜਿਨ੍ਹਾਂ ਨੇ ਲੈਣੀਆਂ ਹਨ......

**ਕਾਮਰੇਡ ਅਰਜਨ ਸਿੰਘ ਮਸਤਾਨਾ** : ਚੇਅਰਮੈਨ ਸਾਹਿਬ, ਮੈਂ ਇਹ ਵਾਕਫ਼ੀਅਤ ਲੈਣਾ ਚਾਹੁੰਦਾ ਹਾਂ ਕਿ ਇਹ 15 ਸਾਲਾਂ ਦਾ ਜਿਹੜਾ ਰੂਸ ਬਾਰੇ ਮੰਤਰੀ ਸਾਹਿਬ ਨੇ ਕਿਹਾ ਹੈ, ਇਹ ਕਿਥੋਂ ਪੜ੍ਹਿਆ ਹੈ ਇਨ੍ਹਾਂ ਨੇ ?

**ਵਿੱਤ ਮੰਤਰੀ** : ਚੇਅਰਮੈਨ ਸਾਹਿਬ, ਇਨ੍ਹਾਂ ਨਾਲੋਂ ਮੈਂ ਜ਼ਿਆਦਾ ਮਾਰਕਸਿਜ਼ਮ ਨੂੰ ਸਮਝਦਾ ਹਾਂ । ਚੇਅਰਮੈਨ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਜਿਹੜੇ ਕਦਮ ਅਸੀਂ ਪੰਜਾਬ ਵਿਚ ਉਠਾਏ ਹਨ, ਇਹ ਪੰਜਾਬ ਦੀ ਬਿਹਤਰੀ ਵਾਸਤੇ ਹਨ । ਇਹ ਉਸ ਕਮੇਟੀ ਦੀ ਰਿਪੋਰਟ ਦੀ ਇੰਤਜ਼ਾਰ ਕਰਨ, ਉਸ ਦੀ ਰਿਪੋਰਟ ਆਉਣ ਵਾਲੀ ਹੈ । ਜਿਹੜੇ ਇਸ ਵੇਲੇ ਬੀ. ਏ., ਐਮ. ਏ. ਫਿਰਦੇ ਹਨ ਉਨ੍ਹਾਂ ਦਾ ਇਲਾਜ ਕਰ ਰਹੇ ਹਾਂ ਅਤੇ ਜਿਨ੍ਹਾਂ ਨੇ ਅਗੇ ਨੂੰ ਕਰਨੀ ਹੈ ਉਨ੍ਹਾਂ ਦਾ ਸਕੂਲਾਂ ਵਿਚ ਇੰਤਜ਼ਾਮ ਸ਼ੁਰੂ ਕਰ ਦਿਤਾ ਹੈ ਤਾਂਕਿ ਉਹ ਆਪਣੀ ਰੋਟੀ ਉਥੋਂ ਨਿਕਲਣ ਸਾਰ ਹੀ ਕਮਾ ਸਕਣ । ਇਤਨੇ ਸ਼ਬਦਾਂ ਨਾਲ ਮੈਂ ਬੈਠਦਾ ਹਾਂ ।

**ਸ਼੍ਰੀ ਪ੍ਰੇਮ ਗੁਪਤਾ** (ਪਟਿਆਲਾ) : ਚੇਅਰਮੈਨ ਸਾਹਿਬ, ਇਸ ਰੈਜ਼ੋਲਿਊਸ਼ਨ ਤੇ ਹਾਊਸ ਦੇ ਵੱਖ ਵੱਖ ਮੈਂਬਰਾਂ ਨੇ ਆਪਣੇ ਵਿਚਾਰ ਰੱਖੇ ਹਨ ਅਤੇ ਸ਼ਰਮਾ ਜੀ ਨੇ ਇੰਟਰਵੀਨ ਕਰਦੇ ਹੋਇਆਂ ਜੋ 1972 ਤੋਂ ਬਾਅਦ ਪੰਜਾਬ ਸਰਕਾਰ ਦੀਆਂ ਇਸ ਸਬੰਧ ਵਿਚ ਸਕੀਮਾਂ ਸਨ ਜਾਂ ਅਚੀਵਮੈਂਟਸ ਸਨ ਉਹ ਸਾਨੂੰ ਦਸੀਆਂ ਹਨ । ਮੈਂ ਇਸ ਰੈਜ਼ੋਲਿਊਸ਼ਨ ਦਾ ਮਤਲਬ ਜਿਸ ਤਰ੍ਹਾਂ ਇਨ੍ਹਾਂ ਨੇ ਦਸਿਆ ਹੈ ਕਿ ਸੋਸ਼ਲਿਜ਼ਮ ਬਣ ਰਿਹਾ ਹੈ ਅਤੇ ਅਸੀਂ ਸਾਰੇ ਇਸ ਡਾਇਰੈਕਸ਼ਨ ਵੱਲ ਚਲ ਰਹੇ ਹਾਂ । ਇਸ ਦਾ ਜਿਹੜਾ ਟਰਾਂਜ਼ੀਸ਼ਨਲ ਪੀਰੀਅਡ ਹੈ ਉਸ ਦੇ ਵਿਚ ਜਿਹੜੀ ਅੱਨ-ਐਂਪਲਾਇਮੈਂਟ ਹੈ ਉਸ ਦਾ ਸਾਲੂਸ਼ਨ ਲਭਿਆ ਹੈ ਕਿ ਅਲਾਊਂਸ ਦਿਓ ਜਾਂ ਐਂਪਲਾਇਮੈਂਟ ਦਿਤੀ ਜਾਵੇ । ਇਹ ਨਹੀਂ ਕਿ ਅਲਾਊਂਸ ਜ਼ਰੂਰੀ ਦਿਤਾ ਜਾਵੇ। ਰੈਜ਼ੋਲਿਊਸ਼ਨ ਦੇ ਮੂਵਰ ਸਾਹਿਬ ਇਸ ਗੱਲ ਤੇ ਬਜ਼ਿਦ ਨਹੀਂ; ਇਹ ਉਨ੍ਹਾਂ ਦੀ ਰਾਏ ਹੈ । ਇਹੋ ਜਿਹੇ ਕਾਰੋਬਾਰ ਕਰੀਏਟ ਕੀਤੇ ਜਾਣ ਜਿਨ੍ਹਾਂ ਕਰਕੇ ਪੜ੍ਹੇ ਲਿਖੇ ਲੋਕ ਬੇਕਾਰ ਨਾ ਰਹਿਣ । ਮੈਂ ਇਹ ਪੁਛਣਾ ਚਾਹੁੰਦਾ ਹਾਂ ਉਸ ਆਨਰੇਬਲ ਮੈਂਬਰ ਸਾਹਿਬ ਨੂੰ ਕਿ ਅਨਪੜ੍ਹ ਲੋਕਾਂ ਨੇ ਕੀ ਕਸੂਰ ਕੀਤਾ ਹੈ ਕਿ ਉਹ ਬੇਕਾਰ ਜ਼ਰੂਰ ਰਹਿਣ । ਇਥੇ ਸਾਡਾ ਮਤਲਬ ਇਹ ਹੈ ਕਿ ਪੰਜਾਬ ਦੇ ਵਿਚ ਜਿਹੜੀ ਯੂਥ ਹੈ ਚਾਹੇ ਪੜ੍ਹੀ ਲਿਖੀ ਹੈ ਚਾਹੇ ਅਨਪੜ੍ਹ ਹੈ, ਉਹ ਬੇਕਾਰ ਨਾ ਰਹੇ । ਮੈਂ ਇਹ ਕਹਿੰਦਾ ਹਾਂ ਕਿ ਇਕ ਤਾਂ ਉਨ੍ਹਾਂ ਅਨਪੜ੍ਹਾਂ ਨਾਲ ਸਮਾਜ ਨੇ ਬੇਇਨਸਾਫੀ ਕੀਤੀ ਹੈ ਕਿ ਉਸ ਨੂੰ ਐਜੂਕੇਸ਼ਨ ਪ੍ਰਾਪਤ ਕਰਨ ਦਾ ਮੌਕਾ ਨਹੀਂ ਮਿਲਿਆ । ਉਸ ਦੇ ਮਾਂ ਬਾਪ ਅਮੀਰ ਨਹੀਂ ਸੀ ਜਾਂ ਰਿਸੋਰਸਿਜ਼ ਨਹੀਂ ਸਨ ਜਾਂ ਉਸ ਦੇ ਪਿੰਡ ਦੇ ਨੇੜੇ ਤੇੜੇ ਕੋਈ ਸਕੂਲ ਨਹੀਂ ਸੀ । ਇਸ ਕਰਕੇ ਉਹ ਦਸਵੀਂ ਪਾਸ ਨਾ ਕਰ ਸਕਿਆ, ਕੀ ਇਸ ਲਈ ਉਸ ਨੂੰ ਇਗਨੋਰ ਕੀਤਾ ਜਾ ਰਿਹਾ ਹੈ, ਅਤੇ ਜਿਨ੍ਹਾਂ ਨੇ ਕਰ ਲਈ ਉਨ੍ਹਾਂ ਲਈ ਅਲਾਊਂਸ ਮੰਗਿਆ ਜਾ ਰਿਹਾ ਹੈ ? ਐਜੂਕੇਸ਼ਨ ਦਾ ਮਤਲਬ ਕੀ ਹੈ ? ਮੈਂ ਤਾਂ ਸਮਝਦਾ ਹਾਂ ਕਿ ਸਾਡੇ ਮੁਲਕ ਵਿਚ ਐਜੂਕੇਸ਼ਨ ਐਜ਼ ਏ ਹੋਲ ਸਮਝ

Original with;
Punjab Vidhan Sabha
Digitized by;
Panjab Digital Library

ਲੈਣੀ ਚਾਹੀਦੀ ਹੈ । ਸਾਡੇ ਮੁਲਕ ਤੇ ਵੈਸਟਰਨ ਸਿਵੇਲਾਈਜ਼ੇਸ਼ਨ ਦਾ ਪ੍ਰਭਾਵ ਹੈ, ਉਸ ਦੀ ਤਹਿਜ਼ੀਬ ਦਾ ਵੀ ਪ੍ਰਭਾਵ ਹੈ ਅਤੇ ਇਸ ਦੇ ਨਾਲ ਹੀ ਤਾਲੀਮ ਦਾ ਪ੍ਰਭਾਵ ਵੀ ਪਿਆ ਹੈ । ਇਸ ਦੇ ਨਾਲ ਹੀ ਇਹ ਸਮੱਸਿਆ ਅਤੇ ਹੋਰ ਵੀ ਸਮੱਸਿਆਵਾਂ ਆਈਆਂ ਹਨ । ਮੈਂ ਸਮਝਦਾ ਹਾਂ ਕਿ ਐਜੂਕੇਸ਼ਨ ਦਾ ਮਤਲਬ ਆਲ ਰਾਊਂਡ ਹਿਊਮੈਨ ਡਿਵੈਲਪਮੈਂਟ ਹੈ । ਇਸ ਦੇ ਨਾਲ ਹੀ ਪੁਲੀਟੀਕਲ, ਅਕਨਾਮੀਕਲ, ਮੈਂਟਲ ਸੋਸ਼ਲ ਤੇ ਨਾਲ ਹੀ ਬੈਲੈਂਸਡ ਸੋਸਾਇਟੀ ਦੀ ਡਿਵੈਲਪਮੈਂਟ ਦੀ ਸਮੱਸਿਆ ਹੈ ਅਤੇ ਨਾਲ ਹੀ ਜਿਹੜੇ ਪੜ੍ਹੇ ਲਿਖੇ ਹਨ ਉਨ੍ਹਾਂ ਦੀ ਐਂਪਲਾਇਮੈਂਟ ਦੀ ਵੀ ਸੱਮਸਿਆ ਹੈ । ਜੇਕਰ ਸਾਰੀਆਂ ਚੀਜ਼ਾਂ ਨੂੰ ਛੱਡ ਕੇ ਇਕ ਗੱਲ ਤੇ ਪੈ ਜਾਈਏ ਕਿ ਅਸੀਂ ਨੌਕਰੀਆਂ ਕਰਨੀਆਂ ਹਨ ਤਾਂ ਇਸ ਦਾ ਜਿਹੜਾ ਅਸਰ ਅੱਗੇ ਪੈਣਾ ਹੈ ਉਸ ਦਾ ਕੋਈ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ । ਅਗਰ ਕਿਸਾਨ ਦਾ ਮੁੰਡਾ ਕਹੇ ਕਿ ਮੈਂ ਪੜ੍ਹ ਕੇ ਹਲ ਨਹੀਂ ਚਲਾਉਂਦਾ, ਵਪਾਰੀ ਦਾ ਮੁੰਡਾ ਦੁਕਾਨ ਤੇ ਨਾ ਬੈਠੇ, ਅਗਰ ਕੋਈ ਟੈਕਨੋਕਰੇਟ ਦਾ ਮੁੰਡਾ ਜਾਂ ਕਿਸੇ ਇੰਜੀਨੀਅਰ ਦਾ ਮੁੰਡਾ ਜਿਸਦੀ ਕਿ ਕੋਈ ਆਪਣੀ ਵਰਕਸ਼ਾਪ ਹੈ ਅਤੇ ਉਸ ਦਾ ਮੁੰਡਾ ਅਗਰ ਉਥੇ ਜਾਣੋਂ ਬੰਦ ਹੋ ਜਾਏ ਤਾਂ ਅਸੀਂ ਕਹਿ ਸਕਦੇ ਹਾਂ ਕਿ ਜਿਹੜੀ ਡਿਗਨਿਟੀ ਆਫ਼ ਲੇਬਰ ਹੈ ਇਸ ਨੂੰ ਵੈਸਟਰਨ ਐਜੂਕੇਸ਼ਨ ਨੇ ਹਿੰਦੁਸਤਾਨ ਵਿਚੋਂ ਘਟਾਇਆ ਹੈ । ਇਸੇ ਕਰਕੇ ਹੀ ਸਾਰੀਆਂ ਸੱਮਸਿਆਵਾਂ ਪੈਦਾ ਹੋਈਆਂ ਹਨ । ਦੂਸਰੀ ਗੱਲ ਇਹ ਹੈ ਕਿ ਹਿੰਦੁਸਤਾਨ ਵਿਚ ਸਾਡਾ ਜਿਹੜਾ ਪਹਿਲਾਂ ਸੋਸ਼ਲ ਸਟਰੱਕਚਰ ਸੀ ਉਹ ਸੀ ਸਾਡਾ ਜੁਆਇੰਟ ਫੈਮਿਲੀ ਸਿਸਟਮ, ਉਸ ਦੇ ਮੁਤਾਬਕ ਸਾਰੇ ਭਰਾ ਇਕ ਸਾਂਝੇ ਤੌਰ ਤੇ ਰਹਿੰਦੇ ਸੀ । ਜੇਕਰ ਕੋਈ ਭਰਾ ਕੰਮ ਨਹੀਂ ਕਰ ਸਕਦਾ ਸੀ ਜਾਂ ਉਸ ਦਾ ਕੋਈ ਬੱਚਾ ਕੰਮ ਨਹੀਂ ਕਰ ਸਕਦਾ ਸੀ ਤਾਂ ਜੁਆਇੰਟ ਰਿਪਾਂਸੀ-ਬਿਲਿਟੀ ਹੁੰਦੀ ਸੀ । ਇਸ ਢੰਗ ਨਾਲ ਸਾਰੀ ਕੁਲੈਕਟਿਵ ਰਿਸਪਾਂਸੀਬਿਲਿਟੀ ਹੁੰਦੀ ਸੀ ਪਰ ਹੁਣ ਫਰੈਗਮੈਂਟੇਸ਼ਨ ਹੋ ਚੁਕੀ ਹੈ । ਸਾਰਾ ਐਜੂਕੇਸ਼ਨ ਦਾ ਸਿਸਟਮ ਜਿਹੜਾ ਹੈ ਇਸ ਨੂੰ ਰਿਵਾਈਜ਼ ਕੀਤਾ ਜਾਵੇ । 1947 ਤੋਂ ਬਾਅਦ ਕਈ ਕਮਿਸ਼ਨ ਬਣੇ । 1966 ਵਿਚ ਇਕ ਕੁਠਾਰੀ ਕਮਿਸ਼ਨ ਬਣਿਆ । ਉਸ ਦੇ ਵਿਚ ਫ਼ਾਰਨਰਜ਼ ਐਸੋਸੀਏਟ ਕੀਤੇ ਗਏ । ਰਸ਼ੀਅੱਨ ਵੀ ਉਸ ਵਿਚ ਸਨ । ਜਿਹੜੀਆਂ ਸਾਡੀਆਂ ਨੈਸ਼ਨਲ ਨੀਡਜ਼ ਹਨ ਉਨ੍ਹਾਂ ਨੂੰ ਕਿਸ ਤਰੀਕੇ ਨਾਲ ਡਾਈਵਰਸੀਫ਼ਾਈ ਕੀਤਾ ਜਾਏ । ਮੈਂ ਵੋਕੇਸ਼ਨੇਲਾਈਜ਼ੇਸ਼ਨ ਆਫ਼ ਐਜੂਕੇਸ਼ਨ ਦੇ ਨਾਲ ਸਹਿਮਤ ਨਹੀਂ । ਜਦੋਂ ਸਾਡੇ ਆਈ. ਟੀ. ਆਈ. ਤੋਂ ਆਏ ਬੰਦੇ ਫੇਲ੍ਹ ਹੋ ਰਹੇ ਹਨ ਤਾਂ ਫਿਰ ਇਹ ਵੋਕੇਸ਼ਨੇਲਾਈਜ਼ੇਸ਼ਨ ਕਿਸ ਤਰ੍ਹਾਂ ਸਕਸੈਸਫੁਲ ਹੋ ਸਕਦੀ ਹੈ । ਮੈਂ ਕਹਿੰਦਾ ਹਾਂ ਕਿ ਐਜੂਕੇਸ਼ਨ ਐਜ਼-ਏ-ਹੋਲ ਇਸ ਗੱਲ ਤੇ ਨਾ ਰਖੀਏ ਕਿ ਅਸੀਂ ਪੜ੍ਹ ਲਿਖ ਕੇ ਨੌਕਰੀ ਕਰਨੀ ਹੈ ਇਸ ਦੇ ਵਿਚ ਹਿਊਮੈਨ ਡਿਵੈਲਪਮੈਂਟ ਦਾ ਆਸਪੈਕਟ ਵੀ ਰਖੀਏ । ਅਸੀਂ ਕਨੇਡਾ, ਇੰਗਲੈਂਡ, ਫ਼ਰਾਂਸ, ਰੂਸ ਦੀਆਂ ਗੱਲਾਂ ਕਰਦੇ ਹਾਂ ਭਾਵੇਂ ਬੰਬਈ ਨਾ ਵੇਖਿਆ ਹੋਵੇ । ਅਸੀਂ ਇਹ ਨਹੀਂ ਵੇਖਦੇ ਕਿ ਸਾਡੇ ਹਿੰਦੁਸਤਾਨ ਦੀ ਕੀ ਕੰਡੀਸ਼ਨ ਹੈ । ਮੈਂ ਕਹਿੰਦਾ ਹਾਂ ਕਿ ਇੰਗਲੈਂਡ ਵਿੱਚ ਅਨ-ਐਂਪਲਾਇਮੈਂਟ ਅਲਾਊਂਸ 100 ਰੁਪਏ ਮਹੀਨਾ ਮਿਲਦਾ ਹੈ । ਤੁਸੀਂ ਇਥੇ 500 ਰੁਪਏ ਦੇ ਦਿਓ । ਲੇਕਿਨ ਕੀ ਤੁਸੀਂ ਹਿੰਦੁਸਤਾਨ ਦੀ ਇਕਾਨਮੀ ਇੰਗਲੈਂਡ ਵਰਗੀ ਬਣਾਉਣਾ ਚਾਹੁੰਦੇ ਹੋ ? ਜਿਸ ਤਰ੍ਹਾਂ ਉਥੇ ਇਕ ਇਮਪੀਰੀਅ-ਲਿਸਟ ਪਾਵਰ ਨੇ ਦੁਨੀਆਂ ਨੂੰ ਐਕਸਪਲਾਇਟ ਕੀਤਾ ਕੀ ਤੁਸੀਂ ਵੀ ਆਪਣੀ ਨੇਸ਼ਨ ਨੂੰ ਉਸ ਤਰੀਕੇ ਵਿਚ ਕਨਵਰਟ ਕਰਨਾ ਚਾਹੁੰਦੇ ਹੋ ? ਅਮਰੀਕਾ ਬਾਰੇ ਸ਼ਰਮਾ ਜੀ ਨੇ ਦਸਿਆ ਹੈ ਕਿ ਉਥੇ ਅਨ-ਐਂਪਲਾਇਮੈਂਟ ਅਲਾਊਂਸ ਨਹੀਂ ਦਿੱਤਾ ਜਾਂਦਾ । ਅਸੀਂ ਅਮਰੀਕਾ

Original with;
Punjab Vidhan Sabha
Digitized by;
Panjab Digital Library

[ਸ੍ਰੀ ਪ੍ਰੇਮ ਗੁਪਤਾ]

ਦੀਆਂ ਨੀਤੀਆਂ ਕਨਡੈਮ ਕਰਦੇ ਹਾਂ, ਉਨ੍ਹਾਂ ਨੂੰ ਪਸੰਦ ਨਹੀਂ ਕਰਦੇ । ਮੈਂ ਐਜੂਕੇਸ਼ਨ ਦੇ ਬਾਰੇ ਵਿਚ ਸ਼ਰਮਾ ਜੀ ਨੂੰ ਇਕ ਸੁਝਾਓ ਦਿਆਂਗਾ । ਐਜੂਕੇਸ਼ਨ ਦੇ ਵਿਚ ਜਿਹੜਾ ਵੈਸਟਰਨ ਕੰਟੈਂਟ ਹੈ, ਚਾਹੇ ਉਹ ਯੂਨੀਵਰਸਿਟੀਆਂ ਵਿਚ ਹੈ, ਸਕੂਲਾਂ ਵਿੱਚ ਹੈ ਜਾਂ ਕਾਲਜਾਂ ਵਿਚ ਹੈ, ਜਿਤਨੀ ਦੇਰ ਤਕ ਤੁਸੀਂ ਇਹ ਰਿਮੂਵ ਕਰਕੇ ਸੋਸ਼ਲਿਸਟ ਕਨਟੈਂਟ ਉਸਦੇ ਵਿਚ ਇੰਟਰੋਡਿਊਸ ਨਹੀਂ ਕਰੋਗੇ ਉਤਨੀ ਦੇਰ ਤਕ ਤੁਹਾਨੂੰ ਆਪਣੀਆਂ ਯੂਨੀਵਰਸਿਟੀਆਂ, ਸਕੂਲਾਂ ਅਤੇ ਕਾਲਜਾਂ ਦੀਆਂ ਸੱਮਸਿਆਵਾਂ ਨੂੰ ਹੱਲ ਕਰਨਾ ਔਖਾ ਹੋਵੇਗਾ । ਇਥੇ ਸਮਾਜਵਾਦ ਦੀਆਂ ਵੀ ਗੱਲਾਂ ਹੋਈਆਂ ਹਨ । ਪਤੰਗ ਜੀ ਨੇ ਕੁਝ ਕਿਹਾ ਹੈ । ਉਹ ਕਾਫੀ ਬਜ਼ੁਰਗ ਹਨ । ਉਹ ਕਹਿੰਦੇ ਸਨ ਕਿ ਵਜ਼ੀਰਾਂ ਦੀਆਂ ਕਾਰਾਂ ਬੜੀਆਂ ਲੰਮੀਆਂ ਚੌੜੀਆਂ ਹਨ । ਪੰਜਾਬ ਦੇ ਕਿਸੇ ਵੀ ਵਜ਼ੀਰ ਕੋਲ ਲੰਮੀ ਚੌੜੀ ਕਾਰ ਨਹੀਂ । ਉਨ੍ਹਾਂ ਕੋਲ ਐਮਬੈਸਡਰ ਕਾਰਾਂ ਹਨ ਅਤੇ ਉਨ੍ਹਾਂ ਦੀ ਲੰਬਾਈ ਚੌੜਾਈ ਦਾ ਮੈਨੂੰ ਪਤਾ ਨਹੀਂ । ਇਹ ਕਹਿੰਦੇ ਹਨ ਕਿ ਸਰਕਾਰ ਸੋਸ਼ਲਿਜ਼ਮ ਦੀਆਂ ਗੱਲਾਂ ਕਰਦੀ ਹੈ । ਸੋਸ਼ਲਿਜ਼ਮ ਦਾ ਮਤਲਬ ਭੁੱਖੇ, ਨੰਗੇ, ਕਛਿਹਰੇ ਨਾਲ ਆਪਣਾ ਜੀਵਨ ਬਤੀਤ ਕਰਨਾ ਨਹੀਂ ਹੈ । ਸੋਸ਼ਲਿਜ਼ਮ ਦਾ ਮਤਲਬ ਬੈਟਰ ਲਿਵਿੰਗ ਹੈ । ਬੈਟਰ ਡਿਸਟਰੀਬਿਊਸ਼ਨ ਆਫ ਰਿਸੋਰਸਿਜ਼ ਹੈ । ਸਾਰੇ ਦੇਸ਼ ਦੇ ਰਿਸੋਰਸਿਜ਼ ਪੂਲ ਕਰਕੇ ਉਨ੍ਹਾਂ ਦੀ ਡਿਸਟਰੀਬਿਊਸ਼ਨ ਹੋਵੇ । ਮੈਂ ਇਸ ਰੈਜ਼ੋਲਿਊਸ਼ਨ ਦੇ ਬਾਰੇ ਵਿੱਚ ਇਕ ਕਲੈਰੀਫਿਕੇਸ਼ਨ ਚਾਹੁੰਦਾ ਹਾਂ । ਅਸੀਂ ਐਂਪਲਾਇਮੈਂਟ ਦੇਣੀ ਹੈ ਜਾਂ ਅਲਾਊਂਸ ਦੇਣਾ ਹੈ । ਪਹਿਲਾਂ ਤਾਂ ਸਾਨੂੰ ਦੇਸ਼ ਦੇ ਵਿਚ ਕਾਨੂੰਨ ਬਣਾਉਣਾ ਚਾਹੀਦਾ ਹੈ ਕਿ ਸਰਕਾਰੀ ਨੌਕਰੀ ਦਾ ਹੱਕਦਾਰ ਕੌਣ ਹੈ ? ਇਕੱਲੀ ਦਸਵੀਂ ਜਮਾਤ ਪਾਸ ਕਰਕੇ ਨਹੀਂ, ਬੀ. ਏ. ਪਾਸ ਕਰਕੇ ਨਹੀਂ । ਮੈਂ ਮਿਸਾਲ ਦਿੰਦਾ ਹਾਂ । ਕਨੇਡੀਅਨ ਜੀ ਨੇ ਗੌਰਮਿੰਟ ਆਫ਼ ਇੰਡੀਆ ਦੀ ਵਾਲੈਂਟੇਰੀ ਡਿਸਕਲੋਜ਼ਰ ਸਕੀਮ ਦਾ ਰੈਫਰੰਸ ਦਿੱਤਾ ਹੈ । ਗੌਰਮਿੰਟ ਨੇ ਕਿਹਾ ਕਿ ਜਿਹੜਾ ਬਲੈਕ ਮਨੀ ਦਸੇਗਾ ਉਸਨੂੰ ਇਹ ਇਹ ਰਿਆਇਤਾਂ ਦਿਤੀਆਂ ਜਾਣਗੀਆਂ ਅਤੇ ਕੋਈ ਐਕਸ਼ਨ ਉਨ੍ਹਾਂ ਤੇ ਨਹੀਂ ਲਿਆ ਜਾਵੇਗਾ । ਕੋਈ ਬੰਦਾ 10 ਲੱਖ ਰੁਪਏ ਬਲੈਕ ਮਨੀ ਦੇ ਡਿਕਲੇਅਰ ਕਰਦਾ ਹੈ ਪਰ ਉਸ ਦਾ ਮੁੰਡਾ ਕਹਿੰਦਾ ਹੈ ਕਿ ਮੈਨੂੰ ਨੌਕਰੀ ਦਿਓ । ਇਸੇ ਤਰ੍ਹਾਂ ਜੇ ਕਿਸੇ ਤੇ ਬੇਨਾਮੀ ਜ਼ਮੀਨ ਦਾ ਕੇਸ ਚਲਦਾ ਹੋਵੇ ਅਤੇ ਉਸ ਦਾ ਮੁੰਡਾ ਕਹੇ ਕਿ ਮੈਨੂੰ ਨੌਕਰੀ ਦਿਉ । ਨੌਕਰੀ ਕਿਸ ਨੂੰ ਦੇਣੀ ਹੈ ? ਨੌਕਰੀ ਸਮਾਜ ਦੇ ਕਿਸ ਅੰਗ ਨੂੰ ਦੇਣੀ ਹੈ ? ਪਹਿਲਾਂ ਇਸ ਗੱਲ ਦਾ ਫੈਸਲਾ ਹੋਣਾ ਚਾਹੀਦਾ ਹੈ । ਸ਼ਰਮਾ ਜੀ ਨੇ ਕੰਪੈਰੇਟਿਵ ਫਿਗਰਜ਼ ਦਿਤੀਆਂ ਹਨ, ਇਹ ਬੜੀਆਂ ਐਨਕਰਜਿੰਗ ਹਨ । ਹਰ ਸਾਲ ਦੀ ਬੈਲੈਂਸ ਸ਼ੀਟ ਵਿਚ ਥੋੜ੍ਹੀਆਂ ਬਹੁਤ ਕਮੀਆਂ ਰਹਿ ਗਈਆਂ ਹਨ, ਕਿ ਇਤਨੇ ਆਦਮੀ ਐਜੂਕੇਟਿਡ ਅਨਐਂਪਲਾਇਡ ਹਨ । ਗੌਰਮਿੰਟ ਇਸ ਗੱਲ ਨੂੰ ਥਰੈਸ਼ ਆਊਟ ਕਰ ਲਵੇ ਜਿਸ ਤਰ੍ਹਾਂ ਕੋਈ ਇਨਕਮ ਟੈਕਸ ਪੇ ਕਰਦਾ ਹੈ, ਸਰਕਾਰ ਨੇ 8,000 ਰੁਪਏ ਤਕ ਕਨਸੈਸ਼ਨ ਦਿੱਤਾ ਹੈ । ਚਾਹੇ ਇਹ ਕਨਸੈਸ਼ਨ ਵਧਾ ਕੇ 10,000 ਰੁਪਏ ਤਕ ਕਰ ਦਿਤਾ ਜਾਵੇ । ਲੇਕਿਨ ਜਿਹੜਾ ਆਦਮੀ ਇਨਕਮ-ਟੈਕਸ ਪੇ ਕਰਦਾ ਹੈ ਉਸ ਦੇ ਕਿਸੇ ਵੀ ਬੱਚੇ ਨੂੰ ਉਤਨੀ ਦੇਰ ਨੌਕਰੀ ਨਾ ਦਿਓ ਜਿਤਨੀ ਦੇਰ ਕਿ ਨਾਨ-ਇਨਕਮ ਟੈਕਸ ਪੇਈ, ਜਿਹੜੇ ਸੜਕਾਂ ਤੇ ਵੇਹਲੇ ਫਿਰਦੇ ਹਨ, ਉਨ੍ਹਾਂ ਨੂੰ ਨੌਕਰੀ ਨਹੀਂ ਮਿਲ ਜਾਂਦੀ । ਇਹੋ ਜਿਹੀ ਡਾਇਰੈਕਸ਼ਨ ਅਸੀਂ ਲਿਆਈਏ । ਜ਼ਮੀਨਾਂ ਦੇ ਸੁਧਾਰ ਹੋ ਰਹੇ ਹਨ । ਮੈਂ ਇਸ ਗੱਲ ਵਿਚ ਨਹੀਂ ਜਾਣਾ ਚਾਹੁੰਦਾ ਕਿ ਕਿੰਨੀ ਹੱਦ ਜ਼ਮੀਨ ਦੀ ਹੋਣੀ ਚਾਹੀਦੀ ਹੈ । ਬੇਸਿਕ ਤੌਰ ਤੇ ਪਤਾ ਲਗ ਜਾਵੇ ਕਿ ਕਿਸੇ ਦੀ ਆਮਦਨੀ ਕਿਤਨੀ ਹੈ । ਚਾਹੇ ਜ਼ਮੀਨ

Original with
Punjab Vidhan Sabha .
Digitized by
Panjab Digital Library

ਦੀ ਆਮਦਨੀ ਟੈਕਸੇਬਲ ਨਹੀਂ । ਇੱਕ ਹੱਦ ਮੁਕਰਰ ਹੋਣੀ ਚਾਹੀਦੀ ਹੈ । ਛੋਟੇ ਕਿਸਾਨ ਨੂੰ, ਐਗਰੀਕਲਚਰਲ ਲੇਬਰ ਨੂੰ ਐਂਪਲਾਇਮੈਂਟ ਦਿਓ । ਜਿਹੜੇ ਆਦਮੀ ਸਰਵਿਸਿਜ਼ ਵਿਚ ਹਨ ਅਤੇ ਜਿਨ੍ਹਾਂ ਦੀ ਤਨਖਾਹ 2,000 ਰੁਪਏ ਹੈ, ਉਸ ਦੇ ਬੱਚੇ ਨੂੰ ਨੌਕਰੀ ਦੀ ਇਮੀਜੀਏਟ ਨੀਡ ਨਹੀਂ ਹੈ । ਪਰ ਜਿਸ ਚਪੜਾਸੀ ਦੀ ਤਨਖਾਹ 200 ਰੁਪਏ ਹੈ, ਉਸਦੇ ਬੱਚੇ ਨੂੰ ਨੌਕਰੀ ਇਮੀਜੀਏਟਲੀ ਪ੍ਰੋਵਾਈਡ ਕੀਤੀ ਜਾਵੇ । ਅੱਜ ਦੇਖੋ ਹਰ ਪਾਸੇ ਅਨਐਂਪਲਾਇਮੈਂਟ ਹੈ । ਜਿਸ ਦੇ ਕੋਲ ਨੰਬਰ ਦੋ ਦੇ ਪੈਸੇ ਹਨ ਉਹ ਅਨਐਂਪਲਾਇਮੈਂਟ ਪੈਦਾ ਕਰਦਾ ਹੈ । ਉਹ ਅਸਲੀ ਬੰਦੇ ਦਾ ਰਾਈਟ ਅਸਰੱਪ ਕਰਕੇ, ਹੜੱਪ ਕੇ ਨੌਕਰੀ ਲੈ ਲੈਂਦਾ ਹੈ । ਉਸ ਆਦਮੀ ਦੀਆਂ ਫਰਮਾਂ ਵੀ ਹਨ, ਕਾਰਖਾਨੇ ਵੀ ਹਨ, ਸਿਨਮੇ ਵੀ ਹਨ, ਬਿਜਨੈਸ ਵੀ ਚਲਦਾ ਹੈ ਅਤੇ ਮੁੰਡਾ ਵੀ ਅਫਸਰ ਲਗਿਆ ਹੋਇਆ ਹੈ । ਪਰ ਇਸ ਦੇ ਉਲਟ ਜਿਸ ਬੰਦੇ ਦੇ ਕੋਲ ਕੋਈ ਰਿਸੋਰਸਿਜ਼ ਨਹੀਂ ਹਨ, ਉਸਦੇ ਮੁੰਡੇ ਨੂੰ ਨੌਕਰੀ ਨਹੀਂ ਮਿਲਦੀ । ਇਥੇ ਕਿਹਾ ਜਾਂਦਾ ਹੈ ਕਿ ਸਿਫਾਰਸ਼ ਨਾਲ ਨੌਕਰੀ ਮਿਲਦੀ ਹੈ । ਇਹ ਠੀਕ ਹੈ ਕਿ ਸਿਫਾਰਸ਼ਾਂ ਹੁੰਦੀਆਂ ਹਨ । ਆਪਾਂ ਸਾਰੇ ਪਬਲਿਕਮੈਨ ਹਾਂ । ਜੋ ਵੀ ਸਾਡੇ ਕੋਲ ਆਉਂਦਾ ਹੈ ਅਸੀਂ ਉਸਦੀ ਮਦਦ ਕਰਨ ਦੀ ਕੋਸ਼ਿਸ਼ ਕਰਦੇ ਹਾਂ । ਲੇਕਿਨ ਸਿਫਾਰਸ਼ਾਂ ਨਾਲ ਕਿਤਨੇ ਕੁ ਬੰਦੇ ਲਗਣਗੇ । ਇਹ ਹੋ ਸਕਦਾ ਹੈ ਕਿ 'ਏ' ਲੱਗ ਗਿਆ ਅਤੇ 'ਬੀ' ਨਹੀਂ ਲੱਗਿਆ । ਲੇਕਿਨ, ਚੇਅਰਮੈਨ ਸਾਹਿਬ, ਇਹ ਸਮਸਿਆ ਹੱਲ ਨਹੀਂ ਹੋ ਸਕਦੀ । ਜੇ ਸਿਫਾਰਸ਼ਾਂ ਨਾਲ ਵੀ ਲੋਕੀ ਨਾ ਲੱਗਣ ਫਿਰ ਵੀ ਇਹ ਪ੍ਰਾਬਲਮ ਹੱਲ ਨਹੀਂ ਹੋਣੀ । ਸ਼ਰਮਾ ਜੀ ਕਹਿੰਦੇ ਹਨ ਕਿ ਅਸੀਂ ਇਕਾਨਮੀ ਕਰਨ ਵਾਸਤੇ 10% ਕੈਪੀਟਲ ਕਟ ਲਾ ਦਿਤਾ ਹੈ । ਫਿਰ ਨਵੀਆਂ ਪੋਸਟਾਂ ਕਿਸ ਤਰ੍ਹਾਂ ਬਣਨਗੀਆਂ । ਅਸੀਂ ਸਾਰਾ ਬੋਝ ਐਡਮਨਿਸਟ੍ਰੇਸ਼ਨ ਤੇ ਕਿਵੇਂ ਪਾ ਦਿਆਂਗੇ । ਕਈ ਲੋਕ ਕਹਿੰਦੇ ਹਨ ਕਿ ਪੈਸਾ ਨਹੀਂ ਹੈ । ਜਿਹੜਾ ਬੰਦਾ ਵੇਹਲਾ ਫਿਰਦਾ ਹੈ, ਇਹ ਉਸਦਾ ਫਰਜ਼ ਨਹੀਂ ਕਿ ਦਸੇ ਪੈਸਾ ਕਿਥੋਂ ਆਵੇ । ਇਹ ਸਰਕਾਰ ਦਾ ਫਰਜ਼ ਹੈ ਕਿ ਰਿਸੋਰਸਿਜ਼ ਲੱਭੇ । ਇਹ ਸਰਕਾਰ ਦੀ ਡਿਊਟੀ ਹੈ । ਸੋਸ਼ਲਿਜ਼ਮ ਵਿਚ ਸਰਕਾਰ ਦੀ ਇਹ ਡਿਊਟੀ ਪਹਿਲੀ ਹੈ ਕਿ ਸਾਰਿਆਂ ਨੂੰ ਇੰਪਲਾਇਮੈਂਟ ਦੇਵੇ । ਲੇਕਿਨ ਇਸ ਤੋਂ ਪਹਿਲਾਂ ਸਕਰੈਪਿੰਗ ਹੋਣੀ ਚਾਹੀਦੀ ਹੈ । ਇਹ ਕਿਉਂ ਹੋਣੀ ਚਾਹੀਦੀ ਹੈ । ਇੰਡੀਆ ਵਿਚ ਸੋਸ਼ਲ ਸਟਰੱਕਚਰ ਬੜਾ ਇਮਬੈਲੇਂਸਡ ਹੈ । ਇਥੇ ਕਿਹਾ ਗਿਆ ਹੈ ਕਿ ਸਾਰੇ ਰਾਜੇ ਮਹਾਰਾਜਿਆਂ ਦੀਆਂ ਤਲਾਸ਼ੀਆਂ ਹੋ ਰਹੀਆਂ ਹਨ । ਇਕ ਪਾਸੇ ਤਾਂ ਰਾਜੇ ਮਹਾਰਾਜੇ ਹਨ ਅਤੇ ਦੂਜੇ ਪਾਸੇ ਝੋਂਪੜੀਆਂ ਵਿਚ, ਸਲੱਮਜ਼ ਵਿਚ ਲੋਕੀਂ ਰਹਿੰਦੇ ਹਨ । ਇਹ ਲੋਕ ਸਰਕਾਰ ਨੂੰ ਅਰਜ਼ੀਆਂ ਦਿੰਦੇ ਹਨ ਕਿ ਅਰਬਨ ਏਰੀਏ ਵਿਚ 50 ਗਜ਼ ਦੀ ਜਗ੍ਹਾ ਇਨ੍ਹਾਂ ਨੂੰ ਦਿਤੀ ਜਾਵੇ । ਉਸਦੇ ਬੱਚੇ ਮਹਿਲਾਂ ਵਿੱਚ ਰਹਿਣ ਵਾਲੇ ਬੱਚੇ ਨਾਲ ਕਿਸ ਤਰ੍ਹਾਂ ਕੰਪੀਟ ਕਰ ਸਕਦੇ ਹਨ । ਉਨ੍ਹਾਂ ਦੀ ਹਿਊਮੈਨ ਡਿਵੈਲਪਮੈਂਟ ਨਹੀਂ ਹੋ ਸਕਦੀ, ਫਿਜ਼ੀਕਲ ਡਿਵੈਲਪਮੈਂਟ ਨਹੀਂ ਹੋ ਸਕਦੀ । ਕਿਸੇ ਦੇ ਘਰ ਬਿਜਲੀ ਨਹੀਂ ਹੁੰਦੀ । ਇਹੋ ਜਿਹੇ ਵੀ ਬੱਚੇ ਹੁੰਦੇ ਹਨ ਜਿਹੜੇ ਕਿ ਸਟਰੀਟ ਲਾਈਟ ਵਿਚ ਪੜ੍ਹਦੇ ਹਨ । ਉਹ ਉਨ੍ਹਾਂ ਬੱਚਿਆਂ ਨਾਲ ਕਿਸ ਤਰ੍ਹਾਂ ਕੰਪੀਟ ਕਰਨਗੇ ਜਿਹੜੇ ਕਿ ਰਾਤ ਨੂੰ ਡਨਲੱਪ ਦੇ ਗਦਿਆਂ ਤੇ ਸੌਂਦੇ ਹਨ । ਇਸ ਸਾਰੇ ਸਟਰੱਕਚਰ ਵਿਚ ਕੰਪਲੀਟ ਚੇਂਜ ਲਿਆਉਣੀ ਚਾਹੀਦੀ ਹੈ । ਜਿਤਨੀ ਦੇਰ ਇਹ ਨਹੀਂ ਹੁੰਦਾ ਉਤਨੀ ਦੇਰ ਤਕ ਇਹ ਸਾਰਾ ਸਿਲਸਿਲਾ ਸੁਧਰ ਨਹੀਂ ਸਕਦਾ । ਟਰਾਂਜ਼ੀਸ਼ਨਲ ਪੀਰੀਅਡ ਵਿੱਚ ਅਸੀਂ ਕੁਝ ਕਰ ਸਕਦੇ ਹਾਂ । ਸਰਕਾਰ ਨੇ ਜਿਸ ਤਰ੍ਹਾਂ ਕਮੇਟੀ ਬਣਾਈ ਹੈ,

Original with;
Punjab Vidhan Sabha
Digitized by;
Panjab Digital Library

[ਸ੍ਰੀ ਪ੍ਰੇਮ ਗੁਪਤਾ]

ਐਂਪਲਾਇਮੈਂਟ ਆਪਰਚੁਨਿਟੀਜ਼ ਅਗਜ਼ਾਮਿਨ ਕਰਨ ਵਾਸਤੇ ਤੇ ਸੁਜੈਸਟ ਕਰਨ ਵਾਸਤੇ ਇਸ ਦੇ ਟਰਮਜ਼ ਆਫ ਰੈਫਰੰਸ ਵਿਚ ਅਤੇ ਸਕੋਪ ਵਿੱਚ ਇਹ ਗੱਲ ਲਿਆਉਣੀ ਚਾਹੀਦੀ ਹੈ ਕਿ ਇਹ ਕਮੇਟੀ ਗਾਈਡ ਲਾਈਨ ਤਿਆਰ ਕਰੇ ਕਿ ਇਹ ਐਂਪਲਾਇਮੈਂਟ ਕਿਸ ਨੂੰ ਦੇਣੀ ਹੈ। ਪਹਿਲਾਂ ਕਿਸਨੂੰ ਦੇਣੀ ਹੈ। ਜਿਨ੍ਹਾਂ ਲੋਕਾਂ ਨੂੰ ਰੋਟੀ ਨਹੀਂ ਮਿਲਦੀ, ਜਿਸ ਤਰ੍ਹਾਂ, ਚੇਅਰਮੈਨ ਸਾਹਿਬ, ਤੁਸੀਂ ਆਪਣੀ ਸੀਟ ਤੇ ਬੋਲਦਿਆਂ ਕਿਹਾ ਸੀ ਕਿ ਨੌਜਵਾਨ ਦੇਸ਼ ਦੀ ਫਿਊਚਰ ਜੈਨਰੇਸ਼ਨ ਹੈ। ਉਸ ਜੈਨਰੇਸ਼ਨ ਦਾ ਫਿਊਚਰ ਬਰਾਈਟ ਰਹਿਣਾ ਚਾਹੀਦਾ ਹੈ। ਇਹ ਸਾਡੀ ਡਿਊਟੀ ਹੈ। ਜੇ ਅਸੀਂ ਇਸ ਗੱਲ ਤੋਂ ਕੋਤਾਹੀ ਕਰਾਂਗੇ ਤਾਂ ਮੈਂ ਸਮਝਦਾ ਹਾਂ ਕਿ ਅਸੀਂ ਆਪਣੀ ਡਿਊਟੀ ਠੀਕ ਤਰੀਕੇ ਨਾਲ ਪਰਫਾਰਮ ਨਹੀਂ ਕਰਦੇ। ਚੇਅਰਮੈਨ ਸਾਹਿਬ, ਇਕ ਪਾਸੇ ਅਨਐਂਪਲਾਇਮੈਂਟ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ ਅਤੇ ਦੂਸਰੇ ਪਾਸੇ ਫੈਮਿਲੀ ਪਲਾਨਿੰਗ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ। ਇਸ ਤੇ ਕੰਟਰੋਲ ਕਰਨ ਦੀਆਂ ਗੱਲਾਂ ਹੁੰਦੀਆਂ ਹਨ। ਇਹ ਕਾਨੂੰਨ ਬਣਾਇਆ ਜਾਵੇ ਕਿ ਅਗਰ ਕਿਸੇ ਬੰਦੇ ਦੇ ਇਤਨੇ ਬੱਚਿਆਂ ਨਾਲੋਂ ਵੱਧ ਬੱਚੇ ਹੋਣਗੇ ਤਾਂ ਉਨ੍ਹਾਂ ਨੂੰ ਐਂਪਲਾਇਮੈਂਟ ਨਹੀਂ ਦਿਤੀ ਜਾਵੇਗੀ। ਕਿਸੇ ਢੰਗ ਨਾਲ ਕਲੀਅਰ ਕੱਟ ਡਾਇਰੈਕਸ਼ਨ ਲੈਣੀ ਪਵੇਗੀ ਤਾਂ ਕਿ ਅਸੀਂ ਇਸ ਪ੍ਰਾਬਲਮ ਨੂੰ ਆਬਜੈਕਟਿਵ ਤਰੀਕੇ ਨਾਲ, ਐਮਬੀਸ਼ਨ ਤੇ ਆਈਡਿਅਲਿਜ਼ਮ ਨੂੰ ਛੱਡ ਕੇ, ਇਸ ਦਾ ਹੱਲ ਕਰ ਸਕੀਏ। ਲੋਕਾਂ ਦੇ ਵਿਚ ਇਹ ਆਦਤ ਪਾ ਸਕੀਏ ਕਿ ਅੰਗਰੇਜ਼ਾਂ ਦੇ ਜ਼ਮਾਨੇ ਦੇ ਬਾਬੂਆਂ ਵਾਲੀ ਲਾਈਫ ਛੱਡ ਦਿਉ। ਸਾਨੂੰ ਡਿਗਨਟੀ ਆਫ ਲੇਬਰ ਕਰੀਏਟ ਕਰਨੀ ਚਾਹੀਦੀ ਹੈ। ਤੁਸੀਂ 1972 ਦੀਆਂ ਜਾਂ 1970 ਦੀਆਂ ਫਿਗਰਜ਼ ਲਓ। ਉਦੋਂ 25, 30 ਹਜ਼ਾਰ ਸਕੂਲ ਟੀਚਰਜ਼ ਵੇਹਲੇ ਫਿਰਦੇ ਸਨ। ਕਈਆਂ ਨੇ ਬੀ. ਟੀ. ਕੀਤੀ ਸੀ, ਕਈਆਂ ਨੇ ਜੇ. ਬੀ. ਟੀ. ਕੀਤੀ ਸੀ। ਉਨ੍ਹਾਂ ਨੂੰ ਐਂਪਲਾਇਮੈਂਟ ਨਹੀਂ ਸੀ ਮਿਲਦੀ। ਉਸ ਤੋਂ ਬਾਅਦ ਇਕ ਸਕੀਮ ਬਣੀ। ਮੇਰੇ ਭਰਾਵਾਂ ਨੇ ਇਸ ਨੂੰ ਐਕਸਪਲਾਇਟੇਸ਼ਨ ਕਿਹਾ। ਲੇਕਿਨ ਉਨ੍ਹਾਂ ਲੋਕਾਂ ਨੇ ਇਸ ਨੂੰ ਬੜਾ ਐਪਰੀਸ਼ੀਏਟ ਕੀਤਾ। ਪੰਜ ਲੱਖ ਜਾਬਜ਼ ਕਰੀਏਟ ਕਰਨ ਦੀ ਸਕੀਮ ਦੇ ਤਹਿਤ 150, 200 ਰੁਪਏ ਫਿਕਸਡ ਸੈਲਰੀ ਤੇ ਉਨ੍ਹਾਂ ਨੂੰ ਲਾਇਆ ਗਿਆ। ਫਿਰ ਇਸੇ ਹੀ ਸਰਕਾਰ ਨੇ ਇਸੇ ਹੀ ਅਸੈਂਬਲੀ ਦੇ ਰਾਹੀਂ ਉਨ੍ਹਾਂ ਸਾਰਿਆਂ ਨੂੰ ਰੈਗੂਲਰ ਗਰੇਡ ਦੇ ਵਿਚ ਫਿਕਸ ਅਪ ਕੀਤਾ। ਉਨ੍ਹਾਂ ਲੋਕਾਂ ਨੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਲੇਕਿਨ ਅਸੀਂ ਉਸ ਤੋਂ ਨਾਲ ਡਿਫਰੈਂਸ ਆਫ ਓਪੀਨੀਅਨ ਕਿਉਂ ਰੱਖਦੇ ਹਾਂ। ਇਸ ਗੱਲ ਦਾ ਮੈਨੂੰ ਪਤਾ ਨਹੀਂ। ਜਿਹੜੇ ਇੰਜੀਨੀਅਰਜ਼ ਟੈਕਨੀਕਲ ਸਰਵਿਸ ਵਿਚ ਆ ਜਾਂਦੇ ਹਨ ਤਾਂ ਵੀ ਉਨ੍ਹਾਂ ਨੂੰ ਦੂਜੀਆਂ ਸਰਵਿਸਿਜ਼ ਨਾਲੋਂ ਜੂਨੀਅਰ ਸਮਝਿਆ ਜਾਂਦਾ ਹੈ। ਟੈਕਨੋਕਰੇਟਸ ਨੂੰ ਬਰਾਬਰ ਦਾ ਸਟੇਟਸ ਨਹੀਂ ਦਿਤਾ ਜਾਂਦਾ। ਜਿਹੜੇ ਅਨਐਂਪਲਾਇਡ ਸੜਕਾਂ ਤੇ ਵੇਹਲੇ ਫਿਰਦੇ ਹਨ ਅਸੀਂ ਉਨ੍ਹਾਂ ਦਾ ਮਜ਼ਾਕ ਉਡਾਉਂਦੇ ਹਾਂ। ਡਾਕਟਰ ਤਾਂ ਦੁਕਾਨ ਖੋਲ੍ਹ ਸਕਦਾ ਹੈ ਅਤੇ ਐਕਸਰੇ ਦੀ ਮਸ਼ੀਨ ਮੰਗਵਾ ਸਕਦਾ ਹੈ, ਉਸ ਦਾ ਤਾਂ ਪੰਜ ਹਜ਼ਾਰ ਰੁਪਿਆ ਲਗ ਜਾਵੇਗਾ। ਪਰ ਇੰਜੀਨੀਅਰ ਦੀ ਜਾਬ ਡਿਫਰੈਂਟ ਹੈ। ਉਹ ਲੰਮੀ ਚੌੜੀ ਪਲੈਨਿੰਗ ਸਰਕਾਰੀ ਏਡ ਤੋਂ ਬਿਨਾਂ ਕਰ ਨਹੀਂ ਸਕਦਾ, ਕੋਈ ਪਲੈਨ ਸਰਕਾਰ ਦੀ ਏਡ ਤੋਂ ਬਿਨਾਂ ਨਹੀਂ ਬਣਾ ਸਕਦਾ, ਗਵਰਨਮੈਂਟ ਨੇ ਇਸ ਪਾਸੇ ਕੁਝ ਕਦਮ ਤਾਂ ਚੁਕੇ ਹਨ ਅਤੇ ਅਸੀਂ ਇਸ ਚੀਜ਼ ਨੂੰ ਐਪਰੀਸ਼ੀਏਟ ਕਰਦੇ ਹਾਂ। ਐਂਪਲਾਇਮੈਂਟ ਜਿਹੜੀ ਹੈ. ਉਹ ਐਜੂਕੇਟਿਡ ਨੂੰ ਵੀ ਮਿਲਣੀ ਚਾਹੀਦੀ ਹੈ ਅਤੇ ਅਨ-ਐਜੂਕੇਟਿਡ ਨੂੰ ਵੀ ਮਿਲਣੀ ਚਾਹੀਦੀ ਹੈ। ਵਿਡੋ ਪੈਨਸ਼ਨ

Original with; Punjab Vidhan Sabha Digitized by; Panjab Digital Library

ਅਤੇ ਓਲਡ ਏਜ ਪੈਨਸ਼ਨ ਦੇਣ ਦਾ ਜਿਹੜਾ ਆਬਜੈਕਟ ਹੈ, ਏਮ ਹੈ, ਉਹ ਇਸ ਦੀ ਇਕ ਲੜੀ ਹੈ ਅਤੇ ਜਿਹੜੇ ਲੋਕ ਬੇਸਹਾਰਾ ਹਨ, ਕੋਈ ਕੰਮ ਨਹੀਂ ਕਰ ਸਕਦੇ, ਉਨ੍ਹਾਂ ਵਾਸਤੇ ਉਨ੍ਹਾਂ ਦੀ ਪੈਨਸ਼ਨ ਵਿਚ ਗਰੈਜੂਅਲੀ ਵਾਧਾ ਕੀਤਾ ਜਾ ਰਿਹਾ ਹੈ ਅਤੇ ਮੈਨੂੰ ਆਸ ਹੈ ਕਿ ਸਰਕਾਰ ਇਸ ਸਬੰਧ ਵਿਚ ਹੋਰ ਵੀ ਕਦਮ ਚੁਕੇਗੀ। ਚੇਅਰਮੈਨ ਸਾਹਿਬ, ਬਾਕੀ ਚੀਜ਼ਾਂ ਤੋਂ ਇਲਾਵਾ ਮੈਂ ਇਕ ਚੀਜ਼ ਦੀ ਸਰਕਾਰ ਦੀ ਜ਼ਿੰਮੇਵਾਰੀ ਸਮਝਦਾ ਹਾਂ। ਸਰਕਾਰ ਰਿਸੋਰਸਿਜ਼ ਜਿਥੋਂ ਮਰਜ਼ੀ ਲਿਆਵੇ, ਐਜੂਕੇਸ਼ਨ ਸੈਸ ਲਾਵੇ, ਕੋਈ ਟੈਕਸ ਲਾਵੇ ਪਰ ਹਰ ਇਕ ਵਾਸਤੇ ਪਰਮਾਨੈਂਟ ਕੰਮ ਲਭਣਾ ਚਾਹੀਦਾ ਹੈ। ਜੇ ਸ਼ਰਮਾਂ ਜੀ ਟੈਕਸ ਲਗਾਉਣਗੇ ਤਾਂ ਮੇਰੇ ਆਪੋਜ਼ੀਸ਼ਨ ਦੇ ਵੀਰ ਲੋਕਾਂ ਵਿਚ ਇਹ ਪ੍ਰਾਪੇਗੰਡਾ ਕਰਨਗੇ ਕਿ ਟੈਕਸ ਲਗਾ ਦਿਤੇ ਹਨ। ਪਰ ਮੈਂ ਇਹ ਜ਼ਰੂਰ ਕਹਾਂਗਾ ਕਿ ਪੰਜਾਬ ਜਿਹੜਾ ਹਰ ਖੇਤਰ ਵਿਚ ਸਾਰੇ ਦੇਸ਼ ਵਿਚੋਂ ਕਦੇ ਪਿਛੇ ਨਹੀਂ ਰਿਹਾ ਅਤੇ ਸਾਰੇ ਦੇਸ਼ ਦੀ ਰਹਿਨੁਮਾਈ ਕਰਦਾ ਰਿਹਾ ਹੈ, ਉਥੇ, ਅਨਐਂਪਲਾਇਡ ਨੂੰ ਪਰਮਾਨੈਂਟ ਕੰਮ ਦੇਣ ਦਾ ਪ੍ਰਬੰਧ ਜ਼ਰੂਰ ਕਰਨਾ ਚਾਹੀਦਾ ਹੈ। ਇਹ ਠੀਕ ਹੈ ਕਿ ਸਾਡੇ ਇਥੇ ਅਨਸਕਿਲਡ ਲੇਬਰ ਬਾਹਰੋਂ ਆਉਂਦਾ ਹੈ ਅਤੇ ਇਹ ਵੀ ਠੀਕ ਹੈ ਕਿ 10ਵੀਂ ਪੜ੍ਹੇ ਹੋਏ, ਬੀ.ਏ. ਪੜ੍ਹੇ ਹੋਏ ਨੌਜਵਾਨ ਸਾਨੂੰ ਇਹ ਕਹਿੰਦੇ ਹਨ ਕਿ ਕਿਤੇ ਚਪੜਾਸੀ ਦੀ ਨੌਕਰੀ ਦਿਵਾ ਦੇਵੋ ਅਤੇ ਸਾਨੂੰ ਉਨ੍ਹਾਂ ਦੀ ਰਿਕਮੈਂਡੇਸ਼ਨ ਕਰਦਿਆਂ ਸ਼ਰਮ ਆਉਂਦੀ ਹੈ। ਇਸ ਕਰਕੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਐਜੂਕੇਸ਼ਨ ਸਿਸਟਮ ਹੈ, ਇਸ ਵਿਚ ਸੁਧਾਰ ਲਿਆਉਣਾ ਚਾਹੀਦਾ ਹੈ। ਮੈਨੂੰ ਇਕ ਗੱਲ ਯਾਦ ਆ ਗਈ। ਜਦੋਂ ਮੈਂ ਲੈਜਿਸਲੇਟਿਵ ਕੌਂਸਿਲ ਦਾ ਮੈਂਬਰ ਹੁੰਦਾ ਸੀ ਤਾਂ 1968 ਵਿਚ ਮੈਨੂੰ ਇਕ ਸੈਮੀਨਾਰ ਵਿਚ ਬੁਲਾਇਆ ਗਿਆ ਅਤੇ ਉਸ ਵਿਚ ਇਹ ਕਿਹਾ ਗਿਆ ਕਿ ਵੋਕੇਸ਼ਨਲ ਗਾਈਡੈਂਸ ਤੇ ਬੋਲਣਾ ਹੈ ਕਿ ਲੋਕਾਂ ਨੂੰ ਵੋਕੇਸ਼ਨਲ ਐਜੂਕੇਸ਼ਨ ਕਿਵੇਂ ਮਿਲੇ ਅਤੇ ਉਸ ਦੀ ਕੰਪੈਰੇਟਿਵ ਸਟੱਡੀ ਕੀ ਹੈ ? ਮੈਂ ਇਕੋ ਹੀ ਗੱਲ ਕਹੀ ਕਿ ਸਰਕਾਰ ਇਸ ਪਾਸੇ ਕਿੰਨੇ ਹੀ ਪੈਸੇ ਖਰਚ ਕਰਦੀ ਹੈ, ਕੰਪੈਰੇਟਿਵ ਵੋਕੇਸ਼ਨਜ਼ ਸਿਲੈਕਟ ਕਰਵਾਉਂਦੀ ਹੈ। ਪਰ ਜਿਹੜੇ ਵੋਕੇਸ਼ਨਜ਼ ਸਿਲੈਕਟ ਕੀਤੇ ਜਾਂਦੇ ਹਨ, ਉਨ੍ਹਾਂ ਵਾਸਤੇ ਕੀ ਆਪਣੇ ਕੋਲ ਜਾਬਜ਼ ਹਨ ਵੀ ਜਾਂ ਨਹੀਂ ? ਕੋਈ ਜਾਬ ਨਹੀਂ, ਕੋਈ ਟਰੇਡ ਨਹੀਂ, ਕੋਈ ਵੋਕੇਸ਼ਨ ਨਹੀਂ। ਇਸ ਦੇ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਸਾਡੀ ਤਾਲੀਮ ਹੈ, ਉਹ ਇਸ ਤਰ੍ਹਾਂ ਦੀ ਹੈ ਅਤੇ ਜਿਹੜਾ ਬੱਚਾ ਗਰੀਬ ਹੈ, ਉਸ ਨੂੰ ਇਹੀ ਕਿਹਾ ਜਾਂਦਾ ਹੈ, ਉਸ ਦੇ ਮਨ ਵਿਚ ਇਹੀ ਗੱਲ ਰਹਿ ਜਾਂਦੀ ਹੈ ਕਿ ਉਹ ਹੋਰ ਕੋਈ ਕੰਮ ਨਹੀਂ ਕਰ ਸਕਦਾ, ਉਹ ਕਿਸੇ ਚੰਗੇ ਕੰਮ ਵਲ ਜਾ ਹੀ ਨਹੀਂ ਸਕਦਾ। ਇਸ ਗੱਲ ਵਾਸਤੇ ਐਟੀਚਿਊਡ ਦੀ ਗੱਲ ਕਹੀ ਜਾਂਦੀ ਹੈ। ਮੈਂ ਇਹ ਕਹਿੰਦਾ ਹਾਂ ਕਿ ਇਹ ਐਟੀਚਿਊਡ ਵਾਲੀ ਗੱਲ ਬੜੀ ਮਾੜੀ ਹੈ ਅਤੇ ਗਰੀਬ ਆਦਮੀ ਨੂੰ ਇਹ ਕਿਹਾ ਜਾਂਦਾ ਹੈ ਕਿ ਤੂੰ ਜਿਹੜਾ ਕੰਮ ਤੇਰੇ ਖਾਨਦਾਨ ਵਾਲੇ ਕਰਦੇ ਆਏ ਹਨ, ਉਹੀ ਕਰ ਸਕਦਾ ਹੈ। ਇਸ ਕਰਕੇ ਇਹ ਜਿਹੜਾ ਐਟੀਚਿਊਡ ਦਾ ਲਫ਼ਜ਼ ਹੈ, ਇਹ ਨਹੀਂ ਹੋਣਾ ਚਾਹੀਦਾ ਐਜੂਕੇਸ਼ਨ ਵਿਚ ਅਤੇ ਮੇਰਾ ਇਸ ਚੀਜ਼ ਨਾਲ ਡਿਸਅੰਗਰੀਮੈਂਟ ਹੈ। ਚੇਅਰਮੈਨ ਸਾਹਿਬ, ਪਿਛਲੇ ਦਿਨਾਂ ਵਿਚ ਕਈ ਚੀਜ਼ਾਂ ਕੀਤੀਆਂ ਗਈਆਂ ਹਨ ਕਿ ਅਜ ਦੇ ਸਟੂਡੈਂਟ ਨੂੰ ਕੱਲ ਨੂੰ ਜੇ ਜਾਬ ਨਾ ਮਿਲੇ ਤਾਂ ਉਸ ਬਾਰੇ ਕੀ ਕੀਤਾ ਜਾਣਾ ਚਾਹੀਦਾ ਹੈ। ਸਰਕਾਰ ਵਲੋਂ ਐਜੂਕੇਸ਼ਨ ਦੀ ਵੈਲਫੇਅਰ ਲਈ ਇਕ ਕਮੇਟੀ ਵੀ ਬਣਾਈ ਗਈ ਹੈ। ਸਟੂਡੈਂਟਸ ਨੂੰ ਉਸ ਦੇ ਵਿਚ ਰਿਪਰੈਜ਼ੈਂਟੇਸ਼ਨ ਵੀ ਦਿੱਤੀ, ਯੂਨੀਵਰਸਿਟੀਆਂ ਵਿਚ ਵੀ ਸਟੂਡੈਂਟਸ ਨੂੰ ਰਿਪਰੈਜ਼ੈਂਟੇਸ਼ਨ ਦਿੱਤੀ ਹੈ ਤਾਂ ਕਿ ਫਿਊਚਰ ਐਜੂਕੇਸ਼ਨ ਵਿਚ ਕੀ ਹੋਣਾ ਚਾਹੀਦਾ ਹੈ। ਲੇਕਿਨ ਮੈਂ ਇਹ ਗੱਲ ਸਮਝਦਾ ਹਾਂ ਇਹ ਚਾਹੇ ਡਿਪਟੀ ਸਪੀਕਰ ਸਾਹਿਬ ਦੀ ਪ੍ਰਧਾਨਗੀ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਪ੍ਰੇਮ ਗੁਪਤਾ]

ਹੇਠ ਕਮੇਟੀ ਹੋਵੇ ਅਤੇ ਚਾਹੇ ਐਜੂਕੇਸ਼ਨ ਮਨਿਸਟਰ ਸਾਹਿਬ ਦੀ ਚੇਅਰਮੈਨਸ਼ਿਪ ਥਲੇ ਕੋਈ ਕਮੇਟੀ ਬਣੀ ਹੋਵੇ, ਉਨ੍ਹਾਂ ਕਮੇਟੀਆਂ ਨੂੰ ਆਪਣੀਆਂ ਰਿਪੋਰਟਾਂ ਜਲਦੀ ਦੇਣੀਆਂ ਚਾਹੀਦੀਆਂ ਹਨ ਅਤੇ ਉਨ੍ਹਾਂ ਨੂੰ ਵਾਟਰ ਡਾਊਨ ਨਹੀਂ ਕਰਨਾ ਚਾਹੀਦਾ ਅਤੇ ਇਹ ਨਹੀਂ ਹੋਣਾ ਚਾਹੀਦਾ ਕਿ ਉਨ੍ਹਾਂ ਦਾ ਜੋ ਕੰਟੈਂਟ ਹੈ, ਜੋ ਏਮ ਹੈ, ਉਹ ਪੂਰਾ ਨਾ ਹੋ ਸਕੇ । ਇਸ ਕਰਕੇ ਕੋਈ ਸਪੈਸੇਫਿਕ ਟਾਈਮ ਮੁੱਕਰਰ ਕਰਨਾ ਚਾਹੀਦਾ ਹੈ ਅਤੇ ਇਹ ਰਿਪੋਰਟਾਂ ਜਲਦੀ ਆ ਜਾਣੀਆਂ ਚਾਹੀਦੀਆਂ ਹਨ ਅਤੇ ਜਿਹੜੇ ਜਿਹੜੇ ਸੁਧਾਰਾਂ ਦੀ ਰਿਕਮੈਂਡਸ਼ਨ ਹੋਵੇ ਪੰਜਾਬ ਸਰਕਾਰ ਉਨ੍ਹਾਂ ਸੁਧਾਰਾਂ ਨੂੰ ਲਾਗੂ ਕਰੇ । ਦੂਜੀ ਗੱਲ ਐਂਪਲਾਇਮੈਂਟ ਦੀ ਹੈ । ਕਈ ਐਂਪਲਾਇਮੈਂਟਸ ਅਜਿਹੀਆਂ ਹਨ, ਜਿਨ੍ਹਾਂ ਨੂੰ ਸੁਧਾਰਨ ਦੀ ਲੋੜ ਹੈ, ਜਿਨ੍ਹਾਂ ਵਿਚ ਬੈਟਰਮੈਂਟ ਦੀ ਲੋੜ ਹੈ । ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ, ਇਸ ਗੱਲ ਨਾਲ ਮੈਂ ਸਹਿਮਤ ਹਾਂ ਅਤੇ ਸਾਨੂੰ ਇਸ ਸੁਧਾਰ ਵਾਸਤੇ ਪੂਰਾ ਯਤਨ ਕਰਨਾ ਚਾਹੀਦਾ ਹੈ । ਲੇਕਿਨ ਐਕਸਪਲਾਇਟੇਸ਼ਨ, ਮੋਟੀਵੇਟਿਡ, ਪਾਲੀਟੀਕਲ ਐਕਸਪਲਾਇਟੇਸ਼ਨ ਨਹੀਂ ਹੋਣੀ ਚਾਹੀਦੀ । ਜਲਸੇ ਵੀ ਹੁੰਦੇ ਹਨ, ਜਲੂਸ ਵੀ ਨਿਕਲਦੇ ਹਨ, ਪਰ ਕਿਸੇ ਮੋਟਿਵ ਨਾਲ ਵਾਇਲੈਂਸ ਨਹੀਂ ਹੋਣਾ ਚਾਹੀਦਾ, ਫਾਸਿਸਟ, ਐਂਟੀ ਡੈਮੋਕਰੇਟਿਕ ਢੰਗ ਨਾਲ ਕਿਸੇ ਚੀਜ਼ ਨੂੰ ਐਕਸਪਲਾਇਟ ਨਹੀਂ ਕਰਨਾ ਚਾਹੀਦਾ । ਇਸ ਕਰਕੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਸਰਕਾਰ ਕੋਈ ਆਪਣੀ ਇਕੋਨੋਮੀ ਨੂੰ ਠੀਕ ਕਰਨ ਵਾਸਤੇ ਕਦਮ ਚੁਕਦੀ ਹੈ ਤਾਂ ਉਸ ਦਾ ਉਲਟਾ ਪਰਾਪੇਗੰਡਾ ਨਹੀਂ ਕਰਨਾ ਚਾਹੀਦਾ ਅਤੇ ਜਿਥੇ ਪਰਾਈਵੇਟ ਇਕਾਨੋਮੀ ਚਲਦੀ ਹੋਵੇ ਜੇ ਉਸ ਨੂੰ ਕੰਟਰੋਲ ਨਾ ਕੀਤਾ ਜਾਵੇ ਤਾਂ ਚੰਗੀਂ ਗੱਲ ਨਹੀਂ ਹੈ । ਸਾਡੀ ਸਰਕਾਰ ਨੇ, ਹਿੰਦੁਸਤਾਨ ਦੀ ਸਰਕਾਰ ਨੇ ਜਿਹੜੇ ਇਕੋਨੋਮੀ ਨੂੰ ਠੀਕ ਕਰਨ ਵਾਸਤੇ ਕਦਮ ਚੁਕੇ ਹਨ, ਉਹ ਬਹੁਤ ਹੀ ਸ਼ਲਾਘਾਯੋਗ ਹਨ । ਬੜੇ ਬੜੇ ਲੀਡਰਾਂ ਨੇ ਇਹ ਗੱਲ ਕਹੀ ਹੈ ਕਿ ਪਬਲਿਕ ਸੈਕਟਰ ਵਿਚ ਗਵਰਨਮੈਂਟ ਵੱਧ ਤੋਂ ਵੱਧ ਕੰਟਰੋਲ ਕਰੇ । ਇਹ ਰੈਜਮੈਂਟੇਸ਼ਨ ਆਫ਼ ਇਕਾਨੋਮੀ ਹੈ ਅਤੇ ਇਸ ਤੇ ਸਰਕਾਰੀ ਕੰਟਰੋਲ ਹੋਣਾ ਚਾਹੀਦਾ ਹੈ ।

12-58 P.M. (ਇਸ ਸਮੇਂ ਸ੍ਰੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਜਿਥੋਂ ਤਕ ਮੇਰਾ ਖਿਆਲ ਹੈ ਅਤੇ ਮੇਰੀ ਸਮਝ ਹੈ, ਜਿਥੇ ਸੋਸ਼ਲਿਜ਼ਮ ਨੇ ਆਉਣਾ ਹੈ, ਉਥੇ ਸਰਕਾਰੀ ਕੰਟਰੋਲ ਵੱਧ ਤੋਂ ਵੱਧ ਇਕਾਨੋਮੀ ਤੇ ਹੋਣਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਨਾਲ ਸਾਰੇ ਮੁਲਕ ਦੀ ਬੇਹਤਰੀ ਕਰਨੀ ਚਾਹੀਦੀ ਹੈ । ਜਿਸ ਤਰ੍ਹਾਂ ਸ਼ਰਮਾਂ ਜੀ ਨੇ 1971-72 ਦੀ ਪਲੈਨ ਤੋਂ ਬਾਅਦ ਕੀਤਾ ਹੈ ਕਿ ਚੀਫ਼ ਮਨਿਸਟਰ ਸਾਹਿਬ ਅਤੇ ਫਾਈਨੈਂਸ ਮਨਿਸਟਰ ਸਾਹਿਬ ਦਿੱਲੀ ਗਏ ਅਤੇ ਪੰਜਾਬ ਇਕੱਲਾ ਸੂਬਾ ਹੈ ਜਿਸ ਨੇ ਇਸ ਦਫ਼ਾ ਆਪਣੀ ਪਲੈਨ ਇਨ-ਟੋਟੋ ਐਪਰੂਵ ਕਰਵਾਈ ਹੈ ਅਤੇ 219.47 ਕਰੋੜ ਰੁਪਏ ਨਾਲ ਪਲੈਨਿੰਗ ਕਰਕੇ ਸੂਬੇ ਦੀ ਹਾਲਤ ਨੂੰ ਹੋਰ ਚੰਗੇਰਾ ਬਣਾਉਣਗੇ । ਮੈਂ ਇਸ ਗੱਲ ਲਈ ਸਰਕਾਰ ਨੂੰ ਵਧਾਈ ਦਿੰਦਾ ਹਾਂ। ਪੰਜਾਬ ਦੇ ਵਿਚ ਹੁਣ ਅਨ-ਐਂਪਲਾਇਮੈਂਟ ਦੇ ਚਾਂਸ ਘੱਟ ਜਾਣਗੇ । ਮੈਂ ਇਸ ਗੱਲ ਲਈ ਵੀ ਸਰਕਾਰ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਕਿ ਥੀਨ ਡੈਮ ਪ੍ਰਾਜੈਕਟ ਤੇ ਪੰਜਾਬ ਦੀ ਸਰਕਾਰ ਤੇ ਜੰਮੂ ਅਤੇ ਕਸ਼ਮੀਰ ਦੀ ਸਰਕਾਰ ਵਿਚ ਸਮਝੌਤਾ ਹੋ ਗਿਆ ਹੈ ਅਤੇ ਉਸ ਦਾ ਕੰਮ ਸ਼ੁਰੂ ਕੀਤਾ ਜਾ ਸਕੇਗਾ ।

**ਸ੍ਰੀ ਸਪੀਕਰ:** ਸ਼ਰਮਾ ਜੀ, ਤੁਸੀ ਵੀ ਬੋਲਣਾ ਹੈ ?

Original with;
Punjab Vidhan Sabha
Digitized by;
Panjab Digital Library

**ਵਿੱਤ ਮੰਤਰੀ:** ਮੈਂ ਬੋਲ ਚੁਕਾ ਹਾਂ ਜੀ ।

**ਸ੍ਰੀ ਪ੍ਰੇਮ ਗੁਪਤਾ:** ਥੀਨ ਡੈਮ ਦੇ ਬਣਨ ਨਾਲ ਸਾਡੀਆਂ ਪ੍ਰਾਬਲਮਜ਼ ਹੋਰ ਘੱਟ ਜਾਣਗੀਆਂ । ਸਪੀਕਰ ਸਾਹਿਬ, ਮੈਂ ਸਾਰੇ ਹਾਊਸ ਦੇ ਮੈਂਬਰਾਂ ਅਤੇ ਕਾਂਗਰਸ ਪਾਰਟੀ ਦੇ ਇਸ ਮਤੇ ਨਾਲ ਸਹਿਮਤ ਹਾਂ ਅਤੇ ਇਹ ਚਾਹੁੰਦਾ ਹਾਂ ਕਿ ਜਿਹੜਾ ਯੂਥ ਹੈ, ਸਮਾਜ ਦੇ ਕਿਸੇ ਹਿੱਸੇ ਨਾਲ ਭਾਵੇਂ ਤਅੱਲੁਕ ਰਖਦਾ ਹੈ, ਉਸ ਦੀਆਂ ਤਕਲੀਫ਼ਾਂ ਨੂੰ ਜਲਦੀ ਤੋਂ ਜਲਦੀ ਹੱਲ ਕਰਨਾ ਚਾਹੀਦਾ ਹੈ । ਅਸੀਂ ਇਸ ਗੱਲ ਨੂੰ ਐਪਰੀਸ਼ੀਏਟ ਕਰਦੇ ਹਾਂ ਕਿ ਸਰਕਾਰ ਇਸ ਪਾਸੇ ਪੂਰਾ ਧਿਆਨ ਦੇ ਰਹੀ ਹੈ ਅਤੇ ਮੈਂ ਇਹ ਬੇਨਤੀ ਕਰਾਂਗਾ ਕਿ ਇਸ ਮਸਲੇ ਨੂੰ ਪਰਮਾਨੈਂਟਲੀ ਹੱਲ ਕਰਨਾ ਚਾਹੀਦਾ ਹੈ ਅਤੇ ਪੰਜਾਬ ਦੇ ਵਿਚ ਜੋ ਵੀ ਬੰਦਾ ਐਜੂਕੇਟਿਡ, ਅਨ-ਐਜੂਕੇਟਿਡ, ਸਕਿਲਡ ਜਾਂ ਅਨ-ਸਕਿਲਡ, ਕੋਈ ਵੀ ਹੋਵੇ, ਉਸ ਨੂੰ ਪਰਮਾਨੈਂਟਲੀ ਕੋਈ ਕੰਮ ਮਿਲਣਾ ਚਾਹੀਦਾ ਹੈ। ਇਸ ਦੇ ਨਾਲ ਹੀ ਮੈਂ ਇਹ ਵੀ ਕਹਾਂਗਾ ਕਿ ਸਰਕਾਰ ਨੂੰ ਸਮਾਲ-ਸਕੇਲ ਇੰਡਸਟਰੀਜ਼ ਹੋਰ ਲਗਾਉਣੀਆਂ ਚਾਹੀਦੀਆਂ ਹਨ ਅਤੇ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ । ਮੈਨੂੰ ਉਮੀਦ ਹੈ ਕਿ ਜਿਸ ਤਰ੍ਹਾਂ ਅਸੀਂ ਚਲ ਰਹੇ ਹਾਂ, ਇਸ ਨਾਲ ਸਾਡੀ ਇਕਾਨੋਮੀ ਠੀਕ ਹੋਵੇਗੀ ਅਤੇ ਸਾਡਾ ਦੇਸ਼ ਬਹੁਤ ਖੁਸ਼ਹਾਲ ਹੋਵੇਗਾ ।

ਸਪੀਕਰ ਸਾਹਿਬ, ਦੁਨੀਆਂ ਦੇ ਜਦ ਕਿਸੇ ਵੀ ਦੇਸ਼ ਵਿਚ ਇਨਫਲੇਸ਼ਨ ਹੁੰਦੀ ਹੈ ਤਾਂ ਉਸ ਦੇਸ਼ ਦੀਆਂ ਚੀਜ਼ਾਂ ਦੀਆਂ ਕੀਮਤਾਂ ਵੱਧ ਜਾਂਦੀਆਂ ਹਨ ਪਰ ਇਸ ਗਲ ਦੇ ਬਾਵਜੂਦ ਕਿ ਇਥੇ ਇਨਫਲੇਸ਼ਨ ਹੋਈ ਪਰ ਸਾਡੀ ਗੌਰਮਿੰਟ ਨੇ ਸੈਂਟਰ ਦੀ ਗੌਰਮਿੰਟ ਨੇ ਕੀਮਤਾਂ ਤੇ ਕਾਫ਼ੀ ਕੰਟਰੋਲ ਰਖਿਆ ਅਤੇ ਇਸ ਨੂੰ ਪਹਿਲੇ ਨਾਲੋਂ ਵੀ ਥੱਲੇ ਲਿਆਂਦਾ । ਦੇਸ਼ ਵਿਚ ਸਾਰੀਆਂ ਜ਼ਰੂਰੀ ਚੀਜ਼ਾਂ ਆਮ ਮਿਲਦੀਆਂ ਰਹੀਆਂ ਅਤੇ ਲੋਕਾਂ ਨੂੰ ਕਿਸੇ ਵੀ ਤੰਗੀ ਦਾ ਸਾਹਮਣਾ ਨਹੀਂ ਕਰਨਾ ਪਿਆ ।

ਸਾਡੀ ਸਰਕਾਰ ਨੇ ਅਨ-ਐਂਪਲਾਇਮੈਂਟ ਨੂੰ ਖ਼ਤਮ ਕਰਨ ਵਾਸਤੇ ਵੀ ਕਾਫ਼ੀ ਯਤਨ ਕੀਤੇ ਹਨ ਅਤੇ ਹੋਰ ਵੀ ਕੀਤੇ ਜਾ ਰਹੇ ਹਨ । ਹੁਣ ਜੋ ਸਾਡੀ ਸਰਕਾਰ ਇਸ ਸਾਲ ਬਜਟ ਪੇਸ਼ ਕਰ ਰਹੀ ਹੈ ਇਸ ਵਿਚ ਵੀ ਸ਼ਰਮਾ ਜੀ ਨੇ ਅਨਐਂਪਲਾਇਮੈਂਟ ਨੂੰ ਦੂਰ ਕਰਨ ਵਾਸਤੇ ਕਾਫ਼ੀ ਸਕੀਮਾਂ ਰਖੀਆਂ ਹੋਈਆਂ ਹਨ, ਇਹ ਬੜਾ ਹੀ ਪ੍ਰੋਗੈਸਿਵ ਬਜਟ ਪੇਸ਼ ਹੋਣਾ ਹੈ ਅਤੇ ਆਸ ਹੈ ਕਿ ਇਨ੍ਹਾਂ ਸਕੀਮਾਂ ਨਾਲ ਵੀ ਬੇਰੋਜ਼ਗਾਰੀ ਕਾਫ਼ੀ ਹੱਦ ਤਕ ਖ਼ਤਮ ਹੋਵੇਗੀ ।

**ਇੱਕ ਆਵਾਜ਼:** ਟਾਈਮ ਹੋ ਗਿਆ ਹੈ ਜੀ । (ਵਿਘਨ)

**ਕਾਮਰੇਡ ਸੱਤ ਪਾਲ ਡਾਂਗ:** ਸਪੀਕਰ ਸਾਹਿਬ ਰੂਲ ਨੰ: 31 ਦੇ ਹੇਠ ਇਹ ਪਰੋਵੀਜ਼ਨ ਹੈ ਕਿ 'A private Member's Resolution shall not be discussed in more than one sitting of the House.' ਸਪੀਕਰ ਸਾਹਿਬ, ਜੇ ਇਹ ਪਰੋਵੀਜ਼ਨ ਲਾਗੂ ਹੁੰਦੀ ਹੈ ਤਾਂ ਇਹ ਰੈਜ਼ੋਲਿਊਸ਼ਨ ਅੱਜ ਹੀ ਪੁਟ ਟੂ ਦੀ ਵੋਟ ਆਫ਼ ਦੀ ਹਾਊਸ ਹੋਣਾ ਚਾਹੀਦਾ ਹੈ । ਮੈਂ ਕਲੋਜ਼ਰ ਮੂਵ ਕਰਦਾ ਹਾਂ ਤੁਸੀਂ ਇਸ ਨੂੰ ਡੀਸਾਈਡ ਹੋ ਲੈਣ ਦਿਓ । ਅਗਲੇ ਵੀਰਵਾਰ ਇਸ ਤੇ ਡਿਸਕਸ਼ਨ ਨਹੀਂ ਹੋ ਸਕਦੀ ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ** ਡਾਂਗ ਸਾਹਿਬ, ਇਸ ਤੇ ਅਗਲੇ ਵੀਰਵਾਰ ਡਿਸਕਸ਼ਨ ਕਰ **ਲਵਾਂਗੇ,** ਹੁਣ ਤਾਂ ਟਾਈਮ ਹੋ ਗਿਆ ਹੈ।

**ਕਾਮਰੇਡ ਸੱਤ ਪਾਲ ਡਾਂਗ:** ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜੇ ਇਸ ਰੈਜ਼ੋਲਿਊਸ਼ਨ ਤੇ ਅਗਲੇ ਵੀਰਵਾਰ ਡਿਸਕਸ਼ਨ ਕਰਨੀ ਹੈ ਤਾਂ ਰੂਲਜ਼ ਨੂੰ ਸਸਪੈਂਡ ਕਰਨਾ ਪਵੇਗਾ।

**ਸ਼੍ਰੀ ਸਪੀਕਰ:** ਅਗਰ ਹਾਊਸ ਚਾਹੁੰਦਾ ਹੈ ਤਾਂ ਇਸ ਤੇ ਡਿਸਕਸ਼ਨ ਕੰਟੀਨਿਊ ਰਹਿ ਸਕਦੀ ਹੈ।

**ਕਾਮਰੇਡ ਸੱਤ ਪਾਲ ਡਾਂਗ:** ਸਪੀਕਰ ਸਾਹਿਬ, ਰੂਲਜ਼ ਨੂੰ ਸਸਪੈਂਡ ਕਰਨਾ ਪਵੇਗਾ। ਮੈਂ ਹੁਣ ਮੋਸ਼ਨ ਮੂਵ ਕਰ ਦਿੰਦਾ ਹਾਂ। ਇਸ ਰੈਜ਼ੋਲਿਊਸ਼ਨ ਨੂੰ ਹਰ ਪਾਸਿਉਂ ਸਪੋਰਟ ਮਿਲੀ ਹੈ, ਇਹ ਹੁਣੇ ਹੀ ਹੋ ਜਾਣਾ ਚਾਹੀਦਾ ਹੈ। (ਵਿਘਨ) ਅਗਰ ਅਗਲੇ ਵੀਰਵਾਰ ਹੀ ਕਰਨਾ ਹੈ ਤਾਂ ਰੂਲਜ਼ ਨੂੰ ਹੁਣੇ ਹੀ ਸਸਪੈਂਡ ਕਰਨਾ ਚਾਹੀਦਾ ਹੈ।

**ਮਾਲ ਅਤੇ ਚੋਣ ਮੰਤਰੀ** (ਸਰਦਾਰ ਉਮਰਾਓ ਸਿੰਘ): ਸਪੀਕਰ ਸਾਹਿਬ, ਹੁਣ ਤਾਂ ਟਾਈਮ ਹੋ ਗਿਆ ਹੈ ਅਗਲੇ ਵੀਰਵਾਰ ਇਸ ਨੂੰ ਵੇਖ ਲਵਾਂਗੇ।

**ਕਾਮਰੇਡ ਸੱਤ ਪਾਲ ਡਾਂਗ:** ਸਪੀਕਰ ਸਾਹਿਬ, ਮੈਂ ਹੁਣੇ ਹੀ ਕਲੋਜ਼ਰ ਮੋਸ਼ਨ ਮੂਵ ਕਰਦਾ ਹਾਂ, ਇਸ ਤੇ ਹੁਣੇ ਹੀ ਫੈਸਲਾ ਹੋ ਜਾਵੇਗਾ।

**ਸ਼੍ਰੀ ਸਪੀਕਰ** ਹੁਣ ਤਾਂ 1.00 ਵੱਜ ਗਿਆ ਹੈ ਜੀ, ਅਗਲੇ ਵੀਰਵਾਰ ਡਿਸਕਸ ਕਰ ਲਵਾਂਗੇ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਅਗਲੇ ਵੀਰਵਾਰ ਇਸ ਤੇ ਡਿਸਕਸ਼ਨ ਨਹੀਂ ਹੋ ਸਕਦੀ ਜਦ ਤਕ ਕਿ ਰੂਲ ਨੂੰ ਸਸਪੈਂਡ ਨਾ ਕੀਤਾ ਜਾਵੇ।

**ਸ਼੍ਰੀ ਸਪੀਕਰ** : ਮੈਂ ਹਾਊਸ ਨੂੰ ਇਹ ਕਹਾਂਗਾ ਕਿ ਇਸ ਤੇ ਅਗਲੇ ਵੀਰਵਾਰ ਡਿਸਕਸ਼ਨ ਹੋ ਜਾਵੇ ਤਾਂ ਠੀਕ ਹੈ।

**ਮਾਲ ਅਤੇ ਚੋਣ ਮੰਤਰੀ** : ਸਪੀਕਰ ਸਾਹਿਬ, ਅਸੀਂ ਇਸ ਬਾਰੇ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਵਿਚ ਫੈਸਲਾ ਕਰ ਲਵਾਂਗੇ ਅਤੇ ਜੇ ਹੋ ਸਕਿਆ ਤਾਂ ਅਗਲੇ ਵੀਰਵਾਰ ਡਿਸਕਸ ਕਰ ਲਵਾਂਗੇ।

**ਸ਼੍ਰੀ ਸਪੀਕਰ** : ਠੀਕ ਹੈ, ਇਸ ਤੇ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਵਿਚ ਫੈਸਲਾ ਕਰ ਲਵਾਂਗੇ ਅਤੇ ਅਗਲੇ ਵੀਰਵਾਰ ਡਿਸਕਸ ਕਰ ਲਵਾਂਗੇ।

**ਵਿੱਤ ਮੰਤਰੀ** : ਐਗਰੀਡ, ਸਰ। ਫਿਰ ਡਿਸਕਸ ਕਰ ਲਵਾਂਗੇ।

---

## DISCUSSION ON THE THIRD REPORT OF THE COMMITTEE OF PRIVILEGES

**Shri Kesho Ram Goel** (Bhatinda) Sir, I beg to move :—

> That the Third Report of the Committee of Privileges (i. e. the Report on the question of privilege regarding an attempt made by some Akali Members on 29th January, 1975 to prevent the Speaker from discharging his Constitutional duties in the House ) presented to the House on the 21st January, 1976, be taken into consideration.

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, 29 ਜਨਵਰੀ, 1975 ਨੂੰ ਜਦ ਇਸ ਹਾਊਸ ਵਿਚ ਹੰਗਾਮਾ ਹੋਇਆ ਤਾਂ ..... (ਵਿਘਨ)

**ਸਰਦਾਰ ਸਤਨਾਮ ਸਿੰਘ ਬਾਜਵਾ :** ਸਪੀਕਰ ਸਾਹਿਬ, ਮੈਂ ਇਕ ਅਰਜ਼ ਕਰਨੀ ਚਾਹੁੰਦਾ ਹਾਂ...... ।

**ਸ੍ਰੀ ਸਪੀਕਰ :** ਬਾਜਵਾ ਸਾਹਿਬ, ਪਹਿਲੇ ਉਨ੍ਹਾਂ ਨੂੰ ਬੋਲ ਲੈਣ ਦਿਉ ਫਿਰ ਤੁਸੀਂ ਵੀ ਕਹਿ ਲੈਣਾ (ਵਿਘਨ) ਇੰਟਰੱਪਟ ਨਾ ਕਰੋ । ਤੁਹਾਨੂੰ ਵੀ ਪੂਰਾ ਵਕਤ ਦਿੱਤਾ ਜਾਵੇਗਾ ।

**ਸ੍ਰੀ ਕੇਸ਼ੋ ਰਾਮ ਗੋਇਲ :** ਸਪੀਕਰ ਸਾਹਿਬ, 29 ਜਨਵਰੀ, 1975 ਨੂੰ ਇਸ ਅਸੈਂਬਲੀ ਦੇ ਅੰਦਰ ਇਕ ਬਹੁਤ ਵੱਡਾ ਹਾਦਸਾ ਹੋਇਆ ਅਤੇ 30 ਜਨਵਰੀ, 1975 ਨੂੰ ਇਕ ਪ੍ਰਿਵਿਲਿਜ ਮੋਸ਼ਨ ਲਿਆਂਦੀ ਗਈ । ਉਸ ਮੋਸ਼ਨ ਤੇ ਕਾਫੀ ਡਿਸਕਸ਼ਨ ਵੀ ਹੋਈ । ਉਸ ਡਿਸਕਸ਼ਨ ਦੇ ਵਿਚ ਕਈ ਮੈਂਬਰ ਸਾਹਿਬਾਨ ਸਨ, ਉਨ੍ਹਾਂ ਦੇ ਵਿਚੋਂ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਜੀ ਵੀ ਸਨ, ਬਾਦਲ ਸਾਹਿਬ ਵੀ ਸਨ, ਆਚਾਰਿਆ ਪ੍ਰਿਥਵੀ ਸਿੰਘ ਅਜ਼ਾਦ ਜੀ ਵੀ ਸਨ, ਅਤੇ ਹੋਰ ਵੀ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਇਸ ਡਿਸਕਸ਼ਨ ਦੇ ਵਿਚ ਹਿੱਸਾ ਲਿਆ ਸੀ । 29 ਜਨਵਰੀ ਨੂੰ ਇਥੇ ਪੇਪਰ ਮਿਜ਼ਾਈਲਜ਼ ਬਣਾ ਕੇ ਚੇਅਰ ਵਲ ਸੁਟੇ ਗਏ, ਨਾਅਰੇ ਬਾਜ਼ੀ ਵੀ ਕੀਤੀ ਗਈ, ਕੁਝ ਮੈਂਬਰ ਸਾਹਿਬਾਨ ਹਾਊਸ ਦੇ ਫਰਸ਼ ਤੇ ਵੀ ਆ ਕੇ ਬੈਠੇ ਅਤੇ ਹੋਰ ਕਈ ਤਰ੍ਹਾਂ ਨਾਲ ਹਾਊਸ ਦੇ ਡੈਕੋਰਮ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਗਈ । ਉਸ ਤੋਂ ਬਾਅਦ ਇਹ ਪ੍ਰਿਵਿਲਿਜ ਮੋਸ਼ਨ ਆਈ .... (ਵਿਘਨ)

**ਸਰਦਾਰ ਸਤਨਾਮ ਸਿੰਘ ਬਾਜਵਾ :** ਸਪੀਕਰ ਸਾਹਿਬ, ਮੈਂ ਨਹੀਂ ਚਾਹੁੰਦਾ ਕਿ ਇਸ ਗਲ ਤੇ ਡਿਸਕਸ਼ਨ ਸ਼ੁਰੂ ਕੀਤੀ ਜਾਵੇ । ਹਰ ਇਕ ਮੈਂਬਰ ਨੂੰ ਇਸ ਬਾਰੇ ਪਤਾ ਹੈ, ਇਹ ਫਿਰ ਦੁਬਾਰਾ ਨਹੀਂ ਕਹਿਣੀ ਚਾਹੀਦੀ । ਮੈਂ ਨਹੀਂ ਚਾਹੁੰਦਾ ਕਿ ਹਾਊਸ ਵਿਚ ਫਿਰ ਗਰਮਾ ਗਰਮੀ ਹੋਵੇ ।

**ਸ੍ਰੀ ਸਪੀਕਰ :** ਬਾਜਵਾ ਸਾਹਿਬ, ਉਨ੍ਹਾਂ ਨੇ ਮੋਸ਼ਨ ਮੂਵ ਕੀਤੀ ਹੈ, ਉਨ੍ਹਾਂ ਨੂੰ ਬੋਲ ਲੈਣ ਦਿਉ, ਫਿਰ ਮੈਂ ਮੋਸ਼ਨ ਮੂਵ ਕਰਾਂਗਾ, ਉਸ ਤੋਂ ਬਾਅਦ ਤੁਸੀਂ ਬੋਲ ਲੈਣਾ । (ਵਿਘਨ)

**ਸ੍ਰੀ ਕੇਸ਼ੋ ਰਾਮ ਗੋਇਲ :** 3 ਫਰਵਰੀ ਨੂੰ ਇਹ ਮਾਮਲਾ ਪ੍ਰਿਵਿਲਿਜ਼ ਕਮੇਟੀ ਨੂੰ ਸਪੁਰਦ ਕੀਤਾ ਗਿਆ । ਪ੍ਰਿਵਿਲਿਜ ਕਮੇਟੀ ਨੇ ਇਸ ਮਾਮਲੇ ਨੂੰ ਐਗਜ਼ਾਮਿਨ ਕੀਤਾ ਅਤੇ ਦੋਨੋਂ ਪਾਸਿਆਂ ਦੇ ਕਈ ਮੈਂਬਰ ਸਾਹਿਬਾਨ ਨੂੰ ਬੁਲਾ ਕੇ ਉਨ੍ਹਾਂ ਕੋਲੋਂ ਗੁਰੂ ਸਾਹਿਬਾਨ ਦੀ ਸੌਂਹ ਖਵਾ ਕੇ ਸਟੇਟਮੈਂਟ ਲਈ ਗਈ । ਪਰ ਫਿਰ ਵੀ ਇਨ੍ਹਾਂ ਦੇ ਮੈਂਬਰ ਆਪਣੀਆਂ ਗਲਾਂ ਤੋਂ ਮੁਕਰ ਗਏ ਅਤੇ ਇਨ੍ਹਾਂ ਵਿਚੋਂ ਇਕ ਮੈਂਬਰ ਨੇ ਤਾਂ ਇਹ ਮੰਨਿਆ ਕਿ ਉਨ੍ਹਾਂ ਨੇ ਨਾਅਰੇ ਲਾਏ ਸਨ, ਪਰ ਬਾਕੀ ਸਾਰੇ ਇਸ ਤੋਂ ਵੀ ਮੁਕਰ ਗਏ । ਉਸ ਤੋਂ ਬਾਅਦ ਹੋਰ ਵੀ ਕਈ ਮੈਂਬਰ ਸਾਹਿਬਾਨ ਨੂੰ ਐਗਜ਼ਾਮਿਨ ਕੀਤਾ ਗਿਆ । ਕਮੇਟੀ ਇਹ ਚਾਹੁੰਦੀ ਸੀ ਕਿ ਹਾਊਸ ਦੀ ਡਿਗਨਟੀ, ਹਾਊਸ ਦਾ ਡੈਕੋਰਮ ਹਰ ਤਰ੍ਹਾਂ ਨਾਲ ਕਾਇਮ ਰਹਿਣਾ ਚਾਹੀਦਾ ਹੈ ਅਤੇ ਇਸ ਕਮੇਟੀ ਨੇ ਫਿਰ ਵੀ ਬਹੁਤ ਹੀ ਲੀਨੀਐਂਟ ਵਿਊ ਲੈਂਦੇ ਹੋਏ ਇਨ੍ਹਾਂ ਦੇ ਕੁਝ ਮੈਂਬਰਾਂ ਨੂੰ ਸਿਰਫ 2 ਮਹੀਨਿਆਂ ਲਈ ਹੀ ਸਸਪੈਂਡ ਕਰਨ ਲਈ ਕਿਹਾ ਹੈ । ਇਸ ਲਈਂ ਮੈਂ ਇਸ ਹਾਊਸ ਨੂੰ

Original with;
Punjab Vidhan Sabha
Digitized by;
Panjab Digital Library

[ਸ੍ਰੀ ਕੇਸ਼ੋ ਰਾਮ ਗੋਇਲ]

ਅਪੀਲ ਕਰਾਂਗਾ ਕਿ ਉਹ ਇਸ ਕਮੇਟੀ ਦੀ ਰਿਪੋਰਟ ਨੂੰ ਮੰਨਣ ਤਾਂਕਿ ਇਸ ਹਾਊਸ ਦੀ ਡਿਗਨਿਟੀ, ਇਸ ਹਾਊਸ ਦੇ ਡੈਕੋਰਮ ਨੂੰ ਕਾਇਮ ਰਖਿਆ ਜਾ ਸਕੇ । (ਸ਼ੋਰ)

(ਇਸ ਵੇਲੇ ਕਈ ਮਾਨਯੋਗ ਮੈਂਬਰ ਬੋਲਣ ਲਈ ਖੜੇ ਹੋ ਗਏ।)

**ਸ੍ਰੀ ਸਪੀਕਰ** : ਬੈਠ ਜਾਉ, ਮੈਨੂੰ ਮੋਸ਼ਨ ਮੂਵ ਕਰ ਲੈਣ ਦਿਉ । (ਵਿਘਨ)

Motion moved—

That the Third Report of the Committee of Privileges (i. e. the Report on the question of privilege regarding an attempt made by some Akali Members on 29th January 1975 to prevent the Speaker from discharging his Constitutional duties in the House, presented to the House on the 21st January, 1976, be taken into consideration.

**ਸਰਦਾਰ ਸਤਨਾਮ ਸਿੰਘ ਬਾਜਵਾ (ਕਾਦੀਆਂ)** : ਸਪੀਕਰ ਸਾਹਿਬ, ਜਿਸ ਕੁਰਸੀ ਉਤੇ ਤੁਸੀਂ ਸੁਸ਼ੋਭਤ ਹੋ ਸਾਨੂੰ ਉਸ ਦਾ ਇਹਤਰਾਮ ਹੈ, ਪੂਰੀ ਇਜ਼ਤ ਹੈ । ਮੇਰੀ ਗੈਰ-ਹਾਜ਼ਰੀ ਵਿਚ ਉਸ ਵੇਲੇ ਜਿਹੜਾ ਵਾਕਿਆ ਹੋਇਆ ਹੈ ਮੈਂ ਸਮਝਦਾ ਹਾਂ ਇਹ ਠੀਕ ਨਹੀਂ ਹੋਇਆ । ਜੋ ਕੁਝ ਹੋਇਆ ਹੈ, ਠੀਕ ਨਹੀਂ ਜੀ । ਮੈਂ ਤੁਹਾਡੇ ਕੋਲੋਂ ਔਰ ਇਸ ਹਾਊਸ ਕੋਲੋਂ ਇਹ ਗਲ ਚਾਹੁੰਦਾ ਹਾਂ ਕਿ ਇਸ ਗਲ ਨੂੰ ਖੁਲ੍ਹਦਿਲੀ ਨਾਲ ਰਲ ਕੇ ਸੋਚਣਾ ਚਾਹੀਦਾ ਹੈ । ਜੇਕਰ ਮੈਂਬਰ ਕਿਸੇ ਵਜਾਹ ਕਾਰਨ ਭੜਕ ਪਏ ਤਾਂ ਹੁਣ ਇਸ ਉਤੇ ਬਹੁਤਾ ਵਜ਼ਨ ਨਹੀਂ ਦੇਣਾ ਚਾਹੀਦਾ ਔਰ ਮੈਂ ਬਤੌਰ ਪਾਰਟੀ ਲੀਡਰ ਦੇ ਆਪਣੀ ਪਾਰਟੀ ਵਲੋਂ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਅਸੀਂ ਹਮੇਸ਼ਾ ਕੁਰਸੀ ਦੀ ਇਜ਼ਤ ਔਰ ਏਹਤਰਾਮ ਦਾ ਖਿਆਲ ਰੱਖਾਂਗੇ ।

**ਸਰਦਾਰ ਹਰਚੰਦ ਸਿੰਘ** : ਨੱਕ ਨਾਲ ਲਕੀਰਾਂ ਕੱਢੋ । (ਹਾਸਾ)

**ਸਰਦਾਰ ਗੁਰਮੇਜ ਸਿੰਘ (ਵੇਰਕਾ, ਐਸ. ਸੀ. )** : ਸਪੀਕਰ ਸਾਹਿਬ, ਮੈਂ ਤੁਹਾਡੀ ਸੇਵਾ ਵਿਚ ਬੇਨਤੀ ਕਰਦਾ ਹਾਂ ਕਿ ਪੰਜਾਬ ਦੀ ਜਨਤਾ ਨੇ ਸਾਨੂੰ ਸਾਰਿਆਂ ਨੂੰ ਇਸ ਹਾਊਸ ਵਿਚ ਮੈਂਬਰ ਬਣਾ ਕੇ ਭੇਜਿਆ ਹੈ ਔਰ ਭੇਜਿਆ ਇਸ ਕਰਕੇ ਹੈ ਕਿ ਅਸੀਂ ਇਥੇ ਲੋਕਾਂ ਦੇ ਭਲੇ ਲਈ, ਲੋਕਾਂ ਦੀ ਚੰਗੀ ਜ਼ਿੰਦਗੀ ਲਈ, ਸ਼ਹਿਰੀ ਆਜ਼ਾਦੀ ਲਈ ਵਿਚਾਰਾਂ ਕਰ ਸਕੀਏ । ਪਰ ਮੈਨੂੰ ਇਹ ਗਲ ਅਫਸੋਸ ਨਾਲ ਕਹਿਣੀ ਪੈ ਰਹੀ ਹੈ ਕਿ ਸੰਨ 1975 ਦੀ ਜਨਵਰੀ ਨੂੰ ਇਸ ਹਾਊਸ ਵਿਚ ਜੋ ਵਾਕਿਆ ਹੋਇਆ ਹੈ, ਉਸ ਵਾਕਿਆ ਨੂੰ ਵੇਖ ਕੇ ਮੇਰਾ ਸਿਰ ਸ਼ਰਮ ਨਾਲ ਝੁਕਦਾ ਸੀ ਕਿ ਅਸੀਂ ਲੋਕਾਂ ਦੇ ਨੁਮਾਇੰਦੇ ਬਣਕੇ ਇਥੇ ਆਏ ਹਾਂ ਪਰ ਜੋ ਖੇਲ੍ਹ ਅਸੀਂ ਇਥੇ ਵੇਖ ਰਹੇ ਹਾਂ ਲੋਕੀਂ ਸਾਨੂੰ ਕੀ ਸਮਝਣਗੇ । 29 ਜਨਵਰੀ, 1975 ਨੂੰ ਇਸ ਹਾਊਸ ਵਿਚ ਕੁਐਸਚਨ ਆਵਰ ਦੇ ਬਾਅਦ ਸਰਦਾਰ ਬਲਵਿੰਦਰ ਸਿੰਘ ਜੀ ਨੇ ਇਕ ਪੁਆਇੰਟ ਰੇਜ਼ ਕੀਤਾ । ਉਹ ਸੀ ਡੀ. ਸੀ. ਬਠਿੰਡਾ ਦੇ ਮੁਤਅੱਲਕ । (ਵਿਘਨ)

**ਆਵਾਜ਼ਾਂ** : ਇਨ੍ਹਾਂ ਨੂੰ ਮੈਂਬਰ ਦੇ ਨਾਉਂ ਦਾ ਵੀ ਨਹੀਂ ਪਤਾ ।

**ਸ੍ਰੀ ਸਪੀਕਰ** : ਤੁਸੀਂ ਸਰਦਾਰ ਗੁਰਮੇਜ ਸਿੰਘ ਜੀ, ਰਿਪੋਰਟ ਦੀ ਡੀਟੇਲ ਵਿਚ ਨਾ ਜਾਉ । ਇਸ ਉਪਰ ਡੀਬੇਟ ਅੱਧੇ ਘੰਟੇ ਦੀ ਹੋਵੇਗੀ । ਇਸ ਕਰਕੇ ਲੰਬੀ ਗਲ ਨਾ ਕਰੋ ।

**ਸਰਦਾਰ ਗੁਰਮੇਜ ਸਿੰਘ** : ਠੀਕ ਹੈ ਜੀ, ਮੈਂ ਡਿਟੇਲ ਵਿਚ ਨਹੀਂ ਜਾਂਦਾ ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ** : ਜਿਹੜੀ ਕਮੇਟੀ ਦੀ ਰਿਕਮੈਂਡੇਸ਼ਨ ਹੈ ਉਸ ਦੇ ਬਾਰੇ ਕਹੋ ।

**ਸਰਦਾਰ ਗੁਰਮੇਜ ਸਿੰਘ** : ਠੀਕ ਹੈ ਜੀ । ਤੁਹਾਡੀ ਸੇਵਾ ਵਿਚ, ਸਪੀਕਰ ਸਾਹਿਬ ..

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਦਰਬਾਰਾ ਸਿੰਘ ਪੁਆਇੰਟ ਆਫ ਆਰਡਰ ਰੇਜ਼ ਕਰਨ ਲਈ ਖੜ੍ਹੇ ਹੋ ਗਏ ।)

**ਸ਼੍ਰੀ ਸਪੀਕਰ** : ਸਰਦਾਰ ਗੁਰਮੇਜ ਸਿੰਘ ਜੀ ਤੁਸੀਂ ਬੈਠੋ । Sardar Darbara Singh is on a point of order.

**ਸਰਦਾਰ ਦਰਬਾਰਾ ਸਿੰਘ** : ਮੈਂ, ਸਪੀਕਰ ਸਾਹਿਬ, ਤੁਹਾਡੇ ਥਰੂ ਬੇਨਤੀ ਕਰਾਂਗਾ ਕਿ ਹਾਊਸ ਨੂੰ ਜਦੋਂ ਇਨ੍ਹਾਂ ਨੇ ਅਨਕੁਆਲੀਫਾਈਡ ਐਪਾਲੋਜੀ ਸ਼ੋ ਕਰ ਦਿੱਤੀ ਹੈ ਤਾਂ ਇਸ ਮਸਲੇ ਨੂੰ ਡਰਾਪ ਕਰਨਾ ਚਾਹੀਦਾ ਹੈ ।

**Mr. Speaker** : No, no ਇਨ੍ਹਾਂ ਨੇ ਅਨਕੁਆਲੀਫਾਈਡ ਐਪਾਲੋਜੀ ਕੋਈ ਨਹੀਂ ਕੀਤੀ ।

**ਸਰਦਾਰ ਸਤਨਾਮ ਸਿੰਘ ਬਾਜਵਾ** : ਦੱਸੋ ਸਪੀਕਰ ਸਾਹਿਬ, ਕਿਹੜਾ ਲਫਜ਼ ਬਾਕੀ ਰਹਿ ਗਿਆ ਹੈ, ਉਹ ਵੀ ਕਹਿ ਦੇਵਾਂ ।

**ਸਰਦਾਰ ਗੁਰਮੇਜ ਸਿੰਘ** : ਸੋ ਸਪੀਕਰ ਸਾਹਿਬ, ਮੈਂ ਤਾਂ ਇਕੋ ਹੀ ਗੱਲ ਦੱਸਣੀ ਚਾਹੁੰਦਾ ਹਾਂ ਕਿ ਸਰਦਾਰ ਹਰਬੰਸ ਸਿੰਘ ਜਲਾਲ, ਸਰਦਾਰ ਤਜਿੰਦਰ ਸਿੰਘ ਭੂੰਦੜ, ਸਰਦਾਰ ਗੁਰਦੇਵ ਸਿੰਘ ਸਿੱਧੂ, ਸਰਦਾਰ ਜਸਵਿੰਦਰ ਸਿੰਘ ਬਰਾੜ, ਸਰਦਾਰ ਗੁਰਦੇਵ ਸਿੰਘ ਬਾਦਲ, ਸਰਦਾਰ ਰਣਧੀਰ ਸਿੰਘ ਚੀਮਾਂ, ਸਰਦਾਰ ਬਸੰਤ ਸਿੰਘ ਖਾਲਸਾ, ਸਰਦਾਰ ਧੰਨਾ ਸਿੰਘ ਗੁਲਸ਼ਨ, ਜਥੇਦਾਰ ਗੁਰਬਚਨ ਸਿੰਘ, ਸਰਦਾਰ ਸੁਖਦੇਵ ਸਿੰਘ ਢਿੱਲੋਂ ਇਨ੍ਹਾਂ ਸਾਰਿਆਂ ਨੂੰ....

**ਸਰਦਾਰ ਰਣਧੀਰ ਸਿੰਘ ਚੀਮਾ** : ਆਨ ਏ ਪੁਆਇੰਟ ਆਫ ਆਰਡਰ, ਸਰ । ਜਿਹੜੇ ਮੈਂਬਰ ਇਸ ਹਾਊਸ ਦੀ ਕਮੇਟੀ ਦੇ ਮੈਂਬਰ ਹਨ ਉਹ ਆਪਣੇ ਖਿਆਲਾਂ ਦਾ ਇਜ਼ਹਾਰ ਨਹੀਂ ਕਰ ਸਕਦੇ .... (ਵਿਘਨ)

**ਕੈਪਟਨ ਰਤਨ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਕੋਲ ਇੰਨੀ ਹੀ ਗੱਲ ਦੱਸਣਾ ਚਾਹੁੰਦਾ ਹਾਂ ਕਿ ਰੂਲਜ਼ ਦੇ ਵਿਚ ਇਹ ਹੈ ਕਿ ਜਿਸ ਵੇਲੇ ਕਿਸੇ ਕਮੇਟੀ ਦੀ ਰਿਪੋਰਟ ਅੰਡਰ ਡਿਸਕਸ਼ਨ ਹੋਵੇ ਜਾਂ ਬਹਿਸ ਹੋਵੇ ਤਾਂ ਜਿਹੜਾ ਉਸ ਕਮੇਟੀ ਦਾ ਚੇਅਰਮੈਨ ਹੈ ਅਤੇ ਕਮੇਟੀ ਦੀ ਰਿਪੋਰਟ ਨੂੰ ਪੇਸ਼ ਕਰਦਾ ਹੈ ਉਸ ਉਤੇ ਬੋਲ ਸਕਦਾ ਹੈ । ਜਿਹੜੇ ਦੂਸਰੇ ਮੈਂਬਰ ਹਨ, ਮੇਰੇ ਖਿਆਲ ਵਿਚ ਉਨ੍ਹਾਂ ਦੇ ਆਪਣੇ ਹੱਕ ਨਹੀਂ ਖੋਹੇ ਜਾਂਦੇ । ਇਨ੍ਹਾਂ ਨੇ ਜਿਹੜੀ ਹਾਊਸ ਨੂੰ ਕਮੇਟੀ ਦੀ ਰਿਪੋਰਟ ਦਿੱਤੀ ਹੈ ਉਹ ਰਿਪੋਰਟ ਹਾਊਸ ਵਿਚ ਅੰਡਰ ਡਿਸਕਸ਼ਨ ਹੈ । ਇਨ੍ਹਾਂ ਦੀ .............. ।

**ਸ਼੍ਰੀ ਸਪੀਕਰ** : ਰਿਪੋਰਟ ਦੇ ਖਿਲਾਫ ਨਹੀਂ ਬੋਲ ਸਕਦਾ ਪਰ ਹੱਕ ਵਿਚ ਬੋਲ ਸਕਦਾ ਹੈ । ਜਿਸ ਮੈਂਬਰ ਨੇ ਡਾਈਸੈਂਟਿੰਗ ਨੋਟ ਦਿੱਤਾ ਹੈ ਉਹ ਖਿਲਾਫ ਬੋਲ ਸਕਦੇ ਹਨ ।

Original with;
Punjab Vidhan Sabha
Digitized by;
Panjab Digital Library

**ਕੈਪਟਨ ਰਤਨ ਸਿੰਘ :** ਅੱਗੇ ਹਾਊਸ ਵਿਚ ਇਸ ਤਰ੍ਹਾਂ ਨਹੀਂ ਹੋਇਆ ।

**ਸਰਦਾਰ ਗੁਰਮੇਜ ਸਿੰਘ :** ਸੋ ਸਪੀਕਰ ਸਾਹਿਬ, ਮੈਂ ਜ਼ਿਆਦਾ ਕੁਝ ਨਾ ਕਹਿੰਦਾ ਹੋਇਆ ਇੱਕ ਤੁਹਾਡੇ ਕੋਲ ਅਰਜ਼ ਕਰਾਂਗਾ ਕਿ ਇਹ ਸਾਰਾ ਕੁਝ ਜੋ ਕੁਝ ਉਸ ਦਿਨ ਹਾਊਸ ਵਿਚ ਹੋਇਆ ਸੀ, ਅਖਬਾਰਾਂ ਦੀਆਂ ਸੁਰਖੀਆਂ ਬਣੀਆਂ। ਇਨ੍ਹਾਂ 10 ਅਕਾਲੀ ਮੈਂਬਰਾਂ ਨੇ ਹਾਊਸ ਦੀ ਮਰਿਯਾਦਾ ਨੂੰ ਭੰਗ ਕੀਤਾ ਹੈ ਤਾਂ ਮੈਂ ਅਰਜ਼ ਕਰਾਂਗਾ ਕਿ ਇਨ੍ਹਾਂ ਨੂੰ 2 ਮਹੀਨੇ ਲਈ ਮੁਅੱਤਲ ਕਰ ਦਿੱਤਾ ਜਾਵੇ ਤਾਕਿ ਇਨ੍ਹਾਂ ਨੂੰ ਅਕਲ ਆ ਜਾਵੇ । (ਵਿਘਨ)

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** (ਖਰੜ): ਸਪੀਕਰ ਸਾਹਿਬ, ਮੈਂ ਇਸ ਗੱਲ ਲਈ ਖੜਾ ਹੋਇਆ ਹਾਂ ਕਿ ਇਹ ਜਿਹੜਾ ਸਦਨ ਹੈ ਇਸ ਦੀ ਡਿਗਨਿਟੀ, ਡੈਕੋਰਮ ਨੂੰ ਕਾਇਮ ਰੱਖਣਾ ਰੂਲਿੰਗ ਪਾਰਟੀ ਦੇ ਅਤੇ ਆਪੋਜ਼ੀਸ਼ਨ ਪਾਰਟੀ ਦੇ ਸਾਰੇ ਮੈਂਬਰਾਂ ਦਾ ਕਰਤੱਵ ਹੈ । ਜੋ ਕੁਝ ਇਥੇ 29 ਜਨਵਰੀ ਨੂੰ ਹੋਇਆ ਸੀ ਉਹ ਬੜਾ ਦੁਖਦਾਈ ਸੀ ਔਰ ਗੈਰ-ਪਾਰਲੀਮੈਂਟਰੀ ਸੀ । ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ । (ਵਿਘਨ) ਇਸ ਗੱਲ ਦਾ ਨਿਪਟਾਰਾ ਹੋ ਸਕਦਾ ਹੈ ਜੇ ਅਕਾਲੀ ਪਾਰਟੀ ਦੇ ਉਹ ਮੈਂਬਰ ਸਾਹਿਬਾਨ ਜਿਨ੍ਹਾਂ ਨੇ ਇਹ ਗੈਰ-ਵਿਧਾਨਕ ਕਾਰਵਾਈ ਕੀਤੀ ਸੀ ਇਹ ਕਹਿ ਦੇਣ ਕਿ ਅਸੀਂ ਅੱਗੇ ਤੋਂ ਇਸ ਤਰ੍ਹਾਂ ਦੀ ਕੋਈ ਗੈਰ-ਵਿਧਾਨਕ ਕਾਰ-ਵਾਈ ਨਹੀਂ ਕਰਾਂਗੇ ਅਤੇ ਹਾਊਸ ਦੀ ਮਰਿਯਾਦਾ ਨੂੰ ਪੂਰੀ ਤਰ੍ਹਾਂ ਕਾਇਮ ਰਖਾਂਗੇ ਅਤੇ ਹਾਊਸ ਦਾ ਸਤਿਕਾਰ ਕਰਾਂਗੇ । ਇਸ ਦੇ ਨਾਲ ਅਕਾਲੀ ਪਾਰਟੀ ਦੇ ਮੈਂਬਰਾਂ ਦੇ ਸਤਿਕਾਰ ਵਿਚ ਕਮੀ ਨਹੀਂ ਹੁੰਦੀ । ਇਸ ਲਈ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਨੇਤਾ ਨੇ ਉਨ੍ਹਾਂ ਨੂੰ ਠੀਕ ਕਿਹਾ ਹੈ ਕਿ ਜੇਕਰ ਮੇਰੀ ਪਿਛਲੀ ਗੱਲ ਨਾਲ ਇਨ੍ਹਾਂ ਦੀ ਤਸੱਲੀ ਨਹੀਂ ਹੁੰਦੀ ਤਾਂ ਜੋ ਇਹ ਕਹਾਉਣਾ ਚਾਹੁੰਦੇ ਹਨ ਮੈਂ ਕਹਿ ਦਿੰਦਾ ਹਾਂ । ਮੇਰਾ ਖਿਆਲ ਹੈ ਕਿ ਇਤਨੇ ਲਫਜ਼ ਕਹਿਣ ਨਾਲ ਕਿ we are extremely sorry for our conduct and we shall not repeat it. ਇਹ ਮਾਮਲਾ ਖਤਮ ਕਰ ਦੇਣਾ ਚਾਹੀਦਾ ਹੈ ।

**ਸ੍ਰੀ ਪਿਆਰਾ ਰਾਮ ਧੰਨੋਵਾਲੀ (ਫਗਵਾੜਾ, ਐਸ. ਸੀ.) :** ਸਪੀਕਰ ਸਾਹਿਬ, ਪਿਛਲੇ ਬੱਜਟ ਸੈਸ਼ਨ ਵਿਚ 29 ਜਨਵਰੀ, 1975 ਨੂੰ ਜਿਹੜਾ ਸ਼ਰਮਨਾਕ ਵਾਕਿਆ ਹੋਇਆ ਹੈ, ਤੁਹਾਨੂੰ ਆਪਣੀ ਡਿਊਟੀ ਤੋਂ ਰੋਕਿਆ ਹੈ, ਔਰ ਇਥੇ ਇਸ ਹਾਊਸ ਦੇ ਸਿਕਿਉਰਟੀ ਦੇ ਆਦਮੀਆਂ ਨਾਲ ਗੁੱਥਮਗੁੱਥਾ ਇਹ ਸੱਜਣ ਹੋਏ ਅਜ ਪੂਰੇ ਸਾਲ ਬਾਅਦ ਇਤਨੀ ਮਿਹਨਤ ਤੋਂ ਬਾਅਦ ਐਡੀ ਵੱਡੀ ਮਿਹਨਤ ਤੋਂ ਬਾਅਦ ਇਕ ਸਾਲ ਬਾਅਦ ਰਿਪੋਰਟ ਪੇਸ਼ ਹੋਈ ਔਰ ਇਸ ਵਿਚ ਰਿਕਮੈਂਡ ਕੀਤਾ ਗਿਆ ਕਿ ਇਨ੍ਹਾਂ ਦਸਾਂ ਮੈਂਬਰਾਂ ਨੂੰ ਦੋ ਮਹੀਨਿਆਂ ਲਈ ਸਸਪੈਂਡ ਕੀਤਾ ਜਾਵੇ । ਇਹ ਬਾਹਰ, ਜਿਸ ਤਰ੍ਹਾਂ ਜੋਸ਼ ਜੀ ਨੇ ਦਸਿਆ ਹੈ ਕਿ ਇਹ ਫੈਸਲਾ ਕਰਕੇ ਆਏ ਸੀ ਲੇਕਿਨ ਹਾਊਸ ਵਿਚ ਉਸ ਗੱਲ ਨੂੰ ਕਹਿਣ ਤੋਂ ਗੁਰੇਜ਼ ਕੀਤਾ ਜਾਂਦਾ ਹੈ ਔਰ ਸਪੀਕਰ ਸਾਹਿਬ ਹੁਣ ਜਦੋਂ ਕਿ ਐਮਰਜੈਂਸੀ ਲੱਗੀ ਹੋਈ ਹੈ ।

(ਇਸ ਸਮੇ, ਮਾਨਯੋਗ ਮੈਂਬਰ ਸ੍ਰੀ ਬ੍ਰਿਜ ਲਾਲ ਗੋਇਲ ਮਾਨਯੋਗ ਮੁੱਖ ਮੰਤਰੀ ਜੀ ਦੀ ਸੀਟ ਤੇ ਆ ਕੇ ਬੈਠ ਗਏ ।)

**ਸ੍ਰੀ ਸਪੀਕਰ :** ਗੋਇਲ ਸਾਹਿਬ, ਸੀ. ਐਮ. ਬਣ ਗਏ ਤੁਸੀਂ ? (ਹਾਸਾ) (ਵਿਘਨ)
(ਇਸ ਸਮੇ ਸ੍ਰੀ ਬ੍ਰਿਜ ਲਾਲ ਗੋਇਲ ਜੀ ਆਪਣੀ ਸੀਟ ਤੇ ਚਲੇ ਗਏ ।)

Original with;
Punjab Vidhan Sabha
Digitized by;
Panjab Digital Library

**ਆਵਾਜ਼ਾਂ** : ਸਪੀਕਰ ਸਾਹਿਬ, ਹੁਣ ਡੀਬੇਟ ਨੂੰ ਬੰਦ ਕਰਵਾਓ ਜੀ ।

**ਸ੍ਰੀ ਸਪੀਕਰ** : ਇਹ ਹਾਊਸ ਦਾ ਮਾਮਲਾ ਹੈ । I cannot interfere. I am servant of the House. ਹਾਊਸ ਜੋ ਕਹੇਗਾ, ਹੋ ਜਾਵੇਗਾ ।

**ਸ੍ਰੀ ਪਿਆਰਾ ਰਾਮ ਧੰਨੋਵਾਲੀ** : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਤੁਸੀਂ ਕਈ ਗੱਲਾਂ ਭਾਵੇਂ ਇਗਨੋਰ ਕਰੀ ਜਾਓਗੇ ਦੇਸ਼ ਵਿਚ ਐਮਰਜੈਂਸੀ ਲਗੀ ਹੋਈ ਹੈ, ਪਰ ਇਨ੍ਹਾਂ ਦਾ ਵਤੀਰਾ ਉਹੋ ਹੀ ਹੈ । ਮੈਂ ਸਮਝਦਾ ਹਾਂ ਕਿ ਜੇ ਤਾਂ ਖੜੇ ਹੋ ਕਿ ਇਸ ਹਾਊਸ ਤੋਂ ਮੁਆਫੀ ਮੰਗਣ ਤਾਂ ਤੇ ਠੀਕ ਹੈ । ਬਲਕਿ ਮੈਂ ਤਾਂ ਕਹਾਂਗਾਂ ਕਿ ਏਡੇ ਵੱਡੇ ਦੋਸ਼ ਦੀ ਮੁਆਫੀ ਵੀ ਨਹੀਂ ਦੇਣੀ ਚਾਹੀਦੀ । ਜੇ ਉਠ ਕੇ ਮੁਆਫੀ ਮੰਗਦੇ ਤਾਂ ਮੁਆਫ ਕਰਨਾ ਚਾਹੀਦਾ ਹੈ ਵਰਨਾ ਇਸ ਰਿਪੋਰਟ ਉਤੇ ਸਖ਼ਤੀ ਨਾਲ ਅਮਲ ਕਰਨਾ ਚਾਹੀਦਾ ਹੈ ।

(ਇਸ ਸਮੇਂ ਮਾਨਯੋਗ ਮੈਂਬਰ ਕੈਪਟਨ ਰਤਨ ਸਿੰਘ ਅਤੇ ਹੋਰ ਕਈ ਮਾਨਯੋਗ ਮੈਂਬਰ ਬੋਲਣ ਲਈ ਖੜੇ ਹੋ ਗਏ)

**ਸ੍ਰੀ ਸਪੀਕਰ** : ਕੈਪਟਨ ਰਤਨ ਸਿੰਘ ਜੀ ਨੂੰ ਬੋਲ ਲੈਣ ਦਿਓ ਤਿੰਨ ਵਾਰੀ ਉਹ ਬੋਲਣ ਲਈ ਖੜੇ ਹੋਏ ਹਨ, ਪੁਰਾਣੇ ਲੈਜਿਸਲੇਟਰ ਹਨ, ਇਸ ਲਈ ਉਨ੍ਹਾਂ ਨੂੰ ਬੋਲ ਲੈਣ ਦਿਉ ।

**ਕੈਪਟਨ ਰਤਨ ਸਿੰਘ** (ਹੁਮ ਕਲਾਂ) : ਸਪੀਕਰ ਸਾਹਿਬ, ਸਾਡੇ ਸਾਹਮਣੇ ਪ੍ਰਿਵਿਲਿਜ਼ ਕਮੇਟੀ ਦੀ ਫਾਈਂਡਿੰਗਜ਼ ਆਈਆਂ । ਇਨ੍ਹਾਂ ਨੇ ਹਾਊਸ ਵਿਚ ਪੇਸ਼ ਕੀਤੀਆਂ ਹਨ । ਇਸ ਗੱਲ ਉਤੇ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਕਾਫ਼ੀ ਮਾਮਲਾ ਖਰਾਬ ਹੋਇਆ ਹੈ । ਅਸੀਂ ਵੀ ਆਪੋਜ਼ੀਸ਼ਨ ਵਿਚ ਰਹੇ ਅਸੀਂ ਵੀ ਬੜੇ ਖੜੇ ਸੀਨਜ਼ ਵੇਖੇ ਹਨ ਲੇਕਿਨ ਜਿੱਥੇ ਸਮੁਚੇ ਹਾਊਸ ਦਾ, ਸਪੀਕਰ ਦੀ ਡਿਗਨਿਟੀ ਦਾ ਸਵਾਲ ਆਏ ਉਥੇ ਹਮੇਸ਼ਾ ਸਾਡਾ ਸਿਰ ਸਪੀਕਰ ਦੇ ਲਈ ਝੁਕਿਆ ਹੈ । ਇਥੇ ਇਸੇ ਵਿਧਾਨ ਸਭਾ ਵਿਚ ਦੋ ਤਿੰਨ ਵਾਕਿਆਤ ਅਗੇ ਹੋਏ ਹਨ । ਝੰਡਾ ਵੀ ਇਕ ਦਫਾ ਪਾੜਿਆ ਗਿਆ ਸੀ । ਸਪੀਕਰ ਸਾਹਿਬ, ਜੇਕਰ ਕਦੇ ਗਲਤੀ ਹੋ ਜਾਵੇ ਉਸ ਗਲਤੀ ਨੂੰ ਮੰਨਣ ਨਾਲ ਉਹ ਸੱਜਣ, ਉਹ ਪਾਰਟੀ, ਕਮਜ਼ੋਰ ਨਹੀਂ ਹੁੰਦੀ, ਉਹ ਤਕੜੀ ਹੁੰਦੀ ਹੈ । ਇਸ ਕਰਕੇ ਉਸ ਦਾ ਪਸ਼ਚਾਤਾਪ ਕਰਨਾ, ਮੁਆਫੀ ਮੰਗਣਾ, ਇਹ ਕਹਿਣਾ ਕਿ ਅਗੇ ਵਾਸਤੇ ਇਹ ਕੰਮ ਨਹੀਂ ਕਰਦੇ, ਇਹ ਹਾਊਸ ਦੀ ਡਿਗਨਿਟੀ ਨੂੰ ਕਮਜ਼ੋਰ ਨਹੀਂ ਕਰਦਾ । ਮੈਂ ਸਪੀਕਰ ਸਾਹਿਬ, ਇਸ ਗੱਲ ਦਾ ਕਾਇਲ ਰਿਹਾ ਹਾਂ । ਇਸ ਨਾਲ ਸਾਡੀ ਸਾਰਿਆਂ ਦੀ ਇਜ਼ਤ ਮਹਿਫੂਜ਼ ਹੈ । ਤੁਹਾਡੀ ਇਜ਼ਤ ਦੇ ਨਾਲ ਸਾਡੀ ਸਾਰਿਆਂ ਦੀ ਇਜ਼ਤ ਮਹਿਫੂਜ਼ ਹੈ । ਜੇਕਰ ਅਸੀਂ ਸਾਰੇ ਰਲ ਕੇ ਚੇਅਰ ਦੀ ਇਜ਼ਤ ਮਹਿਫੂਜ਼ ਕਰ ਸਕੀਏ ਤਾਂ ਮੈਂ ਸਮਝਦਾ ਹਾਂ ਕਿ ਚੰਗਾ ਕੰਮ ਕੀਤਾ ਹੈ । ਵੈਸੇ ਵੀ ਇਨ੍ਹਾਂ ਪੰਜਾਬੀਆਂ ਦਾ ਤਾਂ ਖੂਨ ਕਾਫੀ ਗਰਮ ਹੈ । ਕਿਸੇ ਵਕਤ ਜੋਸ਼ ਵਿਚ ਆ ਕੇ ਵੱਡੀ ਗਲਤੀ ਕਰ ਲੈਂਦੇ ਹਨ । (ਵਿਘਨ)

ਮੈਂ ਇਨਾਂ ਹੀ ਕਹਾਂਗਾ ਕਿ ਇਨ੍ਹਾਂ ਨੂੰ ਇਕ ਮੌਕਾ ਦੇਣਾ ਚਾਹੀਦਾ ਹੈ । ਜੇਕਰ ਇਨ੍ਹਾਂ ਦਾ ਲੀਡਰ ਜੋ ਵੀ ਇਸ ਵੇਲੇ ਹੈ ਹਾਊਸ ਵਿਚ ਉਠ ਕੇ ਕਲੀਅਰ-ਕੱਟ ਲਫਜ਼ਾਂ ਵਿਚ

Original with;
Punjab Vidhan Sabha
Digitized by;
Panjab Digital Library

[ਕੈਪਟਨ ਰਤਨ ਸਿੰਘ]

ਇਹ ਸ਼ਬਦ ਕਹਿ ਦੇਣ ਤਾਂ ਉਨ੍ਹਾਂ ਦੀ ਬੇਇਜ਼ਤੀ ਕਰਨ ਦਾ ਬਿਲਕੁਲ ਮਨਸ਼ਾ ਨਹੀਂ ਹੈ। ਇਸ ਨਾਲ ਸਾਰਿਆਂ ਦੀ ਇਜ਼ਤ ਬਣੇਗੀ। ਜੇਕਰ ਗਲਤੀ ਕੀਤੀ ਹੈ ਤਾਂ ਗਲਤੀ ਮੰਨ ਲੈਣ। ਇਹ ਵੀ ਮੰਨਦੇ ਹਨ ਕਿ ਗਲਤੀ ਹੋਈ ਹੈ। ਤਸੱਵਰ ਵੀ ਕਰਦੇ ਹਨ ਲੇਕਿਨ ਹਿੰਮਤ ਨਹੀਂ ਕਰਦੇ ਕਿ ਇਹ ਕਹਿ ਦੇਣ ਕਿ ਅੱਗੇ ਵਾਸਤੇ ਇਸ ਤਰ੍ਹਾਂ ਨਹੀਂ ਕਰਾਂਗੇ। ਉਨ੍ਹਾਂ ਦੀ ਇਜ਼ਤ, ਉਨ੍ਹਾਂ ਦੀ ਸ਼ਾਨ ਦੁਬਾਰਾ ਤਦ ਹੀ ਹੋ ਸਕਦੀ ਹੈ, ਹਾਊਸ ਵਿਚ ਜਿਸ ਵੇਲੇ ਇਹ ਗਲ ਕਹਿ ਦੇਣ। ਇਸ ਨਾਲ ਤੁਹਾਡੀ ਵੀ ਤਸੱਲੀ ਹੋ ਜਾਵੇਗੀ ਅਤੇ ਸਾਡੀ ਵੀ ਤਸੱਲੀ ਹੋ ਜਾਵੇਗੀ। ਮੈਂ ਉਨ੍ਹਾਂ ਵਿਚੋਂ ਨਹੀਂ ਹਾਂ ਕਿ ਇਨ੍ਹਾਂ ਨੂੰ ਸਜ਼ਾ ਦਿੱਤੀ ਜਾਵੇ। ਅਸੀਂ ਪਾਲਿਟੀਸ਼ਨਜ਼ ਹਾਂ, ਮਜਿਸਟਰੇਟ ਨਹੀਂ ਹਾਂ।

## EXTENSION OF TIME OF THE SITTING

**ਸ੍ਰੀ ਸਪੀਕਰ :** ਡਿਬੇਟ ਲਈ ਅੱਧਾ ਘੰਟਾ ਟਾਈਮ ਹੈ। ਜੇਕਰ ਹਾਊਸ ਦੀ ਮਰਜ਼ੀ ਹੋਵੇ ਤਾਂ ਅੱਧਾ ਘੰਟਾ ਹਾਊਸ ਦਾ ਟਾਈਮ ਹੋਰ ਵਧਾ ਦਿੱਤਾ ਜਾਵੇ। Is it the pleasure of the House?

Voices : yes, yes.

**ਸ੍ਰੀ ਸਪੀਕਰ :** ਹਾਊਸ ਦਾ ਟਾਈਮ ਅੱਧਾ ਘੰਟਾ ਹੋਰ ਵਧਾਇਆ ਜਾਂਦਾ ਹੈ।

## DISCUSSION ON THE THIRD REPORT OF THE COMMITTEE OF PRIVILEGES

(*Resumption*)

**ਕੈਪਟਨ ਰਤਨ ਸਿੰਘ :** ਅਸੀਂ ਹੋਰ ਨਹੀਂ ਕਹਿੰਦੇ, ਬਾਜਵਾ ਸਾਹਿਬ ਉਠ ਕੇ ਦੱਸ ਦੇਣ। ਲੀਡਰ ਨੂੰ ਬਾਰ ਬਾਰ ਨਹੀਂ ਬੋਲਣਾ ਚਾਹੀਦਾ ਇਕ ਵਾਰ ਇਨ੍ਹਾਂ ਨੂੰ ਮੌਕਾ ਦੇ ਦਿਓ।

**ਸ੍ਰੀ ਸਪੀਕਰ:** ਮੈਂ ਚਾਹਵਾਂਗਾ ਕਿ ਆਨਰੇਬਲ ਮੈਂਬਰਜ਼ ਜਿਹੜੇ ਇਨਵਾਲਡ ਹਨ। ਉਹ ਜੇਕਰ ਕੁਝ ਕਹਿਣਾ ਚਾਹੁੰਣ ਤਾਂ ਕਹਿ ਲੈਣ!

**ਸਰਦਾਰ ਹਰਬੰਸ ਸਿੰਘ ਜਲਾਲ (ਫੂਲ):** ਸਪੀਕਰ ਸਾਹਿਬ ਇਸ ਤੋਂ ਪਹਿਲਾਂ ਕਿ ਮੈਂ ਕੁਝ ਬੇਨਤੀ ਕਰਾਂ, ਮੈਂ ਮਾਨਯੋਗ ਮੈਂਬਰਾਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਦੋ ਮਿੰਟ ਚੁੱਪ ਦਾ ਦਾਨ ਬਖਸ਼ਣ।

ਸਪੀਕਰ ਸਾਹਿਬ, 29 ਜਨਵਰੀ, 1975 ਦਾ ਕਾਲਾ ਦਿਨ, ਜਿਸ ਦਿਨ ਇਕ ਵਿਧਾਇਕ ਦੇ ਵਿਧਾਨਕ ਹੱਕ ਇਸ ਵਿਧਾਨ ਸਭਾ ਦੇ ਅੰਦਰ ਹੀ ਖਤਮ ਕਰ ਦਿੱਤੇ ਗਏ, ਅੱਜ ਉਸ ਦਿਨ ਦੀ ਕਾਰਵਾਈ ਤੇ ਬਹਿਸ ਹੋ ਰਹੀ ਹੈ। ਇਸ ਲਈ ਮੈਂਬਰਾਂ ਦਾ ਸੰਜੀਦਾ ਹੋਣਾ ਕੁਦਰਤੀ ਹੈ ਔਰ ਹੋਣਾ ਵੀ ਚਾਹੀਦਾ ਹੈ। ਮੈਂਬਰਜ਼ ਦੇ ਜੋ ਹੱਕ ਹਨ, ਉਨ੍ਹਾਂ ਤੋਂ ਤੁਸੀਂ ਡਿਪਰਾਈਵ ਨਹੀਂ ਕਰ ਸਕਦੇ।

(ਇਸ ਸਮੇਂ ਮਾਨਯੋਗ ਮੈਂਬਰਜ਼ ਚੌਧਰੀ ਜਗਤ ਰਾਮ, ਸਰਦਾਰ ਸਤਨਾਮ ਸਿੰਘ ਬਾਜਵਾ ਅਤੇ ਹੋਰ ਕਈ ਮਾਨਯੋਗ ਮੈਂਬਰ ਬੋਲਣ ਲਈ ਖੜੇ ਹੋ ਗਏ। ਸਪੀਕਰ ਸਾਹਿਬ ਨੇ ਸਰਦਾਰ ਸਤਨਾਮ ਸਿੰਘ ਬਾਜਵਾ ਨੂੰ ਬੋਲਣ ਦੀ ਆਗਿਆ ਦਿੱਤੀ।)

Original with Punjab Vidhan Sabha
Digitized by; Panjab Digital Library

**ਸਰਦਾਰ ਸਤਨਾਮ ਸਿੰਘ ਬਾਜਵਾ** : ਸਪੀਕਰ ਸਾਹਿਬ, ਮੈਂ ਨਹੀਂ ਸੀ ਚਾਹੁੰਦਾ ਕਿ ਇਸ ਪੁਆਇੰਟ ਦੇ ਉਤੇ ਹਾਊਸ ਵਿਚ ਕੋਈ ਤਲਖੀ ਆਵੇ । ਮੈਂ ਆਪਣੇ ਮੈਂਬਰਾਂ ਨੂੰ ਰੋਕਿਆ ਸੀ ਕਿ ਕੋਈ ਮੈਂਬਰ ਨਹੀਂ ਬੋਲੇਗਾ । ਸਾਨੂੰ ਇਹ ਸਾਰੀ ਗੱਲ ਦਾ ਵਡਾ ਅਫਸੋਸ ਹੈ । (ਵਿਘਨ) ਮੈਂ ਸ਼ਾਇਦ ਇਸ ਗੱਲ ਨੂੰ ਠੀਕ ਤਰ੍ਹਾਂ ਸਮਝਾ ਨਹੀਂ ਸਕਿਆ। ਵੇਖੋ, ਅਸੀਂ ਤੁਹਾਡਾ ਸਤਿਕਾਰ ਕਰਦੇ ਹਾਂ, ਹਾਊਸ ਦਾ ਸਤਿਕਾਰ ਕਰਦੇ ਹਾਂ ਔਰ ਕਰਦੇ ਵੀ ਰਹਾਂਗੇ । ਮੈਂ ਆਪਣੀ ਪਾਰਟੀ ਵਲੋਂ ਐਸ਼ੋਰੈਂਸ ਦਿੱਤੀ ਸੀ ਕਿ ਮੇਰੀ ਪਾਰਟੀ ਵੱਲੋਂ ਐਸੀ ਕੋਈ ਹਰਕਤ ਨਹੀਂ ਹੋਵੇਗੀ ਤਾਂ ਫਿਰ ਇਸ ਤਰ੍ਹਾਂ ਤਾਂ ਨਹੀਂ ਸੀ ਹੋਣਾ ਚਾਹੀਦਾ

**ਸਰਦਾਰ ਹਰਚੰਦ ਸਿੰਘ** : ਜੋ ਕੁਝ ਅਗੇ ਹੋਇਆ ਹੈ ਤੇ ਹੋ ਚੁੱਕਾ ਹੈ (ਵਿਘਨ)

**ਸਰਦਾਰ ਸਤਨਾਮ ਸਿੰਘ ਬਾਜਵਾ** ; ਉਸੇ ਵਾਸਤੇ ਹੀ ਅਫਸੋਸ ਕੀਤਾ ਹੈ । ਹੋਰ ਕਿਸ ਗੱਲ ਦਾ ਅਫਸੋਸ ਹੈ । ਜਿਹੜੀ ਗੱਲ ਹੋਈ ਹੈ, ਉਹ ਗੱਲ ਮਾੜੀ ਸੀ । ਹੋਰ ਅਫਸੋਸ ਆਉਣ ਵਾਲੇ ਸਮੇਂ ਲਈ ਤਾਂ ਨਹੀਂ ਸੀ ਕੀਤਾ । (ਥੰਪਿੰਗ) ਸੋ ਮੈਂ ਚਾਹਵਾਂਗਾ ਕਿ ਤੁਹਾਡੀ ਇਜ਼ਤ ਬਰਕਰਾਰ ਰਹੇ । ਸਾਨੂੰ ਚੇਅਰ ਦਾ ਏਹਤਰਾਮ ਹੈ ਔਰ ਰੱਖਾਂਗੇ ।

**ਵਿੱਤ ਮੰਤਰੀ** : ਠੀਕ ਹੈ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਅਕਾਲੀ ਪਾਰਟੀ ਦੇ ਲੀਡਰ ਨੇ, ਜੋ ਉਸ ਦਿਨ ਵਾਕਿਆ ਹੋਇਆ, ਉਸ ਬਾਰੇ ਅਨਕੁਆਲੀਫਾਈਡ ਤਰੀਕੇ ਨਾਲ ਰਿਗਰੈਟ ਕੀਤਾ ਹੈ ਅਤੇ ਕਿਹਾ ਹੈ ਕਿ ਅੱਗੋਂ ਤੋਂ ਇਸ ਤਰ੍ਹਾਂ ਨਹੀਂ ਹੋਵੇਗਾ। ਮੈਂ ਆਸ ਕਰਦਾ ਹਾਂ ਅਤੇ ਅਪੀਲ ਕਰਦਾ ਹਾਂ ਕਿ ਇਹ ਗੱਲ ਮੰਨ ਕੇ, ਇਹ ਗੱਲ ਇਥੇ ਹੀ ਖਤਮ ਕਰਨੀ ਚਾਹੀਦੀ ਹੈ ।

**ਚੌਧਰੀ ਦਰਸ਼ਨ ਸਿੰਘ** (ਨੂਰ ਮਹਿਲ) : ਸਪੀਕਰ ਸਾਹਿਬ, ਇਹ ਮੋਸ਼ਨ ਮੇਰੇ ਵੱਲੋਂ ਆਈ ਸੀ ਮੈਂਬਰਾਂ ਨੂੰ ਐਕਸਪੈਲ ਜਾਂ ਉਨ੍ਹਾਂ ਨੂੰ ਸਸਪੈਂਡ ਕਰਨ ਦੀ । ਮੈਂ ਉਸ ਦਿਨ ਵੀ ਬੋਲਦਿਆਂ ਹੋਇਆਂ ਕਿਹਾ ਸੀ ਕਿ I am moving this motion with a heavy heart against my colleagues, against my brothers. They are as much representatives as we are.

ਇਸ ਭਰੇ ਹੋਏ ਦਿਲ ਨਾਲ ਮੈਂ ਮੋਸ਼ਨ ਮੂਵ ਕੀਤੀ ਸੀ ਬੱਟ ਚੇਅਰ ਵਾਜ਼ ਨੋ ਵੇ ਆਊਟ । ਹੋਰ ਕੋਈ ਰਸਤਾ ਨਹੀਂ ਸੀ ਤੁਹਾਡੇ ਕੋਲ, ਸਪੀਕਰ ਸਾਹਿਬ, ਇਨਹਾਂਸਡ ਪਾਵਰਜ਼ ਹਨ ਚੇਅਰ ਕੋਲ ਪਾਵਰਜ਼ ਹਨ ।

Here is sitting the Leader of the House, a citizen of the State. He is called Dr. (Giani) Zail Singh. He speaks with the permission of this Chair. That is the decorum, that is the decency of the Leader of the House.

ਸਪੀਕਰ ਸਾਹਿਬ, ਜੇ ਇਸ ਹਾਊਸ ਦੀ ਇਜ਼ਤ, ਡੈਕੋਰਮ ਔਰ ਡੀਸੈਂਸੀ ਨੂੰ ਬਰਕਰਾਰ ਰੱਖਣਾ ਹੈ ਤਾਂ ਇਹ ਜਿਹੜੇ ਮੇਰੇ ਸਾਹਮਣੇ ਬੈਠੇ ਹੋਏ ਦੋਸਤ ਹਨ (ਅਕਾਲੀ ਪਾਰਟੀ ਵੱਲ ਇਸ਼ਾਰਾ ਕਰਦੇ ਹੋਏ) ਇਨ੍ਹਾਂ ਨੂੰ ਆਪਣਾ ਕੰਡਕਟ, ਆਪਣਾ ਰਵੱਈਆ ਬਦਲਣਾ ਪਵੇਗਾ ਅਤੇ ਡੈਮੋਕਰੈਟਿਕ ਢੰਗ ਨਾਲ ਚੱਲਣਾ ਪਵੇਗਾ । You have got a right to express your opinion, your grievances, your protest also but in a democratic way.

Original with;
Punjab Vidhan Sabha
Digitized by;
Panjab Digital Library

[ਚੌਧਰੀ ਦਰਸ਼ਨ ਸਿੰਘ]

ਸਪੀਕਰ ਸਾਹਿਬ, ਅਜ ਹੀ ਪ੍ਰਾਈਮ ਮਨਿਸਟਰ ਨੇ ਪ੍ਰੈਸ ਨੂੰ ਇੰਟਰਵਿਊ ਦਿਤੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਆਪੋਜ਼ੀਸ਼ਨ ਪਾਰਟੀ ਆਪਣਾ ਰੋਲ ਪਲੇ ਨਹੀਂ ਕਰਦੀ। ਆਪੋਜ਼ੀਸ਼ਨ ਦਾ ਰੋਲ ਇਹ ਨਹੀਂ ਹੁੰਦਾ ਕਿ ਉਹ ਚਲਦੇ ਕੰਮ ਵਿਚ ਰੁਕਾਵਟ ਪਾਵੇ ਬਲਕਿ ਇਹ ਹੁੰਦਾ ਹੈ ਕਿ ਚਲਦੇ ਕੰਮ ਵਿਚ ਸਹਾਇਤਾ ਕਰੇ। ਉਨ੍ਹਾਂ ਨੂੰ ਸਹੀ ਢੰਗ ਨਾਲ ਰੋਲ ਅਦਾ ਕਰਨਾ ਚਾਹੀਦਾ ਹੈ ਜੇ ਡੈਮੋਕਰਸੀ ਨੂੰ ਚਲਾਉਣਾ ਹੈ। This party has got very wide powers.

ਮੈਂ ਹਾਊਸ ਦੇ ਅੰਦਰ ਬੈਠੇ ਇਨ੍ਹਾਂ ਮਾਨਯੋਗ ਮੈਂਬਰਾਂ ਨੂੰ ਜਾਂ ਬਾਹਿਰ ਇਨ੍ਹਾਂ ਨੂੰ ਯਾਦ ਦਿਲਾਉਣਾ ਚਾਹੁੰਦਾ ਹਾਂ ਕਿ ਹਾਊਸ ਦੀ ਡਿਗਨਿਟੀ, ਡੈਕੋਰਮ ਅਤੇ ਇਜ਼ਤ ਨੂੰ ਮੇਨਟੇਨ ਕਰਨ ਵਾਸਤੇ conduct of the Member can be questioned in this House.

ਇਹ ਮੈਟਰ ਪ੍ਰਿਵਿਲਿਜ ਕਮੇਟੀ ਨੂੰ ਰੈਫਰ ਹੋਇਆ ਸੀ। ਮੈਨੂੰ ਬੜੇ ਦੁਖ ਦੇ ਨਾਲ ਕਹਿਣਾ ਪੈਂਦਾ ਹੈ ਕਿ ਪ੍ਰਿਵਿਲਿਜ ਕਮੇਟੀ ਦੇ ਸਾਹਮਣੇ ਇਨ੍ਹਾਂ ਮੇਰੇ ਦੋਸਤਾਂ ਨੇ (ਅਕਾਲੀ ਪਾਰਟੀ ਵੱਲ ਇਸ਼ਾਰਾ) ਜੋ ਕਿ ਗੁਰੂ ਗੋਬਿੰਦ ਸਿੰਘ ਦੇ ਸਿੱਖ ਹਨ, ਇਨ੍ਹਾਂ ਦੀ ਹਿਸਟਰੀ ਸਾਰਿਆਂ ਧਰਮਾਂ ਨਾਲੋਂ ਛੋਟੀ ਹੈ। ਕਿਸੇ ਦਾ ਇਤਿਹਾਸ ਦੋ ਹਜ਼ਾਰ ਸਾਲ ਪੁਰਾਣਾ ਹੈ ਪਰ ਇਨ੍ਹਾਂ ਦਾ ਇਤਿਹਾਸ 500 ਸਾਲ ਦਾ ਹੈ। ਜਦ ਕਦੇ ਵੀ ਕੋਈ ਮੋਰਚਾ ਲੱਗਿਆ ਤਾਂ ਉਹ ਅਕਾਲ ਤਖਤ ਤੋਂ ਕਸਮ ਖਾ ਕੇ ਚਲਿਆ। ਇਨ੍ਹਾਂ ਮੋਰਚਿਆਂ ਵਿਚ ਪੰਡਿਤ ਜਵਾਹਰ ਲਾਲ ਨਹਿਰੂ ਵੀ ਕੈਦ ਹੋਏ। ਜਿਹੜੇ ਵੀ ਮੋਰਚੇ ਵਿਚ ਜਾਂਦੇ ਰਹੇ ਉਨ੍ਹਾਂ ਨੇ ਪਿੱਛੋਂ ਗੋਲੀਆਂ ਨਹੀਂ ਖਾਧੀਆਂ ਸਗੋਂ ਅਗੋਂ ਗੋਲੀਆਂ ਖਾਧੀਆਂ। (ਵਿਘਨ) ਇਹ ਸਾਡੇ ਦੋਸਤ ਜੋ ਪ੍ਰਿਵਿਲਿਜ ਕਮੇਟੀ ਦੇ ਸਾਹਮਣੇ ਪੇਸ਼ ਹੋਏ ਤਾਂ ਉਨ੍ਹਾਂ ਨੇ ਬਿਆਨ ਦਿਤਾ ਕਿ ਅਸੀਂ ਪਰਮਾਤਮਾ ਨੂੰ ਹਾਜ਼ਰ ਨਾਜ਼ਰ ਸਮਝ ਕੇ ਕਹਿੰਦੇ ਹਾਂ ਕਿ ਅਸੀਂ ਕੋਈ ਕਾਗਜ਼ ਨਹੀਂ ਸੁੱਟੇ (ਵਿਘਨ)

**ਸਰਦਾਰ ਸਤਨਾਮ ਸਿੰਘ ਬਾਜਵਾ :** ਸਪੀਕਰ ਸਾਹਿਬ, ਅਸੀਂ ਹਾਊਸ ਦੀ ਇਜ਼ਤ ਦੀ ਖਾਤਰ ਹੀ ਕੀਤਾ ਹੈ ਅਤੇ ਇਸ ਦੀ ਇਜ਼ਤ ਦੀ ਖਾਤਰ ਹੀ ਕਰ ਰਹੇ ਹਾਂ। ਪਰ ਇਹ ਜਿਹੜੀਆਂ ਇਸ ਕਿਸਮ ਦੀਆਂ ਗਲਾਂ ਕਰ ਰਹੇ ਹਨ ਇਹ ਅਸੀਂ ਬਰਦਾਸ਼ਤ ਨਹੀਂ ਕਰਾਂਗੇ।

**ਚੌਧਰੀ ਦਰਸ਼ਨ ਸਿੰਘ :** ਕੋਈ ਕੰਮ ਜਾਂ ਡੈਮੋਕਰੇਸੀ ਚੱਲ ਨਹੀਂ ਸਕਦੀ ਜੇ ਉਸ ਦੁਆਰਾ ਬਣਾਏ ਹੋਏ ਰੂਲਜ਼, ਕਾਨੂੰਨ ਦੇ ਮੁਤਾਬਿਕ ਨਾ ਚਲਿੱਆ ਜਾਏ। ਮੈਂ ਮਾਨਯੋਗ ਮੈਂਬਰਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਜੋ ਇਹ ਚੀਜ਼ ਕਹਿੰਦੇ ਹੋ ਮੈਂ ਤੁਹਾਨੂੰ ਇੰਸਟਾਂਸ ਦੱਸਦਾ ਹਾਂ ਕਿ ਕਿਸ ਤਰ੍ਹਾਂ ਮਹਾਰਾਸ਼ਟਰਾ ਵਿਧਾਨ ਸਭਾ ਵਿਚੋਂ ਦੋ ਮੈਂਬਰਾਂ ਨੂੰ ਕਢਿਆ ਗਿਆ। (ਵਿਘਨ) ਉਨ੍ਹਾਂ ਦੀਆਂ ਸੀਟਾਂ ਖਾਲੀ ਕੀਤੀਆਂ ਗਈਆਂ। ਫਿਰ ਉਹ ਹਾਈ ਕੋਰਟ ਵਿਚ ਗਏ। ਮਹਾਰਾਸ਼ਟਰ ਦੀ ਹਾਈ ਕੋਰਟ ਦੇ ਫੁਲ ਬੈਂਚ ਨੇ ਫੈਸਲਾ ਕੀਤਾ House is supreme because the will of the people prevails in this here.

ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਬਾਜਵਾ ਜੀ ਨੂੰ ਆਪਣਾ ਲੀਡਰ ਚੁਣ ਲਿਆ ਹੈ, ਮੈਂ ਉਨ੍ਹਾਂ ਨੂੰ ਵਧਾਈ ਦੇਣੀ ਚਾਹੁੰਦਾ ਹਾਂ। Definitely he is a better leader than others.

Original with Punjab Vidhan Sabha Digitized by; Panjab Digital Library

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਗੱਲ ਇਹ ਹੈ ਕਿ ਇਹ ਸਾਡੀ ਪਾਰਟੀ ਦੇ ਲੀਡਰ ਤੇ ਕਿਸ ਤਰ੍ਹਾਂ ਅਟੈਕ ਕਰ ਸਕਦੇ ਹਨ ? ਇਹ ਠੀਕ ਨਹੀਂ ਹੈ । ਸਾਡਾ ਲੀਡਰ ਜੋ ਮਰਜ਼ੀ ਕਰੇ ਅਤੇ ਸਾਡਾ ਲੀਡਰ ਕਿਸ ਤਰ੍ਹਾਂ ਦਾ ਹੈ, ਇਸ ਬਾਰੇ ਸਾਡੀ ਪਾਰਟੀ ਨੂੰ ਪਤਾ ਹੈ ਪਰ ਇਨ੍ਹਾਂ ਨੂੰ ਇਸ ਤਰ੍ਹਾਂ ਨਹੀਂ ਗਲ ਕਰਨੀ ਚਾਹੀਦੀ ।

**ਸ੍ਰੀ ਸਪੀਕਰ** : ਉਹ ਟਰੀਬਿਊਟ ਪੇਸ਼ ਕਰ ਰਹੇ ਹਨ ।

**ਚੌਧਰੀ ਦਰਸ਼ਨ ਸਿੰਘ** : ਪਬਲਿਕ ਜੱਜ ਕਰਦੀ ਹੈ ਕਿ ਲੀਡਰ ਕੈਸਾ ਹੈ, ਦੂਸਰੇ ਜੱਜ ਨਹੀਂ ਕਰ ਸਕਦੇ ।

**ਸਰਦਾਰ ਦਿਲਬਾਗ ਸਿੰਘ** : (ਜਲੰਧਰ) ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

**ਚੌਧਰੀ ਦਰਸ਼ਨ ਸਿੰਘ** : ਅਕਾਲੀ ਪਾਰਟੀ ਦੇ ਲੀਡਰ ਨੇ ਜਿਹੜਾ ਜੈਸਚਰ ਦਿਖਾਇਆ ਹੈ, ਉਹ ਬਹੁਤ ਅੱਛੀ ਗਲ ਹੈ । ਮੂਵ ਕੀਤੀ ਹੋਈ ਮੋਸ਼ਨ ਅਨੁਸਾਰ ਅਸੀਂ ਤੁਹਾਨੂੰ ਹਾਊਸ ਵਿਚੋਂ ਕੱਢ ਸਕਦੇ ਸੀ, ਪਰ ਸਾਡੀ ਇਹ ਕੋਈ ਇਨਟੈਨਸ਼ਨ ਨਹੀਂ ਹੈ । ਸਾਡੀ ਪਾਰਟੀ ਇਹ ਕਹਿੰਦੀ ਹੈ ਕਿ ਹਾਊਸ ਦਾ ਬਿਜ਼ਨਸ ਰੂਲਜ਼ ਦੇ ਮੁਤਾਬਿਕ ਚਲੇ । ਗਵਾਂਢੀ ਸਟੇਟ ਵੱਲ ਦੇਖ ਲਵੋ ਉਥੇ ਕੀ ਹੋਇਆ ਹੈ । (ਵਿਘਨ) ਸਪੀਕਰ ਸਾਹਿਬ, ਇਥੇ ਬਾਜਵਾ ਜੀ ਨੇ ਅਛਾ ਜੈਸਚਰ ਦਿਖਾਇਆ ਹੈ । ਮੈਂ ਹਾਊਸ ਦੇ ਲੀਡਰ ਨੂੰ ਬੇਨਤੀ ਕਰਾਂਗਾ ਕਿ ਹਾਊਸ ਉਨ੍ਹਾਂ ਦੇ ਮੁਆਫੀਨਾਮੇ ਨੂੰ, ਜਿਹੜਾ ਉਨ੍ਹਾਂ ਨੇ ਮੁਆਫੀਨਾਮਾ ਮੰਗਿਆ ਹੈ ਉਸ ਨੂੰ ਮੱਦੇ ਨਜ਼ਰ ਰਖਦੇ ਹੋਏ ਉਨ੍ਹਾਂ ਦੇ ਉਸ ਮੁਆਫੀਨਾਮੇ ਨੂੰ ਮਨਜ਼ੂਰ ਕਰ ਲਿਆ ਜਾਵੇ ।

**ਕੈਪਟਨ ਰਤਨ ਸਿੰਘ** : ਸਪੀਕਰ ਸਾਹਿਬ, ਪ੍ਰਿਵਿਲਿਜ ਕਮੇਟੀ ਦੀ ਰਿਪੋਰਟ ਸਾਡੇ ਕੋਲ ਆ ਗਈ ਹੈ । ਬੜੀ ਖੂਬਸੂਰਤੀ ਦੀ ਗਲ ਹੈ ਕਿ ਕਮਿਊਨਿਸਟ ਪਾਰਟੀ ਦੇ ਲੀਡਰ ਡਾਂਗ ਸਾਹਿਬ ਨੇ ਹਾਊਸ ਨੂੰ ਅੱਛੀ ਸੁਜੈਸ਼ਨ ਦਿਤੀ ਹੈ । ਸਾਡੀ ਜਿਹੜੀ ਪਾਰਟੀ ਹੈ, ਜਿਸ ਦੇ ਲੀਡਰ ਮੁੱਖ ਮੰਤਰੀ, ਗਿਆਨੀ ਜ਼ੈਲ ਸਿੰਘ ਜੀ ਹਨ ਉਨ੍ਹਾਂ ਨੇ ਜਦੋਂ ਦਾ ਰਾਜ ਭਾਗ ਸੰਭਾਲਿਆ ਹੈ, ਹਮੇਸ਼ਾ ਹੀ ਜਿਸ ਕਿਸੇ ਨੇ ਵੀ ਗਲਤੀ ਕਰਕੇ ਮੁਆਫੀ ਮੰਗੀ ਹੈ ਉਸ ਨੂੰ ਉਨ੍ਹਾਂ ਨੇ ਗਲਤੀ ਦੀ ਮੁਆਫੀ ਦੇ ਦਿਤੀ ਹੈ । ਇਸ ਕਰਕੇ ਆਸ਼ਾ ਹੈ ਕਿ ਇਸ ਪਾਰਟੀ ਦੀ ਜਿਹੜੀ ਪਰੰਪਰਾ ਹੈ ਉਸ ਨੂੰ ਕਾਇਮ ਰਖਿਆ ਜਾਵੇਗਾ । ਮੈਂ ਦੂਜੀ ਮੋਸ਼ਨ ਮੂਵ ਕਰਦਾ ਹਾਂ......

**ਸ੍ਰੀ ਸਪੀਕਰ** : ਦੂਜੀ ਮੋਸ਼ਨ ਪੇਸ਼ ਕਰਨ ਤੋਂ ਪਹਿਲਾਂ ਮੈਨੂੰ ਪਹਿਲੀ ਮੋਸ਼ਨ ਪੁਟ ਕਰਨ ਦਿਓ ।

Question is—

> That the Third Report of the Committee of Privileges (i.e. the Report on the Question of privilege regarding an attempt made by some Akali Members on 29.1.1975 to prevent the Speaker from discharging his Constitutional duties in the House) presented to the House on the 21st January, 1976, be taken into consideration.

*The motion was carried*

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**Captain Rattan Singh** (Kum Kalan) : Sir, I beg to move—

> "This House having considered the findings and recommendations made in the Third Report of the Committee of Privileges and the deep regrets tendered by the acting Leader of Akali Party on behalf of the ten Members mentioned in the Privilege Motion and also the assurance on their part that they would conduct themselves properly in future, resolves that the matter be dropped.
>
> This House further resolves that the Rules, if any, of its Rules of Procedure, which are inconsistent with the above Motion/Resolution will stand suspended to that extent."

ਸਪੀਕਰ ਸਾਹਿਬ, ਮੈਂ ਅੰਗ੍ਰੇਜ਼ੀ ਵਿਚ ਇਹ ਮੋਸ਼ਨ ਪੜ੍ਹੀ ਹੈ । ਕਈ ਮੇਰੇ ਸਾਥੀ ਅੰਗਰੇਜ਼ੀ ਨਹੀਂ ਸਮਝਦੇ, ਇਸ ਕਰਕੇ....(ਵਿਘਨ) ਸਪੀਕਰ ਸਾਹਿਬ, ਮੈਂ ਥੋੜ੍ਹਾ ਜਿਹਾ ਸੰਖੇਪ ਸ਼ਬਦਾਂ ਵਿਚ ਇਹ ਕਹਿਣਾ ਚਾਹੁੰਦਾ ਹਾਂ ਜਿਸ ਤਰ੍ਹਾਂ ਮੈਂ ਅਗੇ ਵੀ ਕਿਹਾ ਹੈ, ਕਿ ਮਾਫੀ-ਨਾਮਾ ਜਿਹੜਾ ਹੈ ਇਹ ਦਰਅਸਲ ਅਪਾਲੋਜੀ ਜਾਂ ਰਿਗਰੇਟ ਕਰ ਦਿਉ ਮੀਨਜ਼ ਆਲ ਦੀ ਸੇਮ ਕਿ ਕੰਮ ਗਲਤ ਕੀਤਾ ਹੈ, ਅਗੇ ਵਾਸਤੇ ਗਲਤ ਗਲ ਨਹੀਂ ਕਰਦੇ । ਇਸ ਨੂੰ ਕਈ ਮੈਂਬਰਾਂ ਨੇ ਟੱਚੀ ਹੋ ਕੇ ਕਿਹਾ ਕਿ ਉਨ੍ਹਾਂ ਨੇ ਅਪਾਲੋਜੀ ਨਹੀਂ ਮੰਗੀ । ਇਸ ਦੇ ਵਿਚ ਸਭ ਕੁਝ ਹੋ ਗਿਆ ਜਦੋਂ ਉਨ੍ਹਾਂ ਇਹ ਕਿਹਾ ਹੈ ਕਿ ਜੋ ਕੁਝ ਉਸ ਦਿਨ ਹੋਇਆ ਉਸ ਦਾ ਸਾਨੂੰ ਬੜਾ ਅਫਸੋਸ ਹੈ, ਸਾਨੂੰ ਇਹ ਨਹੀਂ ਸੀ ਕਰਨਾ ਚਾਹੀਦਾ । ਇਸ ਦੇ ਇਲਾਵਾ ਹੋਰ ਕੋਈ ਧੌਣ ਥੋੜ੍ਹਾ ਹੀ ਉਨ੍ਹਾਂ ਦੀ ਵਢਣੀ ਹੈ । ਮੈਂ ਸਮਝਦਾ ਹਾਂ ਕਿ ਇਹ ਗਲ ਮੰਨ ਲੈਣੀ ਚਾਹੀਦੀ ਹੈ । ਮੈਂ ਲੀਡਰ ਆਫ ਦੀ ਹਾਊਸ ਨੂੰ ਬੇਨਤੀ ਕਰਾਂਗਾ ਕਿ ਜੇ ਕੋਈ ਇਹੋ ਜਿਹਾ ਕੰਮ ਕਰਕੇ ਕੋਈ ਮਾਫ਼ੀ ਮੰਗੇ ਤਾਂ ਉਸ ਨੂੰ ਮਾਫ ਕਰ ਦੇਣਾ ਚਾਹੀਦਾ ਹੈ । ਮੈਂ ਤਾਂ ਮੋਸ਼ਨ ਮੂਵ ਕੀਤੀ ਹੈ, ਸਰਕਾਰ ਦੀ ਤਰਫੋਂ ਜਦੋਂ ਤੱਕ ਇਸ ਦੀ ਮਨਜ਼ੂਰੀ ਨਹੀਂ ਹੁੰਦੀ, ਇਹ ਐਕਸੈਪਟ ਨਹੀਂ ਹੁੰਦੀ ਉਦੋਂ ਤੱਕ ਇਸ ਦਾ ਕੋਈ ਫਾਇਦਾ ਨਹੀਂ । ਮੈਂ ਲੀਡਰ ਆਫ਼ ਦੀ ਹਾਊਸ ਨੂੰ ਕਹਾਂਗਾ ਕਿ ਇਹ ਉਨ੍ਹਾਂ ਨੂੰ ਦਸ ਦੇਣਾ ਚਾਹੀਦਾ ਹੈ ਕਿ ਪੰਜਾਬ ਹੀ ਹੈ ਜਿਸ ਦੇ ਵਿਚ ਲੜਾਈਆਂ ਵੀ ਹੁੰਦੀਆਂ ਹਨ ਪਰ ਜੇ ਕੋਈ ਮਾਫ਼ੀ ਮੰਗੇ ਤਾਂ ਮਾਫ ਵੀ ਕਰ ਦਿਤਾ ਜਾਂਦਾ ਹੈ । ਜਹਾਂ ਵਾਲੀ ਗਲ ਹੈ ਕਿ ਸਾਡੀਆਂ ਕੀਮਤਾਂ ਵੀ ਬੜੀਆਂ ਹਨ ਤੇ ਸਾਡੀਆਂ ਛੋਟਾਂ ਵੀ ਬੜੀਆਂ ਹਨ । ਇਸ ਲਈ, ਮੈਂ ਆਪਣੇ ਲੀਡਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਨ੍ਹਾਂ ਕੋਲ ਸਾਰੀ ਤਾਕਤ ਹੈ, ਇਨ੍ਹਾਂ ਕੋਲ ਕਾਂਸਟੀਚਿਊਸ਼ਨਲ ਰਾਈਟ ਵੀ ਹੈ ਕਿ ਜਿਹੜਾ ਕੋਈ ਗਲਤੀ ਕਰਦਾ ਹੈ ਉਸ ਨੂੰ ਸਜ਼ਾ ਦਿਤੀ ਜਾਵੇ ਪਰ ਇਸ ਦੇ ਬਾਵਜੂਦ ਡੈਮੋਕਰੇਸੀ ਨੂੰ ਮਜ਼ਬੂਤ ਕਰਦਿਆਂ, ਡੈਮੋਕਰੇਸੀ ਦੀਆਂ ਨੀਹਾਂ ਨੂੰ ਮਜ਼ਬੂਤ ਕਰਦਿਆਂ ਅਪੋਜ਼ੀਸ਼ਨ ਨੂੰ ਨਾਲ ਲੈ ਕੇ ਕੰਮ ਕਰਨਾ ਚਾਹੀਦਾ ਹੈ । ਇਸ ਲਈ ਮੈਂ ਉਮੀਦ ਕਰਦਾ ਹਾਂ ਕਿ ਜਿਹੜੀ ਉਨ੍ਹਾਂ ਨੇ ਗਲਤੀ ਕੀਤੀ ਹੈ ਅਤੇ ਜਿਸ ਦੀ ਉਨ੍ਹਾਂ ਨੇ ਮਾਫੀ ਮੰਗੀ ਹੈ, ਉਹ ਮਾਫੀ ਮੰਨ ਲਓ ਅਤੇ ਸਾਰੀ ਗਲ ਨੂੰ ਹੁਣ ਠੱਪ ਕਰ ਦਿਉ ਅਤੇ ਖੂਬਸੂਰਤੀ ਦੇ ਨਾਲ ਇਸ ਨੂੰ ਖਤਮ ਕਰ ਦਿਉ । ਇਤਨੀ ਹੀ ਮੇਰੀ ਬੇਨਤੀ ਹੈ ।

**Mr. Speaker** : Motion moved—

> "This House having considered the findings and recommendations made in the Third Report of the Committee of Privileges and the deep regrets tendered by the acting Leader of Akali Party on behalf of the ten Members mentioned in the Privilege Motion and also the assurance on their part that they would conduct themselves properly in future, resolves that the matter be dropped.
>
> This House further resolves that the Rules, if any, of its Rules of Procedure, which are inconsistent with the above Motion/Resolution will stand suspended to that extent."

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ)** : ਸਪੀਕਰ ਸਾਹਿਬ, ਬਦਕਿਸਮਤੀ ਨਾਲ ਇਥੇ ਐਸੇ ਹਾਲਾਤ ਪੈਦਾ ਹੋਏ ਸਨ ਜੋ ਬਹੁਤ ਹੀ ਅਫਸੋਸਨਾਕ ਸਨ । ਉਸ ਉਤੇ ਪ੍ਰਿਵਿਲਿਜ ਕਮੇਟੀ ਨੇ ਗੌਰ ਕੀਤਾ ਔਰ ਇਸ ਮਾਮਲੇ ਉਤੇ ਫੈਸਲਾ ਕਰਨ ਤੋਂ ਪਹਿਲਾਂ ਬਹੁਤ ਸਾਰੇ ਮੈਂਬਰਾਂ ਦੀਆਂ ਇਸ ਵਿਚ ਰਾਵਾਂ ਲਈਆਂ ਗਈਆਂ, ਸ਼ਹਾਦਤਾਂ ਲਈਆਂ ਗਈਆਂ । ਮੈਂ ਮਹਿਸੂਸ ਕਰਦਾ ਹਾਂ ਕਿ ਇਸ ਕਮੇਟੀ ਦੀ ਮਿਹਨਤ ਦੀ ਸਾਨੂੰ ਪ੍ਰਸ਼ੰਸਾ ਕਰਨੀ ਚਾਹੀਦੀ ਹੈ, ਅਸੀਂ ਉਨ੍ਹਾਂ ਦੇ ਬੜੇ ਮਸ਼ਕੂਰ ਹਾਂ। ਉਸ ਦੇ ਬਾਅਦ ਜੋ ਹਾਊਸ ਵਿਚ ਰਿਪੋਰਟ ਆਈ ਔਰ ਇਸ ਰਿਪੋਰਟ ਤੋਂ ਇਹ ਸਾਫ਼ ਜ਼ਾਹਰ ਹੈ ਕਿ ਕਮੇਟੀ ਦੀ ਮਨਸ਼ਾ ਹਾਊਸ ਦਾ ਡੈਕੋਰਮ ਰੱਖਣਾ, ਸਪੀਕਰ ਦੀ ਚੇਅਰ ਦਾ ਸਨਮਾਨ ਕਰਨਾ ਔਰ ਡਿਗਨੀਫਾਈਡ ਤਰੀਕੇ ਨਾਲ ਹਾਊਸ ਚਲਾਉਣ ਦਾ ਹੈ । ਉਸ ਦਾ ਮਨਸ਼ਾ ਹਰਗਿਜ਼ ਇਹ ਨਹੀਂ ਕਿ ਜ਼ਰੂਰ ਕਿਸੇ ਨੂੰ ਕੋਈ ਸਜ਼ਾਂ ਦਿਤੀ ਜਾਵੇ । ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਲੀਡਰ ਆਫ਼ ਦੀ ਅਕਾਲੀ ਪਾਰਟੀ ਨੇ ਇਸ ਮਾਮਲੇ ਤੇ ਪਸ਼ਚਾਤਾਪ ਕੀਤਾ ਹੈ ਅਤੇ ਅਗੇ ਲਈ ਪੂਰਾ ਯਕੀਨ ਦਵਾਇਆ ਹੈ ਕਿ ਹਾਊਸ ਦੇ ਡੈਕੋਰਮ ਨੂੰ ਕਾਇਮ ਰੱਖਿਆ ਜਾਵੇਗਾ । ਪਹਿਲਾਂ ਉਨ੍ਹਾਂ ਦੇ ਕਹੇ ਲਫਜ਼ਾਂ ਵਿਚ ਕੋਈ ਕਮੀ ਰਹਿ ਗਈ ਸੀ ਫਿਰ ਉਨ੍ਹਾਂ ਨੇ ਦੁਬਾਰਾ ਕਲੀਅਰ ਕਹਿ ਦਿਤਾ ਹੈ ਇਸ ਤੋਂ ਸਾਫ ਜਾਹਰ ਹੁੰਦਾ ਹੈ ਕਿ ਉਨ੍ਹਾਂ ਦੀ ਮਨਸ਼ਾ ਸਾਫ ਹੈ ਅਤੇ ਉਹ ਵੀ ਨਹੀਂ ਚਾਹੁੰਦੇ ਕਿ ਇਸ ਹਾਊਸ ਦੀ ਬਦਅਮਨੀ ਹੋਵੇ ਜਾਂ ਸਪੀਕਰ ਦੀ ਚੇਅਰ ਦੀ ਕੋਈ ਬੇਅਦਬੀ ਹੋਵੇ । ਇਸ ਗਲ ਤੇ ਮੈ ਪੂਰਾ ਇਤਬਾਰ ਕਰਦਾ ਹਾਂ । ਮੈਂ ਇਹ ਮਹਿਸੂਸ ਕਰਦਾ ਹਾਂ ਕਿ ਚੌਧਰੀ ਦਰਸ਼ਨ ਸਿੰਘ ਜੀ ਨੇ ਆਪਣੀ ਸਪੀਚ ਵਿਚ, ਕਿਉਂਕਿ ਉਨ੍ਹਾਂ ਨੇ ਕਰਨੀ ਹੀ ਸੀ, ਜੋ ਲਫਜ਼ ਕਹੇ ਹਨ ਅਤੇ ਉਨ੍ਹਾਂ ਤੋਂ ਬਾਅਦ ਕੈਪਟਨ ਸਾਹਿਬ ਵੱਲੋਂ ਜੋ ਮੋਸ਼ਨ ਮੂਵ ਕੀਤੀ ਗਈ ਹੈ ਉਹ ਅਤੇ ਸਾਰਾ ਹਾਊਸ ਠੰਡੇ ਦਿਲ ਨਾਲ ਫਿਰ ਸੋਚੇ ਇਹ ਭਾਵਨਾ ਰਖ ਕੇ ਕਦੇ ਵੀ ਸਾਡੀ ਮਨਸ਼ਾ ਨਹੀਂ ਹੋਈ ਕਿ ਜਾਣ ਬੁਝ ਕੇ ਸਜ਼ਾ ਦਿਤੀ ਜਾਵੇ ਉਹ ਕੰਮ ਜਿਹੜਾ ਹਾਊਸ ਦੀ ਡਿਗਨਿਟੀ ਨੂੰ ਉਚਾ ਕਰਦਾ ਹੈ, ਪੰਜਾਬ ਦੀ ਇਜ਼ਤ ਵਿਚ ਵਾਧਾ ਕਰਦਾ ਹੈ, ਉਹ ਕਰਨਾ ਚਾਹੀਦਾ ਹੈ । ਹਾਊਸ ਦੇ ਸਪੀਕਰ ਸਾਹਿਬ ਦੀ ਇਜ਼ਤ ਸਾਰੇ ਹਾਊਸ ਦੀ ਇਜ਼ਤ ਹੈ ।ਸਪੀਕਰ ਸਾਹਿਬ ਦੀ ਇਜ਼ਤ ਹੀ ਅਸੀਂ ਸਾਰੇ ਹਾਊਸ ਦੀ ਇਜ਼ਤ ਸਮਝਦੇ ਹਾਂ । (ਵਿਘਨ) ਮੈਨੂੰ ਆਸ ਹੈ ਕਿ ਇਸ ਮੋਸ਼ਨ ਨੂੰ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ ਜਾਵੇਗਾ । (ਥੰਪਿੰਗ)

**Mr. Speaker** : Question is—

> "This House having considered the findings and recommendations made in the third report of the Committee of Privileges and the deep regrets tendered by the acting Leader of Akali Party on behalf of the ten members mentioned in the privilege motion and also the assurance on their part that they would conduct themselves properly in future, resolves that the matter be dropped.
>
> This House further resolves that the rules, if any, of its Rules of Procedure which are inconsistent with the above Motion/Resolution will stand suspended to that extent."

*The motion was carried.*

**Mr. Speaker** : The House stands adjourned till 2.00 P. M. on Tuesday, the 27th January, 1976.

**1·48 P. M.** | *The Sabha then adjourned till 2.00 P.M. on Tuesday the 27 th January, 1976.*

1782—20-5-76—286 Copies—Govt. Press, Patiala.

Original with;
Punjab Vidhan Sabha
Digitized by;
Panjab Digital Library

Original with
Punjab Vidhan Sabha
Digitized by;
Panjab Digital Library

# APPENDIX

to

## Punjab Vidhan Sabha Debates

Dated 22nd January, 1976.

Vol I—No 3.

### ਬਿਨਾ ਨਿਸ਼ਾਨ ਪ੍ਰਸ਼ਨ ਅਤੇ ਉੱਤਰ

ਉਦਯੋਗਿਕ ਸਿਖਿਆ ਸੰਸਥਾਵਾਂ ਵਿਚ ਵਿਦਿਆਰਥੀਆਂ ਨੂੰ ਰਿਆਇਤਾਂ

1055. **ਕਾਮਰੇਡ ਸੱਤ ਪਾਲ ਡਾਂਗ** : ਕੀ ਲੋਕ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :

(ੳ) ਕੀ ਉਦਯੋਗਿਕ ਸੰਸਥਾਵਾਂ ਵਿਚ ਦਾਖਲੇ ਅਤੇ ਫੀਸ ਦੀਆਂ ਰਿਆਇਤਾਂ ਹਾਸਲ ਕਰਨ ਵਾਲੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਤੋਂ ਇਲਾਵਾ ਦੂਜੇ ਵਿਦਿਆਰਥੀਆਂ ਦੇ ਕਿਸੇ ਵਰਗ ਨੂੰ ਪਛੜਿਆ ਹੋਇਆ ਸਮਝਿਆ ਜਾਂਦਾ ਹੈ ਜੇਕਰ ਉਨ੍ਹਾਂ ਦੇ ਮਾਪਿਆਂ ਦੀ ਆਮਦਨ ਇਕ ਖਾਸ ਰਕਮ ਤੋਂ ਵੱਧ ਨਾ ਹੋਵੇ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਅਜਿਹੇ ਵਿਦਿਆਰਥੀਆਂ ਨੂੰ ਉਪਲੱਬਧ ਰਿਆਇਤਾਂ/ਸਹੂਲਤਾਂ ਦਾ ਵੇਰਵਾ ਅਤੇ ਇਸ ਮੰਤਵ ਲਈ ਨਿਸ਼ਚਿਤ ਕੀਤੀ ਗਈ ਮਾਪਿਆਂ ਦੀ ਵੱਧ ਤੋਂ ਵੱਧ ਆਮਦਨ ਦੀ ਹੱਦ ਕੀ ਹੈ ?

**ਜਥੇਦਾਰ ਸੋਹਨ ਸਿੰਘ ਜਲਾਲਉਸਮਾਨ** : (ੳ) ਨਹੀਂ ਜੀ ।

(ਅ) ਸਵਾਲ ਹੀ ਨਹੀਂ ਉਠਦਾ

---

### CONCESSION TO STUDENTS IN POLYTECHNICS

**1056 Comrade Satya Pal Dang**:-Will the Minister for Excise & Taxation be pleased to state:-

(a) whether any section of students other than those belonging to Scheduled Castes and Backward Classes seeking admissions and fee concessions in Polytechnics are treated as Backward if the income of their parents does not exceed a particular amount ;

(b) if the reply to part (a) above be in the affirmative, the details of concessions/ facilities available to such students alongwith the maximum income limit of parents fixed for the purpose?

Original with;
Punjab Vidhan Sabha
Digitized by;
Panjab Digital Library

ਸ਼੍ਰੀ ਯਸ਼ ਪਾਲ : (ੳ) ਹਾਂ ਜੀ ।

(ਅ) ਪੰਜਾਬ ਦੇ ਉਨ੍ਹਾਂ ਸਾਰੇ ਵਾਸੀਆਂ ਨੂੰ ਜਿਨ੍ਹਾਂ ਦੀ ਵਾਰਸ਼ਕ ਆਮਦਨ 3600/- ਰੁਪਏ ਤੋਂ ਘੱਟ ਹੈ, ਬਿਨਾ ਇਸ ਤਥ ਦੇ ਕਿ ਉਹ ਭਾਵੇਂ ਕਿਸੇ ਵੀ ਜ਼ਾਤ, ਪਰੀਵਾਰਾਂ ਜਾਂ ਸ਼੍ਰੇਣੀ ਨਾਲ ਸਬੰਧ ਰੱਖਦੇ ਹੋਣ ਅਤੇ ਕੋਈ ਵੀ ਧੰਦਾ ਕਰਦੇ ਹੋਣ, ਪਛੜੇ ਹੋਏ ਮੰਨਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਉਹ ਸਾਰੀਆਂ ਰਿਆਇਤਾਂ ਅਤੇ ਵਿਸ਼ੇਸ਼ ਅਧਿਕਾਰ ਮਿਲਣ ਯੋਗ ਹਨ, ਜੋ ਦੂਜੀਆਂ ਪਛੜੀਆਂ ਸ਼੍ਰੇਣੀਆਂ ਦੇ ਉਮੀਦਵਾਰਾਂ ਨੂੰ ਦਾਖਲੇ ਅਤੇ ਫੀਸਾਂ ਸਬੰਧੀ ਹੇਠ ਅਨੁਸਾਰ ਮਿਲਦੇ ਹਨ ।

ਸਰਕਾਰੀ ਬਹੁ ਤਕਨੀਕੀਆਂ ਵਿਚ ਦਾਖਲੇ ਲਈ 5% ਸੀਟਾਂ ਪਛੜੀਆਂ ਸ਼੍ਰੇਣੀਆਂ ਦੇ ਉਮੀਦਵਾਰਾਂ ਲਈ ਰਾਖਵੀਆਂ ਰੱਖੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਆਰਥਿਕ ਤੌਰ ਤੇ ਪਛੜੇ ਵਰਗਾਂ ਦੇ ਉਮੀਦਵਾਰ ਵੀ ਇਨ੍ਹਾਂ ਰਾਖਵੀਆਂ ਸੀਟਾਂ ਵਿਰੁਧ ਹੋਰਨਾਂ ਪਛੜੀਆਂ ਸ਼੍ਰੇਣੀਆਂ ਦੇ ਦਾਖਲੇ ਲਈ ਪਾਤਰ ਹਨ ।

ਸਰਕਾਰੀ ਬਹੁ ਤਕਨੀਕੀਆਂ ਵਿਚ ਕਿਸੇ ਵੀ ਵਿਦਿਆਰਥੀ ਤੋਂ ਟਿਊਸ਼ਨ ਫੀਸ ਨਹੀਂ ਲਈ ਜਾਂਦੀ ।

1782—20-5-76—286 Copies—Govt. Press, Patiala.

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

©

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*27th January, 1976*

Vol. I—No. 4

## OFFICIAL REPORT

CONTENTS

*Tuesday, the 27th January, 1976*


| | | PAGE |
|---|---|---|
| Starred Questions and Answers | .. | (4)1 |
| Unstarred Questions and Answers | .. | (4)27 |
| Question of Privilege | .. | (4)33 |
| Call Attention Notices under Rule 66 | .. | (4)34 |
| Statements laid on the Table of the House in reply to Call Attention Notices | .. | (4)35 |
| Supplementary Estimates (Second Instalment) for the year 1975-76—Presentation of | .. | (4)37 |
| Report of the Committee on Estimates on the Supplementary Estimates (Second Instalment) for the year 1975-76—Presentation of | .. | (4)37 |
| Resumption of Discussion on Governor's Address | .. | (4)38 |
| Walk-out | .. | (4)39 |
| Discussion on Governor's Address (*Resumption*) | .. | (4)39 |



Punjab Vidhan Sabha Secretariat, Chandigarh.

Price :-Rs. 31-20



*Original with;*
Punjab Vidhan Sabha
*Digitized by;*
Panjab Digital Library

*Original with;*
Punjab Vidhan Sabha
*Digitized by;*
Panjab Digital Library

# PUNJAB VIDHAN SABHA

*Tuesday, the 27th January, 1976*

*The Vidhan Sabha met in the Punjab Vidhan Sabha Hall, Vidhan Bhavan, Chandigarh, at 2.00 P.M. of the Clock. Mr. Speaker (Dr. Kewal Krishan) in the Chair.*

## STARRED QUESTIONS AND ANSWERS

### BRINGING OF PUNJAB GOVERNMENT PENSIONERS AT PAR WITH CENTRAL GOVERNMENT PENSIONERS.

*3475. 1. **Comrade Dana Ram**
2. **Comrade Satya Pal Dang** : Will the Minister for Finance be pleased to :

(a) state whether any deputation of the Government Pensioners' Association, Chandigarh waited on the Chief Minister on 21.11.1975 and gave him any written representation for bringing Punjab Government pensioners at par with the Central Government pensioners in all respects; if so, whether the same has been considered by the Government;

(b) lay on the Table of the House a copy of the said representation ?

**Shri Hans Raj Sharma** : (a) Yes, Sir. It is still under examination of the Government and will be considered when the financial position of the Government permits.

(b) A copy thereof is laid down on the Table of the House.

COPY OF REPRESENTATION

GOVERNMENT PENSIONERS ASSOCIATION

290, Sector 16-A, CHANDIGARH

Ref. No. GPA/11-75

Dated November 21st, 1975

The Chief Minister, Punjab,
Chandigarh.

*Subject* :—Third Central Pay Commission's Recommendations Relief to the Punjab Govt. Pensioners on Central Pattern.

Sir

The Government of India has granted reliefs to its old pensioners, with effect from the 1st January, 1973, on the basis of a package formula, now come to be known as the "Central Pattern". According to this, the Central Government pensioners have been sanctioned an ad-hoc relief upto Rs. 35/— p. m. with effect from 1.1.1973; and also three instalments of relief each at 5% of the pension with effect from (1) 1.8.73, (2) 1.1.74, and (3) 1.4.74, on the basis of successive rise in the price index.

Original with;
Punjab Vidhan Sabha
Digitized by;
Panjab Digital Library

[Finance Minister]

2. The Punjab Government is committed since long to follow the Central Government policy in the matter of grant of pensionary benefits to its retired employees. In the present case also, Punjab Finance Minister, in his 1975-76 Budget Speech, announced in the Vidhan Sabha, that the Punjab Government would adopt, for its pensioners, the "Central Pattern" of grant of relief. Actually, however, the Punjab State Services pensioners have not been granted relief corresponding to the adhoc relief upto Rs. 35/— p. m. given by the Central Government to its old pensioners. Moreover, the three instalments of 5% each have been allowed with effect from 1.1.75 only and not with retrospective effect as required under the "Central Pattern. The lower categories of pensioners drawing upto Rs. 200-300 p. m. have not been benefited by the grant sanctioned by the Punjab Government with effect from 1.1.75.

3. It may be mentioned that the Punjab Government have allowed the grant of all the reliefs in full according to the "Central Pattern" to IAS/IPS pensioners who retired from this State; but have granted only partial relief to the pensioners of the Punjab State Services, e. g. Engineers, Doctors, Educationists, P. C. S. and others. This is discriminatory, and a case of real hardship. These latter categories of pensioners were not granted any relief even when the Punjab Govt. last revised the grades and scales of pay of the State Govt. employees.

4. Punjab is the most prosperous State in India, and is now headed by an enlightened and kind-hearted Chief Minister, and an equally sympathetic and wide-awake Finance Minister, we firmly believe that they both have been convinced of the very justified demand of the State Govt. Services pensioners for full reliefs according to the "Central Pattern" and that funds could be made available to meet this most genuine liability by suitable financial adjustments.

5. We, therefore, most earnestly and respectfully request:—

(a) that the Punjab Govt. Services pensioners should be granted the *ad-hoc* relief upto Rs. 35/— p. m. with effect from 1.1.73; and

(b) that the three instalments of 5% each should be made effective retrospectively from the same dates as under the "Central Pattern."

The Chief Minister has already been pleased to assure the deputation of the State Services pensioners, headed by Dr. Tulsi Dass, that anomaly, if any, in the granted relief to these pensioneers would be removed. We respectfully solicit the favour of implementation of this assurance.

Thanking you, Sir,

Yours faithfully,
*for* Government Pensioners Association.

Sd/—

S. L. Bhatia.
PRESIDENT.

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਇਹ ਹੈ ਕਿ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਨੂੰ ਜਿਹੜੀ ਪੈਨਸ਼ਨ ਮਿਲਦੀ ਹੈ ਉਸ ਦਾ ਇਕ ਹਿੱਸਾ ਮਹਿੰਗਾਈ ਅਲਾਊਂਸ ਅਤੇ ਇਕ ਹਿੱਸਾ ਬੇਸਿਕ ਪੇ ਨਾਲ ਕਨੈਕਟਿਡ ਹੁੰਦਾ ਹੈ। ਕੀ ਮਨਿਸਟਰ ਸਾਹਿਬ ਦੱਸਣਗੇ ਕਿ ਜਦੋਂ ਉਨ੍ਹਾਂ ਦੀ ਇਹ ਕਮਿਟਮੈਂਟ ਹੈ ਕਿ ਮਹਿੰਗਾਈ ਅਲਾਊਂਸ ਦੇ ਮਾਮਲੇ ਵਿਚ ਸੈਂਟਰ ਨਾਲ ਪੈਰਿਟੀ ਰੱਖਣੀ ਹੈ ਤਾਂ ਫਿਰ ਸੈਂਟਰ ਨੇ ਮਹਿੰਗਾਈ ਅਲਾਊਂਸ ਨਾਲ ਜਿਹੜਾ ਰਿਲੀਫ ਉਨਾਂ ਨੂੰ ਦਿੱਤਾ ਹੈ, ਉਹ ਪੰਜਾਬ ਵਿਚ ਕਿਉਂ ਨਹੀਂ ਦਿੱਤਾ ਜਾਂਦਾ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਸਪੀਕਰ ਸਾਹਿਬ, ਇਸ ਬਾਰੇ ਕੋਈ ਬੰਦਿਸ਼ ਨਹੀਂ ਸੀ ਅਸੀਂ ਆਪ ਹੀ ਕਦਮ ਉਠਾਇਆ ਸੀ ਅਤੇ 1-1-75 ਤੋਂ ਸੈਂਟਰ ਦੇ ਮੁਤਾਬਕ ਪੈਨਸ਼ਨ ਦੇਣੀ ਕਰ ਦਿਤੀ ਸੀ। ਉਹ ਹੁਣ ਪਿਛਲੇ ਏਰੀਅਰਜ਼ ਮੰਗਦੇ ਹਨ, ਉਹ ਅਸੀਂ ਕਿਥੋਂ ਦੇਈਏ। ਉਹ ਡੇਢ ਕਰੋੜ ਰੁਪਿਆ ਬਣਦਾ ਹੈ।

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਬੰਦਿਸ਼ ਤਾਂ ਕੋਈ ਵੀ ਨਹੀਂ ਦੁਨੀਆਂ ਵਿਚ। ਪਰ ਇਖ਼ਲਾਕੀ ਕਮਿਟਮੈਂਟ ਅਸੀਂ ਕੀਤੀ ਹੈ। ਉਨ੍ਹਾਂ ਪੈਨਸ਼ਨਰਾਂ ਦਾ ਗੁਜ਼ਾਰਾ ਪੈਨਸ਼ਨ ਤੇ ਹੀ ਹੈ। ਉਨ੍ਹਾਂ ਦੀਆਂ ਫ਼ੈਮਲੀਆਂ ਹੁੰਦੀਆਂ ਹਨ। ਸੈਂਟਰ ਨੇ ਇਕ ਰਿਲੀਫ ਦਿੱਤਾ ਹੈ ਅਤੇ ਸਾਡੀ ਇਖ਼ਲਾਕੀ ਕਮਿਟਮੈਂਟ ਸੀ ਉਹ ਪੰਜਾਬ ਗੌਰਮੈਂਟ ਕਿਉਂ ਨਹੀਂ ਦਿੰਦੀ ? ਨਾਲ ਇਹ ਵੀ ਹੈ ਕਿ ਜਦੋਂ ਪੰਜਾਬ ਗੌਰਮਿੰਟ ਨੇ 1968 ਵਿਚ ਗਰੇਡ ਰਿਵਾਈਜ਼ ਕੀਤੇ ਸਨ ਅਤੇ ਜਿਹੜੇ ਮੁਲਾਜ਼ਮ ਪਹਿਲੋਂ ਰਿਟਾਇਰ ਹੋ ਚੁਕੇ ਸਨ ਉਨ੍ਹਾਂ ਨੂੰ ਕੋਈ ਰਿਲੀਫ ਨਹੀਂ ਸੀ ਦਿੱਤਾ, ਹੁਣ ਦਿੱਤਾ ਹੈ। ਕੀ ਮਨਿਸਟਰ ਸਾਹਿਬ ਆਪਣੇ ਪੈਨਸ਼ਨਰਾਂ ਦੀ ਪੈਨਸ਼ਨ ਸੈਂਟਰ ਦੇ ਬਰਾਬਰ ਕਰ ਦੇਣਗੇ ?

**ਮੰਤਰੀ :** ਮੈਂ ਅਰਜ਼ ਕਰ ਚੁੱਕਾ ਹਾਂ ਕਿ ਅਸੀਂ ਐਗਜ਼ਾਮਿਨ ਕਰ ਰਹੇ ਹਾਂ। ਮੈਂ ਨਾਂਹ ਨਹੀਂ ਕੀਤੀ। ਸਾਰਿਆਂ ਨਾਲੋਂ ਸਰਕਾਰ ਤੇ ਇਖ਼ਲਾਕੀ ਬੰਦਿਸ਼ ਇਹ ਹੈ ਕਿ ਅਸੀਂ ਆਪਣੇ ਫ਼ਾਇਨਾਂਸਿਜ਼ ਠੀਕ ਰੱਖੀਏ। ਜੇ ਕਰ ਅਸੀਂ ਖ਼ਾਹਮਖ਼ਾਹ ਖਰਚ ਕਰਾਂਗੇ ਤਾਂ ਟੈਕਸ ਵੀ ਲਾਉਣੇ ਪੈਣਗੇ।

**ਸ੍ਰੀ ਪ੍ਰੇਮ ਗੁਪਤਾ :** ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਫਰਮਾਇਆ ਹੈ ਕਿ ਇਹ ਮਾਮਲਾ ਬੰਦ ਨਹੀਂ ਕੀਤਾ ਅਤੇ ਸਰਕਾਰ ਇਸ ਤੇ ਗੌਰ ਕਰ ਰਹੀ ਹੈ। ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਐਗਜ਼ਾਮਿਨ ਕਰਨ ਵਿਚ ਕਿੰਨਾਂ ਸਮਾਂ ਲਗੇਗਾ ?

**ਮੰਤਰੀ :** ਮੈਂ ਤਾਂ ਪਹਿਲੋਂ ਕਿਹਾ ਹੈ ਕਿ......(ਵਿਘਨ)

**ਸ੍ਰੀ ਸਰਦਾਰੀ ਲਾਲ ਕਪੂਰ :** ਪਿਛਲੇ ਦਿਨਾਂ ਵਿਚ ਮਨਿਸਟਰ ਸਾਹਿਬ ਨੇ ਪ੍ਰੋਵਿੰਸ਼ਿਅਲਾਈਜ਼ਡ ਟੀਚਰਜ਼ ਨੂੰ ਪੈਨਸ਼ਨਾਂ ਦਿੱਤੀਆਂ ਸਨ ਅਤੇ ਉਨ੍ਹਾਂ ਨੇ ਇਨ੍ਹਾਂ ਦਾ ਬੜਾ ਧੰਨਵਾਦ ਕੀਤਾ ਸੀ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆ ਪੈਨਸ਼ਨਾਂ ਉਨ੍ਹਾਂ ਦੀਆਂ ਬਕਾਇਆ ਰਹਿੰਦੀਆਂ ਹਨ, ਜੇ ਨਵੀਆਂ ਦੇਣੀਆਂ ਹੁੰਦੀਆਂ ਤਾਂ ਹੋਰ ਗਲ ਸੀ, ਜਿਹੜਾ ਬਕਾਇਆ ਹਿੱਸਾ ਰਹਿੰਦਾ ਹੈ, ਉਹ ਕਦੋਂ ਤੱਕ ਦੇ ਦੇਣਗੇ ?

**ਮੰਤਰੀ :** ਅਸੀਂ ਤਾਂ ਮਨਜ਼ੂਰੀ ਦੇ ਦਿੱਤੀ ਸੀ। ਉਨ੍ਹਾਂ ਦੀਆਂ ਸਰਵਿਸ ਬੁਕਾਂ ਨਹੀਂ ਸੀ ਮਿਲ ਰਹੀਆਂ ਅਤੇ ਐਜੂਕੇਸ਼ਨ ਡਿਪਾਰਟਮੈਂਟ ਨੇ ਲੰਪਸਮ ਦੇ ਦਿੱਤੀਆਂ ਸੀ।

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਕਿਹਾ ਹੈ ਕਿ ਜਦੋਂ ਮਾਲੀ ਹਾਲਾਤ ਇਜਾਜ਼ਤ ਦੇਣਗੇ ਦੇ ਦਿਆਂਗੇ। ਇਨ੍ਹਾਂ ਦੇ ਕੁਲੀਗ ਸ੍ਰੀ ਯਸ਼ ਜੀ ਨੇ ਪਿਛੇ ਜਿਹੇ ਇਲਾਨ ਕੀਤਾ ਹੈ ਕਿ ਸ਼ਰਾਬ ਤੋਂ ਆਮਦਨ ਅਗੇ ਨਾਲੋਂ ਵੱਧੀ ਹੈ। ਜਦੋਂ ਆਮਦਨ ਵੱਧੀ ਹੈ ਤਾਂ ਕੀ ਉਸ ਵੱਧੀ ਆਮਦਨ ਵਿਚ ਉਨ੍ਹਾਂ ਪੈਨਸ਼ਨਰਾਂ ਨੂੰ ਵੱਧੇ ਹੋਏ ਪੈਸੇ ਦਿਤੇ ਜਾਣਗੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਸਪੀਕਰ ਸਾਹਿਬ, ਜਿਹੜੇ ਬਹੁਤ ਵੱਡੇ ਅਫ਼ਸਰ ਹਨ ਉਹ ਮੈਨੂੰ ਵੀ ਮਿਲੇ ਸਨ ਅਤੇ ਇਨ੍ਹਾਂ ਨੂੰ ਵੀ ਟਕਰ ਗਏ ਹੋਣੇ ਹਨ। ਮੈਂ ਕਹਿੰਦਾ ਹਾਂ ਕਿ ਜਦੋਂ ਫ਼ਾਈਨਾਂਸਿਜ਼ ਇਜਾਜ਼ਤ ਦੇਣਗੇ, ਜ਼ਰੂਰ ਦਿਆਂਗੇ । ਬਾਕੀ ਜਿਹੜੀ ਸ਼ਰਾਬ ਵਿੱਚ ਵੱਧੀ ਆਮਦਨ ਵਾਲੀ ਗਲ ਹੈ ਜਾਂ ਹੋਰ ਮੱਦਾਂ ਦੀ ਆਮਦਨ ਦੀ ਗੱਲ ਹੈ, ਮੈਂ ਜਦੋਂ ਬਜਟ ਪੇਸ਼ ਕਰਾਂਗਾ, ਪਤਾ ਲਗ ਜਾਵੇਗਾ। ਮੈਂ ਡਾਂਗ ਸਾਹਿਬ ਨੂੰ ਕਹਾਂਗਾ ਕਿ ਜਦੋਂ ਡਿਵੈਲਪਮੈਂਟ ਦੀਆਂ ਸਕੀਮਾਂ ਆਉਣਗੀਆਂ ਤਾਂ ਇਨ੍ਹਾਂ ਨੇ ਕਹਿਣਾ ਹੈ ਕਿ ਇਨ੍ਹਾਂ ਦੇ ਵਿਚ ਵੱਧ ਤੋਂ ਵੱਧ ਪੈਸੇ ਦਿਓ । ਇਸ ਲਈ ਇਹ ਇਸ ਤਰ੍ਹਾਂ ਨਾ ਮੰਗਾਂ ਕਰੀ ਜਾਣ ।

**Mr. Speaker :** Next Question.

---

MINIMUM WAGES ADMISSIBLE TO WORKERS IN THE PRIVATE TRANSPORT INDUSTRY.

*3439 **Comrade Mehtab Singh Nokerian**
**Comrade Satya Pal Dang** } : Will the Minister for Finance be pleased to :—

(a) lay on the Table of the House a comparative statement of minimum wages (inclusive of D.A.), admissible under law to different categories of workers in the private transport industry in the State and those belonging to the corresponding categories in the Punjab Roadways;

(b) state the reasons, if any, for the difference ?

**Shri Hans Raj Sharma** : (a) Necessary information is laid on the Table of the House.

(b) Wages paid to the Punjab Roadways employees include Dearness Pay, Dearness Allowance, Additional Dearness Allowance, Interim Relief & House Rent etc., as admissible to other Government employees. Wages paid to the employees of the Punjab Roadways are not fixed under the minimum Wages Act, while wages paid by the Private Transport Industry are the minimum, all inclusive fixed by the Government under the Minimum Wages Notification. There is no bar on the payment of higher wages by any employer.

Original with;
Punjab Vidhan Sabha
Digitized by;
Panjab Digital Library

**Comparative Statement of Minimum Wages admissible to workers in Private Transport Industry and in Punjab Roadways (Question No. 3439).**

| S. No. | Category of workers | All inclusive minimum rates of wages P. M. admissible to workers in the Private Industry — As fixed on 1st July, 74 | As on 1st July, 1975 after adding linkage benefit. | Total emoluments excluding HR and CCA being paid by Punjab Roadways. |
|---|---|---|---|---|
| 1 | 2 | 3 | 4 | 5 |
| | **I. (a) General Staff** | | | |
| 1. | Peon | .. 199.00 | 209.50 | 226.80 (70-95) |
| 2. | Hawker | .. 199.00 | 209.50 | Does not exist |
| 3. | Road Mazdoor | .. 199.00 | 209.50 | Does not exist |
| 4. | Mail Picker on Road | .. 199.00 | 209.50 | Does not exist |
| 5. | Mail Conductor | . 199.00 | 209.50 | Does not exist |
| 6. | Mail Mazdoor | .. 199.00 | 209.50 | Does not exist |
| 7. | Mail Peon-cum Chowkidar | .. 199.00 | 209.50 | Does not exist |
| 8. | Chowkidar or Watchman | .. 199.00 | 209.50 | 226.80 (70-95) |
| 9. | Mazdoor | .. 199.00 | 209.50 | Does not exist |
| 10. | Sweeper or Sweepress (other than part time) | .. 199.00 | 209.50 | 226.80 (70-95) |
| 11. | Waterman or Bhishti | .. 199.00 | 209.50 | Does not exist |
| 12. | Punkha Pullar | .. 199.00 | 209.50 | Does not exist |
| | **(b) Workshop Staff** | | | |
| 1. | Boy Mistri | .. 199.00 | 209.50 | Does not exist |
| 2. | Apprentice Fitter | .. 199.00 | 209.50 | Does not exist |
| 3. | Hammerman | .. 199.00 | 209.50 | Does not exist |
| 4. | Boy Fitter | .. 199.00 | 209.50 | Does not exist |
| 5. | Apprentice Electrician | .. 199.00 | 209.50 | Does not exist |
| 6. | Coalman | .. 199.00 | 209.50 | Does not exist |
| 7. | Boy Painter | .. 199.00 | 209.50 | Does not exist |
| 8. | Airman | .. 199.00 | 209.50 | Does not exist |
| 9. | Assistant Painter | .. 199.00 | 209.50 | 269.30 (100-160) |
| 10. | Cleaner Workshop | .. 199.00 | 209.50 | 240.40 (80-120) |
| 11. | Lorry Washer | .. 199.00 | 209.50 | Does not exist |
| | **II. Semi-skilled** | | | |
| 1. | Assistant Mistry | .. 205.00 | 215.50 | 269.30 (100-160) |
| 2. | Assistant Fitter | .. 205.00 | 215.50 | 269.30 (100-160) |
| 3. | Assistant Blacksmith | .. 205.00 | 215.50 | Does not exist |
| 4. | Assistant Carpenter | .. 205.00 | 215.50 | 269.30 (100-160) |
| 5. | Assistant Electrician | .. 205.00 | 215.50 | 269.30 (100-160) |

Original with;
Punjab Vidhan Sabha
Digitized by;
Panjab Digital Library

[Finance Minister]

| S. No. | Category of workers | All inclusive minimum rates of wages P.M. admissible to workers in the Private Industry — As fixed on 1st July, 1974. | As on 1st July, 1975 after adding linkage benefit. | Total emoluments excluding HR. and CCA being paid by Punjab Roadways. |
|---|---|---|---|---|
| 1 | 2 | 3 | 4 | 5 |
| | III. Skilled (Workshop Staff) | | | |
| 1. | Mechanic (Mistry) | 264.00 | 274.50 | 361.00 (140-200) |
| 2. | Fitter | 264.00 | 274.50 | 337.70 (120-250) |
| 3. | Blacksmith or Ironsmith | 264.00 | 274.50 | 333.70 (120-250) |
| 4. | Welder | 264.00 | 274.50 | 333,70 |
| 5. | Carpenter | 264.00 | 274.50 | 333.70 |
| 6. | Painter | 264.00 | 274.50 | 333.70 |
| 7. | Electrician | 264.00 | 274 50 | 333.70 |
| 8. | Borer | 264.00 | 274.50 | 361/-(410-300) |
| 9. | Turner | 264.00 | 274.50 | Does not exist |
| 10. | Remetalling Man | 264.00 | 274.50 | Does not exist |
| 11. | Tyreman | 264.00 | 274.50 | 333.70 (120-250) |
| | IV. Highly Skilled (Workshop Staff) | | | |
| 1. | Head Mechanic | 321.00 | 331.50 | 413 (160-400) |
| 2. | Head Mistry | 321.00 | 331.50 | 413 (160-400) |
| 3. | Head Blacksmith | 321.00 | 331.50 | Does not exist |
| 4. | Head Carpenter | 321.00 | 331.50 | 413/-not (160-400) |
| 5. | Head Electrician | 321.00 | 331.50 | 413/- not (160-400) |
| | V. Central Staff (Clerical Staff etc.) | | | |
| 1. | Out Agency Clerk | 231.00 | 241.50 | Does not exist |
| 2. | Typist | 231.00 | 241.50 | 320.10 (110-250) |
| 3. | Steno-Typist | 231.00 | 241.00 | 350.10 (110-250+ 25/-/S.P.) |
| 4. | Accounts Clerk | 231.00 | 241.50 | 320.10 (110-25 ) |
| 5. | Record Keeper | 231.00 | 241.50 | 320.10 (110-250) |
| 6. | Day-Book Clerk | 231.00 | 241.50 | 320.10 (110-250) |
| 7. | General Routine Clerk (Junior Clerk) | 231.00 | 241.50 | 320.10 (110-250) |
| 8. | Purchase Clerk | 231.00 | 241.50 | 320.10 (110-250) |

Original with;
Punjab Vidhan Sabha
Digitized by;
Panjab Digital Library

| S. No. | Category of workers | All inclusive minimum rates of wages P.M. admissible to workers in the Private Industry: As fixed on 1st July 1974 | All inclusive minimum rates of wages P.M. admissible to workers in the Private Industry: As on 1st July, 1975 after adding linkage benefit. | Total emoluments excluding HR. and CCA being paid by Punjab Roadways. |
|---|---|---|---|---|
| 1 | 2 | 3 | 4 | 5 |
| 9. | Outdoor Duty Clerk .. | 231.00 | 241.50 | 320.10 (110-250) |
| 10. | Assistant Clerk .. | 231.00 | 241.50 | Does not exist |
| 11. | Assistant Cashier .. | 231.00 | 241.50 | Does not exist |
| 12. | Despatcher .. | 231.00 | 241.50 | 320.10 (110-250) |
| 13. | Enquiry and Complaint Clerk .. | 231.00 | 241.50 | Does not exist |
| 14. | Goods Clerk and Loading Clerk .. | 231.00 | 241.50 | Does not exist |
| 15. | Workshop Clerk .. | 231.00 | 241.50 | Does not exist |
| 16. | Coal Clerk .. | 231.00 | 241.50 | Does not exist |
| 17. | Petrol Clerk .. | 231.00 | 241.50 | 320.10 (110-250) |
| 18. | Voucher Clerk .. | 231.00 | 241.50 | Does not exist |
| 19. | Checker or T. T. E. .. | 231.00 | 241.50 | 361 (140-300) |
| 20. | Line Inspector .. | 231.00 | 241.50 | 361 (140-300) |
| 21. | Assistant Booking Incharge .. | 231.00 | 241.50 | Does not exist |
| 22. | Goods Delivery Clerk .. | 231.00 | 241.50 | Does not exist |
| 23. | Booking Clerk .. | 231.00 | 241.50 | 320.10 (110-250) |
| 24. | Way Bill Examiner (Clerk) .. | 231.00 | 241.50 | Does not exist |
| 25. | Sub-out Agency Clerk .. | 231.00 | 241.50 | Does not exist |
| | Group—B | | | |
| 1. | Chief Checker, General Checker .. | 259/- | 269.50 | 413 (160-400) |
| 2. | General Cheker-cum Purchase Officer .. | 259/- | 269.50 | Does not exist |
| 3. | Stenographer .. | 259/- | 269.50 | 361/- (140-300) |
| 4. | Assistant Accountant .. | 259/- | 269.50 | 320.10 (110-250) |
| 5. | Accounts Clerk-cum Cashier .. | 259/- | 269.50 | Does not exist |
| 6. | Cashier-cum-Clerk .. | 259/- | 269.50 | Does not exist |
| 7 | Cashier .. | 259/- | 269.50 | 320.10 plus 25/-S.P. |

Original with;
Punjab Vidhan Sabha
Digitized by;
Panjab Digital Library

[Finance Minister]

| S. No. | Category of workers | All inclusive minimum rates of wages P.M. admissible to workers in the Private Industry — As fixed on 1st July, 1974 | As on 1st July, 1975 after adding linkage benefit | Total emoluments excluding H. R. and CCA being paid by Punjab Roadways. |
|---|---|---|---|---|
| 1 | 2 | 3 | 4 | 5 |
| 8. | Correspondence Clerk | 259/- | 269.50 | 320.10 (110-250) |
| 9. | Court Clerk | 259/- | 269.50 | Does not exist |
| 10. | Checking Inspector | 259/- | 269.50 | 361 (140-300) |
| 11. | Adda Inspector | 259/- | 269.50 | 361 (140-300) |
| 12. | Lorry Inspector or Traffic Inspector | 259/- | 269.50 | 361 (140-300) |
| | **Group—C** | | | |
| 1. | Head Clerk | 310/- | 320-50 | Does not exist |
| 2. | Head Accountant | 310/- | 320-50 | Does not exist |
| 3. | Head Cashier | 310/- | 320-50 | Does not exist |
| | **Running Staff** | | | |
| 1. | Drivers | 264/- | 274.50 | 347.30 (130-200) |
| 2, | Conductors | 226/- | 236.50 | 320.10 (110-250) |
| 3. | Cleaners | 199/- | 209.50 | 240.40 (80.120) |

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਕਿਹਾ ਹੈ ਕਿ ਪ੍ਰਾਈਵੇਟ ਟ੍ਰਾਂਸਪੋਰਟ ਇੰਡਸਟਰੀ ਵਿਚ ਤਨਖ਼ਾਹਾਂ ਘੱਟ ਤੋਂ ਘੱਟ ਕਾਨੂੰਨ ਹੇਠਾਂ ਆਉਂਦੀਆਂ ਹਨ । ਕਿਸੇ ਮਾਲਕ ਤੇ ਕੋਈ ਪਾਬੰਦੀ ਨਹੀਂ ਕਿ ਉਹ ਸਰਕਾਰ ਤੋਂ ਵੱਧ ਦੇ ਦੇਵੇ । ਮੈਂ ਸ਼ਰਮਾ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਇਹ ਨੋਨ ਫ਼ੈਕਟ ਹੈ ਕਿ ਪ੍ਰਾਈਵੇਟ ਟਰਾਂਸਪੋਰਟ ਇੰਡਸਟਰੀ ਵਿਚ ਬੇਸ਼ੁਮਾਰ ਨਫ਼ਾ ਹੈ ਅਤੇ ਉਹ ਟੈਕਸਿਜ਼ ਦੀ ਵੀ ਚੋਰੀ ਕਰਦੇ ਹਨ । ਨਾਲ ਹੀ ਉਹ ਪੈਪਸੂ ਰੋਡਵੇਜ਼ ਅਤੇ ਪੰਜਾਬ ਰੋਡਵੇਜ਼ ਨੂੰ ਵੱਧ ਤੋਂ ਵੱਧ ਸੱਟ ਮਾਰਨ ਦੀ ਕੋਸ਼ਿਸ਼ ਕਰਦੇ ਹਨ । ਆਖ਼ਰ ਕੀ ਵਜ੍ਹਾ ਹੈ ਕਿ ਪ੍ਰਾਈਵੇਟ ਟਰਾਂਸਪੋਰਟ ਦੇ ਜਿਹੜੇ ਮੁਲਾਜ਼ਮ ਹਨ ਉਨ੍ਹਾਂ ਨੂੰ ਜੋ ਰੋਡਵੇਜ਼ ਜਾਂ ਕਾਰਪੋਰੇਸ਼ਨ ਦੇ ਮੁਲਾਜ਼ਮਾਂ ਨੂੰ ਮਿਲਦਾ ਹੈ, ਉਹ ਘੱਟ ਤੋਂ ਘੱਟ ਤਨਖ਼ਾਹ ਦਿਵਾਉਣ ਲਈ ਸਰਕਾਰ ਆਪਣੇ ਅਖ਼ਤਿਆਰਾਂ ਦੀ ਵਰਤੋਂ ਕਿਉਂ ਨਹੀਂ ਕਰਦੀ ?

**ਮੰਤਰੀ** : ਸਪੀਕਰ ਸਾਹਿਬ, ਪੰਜਾਬ ਰੋਡਵੇਜ਼ ਜਾਂ ਪੈਪਸੂ ਕਾਰਪੋਰੇਸ਼ਨ ਦੇ ਜਿਹੜੇ ਐਂਪਲਾਈਜ਼ ਹਨ ਉਨ੍ਹਾਂ ਨੂੰ ਸਰਕਾਰ ਤਨਖ਼ਾਹ ਮਿਨੀਮਮ ਨਹੀਂ ਬਲਕਿ ਉਸ ਤੋਂ ਕਾਫੀ ਹੱਦ ਤਕ ਵੱਧ ਦਿੰਦੀ ਹੈ ਤਾਕਿ ਫ਼ੇਅਰ ਵੇਜਿਜ਼ ਜੇ ਨਹੀਂ ਤਾਂ ਕਮ-ਅਜ਼-ਕਮ ਮੁਨਾਸਬ ਜ਼ਰੂਰ ਮਿਲਣ ਅਤੇ ਦੂਸਰੀਆਂ ਇੰਡਸਟਰੀਜ਼ ਵਿਚ ਮਿਨੀਮਮ ਵੇਜਿਜ਼ ਮੁਕੱਰਰ ਕਰ ਦਿੱਤੀਆਂ ਹਨ । ਕਈ ਚੰਗੇ ਪ੍ਰਾਈਵੇਟ ਐਮਪਲਾਇਰ ਜ਼ਿਆਦਾ ਵੀ ਦਿੰਦੇ ਹਨ । ਝਗੜੇ ਦੀ ਸੂਰਤ ਵਿਚ ਅਸੀਂ ਬਿਲ ਰਾਹੀਂ ਐਂਪਲਾਇਰ ਅਤੇ ਵਰਕਰ ਦਾ ਸਮਝੌਤਾ ਕਰਾ ਦਿੰਦੇ ਹਾਂ ਤਾਂ ਕਿ ਮੁਨਾਸਿਬ

Original with;
Punjab Vidhan Sabha
Digitized by;
Panjab Digital Library

ਵੇਜਿਜ਼ ਮਿਲਦੇ ਰਹਿਣ। ਅਸੀਂ ਪਿੱਛੇ ਜਿਹੇ ਰਿਵਾਈਜ਼ ਵੀ ਕੀਤੇ ਹਨ। ਪ੍ਰਾਈਵੇਟ ਟ੍ਰਾਂਸਪੋਰਟ ਅਤੇ ਸਾਰੀ ਇੰਡਸਟਰੀ ਵਿਚ ਵੀ ਕਾਫ਼ੀ ਵੇਜਿਜ਼ ਬੜ੍ਹਾਏ ਹਨ। ਜਿਸ ਤਰ੍ਹਾਂ ਉਨ੍ਹਾਂ ਦਾ ਮੁਨਾਫ਼ਾ ਵੱਧਦਾ ਜਾਵੇਗਾ ਉਸ ਢੰਗ ਨਾਲ ਇਹ ਵੇਜਿਜ਼ ਵੱਧਦੇ ਜਾਣਗੇ। ਜਿਥੋਂ ਤੱਕ ਸਰਕਾਰੀ ਅਦਾਰਿਆਂ ਦਾ ਤੁਅੱਲਕ ਹੈ ਸਰਕਾਰ ਘਾਟਾ ਵੀ ਝੱਲ ਲੈਂਦੀ ਹੈ, ਤਾਕਿ ਮਜ਼ਦੂਰਾਂ ਨੂੰ ਠੀਕ ਵੇਜਿਜ਼ ਮਿਲਣ ਔਰ ਪ੍ਰਾਈਵੇਟ ਟਰਾਂਸਪੋਰਟ ਇੰਡਸਟਰੀ ਦੇ ਵੇਜਿਜ਼ ਵੀ ਆਹਿਸਤਾ ਆਹਿਸਤਾ ਸਰਕਾਰ ਦੇ ਬਰਾਬਰ ਆ ਜਾਣ। ਇਹ ਸਾਡਾ ਟੀਚਾ ਹੈ।

**ਕਾਮਰੇਡ ਸੱਤ ਪਾਲ ਡਾਂਗ :** ਕੀ ਮਨਿਸਟਰ ਸਾਹਿਬ ਨੂੰ ਇਸ ਗੱਲ ਦਾ ਇਲਮ ਨਹੀਂ ਕਿ ਪਬਲਿਕ ਸੈਕਟਰ ਨੂੰ ਸਣੇ ਰੋਡਵੇਜ਼ ਦੇ ਬਦਨਾਮ ਕਰਨ ਦੀ ਬਹੁਤ ਜ਼ਿਆਦਾ ਕੋਸ਼ਿਸ਼ ਹੁੰਦੀ ਹੈ ਔਰ ਸਭ ਨਾਲੋਂ ਵੱਧ ਇਸ ਦੇ ਖਿਲਾਫ਼ ਕੋਸ਼ਿਸ਼ ਪ੍ਰਾਈਵੇਟ ਟਰਾਂਸਪੋਰਟਰਜ਼ ਵਲੋਂ ਹੁੰਦੀ ਹੈ ? ਕੀ ਇਹ ਹਕੀਕਤ ਨਹੀਂ ਕਿ ਪ੍ਰਾਈਵੇਟ ਟਰਾਂਸਪੋਰਟਰਜ਼ ਦਾ ਬੜਾ ਜ਼ੋਰ ਹੈ ਔਰ ਉਨ੍ਹਾਂ ਨੂੰ ਅਨਡਿਊ ਐਡਵੈਨਟੇਜ ਮਿਲੇ ਰੋਡਵੇਜ਼ ਔਰ ਕਾਰਪੋਰੇਸ਼ਨ ਨਾਲੋਂ, ਇਸੇ ਕਰਕੇ ਉਨ੍ਹਾਂ ਦੇ ਵਰਕਰਾਂ ਦੀਆਂ ਤਨਖਾਹਾਂ ਐਨੀਆਂ ਘੱਟ ਮੁਕੱਰਰ ਕੀਤੀਆਂ ਜਾਂਦੀਆਂ ਹਨ। ਕੀ ਸ਼ਰਮਾ ਸਾਹਿਬ ਨੂੰ ਪਤਾ ਹੈ ਕਿ ਪ੍ਰਾਈਵੇਟ ਟਰਾਂਸਪੋਰਟਰਜ਼ ਮਕੈਨਿਕ ਮਿਸਤਰੀ ਨੂੰ 274 ਰੁਪਏ ਦਿੰਦੇ ਹਨ ਜਦ ਕਿ ਸਰਕਾਰ ਖੁਦ 364 ਰੁਪਏ ਮਹੀਨਾ ਤਨਖਾਹ ਦਿੰਦੀ ਹੈ ? ਉਨ੍ਹਾਂ ਨੂੰ ਅਨਡਿਊ ਐਡਵੈਨਟੇਜ ਨਾ ਮਿਲੇ ਰੋਡਵੇਜ਼ ਦੇ ਖਿਲਾਫ, ਕੀ ਇਸ ਲਈ ਸ਼ਰਮਾ ਸਾਹਿਬ ਉਨ੍ਹਾਂ ਦੇ ਵਰਕਰਾਂ ਦੀਆਂ ਤਨਖਾਹਾਂ ਰੋਡਵੇਜ਼ ਦੇ ਬਰਾਬਰ ਕਰਨਗੇ, ਜਦੋਂ ਕਿ ਉਹ ਪੇ ਵੀ ਕਰ ਸਕਦੇ ਹਨ ?

**ਮੰਤਰੀ ;** ਸਪੀਕਰ ਸਾਹਿਬ, ਪਹਿਲਾ ਸਵਾਲ ਤਾਂ ਮੈਟਰ ਆਫ ਓਪੀਨੀਅਨ ਹੈ। ਦੂਸਰਾ ਜਿਹੜਾ ਹਿੱਸਾ ਹੈ ਇਨ੍ਹਾਂ ਦੇ ਸਵਾਲ ਦਾ ਉਸ ਸਬੰਧ ਵਿਚ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ 1 ਜੁਲਾਈ, 1974 ਤੋਂ ਬਾਅਦ ਜਦੋਂ 1 ਜੁਲਾਈ, 1975 ਨੂੰ ਅਸੀਂ ਮਹਿੰਗਾਈ ਇੰਡੈਕਸ ਨੂੰ ਕਾਸਟ ਆਫ ਲਿਵਿੰਗ ਨਾਲ ਲਿੰਕ ਕਰ ਦਿੱਤਾ ਹੈ ਅਤੇ ਇਨ੍ਹਾਂ ਨੂੰ ਪਤਾ ਹੋਣਾ ਹੈ ਕਿ ਅਸੀਂ ਹਰ ਕੈਟੇਗਰੀ ਵਿਚ ਤਨਖਾਹਾਂ ਵਧਾ ਦਿੱਤੀਆਂ ਹਨ। ਮੈਂ ਇਹ ਵੀ ਅਰਜ਼ ਕਰਾਂਗਾ ਕਿ ਸਾਡੀ ਕੋਸ਼ਿਸ਼ ਇਹ ਹੈ ਕਿ ਇਨ੍ਹਾਂ ਦੇ ਵੇਜਿਜ਼ ਬਿਲਕੁਲ ਪੰਜਾਬ ਰੋਡਵੇਜ਼ ਦੇ ਬਰਾਬਰ ਆ ਜਾਣ। ਲੇਕਿਨ ਇਹ ਵੀ ਖਿਆਲ ਰੱਖਣਾ ਪੈਂਦਾ ਹੈ ਕਿ ਕਿਤੇ ਉਹ ਕੰਪਨੀਆਂ ਬੰਦ ਹੀ ਨਾ ਹੋ ਜਾਣ ਜਾਂ ਕੋਈ ਹੋਰ ਔਕੜ ਨਾ ਆ ਜਾਵੇ। ਫਿਰ ਨੈਸ਼ਨੇਲਾਈ-ਜ਼ੇਸ਼ਨ ਦਾ ਪ੍ਰੋਗਰਾਮ ਵੀ ਚਲ ਰਿਹਾ ਹੈ ਅਤੇ ਇਸ ਨਾਲ ਇਹ ਮਸਲਾ ਕੰਟਰੋਲ ਹੋ ਜਾਵੇਗਾ।

**आचार्य पृथ्वी सिंह आजाद :** वित्त मंत्री ने अभी बताया है कि प्राइवेट ट्रांसपोर्ट के कर्मचारियों के वेतन रोडवेज़ के कर्मचारियों के बराबर इस लिए नहीं रखते कि वह कम्पनियां फेल ना हो जाएं। मैं आपके द्वारा सरकार से जानना चाहता हूं कि यह प्राइवेट ट्रांसपोर्टरज़ में इतने क्यों इन्ट्रैस्टिड हैं जबकि सरकार की नीति ट्रांसपोर्ट को नैशनेलाइज़ करने की है ?

**ਮੰਤਰੀ :** ਨੈਸ਼ਨੇਲਾਈਜ਼ੇਸ਼ਨ ਆਫ ਟਰਾਂਸਪੋਰਟ ਦਾ ਪ੍ਰੋਗਰਾਮ ਤਾਂ ਬਕਾਇਦਾ ਚਲ ਰਿਹਾ ਹੈ। ਇਤਨਾ ਖਿਆਲ ਅਸੀਂ ਜ਼ਰੂਰ ਰੱਖਿਆ ਹੈ ਕਿ ਇਹ ਕੰਪਨੀਆਂ ਬੰਦ ਹੀ ਨਾ ਜਾਣ। ਪਿੱਛੇ ਜਿਹੇ ਪੰਜ ਛੇ ਕੰਪਨੀਆਂ ਬੰਦ ਹੋ ਗਈਆਂ ਸਨ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ** : ਸ਼ਰਮਾ ਜੀ । ਉਨ੍ਹਾਂ ਨੇ ਕਿਹਾ ਹੈ ਕਿ ਪ੍ਰਾਈਵੇਟ ਟਰਾਂਸਪੋਰਟਰਜ਼ ਲਈ ਚਿੰਤਾ ਪ੍ਰਗਟ ਕੀਤੀ ਹੈ ।

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੂੰ ਪਤਾ ਹੈ ਕਿ ਮੋਗੇ ਤੇ ਪਠਾਨਕੋਟ ਵਿਚ ਕੁਝ ਕੰਪਨੀਆਂ ਬੰਦ ਹੋ ਗਈਆਂ ਸਨ । ਉਨ੍ਹਾਂ ਦੇ ਵਰਕਰਜ਼ ਸਰਪਲੱਸ ਹੋ ਗਏ ਸਨ । ਉਨ੍ਹਾਂ ਦਾ ਹਿਸਾਬ ਕਿਤਾਬ ਵੇਖਿਆ । ਹੁਣ ਇਹ ਕਹਿਣਗੇ ਕਿ ਹਿਸਾਬ ਕਿਤਾਬ, ਉਨ੍ਹਾਂ ਦਾ ਗਲਤ ਹੈ । ਹੋਰ ਕੋਈ ਤਰੀਕਾ ਨਹੀਂ ਜਿਸ ਤੋਂ ਇਹ ਪਤਾ ਲਗੇ ਕਿ ਇਹ ਕਿਸ ਤਰ੍ਹਾਂ ਬੰਦ ਹੋਈਆਂ। ਇਹ ਸੋਚ ਕੇ ਕਿ ਇਹ ਕੰਪਨੀਆਂ ਬੰਦ ਨਾ ਹੋਣ ਅਤੇ ਵਰਕਰਜ਼ ਨੂੰ ਠੀਕ ਤਨਖਾਹ ਮਿਲੇ, 1 ਜੁਲਾਈ, 1975 ਤੋਂ ਫਿਰ ਉਨ੍ਹਾਂ ਦੀਆਂ ਤਨਖਾਹਾਂ ਵਧਾ ਦਿੱਤੀਆਂ ਹਨ । ਆਹਿਸਤਾ ਆਹਿਸਤਾ ਉਨ੍ਹਾਂ ਨੂੰ ਰੋਡਵੇਜ਼ ਦੇ ਬਰਾਬਰ ਲੈ ਆਵਾਂਗੇ । ਇਹ ਸਾਡਾ ਮਕਸਦ ਹੈ ਕਿ ਉਹ ਕੰਪਨੀਆਂ ਬਿਲਕੁਲ ਬੰਦ ਹੀ ਨਾ ਹੋ ਜਾਣ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਮੈਂ ਵਿੱਤ ਮੰਤਰੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਠੀਕ ਹੈ ਕਿ ਪੰਜਾਬ ਰੋਡਵੇਜ਼ ਨੇ ਚੰਗੇ ਸਕੇਲ ਆਪਣੇ ਵਰਕਰਜ਼ ਨੂੰ ਦੇ ਕੇ ਵੀ ਡੇਢ ਕਰੋੜ ਰੁਪਏ ਦਾ ਮੁਨਾਫਾ ਕਮਾਇਆ ਹੈ । ਪ੍ਰਾਈਵੇਟ ਕੰਪਨੀਆਂ ਵਾਲੇ ਘੱਟ ਪੈਸੇ ਦੇ ਕੇ ਘਾਟੇ ਵਿਚ ਕਿਸ ਤਰ੍ਹਾਂ ਜਾ ਸਕਦੀਆਂ ਹਨ । ਸਾਨੂੰ ਇਹ ਚੀਜ਼ ਸਮਝਾ ਦੇਣ ।

**ਮੰਤਰੀ :** ਸਪੀਕਰ ਸਾਹਿਬ, ਮੈਂ ਅਰਜ਼ ਕਰ ਚੁੱਕਾ ਹਾਂ ਕਿ ਸਾਡੀ ਕੋਸ਼ਿਸ਼ ਇਹ ਹੈ ਕਿ ਉਨ੍ਹਾਂ ਨੂੰ ਪੰਜਾਬ ਰੋਡਵੇਜ਼ ਦੇ ਬਰਾਬਰ ਲਿਆਂਦਾ ਜਾਵੇ ਅਤੇ ਜ਼ਰੂਰ ਲਿਆਵਾਂਗੇ। ਇਸਦੇ ਵਿਚ ਕੋਈ ਢਿੱਲ ਨਹੀਂ ਕੀਤੀ ਜਾਵੇਗੀ ।

**ਚੌਧਰੀ ਦਰਸ਼ਨ ਸਿੰਘ** : ਸਪੀਕਰ ਸਾਹਿਬ, ਵਿੱਤ ਮੰਤਰੀ ਨੇ ਚਾਰ ਪੰਜ ਕੰਪਨੀਆਂ ਦੇ ਨਾਂ ਲਏ ਹਨ । ਉਹ ਓਨਰਜ਼ ਦੀ ਮਿਸਮੈਨੇਜਮੈਂਟ ਕਰਕੇ ਬੰਦ ਹੋਈਆਂ ਸਨ । ਕੀ ਇਹ ਦੱਸਣ ਦੀ ਖੇਚਲ ਕਰਨਗੇ ਕਿ ਉਨ੍ਹਾਂ ਦੇ ਵੇਜਿਜ਼ ਰੋਡਵੇਜ਼ ਵਾਲਿਆਂ ਦੇ ਐਟ ਪਾਰ ਕਿਉਂ ਨਹੀਂ ਆਏ, ਜਦ ਕਿ ਉਨ੍ਹਾਂ ਦੀਆਂ ਬਸਾਂ ਇਨਕਰੀਜ਼ ਹੋ ਰਹੀਆਂ ਹਨ ਤੇ ਪੰਜਾਬ ਸਰਕਾਰ ਦੀ ਰੋਡਵੇਜ਼ ਦੀਆਂ ਬਸਾਂ ਦੀ ਗਿਣਤੀ ਥੱਲੇ ਜਾ ਰਹੀ ਹੈ । ਇਹ ਪ੍ਰਾਈਵੇਟ ਬਸਾਂ ਵਾਲੇ 50, 50 ਸਵਾਰੀਆਂ ਜ਼ਿਆਦਾ ਲੱਦੀ ਫਿਰਦੇ ਹਨ । ਕੀ ਇਹ ਸਰਕਾਰ ਦੀ ਡਿਊਟੀ ਨਹੀਂ ਕਿ ਹਰ ਪੰਦਰਾਂ ਮਿੰਟਾਂ ਤੋਂ ਬਾਅਦ ਲੋਕਾਂ ਨੂੰ ਬਸ ਪ੍ਰੋਵਾਈਡ ਕਰੇ ?

**ਸ਼੍ਰੀ ਸਪੀਕਰ :** ਤੁਸੀਂ ਸਵਾਲ ਕਰਨਾ ਤਾਂ ਭੁੱਲ ਹੀ ਗਏ, ਸੁਜੇਸ਼ਨ ਦੇ ਦਿੱਤੀ ਹੈ ।

**ਚੌਧਰੀ ਕਾਂਸ਼ੀ ਰਾਮ** : ਸਪੀਕਰ ਸਾਹਿਬ, ਰੋਡਵੇਜ਼ ਦੇ ਕਰਮਚਾਰੀਆਂ ਦਾ ਸਕੇਲ ਵੱਖਰਾ ਹੈ ਅਤੇ ਪ੍ਰਾਈਵੇਟ ਉਪਰੇਟਰਾਂ ਦੇ ਕਰਮਚਾਰੀਆਂ ਦਾ ਵੱਖਰਾ ਹੈ । ਇਕ ਪਾਸੇ ਸਰਕਾਰ ਕਹਿੰਦੀ ਹੈ ਕਿ ਸਾਡੀ ਨੈਸ਼ਨੇਲਾਈਜ਼ੇਸ਼ਨ ਦੀ ਪਾਲਿਸੀ ਹੈ ਅਤੇ ਦੂਜੇ ਪਾਸੇ ਤਨਖਾਹਾਂ ਵਿਚ ਇਹ ਫਰਕ ਹੈ । ਗੌਰਮਿੰਟ ਡਿਸਕਰੀਮੀਨੇਸ਼ਨ ਕਿਉਂ ਕਰ ਰਹੀ ਹੈ । ਇਹ ਤਾਂ ਪਬਲਿਕ ਸੈਕਟਰ ਨੂੰ ਬਦਨਾਮ ਕਰਨ ਵਾਲੀ ਗੱਲ ਹੈ ।

**ਸ਼੍ਰੀ ਸਪੀਕਰ** : ਉਨ੍ਹਾਂ ਨੇ ਕਿਹਾ ਹੈ ਕਿ ਆਹਿਸਤਾ ਆਹਿਸਤਾ ਕਰਾਂਗੇ ।

---

Original with;
Punjab Vidhan Sabha
Digitized by;
Panjab Digital Library

CONCESSION TO RAI SIKHS IN THE MATTER OF EDUCATION

***3440. Comrade Mehtab Singh Nokerian**
**Comrade Satya Pal Dang** } : Will the Minister for Education be pleased to state whether Rai Sikhs are entitled to any concessions and/or facilities in the matter of education; if so, a statement detailing the same be laid on the Table of the House ?

**ਕੁਮਾਰੀ ਸਰਲਾ ਪਰਾਸ਼ਰ** (ਰਾਜ ਮੰਤਰੀ, ਸਮਾਜ ਭਲਾਈ) : ਹਾਂ ਜੀ । ਰਾਏ ਸਿਖ ਜਾਤੀ ਪਛੜੀਆਂ ਸ਼੍ਰੇਣੀਆਂ ਘੋਸ਼ਿਤ ਕੀਤੀ ਗਈ ਹੈ ਅਤੇ ਰਾਏ ਸਿੱਖ ਜਾਤੀ ਨਾਲ ਸਬੰਧ ਰੱਖਣ ਵਾਲੇ ਵਿਦਿਆਰਥੀ ਵਿਦਿਆ ਦੇ ਮਾਮਲੇ ਵਿਚ ਹੇਠ ਲਿਖੀਆਂ ਰਿਆਇਤਾਂ/ਸਹੂਲਤਾਂ ਲੈਣ ਦੇ ਪਾਤਰ ਹਨ ;—

(ੳ) ਵਜ਼ੀਫੇ ਦੇਣੇ,
(ਅ) ਪ੍ਰੀਖਿਆ ਫੀਸ ਦੀ ਵਾਪਸੀ,
(ੲ) ਟਿਊਸ਼ਨ ਫੀਸ ਦੇਣ ਤੋਂ ਛੋਟ ।

**ਕਾਮਰੇਡ ਮਹਿਤਾਬ ਸਿੰਘ ਨੋਕੇਰੀਆਂ** : ਸਪੀਕਰ ਸਾਹਿਬ, ਰਾਏ ਸਿੱਖਾਂ ਦੇ ਬੱਚਿਆਂ ਨੂੰ ਜੇ ਉਹ ਐਸ. ਡੀ. ਓ. ਤੇ ਵਿਮੁੱਕਤ ਜਾਤੀ ਦਾ ਸਰਟੀਫਿਕੇਟ ਲੈ ਆਉਣ ਤਾਂ ਰਿਆਇਤਾਂ ਮਿਲਦੀਆਂ ਹਨ । ਅਗਰ ਇਹ ਰਿਆਤਕ ਸ਼ਬਦ ਲਿਖਣ ਤਾਂ ਰਾਏ ਸਿੱਖਾਂ ਅਤੇ ਮਾਹਤੋਂ ਨੂੰ ਉਹ ਹੀ ਰਿਆਇਤਾਂ ਮਿਲ ਸਕਦੀਆਂ ਹਨ ਜੋ ਵਿਮੁੱਕਤ ਜਾਤੀਆਂ ਦੇ ਬੱਚਿਆਂ ਨੂੰ ਮਿਲਦੀਆਂ ਹਨ, ਕੀ ਸਰਕਾਰ ਇਹ ਰਿਆਇਤਾਂ ਦੇਣ ਨੂੰ ਤਿਆਰ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ, ਪਛੜੀਆਂ ਸ਼੍ਰੇਣੀਆਂ ਤੇ ਸ਼ਡਿਊਲਡ ਕਾਸਟਸ ਵਿਚ ਫਰਕ ਹੈ ! ਜੋ ਸਹੂਲਤਾਂ ਪੱਛੜੀਆਂ ਸ਼੍ਰੇਣੀਆਂ ਨੂੰ ਮਿਲਦੀਆਂ ਹਨ ਉਹ ਸਾਰੇ ਰਾਏ ਸਿੱਖਾਂ ਨੂੰ ਮਿਲਦੀਆਂ ਹਨ ।

**ਕਾਮਰੇਡ ਸੱਤ ਪਾਲ ਡਾਂਗ:** ਕੀ ਮਨਿਸਟਰ ਸਾਹਿਬਾ ਇਹ ਦੱਸਣਗੇ ਕਿ ਪਾਕਿਸਤਾਨ ਬਣਨ ਤੋਂ ਪਹਿਲਾਂ ਪੰਜਾਬ ਦੇ ਵਿਚ ਰਾਏ ਸਿੱਖਾਂ ਨੂੰ ਸ਼ਡਿਊਲਡ ਟਰਾਈਬਜ਼ ਵਿਚ ਗਿਣਿਆ ਜਾਂਦਾ ਸੀ । ਪਾਕਿਸਤਾਨ ਬਣਨ ਤੋਂ ਬਾਅਦ ਇਨ੍ਹਾਂ ਦੀ ਹਾਲਤ ਕੋਈ ਬੇਹਤਰ ਨਹੀਂ ਹੋਈ ਇਨ੍ਹਾਂ ਨੂੰ ਸ਼ਡਿਊਲਡ ਟਰਾਈਬ ਸਰਕਾਰ ਕਿਉਂ ਨਹੀਂ ਡਿਕਲੇਅਰ ਕਰਦੀ ਅਤੇ ਸ਼ਡਿਊਲਡ ਟਰਾਈਬਜ਼ ਵਾਲੀਆਂ ਸਹੂਲਤਾਂ ਕਿਉਂ ਨਹੀਂ ਦਿੰਦੀ ?

**ਰਾਜ ਮੰਤਰੀ** : ਸਪੀਕਰ ਸਾਹਿਬ, ਪੰਜਾਬ ਦੇ ਵਿਚ ਸੈਂਟਰਲ ਗੌਰਮਿੰਟ ਨੇ ਕੋਈ ਸ਼ਡਿਊਲਡ ਟਰਾਈਬ ਨਹੀਂ ਮੰਨੀ । ਜਿਥੋਂ ਤਕ ਰਿਕਮੈਂਡੇਸ਼ਨ ਕਰਨ ਦਾ ਤੁਅੱਲਕ ਹੈ ਉਹ ਅਸੀਂ ਕਰਕੇ ਦੇਖ ਲਵਾਂਗੇ । ਜੇ ਉਹ ਰਾਏ ਸਿੱਖਾਂ ਨੂੰ ਸ਼ਡਿਊਲਡ ਟਰਾਈਬ ਡਿਕਲੇਅਰ ਕਰ ਦੇਣ ਤਾਂ ਸਾਨੂੰ ਕੋਈ ਇਤਰਾਜ਼ ਨਹੀਂ ।

**आचार्य पृथ्वी सिंह आज़ाद** : क्या मंत्री महोदया यह बताने की कृपा करेंगे कि वालमीकि जो है वह भी Scheduled Caste है और जब मजहबी सिख बन जाता है तब भी Scheduled Caste है। इसी तरह जो माहतो हैं वह भी विमुक्त जातियों में आ जाते हैं । क्या सरकार राए सिखों को विमुक्त जातियों में लाकर वह facilities देगी जो विमुक्त जातियों को मिलती हैं ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ :** ਸ਼ਡਿਊਲਡ ਕਾਸਟਸ ਅਤੇ ਪਛੜੀਆਂ ਸ਼੍ਰੇਣੀਆਂ ਦੀ ਲਿਸਟ ਬਣੀ ਹੋਈ ਹੈ। ਜੋ ਉਹ ਪਛੜੀਆਂ ਸ਼੍ਰੇਣੀਆਂ ਦੇ ਵਿਚ ਆਉਂਦੇ ਹਨ ਉਨ੍ਹਾਂ ਨੂੰ ਉਹ ਰਿਆਇਤਾਂ ਮਿਲਦੀਆਂ ਹਨ ਅਤੇ ਜੋ ਸ਼ਡਿਊਲਡ ਕਾਸਟਸ ਦੀ ਲਿਸਟ ਵਿਚ ਆਉਂਦੇ ਹਨ ਉਨ੍ਹਾਂ ਨੂੰ ਹੋਰ ਰਿਆਇਤਾਂ ਮਿਲਦੀਆਂ ਹਨ।

**ਸਰਦਾਰ ਪ੍ਰਿਹਿਲਾਦ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹਾਂਗਾ ਕਿ ਰਾਏ ਸਿੱਖਾਂ ਨੂੰ ਤਾਂ ਇਹ ਸਹੂਲਤਾਂ ਮਿਲਦੀਆਂ ਹਨ ਲੇਕਿਨ ਬੇਟ ਏਰੀਏ ਦੇ ਵਿਚ ਇੱਕ ਹੋਰ ਜਾਤੀ ਹੈ ਰਾਜਪੂਤ ਸਿੱਖ, ਕੀ ਉਨ੍ਹਾਂ ਨੂੰ ਵੀ ਇਸ ਲਿਸਟ ਵਿਚ ਸ਼ਾਮਲ ਕੀਤਾ ਜਾਵੇਗਾ ?

**ਸ਼੍ਰੀ ਸਪੀਕਰ :** ਇਸ ਦਾ ਸਵਾਲ ਨਾਲ ਤੁਅੱਲਕ ਨਹੀਂ ਹੈ।

---

STARRED QUESTION No. 3467

(This question was not put since the hon. Member concerned was not present in the House)

---

**ਬਲਾਚੌਰ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਇਕ ਸਰਕਾਰੀ ਕਾਲਜ ਖੋਲ੍ਹਣਾ**

*3443. **ਮਾਸਟਰ ਦਲੀਪ ਚੰਦ :** ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੂੰ ਇਸ ਤੱਥ ਦਾ ਪਤਾ ਹੈ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਨੌਂ ਵਿਧਾਨ ਸਭਾ ਚੋਣ ਹਲਕਿਆਂ ਵਿਚੋਂ ਕੇਵਲ ਬਲਾਚੌਰ ਵਿਧਾਨ ਸਭਾ ਚੋਣ ਹਲਕਾ ਕਾਲਜ ਤੋਂ ਬਿਨਾਂ ਹੈ ;

(ਅ) ਕੀ ਇਸ ਤੱਥ ਨੂੰ ਧਿਆਨ ਵਿਚ ਰੱਖਦੇ ਹੋਏ ਕਿ ਬਲਾਚੌਰ ਦੇ ਵਸਨੀਕਾਂ ਨੇ ਕਾਲਜ ਲਈ ਲੋੜੀਂਦੀ ਭੂਮੀ ਦਾ ਪ੍ਰਬੰਧ ਕੀਤਾ ਹੈ, ਸਰਕਾਰ ਬਲਾਚੌਰ ਵਿਚ ਇਕ ਸਰਕਾਰੀ ਕਾਲਜ ਖੋਲ੍ਹਣ ਦਾ ਵਿਚਾਰ ਰੱਖਦੀ ਹੈ, ਜੇਕਰ ਅਜਿਹਾ ਹੋਵੇ ਤਾਂ ਕਦੋਂ ?

**ਸ਼੍ਰੀ ਗੁਰਮੇਲ ਸਿੰਘ :** (ੳ) ਸਰਕਾਰ ਵਲੋਂ ਚੋਣ ਹਲਕਾ ਅਨੁਸਾਰ ਕਾਲਜ ਨਹੀਂ ਖੋਲ੍ਹੇ ਜਾਂਦੇ।

(ਅ) ਸਰਕਾਰ ਨੇ ਬਲਾਚੌਰ ਵਿਖੇ ਕਾਲਜ ਖੋਲ੍ਹਣ ਸਬੰਧੀ ਮਾਮਲੇ ਤੇ ਪੜਤਾਲ ਕਰਨ ਉਪਰੰਤ ਇਹ ਪਾਇਆ ਹੈ ਕਿ ਬਲਾਚੌਰ ਦੇ ਆਲੇ-ਦੁਆਲੇ ਪਹਿਲਾਂ ਹੀ ਕਾਲਜਾਂ ਵਿਖੇ ਸਿਖਿਅਕ ਸਹੂਲਤਾਂ ਉਪਲਬਧ ਹਨ, ਇਸ ਲਈ ਬਲਾਚੌਰ ਵਿਖੇ ਕਾਲਜ ਸਥਾਪਿਤ ਕਰਨਾ ਠੀਕ ਨਹੀਂ ਹੋਵੇਗਾ।

**ਮਾਸਟਰ ਦਲੀਪ ਚੰਦ :** ਮੰਤਰੀ ਜੀ ਨੇ ਸਵਾਲ ਦੇ ਜਵਾਬ ਵਿਚ ਇਹ ਕਿਹਾ ਹੈ ਕਿ ਚੋਣ ਹਲਕੇ ਅਨੁਸਾਰ ਕਾਲਜ ਨਹੀਂ ਖੋਲ੍ਹੇ ਜਾਂਦੇ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿੱਥੇ ਪ੍ਰਾਈਵੇਟ ਜਾਂ ਗੌਰਮਿੰਟ ਕਾਲਿਜ ਨਹੀਂ ਹੈ, ਉਥੇ ਖੋਲ੍ਹਿਆ ਜਾਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਤੁਸੀਂ ਵੀ ਮੇਰੇ ਜ਼ਿਲ੍ਹੇ ਦੇ ਹੋ ਅਤੇ ਵਿਦਿਆ ਮੰਤਰੀ ਜੀ ਵੀ ਮੇਰੀ ਤਹਿਸੀਲ ਦੇ ਹਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਪਛੜਿਆ ਅਤੇ ਕੰਡੀ ਦਾ ਏਰੀਆ ਹੈ ਅਤੇ ਉਥੇ ਕੋਈ ਕਾਲਜ ਨਾ ਹੋਵੇ ਤਾਂ ਸਰਕਾਰ ਨੂੰ ਮਨਜ਼ੂਰ ਕਰਨਾ ਚਾਹੀਦਾ ਹੈ ?

**ਮੰਤਰੀ** : ਸਪੀਕਰ ਸਾਹਿਬ, ਸਵਾਲ ਦੇ ਪਾਰਟ 'ੲ' ਦੇ ਜਵਾਬ ਵਿਚ ਦੱਸਿਆ ਗਿਆ ਹੈ ਕਿ ਸਰਕਾਰ ਵਲੋਂ ਚੋਣ ਹਲਕੇ ਦੇ ਮੁਤਾਬਿਕ ਕਾਲਜ ਨਹੀਂ ਖੋਲ੍ਹੇ ਜਾਂਦੇ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਕੰਡੀ ਦੇ ਇਲਾਕੇ ਵਿਚ ਕਈ ਖੇਤਰਾਂ ਵਿਚ ਸਪੈਸ਼ਲ ਰਿਆਇਤਾਂ ਦਿੱਤੀਆਂ ਹਨ। ਬਲਾਚੌਰ ਗੜ੍ਹਸ਼ੰਕਰ ਤੋਂ 18 ਮੀਲ ਹੈ, ਰੋਪੜ ਤੋਂ ਵੀ ਗੜ੍ਹਸ਼ੰਕਰ ਦੂਰ ਹੈ ਅਤੇ ਨਵਾਂ ਸ਼ਹਿਰ ਤੋਂ 12—14 ਮੀਲ ਹੈ। ਇਸ ਕਰਕੇ ਕੀ ਸਰਕਾਰ ਇਸ ਗੱਲ ਤੇ ਵਿਚਾਰ ਕਰਨ ਨੂੰ ਤਿਆਰ ਹੈ ਕਿ ਉਸ ਇਲਾਕੇ ਵੱਲ ਉਚੇਚਾ ਧਿਆਨ ਦਿੱਤਾ ਜਾਵੇ ?

**ਸ੍ਰੀ ਸਪੀਕਰ** : ਬਲਾਚੌਰ ਤੋਂ ਗੜ੍ਹਸ਼ੰਕਰ ਪੁੱਜ ਗਏ।

**ਮੰਤਰੀ** : ਐਜੂਕੇਸ਼ਨ ਦੇ ਮਹਿਕਮੇ ਨੇ ਇਕ ਸਰਵੇ ਕੀਤਾ ਅਤੇ ਜੋ ਉਨ੍ਹਾਂ ਨੇ ਟਿਪਣੀ ਕੀਤੀ ਹੈ, ਉਹ ਮੈਂ ਦੱਸੀ ਹੈ।

**ਮਾਸਟਰ ਦਲੀਪ ਚੰਦ** : ਇਹ ਠੀਕ ਹੈ ਕਿ ਮੇਰੇ ਹਲਕੇ ਦੇ ਨਾਲ ਦੋ ਕਾਲਜ ਹਨ, ਇਕ ਰੋਪੜ ਅਤੇ ਦੂਜਾ ਨਵਾਂ ਸ਼ਹਿਰ, ਪਰ ਇਹ ਦੋਨੋਂ ਜਗ੍ਹਾ ਕਾਫੀ ਦੂਰ ਹਨ ਅਤੇ ਇਸ ਕਰਕੇ ਜੇ ਬਲਾਚੌਰ ਚੋਣ ਹਲਕੇ ਵਿਚ ਕਾਲਜ ਖੋਲ੍ਹ ਦਿੱਤਾ ਜਾਵੇ ਤਾਂ 60—70 ਪਿੰਡ ਕਵਰ ਹੋ ਸਕਣਗੇ।

**ਮੰਤਰੀ** : ਸਰਵੇ ਰਿਪੋਰਟ ਆਈ ਹੈ, ਉਸ ਦੀ ਰਿਪੋਰਟ ਮੈਂ ਪੜ੍ਹ ਕੇ ਸੁਣਾ ਦਿੱਤੀ ਹੈ।

---

STARRED QUESTION NO. 3453

(This question was not put since the hon. Member concerned was not present in the House.)

---

**ਸੰਗਰੂਰ ਜ਼ਿਲ੍ਹੇ ਵਿਚ ਸੜਕਾਂ ਨੂੰ ਚੌੜਾ ਕਰਨਾ**

*3459. **ਕਾਮਰੇਡ ਅੱਛਰਾ ਸਿੰਘ** : ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਇਹ ਸੱਚ ਹੈ ਕਿ ਸੰਗਰੂਰ ਜ਼ਿਲ੍ਹੇ ਵਿਚ ਤਿੰਨ ਮੁੱਖ ਸੜਕਾਂ, ਅਰਥਾਤ ਮਲੇਰਕੋਟਲਾ-ਨਾਭਾ, ਮਲੇਰਕੋਟਲਾ-ਸੰਗਰੂਰ, ਸੰਗਰੂਰ-ਬਰਨਾਲਾ ਨੂੰ ਚੌੜਾ ਕਰਨ ਦੀ ਤਜਵੀਜ਼ ਹੈ ;

(ਅ) ਜੇਕਰ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਇਨ੍ਹਾਂ ਨੂੰ ਕਿੰਨੇ ਸਮੇਂ ਤੱਕ ਚੌੜਾ ਕੀਤੇ ਜਾਣ ਦੀ ਸੰਭਾਵਨਾ ਹੈ ?

Original with;
Punjab Vidhan Sabha
Digitized by;
Panjab Digital Library

**ਸ਼੍ਰੀ ਜੋਗਿੰਦਰ ਪਾਲ ਪਾਂਡੇ** : (ੳ) ਹਾਂ ਜੀ ।

(ਅ) ਇਸ ਵੇਲੇ ਕੋਈ ਸਮਾਂ ਜਾਂ ਮਿਤੀ ਨਿਸ਼ਚਿਤ ਨਹੀਂ ਹੈ ।

**ਕਾਮਰੇਡ ਅੱਛਰਾ ਸਿੰਘ** : ਸਵਾਲ ਦੇ ਭਾਗ (ਅ) ਦੇ ਉਤਰ ਵਿਚ ਦੱਸਿਆ ਹੈ ਕਿ ਕੋਈ ਸਮਾਂ ਨਿਸ਼ਚਿਤ ਨਹੀਂ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਮਲੇਰਕੋਟਲਾ-ਸੰਗਰੂਰ ਮਲੇਰਕੋਟਲਾ-ਨਾਭਾ ਅਤੇ ਸੰਗਰੂਰ-ਬਰਨਾਲਾ ਸੜਕਾਂ ਨੂੰ ਚੌੜਾ ਕਿਉਂ ਨਹੀਂ ਕੀਤਾ ਜਾ ਰਿਹਾ, ਜਦੋਂ ਕਿ ਧੂਰੀ ਵਿਚ ਗੰਨਾ ਮਿਲ ਹੈ ਅਤੇ ਚੌੜੀਆਂ ਸੜਕਾਂ ਦੀ ਲੋੜ ਹੈ । ਇਸ ਕਰਕੇ ਕੀ ਮੰਤਰੀ ਜੀ ਕੋਈ ਸਮਾਂ ਨਿਸ਼ਚਿਤ ਕਰਨ ਨੂੰ ਤਿਆਰ ਹਨ ?

**ਸਰਦਾਰ ਹਰਚੰਦ ਸਿੰਘ** : ਮਾਲੇਰਕੋਟਲੇ ਦਾ ਇਹ ਆਪ ਹੀ ਕਰਨਗੇ, ਤੁਹਾਨੂੰ ਕੀ ਚਿੰਤਾ ਹੈ ।

**ਸ਼੍ਰੀ ਸਪੀਕਰ** : ਸਰਦਾਰ ਹਰਚੰਦ ਸਿੰਘ ਜੀ, ਤੁਹਾਨੂੰ ਬੜੀ ਚਿੰਤਾ ਹੈ ਮਾਲੇਰਕੋਟਲੇ ਦੀ ।

**ਰਾਜ ਮੰਤਰੀ** : ਕੰਮ ਇਸ ਵੇਲੇ ਵੀ ਜਾਰੀ ਹੈ । ਅਸੀਂ ਚਾਹੁੰਦੇ ਹਾਂ ਕਿ ਕੰਮ ਜਲਦੀ ਤੋਂ ਜਲਦੀ ਖਤਮ ਕਰੀਏ, ਮੈਂ ਤਾਂ ਜਵਾਬ ਵਿਚ ਇਹ ਗੱਲ ਕਹੀ ਹੈ ਅਤੇ ਇਹ ਕਿਹਾ ਹੈ ਕਿ ਕੋਈ ਸਮਾਂ ਨਿਸ਼ਚਿਤ ਨਹੀਂ ਕੀਤਾ, ਪਰ ਕੋਸ਼ਿਸ਼ ਹੈ ਕਿ ਜਲਦੀ ਤੋਂ ਜਲਦੀ ਖਤਮ ਕਰ ਦਿੱਤਾ ਜਾਵੇ ।

**ਚੌਧਰੀ ਕਾਂਸ਼ੀ ਰਾਮ** : ਮੰਤਰੀ ਜੀ ਨੇ ਕਿਹਾ ਹੈ ਕਿ ਕੋਈ ਸਮਾਂ ਨਿਸ਼ਚਿਤ ਨਹੀਂ ਕੀਤਾ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹਰਿਆਣੇ ਨੂੰ ਵੀ ਅਤੇ ਪੰਜਾਬ ਨੂੰ ਵੀ ਸੈਂਟਰ ਵਾਲੇ ਪੈਸੇ ਦਿੰਦੇ ਹਨ । ਦੱਬਵਾਲੀ ਤੋਂ ਦਿੱਲੀ ਤਕ ਤਾਂ ਸੜਕ ਤਿਆਰ ਹੋ ਗਈ, ਪਰ ਸਾਡੀ ਸਰਕਾਰ ਨੇ ਹਾਲੇ ਕੁਝ ਨਹੀਂ ਕੀਤਾ, ਕੀ ਗੱਲ ਹੈ ?

(ਕੋਈ ਉੱਤਰ ਨਾ ਦਿਤਾ ਗਿਆ)

---

**ਪਿੰਡ ਬਗਾਨਾ ਤੋਂ ਪਿੰਡ ਪੰਡੋਰੀ ਤੱਕ ਬਰਾਸਤਾ ਭੂੰਗਰਨੀ ਸੜਕ ਬਣਾਉਣਾ**

*3493. **ਸਰਦਾਰ ਦਿਲਬਾਗ ਸਿੰਘ** : ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਪਿੰਡ ਬਗਾਨਾ, ਜ਼ਿਲ੍ਹਾ ਕਪੂਰਥਲਾ ਤੋਂ ਪਿੰਡ ਪੰਡੋਰੀ, ਜ਼ਿਲ੍ਹਾ ਹੁਸ਼ਿਆਰਪੁਰ ਤੱਕ ਬਰਾਸਤਾ ਭੂੰਗਰਨੀ ਕੋਈ ਸੜਕ ਮਨਜ਼ੂਰ ਕੀਤੀ ਗਈ ਸੀ ;

(ਅ) ਜੇ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿਚ ਹੋਵੇ, ਤਾਂ ਕੀ ਉਕਤ ਸੜਕ ਬਣਾ ਦਿੱਤੀ ਗਈ ਹੈ, ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਣ ਹਨ ਅਤੇ ਇਸ ਦੇ ਕਿਸ ਸਮੇਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ ;

(ੲ) ਜੇਕਰ ਉਕਤ ਸੜਕ ਦਾ ਕੁਝ ਹਿੱਸਾ ਮੁਕੰਮਲ ਕੀਤਾ ਗਿਆ ਹੈ ਤਾਂ ਕਿੰਨੇ ਮੀਲ ?

Original with;
Punjab Vidhan Sabha
Digitized by;
Panjab Digital Library

ਸ਼੍ਰੀ ਜੋਗਿੰਦਰ ਪਾਲ ਪਾਂਡੇ : (ੳ) ਹਾਂ ਜੀ।

(ਅ) ਇਸ ਸੜਕ ਦੀ ਉਸਾਰੀ ਮੁਕੰਮਲ ਨਹੀਂ ਕੀਤੀ ਜਾ ਸਕੀ ਕਿਉਂਕਿ ਪਿੰਡ ਡੂੰਗਰਨੀ ਵਿਚ ਸੜਕ ਦੀ ਆਲਾਈਨਮੈਂਟ ਦਾ ਝਗੜਾ ਹੈ। ਆਲਾਈਨਮੈਂਟ ਦੇ ਝਗੜੇ ਦਾ ਫੈਸਲਾ ਹੋ ਜਾਣ ਉਪਰੰਤ ਦੋ ਮਹੀਨੇ ਦੇ ਵਿਚ ਉਸਾਰੀ ਦਾ ਕੰਮ ਮੁਕੰਮਲ ਕੀਤਾ ਜਾਵੇਗਾ।

(ੲ) ਇਹ ਸੜਕ ਦੀ ਹੁਸ਼ਿਆਰਪੁਰ ਜ਼ਿਲ੍ਹੇ ਵਿਚ 3.20 ਕਿ. ਮੀਟਰ ਲੰਬਾਈ ਬਣਦੀ ਹੈ ਜਿਸ ਵਿਚੋਂ 2.00 ਕਿ. ਮੀਟਰ ਪੱਕੀ ਕਰ ਦਿੱਤੀ ਗਈ ਹੈ।

---

## ਹੁਸ਼ਿਆਰਪੁਰ ਜ਼ਿਲ੍ਹੇ ਵਿਚ ਪਿੰਡ ਤਾਜੋਵਾਲ ਤੋਂ ਢੱਡੇ ਬਾਬਾ ਮੋਹਰ ਸਿੰਘ ਤੱਕ ਸੜਕ ਬਣਾਉਣਾ

*3506. ਸਰਦਾਰ ਦਿਲਬਾਗ ਸਿੰਘ : ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਤਾਜੋਵਾਲ ਤੋਂ ਢੱਡੇ ਬਾਬਾ ਮੋਹਰ ਸਿੰਘ ਤੱਕ ਮਨਜ਼ੂਰ ਸ਼ੁਦਾ ਸੜਕ ਮੁਕੰਮਲ ਹੋ ਚੁੱਕੀ ਹੈ : ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਨ ਹਨ ;

(ਅ) ਕੀ ਸਰਕਾਰ ਉਕਤ ਸੜਕ ਤੇ ਦੂਜੀ ਵਾਰ ਲੁਕ ਵਿਛਾਉਣ ਦਾ ਵਿਚਾਰ ਰੱਖਦੀ ਹੈ ; ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਨ ਹਨ ?

ਸ਼੍ਰੀ ਜੋਗਿੰਦਰ ਪਾਲ ਪਾਂਡੇ : (ੳ) ਸੜਕ ਮੁਕੰਮਲ ਹੋ ਚੁੱਕੀ ਹੈ, ਸਵਾਏ ਇਕੋ ਛੋਟੀ ਜੇਹੀ ਪੁਲੀ ਦੇ।

(ਅ) ਹਾਂ ਜੀ।

---

## STARRED QUESTION NO. 3486

Mr. Speaker : Extension has been asked for in respect of Starred Question No.** 3486

## ਰੋਪੜ ਤੋਂ ਭੱਦੀ ਸਿੰਘ ਪੁਰ ਬਰਾਸਤਾ ਬਲਾਚੌਰ ਬੱਸ ਸਰਵਿਸ

*3442. ਮਾਸਟਰ ਦਲੀਪ ਚੰਦ : ਕੀ ਆਵਾਜਾਈ ਅਤੇ ਸ਼ਹਿਰੀ ਹਵਾਬਾਜ਼ੀ ਦੇ ਰਾਜ ਮੰਤਰੀ ਕਿਰਪਾ ਕਰ ਕੇ ਦੱਸਣਗੇ ਕਿ :—

(ੳ) ਕੀ ਰੋਪੜ ਤੋਂ ਭੱਦੀ ਸਿੰਘ ਪੁਰ ਬਰਾਸਤਾ ਬਲਾਚੌਰ ਕੋਈ ਬੱਸ ਸੇਵਾ ਚਾਲੂ ਕਰਨ ਬਾਰੇ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਿਸ ਸਮੇਂ ਤਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ;

**For Starred Question No. 3486 and reply thereto please see Debates Dated 11th February, 1976.

Original with;
Punjab Vidhan Sabha
Digitized by;
Panjab Digital Library

[ਮਾਸਟਰ ਦਲੀਪ ਚੰਦ]

(ਅ) ਕੀ ਸਰਕਾਰ ਰਾਜ ਵਿਚ ਪਿੰਡਾਂ ਨੂੰ ਮਿੰਨੀ ਬੱਸ ਸੇਵਾ ਚਾਲੂ ਕਰਨ ਦਾ ਵਿਚਾਰ ਰੱਖਦੀ ਹੈ। ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਿਸ ਸਮੇਂ ਤਕ ਚਾਲੂ ਕੀਤੇ ਜਾਣ ਦੀ ਸੰਭਾਵਨਾ ਹੈ ;

(ੲ) ਕੀ ਰੋਪੜ ਤੋਂ ਸਿੰਘਪੁਰ ਬਰਾਸਤਾ ਬਲਾਚੌਰ, ਬਾਕਾਪੁਰ ਅਤੇ ਸਰੋਆ ਕੋਈ ਬੱਸ ਸੇਵਾ ਚਾਲੂ ਕਰਨ ਬਾਰੇ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ;

(ਸ) ਕੀ ਸਰਕਾਰ, ਜਲੰਧਰ ਤੋਂ ਮਹਿਤਪੁਰ, ਬਲਾਕ ਬਲਾਚੌਰ ਬਰਾਸਤਾ, ਨਵਾਂ-ਸ਼ਹਿਰ ਕੋਈ ਬੱਸ ਰੂਟ ਮਨਜ਼ੂਰ ਕਰਨ ਦਾ ਵਿਚਾਰ ਰੱਖਦੀ ਹੈ, ਜੇਕਰ ਅਜਿਹਾ ਹੋਵੇ ਤਾਂ ਕਦੋਂ ?

**ਸਰਦਾਰ ਦਿਲਬਾਗ ਸਿੰਘ ਡਾਲੇਕੇ** : (ੳ) ਨਹੀਂ ਜੀ।

(ਅ) ਹਾਂ ਜੀ। ਜਲਦੀ ਹੀ।

(ੲ) ਨਹੀਂ ਜੀ।

(ਸ) ਨਹੀਂ ਜੀ।

**ਮਾਸਟਰ ਦਲੀਪ ਚੰਦ** : ਸਪੀਕਰ ਸਾਹਿਬ, ਰੋਪੜ ਤੋਂ ਭੱਦੀ ਸਿੰਘਪੁਰ 50 ਕਿਲੋਮੀਟਰ ਹੈ। ਇਹ ਠੀਕ ਹੈ ਕਿ 3-4 ਕਿਲੋਮੀਟਰ ਕੱਚਾ ਰਸਤਾ ਆਉਂਦਾ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਉਸ ਸੜਕ ਤੇ ਬੱਸ ਚਲਣ ਨਾਲ 50-60 ਪਿੰਡਾਂ ਨੂੰ ਅਤੇ ਉਥੇ ਦੇ ਲੋਕਾਂ ਨੂੰ ਲਾਭ ਹੋਵੇਗਾ, ਇਸ ਕਰਕੇ ਕੀ ਮੰਤਰੀ ਜੀ ਉਥੇ ਬੱਸ ਚਲਾਉਣ ਤੇ ਵਿਚਾਰ ਕਰਨਗੇ ?

**ਰਾਜ ਮੰਤਰੀ** : ਕਈ ਦਫਾ ਪਹਿਲਾਂ ਵੀ ਸਤਿਕਾਰਯੋਗ ਮੈਂਬਰ ਵਲੋਂ ਇਸ ਬਾਰੇ ਗੱਲ ਹੋ ਚੁੱਕੀ ਹੈ। ਵੈਸੇ ਇਹ ਸਵਾਲ ਮੇਰੇ ਨਾਲ ਸਬੰਧ ਨਹੀਂ ਰੱਖਦਾ, ਕਿਉਂਕਿ ਸੜਕ ਦੀ ਗੱਲ ਹੈ। ਗੱਲ ਅਸਲ ਵਿਚ ਇਹ ਹੈ ਕਿ ਕਈ ਥਾਵਾਂ ਤੇ ਸੜਕ ਨਹੀਂ ਬਣੀ ਹੋਈ ਅਤੇ ਉਥੇ ਬੱਸ ਫਸ ਜਾਂਦੀ ਹੈ ਅਤੇ ਲੰਘ ਨਹੀਂ ਸਕਦੀ। ਉਥੇ ਦੇ ਲੋਕਾਂ ਨੂੰ ਨਾਲ ਲੈ ਕੇ ਵੀ ਉਸ ਸੜਕ ਨੂੰ ਵੇਖਿਆ ਗਿਆ ਹੈ, ਉਥੇ ਬੱਸਾਂ ਫਸ ਜਾਂਦੀਆਂ ਹਨ। ਇਸ ਕਰਕੇ ਤੁਸੀਂ ਸੜਕ ਬਣਾ ਲਵੋ ਅਤੇ ਜਿਸ ਵੇਲੇ ਸੜਕ ਬਣ ਜਾਵੇਗੀ, ਬੱਸ ਚਲਾ ਦਿੱਤੀ ਜਾਵੇਗੀ, ਇਸ ਤੋਂ ਪਹਿਲਾਂ ਨਹੀਂ ਚਲਾਈ ਜਾ ਸਕਦੀ।

**ਸ੍ਰੀ ਵਿਸ਼ਵਾ ਮਿੱਤਰ ਸੇਖੜੀ** : ਜਿਥੇ ਕਿਤੇ ਸੜਕਾਂ ਮੁਕੰਮਲ ਨਹੀਂ ਹਨ ਕੀ ਉਥੇ ਮਿੰਨੀ ਬੱਸਾਂ ਚਲਾਈਆਂ ਜਾਣਗੀਆਂ ?

**ਰਾਜ ਮੰਤਰੀ** : ਇਹ ਮਿੰਨੀ ਬੱਸਾਂ ਦਾ ਸਵਾਲ ਤਾਂ ਨਹੀਂ ਹੈ, ਪਰ ਮੈਂ ਗਲ ਇਹ ਕਹਿਣੀ ਚਾਹੁੰਦਾ ਹਾਂ ਕਿ ਮਿੰਨੀ ਬੱਸਾਂ ਦੀ ਸਕੀਮ ਤਿਆਰ ਹੈ, ਪੈਸੰਜਰ ਟੈਕਸ ਦਾ ਕੁਝ ਮਾਮਲਾ ਹੈ, ਉਸ ਬਾਰੇ ਨੋਟੀਫਿਕੇਸ਼ਨ ਜਾਰੀ ਹੋਣਾ ਹੈ, ਜਿਸ ਵੇਲੇ ਇਹ ਹੋ ਗਿਆ, ਬੱਸਾਂ ਚਾਲ ਕਰ ਦਿੱਤੀਆਂ ਜਾਣਗੀਆਂ।

Original with;
Punjab Vidhan Sabha
Digitized by;
Panjab Digital Library

**ਸਰਦਾਰ ਕਰਨੈਲ ਸਿੰਘ ਮਰੜ੍ਹੀ** : ਜਿਹੜੀਆਂ ਬੱਸਾਂ ਹਨ, ਉਨ੍ਹਾਂ ਬਾਰੇ ਕੀ ਮੰਤਰੀ ਜੀ ਦੱਸ ਸਕਦੇ ਹਨ ਕਿ ਕਿਹੜੇ ਰੂਟਾਂ ਤੇ ਠੀਕ ਚਲਦੀਆਂ ਹਨ, ਉਹ ਤਾਂ ਰਸਤੇ ਵਿਚ ਹੀ ਰਹਿ ਜਾਂਦੀਆਂ ਹਨ, ਸੜਕਾਂ ਠੀਕ ਹੋਣ ਜਾਂ ਖਰਾਬ ਹੋਣ ?

**ਸ਼੍ਰੀ ਸਪੀਕਰ** : ਸਾਰੀਆਂ ਬੱਸਾਂ ਦਾ ਸਵਾਲ ਨਹੀਂ ਹੈ, ਇਹ ਸਵਾਲ ਅਲਾਓ ਨਹੀਂ ਕੀਤਾ ਜਾਂਦਾ ।

**ਕੈਪਟਨ ਰਤਨ ਸਿੰਘ** : ਮੰਤਰੀ ਜੀ ਨੇ ਜਵਾਬ ਦਿਤਾ ਸੀ ਕਿ ਕਿਉਂਕਿ ਸੜਕ ਮੁਕੰਮਲ ਨਹੀਂ ਹੈ ਇਸ ਕਰਕੇ ਬੱਸ ਨਹੀਂ ਚਲਾਈ ਜਾ ਸਕਦੀ । ਇਸ ਬਾਰੇ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਤਾਂ ਕਈ ਚੋ ਹਨ, ਉਥੇ ਤਾਂ ਸਭ ਜਗ੍ਹਾਂ ਬੱਸਾਂ ਚਲਦੀਆਂ ਹਨ । ਇਸ ਕਰਕੇ ਜਿਥੇ ਥੋੜੀ ਬਹੁਤ ਸੜਕ ਖਰਾਬ ਹੋਵੇ, ਉਸ ਨੂੰ ਠੀਕ ਕਰ ਕੇ ਬੱਸਾਂ ਚਲਾਈਆਂ ਜਾ ਸਕਦੀਆਂ ਹਨ ਅਤੇ ਜੇ ਸੱਚ ਮੁੱਚ ਬੱਸ ਲੰਘ ਸਕਦੀ ਹੋਵੇ ਤਾਂ ਉਥੇ ਜ਼ਰੂਰ ਬੱਸ ਚਲਾ ਦਿਤੀ ਜਾਣੀ ਚਾਹੀਦੀ ਹੈ ?

**ਰਾਜ ਮੰਤਰੀ** : ਜਿਥੇ ਜਿਥੇ ਬੱਸਾਂ ਲੰਘ ਸਕਦੀਆਂ ਹਨ, ਉਥੇ ਚਲਾਈਆਂ ਜਾਂਦੀਆਂ ਹਨ, ਲੇਕਿਨ ਜਿਥੇ ਬੱਸ ਲੰਘ ਹੀ ਨਾ ਸਕੇ ਉਥੇ ਕਿਸ ਤਰ੍ਹਾਂ ਚਲਾਈ ਜਾ ਸਕਦੀ ਹੈ । ਇਸ ਸੜਕ ਬਾਰੇ ਮਾਸਟਰ ਦਲੀਪ ਚੰਦ ਜੀ ਨਾਲ ਪਹਿਲਾਂ ਵੀ ਗੱਲ ਹੋ ਚੁਕੀ ਹੈ ਅਤੇ ਉਸ ਇਲਾਕੇ ਦੇ ਸਰਪੰਚ ਨੂੰ ਲੈ ਕੇ ਉਸ ਸੜਕ ਨੂੰ ਵੇਖਿਆ ਗਿਆ ਹੈ, ਉਥੇ ਰਸਤਾ ਖਰਾਬ ਹੈ ਅਤੇ ਬੱਸ ਲੰਘ ਨਹੀਂ ਸਕਦੀ । ਇਸ ਬਾਰੇ ਪਹਿਲਾਂ ਵੀ ਮਾਸਟਰ ਦਲੀਪ ਚੰਦ ਜੀ ਕਈ ਵਾਰੀ ਸਵਾਲ ਕਰ ਚੁਕੇ ਹਨ ?

---

## WATER SUPPLY IN VILLAGE RAJANWALI, BLOCK ABOHAR, DISTRICT FEROZEPUR

*3485 **Comrade Dana Ram**
**Comrade Satya Pal Dang** } Will the Minister of State for Public Health be pleased to state—

(a) whether water-supply has been arranged by the Public Works Department (Public Health Branch) in village Rajanwali, Block Abohar, District Ferozepur; if so, whether it is a fact that no benefit has accrued as a result thereof to the Harijan Basti of the village;

(b) whether any legislator wrote any letter dated 12th August, 1975 to the Commissioner for Public Works in this connection; if so, the details thereof be laid on the Table of the House;

(c) the number of reminders sent by the legislator in this connection upto 31st December, 1975 together with the details of the action taken and the present position of the case ?

Original with;
Punjab Vidhan Sabha
Digitized by;
Panjab Digital Library

**Sardar Balbir Singh** : (a) Water-supply has been arranged in village Rajanwali, Block Abohar, District Ferozepur. But it is not a fact that no benefit has accrued, as a result thereof, to the Harijan Basti of the village. The water-supply scheme was commissioned on the 11th October, 1960 and three stand-posts for water-supply were provided in the Harijan Basti which existed there at that time. A new Harijan Basti which developed there after the completion of the scheme has also since been provided with a public stand-post (water connection) in October, 1975.

(b) Yes, Sir. A copy of the letter is laid on the table of the House.

(c) Three reminders dated the 24th September, 1975, the 13th/18th October, 1975; and the 22nd December, 1975 have been sent by the Hon'ble legislator. On receipt of the letter dated the 12th August, 1975, the Chief Engineer, Public Works Department (Public Health Branch) was requested demi-officially to get one water connection provided to the Harijan Basti of the village. As a result thereof, a stand-post (water connection) was installed in the New Harijan Basti by the Public Health Department in October, 1975.

**Copy of letter dated the 12th August, 1975 from Shri Satya Pal Dang, M.L.A. Ekta Bhawan, Chheharta (Amritsar) addressed to Shri R. C. Kapila, I.A.S. Commissioner for P.W.D., Public Health, Punjab, Chandigarh.**

My dear Shri Kapila

It is requested that you may kindly personally look into the following and to ensure that the needful is done.

(a) Water-Supply has been provided in village Rajanwali Block, Abohar. Persons other than Harijans have got connections in their homes.

(b) There are about 100 Harijan families in one Basti. No connections have been given to Harijan families.

It is requested if separate connections for some reasons are not possible, at least 3—4 common points may be provided so that the Harijans families too can get water.

Early action and reply are requested.

With regards,

Yours sincerely,

Sd/—

Satya Pal Dang, M.L.A.

**ਕਾਮਰੇਡ ਸੱਤ ਪਾਲ ਡਾਂਗ** : ਚਿੱਠੀ ਲੈਜਿਸਲੇਟਰ ਕੋਲੋਂ ਮਿਲਣ ਤੇ ਇਕ ਸਟੈਂਡ-ਪੋਸਟ ਲਗਾ ਦਿਤੀ, ਜਵਾਬ ਵਿਚ ਇਹ ਕਿਹਾ ਗਿਆ ਹੈ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਉਥੇ ਹਰੀਜਨਾ ਦੇ ਕਿੰਨੇ ਕਿੰਨੇ ਘਰ ਹਨ, ਕਿੰਨੀ ਆਬਾਦੀ ਹੈ ਅਤੇ ਉਹ ਬਸਤੀ ਕਦੋਂ ਤੋਂ ਵਸੀ ਹੋਈ ਹੈ ?

**ਰਾਜ ਮੰਤਰੀ** : ਇਸ ਬਾਰੇ ਸੈਪੇਰੇਟ ਨੋਟਿਸ ਦੇ ਦੇਵੋ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ :** ਜਿਥੋਂ ਸ਼ਿਕਾਇਤ ਇਹ ਹੋਵੇ ਕਿ ਪਿੰਡਾਂ ਵਿਚ ਵਾਟਰ-ਵਰਕਸ ਬਣ ਗਿਆ ਅਤੇ ਹਰੀਜਨਾਂ ਦੇ ਘਰ ਘਰ ਵਿਚ ਕੁਨੈਕਸ਼ਨ ਦੇਣ ਦੀ ਪ੍ਰੋਵੀਜ਼ਨ ਹੋਵੇ ਅਤੇ ਉਥੇ ਪਬਲਿਕ ਸਟੈਂਡ-ਪੋਸਟਾਂ ਕਾਫ਼ੀ ਤਾਦਾਦ ਵਿਚ ਹੋਣੀਆਂ ਚਾਹੀਦੀਆਂ ਹਨ। ਜੇ ਮਹਿਕਮੇ ਨੂੰ ਇਸ ਗੱਲ ਦਾ ਪਤਾ ਨਹੀਂ ਜਾਂ ਉਹ ਇਸ ਤਰ੍ਹਾਂ ਨਹੀਂ ਕਰਦੇ ਤਾਂ ਕੀ ਇਹ ਮਹਿਕਮਾਂ ਐਂਟੀ-ਸ਼ਡਿਊਲਡ ਕਾਸਟਸ ਬਾਇਸਡ ਨਹੀਂ ?

**ਰਾਜ ਮੰਤਰੀ :** ਸਪੀਕਰ ਸਾਹਿਬ, ਇਹ ਬਿਲਕੁਲ ਗਲਤ ਇਲਜ਼ਾਮ ਹੈ ਜੀ। ਮੈਂ ਜਵਾਬ ਵਿਚ ਇਹ ਦਸ ਦਿੱਤਾ ਹੈ ਕਿ 3 ਸਟੈਂਡ-ਪੋਸਟ ਲਗਾਏ ਗਏ ਸੀ ਅਤੇ ਇਕ ਨਵੀਂ ਬਸਤੀ ਜਿਹੜੀ ਕਿ ਹਰੀਜਨਾਂ ਦੀ ਸੀ ਉਥੇ ਵੀ ਇਕ ਸਟੈਂਡ ਪੋਸਟ ਦੇ ਦਿੱਤਾ ਗਿਆ ਹੈ।

**ਚੌਧਰੀ ਰਾਮ ਸਿੰਘ :** ਕੀ ਮਨਿਸਟਰ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਜਿੰਨੀਆਂ ਵੀ ਵਾਟਰ ਸਪਲਾਈ ਦੀਆਂ ਸਕੀਮਾਂ ਚਲਾਈਆਂ ਜਾ ਰਹੀਆਂ ਹਨ, ਉਨ੍ਹਾਂ ਲਈ ਇਹ ਹਦਾਇਤ ਕਰਨਗੇ ਕਿ ਇਸ ਕੰਮ ਵਿਚ ਹਰੀਜਨਾਂ ਨੂੰ ਪਰਾਇਰਟੀ ਦਿੱਤੀ ਜਾਵੇ ਔਰ ਨਾਲ ਹੀ ਜਿਹੜੀ ਇਨ੍ਹਾਂ ਨੇ 200 ਦੀ ਅਬਾਦੀ ਇਸ ਸਕੀਮ ਨੂੰ ਚਾਲੂ ਕਰਨ ਲਈ ਰਖੀ ਹੈ ਉਸ ਦੀ ਬਜਾਏ 50 ਦੀ ਅਬਾਦੀ ਕਰਨ ਲਈ ਹਦਾਇਤ ਕਰਨਗੇ ?

**ਰਾਜ ਮੰਤਰੀ :** ਸਪੀਕਰ ਸਾਹਿਬ, ਜਿਹੜਾ ਚੌਧਰੀ ਸਾਹਿਬ ਨੇ ਕਿਹਾ ਹੈ ਕਿ ਹਰੀਜਨਾਂ ਨੂੰ ਪਰਾਇਰਟੀ ਦੇਣੀ ਚਾਹੀਦੀ ਹੈ ਉਹ ਤਾਂ ਅਸੀਂ ਹਰ ਕੰਮ ਵਿਚ ਹਰੀਜਨਾਂ ਨੂੰ ਪਰਾਇਰਟੀ ਦੇ ਰਹੇ ਹਾਂ ਅਤੇ ਉਨ੍ਹਾਂ ਨਾਲ ਕਿਸੇ ਵੀ ਕਿਸਮ ਦਾ ਵਿਤਕਰਾ ਨਹੀਂ ਕੀਤਾ ਜਾ ਰਿਹਾ।

**ਕਾਮਰੇਡ ਦਾਨਾ ਰਾਮ :** ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਇਹ ਕਿਹਾ ਹੈ ਕਿ ਜਿਥੋਂ ਵੀ ਮੰਗ ਕੀਤੀ ਗਈ ਸੀ ਉਥੇ ਸਟੈਂਡ-ਪੋਸਟ ਲਗਾ ਦਿੱਤਾ ਗਿਆ ਹੈ ਪਰ ਕੀ ਇਹ ਠੀਕ ਨਹੀਂ ਕਿ ਇਕ ਸਰਪੰਚ ਦੇ ਕਹਿਣ ਤੇ ਉਥੇ ਤਾਂ ਪੰਪ ਲਗਾ ਦਿੱਤਾ ਗਿਆ ਪਰ ਜਿਥੋਂ ਮਜ਼੍ਹਬੀ ਸਿੱਖਾਂ ਦੀ ਮੰਗ ਕੀਤੀ ਗਈ ਸੀ ਉਥੇ ਨਹੀਂ ਲਗਾਇਆ ਗਿਆ ?

**ਸ੍ਰੀ ਸਪੀਕਰ :** ਤੁਸੀਂ ਇਨਫਰਮੇਸ਼ਨ ਦੇ ਰਹੇ ਹੋ ਜਾਂ ਸਵਾਲ ਕਰ ਰਹੇ ਹੋ ?

**ਰਾਜ ਮੰਤਰੀ :** ਸਪੀਕਰ ਸਾਹਿਬ, ਇਸ ਦਾ ਵੀ ਜਵਾਬ ਮੈਂ ਦੇ ਦਿੰਦਾ ਹਾਂ। ਸਪੀਕਰ ਸਾਹਿਬ, ਜੇ ਇਸ ਕੰਮ ਲਈ ਸਰਪੰਚ ਤੋਂ ਨਾ ਪੁਛਿਆ ਜਾਵੇ ਤਾਂ ਹੋਰ ਕਿਸ ਤੋਂ ਪੁਛਿਆ ਜਾਵੇ। ਉਹ ਤਾਂ ਪਿੰਡ ਦਾ ਨੁਮਾਇੰਦਾ ਹੁੰਦਾ ਹੈ।

**ਸ੍ਰੀ ਸਪੀਕਰ :** ਨੈਕਸਟ ਕੁਐਸਚਨ, ਐਕਸਟੈਨਸ਼ਨ ਮੰਗੀ ਗਈ ਹੈ।

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਪਾਣੀ ਸਰਪੰਚ ਨੇ ਪੀਣਾ ਹੁੰਦਾ ਹੈ ਜਾਂ ਹਰੀਜਨਾਂ ਨੇ ਪੀਣਾ ਹੁੰਦਾ ਹੈ ਜੀ ? (ਵਿਘਨ)

**ਸ੍ਰੀ ਸਪੀਕਰ :** ਸਰਪੰਚ ਉਥੋਂ ਦਾ ਇਲੈਕਟਿਡ ਵਿਅਕਤੀ ਹੁੰਦਾ ਹੈ। (ਵਿਘਨ) ਪਲੀਜ਼ ਰਜ਼ੀਊਮ ਯੁਅਰ ਸੀਟ। ਨੈਕਸਟ ਕੁਐਸਚਨ ਮਾਸਟਰ ਦਲੀਪ ਚੰਦ। (ਵਿਘਨ) ਤੁਸੀਂ ਤਸ਼ਰੀਫ਼ ਰਖੋ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਜੇ ਇਕ ਸਰਪੰਚ ਦੇ ਆਖੇ ਲਗਿਆ ਜਾ ਸਕਦਾ ਹੈ ਤਾਂ ਇਕ ਐਮ.ਐਲ.ਏ. ਦੇ ਆਖੇ ਕਿਉਂ ਨਹੀਂ ਲਗਿਆ ਜਾ ਸਕਦਾ । (ਵਿਘਨ)

**Mr. Speaker** : Next Question.

## STARRED QUESTION NO. 3489

(This question was not put as the hon. Member concerned was not present in the House.)

## ਪ੍ਰਾਇਮਰੀ ਸਿਹਤ ਕੇਂਦਰ, ਬਲਾਚੌਰ ਨੂੰ ਕਾਠਗੜ੍ਹ ਬਦਲਣਾ

*3441. **ਮਾਸਟਰ ਦਲੀਪ ਚੰਦ** : ਕੀ ਸਿਹਤ ਅਤੇ ਸੰਤਾਨ ਸੰਜਮ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਕੀ ਇਸ ਤੱਥ ਨੂੰ ਧਿਆਨ ਵਿਚ ਰੱਖਦਿਆਂ ਕਿ ਸਿਵਲ ਹਸਪਤਾਲ, ਬਲਾਚੌਰ ਦੀ ਉਸਾਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ, ਪ੍ਰਾਇਮਰੀ ਸਿਹਤ ਕੇਂਦਰ, ਬਲਾਚੌਰ ਨੂੰ ਕਾਠਗੜ੍ਹ ਬਦਲਣ ਅਤੇ ਇਸ ਦਾ ਨਾ ਸ਼ਹੀਦ ਜਸਪਾਲ ਸਿੰਘ ਦੇ ਨਾਂ ਤੇ ਰੱਖਣ ਬਾਰੇ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ;

(ਅ) ਕੀ ਸਰਕਾਰ, ਪਿੰਡ ਭੱਦੀ, ਬਲਾਕ ਬਲਾਚੌਰ ਦੇ ਨੀਮ-ਪਹਾੜੀ ਇਲਾਕੇ ਵਿਚ ਇਕ ਦਿਹਾਤੀ ਡਿਸਪੈਂਸਰੀ, ਖੋਲ੍ਹਣ ਦਾ ਵਿਚਾਰ ਰੱਖਦੀ ਹੈ ਜਿਸ ਨਾਲ ਲਗਭਗ 25 ਪਿੰਡਾਂ ਨੂੰ ਲਾਭ ਪਹੁੰਚੇਗਾ; ਜੇਕਰ ਅਜਿਹਾ ਹੋਵੇ ਤਾਂ ਕਦੋਂ;

(ੲ) ਕੀ ਸਰਕਾਰ ਚਾਲੂ ਸਾਲ ਦੇ ਦੌਰਾਨ ਬਲਾਚੌਰ ਅਸੈਂਬਲੀ ਚੋਣ ਹਲਕੇ ਦੇ ਬੇਟ ਇਲਾਕੇ ਦੇ ਪਿੰਡ ਐਮਾਂ ਚਾਹਲ, ਜਿਸ ਦੇ ਨਾਲ ਲਗਦੇ ਇਲਾਕੇ ਵਿਚ ਲਗਭਗ 3,000 ਦੀ ਵੱਸੋਂ ਹੈ, ਵਿਚ ਇਕ ਦਿਹਾਤੀ ਡਿਸਪੈਂਸਰੀ ਖੋਲ੍ਹਣ ਦਾ ਵਿਚਾਰ ਰੱਖਦੀ ਹੈ ?

**ਸਰਦਾਰ ਬਲਬੀਰ ਸਿੰਘ** : (ੳ) ਬਲਾਚੌਰ ਸਿਵਲ ਹਸਪਤਾਲ ਦੀ ਉਸਾਰੀ ਮੁਕੰਮਲ ਹੋਣ ਤੇ ਹੀ ਪੀ.ਐਚ.ਸੀ. ਨੂੰ ਕਿਸੇ ਹੋਰ ਮੁਨਾਸਬ ਜਗ੍ਹਾ ਤੇ ਬਦਲਿਆ ਜਾਵੇਗਾ ।

(ਅ) ਨਹੀਂ ਜੀ । ਪਿੰਡ ਭੱਦੀ, ਬਲਾਕ ਬਲਾਚੌਰ ਵਿਖੇ ਇਕ ਆਯੂਰਵੈਦਿਕ ਡਿਸਪੈਂਸਰੀ ਅਤੇ ਇਕ ਸਬ-ਸੈਂਟਰ ਪਹਿਲਾਂ ਹੀ ਚਲ ਰਿਹਾ ਹੈ।

(ੲ) ਨਹੀਂ ਜੀ, ਫੰਡਜ਼ ਦੀ ਥੋੜ ਕਾਰਨ ਇਹ ਸੰਭਵ ਨਹੀਂ ਹੋ ਸਕਦਾ ।

**ਮਾਸਟਰ ਦਲੀਪ ਚੰਦ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਹਸਪਤਾਲ ਮਨਜ਼ੂਰ ਹੋ ਚੁੱਕਾ ਹੈ ਪਰ ਇਸ ਦੀ ਬਿਲਡਿੰਗ

Original with;
Punjab Vidhan Sabha
Digitized by;
Panjab Digital Library

ਨਹੀਂ ਬਣੀ, ਕੀ ਇਹ ਬਿਲਡਿੰਗ ਬਣਨ ਤੋਂ ਬਾਅਦ ਇਥੋਂ ਦੇ ਪ੍ਰਾਇਮਰੀ ਹੈਲਥ ਸੈਂਟਰ ਨੂੰ ਪਿੰਡ ਕਾਠਗੜ੍ਹ ਬਦਲਣ ਲਈ ਅਤੇ ਇਸ ਦਾ ਨਾਮ ਸ਼ਹੀਦ ਜਸਪਾਲ ਸਿੰਘ ਜੋ ਕਿ ਐਸ.ਪੀ. ਦਾ ਲੜਕਾ ਸੀ, ਉਸ ਦੇ ਨਾਮ ਤੇ ਸ਼ਿਫਟ ਕੀਤਾ ਜਾਏਗਾ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਜਵਾਬ ਵਿਚ ਦਸ ਚੁੱਕਾ ਹਾਂ ਕਿ ਜਦੋਂ ਹਸਪਤਾਲ ਦੀ ਬਿਲਡਿੰਗ ਮੁਕੰਮਲ ਹੋ ਜਾਵੇਗੀ ਇਸ ਨੂੰ ਕਿਸੇ ਮੁਨਾਸਬ ਜਗ੍ਹਾ ਤੇ ਬਦਲਿਆ ਜਾਵੇਗਾ । ਇਸ ਦੇ ਨਾਲ ਹੀ ਮੈਂ ਤੁਹਾਡੇ ਰਾਹੀਂ ਮਾਸਟਰ ਜੀ ਨੂੰ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਹੋਰ ਜਿਹੜੀ ਇਹ ਸਿਫ਼ਾਰਸ਼ ਕਰ ਰਹੇ ਹਨ ਉਸ ਤੇ ਵੀ ਪੂਰੀ ਨਜ਼ਰ ਰਖੀ ਜਾਵੇਗੀ ।

**ਮਾਸਟਰ ਦਲੀਪ ਚੰਦ** : ਮਨਿਸਟਰ ਸਾਹਿਬ ਨੇ ਇਹ ਕਿਹਾ ਹੈ ਕਿ ਪਿੰਡ ਭੱਦੀ ਵਿਚ ਆਯੂਰਵੈਦਿਕ ਡਿਸਪੈਂਸਰੀ ਪਹਿਲਾਂ ਹੀ ਚਲ ਰਹੀ ਹੈ ਮੈਂ ਇਨ੍ਹਾਂ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜੇ ਇਹ ਉਥੇ ਨਾ ਚਲ ਰਹੀ ਹੋਵੇ ਤਾਂ ਕੀ ਇਹ ਉਥੇ ਇਹ ਡਿਸਪੈਂਸਰੀ ਖੋਲ੍ਹਣ ਦਾ ਇੰਤਜ਼ਾਮ ਕਰਨਗੇ ?

**ਰਾਜ ਮੰਤਰੀ** : ਨਾ ਹੋਵੇ ਦਾ ਕੀ ਮਤਲਬ ਹੈ ਜੀ, ਉਥੇ ਤਾਂ ਚਲ ਰਹੀ ਹੈ ।

**ਮਾਸਟਰ ਦਲੀਪ ਚੰਦ** : ਉਥੇ ਕੋਈ ਡਿਸਪੈਂਸਰੀ ਨਹੀਂ ਜੀ ।

**ਰਾਜ ਮੰਤਰੀ** : ਜੇ ਨਾ ਹੋਈ ਤਾਂ ਜ਼ਰੂਰ ਖੋਲ੍ਹ ਦਿਆਂਗੇ ।

**ਚੌਧਰੀ ਰਾਮ ਸਿੰਘ** : ਕੀ ਮਨਿਸਟਰ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਸਬ-ਮਾਊਂਟੇਨਸ ਏਰੀਆ ਵਿਚ ਜਿਹੜੀ ਵੀ ਡਿਸਪੈਂਸਰੀ ਖੋਲ੍ਹੀ ਜਾਂਦੀ ਹੈ ਉਥੇ ਕੋਈ ਡਾਕਟਰ ਨਹੀਂ ਟਿਕਦਾ ਅਤੇ ਇਸ ਤਰ੍ਹਾਂ ਹੀ ਦਿਹਾਤੀ ਅਤੇ ਕੰਡੀ ਏਰੀਏ ਵਿਚ ਵੀ ਕੋਈ ਡਾਕਟਰ ਨਹੀਂ ਟਿਕਦਾ । ਇਸ ਦੇ ਲਈ ਕੀ ਇਹ ਜਿਹੜਾ ਇਨ੍ਹਾਂ ਨੇ ਡਾਕਟਰਾਂ ਲਈ 3 ਸਾਲ ਦਾ ਪੀਰੀਅਡ ਰਖਿਆ ਹੈ ਉਹ ਡੇਢ ਸਾਲ ਕਰਨਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਸਵਾਲ ਦਾ ਸਬੰਧ ਤਾਂ ਇਸ ਨਾਲ ਹੈ ਨਹੀਂ ਜੀ । ਲੇਕਿਨ ਮੈਂ ਇਹ ਦੱਸ ਦਿੰਦਾ ਹਾਂ ਕਿ ਇਹ ਠੀਕ ਹੈ ਕਿ ਇਹੋ ਜਿਹੇ ਇਲਾਕਿਆਂ ਵਿਚ ਡਾਕਟਰ ਨਹੀਂ ਟਿਕਦੇ ਪਰ ਇਸ ਦਾ ਵਡਾ ਕਾਰਨ ਇਹ ਹੈ ਕਿ ਉਥੇ ਡਾਕਟਰਾਂ ਦੇ ਰੇਜ਼ੀਡੈਂਸ ਦਾ ਕੋਈ ਇੰਤਜ਼ਾਮ ਨਹੀਂ ਹੈ । ਜਿਸ ਤਰ੍ਹਾਂ ਮੈਂ ਅਗੇ ਵੀ ਕਈ ਵਾਰ ਬੇਨਤੀ ਕਰ ਚੁੱਕਾ ਹਾਂ ਕਿ ਇਹ ਕੁਝ ਹਿੰਮਤ ਕਰਨ ਅਤੇ ਉਨ੍ਹਾਂ ਲਈ ਕੋਈ ਮਕਾਨ ਉਥੇ ਬਣਾ ਦੇਣ ਤਾਂ ਡਾਕਟਰ ਟਿੱਕ ਸਕਣਗੇ ।

**ਸਰਦਾਰ ਪ੍ਰੇਮ ਸਿੰਘ ਪ੍ਰੇਮ** : ਕੀ ਵਜ਼ੀਰ ਸਾਹਿਬ ਇਹ ਦਸਣਗੇ ਕਿ ਕੰਡੀ ਏਰੀਏ ਵਿਚ, ਜਿਸ ਤਰ੍ਹਾਂ ਮੇਰੇ ਦੋਸਤ ਚੌਧਰੀ ਸਾਹਿਬ ਨੇ ਸਵਾਲ ਕੀਤਾ ਹੈ, ਜਿਹੜੇ ਹਸਪਤਾਲ ਹਨ ਕੀ ਉਥੇ ਕੋਈ ਇਹੋ ਜਿਹੀਆਂ ਦਵਾਈਆਂ ਰਖਣਗੇ ਜਿਸ ਨਾਲ ਕਿ ਉਥੋਂ ਦੇ ਆਦਮੀਆਂ ਦੇ ਕੱਦ ਉੱਚੇ ਹੋ ਜਾਣ ? (ਹਾਸਾ)

**ਸ੍ਰੀ ਸਪੀਕਰ** : ਨੈਕਸਟ ਕੁਐਸਚਨ, ਐਕਸਟੈਨਸ਼ਨ ਮੰਗੀ ਹੈ। ਨੈਕਸਟ ਕੁਐਸਚਨ ।

Original with;
Punjab Vidhan Sabha
Digitized by;
Panjab Digital Library

STARRED QUESTION NO. 3496**

**Mr. Speaker** : Extension has been asked for in respect of Starred Question No. 3496.

---

BULK SUPPLY OF POWER TO MUNICIPAL COMMITTEE AMRITSAR

*3438. 1. **Comrade Mehtab Singh Nokerian**
2. **Comrade Satya Pal Dang** : Will the Minister of State for Irrigation and Power be pleased to state—

(a) whether the Punjab State Electricity Board makes bulk supply of power to the Amritsar Municipal Committee ; if so, the rates and the conditions thereof ;

(b) whether in the month of October, 1975 or thereabout, there had been any increase in the rates at which bulk supply of power was given to the Amritsar Municipal Committee; if so, the details of such increase;

(c) whether any legislator wrote a letter on 31st October, 1975 to the Minister for Irrigation and Power; if so, the contents thereof, the details of the action, if any, taken thereon and the present position of the case ?

**Sardar Gurbakhsh Singh Sibia**: (a) & (b) The requisite information is laid on the Table of the House.

(c) No Sir.

**Reply to A. Q, No. 3438 regarding Bulk Supply of Power to Municipal Committee, Amritsar [part (a) and (b)]**

(a) **The rates are as under** :—

| | |
|---|---|
| Demand Charges | Rs. 15.00 per KVA/month |
| PLUS | |
| Energy Charges | 11 Paise per KWH for entire consumption. |

subject to a maximum overall of 18 paise per K.W.H. without prejudice to the monthly minimum payment.

(b) **Tariff Rates Before 30th September, 1975**

| | |
|---|---|
| Demand Charges | Rs. 10.10 per KVA/month |
| PLUS | 7.20 Paisa per KWH for the first |
| Energy Charges | 10,000 KWH per month |
| | 6.50 Paisa per KWH for the next 20,000 KWH per month |
| | 5.75 Paisa per KWH per month for all above 30,000 KWH/month. |

subject to a maximum overall rate of 14.5 Paisa/KWH/month without prejudice to monthly minimum payment.

**Tariff After 30th September, 1975**

| | |
|---|---|
| Demand Charges | Rs. 15 KVA/Month |
| PLUS | |
| Energy Charges | 11 Paise per KWH per month |

subject to a maximum overall rate of 18 Paise/KWH/month without prejudice to monthly minimum payment.

---

**The Starred Question No. 3496 was included in the list of postponed Starred Questions dated the 11th February, 1976, but it was not put.

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ :** ਮਨਿਸਟਰ ਸਾਹਿਬ ਇਹ ਦੱਸਣਗੇ ਕਿ ਅੰਮ੍ਰਿਤਸਰ ਦੀ ਕਮੇਟੀ ਨੂੰ ਬਲਕ ਸਪਲਾਈ ਦਾ ਰੇਟ 80% ਵਧਾ ਕੇ ਦਿੱਤਾ ਹੈ, ਜੇ ਇਹ ਕਮੇਟੀ ਕੰਜ਼ਿਊਮਰ ਨੂੰ ਪਾਸ ਆਨ ਕਰੇਗੀ ਤਾਂ ਕੰਜ਼ਿਊਮਰ ਦੇ ਨਹੀਂ ਸਕਦਾ; ਜੇ ਇਹ ਕਮੇਟੀ ਕੰਜ਼ਿਊਮਰ ਨੂੰ ਨਹੀਂ ਪਾਸ ਆਨ ਕਰੇਗੀ ਤਾਂ ਉਹ ਚਲ ਨਹੀਂ ਸਕਦੀ। ਮੈਂ ਪੁਛਣਾ ਚਾਹੁੰਦਾ ਹਾਂ ਕਿ ਕਿਹੜੀ ਕੰਸਿਡਰੇਸ਼ਨ ਨੂੰ ਸਾਹਮਣੇ ਰੱਖਕੇ ਅੰਮ੍ਰਿਤਸਰ ਕਮੇਟੀ ਨੂੰ ਇਹ ਬਲਕ ਸਪਲਾਈ ਦਾ ਰੇਟ ਬਾਕੀ ਸਾਰੇ ਪੰਜਾਬ ਨਾਲੋਂ ਵਧਾਕੇ ਦਿੱਤਾ ਹੈ।

**ਰਾਜ ਮੰਤਰੀ :** ਸਪੀਕਰ ਸਾਹਿਬ, ਵੈਸੇ ਤਾਂ ਇਹ ਫੈਸਲਾ ਹੋ ਗਿਆ ਹੈ ਕਿ ਇਹ ਕੰਮ ਇਲੈਕਟ੍ਰੀਸਟੀ ਬੋਰਡ ਕਰੇਗਾ ਅਤੇ ਇਲੈਕਟ੍ਰੀਸਿਟੀ ਬੋਰਡ ਇਸ ਨੂੰ ਟੇਕ ਅਪ ਕਰ ਰਿਹਾ ਹੈ। ਫਰਦਰ ਵੀ ਜਿਹੜੀ ਸਪਲਾਈ ਕੀਤੀ ਜਾਵੇਗੀ ਉਹ ਇਲੈਕਟ੍ਰੀਸਿਟੀ ਬੋਰਡ ਰਾਹੀਂ ਹੋਵੇਗੀ ਜਿਹੜੀ ਹੁਣ ਲੀਗਲ ਡਿਫੀਕਲਟੀ ਆ ਰਹੀ ਹੈ ਉਸ ਨੂੰ ਜਲਦੀ ਹੀ ਦੂਰ ਕੀਤਾ ਜਾਵੇਗਾ ਅਤੇ ਅੰਮ੍ਰਿਤਸਰ ਦਾ ਵੀ ਉਹੀ ਰੇਟ ਹੋਵੇਗਾ ਜੋ ਦੂਸਰਿਆਂ ਸ਼ਹਿਰਾਂ ਦਾ ਹੋਵੇਗਾ।

**ਸ਼੍ਰੀ ਪ੍ਰਤਾਪ ਚੰਦ ਭੰਡਾਰੀ :** ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੂੰ ਇਸ ਗੱਲ ਦਾ ਪਤਾ ਹੈ ਕਿ ਅੰਮ੍ਰਿਤਸਰ ਦੀ ਮਿਊਂਸਪਲ ਕਮੇਟੀ ਨੇ ਤਕਰੀਬਨ 10 ਕਰੋੜ ਰੁਪਿਆ ਇਸ ਦੀ ਡਿਸਟਰੀਬਿਊਸ਼ਨ ਵਾਸਤੇ ਲਾਇਆ ਹੈ ਅਗਰ ਹੁਣ ਇਹ ਬਿਜਲੀ ਬੋਰਡ ਨੇ ਟੇਕ ਔਵਰ ਕਰ ਲਿਆ ਤਾਂ ਕੀ ਇਹ ਘਾਟਾ ਬਿਜਲੀ ਬੋਰਡ ਤੇ ਪਵੇਗਾ ?

**ਵਿੱਤ ਮੰਤਰੀ :** ਸਪੀਕਰ ਸਾਹਿਬ, ਇਹ ਜਿਹੜਾ ਰੇਟ ਵਧਾ ਦਿੱਤਾ ਸੀ। ਇਸ ਬਾਰੇ ਇਕ ਮੀਟਿੰਗ ਵਿਚ ਡਿਸਕਸ ਕਰਕੇ, ਜਿਸ ਵਿਚ ਕਿ ਬਿਜਲੀ ਬੋਰਡ ਦੇ ਚੇਅਰਮੈਨ ਵੀ ਸੀ ਅਤੇ ਲੋਕਲ ਬਾਡੀਜ਼ ਦੇ ਵੀ ਕਈ ਅਫ਼ਸਰ ਸ਼ਾਮਲ ਸਨ, ਇਹ ਫੈਸਲਾ ਕੀਤਾ ਸੀ ਕਿ ਪਾਵਰ ਜੇਨਰੇਸ਼ਨ ਡਿਸਟਰੀਬਿਊਸ਼ਨ ਬਿਜਲੀ ਬੋਰਡ ਦੁਆਰਾ ਹੋਵੇਗੀ ਅਤੇ ਮਿਊਂਸਪਲ ਕਮੇਟੀ ਨਹੀਂ ਕਰੇਗੀ। ਹੁਣ ਇਸ ਦੀ ਡਿਟੇਲਜ਼ ਵਰਕ ਆਊਟ ਕੀਤੀ ਜਾ ਰਹੀ ਹੈ ਅਤੇ ਸਾਰਾ ਹਿਸਾਬ ਕਿਤਾਬ ਕਰਕੇ ਇਸ ਨੂੰ ਬਿਜਲੀ ਬੋਰਡ ਲੈ ਲਵੇਗਾ ਅਤੇ ਫਿਰ ਇਸ ਦਾ ਸਭ ਜਗ੍ਹਾਂ ਇਕੋ ਰੇਟ ਹੋਵੇਗਾ; ਚਾਹੇ ਅੰਮ੍ਰਿਤਸਰ ਹੋਵੇ, ਚਾਹੇ ਜਲੰਧਰ ਹੋਵੇ ਅਤੇ ਚਾਹੇ ਲੁਧਿਆਣਾ ਹੋਵੇ। ਹਰ ਜਗ੍ਹਾ ਇਕੋ ਰੇਟ ਹੋਵੇਗਾ।

(ਇਸ ਸਮੇਂ ਕਾਮਰੇਡ ਸੱਤ ਪਾਲ ਡਾਂਗ ਜੀ ਸਪਲੀਮੈਂਟਰੀ ਸਵਾਲ ਕਰਨ ਲਈ ਖੜੇ ਹੋਏ)।

**ਸ਼੍ਰੀ ਸਪੀਕਰ :** ਵੈਸੇ ਤਾਂ ਮਾਮਲਾ ਕਲੀਅਰ ਹੋ ਹੀ ਗਿਆ ਹੈ।

**ਕਾਮਰੇਡ ਸੱਤ ਪਾਲ ਡਾਂਗ :** ਨਹੀਂ ਜੀ ਕਲੀਅਰ ਨਹੀਂ ਹੋਇਆ, ਕਨਫਿਊਜ਼ ਹੋ ਗਿਆ ਹੈ। ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਕ ਮਲੇਰਕੋਟਲੇ ਦੀ ਪ੍ਰਾਈਵੇਟ ਕੰਪਨੀ ਨੂੰ ਛੱਡ ਕੇ ਸਾਰੇ ਪੰਜਾਬ ਵਿਚ ਬਲਕਿ ਸੱਭ ਪਬਲਿਕ ਸੈਕਟਰਾਂ ਜਾਂ ਕਈ ਸੈਮੀ-ਗੌਰਮਿੰਟ ਆਰਗੇਨਾਈਜ਼ੇਸ਼ਨਜ਼ ਇਸ ਪਾਸੋਂ ਬਿਜਲੀ ਲੈਂਦੇ ਸੀ, ਕੀ ਇਹ ਮਨਿਸਟਰ ਸਾਹਿਬ ਨੂੰ ਪਤਾ ਹੈ ਕਿ ਅੰਮ੍ਰਿਤਸਰ ਮਿਊਂਸਪਲ ਕਮੇਟੀ ਦੇ ਫ਼ਾਇਨੈਂਸਿਜ਼ ਦਾ ਇਕ ਵੱਡਾ ਹਿੱਸਾ ਇਸ ਦੇ ਵਿਚੋਂ ਨਿਕਲਦਾ ਸੀ ? ਕੀ ਮਨਿਸਟਰ ਸਾਹਿਬ ਇਸ ਗੱਲ ਨੂੰ ਵਾਜਬ ਸਮਝਦੇ ਹਨ ਕਿ ਅੰਮ੍ਰਿਤਸਰ ਸ਼ਹਿਰ ਨੂੰ ਇਤਨਾ ਵਾਈਟਲੀ ਇਫੈਕਟ ਕਰਨ ਵਾਲਾ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਫੈਸਲਾ, ਜਦੋਂ ਕਿ ਇਲੈਕਟਿਡ ਮੈਂਬਰ ਫੰਕਸ਼ਨ ਨਹੀਂ ਕਰ ਰਹੇ ਅਤੇ ਐਡਮਨਿਸਟਰੇਟਰ ਕੋਲੋਂ ਦਸਖਤ ਕਰਵਾਕੇ ਬਿਜਲੀ ਬੋਰਡ ਨੂੰ ਦੇ ਦਿੱਤੇ ਹਨ ਕਿ ਅੱਗੇ ਤੋਂ ਸਾਰਾ ਪਾਵਰ ਹਾਊਸ ਬਿਜਲੀ ਬੋਰਡ ਨੂੰ ਦੇ ਦਿੱਤਾ ਹੈ ? ਇਹ ਇਸ ਨੂੰ ਡੈਮੋਕ੍ਰੇਸੀ ਕਿਸ ਤਰ੍ਹਾਂ ਸਮਝਦੇ ਹਨ ?

**ਵਿੱਤ ਮੰਤਰੀ :** ਸਰਕਾਰ ਲੋਕਾਂ ਦੀ ਇਲੈਕਟਿਡ ਬਾਡੀ ਹੈ ਔਰ ਉਹ ਡੈਮੋਕ੍ਰੇਟਿਕ ਸੈਟ-ਅੱਪ ਵਿਚ ਉਸ ਮਿਊਂਸਪੈਲਿਟੀ ਨੂੰ ਚਲਾ ਰਹੀ ਹੈ । ਇਸ ਲਈ ਮੈਂ ਸਮਝਦਾ ਹਾਂ ਕਿ ਲੋਕਾਂ ਉਤੇ ਜ਼ਿਆਦਾ ਬੋਝ ਨਹੀਂ ਪੈਣਾ ਚਾਹੀਦਾ । ਜਿਥੋਂ ਤਕ ਮਲੇਰਕੋਟਲੇ ਦਾ ਸਵਾਲ ਹੈ, ਉਸ ਦੇ ਬਾਰੇ ਮਾਮਲਾ ਅਦਾਲਤ ਵਿਚ ਹੈ ।

---

STARRED QUESTION NO 3490

(This question was not put, as the hon. Member concerned was not present in the House.)

---

ANNUAL SUBSCRIPTION OF PUNJAB GOVERNMENT GAZETTES

*3476. **1. Comrade Dana Ram**
**2. Comrade Satya Pal Dang** } : Will the Minister for Education be pleased to state—

(a) the annual subscription rates of the Punjab Government Gazettes;

(b) the date since when the rates referred to in part (a) have been in force;

(c) the rates charged before the date referred to in part (b) above ?

**Shri Gurmail Singh** : (a) A copy of the present Schedule of Rates is laid on the Table of the House.

(b) From 1st January, 1976.

(c) A copy of the Schedule of rates before 1st January, 1976 is laid on the Table of the House.

**Schedule of subscription of "Punjab Government Gazette" operative before 1st January, 1976**

| Part | | Yearly |
|---|---|---|
| | | Rs. P. |
| I | .. | 24.00 |
| I-A | .. | 8.00 |
| I-B | .. | 8.00 |
| II | .. | 20.00 |

Original with;
Punjab Vidhan Sabha
Digitized by;
Panjab Digital Library

| Part | | Yearly |
|---|---|---|
| III | .. | 12.00 |
| III—A | .. | 8.00 |
| III—B | .. | 8.00 |
| IV | .. | 8.00 |
| V | .. | 8.00 |
| Legislative Supplement | .. | 12.00 |
| Supplement-I | .. | 12.00 |
| Supplement-II | .. | 8.00 |
| Complete Copy | .. | 88.00 |

**Schedule of Rate of subscription of "Punjab Government Gazette" operative from 1st January, 1976**

| Part | | Yearly |
|---|---|---|
| | | Rs. P. |
| I | .. | 36.00 |
| I-A | .. | 12.00 |
| I-B | .. | 12.00 |
| II | .. | 30.00 |
| III | .. | 18.00 |
| III-A | .. | 12.00 |
| III-B | .. | 12.00 |
| IV | .. | 12.00 |
| V | .. | 12.00 |
| Legislative Supplement | .. | 18.00 |
| Supplement—I | .. | 18.00 |
| Supplement—II | .. | 12.00 |
| Complete Copy | .. | 132.00 |

**ਕਾਮਰੇਡ ਸੱਤ ਪਾਲ ਡਾਂਗ** : ਕੀ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਕਾਗਜ਼ਾਂ ਦੇ ਜਿਹੜੇ ਰੇਟ ਹਨ ਇਹ ਕਈ ਗੁਣਾ ਕਿਉਂ ਵਧਾ ਦਿੱਤੇ ਹਨ ਜਦੋਂ ਕਿ ਕਾਗਜ਼ ਤਾਂ ਸੁਣਿਆ ਹੈ ਕਿ ਅਗੇ ਨਾਲੋਂ ਵੀ ਸੱਸਤਾ ਹੋ ਗਿਆ ਹੈ ?

Original with;
Punjab Vidhan Sabha
Digitized by;
Panjab Digital Library

**ਵਿਦਿਆ ਮੰਤਰੀ**: ਸਪੀਕਰ ਸਾਹਿਬ, ਪਹਿਲਾਂ ਜਿਹੜਾ ਰੇਟ ਸੀ ਇਹ ਵਧਾ ਦਿੱਤਾ ਗਿਆ ਸੀ। ਇਹ ਵਾਧਾ ਕੀਤਾ ਗਿਆ ਸੀ 1 ਅਕਤੂਬਰ, 1975 ਤੋਂ। ਦੂਜੀ ਵਾਰ ਪਹਿਲੀ ਜਨਵਰੀ, 1976 ਤੋਂ ਵਾਧਾ ਕੀਤਾ ਗਿਆ ਸੀ। ਉਹ ਇਸ ਕਰਕੇ ਕਿ ਇਕ ਤਾਂ ਵੇਜਿਜ਼ ਵੱਧ ਗਈਆਂ ਸਨ, ਇਸ ਤੋਂ ਇਲਾਵਾ ਬਿਜਲੀ ਦੇ ਰੇਟਸ ਵੀ ਵਧੇ ਹਨ ਅੌਰ ਤੀਸਰਾ ਪੇਪਰ ਦਾ ਜੋ ਪ੍ਰਿੰਟਿੰਗ ਸੀ ਉਹ ਵੱਧ ਸੀ। ਇਸ ਕਰਕੇ ਉਸ ਦੇ ਮੁਤਾਬਿਕ ਹੀ ਰੇਟਸ ਦੇ ਵਿਚ ਵਾਧਾ ਕੀਤਾ ਗਿਆ ਸੀ। ਵੈਸੇ ਇਸ ਦੇ ਵਿਚੋਂ ਕੋਈ ਮੁਨਾਫਾ ਨਹੀਂ ਲੈ ਰਹੇ, ਜੋ ਐਕਚੂਅਲ ਕਾਸਟ ਆਫ਼ ਪ੍ਰੋਡਕਸ਼ਨ ਹੈ, ਉਹ ਹੀ ਕੀਮਤ ਲਈ ਜਾਂਦੀ ਹੈ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਵੇਜਿਜ਼ ਵੱਧ ਗਈਆਂ, ਤਨਖਾਹਾਂ ਵੱਧ ਗਈਆਂ ਹਨ, ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਾਗਜ਼ ਦੇ ਰੇਟ ਯਕਮ ਜਨਵਰੀ, 1976 ਨੂੰ ਦੋ ਗੁਣਾ ਵਧਾ ਦਿੱਤੇ ਗਏ। ਫਿਰ ਇਹ ਮੁਲਾਜ਼ਮਾਂ ਦਾ ਨਾਮ ਲੈਂਦੇ ਹਨ। ਸਪੀਕਰ ਸਾਹਿਬ, ਸਰਕਾਰ ਪੰਜ ਕਿਸ਼ਤਾਂ ਡੀ. ਏ. ਦੀਆਂ ਦੇਣ ਲਈ ਕਮਿੱਟਿਡ ਸੀ ਪਰ ਦਿੱਤੀਆਂ ਹਨ ਸਿਰਫ ਦੋ। ਇਸ ਲਈ ਕੀ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਕਿਤਨਾ ਇਸ ਗਜ਼ਿਟ ਵਿਚੋਂ ਮੁਨਾਫਾ ਲੈਂਦੇ ਹਨ ?

**ਮੰਤਰੀ** : ਸਪੀਕਰ ਸਾਹਿਬ, ਮੁਲਾਜ਼ਮਾਂ ਨੂੰ ਜੋ ਦਿੱਤਾ ਗਿਆ ਹੈ, ਉਹ ਇਨ੍ਹਾਂ ਨੂੰ ਵੀ ਪਤਾ ਹੈ ਤੇ ਮੈਨੂੰ ਵੀ ਪਤਾ ਹੈ। ਬਾਕੀ ਬਿਜਲੀ ਦੇ ਰੇਟਸ ਵਧੇ ਹਨ। ਉਹ ਸਾਰੇ ਪੰਜਾਬ ਵਿਚ ਵਧੇ ਹਨ ਇਹ ਤਾਂ ਨਹੀਂ ਹੈ ਕਿ ਪ੍ਰੈਸ ਵਾਲਿਆਂ ਨੂੰ ਕੋਈ ਬਿਜਲੀ ਸਸਤੀ ਮਿਲਦੀ ਸੀ। ਤੀਸਰੀ ਗੱਲ ਇਹ ਹੈ ਕਿ ਮੁਨਾਫਾ ਕੋਈ ਨਹੀਂ ਕਮਾਇਆ ਜਾਂਦਾ। ਉਸ ਦੀ ਜੋ ਕਾਸਟ ਆਉਂਦੀ ਹੈ, ਉਹ ਹੀ ਲਈ ਜਾਂਦੀ ਹੈ।

---

**ਹੁਸ਼ਿਆਰਪੁਰ ਜ਼ਿਲ੍ਹੇ ਵਿਚ ਪਿੰਡ ਬੁਲੋਵਾਲ ਤੋਂ ਖਾਨਪੁਰ ਸਾਹੋਤੇ ਤੱਕ ਸੜਕ ਬਣਾਉਣਾ**

*3507. **ਸਰਦਾਰ ਦਿਲਬਾਗ ਸਿੰਘ** : ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਪਿੰਡ ਬੁਲੋਵਾਲ ਤੋਂ ਖਾਨਪੁਰ ਸਾਹੋਤੇ ਤੱਕ ਮਨਜ਼ੂਰ ਸ਼ੁਦਾ ਸੜਕ ਬਣ ਚੁੱਕੀ ਹੈ; ਜੇਕਰ ਨਹੀਂ, ਤਾਂ ਇਸ ਦੇ ਕਦੋਂ ਤੱਕ ਬਣ ਜਾਣ ਦੀ ਸੰਭਾਵਨਾ ਹੈ ;

(ਅ) ਕੀ ਸਰਕਾਰ ਉਕਤ ਸੜਕ ਤੇ ਦੂਜੀ ਵਾਰ ਲੁੱਕ ਵਿਛਾਉਣ ਦਾ ਵਿਚਾਰ ਰਖਦੀ ਹੈ ; ਜੇ ਕਰ ਨਹੀਂ , ਤਾਂ ਇਸ ਦੇ ਕੀ ਕਾਰਨ ਹਨ ?

**ਸ੍ਰੀ ਜੋਗਿੰਦਰ ਪਾਲ ਪਾਂਡੇ** : (ੳ) ਇਸ ਸੜਕ ਦੀ 5 ਕਿ. ਮੀ. ਦੀ ਲੰਬਾਈ ਤੇ ਸਰਫੇਸਿੰਗ ਪੇਂਟਿੰਗ ਦਾ ਕੰਮ ਹੋ ਚੁਕਿਆ ਹੈ। ਇਸ ਦੀ ਕੁਲ ਲੰਬਾਈ 7 ਕਿ. ਮੀ. ਹੈ ਬਾਕੀ ਰਹਿੰਦੇ ਟੋਟੇ ਤੇ ਕੰਮ ਪ੍ਰਗਤੀ ਵਿਚ ਹੈ। ਇਸ ਸੜਕ ਨੂੰ ਮਾਰਚ 1976 ਤੀਕ ਮੈਟਲਡ ਕਰ ਦੇਣ ਦੀ ਆਸ ਹੈ।

(ਅ) ਜੀ ਹਾਂ। ਦੂਜੀ ਵਾਰ ਲੁਕ ਪਾਉਣ ਦਾ ਕੰਮ ਅਗਲੇ ਮਾਲੀ ਸਾਲ ਵਿਚ ਕੀਤਾ ਜਾਵੇਗਾ।

Original with; Punjab Vidhan Sabha Digitized by; Panjab Digital Library

STARRED QUESTION No. 3513

(This question was not put since the hon. Member concerned was not present in the House.)

**Mr. Speaker :** Question hour is over.

## UNSTARRED QUESTIONS AND ANSWERS

UNSTARRED QUESTION No. 1050

(ਇਸ ਪ੍ਰਸ਼ਨ ਨੂੰ ਪਿਛੇ ਪਾਉਣ ਲਈ ਬੇਨਤੀ ਕੀਤੀ ਗਈ)

ਵਿਸ਼ਾ : ਵਿਧਾਨ ਸਭਾ ਤਾਰਾ ਰਹਿਤ ਪ੍ਰਸ਼ਨ ਨੰਬਰ 1050 ਸ੍ਰੀ ਸਰਦਾਰੀ ਲਾਲ ਕਪੂਰ ਐਮ. ਐਲ. ਏ. ਵਲੋਂ ਰਾਜ ਵਿਚ ਅਪਗਰੇਡ ਕੀਤੇ ਗਏ ਸਕੂਲਾਂ ਬਾਰੇ ।

ਸਭਾ ਦਾ ਸਵਾਲ ਨੰ: 1050 ਜੋ ਮਿਤੀ 27 ਜਨਵਰੀ, 1976 ਲਈ ਅਨਸਟਾਰਡ ਸਵਾਲਾਂ ਦੀ ਸੂਚੀ ਵਿਚ ਸ੍ਰੀ ਸਰਦਾਰੀ ਲਾਲ ਕਪੂਰ, ਐਮ. ਐਲ. ਏ. ਦੇ ਵਲੋਂ/ਨਾਂ ਹੇਠ ਦਰਜ਼ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ ।

ਸਬੰਧਤ ਸੂਚਨਾ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿੱਤਾ ਜਾਵੇਗਾ ।

ਸਹੀ..

(ਗੁਰਮੇਲ ਸਿੰਘ)

ਸਕੱਤਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

ਗ: ਸ: ਪ: ਨੰ: 726-5 ਜਿ III-76/ ਮਿਤੀ ਚੰਡੀਗੜ੍ਹ, 22-1-1976

### ਰਾਜ ਵਿਚ ਸੜਕ ਦੁਰਘਟਨਾਵਾਂ

1052. **ਸ੍ਰੀ ਸਰਦਾਰੀ ਲਾਲ ਕਪੂਰ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦਸਣਗੇ ਕਿ—

(ੳ) ਰਾਜ ਵਿਚ ਪਹਿਲੀ ਜਨਵਰੀ, 1975 ਤੋਂ ਅੱਜ ਤਕ ਦੇ ਦੌਰਾਨ ਪ੍ਰਾਈਵੇਟ ਬੱਸਾਂ ਅਤੇ ਸਰਕਾਰੀ ਬੱਸਾਂ ਦੀਆਂ ਕੁਲ ਕਿੰਨੀਆਂ ਸੜਕ ਦੁਰਘਟਨਾਵਾਂ ਹੋਈਆਂ ਅਤੇ ਇਨ੍ਹਾਂ ਦੁਆਰਾ ਕਿੰਨੇ ਕਿੰਨੇ ਵਿਅੱਕਤੀ ਮਰੇ ਅਤੇ ਜ਼ਖਮੀ ਹੋਏ ;

(ਅ) ਇਨ੍ਹਾਂ ਦੁਰਘਟਨਾਵਾਂ ਦੇ ਆਮ ਕਾਰਨ ਕੀ ਸਨ ਅਤੇ ਅੱਗੇ ਤੋਂ ਅਜਿਹੀਆਂ ਦੁਰਘਟਨਾਵਾਂ ਨੂੰ ਰੋਕਣ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਜਾ ਰਹੀ ਹੈ ?

Original with;
Punjab Vidhan Sabha
Digitized by;
Panjab Digital Library

**ਗਿਆਨੀ ਜ਼ੈਲ ਸਿੰਘ :** (ੳ) 1 ਜਨਵਰੀ, 1975 ਤੋਂ 15 ਜਨਵਰੀ, 1976 ਤਕ ਪ੍ਰਾਈਵੇਟ ਬੱਸਾਂ ਅਤੇ ਸਰਕਾਰੀ ਬੱਸਾਂ ਦੀਆਂ ਕ੍ਰਮਵਾਰ 63 ਅਤੇ 118 ਦੁਰਘਟਨਾਵਾਂ ਹੋਈਆਂ। ਪ੍ਰਾਈਵੇਟ ਬੱਸਾਂ ਦੀਆਂ ਦੁਰਘਟਨਾਵਾਂ ਵਿਚ 41 ਵਿੱਅਕਤੀ ਮਰੇ ਅਤੇ 42 ਵਿਅਕਤੀ ਜ਼ਖਮੀ ਹੋਏ ਜਦ ਕਿ ਸਰਕਾਰੀ ਬੱਸਾਂ ਦੀਆਂ ਦੁਰਘਟਨਾਵਾਂ ਵਿਚ 67 ਵਿਅੱਕਤੀ ਮਰੇ ਅਤੇ 148 ਜਖਮੀ ਹੋਏ ।

(ਅ) ਆਮ ਤੌਰ ਤੇ ਇਨ੍ਹਾਂ ਘਟਨਾਵਾਂ ਦੇ ਕਾਰਨ ਹੇਠ ਲਿਖੇ ਪ੍ਰਕਾਰ ਸਨ—

1. ਤੇਜ਼ ਰਫਤਾਰ ਨਾਲ ਗੱਡੀ ਚਲਾਉਣੀ।
2. ਖਤਰਨਾਕ ਹਾਲਤ ਵਿਚ ਗੱਡੀ ਚਲਾਉਣੀ
3. ਰਾਤ ਨੂੰ 'ਡਿਪਰ' ਦੀ ਵਰਤੋਂ ਨਾ ਕਰਨੀ
4. ਗੱਡੀਆਂ ਦੀ ਓਵਰ ਲੋਡਿੰਗ ਕਰਨੀ
5. ਸ਼ਰਾਬ ਪੀਕੇ ਗੱਡੀ ਚਲਾਉਣੀ
6. ਆਮ ਜਨਤਾ ਵਿਚ ਟਰੈਫਿਕ ਨਿਯਮਾਂ ਦੀ ਜਾਣਕਾਰੀ ਦੀ ਘਾਟ ।

ਅਜਿਹੀਆਂ ਦੁਰਘਟਨਾਵਾਂ ਨੂੰ ਰੋਕਣ ਲਈ ਸਰਕਾਰ ਵਲੋਂ ਨਿਮਨਲਿਖਤ ਕਾਰਵਾਈ ਕੀਤੀ ਜਾ ਰਹੀ ਹੈ :

1. ਕਸੂਰਵਾਰ ਡਰਾਈਵਰਾਂ ਦੇ ਵਿਰੁੱਧ ਢੁਕਵੀ ਕਾਨੂੰਨੀ ਕਾਰਵਾਈ ਕੀਤੀ ਜਾਂਦੀ ਹੈ ।
2. ਪ੍ਰਾਈਮਰੀ ਸਕੂਲ ਦੇ ਬੱਚਿਆਂ ਨੂੰ ਰਾਜ ਦੇ ਟ੍ਰੈਫਿਕ ਵਿਭਾਗ ਵਲੋਂ ਸਾਦੀ ਜ਼ਬਾਨ ਵਿਚ ਹਾਦਸਿਆਂ ਤੋਂ ਬਚਣ ਲਈ ਛੋਟੇ ਛੋਟੇ ਟਰੈਫਿਕ ਨਿਯਮਾਂ ਬਾਰੇ ਸਿਖਿਆ ਦਿਤੀ ਜਾਂਦੀ ਹੈ ।
3. ਟਰੱਕ ਅਤੇ ਟੈਕਸੀ ਯੂਨੀਅਨਾਂ ਦੇ ਟਰੱਕ ਅਤੇ ਟੈਕਸੀ ਚਾਲਕਾਂ ਨੂੰ ਰਾਜ ਦੇ ਟ੍ਰੈਫਿਕ ਵਿਭਾਗ ਵਲੋਂ ਸੜਕ ਸੁਰੱਖਿਆ ਦੇ ਨਿਯਮਾਂ ਅਤੇ ਉਪਾਉਆਂ ਬਾਰੇ ਲੈਕਚਰ ਦਿਤੇ ਜਾਂਦੇ ਹਨ ।
4. ਡਾਇਰੈਕਟਰ ਸਟੇਟ ਟਰਾਂਸਪੋਰਟ ਪੰਜਾਬ ਵਲੋਂ ਜ਼ਿਲ੍ਹਾ ਜਲੰਧਰ ਵਿਚ ਇਕ ਸੰਸਥਾ ਖੋਲ੍ਹੀ ਗਈ ਜਿਸ ਵਿਚ ਪੰਜਾਬ ਰੋਡਵੇਜ਼ ਦੇ ਡਰਾਈਵਰਾਂ ਅਤੇ ਕੰਡਕਟਰਾਂ ਨੂੰ ਸੜਕ ਹਾਦਸਿਆਂ ਤੋਂ ਬੱਚਣ ਲਈ ਅਤੇ ਖਤਰੇ ਤੋਂ ਬੱਚ ਕੇ ਗੱਡੀਆਂ ਚਲਾਉਣ ਦੇ ਅਸੂਲਾਂ ਦੀ ਸਿਖਿਆ ਦਿਤੀ ਜਾਂਦੀ ਹੈ ।
5. ਤੇਜ਼ ਰਫਤਾਰ ਗੱਡੀਆਂ ਦੀ ਰਫਤਾਰ ਨਾਪਣ ਲਈ ਇਲੈਕਟ੍ਰਾਨਿਕ ਯੰਤਰ (ਟ੍ਰੈਫਿਕ ਰਡਾਰ ਸਪੀਡ ਇੰਡੀਕੇਟਰ) ਦਾ ਖਰੀਦਣਾ ਵੀ ਸਰਕਾਰ ਦੇ ਵਿਚਾਰ ਅਧੀਨ ਹੈ ।
6. ਸਮੇਂ ਸਮੇਂ ਸਿਰ ਰਾਜ ਦੀ ਟਰੈਫਿਕ ਪੁਲਿਸ ਅਤੇ ਫੌਜ ਦੇ ਅਫਸਰਾਂ ਵਲੋਂ ਮੋਟਰ ਗੱਡੀਆਂ ਦੀ ਸਾਂਝੀ ਚੈਕਿੰਗ ਕੀਤੀ ਜਾਂਦੀ ਹੈ ।

Original with;
Punjab Vidhan Sabha
Digitized by;
Panjab Digital Library

## ਰਾਜ ਵਿਚ ਸੜਕ ਦੁਰਘਟਨਾਵਾਂ

1053. **ਸ੍ਰੀ ਸਰਦਾਰੀ ਲਾਲ ਕਪੂਰ** : ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦਸਣਗੇ ਕਿ—

(ੳ) ਪਹਿਲੀ ਜਨਵਰੀ, 1975 ਤੋਂ ਅੱਜ ਤਕ ਦੇ ਸਮੇਂ ਦੇ ਦੌਰਾਨ ਪ੍ਰਾਈਵੇਟ ਟਰੱਕਾਂ ਅਤੇ ਕਾਰਾਂ ਦੀਆਂ ਕਿੰਨੀਆਂ ਦੁਰਘਟਨਾਵਾਂ ਹੋਈਆਂ ਅਤੇ ਇਨ੍ਹਾਂ ਦੁਆਰਾ ਕਿੰਨੇ ਵਿਅੱਕਤੀ ਜ਼ਖਮੀ ਹੋਏ ਅਤੇ ਮਰੇ ;

(ਅ) ਇਨ੍ਹਾਂ ਦੁਰਘਟਨਾਵਾਂ ਦੇ ਕਾਰਨ ਕੀ ਸਨ ਅਤੇ ਅੱਗੇ ਤੋਂ ਅਜਿਹੀਆਂ ਦੁਰਘਟਨਾਵਾਂ ਦੇ ਮੁੜ ਵਾਪਰਨ ਨੂੰ ਰੋਕਣ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਜਾ ਰਹੀ ਹੈ ?

**ਗਿਆਨੀ ਜ਼ੈਲ ਸਿੰਘ** : ਪਹਿਲੀ ਜਨਵਰੀ, 1975 ਤੋਂ 15 ਜਨਵਰੀ, 1976 ਤਕ ਪ੍ਰਾਈਵੇਟ ਟਰੱਕਾਂ ਅਤੇ ਕਾਰਾਂ ਦੀਆਂ ਕ੍ਰਮਵਾਰ 280 ਅਤੇ 97 ਦੁਰਘਨਾਵਾਂ ਹੋਈਆਂ। ਟਰੱਕਾਂ ਦੀਆਂ ਦੁਰਘਟਨਾਵਾਂ ਵਿਚ 152 ਵਿਅੱਕਤੀ ਮਰੇ ਅਤੇ 259 ਜ਼ਖਮੀ ਹੋਏ ਜਦ ਕਿ ਕਾਰਾਂ ਦੀਆਂ ਦੁਰਘਟਨਾਵਾਂ ਵਿਚ 36 ਵਿੱਅਕਤੀ ਮਰੇ 70 ਵਿਅਕਤੀ ਜ਼ਖਮੀ ਹੋਏ ।

(ਅ) ਮੋਟੇ ਤੌਰ ਤੇ ਇਨ੍ਹਾਂ ਦੁਰਘਟਨਾਵਾਂ ਦੇ ਕਾਰਨ ਹੇਠ ਲਿਖੇ ਪ੍ਰਕਾਰ ਸਨ :—

1. ਤੇਜ਼ ਰਫਤਾਰ ਨਾਲ ਗੱਡੀ ਚਲਾਉਣੀ ।
2, ਖਤਰਨਾਕ ਹਾਲਤ ਵਿਚ ਗੱਡੀ ਚਲਾਉਣਾ ।
3. ਓਵਰ ਲੋਡਿੰਗ ।
4. ਰਾਤ ਨੂੰ 'ਡਿਪਰ' ਦੀ ਵਰਤੋਂ ਨਾ ਕਰਨੀ ।
5. ਸ਼ਰਾਬ ਪੀ ਕੇ ਮੋਟਰ ਗੱਡੀ ਚਲਾਣੀ ।
6. ਆਮ ਜਨਤਾ ਵਿਚ ਟਰੈਫਿਕ ਨਿਯਮਾਂ ਦੀ ਜਾਣਕਾਰੀ ਦੀ ਘਾਟ।

ਅਜਿਹੀਆਂ ਦੁਰਘਟਨਾਵਾਂ ਦੇ ਮੁੜ ਵਾਪਰਨ ਨੂੰ ਰੋਕਣ ਲਈ ਸਰਕਾਰ ਵਲੋਂ ਹੇਠ ਲਿਖੇ ਮੁਤਾਬਕ ਕਾਰਵਾਈ ਕੀਤੀ ਜਾ ਰਹੀ ਹੈ :—

1. ਐਕਟ ਮੋਟਰ ਗੱਡੀਆਂ ਅਤੇ ਪੰਜਾਬ ਮੋਟਰ ਗੱਡੀਆਂ ਨਿਯਮਾਂ ਅਧੀਨ ਪੁਲਿਸ ਕਸੂਰਵਾਰ ਡਰਾਈਵਰਾਂ ਦੇ ਵਿਰੁੱਧ ਹੋਰ ਵਧੇਰੇ ਚੌਕਸ ਹੈ ਅਤੇ ਉਨ੍ਹਾਂ ਵਲੋਂ ਕੀਤੀਆਂ ਜਾ ਰਹੀਆਂ ਮੋਟਰ ਐਕਟ ਅਤੇ ਨਿਯਮਾਂ ਦੀਆਂ ਉਲੰਘਣਾ ਬਾਰੇ ਵਧੇਰੇ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ ।

2. ਸਾਲ 1975 ਵਿਚ ਸਰਕਾਰ ਦੇ ਟਰੈਫਿਕ ਵਿਭਾਗ ਵਲੋਂ 65 ਟਰੱਕ/ਟੈਕਸੀ ਯੂਨੀਅਨਾਂ ਦੇ ਟਰੱਕ/ਟੈਕਸੀ ਚਾਲਕਾਂ ਨੂੰ ਸੜਕ ਸੁਰਖਿਆ ਨਿਯਮਾਂ ਅਤੇ ਉਪਾਉਆਂ ਬਾਰੇ ਲੈਕਚਰ ਦਿਤੇ ਗਏ ਹਨ। ਇਸੀ ਤਰ੍ਹਾਂ ਰਾਜ ਦੇ ਟਰੈਫਿਕ ਵਿਭਾਗ ਵਲੋਂ 10 ਪ੍ਰਾਈਮਰੀ ਸਕੂਲਾਂ ਜੋ ਜਰਨੈਲੀ ਸੜਕਾਂ ਅਤੇ ਰਾਜ ਮਾਰਗਾਂ ਤੇ ਵਾਕਿਆ ਹਨ, ਦੇ ਬੱਚਿਆਂ ਨੂੰ ਇਨ੍ਹਾਂ ਦੁਰਘਟਨਾਵਾਂ ਤੋਂ ਬਚਣ ਲਈ ਛੋਟੇ ਛੋਟੇ ਟਰੈਫਿਕ ਨਿਯਮਾਂ ਬਾਰੇ ਸਿਖਿਆ ਦਿਤੀ ਗਈ ਹੈ । ਇਹ ਕੰਮ ਅੱਗੇ ਲਈ ਵੀ ਜਾਰੀ ਹੈ ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

3. ਡਾਇਰੈਕਟਰ ਸਟੇਟ ਟਰਾਂਸਪੋਰਟ ਪੰਜਾਬ ਵਲੋਂ ਜ਼ਿਲ੍ਹਾ ਜਲੰਧਰ ਵਿਚ ਇਕ ਸੰਸਥਾ ਖੋਲ੍ਹੀ ਗਈ ਹੈ। ਜਿਸ ਵਿਚ ਪੰਜਾਬ ਰੋਡਵੇਜ਼ ਦੇ ਡਰਾਈਵਰਾਂ ਅਤੇ ਕੰਡੈਕਟਰਾਂ ਨੂੰ ਸੜਕ ਦੁਰਘਟਨਾਵਾਂ ਤੋਂ ਬਚਣ ਅਤੇ ਖਤਰੇ ਤੋਂ ਬੱਚ ਕੇ ਗੱਡੀਆਂ ਚਲਾਉਣ ਦੇ ਅਸੂਲਾਂ ਦੀ ਸਿੱਖਿਆ ਦਿੱਤੀ ਜਾਂਦੀ ਹੈ।

4. ਤੇਜ ਰਫਤਾਰ ਗੱਡੀਆਂ ਦੀ ਸਹੀ 2 ਰਫਤਾਰ ਚੈਕ ਕਰਨ ਲਈ ਟਰੈਫਿਕ ਰਡਾਰ ਸਪੀਡ ਇੰਡੀਕੇਟਰ ਦੀ ਖਰੀਦ ਸਰਕਾਰ ਦੇ ਵਿਚਾਰ ਅਧੀਨ ਹੈ।

---

**ਹੁਸ਼ਿਆਰਪੁਰ ਦਸੂਆਂ ਸੜਕ ਤੇ ਚੋਆਂ ਉਤੇ ਪੁਲ਼ ਬਣਾਉਣਾ।**

**1057, ਕਾਮਰੇਡ ਦਾਨਾ ਰਾਮ :** ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਇਸ ਸਮੇਂ ਹੁਸ਼ਿਆਰਪੁਰ ਦਸੂਆ ਸੜਕ ਤੇ ਚੋਆਂ ਉਤੇ ਬਣਾਏ ਗਏ ਪੁਲਾਂ ਦੀ ਗਿਣਤੀ ਅਤੇ ਨਾਂ ਕੀ ਕੀ ਹਨ ;

(ਅ) ਉਕਤ ਸੜਕ ਤੇ ਕਿੰਨੇ ਪੁਲ ਬਣਾਏ ਜਾਣ ਦੀ ਤਜ਼ਵੀਜ਼ ਹੈ ਅਤੇ ਇਹ ਕਦੋਂ ਤਕ ਬਣਾਏ ਜਾਣਗੇ ?

**ਸ੍ਰੀ ਜੁਗਿੰਦਰ ਪਾਲ ਪਾਂਡੇ :** (ੳ) ਇਸ ਸਮੇਂ ਹੁਸ਼ਿਆਰਪੁਰ ਦਸੂਆ ਸੜਕ ਉੱਤੇ ਹੇਠਾਂ ਲਿਖੇ 8 ਚੋਆਂ ਉਤੇ ਪੁਲ ਬਣ ਚੁੱਕੇ ਹਨ :—

(1) ਖਾਨਪੁਰ ਚੋ ਮੀਲ ਨੰ: 2/6

(2) ਭੀਖੋਵਾਲ ਚੋ ਮੀਲ ਨੰ: 6/6

(3) ਗਾਂਗੀਆਂ ਚੋ ਮੀਲ ਨੰ: 24/3

(4) ਮਾਨਗੜ੍ਹ ਚੋ ਮੀਲ ਨੰ: 21/7

(5) ਧੋਬੀ ਚੋ ਮੀਲ ਨੰ: 3/2

(6) ਮੇਹਗੁਰਵਾਰ ਚੋ ਮੀਲ ਨੰ: 3/2

(7) ਹਾਜੀਪੁਰ ਚੋ ਮੀਲ ਨੰ: 10/5

(8) ਕਬੀਰਪੁਰ ਚੋ ਮੀਲ ਨੰ: 12/5

(ਅ) ਇਨ੍ਹਾਂ ਤੋਂ ਇਲਾਵਾ ਹੇਠਾਂ ਲਿਖੇ 2 ਚੋਆਂ ਉਤੇ ਭੀ ਪੁਲ ਮੰਨਜ਼ੂਰ ਕੀਤੇ ਜਾ ਚੁੱਕੇ ਹਨ ਤੇ ਇਹ ਅਗਲੇ ਸਾਲ ਵਿੱਚ ਮੁਕੰਮਲ ਹੋਣ ਦੀ ਆਸ ਹੈ ;

(1) ਨਵੀਂ ਬੱਸੀ ਚੋ ਮੀਲ ਨੰ: 3/6

(2) ਅਰਗੋਵਾਲ ਚੋ ਮੀਲ ਨੰ: 19/6

Original with;
Punjab Vidhan Sabha
Digitized by;
Panjab Digital Library

UNSTARRED QUESTION NO 1058

ਵਿਧਾਨ ਸਭਾ ਦੇ ਸਵਾਲ ਨੰ: 1058 ਜੋ ਮਿਤੀ 27 ਜਨਵਰੀ: 1976 ਲਈ ਬਿਨਾਂ ਨਿਸ਼ਾਨ ਸੁਆਲਾਂ ਦੀ ਸੂਚੀ ਵਿਚ ਕਾਮਰੇਡ ਦਾਨਾ ਰਾਮ, ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ ।

ਸਬੰਧਤ ਸੂਚਨਾ ਜੋ ਇਕੱਤਰ ਕੀਤੀ ਜਾ ਰਹੀ ਹੈ ਦੇ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿੱਤਾ ਜਾਵੇਗਾ ।

ਸਿੰਜਾਈ ਤੇ ਬਿਜਲੀ ਮੰਤਰੀ, ਪੰਜਾਬ ।

ਸੇਵਾ ਵਿਚ

ਸਕੱਤਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

ਗ: ਸ: ਪ: ਨੰ: 36—ਰੈਵਿਊ—ਸਿੰ. ਬਿ (3)—76/ਮਿਤੀ ਚੰਡੀਗੜ੍ਹ 23 ਜਨਵਰੀ, 1976

---

**ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਦਰਿਆ ਬਿਆਸ ਉਤੇ ਪੁਲ ਬਣਾਉਣੇ ।**

1059. **ਕਾਮਰੇਡ ਦਾਨਾ ਰਾਮ** : ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਦਰਿਆ ਬਿਆਸ ਉਤੇ ਕੁੱਝ ਪੁਲ ਬਣਾਉਣ ਦੀ ਤਜਵੀਜ਼ ਹੈ । ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਪੁਲਾਂ ਦੇ ਨਾਂ ਕੀ ਕੀ ਹਨ ਅਤੇ ਉਨ੍ਹਾਂ ਦੇ ਕਿਸ ਸਮੇਂ ਤੱਕ ਬਣ ਜਾਣ ਦੀ ਸੰਭਾਵਨਾ ਹੈ ?

**ਸ਼੍ਰੀ ਜੋਗਿੰਦਰ ਪਾਲ ਪਾਂਡੇ** : ਜੀ ਹਾਂ । ਦਰਿਆ ਬਿਆਸ ਉੱਤੇ ਟਾਂਡਾ ਸ਼੍ਰੀ ਹਰਗੋ-ਬਿੰਦਪੁਰ ਸੜਕ ਵਿਚਕਾਰ ਪੁੱਲ ਬਣਾਉਣ ਦੀ ਤਜਵੀਜ਼ ਹੈ । ਇਸ ਪੁੱਲ ਦੇ ਮੁਕੰਮਲ ਹੋਣ ਬਾਰੇ ਹਾਲ ਦੀ ਘੜੀ ਕੁਝ ਨਹੀਂ ਦੱਸਿਆ ਜਾ ਸਕਦਾ ।

---

**ਰੋਪੜ ਤੋਂ ਟਾਂਡਾ ਬਰਾਸਤਾ ਹੁਸ਼ਿਆਰਪੁਰ ਸੜਕ ਨੂੰ ਕਮੀ ਸ਼ਾਹਰਾਹ ਬਣਾਉਣਾ ।**

1060. **ਕਾਮਰੇਡ ਦਾਨਾ ਰਾਮ** : ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰੋਪੜ ਤੋਂ ਟਾਂਡਾਂ ਬਰਾਸਤਾ ਹੁਸ਼ਿਆਰਪੁਰ ਸੜਕ ਨੂੰ ਕੌਮੀ ਸ਼ਾਹਰਾਹ ਕਰਾਰ ਦਿੱਤਾ ਗਿਆ ਹੈ । ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਚੌੜਾ ਕਰਨ ਅਤੇ ਇਸ ਸੜਕ ਉਤੇ ਆਉਂਦੇ ਚੋਆਂ ਤੇ ਪੁੱਲ ਬਣਾਉਣ ਲਈ ਕੀ ਕਾਰਵਾਈ ਕੀਤੀ ਗਈ ਹੈ ?

**ਸ਼੍ਰੀ ਜੋਗਿੰਦਰ ਪਾਲ ਪਾਂਡੇ** : ਇਹ ਸੜਕ ਕੌਮੀ ਸ਼ਾਹਰਾਹ ਨਹੀਂ ਹੈ ਪਰ ਇਸ ਸੜਕ ਨੂੰ ਚੌੜਾ ਕਰਨ ਦੀ ਸਕੀਮ ਭਾਰਤ ਸਰਕਾਰ ਨੇ ਮੰਨ ਲਈ ਹੈ । ਟਾਂਡਾ ਹੁਸ਼ਿਆਰਪੁਰ,

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਲੋਕ ਕਾਰਜ]

ਗੜ੍ਹਸ਼ੰਕਰ ਬਲਾਚੌਰ ਰੋਪੜ ਹਿੱਸਿਆਂ ਦੇ ਅਨੁਮਾਨ ਭਾਰਤ ਸਰਕਾਰ ਨੇ ਮਨਜ਼ੂਰ ਕਰ ਦਿੱਤੇ ਹਨ । ਹੁਸ਼ਿਆਰਪੁਰ ਗੜ੍ਹਸ਼ੰਕਰ ਅਤੇ ਬਲਾਚੌਰ ਰੋਪੜ ਦੇ ਕੁਝ ਹਿੱਸੇ ਦਾ ਅਨੁਮਾਨ ਵਿਚਾਰ ਅਧੀਨ ਹੈ । ਇਸ ਸੜਕ ਤੇ ਆਉਂਦੇ ਚੋਆ ਤੇ 20 ਪੁਲਾਂ ਦੀ ਤਜਵੀਜ਼ ਹੈ ਇਨ੍ਹਾਂ ਵਿਚੋਂ 11 ਪੁਲਾਂ ਦੇ ਅਨੁਮਾਨ ਭਾਰਤ ਸਰਕਾਰ ਨੇ ਮੰਨਜ਼ੂਰ ਕਰ ਦਿੱਤੇ ਹਨ ਜਿਨ੍ਹਾਂ ਵਿਚੋਂ 7 ਪੁਲਾਂ ਦੀ ਉਸਾਰੀ ਸ਼ੁਰੂ ਹੈ ਤੇ 4 ਪੁਲਾਂ ਦੀ ਉਸਾਰੀ ਫੰਡਜ਼ ਮਿਲਣ ਤੇ ਸ਼ੁਰੂ ਹੋਵੇਗੀ । ਬਾਕੀ 9 ਪੁਲਾਂ ਦੇ ਅਨੁਮਾਨ ਵਿਚਾਰ ਅਧੀਨ ਹਨ ।

---

## EARTH WORK ON DHOOT DOSARKE-DHOLBAHA ROAD

**1061. Comrade Dana Ram** : Will the Minister of State for Development be pleased to state whether it is a fact that earth work on Dhoot Dosarke-Dholbaha Road in Hoshiarpur District was done by the Zila Parishad through its bull-dozer ; if so the cost of this earth work ?

**Sardar Santokh Singh Randhawa** : It is a fact that earth work on Dhoot-Dosarke Dholbaha Road in Hoshiarpur district was done by the Zila Parishad through its Bull-dozer. The cost of this earth work works out to be Rs. 3,680.

---

## ਸਿਵਲ ਸਪਲਾਈਜ਼ ਕਾਰਪੋਰੇਸ਼ਨ

**1062. ਸ੍ਰੀ ਸਰਦਾਰੀ ਲਾਲ ਕਪੂਰ** : ਕੀ ਖੁਰਾਕ ਅਤੇ ਸਪਲਾਈਜ਼ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਿਟਡ ਨੇ ਇਸ ਦੇ ਬਣਨ ਤੋਂ ਬਾਅਦ ਸਾਲ ਵਾਰ ਕਿੰਨੀ ਕਿੰਨੀ ਕਣਕ ਅਤੇ ਹੋਰ ਵਸਤੂਆਂ ਖਰੀਦੀਆਂ ਹਨ ?

**ਸਰਦਾਰ ਗੁਰਦਰਸ਼ਨ ਸਿੰਘ** : ਲੋੜੀਂਦੀ ਸੂਚਨਾ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

Original with;
Punjab Vidhan Sabha
Digitized by;
Panjab Digital Library

ਪੰਜਾਬ ਸਟੇਟ ਸਿਵਿਲ ਸਪਲਾਈਜ਼ ਕਾਰਪੋਰੇਸ਼ਨ ਦੇ ਹੋਂਦ ਵਿੱਚ ਆਉਣ ਤੇ ਕਣਕ ਅਤੇ ਹੋਰ ਵਸਤੂਆਂ ਦੀ ਖਰੀਦ ਕੀਤੀ ਮਾਤਰਾਂ ਦੀ ਸਾਲਵਾਰ ਸੂਚੀ ।

| ਲੜੀ ਨੰ: | ਵਸਤੂ ਦਾ ਨਾਂ | 1974-75 ਵਿੱਚ ਕੀਤੀ ਖਰੀਦ ਦੀ ਮਿਕਦਾਰ | 1975-76 ਵਿੱਚ ਕੀਤੀ ਖਰੀਦ ਦੀ ਮਿਕਦਾਰ । (31-12-75 ਤੱਕ) |
|---|---|---|---|
| 1. | ਕੁਮਰਸ਼ੀਅਲ ਕਣਕ | 4416033 ਕਵਿੰਟਲ | — |
| 2. | ਸੈਂਟਰ ਪੂਲ ਦੀ ਕਣਕ | 1467077 ,, | 4667040 ਕਵਿੰਟਲ |
| 3. | ਚਾਵਲ | 570579 ,, | 231954 ,, |
| 4. | ਛੋਲੇ | 17292 ,, | 37552 ,, |
| 5. | ਮੂੰਗੀ | 19352 ,, | 1500 ,, |
| 6. | ਮਾਂਹ | 14344 ,, | 4400 ,, |
| 7. | ਰਾਜ ਮਾਂਹ ਚਿਤਰਾ | — ,, | 2000 ,, |
| 8. | ਚੀਨੀ | 355212 ,, | 424148 ,, |
| 9. | ਬਨਾਸਪਤੀ ਘੀ | 8700 ,, | 1010 ,, |
| 10. | ਵਾਸ਼ਰੀ ਕੋਲਾ | 240350 ,, | 28610 ,, |
| 11. | ਖੰਡਸਾਰੀ | 1650 ,, | 4811 ,, |
| 12. | ਕੰਟਰੋਲਡ ਕਪੜਾ | — ,, | 804944 ਮੀਟਰ |
| 13. | ਆਟਾ | — ,, | 11663 ਕਵਿੰਟਲ |
| 14 | ਗੁੜ | — ,, | 63 ,, |
| 15. | ਮੱਕੀ | 136837 ,, | 49774 ,, |

## QUESTION OF PRIVILEGE

**Mr. Speaker** : Today I have received a notice of Privilege Motion from Comrade Raj Kumar M.L.A. wherein he has stated that a letter addressed by him to a senior Officer of Punjab Education Board has not been properly replied to by the Officer under his own signatures. I am writing to the Minister for Education to clarify the position. On receipt of clarification I will examine the whole matter and give my ruling.

Original with;
Punjab Vidhan Sabha
Digitized by;
Panjab Digital Library

## CALL ATTENTION NOTICES UNDER RULE 66

(Serial No. 28)

**Comrade Raj Kumar** . Sir, I beg to draw the attention of the Government towards a matter of urgent public importance, namely, ever growing unrest among marginal farmers of the State on account of decision of the Punjab State Electricity Board to charge Rs. 1000 in addition to security amount for installation of new tubewell connections. Resentment against this decision of PSEB is particularly intense in border areas and districts hit by floods in months of July to September, 1975. Imposition of this condition has led to a situation in which marginal and small farmers on border cannot make use of benefit of rural electrification schemes. Crores of Rupees spent on construction of lines under R.E.C. Scheme are threatened to go waste.

In view of the obvious and urgent importance of the matter the Minister of Irrigation and Power may be asked to make a statement in the House.

**Mr. Speaker** : Admitted. The Minister concerned may please make a statement.

(Serial No. 29)

**Comrade Raj Kumar**: Sir, I beg to draw the attention of the Government towards a matter of urgent public importance, namely, acute resentment among farmers of the State over faulty supply of State subsidized wheat seed through agency of the agricultural department. Wheat which farmers have been issued is not seed but ordinary wheat meant for domestic consumption. It could not be used for Rabi-sowing, hence people had to fall back upon making market purchase at higher cost.

In view of the obvious importance of the matter Government may be asked to make a statement in the House.

**Mr. Speaker**: Admitted. The Minister concerned may please make a statement.

( ਕ੍ਰਮ ਨੰ: 30 )

**ਕਾਮਰੇਡ ਅਰਜਨ ਸਿੰਘ ਮਸਤਾਨਾ**
**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼**
**ਕਾਮਰੇਡ ਮਹਿਤਾਬ ਸਿੰਘ ਨੋਕੇਰੀਆਂ**
**ਕਾਮਰੇਡ ਸੱਘੜ ਸਿੰਘ**
: ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ

ਅਰਥਾਤ, ਬਿਜਲੀ ਦੇ ਰੇਟਾਂ ਵਿਚ, ਵਿਸ਼ੇਸ਼ ਕਰਕੇ ਟਿਊਬਵੈਲਾਂ ਦੇ ਫਲੈਟ ਤੇ ਸਰਕਾਰੀ ਰੇਟਾਂ ਵਿਚ ਪਿਛਲੇ ਇਕ ਸਾਲ ਵਿਚ ਤੀਹਰੇ ਵਾਧੇ ਨਾਲ ਪੰਜਾਬ ਦੇ ਕਿਸਾਨਾਂ ਵਿਚ ਹਾਹਾ-ਕਾਰ ਮਚੀ ਹੋਈ ਹੈ ਇਹ ਵਾਧਾ ਉਨ੍ਹਾਂ ਨੂੰ ਹੋਰ ਭੀ ਦੁਖਾ ਰਿਹਾ ਹੈ ਕਿ ਕਿਸਾਨਾਂ ਨੂੰ ਉਨ੍ਹਾਂ ਦੀਆਂ ਸੌਣੀ ਦੀਆਂ ਫ਼ਸਲਾਂ ਕਪਾਹ ਆਲੂ ਆਦਿ ਦੇ ਉਚਿਤ ਭਾਅ ਵੀ ਨਹੀਂ ਮਿਲ ਸਕੇ। ਇਸ ਕਾਰਨ ਕਿਸਾਨ ਘਰਾਣਿਆਂ ਉਤੇ ਮਾਰੂ ਪ੍ਰਭਾਵ ਪਿਆ ਹੈ। ਮਾਮਲੇ ਦੀ ਮਹੱਤਤਾ ਨੂੰ ਸਾਹਮਣੇ ਰੱਖਦਿਆਂ ਸਰਕਾਰ ਨੂੰ ਬਿਆਨ ਦੇਣ ਲਈ ਕਿਹਾ ਜਾਵੇ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ**: ਪ੍ਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ।

( ਕ੍ਰਮ ਨੰ: 39 )

**ਸਰਦਾਰ ਸੁਖਦੇਵ ਸਿੰਘ ਢੀਂਡਸਾ**: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ, ਪੰਜਾਬ ਵਿਚ ਬੇਸ਼ੁਮਾਰ ਬੋਗਸ ਟਰੈਵਲ ਏਜੰਸੀਆਂ ਭੋਲੇ ਭਾਲੇ ਬੇਰੁਜ਼ਗਾਰ ਨੌਜਵਾਨਾਂ ਨੂੰ ਬਦੇਸ਼ਾਂ ਵਿਚ ਜਿਹਾ ਕਿ ਗਰੀਸ, ਪੱਛਮੀ ਜਰਮਨੀ, ਕਵੈਤ, ਆਬੂ ਧਾਬੀ ਆਦਿ ਪੱਛਮੀ ਖਾੜੀ ਤੇ ਅਫਰੀਕੀ ਦੇਸ਼ਾਂ ਵਿਚ ਰੁਜ਼ਗਾਰ ਦਿਵਾਉਣ ਦੇ ਬਹਾਨੇ ਲੱਖਾਂ ਰੁਪਏ ਠੱਗ ਰਹੀਆਂ ਹਨ ਤੇ ਬੇਸੁਮਾਰ ਬੇਰੁਜ਼ਗਾਰ ਨੌਜਵਾਨ ਬਦੇਸ਼ਾਂ ਵਿਚ ਜਾਣ ਦੇ ਝਾਂਸੇ ਵਿਚ ਆਕੇ ਤੇ ਰੁਪਿਆ ਫਸਵਾ ਕੇ ਮਾਯੂਸ ਦੇਸ਼ ਪਰਤ ਆਏ ਹਨ। ਇਨ੍ਹਾਂ ਏਜੰਸੀਆਂ ਦੀਆਂ ਇਹ ਕਾਰਵਾਈਆਂ ਦਿਨ ਦਿਹਾੜੇ ਲੋਕਾਂ ਨਾਲ ਠੱਗੀ ਤੇ ਸਮਾਜ ਵਿਰੋਧੀ ਹਨ। ਇਨ੍ਹਾਂ ਕਾਰਵਾਈਆਂ ਨਾਲ ਲੋਕਾਂ ਵਿੱਚ ਬੜੀ ਬੇਚੈਨੀ ਹੈ। ਸਰਕਾਰ ਇਸ ਬਾਰੇ ਤੁਰਤ ਕਰੜੀ ਕਾਰਵਾਈ ਕਰਕੇ ਸਦਨ ਨੂੰ ਜਾਣੂ ਕਰੇ।

**ਸ਼੍ਰੀ ਸਪੀਕਰ**: ਪਰਵਾਨ ਕੀਤਾ ਜਾਂਦਾ ਹੈ, ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ:

## STATEMENTS LAID ON THE TABLE OF THE HOUSE IN REPLY TO CALL ATTENTION NOTICES

**Chief Parliamentary Secretary** (Sardar Gurcharan Singh Nihal-Singhwala): Sir, I beg to lay on the Table of the House replies to Call Attention Notices Nos. 8, 11 and 16.

(Serial No. 8.7

**Comrade Satya Pal Dang**: Sir, I beg, to draw the attention of the Government towards a matter of urgent public importance, namely, that even in Emergency when working class is doing all it can to maintain and even increase production, many employers of Amritsar and elsewhere continue to resort to closures, retrenchments and lay offs. In Amritsar, one of the biggest woollen textiles units in the State, namely M/s. Essma Textiles (P) Ltd., has been closed down in the month of January, 1976. There are other instances too.

These closures, retrenchments and lay offs have caused much industrial unrest, tension and discontentment in the working class of the State.

In view of the obvious and urgent importance of the matter, the Government may please be asked to make a statement in the House.

**ਸ਼੍ਰੀ ਹੰਸ ਰਾਜ ਸ਼ਰਮਾ** (ਵਿੱਤ ਮੰਤਰੀ): ਦੇਸ਼ ਵਿਚ ਹੰਗਾਮੀ ਹਾਲਤ ਦਾ ਐਲਾਨ ਹੋਣ ਉਪਰੰਤ ਇਹ ਵੇਖਣ ਵਿਚ ਆਇਆ ਹੈ ਕਿ ਰਾਜ ਵਿਚ ਕਾਰਖਾਨਿਆਂ ਦੇ ਪ੍ਰਬੰਧਕਾਂ ਅਤੇ ਕਿਰਤੀਆਂ ਨੇ ਬਹੁਤ ਫਰਜ਼ ਸ਼ਨਾਸੀ ਨਾਲ ਕੰਮ ਲਿਆ ਅਤੇ ਕਾਫੀ ਘੱਟ ਗਿਣਤੀ ਵਿਚ 'ਲਾਕ ਆਊਟ', 'ਕਲੋਜ਼ਰ' ਅਤੇ 'ਹੜਤਾਲਾਂ' ਕੀਤੀਆਂ ਜੋ ਕਿ ਨਜ਼ਰ ਅੰਦਾਜ਼ ਕਰਨ ਯੋਗ ਹਨ।

Original with;
Punjab Vidhan Sabha
Digitized by;
Panjab Digital Library

[ ਵਿੱਤ ਮੰਤਰੀ]

ਚੂੰਕਿ ਅਜਿਹੇ ਕੇਸ ਬਹੁਤ ਮਾਮੂਲੀ ਨੇਚਰ ਦੇ ਸਨ ਇਸ ਲਈ ਵਿਭਾਗ ਵੱਲੋਂ ਪ੍ਰਬੰਧਕਾਂ ਤੇ ਕਿਰਤੀਆਂ ਦੀਆਂ ਯੂਨੀਅਨਾਂ ਨੂੰ ਆਪਣੇ ਝਗੜੇ, ਸੁਲਾਹ ਸਫਾਈ ਨਾਲ ਨਜਿਠਣ ਲਈ ਪ੍ਰੇਰਨਾ ਦਿੱਤੀ ਜਾਂਦੀ ਰਹੀ ਹੈ ।

ਜਿਥੋਂ ਤੱਕ ਮੈਸ: ਐਸਮਾ ਟੈਕਸਟਾਈਲਜ਼ (ਪ.) ਲਿਮੇਟਡ ਦਾ ਸਬੰਧ ਹੈ ਇਸ ਅਦਾਰੇ ਵਿਚ ਵੂਲਨ ਟੈਕਸਟਾਇਲਜ਼ ਦਾ ਕੰਮ ਹੁੰਦਾ ਹੈ ਜੋ ਕਿ ਇਕ ਮੌਸਮੀ ਕੰਮ ਹੈ ਅਤੇ ਪ੍ਰਬੰਧਕ ਕਿਰਤੀਆਂ ਨੂੰ ਕੇਵਲ ਮਿੱਥੇ ਹੋਏ ਸਮੇਂ ਲਈ ਹੀ ਕੱਚੇ ਤੌਰ ਤੇ ਨਿਯੁਕਤ ਕਰਦੇ ਹਨ ਅਤੇ ਕੰਮ ਦਾ ਸੀਜ਼ਨ ਖਤਮ ਹੋਣ ਉਪਰੰਤ ਕਿਰਤੀਆਂ ਦੀ ਛਾਂਟੀ ਕਰ ਦਿੱਤੀ ਜਾਂਦੀ ਹੈ । ਆਮ ਤੌਰ ਤੇ ਹਰ ਸਾਲ ਹੀ ਇਸ ਤਰ੍ਹਾਂ ਕੀਤਾ ਜਾਂਦਾ ਹੈ ਜੋ ਕਿ ਨਾ ਕੇਵਲ ਇਸ ਫੈਕਟਰੀ ਵਿਚ ਹੁੰਦਾ ਹੈ ਬਲਕਿ ਦੂਸਰੇ ਅਜਿਹੇ ਕਾਰਖਾਨਿਆਂ ਵਿਚ ਵੀ ਇਸੇ ਤਰ੍ਹਾਂ ਹੀ ਹੁੰਦਾ ਹੈ ।

ਇਥੇ ਇਹ ਦਸਿਆ ਜਾਂਦਾ ਹੈ ਕਿ ਤਾਲਾ ਬੰਦੀ, ਬੰਦ ਤੇ ਲੇ-ਆਫ ਆਦਿ ਬਾਰੇ ਕੇਂਦਰੀ ਕਾਨੂੰਨ ਬਣਾਇਆ ਜਾ ਰਿਹਾ ਹੈ ।

---

(ਕ੍ਰਮ ਨੰ : 11)

**ਸਰਦਾਰ ਪ੍ਰਿਹਿਲਾਦ ਸਿੰਘ** : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ, ਅਰਥਾਤ ਤਹਿਸੀਲ ਸਮਰਾਲਾ ਦੇ ਗੰਨਾ ਉਤਪਾਦਕਾਂ ਦੇ ਹਿੱਸੇ ਕੋਆਪਰੇਟਿਵ ਸ਼ੂਗਰ ਮਿਲ ਮੋਰਿੰਡਾ ਵਿਚ ਹਨ ਪਰ ਉਨ੍ਹਾਂ ਨੂੰ ਇਸ ਸਾਲ ਇਸ ਮਿੱਲ ਵਿਚ ਗੰਨਾ ਸਪਲਾਈ ਕਰਨ ਦੀ ਆਗਿਆ ਨਹੀਂ ਮਿਲੀ। ਇਸ ਕਾਰਨ ਇਲਾਕੇ ਦੇ ਲੋਕਾਂ ਵਿਚ ਬੜੀ ਚਿੰਤਾ ਪਾਈ ਜਾਂਦੀ ਹੈ। ਸਰਕਾਰ ਸਦਨ ਵਿਚ ਬਿਆਨ ਦੇਣ ਦੀ ਖੇਚਲ ਕਰੇ ਤਾਂ ਕਿ ਲੋਕਾਂ ਦੀ ਮਯੂਸੀ ਦੂਰ ਹੋ ਸਕੇ ।

**ਮਾਸਟਰ ਗੁਰਬੰਤਾ ਸਿੰਘ (ਖੇਤੀ ਬਾੜੀ ਤੇ ਵਣ ਮੰਤਰੀ)** : ਇਸ ਮਾਮਲੇ ਬਾਰੇ ਜਨਰਲ ਮੈਨੇਜਰ, ਮੋਰਿੰਡਾ ਕੋ-ਆਪ੍ਰੇਟਿਵ ਸ਼ੂਗਰ ਮਿਲ, ਮੋਰਿੰਡਾ ਕੋਲੋਂ ਪੁਛ ਗਿੱਛ ਕਰਨ ਤੇ ਉਨ੍ਹਾਂ ਦਸਿਆ ਕਿ ਇਸ ਸਾਲ, ਉਹਨਾਂ ਨੇ ਤਹਿਸੀਲ ਸਮਰਾਲਾ ਦੇ ਗੰਨਾਂ ਕਾਸ਼ਤਕਾਰਾਂ ਨਾਲ 1.85 ਲਖ ਕਵਿੰਟਲ ਗੰਨੇ ਦੀ ਖਰੀਦ ਬਾਰੇ ਬਾਂਡ ਕੀਤਾ ਹੋਇਆ ਹੈ ਅਤੇ ਉਨ੍ਹਾਂ ਨੇ ਹੇਡੋਂ, ਹਮੇਸ਼ਪੁਰਾ ਅਤੇ ਮਣੇਲੀ ਆਪਣੇ ਤਿੰਨ ਕੰਡੇ ਲਗਾਏ ਹੋਏ ਹਨ ਅਤੇ ਉਥੋਂ ਗੰਨੇ ਦੀ ਖਰੀਦ ਕੀਤੀ ਜਾ ਰਹੀ ਹੈ । ਇਸ ਤੋਂ ਇਲਾਵਾ, ਉਹਨਾਂ ਨੇ ਇਕ ਹੋਰ ਕੰਡਾ ਪਿੰਡ ਬਰਵਾਲੀ ਵਿਚ ਲਗਾ ਦਿੱਤਾ ਹੈ ਅਤੇ ਨਾਲ ਤੋਲ ਇਨਸਪੈਕਟਰ ਵੱਲੋਂ ਇਸ ਕੰਡੇ ਤੇ ਮੋਹਰ (ਸੀਲ) ਲੱਗਣ ਉਪਰੰਤ ਉਥੇ ਵੀ ਗੰਨੇ ਦੀ ਖਰੀਦ ਸ਼ੁਰੂ ਕਰ ਦਿੱਤੀ ਜਾਵੇਗੀ। ਪਿਛਲੇ ਸਾਲ ਤਹਿਸੀਲ ਸਮਰਾਲਾ ਵਿਚ 2 ਲੱਖ ਕਵਿੰਟਲ ਗੰਨੇ ਦੀ ਖਰੀਦ ਕੀਤੀ ਗਈ ਸੀ ਅਤੇ ਆਸ ਹੈ ਕਿ ਇੰਨੀ ਹੀ ਮਾਤਰਾ ਮੋਰਿੰਡਾ ਮਿਲ ਇਸ ਸਾਲ ਵੀ ਖਰੀਦ ਲਵੇਗੀ । ਇਸ ਖੰਡ ਮਿਲ ਦੇ ਨਿਯਮਾਂ ਅਨੁਸਾਰ, ਹਿੱਸੇਦਾਰ ਗੰਨਾਂ ਕਾਸ਼ਤਕਾਰਾਂ ਕੋਲੋਂ ਉਹਨਾਂ ਦੇ ਗੰਨੇ ਦੀ ਖਰੀਦ ਬਾਰੇ ਮੋਰਿੰਡਾ ਮਿਲ ਪਾਬੰਦ ਨਹੀਂ ਹੈ

Original with;
Punjab Vidhan Sabha
Digitized by;
Panjab Digital Library

## REPORT OF THE COMMITTEE ON ESTIMATES ON THE SUPPLEMENTARY ESTIMATES (SECOND INSTALMENT FOR THE YEAR 1975-76

(Serial No. 16)

**Comrade Shamsher Singh Josh** :- Sir I beg to draw the attention of the Government towards a matter of urgent public importance, namely, the decision of the State Government to regularise the services of those work-charged employees of B & R and Irrigation Departments who have completed 5 years service, have not been so far implemented which is causing grave concern amongst hundreds of workers who come under this category. In view of the importance of the matter the Government is requested to make a statement regarding this issue.

**ਸ਼੍ਰੀ ਜੋਗਿੰਦਰ ਪਾਲ ਪਾਂਡੇ (ਲੋਕ ਕਾਰਜ ਦੇ ਰਾਜ ਮੰਤਰੀ)** : ਸਰਕਾਰ ਦੇ ਵਰਕਚਾਰਜ ਕਰਮਚਾਰੀਆਂ ਜਿਨ੍ਹਾਂ ਦੀ ਸੇਵਾ ਪੰਜ ਸਾਲ ਦੀ ਹੋ ਗਈ ਹੈ ਨੂੰ ਰੈਗੂਲਰ ਕਰਨ ਸੰਬੰਧੀ ਫੈਸਲੇ ਅਨੁਸਾਰ ਭਵਨ ਅਤੇ ਮਾਰਗ ਸ਼ਾਖਾ ਤੋਂ 2071 ਅਤੇ ਸਿੰਚਾਈ ਵਿਭਾਗ ਤੋਂ 1958 ਵਰਕਰਾਂ ਨੂੰ ਰੈਗੂਲਰ ਕਰਨ ਲਈ ਸਰਕਾਰ ਪਾਸ ਤਜਵੀਜ਼ ਪ੍ਰਾਪਤ ਹੋਈ ਹੈ, ਜਿਸ ਤੇ ਸਰਕਾਰ ਫੌਰੀ ਵਿਚਾਰ ਕਰ ਰਹੀ ਹੈ ।

(ਇਸ ਸਮੇਂ ਸ੍ਰੀਮਤੀ ਸਤਵੰਤ ਕੌਰ ਸੰਧੂ ਜੀ ਖੜੇ ਹੋ ਕੇ ਬੋਲਣ ਲਈ ਆਗਿਆ ਮੰਗ ਰਹੇ ਸਨ ।)

**ਸਰਦਾਰ ਰਣਧੀਰ ਸਿੰਘ ਚੀਮਾ** : ਸਪੀਕਰ ਸਾਹਿਬ, ਇਕ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਸੀ ।

**ਸ਼੍ਰੀ ਸਪੀਕਰ** : ਤੁਸੀ ਕਾਲ ਅਟੈਨਸ਼ਨ ਨੋਟਿਸ ਬਾਰੇ ਮੇਰੇ ਚੈਂਬਰ ਵਿਚ ਆਕੇ ਗੱਲ ਕਰ ਲਿਆ ਜੇ ।

**ਸਰਦਾਰ ਰਣਧੀਰ ਸਿੰਘ ਚੀਮਾ** : ਸਪੀਕਰ ਸਾਹਿਬ, ਆ ਕੇ ਗਲ ਕਰਨ ਵਾਲਾ ਮਸਲਾ ਨਹੀਂ ਹੈ । ਉਥੇ ਫਾਇਰਿੰਗ ਹੋਈ ਹੈ, ਉਥੇ ਬੰਦਾ ਮਰ ਗਿਆ ਹੈ ।

**ਸ਼੍ਰੀ ਸਪੀਕਰ** : ਤੁਸੀ ਮੇਰੇ ਚੈਂਬਰ ਵਿਚ ਆ ਕੇ ਗੱਲ ਕਰ ਲੈਣਾ ।

## SUPPLEMENTARY ESTIMATES (SECOND INSTALMENT) FOR THE YEAR 1975-76—*PRESENTATION OF*

**Minister For Finance** (Shri Hans Raj Sharma) :-Sir I beg to present the Supplementary Estimates (Second Instalment) for the year 1975-76

## REPORT OF THE COMMITTEE ON ESTIMATES ON THE SUPPLEMENTARY ESTIMATES (SECOND INSTALMENT)FOR THE YEAR 1975-76—*PRESENTATION OF*

**Chairman Estimates Committee** (Shrimati Kulwant Kaur) :- Sir I beg to present the report of the Committee on Estimates on the Supplementary Estimates (Second Instalment) for the year 1975-76.

Original with;
Punjab Vidhan Sabha
Digitized by;
Panjab Digital Library

## RESUMPTION OF DISCUSSION ON GOVERNOR'S ADDRESS

**Mr. Speaker** :- Now the House will resume consideration of motion moved by Sardar Kirpal Singh Dhillon, M. L. A. on the 21st January, 1976. and seconded by Shri Brij Lal Goel, M. L.A. Chaudhri Ram Singh was on his legs when the House adjourned, on 22nd January, 1976. He may plesae resume his speech .

(ਇਸ ਸਮੇ ਚੌਧਰੀ ਰਾਮ ਸਿੰਘ ਜੀ ਸਪੀਚ ਕਰਨ ਲਈ ਖੜ੍ਹੇ ਹੋਏ।)

**ਸ੍ਰੀ ਸਪੀਕਰ** : ਚੌਧਰੀ ਰਾਮ ਸਿੰਘ ਜੀ ਇਕ ਮਿੰਟ ਢੀਂਡਸਾ ਸਾਹਿਬ ਕੁਝ ਕਹਿਣਾ ਚਾਹੁੰਦੇ ਹਨ।

(ਇਸ ਸਮੇਂ ਸਰਦਾਰ ਸਤਨਾਮ ਸਿੰਘ ਜੀ ਬਾਜਵਾ ਬੋਲਣ ਲਈ ਖੜ੍ਹੇ ਹੋਏ।)
(ਵਿਘਨ)

**Mr. Speaker** :- I have received notice of amendment to thisl motion from Sardar Dhanna Singh Gulshan, Sardar Gurdev Singh Badal and Sardar Sukhdev Singh Dhindsa. It will be deemed to have been read and moved.

1. **Sardar Dhanna Singh Gulshan**
2. **Sardar Gurdev Singh Badal**
3. **Sardar Sukhdev Singh Dhindsa**

: That in the motion, the following be added at the end, namely—

"but regret that no mention has been made in the Address about—

1. the provision of houses free of cost on the sites to be allotted to the homeless-poor especially the members of the Scheduled Castes;
2. bringing down the prices of fertilisers, Diesel, Tractors and other agricultural implements;
3. lifting of control on Cement and other essential commodities of daily use;
4. writing off of the Government or private loans upto Rs. 5,000 of small farmers, agricultural labour, industrial workers and low paid employees;
5. assuring the grant of Bonus and Dearness Allowance to small and petty workers and Government employees, respectively."

**ਸਰਦਾਰ ਸਤਨਾਮ ਸਿੰਘ ਬਾਜਵਾ** : ** ** **

**Mr. Speaker** : This should not form part of the proccedings. The hon'ble Member is speaking without the permission of the Chair.

**ਸਰਦਾਰ ਸਤਨਾਮ ਸਿੰਘ ਬਾਜਵਾ** : ** ** **

**Mr. Speaker** : I can't do anything. Please resume your seat. It is not my responsibility. Please resume your seat.

**ਸਰਦਾਰ ਸਤਨਾਮ ਸਿੰਘ ਬਾਜਵਾ** : ** ** **

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਤੁਸੀਂ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰੋ । ਡਿਬੇਟ ਵਿਚ ਹਿੱਸਾ ਲਓ । ਗਵਰਨਰ ਐਡਰੈਸ ਤੇ ਬਹਿਸ ਸ਼ੁਰੂ ਹੋ ਰਹੀ ਹੈ, ਤੁਸੀਂ ਬਹਿਸ ਵਿਚ ਹਿੱਸਾ ਲਓ । (This should not form part of the proceedings. Whatever the hon'ble Member is speaking without permission should not form part of the proceedings.)

(ਇਸ ਸਮੇਂ ਅਕਾਲੀ ਪਾਰਟੀ ਦੇ ਸਾਰੇ ਹਾਜ਼ਰ ਮਾਨਯੋਗ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਸਨ ।)

**ਸਰਦਾਰ ਸਤਨਾਮ ਸਿੰਘ ਬਾਜਵਾ** : ਸਪੀਕਰ ਸਾਹਿਬ, ਅਸੀਂ ਤੁਹਾਡਾ ਇਹਤਰਾਮ ਕਰਦੇ ਹਾਂ । ਲੇਕਿਨ ਕਿਤਨੇ ਅਫਸੋਸ ਦੀ ਗੱਲ ਹੈ ਕਿ ਸਾਡੇ ਖਿਆਲ ਵੀ ਤੁਸੀਂ ਸੁਣਨ ਨੂੰ ਤਿਆਰ ਨਹੀਂ ਹੋ ।

**Mr. Speaker** : This is not the way. You can participate in the debate. Don't behave in this way.

---

## WALK-OUT

**ਮਾਲ ਅਤੇ ਚੋਣ ਮੰਤਰੀ** : ਬਾਜਵਾ ਜੀ ਬੈਠੋ ਤਾਂ ਸਹੀ । ਸਪੀਕਰ ਸਾਹਿਬ, ਇਹ ਸ਼ਾਂਤੀ ਨਾਲ ਬੈਠ ਜਾਣ । ਜਦੋਂ ਵਾਰੀ ਆਵੇਗੀ ਤਾਂ ਜੋ ਮਰਜ਼ੀ ਹੈ ਕਹਿ ਲੈਣ । (ਵਿਘਨ) (ਸ਼ੋਰ)

(ਇਸ ਸਮੇਂ ਅਕਾਲੀ ਪਾਰਟੀ ਦੇ ਸਾਰੇ ਹਾਜ਼ਰ ਮਾਨਯੋਗ ਮੈਂਬਰ ਹਾਊਸ ਵਿਚੋਂ ਵਾਕ ਆਊਟ ਕਰ ਗਏ । ਮੈਂਬਰ ਸਾਹਿਬਾਨ ਜਾਂਦੇ ਜਾਂਦੇ ਨਾਹਰੇ ਲਗਾ ਰਹੇ ਸਨ * * )

**ਸ੍ਰੀ ਸਪੀਕਰ** : ਇਹ ਨਾਅਰੇ ਰਿਕਾਰਡ ਨਾ ਕੀਤੇ ਜਾਣ ।

---

## DISCUSSION ON GOVERNOR'S ADDRESS (*Resumption*)

**ਚੌਧਰੀ ਰਾਮ ਸਿੰਘ** (ਪਠਾਨਕੋਟ) : ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਦੇ ਭਾਸ਼ਨ ਤੇ ਗਿਆਨੀ ਜੀ ਦੀ ਸਰਕਾਰ ਦੇ ਕੰਮਾਂ ਦੀ ਪ੍ਰੋੜਤਾ ਕਰਨ ਲਈ ਖੜ੍ਹਾ ਹੋਇਆ ਹਾਂ । ਪੰਜਾਬ ਸਰਕਾਰ ਜਾਂ ਗਿਆਨੀ ਜੀ ਦੀ ਸਰਕਾਰ ਨੇ ਜਿੱਥੇ ਹਰ ਪੱਖੋਂ ਤਰੱਕੀ ਕੀਤੀ ਹੈ ਉਥੇ ਸ਼ਹਿਰਾਂ ਵਿਚ ਵੀ.........

**ਸ੍ਰੀ ਪ੍ਰੇਮ ਗੁਪਤਾ** : ਆਨ ਏ ਪੁਆਇੰਟ ਆਫ ਆਰਡਰ ਸਰ । ਸਪੀਕਰ ਸਾਹਿਬ, ਪਿਛਲੇ ਸੈਸ਼ਨ ਵਿਚ ਸਰਕਾਰ ਨੇ ਐਸ਼ਿਊਰੈਂਸ ਦਿੱਤੀ ਸੀ ਕਿ ਛੰਗਾਨੀ ਕਮਿਸ਼ਨ ਦੀ ਰਿਪੋਰਟ ਹਾਊਸ ਦੀ ਮੇਜ਼ ਤੇ ਰੱਖੀ ਜਾਵੇਗੀ ।

**ਸ੍ਰੀ ਸਪੀਕਰ** : ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਵਿਚ ਇਸ ਬਾਰੇ ਗੱਲ ਹੋ ਜਾਵੇਗੀ । ਹਾਊਸ ਦੀ ਮੇਜ਼ ਤੇ ਲੇ ਹੋ ਚੁੱਕੀ ਹੈ ।

**Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਚੌਧਰੀ ਰਾਮ ਸਿੰਘ** : ਸਪੀਕਰ ਸਾਹਿਬ, ਜਿੱਥੇ ਪਿੰਡਾਂ ਦੀ ਤਰੱਕੀ ਵਾਸਤੇ ਸਾਡੀ ਸਰਕਾਰ ਨੇ ਕੰਮ ਕੀਤਾ ਹੈ ਇਹ ਪਹਿਲੀ ਸਰਕਾਰ ਹੈ ਜਿਸ ਨੇ ਸਾਰੇ ਸ਼ਹਿਰਾਂ ਦੇ ਵੱਲ ਤਵੱਜੋ ਦਿੱਤੀ ਹੈ। ਹਾਲਾਂਕਿ ਬਹੁਤ ਸਾਰਾ ਟੈਕਸਾਂ ਦਾ ਰੁਪਿਆ ਆਉਂਦਾ ਸੀ ਲੇਕਿਨ ਸ਼ਹਿਰਾਂ ਵੱਲ ਤਵੱਜੋ ਨਹੀਂ ਸੀ ਦਿੱਤੀ ਜਾਂਦੀ। ਸ਼ਹਿਰਾਂ ਵਿਚ ਅੱਜ ਪੰਜਾਬ ਸਰਕਾਰ ਨੇ, ਗਿਆਨੀ ਜੀ ਦੀ ਸਰਕਾਰ ਨੇ ਵਾਟਰ ਸਪਲਾਈ ਸੀਵਰੇਜ਼ ਕਾਰਪੋਰੇਸ਼ਨ ਬਣਾਉਣ ਦਾ ਫੈਸਲਾ ਕੀਤਾ ਹੈ। ਉਸ ਨਾਲ ਇਹ ਹੋਵੇਗਾ ਕਿ ਸ਼ਹਿਰਾਂ ਵਿਚ ਸੀਵਰੇਜ ਸਿਸਟਮ ਲਾਗੂ ਹੋਵੇਗਾ। ਪਾਣੀ ਠੀਕ ਸਪਲਾਈ ਹੋਵੇਗਾ। ਇਸ ਦੇ ਨਾਲ ਹੀ ਜਿਹੜੇ ਬਾਲਮੀਕੀ ਭਾਈ ਹਨ ਉਹ ਠੀਕ ਕੰਮ ਕਰ ਸਕਣਗੇ। ਉਨ੍ਹਾਂ ਕੋਲੋਂ ਗੰਦ ਚੁੱਕਣ ਦਾ ਕੰਮ ਨਹੀਂ ਲਿਆ ਜਾਵੇਗਾ ਅਤੇ ਇਸ ਤਰ੍ਹਾਂ ਪੰਜਾਬ ਵਿਚ ਇਕ ਇਨਕਲਾਬ ਆਵੇਗਾ ਜਿਹੜਾ ਕਿ ਇੰਡੀਆ ਵਿਚ ਇਸ ਕਿਸਮ ਦਾ ਇਨਕਲਾਬ ਹਾਲਾਂ ਤੱਕ ਨਹੀਂ ਆਇਆ। ਸਾਡੇ ਕਿਸਾਨ ਨੂੰ ਖਾਦ ਵਧੀਆ ਮਿਲੇਗੀ ਅਤੇ ਇਸ ਤਰ੍ਹਾਂ ਜ਼ਰਾਇਤ ਦਾ ਕੰਮ ਠੀਕ ਚਲੇਗਾ। ਇਸੇ ਤਰ੍ਹਾਂ ਹੀ ਸਫ਼ਾਈ ਦਾ ਇੰਤਜ਼ਾਮ ਠੀਕ ਹੋ ਜਾਵੇਗਾ। ਇਹ ਜਿਹੜੀ ਵਾਟਰ ਸਪਲਾਈ ਬਾਰੇ ਕਾਰਪੋਰੇਸ਼ਨ ਬਣਾਈ ਜਾ ਰਹੀ ਹੈ ਉਸ ਦੇ ਨਾਲ ਪਿੰਡਾਂ ਵਿਚ, ਸ਼ਹਿਰਾਂ ਵਿਚ ਜਿਹੜੇ ਪੁਰਾਣੇ ਖੂਹ ਹਨ, ਜਿਥੇ ਦੀ ਕਿ ਸਫਾਈ ਨਹੀਂ ਸੀ ਹੁੰਦੀ, ਉਹ ਪਾਣੀ ਲੋਕਾਂ ਨੂੰ ਸਾਫ ਮਿਲੇਗਾ। ਵਾਟਰ ਸਪਲਾਈ ਦਾ ਇੰਤਜ਼ਾਮ ਹੋਵੇਗਾ। ਪਾਣੀ ਦੀ ਜਿਹੜੀ ਸਕੇਅਰਸਿਟੀ ਹੁੰਦੀ ਸੀ ਉਹ ਨਹੀਂ ਰਹੇਗੀ। ਇਹ ਸ਼ਹਿਰਾਂ ਵਿਚ ਕਾਰਪੋਰੇਸ਼ਨ ਬਣਾ ਕੇ ਸਕੀਮ ਲਾਗੂ ਕੀਤੀ ਜਾ ਰਹੀ ਹੈ। ਇਸ ਤੇ ਕਰੋੜਾਂ ਰੁਪਏ ਖਰਚ ਕੀਤੇ ਜਾ ਰਹੇ ਹਨ। ਇਸ ਦੇ ਨਾਲ ਬੜਾ ਫਾਇਦਾ ਹੋਵੇਗਾ ਔਰ ਸ਼ਹਿਰਾਂ ਦੀ ਹਾਲਤ ਦਾ ਕਾਫ਼ੀ ਸੁਧਾਰ ਕੀਤਾ ਜਾਵੇਗਾ। ਇਥੇ ਤੱਕ ਹੀ ਬਸ ਨਹੀਂ ਸ਼ਹਿਰਾਂ ਵਿਚ ਅਰਬਨ ਐਸਟੇਟ ਬਣਾਈਆਂ ਜਾ ਰਹੀਆਂ ਹਨ ਤਾਂਕਿ ਐਕਾਮੋਡੇਸ਼ਨ ਦੀ ਕਿੱਲਤ ਨਾ ਰਹੇ, ਐਕਾਮੋਡੇਸ਼ਨ ਦੀ ਕਿੱਲਤ ਦੂਰ ਕੀਤੀ ਜਾ ਸਕੇ। ਇਸੇ ਤਰ੍ਹਾਂ ਹੀ ਸ਼ਹਿਰਾਂ ਵਿਚ ਹੋਰ ਕਾਲੋਨੀਆਂ ਬਣਾਈਆਂ ਜਾ ਰਹੀਆਂ ਹਨ ਤਾਂਕਿ ਗਰੀਬਾਂ ਨੂੰ ਜਗ੍ਹਾ ਦਿੱਤੀ ਜਾਵੇ। ਮੈਨੂੰ ਇਹ ਜਾਣਕੇ ਖੁਸ਼ੀ ਹੋਈ ਜਿਸ ਤਰ੍ਹਾਂ ਇਨ੍ਹਾਂ ਨੇ ਕਿਹਾ ਹੈ ਕਿ ਦਿਹਾਤਾਂ ਵਿਚ ਜਿਹੜੇ ਲੈਂਡਲੈਸ ਹਨ ਉਨ੍ਹਾਂ ਨੂੰ ਜ਼ਮੀਨ ਦਿੱਤੀ ਗਈ ਹੈ, ਇਸੇ ਤਰ੍ਹਾਂ ਹੀ ਸ਼ਹਿਰਾਂ ਵਿਚ ਵੀ ਇਹ ਪ੍ਰਬੰਧ ਕੀਤਾ ਜਾਵੇ। ਸ਼ਹਿਰਾਂ ਵਿਚ ਲੈਂਡਲੈਸ ਲੋਕ ਜਿਹੜੇ ਹਨ ਉਨ੍ਹਾਂ ਨੂੰ ਵੀ ਅਕਾਮੋਡੇਸ਼ਨ ਜਾਂ ਜਗ੍ਹਾ ਦਿੱਤੀ ਜਾਵੇ ਤਾਂਕਿ ਉਹ ਲੋਕ ਵੀ ਆਪਣੇ ਮਕਾਨ ਬਣਾ ਸਕਣ ਅਤੇ ਮਕਾਨ ਬਣਾ ਕੇ ਰਹਿ ਸਕਣ। ਸਪੀਕਰ ਸਾਹਿਬ, ਸ਼ਹਿਰਾਂ ਵਿਚ ਇਨਕਲਾਬ ਆ ਗਿਆ ਹੈ। ਸ਼ਹਿਰਾਂ ਦੇ ਨਕਸ਼ੇ ਬਦਲ ਗਏ ਹਨ। ਸ਼ਹਿਰਾਂ ਵਿਚ ਇਸ ਤਰ੍ਹਾਂ ਮਾਲੂਮ ਹੁੰਦਾ ਹੈ ਜਿਵੇਂ ਪਹਿਲੇ ਦਿਨ ਸ਼ਹਿਰ ਜਾਓ ਤਾਂ ਕੁਝ ਹੋਰ ਦੇਖੀ ਦਾ ਹੈ ਅਤੇ ਜੇ ਦੂਜੇ ਅਤੇ ਤੀਜੇ ਦਿਨ ਆਦਿ ਜਾਈਏ ਤਾਂ ਕੁਝ ਹੋਰ ਦੇਖੀ ਦਾ ਹੈ। ਅੱਜ ਸ਼ਹਿਰਾਂ ਦੇ ਨਕਸ਼ੇ ਹੀ ਬਦਲ ਗਏ ਹਨ।

**ਸ਼੍ਰੀ ਸਪੀਕਰ** : ਚੌਧਰੀ ਜੀ, ਤੁਸੀਂ 20 ਮਿੰਟ ਅੱਗੇ ਬੋਲੇ ਹੋ ਅਤੇ ਹੁਣ 10 ਮਿੰਟ ਤੁਸੀਂ ਹੋਰ ਬੋਲ ਲਵੋ।

**ਚੌਧਰੀ ਰਾਮ ਸਿੰਘ** : ਸਪੀਕਰ ਸਾਹਿਬ, ਉਸ ਪਾਸੇ ਤੋਂ (ਆਪੋਜ਼ੀਸ਼ਨ ਵਲੋਂ) ਤਾਂ ਕੋਈ ਬੋਲਣ ਵਾਲਾ ਨਹੀਂ ਹੈ। ਸਪੀਕਰ ਸਾਹਿਬ, ਇੰਡਸਟਰੀਅਲ ਐਸਟੇਟਸ, ਹਾਊਸਿੰਗ ਕਾਲੋਨੀਜ਼ ਅਤੇ ਫੋਕਲ ਪੁਆਇੰਟ ਬਣਾਏ ਜਾ ਰਹੇ ਹਨ ਤਾਂਕਿ ਸ਼ਹਿਰਾਂ ਦੀ ਆਬਾਦੀ ਨੂੰ ਕਾਰੋਬਾਰ ਦਿੱਤਾ ਜਾਵੇ। ਅੱਜ ਸ਼ਹਿਰਾਂ ਵਿਚ ਇੰਪਰੂਵਮੈਂਟ ਟਰੱਸਟ ਬਣਾਏ ਜਾ ਰਹੇ ਹਨ। ਸਪੀਕਰ ਸਾਹਿਬ, ਕਿਸੇ ਜ਼ਮਾਨੇ ਵਿਚ ਸ਼ਹਿਰਾਂ ਵਿਚ ਇੰਪਰੂਵਮੈਂਟ ਟਰੱਸਟਸ ਬੰਦ ਕਰ ਦਿੱਤੇ

Original with;
Punjab Vidhan Sabha
Digitized by;
Panjab Digital Library

ਗਏ ਸਨ, ਖਤਮ ਕਰ ਦਿੱਤੇ ਗਏ ਸਨ ਪਰ ਅੱਜ ਹਰ ਜਗ੍ਹਾ, ਹਰ ਸ਼ਹਿਰ ਵਿਚ ਇੰਪਰੂਵਮੈਂਟ ਟਰੱਸਟਸ ਬਣਾਏ ਜਾ ਰਹੇ ਹਨ ਤਾਂਕਿ ਸ਼ਹਿਰ ਪਲਾਨਿੰਗ ਦੇ ਤਹਿਤ ਬਣ ਸਕਣ। ਪਲਾਨਿੰਗ ਦੇ ਮੁਤਾਬਿਕ ਸ਼ਾਪਸ ਹੋਣ, ਪਲਾਨਿੰਗ ਦੇ ਮੁਤਾਬਿਕ ਸੜਕਾਂ ਹੋਣ। ਇੰਪਰੂਵਮੈਂਟ ਟਰੱਸਟਸ ਵਿਚ ਨਾਮੀਨੇਸ਼ਨ ਕੀਤੀ ਗਈ ਹੈ ਅਤੇ ਉਸ ਵਿਚ ਚਾਰ ਮੈਂਬਰ ਸਰਕਾਰੀ ਹੋਣੇ ਹਨ।

ਸਪੀਕਰ ਸਾਹਿਬ, ਸਲੱਮ ਕਲੀਅਰੈਂਸ ਦੀ ਸਕੀਮ ਚਲ ਰਹੀ ਹੈ ਅਤੇ ਦੇਰ ਤੋਂ ਚਲਦੀ ਆ ਰਹੀ ਹੈ। ਪਹਿਲੇ ਸ਼ਹਿਰਾਂ ਵਿਚ ਸਰਕਾਰ ਤਵੱਜੋਂ ਨਹੀਂ ਸੀ ਦਿੰਦੀ ਪਰ ਗਿਆਨੀ ਜੀ ਦੀ ਸਰਕਾਰ ਨੇ ਪਹਿਲੀ ਵਾਰ ਇਹ ਗੱਲ ਕੀਤੀ ਹੈ ਕਿ ਸ਼ਹਿਰਾਂ ਵੱਲ ਤਵੱਜੋਂ ਦੇ ਕੇ ਸ਼ਹਿਰਾਂ ਦੇ ਨਕਸ਼ੇ ਹੀ ਬਦਲੇ ਜਾ ਰਹੇ ਹਨ। ਸ਼ਹਿਰਾਂ ਦੀ ਹਾਲਤ ਬਦਲੀ ਜਾ ਰਹੀ ਹੈ। ਇਸ ਲਈ ਗਿਆਨੀ ਜੀ ਦੀ ਸਰਕਾਰ ਮੁਬਾਰਕਬਾਦ ਦੀ ਮੁਸਤਹਿੱਕ ਹੈ। ਗਿਆਨੀ ਜੀ ਦੀ ਸਰਕਾਰ ਨੇ ਸ਼ਹਿਰਾਂ ਵੱਲ ਬੜੀ ਤਵੱਜੋਂ ਦਿੱਤੀ ਹੈ।

ਸਪੀਕਰ ਸਾਹਿਬ, ਮੈਂ ਕੁਰੱਪਸ਼ਨ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਕੁਰੱਪਸ਼ਨ ਦੇ ਬਾਰੇ ਮੇਰੇ ਦੋਸਤ ਕਹਿ ਸਕਦੇ ਹਨ ਲੇਕਿਨ ਕੁਰੱਪਸ਼ਨ ਨੂੰ ਖਤਮ ਕਰਨ ਵਾਸਤੇ ਜਬਰੀ ਰਿਟਾਇਰ-ਮੈਂਟਸ ਕੀਤੀਆਂ ਗਈਆਂ ਹਨ। ਜਿਨ੍ਹਾਂ ਦਾ ਸਰਵਿਸ ਰਿਕਾਰਡ ਖਰਾਬ ਸੀ ਜਾਂ ਜਿਨ੍ਹਾਂ ਤੇ ਸ਼ੱਕ ਸੀ, ਉਹ ਰਿਟਾਇਰ ਕੀਤੇ ਗਏ ਹਨ। ਪੰਜਾਬ ਵਿਚ ਹਜ਼ਾਰਾਂ ਆਦਮੀ ਰਿਟਾਇਰ ਕੀਤੇ ਗਏ ਹਨ ਅਤੇ ਕੁਝ ਹੋਰ ਵੀ ਕੀਤੇ ਜਾਣਗੇ। ਉਨ੍ਹਾਂ ਨੂੰ ਜਬਰੀ ਰਿਟਾਇਰ ਕਰਨ ਵਿਚ ਸਰਕਾਰ ਨੂੰ ਕੁਝ ਡਿਫੀਕਲਟੀ ਵੀ ਨਹੀਂ ਆਉਂਦੀ ਹੈ। ਜਬਰੀ ਤੌਰ ਤੇ ਜਿਹੜੇ ਅਫ਼ਸਰ ਰਿਟਾਇਰ ਕੀਤੇ ਗਏ ਹਨ ਉਨ੍ਹਾਂ ਵਿਚ ਵੱਡੇ ਅਤੇ ਛੋਟੇ ਅਫ਼ਸਰ ਦੋਨੋਂ ਹੀ ਹਨ। ਜਿਹੜੇ ਅਫ਼ਸਰ, ਜਿਹੜੇ ਲੋਕ ਐਡਮਨਿਸਟਰੇਸ਼ਨ ਦੇ ਵਿਚ ਬਦਨਾਮ ਸੀ ਉਨ੍ਹਾਂ ਨੂੰ ਬਾਹਰ ਕੱਢਿਆ ਗਿਆ ਹੈ ਤਾਂਕਿ ਐਡਮਨਿਸਟਰੇਸ਼ਨ ਵਿਚ ਸੁਧਾਰ ਲਿਆਂਦਾ ਜਾਵੇ। ਇਸ ਕੰਮ ਵਿਚ ਗਿਆਨੀ ਜੀ ਦੀ ਸਰਕਾਰ ਨੇ ਬਿਲਕੁਲ ਪਹਿਲ ਕੀਤੀ ਹੈ। ਇਸ ਵਿਚ ਉਨ੍ਹਾਂ ਨੂੰ ਕੋਈ ਰੁਕਾਵਟ ਪੇਸ਼ ਨਹੀਂ ਆਈ। ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅੱਜ ਪੰਜਾਬ ਪਹਿਲੀ ਵਾਰ ਇਸ ਜਗ੍ਹਾ ਤੇ ਖੜ੍ਹਾ ਹੈ ਕਿ ਇਹ ਹਰ ਪੱਖ ਤੋਂ ਤਰੱਕੀ ਕਰ ਰਿਹਾ ਹੈ। ਕੋਈ ਜਗ੍ਹਾ ਲੈ ਲਵੋ, ਕੋਈ ਮਹਿਕਮਾ ਲੈ ਲਵੋ, ਪੰਜਾਬ ਤਰੱਕੀ ਵੱਲ ਜਾ ਰਿਹਾ ਹੈ। ਸਪੀਕਰ ਸਾਹਿਬ, ਜਿਸ ਵੇਲੇ ਐਮਰਜੈਂਸੀ ਲਾਗੂ ਹੋਈ ਤਾਂ ਉਸ ਵੇਲੇ ਬਲਾਕ ਸੰਮਤੀਆਂ ਦੇ ਇਲੈਕਸ਼ਨ ਜਾਰੀ ਸੀ। ਬਾਵਜੂਦ ਇਸ ਗੱਲ ਦੇ ਕਿ ਜਦ ਬਲਾਕ ਸੰਮਤੀਆਂ ਦੇ ਇਲੈਕਸ਼ਨ ਜਾਰੀ ਸੀ ਅਤੇ ਐਨ ਉਸ ਵੇਲੇ ਐਮਰਜੈਂਸੀ ਲਾਗੂ ਕੀਤੀ ਗਈ, ਪਰ ਫਿਰ ਵੀ ਲੋਕਾਂ ਨੂੰ ਪੂਰਾ ਪੂਰਾ ਮੌਕਾ ਦਿੱਤਾ ਗਿਆ, ਉਹ ਇਲੈਕਸ਼ਨ ਬੜੀ ਅੱਛੀ ਤਰ੍ਹਾਂ ਹੋਏ ਅਤੇ ਲੋਕਾਂ ਨੇ ਕਾਂਗਰਸ ਨੂੰ ਵੋਟ ਪਾਏ। ਇਹ ਤਾਂ ਪਿਛਲਾ ਵਾਕਿਆ ਹੈ ਫਿਰ ਮਿਉਂਸੀਪਲ ਕਮੇਟੀਆਂ ਦੇ ਇਲੈਕਸ਼ਨ ਹੋਏ ਉਨ੍ਹਾਂ ਵਿਚ 90% ਵੋਟ ਕਾਂਗਰਸ ਨੂੰ ਲੋਕਾਂ ਨੇ ਪਾਏ। ਇਸ ਤਰ੍ਹਾਂ ਵੋਟਾਂ ਪਾ ਕੇ ਲੋਕਾਂ ਨੇ ਦੱਸ ਦਿੱਤਾ ਕਿ ਸਾਰੇ ਲੋਕ ਕਾਂਗਰਸ ਮਗਰ ਹਨ। ਇਸੇ ਤਰ੍ਹਾਂ ਹੀ ਜਨਰਲ ਇਲੈਕਸ਼ਨਾਂ ਵਿਚ ਹੋਇਆ ਸੀ ਅਤੇ ਲੋਕਾਂ ਨੇ ਕਾਂਗਰਸ ਨੂੰ 80% ਤੋਂ 90% ਵੋਟ ਪਾਏ। ਗਿਆਨੀ ਜੀ ਦੀ ਸਰਕਾਰ ਨੇ, ਗਿਆਨੀ ਜੀ ਨੇ ਬੜੀ ਹਿੰਮਤ ਨਾਲ ਪੰਜਾਬ ਵਿਚ ਇਕ ਐਸੀ ਐਡਮਨਿਸਟਰੇਸ਼ਨ ਦਿੱਤੀ ਹੈ। ਇਕ ਐਸਾ ਢੰਗ ਵਰਤਿਆ ਹੈ ਐਸੀ ਗੌਰਮਿੰਟ ਬਣਾਈ ਜਿਸ ਦੇ ਨਾਲ ਲੋਕਾਂ ਦੀ ਸੈਟਿਸਫੈਕਸ਼ਨ ਹੋਈ ਹੈ। ਸਪੀਕਰ ਸਾਹਿਬ, ਅੱਜ ਜ਼ਿਮੀਂਦਾਰ ਆਪਣੀ ਜਗ੍ਹਾ ਖੁਸ਼ ਹੈ, ਮਜ਼ਦੂਰ ਆਪਣੀ ਜਗ੍ਹਾ ਖੁਸ਼ ਹੈ। ਕਿਤੇ ਕੋਈ ਹੜਤਾਲ ਨਹੀਂ ਹੁੰਦੀ।

Original with;
Punjab Vidhan Sabha
Digitized by;
Panjab Digital Library

[ਚੌਧਰੀ ਟਾਮ ਸਿੰਘ]

ਜ਼ਿਮੀਂਦਾਰਾਂ ਵਿਚ ਕਿਸੇ ਕਿਸਮ ਦੀ ਕੋਈ ਨਿਰਾਸ਼ਾ ਨਹੀਂ ਹੈ ਬਲਕਿ ਉਹ ਖੁਸ਼ ਹਨ । ਬਿਜਲੀ ਦਾ ਕੋਈ ਘਾਟਾ ਨਹੀਂ, ਖਾਦ ਦਾ ਕੋਈ ਘਾਟਾ ਨਹੀਂ ਹੈ । ਕੋਈ ਮਹਿੰਗਾਈ ਨਹੀਂ ਹੈ । ਸਾਰੇ ਪੱਖਾਂ ਤੋਂ ਪੰਜਾਬ ਤਰੱਕੀ ਵੱਲ ਜਾ ਰਿਹਾ ਹੈ । ਮੈਂ ਸਮਝਦਾ ਹਾਂ ਕਿ ਗਿਆਨੀ ਜੀ ਦੀ ਰਹਿਨੁਮਾਈ ਵਿਚ ਪੰਜਾਬ ਕਾਫ਼ੀ ਤਰੱਕੀ ਕਰ ਰਿਹਾ ਹੈ । ਮੈਂ ਇਹ ਵੀ ਕਹਾਂਗਾ ਕਿ ਪ੍ਰਾਈਮ ਮਨਿਸਟਰ ਦੇ 20-ਨੁਕਾਤੀ ਪ੍ਰੋਗਰਾਮ ਵਿਚ ਪੰਜਾਬ ਨੇ ਪੂਰਾ ਆਪਣਾ ਹਿੱਸਾ ਪਾਇਆ ਹੈ । ਪੰਜਾਬ ਇਕ ਐਸਾ ਸੂਬਾ ਹੈ ਜਿਸ ਨੇ ਪ੍ਰਾਈਮ ਮਨਿਸਟਰ ਦੇ 20-ਨੁਕਾਤੀ ਪ੍ਰੋਗਰਾਮ ਦੀ ਅਤੇ ਉਨ੍ਹਾਂ ਦੇ ਤਰੱਕੀ ਪਸੰਦ ਕਦਮ ਦੀ ਸਰਾਹਣਾ ਕੀਤੀ ਹੈ ਅਤੇ ਉਸ ਦੀ ਪੂਰੀ ਤਰ੍ਹਾਂ ਪ੍ਰੋੜ੍ਹਤਾ ਕੀਤੀ ਹੈ । ਇਹੀ ਵਜ੍ਹਾ ਹੈ ਕਿ ਅੱਜ ਪੰਜਾਬ, ਜਿਵੇਂ ਜਿਸ ਵੇਲੇ ਪੰਜਾਬ ਵਿਚ ਅਕਾਲੀ ਪਾਰਟੀ ਦੀ ਸਰਕਾਰ ਸੀ ਤਾਂ ਇਨ੍ਹਾਂ ਲੋਕਾਂ ਦੀ ਸੈਂਟਰ ਵਿਚ ਕੋਈ ਸੁਣਵਾਈ ਨਹੀਂ ਸੀ, ਅੱਜ ਅਸੀਂ ਫਖਰ ਨਾਲ ਕਹਿ ਸਕਦੇ ਹਾਂ ਕਿ ਪੰਜਾਬ ਦੀ ਸੈਂਟਰ ਵਿਚ, ਪ੍ਰਾਈਮ ਮਨਿਸਟਰ ਦੇ ਕੋਲ ਸਾਰੇ ਪੱਖਾਂ ਤੋਂ ਤਕੜੀ ਐਪਰੋਚ ਹੈ । ਅੱਜ ਸਾਨੂੰ ਕਿਸੇ ਕਿਸਮ ਦੀ ਵੀ ਲੋੜ ਹੈ, ਏਡ ਦੀ ਲੋੜ ਹੈ, ਗਰਾਂਟ ਦੀ ਲੋੜ ਹੈ ਜਾਂ ਕਿਸੇ ਕਿਸਮ ਦੀ ਕੋਈ ਲੋੜ ਹੈ ਤਾਂ ਉਹ ਭਾਰਤ ਸਰਕਾਰ ਸਾਨੂੰ ਹਰ ਵੇਲੇ ਦੇ ਸਕਦੀ ਹੈ ਕਿਉਂਕਿ ਇਹ ਗਿਆਨੀ ਜੀ ਦੇ ਕੰਮਾਂ ਦਾ ਅੱਛਾ ਨਤੀਜਾ ਹੈ । ਮੈਂ ਇਹ ਗੱਲ ਕਹਾਂਗਾ ਕਿ ਗਵਰਨਰ ਸਾਹਿਬ ਨੇ ਜਿਹੜਾ ਐਡਰੈਸ ਹਾਊਸ ਵਿਚ ਰੱਖਿਆ ਹੈ, ਮੈਂ ਉਸ ਨਾਲ ਪੂਰੀ ਸਹਿਮਤੀ ਪ੍ਰਗਟ ਕਰਦਾ ਹਾਂ । ਮੈਂ ਉਸ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਉਨ੍ਹਾਂ ਦਾ ਸ਼ੁਕਰੀਆ ਅਦਾ ਕਰਦਾ ਹਾਂ । ਮੈਂ ਸਰਦਾਰ ਕ੍ਰਿਪਾਲ ਸਿੰਘ ਦੇ ਸ਼ੁਕਰੀਆ ਦੇ ਮਤੇ ਨਾਲ ਸਹਿਮਤ ਹਾਂ ਅਤੇ ਮੈਨੂੰ ਉਮੀਦ ਹੈ ਹਾਊਸ ਇਸ ਨੂੰ ਯੂਨੈਨੀਮਸ ਪਾਸ ਕਰੇ ਕਿਉਂਕਿ ਅੱਜ ਪੰਜਾਬ ਫਖਰ ਦੇ ਤੌਰ ਤੇ ਛਾਤੀ ਤਾਣਕੇ ਗਿਆਨੀ ਜੀ ਦੀ ਰਹਿਨੁਮਾਈ ਵਿਚ ਤਰੱਕੀ ਕਰ ਰਿਹਾ ਹੈ ਅਤੇ ਪੰਜਾਬ ਨੂੰ ਬੜੀ ਉਚੀ ਜਗ੍ਹਾ ਤੇ ਪਹੁੰਚਾਇਆ ਹੈ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** (ਖਰੜ): ਮਾਨਯੋਗ ਸਪੀਕਰ ਸਾਹਿਬ, ਰਾਜਪਾਲ ਦੇ ਭਾਸ਼ਣ ਉਤੇ ਸਦਨ ਵਿਚ ਵਿਚਾਰ ਹੋ ਰਿਹਾ ਹੈ । ਉਨ੍ਹਾਂ ਦੇ ਭਾਸ਼ਣ ਦੇ ਸਫਾ ਨੰ: 2 ਤੇ ਐਮਰਜੰਸੀ ਬਾਰੇ ਉਨ੍ਹਾਂ ਨੇ ਥੋੜ੍ਹਾ ਜਿਹਾ ਦੱਸਿਆ ਹੈ । ਜੋ ਕਿ ਇਸ ਪ੍ਰਕਾਰ ਹੈ :—

"ਜੂਨ, 1975 ਵਿਚ ਕੀਤੇ ਗਏ ਐਮਰਜੰਸੀ ਦੇ ਐਲਾਨ ਨੇ ਲਗਨ ਅਤੇ ਅਨੁਸ਼ਾਸਨ ਦੀ ਨਵੀਂ ਭਾਵਨਾ ਨੂੰ ਜਨਮ ਦਿਤਾ ਹੈ ।"

ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਹ ਟੋਟਲੀ ਫਾਰਮਲ ਐਪਰੋਚ ਹੈ ਐਮਰਜੰਸੀ ਦੇ ਬਾਰੇ ਅਤੇ ਇਹ ਪੁਲੀਟੀਕਲ ਤੱਤ ਹੈ । ਐਮਰਜੰਸੀ ਉਸ ਸਮੇਂ ਸਾਡੇ ਪ੍ਰਾਈਮ ਮਨਿਸਟਰ ਨੇ ਲਾਗੂ ਕੀਤੀ ਜਦੋਂ ਸਾਡੇ ਦੇਸ਼ ਨੂੰ ਬਾਹਿਰ ਦੇ ਦੁਸ਼ਮਨਾਂ ਅਤੇ ਅੰਦਰ ਦੇ ਦੁਸ਼ਮਨਾਂ ਤੋਂ ਬੜਾ ਭਾਰੀ ਖਤਰਾ ਪੈਦਾ ਹੋ ਗਿਆ ਸੀ ਔਰ ਮੁਲਕ ਵਿਚ ਇਕ ਜਮਹੂਰੀ ਤੌਰ ਤੇ ਬਣਾਈ ਹੋਈ ਸਰਕਾਰ ਨੂੰ ਉਲਟਾ ਕੇ ਉਸ ਦੀ ਥਾਂ ਫਾਸਿਸਟ ਸਰਕਾਰ ਕਾਇਮ ਕਰਨ ਦੀ ਸੰਭਾਵਨਾ ਪੈਦਾ ਹੋ ਚੁੱਕੀ ਸੀ। ਤਦ ਪ੍ਰਾਈਮ ਮਨਿਸਟਰ ਨੇ ਇੰਟਰਵੀਨ ਕੀਤਾ ਅਤੇ ਮੁਲਕ ਨੂੰ ਬਚਾਇਆ । ਉਹ ਤਾਕਤਾਂ ਅਜੇ ਵੀ ਹਨ । ਉਹ ਤਾਕਤਾਂ ਸਾਡੀ ਇੰਡੀਪੈਂਡੈਂਸ ਨੂੰ ਅਤੇ ਸਟੈਬਿਲਿਟੀ ਨੂੰ ਐਡਰਮਾਈਨ ਕਰਨਾ ਚਾਹੁੰਦੀਆਂ ਸਨ । ਉਨ੍ਹਾਂ ਤਾਕਤਾਂ ਨੂੰ ਰੋਕਣ ਲਈ ਇਹ ਕਦਮ ਚੁੱਕਿਆ ਸੀ ਅਤੇ ਇਸ ਲਈ ਮੈਂ ਸਮਝਦਾ ਹਾਂ ਕਿ ਰਾਜਪਾਲ ਦੇ ਭਾਸ਼ਣ

Original with;
Punjab Vidhan Sabha
Digitized by;
Panjab Digital Library

ਵਿਚ ਐਮਰਜੰਸੀ ਦੇ ਇਸ ਪੱਖ ਤੇ ਤਕੜਾ ਚਾਨਣਾ ਪਾਉਣਾ ਚਾਹੀਦਾ ਸੀ। ਉਹ ਤਾਕਤਾਂ ਅੱਜ ਵੀ ਕਾਇਮ ਹਨ ਅਤੇ ਆਪਣੀਆਂ ਸਰਗਰਮੀਆਂ ਕਰ ਰਹੀਆਂ ਹਨ। ਜਿਸ ਤਰ੍ਹਾਂ ਸਰਦੀਆਂ ਵਿਚ ਸੱਪ ਆਪਣੀ ਖੁੱਡ ਵਿਚ ਵੜ ਕੇ ਬੈਠ ਜਾਂਦਾ ਹੈ ਇਸੇ ਤਰ੍ਹਾਂ ਹੀ ਉਹ ਤਾਕਤਾਂ ਐਮਰਜੰਸੀ ਵਿਚ ਖੁੱਡ ਵਿਚ ਵੜ ਗਈਆਂ ਹਨ ਅਤੇ ਜਦ ਹਾਲਾਤ ਠੀਕ ਹੋ ਗਏ ਤਾਂ ਉਹ ਫਿਰ ਤਾਕਤਾਂ ਨਿਕਲਣਗੀਆਂ ਉਨ੍ਹਾਂ ਤਾਕਤਾਂ ਨੂੰ, ਸਪੀਕਰ ਸਾਹਿਬ, ਸਾਮਰਾਜੀ ਤਾਕਤਾਂ ਅਮਰੀਕਾ ਅਤੇ ਚੀਨ ਦੀ ਮਦਦ ਹੈ। ਉਨ੍ਹਾਂ ਤਾਕਤਾਂ ਵੱਲੋਂ ਇਸ ਕਿਸਮ ਦੀਆਂ ਸਰਗਰਮੀਆਂ ਕਰਵਾਈਆਂ ਜਾ ਰਹੀਆਂ ਹਨ। ਪੁਰਤਗਾਲ ਵਿਚ ਕੀ ਹੋ ਰਿਹਾ ਹੈ ? ਬੰਗਲਾ ਦੇਸ਼ ਵਿਚ ਕੀ ਹੋਇਆ ਹੈ? ਉਹ ਤਾਕਤਾਂ ਬੰਗਲਾ ਦੇਸ਼ ਵਿਚ ਕਾਮਯਾਬ ਹੋ ਗਈਆਂ ਹਨ ਪਰ ਪੁਰਤਗਾਲ ਵਿਚ ਬੜਾ ਘੋਲ ਚਲ ਰਿਹਾ ਹੈ। ਪਰ ਉਹ ਤਾਕਤਾਂ ਹਿੰਦੁਸਤਾਨ ਵਿਚ ਕਾਮਯਾਬ ਨਹੀਂ ਹੋ ਸਕੀਆਂ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਵੀ ਇਸ ਗੱਲ ਦਾ ਖਤਰਾ ਮੌਜੂਦ ਹੈ। ਔਰ ਇਹ ਖਤਰਾ ਇਸ ਗੱਲ ਤੋਂ ਸਪੱਸ਼ਟ ਹੁੰਦਾ ਹੈ ਜਿਸ ਤਰ੍ਹਾਂ ਜੇ ਪ੍ਰਕਾਸ਼ ਨਰਾਇਣ ਨੇ ਪਾਰਲੀਮੈਂਟ ਵਿਚ ਜਨਤਾ ਬਲਾਕ ਬਣਾ ਲਿਆ ਸੀ ਪਰ ਨਵੇਂ ਹਾਲਾਤ ਵਿਚ ਉਹ ਪਿਛੇ ਹਟ ਗਏ ਹਨ। ਜਿਥੋਂ ਤੱਕ ਸਾਡੀ ਪੰਜਾਬ ਦੀ ਆਪੋਜ਼ੀਸ਼ਨ ਪਾਰਟੀ, ਅਕਾਲੀ ਪਾਰਟੀ ਦਾ ਤੁਅੱਲਕ ਹੈ, ਇਹ ਤਾਂ ਐਸੰਬਲੀ ਵਿਚ ਖੜਕੇ ਆਪਣੀਆਂ ਨੀਤੀਆਂ ਨਹੀਂ ਦੱਸ ਸਕਦੇ। ਬਾਹਿਰ ਤਾਂ ਉਨ੍ਹਾਂ ਨੇ ਕੀ ਦੱਸਣਾ ਹੈ। ਉਨ੍ਹਾਂ ਨੇ ਇਕ ਨਵਾਂ ਤਰੀਕਾ ਅਪਣਾ ਲਿਆ ਹੈ ਕਿ ਆਪਣੇ ਮੂੰਹ ਬੰਦ ਰਖੋ ਅਤੇ ਬਾਹਿਰ ਚਲੇ ਜਾਓ। ਇਸ ਤਰ੍ਹਾਂ ਉਨ੍ਹਾਂ ਨੂੰ ਕੁਝ ਕਹਿਣ ਦੀ ਲੋੜ ਨਹੀਂ ਪੈਂਦੀ। ਸਪੀਕਰ ਸਾਹਿਬ, ਉਹ ਤਾਕਤਾਂ ਅੱਜ ਵੀ ਕੰਮ ਕਰ ਰਹੀਆਂ ਹਨ, ਉਨ੍ਹਾਂ ਦਾ ਆਧਾਰ ਵੀ ਕਾਇਮ ਹੈ। ਇਹ ਤਾਕਤਾਂ ਆਪਣੀਆਂ ਸਾਜ਼ਿਸ਼ਾਂ ਵੀ ਕਰ ਰਹੀਆਂ ਹਨ ਔਰ ਇਸ ਗੱਲ ਤੋਂ ਬੜੀ ਚਿੰਤਾ ਹੈ ਕਿ ਪਾਕਿਸਤਾਨ ਨੇ ਈਰਾਨ ਨਾਲ ਹਥਿਆਰ ਬਣਾਉਣ ਦੇ ਕਾਰਖਾਨੇ ਲਾਉਣ ਬਾਰੇ ਫੈਸਲਾ ਕੀਤਾ ਹੈ। ਔਰ ਈਰਾਨ ਨੇ ਫਰਾਂਸ ਨਾਲ ਸਾਂਝੇ ਹਥਿਆਰ ਦੇ ਕਾਰਖਾਨੇ ਬਨਾਉਣ ਬਾਰੇ ਫੈਸਲਾ ਕੀਤਾ ਹੈ। ਅਮਰੀਕਾ ਨੇ ਕਰਾਚੀ ਵਿਚ ਅਤੇ ਹੋਰ ਟਾਪੂਆਂ ਵਿਚ ਆਪਣੇ ਅੱਡੇ ਬਨਾਉਣ ਦਾ ਫੈਸਲਾ ਕੀਤਾ ਹੈ। ਚੀਨ ਵੱਲੋਂ ਉਤਰੀ ਸਰਹੱਦ ਤੇ ਖਤਰਾ ਬਣਿਆ ਹੋਇਆ ਹੈ। ਇਸ ਲਈ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਹ ਖਤਰਾ ਅੱਜ ਵੀ ਕਾਇਮ ਹੈ ਅਤੇ ਇਨ੍ਹਾਂ ਖਤਰਿਆਂ ਨੂੰ ਮੁੱਖ ਰੱਖ ਕੇ ਹੀ ਐਮਰਜੰਸੀ ਲਾਗੂ ਕੀਤੀ ਗਈ ਸੀ। ਰਾਜਸੀ ਪੱਖ ਵੀ ਜਿਨ੍ਹਾਂ ਕਾਰਣ ਐਮਰਜੰਸੀ ਲਾਗੂ ਕਰਨੀ ਪਈ ਸੀ, ਉਹ ਵੀ ਸਾਨੂੰ ਕਦੇ ਭੁਲਣੇ ਨਹੀਂ ਚਾਹੀਦੇ ਹਨ। ਦੂਜੀ ਗੱਲ ਐਮਰਜੰਸੀ ਤੋਂ ਵੱਡੀ ਦੇਣ ਜਿਹੜੀ ਸਾਨੂੰ ਹੈ ਉਹ ਹੈ ਪ੍ਰਧਾਨ ਮੰਤਰੀ ਦਾ 20-ਨੁਕਾਤੀ ਪ੍ਰੋਗਰਾਮ। ਇਹ 20-ਨੁਕਾਤੀ ਪ੍ਰੋਗਰਾਮ ਦੇਸ਼ ਭਗਤਾਂ ਲਈ, ਜ਼ਮਹੂਰੀ ਤਾਕਤਾਂ ਲਈ, ਇਨ੍ਹਾਂ ਸ਼ਕਤੀਆਂ ਲਈ ਤਾਕਤ ਦਾ ਅਧਾਰ ਬਣ ਸਕਦਾ ਹੈ। ਇਸ ਦਾ ਮੁੱਖ ਨਿਸ਼ਾਨਾ ਜਨਤਾ ਨੂੰ ਰੀਲੀਫ ਦੇਣ ਦਾ ਹੈ। ਦੂਸਰੇ ਸਿਆਸੀ ਤੌਰ ਤੇ ਦੇਸ਼ ਦੇ ਦੁਸ਼ਮਨਾਂ ਦੇ ਖਿਲਾਫ ਲੜਨਾ ਹੈ। ਇਹ 20-ਨੁਕਾਤੀ ਪ੍ਰੋਗਰਾਮ ਅਧੀਨ ਅਸੀਂ ਦੇਸ਼ ਨੂੰ ਅੱਗੇ ਲਿਜਾ ਸਕਦੇ ਹਾਂ। ਵੱਡੀ ਖੁਸ਼ੀ ਦੀ ਗੱਲ ਇਹ ਹੈ ਕਿ ਸਾਡੀ ਪਾਰਟੀ ਨੇ ਇਸ ਗੱਲ ਨੂੰ ਮੰਨ ਲਿਆ ਹੈ। ਪਿਛਲੇ ਸੱਤ ਮਹੀਨਿਆਂ ਵਿਚ ਇਸ ਪ੍ਰੋਗਰਾਮ ਨੂੰ ਅਮਲ ਵਿਚ ਲਿਆਉਣ ਲਈ ਗਿਆਨੀ ਜ਼ੈਲ ਸਿੰਘ ਦੀ ਸਰਕਰਦਗੀ ਹੇਠ ਪੰਜਾਬ ਸਰਕਾਰ ਨੇ ਚੰਗੇ ਕਦਮ ਚੁਕੇ ਹਨ। ਅਸੀਂ ਇਨ੍ਹਾਂ ਕਦਮਾਂ ਦੀ ਸ਼ਲਾਘਾ ਕਰਦੇ ਹਾਂ। ਇਨ੍ਹਾਂ ਦਾ ਥੋੜਾ ਜਿਹਾ ਮੈਂ ਵਿਵਰਨ ਕਰਨਾ ਚਾਹੁੰਦਾ ਹਾਂ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਪਹਿਲੀ ਗੱਲ ਇਹ ਹੈ ਕਿ ਖੇਤ ਮਜ਼ਦੂਰ ਅਤੇ ਕਾਰੀਗਰਾਂ ਨੂੰ ਕਰਜ਼ਿਆਂ ਦੀ ਛੋਟ ਦਿਤੀ ਗਈ ਹੈ। ਬੇ-ਘਰਾਂ ਨੂੰ ਪਲਾਟ ਦੇਣ ਦੀ ਮੁਹਿੰਮ ਤੇਜ਼ ਹੋਈ ਹੈ। ਤਿੰਨ ਲੱਖ ਦੇ ਕਰੀਬ ਇਸ ਸਕੀਮ ਅਧੀਨ ਸਰਕਾਰ ਨੇ ਪਲਾਟਸ ਦਿਤੇ ਹਨ। ਇਹਦੇ ਵਿਚ ਜੋ ਕਮੀਆਂ ਸਨ ਉਨ੍ਹਾਂ ਨੂੰ ਦੂਰ ਕਰਨ ਵਾਸਤੇ ਹਰੀਜਨਾਂ ਨੂੰ ਪਿੰਡਾਂ ਵਿਚ ਜੋ ਉਨ੍ਹਾਂ ਨਾਲ ਜਬਰ ਹੁੰਦਾ ਸੀ ਉਸ ਚੀਜ਼ ਦੀ ਦੇਖ ਭਾਲ ਕਰਨ ਲਈ ਸਬ-ਡਵੀਜ਼ਨ ਲੈਵਲ ਤੇ ਕਈ ਕਮੇਟੀਆਂ ਬਣਾਈਆਂ ਗਈਆਂ ਹਨ। ਹਰੀਜਨਾਂ ਦੇ ਮੁੰਡਿਆਂ ਲਈ ਜੋ ਕਿ ਅਠਵੀਂ ਅਤੇ ਦਸਵੀਂ ਜਮਾਤ ਵਿਚ ਪੜ੍ਹਦੇ ਹਨ ਉਨ੍ਹਾਂ ਦੇ ਵਜ਼ੀਫੇ ਦੀ ਰਕਮ ਵਿਦਿਆ ਵਿਭਾਗ ਨੇ ਵਧਾਈ ਹੈ। ਇਸ ਕਾਰਨ ਚਾਰ ਕਰੋੜ ਦਾ ਬੋਝ ਸਰਕਾਰੀ ਖਜ਼ਾਨੇ ਤੇ ਪਿਆ ਹੈ। ਅਨ-ਐਡਜਸਟਿਡ ਬੀ. ਐਡ. ਟੀਚਰਜ਼ ਨੂੰ ਪੂਰੀ ਤਨਖਾਹ ਦੇਕੇ ਐਡਜਸਟ ਕੀਤਾ ਗਿਆ ਹੈ। ਯੂਨੀਵਰਸਿਟੀ ਗਰਾਂਟਸ ਕਮਿਸ਼ਨ ਦੀਆਂ ਰਿਕੁਮੈਂਡੇਸ਼ਨਜ਼ ਨੂੰ ਲਾਗੂ ਕੀਤਾ ਗਿਆ ਹੈ। ਭਾਵੇਂ ਉਹ ਲਾਗੂ ਕਰਨ ਵਿਚ ਥੋੜੀ ਜਿਹੀ ਦੇਰ ਕੀਤੀ ਗਈ ਹੈ ਅਤੇ 1973-74 ਵਿਚ ਜਿਹੜੇ ਕਾਲਜ ਬਣੇ ਹਨ ਉਨ੍ਹਾਂ ਨੂੰ ਇਸ ਦੇ ਘੇਰੇ ਤੋਂ ਬਾਹਰ ਰਖਿਆ ਗਿਆ ਹੈ। ਮੈਂ ਕਹਾਂਗਾ ਕਿ ਉਹ ਕਾਲਜ ਵੀ ਇਸ ਵਿਚ ਇਨਕਲੂਡ ਕਰ ਲੈਣੇ ਚਾਹੀਦੇ ਹਨ।

ਪੰਚਾਇਤੀ ਰਾਜ ਦੇ ਸਿਲਸਲੇ ਵਿਚ ਪੰਜਾਬ ਸਰਕਾਰ ਨੇ ਜੋ ਕਦਮ ਪੁਟੇ ਹਨ ਉਹ ਦੀ ਮੈਂ ਸ਼ਲਾਘਾ ਕਰਦਾ ਹਾਂ। ਪੰਚਾਇਤੀ ਰਾਜ ਡਾਇਰੈਕਟੋਰੇਟ ਬਣਾਇਆ ਗਿਆ ਹੈ ਔਰ ਬਲਾਕ ਸਮਤੀਆਂ ਦੀਆਂ ਚੋਣਾਂ ਕੀਤੀਆਂ ਗਈਆਂ ਹਨ। ਇਹ ਅੱਛੇ ਕੰਮ ਕੀਤੇ ਗਏ ਹਨ। ਪਰ ਇਸ ਦੇ ਨਾਲ ਜਿਹੜੀ ਇਸ ਕੰਮ ਨੂੰ ਸਟ੍ਰੀਮਲਾਈਨ ਕਰਨ ਲਈ ਕਮੇਟੀ ਬਣੀ ਸੀ ਉਹਦੀਆਂ ਸਾਰੀਆਂ ਸਿਫਾਰਸ਼ਾਂ ਤੇ ਅਮਲ ਨਹੀਂ ਕੀਤਾ ਗਿਆ। ਇਨ੍ਹਾਂ ਸਾਰੀਆਂ ਸਿਫਾਰਸ਼ਾਂ ਤੇ ਅਮਲ ਕਰਨਾ ਚਾਹੀਦਾ ਹੈ। ਇਹ ਸਰਕਾਰ ਨੇ ਚੰਗਾ ਫੈਸਲਾ ਕੀਤਾ ਹੈ ਕਿ 21,221 ਏਕੜ ਜੰਗਲਾਤ ਦੀ ਭੋਂ ਲੈ ਕੇ ਖੇਤ ਮਜ਼ਦੂਰਾਂ ਨੂੰ, ਹਰੀਜਨਾਂ ਨੂੰ ਦਿੱਤੀ ਜਾਵੇ। ਇਸਤਰੀ ਜਾਤੀ ਦੇ ਸੁਧਾਰ ਲਈ ਜੋ ਮੂਵਮੈਂਟ ਪੰਜਾਬ ਸਰਕਾਰ ਨੇ ਚਲਾਈ ਹੈ ਉਹਦੀ ਵੀ ਮੈਂ ਸ਼ਲਾਘਾ ਕਰਦਾ ਹਾਂ। ਦਿਹੇਜ਼ ਨਾ ਦੇਣ ਬਾਰੇ ਸਰਕਾਰ ਨੂੰ ਕੋਈ ਬਿੱਲ ਲਿਆਉਣਾ ਚਾਹੀਦਾ ਹੈ।

ਇਹ ਵੀ ਅਸੀਂ ਮਹਿਸੂਸ ਕਰਦੇ ਹਾਂ ਕਿ ਇਸ 20-ਨੁਕਾਤੀ ਪਰੋਗਰਾਮ ਨੂੰ ਅਮਲ ਵਿਚ ਲਿਆਉਣ ਲਈ ਜਿੰਨੇ ਕਦਮ ਚੁਕੇ ਜਾਣੇ ਚਾਹੀਦੇ ਸਨ ਉਨੇ ਨਹੀਂ ਚੁਕੇ ਗਏ ਹਨ। ਇਸ ਬਾਰੇ ਮੈਂ ਦਸ ਬਾਰਾਂ ਸੁਝਾਉ ਦੇਣਾ ਚਾਹੁੰਦਾ ਹਾਂ।

ਪਹਿਲਾ ਸੁਝਾਉ ਇਹ ਹੈ ਕਿ ਅਸੀਂ ਇਸ ਚੀਜ਼ ਤੇ ਜ਼ੋਰ ਦਈਏ ਕਿ ਸਿੰਜਾਈ ਹੇਠ ਬਹੁਤ ਜ਼ਿਆਦਾ ਜ਼ਮੀਨ ਲਿਆਂਦੀ ਜਾਵੇ। ਥੀਨ ਡੈਮ ਦੀ ਉਸਾਰੀ 20-ਨੁਕਾਤੀ ਪਰੋਗਰਾਮ ਦਾ ਅੰਗ ਬਨਾਉਣਾ ਚਾਹੀਦਾ ਹੈ। ਇਸ ਲਈ ਵੀ ਪੰਜਾਬ ਸਰਕਾਰ ਨੇ ਔਰ ਗਿਆਨੀ ਜੀ ਨੇ ਬੜੇ ਤਰੀਕੇ ਨਾਲ ਸ਼ੇਖ ਅਬਦੁਲਾ ਨੂੰ ਮਨਾ ਲਿਆ ਹੈ। ਮੈਂ ਬੇਨਤੀ ਕਰਦਾ ਹਾਂ ਕਿ ਇਸ ਤਰੀਕੇ ਨਾਲ ਇਨ੍ਹਾਂ ਨੂੰ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਨੂੰ ਵੀ ਮਨਾ ਲੈਣਾ ਚਾਹੀਦਾ ਹੈ। ਥੀਨ ਡੈਮ ਨੂੰ ਕੰਪਲੀਟ ਕਰਨ ਲਈ ਕੋਈ 25 ਕਰੋੜ ਰੁਪਏ ਦੇ ਕਰੀਬ ਚਾਹੀਦੇ ਹਨ। 18 ਕਰੋੜ ਰੁਪਏ ਤਾਂ ਫਲਡੱਜ਼ ਦੇ ਨੁਕਸਾਨ ਨੂੰ ਪੂਰਾ ਕਰਨ ਵਿਚ ਲਗ ਗਏ ਸੀ। ਥੀਨ ਡੈਮ ਦੀ ਉਸਾਰੀ ਹੋਣ ਨਾਲ ਬਿਜਲੀ ਵਧੇਰੇ ਮਿਲ ਸਕਦੀ ਹੈ। ਖੇਤਾਂ ਨੂੰ ਪਾਣੀ ਵੀ ਮਿਲ

Original with;
Punjab Vidhan Sabha
Digitized by;
Panjab Digital Library

ਸਕਦਾ ਹੈ । ਜਿਹੜਾ ਇਹ ਕਿਹਾ ਗਿਆ ਹੈ ਕਿ ਇਸ ਡੈਮ ਦੇ ਬਨਾਉਣ ਲਈ ਸਾਡੇ ਕੋਲ ਫਿਨਾਂਸਿਜ਼ ਨਹੀਂ ਹਨ, ਇਸ ਬਾਰੇ ਮੈਂ ਬੇਨਤੀ ਕਰਾਂਗਾ ਕਿ ਭਾਰਤ ਸਰਕਾਰ ਦਾ ਰੂਸ ਦੀ ਸਰਕਾਰ ਨਾਲ ਲੰਬੇ ਅਰਸੇ ਦਾ ਸਮਝੌਤਾ ਹੋਇਆ ਹੈ ਅਤੇ ਉਹਦੇ ਵਿਚ ਬਹੁਤ ਸਾਰੇ ਪਰਾਜੈਕਟਸ ਆਏ ਹਨ । ਇਥੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਗਿਆਨੀ ਜੀ ਨੂੰ ਸੈਂਟਰ ਦੀ ਸਰਕਾਰ ਨਾਲ ਗੱਲ ਕਰਕੇ ਥੀਨ ਡੈਮ ਵੀ ਉਨ੍ਹਾਂ ਪਰਾਜੈਕਟਾਂ ਦਾ ਹਿੱਸਾ ਬਣਾ ਦੇਣਾ ਚਾਹੀਦਾ ਹੈ ਜਿਹੜੇ ਕਿ ਰੂਸ ਸਰਕਾਰ ਦੀ ਮਦੱਦ ਨਾਲ ਬਨਣੇ ਹਨ । ਇਸ ਤਰ੍ਹਾਂ ਨਾਲ ਇਹਦਾ ਸਾਰਾ ਖਰਚਾ ਉਹਦੇ ਵਿਚੋਂ ਹੀ ਨਿਕਲ ਆਏਗਾ । ਹੋਰ ਗੱਲ ਇਹ ਹੈ ਕਿ ਜਿਥੇ ਇਹ ਡੈਮ ਬਣਨ ਵਾਸਤੇ ਗੱਲ ਸਿਰੇ ਚੜ੍ਹ ਗਈ ਹੈ ਉਥੇ ਇਹ ਡੈਮ ਤੇਜ਼ੀ ਨਾਲ ਵੀ ਬਣਾਉਣਾ ਚਾਹੀਦਾ ਹੈ । ਇਸ ਬਾਰੇ ਜਿਹੜੇ ਰਹਿੰਦੇ ਡਿਸਪਿਊਟ ਹਨ ਉਹ ਵੀ ਜਲਦੀ ਮੁਕਾ ਲੈਣੇ ਚਾਹੀਦੇ ਹਨ ਅਤੇ ਇਸ ਡੈਮ ਨੂੰ ਜਲਦੀ ਬਨਾਉਣਾ ਚਾਹੀਦਾ ਹੈ ।

ਇਸ ਤੋਂ ਅੱਗੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸ਼ਹਿਰਾਂ ਵਿਚ ਵੀ ਬੇ-ਘਰ ਬਹੁਤ ਹਨ। ਜਿਸ ਤਰ੍ਹਾਂ ਪਿੰਡਾਂ ਵਿਚ 5—5 ਮਰਲੇ ਜ਼ਮੀਨ ਬੇ—ਘਰਿਆਂ ਨੂੰ ਦੇਣ ਦੀ ਸਕੀਮ ਹੈ ਇਸੇ ਤਰ੍ਹਾਂ ਸ਼ਹਿਰਾਂ ਵਿਚ ਵੀ ਬੇ-ਘਰਿਆਂ ਨੂੰ ਐਨੀ ਹੀ ਜ਼ਮੀਨ ਮਕਾਨ ਬਣਾਉਣ ਲਈ ਦੇਣੀ ਚਾਹੀਦੀ ਹੈ । ਮਿਊਂਸਪੈਲਿਟੀਆਂ ਤੋਂ ਅਤੇ ਹੋਰ ਜ਼ਮੀਨਾਂ ਲੈਕੇ ਇਨ੍ਹਾਂ ਬੇ-ਘਰ ਲੋਕਾਂ ਵਿਚ ਤਕਸੀਮ ਕਰਨੀ ਚਾਹੀਦੀ ਹੈ । ਜਿਸ ਤਰ੍ਹਾਂ ਪਿੰਡਾਂ ਦੇ ਹਰੀਜਨਾਂ, ਲੇਬਰਰਜ਼ ਐਂਡ ਕਾਰੀਗਰਾਂ ਦੇ ਕਰਜ਼ੇ ਮੁਆਫ ਕੀਤੇ ਹਨ ਉਸੇ ਤਰ੍ਹਾਂ ਹੀ ਇੰਡਸਟ੍ਰੀਅਲ ਲੇਬਰਰਜ਼ ਦੇ ਕਰਜ਼ੇ ਵੀ ਮੁਆਫ ਕਰਨੇ ਚਾਹੀਦੇ ਹਨ । ਇਸ ਤੋਂ ਇਲਾਵਾ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਹਰਾ ਇਨਕਲਾਬ ਲਿਆਉਣ ਲਈ ਛੋਟੇ ਕਿਸਾਨਾਂ ਨੂੰ ਖਾਦ ਲਈ 25 ਫੀਸਦੀ ਸਬਸਿਡੀ ਦੇਣੀ ਚਾਹੀਦੀ ਹੈ। ਕਰਾਇਦਾਰਾ ਕਾਨੂੰਨ ਵਿਚ ਸਰਕਾਰ ਨੂੰ ਸੋਧ ਕਰਨੀ ਚਾਹੀਦੀ ਹੈ । ਇਸ ਨਾਲ ਲੱਖਾਂ ਗਰੀਬ ਲੋਕਾਂ ਨੂੰ ਇਹ 20—ਨੁਕਾਤੀ ਪਰੋਗਰਾਮ ਹੇਠ ਫਾਇਦਾ ਹੋਏਗਾ । ਪਿੰਡਾਂ ਵਿਚ ਰੋਜ਼ਮਰਾ ਵਰਤੋਂ ਦੀਆਂ ਚੀਜ਼ਾਂ ਦੇਣ ਲਈ ਕੰਮ ਸਿਵਿਲ ਸਪਲਾਈਜ਼ ਕਾਰਪੋਰੇਸ਼ਨ ਦੇ ਜ਼ਿਮੇਂ ਲਗਾਇਆ ਗਿਆ ਸੀ ਕਿ ਇਹ ਕਾਰਪੋਰੇਸ਼ਨ ਉਥੇ ਇਹ ਚੀਜ਼ਾਂ ਵੰਡੇਗੀ । ਇਸ ਕਾਰਪੋਰੇਸਨ ਨੇ ਕੰਮ ਕੀਤਾ ਹੈ । ਪਰ ਇਹ ਜਿਹੜਾ ਰਾਜਪਾਲ ਦੇ ਐਡਰੈਸ ਵਿਚ ਕਿਹਾ ਗਿਆ ਹੈ । ਕਿ ਮਿੱਟੀ ਦਾ ਤੇਲ, ਖੰਡ ਆਦਿ ਇਹ ਸਭ ਚੀਜ਼ਾਂ ਦਿੱਤੀਆਂ ਜਾਣਗੀਆਂ, ਮੈਂ ਇਸ ਬਾਰੇ ਕਹਿਣਾ ਚਾਹੁੰਦਾ ਹਾਂ ਕਿਸੇ ਪਿੰਡ ਵਿਚ ਮਿੱਟੀ ਦਾ ਤੇਲ ਨਹੀਂ ਦਿੱਤਾ ਜਾ ਰਿਹਾ ਹੈ। ਇਸ ਬਾਰੇ ਗਲਤ ਲਿਖਿਆ ਹੋਇਆ ਹੈ । ਡਿਪੂਆਂ ਤੇ ਕੰਟਰੋਲ ਕਰਨ ਲਈ ਨਿਗਰਾਨ ਕਮੇਟੀਆਂ ਬਣਾਉਣੀਆਂ ਚਾਹੀਦੀਆਂ ਹਨ । ਇਹਦੇ ਵਿਚ ਦੇਰ ਨਹੀਂ ਕਰਨੀ ਚਾਹੀਦੀ ਹੈ। ਕੇਂਦਰ ਸਰਕਾਰ ਨੇ ਏਪੈਕਸ ਬਾਡੀ ਬਣਾਈ ਹੈ । ਜਿਸ ਵਿਚ ਤਿੰਨ ਮੈਂਬਰ ਆਲ ਇੰਡੀਆ ਟ੍ਰੇਡ ਯੂਨੀਅਨ ਕਾਂਗਰਸ ਦੇ ਹਨ ਤਿੰਨ ਮੈਂਬਰ ਇੰਟਕ ਦੇ ਹਨ ਜਦ ਕਿ ਪੰਜਾਬ ਵਿਚ ਤਿੰਨ ਮੈਂਬਰ ਇੰਟਕ ਦੇ ਹਨ ਅਤੇ ਦੋ ਮੈਂਬਰ ਹਿੰਦ ਮਜ਼ਦੂਰ ਸਭਾ ਦੇ ਹਨ । ਕੇਂਦਰ ਦੀ ਤਰ੍ਹਾਂ ਪੰਜਾਬ ਵਿਚ ਦੋਨਾਂ ਸੰਸਥਾਵਾਂ ਦੇ ਬਰਾਬਰ ਬਰਾਬਰ ਮੈਂਬਰ ਹੋਣੇ ਚਾਹੀਦੇ ਹਨ । ਪੰਜਾਬ ਵਿਚ ਇਸ ਕਮੇਟੀ ਦਾ ਮੁੜ ਕੇ ਪੁਨਰਗਠਨ ਹੋਣਾ ਚਾਹੀਦਾ ਹੈ ਅਤੇ ਦੋਵਾਂ ਸੰਸਥਾਵਾਂ ਦੇ ਇਕੋ ਜਿਹੇ ਨੁਮਾਇੰਦੇ ਹੋਣੇ ਚਾਹੀਦੇ ਹਨ ।

ਦੂਜੇ ਤੀਜੇ ਅਤੇ ਚੌਥੇ ਦਰਜੇ ਦੇ ਸਰਕਾਰੀ ਕਰਮਚਾਰੀਆਂ ਲਈ ਪੰਜ ਕਿਸ਼ਤਾਂ ਕੇਂਦਰ ਸਰਕਾਰ ਦੇ ਇਲਾਨ ਦੇ ਮੁਤਾਬਕ ਮਨਜ਼ੂਰ ਕਰਨੀਆਂ ਚਾਹੀਦੀਆਂ ਸਨ । ਪਰ ਦੋ ਕਿਸ਼ਤਾਂ ਦੇਣ ਦਾ ਇਲਾਨ ਕੀਤਾ ਹੈ। ਇਹ 20 ਨੁਕਾਤੀ ਪ੍ਰੋਗਰਾਮ ਦੀ ਸਪਿਰਟ ਦੇ ਖਿਲਾਫ਼ ਜਾਂਦਾ ਹੈ ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸ਼ਮਸ਼ੇਰ ਸਿਘ ਜੋਸ਼]

ਸਰਕਾਰ ਨੇ ਕੁਝ ਫੈਸਲੇ ਪਿਛਲੇ 2-3-4 ਸਾਲਾਂ ਵਿਚ ਲਏ ਸਨ, ਉਨ੍ਹਾਂ ਤੇ ਅਮਲ ਰੁਕਿਆ ਪਿਆ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਤੇ ਅਮਲ ਕਰਾਉਣਾ ਚਾਹੀਦਾ ਹੈ। ਇੱਕ ਮਸਲਾ ਇਹ ਹੈ ਕਿ ਜਦੋਂ ਪਾਕਿਸਤਾਨ ਦੀ ਲੜਾਈ ਹੋਈ ਸੀ ਉਦੋਂ ਕੁਝ ਪਿੰਡ ਪਾਕਿਸਤਾਨ ਦੇ ਕਬਜ਼ੇ ਵਿਚ ਆ ਗਏ ਸੀ । ਉਨ੍ਹਾਂ ਪਿੰਡਾਂ ਦੇ ਘਰ ਉਜੜ ਗਏ ਸੀ । ਉਨ੍ਹਾਂ ਨੂੰ ਮੁੜ ਵਸਾਉਣ ਲਈ ਕਰਜ਼ਾ ਨਹੀਂ ਦਿੱਤਾ ਗਿਆ ਹੈ । ਇਸ ਬਾਰੇ ਜਿਹੜੇ ਫੈਸਲੇ ਹੋਏ ਹਏ ਹਨ, ਉਨ੍ਹਾਂ ਨੂੰ ਅਮਲ ਵਿਚ ਲਿਆਂਦਾ ਜਾਵੇ ।

ਇਸ ਤੋਂ ਅਗੇ ਸਪੀਕਰ ਸਾਹਿਬ, ਇਸ ਦੌਰਾਨ ਕੁਝ ਕੰਮਾਂ ਵਿਚ ਜਿਨ੍ਹਾਂ ਦੇ ਕਰਨ ਵਿਚ ਸਰਕਾਰ ਫੇਲ੍ਹ ਹੋਈ ਹੈ ਜਾਂ ਆਪਣਾ ਪੂਰਾ ਧਿਆਨ ਨਹੀਂ ਦੇ ਸਕੀ ਉਨ੍ਹਾਂ ਵਲ ਆਪ ਦੀ ਰਾਹੀਂ ਇਸ ਸਦਨ ਦਾ ਧਿਆਨ ਦੁਆਉਣਾ ਚਾਹੁੰਦਾ ਹਾਂ । ਉਹ ਕਿਹੜੇ ਕੰਮ ਹਨ ? ਤੁਹਾਡੇ ਰਾਹੀਂ ਸਪੀਕਰ ਸਾਹਿਬ,, ਮੈਂ ਦੱਸਣਾ ਚਾਹੁੰਦਾ ਹਾਂ ਕਿ ਰਾਜਪਾਲ ਜੀ ਨੇ ਆਪਣੇ ਭਾਸ਼ਣ ਵਿਚ ਕਿਹਾ ਹੈ ਕਿ ਅਨਾਜ ਦੀ ਵਧੇਰੇ ਉਪਜ ਨੂੰ ਯਕੀਨੀ ਬਣਾਉਣ ਲਈ ਇਹ ਜ਼ਰੂਰੀ ਹੈ ਕਿ ਕਾਸ਼ਤਕਾਰਾਂ ਨੂੰ ਮੁਨਾਸਬ ਕੀਮਤਾਂ ਅਦਾ ਕੀਤੀਆਂ ਜਾਣ । ਮੈਂ ਇਸ ਗਲ ਦਾ ਸਪੀਕਰ ਸਾਹਿਬ, ਬੜੇ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕਰਦਾ ਹਾਂ ਕਿ ਪੰਜਾਬ ਦੇ ਕਿਸਾਨ ਨੂੰ ਕਣਕ ਨੂੰ ਛੱਡ ਕੇ ਕਪਾਹ, ਆਲੂ, ਝੋਨਾ, ਅਤੇ ਮੂੰਗਫਲੀ ਆਦਿ ਦੀ ਫਸਲ ਵਿਚ ਪੂਰਾ ਰੇਟ ਨਹੀਂ ਮਿਲਿਆ । ਬਾਸਮਤੀ ਦਾ ਰੇਟ ਸਰਕਾਰ ਨੇ 130 ਰੁਪਏ ਕੁਇੰਟਲ ਮੁਕੱਰਰ ਕੀਤਾ ਸੀ ਪਰ ਕਿਸਾਨ ਨੂੰ 90/- ਰੁਪਏ ਕੁਇੰਟਲ ਵੀ ਨਹੀਂ ਮਿਲੇ । ਬਾਸਮਤੀ ਜਿਹੜੀ ਹੈ, ਸਪੀਕਰ ਸਾਹਿਬ, ਉਹ ਬਿਲਕੁਲ ਮੁਨਾਸਿਬ ਰੇਟ ਤੇ ਨਹੀਂ ਵਿਕੀ । ਮੈਂ ਸਮਝਦਾ ਹਾਂ ਕਿ ਇਹ ਗਲ ਮੁਨਾਸਿਬ ਨਹੀਂ ਹੈ । ਇਸੇ ਤਰ੍ਹਾਂ ਕਪਾਹ ਜਿਹੜੀ ਹੈ ਉਸ ਦੇ ਬਾਰੇ ਵੀ ਦੱਸਣਾ ਚਾਹੁੰਦਾ ਹਾਂ ਕਿ ਨਰਮਾ 175 ਰੁਪਏ ਤੋਂ ਲੈ ਕੇ 200 ਰੁਪਏ ਜਾਂ 225 ਰੁਪਏ ਤਕ ਵਿਕਦਾ ਰਿਹਾ ਹੈ ਅਤੇ ਉਦੋਂ ਨਾ ਕੋਈ ਮਾਰਕਫੈਡ ਖਰੀਦਣ ਆਇਆ ਅਤੇ ਨਾ ਹੀ ਕੋਈ ਕਾਟਨ ਕਾਰਪੋਰੇਸ਼ਨ ਮਦਾਨ ਵਿਚ ਆਈ । ਪੰਜਾਬ ਦੇ ਛੋਟੇ ਕਿਸਾਨ ਨੂੰ ਭਾਅ ਚੰਗਾ ਨਹੀਂ ਮਿਲਿਆ । ਕਾਟਨ ਕਾਰਪੋਰੇਸ਼ਨ ਉਦੋਂ ਆਈ ਜਦੋਂ ਪੰਜਾਬ ਦਾ ਛੋਟਾ ਕਿਸਾਨ ਆਪਣਾ ਨਰਮਾ ਵੇਚ ਚੁਕਾ ਸੀ। (ਵਿਘਨ) ਇਸ ਲਈ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਕਿਸਾਨ ਦੀਆਂ ਜਿਹੜੀਆਂ ਜਿਣਸਾਂ ਹਨ ਉਨ੍ਹਾਂ ਦਾ ਰੇਟ ਜਦੋ ਕਿਸਾਨ ਬੀਜੇ ਉਦੋਂ ਹੀ ਮੁਕੱਰਰ ਹੋਣੀਆਂ ਚਾਹੀਆਂ ਹਨ । ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਜਿਣਸਾਂ ਬੀਜਣ ਦਾ ਪ੍ਰਬੰਧ ਹੈ ਉਹ ਸਰਕਾਰ ਨੂੰ ਕਰਨਾ ਚਾਹੀਦਾ ਹੈ ਅਤੇ ਹੋਰ ਵੀ ਜਿਹੜੀਆਂ ਰਿਆਇਤਾਂ ਹਨ ਉਹ ਕਿਸਾਨ ਨੂੰ ਦੇਣੀਆਂ ਚਾਹੀਦੀਆਂ ਹਨ। ਮੈਂ ਤਾਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਖੇਤੀਬਾੜੀ ਨੂੰ ਸਨਅਤੀਕਰਨ ਦੀ ਲੋੜ ਹੈ, ਮੈਕੇਨਾਈਜ਼ੇਸ਼ਨ ਦੀ ਲੋੜ ਹੈ । ਇਸ ਵਕਤ ਪੰਜਾਬ ਦੇ ਵਿਚ 10—20% ਲੋਕ ਹੀ ਹਨ ਜਿਹੜੇ ਟਰੈਕਟਰ ਲੈ ਸਕਦੇ ਹਨ, ਥਰੈਸ਼ਰ ਵਗੈਰਾ ਲੈ ਸਕਦੇ ਹਨ ਜਾਂ ਹੋਰ ਇਸ ਕਿਸਮ ਦੀਆਂ ਚੀਜ਼ਾਂ ਲੈ ਸਕਦੇ ਹਨ ਪਰ 70-80% ਜਿਹੜੇ ਲੋਕ ਹਨ ਜਿਨ੍ਹਾਂ ਕੋਲ 5-10 ਏਕੜ ਜ਼ਮੀਨ ਹੈ ਉਨ੍ਹਾਂ ਵਚਾਰਿਆਂ ਕੋਲ ਕੋਈ ਟਰੈਕਟਰ ਜਾਂ ਥਰੈਸ਼ਰ ਵਗੈਰਾ ਨਹੀਂ । ਉਸ ਦੇ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਸਰਕਾਰ ਪੰਜਾਬ ਟਰੈਕਟਰ ਕਾਰਪੋਰੇਸ਼ਨ ਨੂੰ ਕਹੇ ਕਿ ਕੋਈ 10 ਹਾਰਸ ਪਾਵਰ ਦਾ ਟਰੈਕਟਰ ਬਣਾਇਆ ਜਾਵੇ ਤਾਂ ਕਿ ਜਿਹੜੇ ਥੋੜੀ ਜ਼ਮੀਨ ਵਾਲੇ ਕਿਸਾਨ ਹਨ ਉਹ ਵਿਚਾਰੇ ਵੀ ਇਸ ਦਾ ਇਸਤੇਮਾਲ ਕਰ ਸਕਣ । ਦੂਸਰਾ ਬਲਾਕ ਲੈਵਲ ਤੇ ਸਰਕਾਰ 40-40 ਜਾਂ 50-50 ਟਰੈਕਟਰਾਂ ਦਾ ਕੋਈ ਟਰੈਕਟਰ ਸਰਵਿਸ ਸਟੇਸ਼ਨ ਖੋਲ੍ਹੇ ਜਿਸ ਤੋਂ ਕਿਸਾਨ ਆਪਣੀ ਭੋਇਂ ਬੀਜਣ ਦੇ ਲਈ ਟਰੈਕਟਰ ਵਗੈਰਾ ਲੈ ਸਕੇ ਅਤੇ ਇਸੇ ਤਰ੍ਹਾਂ ਥਰੈਸ਼ਰਾਂ ਵਗੈਰਾ ਨਾਲ ਕਟਾਈ ਕਰ ਸਕੇ । ਮੇਰੇ ਕਹਿਣ ਦਾ ਭਾਵ ਹੈ ਕਿ ਛੋਟੇ ਕਿਸਾਨ

Original with;
Punjab Vidhan Sabha
Digitized by;
Panjab Digital Library

ਨੂੰ ਵੀ ਇਸ ਤਰ੍ਹਾਂ ਦੀਆਂ ਸਹੂਲਤਾਂ ਦਿਤੀਆਂ ਜਾਣੀਆਂ ਚਾਹੀਦੀਆਂ ਹਨ। ਇਸ ਲਈ ਇਸ ਸਬੰਧ ਵਿਚ ਮੈਂ ਆਪਣਾ ਸੁਝਾਵ ਦੇਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਸਰਕਾਰ ਨੂੰ ਕੋਈ ਇਸ ਤਰ੍ਹਾਂ ਦਾ ਉਪਰਾਲਾ ਕਰਨਾ ਚਾਹੀਦਾ ਹੈ। ਇਸ ਦੇ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਨਹਿਰੀ ਇਲਾਕੇ ਹਨ ਉਥੇ ਨਹਿਰੀ ਪਾਣੀ ਦੇ ਰੇਟ ਵਧਾਏ ਗਏ ਹਨ, ਇਹ ਕੋਈ ਮੁਨਾਸਿਬ ਗੱਲ ਨਹੀਂ ਹੈ। ਇਸ ਦੇ ਨਾਲ ਹੀ ਬਿਜਲੀ ਦੇ ਰੇਟ ਵਧਾਏ ਗਏ ਹਨ। ਇਨ੍ਹਾਂ ਨਾਲ ਕਿਸਾਨਾਂ ਦਾ ਲੱਕ ਤੋੜਿਆ ਗਿਆ ਹੈ। ਪੰਜਾਬ ਦੇ ਵਿਚ ਇਸ ਵੇਲੇ 1 ਲੱਖ 90 ਹਜ਼ਾਰ ਟਿਊਬਵੈਲ ਹੈ ਇਸ ਤਰ੍ਹਾਂ ਬਿਜਲੀ ਪਾਣੀ ਦਾ ਰੇਟ ਵੱਧਣ ਨਾਲ ਸਾਡੀ ਇਕਾਨੋਮੀ ਤੇ ਬੜਾ ਅਸਰ ਪਵੇਗਾ। ਇਕ ਤਾਂ ਸਪੀਕਰ ਸਾਹਿਬ, ਕਿਸਾਨ ਨੂੰ ਯੋਗ ਭਾਅ ਨਹੀਂ ਮਿਲ ਰਹੇ ਅਤੇ ਦੂਸਰਾ ਰੇਟ ਵਧਾਏ ਜਾ ਰਹੇ ਹਨ ਮੈਂ ਨਹੀਂ ਸਮਝਦਾ ਕਿ ਇਸ ਐਮਰਜੈਂਸੀ ਦੇ ਦੌਰਾਨ ਇਹ ਕੋਈ ਯੋਗ ਗੱਲ ਹੈ।

ਇਸ ਤੋਂ ਅੱਗੇ ਸਪੀਕਰ ਸਾਹਿਬ, ਇਥੇ ਜ਼ਮੀਨੀ ਸੁਧਾਰ ਬਾਰੇ ਗਲ ਕੀਤੀ ਗਈ ਹੈ। ਇਸ ਦੇ ਬਾਰੇ ਕਾਂਗਰਸ ਦੇ ਪ੍ਰਧਾਨ ਨੇ ਵੀ ਫੈਸਲਾ ਕੀਤਾ ਸੀ। (ਵਿਘਨ) ਮੈਂ ਸਰਕਾਰ ਨੂੰ ਦੱਸਣਾ ਚਾਹੁੰਦਾ ਹਾਂ ਕਿ 1974 ਦੇ ਬਜਟ ਸਮਾਗਮ ਵਿਚ ਜਦੋਂ ਜ਼ਮੀਨੀ ਸੁਧਾਰ ਬਿਲ ਪਾਸ ਕੀਤਾ ਤਾਂ ਮੈਂ ਉਸ ਵੇਲੇ ਮਾਲ ਮੰਤਰੀ ਸਾਹਿਬ ਨੂੰ ਕਿਹਾ ਸੀ ਕਿ ਫੈਮਿਲੀ ਸਿਸਟਮ ਦਾ ਝਗੜਾ ਹੈ ਇਸ ਲਫਜ਼ ਵਿਚ ਅਮੈਂਡਮੈਂਟ ਕੀਤੀ ਜਾਵੇ। ਉਸ ਵੇਲੇ ਇਹ ਨਹੀਂ ਮੰਨੇ। (ਵਿਘਨ) ਹਾਈਕੋਰਟ ਵਿਚ ਗਏ ਹਾਈ ਕੋਰਟ ਨੇ ਸਾਲ ਬਾਅਦ ਫੈਸਲਾ ਕੀਤਾ, ਫਿਰ ਅਸੀਂ ਕਿਹਾ ਕਿ ਫੈਮਿਲੀ ਸ਼ਬਦ ਦੀ ਅਮੈਂਡਮੈਂਟ ਕਰ ਲਉ ਤਾਂ ਇਹ ਕਹਿਣ ਲਗੇ ਕਿ ਅਸੀਂ ਸੁਪਰੀਮ ਕੋਰਟ ਵਿਚ ਅਪੀਲ ਕਰਾਂਗੇ। ਹੁਣ 19ਵੀਂ ਸ਼ੈਡਿਊਲਡ ਵਿਚ ਇਹ ਕਾਨੂੰਨ ਸ਼ਾਮਲ ਹੋ ਗਿਆ। ਅਸੀਂ ਕਿਹਾ ਕਿ ਹਾਈ ਕੋਰਟ ਦੇ ਘੇਰੇ ਵਿਚੋਂ ਇਹ ਹੁਣ ਨਿਕਲ ਗਿਆ ਹੈ ਤੁਸੀਂ ਕਿਉਂ ਉਥੇ ਲਿਜਾਂਦੇ ਹੋ, ਇਸ ਤੇ ਅਮਲ ਕਰੋ। ਇਸ ਤੇ ਐਲ.ਆਰ. ਨੇ ਇਨ੍ਹਾਂ ਨੂੰ ਰਾਇ ਦਿਤੀ, ਕੋਈ ਜਾਗੀਰਦਾਰਾਂ ਦਾ ਪਿੱਠੂ ਬੈਠਾ ਹੋਣਾ ਹੈ, ਕਿ 19ਵੇਂ ਸ਼ਡਿਊਲ ਵਿਚ ਹਾਈ ਕੋਰਟ ਦਖ਼ਲ ਦੇ ਸਕਦੀ ਹੈ ਸੁਪਰੀਮ ਕੋਰਟ ਦਖਲ ਦੇ ਸਕਦੀ ਹੈ। ਲੇਕਿਨ ਹੁਣ ਮੈਨੂੰ ਖੁਸ਼ੀ ਹੈ ਕਿ ਸਰਦਾਰ ਉਮਰਾਓ ਸਿੰਘ ਜੀ ਨੇ ਐਲਾਨ ਕੀਤਾ ਹੈ, ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਜੀ ਨੇ ਐਲਾਨ ਕੀਤਾ ਹੈ ਕਿ 19ਵੇਂ ਸ਼ਡਿਊਲਡ ਵਿਚ ਹਾਈ ਕੋਰਟ ਵਿਚ ਜਾਣ ਦੀ ਲੋੜ ਨਹੀਂ ਹੈ, ਅਸੀਂ ਅਮਲ ਕਰਾਂਗੇ। ਲੇਕਿਨ ਸਪੀਕਰ ਸਾਹਿਬ, ਇਸ ਦੇ ਨਾਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਦੇ ਸਾਡੀ ਰਾਇ ਵੀ ਮੰਨ ਲਿਆ ਕਰੋ। ਅਸੀਂ ਜੋ ਰਾਇ ਦਿਆਂਗੇ ਉਹ ਵਜ਼ਨਦਾਰ ਹੋਵੇਗੀ। ਜੇ ਸਾਡੀ ਰਾਇ ਮੰਨੀ ਹੁੰਦੀ ਤਾਂ ਪੰਜਾਬ ਵਿਚ ਇਹ ਚੀਜ਼ ਕਿਉਂ ਹੁੰਦੀ ਅਤੇ ਪੰਜਾਬ ਵਿਚ ਗਰੀਬ ਕਿਸਾਨਾਂ ਵਿਚ ਜ਼ਮੀਨਾਂ ਜਿਹੜੀਆਂ ਹਨ ਉਹ ਵੰਡੀਆਂ ਜਾਂਦੀਆਂ ਅਤੇ ਪੰਜਾਬ ਦੀ ਸਰਕਾਰ ਦੀ ਭੀ ਜਗ੍ਹਾ ਜਗ੍ਹਾ ਹੌਸਲਾਘਾ ਹੁੰਦੀ ਕਿ ਪੰਜਾਬ ਸਰਕਾਰ ਨੇ ਭੂਮੀ ਸੁਧਾਰ ਕੀਤਾ ਹੈ ਅਤੇ ਗਰੀਬ ਕਿਸਾਨ ਦਾ ਭਲਾ ਸੋਚਿਆ ਹੈ। ਇਸ ਦੇ ਨਾਲ ਹੀ ਸਪੀਕਰ ਸਾਹਿਬ, ਮੈਂ ਸਰਦਾਰ ਉਮਰਾਓ ਸਿੰਘ ਜੀ ਨੂੰ, ਪੰਜਾਬ ਦੀ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮਹਾਰਾਜਾ ਫਰੀਦਕੋਟ 12,281 ਏਕੜ ਜ਼ਮੀਨ ਇਸ ਵੇਲੇ ਲਈ ਬੈਠਾ ਹੈ, ਪੰਜਾਬ ਸਰਕਾਰ ਨੂੰ ਇਸ ਦੇ ਲਈ ਯਤਨ ਕਰਨਾ ਚਾਹੀਦਾ ਹੈ ਅਤੇ ਉਹ ਜ਼ਮੀਨ ਗਰੀਬ ਲੋਕਾਂ ਵਿਚ ਵੰਡਣੀ ਚਾਹੀਦੀ ਹੈ। (ਵਿਘਨ)

ਇਸੇ ਤਰ੍ਹਾਂ ਸਪੀਕਰ ਸਾਹਿਬ, ਇੰਡਸਟਰੀ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇੰਡਸਟਰੀ ਦੇ ਖੇਤਰ ਵਿਚ ਪੰਜਾਬ ਦੀ ਤਰੱਕੀ ਬੜੀ ਹੋਈ ਹੈ। ਮੈਂ ਇਸ ਗਲ ਦੀ ਬੜੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਸ਼ਲਾਘਾ ਕਰਦਾ ਹਾਂ ਕਿ ਪੰਜਾਬ ਨੇ ਇਸ ਸਮੇਂ ਦੇ ਵਿਚ ਬੜੀ ਵੱਡੀ ਤਰੱਕੀ ਕੀਤੀ ਹੈ, ਪੰਜਾਬ ਨੇ ਛੋਟੀ ਇੰਡਸਟਰੀ ਅਤੇ ਦਰਮਿਆਨੀ ਇੰਡਸਟਰੀ ਦੇ ਵਿਚ ਬੜੀ ਵੱਡੀ ਤਰੱਕੀ ਕੀਤੀ ਹੈ। ਪੰਜਾਬ ਦੇ ਵਿਚ ਬੜੇ ਕਾਰਖਾਨੇ ਖੁਲ੍ਹੇ ਹਨ। ਇਕੱਲੀ ਮੁਹਾਲੀ ਦੇ ਵਿਚ 26-27 ਫੋਕਲ ਪੁਆਇੰਟ ਉਸਰੇ ਹਨ ਜਿਹੜੇ ਕਿ ਪੰਜਾਬ ਦੇ ਲੋਕਾਂ ਨੂੰ ਰੁਜ਼ਗਾਰ ਦੇਣਗੇ, ਪੰਜਾਬ ਨੂੰ ਧਨ ਵਗੈਰਾ ਦੇਣਗੇ। ਲੇਕਿਨ ਇਸ ਦੇ ਨਾਲ ਹੀ ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਪਬਲਿਕ ਸੈਕਟਰ ਵਿਚ ਪਿਛਲੇ 4-5 ਸਾਲਾਂ ਵਿਚ ਕੋਈ ਵਡਾ ਕਾਰਖਾਨਾ ਨਹੀਂ ਲਗ ਸਕਿਆ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕੋਈ ਅਟਾਮਿਕ ਪਲਾਂਟ ਲਗਵਾਉਣ ਦੇ ਲਈ ਪੰਜਾਬ ਦੀ ਸਰਕਾਰ ਕੇਂਦਰ ਦੀ ਸਰਕਾਰ ਕੋਲ ਵਕਾਲਤ ਕਰੇ। ਕੋਈ ਆਟੋਮੋਬਾਈਲ ਦਾ ਪਲਾਂਟ ਇਸ ਪੰਜਾਬ ਦੇ ਵਿਚ ਲਗਾਏ। ਇਸ ਵਕਤ ਸਪੀਕਰ ਸਾਹਿਬ, 1 ਲੱਖ 18 ਹਜ਼ਾਰ ਵੈਹੀਕਲ ਦੀ ਰਜਿਸਟਰੇਸ਼ਨ ਪੰਜਾਬ ਦੇ ਵਿਚ ਹੈ, ਇਸ ਦੇ ਵਿਚ ਟਰੈਕਟਰ, ਕਾਰਾਂ ਅਤੇ ਹੋਰ ਵੈਹੀਕਲਜ਼ ਹਨ। ਇਸ ਦੇ ਲਈ ਕਿੰਨੇ ਪੁਰਜ਼ੇ ਵਗੈਰਾ ਦੀ ਲੋੜ ਪੈਂਦੀ ਹੈ। ਇਸ ਵਲ ਪੰਜ਼ਾਬ ਦੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਪੰਜਾਬ ਦੇ ਵਿਚ ਸਕੂਟਰ ਦਾ ਕਾਰਖਾਨਾ ਹੈ, ਟਰੈਕਟਰ ਦਾ ਕਾਰਖਾਨਾ ਹੈ ਅਤੇ 12 ਹਜ਼ਾਰ ਟਰੈਕਟਰ ਇਸ ਵੇਲੇ ਬਣ ਰਹੇ ਹਨ। ਇਸੇ ਤਰ੍ਹਾਂ ਪੰਜਾਬ ਦੀ ਸਰਕਾਰ ਨੂੰ ਇਧਰ ਧਿਆਨ ਦੇ ਕੇ ਕੋਈ ਇਸ ਕਿਸਮ ਦਾ ਕਾਰਖਾਨਾ ਖੋਲ੍ਹਣਾ ਚਾਹੀਦਾ ਹੈ ਤਾਂਕਿ ਜਿਹੜੀਆਂ ਬੱਸਾਂ ਵਗੈਰਾ ਅਸੀਂ ਬਾਹਰੋਂ ਮੰਗਵਾਉਂਦੇ ਹਾਂ ਲੇ ਲੈਂਡ ਆਦਿ ਉਹ ਬੰਦ ਹੋ ਸਕਦੀਆਂ ਹਨ। ਪੰਜਾਬ ਦਾ ਕਰੋੜਾਂ ਰੁਪਿਆ ਇਸ ਨਾਲ ਜਿਹੜਾ ਅਸੀਂ ਬਾਹਰ ਖਰਚਦੇ ਹਾਂ ਬਚ ਸਕਦਾ ਹੈ। ਇਸ ਦੇ ਨਾਲ, ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਜੁਆਇੰਟ ਸੈਕਟਰ ਇੰਡਸਟਰੀਜ਼ ਦੇ ਖਿਲਾਫ ਨਹੀਂ ਲੇਕਿਨ ਮੈਂ ਇਸ ਸਬੰਧ ਵਿਚ ਇਹ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਕਿਸੇ ਫ਼ੈਕਟਰੀ ਵਿਚ 2 ਲੱਖ ਰੁਪਿਆ ਲਗਿਆ ਹੋਵੇ ਕਿਸੇ ਸਰਮਾਇਦਾਰ ਦਾ ਅਤੇ 20 ਲੱਖ ਰੁਪਿਆ ਲਗਿਆ ਹੋਵੇ ਸਰਕਾਰ ਦਾ ਅਤੇ ਮਨੇਜਿੰਗ ਡਾਇਰੈਕਟਰ ਜੋ ਹੋਵੇ ਉਹ ਪ੍ਰਾਈਵੇਟ ਕਾਰਖ਼ਾਨੇਦਾਰ ਵਲੋਂ ਹੋਵੇ ਤਾਂ ਇਹ ਗੱਲ ਕੋਈ ਠੀਕ ਨਹੀਂ ਹੈ। ਮੈਂ ਸਮਝਦਾ ਹਾਂ ਕਿ ਜੁਆਇੰਟ ਸੈਕਟਰ ਦੇ ਵਿਚ ਜਿਤਨਾ ਪੈਸਾ ਸਰਕਾਰ ਦਾ ਲਗੇ ਉਤਨਾ ਕੰਟਰੋਲ ਵੀ ਸਰਕਾਰ ਦਾ ਹੋਣਾ ਚਾਹੀਦਾ ਹੈ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਪਹਿਲੀ ਪਾਲਿਸੀ ਨੂੰ ਬਦਲ ਕੇ ਕੋਈ ਇਸ ਕਿਸਮ ਦੀ ਪਾਲਿਸੀ ਬਣਾਈ ਜਾਵੇ ਜਿਸ ਨਾਲ ਜੁਆ-ਇੰਟ ਸੈਕਟਰ ਦੇ ਵਿਚ ਸਰਕਾਰ ਦਾ ਆਪਣਾ ਅਧਿਕਾਰ ਵਧਾਇਆ ਜਾਵੇ। (ਵਿਘਨ)

ਇਸ ਤੋਂ ਅਗੇ ਸਪੀਕਰ ਸਾਹਿਬ, ਕੋਆਪਰੇਟਿਵ ਸੈਕਟਰ ਦੇ ਬਾਰੇ ਵਿਚ ਮੈਂ ਕਹਿਣਾ ਚਾਹੁੰਦਾ ਹਾਂ। ਕੋਆਪਰੇਟਿਵ ਸੈਕਟਰ ਬਾਰੇ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਕੋਆਪ-ਰੇਟਿਵ ਸੈਕਟਰ ਵਿਚ ਮਾਰਕਫੈਡ ਦਾ ਅਦਾਰਾ ਕੰਮ ਕਰ ਰਿਹਾ ਹੈ, ਉਸ ਨੇ ਕਾਰਖਾਨੇ ਵਗੈਰਾ ਵੀ ਲਾਏ ਹਨ ਅਤੇ ਹੋਰ ਕਈ ਕੰਮ ਵੀ ਕੀਤੇ ਹਨ ਲੇਕਿਨ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਤਨਾ ਵਡਾ ਅਦਾਰਾ ਹੋਵੇ ਅਤੇ ਜਿਸ ਦਾ ਬਜਟ ਵੀ 300 ਕਰੋੜ ਰੁਪਏ ਦਾ ਹੋਵੇ ਅਤੇ ਉਸ ਦੇ ਬੋਰਡ ਆਫ਼ ਡਾਇਰੈਕਟਰਜ਼ ਦੀ ਜੋ ਇਲੈਕਸ਼ਨ ਹੈ ਉਹ ਨਹੀਂ ਹੋਈ, ਮੈਂ ਸਮਝਦਾ ਹਾਂ ਕਿ ਇਹ ਕੋਈ ਠੀਕ ਗਲ ਨਹੀਂ ਹੈ। ਜਦੋਂ ਵੀ ਕੋਈ ਇਲੈਕਸ਼ਨ ਦੀ ਗਲ ਹੁੰਦੀ ਹੈ ਤਾਂ ਉਹ ਕਿਸੀ ਨਾ ਕਿਸੀ ਤਰ੍ਹਾਂ ਰੋਕ ਦਿਤੀ ਜਾਂਦੀ ਹੈ। ਇਸ ਵੇਲੇ ਸਪੀਕਰ ਸਾਹਿਬ, 5 ਕੋਅਪਰੇਟਿਵ ਸ਼ੂਗਰ ਮਿਲਜ਼ ਪੰਜਾਬ ਦੇ ਵਿਚ ਹਨ ਪਰ

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਵਿਚ ਵੀ ਇਲੈਕਸ਼ਨ ਨਹੀਂ ਹੋਈ ਅਤੇ ਐਡਮਿਨਿਸਟਰੇਟਰ ਰਾਜ ਕਰ ਰਹੇ ਹਨ। ਕੋਆਪਰੇਟਿਵ ਮਹਿਕਮੇ ਵਿਚ ਗੌਰਮਿੰਟ ਪਾਰਟੀਸੀਪੇਸ਼ਨ ਵੱਧ ਰਹੀ ਹੈ, ਇਹ ਮਹਿਕਮਾ ਗੌਰਮਿੰਟ ਦਾ ਬਣਦਾ ਜਾ ਰਿਹਾ ਹੈ ਅਤੇ ਜਨਤਾ ਦੀ ਜਿਹੜੀ ਪਾਰਟੀਸੀਪੇਸ਼ਨ ਹੈ ਉਹ ਖਤਮ ਕੀਤੀ ਜਾ ਰਹੀ ਹੈ। ਮੈਂ ਸਮਝਦਾ ਹਾਂ ਕਿ ਇਸ ਟੈਂਡੈਂਸੀ ਨੂੰ ਰੋਕਣਾ ਚਾਹੀਦਾ ਹੈ ਅਤੇ ਇਸ ਮਹਿਕਮੇ ਨੂੰ ਡੈਮੋਕਰੇਟਿਕ ਢੰਗ ਨਾਲ ਚਲਣ ਦੇਣਾ ਚਾਹੀਦਾ ਹੈ।

ਫਿਰ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇੰਡਸਟਰੀ ਦੇ ਖੇਤਰ ਵਿਚ ਇੰਡਸਟਰੀ ਦੇ ਜਿਹੜੇ ਵਰਕਰ ਹਨ ਉਨ੍ਹਾਂ ਨੂੰ ਬੋਨਸ 8% ਦੇ ਹਿਸਾਬ ਨਾਲ ਪਹਿਲਾਂ ਮਿਲਦਾ ਸੀ। ਹੁਣ ਉਹ ਬੋਨਸ ਸੈਂਟਰਲ ਗੌਰਮਿੰਟ ਨੇ ਘਟਾ ਕੇ 8% ਦੀ ਬਜਾਏ 4% ਕਰ ਦਿਤਾ ਹੈ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਕਰੋੜਾਂ ਰੁਪਏ ਦੇ ਮਾਲਕ ਹਨ ਉਹ ਇਹ ਵੀ ਗਰੀਬਾਂ ਨੂੰ ਦੇਣ ਤੋਂ ਇਨਕਾਰੀ ਹਨ। ਇਸ ਦੇ ਨਾਲ ਇਕ ਰਿਜ਼ੈਂਟਮੈਂਟ ਪੈਦਾ ਹੋ ਰਹੀ ਹੈ। ਮੈਂ ਪੰਜਾਬ ਦੀ ਸਰਕਾਰ ਰਾਹੀਂ ਕੇਂਦਰ ਦੀ ਸਰਕਾਰ ਕੋਲ ਉਨ੍ਹਾਂ ਦੀ ਰਿਜ਼ੈਂਟਮੈਂਟ ਪਹੁੰਚਾਉਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ 25 ਸਾਲ ਤੋਂ ਇਤਨੀਆਂ ਘਾਲਾਂ ਘਾਲ ਕੇ ਇਹ ਬੋਨਸ ਲਿਆ ਸੀ ਅਤੇ ਉਸ ਨੂੰ ਸੁਖਾਲੇ ਤੌਰ ਤੇ ਇਹ ਐਮਰਜੈਂਸੀ ਦੇ ਵਿਚ ਵਿਦਡਰਾ ਨਹੀਂ ਕਰਨਾ ਚਾਹੀਦਾ। ਸਪੀਕਰ ਸਾਹਿਬ, ਵਰਕਿੰਗ ਕਲਾਸ ਨੇ, ਮਜ਼ਦੂਰ ਜਮਾਤ ਨੇ ਇਸ ਔਖੀ ਹਾਲਤ ਵਿਚ ਗੌਰਮਿੰਟ ਦਾ ਸਾਥ ਦਿਤਾ ਹੈ। (ਵਿਘਨ) ਮੈਂ ਕਹਿਣਾ ਚਾਹੁੰਦਾ ਹਾਂ ਕਿ ਗੌਰਮੈਂਟ ਨੂੰ ਉਨ੍ਹਾਂ ਦਾ ਧਿਆਨ ਰਖਣਾ ਚਾਹੀਦਾ ਹੈ।

ਪੰਜਾਬ ਸਟੇਟ ਇਲੈਕਟ੍ਰਿਸਿਟੀ ਬੋਰਡ ਦੀ ਜੁਆਇੰਟ ਮੈਨੇਜਮੈਂਟ ਕੌਂਸਲ ਬਣਾਉਣ ਦਾ ਸੁਆਲ ਹੈ ਜਿਹ ਡਿਲੇ ਹੋ ਰਿਹਾ ਹੈ, ਇਹ ਜਲਦੀ ਬਣਨੀ ਚਾਹੀਦੀ ਹੈ। ਇਕ ਵੇਜ ਲਾਈਨ ਗਾਈਡ ਕਮੇਟੀ ਬਣੀ ਸੀ ਉਸ ਦੀ ਸਫਾਰਿਸ਼ ਹੈ ਕਿ 30 ਰੁਪਏ ਮਹੀਨਾ ਬਿਜਲੀ ਬੋਰਡ ਦੇ ਮੁਲਾਜ਼ਮਾਂ ਨੂੰ ਇੰਟੇਰਿਮ ਰਿਲੀਫ ਦਿਤਾ ਜਾਏ। ਬਾਕੀ ਸਾਰੀਆਂ ਸਟੇਟਾਂ ਨੇ ਪ੍ਰਵਾਨ ਕਰ ਲਿਆ ਹੈ ਪੰਜਾਬ ਗੌਰਮਿੰਟ ਨਹੀਂ ਕਰ ਰਹੀ ਹੈ। ਪਹਿਲਾਂ ਕਹਿੰਦੇ ਸੀ ਕਿ ਸਾਡਾ ਟੈਰਿਫ ਲੋਐਸਟ ਹੈ ਇਸ ਲਈ ਕਿਵੇਂ ਦੇਈਏ, ਪਰ ਹੁਣ ਤਾਂ ਟੈਰਿਫ ਵੀ ਰਿਵਾਈਜ਼ ਹੋ ਗਿਆ ਹੈ। ਇਸ ਲਈ ਸਰਕਾਰ ਨੂੰ ਉਹ ਰਿਲੀਫ ਮੁਲਾਜ਼ਮਾਂ ਨੂੰ ਦੇ ਦੇਣਾ ਚਾਹੀਦਾ ਹੈ।

ਸਪੀਕਰ ਸਾਹਿਬ, ਮੈਂ ਇਹ ਕਹੇ ਬਿਨਾਂ ਨਹੀਂ ਰਹਿ ਸਕਦਾ ਕਿ ਐਮਰਜੰਸੀ ਦੀ ਦੁਰ-ਵਰਤੋਂ ਇਸ ਸਮੇਂ ਵਿਚ ਹੋਈ ਹੈ। ਮੈਂ ਇਸ ਗੱਲ ਵਲ ਪੰਜਾਬ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾਂ ਹਾਂ। ਸਾਡੇ ਪੰਜਾਬ ਵਿਚ ਪਰੀ-ਸੈਂਸਰਸ਼ਿਪ ਹੈ ਜਿਹੜੀ ਕਿ ਸਾਰੇ ਹਿੰਦੁਸਤਾਨ ਵਿਚ ਨਹੀਂ ਹੈ। ਇਸ ਅਸੰਬਲੀ ਦੀ ਕਾਰਵਾਈ ਤੇ ਵੀ ਸੈਂਸਰਸ਼ਿਪ ਲਗੀ ਹੋਈ ਹੈ। ਪਹਿਲੇ ਅਖਬਾਰਾਂ ਵਾਲੇ ਅਸੰਬਲੀ ਦੀ ਕਾਰਵਾਈ ਦਾ ਨੋਟ ਬਣਾਉਂਦੇ ਹਨ ਅਤੇ ਫਿਰ ਉਹ ਸੈਂਸਰ ਕੋਲ ਜਾਂਦਾ ਹੈ ਅਤੇ ਫਿਰ ਉਹ ਜਾ ਕੇ ਖਬਰ ਅਖਬਾਰ ਵਿਚ ਛਾਪ ਸਕਦੇ ਹਨ। ਸਪੀਕਰ ਸਾਹਿਬ, ਕਾਲ-ਅਟੈਨਸ਼ਨ ਮੋਸ਼ਨਜ਼ ਜਿਹੜੀਆਂ ਕਿ, ਸਪੀਕਰ ਸਾਹਿਬ, ਤੁਸੀਂ ਅਡਮਿਟ ਕਰਦੇ ਹੋ ਹਾਊਸ ਦੇ ਅੰਦਰ ਉਹ ਵੀ ਨਹੀਂ ਜਾਣ ਦਿੰਦੇ। ਇਹ ਜਿਹੜੀ ਪਰੀ-ਸੈਂਸਰਸ਼ਿਪ ਹੈ ਇਹ ਠੀਕ ਨਹੀਂ ਹੈ। ਸਾਡੇ ਅਖਬਾਰਾਂ ਵਾਲੇ ਬੜੇ ਤਜਰਬੇਕਾਰ ਹਨ, ਉਹ ਸਾਰੀ ਚੀਜ਼ ਨੂੰ ਸਮਝ ਕੇ ਤੇ ਫਿਰ ਛਾਪਦੇ ਹਨ ਪਰ ਤੁਸੀਂ ਉਨ੍ਹਾਂ ਤੇ ਇਕ ਡਿਪਟੀ ਡਾਇਰੈਕਟਰ ਦੇ ਰੈਂਕ ਦਾ ਬੰਦਾ ਬਿਠਾ ਦਿਤਾ। ਕਈ ਵਾਰੀ ਇਸ ਤਰ੍ਹਾਂ ਹੁੰਦਾ ਹੈ ਕਿ ਕਈ ਤਕਰੀਰਾਂ ਜਿਹੜੀਆਂ ਕਿ ਐਮਰਜੈਂਸੀ ਦੇ ਮਨਸ਼ੇ ਲਈ ਦਰੁਸਤ ਅਤੇ ਐਮਰਜੰਸੀ ਲਾਗੂ ਕਰਨ ਦੇ ਹਕ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਵਿਚ ਹੁੰਦੀਆਂ ਹਨ ਉਹ ਵੀ ਖਬਰ ਅਖਬਾਰਾਂ ਵਿਚ ਨਹੀਂ ਜਾਣ ਦਿੰਦੇ । ਇਥੇ ਐਮਰਜੰਸੀ ਲਗੀ ਅਤੇ ਅਖਬਾਰਾਂ ਤੇ ਇਕ ਪੀ.ਸੀ.ਐਸ. ਬੈਠਾ ਹੋਇਆ ਸੀ । ਅਖਬਾਰ ਵਾਲਾ ਖਬਰ ਦੇਣ ਲਗਾ ਕਿ ਪੰਜਾਬ ਸਰਕਾਰ ਮਲੇਰੀਆ ਦੇ ਵਿਰੁਧ ਮੁਹਿੰਮ ਚਲਾਏਗੀ ਤਾਂ ਉਸ ਨੇ ਕਿਹਾ ਕਿ ਉਹ ਮੁਹਿੰਮ ਦਾ ਸ਼ਬਦ ਨਹੀਂ ਛਪਣ ਦੇਵੇਗਾ । ਫਿਰ ਪੰਡਿਤ ਜਵਾਹਰ ਲਾਲ ਨਹਿਰੂ ਦੀ ਇਕ ਤਕਰੀਰ ਸੀ ਜਿਹੜੀ ਕਿ ਅਮਰੀਕਾ ਸਾਮਰਾਜ ਦੇ ਖਿਲਾਫ ਸੀ ਤਾਂ ਉਹ ਕਹਿਣ ਲਗਾ ਕਿ ਮੈਂ ਇਹ ਨਹੀਂ ਛਪਣ ਦੇਣੀ ਕਿਉਂਕਿ ਇਸ ਵਿਚ ਸਾਮਰਾਜ ਦਾ ਸ਼ਬਦ ਹੈ । ਇਹੋ ਜਿਹਾ ਕੋਈ ਬੁਜੜ ਬਿਠਾ ਦਿੰਦੇ ਹਨ ਜਿਸ ਨੂੰ ਇਹ ਵੀ ਪਤਾ ਨਹੀਂ ਹੁੰਦਾ ਕਿ ਮੁਲਕ ਦੀ ਸਹੀ ਰਹਿਨੁਮਾਈ ਵਾਸਤੇ ਕਿਹੜੀ ਚੀਜ਼ ਛਪਣੀ ਚਾਹੀਦੀ ਹੈ ਤੇ ਕਿਹੜੀ ਨਹੀਂ । ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੈਂਬਲੀ ਦੀ ਕਾਰਵਾਈ ਤੋਂ ਕਮ-ਅਜ਼-ਕਮ ਪਰੀ-ਸੈਂਸਰਸ਼ਿਪ ਉਠਾ ਦੇਣੀ ਚਾਹੀਦੀ ਹੈ । ਗਿਆਨੀ ਜ਼ੈਲ ਸਿੰਘ ਜੀ ਜਿਹੜੇ ਕਿ ਆਪ ਬੜੇ ਡੈਮੋਕਰੇਟ ਰਹੇ ਹਨ, ਉਨ੍ਹਾਂ ਨੂੰ ਅੱਜ ਡਿਕਟੇਟਰ ਬਣਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਅਤੇ ਲੋਕਾਂ ਦੀ ਆਵਾਜ਼ ਬਾਹਰ ਜਾਣ ਦੇਣੀ ਚਾਹੀਦੀ ਹੈ । ਅਗਰ ਕੋਈ ਆਵਾਜ਼ ਦੇਸ਼ ਦੀਆਂ ਪਾਲੀਸੀਆਂ ਦੇ ਵਿਰੁੱਧ ਹੈ, ਉਹ ਨਾ ਜਾਣ ਦਿਤੀ ਜਾਏ । ਸਾਡੀ ਅਪਰੋਚ ਕਰੀਏਟਿਵ ਹੋਣੀ ਚਾਹੀਦੀ ਹੈ । ਜੋ ਗਲ ਦੇਸ਼ ਭਗਤੀ ਦੇ ਜਜ਼ਬੇ ਨੂੰ ਉਭਾਰਦੀ ਹੈ ਅਤੇ ਦੇਸ਼ ਦੀਆਂ ਨੀਤੀਆਂ ਦੇ ਅਨੁਕੂਲ ਹੈ ਅਤੇ ਉਹ ਗੱਲਾਂ ਜਿਹੜੀਆਂ ਸਾਮਰਾਜਸ਼ਾਹੀ ਦੀਆਂ ਜੜ੍ਹਾਂ ਉਖਾੜਦੀਆਂ ਹਨ, ਉਹ ਸਾਰੀਆਂ ਗਲਾਂ ਜੰਤਾ ਵਿਚ ਜਾਣੀਆਂ ਚਾਹੀਦੀਆਂ ਹਨ । ਮੈਂ ਕਹਿੰਦਾ ਹਾਂ ਕਿ ਇਸ ਗੱਲ ਨੂੰ ਰਿਵਿਊ ਕਰਨਾ ਚਾਹੀਦਾ ਹੈ ।

ਇਸ ਤੋਂ ਇਲਾਵਾ ਦਫਾ 44 ਦੀ ਗੱਲ ਹੈ । ਸਪੀਕਰ ਸਾਹਿਬ, ਦਫਾ 44 ਅੱਧੇ ਜ਼ਿਲ੍ਹਿਆਂ ਵਿਚ ਲਗੀ ਹੋਈ ਹੈ ਅਤੇ ਅੱਧਿਆਂ ਵਿਚ ਨਹੀਂ । ਅੱਧੇ ਜਿਨ੍ਹਾਂ ਵਿਚ ਨਹੀਂ ਉਨ੍ਹਾਂ ਵਿਚ ਬਠਿੰਡਾ, ਫ਼ਿਰੋਜ਼ਪੁਰ ਆ ਜਾਂਦੇ ਹਨ, ਪਰ ਮੇਰੇ ਆਪਣੇ ਗਰੀਬ ਜ਼ਿਲ੍ਹੇ ਰੋਪੜ ਵਿਚ, ਹੁਸ਼ਿਆਰਪੁਰ ਵਿਚ ਅਤੇ ਹੋਰ ਇਸੇ ਤਰ੍ਹਾਂ ਦੇ ਜ਼ਿਲ੍ਹਿਆਂ ਵਿਚ ਲਗੀ ਹੋਈ ਹੈ । ਮੈਂ ਪੰਜਾਬ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਧਰਤੀ ਤੇ ਸਿੰਡੀਕੇਟ ਤੇ ਪਹਿਲੋਂ ਹੀ ਨਹੀਂ, ਜਨਸੰਘੀ ਬਹੁਤ ਕਮਜ਼ੋਰ ਹਨ ਅਤੇ ਅਕਾਲੀਆਂ ਦੀ ਤਾਂ ਇਹ ਹਾਲਤ ਹੈ ਕਿ ਉਹ ਤਾਂ ਅਸੰਬਲੀ ਵਿਚ ਵੀ ਬੋਲਣ ਨੂੰ ਤਿਆਰ ਨਹੀਂ । ਉਹ ਕਹਿੰਦੇ ਹਨ ਕਿ ਐਮਰਜੰਸੀ ਲਗੀ ਹੋਈ ਹੈ ਕਿਤੇ ਕੋਈ ਐਸੀ ਗੱਲ ਨਾ ਕਹੀ ਜਾਏ ਅਤੇ ਉਹ ਉਠ ਕੇ ਬਾਹਰ ਚਲੇ ਗਏ । ਫਿਰ ਇਹ ਦਫਾ 44 ਕਿਸ ਤੇ ਲਾਈ ਹੈ । ਦਫਾ 44 ਲਾਉਣ ਦੀ ਕੋਈ ਲੋੜ ਨਹੀਂ। ਇਹ ਰੁਕਾਵਟ ਬਣਦੀ ਹੈ ਇੰਪੀਰੀਆਲਿਸਟ ਤਾਕਤਾਂ ਦੇ ਖਿਲਾਫ ਆਵਾਜ਼ ਉਠਾਉਣ ਵਾਲਿਆਂ ਲਈ । ਸਪੀਕਰ ਸਾਹਿਬ, ਐਮਰਜੰਸੀ ਦਾ ਗਲਤ ਇਸਤੇਮਾਲ ਹੋ ਰਿਹਾ ਹੈ । ਮੈਂ ਅਰਜ਼ ਕਰਦਾ ਹਾਂ ਕਿ ਸਾਡਾ ਇਕ ਕਾਮਰੇਡ ਸ੍ਰੀ ਦਵਿੰਦਰ ਸਿੰਘ ਮੁਕਤਸਰ ਦਾ, ਉਸ ਨੂੰ ਇਸ ਲਈ ਫੜ ਲਿਆ ਕਿਉਂਕਿ ਉਹ ਜਲਸਾ ਕਰਨਾ ਚਾਹੁੰਦਾ ਸੀ ਐਮਰਜੰਸੀ ਦੇ ਹਕ ਵਿਚ । ਉਸ ਤੇ ਆਨੰਦ ਮਾਰਗੀ ਦਾ ਇਲਜ਼ਾਮ ਲਾ ਕੇ ਅੰਦਰ ਕਰ ਦਿਤਾ । ਅਸੀਂ ਡੀ.ਆਈ.ਜੀ. (ਸੀ.ਆਈ.ਡੀ). ਕੋਲ ਗਏ ਅਤੇ ਉਹ ਕਹਿਣ ਲਗਾ ਕਿ ਮਲਹੋਤਰਾ ਸਾਹਿਬ ਲਿਖ ਕੇ ਦੇ ਦੇਣ ਕਿ ਉਹ ਕਾਮਰੇਡ ਹੈ ਅਸੀਂ ਛੱਡ ਦਿਆਂਗੇ । ਲਿਖ ਕੇ ਦੇ ਦਿਤਾ ਪਰ ਉਸ ਨੂੰ ਫਿਰ ਵੀ ਨਹੀਂ ਛਡਿਆ । ਇਹ ਸਾਡੇ ਕਮਿਊਨਿਸਟਾਂ ਨੂੰ ਅੰਦਰ ਕਰੀ ਜਾਂਦੇ ਹਨ, ਆਨੰਦ ਮਾਰਗੀ ਕਹਿ ਕੇ । ਕੁਝ ਮਜ਼ਦੂਰ ਲੀਡਰ ਬੋਨਸ ਦੇ ਖਿਲਾਫ ਬੋਲੇ ਸੀ ਉਨ੍ਹਾਂ ਨੂੰ ਅੰਦਰ ਕਰ

Original with;
Punjab Vidhan Sabha
Digitized by;
Panjab Digital Library

ਦਿਤਾ । ਅਫਸਰ ਆਪਣੀ ਜਸਟੀਫਿਕੇਸ਼ਨਜ਼ ਬਣਾਉਣ ਲਈ ਇਹ ਗਲਾਂ ਕਰੀ ਜਾਂਦੇ ਹਨ । ਮੈਂ ਕਹਿੰਦਾ ਹਾਂ ਕਿ ਜਿਹੜੀਆਂ ਜਨਤਾ ਦੀਆਂ ਜਾਇਜ਼ ਗਲਾਂ ਹਨ ਉਨ੍ਹਾਂ ਲਈ ਇਹ ਚੀਜ਼ਾਂ ਇਸਤੇਮਾਲ ਨਹੀਂ ਕਰਨੀਆਂ ਚਾਹੀਦੀਆਂ । ਇਹ ਜਨਤਾ ਦੇ ਹਿਤਾਂ ਲਈ ਇਸਤੇਮਾਲ ਕਰਨੀਆਂ ਚਾਹੀਦੀਆਂ ਹਨ । (ਘੰਟੀ)

ਸਪੀਕਰ ਸਾਹਿਬ, ਮੈਂ ਅੰਤ ਵਿਚ ਇਕ ਗੱਲ ਕਹਿ ਕੇ ਬੈਠ ਜਾਵਾਂਗਾ । ਸਪੀਕਰ ਸਾਹਿਬ, ਇਸ ਐਮਰਜੰਸੀ ਦੇ ਦੌਰਾਨ ਕਈ ਕਦਮ ਪੁਟੇ ਗਏ । ਜਿਹੜੇ ਗਲਤ ਕਦਮ ਪੁਟੇ ਗਏ ਅਤੇ ਐਮਰਜੰਸੀ ਦੀ ਦੁਰ-ਵਰਤੋਂ ਕੀਤੀ ਗਈ ਉਸ ਦੀ ਅਸੀਂ ਨਿਖੇਧੀ ਕਰਤੇ ਹਾਂ । ਮੈਂ ਇਸ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ 20-ਨੁਕਾਤੀ ਪ੍ਰੋਗਰਾਮ ਦੀ ਜਿਹੜੀ ਸਪਿਰਿਟ ਹੈ ਉਸ ਨੂੰ ਸਮਝੋ ਅਤੇ ਉਸ ਤੇ ਅਮਲ ਕਰੋ ਔਰ ਪੰਜਾਬ ਵਿਚ ਦੇਸ਼ ਭਗਤ ਤਾਕਤਾਂ ਵਿਚ ਉਤਸ਼ਾਹ ਪੈਦਾ ਕੀਤਾ ਜਾਵੇ ਤਾਂ ਕਿ ਜਿਹੜੀਆਂ ਦੇਸ਼ ਦੁਸ਼ਮਨ ਤਾਕਤਾਂ ਹਨ ਉਹ ਨਾ ਉਭਰ ਸਕਣ । ਇਹ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਕੇ ਬੈਠਦਾ ਹਾਂ ।

**ਸ੍ਰੀਮਤੀ ਗੁਰਦੇਵ ਕੌਰ** (ਮੋਗਾ) : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ, ਰਾਜਪਾਲ ਦੇ ਭਾਸ਼ਨ ਦੇ 19ਵੀਂ ਸਫੇ ਤੇ ਜਿਹੜੀ ਸਾਡੀ ਸਰਕਾਰ ਨੇ ਵਿਧਵਾਵਾਂ ਦੇ ਉਜੜੇ ਘਰ ਮੁੜ ਵਸਾਉਣ ਵਾਸਤੇ ਮਦਦ ਦਿਤੀ ਹੈ ਮੈਂ ਉਸ ਤੇ ਲੱਖ ਲੱਖ ਵਧਾਈ ਦਿੰਦੀ ਹਾਂ, ਆਪਣੀ ਸਰਕਾਰ ਨੂੰ। ਗਿਆਨੀ ਜ਼ੈਲ ਸਿੰਘ, ਚੀਫ ਮਨਿਸਟਰ ਨੇ ਇਸ ਵਿਚ ਜਿਹੜਾ ਵਧ ਚੜ੍ਹ ਕੇ ਹਿਸਾ ਪਾਇਆ ਹੈ, ਗਵਰਨਰ ਸਾਹਿਬ ਅਤੇ ਸ੍ਰੀਮਤੀ ਇੰਦਰਾ ਗਾਂਧੀ ਨੂੰ ਵੀ ਲਖ ਲਖ ਵਧਾਈ ਦਿੰਦੀ ਹਾਂ ਜਿਨ੍ਹਾਂ ਨੇ ਜੰਗੀ ਵਿਧਵਾਵਾਂ ਦੀਆਂ ਪੈਨਸ਼ਨਾਂ ਲਵਾ ਕੇ ਸਹਾਇਤਾ ਕੀਤੀ ਹੈ ਅਤੇ ਸਹੀ ਸੇਵਾ ਕੀਤੀ ਹੈ ਅਤੇ ਉਨ੍ਹਾਂ ਨੂੰ ਘਰ ਦੇਣ ਦਾ ਵਿਸ਼ਵਾਸ ਦਿਵਾਇਆ ਹੈ । ਉਨ੍ਹਾਂ ਲੋਕਾਂ ਨੂੰ ਅਜ ਤਕ ਕਿਸੇ ਨੇ ਪੁਛਿਆ ਤਕ ਨਹੀਂ ਸੀ । ਅਗੇ ਉਨ੍ਹਾਂ ਮਾਵਾਂ ਦਾ ਹਾਲ ਕੀ ਸੀ ਜਿਨ੍ਹਾਂ ਦੇ ਬੱਚੇ ਜੰਗ ਵਿਚ ਸ਼ਹੀਦ ਹੋ ਜਾਂਦੇ ਹਨ । ਜਿਸ ਵੇਲੇ ਅਸੀਂ ਉਨ੍ਹਾਂ ਨੂੰ ਵੇਖਦੇ ਹਾਂ ਤਾਂ ਅਣਖ ਨਾਲ ਜਿਊਣ ਦਾ ਸਬਕ ਮਿਲਦਾ ਹੈ । ਬਹਾਦਰ ਹਮੇਸ਼ਾਂ ਅਣਖ ਨਾਲ ਹੀ ਜਿਊਂਦੇ ਹਨ । ਉਨ੍ਹਾਂ ਸ਼ਹੀਦਾਂ ਦੇ ਪਰਿਵਾਰਾਂ ਦੀ ਹਸ ਹਸ ਕੇ ਸੇਵਾ ਕਰਨੀ ਚਾਹੀਦੀ ਹੈ । ਇਹ ਸਭ ਤੋਂ ਵਡਾ ਧਰਮ ਹੈ । ਗਿਆਨੀ ਜੀ ਨੇ ਉਨ੍ਹਾਂ ਪਰਿਵਾਰਾਂ ਨੂੰ ਘਰ ਘਰ ਜਾ ਕੇ ਵੇਖਿਆ ਅਤੇ ਸਨਮਾਨਿਆ । ਪਰ ਹਰ ਚੀਜ਼, ਹਰ ਚੀਜ਼ ਨਾਲ ਸਜਦੀ ਹੈ :

ਚੰਦਾਂ ਬਾਝੋਂ ਨਾ ਸੋਂਹਦੀਆਂ ਰਾਤਾ, ਭਾਵੇਂ ਸੱਤਰ ਤਾਰਿਆਂ ਭਰੀਆਂ ।
ਪੁਤਰਾਂ ਬਾਝੋਂ ਨਾ ਸੋਂਹਦੀਆਂ ਮਾਵਾਂ, ਭਾਵੇਂ ਸੱਤਰ ਦੌਲਤਾਂ ਭਰੀਆਂ ।
ਕੰਥਾਂ ਬਾਝੋਂ ਨਾ ਸੋਂਹਦੀਆਂ ਨਾਰਾਂ, ਭਾਵੇਂ ਸੱਤਰ ਹੂਰਾਂ ਪਰੀਆਂ !
ਭਾਈਆਂ ਬਾਝੋਂ ਨਾ ਸੋਂਹਦੀਆਂ ਭੈਣਾਂ, ਪੰਧ ਉਡੀਕਣ ਖੜ੍ਹੀਆਂ ।

ਭੈਣਾਂ ਦਰ ਤੇ ਖੜ੍ਹੀਆਂ ਵੇਖਦੀਆਂ ਹਨ ਕਿ ਉਨ੍ਹਾਂ ਦਾ ਵੀਰਾ ਕਦ ਆਵੇ :—

ਸਾਉਣ ਦਾ ਮਹੀਨਾ ਆਇਆ ਤੂੰ ਨਾ ਘਰ ਆਇਆ ਵੇ,
ਕੀਹਦੇ ਹੱਥ ਬੰਨ੍ਹਾਂ ਰਖੜੀ ਵੀਰਾ ਹੋ ਗਿਆ ਸ਼ਹੀਦ ਵਿਚ ਜੰਗ ਦੇ,
ਕਿੱਲੀ ਉਤੇ ਟੰਗਾਂ ਰਖੜੀ ।

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਗੁਰਦੇਵ ਕੌਰ ਗਿੱਲ]

ਭੈਣਾਂ ਵੀ ਰੋਂਦੀਆਂ ਹਨ ਅਤੇ ਮਾਵਾਂ ਵੀ ਰੋਂਦੀਆਂ ਹਨ :—

ਰਿੰਨ੍ਹ ਕੇ ਖੀਰਾਂ ਮਾਵਾਂ ਬੈਹ ਗਈਆਂ,
ਪੁੱਤ ਨਾ ਮੁੜ ਕੇ ਆਏ ਨੀ ।

ਉਸ ਵੇਲੇ ਔਰਤ ਦੀ ਹਾਲਤ ਵੇਖੀ ਨਹੀਂ ਜਾਂਦੀ ਹੈ ਜਦੋਂ ਜੰਗ ਵਿਚੋਂ ਉਨ੍ਹਾਂ ਨੂੰ ਤਾਰਾਂ ਆਉਂਦੀਆਂ ਹਨ, ਉਸ ਵੇਲੇ ਉਨ੍ਹਾਂ ਦਾ ਹਾਲ ਕੀ ਹੁੰਦਾ ਹੈ :—

ਭੂਆ ਭੈਣਾਂ ਇਸ ਤਰ੍ਹਾਂ ਆਵਣ ਜਿਉਂ ਕੂੰਜਾਂ ਦੀਆਂ ਡਾਰਾਂ ।
ਕੋਠੀਆਂ ਹੋ ਹੋ ਮਾਵਾਂ ਪਿੱਟਣ ਜਿਉਂ ਹਿਰਨਾਂ ਦੀਆਂ ਡਾਰਾਂ ।
ਖੜ੍ਹੀਆਂ ਹੋ ਹੋ ਨਾਰਾਂ ਪਿੱਟਣ ਜਿਉਂ ਸੋਨੇ ਦੀਆਂ ਤਾਰਾਂ ।

ਉਨ੍ਹਾਂ ਦਾ ਦੁਖ ਦੇਖਿਆ ਨਹੀਂ ਜਾਂਦਾ । ਜੇ ਕਰ ਇਸ ਤਰ੍ਹਾਂ, ਜਿਸ ਤਰ੍ਹਾਂ ਉਨ੍ਹਾਂ ਦੇ ਪਰਿਵਾਰਾਂ ਦੀ ਮਦਦ ਕੀਤੀ ਜਾਂਦੀ ਹੈ, ਕੀਤੀ ਜਾਇਆ ਕਰੇ ਤਾਂ ਅਜ ਸਾਡੇ ਜਿਹੜੇ ਵੀਰ ਸਰਹਦਾਂ ਤੇ ਲੜਦੇ ਹਨ ਉਹ ਬੇਫਿਕਰ ਹੋ ਜਾਣਗੇ । ਇਸ ਲਈ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਸਾਡੀ ਸਰਕਾਰ ਸਾਡੇ ਪਿਛੇ ਬਚਿਆਂ ਦੀ ਸਹਾਇਤਾ ਲਈ ਹੈ । ਮੈਂ ਅਰਜ਼ ਕਰਾਂਗੀ ਕਿ ਉਨ੍ਹਾਂ ਸ਼ਹੀਦਾਂ ਦੇ ਪਰਿਵਾਰਾਂ ਲਈ, ਜਾਂ ਜੋ ਉਨ੍ਹਾਂ ਦੇ ਬਚਿਆਂ ਨੂੰ ਐਜੂਕੇਸ਼ਨ ਦੇਣੀ ਹੈ, ਉਨ੍ਹਾਂ ਲਈ ਘਰ ਬਾਰ ਬਣਾਉਣੇ ਹਨ ਉਹ ਸਭ ਕੁਝ ਸਾਡੀ ਗੌਰਮਿੰਟ ਨੂੰ ਆਪਣੇ ਹੱਥਾਂ ਵਿਚ ਲੈਣਾ ਚਾਹੀਦਾ ਹੈ ।

ਸਪੀਕਰ ਸਾਹਿਬ, ਪਰਸੋਂ ਚੌਥੇ ਇਕ ਪਟਿਆਲੇ ਤੋਂ ਮਾਂ ਤੇ ਧੀ ਆਈਆਂ ਸਨ । ਉਹ ਇਕ ਸ਼ਹੀਦ ਦੀ ਬੀਵੀ ਸੀ । ਹੁਣ ਉਸਦੀ ਲੜਕੀ ਦਾ ਵਿਆਹ ਆ ਗਿਆ ਸੀ । ਕੌਣ ਖਰਚ ਕਰੇ । ਬਾਪ ਤਾਂ ਉਸਦਾ ਸ਼ਹੀਦ ਹੋ ਗਿਆ । ਹੁਣ ਕਮਾਈ ਕਿਥੋਂ ਆਉਣੀ ਹੈ । ਕਈ ਪਰਿਵਾਰ ਐਸੇ ਹਨ । ਇਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ। ਮੈਂ ਲੱਖ ਲੱਖ ਵਧਾਈ ਦਿੰਦੀ ਹਾਂ ਜਿਨ੍ਹਾਂ ਨੇ ਇਸ ਵਿਚ ਹਿੱਸਾ ਲਿਆ ਹੈ ਅਤੇ ਅਗੇ ਵਾਸਤੇ ਵੀ ਉਨ੍ਹਾਂ ਦੀ ਮਦਦ ਕਰਦੇ ਰਹਿਣਗੇ । ਇਸ ਤਰ੍ਹਾਂ ਕਿਹਾ ਜਾਂਦਾ ਹੈ :—

'ਜਿਥੇ ਡੁਲਦਾ ਖੂਨ ਸ਼ਹੀਦਾਂ ਦਾ ਤਕਦੀਰ ਬਦਲਦੀ ਕੌਮਾਂ ਦੀ ।'

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦੀ ਹਾਂ ਕਿ ਇਨ੍ਹਾਂ ਸ਼ਹੀਦਾਂ ਦੇ ਬੱਚੇ ਵੀ ਇਕ ਇਕ ਚੀਜ਼ ਨੂੰ ਤਰਸਦੇ ਹਨ। ਕਈ ਦਫਾ ਆਂਢ ਗੁਆਂਢ ਦੇ ਬਚਿਆਂ ਨੂੰ ਦੇਖ ਕੇ ਤਰਸਦੇ ਹਨ ਅਤੇ ਕਹਿੰਦੇ ਹਨ ਕਿ ਉਸਦੇ ਸਗਲੇ ਪਾਏ ਹੋਏ ਹਨ, ਮੈਂ ਵੀ ਪਾਉਣੇ ਹਨ । ਉਦੋਂ ਉਸਦੀ ਮਾਂ ਕਹਿੰਦੀ ਹੈ :—

"ਸਗਲੇ ਘੜਾ ਰਖਦੀ ਜੇ ਮੈਂ ਜਾਣਦੀ ਜੰਗੀਰਾਂ ਪੁਤ ਜੰਮਣਾ ।"

ਮੈਂ ਪਹਿਲਾਂ ਵੀ ਕਹਿ ਚੁਕੀ ਹਾਂ ਕਿ ਜਦੋਂ ਘਮਸਾਨ ਦੀ ਲੜਾਈ ਹੁੰਦੀ ਹੈ ਤਾਂ ਉਥੇ ਜਵਾਨਾਂ ਦਾ ਖੂਨ ਡੁਲ੍ਹਦਾ ਹੈ :—

"ਡੈਣਾਂ ਆਈਆਂ ਠੂਠੇ ਲੈ ਕੇ ਖੂਨ ਪੀਣ ਨੂੰ,
ਮਾਵਾਂ ਚੁਕ ਲਾਉਣ ਮਥੇ ਉਸੇ ਖੂਨ ਨੂੰ,
ਆਇਆ ਨਾ ਖਿਆਲ ਰੰਗਲੀ ਜਵਾਨੀ ਤੇ,
ਭੁੰਨ ਗਏ ਸੀ ਨਾਲ ਗੋਲੀਆਂ ਦੇ ਚੰਦਰੇ ।'

Original with;
Punjab Vidhan Sabha
Digitized by;
Panjab Digital Library

ਜਿਸ ਨੂੰ ਦੁਖ ਹੁੰਦਾ ਹੈ ਉਹ ਹੀ ਮਹਿਸੂਸ ਕਰਦਾ ਹੈ :—

"ਦੁਖ ਜਿਨ੍ਹਾਂ ਨੇ ਡਿੱਠਾ ਨਹੀਂ,
ਸਾਰ ਕੀ ਉਸਦੀ ਦਸਣ,
ਪੁਤ ਜਿਨ੍ਹਾਂ ਦੇ ਬੀਲੋਂ ਟੁਟਦੇ,
ਉਹੀ ਖੜ ਖੜ ਪਿੱਟਣ ।"

ਜਿਨ੍ਹਾਂ ਨੂੰ ਸਟ ਵਜਦੀ ਹੈ ਉਨ੍ਹਾਂ ਨੂੰ ਹੀ ਇਸਦਾ ਪਤਾ ਹੁੰਦਾ ਹੈ । ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿਤਾ ਹੈ ।

**ਸਰਦਾਰ ਸਾਧੂ ਸਿੰਘ** (ਸੁਲਤਾਨਪੁਰ) : ਸਪੀਕਰ ਸਾਹਿਬ, ਮੈਂ ਗਵਰਨਰ ਦੇ ਐਡਰੈਸ ਤੇ ਧੰਨਵਾਦ ਦਾ ਜਿਹੜਾ ਮਤਾ ਪੇਸ਼ ਕੀਤਾ ਗਿਆ ਉਸਦੀ ਪਰੋੜਤਾ ਕਰਨ ਲਈ ਖੜਾ ਹੋਇਆ ਹਾਂ । ਸਭ ਤੋਂ ਪਹਿਲਾਂ ਮੈਂ ਗਿਆਨੀ ਜੀ ਨੂੰ ਮੁਬਾਰਕਬਾਦ ਦਿੰਦਾ ਹਾਂ ਜਿਨ੍ਹਾਂ ਨੇ ਥੀਨ ਡੈਮ ਪ੍ਰਾਜੈਕਟ, ਜਿਹੜਾ ਕਿ ਬਹੁਤ ਚਿਰ ਤੋਂ ਖੱਡੇ ਵਿਚ ਪਿਆ ਹੋਇਆ ਸੀ, ਉਸਦੀ ਮਨਜ਼ੂਰੀ ਲੈ ਕੇ ਪੰਜਾਬ ਦੇ ਸਿਰ ਇਕ ਐਡਾ ਵੱਡਾ ਅਹਿਸਾਨ ਕੀਤਾ ਹੈ, ਜਿਸ ਨੂੰ ਕਿ ਆਉਣ ਵਾਲੀਆਂ ਨਸਲਾਂ ਹਮੇਸ਼ਾਂ ਯਾਦ ਰਖਣਗੀਆਂ । ਇਸ ਦੇ ਹੇਠਾਂ 8,000 ਏਕੜ ਜ਼ਮੀਨ ਪੰਜਾਬ ਦੀ, 1 ਹਜ਼ਾਰ ਏਕੜ ਹਿਮਾਚਲ ਦੀ ਅਤੇ 10,000 ਏਕੜ ਜ਼ਮੀਨ ਜੰਮੂ ਐਂਡ ਕਸ਼ਮੀਰ ਦੀ ਆਵੇਗੀ । ਜਿਥੇ ਇਸ ਨਾਲ ਜ਼ਿਮੀਂਦਾਰਾਂ ਦੀ ਉਪਜ ਵਿਚ ਵਾਧਾ ਹੋਵੇਗਾ, ਉਥੇ ਇਸ ਨੇ 480 ਮੈਗਾਵਾਟ ਬਿਜਲੀ ਵੀ ਪੈਦਾ ਕਰਨੀ ਹੈ । ਇਸ ਦੇ ਨਾਲ ਪੰਜਾਬ, ਹਰਿਆਣੇ ਅਤੇ ਹਿਮਾਚਲ ਪ੍ਰਦੇਸ਼ ਦੇ ਸਾਰੇ ਇਲਾਕੇ ਬਿਜਲੀ ਨਾਲ ਜਗਮਗਾ ਉਠਣਗੇ । ਇਹ ਇਤਨੀ ਵਡੀ ਦੇਣ ਗਿਆਨੀ ਜ਼ੈਲ ਸਿੰਘ ਜੀ ਦੀ ਹੈ, ਜਿਹੜੀ ਕਿ ਬਿਆਨ ਨਹੀਂ ਕੀਤੀ ਜਾ ਸਕਦੀ । ਇਸ ਤੋਂ ਵਧ, ਬਿਆਸ ਪ੍ਰਾਜੈਕਟ ਨਾਲ ਜਿਹੜਾ ਕਿ ਤਕਰੀਬਨ ਮੁਕੰਮਲ ਹੋਣ ਵਾਲਾ ਹੈ, ਉਸ ਦੇ ਵਰਕਰ ਜਿਨ੍ਹਾਂ ਦੀ ਛਾਂਟੀ ਹੋਣ ਵਾਲੀ ਸੀ ਉਨ੍ਹਾਂ ਨੂੰ ਕੰਮ ਮਿਲੇਗਾ । ਇਸ ਦੇ ਨਾਲ ਹੋਰ ਵੀ ਜਿਹੜੇ ਵਰਕਰ ਅਤੇ ਮਜ਼ਦੂਰ ਬੇਕਾਰ ਹੋ ਗਏ ਹਨ ਉਨਾਂ ਨੂੰ ਵੀ ਕੰਮ ਮਿਲੇਗਾ । (ਤਾੜੀਆਂ) ਪੰਜਾਬ ਦੇ ਬੇਰੁਜ਼ਗਾਰ ਆਦਮੀਆਂ ਨੂੰ ਰੁਜ਼ਗਾਰ ਮਿਲੇਗਾ । ਇਕ ਹੋਰ ਫਾਇਦਾ ਜਿਹੜਾ ਕਿ ਖਾਸ ਕਰਕੇ ਗੁਰਦਾਸਪੁਰ ਤੇ ਅੰਮ੍ਰਿਤਸਰ ਦੇ ਜ਼ਿਲ੍ਹਿਆਂ ਨੂੰ ਹੋਵੇਗਾ, ਉਹ ਇਹ ਹੈ ਕਿ ਹਰ ਸਾਲ ਹੜ੍ਹਾਂ ਦੇ ਕਾਰਨ ਇਨ੍ਹਾਂ ਜ਼ਿਲ੍ਹਿਆਂ ਦੀ ਜ਼ਰਖੇਜ਼ ਜ਼ਮੀਨ ਖਰਾਬ ਹੋ ਜਾਂਦੀ ਸੀ, ਫਸਲਾਂ ਤਬਾਹ ਹੋ ਜਾਂਦੀਆਂ ਸਨ, ਇਸ ਤੋਂ ਵੀ ਇਨਾਂ ਜ਼ਿਲ੍ਹਿਆਂ ਨੂੰ ਮੁਕਤੀ ਮਿਲੇਗੀ ਅਤੇ ਸਾਡੀ ਉਪਜ ਵਿਚ ਵਾਧਾ ਹੋਵੇਗਾ । ਇਕ ਹੋਰ ਵਧਾਈ ਵੀ ਮੈਂ ਗਿਆਨੀ ਜੀ ਨੂੰ ਦਿੰਦਾ ਹਾਂ । ਫਾਈਵ ਈਅਰ ਪਲਾਨ ਦੇ 219.47 ਕਰੋੜ ਰੁਪਏ ਦੀ ਰਕਮ ਪਹਿਲੀ ਵਾਰ ਪੰਜਾਬ ਸਰਕਾਰ ਨੇ ਜਿਤਨੀ ਮੰਗੀ ਸੀ, ਉਤਨੀ ਹੀ ਹਿੰਦ ਸਰਕਾਰ ਨੇ ਦੇ ਦਿਤੀ ਹੈ । ਇਹ ਇਕ ਬਹੁਤ ਵਡੀ ਗਲ ਹੈ ਜਿਸ ਦੇ ਨਾਲ ਪੰਜਾਬ ਦੇ ਵਿਚ ਖੁਸ਼ਹਾਲੀ ਆਏਗੀ । ਇਹ ਸਾਰਾ ਰੁਪਿਆ ਜਿਥੇ ਇੰਡਸਟਰੀ, ਐਗਰੀਕਲਚਰ ਅਤੇ ਦੂਜੇ ਕੰਮਾਂ ਤੇ ਲਗੇਗਾ ਉਥੇ ਪੰਜਾਬ ਨੂੰ ਹੋਰ ਵੀ ਬਹੁਤ ਜ਼ਿਆਦਾ ਫਾਇਦਾ ਹੋਵੇਗਾ । ਜਿਸ ਤਰ੍ਹਾਂ ਪਹਿਲਾਂ ਪੰਜਾਬ ਸਾਰੇ ਸੂਬਿਆਂ ਵਿਚ ਲੀਡ ਲੈ ਰਿਹਾ ਹੈ ਇਹ ਇਸ ਰੁਪਏ ਦੇ ਖਰਚ ਹੋ ਜਾਣ ਨਾਲ ਹੋਰ ਪਖਾਂ ਵਿਚ ਵੀ ਲੀਡ ਲਵੇਗਾ ਅਤੇ ਇਕ ਨੰਬਰ ਤੇ ਆਵੇਗਾ । ਸਪੀਕਰ ਸਾਹਿਬ, ਹਿੰਦੁਸਤਾਨ ਦੀ 80% ਆਬਾਦੀ ਐਗਰੀਕਲਚਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਸਾਧੂ ਸਿੰਘ]

ਤੇ ਮੁਨਹੱਸਰ ਹੈ । ਪੰਜਾਬ ਨੇ 1974-75 ਵਿਚ 80 ਲਖ ਮੀਟਰਕ ਟਨ ਅੰਨ ਪੈਦਾ ਕਰਕੇ ਹਿੰਦੁਸਤਾਨ ਦੇ ਪੂਲ ਵਿਚ ਪਾਇਆ ਹੈ । ਇਹ ਇਕ ਬਹੁਤ ਵਡੇ ਕਰੈਡਿਟ ਵਾਲੀ ਗਲ ਹੈ ਜਿਸ ਦਾ ਸਾਰਾ ਕਰੈਡਿਟ ਗਿਆਨੀ ਜੀ ਤੇ ਇਨ੍ਹਾਂ ਦੀ ਸਰਕਾਰ ਨੂੰ ਜਾਂਦਾ ਹੈ । 1975-76 ਦਾ ਟੀਚਾ 84 ਲਖ ਮੀਟਰਕ ਟਨ ਮਿਥਿਆ ਹੈ, ਇਹ ਵੀ ਬਹੁਤ ਚੰਗੀ ਗਲ ਹੈ । ਇਸ ਦੇ ਨਾਲ ਹੀ ਮੈਂ ਇਹ ਵੀ ਦਸਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਸਰਕਾਰ ਨੇ ਸਭ ਤੋਂ ਪਹਿਲਾਂ 19 ਕਰੋੜ ਰੁਪਏ ਦਾ ਬੋਨਸ ਕਿਸਾਨ ਨੂੰ ਲੈ ਕੇ ਦਿਤਾ ਹੈ ਅਤੇ ਇਸ ਤਰ੍ਹਾਂ ਕਿਸਾਨਾਂ ਦੀ ਇਕ ਬਹੁਤ ਵਡੀ ਮੰਗ ਨੂੰ ਪੂਰਾ ਕੀਤਾ ਹੈ । ਇਸੇ ਤਰ੍ਹਾਂ ਹੀ ਜਿਥੇ 1972-73 ਵਿਚ ਚਾਵਲਾਂ ਦੀ ਪੈਦਾਵਾਰ 9.55 ਲੱਖ ਟਨ ਸੀ ਉਥੇ ਇਹ 1973-74 ਵਿਚ 14 ਲੱਖ ਟਨ ਹੋ ਗਈ । ਇਸ ਦਾ ਸਾਰਾ ਕਰੈਡਿਟ ਗਿਆਨੀ ਜੀ ਅਤੇ ਇਨ੍ਹਾਂ ਦੀ ਸਰਕਾਰ ਨੂੰ ਜਾਂਦਾ ਹੈ ।

ਸਪੀਕਰ ਸਾਹਿਬ, ਪੰਜਾਬ ਦੇ ਵਿਚ ਕੋਈ ਐਸਾ ਪਿੰਡ ਨਹੀਂ ਹੋਵੇਗਾ ਜਿਥੇ ਕਿ ਪ੍ਰਾਇਮਰੀ ਸਕੂਲ ਨਾ ਹੋਵੇ । ਹੁਣ 98% ਬਚੇ ਸਕੂਲਾਂ ਵਿਚ ਜਾਣ ਲਗ ਪਏ ਹਨ ਅਤੇ ਸਰਕਾਰ ਦਾ ਟੀਚਾ ਹੈ ਕਿ 1975-76 ਵਿਚ ਸੈਂਟ ਪਰਸੈਂਟ ਬਚੇ ਸਕੂਲਾਂ ਵਿਚ ਜਾਣ ਲਗ ਪੈਣਗੇ । (ਤਾੜੀਆਂ) ਇਸ ਤਰ੍ਹਾਂ ਪੰਜਾਬ ਪਹਿਲਾ ਸੂਬਾ ਹੋਵੇਗਾ ਜਿਸ ਵਿਚ ਸੈਂਟ ਪਰਸੈਂਟ ਬਚੇ ਸਕੂਲਾਂ ਦੇ ਵਿਚ ਜਾਣ ਲਗ ਪੈਣਗੇ । ਪਿਛਲੇ ਸਾਲ ਦੋ ਸੌ ਪ੍ਰਾਇਮਰੀ ਤੋਂ ਮਿਡਲ ਸਕੂਲ ਬਣਾ ਕੇ ਅਤੇ ਸੌ ਮਿਡਲ ਸਕੂਲਾਂ ਨੂੰ ਹਾਈ ਸਕੂਲ ਬਣਾ ਕੇ, ਪੰਜਾਬ ਨੇ ਸਾਰੇ ਦੇਸ਼ ਨੂੰ ਇਕ ਲੀਡ ਦਿਤੀ ਹੈ । ਮੈਂ ਇਸ ਗਲ ਲਈ ਗਿਆਨੀ ਜੀ ਨੂੰ ਅਤੇ ਉਨ੍ਹਾਂ ਦੀ ਸਰਕਾਰ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਕਿ ਇਹ ਸਾਰਾ ਕਰੈਡਿਟ ਪੰਜਾਬ ਨੂੰ ਦਿਵਾਇਆ ਹੈ ।

3.48 ਸ਼ਾਮ

(ਇਸ ਸਮੇਂ ਸਰਦਾਰ ਸੁਰਜੀਤ ਸਿੰਘ ਅਟਵਾਲ, ਮੈਂਬਰ, ਪੈਨਲ ਆਫ਼ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

ਚੇਅਰਮੈਨ ਸਾਹਿਬ, ਪੰਜਾਬ ਵਿਚ ਕੋਈ ਹੀ ਪਿੰਡ ਹੋਵੇਗਾ ਜਿਥੇ ਸੜਕ ਨਾ ਗਈ ਹੋਵੇ । ਤਕਰੀਬਨ 25.4 ਸੌ ਕਿਲੋ ਮੀਟਰ ਸੜਕਾਂ ਬਣਾ ਕੇ ਪੰਜਾਬ ਦੇ ਲੋਕਾਂ ਨੂੰ ਆਵਾਜਾਈ ਦੇ ਸਾਧਨਾਂ ਦੀ ਬਹੁਤ ਸਹੂਲਤ ਦਿਤੀ ਹੈ । ਚੇਅਰਮੈਨ ਸਾਹਿਬ, ਸ਼ੇਰ ਸ਼ਾਹ ਸੂਰੀ ਨੇ ਇਕ ਸੜਕ ਬਣਾਈ ਗਰੈਂਡ ਟਰੰਕ ਰੋਡ, ਜਿਸ ਦੇ ਨਾਲ ਸਾਰੀ ਹਿਸਟਰੀ ਭਰੀ ਹੋਈ ਹੈ । ਗਿਆਨੀ ਜੀ ਦੀ ਸਰਕਾਰ ਨੇ ਪਿੰਡ ਪਿੰਡ ਵਿਚ ਸੜਕਾਂ ਦਾ ਜਾਲ ਵਿਛਾ ਦਿਤਾ ਹੈ । ਇਹ ਇਕ ਬਹੁਤ ਵਡਾ ਅਤੇ ਸ਼ਲਾਘਾਯੋਗ ਕੰਮ ਸਰਕਾਰ ਨੇ ਕੀਤਾ ਹੈ । ਚੇਅਰਮੈਨ ਸਾਹਿਬ, 20 ਨੁਕਾਤੀ ਪ੍ਰੋਗਰਾਮ ਜਿਹੜਾ ਪ੍ਰਧਾਨ ਮੰਤਰੀ ਜੀ ਨੇ ਲਾਗੂ ਕੀਤਾ ਹੈ, ਇਸ ਨੂੰ ਸਿਰੇ ਚੜ੍ਹਾਉਣ ਵਾਸਤੇ, ਗਿਆਨੀ ਜੀ ਨੇ ਪੰਜਾਬ ਦੇ ਅੰਦਰ ਤਿੰਨ ਲੱਖ ਬੇਘਰਿਆਂ ਨੂੰ ਪਲਾਟ ਦੇ ਕੇ ਅਤੇ ਗਰੀਬਾਂ ਨੂੰ ਆਪਣਾ ਮਕਾਨ ਬਣਾਉਣ ਵਾਸਤੇ ਕਰਜ਼ਾ ਦੇ ਕੇ ਅਤੇ ਹੋਰ ਸਹੂਲਤਾਂ ਦੇ ਕੇ ਪੰਜਾਬ ਨੂੰ ਪਹਿਲੇ ਨੰਬਰ ਤੇ ਲਿਆ ਦਿਤਾ ਹੈ । ਖੇਡਾਂ ਦੇ ਮੈਦਾਨ ਵਿਚ ਵੀ ਪੰਜਾਬ ਕਿਸੇ ਨਾਲੋਂ ਘਟ ਨਹੀਂ । ਵਰਲਡ ਕਪ ਹਾਕੀ ਦਾ ਜਿਹੜਾ ਹਿੰਦੁਸਤਾਨ ਦੀ ਟੀਮ ਨੇ ਜਿਤਿਆ ਉਸਦਾ ਸਿਹਰਾ ਗਿਆਨੀ ਜੀ ਨੂੰ ਜਾਂਦਾ ਹੈ, ਜਿਨ੍ਹਾਂ ਨੇ ਕਿ ਉਸ ਟੀਮ ਨੂੰ ਚੰਡੀਗੜ੍ਹ ਵਿਚ ਸਿਖਲਾਈ ਦਿਵਾਈ । 20 ਨੁਕਾਤੀ ਪ੍ਰੋਗਰਾਮ ਨੂੰ ਲਾਗੂ ਕਰਨ ਵਾਸਤੇ ਹਰ ਪਖੋਂ ਗਰੀਬ

Original with;
Punjab Vidhan Sabha
Digitized by;
Panjab Digital Library

ਮਜ਼ਦੂਰਾਂ ਦੀ ਮਦਦ ਕੀਤੀ ਹੈ । ਮਿਲਕ ਸੁਸਾਇਟੀਆਂ ਪਿੰਡਾਂ ਵਿਚ ਬਣਾਈਆਂ ਹਨ । ਇਹ ਇਕ ਐਸਾ ਕਦਮ ਚੁਕਿਆ ਹੈ ਜਿਸ ਨਾਲ ਕਿ ਜ਼ਿਮੀਂਦਾਰ ਆਪਣੀ ਜ਼ਿਮੀਂਦਾਰੀ ਦਾ ਕੰਮ ਕਰਕੇ ਦੁੱਧ ਵੀ ਵੇਚ ਸਕਦਾ ਹੈ ਅਤੇ ਹੋਰ ਕਾਰੋਬਾਰ ਵੀ ਕਰ ਸਕਦਾ ਹੈ। ਚਅਰਮੈਨ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿਤਾ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਮਤੇ ਦੀ ਪ੍ਰੋੜਤਾ ਕਰਦਾ ਹਾਂ ।

**ਸ਼੍ਰੀ ਕੇਸ਼ੋ ਰਾਮ ਗੋਇਲ (ਬਠਿੰਡਾ)** : ਮੈਂ ਸਰਦਾਰ ਕਿਰਪਾਲ ਸਿੰਘ ਢਿਲੋਂ ਜੀ ਵਲੋਂ ਪੇਸ਼ ਕੀਤੇ ਗਏ ਵੋਟ ਆਫ਼ ਥੈਂਕਸ ਦੇ ਮਤੇ ਦੀ ਪਰੋੜਤਾ ਕਰਨ ਲਈ ਖੜ੍ਹਾ ਹੋਇਆ ਹਾਂ । ਚੇਅਰਮੈਨ ਸਾਹਿਬ, ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਐਜੂਕੇਸ਼ਨ ਤੇ, ਸੜਕਾਂ ਤੇ, ਬਿਜਲੀ ਤੇ ਸਿਵਿਲ ਐਮਿਨਿਟੀਜ਼ ਤੇ, ਇਰੀਗੇਸ਼ਨ ਵਗੈਰਾ ਤੇ ਅਤੇ ਹੋਰ ਸਰਕਾਰ ਦੀ ਚੰਗੀ ਕਾਰਗੁਜ਼ਾਰੀ ਤੇ ਆਪਣੇ ਆਪਣੇ ਵਿਚਾਰ ਦਿੱਤੇ ਹਨ ਅਤੇ ਮੈਂ ਉਨ੍ਹਾਂ ਦੀ ਰੈਪੀਟੀਸ਼ਨ ਨਹੀਂ ਕਰਨਾ ਚਾਹੁੰਦਾ । ਚੇਅਰਮੈਨ ਸਾਹਿਬ, 1972 ਤੋਂ ਲੈ ਕੇ 1975 ਤਕ ਇਸ ਸਰਕਾਰ ਨੇ ਜਿੰਨੇ ਰਫਾਏ ਆਮ ਦੇ ਕੰਮ ਕੀਤੇ, ਜਿੰਨੇ ਲੋਕਾਂ ਦੇ ਭਲੇ ਦੇ ਕੰਮ ਕੀਤੇ ਹਨ, ਉਹ ਪਿਛਲੀਆਂ ਸਾਰੀਆਂ ਸਰਕਾਰਾਂ ਦੇ ਅਗਰ ਕੰਮ ਇਕੱਠੇ ਕੀਤੇ ਜਾਣ ਤਾਂ ਇਸ ਸਰਕਾਰ ਦੀ ਪਰਸੈਂਟੇਜ ਬਹੁਤ ਜ਼ਿਆਦਾ ਨਿਕਲੇਗੀ ਅਤੇ ਇਹ ਸਰਕਾਰ ਇਸ ਗੱਲ ਲਈ ਵਧਾਈ ਦੀ ਪਾਤਰ ਹੈ । ਗਵਰਨਰ ਸਾਹਿਬ ਦੇ ਐਡਰੈਸ ਵਿਚ ਐਮਰਜੈਂਸੀ ਦਾ ਜ਼ਿਕਰ ਹੈ । ਇਸ ਐਮਰਜੈਂਸੀ ਦੀਆਂ ਦੋ ਝਾਕੀਆਂ ਹਨ, ਇਕ ਐਮਰਜੈਂਸੀ ਤੋਂ ਪਹਿਲਾਂ ਦੀ ਅਤੇ ਇਕ ਉਸ ਤੋਂ ਬਾਅਦ ਦੀ । 1971 ਅਤੇ 1972 ਦੇ ਇਲੈਕਸ਼ਨ ਵਿਚ ਸ੍ਰੀਮਤੀ ਇੰਦਰਾ ਗਾਂਧੀ ਜੀ ਨੇ ਪਾਰਲੀਮੈਂਟ ਵਿੱਚ ਅਤੇ ਸੂਬਿਆਂ ਵਿਚ ਜਿਸ ਸ਼ਾਨਦਾਰ ਤਰੀਕੇ ਨਾਲ ਜਿਤ ਪ੍ਰਾਪਤ ਕੀਤੀ ਅਤੇ ਲੋਕਾਂ ਨੇ ਉਨ੍ਹਾਂ ਨੂੰ ਚੁਣ ਕੇ ਪ੍ਰਾਇਮ ਮਨਿਸਟਰ ਬਣਾਇਆ, ਉਹ ਕਾਬਲੇ ਫਖਰ ਗੱਲ ਹੈ ਅਤੇ ਉਨ੍ਹਾਂ ਦੀ ਉਹ ਜਿੱਤ ਫਿਰਕਾਪਰਸਤਾਂ, ਸਰਮਾਇਦਾਰਾਂ ਅਤੇ ਵੱਡੇ ਵੱਡੇ ਅਮੀਰਾਂ ਦੀ ਹਾਰ ਸੀ । ਚੇਅਰਮੈਨ ਸਾਹਿਬ, ਮੈਂ ਇਕ ਦਫਾ ਜਲਸਾ ਸੁਣ ਰਿਹਾ ਸੀ, ਜਿਸ ਵਿਚ ਛੰਗਾਨੀ ਕਮਿਸ਼ਨ ਦੇ ਇੰਡਿਕਟਿਡ ਆਦਮੀ ਬੈਠੇ ਸਨ, ਉਸ ਵਿਚ ਵੱਡੇ ਵੱਡੇ ਸਰਮਾਏਦਾਰ ਬੈਠੇ ਸਨ, ਪਾਕਿਸਤਾਨ ਦੇ ਏਜੰਟ ਬੈਠੇ ਸਨ । ਉਹ ਆਦਮੀ ਲੋਕਾਂ ਦਾ ਕੀ ਭਲਾ ਕਰ ਸਕਦੇ ਹਨ ਉਨ੍ਹਾਂ ਵਿਚੋਂ ਇਕ ਮੁੰਡਾ ਉਠਿਆ ਅਤੇ ਉਸ ਨੇ ਇਕ ਰੁਬਾਈ ਪੜ੍ਹੀ, ਜਿਹੜੀ ਕਿ ਇਸ ਤਰ੍ਹਾਂ ਸੀ :—

ਮਜ਼ਦੂਰ ਜੋ ਭੂਕਾ ਹੈ, ਤ ਸਾਰਾ ਜਹਾਂ ਭੂਕਾ ਹੈ,
ਇਕ ਸਿਲਸਿਲਾਏ ਕੌਨੋ ਮਕਾਂ ਭੂਕਾ ਹੈ ।
ਸਰਕਾਰ ਮੇਂ ਗ਼ੈਰਤ ਹੈ ਤੋ ਆਗੇ ਆਏ,
ਇਸ ਮੁਲਕ ਕਾ ਹਰ ਪੀਰੋ ਜਵਾਂ ਭੂਕਾ ਹੈ ।

ਚੇਅਰਮੈਨ ਸਾਹਿਬ, ਜਦੋਂ ਉਸ ਨੇ ਇਹ ਰੁਬਾਈ ਪੜ੍ਹੀ ਤਾਂ ਇਹ ਲੱਗਦਾ ਸੀ ਕਿ ਜਿਹੜੇ ਲੋਕੀਂ ਉਥੇ ਬੈਠੇ ਸਨ, ਉਨ੍ਹਾਂ ਵਿਚ ਕੋਈ ਗੈਰਤ ਨਹੀਂ ਸੀ, ਜੇ ਗੈਰਤ ਵਾਲੀ ਕੋਈ ਗੱਲ ਹੁੰਦੀ ਤਾਂ ਚਿੱਲੀ ਦੀ ਸਰਕਾਰ ਦਾ ਤਖਤਾ ਨਾ ਉਲਟਾਇਆ ਜਾਂਦਾ, ਵੀਤਨਾਮ ਵਿਚ ਲੱਖਾਂ ਟਨ ਬੰਬ ਨਾ ਗਿਰਾਏ ਜਾਂਦੇ, ਬੰਗਲਾ ਦੇਸ਼ ਦੇ ਸ਼ੇਖ ਮੁਜੀਬ-ਉਰ-ਰਹਿਮਾਨ ਨੂੰ ਕਤਲ ਨਾ ਕੀਤਾ ਜਾਂਦਾ । ਇਹ ਲੋਕੀਂ ਹਿੰਦੁਸਤਾਨ ਵਿਚ ਵੀ ਉਸ ਤਰ੍ਹਾਂ ਦੇ ਹਾਲਾਤ ਪੈਦਾ ਕਰਨਾ ਚਾਹੁੰਦੇ ਸਨ ਅਤੇ ਹਿੰਦੁਸਤਾਨ ਨੂੰ ਤਬਾਹ ਕਰਨਾ ਚਾਹੁੰਦੇ ਸਨ । ਮੈਂ ਮਸ਼ਕੂਰ ਹਾਂ ਪ੍ਰਾਇਮ ਮਨਿਸਟਰ ਦੀ ਡਾਇਨਾਮਿਕ ਲੀਡਰਸ਼ਿਪ ਦਾ, ਸ੍ਰੀਮਤੀ ਇੰਦਰਾ ਗਾਂਧੀ ਜੀ ਦੀ ਲੀਡਰਸ਼ਿਪ

Original with;
Punjab Vidhan Sabha
Digitized by;
Panjab Digital Library

[ ਸ੍ਰੀ ਕੇਸ਼ੋ ਰਾਮ ਗੋਇਲ ]

ਦਾ ਜਿਨ੍ਹਾਂ ਨੇ ਬਰਵਕਤ ਐਮਰਜੈਂਸੀ ਲਗਾ ਕੇ ਹਿੰਦੁਸਤਾਨ ਨੂੰ ਤਬਾਹੀ ਤੋਂ ਬਚਾ ਲਿਆ। ਪਹਿਲਾਂ ਪਰੈਸ ਕੀ ਕਰਦੀ ਸੀ ਅਤੇ ਵੱਡੇ ਵੱਡੇ ਆਦਮੀ, ਫਾਸਿਸਟ ਤਾਕਤਾਂ,ਸਰਮਾਇਦਾਰ ਅਤੇ ਹਿੰਦੁਸਤਾਨ ਦੀ ਗਰੀਬ ਜਨਤਾ ਦੇ ਦੁਸ਼ਮਣ ਕੀ ਕਰਦੇ ਸਨ ? ਉਹ ਕਰੈਕਟਰ ਅਸੈਸੀਨੇਸ਼ਨ ਕਰਦੇ ਸਨ ਅਤੇ ਇਸ ਗੱਲ ਦੀ ਕਦੇ ਸ਼ਲਾਘਾ ਨਹੀਂ ਕਰਦੇ ਸਨ ਕਿ ਪਿਛਲਿਆਂ ਸਾਲਾ ਵਿਚ ਭਾਰਤ ਨੇ ਕੀ ਕੀ ਚੰਗੇ ਅਤੇ ਡਾਇਨਾਮਿਕ ਕੰਮ ਕੀਤੇ। ਉਨ੍ਹਾਂ ਲੋਕਾਂ ਨੇ ਕਦੇ ਐਟਮੀ ਵਿਸਫੋਟ ਦੇ ਪੀਸਫੁਲ ਐਕਸਪੈਰੀਮੈਂਟ ਜਾਂ ਆਰੀਆ ਭੱਟ ਜਿਹੇ ਕੰਮਾਂ ਦੀ, ਜਿਨ੍ਹਾਂ ਨੂੰ ਵੇਖ ਕੇ ਅਤੇ ਸੁਣ ਕੇ ਸਾਰਾ ਦੇਸ਼ ਝੂਮ ਜਾਂਦਾ ਸੀ, ਤੇ ਖੁਸ਼ੀ ਦਾ ਇਜ਼ਹਾਰ ਕਰਦਾ ਸੀ ਇਕ ਵੀ ਲਫਜ਼ ਇਨ੍ਹਾਂ ਖੁਸ਼ੀਆਂ ਵਿਚ ਸ਼ਾਮਿਲ ਹੋਣ ਲਈ ਨਹੀਂ ਕਿਹਾ ਅਤੇ ਕਰੈਕਟਰ ਅਸੈਸੀਨੇਸ਼ਨ ਦੇ ਕਾਮ ਹੀ ਲੱਗੇ ਰਹੇ। ਇਹ ਫਾਸਿਸਟ ਤਾਕਤਾਂ ਪੰਡਿਤ ਜਵਾਹਰ ਲਾਲ ਨਹਿਰੂ ਦੇ ਵੇਲੇ ਤੋਂ ਹੀ ਸ਼ੁਰੂ ਸਨ, ਇਨ੍ਹਾਂ ਨੇ ਮਹਾਤਮਾਂ ਗਾਂਧੀ ਜੀ ਦਾ ਕਤਲ ਕਰਵਾਇਆ। ਜਿਸ ਵੇਲੇ ਗਾਂਧੀ ਜੀ ਦੀ ਟਰੇਨ ਤੇ ਬੰਬ ਸੁਟਿਆ ਸੀ ਤਾਂ ਇਨ੍ਹਾਂ ਸਰਮਾਇਦਾਰਾਂ ਦੀਆਂ ਅਖ਼ਬਾਰਾਂ ਨੇ ਇਸ ਚੀਜ਼ ਦੀ ਨਿਖੇਧੀ ਨਹੀਂ ਕੀਤੀ ਕਿ ਆਜ਼ਾਦੀ ਦਿਲਾਉਣ ਵਾਲੇ ਦੇਸ਼ ਦੇ ਪਿਤਾ ਨੂੰ ਮਾਰਨਾ ਚਾਹੁੰਦੇ ਹਨ ਉਸ ਤੋਂ ਬਾਅਦ ਮਿਸ਼ਰਾ ਜੀ ਦਾ ਕਤਲ ਹੋਇਆ, ਸਰਦਾਰ ਪ੍ਰਤਾਪ ਸਿੰਘ ਜੀ ਦਾ ਕਤਲ ਕੀਤਾ ਗਿਆ ਅਤੇ ਹੋਰ ਭੀ ਕਈ ਕਰੈਕਟਰ ਅਸੈਸੀਨੇਸ਼ਨ ਵਾਲੇ ਕੰਮ ਇਹ ਫਾਸਿਸਟ ਤਾਕਤਾਂ ਵੱਡੇ ਵੱਡੇ ਸਰਮਾਏਦਾਰਾਂ ਨਾਲ ਮਿਲ ਕੇ ਕਰਦੀਆਂ ਰਹੀਆਂ। ਇਹ ਲੋਕੀ ਹਰ ਤਰ੍ਹਾਂ ਨਾਲ ਮੁਲਕ ਦੇ ਵਿਚ ਅਫ਼ਰਾ ਤਫਰੀ ਫਿਲਾਉਣਾ ਚਾਹੁੰਦੇ ਸਨ। ਇਸ ਕਰਕੇ ਠੀਕ ਵਕਤ ਸਿਰ ਸਾਡੀ ਸਰਕਾਰ ਨੇ ਐਮਰਜੈਂਸੀ ਲਗਾ ਕੇ ਮੁਲਕ ਨੂੰ ਬਚਾ ਲਿਆ ਹੈ ਹੁਣ ਕੋਈ ਹੜਤਾਲ ਨਹੀਂ ਹੁੰਦੀ, ਕਰੈਕਟਰ ਅਸੈਸੀਨੇਸ਼ਨ ਨਹੀਂ ਹੁੰਦਾ, ਮੁਲਕ ਵਿਚ ਡਿਸਿਪਲਨ ਆਇਆ ਹੈ, ਪੈਦਾਵਾਰ ਵਧੀ ਹੈ ਅਤੇ ਮੁਲਕ ਵਿਚ ਹਰ ਤਰ੍ਹਾਂ ਨਾਲ ਖੁਸ਼ਹਾਲੀ ਵਧ ਰਹੀ ਹੈ। ਇਸ ਵੇਲੇ ਕੋਈ ਬੱਸ ਨਹੀਂ ਰੁਕਦੀ, ਕੋਈ ਬੱਸਾਂ ਨੂੰ ਨਹੀਂ ਫੂਕਦਾ ਅਤੇ ਸਭ ਕੰਮ ਠੀਕ ਤਰੀਕੇ ਨਾਲ ਚਲ ਰਿਹਾ ਹੈ ਅਤੇ ਜਨਤਾ ਦੀ, ਗਰੀਬਾਂ ਦੀ ਭਲਾਈ ਹੋ ਰਹੀ ਹੈ ਇਸ ਦੇ ਨਾਲ, ਚੇਅਰਮੈਨ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਜਿਹੜਾ ਗਰੀਬ ਆਦਮੀ ਨੂੰ ਕਰਜ਼ੇ ਥਲੋਂ ਕੱਢ ਦਿਤਾ ਹੈ, ਇਹ ਬੜਾ ਹੀ ਚੰਗਾ ਕੰਮ ਕੀਤਾ ਹੈ। ਪਹਿਲਾਂ ਤਾਂ ਇਕ ਗਰੀਬ ਆਦਮੀ ਆਪਣੇ ਪਿਉ ਦੇ ਵੇਲੇ ਦੇ ਕਰਜ਼ੇ ਹੇਠ ਹੀ ਸਾਰੀ ਜ਼ਿੰਦਗੀ ਗੁਜ਼ਾਰ ਦਿੰਦਾ ਸੀ ਅਤੇ ਵੱਡੇ ਵੱਡੇ ਲੋਕੀ ਉਨ੍ਹਾਂ ਨੂੰ ਹਮੇਸ਼ਾ ਹੀ ਆਪਣੇ ਪੈਰਾਂ ਥਲੇ ਰਖਦੇ ਸਨ ਹੁਣ ਉਨ੍ਹਾਂ ਨੂੰ ਇਸ ਤਰ੍ਹਾਂ ਦੇ ਕਰਜ਼ੇ ਮੁਆਫ ਹੋ ਗਏ ਹਨ ਅਤੇ ਸਹੂਲਤਾਂ ਮਿਲੀਆਂ ਹਨ। ਚੇਅਰਮੈਨ ਸਾਹਿਬ, ਬੇਘਰਾਂ ਨੂੰ ਪਲਾਟ ਦਿਤੇ ਹਨ ਅਤੇ ਉਨ੍ਹਾਂ ਲੋਕਾਂ ਨੂੰ ਪਿੰਡਾਂ ਵਿਚ ਸਾਂਝੀ ਵੀ ਬਣਾਇਆ ਹੈ, ਹਿੱਸੇਦਾਰ ਬਣਾਇਆ ਹੈ ਅਤੇ ਜਿਸ ਦਾ ਕੋਈ ਘਰ ਘਾਟ ਨਹੀ ਸੀ, ਉਸ ਨੂੰ ਪਿੰਡ ਵਿਚ ਹਿੱਸੇਦਾਰ ਬਣਾਇਆ ਹੈ, ਇਸ ਗੱਲ ਲਈ ਮੈਂ ਸਰਕਾਰ ਨੂੰ ਮੁਬਾਰਿਕਬਾਦ ਦਿੰਦਾਂ ਹਾਂ। ਇਸ ਦੇ ਨਾਲ ਹੀ ਮੈਂ ਇਕ ਸੁਜੈਸ਼ਨ ਵੀ ਦੇਣੀ ਹੈ ਚਾਹੁੰਦਾ ਹਾਂ ਕਿ ਗਰੀਬ ਲੋਕੀ ਪਿੰਡਾਂ ਵਿਚ ਤਾਂ ਹਿੱਸੇਦਾਰ ਬਣਾ ਦਿੱਤੇ ਪਰ ਇਨ੍ਹਾਂ ਨੂੰ, ਜਿਹੜੇ ਕਿ ਸ਼ਹਿਰਾਂ ਵਿਚ ਬੇ ਘਰ ਹਨ, ਉਥੇ ਵੀ ਹਿੱਸੇਦਾਰ ਬਣਾਉਣਾ ਚਾਹੀਦਾ ਹੈ ਸਰਕਾਰ ਨੂੰ ਇਹ ਚੀਜ਼ ਜ਼ਰੂਰ ਕਰਨੀ ਚਾਹੀਦੀ ਹੈ। (ਵਿਘਨ)

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਭਾਪਤੀ :** ਮੈਂ ਮਨਿਸਟਰ ਫਾਰ ਹਾਊਸਿੰਗ ਨੂੰ ਕਹਾਂਗਾ ਕਿ ਉਹ ਇਥੇ ਹਾਊਸ ਵਿਚ ਕੋਈ ਡਿਸਕਸ਼ਨ ਨਾ ਕਰਨ, ਮੈਂਬਰ ਸਾਹਿਬ ਨੂੰ ਸੁਣਨ ਅਤੇ ਉਨ੍ਹਾਂ ਦੀਆਂ ਸੁਜੈਸ਼ਨ ਨੋਟ ਕਰਨ ਅਤੇ ਬਾਅਦ ਵਿਚ ਜੁਆਬ ਦੇਣ ।

**ਸ਼੍ਰੀ ਕੇਸ਼ੋ ਰਾਮ ਗੋਇਲ :** ਚੇਅਰਮੈਨ ਸਾਹਿਬ, ਅੱਜ ਸਾਰੇ ਪੰਜਾਬ ਵਿਚ ਇਕ ਚਰਚਾ ਚਲੀ ਹੈ ਕਿ ਅਸੀਂ 2 ਅਕਤੂਬਰ, 1977 ਤਕ ਸਾਰੇ ਪੰਜਾਬ ਵਿਚ ਬਿਜਲੀ ਲਿਆ ਦੇਣੀ ਹੈ । ਮੈਂ ਵੀ ਇਸ ਚੀਜ਼ ਨੂੰ ਵੇਖ ਰਿਹਾ ਹਾਂ ਅਤੇ ਰੋਜ਼ ਅਖਬਾਰ ਪੜ੍ਹਦਾ ਹਾਂ ਕਿ ਕਿੰਨੇ ਪਿੰਡਾਂ ਵਿਚ ਬਿਜਲੀ ਦਿੱਤੀ ਜਾ ਚੁਕੀ ਹੈ । ਇਸ ਬਾਰੇ ਮੈਂ, ਚੀਫ ਮਨਿਸਟਰ ਗਿਆਨੀ ਜ਼ੈਲ ਸਿਘ ਜੀ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਇਸ ਕੰਮ ਤੇ ਇਕ ਕਮਿਟਿਡ ਵਰਕਰ ਲਗਾਇਆ ਹੈ। ਜੇ ਉਨ੍ਹਾਂ ਦੀ ਥਾਂ ਤੇ ਕਿਸੇ ਆਈ. ਏ. ਐਸ. ਅਫ਼ਸਰ ਜਾਂ ਕਿਸੇ ਵੱਡੇ ਚੀਫ ਇੰਜੀਨੀਅਰ ਨੂੰ ਹੀ ਲਗਾ ਦਿੰਦੇ ਤਾਂ ਵੀ ਕੰਮ ਪੂਰਾ ਨਹੀ ਸੀ ਹੋਣਾ । ਉਹ ਕਮਿਟਿਡ ਵਰਕਰ ਹੈ, ਸਰਦਾਰ ਜ਼ੋਰਾ ਸਿੰਘ ਬਰਾੜ, ਜਿਨ੍ਹਾਂ ਨੇ ਕਿ ਇਹ ਕੰਮ ਪੂਰਾ ਕਰਨਾ ਹੈ (ਥੰਪਿੰਗ) ਮੈਂ ਗਿਆਨੀ ਜੀ ਨੂੰ ਦਰਖਾਸਤ ਕਰਾਂਗਾ ਕਿ ਉਹ ਹਰ ਜਗ੍ਹਾ ਕਮਿਟਿਡ ਵਰਕਰ ਲਗਾਉਣ ਤਾਂ ਜੋ ਸਾਡਾ 20 ਪਵਾਇੰਟ ਇਕਨਾਮਿਕ ਪਰੋਗਰਾਮ ਜਲਦੀ ਅਤੇ ਠੀਕ ਤਰੀਕੇ ਨਾਲ ਪੂਰਾ ਹੋ ਸਕੇ । ਚੇਅਰਮੈਨ ਸਾਹਿਬ, ਇਕ ਗੱਲ ਮੈਂ ਇਹ ਵੀ ਕਹਿਣੀ ਚਾਹੁੰਦਾ ਹਾਂ ਕਿ ਜੋ ਗਰੀਬ ਲੋਕੀ ਰਿਕਸ਼ਾ ਵਾਹੁੰਦੇ ਸਨ, ਉਨ੍ਹਾਂ ਦੀ ਬੁਰੀ ਹਾਲਤ ਸੀ । ਪੈਸੇ ਵਾਲੇ ਆਦਮੀਆਂ ਦੀਆਂ 10-10, 20-20, 50-50, ਰਿਕਸ਼ਾ ਹੁੰਦੀਆਂ ਸਨ ਅਤੇ ਚਲਾਉਣ ਵਾਲੇ ਗਰੀਬ ਆਦਮੀ ਤੋਂ 3-4 ਰੁਪਏ ਰੋਜ਼ ਕਰਾਇਆ ਲੈਂਦੇ ਸਨ, ਜਦੋਂ ਕਿ ਉਹ ਗਰੀਬ ਆਦਮੀ ਇੰਨੇ ਕੁ ਹੀ ਪੈਸੇ ਕਮਾਂਉਂਦਾ ਸੀ ਅਤੇ ਉਸ ਦਾ ਆਪਣਾ ਗੁਜ਼ਾਰਾ ਨਹੀ ਸੀ ਚਲਦਾ । ਸਰਕਾਰ ਨੇ ਉਨ੍ਹਾਂ ਨੂੰ ਰਿਕਸ਼ਾ ਦਾ ਮਾਲਿਕ ਬਣਾ ਦਿਤਾ ਹੈ ਅਤੇ ਇਸ ਤੋਂ ਵੀ ਅੱਗੇ ਇਕ ਹੋਰ ਕੰਮ ਕੀਤਾ ਹੈ ਕਿ ਉਨ੍ਹਾਂ ਦਿਆਂ ਰਿਕਸ਼ਿਆਂ ਵਿਚ ਇਕ ਛੋਟਾ ਜਿਹਾ ਇੰਜਣ ਵੀ ਲਗਾ ਦਿਤਾ ਹੈ ਜਿਹੜਾ ਕਿ ਪੈਟਰੋਲ ਨਾਲ ਚਲਦਾ ਹੈ ਤਾਂ ਕਿ ਬੰਦੇ ਨੂੰ ਬੰਦਾ ਨਾਂ ਖਿੱਚਣਾ ਪਵੇ ।

ਚੇਅਰਮੈਨ ਸਾਹਿਬ, ਇਨ੍ਹਾਂ ਨੇ ਹਰੀਜਨਾਂ ਦੇ ਮੁੰਡਿਆਂ ਨੂੰ ਵਜ਼ੀਫੇ ਦਿਤੇ ਹਨ । ਚੇਅਰਮੈਨ ਸਾਹਿਬ, ਇਹ ਸ਼ਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਦੇ ਆਦਮੀ ਸਦੀਆਂ ਤੋਂ ਹੀ ਦੱਬੇ ਚਲੇ ਆਉਂਦੇ ਸਨ ਅਤੇ ਇਸ ਪਾਸੇ ਕਿਸੇ ਨੇ ਕੋਈ ਖਿਆਲ ਨਹੀਂ ਸੀ ਕੀਤਾ ਅਤੇ ਇਨ੍ਹਾਂ ਦੀ ਕੋਈ ਸੁਣਵਾਈ ਨਹੀਂ ਸੀ ਅਤੇ ਉਨ੍ਹਾਂ ਦੇ ਬੱਚੇ ਅਨਪੜ੍ਹ ਹੀ ਰਹਿ ਜਾਂਦੇ ਸਨ। ਪਰ ਅੱਜ ਸਾਡੀ ਸਰਕਾਰ ਨੇ ਇਨ੍ਹਾਂ ਨੂੰ ਪੂਰੀ ਨੁਮਾਇੰਦਗੀ ਦੇਕੇ ਇਕ ਸ਼ਲਾਘਾਯੋਗ ਕੰਮ ਕੀਤਾ ਹੈ । ਲੇਕਿਨ, ਚੇਅਰਮੈਨ ਸਾਹਿਬ, ਅੱਜ ਹਰੀਜਨਾਂ ਵਿਚ ਇਕ ਕਲਾਸ ਬਣ ਗਈ ਹੈ ਜਿਸ ਤਰ੍ਹਾਂ ਅੱਜ ਮਾਸਟਰ ਗੁਰਬੰਤਾ ਸਿੰਘ, ਜੋ ਇਥੇ ਬੈਠੇ ਵੀ ਨਹੀਂ ਹਨ, ਇੰਨਾਂ ਚਿਰ ਮਨਿਸਟਰ ਰਹੇ ਹਨ, ਇਨ੍ਹਾਂ ਦੇ ਮੁੰਡਿਆਂ ਨੂੰ ਹਰੀਜਨ ਨਹੀਂ ਸਮਝਣਾ ਚਾਹੀਦਾ । ਅੱਜ ਹਰੀਜਨ ਆਈ. ਏ. ਐਸ. ਅਫ਼ਸਰ ਬਣੀ ਫਿਰਦੇ ਹਨ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਹਰੀਜਨ ਨਹੀਂ ਸਮਝਣਾ ਚਾਹੀਦਾ । ਇਸ ਲਈ ਮੈਂ ਪੰਜਾਬ ਸਰਕਾਰ ਨੂੰ ਕਹਾਂਗਾ ਕਿ ਇਸ ਵੇਲੇ ਜਿਹੜੇ ਹਰੀਜਨ ਵੈਲ ਸੈਟਲਡ ਹੋ ਗਏ ਹਨ ਉਨ੍ਹਾਂ ਨੂੰ ਹੁਣ ਇਲੈਕਸ਼ਨ ਲੜਣ ਵਾਸਤੇ ਰਿਜ਼ਰਵ ਸੀਟਾਂ ਨਾ ਦਿਤੀਆਂ ਜਾਣ ਬਲਕਿ ਜਿਹੜੇ ਹੋਰ ਗਰੀਬ

Original with;
Punjab Vidhan Sabha
Digitized by;
Panjab Digital Library

[ਸ੍ਰੀ ਕੇਸ਼ੋ ਰਾਮ ਗੋਇਲ]

ਆਦਮੀ ਹਨ, ਜਿਨ੍ਹਾਂ ਦਾ ਕਿ ਇਹ ਪਰਿਵਿਲੇਜ ਬਣਦਾ ਹੈ ਜਿਹੜੇ ਕਿ ਖੇਤਾਂ ਵਿਚ ਜਾਕੇ ਘਾਹ ਕੱਟਦੇ ਹਨ, ਖੇਤਾਂ ਵਿਚ ਮਜ਼ਦੂਰੀ ਕਰਦੇ ਹਨ, ਉਨ੍ਹਾਂ ਨੂੰ ਇਸ ਵਾਸਤੇ ਮੌਕਾ ਦੇਣਾ ਚਾਹੀਦਾ ਹੈ। ਇਨ੍ਹਾਂ ਲਫਜ਼ਾਂ ਨਾਲ, ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਸ਼੍ਰੀਮਤੀ ਜਸਵੰਤ ਕੌਰ** (ਖਡੂਰ ਸਾਹਿਬ): ਮਾਨਯੋਗ ਚੇਅਰਮੈਨ ਸਾਹਿਬ, ਮੈਂ ਆਪ ਦੀ ਧੰਨਵਾਦੀ ਹਾਂ ਜਿਨ੍ਹਾਂ ਨੇ ਕਿ ਮੈਨੂੰ ਗਵਰਨਰ ਸਾਹਿਬ ਦੇ ਐਡਰੈਸ ਤੇ ਧੰਨਵਾਦ ਦੇ ਮਤੇ ਤੇ ਬੋਲਣ ਵਾਸਤੇ ਟਾਇਮ ਦਿਤਾ ਹੈ। ਚੇਅਰਮੈਨ ਸਾਹਿਬ, ਹਿੰਦੁਸਤਾਨ ਵਿਚ ਇਨ੍ਹਾਂ 10 ਸਾਲਾਂ ਵਿਚ ਸਾਡੀ ਪ੍ਰਾਇਮ ਮਨਿਸਟਰ ਇੰਦਰਾ ਗਾਂਧੀ ਜੀ ਦੀ ਹਿੰਮਤ ਨਾਲ ਬੜੀ ਤਰੱਕੀ ਹੋਈ ਹੈ। ਕਈ ਕਠਨਾਈਆਂ ਸਾਹਮਣੇ ਆਉਣ ਦੇ ਬਾਵਜੂਦ ਵੀ ਉਹ ਇਨ੍ਹਾਂ ਕਠਨਾਈਆਂ ਤੇ ਜਿੱਤ ਪ੍ਰਾਪਤ ਕਰਕੇ ਹਿੰਦੁਸਤਾਨ ਨੂੰ ਤਰੱਕੀ ਵਲ ਲੈ ਗਏ ਹਨ। ਸਾਡੀ ਪ੍ਰਾਇਮ ਮਨਿਸਟਰ ਇੰਦਰਾ ਗਾਂਧੀ ਦੀ ਲੀਡਰਸ਼ਿਪ ਥੱਲੇ ਅਤੇ ਪਿਛਲੇ ਚਾਰ ਸਾਲਾਂ ਵਿਚ ਜੋ ਬੀਤੇ ਹਨ ਉਨ੍ਹਾਂ ਵਿਚ ਪੰਜਾਬ ਨੇ, ਗਿਆਨੀ ਜ਼ੈਲ ਸਿੰਘ ਜੀ ਦੀ ਲੀਡਰਸ਼ਿਪ ਥਲੇ, ਬਹੁਤ ਹੀ ਤਰੱਕੀ ਕੀਤੀ ਹੈ।

ਚੇਅਰਮੈਨ ਸਾਹਿਬ, ਸਾਡਾ ਪੰਜਾਬ ਇਕ ਖੇਤੀਬਾੜੀ ਦਾ ਸੂਬਾ ਹੈ। ਪੰਜਾਬ ਦੇ ਮਿਹਨਤੀ ਕਿਸਾਨ ਨੇ ਅਤੇ ਇਸ ਦੇ ਮਜ਼ਦੂਰ ਨੇ ਬੜੀ ਵੱਡੀ ਹਿੰਮਤ ਅਤੇ ਦਲੇਰੀ ਦੇ ਨਾਲ ਪੰਜਾਬ ਵਿਚ ਹਰੀ ਕ੍ਰਾਂਤੀ ਲਿਆਂਦੀ ਹੈ। ਉਸ ਦੇ ਸਦਕੇ ਹੀ ਅੱਜ ਜੋ ਸਾਡਾ ਕੇਂਦਰੀ ਭੰਡਾਰ ਹੈ, ਉਸ ਵਿਚ 60% ਤੋਂ ਉਪਰ ਪੰਜਾਬ ਨੇ ਹਿੱਸਾ ਪਾਇਆ ਹੈ। ਪੰਜਾਬ ਦਾ ਕਿਸਾਨ ਅੱਜ ਗਿਆਨੀ ਜ਼ੈਲ ਸਿੰਘ ਜੀ ਦੀ ਭਰਪੂਰ ਸ਼ਲਾਘਾ ਕਰਦਾ ਹੈ। ਚੇਅਰਮੈਨ ਸਾਹਿਬ, ਇਹ ਜੋ 19 ਕਰੋੜ ਰੁਪਏ ਦਾ ਬੋਨਸ ਕਿਸਾਨਾਂ ਨੂੰ ਦਿਤਾ ਗਿਆ ਹੈ, ਇਹ ਇਕ ਸ਼ਲਾਘਾ ਯੋਗ ਕਦਮ ਹੈ। ਇਹ ਜੋ 14 ਰੁਪਏ 35 ਪੈਸੇ ਕੁਇੰਟਲ ਪੰਜਾਬ ਦੇ ਕਿਸਾਨ ਨੂੰ ਗੰਨੇ ਦੀ ਕੀਮਤ ਦਵਾਈ ਹੈ ਇਹ ਵੀ ਬਹੁਤ ਸ਼ਲਾਘਾ ਯੋਗ ਕੰਮ ਕੀਤਾ ਹੈ। ਇਹ ਸਭ ਤੋਂ ਪਹਿਲਾ ਸੂਬਾ ਹੈ ਜਿਸ ਨੇ ਇੰਨੀ ਕੀਮਤ ਅੱਜ ਕਿਸਾਨ ਨੂੰ ਦਿਤੀ ਹੈ। ਇਸ ਬਾਰੇ, ਚੇਅਰਮੈਨ ਸਾਹਿਬ, ਮੈਂ ਇਕ ਸੁਝਾਵ ਪੰਜਾਬ ਸਰਕਾਰ ਨੂੰ ਦੇਵਾਂਗੀ ਕਿ ਅੰਮ੍ਰਿਤਸਰ ਡਿਸਟਰਿਕਟ ਜੋ ਕਿ ਇਕ ਬੜਾ ਵੱਡਾ ਡਿਸਟਰਿਕਟ ਹੈ ਅਤੇ ਪੰਜਾਬ ਦਾ ਸ਼ਰੋਮਣੀ ਡਿਸਟਰਿਕਟ ਹੈ, ਉਸ ਵਿਚ ਗੰਨੇ ਦੀ ਕੋਈ ਮਿੱਲ ਨਹੀਂ, ਉਥੇ ਇਕ ਗੰਨੇ ਦੀ ਮਿੱਲ ਲਾਕੇ ਕਿਸਾਨਾਂ ਨੂੰ ਜੋ ਮੁਸ਼ਕਲ ਹੈ ਉਸ ਨੂੰ ਦੂਰ ਕੀਤਾ ਜਾਵੇ।

ਚੇਅਰਮੈਨ ਸਾਹਿਬ, ਇਹ ਜੋ ਸਾਡਾ ਹੈਲਥ ਦਾ ਮਹਿਕਮਾ ਹੈ, ਮੈਂ ਇਸ ਮਹਿਕਮੇ ਦੀ ਅਤੇ ਗਿਆਨੀ ਜ਼ੈਲ ਸਿੰਘ ਜੀ ਦੀ ਭਰਪੂਰ ਸ਼ਲਾਘਾ ਕਰਦੀ ਹਾਂ ਜਿਨ੍ਹਾਂ ਨੇ ਗੁਰੂ ਤੇਗ ਬਹਾਦਰ ਨੂੰ ਇੰਨੀ ਵੱਡੀ ਸ਼ਰਧਾਂਜਲੀ ਦਿਤੀ ਹੈ ਇਸ ਸਰਕਾਰ ਨੇ ਅੰਮ੍ਰਿਤਸਰ ਦੇ ਵਿਜੇ ਹਸਪਤਾਲ ਦਾ ਨਾਂ ਬਦਲ ਕੇ ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ ਰਖਿਆ ਹੈ, ਇਹ ਇਕ ਬਹੁਤ ਹੀ ਸ਼ਲਾਘਾ ਯੋਗ ਕਦਮ ਹੈ। ਇਹ ਇਕ ਬਹੁਤ ਹੀ ਸੁਚੱਜਾ ਕੰਮ ਕੀਤਾ ਹੈ। ਪੰਜਾਬ ਦੇ ਹੈਲਥ ਮਹਿਕਮੇ ਨੇ ਜੋ ਮੈਡੀਕਲ ਮੰਥਨ ਕੀਤੇ ਹਨ ਇਹ ਵੀ ਬੜਾ ਸੁਚੱਜਾ ਅਤੇ ਚੰਗਾ ਕੰਮ ਕੀਤਾ ਹੈ। ਮੇਰੇ ਹਲਕੇ ਵਿਚ 19 ਨਵੰਬਰ ਨੂੰ ਇਕ ਮੈਡੀਕਲ ਮੰਥਨ ਕੀਤਾ ਗਿਆ ਸੀ ਜਿਸ ਦਾ ਉਦਘਾਟਨ ਗਿਆਨੀ ਜ਼ੈਲ ਸਿੰਘ ਜੀ ਨੇ ਕੀਤਾ ਸੀ। ਜਿਸ

Original with;
Punjab Vidhan Sabha
Digitized by;
Panjab Digital Library

ਵੇਲੇ ਇਹ ਉਦਘਾਟਨ ਕੀਤਾ ਗਿਆ ਸੀ ਤਾਂ ਉਸ ਵੇਲੇ ਗੋਇੰਦਵਾਲ ਸਾਹਿਬ ਦੇ ਸੁਧਾਰ ਲਈ ਇਕ ਡਿਵੈਲਪਮੈਂਟ ਕਮੇਟੀ ਬਣਾਈ ਗਈ ਸੀ ਜਿਸ ਨੇ ਗੋਇੰਦਵਾਲ ਸਾਹਿਬ ਦੇ ਵਿਚ ਸੁਧਾਰ ਲਿਆਉਣ ਲਈ ਵਿਚਾਰਨਾ ਸੀ। ਉਸ ਕਮੇਟੀ ਨੇ ਹੁਣ 32 ਲੱਖ ਰੁਪਏ ਦੀ ਡਿਵੈਲਪਮੈਂਟ ਵਾਸਤੇ ਸਿਫਾਰਸ਼ ਕੀਤੀ ਹੈ। ਮੈਂ, ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਗਿਆਨੀ ਜ਼ੈਲ ਸਿੰਘ ਜੀ ਨੂੰ ਇਹ ਬੇਨਤੀ ਕਰਦੀ ਹਾਂ ਕਿ ਇਸ ਡਿਵੈਲਪਮੈਂਟ ਕਮੇਟੀ ਦੀ ਸਿਫਾਰਿਸ਼ ਨੂੰ ਛੇਤੀ ਤੋਂ ਛੇਤੀ ਮੰਨ ਲਿਆ ਜਾਵੇ। ਇਹ ਇਨ੍ਹਾਂ ਦਾ ਬਹੁਤ ਹੀ ਸ਼ਲਾਘਾਯੋਗ ਕਦਮ ਹੋਵੇਗਾ।

ਚੇਅਰਮੈਨ ਸਾਹਿਬ, ਇਹ ਜੋ ਸਾਡਾ ਐਜੂਕੇਸ਼ਨ ਦਾ ਮਹਿਕਮਾ ਹੈ ਇਸ ਵਿਚ 1,500 ਜੇ. ਬੀ. ਟੀ. ਅਤੇ 500 ਬੀ. ਐਡ. ਅਧਿਆਪਕ ਹਰੀਜਨ ਲਾਏ ਜਾ ਰਹੇ ਹਨ, ਇਹ ਇਕ ਬਹੁਤ ਹੀ ਸ਼ਲਾਘਾਯੋਗ ਅਤੇ ਅੱਛਾ ਕਦਮ ਹੈ। ਇਸ ਨਾਲ ਹਰੀਜਨਾਂ ਦਾ ਬਹੁਤ ਹੀ ਭਲਾ ਹੋ ਸਕੇਗਾ। ਜੋ ਹਰੀਜਨਾਂ ਨੂੰ ਵਜ਼ੀਫੇ ਦਿਤੇ ਗਏ ਹਨ ਇਸ ਦਾ ਲਗਭਗ ਸਾਡੇ ਪੰਜਾਬ ਦੇ ਬਜਟ ਤੇ ਕੋਈ 4 ਕਰੋੜ ਰੁਪਏ ਦਾ ਭਾਰ ਹੋਵੇਗਾ, ਮਗਰ ਇਸ ਨਾਲ ਹਰੀਜਨਾਂ ਦੇ ਬੱਚਿਆਂ ਨੂੰ ਕਾਫੀ ਲਾਭ ਪਹੁੰਚੇਗਾ।

ਚੇਅਰਮੈਨ ਸਾਹਿਬ, ਇਹ ਜੋ ਪੰਜਾਬ ਸਰਕਾਰ ਨੇ ਇਨ੍ਹਾਂ 3 ਸਾਲਾਂ ਵਿਚ ਜੋ ਵਾਟਰ ਸਪਲਾਈ ਦਾ ਕੰਮ ਕੀਤਾ ਹੈ, ਮੇਰਾ ਖਿਆਲ ਹੈ ਕਿ 16 ਕਰੋੜ ਰੁਪਏ ਦੇ ਮੁਲ ਦੇ ਨਾਲ ਕੋਈ 1,004 ਪਿੰਡਾਂ ਲਈ ਪੀਣ ਦੇ ਪਾਣੀ ਦਾ ਸੁਚੱਜਾ ਅਤੇ ਅੱਛਾ ਕੰਮ ਕੀਤਾ ਗਿਆ ਹੈ, ਇਸ ਕੰਮ ਲਈ ਵੀ ਮੈਂ ਪੰਜਾਬ ਸਰਕਾਰ ਦੀ ਬਹੁਤ ਹੀ ਧੰਨਵਾਦੀ ਹਾਂ ਕਿਉਂਕਿ ਹਿੰਦਸਤਾਨ ਨੂੰ ਆਜ਼ਾਦ ਹੋਇਆਂ ਭਾਵੇਂ 27 ਸਾਲ ਹੋ ਗਏ ਹਨ ਪਰ ਅਜੇ ਤਕ ਜੋ 5 ਜ਼ਿਲ੍ਹੇ ਸਨ ਜਿਸ ਤਰ੍ਹਾਂ ਰੋਪੜ, ਫਰੀਦਕੋਟ ਅਤੇ ਨੀਮ ਪਹਾੜੀ ਇਲਾਕੇ ਜੋ ਹੁਸ਼ਿਆਰਪੁਰ ਦੇ ਨਾਲ ਦੇ ਹਨ, ਉਨ੍ਹਾਂ ਨੂੰ ਕਦੇ ਵੀ ਚੰਗਾ ਪੀਣ ਦਾ ਪਾਣੀ ਨਸੀਬ ਨਹੀਂ ਸੀ ਹੋਇਆ। ਇਹ ਪੰਜਾਬ ਸਰਕਾਰ ਦਾ ਇਕ ਸੁਨਹਿਰੀ ਕਦਮ ਹੈ ਕਿ ਲੋਕਾਂ ਨੂੰ ਹੁਣ ਪੀਣ ਦਾ ਪਾਣੀ ਚੰਗਾ ਮਿਲ ਸਕਿਆ ਹੈ।

ਚੇਅਰਮੈਨ ਸਾਹਿਬ, ਮੈਂ ਪੰਜਾਬ ਸਰਕਾਰ ਪਾਸ ਬੇਨਤੀ ਕਰਦੀ ਹਾਂ ਕਿ ਜਿਸ ਤਰ੍ਹਾਂ ਮੁਕਤਸਰ ਵਿਚ 99 ਲੱਖ ਦੀ ਲਾਗਤ ਨਾਲ ਇਕ ਟੈਂਕ ਬਣਾਇਆ ਗਿਆ ਹੈ ਅਤੇ ਉਸ ਨਾਲ ਹੁਣ ਲੋਕਾਂ ਨੂੰ ਅੱਛਾ ਪਾਣੀ ਪੀਣ ਦਾ ਮਿਲ ਗਿਆ ਹੈ, ਇਸੇ ਤਰ੍ਹਾਂ ਅੰਮ੍ਰਿਤਸਰ ਦੇ ਖੇਮ-ਕਰਨ ਦੇ ਇਲਾਕੇ ਵਿਚ ਵੀ ਜਿਥੇ ਕਿ ਪਾਣੀ ਖਾਰਾ ਆਉਂਦਾ ਹੈ, ਉਥੋਂ ਦੇ ਲੋਕਾਂ ਨੂੰ ਜੋ ਬਾਰਡਰ ਤੇ ਵਸਣ ਵਾਲੇ ਹਨ....

**ਸ੍ਰੀ ਸਭਾਪਤੀ** : ਚੌਧਰੀ ਸੁੰਦਰ ਸਿੰਘ ਜੀ, ਤੁਸੀਂ ਆਪਣੇ ਪੁਆਇੰਟ ਨੋਟ ਕਰ ਲਓ, ਇਨ੍ਹਾਂ ਦੇ ਨਾਲ ਹੁਣ ਤੁਸੀਂ ਹੀ ਬੈਠੇ ਹੋ।

**ਸ੍ਰੀਮਤੀ ਜਸਵੰਤ ਕੌਰ:** ਚੇਅਰਮੈਨ ਸਾਹਿਬ, ਮੈਂ ਇਹ ਬੇਨਤੀ ਕਰ ਰਹੀ ਸੀ ਕਿ ਬਾਰਡਰ ਦੇ ਲੋਕਾਂ ਨੇ ਭਾਵੇਂ 1947 ਦੀ ਲੜਾਈ ਹੋਵੇ, ਭਾਵੇਂ, 1962 ਦੀ ਲੜਾਈ ਹੋਵੇ, ਭਾਵੇਂ 1965 ਦੀ ਲੜਾਈ ਹੋਵੇ ਜਾਂ 1971 ਦੀ ਲੜਾਈ ਹੋਵੇ ਬੜੀ ਹਿੰਮਤ ਨਾਲ ਮੁਕਾਬਲਾ ਕੀਤਾ ਹੈ ਤੇ ਮੁਸ਼ਕਲਾ ਝੱਲੀਆਂ ਹਨ, ਪਰ ਉਨ੍ਹਾਂ ਨੂੰ ਪੀਣ ਦੇ ਪਾਣੀ ਦੀ ਬੜੀ ਮੁਸ਼ਕਿਲ ਰਹੀ ਹੈ। ਇਸ ਲਈ ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗੀ ਕਿ ਖੇਮਕਰਨ ਦੇ ਇਲਾਕੇ ਨੂੰ ਜਾਂ ਤਾਂ ਨਹਿਰੀ

Original with;
Punjab Vidhan Sabha
Digitized by;
Panjab Digital Library

[ਸ੍ਰੀਮਤੀ ਜਸਵੰਤ ਕੌਰ]

ਪਾਣੀ ਜਾਂ ਕੋਈ ਹੋਰ ਕਿਸੇ ਤਰ੍ਹਾਂ ਪਾਣੀ ਦਾ ਇੰਤਜ਼ਾਮ ਕਰਕੇ ਉਨ੍ਹਾਂ ਨੂੰ ਅੱਛਾ ਪਾਣੀ ਪੀਣ ਲਈ ਮੁਹੱਈਆ ਕੀਤਾ ਜਾਵੇ ।

ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਪੰਜਾਬ ਸਰਕਾਰ ਨੂੰ ਇਹ ਵੀ ਬੇਨਤੀ ਕਰਨੀ ਚਾਹੁੰਦੀ ਹਾਂ ਅਤੇ ਇਨ੍ਹਾਂ ਦੇ ਇਸ ਕੰਮ ਦੀ ਸ਼ਲਾਘਾ ਵੀ ਬਹੁਤ ਕਰਦੀ ਹਾਂ ਕਿ ਇਨ੍ਹਾਂ ਨੇ ਪੰਚਾਇਤੀ ਰਾਜ ਵਿਚ ਬਹੁਤ ਤਰੱਕੀ ਕੀਤੀ ਹੈ । ਜਿਸ ਤਰ੍ਹਾਂ ਹਰ ਪੰਚਾਇਤ ਵਿਚ ਇਕ ਲੇਡੀ ਪੰਚ ਨੂੰ ਚੁਣਿਆ ਜਾਂਦਾ ਸੀ ਪਰ ਇਨ੍ਹਾਂ ਨੇ 2 ਲੇਡੀ ਮੈਂਬਰਜ਼ ਨੂੰ ਕੋਆਪਸ਼ਨ ਦਿੱਤੀ ਹੈ, ਇਹ ਇਕ ਬਹੁਤ ਹੀ ਸ਼ਲਾਘਾ ਯੋਗ ਕਦਮ ਹੈ । ਜਿਸ ਤਰ੍ਹਾਂ ਕਿ ਪਹਿਲੇ ਗੁਰੂ ਨਾਨਕ ਦੇਵ ਜੀ ਇਸਤਰੀ ਜਾਤੀ ਨੂੰ ਮਾਨ ਦੇਣਾ ਚਾਹੁੰਦੇ ਸੀ, ਮਗਰ ਗੁਰੂ ਨਾਨਕ ਦੇਵ ਜੀ ਕੋਈ ਰਾਜ ਕਾਜ ਵਿਚ ਹਿੱਸਾ ਨਹੀਂ ਲੈਂਦੇ ਸੀ, ਉਨ੍ਹਾਂ ਨੇ ਆਖਿਆ ਸੀ ਕਿ :—

"ਸੋ ਕਿਉਂ ਮੰਦਾ ਆਖੀਏ, ਜਿਤ ਜੰਮੇ ਰਾਜਾਨ"

ਪਰ ਹੁਣ ਇਸ ਦੀ ਪੂਰਤੀ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੇ ਕੀਤੀ ਹੈ । ਇਨ੍ਹਾਂ ਨੇ ਇਕ ਹੋਰ ਵੀ ਬਹੁਤ ਹੀ ਸੁਨਹਿਰੀ ਕਦਮ ਚੁਕਿਆ ਹੈ। ਪੰਜਾਬ ਦੀਆਂ 4 ਯੂਨੀਵਰਸਿਟੀਆਂ ਹਨ । ਇਸ ਸਰਕਾਰ ਨੇ ਇਨ੍ਹਾਂ ਚਾਰ ਯੂਨੀਵਰਸਿਟੀਆਂ ਵਿਚ ਇਕ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਇਕ ਲੇਡੀ ਮੈਂਬਰ ਨੂੰ ਬਣਾਇਆ ਹੈ । ਮੈਂ ਕਹਿੰਦੀ ਹਾਂ ਕਿ ਇਨ੍ਹਾਂ ਨੇ ਇਸ ਯੂਨੀਵਰਸਿਟੀ ਵਿਚ ਇਕ ਲੇਡੀ ਮੈਂਬਰ ਨੂੰ ਨੁਮਾਇੰਦਗੀ ਦੇਕੇ ਇਕ ਬਹੁਤ ਹੀ ਸ਼ਲਾਘਾਯੋਗ ਕਦਮ ਚੁੱਕਿਆ ਹੈ । ਇਸ ਪੱਖ ਲਈ ਵੀ ਮੈਂ ਇਸ ਸਰਕਾਰ ਦੀ ਬਹੁਤ ਹੀ ਧੰਨਵਾਦੀ ਹਾਂ ।

ਬਾਕੀ ਚੇਅਰਮੈਨ ਸਾਹਿਬ, ਮੇਰੀ ਇਕ ਪੰਜਾਬ ਸਰਕਾਰ ਪਾਸ ਮੰਗ ਹੈ ਕਿ ਜਿਸ ਤਰ੍ਹਾਂ ਇਨ੍ਹਾਂ ਨੇ ਬਾਕੀ ਥਾਵਾਂ ਤੇ ਇਸਤਰੀ ਜਾਤੀ ਨੂੰ ਪੂਰੀ ਨੁਮਾਇੰਦਗੀ ਦਿੱਤੀ ਹੈ, ਵਿਧਾਨ ਸਭਾ ਵਿਚ ਵੀ ਸਾਡੀਆਂ ਇਸਤਰੀਆਂ ਦੀਆਂ ਸੀਟਾਂ ਰਾਖਵੀਆਂ ਰੱਖੀਆਂ ਜਾਣ । ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਇਸ ਗੱਲ ਦੀ ਭਰਪੂਰ ਸ਼ਲਾਘਾ ਕਰਦੀ ਹਾਂ ਕਿ ਸਰਕਾਰ ਨੇ 200 ਟਿਊਬਵੈੱਲ ਲਗਾਉਣੇ ਹਨ, ਉਹ ਬੜਾ ਅੱਛਾ ਕਦਮ ਹੈ । ਕਿਉਂਕਿ ਲੋਕਾਂ ਨੂੰ ਪਾਣੀ ਹੋਰ ਮਿਲਣ ਲੱਗ ਪਏਗਾ । ਫਿਰ ਬਿਜਲੀ ਬਾਰੇ ਜੋ ਕੁਝ ਸਰਕਾਰ ਕਰ ਰਹੀ ਹੈ, ਉਹ ਵੀ ਸ਼ਲਾਘਾਯੋਗ ਹੈ । ਕਈਆਂ ਪਿੰਡਾਂ ਨੂੰ ਜਿਨ੍ਹਾਂ ਨੂੰ ਪਹਿਲਾਂ ਬਿਜਲੀ ਨਹੀਂ ਸੀ ਪਹੁੰਚੀ, ਬਿਜਲੀ ਪਹੁੰਚਾਈ ਜਾ ਰਹੀ ਹੈ । ਜਿਸ ਤਰ੍ਹਾਂ ਉਨ੍ਹਾਂ ਨੂੰ ਆਜ਼ਾਦੀ ਦੀ ਰੋਸ਼ਨੀ ਮਿਲੀ ਸੀ ਇਸ ਤਰ੍ਹਾਂ ਹੀ ਉਨ੍ਹਾਂ ਨੂੰ ਬਿਜਲੀ ਦੀ ਰੋਸ਼ਨੀ ਪਹੁੰਚਾਉਣੀ ਚਾਹੀਦੀ ਹੈ ।

ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਪੰਜਾਬ ਦੀ ਸਰਕਾਰ ਪਾਸ ਸੁਝਾਓ ਦਿੰਦੀ ਹਾਂ ਕਿ ਜਿਹੜੇ ਛੋਟੇ ਛੋਟੇ ਜ਼ਿਮੀਂਦਾਰ ਹਨ, ਜਿਨ੍ਹਾਂ ਦੀ ਦਸ ਏਕੜ ਤੋਂ ਘੱਟ ਜ਼ਮੀਨ ਹੈ ਉਨ੍ਹਾਂ ਉਪਰ ਇਹ ਬੈਨ ਨਹੀਂ ਹੋਣਾ ਚਾਹੀਦਾ ਕਿ ਉਨ੍ਹਾਂ ਤੋਂ ਵੀ ਇਕ ਹਜ਼ਾਰ ਰੁਪਏ ਸਕਿਉਰਿਟੀ ਦੇ ਲਏ ਜਾਣ । ਉਨ੍ਹਾਂ ਨੂੰ ਇਸ ਤੋਂ ਛੁਟਕਾਰਾ ਮਿਲਣਾ ਚਾਹੀਦਾ ਹੈ ।

ਇਕ ਸੁਝਾਓ ਮੈਂ ਹੋਰ ਦਿੰਦੀ ਹਾਂ ਕਿ 10 ਏਕੜ ਜ਼ਮੀਨ ਦੇ ਜਿਹੜੇ ਮਾਲਿਕ ਹਨ ਜਾਂ ਇਸ ਤੋਂ ਘੱਟ ਜ਼ਮੀਨ ਦੇ ਮਾਲਿਕ ਹਨ ਉਨ੍ਹਾਂ ਨੂੰ ਖਾਦ ਅਤੇ ਬੀਜਾਂ ਵਿਚ ਸਬਸਿੱਡੀ

Original with;
Punjab Vidhan Sabha
Digitized by;
Panjab Digital Library

ਜ਼ਰੂਰ ਮਿਲਣੀ ਚਾਹੀਦੀ ਹੈ ਕਿਉਂਕਿ ਪੰਜਾਬ ਦਾ ਕਿਸਾਨ, ਪੰਜਾਬ ਦੀ ਰੀੜ੍ਹ ਦੀ ਹੱਡੀ ਹੈ । ਚੇਅਰਮੈਨ ਸਾਹਿਬ, ਪੰਜਾਬ ਵਿਚ ਕਿਸਾਨ ਨੇ ਭਾਰੀ ਤਰੱਕੀ ਕੀਤੀ ਹੈ । ਜਿਸ ਤਰ੍ਹਾਂ ਬੁਢਾਪਾ ਪੈਨਸ਼ਨਾਂ, ਵਿਧਵਾ ਪੈਨਸ਼ਨਾਂ ਦਿੱਤੀਆਂ ਹਨ, ਇਹ ਬੜੀ ਚੰਗੀ ਗੱਲ ਸਾਡੀ ਸਰਕਾਰ ਨੇ ਕੀਤੀ ਹੈ । ਤਿੰਨ ਲੱਖ ਪਲਾਟ ਬੇਘਰਿਆਂ ਨੂੰ ਦਿੱਤੇ ਜਾ ਚੁੱਕੇ ਹਨ, ਇਹ ਬੜੀ ਸ਼ਲਾਘਾ-ਯੋਗ ਗੱਲ ਹੈ । ਚੇਅਰਮੈਨ ਸਾਹਿਬ, ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੇ ਬਹੁਤ ਹੀ ਕਈ ਅਹਿਮ ਫੈਸਲੇ ਕੀਤੇ ਹਨ ਔਰ ਇਕ ਬੜਾ ਹੀ ਜ਼ਰੂਰੀ ਫੈਸਲਾ ਸਰਕਾਰ ਨੇ ਕੀਤਾ ਹੈ । ਸਾਡੇ ਹਾਊਸ ਦੇ ਮੈਂਬਰ ਵੀ ਰਹੇ ਸਨ, ਗਿਆਨੀ ਗੁਰਮੁਖ ਸਿੰਘ ਜੀ ਮੁਸਾਫਿਰ । ਜਿਹੜੇ ਕਿ ਜੰਗੇ-ਆਜ਼ਾਦੀ ਦੇ ਪਰਵਾਨੇ ਸਨ, ਜਿਨ੍ਹਾਂ ਨੇ ਆਪਣੇ ਦੇਸ਼ ਦੀ ਸੇਵਾ ਸਿਆਸੀ ਪੱਖ ਤੋਂ, ਧਾਰਮਿਕ ਪੱਖ ਤੋਂ ਅਤੇ ਸਾਹਿਤਕ ਪੱਖ ਤੋਂ ਕੀਤੀ । ਉਹ ਇਕ ਸਿਆਸੀ ਪੀੜਤ ਸਨ । ਗਿਆਨੀ ਜੀ ਨੇ ਇਹ ਫੈਸਲਾ ਕੀਤਾ ਹੈ ਕਿ ਗਿਆਨੀ ਗੁਰਮੁਖ ਸਿੰਘ ਜੀ ਦੀ ਢੁਕਵੀ ਯਾਦਗਾਰ ਬਣਾਈ ਜਾਵੇ । (ਥੰਪਿੰਗ) ਮੈਂ ਵੀ ਸਿਆਸੀ ਪੀੜਤ ਦੀ ਲੜਕੀ ਹਾਂ ਇਹ ਸਰਕਾਰ ਨੇ ਬਹੁਤ ਹੀ ਸ਼ਲਾਘਾਯੋਗ ਕਦਮ ਉਠਾਉਣ ਦਾ ਫੈਸਲਾ ਕੀਤਾ ਹੈ। ਚੇਅਰਮੈਨ ਸਾਹਿਬ, ਮੈਂ ਤੁਹਾਡੀ ਬਹੁਤ ਹੀ ਧੰਨਵਾਦੀ ਹਾਂ ਔਰ ਜੋ ਗਵਰਨਰ ਸਾਹਿਬ ਦੇ ਐਡਰੈਸ ਉਤੇ ਮਤਾ ਰੱਖਿਆ ਗਿਆ ਹੈ ਮੈਂ ਉਸ ਦੀ ਪ੍ਰੋੜ੍ਹਤਾ ਕਰਦੀ ਹਾਂ । (ਥੰਪਿੰਗ)

**ਕਾਮਰੇਡ ਸੱਘੜ ਸਿੰਘ** (ਨਿਹਾਲ ਸਿੰਘ ਵਾਲਾ, ਐਸ. ਸੀ.) : ਚੇਅਰਮੈਨ ਸਾਹਿਬ, ਅੱਜ ਗਵਰਨਰ ਸਾਹਿਬ ਦੇ ਭਾਸ਼ਣ ਉਤੇ ਵਿਚਾਰ ਸਾਂਝੇ ਕਰ ਰਹੇ ਹਾਂ । ਆਪਣੇ ਆਪਣੇ ਵਿਚਾਰ ਦੇ ਮੁਤਾਬਿਕ ਹਰ ਇਨਸਾਨ ਨੇ ਸੁਝਾਉ ਦੇਣਾ ਹੁੰਦਾ ਹੈ । ਮੈਂ ਵੀ ਤੁਹਾਡੀ ਸੇਵਾ ਦੇ ਵਿਚ ਸੁਝਾਓ ਜੋ ਦੇਣੇ ਹਨ ਜਿਹੜੇ ਸਰਕਾਰ ਨੇ ਚੰਗੇ ਕੰਮ ਵੀ ਕੀਤੇ ਹਨ, ਅਤੇ ਜਿਹੜੇ ਕੰਮ ਹੁਣ ਕਰਨ ਲਈ ਵਾਇਦੇ ਕੀਤੇ ਹਨ ਉਨ੍ਹਾਂ ਬਾਰੇ ਦੇਣੇ ਹਨ । ਜਿਹੜੇ ਲੋਕ ਜੰਗੇ-ਆਜ਼ਾਦੀ ਵਿਚ ਹਿੱਸਾ ਲੈਂਦੇ ਰਹੇ ਹਨ, ਉਨ੍ਹਾਂ ਨੂੰ ਪੈਨਸ਼ਨਾਂ ਦਿਤੀਆਂ ਹਨ । ਸਰਕਾਰ ਦਾ ਇਹ ਸ਼ਲਾਘਾਯੋਗ ਕਦਮ ਹੈ । ਉਨ੍ਹਾਂ ਨੇ ਅੰਗਰੇਜ਼ਾਂ ਦੇ ਖਿਲਾਫ਼ ਬੜੀ ਲੜਾਈ ਲੜੀ । ਫਾਂਸੀਆਂ ਦਾ ਰੱਸਾ ਚੁੰਮ ਕੇ ਕਈ ਮਨੁੱਖ ਚਲੇ ਗਏ । ਉਨ੍ਹਾਂ ਦੇ ਨਾਮ ਵੀ ਅੱਜ ਗਿਆਨੀ ਜੀ ਵੱਲੋਂ ਰੋਸ਼ਨ ਕੀਤੇ ਜਾ ਰਹੇ ਹਨ । ਇਹ ਸ਼ਲਾਘਾਯੋਗ ਕਦਮ ਹੈ । ਲੋਕ ਜਿਨ੍ਹਾਂ ਨੂੰ ਪੈਨਸ਼ਨਾਂ ਮਿਲ ਰਹੀਆਂ ਹਨ, ਉਨ੍ਹਾਂ ਦਾ ਹੱਕ ਬਣਦਾ ਹੈ । ਇਸ ਲਈ ਉਨ੍ਹਾਂ ਨੂੰ ਪੈਨਸ਼ਨਾਂ ਮਿਲ ਰਹੀਆਂ ਹਨ । ਪਰ, ਚੇਅਰਮੈਨ ਸਾਹਿਬ, ਕੁਝ ਇਹੋ ਜਿਹੇ ਲੋਕ ਮਿਲਦੇ ਹਨ ਜਿਨ੍ਹਾਂ ਦਾ ਹੱਕ ਬਣਦਾ ਹੈ, ਉਨ੍ਹਾਂ ਨੂੰ ਪੈਨਸ਼ਨਾਂ ਮਿਲਣੀਆਂ ਚਾਹੀਦੀਆਂ ਹਨ, ਉਨ੍ਹਾਂ ਦੀਆਂ ਡੰਗੋਰੀਆਂ ਉਨ੍ਹਾਂ ਦੇ ਦੋਹਤੇ ਪੋਤੇ ਫੜ੍ਹ ਕੇ ਸਾਡੇ ਕੋਲ ਆਉਂਦੇ ਹਨ । ਉਨ੍ਹਾਂ ਦੇ ਕੇਸ ਪੰਜਾਬ ਸਰਕਾਰ ਜਾਂ ਸੈਂਟਰ ਦੀ ਸਰਕਾਰ ਪਾਸ ਪਏ ਹਨ । ਇਸ ਪਾਸੇ ਸਰਕਾਰ ਨੂੰ ਉਚੇਚਾ ਧਿਆਨ ਦੇਣਾ ਚਾਹੀਦਾ ਹੈ । ਉਹ ਲੋਕ ਬੁਢੇ ਹੋਏ ਹਨ । ਇਹ ਸੁਤੰਤਰਤਾ ਸੰਗਰਾਮੀਏ ਬੁੱਢੇ ਵਿਚਾਰੇ ਨਾ ਦਫ਼ਤਰਾਂ ਵਿਚ ਆ ਸਕਦੇ ਹਨ, ਨਾ ਦਫ਼ਤਰਾਂ ਵਾਲਿਆਂ ਦੀ ਕੋਈ ਸੇਵਾ ਕਰ ਸਕਦੇ ਹਨ, ਜਿਹੜੀ ਕਿ ਉਹ ਕਰਾਉਣੀ ਚਾਹੁੰਦੇ ਹਨ ਇਸ ਲਈ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਕਿ ਉਨ੍ਹਾਂ ਦੀਆਂ ਜੋ ਦਰਖਾਸਤਾਂ ਪੈਂਡਿੰਗ ਹਨ ਉਨ੍ਹਾਂ ਨੂੰ ਛੇਤੀ ਤੋਂ ਛੇਤੀ ਵੇਖ ਕੇ ਉਨ੍ਹਾਂ ਲੋਕਾਂ ਨੂੰ ਪੈਨਸ਼ਨਾਂ ਦਿੱਤੀਆਂ ਜਾਣ ।

ਚੇਅਰਮੈਨ ਸਾਹਿਬ, ਸਫ਼ਾ 15 ਉਤੇ ਬੇਘਰਿਆਂ ਨੂੰ ਘਰ ਦੇਣ ਵਾਸਤੇ ਸਰਕਾਰ ਨੇ ਲਿਖਿਆ ਹੈ, ਗਵਰਨਰ ਸਾਹਿਬ ਦੇ ਭਾਸ਼ਣ ਦੇ ਵਿਚ । ਇਨ੍ਹਾਂ ਨੇ ਲਿਖਿਆ ਹੈ ਕਿ ਤਿੰਨ ਲੱਖ ਮਕਾਨ ਅਜੀਂ ਉਸਾਰਨ ਵਾਸਤੇ ਥਾਂਵਾਂ ਦੇ ਦਿੱਤੀਆਂ ਹਨ । ਜਿੱਥੋਂ ਤੱਕ ਬੇਘਰਿਆਂ ਨੂੰ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਘੜ ਸਿੰਘ]

ਘਰ ਜਾਂ ਗਰੀਬ ਲੋਕਾਂ ਨੂੰ ਪਲਾਟ ਦੇਣ ਦਾ ਸਵਾਲ ਹੈ, ਇਹ ਤਾਂ ਬੜੀ ਚੰਗੀ ਗਲ ਹੈ। ਅਸੀਂ ਸ਼ੁਰੂ ਤੋਂ ਹੀ ਮੰਗ ਕਰਦੇ ਹਾਂ ਕਿ ਗਰੀਬ ਦੀ ਸੁਣਵਾਈ ਹੋਣੀ ਚਾਹੀਦੀ ਹੈ। ਚੇਅਰਮੈਨ ਸਾਹਿਬ, ਮੈਂ ਇਸ ਚੀਜ਼ ਨੂੰ ਵੇਖਣ ਲਈ ਆਪਣੇ ਹਲਕੇ ਵਿਚ ਗਿਆ ਕਿਥੇ ਪਲਾਟ ਮਿਲੇ ਹਨ ਕਿਥੇ ਨਹੀਂ ਮਿਲੇ। ਮੈਂ ਪਰਸੋਂ ਹੀ ਮਿਨਿਆਂ ਪਿੰਡ ਗਿਆ। ਇਹ ਪਿੰਡ ਮੇਰੇ ਹਲਕੇ ਵਿਚ ਹੈ। ਉਥੇ ਚਾਰ ਪਲਾਟ ਦਿੱਤੇ ਹਨ। ਉਥੇ ਗੜ੍ਹੇ ਹਨ। ਰੇਹ ਨੂੰ ਲੋਕ ਚੁੱਕ ਨਹੀਂ ਰਹੇ, ਇਸ ਲਈ ਉਨ੍ਹਾਂ ਦਾ ਕਬਜ਼ਾ ਨਹੀਂ ਮਿਲ ਰਿਹਾ ਹੈ। ਫਿਰ ਚੇਅਰਮੈਨ ਸਾਹਿਬ, ਮੈਂ ਲੋਪੋ ਪਿੰਡ ਗਿਆ। ਉਥੇ ਜਿਤਨੇ ਪਲਾਟ ਵੇਖੇ ਹਨ ਉਨ੍ਹਾਂ ਬਾਰੇ ਵੀ ਮੈਂ ਤੁਹਾਨੂੰ ਦੱਸਦਾ ਹਾਂ। ਮੈਂ ਬੀ. ਡੀ. ਓ. ਪਾਸੋਂ ਲਿਸਟ ਲਈ ਹੈ ਜਿਸ ਦੀ ਬਿਨਾ ਉਤੇ ਗਲ ਕਰ ਰਿਹਾ ਹਾਂ। ਉਥੇ ਪਲਾਟ ਦਿੱਤੇ ਗਏ ਹਨ ਪਰ ਨਾ ਨਿਸ਼ਾਨ-ਦੇਹੀ ਹੈ, ਨਾ ਵਿਖਾਇਆ ਗਿਆ ਹੈ ਕਿ ਇਹ ਪਲਾਟ ਤੁਹਾਨੂੰ ਅਲਾਟ ਕੀਤਾ ਗਿਆ ਹੈ। ਮੈਂ ਉਨ੍ਹਾਂ ਲੋਕਾਂ ਨੂੰ ਮਿਲਿਆ ਜਿਨ੍ਹਾਂ ਨੂੰ ਪਲਾਟ ਅਲਾਟ ਹੋਏ ਸਨ ਉਹ ਕਹਿਣ ਲੱਗੇ ਕਿ ਇਕ ਵਾਰੀ ਬੀ. ਡੀ. ਓ. ਆਇਆ ਸੀ ਉਹ ਕਹਿੰਦਾ ਤਾਂ ਸੀ ਕਿ ਤੁਹਾਨੂੰ ਪਲਾਟ ਅਲਾਟ ਕੀਤੇ ਗਏ ਹਨ ਪਰ ਇਹ ਨਹੀਂ ਪਤਾ ਕਿ ਕਿਥੇ ਦਿੱਤੇ ਹਨ ਫਿਰ ਬੌਡੇ ਪਿੰਡ ਬਰਨਾਲਾ ਮੋਗਾ ਸੜਕ ਉਤੇ ਹੀ ਹੈ। ਉਥੇ ਨੌ ਪਲਾਟ ਦਿੱਤੇ ਹਨ। ਉਥੇ ਇਕ ਛੱਪੜ ਹੈ ਉਸ ਦੇ ਇਕ ਪਾਸੇ ਵਿਚ ਦਿਤੇ ਹਨ ਔਰ ਜਿੱਥੇ ਦਿੱਤੇ ਹਨ ਉਥੇ ਲੱਕ ਲੱਕ ਪਾਣੀ ਹੈ। ਬੋੜਿਆਂ ਪਿੰਡ ਮੈਂ ਆਪ ਜਾ ਕੇ ਮੌਕਾ ਵੇਖਿਆ ਹੈ। ਇਸ ਤਰ੍ਹਾਂ ਹੀ ਨੰਗਲ ਵਿਚ ਜਿਤਨੇ ਬੰਦਿਆਂ ਨੂੰ ਪਲਾਟ ਅਲਾਟ ਕੀਤੇ ਹਨ, ਚੇਅਰਮੈਨ ਸਾਹਿਬ, ਬਲਾਕ ਸੰਮਤੀ ਦੇ ਮੈਂ ਨਾਲ ਸੀ। ਉਥੇ ਕਿਸੇ ਨੂੰ ਥਾਂ ਨਹੀਂ ਸੀ ਵਿਖਾਈ ਗਈ ਕਿ ਤੁਹਾਡੀ ਇਹ ਥਾਂ ਹੈ ਜਿੱਥੇ ਪਲਾਟ ਦੇਣੇ ਹਨ। ਫਿਰ ਰਣਸੀ ਕਲਾਂ, ਨਿਹਾਲਸਿੰਘਵਾਲਾ ਦੇ ਪਾਸ ਹੈ ਉਥੇ ਵੀ ਇਹੀ ਹਾਲ ਹੈ। ਜਵਾਹਰ ਸਿੰਘ ਵਾਲਾ ਪਿੰਡ ਹੈ। ਉਥੇ ਸਰਕਾਰ ਕਹਿੰਦੀ ਹੈ ਕਿ ਜਿਥੇ ਪਾਣੀ ਖੜਾ ਹੈ, ਉਥੇ ਪਲਾਟ ਲੈ ਲਵੋ। ਪਲਾਟ ਦੇਈ ਬੈਠੇ ਹਨ ਪਰ ਉਹ ਲੋਕ ਜਿਨ੍ਹਾਂ ਨੂੰ ਪਲਾਟ ਦਿੱਤੇ ਗਏ ਹਨ, ਉਹ ਸੈਟਿਸਫਾਈ ਨਹੀਂ ਹਨ।

ਚੇਅਰਮੈਨ ਸਾਹਿਬ, ਪਿੰਡ ਖੋਟੇ ਹੈ, ਉਥੇ ਵੀ ਅਸੀਂ ਗਏ ਹਾਂ। ਉਥੇ ਦੇ ਲੋਕ ਕਹਿਣ ਲਗੇ ਸਾਨੂੰ ਤਾਂ ਪਤਾ ਨਹੀਂ ਹੈ ਕਿ ਸਾਨੂੰ ਪਲਾਟ ਦਿੱਤੇ ਗਏ ਹਨ। ਮੈਂ ਕਿਹਾ ਕਿ ਤੁਹਾਨੂੰ 12 ਪਲਾਟ ਦਿੱਤੇ ਗਏ ਹਨ, ਉਹ ਕਿਥੇ ਹਨ, ਉਹ ਕਹਿਣ ਲਗੇ ਕਿ ਸਾਨੂੰ ਤਾਂ ਪਤਾ ਨਹੀਂ ਹੈ। ਫਿਰ ਰੌਤਾਂ ਜੋ ਮੋਰਾ ਪਿੰਡ ਹੈ ਉਥੇ 9 ਪਲਾਟ ਦਿੱਤੇ ਗਏ ਹਨ, ਬੁਰਜਾ ਮੀਰ ਹੈ ਉਥੇ ਅੱਠ ਅਤੇ ਇਸ ਤਰ੍ਹਾਂ ਹੀ ਬਦਨੀ ਖੁਰਦ ਵਿਚ ਪਲਾਟ ਦਿੱਤੇ ਗਏ ਹਨ, ਪਰ ਉਨ੍ਹਾਂ ਲੋਕਾਂ ਨੂੰ ਪਤਾ ਹੀ ਨਹੀਂ ਕਿ ਉਨ੍ਹਾਂ ਦੇ ਪਲਾਟ ਕਿੱਥੇ ਹਨ। ਉਹ ਸਟਾਫ ਜਿਹੜਾ ਫੀਲਡ ਲੇਵਲ ਤੇ ਹੈ ਇਹ ਕਹਿੰਦਾ ਰਿਹਾ ਹੈ ਕਿ ਮਹਾਤਮਾ ਜੀ ਦਾ ਦਿਨ ਆ ਰਿਹਾ ਹੈ, ਇਹ ਇੰਦਰਾ ਗਾਂਧੀ ਜੀ ਦਾ ਦਿਨ ਆ ਰਿਹਾ ਹੈ ਉਸ ਦਿਨ ਤੱਕ ਸਾਰਾ ਕੰਮ ਹੋ ਜਾਵੇਗਾ ਇਸ ਲਈ ਮੈਂ ਸਰਕਾਰ ਨੂੰ ਕਹਾਂਗਾ ਕਿ ਜਿਹੜੇ ਨਿਚਲੇ ਅਫਸਰ ਹਨ ਉਹ ਇਸ ਮਾਮਲੇ ਨੂੰ ਸੈਬੋਟੇਜ਼ ਕਰ ਰਹੇ ਹਨ। ਮੇਰਾ ਖਿਆਲ ਹੈ ਕਿ ਤਿੰਨ ਲੱਖ ਵਿਚੋਂ ਸਵਾ ਲੱਖ ਨੂੰ ਪਲਾਟ ਨਹੀਂ ਮਿਲੇ ਹੋਣਗੇ। ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਮਨਿਸਟਰ ਸਾਹਿਬ ਨੂੰ ਆਪ ਜਾ ਕੇ ਵੇਖਣਾ ਚਾਹੀਦਾ ਹੈ। ਇਸ ਨਾਲ ਹੀ ਉਨ੍ਹਾਂ ਮੁਲਾਜ਼ਮਾਂ ਨੂੰ ਲੈ ਲੈਣ ਜਿਨ੍ਹਾਂ ਨੇ ਲਿਸਟਾਂ ਬਣਾਈਆਂ ਹਨ। ਮੈਂ ਇਨ੍ਹਾਂ ਨੂੰ ਆਪ ਉਨ੍ਹਾਂ ਪਿੰਡਾਂ ਵਿਚ ਜਾ ਕੇ ਵਿਖਾਵਾਂਗਾ। ਇਸ ਤਰ੍ਹਾਂ ਹੀ ਪੈਨਸ਼ਨਾਂ ਜਿਹੜੀਆਂ ਹਨ, ਚੇਅਰਮੈਨ ਸਾਹਿਬ, ਜਿਸ ਤਰ੍ਹਾਂ ਕਿ ਬੁਢਾਪਾ ਪੈਨਸ਼ਨ ਹੈ, ਵਿਧਵਾ ਪੈਨਸ਼ਨ

Original with;
Punjab Vidhan Sabha
Digitized by;
Panjab Digital Library

ਹੈ, 52 ਹਜ਼ਾਰ ਲੋਕਾਂ ਨੂੰ ਲੱਗ ਚੁੱਕੀਆਂ ਹਨ ਜਾਂ ਲੱਗਣ ਵਿਚ ਥੋੜੀ ਬਹੁਤੀ ਕਸਰ ਹੈ । ਬੁਢਾਪਾ ਪੈਨਸ਼ਨ ਲਗਾਉਣ ਦੀ ਬੜੀ ਹੀ ਸ਼ਲਾਘਾ ਯੋਗ ਗੱਲ ਹੈ 65 ਸਾਲ ਬਾਅਦ ਉਮਰ ਜਦੋਂ ਹੋ ਜਾਂਦੀ ਹੈ ਤਾਂ ਆਦਮੀ ਪਾਸੋਂ ਕੰਮ ਕਾਰ ਤਾਂ ਹੋ ਨਹੀਂ ਸਕਦਾ । ਇਹ ਬੜੀ ਚੰਗੀ ਗੱਲ ਹੈ । ਪਰ ਪੈਨਸ਼ਨਾਂ ਮਿਲਣ ਦਾ ਕੀ ਹਾਲ ਹੈ । ਪਤਾ ਨਹੀਂ ਹੈ ਕਿ ਤੁਹਾਡੇ ਨੋਟਿਸ ਵਿਚ ਇਹ ਚੀਜ਼ ਆਈ ਹੈ ਜਾਂ ਨਹੀਂ ਆਈ । ਇਕ ਦੋ ਵਾਰੀ ਤਾਂ ਪੈਨਸ਼ਨ ਪਹਿਲਾਂ ਜਾਂਦੀ ਹੈ ਮੁੜ ਕੇ ਨਹੀਂ ਜਾਂਦੀ ਇਸ ਲਈ ਸਰਕਾਰ ਇਸ ਗੱਲ ਦੀ ਪੜਤਾਲ ਕਰੇ ਕਿ ਜਿਨ੍ਹਾਂ ਲੋਕਾਂ ਨੂੰ ਪੈਨਸ਼ਨਾਂ ਲਗੀਆਂ ਹਨ ਚਾਹੇ ਵਿੱਡੋ ਪੈਨਸ਼ਨ ਹੈ ਜਾਂ ਬੁਢਾਪਾ ਪੈਨਸ਼ਨ ਹੈ ਉਹ ਵੇਲੇ ਸਿਰ ਨਾ ਜਾਣ ਦਾ ਕੀ ਕਾਰਣ ਹੈ । ਲਿਖਤੀ ਤੌਰ ਤੇ 20 ਮਿਸਾਲਾਂ ਸਵੇਰ ਨੂੰ ਦੇ ਸਕਦਾ ਹਾਂ । ਮੈਂ ਇਲਜ਼ਾਮ ਤਾਂ ਕਿਸੇ ਉਤੇ ਨਹੀਂ ਲਗਾਉਂਦਾ । ਇਹ ਸਰਕਾਰ ਦਾ ਫਰਜ਼ ਹੈ ਕਿ ਉਹ ਵੇਖੇ ਇਸ ਗਲ ਨੂੰ । ਚੇਅਰਮੈਨ ਸਾਹਿਬ, ਜਿਹੜਾ ਡੀ. ਏ. ਦੀਆਂ ਕਿਸ਼ਤਾਂ ਦਾ ਸਰਕਾਰ ਨੇ ਐਲਾਨ ਕੀਤਾ ਹੈ, ਉਨ੍ਹਾਂ ਬਾਰੇ ਇਹ ਬਾਹਰ ਚਰਚਾ ਚਲ ਰਹੀ ਹੈ, ਹੋ ਸਕਦਾ ਹੈ ਕਿ ਉਹ ਲੋਕ ਗਿਆਨੀ ਜੀ ਨੂੰ ਨਾ ਕਹਿੰਦੇ ਹੋਣ ਕਿਉਂਕਿ ਇਹ ਵੀ ਕਈਆਂ ਕੰਮਾਂ ਵਿਚ ਰੁਝੇ ਰਹਿੰਦੇ ਹਨ । ਪਰ ਇਤਨੀ ਚਰਚਾ ਚਲਦੀ ਹੈ ਕਿ ਇਸ ਸਰਕਾਰ ਨੇ ਮੁਲਾਜ਼ਮਾਂ ਨਾਲ ਧੱਕਾ ਕੀਤਾ ਹੈ ਜਿਹੜਾ ਕਿ ਸਿਰਫ ਦੋ ਕਿਸ਼ਤਾਂ ਦੇਣ ਦਾ ਐਲਾਨ ਕੀਤਾ ਹੈ । ਇਸ ਲਈ ਮੈਂ ਬੇਨਤੀ ਕਰਾਂਗਾ ਕਿ ਜਦੋਂ ਮੁਲਾਜ਼ਮ ਚੰਗੀ ਤਰ੍ਹਾਂ ਵੀਹ ਨੁਕਾਤੀ ਪ੍ਰੋਗਰਾਮ ਨੂੰ ਲਾਗੂ ਕਰਨ ਵਿਚ ਸਹਿਯੋਗ ਦਿੰਦੇ ਹਨ ਤਾਂ ਉਹ ਵੀ ਸਰਕਾਰ ਤੋਂ ਆਸ ਰੱਖਦੇ ਹਨ ਕਿ ਉਨ੍ਹਾਂ ਨਾਲ ਇਹ ਗੱਲ ਨਹੀਂ ਹੋਣੀ ਚਾਹੀਦੀ । ਉਨ੍ਹਾਂ ਨੂੰ ਕਿਸ਼ਤਾਂ ਪੂਰੀਆਂ ਦੇਣੀਆਂ ਚਾਹੀਦੀਆਂ ਹਨ ।

ਚੇਅਰਮੈਨ ਸਾਹਿਬ, ਸੈਂਸਰ ਦੀ ਜਿਹੜੀ ਸ਼ਕਾਇਤ ਹੈ, ਕੀ ਉਹ ਸਾਡੇ ਸੂਬੇ ਵਿਚ ਕਿੱਧਰੇ ਨਹੀਂ ਹੈ ? ਸਾਡੇ ਸੂਬੇ ਵਿਚ ਬਹੁਤ ਜ਼ਿਆਦਾ ਹੈ । ਠੀਕ ਹੈ ਕਿ ਕੋਈ ਗਲਤ ਗੱਲ ਜਾਂ ਕੋਈ ਗਲਤ ਪ੍ਰਾਪੇਗੰਡਾ, ਜੋ ਸਰਕਾਰ ਦੇ ਉਲਟ ਆਪੋਜ਼ੀਸ਼ਨ ਲਿਆਂਦੀ ਹੈ, ਸਰਕਾਰ ਉਸ ਦੀ ਕਹਿਣੀ ਨੂੰ ਨਾ ਛੱਪਣ ਦੇਵੇ । ਅਖਬਾਰਾਂ ਦੇ ਵਿਚ ਉਹ ਤਕਰੀਰਾਂ ਨਾ ਛੱਪਣ, ਪਰ ਜੇ ਸਰਕਾਰ ਦੀ ਸ਼ਲਾਘਾ ਹੁੰਦੀ ਹੋਵੇ ਔਰ ਸੈਂਸਰ ਜੋ ਇਹ ਗੱਲ ਕਹੇ ਕਿ ਇਹ ਮੇਰੀ ਮਰਜ਼ੀ ਹੈ, ਤਾਂ ਗਲਤ ਗੱਲ ਹੈ । ਮੈਂ ਮੰਗ ਕਰਾਂਗਾ ਕਿ ਇਤਨੀ ਸਖਤੀ ਨਹੀਂ ਹੋਣੀ ਚਾਹੀਦੀ ਹੈ । ਚੇਅਰਮੈਨ ਸਾਹਿਬ, ਕਈ ਵਾਰ ਬੇਟ ਦੀਆਂ ਜ਼ਮੀਨਾਂ ਦਾ ਫੈਸਲਾ ਹੋ ਚੁਕਾ ਹੈ । ਜੋ ਫੈਸਲਾ ਕਰਦੇ ਹਨ ਉਸ ਤੇ ਕਈ ਵਾਰੀ ਮੰਗ ਕੀਤੀ ਹੈ ਕਿ ਜਿਹੜੇ ਲੋਕੀ ਜ਼ਮੀਨਾਂ ਨੂੰ ਪੁੱਟ ਕੇ ਬੈਠੇ ਹੋਏ ਹਨ, ਭਾਵੇਂ ਹਨ ਰਾਏ ਸਿੱਖ, ਕੰਬੋਜ ਸਿੱਖ, ਰਾਮਦਾਸੀਏ ਸਿੱਖ ਅਤੇ ਲੈਂਡਲੈਸ ਹੋਣ ਉਸ ਨੂੰ ਉਥੋਂ ਉਜੜਣਾ ਨਹੀਂ ਚਾਹੀਦਾ ਹੈ । ਸਰਕਾਰ 1450 ਰੁਪਏ ਦੇ ਹਿਸਾਬ ਨਾਲ ਪੈਸੇ ਲੈ ਲਵੇ ਤੇ ਜ਼ਮੀਨਾਂ ਦੇ ਦੇਵੇ ਪਰ ਕਾਰਨ ਕੀ ਬਣਦਾ ਹੈ ਕਿ 2—4 ਮਹੀਨੇ ਗਲ ਚਲਦੀ ਹੈ ਫਿਰ ਉਹ ਨਿਲਾਮੀ ਵਾਲਾ ਦੌਰ ਸ਼ੁਰੂ ਹੋ ਜਾਂਦਾ ਹੈ । ਜੇਕਰ ਗੌਰਮਿੰਟ ਨੇ ਇਸ ਤਰ੍ਹਾਂ ਕਰਨਾ ਹੈ ਤਾਂ ਅਸੀਂ ਰੋਕਣ ਵਾਲੇ ਪਾਸੇ ਤੁਰ ਪੈਂਦੇ ਹਾਂ ਅਤੇ ਅਸੀਂ ਜੇਲ੍ਹਾਂ ਵਿਚ ਜਾਂਦੇ ਹਾਂ । ਇਸ ਲਈ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਜਿਹੜਾ ਸਰਕਾਰ ਨੇ ਪਹਿਲਾ ਫੈਸਲਾ ਕੀਤਾ ਹੈ ਉਸ ਤੇ ਅਮਲ ਕਰਨ ਕਿਉਂਕਿ ਇਹ ਫੈਸਲਾ ਗਿਆਨੀ ਜੀ ਨੇ ਲਿਆ ਸੀ । ਫਿਰ ਗਿਆਨੀ ਜੀ ਨੇ ਸਾਨੂੰ ਬੁਲਾਇਆ ਸੀ ਰੋਟੀ ਤੇ, ਸ਼ਾਇਦ ਉਨ੍ਹਾਂ ਦਾ ਖਾਣੇ ਤੇ ਖਰਚ ਵੀ ਆਇਆ ਹੋਣਾ ਹੈ, ਉਨ੍ਹਾਂ ਨੇ ਕਿਹਾ ਸੀ ਕਿ ਪਹਿਲਾ ਫੈਸਲਾ ਠੀਕ ਹੈ ਅਤੇ ਫਿਰ ਮੰਨ ਲਿਆ ਕਿ ਫੈਸਲਾ ਜੋ ਪਹਿਲਾਂ ਹੋਇਆ ਸੀ, ਠੀਕ ਹੈ । ਇਸ ਲਈ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਨਿਲਾਮੀ ਦੇ ਸਿਸਟਮ ਨੂੰ ਛੱਡ ਦੇਣਾ ਚਾਹੀਦਾ ਹੈ । ਹੁਣ ਇਸ ਪਾਸੇ ਵੱਲ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਘੜ ਸਿੰਘ]

ਆਉਣਾ ਚਾਹੀਦਾ ਹੈ । ਇਨ੍ਹਾਂ ਲੋਕਾਂ ਨੂੰ ਤੰਗ ਨਹੀਂ ਕਰਨਾ ਚਾਹੀਦਾ । ਚੇਅਰਮੈਨ ਸਾਹਿਬ, ਮੈਂ ਆਪਣੇ ਹਲਕੇ ਦੀ ਗੱਲ ਕਰਦਾ ਹਾਂ ਕਿ ਇੱਕ ਰਾਏਕੋਟ ਰੱਜਵਾਹਾ ਹੈ, ਉਸ ਦਾ ਪਾਣੀ ਬਹੁਤ ਘੱਟ ਹੈ । ਮੈਂ ਇਥੇ ਅਸੈਂਬਲੀ ਕੁਐਸ਼ਚਨ ਪਿਛਲੇ ਸਾਲ ਦਿੱਤਾ ਸੀ ਉਸ ਦੇ ਜਵਾਬ ਦੇ ਵਿਚ ਕਿਹਾ ਗਿਆ ਸੀ ਕਿ ਤੁਹਾਡੇ ਕਿਸੇ ਨੁਮਾਇੰਦੇ ਨੇ ਲਿਖਿਆ ਸੀ ਕਿ ਇਸ ਸੂਏ ਦਾ ਪਾਣੀ ਘੱਟ ਹੋਣਾ ਚਾਹੀਦਾ ਹੈ ਇਹ ਇਸ ਕਰਕੇ ਹੈ । ਹੋ ਸਕਦਾ ਹੈ ਕਿ ਜਦੋਂ ਫਲੱਡ ਆਇਆ ਸੀ, ਪਿੰਡ ਦਾ ਨੁਕਸਾਨ ਹੋਇਆ ਸੀ ਪਾਣੀ ਦੇ ਨਾਲ, ਉਸ ਵਕਤ ਕਿਹਾ ਹੋਵੇਗਾ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ, ਇਸ ਦੀ ਅੱਜ ਬਹੁਤ ਜ਼ਰੂਰਤ ਹੈ। ਸਾਡੇ ਇਸ ਰੱਜਵਾਹੇ ਤੇ ਪਾਣੀ 2—3 ਘੰਟੇ ਆਉਂਦਾ ਹੈ ਜਿਹੜਾ ਕਿਸਾਨਾਂ ਨੂੰ ਬਹੁਤ ਘੱਟ ਆਉਂਦਾ ਹੈ। ਜੇ ਪਾਣੀ ਇਤਨਾ ਆਏ ਕਿ 45 ਮਿੰਟ ਵਿਚ ਇੱਕ ਕਿੱਲਾ ਭਰ ਜਾਏ ਤਾਂ ਠੀਕ ਹੈ। ਰਾਏਕੋਟ ਰੱਜਵਾਹੇ ਦੇ ਵੱਲ ਸਰਕਾਰ ਨੂੰ ਖਾਸ ਧਿਆਨ ਦੇਣਾ ਚਾਹੀਦਾ ਹੈ । ਇਸ ਦੇ ਨਾਲ ਹੀ ਇਸ ਦੇ ਪਾਣੀ ਦੀ ਮਾਤਰਾ ਨੂੰ ਵਧਾਉਣ ਵੱਲ ਧਿਆਨ ਦੇਣਾ ਚਾਹੀਦਾ ਹੈ। ਜਿਸ ਨਾਲ ਸਾਡੇ ਕਿਸਾਨ ਭਰਾ ਪਾਣੀ ਦਾ ਪੂਰਾ ਫਾਇਦਾ ਉਠਾ ਸਕਣ । ਚੇਅਰਮੈਨ ਸਾਹਿਬ, ਨਾਲੇ ਪੱਕੇ ਕਰਨ ਦੀ ਸਕੀਮ ਜਾਰੀ ਹੈ । ਮੇਰੇ ਹੱਲਕੇ ਵਿਚ ਇੱਕ ਨਾਲਾ ਪੱਕਾ ਹੋਇਆ ਹੈ । ਮੈਂ ਚਾਹੁੰਦਾ ਹਾਂ ਕਿ ਵੱਧ ਤੋਂ ਵੱਧ ਨਾਲੇ ਪੱਕੇ ਹੋਣ ਤਾਂਕਿ ਜਿਹੜਾ ਪਾਣੀ ਕੱਚੇ ਖਾਲਾਂ ਨੂੰ ਤੋੜ ਕੇ ਫਸਲਾਂ ਵਿਚ ਚਲਾ ਜਾਂਦਾ ਹੈ ਅਤੇ ਨੁਕਸਾਨ ਪਹੁੰਚਾਉਂਦਾ ਹੈ ਪਰ ਜੇਕਰ ਪਾਣੀ ਠੀਕ ਮਾਤਰਾ ਵਿਚ ਫਸਲਾਂ ਨੂੰ ਮਿਲੇ ਤਾਂ ਕਾਫੀ ਫਸਲਾਂ ਉਪਜਾਊ ਹੋ ਸਕਦੀਆਂ ਹਨ ਅਤੇ ਸਾਡਾ ਸੂਬਾ ਦੂਜੇ ਕਮੀ ਵਾਲੇ ਰਾਜਾਂ ਨੂੰ ਇਸ ਤਰ੍ਹਾਂ ਅਨਾਜ ਵਗੈਰਾ ਭੇਜ ਕੇ ਉਨ੍ਹਾਂ ਦੀ ਮੱਦਦ ਕਰ ਸਕਦਾ ਹੈ ।

ਚੇਅਰਮੈਨ ਸਾਹਿਬ, ਮੈਂ ਆਪਣੇ ਹਲਕੇ ਦੀ ਗੱਲ ਕਰਦਾ ਹਾਂ ਕਿ ਇੱਕ ਪਿੰਡ ਦੀਨਾ ਜ਼ਫਰਨਾਮਾ ਰੋਡ ਹੈ ਜਿਥੇ ਗੁਰੂ ਜੀ ਨੇ ਉਥੇ ਜ਼ਾਫਰ-ਨਾਮਾ ਲਿਖਿਆ ਸੀ ਇਸ ਡਰੇਨ ਵੱਲ ਹੁਣ ਮੈਂ ਆਉਂਦਾ ਹਾਂ ਕਿ ਉਥੇ ਪੁਲ ਨਹੀਂ ਬਣਾਇਆ ਗਿਆ ਹੈ । ਪੁਲ ਤੇ ਪਾਣੀ ਜਦੋਂ ਬਰਸਾਤਾਂ ਦਾ ਹੁੰਦਾ ਹੈ, ਤਾਂ ਬਹੁਤ ਬੁਰਾ ਹਾਲ ਹੁੰਦਾ ਹੈ । ਬਠਿੰਡਾ ਤੋਂ ਮੋਗਾ ਜਿਹੜੀਆ ਗੱਡੀਆਂ ਚਲਦੀਆਂ ਹਨ ਉਹ ਵਾਇਆ ਬਰਨਾਲਾ ਹੋ ਕੇ ਆਉਣੀਆਂ ਪੈਂਦੀਆਂ ਹਨ । ਇਸ ਪੁਲ ਦਾ ਬਨਾਉਣਾ ਬਹੁਤ ਨਿਹਾਇਤ ਜ਼ਰੂਰੀ ਹੈ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਪੁਲ ਛੇਤੀ ਤੋਂ ਛੇਤੀ ਬਣਾਇਆ ਜਾਵੇ ਤਾਂ ਕਿ ਇਹ ਵਾਇਆ ਵਾਲਾ ਚੱਕਰ ਦੂਰ ਹੋ ਸਕੇ । ਇਹ ਮੈਂ ਗਿਆਨੀ ਜੀ ਕੋਲ ਵੀ ਬੇਨਤੀ ਕੀਤੀ ਸੀ ਪਰ ਪਤਾ ਨਹੀਂ ਕੀ ਅੜਚਣ ਹੈ । ਮੈਂ ਇਹ ਵੀ ਬੇਨਤੀ ਕੀਤੀ ਸੀ ਕਿ ਇੱਕ ਲੋਹੇ ਦਾ ਪੁਲ ਪੱਤੋ ਹੀਰਾ ਸਿੰਘ ਪਿਆ ਹੈ ਉਹ ਪੁਲ ਚੁੱਕ ਕੇ ਡਰੇਨ ਤੇ ਰਖਿਆ ਜਾਵੇ ਤਾਂਕਿ ਸਮਾਂ ਬਰਬਾਦ ਨਾ ਹੋਵੇ । ਜੇ ਸਰਕਾਰ ਕੋਲ ਪੈਸੇ ਦੀ ਘਾਟ ਹੈ ਤਾਂ ਇਹ ਪੁਲ ਲੋਹੇ ਦਾ ਉਥੇ ਰਖਿਆ ਜਾਵੇ ਪਰ ਅਜੇ ਤੱਕ ਨਹੀਂ ਰਖਿਆ । ਇਹ ਪੱਤੋ ਤੋਂ ਚੁੱਕ ਕੇ ਹੋਰ ਕਿਧਰੇ ਰੱਖ ਦੇਣ ਤਾਂਕਿ ਜਨਤਾ ਮੈਨੂੰ ਤੰਗ ਨਾ ਕਰੇ ਕਿ ਇਸ ਪੁਲ ਨੂੰ ਉਸ ਡਰੇਨ ਤੇ ਕਿਉਂ ਰਖਿਆ ਹੈ । ਚੇਅਰਮੈਨ ਸਾਹਿਬ, ਸਾਡੀ ਸਰਕਾਰ ਨੇ ਇਕ ਬਹੁਤ ਚੰਗਾ ਉਪਰਾਲਾ ਕੀਤਾ ਹੈ ਕਿ ਹਰੀਜਨਾਂ ਦੇ ਬੱਚੇ ਅਤੇ ਬੱਚੀਆਂ, 1500 ਜੇ. ਬੀ. ਟੀਜ਼ ਅਤੇ 500 ਬੀ. ਐਡਜ਼ ਕੋਰਸ ਕਰਕੇ ਅਪਣੀਆਂ ਨੌਕਰੀਆਂ ਤੇ ਲੱਗ ਸਕਣ ਪਰ ਮੈਨੂੰ ਇਸ ਗੱਲ ਦੀ ਸਮਝ ਨਹੀਂ ਲੱਗੀ ਕਿ ਅਸੀਂ ਐਜੂਕੇਸ਼ਨ ਮਨਿਸਟਰ ਨੂੰ ਪੁਛਿਆ ਵੀ ਹੈ ਕਿ ਸਾਨੂੰ ਇੱਕ ਗੱਲ ਦੱਸ ਦਿਤੀ ਕਿ ਜੇ. ਬੀ. ਟੀਜ਼ ਦੀਆਂ 1500 ਸੀਟਾਂ ਅਤੇ

Original with;
Punjab Vidhan Sabha
Digitized by;
Panjab Digital Library

500 ਬੀ. ਐਡ ਦੀਆਂ ਸੀਟਾਂ ਪੂਰੀਆਂ ਵੀ ਹੋ ਚੁੱਕੀਆਂ ਹਨ ਜਾਂ ਨਹੀਂ। ਪਰ ਇਸ ਬਾਰੇ ਐਜੂਕੇਸ਼ਨ ਮਨਿਸਟਰ ਜੀ ਨਹੀਂ ਦੱਸਦੇ ਹਨ। ਕੈਂਡੀਡੇਟਸ ਸਾਡੇ ਕੋਲ ਆਉਂਦੇ ਹਨ ਕਿ ਫਰੀਦਕੋਟ ਇਤਨੀਆਂ ਸੀਟਾਂ ਹਨ, ਅਤੇ ਫੀਰੋਜ਼ਪੁਰ ਵਿਚ ਇਤਨੀਆਂ ਸੀਟਾਂ ਹਨ ਪਰ ਚੇਅਰਮੈਨ ਸਾਹਿਬ, ਇਹ ਸੀਟਾਂ ਪੂਰੀਆਂ ਨਹੀਂ ਹੋਈਆਂ। ਇਹ ਬੜਾ ਜ਼ਰੂਰੀ ਮਸਲਾ ਸੀ। ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਇਹ ਸੀਟਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ।

ਚੇਅਰਮੈਨ ਸਾਹਿਬ, ਐਨੀਆਂ ਬੇਨਤੀਆਂ ਕਰਕੇ ਮੈਂ ਆਖਿਰ ਵਿਚ ਤੁਹਾਡੇ ਕੋਲ ਇਕ ਹੋਰ ਬੇਨਤੀ ਕਰਨਾ ਚਾਹੁੰਦਾ ਹਾਂ। ਜਿਵੇਂ ਪਲਾਟਾਂ ਦੀ ਗੱਲ ਪਹਿਲਾਂ ਕੀਤੀ ਹੈ। ਪਲਾਟਾਂ ਬਾਰੇ ਜਿੰਨਾ ਮਰਜ਼ੀ ਹੈ ਪ੍ਰਚਾਰ ਕਰੀ ਜਾਓ ਪਰ ਇਕ ਗੱਲ ਜ਼ਰੂਰ ਹੈ ਕਿ ਬੀਬੀ ਗੁਰਬਰਿੰਦਰ ਕੌਰ ਪਿੰਡਾਂ ਵਿਚ ਜਾਕੇ ਦੇਖਣ ਅਸੀ ਇਨ੍ਹਾਂ ਨੂੰ ਦਿਖਾਵਾਂਗੇ ਕਿ ਕਿਥੇ ਕਿਥੇ ਬੋਗਸ ਲਿਸਟਾਂ ਬਣਾਈਆਂ ਗਈਆਂ ਹਨ। ਕਿਸੇ ਨੂੰ ਥਾਂ ਨਹੀਂ ਦਿਤੀ ਗਈ। ਜੇ ਐਵੇਂ ਲਿਸਟਾਂ ਬਣਾਈਆਂ ਹਨ ਤਾਂ ਉਨ੍ਹਾਂ ਲੋਕਾਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ ਤਾਂ ਕਿ ਉਹ ਸਰਕਾਰ ਨੂੰ ਧੋਖਾ ਨਾ ਦੇ ਸਕਣ ਅਤੇ ਜਿਨ੍ਹਾਂ ਦਾ ਹੱਕ ਬਣਦਾ ਹੈ ਉਨ੍ਹਾਂ ਨੂੰ ਹੱਕ ਜ਼ਰੂਰ ਮਿਲ ਜਾਵੇ।

**ਸਰਦਾਰ ਗੁਰਬਚਨ ਸਿੰਘ (ਰੋਪੜ)** : ਚੇਅਰਮੈਨ ਸਾਹਿਬ, ਰਾਜਪਾਲ ਜੀ ਦਾ ਭਾਸ਼ਣ ਜਿਹੜਾ ਕਿ ਉਨ੍ਹਾਂ ਨੇ 20 ਜਨਵਰੀ, 1976 ਨੂੰ ਇਸ ਸਦਨ ਵਿਚ ਦਿੱਤਾ ਹੈ, ਉਸ ਤੇ ਜਦੋਂ ਉਹ ਅਗਲੇ ਦਿਨ ਅਖਬਾਰਾਂ ਰਾਹੀਂ ਪਬਲਿਕ ਵਿਚ ਗਿਆ ਤਾਂ ਪਬਲਿਕ ਦੇ ਹਰ ਖੇਤਰ ਦੇ ਲੋਕਾਂ ਨੇ ਉਸ ਦੀ ਸਰਾਹਣਾ ਕੀਤੀ ਅਤੇ ਪੰਜਾਬ ਅਸੰਬਲੀ ਦੇ ਮੈਂਬਰ ਵੀ ਉਸ ਦੀ ਸਰਾਹਨਾ ਕੀਤੇ ਬਗੈਰ ਨਹੀਂ ਰਹਿ ਸਕਦੇ। ਚੇਅਰਮੈਨ ਸਾਹਿਬ, ਰਾਜਪਾਲ ਦੇ ਭਾਸ਼ਣ ਦੇ ਪਹਿਲੇ ਸਫੇ ਤੇ ਪੈਰ੍ਹਾ ਨੰ: 3 ਵਿਚ ਉਨ੍ਹਾਂ ਨੇ ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਨੇ ਕਿ ਹਿੰਦੁਸਤਾਨ ਦੀ ਜਨਤਾ ਦੇ ਵਿਚ ਉਤਸ਼ਾਹ ਲਿਆਂਦਾ ਹੈ। ਉਸ ਤੋਂ ਅੱਗੇ ਉਨ੍ਹਾਂ ਨੇ ਭਗਵਾਨ ਮਹਾਂਵੀਰ ਦੀ ਸ਼ਤਾਬਦੀ ਦਾ ਜ਼ਿਕਰ ਕੀਤਾ ਹੈ। ਉਸ ਤੋਂ ਅੱਗੇ ਉਨ੍ਹਾਂ ਨੇ ਸਾਹਿਬਜ਼ਾਦਾ ਅਜੀਤ ਸਿੰਘ, ਜੋ ਕਿ ਧਰਮ ਦੀ ਆਨ ਸ਼ਾਨ ਲਈ ਜੂਝੇ ਅਤੇ ਚਮਕੌਰ ਦੀ ਗੜ੍ਹੀ ਵਿਚ ਸ਼ਹੀਦੀ ਪ੍ਰਾਪਤ ਕਰ ਗਏ ਸਨ, ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਨੇ ਹਿੰਦੁਸਤਾਨ ਦੇ ਨੌਜਵਾਨਾਂ ਵਿਚ ਉਤਸ਼ਾਹ ਪੈਦਾ ਕੀਤਾ ਹੈ। ਉਨ੍ਹਾਂ ਦੀਆਂ ਸ਼ਹੀਦੀਆਂ ਦੇ ਸਦਕੇ ਹੀ ਅੱਜ ਹਿੰਦੁਸਤਾਨ ਆਜ਼ਾਦ ਹੈ ਅਤੇ ਹਿੰਦੁਸਤਾਨ ਆਪਣੀ ਤਰੱਕੀ ਦੀ ਰਫਤਾਰ ਤੇ ਚਲਿਆ ਹੋਇਆ ਹੈ। ਚੇਅਰਮੈਨ ਸਾਹਿਬ, ਕੋਈ ਜ਼ਮਾਨਾ ਸੀ ਜਦੋਂ ਕਿ ਇਥੇ ਜੈ ਚੰਦ ਅਤੇ ਪ੍ਰਿਥਵੀ ਰਾਜ ਹੋਏ ਸੀ। ਫਿਰ ਮੁਹੰਮਦ ਗੌਰੀ ਨੇ ਸਾਡੇ ਤੇ ਹਮਲਾ ਕੀਤਾ। ਉਹ ਹਾਰ ਖਾ ਗਿਆ। ਫਿਰ ਜੈ ਚੰਦ ਨੇ ਉਸ ਨੂੰ ਬੁਲਾਵਾ ਦਿਤਾ ਕਿ ਤੂੰ ਇਥੇ ਆ ਅਤੇ ਮੈਂ ਤੇਰੀ ਮੱਦਦ ਕਰਾਂਗਾ ਫਿਰ ਮੁਹੰਮਦ ਗੌਰੀ ਨੇ ਇਥੇ ਹਮਲਾ ਕੀਤਾ ਅਤੇ ਪ੍ਰਿਥਵੀ ਰਾਜ ਜੰਗ ਵਿਚ ਮਾਰਿਆ ਗਿਆ। ਇਸ ਤਰ੍ਹਾਂ ਹਿੰਦੁਸਤਾਨ ਗੁਲਾਮ ਹੋਇਆ। ਹੁਣ ਬਹੁਤ ਸਾਰੇ ਜੈ ਚੰਦ ਪੈਦਾ ਹੋ ਗਏ ਸਨ। ਫਾਸਿਸਟ ਤਾਕਤਾਂ ਆਪਣੇ ਸਿਰ ਚੁੱਕ ਰਹੀਆਂ ਸਨ। ਚੀਨ ਅਤੇ ਅਮਰੀਕਾ ਜਿਹੀਆਂ ਤਾਕਤਾਂ ਦੇ ਬਲਬੋਤੇ ਉਤੇ ਉਹ ਫਾਸਿਸਟ ਤਾਕਤਾਂ ਸਿਰ ਚੁੱਕ ਰਹੀਆਂ ਸਨ, ਉਹ ਤਾਕਤਾਂ ਇਨ੍ਹਾਂ ਦੀ ਮੱਦਦ ਕਰਦੀਆਂ ਸਨ ਅਤੇ ਹਿੰਦੁਸਤਾਨ ਦੇ ਅਮਨ ਨੂੰ ਭੰਗ ਕਰਨਾ ਚਾਹੁੰਦੀਆਂ ਸਨ ਅਤੇ ਆਪੋਜ਼ੀਸ਼ਨ ਆਪਣੀ ਥੋੜ੍ਹੀ ਜਿਹੀ ਤਾਕਤ ਵਿਚ, ਗਿਣਤੀ ਵਿਚ ਮੁਲਕ ਦਾ ਸਤਿਆਨਾਸ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਬਚਨ ਸਿੰਘ]

ਕਰਨਾ ਚਾਹੁੰਦੀਆਂ ਸਨ ਅਤੇ ਉਹ ਇਸ ਚੀਜ਼ ਨੂੰ ਭੁੱਲ ਗਈਆਂ ਸਨ ਕਿ ਇਸ ਦੇਸ਼ ਨੂੰ ਆਜ਼ਾਦ ਕਰਾਉਣ ਲਈ ਕਿੰਨੀਆਂ ਕੁਰਬਾਨੀਆਂ ਕਰਨੀਆਂ ਪਈਆਂ ਸਨ। ਹਿੰਦੁਸਤਾਨ ਸਾਰੀ ਦੁਨੀਆਂ ਦਾ ਸਰਦਾਰ ਸੀ, ਉਹੀ ਤਾਕਤਾਂ ਇਨ੍ਹਾਂ ਗੱਲਾਂ ਨੂੰ ਭੁੱਲਕੇ ਗਲਤ ਰਾਹ ਪੈ ਗਈਆਂ ਸਨ। ਬੜੀ ਦੇਰ ਤੋਂ ਸਾਰੀਆਂ ਅਖਬਾਰਾਂ ਨੂੰ ਖੁੱਲ੍ਹੀ ਆਜ਼ਾਦੀ ਸੀ, ਸਾਰੇ ਲੋਕਾਂ ਨੂੰ, ਪਾਰਟੀਆਂ ਨੂੰ ਆਜ਼ਾਦੀ ਮਿਲੀ ਹੋਈ ਸੀ, ਬੋਲਣ ਦੀ। ਜਦ ਇਹ ਲੋਕ ਗਲਤ ਢੰਗ ਨਾਲ ਚਲਣ ਲੱਗ ਪਏ, ਗਲਤ ਰਸਤੇ ਤੇ ਪਏ ਅਤੇ ਹੋਰ ਕੋਈ ਚਾਰਾ ਨਾ ਰਿਹਾ ਤਾਂ ਐਨ ਉਸ ਵੇਲੇ ਪ੍ਰਾਈਮ ਮਨਿਸਟਰ ਨੇ ਬੜੇ ਚੰਗੇ ਸਮੇਂ ਸੋਚ ਸਮਝ ਕੇ, ਸੂਝ ਬੂਝ ਨਾਲ ਇਥੇ ਐਮਰਜੰਸੀ ਲਾਗੂ ਕੀਤੀ। ਉਸ ਐਮਰਜੰਸੀ ਦਾ ਸਵਾਗਤ ਹਿੰਦੁਸਤਾਨ ਦੀ ਸਾਰੀ ਜਨਤਾ ਨੇ ਕੀਤਾ। ਐਮਰਜੰਸੀ ਲਾਗੂ ਕਰਨ ਨਾਲ ਹੋਇਆ ਕੀ ਕਿ ਹਿੰਦੁਸਤਾਨ ਦੀ ਜਿਹੜੀ ਡਿਵੈਲਪਮੈਂਟ ਸੀ ਉਹ ਬੜੀ ਤੇਜ਼ੀ ਨਾਲ ਅੱਗੇ ਵਧੀ। ਹਿੰਦੁਸਤਾਨ ਦੇ ਬਾਸ਼ਿੰਦਿਆਂ ਵਿਚ ਡਸਿਪਲਿਨ ਆਇਆ ਅਤੇ ਸਖਤ ਮਿਹਨਤ ਕਰਨ ਦੀ ਆਦਤ ਪਈ। ਉਸ ਦਾ ਅਸਰ ਇਹ ਹੋਇਆ ਕਿ ਭਾਵੇਂ ਕੋਈ ਕਿਤੇ ਵੀ ਕੰਮ ਕਰਨ ਵਾਲਾ ਹੈ, ਭਾਵੇਂ ਉਹ ਮਹਿਕਮੇ ਵਿਚ ਮੁਲਾਜ਼ਮ ਹੈ ਅਤੇ ਭਾਵੇਂ ਉਹ ਮਜ਼ਦੂਰ ਹੈ, ਉਹ ਮਿਹਨਤ ਨਾਲ ਦਿਲ ਲਗਾਕੇ ਕੰਮ ਕਰਨ ਲੱਗਾ। ਉਸ ਤੋਂ ਇਲਾਵਾ ਸੋਸ਼ਲਿਜ਼ਿਮ ਮਜ਼ਬੂਤ ਹੁੰਦਾ ਜਾ ਰਿਹਾ ਹੈ। ਇੰਡਸਟਰੀ ਅਤੇ ਐਗਰੀਕਲਚਰ (ਖੇਤੀਬਾੜੀ) ਦੇ ਖੇਤਰ ਵਿਚ ਤਰੱਕੀ ਹੋ ਰਹੀ ਹੈ। ਇਹ ਜਿਹੜੀ ਤਰੱਕੀ ਹੋ ਰਹੀ ਹੈ ਇਸ ਦਾ ਬਿਆਨ ਨਹੀਂ ਕੀਤਾ ਜਾ ਸਕਦਾ। ਗਰੀਬ ਮਜ਼ਦੂਰਾਂ ਨੂੰ ਵੀ ਰਾਹਿਤ ਮਿਲੀ ਹੈ। ਇਸ ਦਾ ਅਸਰ ਇਹ ਵੀ ਹੋਇਆ ਕਿ ਜਿਹੜਾ ਸਿੱਕੇ ਦਾ ਫੈਲਾਉ ਹੈ ਉਸ ਵਿਚ ਕਮੀ ਹੋਈ। ਬਲੈਕ ਮਾਰਕਿਟ ਦੂਰ ਹੋਈ। ਜ਼ਖੀਰੇਬਾਜ਼ੀ ਘਟੀ ਹੈ। ਜਿਹੜੀਆਂ ਚੀਜ਼ਾਂ ਦੇ ਰੇਟ ਅਸਮਾਨ ਨੂੰ ਪਹੁੰਚੇ ਹੋਏ ਸਨ ਉਹ ਰੇਟ ਥੱਲੇ ਆਏ ਹਨ ਅਤੇ ਚੀਜ਼ਾਂ ਮਿਲਣ ਲੱਗੀਆਂ ਹਨ। ਜਿਹੜੀ ਹਿੰਦੁਸਤਾਨ ਵਿਚ ਗੁੰਡਾਗਰਦੀ ਹੋਣ ਲੱਗੀ ਸੀ ਉਹ ਖਤਮ ਹੋ ਗਈ। ਐਮਰਜੰਸੀ ਦਾ ਇਹ ਅਸਰ ਹੋਇਆ ਕਿ ਇਕ ਕੁੱਤੀ ਜਿਹੜੀ ਭੌਂਕਣ ਵਾਲੀ ਸੀ ਉਸ ਦੀ ਜ਼ਬਾਨ ਗਲੀਆਂ ਵਿਚ ਬੰਦ ਹੋ ਗਈ ਹੈ। ਕੁਰੱਪਸ਼ਨ ਬੰਦ ਹੋ ਗਈ ਹੈ। ਜਿਹੜੇ ਮਿਲਾਵਟ ਕਰਦੇ ਸਨ, ਉਹ ਮਿਲਾਵਟ ਬੰਦ ਕੀਤੀ ਹੈ ਅਤੇ ਲੋਕਾਂ ਨੂੰ ਰਾਹਿਤ ਮਿਲੀ ਹੈ। ਪ੍ਰਧਾਨ ਮੰਤਰੀ ਜੀ ਦੇ 20 ਨੁਕਾਤੀ ਪ੍ਰੋਗਰਾਮ ਦੇ ਤਹਿਤ ਹਿੰਦੁਸਤਾਨ ਨੇ ਬੜੀ ਭਾਰੀ ਤਰੱਕੀ ਕੀਤੀ ਹੈ। ਖਾਸ ਕਰਕੇ ਪੰਜਾਬ ਵਿਚ ਗਿਆਨੀ ਜੀ ਦੀ ਰਹਿਨੁਮਾਈ ਵਿਚ ਜਿਹੜਾ ਪੰਜਾਬ ਦਾ ਬੱਜਟ ਹੈ ਉਹ 1972 ਦੇ ਮੁਕਾਬਲੇ 3 ਗੁਣਾ ਹੋ ਗਿਆ ਹੈ। ਹੁਣ ਪੰਜਾਬ ਦਾ ਬਜਟ 219 ਕਰੋੜ ਦਾ ਹੈ ਜਦ ਪਹਿਲੇ ਇਹ 123 ਕਰੋੜ ਦਾ ਸੀ ਅਤੇ ਉਸ ਤੋਂ ਪਹਿਲਾਂ ਇਸ ਤੋਂ ਵੀ ਘੱਟ ਸੀ। ਇਸ ਤੋਂ ਪਤਾ ਲਗਦਾ ਹੈ ਕਿ ਪੰਜਾਬ ਨੇ ਕਿਸ ਤਰ੍ਹਾਂ ਅਤੇ ਕਿੰਨੀ ਤਰੱਕੀ ਕੀਤੀ ਹੈ। ਇਸ ਤੋਂ ਗਿਆਨੀ ਜੀ ਦੇ ਸਮੇਂ ਵਿਚ ਗੁਰੂ ਗੋਬਿੰਦ ਸਿੰਘ ਮਾਰਗ ਬਣਾਇਆ ਗਿਆ। ਇਸੇ ਤਰ੍ਹਾਂ ਸ਼ਹੀਦ ਦੀਆਂ ਅਸਥੀਆਂ ਬਾਹਰਲੇ ਮੁਲਕ ਵਿਚੋਂ ਲਿਆਂਦੀਆਂ ਗਈਆਂ ਅਤੇ ਗੁਰੂ ਤੇਗ ਬਹਾਦੁਰ ਜੀ ਦਾ ਜਲੂਸ ਆਨੰਦਪੁਰ ਸਾਹਿਬ ਤੋਂ ਚਲਕੇ ਦਿੱਲੀ ਗਿਆ ਅਤੇ ਫਿਰ ਉਥੋਂ ਆਨੰਦਪੁਰ ਸਾਹਿਬ ਵਾਪਿਸ ਆਇਆ। ਇਸ ਨਾਲ ਪੰਜਾਬ ਦੀ ਜਨਤਾ ਵਿਚ ਹੀ ਨਹੀਂ ਬਲਕਿ ਹਿੰਦੁਸਤਾਨ ਦੀ ਜਨਤਾ ਦੇ ਦਿਲਾਂ ਵਿਚ ਨਵਾਂ ਉਤਸ਼ਾਹ ਪੈਦਾ ਹੋਇਆ ਹੈ। ਇਸ ਦੇ ਨਾਲ ਹੀ ਗਿਆਨੀ ਜੀ ਨੇ, ਜਿਹੜੇ ਲੋਕਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਹਨ, ਹਿੰਦੁਸਤਾਨ ਦੀ ਆਜ਼ਾਦੀ ਲਈ ਜਿਨ੍ਹਾਂ ਨੇ ਆਪਣਾ ਖੂਨ ਡੋਲ੍ਹਿਆ ਹੈ, ਆਪਣੀਆਂ ਜਾਨਾਂ ਵਾਰੀਆਂ ਹਨ ਅਤੇ

Original with;
Punjab Vidhan Sabha
Digitized by;
Panjab Digital Library

ਜਿਨ੍ਹਾਂ ਨੂੰ ਪਹਿਲੇ ਕਿਸੇ ਸਰਕਾਰ ਨੇ ਮਾਣ ਨਹੀਂ ਸੀ ਦਿੱਤਾ, ਅਜ ਗਿਆਨੀ ਜੀ ਦੀ ਸਰਕਾਰ ਨੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਨਮਾਨਿਆ ਹੈ। ਉਨ੍ਹਾਂ ਸ਼ਹੀਦਾਂ ਦੀਆਂ ਯਾਦਗਾਰਾਂ ਕਾਇਮ ਕਰਨ ਦਾ ਉਪਰਾਲਾ ਕੀਤਾ ਹੈ। ਜਿਹੜੇ ਲੋਕਾਂ ਨੇ ਕੁਰਬਾਨੀਆਂ ਦਿੱਤੀਆਂ ਹਨ, ਉਨ੍ਹਾਂ ਦੇ ਖ਼ਾਨਦਾਨਾਂ ਨੂੰ ਪੈਨਸ਼ਨਾਂ ਦਿਤੀਆਂ ਜਾ ਰਹੀਆਂ ਹਨ। ਮਜ਼ਦੂਰਾਂ ਨੂੰ ਉਪਰ ਚੁੱਕਿਆ ਜਾ ਰਿਹਾ ਹੈ। ਉਨ੍ਹਾਂ ਵਿਚ ਇਕ ਵਲਵਲਾ ਪੈਦਾ ਕੀਤਾ ਹੈ ਅਤੇ ਉਹ ਬੜੀ ਮਿਹਨਤ ਅਤੇ ਦਲੇਰੀ ਨਾਲ ਕੰਮ ਕਰ ਰਹੇ ਹਨ।

ਗਿਆਨੀ ਜੀ ਦੀ ਸਰਕਾਰ ਨੇ ਫਲੱਡਾਂ ਨੂੰ ਰੋਕਣ ਲਈ, ਫਲੱਡਾਂ ਤੋਂ ਲੋਕਾਂ ਨੂੰ ਰਾਹਿਤ ਦੇਣ ਲਈ, ਫਲੱਡਾਂ ਤੋਂ ਲੋਕਾਂ ਨੂੰ ਬਚਾਉਣ ਲਈ ਡਰੇਨਾਂ ਨੂੰ ਸਟਰੀਮ ਲਾਈਨ ਕਰਨ ਲਈ, ਉਨ੍ਹਾਂ ਦੇ ਕਿਨਾਰੇ ਪੱਕੇ ਕਰਨ ਦਾ ਉਪਰਾਲਾ ਕੀਤਾ ਹੈ। ਚੇਅਰਮੈਨ ਸਾਹਿਬ, ਇਥੇ ਮੇਰੇ ਤੋਂ ਪਹਿਲਾਂ ਪਹਾੜੀ ਇਲਾਕਿਆਂ ਵਿਚ ਪਾਣੀ ਦੇਣ ਦਾ ਜ਼ਿਕਰ ਕੀਤਾ ਗਿਆ ਹੈ। ਮੈਂ ਗਿਆਨੀ ਜੀ ਦੀ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਪਹਾੜੀ ਇਲਾਕੇ ਦੇ ਜਿਹੜੇ ਪਿੰਡਾਂ ਨੂੰ ਪਾਣੀ ਨਹੀਂ ਮਿਲਿਆ, ਸਬਮਾਊਂਟੇਨੀਅਸ ਏਰੀਆ ਨੂੰ ਪਾਣੀ ਨਹੀਂ ਮਿਲਿਆ, ਉਥੇ ਦੇ ਲੋਕਾਂ ਨੂੰ ਪਾਣੀ ਜਲਦੀ ਤੋਂ ਜਲਦੀ ਮਿਲਣਾ ਚਾਹੀਦਾ ਹੈ। ਮੇਰੇ ਇਲਾਕੇ ਵਿਚ ਵੀ ਕਈ ਪਿੰਡ ਹਨ ਜਿਸ ਤਰ੍ਹਾਂ ਬਲਮਗੜ੍ਹ ਹੈ, ਇਸੇ ਤਰ੍ਹਾਂ ਹੋਰ ਪਿੰਡ ਹਨ ਉਥੇ ਪਾਣੀ ਦਿਤਾ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ ਹੀ ਚੰਡੀਗੜ੍ਹ ਤੋਂ ਚੱਲਕੇ ਆਨੰਦਪੁਰ ਤੱਕ ਰਸਤੇ ਵਿਚ ਜਿਸ ਇਲਾਕੇ ਵਿਚ ਪਾਣੀ ਨਹੀਂ ਪਹੁੰਚਿਆ, ਉਥੇ ਪਾਣੀ ਪਹੁੰਚਾਣ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ। ਇਸੇ ਤਰ੍ਹਾਂ ਹੀ, ਚੇਅਰਮੈਨ ਸਾਹਿਬ, ਆਬਪਾਸ਼ੀ ਦੀ ਗੱਲ ਹੈ। ਇਸ ਖੇਤਰ ਵਿਚ ਵੀ ਪੰਜਾਬ ਨੇ ਬਹੁਤ ਤਰੱਕੀ ਕੀਤੀ ਹੈ। ਹਿੰਦੁਸਤਾਨ ਦੇ ਪੂਲ ਵਿਚ ਸਾਡੀ ਪੰਜਾਬ ਸਟੇਟ ਅਨਾਜ ਦਾ 60% ਹਿੱਸਾ ਪਾਉਂਦੀ ਹੈ। ਜੇਕਰ ਸਬਮਾਊਂਟੇਨੀਅਸ ਏਰੀਆ ਵਿਚ ਪਾਣੀ ਪਹੁੰਚਾ ਦਿੱਤਾ ਜਾਵੇ ਤਾਂ ਇਹ ਅਸੀਂ ਹਿੱਸਾ ਹੋਰ ਵੀ ਵਧਾ ਸਕਦੇ ਹਾਂ। ਮੈਂ ਆਪਣੀ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਸਬਮਾਊਂਟੇਨੀਅਸ ਏਰੀਆ ਵਿਚ ਡੂੰਘੇ ਟਿਊਬਵੈਲ ਲਾਉਣੇ ਚਾਹੀਦੇ ਹਨ। ਉਸ ਏਰੀਆ ਵਿਚ ਡੂੰਘੇ ਟਿਊਬਵੈਲ ਮਨਜ਼ੂਰ ਕੀਤੇ ਸੀ ਪਰ ਪਤਾ ਨਹੀਂ ਉਹ ਮਨਜ਼ੂਰੀ ਕਿਥੇ ਗਈ ਹੈ। ਮੈਂ ਦੇਖਦਾ ਹਾਂ ਕਿ ਜਿਹੜੇ ਉਥੇ ਟਿਊਬਵੈਲ ਲੱਗੇ ਸੀ ਉਨ੍ਹਾਂ ਵਿਚੋਂ ਅੱਧੇ ਬੇਕਾਰ ਪਏ ਹਨ। ਮੈਨੂੰ ਨਹੀਂ ਸਮਝ ਪਈ ਕਿ ਇਸ ਦੀ ਕੀ ਵਜ੍ਹਾ ਹੈ। ਇਹ ਗੱਲ ਇੰਜੀਨੀਅਰ ਵੀ ਨਹੀਂ ਦਸ ਸਕੇ ਕਿ ਇਸ ਦਾ ਕੀ ਕਾਰਨ ਹੈ। ਇਹ ਨਹੀਂ ਪਤਾ ਲਗਾ ਕਿ ਇਸ ਵਿਚ ਰਿਸਪਾਂਸੀਬਿਲਿਟੀ ਕਿਸ ਦੀ ਹੈ। ਰੋਪੜ ਤੋਂ ਲੈਕੇ ਨੰਗਲ ਤੱਕ ਸਬਮਾਊਂਟੇਨੀਅਸ ਏਰੀਆ ਹੈ ਉਥੇ ਡੂੰਘੇ ਟਿਊਬਵੈਲ ਲਗਾਉਣੇ ਚਾਹੀਦੇ ਹਨ। ਜੇ ਉਸ ਇਲਾਕੇ ਵਿਚ ਡੂੰਘੇ ਟਿਊਬਵੈਲ ਲਗ ਜਾਣ ਤਾਂ ਠੀਕ ਕੰਮ ਚਲ ਸਕਦਾ ਹੈ ਅਤੇ ਬਾਕੀ ਇਲਾਕਿਆਂ ਵਿਚ ਜਿਥੇ ਜ਼ਿਮੀਂਦਾਰ ਛੋਟੇ ਟਿਊਬਵੈਲ ਲਗਾ ਸਕਦੇ ਹਨ ਉਹ ਛੋਟੇ ਲਗਾ ਲੈਣ। ਮੇਰਾ ਮਤਲਬ ਹੈ ਕਿ ਜਿਥੇ ਡੂੰਘੇ ਟਿਊਬਵੈਲ ਲਗਣੇ ਚਾਹੀਦੇ ਹਨ ਉਥੇ ਡੂੰਘੇ ਟਿਊਬਵੈਲ ਲਗਾਏ ਜਾਣ ਅਤੇ ਜਿਥੇ ਦੂਸਰੇ ਚਾਹੀਦੇ ਹਨ ਉਥੇ ਦੂਸਰੇ ਲਗਾਏ ਜਾਣ। ਜੇ ਇਸ ਤਰ੍ਹਾਂ ਕੀਤਾ ਜਾਵੇ ਤਾਂ ਜਿਥੇ ਪੰਜਾਬ ਹਿੰਦੁਸਤਾਨ ਦੇ ਅਨਾਜ ਦੇ ਪੂਲ ਵਿਚ 60% ਹਿੱਸਾ ਪਾਉਂਦਾ ਹੈ ਉਥੇ ਪੰਜਾਬ ਇਸ ਤੋਂ ਕਾਫੀ ਵੱਧ ਹਿੱਸਾ ਪਾ ਸਕਦਾ ਹੈ। ਇਹ ਠੀਕ ਹੈ ਪੰਜਾਬ ਦੇ ਜ਼ਿਮੀਂਦਾਰ ਨੂੰ ਸਾਡੀ ਸਰਕਾਰ ਨੇ ਬੜਾ ਉਤਸ਼ਾਹ ਦਿਤਾ ਹੈ ਰੇਡੀਓ ਆਦਿ ਰਾਹੀਂ ਕਿ ਇਸ ਤਰ੍ਹਾਂ ਅਤੇ ਇਤਨਾ ਬੀਜ ਪਾਓ, ਇਤਨੀ ਅਤੇ ਇਸ ਕਿਸਮ ਦੀ ਖਾਦ ਪਾਓ। ਮਹਿਕਮਾ ਖੇਤੀ ਬਾੜੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਬਚਨ ਸਿੰਘ]

ਇਸ ਬਾਰੇ ਬਹੁਤ ਕੁਝ ਕਰ ਰਿਹਾ ਹੈ । ਮਾਰਜੀਨਲ ਸਕੀਮਜ਼ ਇੰਟਰੋਡਿਊਸ ਕੀਤੀਆਂ ਗਈਆਂ ਹਨ । ਥੋੜ੍ਹੀ ਜ਼ਮੀਨ ਵਾਲਿਆਂ ਨੂੰ ਸਬਸਿਡੀ ਦੇ ਕੇ ਟਿਊਬਵੈਲ ਲਾਉਣ ਦਾ ਮੌਕਾ ਦਿਤਾ ਹੈ ਅਤੇ ਉਨ੍ਹਾਂ ਨੂੰ ਮੱਝਾਂ ਖਰੀਦਣ ਲਈ, ਪੋਲਟਰੀ ਫਾਰਮ ਖੋਲ੍ਹਣ ਲਈ ਬਹੁਤ ਕੁਝ ਕੀਤਾ ਗਿਆ ਅਤੇ ਕੀਤਾ ਜਾ ਰਿਹਾ ਹੈ ਅਤੇ ਪੰਜਾਬ ਵਿਚ ਦੁੱਧ ਦਾ ਇਨਕਲਾਬ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ।

ਮੈਂ ਬੇਨਤੀ ਕਰਾਂਗਾ ਕਿ ਜਿਵੇਂ ਸਮਾਲ ਸਕੇਲ ਇੰਡਸਟਰੀਜ਼ ਵਾਲਿਆਂ ਨੂੰ ਥੋੜੇ ਸੂਦ ਤੇ ਕਰਜ਼ੇ ਦਿੱਤੇ ਜਾਂਦੇ ਹਨ, ਉਸੇ ਤਰ੍ਹਾਂ ਜ਼ਿਮੀਂਦਾਰਾਂ ਨੂੰ ਵੀ ਉਸ ਤੋਂ ਵੀ ਘਟ ਸੂਦ ਤੇ ਕਰਜ਼ੇ ਮਿਲਣੇ ਚਾਹੀਦੇ ਹਨ ਕਿਉਂਕਿ ਪੰਜਾਬ ਦਾ ਕਿਸਾਨ ਕਹਿੰਦਾ ਹੈ ਕਿ ਪੰਜਾਬ ਦੀ ਉਸਾਰੀ ਵਿਚ ਉਹ ਵੀ ਬੜਾ ਹਿੱਸਾ ਪਾਉਂਦਾ ਹੈ । ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਪਰੋਡਕਸ਼ਨ ਨੂੰ ਧਿਆਨ ਵਿਚ ਰੱਖਦੇ ਹੋਏ ਜ਼ਿਮੀਂਦਾਰਾਂ ਨੂੰ ਘਟ ਰੇਟ ਤੇ ਬਿਜਲੀ ਦਿੱਤੀ ਜਾਵੇ, ਖਾਦ ਵੀ ਸਬਸਿਡਾਈਜ਼ਡ ਰੇਟਸ ਤੇ ਦਿੱਤੀ ਜਾਏ, ਹੋਰ ਵੀ ਜਿੰਨੀਆਂ ਰਿਆਇਤਾਂ ਇਨ੍ਹਾਂ ਜ਼ਿਮੀਂਦਾਰਾਂ ਨੂੰ ਦਿੱਤੀਆਂ ਜਾ ਸਕਦੀਆਂ ਹਨ ਉਹ ਇਨ੍ਹਾਂ ਲੋਕਾਂ ਨੂੰ ਦਿੱਤੀਆਂ ਜਾਣ । ਕੋਈ ਜ਼ਮਾਨਾ ਸੀ ਜਦੋਂ ਹਿੰਦ ਦੀ ਸਰਕਾਰ ਬੇਸ਼ੁਮਾਰ ਰੁਪਿਆ ਖਰਚ ਕਰਕੇ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਾਉਂਦੀ ਸੀ । ਉਸ ਚੀਜ਼ ਨੂੰ ਵੇਖਿਆ ਜਾਵੇ ਕਿ ਕਿਸ ਕਦਰ ਰੁਪਿਆ ਦੇਣਾ ਪੈਂਦਾ ਸੀ । ਉਸ ਨਾਲ ਸਾਡੀ ਇਕਾਨੋਮੀ ਨੂੰ ਧਕਾ ਲਗਦਾ ਸੀ, ਦੇਸ਼ ਕਮਜ਼ੋਰ ਹੁੰਦਾ ਸੀ । ਉਹ ਰੁਪਿਆ ਜਿਹੜਾ ਬਾਹਰਲੇ ਮੁਲਕਾਂ ਨੂੰ ਅਨਾਜ ਮੰਗਾਉਣ ਵਿਚ ਜਾਂਦਾ ਸੀ ਉਸ ਰੁਪਏ ਨੂੰ ਜ਼ਿਮੀਂਦਾਰਾਂ ਨੂੰ ਲੋੜੀਂਦੀਆਂ ਚੀਜ਼ਾਂ ਸਬਸਿਡਾਈਜ਼ਡ ਰੇਟਸ ਤੇ ਦੇਣੀਆਂ ਚਾਹੀਦੀਆਂ ਹਨ । ਜਿਹੜੀ ਥੋੜੀ ਬਹੁਤੀ ਅਨਾਜ ਦੀ ਕਮੀ ਹੈ ਉਹ ਵੀ ਇਸ ਨਾਲ ਦੂਰ ਹੋ ਸਕਦੀ ਹੈ ।

ਇਸੇ ਤਰ੍ਹਾਂ ਹੀ ਸਕੂਲਾਂ ਵਿਚ ਲਾਜ਼ਮੀ ਤਾਲੀਮ ਦਾ ਜ਼ਿਕਰ ਆਇਆ ਹੈ । ਇਹ ਠੀਕ ਹੈ ਕਿ ਸੰਨ 1930 ਵਿਚ ਲਾਜ਼ਮੀ ਤਾਲੀਮ ਸੀ, ਉਸ ਵੇਲੇ ਅੰਗਰੇਜ਼ ਹਕੂਮਤ ਇਥੇ ਰਾਜ ਕਰਦੀ ਸੀ । ਪਰ ਤਾਲੀਮ ਲੈਣ ਲਈ ਸਕੂਲ ਕੋਈ ਨਹੀਂ ਸੀ । ਉਸ ਵੇਲੇ ਦੀ ਸਰਕਾਰ ਤਾਲੀਮ ਨੂੰ ਸਿਰੇ ਨਹੀਂ ਚੜ੍ਹਨ ਦੇਣਾ ਚਾਹੁੰਦੀ ਸੀ । ਗਿਆਨੀ ਜੀ ਨੇ ਫੈਸਲਾ ਕੀਤਾ ਕਿ 6 ਸਾਲ ਤੋਂ ਘਟ ਕੋਈ ਬਚਾ ਅਨਪੜ੍ਹ ਨਹੀਂ ਰਹਿਣ ਦੇਣਾ ਚਾਹੀਦਾ ਹੈ । ਇਨ੍ਹਾਂ ਨੇ ਵੋਕੇਸ਼ਨਲ ਸਿਸਟਮ ਸਕੂਲਾਂ ਵਿਚ ਜਾਰੀ ਕੀਤਾ ਤਾਂ ਕਿ ਬੇਰੁਜ਼ਗਾਰੀ ਦੂਰ ਹੋ ਸਕੇ । ਪਿਛਲੇ ਦਿਨੀਂ ਅਨ-ਐਂਪਲਾਇਮੈਂਟ ਦਾ ਬੜਾ ਚਰਚਾ ਹੋਇਆ । ਪਹਿਲਾਂ ਜਿਹੜੀ ਗੌਰਮਿੰਟ ਸੀ ਜੇਕਰ ਉਹ ਇਹ ਵੋਕੇਸ਼ਨਲ ਸਿਸਟਮ ਜਾਰੀ ਕਰ ਦਿੰਦੀ ਤਾਂ ਹੁਣ ਤਕ ਇਹ ਅਨ-ਐਂਪਲਾਇਮੈਂਟ ਦੂਰ ਹੋ ਜਾਣੀ ਸੀ । 1967—72 ਤੱਕ ਆਪਣੀਆਂ ਕੁਰਸੀਆਂ ਨੂੰ ਬਚਾਉਣ ਲਈ ਉਨ੍ਹਾਂ ਨੇ ਉਸ ਵੇਲੇ ਦੀ ਸਰਕਾਰ ਨੇ ਇਹ ਚੀਜ਼ਾਂ ਨਹੀਂ ਕੀਤੀਆਂ । 1972 ਤੋਂ ਲੈਕੇ ਹੁਣ ਤੱਕ ਗਿਆਨੀ ਜੀ ਦੀ ਸਰਕਾਰ ਵੇਲੇ ਜਿੰਨੀ ਡਿਵੈਲਪਮੈਂਟ ਹੋਈ ਹੈ ਉਹ ਪਹਿਲੀ ਸਰਕਾਰ ਵੇਲੇ ਜੋ ਕਿ 1967—72 ਤਕ ਰਹੀ ਉਸ ਵੇਲੇ ਉਨੀ ਡਿਵੈਲਪਮੈਂਟ ਨਹੀਂ ਹੋਈ । ਜੇ ਇਹ ਕਹਿ ਲਈਏ ਕਿ ਹੁਣ ਦੀ ਸਰਕਾਰ ਵੇਲੇ ਜੋ ਡਿਵੈਲਪਮੈਂਟ ਹੋਈ ਹੈ ਉਨੀ ਡਿਵੈਲਪਮੈਂਟ ਸਨ 1947—72 ਤੱਕ ਨਹੀਂ ਹੋਈ ਤਾਂ ਗਲਤ ਗਲ ਨਹੀਂ ਹੋਵੇਗੀ । ਮੈਂ ਸਮਝਦਾ ਹਾਂ ਕਿ ਗਿਆਨੀ ਜੀ ਦੀ ਸਰਕਾਰ ਇਸ ਵਧਾਈ ਦੀ ਪਾਤਰ ਹੈ ਕਿ ਜਿਹੜਾ ਬਜਟ ਸ੍ਰੀ ਹੰਸ ਰਾਜ ਸ਼ਰਮਾ ਜੀ ਨੇ ਗਿਆਨੀ ਜੀ ਦੀ ਅਗਵਾਈ ਹੇਠ ਬਣਾਇਆ ਹੈ

Original with;
Punjab Vidhan Sabha
Digitized by;
Panjab Digital Library

ਉਹ ਕਾਬਲੇ ਤਾਰੀਫ ਹੈ । (ਵਿਘਨ) ਜਿਹੜਾ ਇੰਟਰੋਡਿਊਸ ਹੋਣ ਵਾਲਾ ਹੈ । ਜਿਹੜੇ ਬਜਟ ਦੀ ਗਲ ਮੈਂ ਕੀਤੀ ਹੈ ਉਸ ਬਾਰੇ ਗਵਰਨਰ ਦੇ ਐਡਰੈਸ ਵਿਚ ਵੀ ਦਸਿਆ ਗਿਆ ਹੈ । ਮੈਂ ਇਹ ਨਹੀਂ ਕਹਿੰਦਾ ਕਿ ਉਹ ਕਿਸ ਤਰ੍ਹਾਂ ਦਾ ਹੈ । ਮੈਂ ਇਹ ਕਹਿ ਸਕਦਾ ਹਾਂ ਕਿ ਉਹ ਜਿਹੜਾ ਬਜਟ ਹੋਵੇਗਾ ਉਹਦੇ ਬਾਰੇ ਪੰਜਾਬ ਦੀ ਸਾਰੀ ਜਨਤਾ ਸਰ੍ਹਾਨਾ ਕਰੇਗੀ । ਉਸ ਕਿਸਮ ਦਾ ਬਜਟ ਹੋਰ ਕਿਸੇ ਸਟੇਟ ਦਾ ਨਹੀਂ ਹੋਏਗਾ, ਇਹ ਮੈਂ ਕਹਿ ਸਕਦਾ ਹਾਂ ।

ਗਿਆਨੀ ਜੀ ਨੇ ਸਾਰੇ ਚੰਗੇ ਕੰਮ ਕੀਤੇ ਹਨ । ਇਹ ਚੰਗੇ ਕੰਮਾਂ ਦੀ ਮੇਰੇ ਭਰਾਵਾਂ ਨੇ ਦਾਦ ਤਾਂ ਕੀ ਦੇਣੀ ਸੀ, ਪਰ ਆਪੋਜੀਸ਼ਨ ਦਾ ਜੋ ਰੋਲ ਹੋਣਾ ਚਾਹੀਦਾ ਹੈ, ਜੋ ਉਨ੍ਹਾਂ ਦੀ ਜ਼ਿਮੇਂਵਾਰੀ ਹੈ, ਕਿਸੇ ਸਟੇਟ ਜਾਂ ਮੁਲਕ ਦੀ ਚੰਗੀ ਆਪੋਜੀਸ਼ਨ ਉਹ ਹੁੰਦੀ ਹੈ ਜੋ ਕਿ ਸਰਕਾਰ ਨੂੰ ਸਲਾਹ ਦੇ ਕੇ ਉਹਦੇ ਵਿਚ ਤਰੁਟੀਆਂ ਨੂੰ ਦੂਰ ਕਰ ਸਕੇ ਲੇਕਿਨ ਮੈਂ ਤਾਂ ਇਹ ਕਹਾਂਗਾ ਕਿ ਇਥੇ ਤਾਂ ਉਨ੍ਹਾਂ ਨੇ ਚੰਗੇ ਕੰਮਾਂ ਦੀ ਦਾਦ ਵੀ ਨਹੀਂ ਦਿਤੀ ਹੈ । ਮੈਂ ਤਾਂ ਇਹ ਵੀ ਕਹਾਂਗਾ ਕਿ ਕੁਝ ਦਿਨ ਵੀ ਨਹੀਂ ਪਏ ਕਿ ਉਨਾਂ ਨੇ ਆਪਣੀਆਂ ਤਰੁਟੀਆਂ ਬਾਰੇ ਮੁਆਫੀ ਮੰਗੀ ਸੀ ਅਤੇ ਇਹ ਵੀ ਕਿਹਾ ਸੀ ਕਿ ਅਗੇ ਨੂੰ ਕੋਈ ਅਜਿਹਾ ਮੌਕਾ ਨਹੀਂ ਦਿਆਂਗੇ । ਪਰ ਕੋਈ ਮੌਕਾ ਨਹੀਂ ਗੁਜ਼ਰਦਾ ਜਦੋਂ ਇਹ ਇਸ ਤਰ੍ਹਾਂ ਨਾ ਕਰਨ । ਹੁਣ ਵੀ ਇਹ ਗੈਰ-ਜ਼ਿਮੇਂਵਾਰੀ ਦਾ ਸਬੂਤ ਦੇਕੇ ਆਪ ਉਠ ਗਏ ਹਨ ਅਤੇ ਆਪਣੇ ਫਰਜ਼ ਨੂੰ ਭੁਲ ਗਏ ਹਨ।

ਇੰਡਸਟਰੀ ਔਰ ਜ਼ਰਾਇਤ ਜਿਸ ਮੁਲਕ ਦੀ ਤਕੜੀ ਦੇ ਦੋ ਪਲੇ ਹੁੰਦੇ ਹਨ ਉਹ ਮੁਲਕ ਕਦੇ ਕਮਜ਼ੋਰ ਨਹੀਂ ਹੋ ਸਕਦਾ ਹੈ । ਪੰਜਾਬ ਵਿਚ ਇੰਡਸਟਰੀ ਅਤੇ ਜ਼ਰਾਇਤ ਦੋਹਾਂ ਨੇ ਤਰੱਕੀ ਕੀਤੀ ਹੈ । ਪਰ ਮੈਂ ਸਰਕਾਰ ਅਗੇ ਇਹ ਦਰਖਾਸਤ ਕਰਾਂਗਾ ਕਿ ਪਿੰਡ ਪਿੰਡ ਵਿਚ ਇੰਡਸਟਰੀ ਦੇ ਛੋਟੇ ਛੋਟੇ ਯੂਨਿਟ ਖੋਲਣੇ ਚਾਹੀਦੇ ਹਨ । ਇਸ ਨਾਲ ਉਥੇ ਦੇ ਲੋਕਾਂ ਵਿਚ ਅਨ-ਐਂਪਲਾਇਮੈਂਟ ਵੀ ਦੂਰ ਹੋ ਸਕੇਗੀ । ਉਥੇ ਕੋਆਪਰੇਟਿਵ ਸੋਸਾਇਟੀਆਂ ਬਣਾ ਕੇ ਇਹ ਕੰਮ ਕਰਨੇ ਚਾਹੀਦੇ ਹਨ । ਇਸ ਨਾਲ ਇੰਡਸਟਰੀ ਵਿਚ ਵੀ ਵਾਧਾ ਹੋਏਗਾ ਅਤੇ ਉਥੇ ਦੇ ਗਰੀਬ ਲੋਕਾਂ ਨੂੰ ਕੰਮ ਵੀ ਮਿਲ ਸਕੇਗਾ । ਜਿਸ ਨਾਲ ਕਿ ਉਹ ਆਪਣਾ ਅਤੇ ਆਪਣੇ ਬਚਿਆਂ ਦਾ ਪੇਟ ਭਰ ਸਕਣਗੇ । (ਵਿਘਨ)

**ਸ੍ਰੀ ਸਭਾਪਤੀ** : ਮੈਂ ਪਾਰਲੀਮੈਂਟਰੀ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਹ ਮੈਂਬਰ ਸਾਹਿਬ ਦੀਆਂ ਸੁਜੈਸ਼ਨਜ਼ ਨੂੰ ਸੁਣਨ ਕਿ ਉਹ ਕੀ ਕਹਿੰਦੇ ਹਨ ।

**Chaudhri Darshan Singh** : The Minister should be pulled up.

**ਸਰਦਾਰ ਗੁਰਬਚਨ ਸਿੰਘ** (ਰੋਪੜ) : ਜਿਹੜਾ ਤੁਸੀਂ ਇਹ ਕਿਹਾ ਹੈ ਕਿ ਜੋ ਮੈਂਬਰ ਕਹਿੰਦਾ ਹੈ ਉਹਦੀਆਂ ਸੁਜੈਸ਼ਨਜ਼ ਨੂੰ ਸੁਣ ਲਿਆ ਜਾਵੇ, ਇਸ ਲਈ ਮੈਂ ਆਪ ਦਾ ਧੰਨਵਾਦੀ ਹਾਂ ।

ਹਾਂ ਮੈਂ ਕਹਿ ਰਿਹਾ ਸੀ ਕਿ ਪਿੰਡ ਪਿੰਡ ਵਿਚ ਛੋਟੀਆਂ ਇੰਡਸਟਰੀਆਂ ਲਗਾਉਣੀਆਂ ਚਾਹੀਦੀਆਂ ਹਨ । ਇਹਦੇ ਦੋ ਫ਼ਾਇਦੇ ਹੋਣਗੇ; ਇਕ ਤਾਂ ਸਾਮਾਨ ਬਣਕੇ ਵਡੀਆਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਬਚਨ ਸਿੰਘ]

ਇੰਡਸਟਰੀਆਂ ਨੂੰ ਜਾਏਗਾ ਦੂਜੇ ਬੇਰੁਜ਼ਗਾਰੀ ਦੂਰ ਹੋਏਗੀ ਅਤੇ ਵਿਹਲਿਆਂ ਨੂੰ ਰੁਜ਼ਗਾਰ ਮਿਲੇਗਾ। ਜਿਹੜੀ ਕਾਫੀ ਦੇਰ ਤੋਂ ਅਨ-ਐਂਪਲਾਇਮੈਂਟ ਦੀ ਚਰਚਾ ਹੁੰਦੀ ਰਹਿੰਦੀ ਹੈ, ਉਹ ਸਮਸਿਆ ਵੀ ਹੱਲ ਹੋ ਜਾਏਗੀ।

ਇਥੇ ਪੈਨਸ਼ਨਾਂ ਬਾਰੇ ਕਈ ਦੋਸਤਾਂ ਨੇ ਕਿਹਾ ਹੈ ਕਿ ਵਿਧਵਾਵਾਂ ਅਤੇ ਬੁਢੇਪੇ ਦੀਆਂ ਪੈਨਸ਼ਨਾਂ ਇਕ ਜਾਂ ਦੋ ਵਾਰੀ ਜਾਕੇ ਮੁੜ ਫੇਰ ਪੈਨਸ਼ਨਾਂ ਦੀ ਪੇਮੈਂਟ ਉਨ੍ਹਾਂ ਨੂੰ ਨਹੀਂ ਹੁੰਦੀ। ਇਸ ਬਾਰੇ ਪੜਤਾਲ ਕਰਾਉਣੀ ਚਾਹੀਦੀ ਹੈ ਅਤੇ ਅਗੇ ਨੂੰ ਇਹ ਪੈਨਸ਼ਨਾਂ ਚਾਲੂ ਕਰਾਉਣੀਆਂ ਚਾਹੀਦੀਆਂ ਹਨ। ਇਸ ਨਾਲ ਪਬਲਿਕ ਵਿਚ ਸ਼ਾਂਤੀ ਹੋਵੇਗੀ। ਅਸੀਂ ਕਹਿੰਦੇ ਹਾਂ ਕਿ ਇਸ ਬਜਟ ਤੋਂ ਬਾਅਦ ਹਰ ਮਹੀਨੇ ਉਨ੍ਹਾਂ ਨੂੰ ਪੈਨਸ਼ਨਾਂ ਮਿਲ ਜਾਇਆ ਕਰਨਗੀਆਂ। ਸਾਡੀ ਸਰਕਾਰ ਇਸ ਗੱਲ ਵੱਲ ਵੀ ਧਿਆਨ ਦੇਵੇ।

ਗਰਾਮ ਪੰਚਾਇਤਾਂ ਵਿਚ ਜਿਹੜੇ ਹਰੀਜਨ ਔਰਤਾਂ ਅਤੇ ਬੈਕਵਰਡ ਕਲਾਸਿਜ਼ ਦੇ ਮੈਂਬਰ ਲਏ ਗਏ ਹਨ, ਇਸ ਤਰ੍ਹਾਂ ਕਰਕੇ ਉਨ੍ਹਾਂ ਲੋਕਾਂ ਦੀ ਸੁਣਵਾਈ ਕੀਤੀ ਗਈ ਹੈ। ਗਰੀਬ ਜਨਤਾ ਨੂੰ ਮਹਿਸੂਸ ਹੁੰਦਾ ਹੈ ਕਿ ਸਾਡੇ ਨੁਮਾਇੰਦੇ ਵੀ ਸਲਾਹ ਦੇ ਸਕਣਗੇ ਅਤੇ ਪੰਚਾਇਤਾਂ ਵਿਚ ਜਾ ਕੇ ਚੰਗੇ ਢੰਗ ਨਾਲ ਕੰਮ ਕਰਾ ਸਕਨਗੇ। ਜਿਹੜੇ ਪਹਿਲਾਂ ਉਥੇ ਦੇ ਪੰਚ ਆਪਣੀ ਹੀ ਮਨਮਾਨੀ ਕਰਦੇ ਸੀ ਉਹ ਹੁਣ ਨਹੀਂ ਕਰ ਸਕਿਆ ਕਰਨਗੇ। ਜ਼ਰਾਇਤ ਦੇ ਸਿਲਸਲੇ ਵਿਚ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਮੋਰਿੰਡਾਂ ਸ਼ੂਗਰ ਮਿਲ ਜੋ ਕਿ ਚੰਡੀਗੜ੍ਹ ਦੇ ਨਜ਼ਦੀਕ ਹੀ ਹੈ, ਉਥੇ ਇੱਕ ਯੂਨਿਟ ਚਲਤਾ ਹੈ। ਜੇਕਰ ਉਥੇ ਦੂਜਾ ਯੂਨਿਟ ਵੀ ਚਲਵਾ ਦਿੱਤਾ ਜਾਵੇ ਤਾਂ ਇਸ ਨਾਲ ਇੱਕ ਤਾਂ ਇਲਾਕੇ ਦਾ ਗੰਨਾ ਉਥੇ ਇਸਤੇਮਾਲ ਹੋ ਸਕੇਗਾ ਦੂਜੇ ਉਸ ਮਿਲ ਦੀ ਉਪਜਾਊ ਸ਼ਕਤੀ ਦੂਗਣੀ ਹੋ ਸਕੇਗੀ। ਜੇ ਖਰਚੇ ਦਾ ਹਿਸਾਬ ਲਗਾਇਆ ਜਾਏ ਤਾਂ ਅੱਗੇ ਹੀ ਮੁਲਾਜ਼ਿਮ ਉਥੇ ਕੰਮ ਕਰਦੇ ਹਨ, ਬਹੁਤ ਥੋੜਾ ਜਿਹਾ ਖਰਚ ਦਾ ਫਰਕ ਪਏਗਾ। ਕੋਈ ਜ਼ਿਆਦਾ ਖਰਚ ਨਹੀਂ ਆਏਗਾ ਅਤੇ ਇਸ ਦੇ ਨਾਲ ਪੈਦਾਵਾਰ ਵਿਚ ਵੀ ਵਾਧਾ ਹੋਏਗਾ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਗਿਆਨੀ ਜੀ ਇਸ ਵੱਲ ਜ਼ਰੂਰ ਧਿਆਨ ਦੇਣ ਅਤੇ ਉਥੇ ਦੂਜਾ ਯੂਨਿਟ ਲਗਾਉਣ ਤਾਂ ਕਿ ਉਥੇ ਦੇ ਇਲਾਕੇ ਦੇ ਲੋਕਾਂ ਨੂੰ ਸੁਖ ਦਾ ਸਾਹ ਮਿਲੇ।

ਇਸ ਤੋਂ ਇਲਾਵਾ ਹਰੀਜਨਾਂ ਨੂੰ ਜਿਹੜੀ ਰਿਲੀਫ ਮਿਲੀ ਹੈ, ਇਸ ਵੇਲੇ ਪਿੰਡਾ ਦੇ ਹਰੀਜਨ ਗਿਆਨੀ ਜੀ ਦੇ ਗੁਣ ਗਾਉਂਦੇ ਹਨ। ਕਈ ਪਿੰਡਾਂ ਵਿਚ ਸੇਲ ਤਹਿਸੀਲਦਾਰ ਦੀ ਸੁਸਤੀ ਨਾਲ ਸਾਰੇ ਪਿੰਡਾਂ ਵਿਚ ਨਿਲਾਮੀਆਂ ਨਹੀਂ ਹੁੰਦੀਆਂ ਹਨ। ਮੈਂ ਇਹ ਕਹਾਂਗਾ ਕਿ ਜਿਹੜੇ ਪਿੰਡਾਂ ਵਿਚ ਇਹ ਨਿਲਾਮੀਆਂ ਹੋਣੀਆਂ ਰਹਿੰਦੀਆਂ ਹਨ ਉਥੇ ਜਲਦੀ ਤੋਂ ਜਲਦੀ ਇਹ ਕੰਮ ਕਰ ਦਿੱਤਾ ਜਾਏ। ਮੈਂ ਪਿਛਲੇ ਸੈਸ਼ਨ ਵਿਚ ਕਕਰਾਲਾ ਪਿੰਡ ਦਾ ਸਵਾਲ ਕੀਤਾ ਸੀ ਕਿ ਉਥੇ ਦੀ ਜ਼ਮੀਨ ਹਰੀਜਨਾਂ ਵਿਚ ਅਲਾਟ ਕਰ ਦਿੱਤੀ ਜਾਵੇ ਪਰ ਹੁਣ ਤੱਕ ਇਹ ਕੰਮ ਸਿਰੇ ਨਹੀਂ ਚੜ੍ਹਿਆ ਹੈ। ਇਹ ਠੀਕ ਹੈ ਕਿ ਬਹੁਤ ਸਾਰੇ ਪਿੰਡਾਂ ਵਿਚ ਅਲਾਟਮੈਂਟ ਦਾ ਕੰਮ ਹੋ ਗਿਆ ਹੈ ਲੇਕਿਨ ਹਾਲੇ ਵੀ ਬੇਜ਼ਮੀਨੇ ਲੋਕ ਬਹੁਤ ਹਨ ਜੋ ਕਿ ਅੱਖਾਂ ਲਾਈ ਬੈਠੇ ਹਨ ਕਿ ਕਦ ਸਾਡੀ ਸਰਕਾਰ ਸਾਨੂੰ ਜ਼ਮੀਨ ਦਿੰਦੀ ਹੈ। ਇਸ ਲਈ ਉਪ੍ਰੋਕਤ ਦੱਸੇ ਪਿੰਡ ਵਿਚ ਅਤੇ ਹੋਰ ਅਜਿਹੇ ਪਿੰਡਾਂ ਵਿਚ ਜਲਦੀ ਤੋਂ ਜਲਦੀ ਲੋਕਾਂ ਨੂੰ ਜ਼ਮੀਨਾਂ ਅਲਾਟ ਕਰ ਦੇਣੀਆਂ ਚਾਹੀਦੀਆਂ ਹਨ। ਇਸ ਨਾਲ ਜਿਹੜੇ ਮਹਿਸ਼ਬੰਦ ਹਰੀਜਨ ਲੋਕ ਹਨ ਉਹ ਧੰਦੇ

Original with;
Punjab Vidhan Sabha
Digitized by;
Panjab Digital Library

ਵੀ ਲਗ ਸਕਣਗੇ, ਪੈਦਾਵਾਰ ਵਿਚ ਵੀ ਬੜ੍ਹੋਤਰੀ ਹੋਵੇਗੀ । ਜੋ ਸਾਰੇ ਪੰਜਾਬ ਵਿਚ ਸਰਕਾਰ ਨੇ ਗਿਆਨੀ ਜੀ ਦੀ ਰਹਿਨਮਾਈ ਹੇਠ ਸਾਰਿਆਂ ਸ਼ੋਭਿਆਂ ਵਿਚ ਤਰੱਕੀ ਕੀਤੀ ਹੈ ਇਹ ਗਿਆਨੀ ਜੀ ਦੀ ਆਪਣੀ ਕਾਬਲੀਅਤ ਅਤੇ ਗਿਆਨੀ ਜੀ ਦੀ ਸਰਕਾਰ ਦੀ ਕਾਬਲੀਅਤ ਦੇ ਸਦਕੇ ਹੀ ਹੈ ।

ਇਹ ਜੋ ਢਿੱਲੋਂ ਸਾਹਿਬ ਨੇ ਗਵਰਨਰ ਐਡਰੈਸ ਦੇ ਸਿਲਸਿਲੇ ਵਿਚ ਪ੍ਰਸਤਾਵ ਪੇਸ਼ ਕੀਤਾ ਹੈ, ਮੈਂ ਉਸ ਨਾਲ ਸਹਿਮਤ ਹਾਂ ਅਤੇ ਚੇਅਰਮੈਨ ਸਾਹਿਬ ਆਪ ਦਾ ਵੀ ਸ਼ੁਕਰੀਆ ਕਰਦਾ ਹਾਂ ਜੋ ਕਿ ਆਪਨੇ ਮੈਨੂੰ ਇਸ ਤੇ ਬੋਲਣ ਲਈ ਮੌਕਾ ਦਿੱਤਾ ਹੈ । ਐਨਾ ਕਹਿਦਾ ਹੋਇਆ ਮੈਂ ਬੈਠਦਾ ਹਾਂ ।

**ਸ੍ਰੀ ਵਿਸ਼ਵਾ ਮਿੱਤਰ ਸੇਖੜੀ** (ਬਟਾਲਾ) ਚੇਅਰਮੈਨ ਸਾਹਿਬ, ਗਵਰਨਰ ਮਹੋਦਯ ਨੇ 2) ਤਾਰੀਖ ਨੂੰ ਜਿਹੜਾ ਇਸ ਹਾਊਸ ਨੂੰ ਐਡਰੈਸ ਕੀਤਾ ਹੈ ਔਰ ਇਸ ਦੇ ਮੁਤੱਲਕ ਜਿਹੜਾ ਸ਼ੁਕਰੀਆ ਦਾ ਪ੍ਰਸਤਾਵ ਸਰਦਾਰ ਕਿਰਪਾਲ ਸਿੰਘ ਢਿੱਲੋਂ ਜੀ ਨੇ ਰੱਖਿਆ ਹੈ, ਮੈਂ ਉਸ ਦਾ ਸਮਰਥਨ ਕਰਨ ਵਾਸਤੇ ਖੜਾ ਹੋਇਆ ਹਾਂ । ਗਵਰਨਰ ਸਾਹਿਬ ਦੇ ਐਡਰੈਸ ਦੇ ਵਿਚ ਸਫਾ ਨੰਬਰ 2 ਦੇ ਵਿਚ ਲਿਖਿਆ ਹੈ- 'our government continued to evince keen interest in the welfare of freedom fighters and their families' ਇਹ ਜਿਹੜਾ ਪੈਰਾ ਹੈ, ਚੇਅਰਮੈਨ ਸਾਹਿਬ, ਇਸ ਦੇ ਵਿਚ ਦੱਸਿਆ ਹੈ ਕਿ 700 ਹੋਰ ਫ੍ਰੀਡਮ ਫਾਈਟਰਜ਼ ਦੀਆਂ ਪੈਨਸ਼ਨਾਂ ਮਨਜ਼ੂਰ ਕੀਤੀਆਂ ਹਨ ਅਤੇ ਇਸ ਤਰ੍ਹਾਂ ਹੁਣ ਇਸ ਦਾ ਨੰਬਰ 7684 ਹੋ ਗਿਆ ਹੈ । ਮੈਂ ਗਿਆਨੀ ਜੀ ਨੂੰ ਇਸ ਗੱਲ ਦੀ ਮੁਬਾਰਕਬਾਦ ਦਿੰਦਾ ਹਾਂ ਕਿ ਗਿਆਨੀ ਜੀ ਦੀ ਸਰਕਾਰ ਨੇ ਫ੍ਰੀਡਮ ਫਾਈਟਰਜ਼ ਵੱਲ, ਜਿਨ੍ਹਾਂ ਨੇ ਕਿ ਦੇਸ਼ ਨੂੰ ਆਜ਼ਾਦ ਕਰਵਾਇਆ, ਖਾਸ ਧਿਆਨ ਦਿੱਤਾ ਹੈ । ਮੈਂ ਬੇਨਤੀ ਕਰਾਂਗਾ ਕਿ ਇਸ ਤੋਂ ਇਲਾਵਾ ਜਿਹੜੀਆਂ ਫਰੀਡਮ ਫਾਈਟਰਜ਼ ਫੈਮਲੀਜ਼ ਰਹਿ ਗਈਆਂ ਹਨ ਉਨ੍ਹਾਂ ਵੱਲ ਵੀ ਇਹ ਆਪਣਾ ਧਿਆਨ ਕਰਨ ।

ਇਸ ਤੋਂ ਅਗੇ ਚੇਅਰਮੈਨ ਸਾਹਿਬ, ਮੈਂ ਐਮਰਜੈਂਸੀ ਦੇ ਬਾਰੇ ਵਿਚ ਕਹਿਣਾ ਚਾਹੁੰਦਾ ਹਾਂ ਐਮਰਜੈਂਸੀ ਜਿਹੜੀ ਸਾਡੇ ਦੇਸ਼ ਦੇ ਵਿਚ ਇੰਦਰਾ ਗਾਂਧੀ ਜੀ ਨੇ 26 ਜੂਨ, 1975 ਨੂੰ ਲਾਈ ਸੀ ਇਸ ਦੇ ਮੁਤੱਲਕ ਮੈਂ ਕੁਝ ਬੇਨਤੀ ਕਰਨਾ ਚਾਹੁੰਦਾ ਹਾਂ । ਸਾਡੇ ਦੇਸ਼ ਦੇ ਵਿਚ ਇਕ ਐਸਾ ਵਾਤਾਵਰਣ ਬਣ ਗਿਆ ਸੀ , ਫਾਸਿਸਟ ਤਾਕਤਾਂ ਨੇ ਸਾਡੇ ਦੇਸ਼ ਦੇ ਵਿਚ ਇਕ ਐਸਾ ਵਾਤਾਵਰਣ ਬਣਾ ਦਿੱਤਾ ਸੀ ਉਨ੍ਹਾਂ ਨੂੰ ਇਸ ਗਲ ਦਾ ਯਕੀਨ ਹੋ ਗਿਆ ਸੀ ਕਿ ਹਿੰਦੁਸਤਾਨ ਦੇ ਵਿਚ ਵੋਟਾਂ ਦੇ ਰਾਂਹੀ ਕੋਈ ਦੂਸਰੀ ਗੌਰਮਿੰਟ ਨਹੀਂ ਬਣ ਸਕਦੀ । ਚੇਅਰਮੈਨ ਸਾਹਿਬ, ਮੈਂ ਫਾਰਨ ਤਾਕਤਾਂ ਦਾ ਨਾਮ ਨਹੀਂ ਲੈਣਾ ਚਾਹੁੰਦਾ ਤੁਹਾਨੂੰ ਸਭ ਨੂੰ ਪਤਾ ਹੀ ਹੈ । ਉਨ੍ਹਾਂ ਲੋਕਾਂ ਨੇ ਸੀ. ਆਈ. ਏ. ਨਾਲ ਰਲ ਕੇ ਇਕ ਸਕੀਮ ਬਣਾਈ ਸੀ ਕਿ ਇਸ ਦੇਸ਼ ਦੇ ਵਿਚ ਉਥਲ ਪੁੱਥਲ ਕਰ ਦਿਤੀ ਜਾਵੇ । ਉਨ੍ਹਾਂ ਲੋਕਾਂ ਨੇ ਇਕ ਪਲਾਨ ਬਣਾਇਆ ਹੈ ਅਤੇ ਪਲੈਨ ਬਣਾ ਕੇ ਗੁਜਰਾਤ ਦੇ ਵਿਚ ਗੌਰਮਿੰਟ ਨੂੰ ਫਾਲ ਕਰਨ ਵਾਸਤੇ ਆਪਣਾ ਪੂਰਾ ਜ਼ੋਰ ਲਾਇਆ । ਉਥੇ ਤੁਹਾਨੂੰ ਸਭ ਨੂੰ ਪਤਾ ਹੀ ਹੈ ਕਿ ਐਮ. ਐਲ. ਏਜ਼. ਦੀ ਕਿਸ ਤਰ੍ਹਾਂ ਨਾਲ ਬੇਇਜ਼ਤੀ ਕੀਤੀ ਗਈ, ਮਨਿਸਟਰਾਂ ਨੂੰ ਮਕਾਨਾਂ ਵਿਚ ਕੋਠੀਆਂ ਵਿਚ, ਬੰਦ ਕਰ ਦਿੱਤਾ ਗਿਆ । ਇਸ ਤਰ੍ਹਾਂ ਦਾ ਡਰਾਮਾ ਉਹ ਬਿਹਾਰ

Original with;
Punjab Vidhan Sabha
Digitized by;
Panjab Digital Library

[ਸ੍ਰੀ ਵਿਸ਼ਵਾ ਮਿੱਤਰ ਸੇਖੜੀ]

ਵਿਚ ਕਰਨਾ ਚਾਹੁੰਦੇ ਸੀ । ਇਸ ਤਰ੍ਹਾਂ ਦੇ ਡਰਾਮੇ ਦੇ ਸ਼ਿਕਾਰ ਸਾਡੇ ਰੇਲ ਮੰਤਰੀ, ਲਲਿਤ ਨਰਾਇਣ ਮਿਸ਼ਰਾ ਜੀ ਵੀ ਹੋਏ ਅਤੇ ਉਨ੍ਹਾਂ ਤੇ ਬੰਬ ਮਾਰ ਕੇ ਉਨ੍ਹਾਂ ਨੂੰ ਮਾਰ ਦਿੱਤਾ ਗਿਆ । ਚੇਅਰਮੈਨ ਸਾਹਿਬ, ਇਸੇ ਤਰ੍ਹਾਂ ਦਾ ਡਰਾਮਾ ਇਸ ਪੰਜਾਬ ਵਿਚ ਖੇਡਿਆ ਜਾਣਾ ਸੀ ਲੇਕਿਨ ਸਾਡੇ ਦੇਸ਼ ਦੇ ਪ੍ਰਾਈਮ ਮਨਿਸਟਰ, ਸ੍ਰੀਮਤੀ ਇੰਦਰਾ ਗਾਂਧੀ ਜੀ ਨੇ 26 ਜੂਨ, 1975 ਨੂੰ ਐਮਰਜੈਂਸੀ ਲਗਾ ਦਿਤੀ ਸੀ । ਮੈਂ ਸਮਝਦਾ ਹਾਂ ਕਿ ਜੇ ਇਹ ਐਮਰਜੈਂਸੀ ਕੁਝ ਚਿਰ ਪਹਿਲਾਂ ਲਗ ਜਾਂਦੀ ਤਾਂ ਇਹ ਹੋਰ ਵੀ ਅੱਛੀ ਗੱਲ ਹੋਣੀ ਸੀ ਅਤੇ ਸਾਡਾ ਦੇਸ਼ ਕਾਫ਼ੀ ਤਰੱਕੀ ਕਰ ਜਾਂਦਾ ਜੇ ਐਮਰਜੈਂਸੀ ਇਸ ਮੁਲਕ ਵਿਚ ਨਾ ਲਾਈ ਜਾਂਦੀ ਤਾਂ ਦੇਸ਼ ਦੇ ਹਰ ਸ਼ਹਿਰ ਵਿਚ ਹਰ ਪਿੰਡ ਵਿਚ, ਦੇਸ਼ ਦੇ ਕੋਨੇ ਕੋਨੇ ਵਿਚ ਕਤਲ ਹੋਣੇ ਸੀ, ਖ਼ੂਨ ਦੀਆਂ ਨਦੀਆਂ ਚਲਣੀਆਂ ਸਨ । ਇਹ ਸਾਡੇ ਦੇਸ਼ ਦੇ ਪ੍ਰਾਈਮ ਮਨਿਸਟਰ, ਸ੍ਰੀਮਤੀ ਇੰਦਰਾ ਗਾਂਧੀ ਜੀ ਦੀ ਮਿਹਰਬਾਨੀ ਹੈ ਕਿ ਇਸ ਤਰ੍ਹਾਂ ਦੇ ਵਾਤਾਵਰਣ ਪੈਦਾ ਹੋਣ ਤੋਂ ਉਨ੍ਹਾਂ ਨੇ ਦੇਸ਼ ਦੇ ਲੋਕਾਂ ਨੂੰ ਬਚਾ ਲਿਆ ਹੈ । ਮੈਂ ਐਮਰਜੈਂਸੀ ਦਾ ਸਵਾਗਤ ਕਰਦਾ ਹਾਂ । ਇਸ ਐਮਰਜੈਂਸੀ ਦੇ ਬਾਅਦ ਜੋ ਇੰਦਰਾ ਗਾਂਧੀ ਜੀ ਨੇ 20 ਨੁਕਾਤੀ ਪ੍ਰੋਗਰਾਮ ਦਿਤਾ ਹੈ, ਇਹ ਇਕ ਗਾਈਡ ਲਾਇਨ ਹੈ ਜਿਸ ਦੇ ਉਤੇ ਅਗੇ ਹੀ ਸਾਡੇ ਗਿਆਨੀ ਜੀ ਅਮਲ ਕਰ ਰਹੇ ਹਨ ਪਰ ਹੁਣ ਮੈਨੂੰ ਆਸ ਹੈ ਕਿ ਇਹ ਹੋਰ ਜ਼ਿਆਦਾ ਧਿਆਨ ਦੇ ਕੇ ਇਸ ਪ੍ਰੋਗਰਾਮ ਨੂੰ ਸਿਰੇ ਚਾੜ੍ਹਨ ਵਿਚ ਆਪਣਾ ਵੱਧ ਤੋਂ ਵੱਧ ਯਤਨ ਕਰਨਗੇ । ਪੰਜਾਬ ਦਾ ਨਾਮ ਤਾਂ ਅਗੇ ਹੀ ਸਾਰੇ ਹਿੰਦੁਸਤਾਨ ਵਿਚ ਹੈ ਅਤੇ ਇਹ ਸਾਰੇ ਪ੍ਰੋਗਰਾਮ ਸਿਰੇ ਚਾੜ੍ਹਨ ਨਾਲ ਹੋਰ ਪੰਜਾਬ ਦਾ ਨਾਮ ਚਮਕ ਸਕਦਾ ਹੈ ।

ਚੇਅਰਮੈਨ ਸਾਹਿਬ, ਕੋਈ ਦੇਸ਼ ਜਾਂ ਸੂਬਾ ਐਗਰੀਕਲਚਰ ਅਤੇ ਇੰਡਸਟਰੀ ਤੋਂ ਬਗੈਰ ਬਚ ਨਹੀਂ ਸਕਦਾ । ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਐਗਰੀਕਲਚਰ ਦੇ ਵਿਚ ਪੰਜਾਬ ਨੇ ਪਿਛਲੇ 3 ਸਾਲਾਂ ਵਿਚ ਕਾਫ਼ੀ ਤਰੱਕੀ ਕੀਤੀ ਹੈ । ਕਈ ਔਕੜਾਂ ਦੇ ਬਾਵਜੂਦ ਸਾਲ 1974-75 ਵਿਚ 80 ਲੱਖ ਮੀਟ੍ਰਿਕ ਟਨ ਅਨਾਜ ਦੀ ਉਪਜ ਪੰਜਾਬ ਵਿਚ ਹੋਈ ਹੈ। ਸਾਲ 1975-76 ਲਈ ਅਨਾਜ ਦੀ ਉਪਜ ਦਾ ਟੀਚਾ 84 ਲਖ ਮੀਟ੍ਰਿਕ ਟਨ ਹੈ ਅਤੇ ਸਾਲ 1976-77 ਲਈ 87 ਲਖ ਮੀਟ੍ਰਿਕ ਟਨ ਹੈ । ਇਸ ਤਰ੍ਹਾਂ, ਚੇਅਰਮੈਨ ਸਾਹਿਬ, ਤੁਸੀਂ ਆਪ ਅੰਦਾਜ਼ਾ ਲਗਾਉ ਕਿ ਪ੍ਰੋਡਕਸ਼ਨ ਜਿਹੜੀ ਹੈ ਉਹ ਕਿੰਨੀ ਵਧੀ ਹੈ । ਇਸ ਦੇ ਨਾਲ ਮੈਂ ਇਹ ਬੇਨਤੀ ਕਰਾਂਗਾ ਕਿ ਜਿਥੇ ਸਾਡੀ ਸਰਕਾਰ ਨੇ ਐਗਰੀਕਲਚਰ ਵੱਲ ਇਤਨਾ ਧਿਆਨ ਦਿਤਾ ਹੈ ਉਥੇ ਇੰਡਸਟਰੀ ਵੱਲ ਵੀ ਆਪਣੀ ਹੋਰਤ ਵੱਜੋ ਉਸ ਨੂੰ ਦੇਣੀ ਚਾਹੀਦੀ ਹੈ । ਇਹ ਠੀਕ ਹੈ ਕਿ ਆਪਣੀ ਕੋਸ਼ਿਸ਼ ਨਾਲ ਕੁਝ ਮਹੀਨਿਆਂ ਵਿਚ 28 ਲੈਟਰ ਆਫ ਇੰਟੈਂਟਸ ਪੰਜਾਬ ਸਰਕਾਰ ਨੇ ਲਏ ਹਨ ਅਤੇ 29 ਇੰਡਸਟਰੀ ਦੇ ਲਾਇਸੈਂਸ ਪੰਜਾਬ ਵਾਸਤੇ ਆਏ ਹਨ ਲੇਕਿਨ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਤੁਸੀਂ ਕਾਰਖਾਨੇ ਲਾਉਣ ਦਾ ਫ਼ੈਸਲਾ ਕਰਨਾ ਹੈ ਉਸ ਦੇ ਵਿਚ ਜਿਹੜੇ ਬਾਰਡਰ ਦੇ ਜ਼ਿਲ੍ਹੇ ਹਨ ਉਨ੍ਹਾਂ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ । ਡਿਸਟ੍ਰਿਕਟ ਗੁਰਦਾਸਪੁਰ, ਅੰਮ੍ਰਿਤਸਰ ਅਤੇ ਫ਼ਿਰੋਜ਼ਪੁਰ ਦੇ ਵਿਚ ਵੀ ਵੱਡੀ ਇੰਡਸਟਰੀ ਲਾਈ ਜਾਣੀ ਚਾਹੀਦੀ ਹੈ । ਸਮਾਲ ਸਕੇਲ ਇੰਡਸਟਰੀ ਉਨ੍ਹਾਂ ਜ਼ਿਲ੍ਹਿਆਂ ਵਿਚ ਕਾਫੀ ਹੈ ਉਥੇ ਕੋਈ ਵਡੀ ਇੰਡਸਟਰੀ ਲਾਈ ਜਾਵੇ ਤਾਂਕਿ ਐਨਸਿਲਰੀ ਯੂਨਿਟ ਦੇ ਤੌਰ ਤੇ ਉਸ ਨੂੰ ਯੂਜ਼ ਕਰ ਸਕੇ ਅਤੇ ਬਾਰਡਰ ਦੇ ਲੋਕਾਂ ਨੂੰ ਇਸ ਦਾ ਫਾਇਦਾ ਪਹੁੰਚ ਸਕੇ ਅਤੇ ਉਹ ਲੋਕ ਵੀ ਮਹਿਸੂਸ ਕਰ ਸਕਣ ਕਿ ਪੰਜਾਬ ਦੀ ਸਰਕਾਰ ਸਾਡੇ ਬਾਰਡਰ ਦੇ ਇਲਾਕਿਆਂ

Original with;
Punjab Vidhan Sabha
Digitized by;
Panjab Digital Library

ਦਾ ਪੂਰਾ ਧਿਆਨ ਰੱਖ ਰਹੀ ਹੈ ਅਤੇ ਕਰੋੜਾਂ ਰੁਪਏ ਦੇ ਪ੍ਰੋਜੈਕਟ ਸਰਕਾਰ ਬਾਰਡਰ ਦੇ ਇਲਾਕਿਆਂ ਵਿਚ ਦੇ ਕੇ ਸਾਡੇ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰ ਰਹੀ ਹੈ। ਮੈਂ ਗਿਆਨੀ ਜੀ ਨੂੰ ਅਗੇ ਵੀ ਰਿਕੁਐਸਟ ਕੀਤੀ ਸੀ ਅਤੇ ਹੁਣ ਫਿਰ ਰਿਕੁਐਸਟ ਕਰਦਾ ਹਾਂ ਕਿ ਮੇਰੇ ਹਲਕੇ ਬਟਾਲੇ ਵੱਲ ਵੀ ਖਾਸ ਤੌਰ ਤੇ ਧਿਆਨ ਦਿਤਾ ਜਾਵੇ। ਉਥੇ 600-700 ਦੇ ਕਰੀਬ ਸਮਾਲ ਸਕੇਲ ਇੰਡਸਟਰੀਜ਼ ਯੂਨਿਟ ਹਨ, ਜੇ ਉਥੇ ਕੋਈ ਵਡੀ ਇੰਡਸਟਰੀ, ਵਡਾ ਕਾਰਖਾਨਾ ਲਾ ਦਿਤਾ ਜਾਵੇ ਤਾਂ ਇਸ ਦੇ ਨਾਲ ਮੇਰੇ ਹਲਕੇ ਦੀ ਕਾਫੀ ਮਦਦ ਹੋਵੇਗੀ। ਚੇਅਰਮੈਨ ਸਾਹਿਬ, ਜਿਹੜਾ ਚਾਲੂ ਸਾਲ ਦੇ ਪਹਿਲੇ 7 ਮਹੀਨਿਆਂ ਦੇ ਦੌਰਾਨ ਕੇਂਦਰੀ ਸਰਕਾਰ ਦੁਆਰਾਂ 28 ਲੈਟਰ ਆਫ਼ ਇੰਟੈਂਟਸ ਅਤੇ 29 ਇੰਡਸਟਰੀਅਲ ਲਾਇਸੈਂਸ ਮਿਲੇ ਹਨ, ਇਨ੍ਹਾਂ ਯੂਨਿਟਾਂ ਤੇ 65 ਕਰੋੜ ਰੁਪਿਆ ਲਗੇਗਾ ਅਤੇ 16,000 ਬੰਦਿਆਂ ਨੂੰ ਰੁਜ਼ਗਾਰ ਮਿਲੇਗਾ। ਜੋ ਸਮਾਲ ਸਕੇਲ ਇੰਡਸਟਰੀ ਵੱਲ ਸਰਕਾਰ ਆਪਣਾ ਵਿਸ਼ੇਸ਼ ਧਿਆਨ ਦੇ ਰਹੀ ਹੈ ਅਤੇ ਇਸ ਚਾਲੂ ਸਾਲ ਦੇ ਆਖਿਰ ਤੱਕ ਇਨ੍ਹਾਂ ਦੀ ਗਿਣਤੀ 42,000 ਹੋ ਜਾਣ ਦੀ ਆਸ ਹੈ, ਯਾਨੀ 42,000 ਬੰਦਿਆਂ ਨੂੰ ਰੁਜ਼ਗਾਰ ਮਿਲ ਸਕਣ ਦੀ ਉਮੀਦ ਹੈ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਸਾਡਾ ਪੰਜਾਬ ਇੰਡਸਟਰੀ ਦੇ ਮਾਮਲੇ ਵਿਚ ਵੀ ਕਾਫੀ ਤਰੱਕੀ ਕਰ ਰਿਹਾ ਹੈ ਪਰ ਇਸ ਵੱਲ ਹੋਰ ਧਿਆਨ ਦੇਣਾ ਚਾਹੀਦਾ ਹੈ ਅਤੇ ਜਿਸ ਤਰ੍ਹਾਂ ਮੈਂ ਪਹਿਲਾਂ ਵੀ ਅਰਜ਼ ਕੀਤੀ ਹੈ ਕਿ ਬਾਰਡਰ ਦੇ ਇਲਾਕਿਆਂ ਵੱਲ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਸੜਕਾਂ ਦੀ ਗਲ ਵੀ ਮੈਂ ਕਰਨੀ ਚਾਹੁੰਦਾ ਹਾਂ। ਮਾਰਚ, 1976, ਤੱਕ ਸੜਕਾਂ ਦੀ ਕੁਲ ਲੰਬਾਈ 25,400 ਕਿਲੋਮੀਟਰ ਹੋ ਜਾਵੇਗੀ ਔਰ ਮੈਂ ਇਹ ਸਮਝਦਾ ਹਾਂ ਕਿ ਜੇ ਪੰਜਾਬ ਦੀਆਂ ਸੜਕਾਂ ਦਾ ਮੁਕਾਬਲਾ ਦੂਸਰਿਆਂ ਸੂਬਿਆਂ ਨਾਲ ਕੀਤਾ ਜਾਵੇ ਤਾਂ ਦੇਖਣ ਵਿਚ ਆਵੇਗਾ ਕਿ ਪੰਜਾਬ ਦੇ ਵਿਚ ਸਭ ਤੋਂ ਵਧ ਸੜਕਾਂ ਬਣੀਆਂ ਹਨ। ਲੇਕਿਨ ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸੜਕਾਂ ਦੀ ਮੁਰੰਮਤ ਵੀ ਨਾਲੋ ਨਾਲ ਹੋਣੀ ਚਾਹੀਦੀ ਹੈ। ਰਿਪੇਅਰ ਦਾ ਕੰਮ ਵੀ ਜਾਰੀ ਰਹਿਣਾ ਚਾਹੀਦਾ ਹੈ। ਜੋ ਸੜਕਾਂ ਬਣੀਆਂ ਹੋਈਆਂ ਹਨ ਉਨ੍ਹਾਂ ਵਿਚ ਪਹਿਲਾ ਪਤਾ ਨਹੀਂ ਮੈਟੀਰੀਅਲ ਘੱਟ ਪਿਆ ਹੈ ਜਾਂ ਪਤਾ ਨਹੀਂ ਕੀ ਵਜ੍ਹਾ ਹੈ ਸਾਰੀਆਂ ਸੜਕਾਂ ਟੁੱਟੀਆਂ ਹੀ ਨਜ਼ਰ ਆਉਂਦੀਆਂ ਹਨ। ਮੈਂ ਚੀਫ ਮਨਿਸਟਰ ਸਾਹਿਬ, ਨੂੰ ਬੇਨਤੀ ਕਰਾਂਗਾ ਕਿ ਜਿਥੇ ਉਨ੍ਹਾਂ ਨੇ ਸੜਕਾਂ ਬਣਾਉਣ ਵੱਲ ਇਤਨਾ ਧਿਆਨ ਦਿਤਾ ਹੈ ਉਥੇ ਉਹ ਸੜਕਾਂ ਦੀ ਰਿਪੇਅਰ ਵੱਲ ਵੀ ਧਿਆਨ ਦੇਣ ਤਾਂ ਕਿ ਲੋਕਾਂ ਨੂੰ ਚੰਗੀਆਂ ਸੜਕਾਂ ਨਜ਼ਰ ਆਉਣ ਅਤੇ ਉਨ੍ਹਾਂ ਨੂੰ ਜੋ ਦਿਕਤਾਂ ਆਉਂਦੀਆਂ ਹਨ, ਉਹ ਦੂਰ ਹੋ ਸਕਣ।

ਫਿਰ, ਚੇਅਰਮੈਨ ਸਾਹਿਬ, ਸਫ਼ਾ ਨੰਬਰ 15 ਤੇ ਜੋ ਓਲਡ ਏਜ ਪੈਨਸ਼ਨ ਦਾ ਜ਼ਿਕਰ ਕੀਤਾ ਹੈ ਉਸ ਦੇ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ। ਮੈਂ ਸਮਝਦਾ ਹਾਂ ਕਿ ਦੂਸਰਿਆਂ ਦੇਸ਼ਾਂ ਵਿਚ ਜਿੰਨੇ ਵੀ ਲੋਕ ਓਲਡ ਏਜ ਵਿਚ ਚਲੇ ਜਾਂਦੇ ਹਨ ਉਨ੍ਹਾਂ ਨੂੰ ਪੈਨਸ਼ਨਾਂ ਦਿੱਤੀਆਂ ਜਾਂਦੀਆਂ ਹਨ ਔਰ ਇਸੇ ਤਰ੍ਹਾਂ ਪੰਜਾਬ ਦੇ ਵਿਚ ਵੀ ਓਲਡ ਏਜ ਪੈਨਸ਼ਨ ਨੂੰ ਪ੍ਰਾਇਰਟੀ ਦਿਤੀ ਗਈ ਹੈ। ਇਹ ਇਕ ਦਰੁਸਤ ਕਦਮ ਹੈ ਅਤੇ ਇਸ ਦੇ ਲਈ ਮੈਂ ਗਿਆਨੀ ਜ਼ੈਲ ਸਿੰਘ ਜੀ ਨੂੰ ਮੁਬਾਰਕਬਾਦ ਦਿੰਦਾ ਹਾਂ। ਚੇਅਰਮੈਨ ਸਾਹਿਬ, ਜੇ ਤੁਸੀਂ ਇਹ ਅੰਕੜੇ ਦੇਖੋ ਤਾਂ ਤੁਹਾਨੂੰ ਪਤਾ ਲਗੇਗਾ ਕਿ ਇਸ ਵੱਲ ਵਿਸ਼ੇਸ਼ ਧਿਆਨ ਦਿਤਾ ਗਿਆ ਹੈ। ਇਸ ਓਲਡ ਏਜ ਪੈਨਸ਼ਨ ਸਕੀਮ ਅਧੀਨ ਵਿੱਤੀ ਸਹਾਇਤਾ ਪ੍ਰਾਪਤ ਕਰਨ ਵਾਲੇ ਵਿਅਕਤੀਆਂ ਦੀ

Original with;
Punjab Vidhan Sabha
Digitized by;
Panjab Digital Library

[ਸ੍ਰੀ ਵਿਸ਼ਵਾ ਮਿੱਤਰ ਸੇਖੜੀ]

ਗਿਣਤੀ ਸਾਲ 1973-74 ਦੀ 27054 ਤੋਂ ਵਧ ਕੇ ਮਾਰਚ, 1975 ਵਿਚ 47,906 ਹੋ ਗਈ ਹੈ ਅਤੇ ਇਸ ਚਾਲੂ ਸਾਲ ਦੇ ਅੰਤ ਤੱਕ ਇਹ ਗਿਣਤੀ ਵਧ ਕੇ 52,000 ਹੋ ਜਾਣ ਦੀ ਆਸ ਹੈ। ਲੇਕਿਨ ਮੇਰੀ ਇਹ ਬੇਨਤੀ ਹੈ ਕਿ ਚੀਫ਼ ਮਨਿਸਟਰ ਸਾਹਿਬ ਇਸ ਦੇ ਲਈ ਕੋਈ ਆਰਡਰ ਕਰਨ ਕਿ ਮਨਿਸਟਰ ਕੰਨਸਰਨਡ ਡਿਸਟ੍ਰਿਕਟ ਹੈਡਕੁਆਟਰ ਤੇ ਜਾ ਕੇ ਜਿਹੜੀਆਂ ਦਰਖਾਸਤਾਂ ਓਲਡ ਏਜ ਪੈਨਸ਼ਨ ਦੀਆਂ ਪਈਆਂ ਹਨ ਉਨ੍ਹਾਂ ਦਾ ਨਿਪਟਾਰਾ ਕਰਨ ਵਾਸਤੇ, ਜਲਦੀਂ ਐਕਸ਼ਨ ਲੈਣ ਵਾਸਤੇ ਉਪਰਾਲਾ ਕਰਨ ਅਤੇ ਉਨ੍ਹਾਂ ਕੇਸਾਂ ਦਾ ਜਲਦੀ ਹੀ ਨਿਪਟਾਰਾ ਕੀਤਾ ਜਾਵੇ ਤਾਂ ਕਿ ਓਲਡ ਏਜ ਦੇ ਲੋਕਾਂ ਨੂੰ ਉਤਸ਼ਾਹ ਮਿਲ ਸਕੇ। ਇਸ ਦੇ ਵਿਚ ਕੁਝ ਵਿਡੋ ਨੂੰ ਪੈਨਸ਼ਨ ਦੇਣ ਦਾ ਵੀ ਜ਼ਿਕਰ ਕੀਤਾ ਗਿਆ ਹੈ। 1973-74 ਵਿਚ 2,100 ਵਿਧਵਾਵਾਂ ਨੂੰ ਪੈਨਸ਼ਨ ਮਿਲਦੀ ਸੀ ਪਰ 1975 ਵਿਚ ਇਹ ਗਿਣਤੀ ਵਧ ਕੇ 7460 ਹੋ ਗਈ ਹੈ। ਇਹ ਗਿਣਤੀ ਇਸ ਚਾਲੂ ਸਾਲ ਦੇ ਦੌਰਾਨ ਵਧ ਕੇ 8700 ਹੋ ਜ਼ਾਣ ਦੀ ਸੰਭਾਵਨਾ ਹੈ। ਮੇਰੀ ਰਾਇ ਹੈ ਕਿ ਇਸ ਨੂੰ ਹੋਰ ਪਬਲਿਸਿਟੀ ਦਿਤੀ ਜਾਣੀ ਚਾਹੀਦੀ ਹੈ ਤਾਂਕਿ ਹੋਰ ਵਿਡੋਜ਼ ਵੀ ਇਸ ਤੋਂ ਫਾਇਦਾ ਉਠਾ ਸਕਣ।

ਇਸੇ ਤਰ੍ਹਾਂ, ਚੇਅਰਮੈਨ ਸਾਹਿਬ, ਰਿਕਸ਼ਾ ਡਰਾਈਵਰਜ਼ ਦੀ ਗਲ ਹੈ। 20 ਨੁਕਾਤੀ ਪ੍ਰੋਗਰਾਮ ਦੇ ਵਿਚ ਇੰਦਰਾ ਗਾਂਧੀ ਜੀ ਨੇ ਇਸ ਦਾ ਜ਼ਿਕਰ ਕੀਤਾ ਹੈ ਕਿ ਇਨ੍ਹਾਂ ਲੋਕਾਂ ਨੂੰ ਸਹਾਇਤਾ ਦਿਤੀ ਜਾਵੇ। ਗਿਆਨੀ ਜੀ ਤਾਂ ਇਸ ਤੇ ਪਹਿਲਾਂ ਹੀ ਅਮਲ ਕਰ ਰਹੇ ਹਨ। ਉਨ੍ਹਾਂ ਨੇ 5,000 ਰਿਕਸ਼ਾ ਡਰਾਈਵਰਜ਼ ਨੂੰ ਰਿਕਸ਼ਾ ਓਨਰ ਬਣਾ ਦਿਤਾ ਹੈ। ਮੇਰੀ ਬੇਨਤੀ ਹੈ ਕਿ ਸਾਡੀ ਸਟੇਟ ਵਿਚ ਹੋਰ ਵੀ ਬਹੁਤ ਸਾਰੇ ਰਿਕਸ਼ਾ ਡਰਾਈਵਰਜ਼ ਹਨ ਉਨ੍ਹਾਂ ਨੂੰ ਵੀ ਰਿਕਸ਼ਾ ਓਨਰ ਬਣਾ ਦਿਤਾ ਜਾਣਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਹੁਣ ਮੈਂ ਟਰਾਂਸਪੋਰਟ ਦੇ ਬਾਰੇ ਗਲ ਕਰਨੀ ਚਾਹੁੰਦਾ ਹਾਂ। ਤਰਨ ਤਾਰਨ ਔਰ ਨਵਾਂ ਸ਼ਹਿਰ ਵਿਚ ਨਵੇਂ ਡਿਪੂ ਬਣੇ ਹਨ। ਇਸ ਤੋਂ ਇਲਾਵਾ ਪਠਾਨਕੋਟ, ਜਲੰਧਰ, ਬਠਿੰਡਾ, ਪਟਿਆਲਾ, ਸੰਗਰੂਰ ਅਤੇ ਹੋਰ ਵੀ ਕਈ ਸ਼ਹਿਰਾਂ ਵਿਚ ਨਵੇਂ ਬੱਸ ਸਟੈਂਡ ਬਣ ਰਹੇ ਹਨ। ਲੇਕਿਨ ਮੈਂ ਬੇਨਤੀ ਕਰਾਂਗਾ ਕਿ ਬੱਸ ਸਟੈਂਡ ਇਸ ਢੰਗ ਨਾਲ ਬਣਾਉ ਕਿ ਮੁਸਾਫਰਾਂ ਨੂੰ ਟੱਟੀ ਪਿਸ਼ਾਬ ਵਾਸਤੇ ਦਿੱਕਤ ਨਾ ਆਵੇ ਅਤੇ ਇਸ ਦੇ ਲਈ ਇੰਤਜ਼ਾਮ ਦਰੁਸਤ ਹੋਣਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ 20 ਪੁਆਇੰਟ ਪ੍ਰੋਗਰਾਮ ਨੂੰ ਇੰਪਲੀਮੈਂਟ ਕਰਨ ਵਾਸਤੇ ਮੇਰੀ ਰਾਏ ਹੈ ਕਿ, ਅਗੇ ਵੀ ਪੰਜਾਬ ਨੇ ਲੀਡ ਦਿਤੀ ਹੈ ਹਰ ਮਸਲੇ ਵਿਚ, ਇਸ 20 ਪੁਆਇੰਟ ਪ੍ਰੋਗਰਾਮ ਨੂੰ ਗਿਆਨੀ ਜੀ ਨੂੰ ਟਾਈਮ ਬਾਊਂਡ ਕਰ ਦੇਣਾ ਚਾਹੀਦਾ ਹੈ ਕਿ ਇਸ ਨੂੰ ਇਤਨੇ ਸਮੇਂ ਵਿਚ ਇੰਪਲੀਮੈਂਟ ਕਰ ਦੇਣਾ ਹੈ। ਇਹ ਇੱਕਲਾ ਹੀ ਪ੍ਰੋਗਰਾਮ ਨਹੀਂ, ਇਸ ਦੇ ਇਲਾਵਾ ਹੋਰ ਵੀ ਪ੍ਰੋਗਰਾਮ ਹਨ, ਇਹ ਤਾਂ ਇਕ ਗਾਈਡ ਲਾਈਨ ਹੈ। ਅਸੀਂ ਗਰੀਬਾਂ ਦੀ ਅੱਪ ਲਿਫਟ ਕਰਨੀ ਹੈ, ਡਾਊਨ ਟਰਾਡਨ ਦੀ ਅਪ-ਲਿਫਟ ਕਰਨੀ ਹੈ। ਇਸ ਦੇ ਵਾਸਤੇ ਸਾਧਨ ਉਪਲਬਧ ਕਰਨੇ ਹਨ, ਚੀਫ਼ ਮਨਿਸਟਰ ਸਾਹਿਬ ਦੀ ਅਗਵਾਈ ਹੇਠ। ਇਤਨੇ ਸ਼ਬਦਾਂ ਨਾਲ, ਸਪੀਕਰ ਸਾਹਿਬ ਮੈਂ ਤੁਹਾਡਾ ਧੰਨਵਾਦ ਕਰਕੇ ਬੈਠਦਾ ਹਾਂ।

Original with;
Punjab Vidhan Sabha
Digitized by;
Panjab Digital Library

**ਭਗਤ ਗੁਰਾਂ ਦਾਸ ਹੰਸ** (ਸ਼ਾਮਚੁਰਾਸੀ, ਐਸ. ਸੀ.) : ਚੇਅਰਮੈਨ ਸਾਹਿਬ, ਜਿਹੜਾ ਗਵਰਨਰ ਸਾਹਿਬ ਦਾ ਮਤਾ ਹਾਊਸ ਵਿਚ ਪੇਸ਼ ਕੀਤਾ ਹੈ ਸਰਦਾਰ ਕਿਰਪਾਲ ਸਿੰਘ ਜੀ ਨੇ, ਮੈਂ ਉਸ ਦੀ ਤਾਈਦ ਕਰਦਾ ਹਾਂ । ਹਰ ਸਾਲ ਹੁੰਦਾ ਹੈ ਕਿ ਗੌਰਮਿੰਟ ਨੇ ਜਿਹੜੇ ਕੰਮ ਕੀਤੇ ਹੁੰਦੇ ਹਨ ਅਤੇ ਜਿਹੜੇ ਕਰਨੇ ਹੁੰਦੇ ਹਨ ਉਸ ਬਾਰੇ ਗੱਲਾਂ ਇਸ ਮਤੇ ਵਿਚ ਦੱਸੀਆਂ ਗਈਆਂ ਹੁੰਦੀਆਂ ਹਨ । ਮੈਂ ਉਸ ਦੀ ਤਾਈਦ ਲਈ ਖੜਾ ਹੋਇਆ ਹਾਂ । ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਸ ਵੇਲੇ ਗੌਰਮਿੰਟ ਗਰੀਬਾਂ ਅਤੇ ਪਛੜਿਆਂ ਦਾ ਕੁਝ ਕਰਦੀ ਹੈ ਤਾਂ ਬਹੁਤ ਖੁਸ਼ੀ ਹੁੰਦੀ ਹੈ । ਹੁਣੇ ਮੇਰੇ ਇਕ ਆਪੋਜ਼ੀਸ਼ਨ ਪਾਰਟੀ ਦੇ ਦੋਸਤ ਨੇ ਕਿਹਾ ਸੀ ਕਿ ਪਤਾ ਨਹੀਂ ਜ਼ਮੀਨ ਕਿਥੇ ਦਿੱਤੀ ਹੈ । ਪਟਵਾਰੀ ਕੁਝ ਕਹਿੰਦਾ ਹੈ ਅਤੇ ਬੀ.ਡੀ.ੳ. ਕੁਝ ਕਹਿੰਦਾ ਹੈ । ਮੈਨੂੰ ਬੜੀ ਹੈਰਾਨੀ ਹੋਈ ਇਸ ਗੱਲ ਦੀ । ਮੇਰੇ ਹਲਕੇ ਵਿਚ ਬਗੈਰ ਕਿਸੇ ਨੂੰ ਕਹਿਣ ਦੇ, ਸਰਕਾਰ ਦੀਆਂ ਹਦਾਇਤਾਂ ਅਨੁਸਾਰ, ਜਿਥੇ ਜਿਥੇ ਜ਼ਮੀਨ ਮੰਗੀ, ਦਿੱਤੀ ਗਈ ਹੈ । (ਥੰਪਿੰਗ) ਇਹ ਵੀ ਕਿਹਾ ਗਿਆ ਹੈ ਕਿ ਛੱਪੜ ਵਾਲੀ ਜ਼ਮੀਨ ਦਿੱਤੀ ਗਈ ਹੈ । ਅਗਰ ਕਿਸੇ ਥਾਂ ਤੇ ਕੋਈ ਆ ਗਈ ਹੋਵੇ ਤਾਂ ਮੈਨੂੰ ਪਤਾ ਨਹੀਂ, ਪਰ ਗਿਆਨੀ ਜੀ ਨੇ ਹਦਾਇਤ ਦਿੱਤੀ ਹੈ ਕਿ ਕਿਸੇ ਨਾਲ ਕੋਈ ਬੇਇਨਸਾਫ਼ੀ ਨਾ ਹੋਵੇ । ਜਿਥੇ ਪਿੰਡ ਵਿਚ ਕਿਸੇ ਵੱਡੇ ਜ਼ਿਮੀਂਦਾਰ ਦੀ ਜ਼ਮੀਨ ਪਿੰਡ ਦੇ ਨੇੜੇ ਹੈ ਉਥੇ ਗਰੀਬ ਨੂੰ ਦੇ ਦਿਉ ਅਤੇ ਇਸ ਗੱਲ ਦੀ ਵੱਡੇ ਆਦਮੀ ਦੀ ਕੋਈ ਸੁਣਵਾਈ ਨਹੀਂ ਸੁਣੀ ਜਾਏਗੀ । ਗਰੀਬ ਜਿਥੇ ਰਹਿਣਾ ਚਾਹੁੰਦਾ ਹੈ ਪਿੰਡ ਦੇ ਲਾਗੇ ਉਸ ਨੂੰ ਉਥੇ ਦੇ ਦਿੱਤੀ ਜਾਏ । ਮੇਰੇ ਹਲਕੇ ਵਿਚ ਇਸ ਤਰ੍ਹਾਂ ਦੀਆਂ ਜ਼ਮੀਨਾਂ ਦਿੱਤੀਆ ਗਈਆ ਹਨ । ਗਵਰਨਰ ਸਾਹਿਬ ਦੇ ਭਾਸ਼ਣ ਦੇ 15ਵੇਂ ਸਫੇ ਤੇ ਬੇਘਰਾਂ ਨੂੰ ਘਰ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ । 2200 ਮਕਾਨ ਤਿਆਰ ਹੋ ਚੁਕੇ ਹਨ ਅਤੇ 32 ਹਜ਼ਾਰ ਹੋਰ ਤਿਆਰ ਹੋਣੇ ਹਨ । ਇਹ ਪਟਿਆਲਾ ਆਦਿ ਵਿਚ ਬਣਾਏ ਜਾ ਰਹੇ ਹਨ । ਮੈਨੂੰ ਬੜੀ ਖੁਸ਼ੀ ਹੋਈ ਜਦੋਂ ਗਿਆਨੀ ਜੀ ਦੀ ਸਰਕਾਰ ਨੇ ਇਕ ਵੱਡੀ ਗੱਲ ਇਹ ਕੀਤੀ ਕਿ ਜਿਹੜਾ ਮੁਲਾਜ਼ਮ ਰਿਟਾਇਰ ਵੀ ਹੋ ਜਾਏ ਉਸ ਨੂੰ ਵੀ ਮਕਾਨ ਦੇਣਾ ਹੈ ਤਾਂਕਿ ਉਹ ਕਹਿ ਸਕੇ ਕਿ ਮੈਂ ਇਸ ਸੂਬੇ ਵਿਚ ਰਹਿੰਦਾ ਹਾਂ ਅਤੇ ਮੇਰਾ ਆਪਣਾ ਮਕਾਨ ਹੈ । (ਥੰਪਿੰਗ) ਇਹ ਜਿਹੜੇ ਮੈਂ ਮਕਾਨ ਦਸੇ ਹਨ ਇਹ ਈ. ਡਬਲਯੂ. ਐਸ. ਲਾਈ ਅਤੇ ਮਾਈ ਇਹ ਮਕਾਨ ਇਨ੍ਹਾਂ ਦੇ ਮੁਤਾਬਕ ਬਣਨੇ ਹਨ । ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਹੁਸ਼ਿਆਰਪੁਰ ਜ਼ਿਲ੍ਹਾ ਹੈ, ਮੈਂ ਅੱਗੇ ਵੀ ਕਈ ਵਾਰੀ ਇਸ ਅਸੰਬਲੀ ਵਿਚ ਕਹਿ ਚੁਕਾ ਹਾਂ ਕਿ ਇਥੇ ਦੇ ਲੋਕ ਬੜੇ ਪਛੜੇ ਹੋਏ ਹਨ, ਪਰ ਕੁਰਬਾਨੀ ਕਰਨ ਵਿਚ ਇਨ੍ਹਾਂ ਨੇ ਸਭ ਤੋਂ ਜ਼ਿਆਦਾ ਹਿੱਸਾ ਲਿਆ ਹੈ । ਇਨ੍ਹਾਂ ਨੇ ਦੂਸਰੇ ਮੁਲਕਾਂ ਵਿਚ ਜਾ ਕੇ ਕੁਰਬਾਨੀਆਂ ਕੀਤੀਆਂ । ਦੇਸ਼ ਨੂੰ ਆਜ਼ਾਦ ਕਰਾਉਣ ਵਾਸਤੇ ਲੜਾਈਆਂ ਲੜੀਆਂ । ਇਨ੍ਹਾਂ ਨੇ ਅੰਗਰੇਜ਼ਾਂ ਦੀ ਕਦੇ ਕੋਈ ਮਦਦ ਨਹੀਂ ਸੀ ਕੀਤੀ ਅਤੇ ਆਪਣੇ ਦੇਸ਼ ਦੇ ਲੋਕਾਂ ਦੀ ਮਦਦ ਕੀਤੀ । ਮੈਨੂੰ ਇਸ ਗੱਲ ਦਾ ਪਤਾ ਹੈ ਕਿ ਅੰਗਰੇਜ਼ਾਂ ਦੇ ਵੇਲੇ ਮਿੱਟੀ ਦੇ ਤੇਲ ਦੀ ਬੋਤਲ ਵਾਸਤੇ ਕਤਾਰਾਂ ਵਿਚ ਖੜਾ ਹੋਣਾ ਪੈਂਦਾ ਸੀ । ਰਾਸ਼ਨ ਵੀ ਲਾਈਨਾਂ ਵਿਚ ਖੜ ਕੇ ਲੈਣਾ ਪੈਂਦਾ ਸੀ । ਅੰਗਰੇਜ਼ ਕਹਿੰਦੇ ਸੀ ਕਿ ਦੋ ਚਾਰ ਮਹੀਨਿਆਂ ਬਾਅਦ ਹਿੰਦੁਸਤਾਨੀਆਂ ਨੇ ਕਹਿਣਾ ਹੈ ਕਿ ਅੰਗਰੇਜ਼ੋ ਸੰਭਾਲੋ ਦੇਸ਼ ਅਸੀਂ ਨਹੀਂ ਸਾਂਭ ਸਕਦੇ । ਅੱਜ ਦੁਨੀਆਂ ਹੈਰਾਨ ਹੁੰਦੀ ਹੈ ਕਿ ਅੱਜ ਸਾਡਾ ਦੇਸ਼ ਇਸ ਹਾਲਤ ਵਿਚ ਹੋ ਗਿਆ ਹੈ ਕਿ ਇਥੋਂ ਬੜੀਆਂ ਬੜੀਆਂ ਮਸ਼ੀਨਾਂ ਦੂਜੇ ਮੁਲਕਾਂ ਨੂੰ ਜਾਣ ਲਗ ਪਈਆਂ ਹਨ ।

Original with;
Punjab Vidhan Sabha
Digitized by;
Panjab Digital Library

**ਚੌਧਰੀ ਦਰਸ਼ਨ ਸਿੰਘ** : ** ** (ਵਿਘਨ)

**ਸ੍ਰੀ ਸਭਾਪਤੀ** : ਇਹ ਚੌਧਰੀ ਦਰਸ਼ਨ ਸਿੰਘ ਜੀ ਦੀਆਂ ਸ਼ਰਾਰਤਾਂ ਦਾ ਨਤੀਜਾ ਹੈ । (ਵਿਘਨ)

**ਚੌਧਰੀ ਦਰਸ਼ਨ ਸਿੰਘ** : ** **

**Mr. Chairman** : No point of order.

**Chief Parliamentary Secretary** (Sardar Gurcharan Singh Nihalsinghwala) : This should not form part of the proceedings.

**Mr. Chairman** : Whatever Chaudhari Darshan Singh has said should not form part of the proceedings.

**ਭਗਤ ਗੁਰਾਂ ਦਾਸ ਹੰਸ** : ਮੈਂ ਆਪਣੀ ਸਰਕਾਰ ਦਾ ਅਤੇ ਖਾਸ ਤੌਰ ਤੇ ਗਿਆਨੀ ਜੀ ਦਾ ਧੰਨਵਾਦੀ ਹਾਂ ਕਿ ਉਸ ਇਲਾਕੇ ਵਿਚ ਇਹ ਜਾ ਕੇ ਆਏ ਹਨ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ 60 ਕਰੋੜ ਰੁਪਏ ਦੀ ਇੰਡਸਟਰੀ ਲੱਗ ਰਹੀ ਹੈ । ਅੱਜ ਤਕ ਕਿਸੇ ਨੂੰ ਖਿਆਲ ਵੀ ਨਹੀਂ ਸੀ ਆਇਆ ਕਿ ਹੁਸ਼ਿਆਰਪੁਰ ਦੀ ਤਰੱਕੀ ਕਰਨੀ ਹੈ । ਪਰ ਅੱਜ ਉਥੇ 60 ਕਰੋੜ ਰੁਪਏ ਦੀ ਇੰਡਸਟਰੀ ਲਗ ਰਹੀ ਹੈ । ਜਦੋਂ ਬਾਰਸ਼ਾਂ ਹੁੰਦੀਆਂ ਸਨ ਤਾਂ ਹੁਸ਼ਿਆਰਪੁਰ ਸਾਰੇ ਪੰਜਾਬ ਨਾਲੋਂ ਕੱਟ ਜਾਂਦਾ ਸੀ , ਪਰ ਅੱਜ ਗਿਆਨੀ ਜੀ ਦੀ ਸਰਕਾਰ ਨੇ ਪੁਲਾਂ ਦੇ ਪੁਲ ਬਣਾ ਦਿੱਤੇ ਹਨ । ਰੋਪੜ ਤੋਂ ਦਸੂਹੇ ਤਕ ਪੁਲ ਬਣਾਏ ਹਨ । ਉਸ ਤੋਂ ਪਹਿਲਾਂ ਟਾਂਡਾ ਜਾਣਾ ਮੁਸ਼ਕਲ ਹੋ ਜਾਂਦਾ ਸੀ । ਅੱਜ ਉਥੇ ਨੈਸ਼ਨਲ ਹਾਈ ਵੇ ਸੜਕ ਬਣ ਰਹੀ ਹੈ । ਮੈਂ ਗਿਆਨੀ ਜੀ ਨੂੰ ਕਹਾਂਗਾ ਕਿ ਜਿਹੜੀ ਨੈਸ਼ਨਲ ਹਾਈ ਵੇ ਹੁਸ਼ਿਆਰਪੁਰ ਤੋਂ ਆਦਮਪੁਰ ਬਣ ਰਹੀ ਹੈ ਉਸ ਦੇ ਨਾਲ ਜਲੰਧਰ ਨੂੰ ਵੀ ਨਾਲ ਮਿਲਾ ਲਿਆ ਜਾਵੇ ਤਾਂ ਕਿ ਸਾਡੇ ਲੋਕਾਂ ਨੂੰ ਆਉਣ ਜਾਣ ਵਿਚ ਫਾਇਦਾ ਹੋ ਸਕੇ । ਇਹ ਸਿਰਫ 12-13 ਮੀਲ ਦਾ ਟੋਟਾ ਹੈ ।

ਮੈਂ ਗਿਆਨੀ ਜੀ ਦਾ ਇਸ ਗੱਲ ਤੋਂ ਵੀ ਧੰਨਵਾਦੀ ਹਾਂ ਕਿ ਉਨ੍ਹਾਂ ਦੀ ਨਜ਼ਰ ਜਿਹੜੀ ਹੈ ਉਹ ਸਾਰੇ ਸਮਾਜ ਦੇ ਅੰਗਾਂ ਤੇ ਹੈ, ਸਾਰੇ ਵਰਗਾਂ ਤੇ ਹੈ । ਉਨ੍ਹਾਂ ਨੇ ਅੱਜ ਮਹਿਸੂਸ ਕੀਤਾ ਹੈ ਕਿ ਸਮਾਜ ਦਾ ਇਕ ਪਛੜਿਆ ਅੰਗ ਜਿਹੜਾ ਕਿ ਅੱਜ ਵੀ ਸਿਰ ਤੇ ਗੰਦ ਟੱਟੀ ਉਠਾਉਂਦਾ ਹੈ ਸ਼ਹਿਰਾ ਵਿਚ, ਇਹ ਠੀਕ ਨਹੀਂ । ਗਿਆਨੀ ਜੀ ਇਸ ਨੂੰ ਪਸੰਦ ਨਹੀਂ ਕਰਦੇ । ਸ੍ਰੀਮਤੀ ਇੰਦਰਾ ਗਾਂਧੀ ਜੀ ਨੇ ਵੀ ਕਿਹਾ ਸੀ ਕਿ ਇਹ ਠੀਕ ਨਹੀਂ । ਇਸ ਲਈ ਇਨ੍ਹਾਂ ਨੇ ਇਕ ਕਮੇਟੀ ਬਣਾਈ ਹੈ ਜਿਸ ਦਾ ਮੈਨੂੰ ਚੇਅਰਮੈਨ ਬਣਾ ਦਿੱਤਾ ਸੀ । ਇਨ੍ਹਾਂ ਚੀਜ਼ਾਂ ਨੂੰ ਵੇਖਦੇ ਹੋਇਆਂ ਮੈਨੂੰ ਦੂਸਰੇ ਸੂਬਿਆਂ ਵਿਚ ਵੀ ਜਾਣਾ ਪਿਆ । ਚੇਅਰਮੈਨ ਸਾਹਿਬ, ਜਿਸ ਵੇਲੇ ਮੈਂ ਦੂਜਿਆਂ ਸੂਬਿਆਂ ਵਿੱਚ ਜਾਂਦਾ ਰਿਹਾ ਹਾਂ ਤਾਂ ਉਥੇ ਮੈਨੂੰ ਆਈ. ਏ. ਐਸ. ਅਫਸਰ ਤੇ ਐਡਮਿਨਿਸਟਰੇਟਰ ਮਿਲੇ ਸੀ । ਉਨ੍ਹਾਂ ਨੇ ਕਿਹਾ ਕਿ ਗਿਆਨੀ ਜੀ ਬਹੁਤ ਨਵੀਆਂ ਗੱਲਾਂ ਕੱਢਦੇ ਹਨ । ਉਨ੍ਹਾਂ ਨੇ ਕਿਹਾ ਕਿ ਇਹ ਖਿਆਲ ਸਾਨੂੰ ਕਦੇ ਵੀ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਨਹੀਂ ਸੀ ਆਇਆ ਕਿ ਸਵੀਪਰਾਂ ਦੀ ਹਾਲਤ ਨੂੰ ਦਰੁਸਤ ਕਰਨਾ ਹੈ । ਉਨ੍ਹਾਂ ਕਿਹਾ ਕਿ ਇਹ ਰਿਪੋਰਟ ਛੇਤੀ ਤਿਆਰ ਕਰਕੇ ਭੇਜੋ ਤਾਂਕਿ ਉਹ ਵੀ ਇਸ ਨੂੰ ਆਪਣੇ ਸੂਬੇ ਵਿੱਚ ਲਾਗੂ ਕਰਨ । ਗਿਆਨੀ ਜੀ ਆਪਣੇ ਮਹਿਕਮੇ ਨੂੰ ਹੁਕਮ ਦੇਣ ਕਿ ਉਹ ਛੇਤੀ ਇਸ ਰਿਪੋਰਟ ਨੂੰ ਛਾਪ ਕੇ ਭੇਜਣ । ਮੈਨੂੰ ਇਸੇ ਗੱਲ ਦੀ ਖੁਸ਼ੀ ਹੈ ਅਤੇ ਸਾਡੇ ਭਾਈਚਾਰੇ ਤੇ ਬਿਰਾਦਰੀ ਨੂੰ ਖੁਸ਼ੀ ਹੈ ਜਿਨ੍ਹਾਂ ਨੇ ਕਿ ਮੈਨੂੰ ਚਿੱਠੀਆਂ ਤੇ ਤਾਰਾਂ ਭੇਜੀਆਂ ਹਨ ਅਤੇ ਉਨ੍ਹਾਂ ਨੇ ਲਿਖਿਆ ਹੈ ਕਿ ਗਿਆਨੀ ਜੀ ਨੇ ਸਾਡੀ ਇੱਕ ਨਹੀਂ ਸਾਰੀਆਂ ਗੱਲਾਂ ਮੰਨ ਲਈਆਂ ਹਨ । ਮੈਂ ਗਿਆਨੀ ਜੀ ਨੂੰ ਅਦਬ ਨਾਲ ਕਹਾਂਗਾ ਕਿ ਉਹ ਰਿਪੋਰਟ ਮਿਉਂਸਪਲ ਕਮੇਟੀਆਂ ਤਾਂ ਲਾਗੂ ਕਰ ਰਹੀਆਂ ਹਨ, ਲੇਕਿਨ ਉਸਨੂੰ ਜਲਦੀ ਨਾਲ ਛਪਵਾ ਕੇ ਦੂਜਿਆਂ ਸੂਬਿਆਂ ਵਿੱਚ ਭੇਜਣ ਮੈਂ ਇਥੇ ਇਹ ਵੀ ਕਹਾਂਗਾ ਕਿ ਮਿਉਂਸਪਲ ਕਮੇਟੀਆਂ ਨੂੰ ਜ਼ਿਆਦਾ ਰੁਪਿਆ ਦਿਓ ਤਾਂਕਿ ਉਹ ਫਲਸ਼ ਸਿਸਟਮ ਸ਼ੁਰੂ ਕਰ ਸਕਣ ਤਾਕਿ ਕਿਸੇ ਵੀ ਵਰਗ ਨੂੰ ਕਿਸੇ ਦੀ ਟੱਟੀ ਨਾ ਉਠਾਣੀ ਪਵੇ । ਇਸ ਨਾਲ ਸਾਡੇ ਸਮਾਜ ਦਾ ਸਿਰ ਨੀਵਾਂ ਹੁੰਦਾ ਹੈ । ਚੇਅਰਮੈਨ ਸਾਹਿਬ 1957 ਵਿੱਚ ਮੈਂ ਪੰਡਤ ਰਲਾ ਰਾਮ ਜੀ ਦੇ ਨਾਲ ਇੱਕ ਪਿੰਡ ਵਿੱਚ ਗਿਆ । ਉਥੇ ਦੇ ਲੋਕਾਂ ਨੇ ਕਿਹਾ ਕਿ ਸਾਨੂੰ ਖੁਸ਼ੀ ਹੈ ਕਿ ਦੇਸ਼ ਦੇ ਨੇਤਾਵਾਂ ਤੇ ਨੌਜਵਾਨਾਂ ਨੇ ਲੜ ਕੇ, ਕੁਰਬਾਨੀ ਕਰਕੇ ਦੇਸ਼ ਨੂੰ ਆਜ਼ਾਦ ਕਰਾਇਆ ਹੈ । ਉਨ੍ਹਾਂ ਨੇ ਕਿਹਾ ਕਿ ਨਾ ਸਾਨੂੰ ਸਕੂਲ, ਡਿਸਪੈਂਸਰੀ ਜਾਂ ਸੜਕ ਤੇ ਮਕਾਨ ਦੀ ਜ਼ਰੂਰਤ ਹੈ । ਅਸੀਂ ਤਾਂ ਇੱਕ ਚੀਜ਼ ਮੰਗਦੇ ਹਾਂ ਕਿ ਸਾਨੂੰ ਪੀਣ ਲਈ ਪਾਣੀ ਚਾਹੀਦਾ ਹੈ । ਸਾਡਾ ਸਿਰ ਉਸ ਵੇਲੇ ਸ਼ਰਮ ਨਾਲ ਝੁਕ ਗਿਆ ਕਿ ਇਸ ਆਜ਼ਾਦ ਦੇਸ਼ ਵਿੱਚ ਇਹ ਕਹਿੰਦੇ ਹਨ ਕਿ ਸਾਨੂੰ ਪੀਣ ਲਈ ਪਾਣੀ ਦਿਓ । ਇਹ ਪਿੰਡ ਹੁਸ਼ਿਆਰਪੁਰ ਦੇ ਨਾਲ ਲਗਦਾ ਹੈ । ਜਿਹੜੀ ਉਥੇ ਵਾਟਰ ਵਰਕਸ ਸਕੀਮ ਬਣੀ ਸੀ ਉਸਤੇ 17 ਲੱਖ ਰੁਪਿਆ ਸਰਕਾਰ ਨੇ ਖਰਚ ਕੀਤਾ ਹੈ । ਮੈਂ ਇਹ ਗਲ ਫਖਰ ਨਾਲ ਕਹਿ ਸਕਦਾ ਹਾਂ ਕਿ ਪੀਣ ਦੇ ਪਾਣੀ ਲਈ ਇਸ ਸਰਕਾਰ ਨੇ 20 ਕਰੋੜ ਰੁਪਿਆ ਖਰਚ ਕੀਤਾ ਹੈ (ਤਾੜੀਆਂ) । ਜਦੋਂ ਕਿ ਲੋਕ ਛਪੜ ਤੇ ਜੋਹੜਾਂ ਵਿਚੋਂ ਪਾਣੀ ਪੀਂਦੇ ਸਨ ਜਿਥੇ ਕਿ ਪਸ਼ੂ ਪਿਸ਼ਾਬ ਕਰਦੇ ਹਨ । ਉਹ ਲੋਕ ਉਨ੍ਹਾਂ ਛਪੜਾਂ ਦਾ ਪਾਣੀ ਪੀ ਕੇ ਗੁਜ਼ਾਰਾ ਕਰਦੇ ਸਨ । ਮੈਂ ਪੰਡਤ ਰਲਾ ਰਾਮ ਜੀ ਮਰਹੂਮ ਦੇ ਪਿੰਡ ਗਿਆ । ਉਨ੍ਹਾਂ ਨੇ ਵੀ ਆਪਣੇ ਮਕਾਨ ਦੇ ਪਰਨਾਲੇ ਨਾਲ ਇੱਕ ਹੌਜ਼ ਬਣਾਇਆ ਹੋਇਆ ਸੀ । ਉਹ ਕਹਿਣ ਲਗੇ ਕਿ ਬਾਰਸ਼ ਦਾ ਪਾਣੀ ਇਕੱਠਾ ਕਰਦੇ ਹਾਂ ਅਤੇ ਉਸਨੂੰ ਫਿਰ ਸਾਰਾ ਸਾਲ ਪੀਂਦੇ ਹਾਂ । ਇਹ ਉਨ੍ਹਾਂ ਦੇ ਪਿੰਡ ਦੀ ਹਾਲਤ ਸੀ ਜਦ ਕਿ ਉਹ ਖੁਦ ਐਮ. ਐਲ. ਏ. ਸੀ ਤਾਂ ਫਿਰ ਹੋਰ ਗਰੀਬਾਂ ਦੀ ਹਾਲਤ ਦਾ ਅੰਦਾਜ਼ਾ ਤੁਸੀਂ ਲਗਾ ਸਕਦੇ ਕਿ ਉਹ ਕਿਥੋਂ ਪਾਣੀ ਪੀਂਦੇ ਹੋਣਗੇ । ਸਾਡੀ ਸਰਕਾਰ ਨੇ 20 ਕਰੋੜ ਰੁਪਿਆ ਵਾਟਰ ਸਪਲਾਈ ਦੀ ਸਕੀਮ ਤੇ ਖਰਚ ਕਰਕੇ ਬੜਾ ਪਰਉਪਕਾਰ ਕੀਤਾ ਹੈ । ਇਸ ਦੇ ਨਾਲ 12048 ਪਿੰਡਾਂ ਨੂੰ ਪਾਣੀ ਮਿਲੇਗਾ ।

ਚੇਅਰਮੈਨ ਸਾਹਿਬ ਪਹਿਲਾ 34 ਫੀ ਸਦੀ ਮਿਲਾਵਟ ਦੇ ਕੇਸ ਹੁੰਦੇ ਸਨ ਹੁਣ ਇਹ ਘੱਟ ਕੇ ਤਕਰੀਬਨ 9 ਫੀ ਸਦੀ ਰਹਿ ਗਏ ਹਨ । ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਸਾਡੀ ਗੌਰਮਿੰਟ ਇਸ ਤਰਫ ਵੀ ਪੂਰਾ ਧਿਆਨ ਦੇ ਰਹੀ ਹੈ । ਗਿਆਨੀ ਜੀ ਦੀ ਸਰਕਾਰ ਨੇ 480 ਐਲੋਪੈਥਿਕ ਡਿਸਪੈਂਸਰੀਆਂ ਖੋਲ੍ਹੀਆਂ ਹਨ ਇਸ ਪੀਰੀਅਡ ਵਿੱਚ ਅਤੇ 300 ਦੇ ਕਰੀਬ ਆਯੁਰਵੈਦਿਕ ਡਿਸਪੈਂਸਰੀਆਂ ਖੋਲ੍ਹੀਆਂ ਹਨ । ਇਸ ਦੇ ਨਾਲ ਗਰੀਬ ਲੋਕਾਂ ਨੂੰ ਦਵਾਈ ਆਦਿ ਲੈਣ ਲਈ ਦੂਰ ਨਹੀਂ ਜਾਣਾ ਪਵੇਗਾ ਅਤੇ ਉਹ ਡਿਸਪੈਂਸਰੀ ਦੇ ਡਾਕਟਰ ਨੂੰ ਦਿਖਾ ਕੇ ਦਵਾਈ ਲੈ ਸਕਣਗੇ । ਸਾਡਾ ਹੁਸ਼ਿਆਰਪੁਰ ਜ਼ਿਲਾ ਤਾਂ ਗਿਆਨੀ ਜੀ ਦਾ

Original with;
Punjab Vidhan Sabha
Digitized by;
Panjab Digital Library

[ਭਗਤ ਗੁਰਾਂਦਾਸ ਹੰਸ]

ਬਹੁਤ ਧੰਨਵਾਦੀ ਹੈ । ਉਥੇ 50 ਬੈਡ ਦਾ ਹਸਪਤਾਲ ਬਣਾਇਆ ਹੈ । ਇਹ ਵੀ ਠੀਕ ਹੈ ਕਿ ਉਥੇ ਹੁਣ ਸਪੈਸ਼ਲਿਸਟ ਡਾਕਟਰ ਵੀ ਆ ਗਏ ਹਨ । ਮੇਰੀ ਬੇਨਤੀ ਇਹ ਹੈ ਕਿ ਇਸ ਹਸਪਤਾਲ ਵਿੱਚ ਇਹ ਜਿਹੜੇ ਡਾਕਟਰ ਹੁਣ ਲਗੇ ਹਨ ਇਹ ਬਹੁਤ ਕਾਬਲ ਹਨ, ਅਤੇ ਇਨ੍ਹਾਂ ਨੂੰ ਇਥੇ ਹੀ ਲਗਿਆ ਰਹਿਣ ਦਿੱਤਾ ਜਾਵੇ ਅਤੇ ਇਸ ਹਸਪਤਾਲ ਨੂੰ 100 ਬੈਡ ਦਾ ਹਸਪਤਾਲ ਬਣਾਇਆ ਜਾਵੇ । ਇਸ ਨਾਲ ਇਲਾਕੇ ਦੇ ਗਰੀਬ ਲੋਕਾਂ ਦੀ ਬਹੁਤ ਮੱਦਦ ਹੋਵੇਗੀ । ਚੇਅਰਮੈਨ ਸਾਹਿਬ ਹਰੀਜਨਾਂ ਦੀ ਫ਼ੀਸ ਮੁਆਫ ਕਿਉਂ ਕੀਤੀ ਗਈ । ਇਹ ਇਸ ਲਈ ਕੀਤੀ ਗਈ ਕਿਉਂਕਿ ਇਹ ਸਮਾਜ ਦਾ ਪੱਛੜਿਆ ਹੋਇਆ ਐਸਾ ਅੰਗ ਸੀ ਜਿਹੜਾ ਆਪਣੇ ਆਪ ਨੂੰ ਇਨਸਾਨ ਕਹਾਉਣਾ ਤਾਂ ਦਰਕਿਨਾਰ, ਪਸ਼ੂਆਂ ਤੋਂ ਵੀ ਭੈੜਾ ਦਰਜਾ ਦਿੱਤਾ ਹੋਇਆ ਸੀ । ਜਦੋਂ ਆਜ਼ਾਦੀ ਆਈ ਤਾਂ ਸਮਾਜ ਦੇ ਨੇਤਾਵਾਂ ਨੇ ਮਹਿਸੂਸ ਕੀਤਾ ਕਿ ਇਨ੍ਹਾਂ ਨੂੰ ਜੇ ਰੁਪਿਆ ਵੰਡਿਆ ਜਾਵੇ ਤਾਂ ਤਰੱਕੀ ਨਹੀਂ ਹੋ ਸਕਦੀ । ਸਿਰਫ ਐਜੂਕੇਸ਼ਨ ਦੇਣ ਨਾਲ ਹੀ ਇਹ ਲੋਕ ਉਚੇ ਉਠ ਸਕਦੇ ਹਨ । ਪਹਿਲਾਂ ਛੇ ਰੁਪਏ ਮਹੀਨਾ ਵਜ਼ੀਫਾ ਦਿੱਤਾ ਜਾਂਦਾ ਸੀ । ਗਿਆਨੀ ਜੀ ਦੀ ਸਰਕਾਰ ਨੇ ਇਸਨੂੰ ਵਧਾ ਕੇ 25 ਰੁਪਏ ਮਹੀਨਾ ਕਰ ਦਿੱਤਾ ਹੈ । (ਤਾੜੀਆਂ) । ਚਾਰ ਕਰੋੜ ਦੇ ਲਗਭਗ ਵਜ਼ੀਫਾ ਇਨ੍ਹਾਂ ਨੂੰ ਮਿਲਦਾ ਸੀ । ਅਜ਼ਾਦੀ ਤੋਂ ਪਹਿਲਾਂ ਸਾਰਾ 32,000 ਰੁਪਿਆ ਸਾਰੀ ਐਜੂਕੇਸ਼ਨ ਤੇ ਤੇ ਖਰਚਿਆ ਜਾਂਦਾ ਸੀ ਜਿਸ ਦੇ ਵਿੱਚ ਮੁਸਲਮਾਨ ਵੀ ਅਤੇ ਹਰੀਜਨ ਵੀ ਛੋਟੀ ਤੇ ਪੱਛੜੀ ਹੋਈ ਕੌਮ ਵਿੱਚ ਆਉਂਦੇ ਸਨ । ਅੱਜ ਅਸੀਂ ਫਖਰ ਨਾਲ ਕਹਿ ਸਕਦੇ ਹਾਂ ਕਿ ਸਾਡੇ ਬੱਚੇ ਪੜ੍ਹ ਲਿਖ ਕੇ ਵੱਡੀ ਤੋਂ ਵੱਡੀ ਪੋਸਟ ਤੇ ਲੱਗੇ ਹਨ । ਅਗਰ ਐਜੂਕੇਸ਼ਨ ਦੀ ਸਹੂਲਤ ਨਾ ਮਿਲਦੀ ਤਾਂ ਇਨ੍ਹਾਂ ਨੇ ਕਦੇ ਵੀ ਉਪਰ ਨਹੀਂ ਸੀ ਉਠਣਾ । ਅੱਜ ਅਸੀਂ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ 300 ਸਾਲਾ ਸ਼ਤਾਬਦੀ ਮਨਾ ਰਹੇ ਹਾਂ । ਇਹ ਅਸੀਂ ਸਾਰਾ ਸਾਲ ਮਨਾਉਂਦੇ ਰਹਾਂਗੇ । ਪਹਿਲਾਂ ਕਿਹਾ ਜਾਂਦਾ ਸੀ ਕਿ ਸਿਆਸੀ ਗੱਲ ਕਰੋ, ਧਾਰਮਿਕ ਗੱਲ ਨਾ ਕਰੋ । ਗਿਆਨੀ ਜੀ ਨੇ ਇੱਕ ਚੀਜ਼ ਸਾਫ ਕਰ ਦਿੱਤੀ ਹੈ ਕਿ ਧਰਮ ਨਾਲੋਂ ਸਿਆਸਤ ਵੱਖਰੀ ਨਹੀਂ । ਇਹ ਦੋਵੇਂ ਜੁੜੇ ਹੋਏ ਹਨ । ਗੁਰੂਆਂ, ਰਿਸ਼ੀਆਂ ਨੇ ਸਿਆਸਤ ਤੇ ਧਰਮ ਨੂੰ ਨਹੀਂ ਛੱਡਿਆ (ਤਾੜੀਆਂ) ਜਿਥੇ ਇਸ ਦੇਸ਼ ਨੂੰ ਗੁਰੂਆਂ ਅਤੇ ਰਿਸ਼ੀਆਂ ਦਾ ਦੇਸ਼ ਮੰਨਿਆ ਹੈ ਅਤੇ ਇਥੇ ਗੁਰੂ ਤੇਗ ਬਹਾਦਰ ਜੀ ਮਹਾਰਾਜ ਅਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦਾ ਸਾਲ ਅਸੀਂ ਮਨਾ ਰਹੇ ਹਾਂ । ਮੈਨੂੰ ਫ਼ਖਰ ਹੈ ਕਿ ਮੇਰੇ ਜ਼ਿਲੇ ਵਿੱਚ ਵੀ ਉਨਾਂ ਨੇ ਆਪਣੇ ਪਵਿੱਤਰ ਚਰਨ ਪਾਏ ਸੀ । ਮੈਂ ਬੇਨਤੀ ਕਰਾਂਗਾ ਕਿ ਹੁਸ਼ਿਆਰਪੁਰ ਜ਼ਿਲੇ ਵਿੱਚ ਉਨ੍ਹਾਂ ਦੇ ਨਾਂ ਮੈਡੀਕਲ ਕਾਲਜ ਖੋਲ੍ਹ ਦਿਉ ਤਾਂਕਿ ਗਰੀਬ ਬੱਚੇ ਪੜ੍ਹ ਕੇ ਤੁਹਾਨੂੰ ਅਸੀਸਾਂ ਦੇਣ । ਇਸ ਦੇ ਨਾਲ ਸਾਡੇ ਇਲਾਕੇ ਦੀ ਵੀ ਭਲਾਈ ਹੋ ਸਕਦੀ ਹੈ । ਇਸ ਨਾਲ ਤੁਹਾਡਾ ਯਸ਼ ਹੋਵੇਗਾ ਅਤੇ ਸਾਡੇ ਗਰੀਬ ਲੋਕਾਂ ਦਾ ਭਲਾ ਹੋਵੇਗਾ । ਮੈਂ ਬਹੁਤਾ ਨਾ ਕਹਿੰਦਾ ਹੋਇਆ ਇਹ ਕਹਾਂਗਾਂ ਕਿ ਸਾਨੂੰ ਆਪਣੀ ਗੌਰਮਿੰਟ ਦਾ ਸਾਥ ਦੇਣਾ ਚਾਹੀਦਾ ਹੈ ਅਤੇ ਉਹ ਕੰਮ ਕਰਨੇ ਚਾਹੀਦੇ ਹਨ ਜਿਸ ਦੇ ਨਾਲ ਸਾਡੇ ਦੇਸ਼ ਦਾ ਨਾਂ ਉਚਾ ਹੋਵੇ । ਇੰਦਰਾ ਗਾਂਧੀ ਜੀ ਨੇ ਆਪਣੇ ਘਰ ਤੋਂ ਹੀ ਲੜਾਈ ਲੜੀ । ਜਿਸ ਤਰ੍ਹਾਂ ਮਲਾਈ ਦੇ ਵਿੱਚੋਂ ਮੱਖੀ ਬਾਹਰ ਕੱਢ ਕੇ ਸੁੱਟ ਦਿੱਤੀ ਜਾਂਦੀ ਹੈ, ਇਸੇ ਤਰ੍ਹਾਂ ਸਿਆਸੀ ਪੱਟੇਦਾਰ ਜਿਹੜੇ ਸਨ ਉਨ੍ਹਾਂ ਨੂੰ ਪਾਰਟੀ ਵਿਚੋਂ ਕੱਢਿਆ । ਇਸ ਦੇ ਬਾਅਦ ਇੱਕ ਮਰਯਾਦਾ ਨੂੰ ਕਾਇਮ ਕੀਤਾ । ਜਿਸ ਤਰ੍ਹਾਂ ਰਾਮ ਜੀ ਨੇ ਲੰਕਾਂ ਦਾ ਰਾਜ ਭਵੀਖਸ਼ਨ ਨੂੰ ਦਿੱਤਾ ਅਤੇ ਆਪ ਲੰਕਾਂ ਵਿੱਚ ਨਹੀਂ ਗਏ, ਇਸੇ ਤਰ੍ਹਾਂ ਬੰਗਲਾ ਦੇਸ਼ ਵਿੱਚ ਪਾਕਿਸਤਾਨ ਦੇ ਜਦੋਂ 1 ਲੱਖ ਆਦਮੀਆਂ ਨੇ ਹਥਿਆਰ ਸੁੱਟ ਦਿੱਤੇ

Original with;
Punjab Vidhan Sabha
Digitized by;
Panjab Digital Library

ਤਾਂ ਰਾਜ ਬੰਗਲਾ ਦੇਸ਼ ਦੇ ਲੋਕਾਂ ਨੂੰ ਦਿੱਤਾ । ਆਪਣੀ ਮਰਯਾਦਾ ਅਨੁਸਾਰ ਕਿ ਸਾਡੇ ਘਰ ਜਿਹੜਾ ਮਹਿਮਾਨ ਆਵੇ ਉਸਦੀ ਸੇਵਾ ਕਰਨੀ ਚਾਹੀਦੀ ਹੈ, ਉਸਨੂੰ ਕਾਇਮ ਕੀਤਾ । ਬੰਗਲਾ ਦੇਸ਼ ਦੇ 1 ਕਰੋੜ ਆਦਮੀਆਂ ਨੂੰ ਇਥੇ ਸਹਾਰਾ ਦਿੱਤਾ, ਖਾਣਾ ਦਿੱਤਾ, ਕਪੜਾ ਦਿੱਤਾ ਅਤੇ ਦਵਾਈਆਂ ਦਿੱਤੀਆਂ । ਕੁਝ ਦੇਸ਼ਾਂ ਨੇ ਸਾਡੇ ਨੇਤਾ ਦਾ ਮਜ਼ਾਕ ਕੀਤਾ । ਕੁਝ ਦੇਸ਼ਾਂ ਨੇ ਸਾਡੀ ਮਦਦ ਵੀ ਕੀਤੀ । ਅਸੀਂ ਆਪਣੇ ਗੁਰੂਆਂ ਦੀ ਮਰਯਾਦਾ ਨੂੰ ਕਾਇਮ ਰੱਖਿਆ ਕਿ ਜਿਹੜਾ ਸਾਡੇ ਘਰ ਆਉਂਦਾ ਹੈ ਉਸਨੂੰ ਖਾਲੀ ਨਹੀਂ ਜਾਣ ਦੇਣਾ ਅਤੇ ਉਨ੍ਹਾਂ ਦਾ ਮਾਣ ਕਰਨਾ ਹੈ । ਕਈ ਦੇਸ਼ਾਂ ਦਾ ਵਿਚਾਰ ਸੀ ਕਿ ਜਦੋਂ ਬੰਗਲਾ ਦੇਸ਼ ਤੇ ਕਬਜ਼ਾ ਹੋ ਜਾਵੇਗਾ ਤਾਂ ਇੰਦਰਾ ਗਾਂਧੀ ਹੀ ਰਾਜ ਕਰੇਗੀ । ਲੇਕਿਨ ਐਸਾ ਨਹੀਂ ਹੋਇਆ । ਇੰਦਰਾ ਗਾਂਧੀ ਜੀ ਨੇ ਕਿਹਾ ਕਿ ਨਾ ਅਸੀਂ ਆਪਣੇ ਦੇਸ਼ ਦਾ ਹਿੱਸਾ ਕਿਸੇ ਨੂੰ ਦੇਣਾ ਚਾਹੁੰਦੇ ਹਾਂ ਤੇ ਨਾ ਹੀ ਕਿਸੇ ਦੇਸ਼ ਦਾ ਹਿੱਸਾ ਲੈਣਾ ਚਾਹੁੰਦੇ ਹਾਂ । ਜਦੋਂ ਸਾਨੂੰ ਕੋਈ ਛੇੜੇਗਾ ਤਾਂ ਅਸੀਂ ਉਸਦਾ ਮੁਕਾਬਲਾ ਕਰਾਂਗੇ । ਹੁਣ ਐਮਰਜੈਂਸੀ ਲੱਗੀ ਹੈ । ਮੈਂ ਆਪਣੇ ਹਲਕੇ ਵਿੱਚ ਚਾਰ ਕਾਨਫਰੰਸਾਂ ਕੀਤੀਆਂ ਜਿਸਦੇ ਵਿੱਚ ਯਸ਼ ਜੀ ਵੀ ਗਏ । ਹਰ ਕਾਨਫਰੰਸ ਵਿੱਚ, 20, 25 ਹਜ਼ਾਰ ਆਦਮੀ ਇਕੱਠੇ ਹੋਏ । ਉਨ੍ਹਾਂ ਨੇ ਕਿਹਾ ਕਿ ਐਮਰਜੈਂਸੀ ਬਹੁਤ ਅੱਛੀ ਚੀਜ਼ ਹੈ । ਐਮਰਜੈਂਸੀ ਤਾਂ ਮਾੜੇ ਬੰਦਿਆਂ ਵਾਸਤੇ, ਕੁਰੱਪਟ ਬੰਦਿਆਂ ਵਾਸਤੇ ਅਤੇ ਬਲੈਕ ਮਾਰਕੀਟੀਆਂ ਵਾਸਤੇ ਹੈ ਜਿਹੜੇ ਦੇਸ਼ ਧ੍ਰੋਹ ਕਰਦੇ ਹਨ, ਦੂਸਰੇ ਲਕਾਂ ਤੋਂ ਪੈਸਾ ਲੈ ਕੇ ਆਪਣੇ ਦੇਸ਼ ਨੂੰ ਵੇਚਦੇ ਹਨ, ਨੁਕਸਾਨ ਪਹੁੰਚਾਉਂਦੇ ਹਨ । ਅਸੀ ਉਨ੍ਹਾਂ ਦਾ ਮੁਕਾਬਲਾ ਕਰਾਂਗੇ । ਇਹ ਸਾਰੀ ਇੰਦਰਾ ਗਾਂਧੀ ਜੀ ਦੀ ਮੇਹਰਬਾਨੀ ਹੈ । ਮਟੌਰ ਸੈਸ਼ਨ ਵਿੱਚ ਉਨ੍ਹਾਂ ਨੇ ਕਿਹਾ ਸੀ ਕਿ ਮੇਰਾ ਨਾਹਰਾ ਨਾ ਲਗਾਓ, ਗਰੀਬ ਦਾ ਨਾਹਰਾ ਲਗਾਓ ਕਿਉਂਕਿ ਗਰੀਬ ਨੇ ਜਾ ਕੇ ਕਿਹਾ ਸੀ ਕਿ ਤੁਸੀਂ ਅਗਰ ਅਸਤੀਫਾ ਦੇਵੋਗੇ ਤਾਂ ਅਸੀਂ ਪਸੰਦ ਨਹੀਂ ਕਰਾਂਗੇ । ਉਨ੍ਹਾਂ ਨੇ ਕਿਹਾ ਸੀ ਕਿ ਅਸੀਂ ਤੁਹਾਡੇ ਪਸੀਨੇ ਤੇ ਆਪਣਾ ਖੂਨ ਬਹਾਵਾਂਗੇ ਤੇ ਦੇਸ਼ ਨੂੰ ਉੱਚਾ ਕਰਾਂਗੇ । ਇਸ ਕਰਕੇ ਹੀ ਇੰਦਰਾ ਗਾਂਧੀ ਜੀ ਨੇ ਕਿਹਾ ਸੀ ਕਿ ਮੇਰਾ ਨਾਹਰਾ ਨਾ ਲਾਓ, ਗਰੀਬ ਦਾ ਨਾਹਰਾ ਲਗਾਓ ਅਤੇ ਉਨ੍ਹਾਂ ਦੀ ਬਦੌਲਤ ਹੀ ਅਸੀਂ ਅੱਜ ਇਥੇ ਹਾਂ । ਜਿਥੋਂ ਤਕ ਇਨਸਾਫ ਬਾਰੇ ਗੱਲ ਹੈ ਅੱਜ ਇਨਸਾਫ ਸਭ ਨੂੰ ਮਿਲਦਾ ਹੈ । ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਸ ਘਰ ਦੇ ਵਿਚ ਫੈਮਿਲੀ ਦਾ ਹੈਡ ਚੰਗਾ ਹੋਵੇ, ਉਹ ਫੈਮਿਲੀ ਚੰਗੀ ਹੁੰਦੀ ਹੈ, ਜਿਸ ਸ਼ਹਿਰ ਦਾ ਲੀਡਰ ਚੰਗਾ ਹੋਵੇ, ਉਹ ਸ਼ਹਿਰ ਚੰਗਾ ਹੁੰਦਾ ਹੈ, ਜਿਸ ਸੂਬ ਦਾ ਲੀਡਰ ਚੰਗਾ ਹੋਵੇ ਉਹ ਸੂਬਾ ਚੰਗਾ ਹੁੰਦਾ ਹੈ ਅਤੇ ਜਿਸ ਦੇਸ਼ ਦਾ ਨੇਤਾ ਚੰਗਾ ਹੋਵੇ ਉਹ ਦੇਸ਼ ਮਹਾਨ ਹੁੰਦਾ ਹੈ । ਅੱਜ ਸਾਨੂੰ ਫਖਰ ਹੈ ਕਿ ਸਾਡੇ ਦੇਸ਼ ਦੇ ਲੀਡਰ ਚੰਗੇ ਹਾਂ, ਸਾਡੇ ਸੂਬੇ ਦੇ ਲੀਡਰ ਚੰਗੇ ਹਨ ਅਤੇ ਸਾਡਾ ਦੇਸ਼ ਅਤੇ ਸੂਬਾ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਕਰ ਰਹੇ ਹਨ । ਮੈਂ ਇਨ੍ਹਾਂ ਲਫਜ਼ਾਂ ਨਾਲ ਆਪ ਦਾ ਧੰਨਵਾਦ ਕਰਦਾ ਹਾਂ ।

**ਸਰਦਾਰ ਦਰਸ਼ਨ ਸਿੰਘ ਕੇ. ਪੀ.** (ਜਮਸ਼ੇਰ, ਐਸ. ਸੀ) : ਮਾਨਯੋਗ ਚੇਅਰਮੈਨ ਸਾਹਿਬ, ਅੱਜ ਜੋ ਗਵਰਨਰ ਸਾਹਿਬ ਦੇ ਭਾਸ਼ਨ ਤੇ ਵੋਟ ਆਫ਼ ਥੈਂਕਸ ਦੇ ਮਤੇ ਤੇ ਬਹਿਸ ਹੋ ਰਹੀ ਹੈ, ਉਸ ਤੇ ਮੈਂ ਵੀ ਆਪਣੇ ਖਿਆਲਾਤ ਦਾ ਇਜ਼ਹਾਰ ਕਰਨਾ ਚਾਹੁੰਦਾ ਹਾਂ । ਗਵਰਨਰ ਦੇ ਐਡਰੈਸ ਵਿਚ ਸੂਬੇ ਦੀ ਤਰੱਕੀ ਵਾਸਤੇ, ਇੰਡਸਟਰੀ ਵਾਸਤੇ, ਖੇਤੀ ਬਾੜੀ ਵਾਸਤੇ, ਤਾਲੀਮ ਵਾਸਤੇ ਅਤੇ ਗਰੀਬ ਹਰੀਜਨਾਂ ਦੀ ਭਲਾਈ ਵਾਸਤੇ ਜੋ ਦੇਣ ਦਿੱਤੀ ਹੈ, ਉਸ ਦੀ ਮੈਂ ਸ਼ਲਾਘਾ ਕਰਦਾ ਹਾਂ । ਚੇਅਰਮੈਨ ਸਾਹਿਬ, ਸਾਡਾ ਦੇਸ਼, ਸਾਡਾ ਸੂਬਾ ਮਹਾਂਪੁਰਖਾਂ, ਅਵਤਾਰਾਂ ਦਾ ਹੈ । ਮਗਰ ਇਨਸਾਨੀਅਤ ਦਾ ਇਥੇ ਬੜਾ ਫਰਕ ਰਿਹਾ ਹੈ । ਗੁਰੂ ਮਹਾਰਾਜ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਰਸ਼ਨ ਸਿੰਘ ਕੇ.ਪੀ.]

ਅਤੇ ਅਵਤਾਰਾਂ ਦੇ ਦਿਲਾਂ ਵਿਚ ਇਨਸਾਨੀਅਤ ਦੇ ਵਾਸਤੇ ਕੋਈ ਫਰਕ ਨਹੀਂ ਸੀ ਅਤੇ ਉਨ੍ਹਾਂ ਇਹ ਕਿਹਾ ਕਿ ਇਨਸਾਨ ਜੋ ਹੈ, ਉਹ ਇਕ ਰੂਪ ਹੈ, ਇਕੋ ਹੀ ਉਪਮਾ ਹੈ, ਇਕੋ ਹੀ ਚੀਜ਼ ਹੈ। ਮਗਰ ਇਥੇ ਉਚ ਨੀਚ, ਭ੍ਰਸ਼ਟਾਚਾਰ ਇੰਨੀ ਰਹੀ ਜਿਸ ਦਾ ਕੋਈ ਹਿਸਾਬ ਨਹੀਂ। ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਅਤੇ ਬੜੇ ਦੁਖ ਦੀ ਗੱਲ ਹੈ ਕਿ ਅਗਰ ਘਾਟ ਕਿਸੇ ਚੀਜ਼ ਦੀ ਸੀ ਤਾਂ ਘਾਟ ਗਰੀਬੀ ਦੀ ਸੀ, ਘਾਟ ਗੁਲਾਮੀ ਦੀ ਸੀ, ਇਸ ਕਰਕੇ ਜੋ ਇਹ ਘਾਟਾਂ ਸਨ, ਇਹ ਗੁਲਾਮੀ ਦੀ ਵਜ੍ਹਾ ਨਾਲ ਸਨ। 1947 ਤੋਂ ਬਾਅਦ, ਜਦੋਂ ਦੇਸ਼ ਆਜ਼ਾਦ ਹੋਇਆ, ਇਹ ਘਾਟਾ, ਕਮਜ਼ੋਰੀਆਂ ਜੋ ਸਨ, ਛੂਆ ਛੂਤ ਦਾ ਵਾਤਾਵਰਨ ਜੋ ਸੀ, ਮਹਾਤਮਾਂ ਗਾਂਧੀ ਜੀ ਨੇ ਸੰਦੇਸ਼ ਦਿਤਾ ਔਰ ਹੁਕਮ ਦਿਤਾ ਅਤੇ ਇਕ ਕਾਨੂੰਨ ਵੀ ਬਣਿਆ, ਕਿ ਅਗਰ ਕੋਈ ਇਸ ਤਰ੍ਹਾਂ ਦੇ ਇਨਸਾਨ ਨਾਲ ਨਫਰਤ ਕਰੇਗਾ ਤਾਂ ਉਸ ਨੂੰ ਇਕ ਜਾਂ ਦੋ ਸਾਲ ਦੀ ਸਜ਼ਾ ਹੋਵੇਗੀ। ਮੇਰਾ ਖਿਆਲ ਹੈ, ਹੁਣ ਹੋਰ ਵੀ ਇਸ ਬਾਰੇ ਸਖਤ ਕਾਨੂੰਨ ਹੈ, ਜਿਸ ਦਾ ਕਿ ਬਹੁਤ ਚੰਗਾ ਅਸਰ ਪਿਆ ਹੈ। ਇਸ ਤੋਂ ਬਾਅਦ ਸਾਡੇ ਸੂਬੇ ਦੀ ਜੋ ਤਰੱਕੀ, ਸਾਡੇ ਦੇਸ਼ ਦੀ ਜੋ ਤਰੱਕੀ ਦਾ ਵਾਤਾਵਰਨ ਜੋ ਕੋਈ 12—13 ਸਰਕਾਰਾਂ ਪਹਿਲਾਂ ਇਥੇ ਠੀਕ ਨਹੀਂ ਕਰ ਸਕੀਆਂ, ਹੁਣ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੇ ਕੀਤਾ ਹੈ। ਗਿਆਨੀ ਜੀ ਦੀ ਸਰਕਾਰ ਨੂੰ ਸੂਬੇ ਨਾਲ ਕਾਫੀ ਪਿਆਰ ਹੈ ਅਤੇ ਸੂਬੇ ਦੀ ਗਰੀਬ ਜਨਤਾ ਨਾਲ ਕਾਫੀ ਮਿਲਵਰਤਨ ਹੈ ਅਤੇ ਲੋਕਾਂ ਦੀਆਂ ਕਾਫੀ ਤਕਲੀਫਾਤ ਨੂੰ ਠੀਕ ਢੰਗ ਨਾਲ ਇਹ ਸਰਕਾਰ ਹਲ ਕਰ ਰਹੀ ਹੈ। ਮਿਸਾਲ ਦੇ ਤੌਰ ਤੇ ਸਾਨੂੰ ਹਰੀਜਨਾਂ ਨੂੰ ਖਾਸ ਕਰਕੇ ਤਾਲੀਮ ਵਿਚ, ਨੌਕਰੀ ਦੇ ਅਦਾਰਿਆਂ ਵਿਚ, ਜ਼ਮੀਨ ਦੇ ਮਾਮਲੇ ਵਿਚ ਜੋ ਕਮੀ ਸੀ ਅਤੇ ਮਕਾਨ ਬਣਾਉਣ ਦੇ ਵਾਸਤੇ ਜੋ ਕੰਮ ਸੀ, ਉਹ ਇਸ ਸਰਕਾਰ ਨੇ ਪੂਰੀ ਕੀਤੀ ਹੈ ਅਤੇ ਹਰੀਜਨ ਗਰੀਬ ਲੋਕਾਂ ਨੂੰ ਕੋਈ 3 ਜਾਂ ਸਾਢੇ ਤਿੰਨ ਲੱਖ ਪਲਾਟ ਦਿਤੇ ਹਨ ਅਤੇ ਹੋਰ ਵੀ ਦਿੱਤੇ ਜਾਣਗੇ ਅਤੇ ਉਨ੍ਹਾਂ ਪਲਾਟਾਂ ਤੇ ਮਕਾਨ ਵੀ ਬਣਾਏ ਜਾ ਰਹੇ ਹਨ। ਇਸ ਦੇ ਨਾਲ ਖੇਤੀ ਬਾੜੀ ਕਰਨ ਵਾਲੇ ਮੁਜ਼ਾਰਿਆਂ ਨੂੰ ਵੀ ਬੜੀਆਂ ਕਮੀਆਂ ਸਨ ਅਤੇ ਉਨ੍ਹਾਂ ਨੂੰ ਕਿਸੇ ਨੇ ਨਹੀਂ ਸੰਭਾਲਿਆ ਸੀ। ਪਰ ਇਸ ਸਰਕਾਰ ਨੇ ਕਾਫੀ ਚੰਗੇ ਕਦਮ ਚੁਕੇ ਹਨ ਅਤੇ ਲੈਂਡ ਸੀਲਿੰਗ ਦਾ ਕਾਨੂੰਨ ਵੀ ਬਣਾਇਆ ਹੈ, ਜਿਹੜਾ ਕਿ ਕੋਰਟ ਵਿਚ ਚੈਲੰਜ ਕੀਤਾ ਗਿਆ, ਪਰ ਇਸ ਤੋਂ ਪਹਿਲਾਂ ਕਿਸੇ ਸਰਕਾਰ ਨੇ ਲੈਂਡ ਸੀਲਿੰਗ ਦਾ ਬਿਲ ਨਹੀਂ ਲਿਆਂਦਾ (ਥੰਪਿੰਗ)। ਇਸ ਤਰ੍ਹਾਂ ਦਾ ਕਾਨੂੰਨ ਬਣਾ ਕੇ ਸਰਕਾਰ ਨੇ ਬੜਾ ਚੰਗਾ ਕੰਮ ਕੀਤਾ ਹੈ ਤਾਂ ਕਿ ਹੋਰ ਜੋ ਲੋਕੀ ਹਨ, ਖੇਤੀ ਬਾੜੀ ਕਰਦੇ ਹਨ, ਉਨ੍ਹਾਂ ਨੂੰ ਵੀ ਹੱਕ ਮਿਲ ਸਕੇ। ਰੈਵੇਨਿਊ ਮਨਿਸਟਰ ਸਾਹਿਬ ਦੇ ਮਹਿਕਮੇ ਕੋਲ ਕੁਝ, ਮੇਰਾ ਖਿਆਲ ਹੈ, ਜ਼ਮੀਨ ਵੀ ਹੈ ਅਤੇ ਉਨ੍ਹਾਂ ਨੇ ਕੋਈ 78 ਹਜ਼ਾਰ ਏਕੜ ਜ਼ਮੀਨ ਮੁਜ਼ਾਰਿਆਂ ਨੂੰ ਵੰਡੀ ਹੈ, ਜੋ ਗਰੀਬ ਹਰੀਜਨ ਅਤੇ ਰਾਏ ਸਿੱਖ ਅਤੇ ਬਾਲਮੀਕ ਅਤੇ ਕਰਿਸਚਿਅਨ ਵੀ ਜਿਹੜੇ ਹਨ, ਉਨ੍ਹਾਂ ਨੂੰ ਵੀ ਇਹ ਜ਼ਮੀਨ ਦਿਤੀ ਗਈ ਅਤੇ ਹੋਰ ਜ਼ਮੀਨ ਵੀ ਹਰੀਜਨਾਂ ਅਤੇ ਗਰੀਬਾਂ ਨੂੰ ਵੰਡੀ ਜਾ ਰਹੀ ਹੈ। ਇਸ ਦੇ ਨਾਲ ਮਾਸਟਰ ਗੁਰਬੰਤਾ ਸਿੰਘ ਜੀ ਦੇ ਮਹਿਕਮੇ ਐਗਰੀਕਲਚਰ, ਫਾਰੈਸਟ ਦੀ ਵੀ ਕੁਝ ਜ਼ਮੀਨ ਹੈ, ਜਿਹੜੀ ਕਿ ਗਰੀਬਾਂ ਨੂੰ ਵੰਡੀ ਜਾਵੇਗੀ। ਇਸ ਲਈ ਮੈਂ ਮਾਸਟਰ ਜੀ ਨੂੰ ਵੀ ਵਧਾਈ ਦਿੰਦਾ ਹਾਂ। ਫਿਰ ਮੈਂ ਵਿਦਿਆ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਇਸ ਵਿਦਿਆ ਦੇ ਖੇਤਰ ਵਿਚ ਜੋ ਕਮੀ ਸੀ, ਉਸ ਬਾਰੇ ਐਜੂਕੇਸ਼ਨ ਮਨਿਸਟਰ ਸਾਹਿਬ ਨੇ 2 ਹਜ਼ਾਰ ਟੀਚਰਜ਼ ਨੂੰ ਟਰੇਨਿੰਗ ਵਾਸਤੇ ਭੇਜਿਆ ਹੈ; 500 ਬੀ.ਐਡ. ਅਤੇ 1500 ਜੇ.ਬੀ.ਟੀ.। ਲੇਕਿਨ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ 12000 ਟੀਚਰ

Original with;
Punjab Vidhan Sabha
Digitized by;
Panjab Digital Library

ਚਾਹੀਦੇ ਹਨ ਤਾਂ ਹਰੀਜਨਾਂ ਦਾ ਕੋਟਾ ਪੂਰਾ ਹੋ ਸਕੇਗਾ । ਇਸ ਲਈ ਇਹ ਵੀ ਘਾਟ ਹੈ । ਇਸ ਕਰਕੇ ਸਰਕਾਰ ਇਸ ਘਾਟ ਨੂੰ ਪੂਰਾ ਕਰੇ ਅਤੇ ਇਸ ਬਾਰੇ ਕਦਮ ਚੁਕੇ ਜਾਣ । ਇਸ ਦੇ ਨਾਲ ਹਰੀਜਨਾ ਵਾਸਤੇ ਜੋ ਨੌਕਰੀਆਂ ਵਿਚ ਰਿਜ਼ਰਵੇਸ਼ਨ ਦੀ ਕਮੀ ਬੇਸ਼ੀ ਸੀ, ਉਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪਹਿਲਾਂ ਜਿਨੀਆਂ ਵੀ ਸਰਕਾਰਾਂ ਰਹੀਆਂ, ਉਨ੍ਹਾਂ ਨੇ ਇਨ੍ਹਾਂ ਹਰੀਜਨਾਂ ਨੂੰ, ਜਿਹੜੇ ਕਿ ਮੁਗਲਾਂ ਅਤੇ ਅੰਗਰੇਜ਼ਾਂ ਦੇ ਜ਼ਮਾਨੇ ਤੋਂ ਦਬੇ ਚਲੇ ਆ ਰਹੇ ਸਨ, ਨੂੰ ਉਪਰ ਉਠਾਉਣ ਵਾਸਤੇ ਕੋਈ ਖਾਸ ਕੰਮ ਨਹੀਂ ਕੀਤਾ, ਪਰ ਇਸ ਗਿਆਨੀ ਜੀ ਦੀ ਸਰਕਾਰ ਨੇ ਜੋ ਕੁਝ ਚੰਗੇ ਉੱਦਮ ਇਨ੍ਹਾ ਗਰੀਬਾਂ ਲਈ ਕੀਤੇ ਹਨ, ਇਹ ਵਧਾਈ ਦੇ ਹੱਕਦਾਰ ਹਨ । ਇਸ ਸਰਕਾਰ ਨੇ ਜਿਥੇ ਹਰੀਜਨਾਂ ਦੀ ਰਿਜ਼ਰਵੇਸ਼ਨ ਪਹਿਲਾ 20% ਹੁੰਦੀ ਸੀ, ਉਹ ਵਧਾ ਕੇ ਹੁਣ 25 ਤੋਂ ਲੈਕੇ 30% ਕਰ ਦਿੱਤੀ ਹੈ, 5% ਇਸ ਵਿਚ ਬੈਕਵਰਡ ਕਲਾਸਿਜ਼ ਦੇ ਆਉਂਦੇ ਹਨ ਅਤੇ ਜੋ ਸਰਵਿਸ ਦੇ ਵਿਚ ਪਰਮੋਸ਼ਨ ਦੇਣੀ ਸੀ, ਉਸ ਬਾਰੇ ਵੀ 2% ਬੈਕਵਰਡ ਕਲਾਸਿਜ਼ ਵਾਲਿਆਂ ਨੂੰ ਅਤੇ 14% ਸ਼ਿਡਿਊਲਡ ਕਾਸਟਸ ਨੂੰ ਹੱਕ ਦਿਤਾ ਗਿਆ ਹੈ, ਕਿਉਂਕਿ ਇਹ ਲੋਕੀਂ ਦੂਜਿਆਂ ਦੇ ਨਾਲ ਤਾਂ ਰਲ ਨਹੀਂ ਸੀ ਸਕਦੇ । ਇਹ ਵੀ ਸਰਕਾਰ ਨੇ ਬੜਾ ਸ਼ਲਾਘਾਯੋਗ ਕੰਮ ਕੀਤਾ ਹੈ । ਚੇਅਰਮੈਨ ਸਾਹਿਬ, ਥੋੜੀ ਜਿਹੀ ਰੁਕਾਵਟ ਆ ਜਾਂਦੀ ਹੈ ਇਨ੍ਹਾਂ ਗਰੀਬ ਲੋਕਾਂ ਦੀ ਤਰੱਕੀ ਦੇ ਵਿਚ ਕੁਝ ਦੂਜੇ ਲੋਕੀ ਇਹ ਮਹਿਸੂਸ ਕਰਦੇ ਹਨ ਕਿ ਇਨ੍ਹਾਂ ਦੀ ਕਿਸ ਤਰ੍ਹਾਂ ਤਰੱਕੀ ਹੋ ਜਾਂਦੀ ਹੈ । ਜੋ ਹਿਦਾਇਤਾਂ ਵਿਧਾਨ ਵਿਚ ਹਨ, ਸਾਨੂੰ ਉਨ੍ਹਾਂ ਤੇ ਅਮਲ ਕਰਨਾ ਚਾਹੀਦਾ ਹੈ, ਉਨ੍ਹਾਂ ਹਦਾਇਤਾਂ ਨੂੰ ਸਾਨੂੰ ਇਮਾਨਦਾਰੀ ਅਤੇ ਸਰਕਾਰ ਦੀ ਪਾਲਿਸੀ ਦੇ ਮੁਤਾਬਿਕ ਲਾਗੂ ਕਰਨਾ ਚਾਹੀਦਾ ਹੈ ਅਤੇ ਜੋ ਸਾਡੀ ਸਰਕਾਰ ਦੇ ਸੈਕਟਰੀ ਵਗੈਰਾ ਹਨ, ਉਨ੍ਹਾਂ ਨੂੰ ਤਕੜੇ ਹੋ ਕੇ ਸਰਕਾਰ ਦੀ ਪਾਲਿਸੀ ਨੂੰ ਇੰਪਲੀਮੈਂਟ ਕਰਨਾ ਚਾਹੀਦਾ ਹੈ । ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਹਰੀਜਨਾਂ ਅਤੇ ਬੈਕਵਰਡ ਕਲਾਸਿਜ਼ ਵਾਸਤੇ ਰੁਕਾਵਟਾਂ ਹਰ ਮਹਿਕਮੇ ਦੇ ਵਿਚ ਪੈਂਦੀਆਂ ਹਨ । ਸਾਡੀ ਇਕ ਸ਼ੈਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਦੀ ਭਲਾਈ ਲਈ ਕਮੇਟੀ ਹੈ, ਉਸ ਦਾ ਮੈਂ ਵੀ ਮੈਂਬਰ ਹਾਂ । ਅਸੀਂ ਸਰਕਾਰ ਦੇ ਹਰ ਮਹਿਕਮੇ ਨੂੰ ਐਗਜ਼ਾਮਿਨ ਕਰਦੇ ਹਾਂ । ਉਹ ਮਹਿਕਮੇ ਜੋ ਸਾਨੂੰ ਰਿਪੋਰਟ ਕਰਦੇ ਹਨ, ਮੈਂ ਇਥੇ ਦਸ ਨਹੀ ਸਕਦਾ, ਪਰ ਉਨ੍ਹਾਂ ਵਿਚ ਬੜੀਆਂ ਗਲਤੀਆਂ ਹੁੰਦੀਆਂ ਹਨ । ਇਸ ਕਰਕੇ ਮੈਂ ਇਹ ਬੇਨਤੀ ਕਰਾਂਗਾ ਕਿ ਅਫਸਰਾਨ ਸਾਹਿਬਾਨ ਨੂੰ ਸਰਕਾਰ ਦੀ ਪਾਲਿਸੀ ਦੇ ਮੁਤਾਬਿਕ ਹਰੀਜਨਾਂ ਅਤੇ ਬੈਕਵਰਡ ਕਲਾਸਿਜ਼ ਨੂੰ ਨੌਕਰੀ ਵਿਚ ਪਰਮੋਸ਼ਨ ਦੇਣੀ ਚਾਹੀਦੀ ਹੈ ਅਤੇ ਇਸ ਗੱਲ ਦਾ ਪੂਰਾ ਧਿਆਨ ਰੱਖਣਾ ਚਾਹੀਦਾ ਹੈ ਕਿ ਕੋਈ ਕਿਸੇ ਦਾ ਬਗੈਰ ਗੱਲ ਬਾਤ ਤੋਂ ਰਿਕਾਰਡ ਖਰਾਬ ਨਾ ਕਰੇ । ਇਸ ਕਰਕੇ ਮੈਨੂੰ ਇਹ ਯਕੀਨ ਹੈ ਕਿ ਗਿਆਨੀ ਜ਼ੈਲ ਸਿੰਘ ਜੀ ਅਤੇ ਉਨ੍ਹਾਂ ਦੀ ਸਰਕਾਰ ਇਸ ਕਮ ਵਲ ਪੂਰਾ ਧਿਆਨ ਰਖੇਗੀ । ਕਈ ਦਫਾ ਅਸੀਂ ਚੀਫ ਮਨਿਸਟਰ ਸਾਹਿਬ ਨਾਲ ਇਸ ਗੱਲ ਬਾਰੇ ਜ਼ਿਕਰ ਵੀ ਕੀਤਾ ਹੈ । ਇਸ ਦਾ ਚੀਫ ਮਨਿਸਟਰ ਸਾਹਿਬ ਨੇ ਵੀ ਜ਼ਿਕਰ ਕੀਤਾ ਹੈ ਅਤੇ ਮਹਿਕਮੇ ਨੂੰ ਵੀ ਕਈ ਹਦਾਇਤਾਂ ਕੀਤੀਆਂ ਹਨ ਕਿ ਹਰੀਜਨ ਬਰਾਦਰੀ ਦੀ ਭਲਾਈ ਦਾ ਖਾਸ ਖਿਆਲ ਰਖਿਆ ਜਾਵੇ । ਅੱਜ ਜੋ ਕੁਝ ਵੀ ਪੰਜਾਬ ਸਰਕਾਰ ਕਰ ਰਹੀ ਹੈ ਉਹ ਬਹੁਤ ਹੀ ਠੀਕ ਢੰਗ ਨਾਲ ਅਤੇ ਸੁਚੱਜੇ ਤਰੀਕੇ ਨਾਲ ਕਰ ਰਹੀ ਹੈ । ਜੇ ਕਿਸੇ ਖੇਤਰ ਵਿਚ ਕੋਈ ਕਮੀ ਵੀ ਹੈ ਤਾਂ ਉਹ ਪੰਜਾਬ ਸਰਕਾਰ ਪੂਰੀ ਕਰਨ ਲਈ ਪੂਰੀ ਕੋਸ਼ਿਸ਼ ਕਰਦੀ ਹੈ ।

ਚੇਅਰਮੈਨ ਸਾਹਿਬ, ਜੋ ਕਾਰੋਬਾਰ ਦੇ ਮੁਤੱਲਕ ਕਾਰਪੋਰੇਸ਼ਨ ਬਣਾਈ ਗਈ ਹੈ ਉਸ ਵਿਚ ਵੀ ਪੰਜਾਬ ਸਰਕਾਰ ਨੇ ਕਾਫੀ ਵੱਡਾ ਹਿੱਸਾ ਪਾਇਆ ਹੈ । ਜੋ 5 ਕਰੋੜ ਰੁਪਏ ਲਈ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਰਸ਼ਨ ਸਿੰਘ ਕੇ.ਪੀ.]

ਸ਼ਡਿਊਲਡ ਕਾਸਟਸ ਫਾਇਨੈਂਸ ਕਾਰਪੋਰਸ਼ਨ ਬਣਾਈ ਗਈ ਹੈ ਉਸ ਵਿਚ ਹਾਲੇ ਤਕ 4 ਕਰੋੜ ਰੁਪਿਆ ਲਾਇਆ ਹੈ । ਮਗਰ ਮੇਰਾ ਸੁਝਾਵ ਹੈ ਅਤੇ ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਵਿਚ 5 ਕਰੋੜ ਰੁਪਏ ਦੀ ਬਜਾਏ 10 ਕਰੋੜ ਰੁਪਏ ਲਾਏ ਜਾਣ, ਤਾਂਕਿ ਜਿਨ੍ਹਾਂ ਲੋਕਾਂ ਨੂੰ ਜ਼ਮੀਨਾਂ ਮਿਲਦੀਆਂ ਹਨ, ਨਿਲਾਮੀ ਤੇ ਮਿਲਦੀਆਂ ਹਨ, ਉਨ੍ਹਾਂ ਦੀ ਰਜਿਸਟਰੀ ਵਗੈਰਾ ਨਹੀਂ ਕਰਦੇ । ਲੋਨ ਵਾਸਤੇ ਤਕਲੀਫ ਹੁੰਦੀ ਹੈ ਪਰ ਉਨ੍ਹਾਂ ਨੂੰ ਇਥੋਂ ਲੋਨ ਲੈਣਾ ਅਸਾਨ ਹੋਵੇਗਾ ਅਤੇ ਉਨ੍ਹਾ ਨੂੰ ਜਿਹੜੀ ਮੁਸ਼ਕਿਲ ਆਉਂਦੀ ਹੈ ਉਹ ਖਤਮ ਹੋ ਜਾਵੇਗੀ । ਹੁਣ ਜੋ ਜ਼ਮੀਨਾਂ ਉਨ੍ਹਾਂ ਨੂੰ ਮਿਲ ਰਹੀਆਂ ਹਨ ਬਹੁਤ ਘਟੀਆ ਹਨ, ਜਿਹੜੀ ਅਸਲ ਜ਼ਮੀਨ ਉਨ੍ਹਾਂ ਨੂੰ ਮਿਲਣੀ ਚਾਹੀਦੀ ਸੀ, ਉਹ ਨਹੀਂ ਮਿਲ ਰਹੀ, ਉਹ ਤਕੜੇ ਆਦਮੀ ਰਖੀ ਬੈਠੇ ਹਨ । ਉਨ੍ਹਾਂ ਨੂੰ ਇਨ੍ਹਾਂ ਜ਼ਮੀਨਾਂ ਦੀ ਬੇਹਤਰੀ ਵਾਸਤੇ ਪੈਸੇ ਦੀ ਲੋੜ ਹੈ। ਇਸ ਕਾਰਪੋਰੇਸ਼ਨ ਤੇ 10 ਕਰੋੜ ਰੁਪਿਆ ਲਾਉਣ ਨਾਲ ਇਸ ਦੀ ਤਰੱਕੀ ਹੋਵੇਗੀ ਅਤੇ ਇਸ ਨਾਲ ਹਰੀਜਨਾਂ ਦੀ ਬੇਹਤਰੀ ਹੋਵੇਗੀ ।

ਇਕ ਗੱਲ ਮੈਂ ਇੰਡਸਟਰੀ ਦੇ ਮੁਤੱਲਕ ਵੀ ਕਹਿੰਦਾ ਹਾਂ । ਜੋ ਗਰੀਬ ਆਦਮੀ ਇੰਡਸਟਰੀ ਵਿਚ ਕੰਮ ਕਰਦੇ ਹਨ, ਉਨ੍ਹਾਂ ਪਾਸ ਪੈਸਾ ਨਹੀਂ, ਉਨ੍ਹਾਂ ਪਾਸ ਜ਼ਮੀਨਾਂ ਨਹੀਂ, ਉਨ੍ਹਾਂ ਨੂੰ ਵੀ ਸੁਸਾਇਟੀਆਂ ਬਣਾ ਕੇ ਕਾਰਪੋਰੇਸ਼ਨ ਵਿਚੋਂ ਪੈਸਾ ਦਿਤਾ ਜਾ ਸਕਦਾ ਹੈ ਅਤੇ ਇਸ ਤਰ੍ਹਾਂ ਹੋਰ ਵੀ ਕਈ ਤਰੀਕਿਆਂ ਨਾਲ ਉਨ੍ਹਾਂ ਦੀ ਮਦਦ ਕੀਤੀ ਜਾ ਸਕਦੀ ਹੈ ।

ਮੈਂ ਪੰਜਾਬ ਸਰਕਾਰ ਨੂੰ ਫਿਰ ਬੇਨਤੀ ਕਰਦਾ ਹਾਂ ਕਿ ਕਾਰਪੋਰੇਸ਼ਨ ਦਾ ਦਾਇਰਾ ਵਧਾਉਣਾ ਚਾਹੀਦਾ ਹੈ ਇਸ ਨੂੰ ਜ਼ਿਆਦਾ ਏਡ ਦੇਣੀ ਚਾਹੀਦੀ ਹੈ । ਇਸ ਕਾਰਪੋਰੇਸ਼ਨ ਤੋਂ ਜਿਨ੍ਹਾਂ ਲੋਕਾਂ ਨੂੰ ਲੋਨ ਦਿਤਾ ਜਾਂਦਾ ਹੈ ਉਸ ਦਾ ਰੇਟ ਆਫ ਇੰਟਰਸਟ ਵੀ ਘਟ ਹੁੰਦਾ ਹੈ ਅਤੇ ਹੋਰ ਵੀ ਕਈ ਤਰ੍ਹਾਂ ਦੀਆਂ ਸਹੂਲਤਾਂ ਮਿਲ ਜਾਂਦੀਆਂ ਹਨ । ਇਸ ਨਾਲ ਗਰੀਬ ਲੋਕਾਂ ਦੀ ਕਾਫੀ ਤਰੱਕੀ ਹੋ ਸਕਦੀ ਹੈ ।

ਚੇਅਰਮੈਨ ਸਾਹਿਬ, ਜੋ ਪੰਜਾਬ ਸਰਕਾਰ ਨੇ ਹਾਊਸਿੰਗ ਬੋਰਡ ਬਣਾਇਆ ਹੈ ਅਤੇ ਜੋ ਇਸ ਬੋਰਡ ਨੇ ਨਵੀਆਂ ਨਵੀਆਂ ਸਕੀਮਾਂ ਬਣਾਈਆਂ ਹਨ ਉਸ ਲਈ ਮੈਂ ਪੰਜਾਬ ਸਰਕਾਰ ਨੂੰ ਵਧਾਈ ਦਿੰਦਾ ਹਾਂ । ਮੋਹਾਲੀ ਵਿਖੇ ਜੋ ਹਾਊਸਿੰਗ ਬੋਰਡ ਵਲੋਂ ਮਕਾਨ ਬਣਾਏ ਜਾ ਰਹੇ ਹਨ, ਉਨ੍ਹਾਂ ਨੂੰ ਵੇਖ ਕੇ ਬੜੀ ਖੁਸ਼ੀ ਹੁੰਦੀ ਹੈ । ਉਹ ਬੜੀ ਅਛੀ ਤਰ੍ਹਾਂ ਦੇ ਮਕਾਨ ਬਣਾਏ ਜਾ ਰਹੇ ਹਨ । ਮੈਂ ਇਸ ਕੰਮ ਲਈ ਪੰਜਾਬ ਸਰਕਾਰ ਦੀ ਬਹੁਤ ਸ਼ਲਾਘਾ ਕਰਦਾ ਹਾਂ । ਇਸ ਦੇ ਨਾਲ ਹੀ ਮੈਂ ਇਕ ਬੇਨਤੀ ਪੰਜਾਬ ਸਰਕਾਰ ਨੂੰ ਕਰਨੀ ਚਾਹੁੰਦਾ ਹਾਂ ਕਿ ਅੱਜ ਜਿਹੜੇ ਪਿੰਡਾਂ ਵਿਚ 100 ਘਰ ਜਾਂ 80 ਘਰ ਜਾਂ 85 ਘਰਾਂ ਲਈ ਮਕਾਨਾਂ ਲਈ ਪਲਾਟ ਦਿਤੇ ਜਾ ਰਹੇ ਹਨ, ਮੈਂ ਅਰਜ਼ ਕਰਦਾ ਹਾਂ ਕਿ ਇਨ੍ਹਾਂ ਪਲਾਟਾਂ ਦਾ ਕੋਈ ਫਾਇਦਾ ਨਹੀਂ ਜਦੋਂ ਤਕ ਕਿ ਇਥੇ ਪੰਜਾਬ ਸਰਕਾਰ ਦੀ ਮਦਦ ਨਾਲ ਮਕਾਨ ਨਾ ਬਣਾਏ ਜਾਣ । ਇਕ ਗਰੀਬ ਆਦਮੀ ਜਿਸ ਨੂੰ ਪਲਾਟ ਦਿਤਾ ਜਾਂਦਾ ਹੈ ਉਹ ਉਸ ਤੇ ਮਕਾਨ ਨਹੀਂ ਪਾ ਸਕਦਾ ਜਦੋਂ ਤਕ ਪੰਜਾਬ ਸਰਕਾਰ ਵਲੋਂ ਉਸ ਦੀ ਮਦਦ ਨਾ ਹੋਵੇ । ਇਸ ਲਈ ਮੇਰੀ ਬੇਨਤੀ ਹੈ ਕਿ ਉਨ੍ਹਾਂ ਦੀ ਮਕਾਨ ਬਣਾਉਣ ਲਈ ਮਦਦ ਕਰਕੇ ਉਨ੍ਹਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ ਤਾਂਕਿ ਉਹ ਆਪਣਾ ਸਿਰ ਲੁਕੋ ਸਕਣ । ਮੈਨੂੰ ਪੂਰਾ ਵਿਸ਼ਵਾਸ਼ ਹੈ ਕਿ ਮੇਰੀ ਇਸ ਤਜਵੀਜ਼ ਨੂੰ ਸਰਕਾਰ ਜ਼ਰੂਰ ਮੰਨੇਗੀ ।

Original with;
Punjab Vidhan Sabha
Digitized by;
Panjab Digital Library

ਚੇਅਰਮੈਨ ਸਾਹਿਬ, ਹੁਣ ਮੈਂ ਹਰੀਜਨਾਂ ਦੇ ਵਜ਼ੀਫਿਆਂ ਦੇ ਮੁਤੱਲਕ ਅਰਜ਼ ਕਰਦਾ ਹਾਂ । ਮੇਰਾ ਖਿਆਲ ਹੈ ਕਿ ਸਾਡੀ ਸਰਕਾਰ ਨੇ ਇਸ ਬਜਟ ਵਿਚ ਸ਼ਾਇਦ ਵਜ਼ੀਫਿਆਂ ਵਾਸਤੇ ਹੋਰ ਵੀ ਜ਼ਿਆਦਾ ਹਿੱਸਾ ਰਖਿਆ ਹੋਵੇਗਾ । ਜਿਸ ਤਰ੍ਹਾਂ ਪਿਛੇ ਅਖਬਾਰਾਂ ਵਿਚ ਆਇਆ ਹੈ ਗਰੀਬ ਹਰੀਜਨਾਂ ਦੀ ਮਦਦ ਵਾਸਤੇ, ਉਸ ਨੂੰ ਪੜ੍ਹ ਕੇ ਬਹੁਤ ਖੁਸ਼ੀ ਹੋਈ ਹੈ । ਇਸ ਤਰੀਕੇ ਨਾਲ ਗਰੀਬਾਂ ਦੇ ਬੱਚੇ ਵਿਦਿਆ ਹਾਸਲ ਕਰ ਸਕਣਗੇ ਅਤੇ ਉਨ੍ਹਾਂ ਦੇ ਬੱਚਿਆਂ ਦੇ ਕਪੜੇ ਜਿਹੜੇ ਕਿ ਬਹੁਤ ਹੀ ਖਰਾਬ ਅਤੇ ਫਟੇ ਹੁੰਦੇ ਸਨ ਅਤੇ ਉਨ੍ਹਾਂ ਨੂੰ ਇਸ ਤਰ੍ਹਾਂ ਦੇ ਕਪੜੇ ਪਾਉਣ ਦੀ ਇਕ ਆਦਤ ਹੀ ਬਣ ਗਈ ਸੀ, ਪੰਜਾਬ ਸਰਕਾਰ ਦੀ ਮਦਦ ਨਾਲ ਉਨ੍ਹਾਂ ਦੇ ਮਾਪਿਆਂ ਦੇ ਖਰਚ ਦੀ ਹੁਣ ਬਚਤ ਹੋਵੇਗੀ ਅਤੇ ਉਹ ਆਪਣੇ ਬੱਚਿਆਂ ਨੂੰ ਸਾਫ ਸੁਥਰਾ ਅਤੇ ਅੱਛੇ ਢੰਗ ਨਾਲ ਰਖ ਸਕਣਗੇ । ਪਹਿਲੇ ਜਿਹੜਾ 6 ਰੁਪਏ, 13 ਰੁਪਏ, 20 ਰੁਪਏ ਫਿਕਸ ਕੀਤੇ ਹੋਏ ਸੀ ਹੁਣ ਇਸ ਸਰਕਾਰ ਨੇ ਉਹ ਵਧਾ ਕੇ 18, 19 ਅਤੇ 25 ਰੁਪਏ ਕਰ ਦਿਤੇ ਹਨ । ਇਹ ਇਕ ਬਹੁਤ ਹੀ ਸ਼ਲਾਘਾਯੋਗ ਕਦਮ ਹੈ ।

ਚੇਅਰਮੈਨ ਸਾਹਿਬ, ਕਈ ਡਿਪਾਰਟਮੈਂਟਾਂ ਵਿਚ ਮਸਲਨ ਪੁਲਿਸ ਡਿਪਾਰਟਮੈਂਟ ਹੈ ਇਸ ਵਿਚ ਹਰੀਜਨਾਂ ਨੂੰ ਕੁਝ ਮਹਿਸੂਸ ਹੁੰਦਾ ਹੈ ਕਿਉਂਕਿ ਇਸ ਮਹਿਕਮੇ ਵਿਚ ਸਾਡੀ ਗਿਣਤੀ ਕੁਝ ਘਟੀ ਹੈ, ਇਸ ਮਹਿਕਮੇ ਵਿਚ ਕਈ ਅਫਸਰਾਂ ਦੀ ਰੀਜ਼ਰਵੇਸ਼ਨ ਵੀ ਪੂਰੀ ਨਹੀਂ । ਕਈ ਜਗ੍ਹਾ ਐਸ. ਐਚ. ਓ., ਸਬ-ਇਨਸਪੈਕਟਰ ਜਾਂ ਥਾਣੇਦਾਰ ਆਦਿ ਵਿਚ ਪੂਰੀ ਨੁਮਾਇੰਦਗੀ ਨਹੀਂ ਹੈ । ਇਸ ਲਈ ਮੈਂ ਪੰਜਾਬ ਸਰਕਾਰ ਨੂੰ ਪੁਰਜ਼ੋਰ ਬੇਨਤੀ ਕਰਾਂਗਾ ਕਿ ਇਨ੍ਹਾਂ ਵਿਚ ਹਰੀਜਨਾਂ ਦੀ ਨੁਮਾਇੰਦਗੀ ਪੂਰੀ ਕੀਤੀ ਜਾਵੇ । ਕਈ ਲੋਕ ਜੋ ਆਪੋਜ਼ੀਸ਼ਨ ਵਾਲੇ ਹਨ ਸਾਡੇ ਅਕਾਲੀ ਮੈਂਬਰ ਹਨ ਇਹ ਕਈ ਦਫਾ ਲੋਕਾਂ ਨੂੰ ਸਰਕਾਰ ਦੇ ਪ੍ਰਤੀ ਭੜਕਾ ਦਿੰਦੇ ਹਨ ਅਤੇ ਕਈ ਤਰ੍ਹਾਂ ਦੀਆਂ ਝੂਠੀਆਂ ਗੱਲਾਂ ਕਰਕੇ ਲੋਕਾਂ ਨੂੰ ਭੜਕਾ ਦਿੰਦੇ ਹਨ ਅਤੇ ਆਪਸ ਵਿਚ ਝਗੜੇ ਕਰਵਾ ਦਿੰਦੇ ਹਨ । ਇਸ ਤਰ੍ਹਾਂ ਸਰਕਾਰ ਨੂੰ ਪੂਰਾ ਧਿਆਨ ਦੇਣ ਨਾਲ ਇਹ ਆਪੋਜ਼ੀਸ਼ਨ ਦੇ ਮੈਂਬਰਜ਼ ਲੋਕਾਂ ਨੂੰ ਭੜਕਾ ਨਹੀਂ ਸਕਣਗੇ ਅਤੇ ਇਸ ਦਾ ਜੋ ਲੋਕਾਂ ਤੇ ਅਸਰ ਹੋਵੇਗਾ ਉਹ ਵੀ ਬੜਾ ਅਛਾ ਹੋਵੇਗਾ, ਜਿਹੜੇ ਇਸ ਤਰ੍ਹਾਂ ਦੀਆਂ ਲੜਾਉਣ ਵਾਲੀਆਂ ਗੱਲਾਂ ਕਰਦੇ ਹਨ ਉਨ੍ਹਾਂ ਨੂੰ ਡਰ ਹੋਵੇਗਾ ਕਿ ਜੇ ਕੋਈ ਇਸ ਤਰ੍ਹਾਂ ਦੀ ਗੱਲ ਕੀਤੀ ਜਾਂ ਕੋਈ ਹੇਰਾ ਫੇਰੀ ਕੀਤੀ ਜਾਂ ਕੋਈ ਨਜਾਇਜ਼ ਕੰਮ ਕੀਤਾ ਤਾਂ ਫਲਾਂ ਥਾਣੇਦਾਰ ਜਿਹੜਾ ਹੈ ਉਹ ਮਾਫ ਨਹੀਂ ਕਰੇਗਾ । ਇਸ ਕਰਕੇ ਜਿਹੜਾ ਪੁਲਿਸ ਵਿਚ ਸਾਡਾ ਘਾਟਾ ਹੈ ਉਸ ਨੂੰ ਪੂਰਾ ਕੀਤਾ ਜਾਣਾ ਚਾਹੀਦਾ ਹੈ । ਡਿਪਟੀ ਕਮਿਸ਼ਨਰ ਵੀ ਲਏ ਜਾਣ, ਐਸ. ਐਸ. ਪੀ. ਵੀ ਲਏ ਜਾਣ ਅਤੇ ਮੈਂ ਤਾਂ ਕਹਿੰਦਾ ਹਾਂ ਕਿ ਜੇ ਇਸ ਵਾਸਤੇ ਭਾਵੇਂ 50% ਤੋਂ ਵਧ ਵੀ ਰਖ ਲਏ ਜਾਣ ਤਾਂ ਠੀਕ ਹੋਵੇਗਾ । ਮੈਨੂੰ ਉਮੀਦ ਹੈ ਕਿ ਗਿਆਨੀ ਜੀ ਇਸ ਤੇ ਜ਼ਰੂਰ ਗੌਰ ਕਰਨਗੇ ।

ਚੇਅਰਮੈਨ ਸਾਹਿਬ, ਹੁਣ ਮੈਂ ਅੱਜ ਦੇ ਵਾਤਾਵਰਨ ਦੇ ਬਾਰੇ ਵਿਚ ਅਰਜ਼ ਕਰਨੀ ਚਾਹੁੰਦਾ ਹਾਂ । ਚੇਅਰਮੈਨ ਸਾਹਿਬ, ਇਹ ਜਿਹੜੀ ਐਮਰਜੈਂਸੀ ਲਗਾਈ ਗਈ ਹੈ ਇਹ ਬਿਲਕੁਲ ਠੀਕ ਹੈ । ਇਸ ਐਮਰਜੈਂਸੀ ਨੇ ਦੇਸ਼ ਵਿਚ ਇਕ ਨਵਾਂ ਵਾਤਾਵਰਨ ਪੈਦਾ ਕੀਤਾ, ਇਕ ਨਵਾਂ ਖਿਆਲ ਪੈਦਾ ਕੀਤਾ ਹੈ ਅਤੇ ਹੋਰ ਕਈ ਨਵੀਆਂ ਚੀਜ਼ਾਂ ਸਾਬਤ ਕੀਤੀਆਂ ਹਨ । ਅਸੀਂ ਹੈਰਾਨ ਪਰੇਸ਼ਾਨ ਹਾਂ ਕਿ ਪਹਿਲੇ ਅਸੀਂ ਕਿਸ ਤਰ੍ਹਾਂ ਬੈਠੇ ਰਹੇ ਹਾਂ ਪਹਿਲੇ ਸਾਡਾ ਜਮਹੂਰੀ ਢਾਂਚਾ ਕਿਸ ਤਰ੍ਹਾਂ ਚਲ ਰਿਹਾ ਸੀ ਜਿਸ ਦੀ ਜੋ ਮਰਜ਼ੀ ਆਉਂਦੀ ਸੀ ਕਰਦਾ ਰਹਿੰਦਾ ਸੀ । ਕੋਈ ਡਿਸਿਪਲਨ ਨਹੀਂ ਸੀ, ਸਾਰਾ ਦਿਨ ਦਫਤਰਾਂ ਵਿਚ ਬਾਬੂ ਚਾਹ ਪੀਂਦੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਰਸ਼ਨ ਸਿੰਘ ਕੇ.ਪੀ.]

ਰਹਿੰਦੇ ਸਨ ਅਤੇ ਸਰਕਾਰ ਦੀ ਨਿੰਦਾ ਕਰਤੇ ਰਹਿੰਦੇ ਸੀ ਅਤੇ ਅਖਬਾਰਾਂ ਪੜ੍ਹਦੇ ਰਹਿੰਦੇ ਸਨ । ਇਸ ਕਰਕੇ ਜੋ ਐਮਰਜੈਂਸੀ ਲਾਈ ਗਈ ਹੈ, ਇਸ ਨਾਲ ਕਾਫੀ ਸੁਧਾਰ ਹੋਇਆ ਹੈ। ਇਸ ਦੀ ਸਾਨੂੰ ਸ਼ਲਾਘਾ ਕਰਨੀ ਚਾਹੀਦੀ ਹੈ । ਇਸ ਐਮਰਜੈਂਸੀ ਨਾਲ ਹਰ ਇਨਸਾਨ ਨੂੰ ਫਰਜ਼ ਨਿਭਾਉਣ ਦੀ ਹਿੰਮਤ ਦਿਤੀ ਗਈ ਹੈ । ਹੁਣ ਬੜਾ ਅਛਾ ਕੰਮ ਹੋ ਰਿਹਾ ਹੈ । ਸਾਰੇ ਬਾਬੂ ਟਾਇਮ ਸਿਰ ਦਫਤਰ ਜਾਂਦੇ ਹਨ, ਸਾਰੇ ਟੀਚਰਜ਼ ਟਾਇਮ ਤੇ ਸਕੂਲ ਪਹੁੰਚਦੇ ਹਨ । ਕੋਈ ਵੀ ਕਿਸੇ ਵੀ ਕੰਮ ਵਿਚ ਕੋਤਾਹੀ ਨਹੀਂ ਕਰਦਾ । ਪਿਛੇ ਕੀ ਹੁੰਦਾ ਸੀ ਕਿ ਕਿੰਨੇ ਹੀ ਝਗੜੇ ਹੋ ਜਾਂਦੇ ਸਨ । ਮੈਨੂੰ ਯਾਦ ਹੈ ਕਿ ਪਿਛੇ ਇਕ ਸਿਨਮੇ ਵਿਚ ਝਗੜਾ ਹੋਣ ਕਰਕੇ 48 ਲੱਖ ਦੀਆਂ ਬੱਸਾਂ ਫੂਕ ਦਿਤੀਆਂ ਗਈਆਂ ਸਨ । ਪਰ ਅਜ ਇਹੋ ਜਿਹਾ ਵਾਤਾਵਰਨ ਖਤਮ ਹੋ ਗਿਆ ਹੈ । ਅਜ ਕਿਸੇ ਕਿਸਮ ਦਾ ਕੋਈ ਝਗੜਾ ਨਹੀਂ, ਕੋਈ ਸਟਰਾਈਕ ਨਹੀਂ । ਸਾਰਾ ਕੰਮ ਠੀਕ ਢੰਗ ਨਾਲ ਚਲ ਰਿਹਾ ਹੈ । ਐਮਰਜੈਂਸੀ ਤੋਂ ਪਹਿਲਾਂ ਇਥੇ ਬਾਹਰਲੇ ਮੁਲਕਾਂ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਸਨ ਪਰ ਆਪਣੇ ਮੁਲਕ ਦਾ ਕਿਸੇ ਨੂੰ ਪਤਾ ਨਹੀਂ ਸੀ ਹੁੰਦਾ । ਅੱਜ ਹਰ ਇਕ ਨੂੰ ਪਤਾ ਲਗ ਗਿਆ ਹੈ ਆਪਣੀ ਜ਼ਿੰਮੇਵਾਰੀ ਦਾ । ਪਹਿਲੇ ਜਿਹੜੇ ਗਰੀਬ ਆਦਮੀ ਨੂੰ ਸਮਾਜ ਦਾ ਕੋਈ ਅੰਗ ਨਹੀਂ ਸੀ ਸਮਝਿਆ ਜਾਂਦਾ ਅੱਜ ਉਸ ਨੂੰ ਸਮਾਜ ਦਾ ਦੂਸਰਾ ਅੰਗ ਸਮਝਿਆ ਜਾਂਦਾ ਹੈ ।

ਮੇਰਾ ਖਿਆਲ ਹੈ ਕਿ ਅੱਜ ਸਾਡੇ ਸੂਬੇ ਵਿਚ ਹੋਰ ਸਭ ਸੂਬਿਆਂ ਨਾਲੋਂ ਜ਼ਿਆਦਾ ਪਰੋਡਕਸ਼ਨ ਹੋ ਰਹੀ ਹੈ । ਇੰਡਸਟਰੀ ਵਿਚ ਵੀ ਮੇਰਾ ਖਿਆਲ ਹੈ ਕਿ ਅਸੀਂ ਕਾਫੀ ਅਗੇ ਹਾਂ ਅਤੇ ਜੇ ਕੋਈ ਕਮੀ ਹੈ ਤਾਂ ਉਸ ਨੂੰ ਪੰਜਾਬ ਸਰਕਾਰ ਛੇਤੀ ਹੀ ਪੂਰਾ ਕਰ ਰਹੀ ਹੈ । ਮੋਹਾਲੀ ਨੂੰ ਵੇਖ ਕੇ ਤਾਂ ਇੰਝ ਪਤਾ ਲਗਦਾ ਹੈ ਕਿ ਇਹ ਫਰੀਦਾਬਾਦ ਨਾਲੋਂ ਵੀ ਅਗੇ ਵੱਧ ਗਿਆ ਹੈ । ਇਸ ਨੂੰ ਵੇਖ ਕੇ ਬੜੀ ਖੁਸ਼ੀ ਹੁੰਦੀ ਹੈ । ਅਜ ਸਾਡੀ ਪੰਜਾਬ ਸਰਕਾਰ ਇਸ ਐਮਰਜੈਂਸੀ ਨੂੰ ਮੁਖ ਰਖਦੇ ਹੋਏ ਬੜੀ ਤਕੜੀ ਹੋ ਕੇ ਕੰਮ ਕਰ ਰਹੀ ਹੈ ਅਤੇ ਇਹ ਜਿਹੜਾ 20 ਨੁਕਾਤੀ ਪ੍ਰੋਗਰਾਮ ਹੈ ਇਸਨੂੰ ਸਿਰੇ ਚੜ੍ਹਾਉਣ ਲਈ ਪੂਰੀ ਕੋਸ਼ਿਸ਼ ਕਰ ਰਹੀ ਹੈ । ਬਾਕੀ ਹਿੰਦੁਸਤਾਨ ਦੀ ਜੋ ਲੀਡਰਸ਼ਿਪ ਹੈ, ਜੋ ਕੁਝ ਵੀ ਸਾਡੇ ਹਿੰਦੁਸਤਾਨ ਦਾ ਵਾਤਾਵਰਨ ਹੈ ਉਸ ਨੂੰ ਸੁਧਾਰ ਰਹੀ ਹੈ । ਇਸ ਸਬੰਧੀ ਜੋ ਬਾਹਰਲੇ ਦੇਸ਼ ਹਨ ਉਹ ਸਾਡੇ ਲਈ ਕੁਝ ਨਹੀਂ ਕਰ ਸਕਣਗੇ । ਇਸ ਲਈ ਇਹੀ ਠੀਕ ਹੈ ਕਿ ਅਸੀਂ ਹੀ ਹਿੰਦੁਸਤਾਨ ਦੀ ਸ਼ਾਨ ਵਧਾਈਏ । ਇਨ੍ਹਾਂ ਸ਼ਬਦਾਂ ਨਾਲ ਜੋ ਗਵਰਨਰ ਸਾਹਿਬ ਦੇ ਭਾਸ਼ਨ ਤੇ ਮਤਾ ਪੇਸ਼ ਹੈ ਮੈਂ ਇਸ ਦਾ ਸਮਰਥਨ ਕਰਦਾ ਹਾਂ ਅਤੇ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਵਕਤ ਦਿਤਾ ਹੈ ।

**ਚੌਧਰੀ ਜਗਤ ਰਾਮ** : ਚੇਅਰਮੈਨ ਸਾਹਿਬ, ਮੈਂਬਰਾਂ ਨੂੰ ਵੀ ਹਦਾਇਤ ਕਰ ਦਿਓ ਕਿ ਉਹ ਆਪਣੀਆਂ ਆਪਣੀਆਂ ਸੀਟਾਂ ਤੇ ਬੈਠਣ ।

**ਕਾਮਰੇਡ ਜੰਗੀਰ ਸਿੰਘ ਜੋਗਾ** (ਮਾਨਸਾ) : ਚੇਅਰਮੈਨ ਸਾਹਿਬ, ਗਵਰਨਰ ਸਾਹਿਬ ਦੇ ਧੰਨਵਾਦ ਦੇ ਮਤੇ ਦੇ ਉਤੇ ਆਪਣੇ ਖਿਆਲਾਤ ਰੱਖਣ ਲਈ ਮੈਂ ਖੜਾ ਹੋਇਆ ਹਾਂ । ਜਿੱਥੇ ਬਹੁਤ ਸਾਰਿਆਂ ਮਸਲਿਆਂ ਦਾ ਹੱਲ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਦੇ ਵਿਚ ਕੀਤਾ ਹੈ, ਉਥੇ ਬਹੁਤ ਸਾਰੇ ਜਿਹੜੇ ਕਈ ਮਸਲੇ ਹਨ ਜਿਹੜੇ ਬਿਲਕੁਲ ਅਧੂਰੇ ਰਹਿ ਗਏ ਹਨ ਮੈਂ ਚਾਹੁੰਦਾ ਹਾਂ ਕਿ ਕੈਬਨਿਟ ਦਾ ਧਿਆਨ ਉਨ੍ਹਾਂ ਮਸਲਿਆਂ ਵਲ ਦਿਵਾਵਾਂ । ਸਾਡੇ ਸੂਬੇ ਦੀ 70% ਆਬਾਦੀ ਖੇਤੀ ਬਾੜੀ ਉਤੇ ਗੁਜ਼ਾਰਾ ਕਰਦੀ ਹੈ ਔਰ ਅਗਰ ਖੇਤੀ ਚੰਗੀ ਹੈ,

Original with;
Punjab Vidhan Sabha
Digitized by;
Panjab Digital Library

ਕਿਸਾਨ ਖੁਸ਼ਹਾਲ ਹੈ ਤਾਂ ਉਸ ਦਾ ਨਤੀਜਾ ਹੈ ਕਿ ਇੰਡਸਟਰੀ ਜਾਂ ਹੋਰ ਜਿਤਨੇ ਵੀ ਕਿੱਤੇ ਹਨ ਉਹ ਖੇਤੀ ਬਾੜੀ ਕਰਕੇ ਹੀ ਖੁਸ਼ਹਾਲ ਹੁੰਦੇ ਹਨ । ਪਰ ਪਿਛਲੇ ਸਾਲ ਤੋਂ ਲਗਾਤਾਰ ਇਨ੍ਹਾਂ ਦੀਆਂ ਜਿਣਸਾਂ ਦੀਆਂ ਕੀਮਤਾਂ ਗਿਰਦੀਆਂ ਜਾ ਰਹੀਆਂ ਹਨ । ਗੌਰਮਿੰਟ ਨੇ ਕਣਕ ਦਾ ਭਾਅ ਮੁਕੱਰਰ ਕਰ ਦਿੱਤਾ ਹੈ ਔਰ ਭਾਅ ਹੀ ਮੁਕੱਰਰ ਨਹੀਂ ਕੀਤਾ ਸਗੋਂ ਮਾਰਕੀਟ ਦੇ ਵਿਚੋਂ ਆਪ ਜਾ ਕੇ ਵੀ ਖਰੀਦ ਕੀਤੀ ਹੈ । ਜਿਸ ਨਾਲ ਕਿਸਾਨ ਦੀ ਜਿਣਸ ਦੇ ਭਾਅ ਨਹੀਂ ਗਿਰੇ । ਪਰ ਹੋਰ ਬਹੁਤ ਸਾਰੀਆਂ ਜਿਣਸਾਂ ਐਸੀਆਂ ਹਨ ਜਿਨ੍ਹਾਂ ਦੇ ਭਾਅ ਲਗਾਤਾਰ ਨੀਚੇ ਗਿਰੇ ਹਨ, ਕਪਾਹ, ਮੂੰਗਫਲੀ, ਝੋਨਾ ਹੈ, ਇਹਨਾਂ ਦੀਆਂ ਕੀਮਤਾਂ ਲਗਾਤਾਰ ਡਿੱਗ ਰਹੀਆਂ ਹਨ । ਜਿੱਥੋਂ ਤਕ ਕਪਾਹ ਦਾ ਤੁਅੱਲਕ ਹੈ, ਤਿੰਨ ਚਾਰ ਜ਼ਿਲ੍ਹੇ ਜਿਹੜੇ ਇਸ ਦੀ ਪੈਦਾਵਾਰ ਜ਼ਿਆਦਾ ਕਰਦੇ ਹਨ ਜੈਸਾ ਕਿ ਫਰੀਦਕੋਟ ਹੈ, ਬਠਿੰਡਾ, ਫਿਰੋਜ਼ਪੁਰ ਹੈ, ਉਨ੍ਹਾਂ ਇਲਾਕਿਆਂ ਵਿਚ ਕਪਾਹ ਦੀ ਮੇਨ ਫਸਲ ਹੁੰਦੀ ਹੈ । ਪਰ ਪੰਦਰਾਂ ਪੰਦਰਾਂ ਦਿਨ ਮੰਡੀ ਵਿਚੋਂ ਕਪਾਹ ਨਹੀਂ ਚੁੱਕੀ ਜਾਂਦੀ । ਪੰਦਰਾਂ ਦਿਨ ਬੋਲੀ ਨਹੀਂ ਲਗਦੀ । ਮੰਡੀ ਦੇ ਵਿਚ ਦੋ ਦੋ ਚਾਰ ਚਾਰ ਕਾਰਖਾਨੇ ਹਨ । ਉਹ ਕਾਰਖਾਨੇਦਾਰ ਕੀ ਕਰਦੇ ਹਨ । ਸਿਰਫ ਇਕ ਹੀ ਕਾਰਖਾਨਾ ਚਾਲੂ ਰਖਦੇ ਹਨ, ਦੋ ਬੰਦ ਕਰ ਦਿੰਦੇ ਹਨ । ਇਸ ਲਈ ਜਿੱਥੇ ਐਮਰਜੈਂਸੀ ਹੋਰ ਕੰਮਾਂ ਲਈ ਵਰਤੀ ਜਾਂਦੀ ਹੈ, ਉਹਨਾਂ ਕਾਰਖਾਨਿਆਂ ਨੂੰ ਚਲਾਉਣ ਵਾਸਤੇ ਵੀ ਵਰਤਣੀ ਚਾਹੀਦੀ ਹੈ । ਮੇਰੇ ਹਲਕੇ ਵਿਚ ਵੇਲਣੇ ਦਾ ਕਾਰਖਾਨਾ ਹੈ । ਪਰ ਕਾਰਖਾਨੇਦਾਰ ਕੀ ਕਰਦੇ ਹਨ ਕਿ ਉਹ ਪੂਲ ਕਰ ਲੈਂਦੇ ਹਨ ਤਾਂ ਕਿ ਕਪਾਹ ਦੀ ਕੀਮਤ ਨੀਚੇ ਦੀ ਸਤਾਹ ਤੇ ਆ ਜਾਵੇ । ਅੱਜ ਲਗਾਤਾਰ ਭਾਅ ਡਿਗ ਰਹੇ ਹਨ । ਇਸ ਤਰ੍ਹਾਂ ਹੀ ਮੂੰਗਫਲੀ ਦਾ ਹਾਲ ਹੈ । ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਕਪਾਹ ਕਾਰਪੋਰੇਸ਼ਨ ਜਿਹੜੀ ਹੈ ਉਹ ਬੰਬਈ ਦੀ ਕਪਾਹ ਤਾਂ ਖਰੀਦਦੀ ਹੈ ਪਰ ਸਾਡੇ ਪੰਜਾਬ ਦੇ ਵਿਚ ਉਹ ਨਹੀਂ ਪਹੁੰਚਦੀ । ਮੈਂ ਗੌਰਮਿੰਟ ਨੂੰ ਕਹਾਂਗਾ ਕਿ ਉਹ ਇਸ ਗੱਲ ਵੱਲ ਤਵੱਜੋ ਦੇਣ ਔਰ ਸੈਂਟਰ ਦੀ ਸਰਕਾਰ ਨੂੰ ਮਜਬੂਰ ਕਰਨ ਕਿ ਉਹ ਕਾਰਪੋਰੇਸ਼ਨ ਵਾਲਿਆਂ ਨੂੰ ਸਾਡੇ ਜ਼ਿਲ੍ਹਿਆਂ ਵਿਚ ਭੇਜੇ ਔਰ ਉਥੋਂ ਕਪਾਹ ਖਰੀਦੇ ਤਾਂ ਕਿ ਕਿਸਾਨ ਨੂੰ ਠੀਕ ਨਿਰਖ ਮਿਲ ਸਕੇ ਔਰ ਜਿਹੜੇ ਕਾਰਖਾਨੇਦਾਰ ਹਨ ਉਹ ਪੂਲ ਨਾ ਕਰ ਸਕਣ ਅਤੇ ਕਿਸਾਨ ਦੀ ਜਿਹੜੀ ਕੀਮਤ ਲਗੀ ਹੋਈ ਹੈ ਉਹ ਤਾਂ ਉਸ ਨੂੰ ਮੁੜ ਆਵੇ ।

ਚੇਅਰਮੈਨ ਸਾਹਿਬ, ਇਸ ਤਰ੍ਹਾਂ ਹੀ ਝੋਨੇ ਦੀ ਗੱਲ ਹੈ । ਝੋਨੇ ਦਾ 130 ਰੁਪਏ ਬਾਸਮਤੀ ਦਾ ਸਰਕਾਰ ਨੇ ਭਾਅ ਮੁਕੱਰਰ ਕੀਤਾ ਹੈ ਪਰ ਝੋਨਾ ਤਾਂ 86 ਰੁਪਏ ਤੋਂ ਜ਼ਿਆਦਾ ਕੀਮਤ ਤੇ ਨਹੀਂ ਵਿਕ ਰਿਹਾ । ਜੇਕਰ ਗੌਰਮਿੰਟ ਇਸ ਦੇ ਵਿਚ ਦਖਲ ਦੇਵੇ ਤਾਂ ਜਿਹੜੇ ਪੂਲ ਕਰਦੇ ਹਨ ਉਹ ਨਾ ਕਰਨ ਅਤੇ ਕਿਸਾਨ ਨੂੰ ਪੂਰੀਆਂ ਕੀਮਤਾਂ ਉਸ ਦੀ ਜਿਣਸ ਦੀਆਂ ਮਿਲਣ । ਹੁਣ ਜਿਹੜਾ ਝੋਨਾ ਹੁੰਦਾ ਹੈ ਉਸ ਨੂੰ ਸੈਲਰਾਂ ਵਾਲੇ ਲੈ ਜਾਂਦੇ ਹਨ । ਸੈਲਰਾਂ ਵਾਲੇ ਮੁਨਾਫਾ ਕਮਾਉਂਦੇ ਹਨ ਔਰ ਕਿਸਾਨ ਦੀ ਇਸ ਤਰ੍ਹਾਂ ਜਿਹੜੀ ਜਿਣਸ ਹੈ ਉਸ ਦਾ ਭਾਅ ਡਿੱਗ ਰਿਹਾ ਹੈ । ਪਰ ਜਿੱਥੇ ਭਾਅ ਡਿਗ ਰਹੇ ਹਨ, ਉਥੇ ਖਰਚੇ ਬੜ੍ਹ ਰਹੇ ਹਨ । ਉਸ ਦਾ ਕਾਰਣ ਇਹ ਹੈ ਕਿ ਨਰਮੇ ਦੇ ਉਤੇ ਦਵਾਈਆਂ ਜਿਹੜੀਆਂ ਛਿੜਕਦੇ ਹਾਂ ਕਈਆਂ ਦੀ ਤਾਂ ਮੌਤ ਹੋ ਜਾਂਦੀ ਹੈ ਔਰ ਫਿਰ ਦਵਾਈਆਂ ਬਹੁਤ ਮਹਿੰਗੀਆਂ ਆਉਂਦੀਆਂ ਹਨ । ਖਾਦ ਦੀ ਕੀਮਤ ਬਹੁਤ ਵੱਧ ਹੈ । ਜੇਕਰ ਖਾਦ ਦੀ ਕੀਮਤ ਘੱਟ ਹੋਈ ਹੈ ਤਾਂ ਮਾਮੂਲੀ ਜਿਹਾ ਫਰਕ ਪਿਆ ਹੈ । ਇਸ ਤਰ੍ਹਾਂ ਹੀ ਹੋਰ ਚੀਜ਼ਾਂ ਜਿਹੜੀਆਂ ਹਨ ਉਹ ਮਹਿੰਗੀਆਂ ਹੋਈਆਂ ਹਨ । ਮਜ਼ਦੂਰੀ ਵਧੀ ਹੈ, ਮਜ਼ਦਰ ਦੀ ਉਜਰਤ ਵਧੀ ਹੈ । ਮੈਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਜੰਗੀਰ ਸਿੰਘ ਜੋਗਾ]

ਕਹਿੰਦਾ ਹਾਂ ਕਿ ਇਹ ਤਾਂ ਚੰਗੀ ਗੱਲ ਹੈ ਕਿ ਮਜ਼ਦੂਰ ਦੀ ਉਜਰਤ ਵਧੀ ਹੈ ਪਰ ਇਸ ਦੇ ਵਿਚ ਲਾਜ਼ਮੀ ਹੈ ਕਿ ਕਿਸਾਨ ਦੀ ਜਿਣਸ ਦੀਆਂ ਕੀਮਤਾਂ ਵੀ ਉਸ ਨੂੰ ਠੀਕ ਦਿਵਾਈਆਂ ਜਾਣ । ਮੈਨੂੰ ਮਾਸਟਰ ਜੀ ਨੂੰ ਮਲੋਟ ਵਿਖੇ ਮਿਲਣ ਦਾ ਮੌਕਾ ਮਿਲਿਆ ਸੀ ਤਾਂ ਉਨ੍ਹਾਂ ਨੂੰ ਮੈਂ ਦੱਸਿਆ ਸੀ । ਉਨ੍ਹਾਂ ਨੇ ਖੇਤੀ ਬਾੜੀ ਨੂੰ ਉੱਚਾ ਕਰਨ ਵਿਚ ਬੜਾ ਯਤਨ ਕੀਤਾ ਹੈ ਪਰ ਮੰਡੀ ਵਿਚ ਪੰਦਰਾਂ ਪੰਦਰਾਂ ਦਿਨ ਬੋਲੀ ਹੀ ਨਹੀਂ ਲਗਦੀ । ਇਸ ਤਰ੍ਹਾਂ ਹੀ ਕਿਸਾਨ ਪੰਦਰਾਂ ਪੰਦਰਾਂ ਦਿਨ ਮੰਡੀ ਵਿਚ ਕਪਾਹ ਦੀ ਰਾਖੀ ਰਖਦਾ ਹੈ । ਇਸ ਲਈ ਮੇਰੀ ਅਰਜ਼ ਹੈ ਕਿ ਇਸ ਪਾਸੇ ਵਲ ਖਾਸ ਧਿਆਨ ਦੇਣਾ ਚਾਹੀਦਾ ਹੈ । ਫਿਰ ਬਿਜਲੀ ਦਾ ਫਲੈਟ ਰੇਟ ਜਿਹੜਾ ਹੈ ਇਹ ਇਕ ਸਾਲ ਦੇ ਅੰਦਰ ਹੀ ਤਿੰਨ ਗੁਣਾ ਦੇ ਕਰੀਬ ਕਰ ਦਿਤਾ ਹੈ । ਅੱਜ ਜਿਹੜੀ ਮੋਟਰ ਪੰਜ ਹਾਰਸ ਪਾਵਰ ਦੀ ਹੈ, ਉਸ ਦਾ ਰੇਟ 97 ਰੁਪਏ ਕਰ ਦਿੱਤਾ ਗਿਆ ਹੈ । ਮੇਰੀ ਅਰਜ਼ ਹੈ ਕਿ ਬਿਜਲੀ ਦਾ ਆਬਿਆਨਾ ਵਧਾਇਆ ਹੈ । ਇਸ ਵਾਸਤੇ ਉਸ ਦੀਆਂ ਜਿਣਸਾਂ ਜਿਹੜੀਆਂ ਹਨ ਉਨ੍ਹਾਂ ਦਾ ਠੀਕ ਨਿਰਖ ਉਸ ਨੂੰ ਦੇਣਾ ਚਾਹੀਦਾ ਹੈ। ਜੇਕਰ ਬਿਜਲੀ ਮਹਿੰਗੀ ਹੋ ਗਈ ਹੈ ਤਾਂ ਉਸ ਹਿਸਾਬ ਨਾਲ ਕਿਸਾਨ ਦੀ ਫਸਲ ਦੀ ਕੀਮਤ ਵੀ ਜ਼ਿਆਦਾ ਮਿਲਣੀ ਚਾਹੀਦੀ ਹੈ ।

ਚੇਅਰਮੈਨ ਸਾਹਿਬ, ਗੌਰਮਿੰਟ ਕਹਿੰਦੀ ਹੈ ਕਿ ਅਸੀਂ ਪਾਣੀ ਦੇਣਾ ਹੈ । ਮੇਰੇ ਜ਼ਿਲ੍ਹੇ ਬਠਿੰਡੇ ਦੇ ਵਿਚ ਟਿਊਬਵੈਲ ਤਾਂ ਕਾਮਯਾਬ ਨਹੀਂ ਹੁੰਦੇ ਕਿਉਂਕਿ ਨੀਚੇ ਦੀ ਸਤਾਹ ਤੇ ਪਾਣੀ ਮਾੜਾ ਹੈ । ਜੇਕਰ ਟਿਊਬਵੈਲ ਵੀ ਲਗਾਉਣਾ ਹੋਵੇ ਤਾਂ 25/26 ਹਜ਼ਾਰ ਰੁਪਏ ਵਿਚ ਲਗਦਾ ਹੈ । ਇਸ ਲਈ ਮੈਂ ਕਹਿੰਦਾ ਹਾਂ ਕਿ ਜਿਹੜੇ ਰਜਵਾਹੇ ਹਨ, ਉਨ੍ਹਾਂ ਨੂੰ ਪੱਕਿਆਂ ਕੀਤਾ ਜਾਵੇ ਤਾਂ ਕਿ ਪਾਣੀ 25% ਵਧ ਸਕੇ । ਔਰ ਜਿਹੜੀ ਸਰਕਾਰ ਦੀ ਖਾਲ ਪੱਕੇ ਕਰਨ ਦੀ ਸਕੀਮ ਹੈ, ਚੰਗੀ ਹੈ ਪਰ ਬੈਂਕ ਰੁਪਿਆ ਨਹੀਂ ਦਿੰਦੇ । ਇਸ ਲਈ ਖਾਲਿਆਂ ਦਾ ਕੰਮ ਵੀ ਬੰਦ ਪਿਆ ਹੈ । ਇਸ ਲਈ ਮੈਂ ਸਰਕਾਰ ਨੂੰ ਕਹਾਂਗਾ ਕਿ ਪਹਿਲਾਂ ਰਜਵਾਹੇ ਪੱਕੇ ਕੀਤੇ ਜਾਣ । ਜੇਕਰ ਇਹ ਪੱਕੇ ਕੀਤੇ ਜਾਣ ਤਾਂ 25% ਪਾਣੀ ਵੱਧ ਜਾਂਦਾ ਹੈ ਔਰ ਇਸ ਨਾਲ ਫਸਲ ਵਿਚ ਹੋਰ ਵਾਧਾ ਹੁੰਦਾ ਹੈ । ਰੰਧਾਵਾ ਸਾਹਿਬ ਨੇ ਇਹ ਬੜਾ ਚੰਗਾ ਕੰਮ ਕੀਤਾ ਹੈ ਜਿਹੜਾ ਕਿ ਪੰਚਾਇਤਾਂ ਦਾ ਡਾਇਰੈਕਟੋਰੇਟ ਬਣਾਇਆ ਹੈ । ਪਰ ਪੰਚਾਇਤਾਂ ਦੇ ਕੰਮ ਵਿਚ ਉਣਤਾਈ ਹੈ । ਉਹ ਇਹ ਹੈ ਕਿ ਪੰਚਾਇਤਾਂ ਦੀਆਂ ਜ਼ਮੀਨਾਂ ਕਈਆਂ ਲੋਕਾਂ ਨੇ ਦੱਬੀਆਂ ਹੋਈਆਂ ਹਨ । ਇਸ ਤਰ੍ਹਾਂ ਦੀ ਹਜ਼ਾਰਾਂ ਏਕੜ ਜ਼ਮੀਨ ਹੈ । ਉਸ ਨੂੰ ਕਢਾਉਣ ਵਾਸਤੇ ਪੰਚਾਇਤਾਂ ਨੂੰ ਅਦਾਲਤਾਂ ਵਿਚ ਜਾਣਾ ਪੈਂਦਾ ਹੈ । ਉਨ੍ਹਾਂ ਦਾ ਖਰਚ ਵੀ ਪੰਚਾਇਤਾਂ ਤੇ ਪੈਂਦਾ ਹੈ । ਅਦਾਲਤਾਂ ਦਾ ਕੰਮ ਤੁਸੀਂ ਜਾਣਦੇ ਹੋ ਜਿਸ ਤਰ੍ਹਾਂ ਦਾ ਹੁੰਦਾ ਹੈ । ਇਸ ਲਈ ਕੋਈ ਸਪੈਸ਼ਲ ਬਿੱਲ ਲਿਆਂਦਾ ਜਾਵੇ ਕਿ ਜਿਹੜੀਆਂ ਪੰਚਾਇਤਾਂ ਦੀਆਂ ਜ਼ਮੀਨਾਂ ਉੱਤੇ ਨਾਜਾਇਜ਼ ਕਬਜ਼ੇ ਕੀਤੇ ਹੋਏ ਹਨ ਉਹ ਛੱਡ ਦਿਤੇ ਜਾਣ ਔਰ ਉਹ ਬਗੈਰ ਅਦਾਲਤ ਵਿਚ ਜਾਣ ਦੇ ਛੁਡਾ ਲਏ ਜਾਣ । ਇਸ ਲਈ ਜਿਹੜਾ ਵੀ ਮਹਿਕਮਾ ਇਸ ਨਾਲ ਤੁਅੱਲਕ ਰਖਦਾ ਹੈ ਉਹ ਇਸ ਤਰ੍ਹਾਂ ਦੀ ਸਾਰੀ ਜ਼ਮੀਨ ਨੂੰ ਕਬਜ਼ੇ ਵਿਚ ਕਰੇ ਜਾਂ ਪੰਚਾਇਤਾਂ ਨੂੰ ਲੈ ਕੇ ਦੇਵੇ । ਸੋ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪਹਿਲਾਂ ਪਿੰਡਾਂ ਦੇ ਵਿਚ ਬੜੇ ਪਸ਼ੂ ਆਵਾਰਾ ਹੋ ਗਏ ਸੀ ਔਰ ਲੁਧਿਆਣੇ ਵਿਚ ਉਨ੍ਹਾਂ ਨੂੰ ਰੱਖਣ ਦਾ ਇੰਤਜ਼ਾਮ ਕੀਤਾ ਜਾਂਦਾ ਸੀ । ਉਥੇ ਉਨ੍ਹਾਂ ਨੂੰ ਰੱਖਿਆ ਜਾਂਦਾ ਸੀ । ਆਵਾਰਾ ਪਸ਼ੂਆਂ ਦੇ ਹੱਥੋਂ ਬਠਿੰਡਾ ਜ਼ਿਲ੍ਹਾ ਤਾਂ ਅੱਜ ਉਜੜਨ ਤੇ ਆਇਆ ਹੋਇਆ ਹੈ । ਦੋ ਹਜ਼ਾਰ ਗਊਆਂ ਹਨ । ਸੰਗਰੂਰ ਅਤੇ ਬਠਿੰਡੇ

Original with;
Punjab Vidhan Sabha
Digitized by;
Panjab Digital Library

ਦੇ ਡਿਪਟੀ ਕਮਿਸ਼ਨਰ ਨੇ ਰਿਪੋਰਟ ਭੇਜੀ ਹੈ ਕਿ ਉਨ੍ਹਾਂ ਆਵਾਰਾ ਪਸ਼ੂਆਂ ਨੂੰ ਫੜਿਆ ਜਾਵੇ। ਰੰਧਾਵਾ ਸਾਹਿਬ ਜਦੋਂ ਬਠਿੰਡੇ ਦੌਰੇ ਤੇ ਗਏ ਤਾਂ ਲੋਕਾਂ ਨੇ ਇਨ੍ਹਾਂ ਨੂੰ ਵੀ ਅਰਜ਼ ਕੀਤੀ ਸੀ। ਉਥੇ ਦੋ ਦੋ ਹਜ਼ਾਰ ਗਊਆਂ ਦਾ ਵੱਗ ਹੁੰਦਾ ਹੈ ਜਿੱਥੇ ਵੀ ਫਸਲ ਵੇਖਦਾ ਹੈ ਉਸ ਦਾ ਸਤਿਆਨਾਸ ਕਰ ਜਾਂਦਾ ਹੈ। ਇਸ ਲਈ ਸਰਕਾਰ ਨੂੰ ਇਸ ਵਲ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਨੂੰ ਫੜਨ ਵਾਸਤੇ ਇੰਤਜ਼ਾਮ ਕਰਨਾ ਚਾਹੀਦਾ ਹੈ ਤਾਂਕਿ ਕਿਸਾਨ ਜਿਹੜੇ ਉਨ੍ਹਾਂ ਦੇ ਹੱਥੋਂ ਦੁਖੀ ਹਨ, ਉਹ ਸੁੱਖ ਦਾ ਸਾਹ ਲੈ ਸਕਣ। ਫਿਰ ਇਕੱਲਾ ਆਦਮੀ ਉਨ੍ਹਾਂ ਨੂੰ ਫਸਲ ਵਿਚੋਂ ਕੱਢ ਨਹੀਂ ਸਕਦਾ ਕਿਉਂਕਿ ਕਈ ਸਾਂਢ ਵੀ ਐਸੇ ਹੋ ਗਏ ਹਨ। ਇਸ ਲਈ ਦਸ ਦਸ ਪੰਦਰਾਂ ਪੰਦਰਾਂ ਆਦਮੀ ਜਾ ਕੇ ਵੱਗ ਨੂੰ ਕੱਢਦੇ ਹਨ। ਇਸ ਲਈ ਮੈਂ ਮਾਸਟਰ ਜੀ ਨੂੰ ਕਹਾਂਗਾ ਕਿ ਉਨ੍ਹਾਂ ਦਾ ਮਹਿਕਮਾ ਹੈ, ਉਹ ਇਸ ਵੱਲ ਤਵੱਜੋ ਦੇਣ ਅਤੇ ਇਹਨਾਂ ਨੂੰ ਫੜਨ ਦਾ ਇੰਤਜ਼ਾਮ ਕੀਤਾ ਜਾਵੇ। ਇਹ ਨਾ ਹੋਵੇ ਕਿ ਉਹ ਕਿਸਾਨਾਂ ਨੂੰ ਖਾ ਜਾਣ।

(ਇਸ ਸਮੇਂ ਸਰਦਾਰ ਦਰਬਾਰਾ ਸਿੰਘ ਅਤੇ ਚੌਧਰੀ ਦਰਸ਼ਨ ਸਿੰਘ ਕਿਸੇ ਹੋਰ ਮਾਨ-ਯੋਗ ਮੈਂਬਰ ਦੀ ਸੀਟ ਤੇ ਬੈਠੇ ਸਨ)

**ਸਰਦਾਰ ਦਰਬਾਰਾ ਸਿੰਘ** : ** ** **

**Mr. Chairman** : It is not point of order. It should not form part of the proceedings. I am sorry to say that the hon'ble Member who had been the Speaker is speaking from the seat of another hon'ble Member.

**ਸ੍ਰੀ ਸਰਦਾਰੀ ਲਾਲ ਕਪੂਰ** : ਆਨ ਏ ਪੁਆਇੰਟ ਆਫ ਆਰਡਰ ਸਰ। ਮੇਰੀ ਅਰਜ਼ ਹੈ ਕਿ ਭੁਲੇਖੇ ਨਾਲ ਇਹ ਲਫਜ਼ ਨਿਕਲ ਗਏ ਹਨ ਕਿ ਗਾਈਆਂ ਨੂੰ ਫਾਹੇ ਲਾਉਣ।

**ਕਾਮਰੇਡ ਜੰਗੀਰ ਸਿੰਘ ਜੋਗਾ** : ਮੈਂ ਤਾਂ ਚੇਅਰਮੈਨ ਸਾਹਿਬ, ਇਹ ਕਹਿੰਦਾ ਹਾਂ ਕਿ ਉਨ੍ਹਾਂ ਗਾਈਆਂ ਦਾ ਇੰਤਜ਼ਾਮ ਕੀਤਾ ਜਾਣਾ ਚਾਹੀਦਾ ਹੈ। ਮੈਂ ਮੰਨ ਲੈਂਦਾ ਹਾਂ ਕਿ ਮੇਰੇ ਪਾਸੋਂ ਇਹ ਲਫਜ਼ ਗਲਤੀ ਨਾਲ ਨਿਕਲ ਗਿਆ ਹੈ।

**ਸਰਦਾਰ ਦਰਬਾਰਾ ਸਿੰਘ** : ਚੇਅਰਮੈਨ ਸਾਹਿਬ, ਜੇਕਰ ਤੁਹਾਡੀ ਆਗਿਆ ਹੋਵੇ ਤਾਂ ਮੈਂ ਇਥੋਂ ਹੀ ਬੋਲ ਲਵਾਂ।

**ਮਾਲ ਮੰਤਰੀ** : ਚੰਗਾ ਹੈ ਚੇਅਰਮੈਨ ਸਾਹਿਬ ਕਿ ਇਹ ਆਪਣੀ ਸੀਟ ਉਤੇ ਜਾ ਕੇ ਬੋਲਣ।

**ਕਾਮਰੇਡ ਜੰਗੀਰ ਸਿੰਘ ਜੋਗਾ** : ਵਿਦਿਆ ਦੇ ਮੁਤੱਲਿਕ ਮੈਂ ਅਰਜ਼ ਕਰਦਾ ਹਾਂ ਕਿ ਵਿੱਦਿਆ ਦਾ ਫਲਾਅ ਇਸ ਤਰ੍ਹਾਂ ਹੀ ਰਹਿਣਾ ਚਾਹੀਦਾ ਹੈ। ਇਹ ਚੰਗੀ ਗਲ ਹੈ ਪਰ ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ ਜਿੱਥੇ ਸਕੂਲ ਖੋਲ੍ਹੇ ਜਾਂਦੇ ਹਨ ਉਥੇ ਸਟਾਫ ਪੂਰਾ ਮਿਲਣਾ ਚਾਹੀਦਾ ਹੈ। ਸਾਡੇ ਜ਼ਿਲ੍ਹੇ ਵਿਚ 18 ਹੈਡਮਾਸਟਰ ਨਹੀਂ ਹਨ। ਇਹ ਹਾਈ ਸਕੂਲ ਬਣਾ ਦਿੰਦੇ ਹਨ ਪਰ ਜੇ ਕਰ ਉਥੇ ਹੈਡਮਾਸਟਰ ਨਹੀਂ ਹੋਣਗੇ ਤਾਂ ਸਕੂਲ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਕਾਮਰੇਡ ਜੰਗੀਰ ਸਿੰਘ ਜੋਗਾ]

ਕਿਸ ਤਰ੍ਹਾਂ ਚਲਣਗੇ । ਹੈਡਮਾਸਟਰ ਜਿਹੜੇ ਕਿ ਲੁਧਿਆਣੇ ਤੋਂ ਜਲੰਧਰ ਤੋਂ ਜਾਂ ਅੰਮ੍ਰਿਤਸਰ ਤੋਂ ਜਾਂਦੇ ਹਨ ਉਹ ਉਥੇ ਰਹਿਣ ਲਈ ਤਿਆਰ ਨਹੀਂ ਹਨ । ਇਸ ਲਈ ਮੈਂ ਕਹਾਂਗਾ ਕਿ ਵਿਦਿਆ ਦੇ ਖੇਤਰ ਨੂੰ ਅਗਰ ਤੁਸੀਂ ਉੱਚਾ ਚੁੱਕਣਾ ਹੈ ਤਾਂ ਇਸ ਪਾਸੇ ਵਲ ਜ਼ਿਆਦਾ ਧਿਆਨ ਦਿਉ । ਜਦੋਂ ਸ਼ਹਿਰਾਂ ਅਤੇ ਪਿੰਡਾਂ ਦੇ ਮੁੰਡਿਆਂ ਦਾ ਮੁਕਾਬਲਾ ਹੁੰਦਾ ਹੈ......

**ਸਰਦਾਰ ਦਰਬਾਰਾ ਸਿੰਘ :** ਚੇਅਰਮੈਨ ਸਾਹਿਬ, ਤੁਹਾਡੀ ਆਗਿਆ ਹੋਵੇ ਇਸ ਸੀਟ ਉਤੋਂ ਬੋਲਣ ਦੀ ਤਾਂ ਮੈਂ ਕੁਝ ਬੋਲਾਂ ।

**ਸ਼੍ਰੀ ਸਭਾਪਤੀ :** ਮੈਂ ਅਦਬ ਨਾਲ ਰਿਕੁਐਸਟ ਕਰਨੀ ਚਾਹੁੰਦਾ ਹਾਂ ਕਿ ਮੈਂਬਰ ਆਪਣੀ ਸੀਟ ਉਤੇ ਚਲੇ ਜਾਣ ਔਰ ਫਿਰ ਜੋ ਚਾਹੁੰਣ ਬੋਲ ਲੈਣ । ਮੈਨੂੰ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਅਕਾਲੀਆਂ ਦੀ ਕਾਪੀ ਨਾ ਕਰਨ । (ਥੰਪਿੰਗ)

**ਕਾਮਰੇਡ ਜੰਗੀਰ ਸਿੰਘ ਜੋਗਾ :** ਚੇਅਰਮੈਨ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਵਿਦਿਆ ਦਾ ਫੈਲਾਓ ਹੋਣਾ ਚਾਹੀਦਾ ਹੈ । ਹੋਰ ਵੀ ਲਗਾਤਾਰ ਇਹ ਸਿਲਸਲਾ ਚਲਦਾ ਰਹਿਣਾ ਚਾਹੀਦਾ ਹੈ । ਇਹ ਵੀ ਧਿਆਨ ਕਰਨਾ ਚਾਹੀਦਾ ਹੈ ਕਿ ਜਿੱਥੇ ਸਟਾਫ ਨਹੀਂ ਹੈ, ਉਥੇ ਸਟਾਫ ਭੇਜਣ ਦਾ ਇੰਤਜ਼ਾਮ ਕੀਤਾ ਜਾਵੇ । ਜਦੋਂ ਵੀ ਸਾਡੇ ਬੱਚੇ ਸਰਵਿਸ ਕਮਿਸ਼ਨ ਵਿਚ ਆਉਂਦੇ ਹਨ ਜਾਂ ਸਬਾਰਡੀਨੇਟ ਸਰਵਿਸ ਸਿਲੈਕਸ਼ਨ ਬੋਰਡ ਵਿਚ ਆਉਂਦੇ ਹਨ ਤਾਂ ਉਹ ਸ਼ਹਿਰਾਂ ਦੇ ਬੱਚਿਆਂ ਦਾ ਮੁਕਾਬਲਾ ਨਹੀਂ ਕਰ ਸਕਦੇ ਜਿੱਥੇ ਕਿ ਚੰਗੀ ਤਾਲੀਮ ਦਿੱਤੀ ਜਾਂਦੀ ਹੈ । ਪਿੰਡਾਂ ਦੀ ਇਹ ਹਾਲਤ ਹੈ ਕਿ ਨਾ ਹੈਡ ਮਾਸਟਰ ਹਨ, ਨਾ ਸਾਇੰਸ ਮਾਸਟਰ ਹਨ, ਅਤੇ ਨਾ ਹਿਸਾਬ ਮਾਸਟਰ ਹਨ । ਇਸ ਬਿਨਾ ਤੇ ਮੈਨੂੰ ਇਹ ਕਹਿਣਾ ਪੈਂਦਾ ਹੈ । ਕਲ ਨੂੰ ਇਕ ਕੁਐਸਚਨ ਹੈ, ਉਥੇ ਪੁੱਛ ਲਵਾਂਗਾ । ਕਈ ਥਾਵਾਂ ਤੇ ਪੰਜਾਬੀ ਟੀਚਰ ਵੀ ਨਹੀਂ ਹਨ ਜਿੱਥੇ ਕਿ ਪੰਜਾਬੀ ਲਾਜ਼ਮੀ ਕਰਾਰ ਦਿੱਤੀ ਹੈ । ਪੰਜਾਬੀ ਪੜ੍ਹਾਉਣ ਲਈ ਪੰਜਾਬ ਦੇ ਹੀ ਸਕੂਲਾਂ ਵਿਚ ਪੰਜਾਬੀ ਟੀਚਰਜ਼ ਨਹੀਂ ਹਨ । ਹੁਣ ਮੈਂ ਦੂਸਰੇ ਪਾਸੇ ਅਰਜ਼ ਕਰਾਂਗਾ ਕਿ ਦੋ ਡਾਇਰੈਕਟੋਰੇਟ ਬਣਾ ਦਿੱਤੇ ਹਨ। ਇਹ ਚੰਗੀ ਗੱਲ ਕੀਤੀ ਹੈ । ਹੁਣ ਕਹਿੰਦੇ ਹਨ ਕਿ ਡਾਇਰੈਕਟਰ ਜਨਰਲ ਬਣਾਉਣਾ ਹੈ ਜਿਹੜਾ ਉਨ੍ਹਾਂ ਦੋਨਾਂ ਨੂੰ ਮਿਲਾਏਗਾ । ਦੋ ਡਿਪਟੀ ਡਾਇਰੈਕਟਰ ਹਨ ਅਤੇ ਇੱਕ ਡਾਇਰੈਕਟਰ ਹੈ ਇਹ ਮਹਿਕਮਾ ਬਹੁਤ ਵੱਡਾ ਹੈ । ਉਪਰਲੇ ਅਫਸਰਾਂ ਦੀ ਗਿਣਤੀ ਵਧਾਉਣ ਨਾਲੋਂ ਛੋਟੇ ਮੁਲਾਜ਼ਮਾਂ ਵੱਲ ਧਿਆਨ ਦੇਣਾ ਚਾਹੀਦਾ ਹੈ । ਚੇਅਰਮੈਨ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਐਮਰਜੈਂਸੀ ਨੇ ਬਹੁਤ ਕਰਾਮਾਤ ਕੀਤੀ ਹੈ । ਇਸ ਨਾਲ ਲੋਕਾਂ ਵਿਚ ਡਿਸਿਪਲਿਨ ਆਇਆ ਹੈ । ਪੈਦਾਵਾਰ ਵਧੀ ਹੈ । ਪੈਦਾਵਾਰ ਵਧਾਉਣ ਵਿਚ ਸਰਕਾਰ ਦਾ ਹੱਥ ਹੈ । ਪਰ ਇਸ ਦੇ ਵਿਚ ਬਹੁਤ ਸਾਰੀਆਂ ਖਾਮੀਆਂ ਹਨ, ਜਿਨ੍ਹਾਂ ਨੂੰ ਦੂਰ ਕਰਨਾ ਚਾਹੀਦਾ ਹੈ । ਇਸ ਵੇਲੇ ਸਭ ਤੋਂ ਵੱਡਾ ਮਹਿਕਮਾ ਤਾਲੀਮ ਦਾ ਹੈ । ਇਤਨਾ ਵੱਡਾ ਮਹਿਕਮਾ ਇਕੋ ਹੀ ਬਣਿਆ ਹੈ ਔਰ ਉਸ ਦੇ ਵਿਚ ਜਿਹੜੀ ਐਡਮਨਿਸਟ੍ਰੇਸ਼ਨ ਹੈ, ਉਸ ਦਾ ਬੁਰਾ ਹਾਲ ਹੈ। ਇਨ੍ਹਾਂ ਦੇ ਜਿਹੜੇ ਅਫਸਰ ਹਨ, ਜਿਸ ਤਰ੍ਹਾਂ ਡੀ.ਈ.ਓ. ਹੈ ਉਹ ਸਾਲ ਸਾਲ ਦੋ ਦੋ ਸਾਲ ਸਕੂਲਾਂ ਵਿਚ ਨਹੀਂ ਜਾਂਦੇ ਜੇ ਕਿਤੇ ਮਾਸਟਰ ਲੜ ਪੈਣ ਤਾਂ ਕਿਤੇ ਇਨਕੁਆਇਰੀ ਤੇ ਜਾਂਦੇ ਹਨ ਨਹੀਂ ਤਾਂ ਸਕੂਲਾਂ ਦਾ ਮੁਆਇਨਾ ਨਹੀਂ ਕਰਦੇ । ਉਸ ਦਾ ਕਾਰਨ ਇਹ ਹੈ ਕਿ ਕੁਝ ਫੰਕਸ਼ਨ ਰਹਿੰਦੇ ਹਨ ਅਤੇ ਕੁਝ ਦਫਤਰ ਦਾ ਕੰਮ ਹੁੰਦਾ ਹੈ । ਡਿਪਟੀ ਡੀ. ਈ. ਓ. ਹੈ ਹੀ ਨਹੀਂ । ਸੋ ਇਸ ਮਹਿਕਮਾ ਤਾਲੀਮ ਵੱਲ ਖਾਸ ਧਿਆਨ

Original with;
Punjab Vidhan Sabha
Digitized by;
Panjab Digital Library

ਦੇਣਾ ਚਾਹੀਦਾ ਹੈ ਤਾਂਕਿ ਇਸ ਦਾ ਕੰਮ ਠੀਕ ਹੋ ਸਕੇ । ਚੇਅਰਮੈਨ ਸਾਹਿਬ, ਮੈਂ ਇਕ ਛੋਟੀ ਜਿਹੀ ਅਰਜ਼ ਹੋਰ ਕਰਨੀ ਚਾਹੁੰਦਾ ਹਾਂ ਉਹ ਇਹ ਹੈ ਕਿ ਪਿਛੇ ਜਿਹੇ ਰੰਧਾਵਾ ਸਾਹਿਬ ਨੇ ਇਹ ਯਕੀਨ ਦਵਾਇਆ ਸੀ ਕਿ ਇਹ ਜਿਹੜੇ ਪੰਚਾਇਤ ਸੈਕਟਰੀ ਹਨ ਇਹ ਗੌਰਮਿੰਟ ਦੇ ਬਣ ਜਾਣਗੇ। ਹੁਣ ਜਿਹੜਾ ਪੰਚਾਇਤ ਦਾ ਸੈਕਟਰੀ ਹੈ ਉਹ 4–5 ਪਿੰਡਾਂ ਦਾ ਹੁੰਦਾ ਹੈ ਅਤੇ ਉਹ ਆਪਣੇ ਹਲਕੇ ਵਿਚ ਲੱਗੇ ਹੁੰਦੇ ਹਨ ਜਿਸ ਕਰਕੇ ਉਹ ਆਪਣੇ ਘਰ ਦਾ ਹੀ ਖਿਆਲ ਰੱਖਦੇ ਹਨ ਬਾਕੀ ਕੁਝ ਨਹੀਂ ਕਰਦੇ । ਇਸ ਲਈ ਸਾਰੇ ਪੰਚਾਇਤ ਸੈਕਟਰੀਜ਼ ਨੂੰ ਨੈਸ਼ਨੇਲਾਇਜ਼ ਕਰ ਦਿਉ ਤਾਂਕਿ ਜਿਥੇ ਮਰਜ਼ੀ ਬਦਲੇ ਜਾ ਸਕਣ । ਇਸ ਪਾਸੇ ਖਾਸ ਧਿਆਨ ਦੇਣਾ ਚਾਹੀਦਾ ਹੈ ਤਾਂਕਿ ਪੰਚਾਇਤਾਂ ਦੀ ਫੰਕਸ਼ਨ ਠੀਕ ਤਰ੍ਹਾਂ ਹੋ ਸਕੇ । ਹੁਣ ਮੈਂ ਹੈਲਥ ਦੇ ਮੁਤੱਲਕ ਦੱਸਣਾ ਚਾਹੁੰਦਾ ਹਾਂ । ਚੇਅਰਮੈਨ ਸਾਹਿਬ, ਹੈਲਥ ਦੇ ਮੁਤੱਲਕ ਸਾਨੂੰ ਬੜੀ ਸ਼ਿਕਾਇਤ ਹੈ । ਸਾਨੂੰ ਇਕ ਸ਼ਿਕਾਇਤ ਇਸ ਵਿਚ ਇਹ ਬੜੀ ਹੈ ਜਿਥੇ ਕੋਈ ਨਲਾਇਕ ਡਾਕਟਰ ਚਲਿਆ ਜਾਂਦਾ ਹੈ ਉਥੇ ਬੇੜਾ ਬਹਿ ਜਾਂਦਾ ਹੈ । ਸਾਡੇ ਮਾਨਸਾ ਮੰਡੀ ਵਿਚ 50 ਬੈਡਜ਼ ਦਾ ਹਸਪਤਾਲ ਡਾਕਟਰ ਇੰਦਰ ਜੀਤ ਸਿੰਘ ਨੇ ਲੋਕਾਂ ਤੋਂ ਪੈਸੇ ਇਕੱਠੇ ਕਰਕੇ ਬਣਵਾਇਆ ਸੀ ਅਤੇ ਉਸ ਹਸਪਤਾਲ ਤੇ ਤਿੰਨ ਜਾਂ ਸਾਢੇ ਤਿੰਨ ਲੱਖ ਰੁਪਿਆ ਖਰਚ ਹੋਇਆ ਸੀ ਪਰ ਅੱਜ ਉਥੇ ਇਨ੍ਹਾਂ ਅਕਾਲੀ ਭਾਈਆਂ ਦਾ ਕੋਈ ਡਾਕਟਰ ਹੈ, ਉਥੇ ਅਕਾਲੀ ਭਾਈਆਂ ਦਾ ਐਸ. ਐਮ. ਓ. ਲੱਗਿਆ ਹੋਇਆ ਹੈ । ਮੈਂ ਤੁਹਾਨੂੰ ਦੱਸਦਾ ਹਾਂ ਕਿ ਅੱਜ ਉਨ੍ਹਾਂ 50 ਬੈਡਜ਼ ਤੇ ਕੋਈ ਮਰੀਜ਼ ਨਹੀਂ ਹੈ । ਉਹ ਵਿਚਾਰੇ ਆਪਣਾ ਇਲਾਜ ਕਰਾਉਣ ਵਾਸਤੇ ਬਠਿੰਡਾ ਜਾਂ ਸੰਗਰੂਰ ਅਤੇ ਜਾਂ ਬਰਨਾਲਾ ਵਿਖੇ ਜਾਂਦੇ ਹਨ । ਇਸ ਤਰ੍ਹਾਂ ਉਥੇ ਜੋ ਮਾਨਸੇ ਵਿਚ ਹਸਪਤਾਲ ਹੈ ਉਸ ਦਾ ਲੋਕੀਂ ਕੋਈ ਫਾਇਦਾ ਨਹੀਂ ਉਠਾ ਸਕਦੇ । ਉਥੋਂ ਦਾ ਜੋ ਡਾਕਟਰ ਹੈ ਉਹ ਕਾਬਲ ਨਹੀਂ ਕਿ ਉਹ ਬਿਮਾਰੀ ਤੇ ਕਾਬੂ ਪਾ ਸਕੇ । ਇਸ ਲਈ ਇਸ ਪਾਸੇ ਖਾਸ ਧਿਆਨ ਦੇਣਾ ਚਾਹੀਦਾ ਹੈ । ਮੇਰੇ ਨਾਲੋਂ ਮਨਿਸਟਰ ਸਾਹਿਬ ਜ਼ਿਆਦਾ ਜਾਣਦੇ ਹਨ । ਮਨਿਸਟਰ ਸਾਹਿਬ ਜਾਂ ਜਿਹੜੇ ਅਫਸਰ ਉਥੇ ਦੌਰੇ ਤੇ ਜਾਂਦੇ ਹਨ ਤਾਂ ਉਥੋਂ ਦੇ ਲੋਕੀਂ ਇਨ੍ਹਾਂ ਨੂੰ ਮਿਲਦੇ ਹਨ ਅਤੇ ਮੰਗ ਕਰਦੇ ਹਨ ਕਿ ਸਾਡੇ ਇਥੇ ਕੋਈ ਡਾਕਟਰ ਲਾਓ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ ।

6.00 ਸ਼ਾਮ

(ਇਸ ਸਮੇਂ ਸ੍ਰੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ ।)

ਸਪੀਕਰ ਸਾਹਿਬ, ਹਸਪਤਾਲ ਅਪਗਰੇਡ ਹੋਣੇ ਚਾਹੀਦੇ ਹਨ । ਪਰ ਬੱਜਟ ਸਪੀਚ ਵਿਚ ਇਸ ਦਾ ਕੋਈ ਜ਼ਿਕਰ ਨਹੀਂ ਹੈ । ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਫੈਮਿਲੀ ਪਲਾਨਿੰਗ ਦਾ ਜਿਹੜਾ ਕੰਮ ਹੈ ਇਹ ਸਭ ਤੋਂ ਪਹਿਲਾਂ ਮੈਂਬਰਾਂ ਤੋਂ ਸ਼ੁਰੂ ਕੀਤੀ ਜਾਵੇ ਇਹ ਮੇਰੀ ਤਜਵੀਜ਼ ਹੈ । ਫਿਰ ਫੈਮਿਲੀ ਪਲਾਨਿੰਗ ਵਜ਼ੀਰਾਂ ਦੀ ਕੀਤੀ ਜਾਵੇ । ਇਹ ਨਾ ਹੋਵੇ ਕਿ ਇਹ ਮੈਂਬਰ ਜੋ ਹਨ ਇਹ ਹੀ ਆਬਾਦੀ ਵਧਾਈ ਜਾਣ । ਪਹਿਲਾਂ ਅਸੀਂ ਆਪਣੇ ਤੋਂ ਇਸ ਚੀਜ਼ ਨੂੰ ਲਾਗੂ ਕਰੀਏ ਅਤੇ ਫਿਰ ਅਸੀਂ ਲੋਕਾਂ ਨੂੰ ਕਹੀਏ । ਅੱਜ ਆਬਾਦੀ ਬੜੀ ਤੇਜ਼ੀ ਨਾਲ ਵੱਧ ਰਹੀ ਹੈ । ਮੈਂ ਸਮਝਦਾ ਹਾਂ ਕਿ ਜੇ 10 ਸਾਲ ਇਸੇ ਤਰ੍ਹਾਂ ਹੀ ਆਬਾਦੀ ਵਧਦੀ ਰਹੀ ਤਾਂ ਕਿਤੇ ਬੈਠਣ ਲਈ ਜਗ੍ਹਾ ਨਹੀਂ ਮਿਲਣੀ । ਆਬਾਦੀ ਐਨੀ ਤੇਜ਼ੀ ਨਾਲ ਵੱਧ ਰਹੀ ਹੈ ਜਦ ਕਿ ਖੁਰਾਕ, ਅੰਨ ਐਨੀ ਤੇਜ਼ੀ ਨਾਲ ਨਹੀਂ ਵੱਧ ਰਹੇ । ਖੁਰਾਕ ਐਨੀ ਨਹੀਂ ਵੱਧ ਰਹੀ, ਉਪਜ ਐਨੀ ਨਹੀਂ ਵੱਧ ਰਹੀ ਜਿਸ ਰਫਤਾਰ ਨਾਲ ਆਬਾਦੀ ਵੱਧ ਰਹੀ ਹੈ । ਸੋ ਇਹ ਜਿਹੜੀ ਆਬਾਦੀ ਜਿਸ ਰਫਤਾਰ ਨਾਲ ਵਧ ਰਹੀ ਹੈ ਇਸ ਨੂੰ ਕਿਸੇ ਤਰ੍ਹਾਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਜੰਗੀਰ ਸਿੰਘ ਜੋਗਾ]

ਰੋਕਿਆ ਜਾਵੇ । ਇਸ ਵਧ ਰਹੀ ਆਬਾਦੀ ਨੂੰ ਰੋਕਣ ਲਈ ਕੋਈ ਤਰੀਕਾ ਅਪਣਾਇਆ ਜਾਵੇ । ਸਪੀਕਰ ਸਾਹਿਬ, ਇਸ ਦੇ ਨਾਲ ਹੀ ਸਾਨੂੰ ਇਕ ਹੋਰ ਸ਼ਿਕਾਇਤ ਹੈ। ਉਹ ਸ਼ਿਕਾਇਤ ਇਹ ਹੈ ਕਿ ਇਹ ਜਿਹੜੇ ਅਸੀਂ ਆਯੁਰਵੈਦਿਕ ਡਾਕਟਰ ਲਗਾ ਰਹੇ ਹਾਂ ਲੋਕੀਂ ਇਨ੍ਹਾਂ ਨੂੰ ਪਸੰਦ ਨਹੀਂ ਕਰਦੇ । ਲੋਕੀਂ ਕਹਿੰਦੇ ਹਨ ਕਿ ਇਨ੍ਹਾਂ ਨੇ ਤਾਂ ਗੋਲੀਆਂ, ਕੈਪਸੂਲ ਹੀ ਵੇਚਣੇ ਹਨ ਇਸ ਵਾਸਤੇ ਇਨ੍ਹਾਂ ਨੂੰ ਇਥੋਂ ਪਾਸੇ ਲੈ ਜਾਵੋ ਅਤੇ ਸਾਨੂੰ ਇਨ੍ਹਾਂ ਦੀ ਜ਼ਰੂਰਤ ਨਹੀਂ ਹੈ । ਸਪੀਕਰ ਸਾਹਿਬ, ਸਾਡੇ ਜ਼ਿਲ੍ਹੇ ਵਿਚ ਕੈਪਸੂਲ ਵੇਚਣ ਦੀ ਬੜੀ ਬਿਮਾਰੀ ਹੈ । (ਵਿਘਨ) ਲੋਕੀਂ ਕਹਿੰਦੇ ਹਨ ਕਿ ਸਾਨੂੰ ਆਯੁਰਵੈਦਿਕ ਡਾਕਟਰਾਂ ਦੀ ਲੋੜ ਨਹੀਂ ਹੈ ਸਾਨੂੰ ਤਾਂ ਐਲੋਪੈਥਿਕ ਦੇ ਡਾਕਟਰ ਚਾਹੀਦੇ ਹਨ । ਸੋ ਸਾਡੇ ਜ਼ਿਲ੍ਹੇ ਵਿਚ ਆਯੁਰਵੈਦਿਕ ਸਿਸਟਮ ਦੀ ਬੜੀ ਮੁਖਾਲਫਿਤ ਹੋਈ ਹੈ । ਦੂਸਰਾ ਇਹ ਹੈ ਕਿ ਆਯੁਰਵੈਦਿਕ ਵਾਲਿਆਂ ਨੂੰ ਐਨਾ ਤਜਰਬਾ ਨਹੀਂ ਹੁੰਦਾ । ਉਨ੍ਹਾਂ ਨੂੰ ਇਹ ਪਤਾ ਨਹੀਂ ਕਿ ਦਵਾਈਆਂ ਕਿਸ ਤਰ੍ਹਾਂ ਵਰਤਣੀਆਂ ਹਨ । ਉਨ੍ਹਾਂ ਨੂੰ ਐਲੋਪੈਥਿਕ ਦਵਾਈਆਂ ਦਾ ਕੋਈ ਤਜਰਬਾ ਨਹੀਂ ਹੁੰਦਾ । ਉਨ੍ਹਾਂ ਨੂੰ 3-4 ਮਹੀਨੇ ਸਬਜੈਕਟ ਪੜ੍ਹਾ ਕੇ ਦੂਸਰੀਆਂ ਦਵਾਈਆਂ ਦੇਣ ਤੇ ਲਗਾ ਦਿੰਦੇ ਹਨ ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਐਲੋਪੈਥਿਕ ਦਵਾਈਆਂ ਦਾ ਉਨ੍ਹਾਂ ਨੂੰ ਪਤਾ ਨਹੀਂ ਹੁੰਦਾ । ਇਕ ਚੀਜ਼ ਇਹ ਵੀ ਹੈ ਕਿ ਦੇਸੀ ਦਵਾਈਆਂ ਨਾਲ ਛੇਤੀ ਆਰਾਮ ਨਹੀਂ ਆਉਂਦਾ । ਮੇਰੀ ਅਰਜ਼ ਹੈ ਕਿ ਇਸ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ । ਡਿਸਪੈਂਸਰੀਆਂ ਵੀ ਐਲੋਪੈਥਿਕ ਦੀਆਂ ਜ਼ਿਆਦਾ ਹੋਣੀਆਂ ਚਾਹੀਦੀਆਂ ਹਨ ਅਤੇ ਆਯੁਰਵੈਦਿਕ ਦੀਆਂ ਘੱਟ ਹੋਣੀਆਂ ਚਾਹੀਦੀਆਂ ਹਨ । ਜਿਹੜੇ ਆਯੁਰਵੈਦਿਕ ਡਾਕਟਰ ਲਗਾਉਣੇ ਹਨ ਉਨ੍ਹਾਂ ਨੂੰ ਚੰਗੀ ਤਰ੍ਹਾਂ ਟਰੇਨਿੰਗ ਦੇ ਕੇ, ਟਰੇਂਡ ਕਰਕੇ ਲਗਾਉਣਾ ਚਾਹੀਦਾ ਹੈ ਤਾਂਕਿ ਉਹ ਦਵਾਈਆਂ ਮਿਕਸ ਕਰਕੇ ਆਯੁਰਵੈਦਿਕ ਅਤੇ ਐਲੋਪੈਥਿਕ ਦੋਨਾਂ ਦੀਆਂ ਹੀ ਦੇ ਸਕਣ । ਸਪੀਕਰ ਸਾਹਿਬ, ਮੈਂ ਐਨੀਆਂ ਗੱਲਾਂ ਕਹਿੰਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ ।

**ਖੇਤੀ ਬਾੜੀ ਅਤੇ ਵਣ ਮੰਤਰੀ** (ਮਾਸਟਰ ਗੁਰਬੰਤਾ ਸਿੰਘ) : ਸਪੀਕਰ ਸਾਹਿਬ, ਮੇਰੇ ਦੋਸਤਾਂ ਨੇ ਦੋ ਚਾਰ ਗੱਲਾਂ ਕਹੀਆਂ ਹਨ, ਮੈਂ ਉਨ੍ਹਾਂ ਦੇ ਮੁਤੱਲਿਕ ਬੇਨਤੀ ਕਰਨੀ ਚਾਹੁੰਦਾ ਹਾਂ । ਮੇਰੇ ਦੋਸਤ ਮੇਰੇ ਵੱਡੇ ਭਰਾ ਜੋਗਾ ਜੀ ਨੇ ਕਪਾਹ ਦੀ ਗੱਲ ਕਹੀ ਹੈ ਕਿ ਕਪਾਹ ਮੰਡੀਆਂ ਵਿਚ ਬੜੀ ਦੇਰ ਪਈ ਰਹਿੰਦੀ ਹੈ ਅਤੇ ਕਾਟਨ ਕਾਰਪੋਰੇਸ਼ਨ ਪੰਜਾਬ ਵਿਚੋਂ ਕਪਾਹ ਨਹੀਂ ਖਰੀਦਦੀ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਪਣੇ ਦੋਸਤਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਕਪਾਹ ਦੇ ਮੁਤੱਲਕ ਅਸੀਂ ਅਕਤੂਬਰ ਵਿਚ ਮੀਟਿੰਗਾਂ ਕੀਤੀਆਂ ਸਨ । ਚੀਫ ਮਨਿਸਟਰ ਸਾਹਿਬ ਨੇ ਸੈਂਟਰ ਦੇ ਮਨਿਸਟਰ ਨੂੰ ਚਿੱਠੀ ਲਿਖੀ ਕਿ ਰਿਜ਼ਰਵ ਬੈਂਕ ਪੈਸਾ ਦੇਵੇ ਅਤੇ ਸੀ. ਸੀ. ਆਈ. ਕਪਾਹ ਖਰੀਦੀ ਜਾਵੇ । ਪਰ ਸਾਡੀ ਕੋਸ਼ਿਸ਼ ਬਹੁਤੀ ਕਾਮਯਾਬ ਨਹੀਂ ਹੋਈ । ਫਿਰ ਇਕ ਕਮੇਟੀ ਮੁਕੱਰਰ ਕੀਤੀ ਗਈ ਅਤੇ ਚੌਧਰੀ ਬਲਰਾਮ ਜੀ ਦਿੱਲੀ ਡੈਪੂਟੇਸ਼ਨ ਲੈ ਕੇ ਗਏ ਪਰ ਫਿਰ ਵੀ ਸਾਡੀ ਕੋਸ਼ਿਸ਼ ਕਾਮਯਾਬ ਨਹੀਂ ਹੋਈ । ਪਰ ਹੁਣ ਕਾਮਯਾਬ ਹੋਏ ਹਾਂ । ਹੁਣ ਸੀ. ਸੀ. ਆਈ. ਵਾਲਿਆਂ ਨੇ ਕਈ ਮੰਡੀਆਂ ਵਿਚੋਂ ਕਪਾਹ ਖਰੀਦੀ ਹੈ ਅਤੇ ਕਪਾਹ ਦੇ ਭਾਅ ਵੀ ਵਧੇ ਹਨ । ਪਿਛਲੇ ਸਾਲ ਵੀ ਇਹੀ ਹਾਲਤ ਸੀ । ਪਿਛਲੇ ਸਾਲ ਡੇਢ ਕਰੋੜ ਰੁਪਿਆ ਅਸੀਂ ਮਾਰਕਫੈਡ ਨੂੰ ਦਿਵਾਇਆ ਕਿ ਉਹ ਮੰਡੀਆਂ ਵਿਚ ਜਾਵੇ । ਮਾਰਕਫੈਡ ਵਾਲੇ ਮੰਡੀਆਂ ਵਿਚ ਗਏ ਲੇਕਿਨ ਫਿਰ ਵੀ ਅਸੀਂ ਉਸ ਲੈਵਲ ਤੇ ਕੀਮਤ ਨਹੀਂ ਦੇ ਸਕੇ। ਲੇਕਿਨ ਹਿੰਦੁਸਤਾਨ ਦੀ ਸਰਕਾਰ ਅਤੇ ਹੋਰਨਾਂ ਨੇ ਵੀ ਕਿਹਾ ਕਿ ਕੀਮਤਾਂ ਥੱਲੇ ਲਿਆਂਦੀਆਂ ਜਾਣ ਤਾਂਕਿ ਲੋਕਾਂ ਨੂੰ ਕੁਝ ਫਾਇਦਾ ਹੋਵੇ ।

Original with;
Punjab Vidhan Sabha
Digitized by;
Panjab Digital Library

ਜਿਥੋਂ ਤੱਕ ਪੰਜਾਬ ਦੀ ਸਰਕਾਰ ਦਾ ਤੁਅੱਲਕ ਹੈ ਤੁਹਾਨੂੰ ਪਤਾ ਹੈ ਕਿ ਕਣਕ ਦੀ ਕੀਮਤ 105 ਰੁਪਏ ਮੁਕੱਰਰ ਕੀਤੀ ਸੀ । ਪੰਜਾਬ ਦੇ ਕਿਸਾਨ ਨੂੰ 19 ਕਰੋੜ ਰੁਪਿਆ ਸਬਸਿਡੀ ਦਾ ਦਿੱਤਾ ਹੈ । ਇਕ ਕੁਇੰਟਲ ਮਗਰ 8 ਰੁਪਏ ਦਿਵਾਏ ਹਨ ਅਤੇ ਇਹ ਹਿੰਦੁਸਤਾਨ ਵਿਚ ਪਹਿਲੀ ਸਰਕਾਰ ਹੈ ਜਿਸ ਨੇ ਕਿਸਾਨਾਂ ਨੂੰ ਐਨੀ ਸਬਸਿਡੀ ਦਿੱਤੀ ਹੈ । (ਤਾੜੀਆਂ) 19 ਕਰੋੜ ਰੁਪਿਆ ਆਪਣੇ ਖਜ਼ਾਨੇ ਵਿਚੋਂ ਕਿਸਾਨ ਨੂੰ ਕਣਕ ਦੀ ਕੀਮਤ ਵਿਚ ਵਾਧਾ ਕਰਨ ਵਾਸਤੇ ਦਿੱਤਾ ਹੈ । ਸਾਨੂੰ ਪੈਸੇ ਤਦ ਮਿਲੇ ਜਦ ਝੋਨੇ ਦੀ ਫਸਲ ਮੰਡੀਆਂ ਵਿਚ ਚਲੀ ਗਈ, ਇਸ ਕਰਕੇ ਅਸੀਂ ਬੋਨਸ ਨਹੀਂ ਦੇ ਸਕੇ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ, ਵੈਸੇ ਫੂਡ ਮਨਿਸਟਰ ਨੂੰ ਸਾਰਾ ਪਤਾ ਹੈ ਕਿ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਜਦੋਂ ਸੌਣੀ ਦੀ ਫਸਲ ਬੀਜੀ ਜਾਵੇਗੀ, ਜਿਸ ਦੇ ਵਿਚ ਝੋਨਾ ਵੀ ਹੋਵੇਗਾ ਜਿਸਨੇ ਪਿਛਲੇ ਸਾਲ ਝੋਨਾ ਮੰਡੀਆਂ ਵਿਚ ਵੇਚਿਆ ਹੈ ਉਸਨੂੰ ਅਤੇ ਬਾਕੀ ਕਿਸਾਨਾਂ ਨੂੰ ਵੀ ਖਾਦ ਵਿਚ ਰਿਆਇਤ ਦੇਵਾਂਗੇ: ਭਾਵੇਂ 25% ਦੇ ਹਿਸਾਬ ਹੋਵੇ ਅਤੇ ਭਾਵੇਂ 25% ਦੇ ਹਿਸਾਬ ਨਾਲ ਹੋਵੇ । ਅਸੀਂ ਝੋਨੇ ਦੀ ਫਸਲ ਤੇ ਵੀ ਰਿਆਇਤ ਦੇਵਾਂਗੇ । ਸੌਣੀ ਦੀ ਫਸਲ ਜਦੋਂ ਬੀਜੀ ਜਾਵੇਗੀ ਤਾਂ ਉਦੋਂ ਦਿਆਂਗੇ (ਤਾੜੀਆਂ) ਖਾਦ ਦੀ ਕੀਮਤ ਘਟਾ ਦਿਆਂਗੇ । ਸਪੀਕਰ ਸਾਹਿਬ, ਇਥੇ ਗੰਨੇ ਦਾ ਜ਼ਿਕਰ ਹੋਇਆ ਹੈ । ਪਿਛਲੇ ਸਾਲ ਗੰਨੇ ਦੀ ਕੀਮਤ 14 ਰੁਪਏ 35 ਪੈਸੇ ਤੱਕ ਸੀ । ਬਾਕੀ ਹਿੰਦੁਸਤਾਨ ਦੇ ਸਾਰੇ ਸੂਬਿਆਂ ਨਾਲੋਂ ਸਾਡੇ ਜ਼ਿਆਦਾ ਭਾਅ ਸੀ । ਗੰਨੇ ਦੀ ਕੀਮਤ ਕੇਂਦਰ ਸਰਕਾਰ ਮੁਕੱਰਰ ਕਰਦੀ ਹੈ ਅਤੇ ਇਹ ਕੀਮਤ ਸਾਡੀ ਸਰਕਾਰ ਨੇ ਕਹਿਕੇ ਮੁਕੱਰਰ ਕਰਵਾਈ । ਹਰਿਆਣਾ ਨੇ ਗੰਨੇ ਦਾ ਭਾਅ 11 ਰੁਪਏ ਰੱਖਿਆ ਹੈ ਅਤੇ ਉਹ ਫਿਰ ਰੀਕੰਸਿਡਰ ਕਰਨਾ ਚਾਹੁੰਦੇ ਹਨ । ਉਹ ਯੂ. ਪੀ. ਵੱਲ ਦੇਖਦੇ ਹਨ ਕਿ ਉਹ ਕੀ ਕਰਦੇ ਹਨ । ਗੰਨੇ ਦੀ ਕੀਮਤ ਹਿੰਦੁਸਤਾਨ ਦੀ ਸਰਕਾਰ ਮੁਕੱਰਰ ਕਰਦੀ ਹੈ ਅਤੇ ਪੰਜਾਬ ਸਰਕਾਰ ਮੁਕੱਰਰ ਨਹੀਂ ਕਰਦੀ । ਹਿੰਦ ਸਰਕਾਰ ਨੇ ਅੱਠ ਸਾਢੇ ਅੱਠ ਰੁਪਏ ਘੱਟੋ ਘੱਟ ਗੰਨੇ ਦੀ ਕੀਮਤ ਮੁਕੱਰਰ ਕੀਤੀ ਹੈ । ਸਾਡੀਆਂ ਕੋਆਪ੍ਰੇਟਿਵ ਮਿੱਲਾਂ ਪਿਛਲੇ ਸਾਲ ਜਿਹੜੀਆਂ ਕਿਸਾਨ ਨੂੰ 14 ਰੁਪਏ 35 ਪੈਸੇ ਦਿੰਦੀਆਂ ਸਨ ਐਤਕੀਂ ਵੀ 14 ਰੁਪਏ 35 ਪੈਸੇ ਕੋਆਪ੍ਰੇਟਿਵ ਮਿੱਲਾਂ ਨੇ ਆਪਣੇ ਕਿਸਾਨ ਨੂੰ ਦੇਣ ਦਾ ਫੈਸਲਾ ਕੀਤਾ ਹੈ । (ਤਾੜੀਆਂ) ਉਸ ਨੇ ਇਕ ਗੱਲ ਹੋਰ ਕੀਤੀ ਹੈ । ਸ਼ਾਇਦ 14 ਰੁਪਏ 35 ਪੈਸੇ ਨਾਲ ਮਿੱਲ ਨੂੰ ਘਾਟਾ ਪੈ ਜਾਵੇਗਾ । ਇਸ ਕਰਕੇ ਪਹਿਲਾਂ ਉਹ 35 ਪੈਸੇ ਸ਼ੇਅਰ ਕੈਪੀਟਲ ਦਾ ਲੈਂਦੇ ਸੀ ਕਿਸਾਨ ਕੋਲੋਂ ਜਿਹੜਾ ਕਿ ਗੰਨਾਂ ਵੇਚਣ ਜਾਂਦਾ ਸੀ । ਐਤਕੀਂ ਇਹ 1 ਰੁਪਿਆ ਕਰ ਦਿੱਤਾ ਹੈ । ਜਿਹੜਾ ਕਿਸਾਨ ਗੰਨਾ ਵੇਚਣ ਜਾਵੇ ਉਸ ਨੂੰ ਕੀਮਤ ਤਾਂ 14 ਰੁਪਏ 35 ਪੈਸੇ ਹੀ ਦਿਆਂਗੇ ।

**ਚੌਧਰੀ ਦਰਸ਼ਨ ਸਿੰਘ** : ** ** ** **

**ਸ਼੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

**ਖੇਤੀ ਬਾੜੀ ਅਤੇ ਵਣ ਮੰਤਰੀ** : ਸਪੀਕਰ ਸਾਹਿਬ, ਮੈਂ ਦੱਸ ਰਿਹਾ ਸੀ ਕਿ ਗੰਨੇ ਦੀ ਕੀਮਤ ਹਿੰਦ ਸਰਕਾਰ ਮੁਕੱਰਰ ਕਰਦੀ ਹੈ ਨਾ ਕਿ ਪੰਜਾਬ ਸਰਕਾਰ ਮੁਕੱਰਰ ਕਰਦੀ ਹੈ । ਹਿੰਦ ਸਰਕਾਰ ਨੇ ਕੀਮਤਾਂ ਘੱਟ ਤੋਂ ਘੱਟ ਮੁਕੱਰਰ ਕੀਤੀਆਂ ਹੋਈਆਂ ਹਨ । ਸਾਡੀਆਂ 4 ਕੋਆਪ੍ਰੇਟਿਵ ਮਿੱਲਾਂ ਹਨ ਅਤੇ ਉਨ੍ਹਾਂ ਨੇ ਗੰਨੇ ਦੀ ਕੀਮਤ ਪਿਛਲੇ ਸਾਲ ਜਿੰਨੀ ਹੀ ਰੱਖੀ ਹੈ । ਅਸੀਂ ਕਿਸਾਨ ਨੂੰ ਵੀ ਫਾਇਦਾ ਪਹੁੰਚਾਉਣਾ ਹੈ । ਲੇਕਿਨ 35 ਪੈਸੇ ਦੀ ਬਜਾਏ 1

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਖੇਤੀ ਬਾੜੀ ਅਤੇ ਵਣ ਮੰਤਰੀ]

ਰੁਪਿਆ ਉਨ੍ਹਾਂ ਨੇ ਸ਼ੇਅਰ ਕੈਪੀਟਲ 1 ਕੁਇੰਟਲ ਮਗਰ ਲੈਣਾ ਹੈ । ਲੇਕਿਨ, ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਲਾਗੇ ਹੀ ਹਰਿਆਣਾ ਸਟੇਟ ਹੈ, ਉਥੇ ਉਹ 1 ਰੁਪਿਆ 25 ਪੈਸੇ ਗੰਨੇ ਦਾ ਸੈਸ ਲੈਂਦੇ ਹਨ ਅਤੇ ਪੰਜਾਬ ਸਰਕਾਰ 24.12 ਪੈਸੇ ਲੈਂਦੀ ਹੈ । ਲੇਕਿਨ ਇਹ ਵੀ ਦੇਖਣਾ ਪੈਂਦਾ ਹੈ ਕਿ ਮਿਲ ਨੂੰ ਘਾਟਾ ਨਾ ਪਏ । ਚੌਧਰੀ ਸਾਹਿਬ ਨੇ ਕੁਐਸਚਨ ਕੀਤਾ ਸੀ ਕਿ ਧੂਰੀ ਅਤੇ ਫਗਵਾੜਾ ਮਿੱਲਾਂ ਵੀ 14 ਰੁਪਏ 35 ਪੈਸੇ ਦੇਣ । ਉਹ ਪ੍ਰਾਈਵੇਟ ਮਿੱਲਾਂ ਹਨ । ਅਸੀਂ ਉਨ੍ਹਾਂ ਤੇ ਗੰਨੇ ਦੀ ਕੀਮਤ ਠੋਸ ਨਹੀਂ ਸਕਦੇ । ਅਸੀਂ ਉਨ੍ਹਾਂ ਨੂੰ ਪ੍ਰੇਰਨਾ ਕਰਦੇ ਹਾਂ ਕਿ 14 ਰੁਪਏ 35 ਪੈਸੇ ਦਿਓ । ਜੇ ਪ੍ਰੇਰਨਾ ਮੰਨ ਜਾਣ ਤਾਂ ਠੀਕ ਹੈ ।

**ਸ਼੍ਰੀ ਸਪੀਕਰ** : ਪ੍ਰੇਰਨਾ ਨਹੀਂ ਉਨ੍ਹਾਂ ਨੂੰ ਆਰਡਰ ਦਿਓ ।

**ਖੇਤੀਬਾੜੀ ਅਤੇ ਵਣ ਮੰਤਰੀ** : ਮੌਕਾ ਪਿਆ ਤਾਂ ਖੜਕਾ ਦਿਆਂਗੇ । ਸਪੀਕਰ ਸਾਹਿਬ, ਜੇ ਪ੍ਰੇਰਨਾ ਨਾ ਮੰਨੀ ਗਈ ਤਾਂ ਡੰਡਾ ਖੜਕਾਉਣ ਦੀ ਕੋਸ਼ਿਸ਼ ਕਰਾਂਗੇ । ਮੈਂ ਅਰਜ਼ ਕਰਦਾ ਹਾਂ ਕਿ ਕਿਸਾਨ ਗੰਨਾ ਹੋਰ ਮਿਲ ਤਰਫ ਡਾਈਵਰਟ ਕਰ ਦੇਣਗੇ ਦੂਜੀਆਂ ਮਿੱਲਾਂ ਤੇ ਗਨਾ ਲੈ ਜਾਣਗੇ । ਇਸ ਨਾਲ ਘੱਟ ਰੇਟ ਦੇਣ ਵਾਲੀਆਂ ਮਿੱਲਾਂ ਵਾਲੇ ਆਪਣੇ ਆਪ ਹੀ ਭੁੱਖੇ ਮਰ ਜਾਣਗੇ । ਜਿਸ ਤਰ੍ਹਾਂ ਮੇਰੇ ਦੋਸਤਾਂ ਨੇ ਕਾਲ ਅਟੈਨਸ਼ਨ ਦਿੱਤੀ ਹੈ ਕਿ ਜਿਹੜਾ ਮਿੱਲ ਵਾਲਾ ਕੋਈ ਕਿਸਾਨਾਂ ਨੂੰ ਗੰਨੇ ਦੀ ਕੀਮਤ ਵੇਲੇ ਸਿਰ ਨਾ ਦੇਵੇ ਤਾਂ ਉਹਦੇ ਵਿਚ ਸਰਕਾਰ ਮੁਦਾਖਲਤ ਕਰੇ ਅਤੇ ਗੰਨੇ ਦੀ ਕੀਮਤ ਦਿਲਾ ਸਕਦੀ ਹੈ । ਉਹ ਜ਼ਰੂਰ ਕਰਾਂਗੇ । ਤੁਸੀਂ, ਸਪੀਕਰ ਸਾਹਿਬ, ਦੁਆਬੇ ਦੇ ਰਹਿਣ ਵਾਲੇ ਹੋ, ਜਾਲੰਧਰ, ਹੁਸ਼ਿਆਰਪੁਰ, ਲੁਧਿਆਣਾ ਦੁਆਬੇ ਵਿਚ ਲੋਕ ਆਲੂ ਬਹੁਤ ਵੇਚਦੇ ਹਨ । ਆਲੂ ਵੇਚਣ ਵਾਲੇ ਨੂੰ ਬਹੁਤ ਖਸਾਰਾ ਹੋ ਗਿਆ ਸੀ ਕਿਉਂਕਿ ਗਰਮੀ ਕਰਕੇ ਕੁਝ ਝਾੜ ਘੱਟ ਨਿਕਲਿਆ । ਪਹਿਲਾਂ 65 ਰੁਪਏ ਕੁਇੰਟਲ ਵਿਕਿਆ, ਫਿਰ 35 ਰੁਪਏ ਕੁਇੰਟਲ ਵਿਕਿਆ ਅਤੇ ਫਿਰ 25 ਰੁਪਏ ਕੁਇੰਟਲ ਹੋ ਗਿਆ ਸੀ । ਲੇਕਿਨ, ਸਪੀਕਰ ਸਾਹਿਬ, ਤੁਸੀਂ ਸੁਣ ਕੇ ਖੁਸ਼ ਹੋਵੋਗੇ ਕਿ ਅਸੀਂ ਨੈਫਡ ਨੂੰ ਅਪ੍ਰੋਚ ਕੀਤਾ ਹੈ, ਉਨ੍ਹਾਂ ਦੀ ਬੜੀ ਖੁਸ਼ਾਮਦ ਕੀਤੀ, ਉਨ੍ਹਾਂ ਨੂੰ ਬੜਾ ਲਾਲਚ ਦਿੱਤਾ । ਅਸੀਂ ਉਨ੍ਹਾਂ ਨੂੰ ਕਿਹਾ ਕਿ ਜੇ ਤੁਸੀਂ ਪੰਜਾਬ ਵਿਚੋਂ ਆਲੂ ਖਰੀਦੋਗੇ ਤਾਂ ਅਸੀਂ 25% ਕਰਾਏ ਦਾ ਤੁਹਾਨੂੰ ਰੀਬੇਟ ਦਿਆਂਗੇ । ਮਾਰਕਿਟਿੰਗ ਬੋਰਡ ਨੇ ਕਿਹਾ ਕਿ ਜੇ ਆਲੂ ਬਾਹਰ ਚਲੇ ਜਾਣ ਤਾਂ ਅਸੀਂ ਕਰਾਏ ਦਾ ਚੌਥਾ ਹਿੱਸਾ ਦਿਆਂਗੇ । ਨੈਫਿਡ ਵਾਲੇ ਮੇਰੇ ਪਾਸ ਆਏ ਸੀ ਅਤੇ ਅਸੀਂ ਫੈਸਲਾ ਕੀਤਾ ਹੈ ਕਿ ਕਲ੍ਹ ਤੋਂ ਹੀ ਉਹ ਮੰਡੀਆਂ ਵਿਚ ਚਲੇ ਜਾਣਗੇ ਅਤੇ ਕਿਸਾਨਾਂ ਨੂੰ 48 ਰੁਪਏ ਕੁਇੰਟਲ ਦੇ ਹਿਸਾਬ ਨਾਲ ਦੇਣਗੇ । ਇਸ ਵਿਚੋਂ 45 ਰੁਪਏ ਨੈਫਡ ਵਾਲੇ ਲੈਣਗੇ ਅਤੇ ਬਾਕੀ ਦੇ 3 ਰੁਪਏ ਮਾਰਕਿਟਿੰਗ ਬੋਰਡ ਵਾਲੇ ਕਰਾਏ ਦੇ ਲੈਣਗੇ । ਖੇਤਾਂ ਵਿਚ ਬੋਰੀਆਂ ਦਾ ਖਰਚ ਨੈਫਡ ਵਾਲੇ ਕਰਨਗੇ । ਸਪੀਕਰ ਸਾਹਿਬ, ਕਲ੍ਹ ਤੋਂ ਆਲੂਆਂ ਦੀ ਕੀਮਤ 48 ਰੁਪਏ ਕੁਇੰਟਲ ਹੋ ਜਾਏਗੀ । ਅੱਜ ਹੀ ਅਸੀਂ ਨੈਫਡ ਵਾਲਿਆਂ ਨਾਲ ਫੈਸਲਾ ਕੀਤਾ ਹੈ ।

ਜਗਾ ਸਾਹਿਬ ਨੇ ਕਿਹਾ ਸੀ ਸੂਏ ਪੱਕੇ ਹੋਣੇ ਚਾਹੀਦੇ ਹਨ । ਇਸ ਸਬੰਧ ਵਿਚ ਮੈਂ ਅਰਜ਼ ਕਰਦਾ ਹਾਂ ਕਿ ਜਿਹੜੀਆਂ ਮਾਰਕਿਟ ਕਮੇਟੀਆਂ ਰੈਜ਼ੋਲੂਸ਼ਨ ਪਾਸ ਕਰਕੇ ਭੇਜਣਗੀਆਂ ਕਿ ਖਾਲਾਂ ਪੱਕੀਆਂ ਹੋਣੀਆਂ ਚਾਹੀਦੀਆਂ ਹਨ ਤਾਂ ਕਿ ਖੇਤਾਂ ਵਿਚ ਪਾਣੀ ਜ਼ਿਆਦਾ ਜਾ

Original with;
Punjab Vidhan Sabha
Digitized by;
Panjab Digital Library

ਸਕੇ, ਇਸ ਤੇ ਕਿਸਾਨਾਂ ਦਾ ਜੋ ਖਾਲਾਂ ਪੱਕੀਆਂ ਕਰਨ ਦਾ ਖਰਚ ਆਵੇਗਾ ਉਹਦਾ 25% ਸਬਸਿਡੀ ਦੀ ਸ਼ਕਲ ਵਿਚ ਉਨ੍ਹਾਂ ਨੂੰ ਦਿੱਤਾ ਜਾਏਗਾ। ਬਾਕੀ ਦੇ ਖਰਚੇ ਲਈ ਉਹ ਪੈਸੇ ਲੈਂਡ ਮਾਰਟਗੇਜ ਬੈਂਕ ਤੋਂ ਉਧਾਰ ਲੈ ਸਕਦੇ ਹਨ। ਟਿਊਬਵੈਲ ਕਾਰਪੋਰੇਸ਼ਨ ਅਤੇ ਸੋਆਇਲ ਕੰਨਜ਼ਰਵੇਸ਼ਨ ਦੇ ਮਹਿਕਮੇ 25% ਸਬਸਿਡੀ ਦੇਣਗੇ। ਜਿਨ੍ਹਾਂ ਨੂੰ ਮਾਰਕਿਟ ਕਮੇਟੀਆਂ ਵਲੋਂ ਇਜਾਜ਼ਤ ਮਿਲ ਜਾਏਗੀ ਉਨ੍ਹਾਂ ਦੀਆਂ ਖਾਲਾਂ ਪੱਕੀਆਂ ਹੋ ਸਕਣਗੀਆਂ ਤਾਂ ਕਿ ਉਨ੍ਹਾਂ ਦੇ ਖੇਤਾਂ ਵਿਚ ਪਾਣੀ ਜ਼ਿਆਦਾ ਜਾ ਸਕੇ।

1962-63 ਵਿਚ ਪੰਜਾਬ ਸਰਕਾਰ ਨੇ ਇਵੈਕੂਈ ਲੈਂਡ ਹਰੀਜਨਾਂ ਨੂੰ ਦੇਣ ਦਾ ਫੈਸਲਾ ਕੀਤਾ ਸੀ। ਲੇਕਿਨ ਬਾਅਦ ਵਿਚ ਕਾਂਗਰਸ ਸਰਕਾਰ ਬਦਲ ਗਈ। ਫਿਰ ਜਿਹੜੀ ਸਰਕਾਰ ਆਈ (ਆਪੋਜ਼ੀਸ਼ਨ ਵੱਲ ਇਸ਼ਾਰਾ ਕਰਦੇ ਹੋਏ) ਉਹ 26 ਹਜ਼ਾਰ ਏਕੜ ਜ਼ਮੀਨ ਜਿਸ ਬਾਰੇ ਫ਼ੈਸਲਾ ਕੀਤਾ ਗਿਆ ਸੀ ਕਿ ਹਰੀਜਨਾਂ ਨੂੰ ਬੋਲੀ ਤੇ ਦਿੱਤੀ ਜਾਵੇ ਉਹ 26 ਹਜ਼ਾਰ ਏਕੜ ਜ਼ਮੀਨ ਫਾਰਸਟ ਮਹਿਕਮੇ ਪਾਸ ਵੇਚ ਗਈ। ਕਾਗਜ਼ ਹੁਣ ਪਏ ਹਨ ਪਰ ਉਹ ਸਰਕਾਰ ਹੁਣ ਨਹੀਂ ਹੈ। ਹੁਣ ਉਸ ਬਾਰੇ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਉਹ 26 ਹਜ਼ਾਰ ਏਕੜ ਜ਼ਮੀਨ ਵਿਚੋਂ 5 ਹਜ਼ਾਰ ਏਕੜ ਜ਼ਮੀਨ ਤੇ ਤਾਂ ਦਰਖਤ ਲਗਾ ਦਿੱਤੇ ਫਾਰੈਸਟ ਵਾਲਿਆਂ ਨੇ। ਉਹ 5 ਹਜ਼ਾਰ ਏਕੜ ਜ਼ਮੀਨ ਤਾਂ ਛੱਡ ਦਿੱਤੀ ਹੈ। ਬਾਕੀ ਦੀ ਜ਼ਮੀਨ ਤੇ ਜਿਥੇ ਫਾਰੈਸਟ ਵਾਲੇ ਕੋਈ ਕਾਰਵਾਈ ਨਹੀਂ ਕਰ ਸਕੇ ਅਸੀਂ ਫੈਸਲਾ ਕੀਤਾ ਹੈ ਕਿ 21 ਹਜ਼ਾਰ ਏਕੜ ਜ਼ਮੀਨ ਵਾਸਤੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ, ਡੀ. ਐਫ. ਓ. ਔਰ ਲੋਕਲ ਐਮ. ਐਲ. ਏ. ਦੀਆਂ ਹਰ ਸਬ ਡਵੀਜ਼ਨਾਂ ਤੇ ਕਮੇਟੀਆਂ ਬਣਾ ਦਿੱਤੀਆਂ ਹਨ। ਇਨ੍ਹਾਂ ਰਾਹੀਂ ਇਹ 21 ਹਜ਼ਾਰ ਏਕੜ ਜ਼ਮੀਨ ਵੰਡੀ ਜਾਣੀ ਹੈ। ਇਨ੍ਹਾਂ ਐਮ. ਐਲ. ਏਜ਼. ਦਾ ਅਖਤਿਆਰ ਹੋਵੇਗਾ (ਥੰਪਿੰਗ) ਲੋਕਲ ਹਰੀਜਨਾਂ ਨੂੰ ਇਹ ਜ਼ਮੀਨ ਵੰਡਣੀ ਹੈ। ਜਿਸ ਪਿੰਡ ਵਿਚ ਜ਼ਮੀਨ ਪਈ ਹੋਵੇ ਉਥੇ ਦੇ ਲੋਕਲ ਹਰੀਜਨਾਂ ਨੂੰ ਇਹ ਵੰਡਣੀ ਹੋਵੇਗੀ। ਅਸੀਂ ਹੋਰ ਵੀ ਫੈਸਲਾ ਕੀਤਾ ਹੈ ਕਿ ਜਿਹੜੀ ਜ਼ਮੀਨ ਸਿਰਾਏ ਸੁਲਤਾਨ ਖਾਂ (ਅੰਮ੍ਰਿਤਸਰ) ਵਿਖੇ 800 ਏਕੜ ਪਈ ਹੈ, ਜਿਹੜੀ ਕਾਬਲੇ ਕਾਸ਼ਤ ਹੈ, ਉਥੇ ਹਾਲੇਂ ਦਰਖਤ ਨਹੀਂ ਲਗੇ ਹਨ, ਜਾਂ ਲਗ ਨਹੀਂ ਸਕਦੇ ਹਨ। (ਵਿਘਨ)

**ਚੌਧਰੀ ਸੁੰਦਰ ਸਿੰਘ** : ਆਨ ਏ ਪੁਆਇੰਟ ਆਫ ਆਰਡਰ, ਸਰ। 21 ਹਜ਼ਾਰ ਏਕੜ ਜ਼ਮੀਨ ਵੰਡਣ ਬਾਰੇ ਕਿਹਾ ਗਿਆ ਹੈ ਕਿ ਐਮ. ਐਲ. ਏਜ਼. ਦਾ ਅਖਤਿਆਰ ਹੈ। ਇਹਦੇ ਵਿਚ ਕੋਈ ਸ਼ਕ ਨਹੀਂ ਹੈ ਕਿ ਕਮੇਟੀਆਂ ਬਣਾ ਦਿੱਤੀਆਂ ਗਈਆਂ ਹਨ ਕਿ ਉਹ ਇਹ ਜ਼ਮੀਨ ਵੰਡਣ। ਮਗਰ ਅਸੀਂ ਵੇਖਦੇ ਹਾਂ ਕਿ ਇਨ੍ਹਾਂ ਕਮੇਟੀਆਂ ਦੀਆਂ ਕਦੋਂ ਮੀਟਿੰਗਾਂ ਹੋਣ ਤਾਂ ਕੋਈ ਗਲ ਬਾਤ ਕਰੀਏ। ਪਰ ਇਸ ਕਮੇਟੀ ਦੀ ਕੋਈ ਮੀਟਿੰਗ ਸ਼ੀਟਿੰਗ ਨਹੀਂ ਹੋਈ ਹੈ। ਜਾਂ ਕੋਈ ਹੋਰ ਚੀਜ਼ ਹੋਈ ਹੈ। ਚੌਧਰੀ ਸਾਨੂੰ ਬਣਾ ਦਿੱਤਾ ਹੈ ਐਮ. ਐਲ. ਏਜ਼. ਨੂੰ, ਪਰ ਮੀਟਿੰਗ ਕੋਈ ਨਹੀਂ ਹੋਈ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਕਮੇਟੀਆਂ ਦੀਆਂ ਮੀਟਿੰਗਾਂ ਰਖਣੀਆਂ ਚਾਹੀਦੀਆਂ ਹਨ ਤਾਂਕਿ ਅਸੀਂ ਕੰਮ ਕਰੀਏ।

**ਖੇਤੀ ਬਾੜੀ ਅਤੇ ਵਣ ਮੰਤਰੀ** : ਸਰਕਾਰ ਦਾ ਕੰਮ ਦੇਰ ਨਾਲ ਹੁੰਦਾ ਹੈ। ਹੁਣ ਜਦੋਂ ਤੁਸੀਂ ਗੁਰਦਾਸਪੁਰ ਜਾਉਗੇ ਤਾਂ ਕਾਗਜ਼ ਉਥੇ ਪਹੁੰਚੇ ਹੋਏ ਹੋਣਗੇ। ਮੈਂ ਅਸੰਬਲੀ ਵਿਚ ਨਹੀਂ ਕਹਿਣਾ ਚਾਹੁੰਦਾ (ਵਿਘਨ) ਮੈਂ ਕਹਿ ਰਿਹਾ ਸੀ ਕਿ ਹੁਣ ਜਦੋਂ ਤੁਸੀਂ ਘਰ ਜਾਉਗੇ ਤਾਂ ਕਾਗਜ਼ ਉਥੇ ਪਹੁੰਚੇ ਹੋਏ ਹੋਣਗੇ। ਹੁਣ ਐਮ. ਐਲ. ਏਜ਼. ਨੂੰ ਚਾਹੀਦਾ ਹੈ ਕਿ

Original with;
Punjab Vidhan Sabha
Digitized by;
Panjab Digital Library

[ਖੇਤੀ ਬਾੜੀ ਵਣ ਮੰਤਰੀ]

ਜ਼ਮੀਨਾਂ ਜਲਦੀ ਵੰਡ ਦੇਣ ! ਬਾਕੀ ਹੋਰ ਵੀ ਕਈ ਬੀੜਾਂ ਪਈਆਂ ਹਨ । ਬੀੜ ਗੁਜਰਾਂ (ਪਟਿਆਲਾ) ਵਿਖੇ ਹੈ, ਹੋਰ ਅੰਮ੍ਰਿਤਸਰ ਵਿਚ ਵੀ ਬੀੜਾਂ ਹਨ ਜਿਥੇ ਦਰਖਤ ਨਹੀਂ ਲਗ ਸਕਦੇ ਕਿਉਂਕਿ ਹੇਠਾਂ ਜ਼ਮੀਨ ਵਿਚ ਰੋੜੇ ਹਨ । ਜਿਥੇ ਕਾਸ਼ਤਕਾਰੀ ਹੋ ਸਕਦੀ ਹੈ ਉਥੇ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਉਹ ਜ਼ਮੀਨ ਵੀ ਬੀੜਾਂ ਦੀ ਗਰੀਬਾਂ ਵਿਚ ਵੰਡ ਦਿੱਤੀ ਜਾਵੇ ਤਾਂ ਕਿ ਉਹ ਆਪਣੀ ਰੋਟੀ ਕਮਾਉਣ ਦੇ ਕਾਬਲ ਹੋ ਸਕਣ । ਸਪੀਕਰ ਸਾਹਿਬ, ਇਥੇ ਬੀਜਾਂ ਦਾ ਜ਼ਿਕਰ ਕੀਤਾ ਗਿਆ ਹੈ ।

**ਸ੍ਰੀ ਵਿਸ਼ਵਾ ਮਿੱਤਰ ਸੇਖੜੀ** : ਆਨ ਏ ਪੁਆਇੰਟ ਆਫ਼ ਆਰਡਰ, ਸਰ । 21 ਹਜ਼ਾਰ ਏਕੜ ਜ਼ਮੀਨ ਬਾਰੇ ਮੈਂ ਇਹ ਜਾਣਨਾ ਚਾਹਾਂਗਾ ਕਿ ਇਹ ਮਿਨੀਮਮ ਕਿਨੀ ਫੈਮਿਲੀ ਨੂੰ ਦੇਣੀ ਹੈ ਅਤੇ ਮੈਕਸੀਮਮ ਕਿੰਨੀ ਦੇਣੀ ਹੈ ।

**ਖੇਤੀ ਬਾੜੀ ਅਤੇ ਵਣ ਮੰਤਰੀ** : ਜੇ ਪਹਿਲਾਂ ਜ਼ਮੀਨ ਹੋਵੇ ਤਾਂ ਸਾਰੀ ਮਿਲਾਕੇ 8 ਏਕੜ ਤੋਂ ਵਧ ਨਹੀਂ ਦੇਣੀ ਹੈ । ਉਸੀ ਪਿੰਡ ਦੇ ਲੋਕਾਂ ਨੂੰ ਦੇਣੀ ਹੈ । ਨਾ ਉਹਨੂੰ ਵੇਚਣ ਦਾ ਹੱਕ ਹੋਵੇਗਾ ਨਾ ਮਾਲਕੀ ਦਾ ਹੱਕ ਹੋਵੇਗਾ । ਕੁਝ ਜ਼ਮੀਨ ਵਿਚ ਦਰਖਤ ਲਗਾਵੇਗਾ ਅਤੇ ਬਾਕੀ ਵਿਚ ਕਾਸ਼ਤ ਕਰੇਗਾ । ਮਾਲਕ ਉਹਨੂੰ ਉਦੋਂ ਬਣਾਵਾਂਗੇ ਜਦੋਂ ਉਹਦਾ ਉਥੇ ਘਰ ਬਾਰ ਬਣ ਜਾਵੇਗਾ ਜਾਂ ਸਾਨੂੰ ਇਹ ਵਿਸ਼ਵਾਸ਼ ਹੋ ਜਾਵੇਗਾ ਕਿ ਉਹ ਕਿਧਰੇ ਨਹੀਂ ਜਾਏਗਾ ।

(ਇਸ ਵੇਲੇ ਸ੍ਰੀ ਪ੍ਰੇਮ ਗੁਪਤਾ, ਭਗਤ ਗੁਰਾਂ ਦਾਸ ਹੰਸ ਅਤੇ ਹੋਰ ਕਈ ਮਾਨਯੋਗ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜੇ ਸੀ ਅਤੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ।)

**ਸ੍ਰੀ ਸਪੀਕਰ** : ਮੈਂ ਮੈਂਬਰ ਸਾਹਿਬਾਨ ਦੇ ਗਿਆਤ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਪ੍ਰੈਕਟਿਸ ਠੀਕ ਨਹੀਂ ਹੈ । ਇਸ ਤਰ੍ਹਾਂ ਹਰ ਕੋਈ ਕਰੇਗਾ, ਆਪੋਜ਼ੀਸ਼ਨ ਵਾਲੇ ਵੀ ਇਸ ਤਰ੍ਹਾਂ ਕਰਨਗੇ, ਇਹ ਠੀਕ ਨਹੀਂ ਹੈ । ਤੁਸੀਂ ਉਨ੍ਹਾਂ ਨੂੰ ਆਪਣੀ ਸਪੀਚ ਖ਼ਤਮ ਕਰ ਲੈਣ ਦਿਉ ਉਸ ਦੇ ਬਾਅਦ ਤੁਸੀਂ ਪੁਆਇੰਟ ਆਫ਼ ਆਰਡਰ ਰੇਜ਼ ਕਰ ਲੈਣਾ ਜਾਂ ਇਨਫਰਮੇਸ਼ਨ ਲੈ ਲੈਣਾ । (ਵਿਘਨ)

**ਸ੍ਰੀ ਪ੍ਰੇਮ ਗੁਪਤਾ** : ** **

**Mr. Speaker** : I am sorry. This is no point of order.

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੈਂ ਬੜੀ ਵਾਈਟਲ ਇਨਫਰਮੇਸ਼ਨ ਲੈਣਾ ਚਾਹੁੰਦਾ ਸੀ । ਜੋ ਤੁਹਾਡੇ ਚੈਂਬਰ ਵਿਚ ਫੈਸਲਾ ਹੋਇਆ ਸੀ ਉਸ ਮੁਤਾਬਕ ਮੈਂ ਸੋਚਿਆ ਕਿ ਮੈਂ ਬਾਅਦ ਵਿਚ ਪੁਛਾਂਗਾ ਜੇ ਕਾਂਗਰਸ ਪਾਰਟੀ ਦੇ ਮੈਂਬਰਾਂ ਨੇ ਹੀ ਇਸ ਦੀ ਉਲੰਘਣਾ ਕਰਨੀ ਹੈ ਤਾਂ ਸਾਨੂੰ ਵੀ ਪੁਛ ਲੈਣ ਦਿਉ । (ਵਿਘਨ) ਮੈਂ ਤਾਂ ਉਸ ਮੁਤਾਬਕ ਬਾਅਦ ਵਿਚ ਹੀ ਪੁੱਛਣਾ ਸੀ ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਆਈ ਹੈਵ ਆਲਰੇਡੀ ਓਬਜੈਕਟਿਡ ਟੂ ਇਟ । (ਵਿਘਨ) ਇਹ ਫੈਸਲਾ ਹੋ ਗਿਆ ਹੈ ਕਿ ਸਪੀਚ ਕਰਦਿਆਂ ਕਿਸੇ ਨੂੰ ਇੰਟਰੱਪਟ ਨਾ ਕਰੋ । ਜੇ ਕਿਸੇ ਨੇ ਕੋਈ ਇਨਫਰਮੇਸ਼ਨ ਲੈਣੀ ਹੈ ਤਾਂ ਬਾਅਦ ਵਿਚ ਲੈ ਲੈਣ । (ਵਿਘਨ)

**ਖੇਤੀ ਬਾੜੀ ਅਤੇ ਵਣ ਮੰਤਰੀ :** ਸਪੀਕਰ ਸਾਹਿਬ, ਮੈਂ ਇਕੱਲੇ ਇਕੱਲੇ ਨੂੰ ਇਤਲਾਹ ਦੇ ਦੇਵਾਂਗਾ ਕਿ ਕਿਹੜੇ ਕਿਹੜੇ ਪਿੰਡ ਵਿਚ ਕਿੰਨੀ ਕਿੰਨੀ ਜ਼ਮੀਨ ਪਈ ਹੈ । ਕਿਹੜੇ ਕਿਹੜੇ ਸਬ-ਡਵੀਜ਼ਨ ਵਿਚ ਕਿਹੜਾ ਕਿਹੜਾ ਮੈਂਬਰ ਉਸ ਕਮੇਟੀ ਦਾ ਮੈਂਬਰ ਬਣਿਆ ਹੈ । ਸਾਰਾ ਕੁਝ ਦੱਸ ਦੇਵਾਂਗਾ ।

ਸਪੀਕਰ ਸਾਹਿਬ, ਮੈਂ ਸੀਡ ਦੇ ਮੁਤੱਲਕ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਕਿਸਾਨ ਨੂੰ ਸੋਹਣਾ ਬੀਜ ਦੇਣ ਦੀ ਖਾਤਰ ਵਰਲਡ ਬੈਂਕ ਦੀ ਮੱਦਦ ਨਾਲ ਇਕ ਸੀਡ ਕਾਰਪੋਰੇਸ਼ਨ ਬਣਾਈ ਹੈ ਜਿਹੜੀ ਕਾਰਪੋਰੇਸ਼ਨ ਗੇਹੂੰ, ਕਪਾਹ ਛੋਨੇ ਅਤੇ ਆਲੂ ਦੇ ਬੀਜ ਪੈਦਾ ਕਰਨ ਵਿਚ ਸਾਡੀ ਮੱਦਦ ਕਰੇਗੀ । ਅਸੀਂ ਇਸ ਦੇ ਵਿਚ ਕੁਝ ਜ਼ਿਲ੍ਹਿਆਂ ਵਿਚੋਂ ਬਲਾਕ ਰਖੇ ਹਨ ਅਤੇ ਵਰਲਡ ਬੈਂਕ ਦੀ ਮੱਦਦ ਨਾਲ ਇਹ ਕਾਰਪੋਰੇਸ਼ਨ ਚਲਾਈ ਹੈ । ਇਸ ਦੀ ਇਜਾਜ਼ਤ ਗੌਰਮਿੰਟ ਆਫ ਇੰਡੀਆਂ ਵਲੋਂ ਹੋ ਗਈ ਹੈ, ਪੰਜਾਬ ਦੀ ਸਰਕਾਰ ਵਲੋਂ ਇਸ ਦੀ ਇਜਾਜ਼ਤ ਹੋ ਗਈ ਹੈ । ਅੱਗੇ ਵਾਸਤੇ, ਸਪੀਕਰ ਸਾਹਿਬ, ਲੋਕਾਂ ਨੂੰ ਸਰਟੀਫਾਈਡ ਬੀਜ ਦੇਵਾਂਗੇ ਤਾਂ ਕਿ ਉਹ ਸਾਨੂੰ ਚੰਗੀ ਫਸਲ ਦੇ ਸਕੇ ਅਤੇ ਉਨ੍ਹਾਂ ਦੀ ਵੀ ਤਸੱਲੀ ਹੋ ਸਕੇ ।

ਸਪੀਕਰ ਸਾਹਿਬ, ਗਾਈਆਂ ਦੇ ਮੁਤੱਲਕ ਇਥੇ ਮੇਰੇ ਇਕ ਦੋਸਤ ਨੇ ਜ਼ਿਕਰ ਕੀਤਾ ਸੀ । ਉਹ ਗੱਲ ਮੇਰੇ ਨਾਲ ਕੋਈ ਤਅੱਲੁਕ ਨਹੀਂ ਰਖਦੀ ਲੇਕਿਨ ਮੈਂ ਕਹਿਣਾ ਚਾਹੁੰਦਾ ਹਾਂ ਕਿ ਰੰਧਾਵਾ ਸਾਹਿਬ ਤਾਂ ਲਾਠੀ ਫੜ੍ਹ ਕੇ ਇਸ ਗਲ ਦੇ ਮਗਰ ਪਏ ਹੋਏ ਹਨ ਕਿ ਵਾਈਟ ਰੈਵੋਲਿਊਸ਼ਨ ਲਿਆਂਦਾ ਜਾਵੇ । ਇਸ ਗੱਲ ਦੇ ਬਾਰੇ ਰੰਧਾਵਾ ਸਾਹਿਬ ਦੱਸਣਗੇ ।

ਹੋਰ ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਦਾ ਹਾਂ ਕਿ ਅਸੀਂ ਕੋਸਿਸ਼ ਕਰਦੇ ਹਾਂ ਕਿ ਵੱਧ ਤੋਂ ਵੱਧ ਕਿਸਾਨਾਂ ਦੀ ਮੱਦਦ ਕੀਤੀ ਜਾਵੇ । ਕਿਸਾਨਾਂ ਨੂੰ ਬਿਜਲੀ ਦਿਤੀ ਜਾਵੇ, ਕਿਸਾਨਾਂ ਨੂੰ ਪਾਣੀ ਦਿਤਾ ਜਾਵੇ । ਕੁਝ ਮਾਰਕਿਟ ਕਮੇਟੀਆਂ ਨੇ ਕਰਜ਼ੇ ਲੈ ਲੈ ਕੇ ਕੋਈ 4 ਸਵਾ 4 ਕਰੋੜ ਰੁਪਿਆ ਇਕੱਠਾ ਕਰਕੇ ਇਲੈਕ੍ਟ੍ਰੀਸਿਟੀ ਬੋਰਡ ਨੂੰ ਦਿਤਾ ਹੈ ਤਾਂਕਿ ਲੋਕਾਂ ਨੂੰ ਬਿਜਲੀ ਮਿਲ ਸਕੇ । ਜਿਨ੍ਹਾਂ ਲੋਕਾਂ ਨੂੰ ਬਿਜਲੀ ਦੇ ਕੁਨੈਕਸ਼ਨ ਨਹੀਂ ਮਿਲਦੇ, ਉਨ੍ਹਾਂ ਨੂੰ ਬਿਜਲੀ ਦੇ ਕੁਨੈਕਸ਼ਨ ਜਲਦੀ ਮਿਲ ਸਕਣ । (ਵਿਘਨ) ਜਿਹੜਾ ਰੁਪਿਆ ਮਾਰਕਿਟ ਕਮੇਟੀ ਨੇ ਬਿਜਲੀ ਬੋਰਡ ਨੂੰ ਦਿਤਾ ਹੈ ਉਹ ਸਬਸਿਡੀ ਨਹੀਂ ਸਮਝਿਆ ਜਾਵੇਗਾ । ਇਹ ਰੁਪਿਆ ਲੋਨ ਸਮਝਿਆ ਜਾਵੇਗਾ । ਇਸ ਦੇ ਲਈ ਸਰਕਾਰ ਨੇ ਇਕ ਸਬ ਕਮੇਟੀ ਬਣਾਈ ਹੈ, ਕੈਬਨਿਟ ਸਬ ਕਮੇਟੀ ਬਣਾਈ ਹੈ । ਇਹ ਜਿਹੜਾ ਰੁਪਿਆ ਹੈ ਜਿਵੇਂ ਜਿਵੇਂ ਸਰਕਾਰ ਦਾ ਫੈਸਲਾ ਹੋਵੇਗਾ ਉਸੇ ਤਰ੍ਹਾਂ ਬਿਜਲੀ ਬੋਰਡ ਨੂੰ ਮਾਰਕਿਟ ਕਮੇਟੀਆਂ ਨੂੰ ਵਾਪਸ ਕਰਨਾ ਪਵੇਗਾ । ਸਪੀਕਰ ਸਾਹਿਬ, ਅਸੀਂ ਚਾਹੁੰਦੇ ਹਾਂ ਕਿ ਕਿਸਾਨਾਂ ਨੂੰ, ਗਰੀਬ ਲੋਕਾਂ ਨੂੰ ਵੱਧ ਤੋਂ ਵੱਧ ਬਿਜਲੀ ਦਿਤੀ ਜਾਵੇ, ਵੱਧ ਤੋਂ ਵੱਧ ਪਾਣੀ ਦਿਤਾ ਜਾਵੇ ਤਾਂਕਿ ਉਹ ਆਪਣੀ ਫਸਲ ਵੱਧ ਤੋਂ ਵੱਧ ਹੀ ਪੈਦਾ ਕਰ ਸਕਣ । ਕਈ ਜ਼ਿਲ੍ਹਿਆਂ ਵਿਚ ਕਿਸਾਨਾਂ ਨੂੰ ਬਿਜਲੀ ਨਹੀਂ ਮਿਲਦੀ, ਪਾਣੀ ਨਹੀਂ ਮਿਲਦਾ । ਇਸ ਲਈ ਅਸੀਂ ਇਹ ਬਿਜਲੀ ਬੋਰਡ ਨੂੰ ਸਹਾਇਤਾ ਦਿੱਤੀ ਹੈ ਤਾਂ ਕਿ ਉਹ ਬਿਜਲੀ ਜਿਹੜੀ ਹੈ ਉਹ ਜਲਦੀ ਤੋਂ ਜਲਦੀ ਦੇ ਸਕੇ ਅਤੇ ਕਿਸਾਨਾਂ ਦੇ ਖੇਤਾਂ ਨੂੰ ਪਾਣੀ ਜਲਦੀ ਤੋਂ ਜਲਦੀ ਪਹੁੰਚ ਜਾਵੇ ਅਤੇ ਉਹ ਆਪਣੀ ਉਪਜ ਜ਼ਿਆਦਾ ਪੈਦਾ ਕਰ ਸਕਣ ।

Original with;
Punjab Vidhan Sabha
Digitized by;
Panjab Digital Library

[ਖੇਤੀ ਬਾੜੀ ਅਤੇ ਵਣ ਮੰਤਰੀ]

ਇਕ ਗੱਲ ਸਪੀਕਰ ਸਾਹਿਬ, ਮੈਂ ਕਹਿਣੀ ਭੁੱਲ ਗਿਆ ਸੀ । ਜਿਹੜਾ ਪਹਿਲਾਂ ਆਲੂਆਂ ਦਾ ਸੌਦਾ ਹੁੰਦਾ ਸੀ ਉਹ ਵੱਡੇ ਵੱਡੇ ਜ਼ਿਮੀਦਾਰ ਖੇਤਾਂ ਵਿਚੋਂ ਆਲੂ ਪੱਟ ਕੇ ਸਿਧੇ ਬੰਬਈ ਜਾਂ ਕਲਕੱਤੇ ਵਗੈਰਾ ਵੇਚ ਆਉਂਦੇ ਸੀ ਅਤੇ ਸਾਨੂੰ ਉਸ ਦੀ ਮਾਰਕਿਟ ਫੀਸ ਨਹੀਂ ਸੀ ਮਿਲਦੀ । ਹੁਣ ਜਿਹੜਾ ਨੈਫਡ ਵਲੋਂ ਆਲੂ ਖਰੀਦੇ ਜਾਣੇ ਹਨ ਉਸ ਦੀ ਸਾਨੂੰ ਮਾਰਕਿਟ ਫੀਸ ਮਿਲੇਗੀ । ਸਾਨੂੰ ਇਹ ਵੀ ਲਾਭ ਹੋ ਜਾਵੇਗਾ । ਪਹਿਲਾਂ ਜਿਹੜੇ ਵੱਡੇ ਵੱਡੇ ਜ਼ਿਮੀਂਦਾਰ ਕਲਕੱਤੇ ਜਾਂ ਬੰਬਈ ਜਾਂ ਦਿੱਲੀ ਵਗੈਰਾ ਵਿਚ ਆਲੂ ਵੇਚ ਆਉਂਦੇ ਸੀ ਉਹ ਸਾਨੂੰ ਮਾਰਕਿਟ ਫੀਸ ਨਹੀਂ ਸੀ ਦਿੰਦੇ ਅਤੇ ਉਨ੍ਹਾਂ ਦਾ ਪਤਾ ਹੀ ਨਹੀਂ ਸੀ ਲਗਦਾ ਕਿ ਕਦੋਂ ਵੇਚ ਆਏ ਹਨ । ਹੁਣ ਨੈਫਡ ਵਲੋਂ ਜਿਹੜੀ ਖਰੀਦ ਹੋਣੀ ਹੈ ਇਸ ਦਾ ਅਸੀਂ ਪਹਿਲਾਂ ਫੈਸਲਾ ਕੀਤਾ ਹੈ ਕਿ ਉਹ ਸਾਨੂੰ ਇਸ ਦੀ ਮਾਰਕਿਟ ਫੀਸ ਦੇਵੇਗਾ । ਜਿਹੜੀ ਉਹ ਸਾਨੂੰ ਮਾਰਕਿਟ ਫੀਸ ਦੇਵੇਗਾ ਉਸ ਨਾਲ ਸਾਨੂੰ ਕਾਫੀ ਫਾਇਦਾ ਹੋਵੇਗਾ । ਬਸ ਜੀ ਇਤਨਾ ਕਹਿ ਕੇ ਮੈਂ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ ।

**ਕਾਮਰੇਡ ਅਰਜਨ ਸਿੰਘ ਮਸਤਾਨਾ** : ਆਨ ਏ ਪੁਆਇੰਟ ਆਫ਼ ਇਨਫਰਮੇਸ਼ਨ, ਸਰ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ....(ਵਿਘਨ)

**ਸ੍ਰੀ ਸਪੀਕਰ** : ਬੇਨਤੀ ਨਹੀਂ ਤੁਸੀਂ ਇਨਫਰਮੇਸ਼ਨ ਮੰਗੋ ਜੋ ਲੈਣੀ ਚਾਹੁੰਦੇ ਹੋ ।

**ਕਾਮਰੇਡ ਅਰਜਨ ਸਿੰਘ ਮਸਤਾਨਾ** : ਸਪੀਕਰ ਸਾਹਿਬ, ਕਾਟਨ ਕਾਰਪੋਰੇਸ਼ਨ ਫਿਰੋਜ਼ਪੁਰ ਦੀਆਂ ਕੁਝ ਮੰਡੀਆਂ ਵਿਚ ਆਈ ਹੈ ਅਤੇ ਹਰ ਸਾਲ ਖੇਮਕਰਨ, ਭੀਖੀ ਵਿੰਡ ਅਤੇ ਪੱਟੀ ਵਿਚ ਉਹ ਖਰੀਦ ਕਰਦੀ ਹੈ । ਅਸੀਂ ਚਾਹੁੰਦੇ ਹਾਂ ਕਿ ਇਕ ਹਫ਼ਤੇ ਲਈ ਹੋਰ ਉਥੇ ਖਰੀਦ ਖੋਲ੍ਹੀ ਜਾਵੇ ਤਾਕਿ ਕਿਸਾਨ ਨੂੰ ਫਾਇਦਾ ਹੋ ਸਕੇ ਨਹੀਂ ਤਾਂ ਦੂਸਰੀਆਂ ਮੰਡੀਆਂ ਵਿਚ ਉਸ ਦੀ ਲੁਟ ਹੁੰਦੀ ਹੈ । (ਵਿਘਨ)

ਦੂਸਰਾ ਮੇਰਾ ਸਵਾਲ ਹੈ, ਸਪੀਕਰ ਸਾਹਿਬ, ਕਿ ਤੋਰੀਏ ਦੀ ਕਾਫੀ ਵੱਡੀ ਫਸਲ ਹੈ । ਤੇਲ ਦੀ ਜੋ ਕੀਮਤ ਹੋਈ ਹੈ, ਸਾਬਣ ਦੀ ਜੋ ਕੀਮਤ ਹੋਈ ਹੈ, ਖੱਲ ਦੀ ਜੋ ਕੀਮਤ ਹੋਈ ਹੈ ਉਸ ਦੇ ਹਿਸਾਬ ਨਾਲ ਇਸ ਦੀ ਕੀਮਤ ਅੱਧੀ ਨਾਲੋਂ ਵੀ ਘੱਟ ਹੈ । ਕੀ ਇਸ ਦਾ ਕੋਈ ਇੰਤਜ਼ਾਮ ਕਰਨਗੇ ? ਇਹ ਦੋ ਚੀਜ਼ਾਂ ਦਾ, ਸਪੀਕਰ ਸਾਹਿਬ, ਇਹ ਜਵਾਬ ਦੇ ਦੇਣ ।

**ਸ੍ਰੀ ਸਪੀਕਰ** : ਮਾਸਟਰ ਜੀ ਸਾਰਿਆਂ ਦਾ ਜਵਾਬ ਇਕੱਠਾ ਹੀ ਦੇ ਦੇਣਾ । (ਵਿਘਨ) ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਮਾਸਟਰ ਜੀ ਨੇ ਮੰਨਿਆ ਹੈ ਕਿ ਪਿਛਲੇ ਸਾਲ ਵੀ ਕਾਟਨ ਕਾਰਪੋਰੇਸ਼ਨ ਆਖਿਰ ਵਿਚ ਜਾ ਕੇ ਦਾਖ਼ਲ ਹੋਈ ਸੀ । ਇਸ ਸਾਲ ਵੀ ਆਖਿਰ ਵਿਚ ਦਾਖਲ ਹੋਈ ਹੈ । ਛੋਟਾ ਕਿਸਾਨ ਜਿਹੜਾ ਹੈ ਉਹ ਕਾਟਨ ਪਹਿਲਾਂ ਹੀ ਵੇਚ ਲੈਂਦਾ ਹੈ । ਮੈਂ ਮਨਿਸਟਰ ਸਾਹਿਬ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਉਹ ਇਸ ਹਾਊਸ ਨੂੰ ਇਹ ਐਸ਼ੋਰੈਂਸ ਦਿਵਾਉਣਗੇ ਕਿ ਅਗਲੇ ਸਾਲ

Original with;
Punjab Vidhan Sabha
Digitized by;
Panjab Digital Library

ਕਾਟਨ ਦੀ ਫਸਲ ਜੋ ਆਉਣੀ ਹੈ ਉਸ ਦੇ ਲਈ ਇਨ੍ਹਾਂ ਦਾ ਮਹਿਕਮਾ ਕੋਈ ਅਗੇਤਰੀ ਪ੍ਰਬੰਧ ਕਰੇਗਾ ਕਿ ਫਸਲ ਨਿਕਲਣ ਵੇਲੇ ਹੀ ਕਾਟਨ ਕਾਰਪੋਰੇਸ਼ਨ ਫਸਲ ਦੀ ਖਰੀਦ ਕਰੇ ? (ਵਿਘਨ)

**ਚੌਧਰੀ ਦਰਸ਼ਨ ਸਿੰਘ :** ਸਪੀਕਰ ਸਾਹਿਬ, ਜਿਹੜਾ ਸਟੇਟ ਦਾ ਟੋਟਲ ਲੈਂਡ ਰੈਵਨਿਯੂ ਹੈ ਉਹ ਸਾਢੇ 3 ਕਰੋੜ ਰੁਪਏ ਦੇ ਕਰੀਬ ਹੈ । ਇਹ ਜਿਹੜਾ ਮਾਰਕਿਟ ਬੋਰਡ ਦਾ ਪੈਸਾ ਹੈ ਜਿਸ ਨੂੰ ਆੜ੍ਹਤ ਕਹਿੰਦੇ ਹਨ ਇਹ 25 ਕਰੋੜ ਰੁਪਏ ਦੇ ਕਰੀਬ ਹੈ । ਆਇਆ ਪੰਜਾਬ ਸਰਕਾਰ ਦੀ ਕੋਈ ਇਹੋ ਜਿਹੀ ਪ੍ਰਪੋਜ਼ਲ ਜ਼ੇਰੇ ਗੌਰ ਹੈ ਕਿ ਇਹ ਪੈਸਾ ਨੈਸ਼ਨਲ ਪੂਲ ਵਿਚ ਪਾ ਕੇ ਪੰਜਾਬ ਸਰਕਾਰ ਦੇ ਬਜਟ ਵਿਚ ਇਨਕਲੂਡ ਕੀਤਾ ਜਾਵੇ । (ਵਿਘਨ) ਇਹ ਰੁਪਿਆ ਸਰਕਾਰੀ ਖਜ਼ਾਨੇ ਵਿਚ ਆਵੇ ।

**ਖੇਤੀ ਬਾੜੀ ਅਤੇ ਵਣ ਮੰਤਰੀ :** ਸਪੀਕਰ ਸਾਹਿਬ, ਚੌਧਰੀ ਦਰਸ਼ਨ ਸਿੰਘ ਦਾ ਜਿਹੜਾ ਸਵਾਲ ਹੈ ਕਿ ਜਿਹੜੀ ਮਾਰਕਿਟ ਫੀਸ ਹੈ ਇਹ ਜੈਨਰਲ ਬਜਟ ਵਿਚ ਪਾ ਕੇ ਇਹ ਰੁਪਿਆ ਗੌਰਮਿੰਟ ਦੇ ਖ਼ਜ਼ਾਨੇ ਵਿਚ ਭੇਜ ਦਿਉ । ਮੇਰੀ ਬੇਨਤੀ ਹੈ ਕਿ ਇਹ ਮਾਰਕਿਟ ਫੀਸ ਜਿਹੜੀ ਹੈ ਇਹ ਕੋਈ ਟੈਕਸ ਨਹੀਂ ਜਿਹੜਾ ਜੈਨਰਲ ਬਜਟ ਵਿਚ ਪਾ ਕੇ ਗੌਰਮਿੰਟ ਦੇ ਖਜ਼ਾਨੇ ਵਿਚ ਭੇਜ ਦੇਈਏ । ਇਹ ਮਾਰਕਿਟ ਫੀਸ ਇਸ ਕਰਕੇ ਵਸੂਲ ਕਰਦੇ ਹਾਂ ਕਿ ਮੰਡੀਂ ਵਿਚ, ਉਸ ਏਰੀਏ ਵਿਚ ਜ਼ਿਮੀਦਾਰਾਂ ਦੀ ਭਲਾਈ ਦੇ ਕੰਮ ਕੀਤੇ ਜਾਣ ਜੇ ਜੈਨਰਲ ਬਜਟ ਵਿਚ ਇਸ ਨੂੰ ਪਾ ਦੇਈਏ ਤਾਂ ਇਹ ਟੈਕਸ ਬਣ ਜਾਂਦਾ ਹੈ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਟੈਕਸ ਨਹੀਂ ਹੈ, ਇਹ ਮਾਰਕਿਟ ਫੀਸ ਹੈ । ਇਸ ਦੇ ਬਦਲੇ ਜ਼ਿਮੀਂਦਾਰਾਂ ਨੂੰ, ਆੜ੍ਹਤੀਆਂ ਨੂੰ ਅਸੀਂ ਕੰਮ ਕਰਕੇ ਦਿੰਦੇ ਹਾਂ । ਇਸ ਲਈ ਇਹ ਰੁਪਿਆ ਜਿਹੜਾ ਹੈ, ਇਹ ਜੈਨਰਲ ਬਜਟ ਵਿਚ ਅਸੀਂ ਨਹੀਂ ਪਾ ਸਕਦੇ ।

ਬਾਕੀ ਸਪੀਕਰ ਸਾਹਿਬ, ਮੇਰੇ ਜੋ ਕਾਮਰੇਡ ਦੋਸਤਾਂ ਨੇ ਗੱਲਾਂ ਕਹੀਆਂ ਹਨ ਉਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਕਿਹਾ ਹੈ ਕਿ ਕਾਟਨ ਕਾਰਪੋਰੇਸ਼ਨ ਮਗਰੋਂ ਮੰਡੀਆਂ ਵਿਚ ਆਈ ਹੈ । ਮੈਂ ਇਸ ਦੇ ਬਾਰੇ ਪਹਿਲਾਂ ਵੀ ਅਰਜ਼ ਕਰ ਚੁਕਾ ਹਾਂ ਕਿ ਅਕਤੂਬਰ ਦੇ ਮਹੀਨੇ ਵਿਚ ਕੰਮ ਸ਼ੁਰੂ ਕੀਤਾ ਹੈ । ਇਸ ਦੇ ਵਿਚ ਸ਼ਕ ਨਹੀਂ ਕਿ ਕੁਝ ਗਰੀਬ ਕਿਸਾਨਾਂ ਨੇ ਕਪਾਹ ਵੇਚ ਦਿਤੀ ਸੀ ਅਤੇ ਕਾਟਨ ਕਾਰਪੋਰੇਸ਼ਨ ਮਗਰੋਂ ਮੰਡੀਆਂ ਵਿਚ ਆਈ ਹੈ । ਪਹਿਲਾਂ ਵੀ ਮੈਂ ਦਸਿਆ ਸੀ ਕਿ ਚੀਫ਼ ਮਨਿਸਟਰ ਸਾਹਿਬ ਦੇ ਲੈਵਲ ਤੇ ਡੈਪੂਟੇਸ਼ਨ ਬਣਾ ਕੇ ਅਤੇ ਸਾਡੀਆਂ ਬੜੀਆਂ ਕੋਸ਼ਿਸ਼ਾਂ ਦੇ ਬਾਅਦ ਕਾਟਨ ਕਾਰਪੋਰੇਸ਼ਨ ਮੰਡੀਆਂ ਵਿਚ ਆਈ ਹੈ । ਪਹਿਲਾਂ ਇਹ ਕਾਰਪੋਰੇਸ਼ਨ ਨਹੀਂ ਸੀ ਆਉਂਦੀ । ਅਸੀਂ ਕਾਫੀ ਕੋਸ਼ਿਸ਼ ਇਸ ਦੇ ਵਾਸਤੇ ਕੀਤੀ ਹੈ ਅਤੇ ਜੇ ਹੁਣ ਆ ਗਈ ਹੈ ਤਾਂ ਇਹ ਬੜੀ ਚੰਗੀ ਗੱਲ ਹੈ । 'ਦੇਰ ਆਇਦ ਦਰੁਸਤ ਆਇਦ' ਵਾਲੀ ਗੱਲ ਹੈ । ਸਪੀਕਰ ਸਾਹਿਬ ਸਰਕਾਰ ਦੇ, ਐਗਰੀਕਲਚਰ ਡਿਪਾਰਟਮੈਂਟ ਦੇ ਵੱਸ ਦੀ ਗੱਲ ਨਹੀਂ, ਅਸੀਂ ਜਿੰਨੀ ਕੋਸ਼ਿਸ਼ ਕਰ ਸਕਦੇ ਸੀ ਕਰਕੇ ਉਸ ਨੂੰ ਇਥੇ ਲਿਆਏ ਹਾਂ ।

ਮੇਰੇ ਦੋਸਤ ਨੇ ਕਿਹਾ ਹੈ ਕਿ ਤੇਲ ਦੀ ਕੀਮਤ ਉਨੀ ਹੀ ਹੈ ਜਦ ਕਿ ਸਰ੍ਹੋਂ ਦਾ ਭਾਅ ਸਸਤਾ ਹੈ । ਸਪੀਕਰ ਸਾਹਿਬ, ਹੁਣ ਤਾਂ ਟਰੈਂਡ ਹੋ ਗਿਆ ਹੈ ਸਾਰੀਆਂ ਚੀਜ਼ਾਂ ਦੇ ਭਾਅ ਘਟਣ ਦਾ । ਖਾਣ ਪੀਣ ਵਾਲੀਆਂ ਜਿੰਨੀਆਂ ਚੀਜ਼ਾਂ ਹਨ, ਜਿਵੇਂ ਪਹਿਨਣ ਵਾਲਾ ਕਪੜਾ ਹੈ, ਉਹ

Original with;
Punjab Vidhan Sabha
Digitized by;
Panjab Digital Library

[ਖੇਤੀ ਬਾੜੀ ਅਤੇ ਵਣ ਮੰਤਰੀ]

ਸਸਤਾ ਹੋਇਆ ਹੈ । ਸੀਮਿੰਟ ਦਾ ਭਾਅ ਸਸਤਾ ਹੈ, ਕਣਕ ਦਾ ਭਾਅ ਸਸਤਾ ਹੈ, ਲੋਹੇ ਦਾ ਭਾਅ ਸਸਤਾ ਹੋਇਆ ਹੈ । ਸਪੀਕਰ ਸਾਹਿਬ, ਇਸ ਕਰਕੇ ਖਾਦ ਦਾ ਭਾਅ ਵੀ ਸਸਤਾ ਹੋਵੇਗਾ । ਮੈਂ ਦਸਣਾ ਚਾਹੁੰਦਾ ਹਾਂ ਕਿ ਅਸੀਂ ਖਾਦ ਅਤੇ ਇਨਸੈਕਟੇਸਾਈਡਜ਼ ਦੇ ਨਮੂਨੇ ਲਏ ਹਨ ਅਤੇ ਕੋਈ 5 ਕਰੋੜ ਰੁਪਏ ਦੀ ਖਾਦ ਅਤੇ ਦਵਾਈਆਂ ਸੀਲ ਹੋਈਆਂ ਪਈਆਂ ਹਨ । ਤੁਸੀਂ ਹੈਰਾਨ ਹੋਵੋਗੇ ਕਿ ਖਾਦ ਬਣਾਉਣ ਵਾਲੇ ਕਾਰਖ਼ਾਨੇ ਬੰਦ ਪਏ ਹਨ । ਅਸੀਂ ਚਲਣ ਨਹੀਂ ਦੇਣੇ ਤਾਕਿ ਜ਼ਿਮੀਂਦਾਰਾਂ ਦਾ ਨੁਕਸਾਨ ਨਾ ਹੋਵੇ ।

**Mr. Speaker** : The House stands adjourned till 9,00 a.m. on Wednesday, the 28th January, 1976.

*6.30 p.m. (*The Sabha then adjourned* till 9-00 a.m. on Wednesday, the 28th January, 1976.*)

1799—4-6-76—286 ਕਾਪੀਆਂ ਪੰਜਾਬ ਗੌਰਮਿੰਟ ਪਰੈਸ, ਪਟਿਆਲਾ ।

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

©

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*28th January, 1976*

Vol. I—No. 5

## OFFICIAL REPORT

### CONTENTS

*Wednesday, the 28th January, 1976*


| | | PAGE |
|---|---|---|
| Obituary References | .. | (5) 1 |
| Starred Questions and Answers | .. | (5) 2 |
| Questions of Privilege | .. | (5) 28 |
| Call Attention Notices under Rule 66 | .. | (5) 29 |
| Questions on statements made in Reply to Call-Attention Notices | .. | (5) 30 |
| Statements laid on the Table of the House in reply to Call-Attention Notices | .. | (5) 31 |
| Resumption of Discussion on Governor's Address | .. | (5) 33 |



Punjab Vidhan Sabha Secretariat, Chandigarh.

Price : Rs. 20-95



Original with;
Punjab Vidhan Sabha
Digitized by;
Panjab Digital Library

Original with
Punjab Vidhan Sabha
Digitized by;
Panjab Digital Library

# PUNJAB VIDHAN SABHA

Wednesday, the 28th January, 1976

*The Vidhan Sabha met in the Punjab Vidhan Sabha Hall, Vidhan Bhavan, Chandigarh, at 9-00 a. m. of the Clock. Mr. Speaker (Dr. Kewal Krishan) in the Chair.*

---

## OBITUARY REFERENCES

**ਸ੍ਰੀ ਸਪੀਕਰ:** ਮਾਨਯੋਗ ਹਾਊਸ ਦੇ ਮੈਂਬਰਾਨ ਇਹ ਖਬਰ ਬੜੇ ਦੁੱਖ ਨਾਲ ਸੁਣਨਗੇ ਕਿ ਹਿੰਦੁਸਤਾਨ ਦੇ ਉਰਦੂ ਜ਼ਬਾਨ ਦੇ ਉਸਤਾਦ ਸ਼ਾਇਰ ਪਦਮ ਸ੍ਰੀ ਜੋਸ਼ ਮਲਸਿਆਨੀ ਜਿਹੜੇ ਪੰਜਾਬੀ ਸਨ, ਕਲ੍ਹ ਨਕੋਦਰ ਵਿੱਚ ਸਵਰਗਵਾਸ ਹੋ ਗਏ। ਉਨ੍ਹਾਂ ਦੀਆਂ ਕਵਿਤਾਵਾਂ ਵਿੱਚ ਆਪਣੀ ਕਿਸਮ ਦੀ ਰਵਾਨੀ ਤੇ ਦਿਲਾਂ ਵਿੱਚ ਖੁਭ ਜਾਣ ਵਾਲੀ ਛਾਪ ਦਾ ਅਸਰ ਸੀ। ਜੋਸ਼ ਸਾਹਿਬ ਬੁੜਾਪੇ ਵਿੱਚ ਵੀ ਆਪਣੀ ਕਵਿਤਾਵਾਂ ਵਿੱਚ ਜਵਾਨੀ ਦਾ ਹੀ ਜੋਸ਼ ਰਖਦੇ ਸਨ। ਉਨ੍ਹਾਂ ਨੇ ਕਈ ਪੁਸਤਕਾਂ ਲਿਖੀਆਂ। ਦੇਸ਼ ਪਿਆਰ ਦੇ ਜਜ਼ਬਾਤ ਉਨ੍ਹਾਂ ਦੀ ਦਿਲੀ ਦੇਸ਼ ਭਗਤੀ ਦੀ ਤੜਪ ਨੂੰ ਸ਼ਬਦਾਂ ਵਿੱਚ ਸਾਕਾਰ ਕਰ ਦਿੰਦੇ ਸਨ। ਉਰਦੂ ਅਦਬ ਇਸ ਅਦੀਬ ਸ਼ਾਇਰ ਦੀ ਮੌਤ ਨਾਲ ਅੱਜ ਗਰੀਬ ਹੋ ਗਿਆ ਹੈ। ਪਰ ਉਨ੍ਹਾਂ ਦੀਆ ਕਵਿਤਾਵਾਂ ਦਾ ਬੇਸ਼ਕੀਮਤ ਖਜ਼ਾਨਾ ਦੇਸ਼ ਤੇ ਕੌਮ ਦੀ ਯਾਦਗਾਰ ਸਦਾ ਲਈ ਬਣਿਆ ਰਹੇਗਾ। ਕਲਾ ਤੇ ਕਵਿਤਾ ਨਾਲ ਪਿਆਰ ਕਰਨ ਵਾਲੇ ਉਨ੍ਹਾਂ ਨੂੰ ਕਦੀ ਨਾ ਭੁਲ ਸਕਣਗੇ। ਅਦਬੀ ਮਹਿਫਲਾਂ ਵਿੱਚ ਉਨ੍ਹਾਂ ਦਾ ਚਰਚਾ ਹੁੰਦਾ ਹੀ ਰਹੇਗਾ:

"ਤੂੰ ਨਹੀਂ ਲੇਕਿਨ ਤੇਰੀ ਉਲਫਤ ਅਭੀ ਤਕ ਦਿਲ ਮੇਂ ਹੈ,
ਬੁਝ ਚੁੱਕੀ ਹੈ ਸ਼ਮਾਂ ਫਿਰ ਭੀ ਰੋਸ਼ਨੀ ਮਹਿਫਲ ਮੇਂ ਹੈ।"

ਉਨ੍ਹਾਂ ਦੀ ਉਮਰ 92 ਸਾਲ ਦੀ ਸੀ। ਉਹ ਨਵਾਬ ਮਿਰਜ਼ਾ ਦਾਗ ਮਸ਼ਹੂਰ ਸ਼ਾਇਰ ਦੇ ਸ਼ਾਗਿਰਦ ਸਨ। ਉਹ ਕਮਾਲ ਦਰਜੇ ਦੇ ਗ਼ਜ਼ਲ-ਗੋ ਸਨ। ਪੰਡਿਤ ਬਾਲ ਮੁਕੰਦ ਅਰਸ਼ ਉਨ੍ਹਾਂ ਦੇ ਸਪੁੱਤਰ ਵੀ ਉਰਦੂ ਦੇ ਸ਼ਾਇਰ ਹਨ।

ਮੈਂ ਬੜੇ ਦੁਖ ਨਾਲ ਹਾਊਸ ਨੂੰ ਇਹ ਵੀ ਸੂਚਿਤ ਕਰ ਰਿਹਾ ਹਾਂ ਕਿ ਸ੍ਰੀਮਤੀ ਸਾਜਿਦਾ ਬੇਗਮ ਜਿਹੜੇ ਇਸ ਹਾਊਸ ਦੇ ਮਾਨਯੋਗ ਮੈਂਬਰ ਹਨ, ਉਨ੍ਹਾਂ ਦੇ ਮਾਨਯੋਗ ਪਿਤਾ ਸ੍ਰੀ ਅਬਦੁਲ ਮਜੀਦ ਕਲ੍ਹ ਅਕਾਲ ਚਲਾਣਾ ਕਰ ਗਏ ਹਨ। ਉਹ ਉਸ ਖਾਨਦਾਨ ਨਾਲ ਸਬੰਧ ਰਖਦੇ ਸਨ ਜਿਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿਘ ਜੀ ਦੇ ਸਾਹਿਬਜ਼ਾਦਿਆਂ ਦੀ ਸਹਾਇਤਾ ਲਈ ਆਵਾਜ਼ ਬੁਲੰਦ ਕੀਤੀ। ਦੇਸ਼ ਦੇ ਬਟਵਾਰੇ ਤੋਂ ਬਾਅਦ ਉਨ੍ਹਾਂ ਦੇ ਬਹੁਤ ਸਾਰੇ ਰਿਸ਼ਤੇਦਾਰ ਪਾਕਿਸਤਾਨ ਚਲੇ ਗਏ। ਮਗਰ ਉਨ੍ਹਾਂ ਨੇ ਹਿੰਦੁਸਤਾਨ ਵਿੱਚ ਹੀ ਰਹਿਣਾ ਪਸੰਦ ਕੀਤਾ। ਬੇਗਮ ਸਾਹਿਬਾ ਅਤੇ ਉਨ੍ਹਾਂ ਦੇ ਪ੍ਰਵਾਰ ਦੇ ਦੂਜੇ ਮੈਂਬਰਾਂ ਨਾਲ ਹਾਊਸ ਦੇ ਸਾਰੇ ਮੈਂਬਰਾਂ ਨੂੰ ਡੂੰਘੀ ਹਮਦਰਦੀ ਹੈ। ਅਸੀਂ ਉਨ੍ਹਾਂ ਦੇ ਇਸ ਸ਼ੋਕ ਵਿੱਚ ਆਪਣੇ ਆਪ ਨੂੰ ਸ਼ਰੀਕ ਕਰਦੇ ਹਾਂ।

Original with;
Punjab Vidhan Sabha
Digitized by;
Panjab Digital Library

(ਸ੍ਰੀ ਸਪੀਕਰ)

ਦੁਨੀਆ ਦੇ ਜਾਦੂਅਸਰ ਸੰਗੀਤਕਾਰ ਤੇ ਫਿਲਮੀ ਦੁਨੀਆ ਦੇ ਪ੍ਰਸਿੱਧ ਕਲਾਕਾਰ, ਬ੍ਰਿਟਸ਼ ਰੂਸ ਫਰੈਂਡਸ਼ਿਪ ਸੁਸਾਇਟੀ ਦੇ ਉਪ ਪ੍ਰਧਾਨ, ਹਰਮਨ ਪਿਆਰੇ, ਰਾਬਸਨ ਪਾਲ ਲੀਰਾਏ 9 ਅਪ੍ਰੈਲ, 1898 ਵਿੱਚ ਪ੍ਰਿੰਸਿਧ ਨਿਊ ਜਰਸੀ ਅਮਰੀਕਾ ਵਿਚ ਪੈਦਾ ਹੋਏ । ਉਹ ਐਮ. ਏ. ਆਨਰਜ਼ ਤੇ ਲਾਅ ਗਰੈਜੂਏਟ ਸਨ । ਕੁਲੰਬੀਆ ਯੂਨੀਵਰਸਿਟੀ, ਨਿਊਯਾਰਕ ਵਿੱਚ ਉਨ੍ਹਾਂ ਆਪਣੀ ਸ਼ਿਖਸ਼ਾ ਪ੍ਰਾਪਤ ਕੀਤੀ । ਉਹ 23 ਸਾਲ ਦੀ ਉਮਰ ਵਿੱਚ 1921 ਵਿੱਚ ਪਹਿਲੀ ਵਾਰ ਸਟੇਜ ਤੇ ਆਏ ਤੇ ਉਸ ਦਿਨ ਤੋਂ ਹੀ ਉਨ੍ਹਾਂ ਦੀ ਕਲਾ ਦੀ ਅਮਿਟ ਛਾਪ ਨੇ ਲੋਕਾਂ ਦੇ ਦਿਲਾਂ ਨੂੰ ਆਪਣਾ ਬਣਾ ਲਿਆ । ਉਹ ਨੀਗਰੋ ਲੋਕ ਗੀਤਾਂ ਵਾਸਤੇ ਸਾਰੀ ਦੁਨੀਆਂ ਵਿੱਚ ਮਸ਼ਹੂਰ ਸਨ । ਤੇ ਸਾਰੀ ਦੁਨੀਆ ਦੇ ਦੇਸ਼ਾਂ ਵਿੱਚ ਉਨ੍ਹਾਂ ਦੇ ਪ੍ਰੋਗਰਾਮਾਂ ਨੂੰ ਦੇਖਣ ਵਾਸਤੇ ਹਜ਼ਾਰਾਂ ਲੋਕਾਂ ਦਾ ਹਜੂਮ ਉਮੜ ਆਉਂਦਾ ਸੀ । ਉਹ ਹਮੇਸ਼ਾਂ ਦਲੇਰੀ ਤੇ ਜੁਰੱਅਤ ਨਾਲ ਰੰਗ ਨਸਲ ਦੇ ਵਿਤਕਰੇ ਦੇ ਖਿਲਾਫ ਲੜਾਈ ਕਰਦੇ ਰਹੇ । ਉਨ੍ਹਾਂ ਦੀ ਬੇਵਕਤ ਮੌਤ ਨਾਲ ਦੁਨੀਆਂ ਉਚ ਕੋਟੀ ਦੇ ਕਲਾਕਾਰ ਦੀ ਮਨਮੋਹਕ ਸੁਰੀਲੀ ਮੁਅੱਸਰ ਆਵਾਜ਼ ਤੋਂ ਅੱਗੇ ਵੱਧੂ ਗੀਤ ਟੈਕਨੀਕ ਤੇ ਸੰਗੀਤਕਾਰ ਤੋਂ ਖਾਲੀ ਹੋ ਗਈ ਹੈ । ਉਨ੍ਹਾਂ ਦਾ ਦਿਹਾਂਤ 23 ਜਨਵਰੀ ਨੂੰ 77 ਸਾਲ ਦੀ ਉਮਰ ਵਿੱਚ ਹੋਇਆ । ਇਹ ਵੀ ਦੁਨੀਆ ਦੇ ਲਈ ਬਹੁਤ ਵੱਡੀ ਘਾਟ ਵਾਹਿਗੁਰੂ ਅਗੇ ਹੋਈ ਹੈ । ਮੈਂ ਹਾਊਸ ਦੇ ਮਾਨਯੋਗ ਮੈਂਬਰਾਂ ਨੂੰ ਬੇਨਤੀ ਕਰਾਂਗਾ ਕਿ ਦੋ ਮਿੰਟ ਲਈ ਅਸੀਂ ਸਾਰੇ ਖੜ੍ਹੇ ਹੋ ਕੇ ਵਿਛੋੜਾ ਦੇਣ ਵਾਲਿਆਂ ਦੀ ਰੂਹ ਦੀ ਸ਼ਾਂਤੀ ਵਾਸਤੇ ਅਰਦਾਸ ਕਰੀਏ। ਨਾਲ ਹੀ ਮੈਂ ਇਹ ਬੇਨਤੀ ਕਰਾਂਗਾ ਕਿ ਹਮਦਰਦੀ ਦੇ ਸੁਨੇਹੇ ਇਨ੍ਹਾਂ ਤਿੰਨ ਮਹਾਂਪੁਰਸ਼ਾਂ, ਜਿਹੜੇ ਸਾਥੋਂ ਵਿਛੜ ਗਏ ਹਨ, ਦੇ ਪਰਵਾਰਾਂ ਨੂੰ ਹਾਊਸ ਵਲੋਂ ਭੇਜ ਦਿੱਤੇ ਜਾਣ । ਹੁਣ ਦੋ ਮਿੰਟਾਂ ਵਾਸਤੇ ਮੌਨ ਧਾਰਨ ਕਰਨ ਲਈ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜੇ ਹੋ ਜਾਣ ।

(ਇਸ ਸਮੇਂ ਸਾਰੇ ਹਾਜ਼ਰ ਮਾਨਯੋਗ ਮੈਂਬਰ ਆਪਣੇ ਸਥਾਨਾਂ ਤੇ ਖੜ੍ਹੇ ਹੋ ਗਏ)

## STARRED QUESTIONS AND ANSWERS

### ਸਟਾਰਡ ਪ੍ਰਸ਼ਨ ਨੰ: 3545**

ਸ੍ਰੀ **ਸਪੀਕਰ**: ਇਸ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਹੈ ।

### ਤਹਿਸੀਲ ਰਾਜਪੁਰਾ ਵਿੱਚ ਜੰਡ ਮੰਗੋਲੀ ਦੇ ਨਜ਼ਦੀਕ ਪੁੱਲ ਬਣਾਉਣਾ

**ਸਰਦਾਰ ਪ੍ਰੇਮ ਸਿੰਘ ਪ੍ਰੇਮ**: ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਕੀ ਰਾਜਪੁਰਾ ਤਹਿਸੀਲ ਵਿੱਚ ਜੰਡ ਮੰਗੋਲੀ ਦੇ ਨਜ਼ਦੀਕ ਪੁਲ ਬਣਾਉਣ ਦੀ ਮਨਜ਼ੂਰੀ ਦਿੱਤੀ ਗਈ ਸੀ ਅਤੇ ਉਨ੍ਹਾਂ ਦੁਆਰਾ ਇਸ ਦਾ ਨੀਂਹ ਪੱਥਰ ਰੱਖਿਆ ਗਿਆ ਸੀ, ਜੇਕਰ ਅਜਿਹਾ ਹੋਵੇ ਤਾਂ ਨੀਂਹ ਪੱਥਰ ਕਿਸ ਤਰੀਕ ਨੂੰ ਰੱਖਿਆ ਗਿਆ;

(ਅ) ਕੀ ਉਕਤ ਪੁਲ ਨੂੰ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ, ਜੇਕਰ ਅਜਿਹਾ ਹੋਵੇ ਤਾਂ ਉਸਾਰੀ ਦੀ ਮੌਜੂਦਾ ਸਥਿਤੀ ਕੀ ਹੈ;

**For Starred Question No. 3545 and reply thereto please *see* Debate dated 11th February, 1976.

Original with; Punjab Vidhan Sabha Digitized by; Panjab Digital Library

(ੲ) ਪੁਲ ਤੇ ਕੁੱਲ ਕਿੰਨੀ ਅਨੁਮਾਨਤ ਲਾਗਤ ਆਉਣੀ ਹੈ ਅਤੇ ਉਕਤ ਪੁਲ ਬਣਾਉਣ ਦਾ ਕੰਮ ਕਦੋਂ ਤਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ ?

**ਸ੍ਰੀ ਜੋਗਿੰਦਰ ਪਾਲ ਪਾਂਡੇ :** (ੳ) ਜੰਡ ਮੰਗੋਲੀ ਸੜਕ ਤੇ ਪੁਲ ਦੀ ਉਸਾਰੀ ਦਾ ਕੰਮ ਰਾਜਪੁਰਾ ਤਹਿਸੀਲ ਵਿੱਚ ਪ੍ਰਵਾਨ ਹੈ ਅਤੇ ਇਸ ਦਾ ਨੀਂਹ ਪੱਥਰ 11 ਮਈ, 1974 ਨੂੰ ਮੈਂ ਰੱਖਿਆ ਸੀ ।

(ਅ) ਪੁਲ ਦੀ ਉਸਾਰੀ ਦਾ ਕੰਮ ਪ੍ਰਗਤੀ ਅਧੀਨ ਹੈ ਅਤੇ ਸਿੰਕਿੰਗ ਆਫ਼ ਵੈਲਜ਼ ਦਾ ਕੰਮ ਮੁਕੰਮਲ ਹੋ ਗਿਆ ਹੈ ।

(ੲ) ਇਸ ਪੁਲ ਦੀ ਅਸਲੀ ਅਨੁਮਾਨਤ ਲਾਗਤ 2.50 ਲੱਖ ਹੈ । ਪਰ ਡੀਜ਼ਾਇਨ ਵਿਚ ਤਬਦੀਲੀ ਕਰਨ ਨਾਲ ਇਸ ਪੁੱਲ ਦਾ ਸੋਧਿਆ ਅਨੁਮਾਨ 3.50 ਲੱਖ ਹੋ ਗਿਆ ਹੈ । ਪੁਲ ਨੂੰ ਅਗਲੇ ਮਾਲੀ ਸਾਲ ਵਿੱਚ ਮੁਕੰਮਲ ਕਰ ਦੇਣ ਦੀ ਆਸ ਹੈ ।

**ਸਰਦਾਰ ਪ੍ਰੇਮ ਸਿੰਘ ਪ੍ਰੇਮ:** ਸਪੀਕਰ ਸਾਹਿਬ, ਜਿਸ ਕੁਰਸੀ ਤੇ ਤੁਸੀਂ ਸੁਸ਼ੋਭਿਤ ਹੋ ਇਸ ਦਾ ਮੈਨੂੰ ਬਹੁਤ ਭਾਰੀ ਇਹਤਰਾਮ ਹੈ ਅਤੇ ਤੁਹਾਡੇ ਸਕੱਤਰੇਤ ਦਾ ਵੀ ਬਹੁਤ ਇਹਤਰਾਮ ਹੈ ਲੇਕਿਨ ਸਪੀਕਰ ਸਾਹਿਬ, ਜੇ ਇਸ ਤਰ੍ਹਾਂ ਨਾਲ ਸਵਾਲ ਦੀ ਤਰਮੀਮ ਕਰ ਲਈ ਜਾਵੇ ਕਿ ਜਿਹੜਾ ਸਾਰੇ ਸਵਾਲ ਦਾ ਤੱਤ ਹੈ ਉਹ ਹੀ ਕੱਢ ਦਿਤਾ ਜਾਵੇ ਤਾਂ ਠੀਕ ਨਹੀਂ ।

**ਸ੍ਰੀ ਸਪੀਕਰ:** ਤੁਹਾਡੀ ਮਰਜ਼ੀ ਤੋਂ ਬਗੈਰ ਤਾਂ ਸਵਾਲ ਵਿੱਚ ਤਰਮੀਮ ਨਹੀਂ ਹੋ ਸਕਦੀ ।

**ਸਰਦਾਰ ਪ੍ਰੇਮ ਸਿੰਘ ਪ੍ਰੇਮ:** ਸਪੀਕਰ ਸਾਹਿਬ ਮੈਂ ਸਵਾਲ ਪੁੱਛਿਆ ਸੀ ਕਿ ਨਾਰਮਲ ਕੋਰਸ ਵਿੱਚ ਇਤਨੀ ਲਾਗਤ ਦੇ ਪੁਲ ਦੀ ਕੰਪਲੀਸ਼ਨ ਵਾਸਤੇ ਕਿੰਨਾਂ ਟਾਈਮ ਚਾਹੀਦਾ ਹੈ ਉਹ ਪੋਰਸ਼ਨ ਕੱਟ ਦਿਤਾ ਗਿਆ ਹੈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਸਰਕਾਰ ਦੀ ਮਰਜ਼ੀ ਨਾਲ ਕੱਟ ਦਿੱਤਾ ਗਿਆ ਹੈ ਜਾਂ ਤੁਹਾਡੇ ਸਕੱਤਰੇਤ ਨੇ ਆਪਣੇ ਆਪ ਕੱਟ ਦਿੱਤਾ ਹੈ । ਇਹ ਕਿਹੜੇ ਰੂਲ ਥੱਲੇ ਕਟਿਆ ਗਿਆ ਹੈ ।

**ਸ੍ਰੀ ਸਪੀਕਰ:** ਤੁਸੀਂ ਤਸ਼ਰੀਫ ਰੱਖੋ ।

**ਚੌਧਰੀ ਦਰਸ਼ਨ ਸਿੰਘ:** ਇਹ ਉਪੀਨੀਅਨ ਕਰਕੇ ਕੱਢ ਦਿੱਤਾ ਹੋਣਾ ਹੈ।

**ਸ੍ਰੀ ਸਪੀਕਰ:** ਰੂਲਜ਼ ਬਕਾਇਦਾ ਹਨ ਜਿਸ ਦੇ ਮੁਤਾਬਿਕ ਅਸੀਂ ਸਵਾਲ ਐਡਮਿਟ ਕਰਦੇ ਹਾਂ ਸਾਰੇ ਰੂਲਜ਼ ਨੂੰ ਵੇਖਕੇ, ਸਵਾਲ ਨੂੰ ਐਗਜ਼ਾਮਿਨ ਕਰਕੇ ਫਿਰ ਤਬਦੀਲ ਕੀਤਾ ਜਾਂਦਾ ਹੈ ਔਰ ਆਮ ਤੌਰ ਤੇ ਸਬੰਧਤ ਮੈਂਬਰਾਂ ਨੂੰ ਪੁੱਛਿਆ ਜਾਂਦਾ ਹੈ। ਜੇ ਸਵਾਲ ਦੀ ਨੇਚਰ ਹੀ ਬਦਲਣੀ ਹੋਵੇ ਤਾਂ ਉਸ ਦੇ ਲਈ ਮੈਂਬਰ ਕਨਸਰਨਡ ਦੀ ਸਲਾਹ ਲਈ ਜਾਂਦੀ ਹੈ । ਮੈਂ ਇਸ ਨੂੰ ਐਗਜ਼ਾਮਿਨ ਕਰਕੇ ਤੁਹਾਨੂੰ ਦਸ ਦੇਵਾਂਗਾ । ਤੁਸੀਂ ਹੁਣ ਆਪਣਾ ਸਵਾਲ ਕਰੋ ।

**ਸਰਦਾਰ ਪ੍ਰੇਮ ਸਿੰਘ ਪ੍ਰੇਮ:** ਸਪੀਕਰ ਸਾਹਿਬ, ਤੁਹਾਡੇ ਬੜੇ ਅਖ਼ਤਿਆਰ ਹਨ । ਮੈਂ ਇਨ੍ਹਾਂ ਸਾਹਮਣੇ ਸਿਰ ਝੁਕਾਉਂਦਾ ਹਾਂ । ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਜਵਾਬ ਵਿੱਚ ਫਰਮਾਇਆ

Original with;
Punjab Vidhan Sabha
Digitized by;
Panjab Digital Library

[ ਸਰਦਾਰ ਪ੍ਰੇਮ ਸਿੰਘ ਪ੍ਰੇਮ ]

ਹੈ ਕਿ 11 ਜੁਲਾਈ, 1974 ਨੂੰ ਇਸ ਦਾ ਪੱਥਰ ਰੱਖਿਆ ਗਿਆ ਸੀ ਹਾਲਾਂ ਕਿ ਲਿਖਿਆ ਇਹ ਹੈ ਕਿ 11 ਮਈ, 1974 ਨੂੰ ਮੈਂ ਪੱਥਰ ਰੱਖਿਆ ਸੀ। ਮੈਂ ਅਰਜ਼ ਕਰਨਾ ਚਾਹੁੰਦਾ ਹਾਂ..

**ਸ੍ਰੀ ਸਪੀਕਰ:** ਤੁਸੀਂ ਸਵਾਲ ਪੁੱਛੋ ਅਰਜ਼ ਨਾ ਕਰੋ।

**ਸਰਦਾਰ ਪ੍ਰੇਮ ਸਿੰਘ ਪ੍ਰੇਮ:** ਸਪੀਕਰ ਸਾਹਿਬ ਮੈਂ ਪੁਛਣਾ ਚਾਹੁੰਦਾ ਹਾਂ ਇਤਨੀ ਲਾਗਤ ਦੇ ਪੁੱਲ ਨੂੰ ਬਣਾਉਣ ਵਾਸਤੇ ਸਾਧਾਰਣ ਹਾਲਾਤ ਵਿਚ ਕਿੰਨਾਂ ਸਮਾਂ ਚਾਹੀਦਾ ਹੈ?

**ਰਾਜ ਮੰਤਰੀ:** ਸਪੀਕਰ ਸਾਹਿਬ ਸਰਦਾਰ ਪ੍ਰੇਮ ਸਿੰਘ ਪ੍ਰੇਮ ਇਸ ਹਾਊਸ ਦੇ ਬੜੇ ਪੁਰਾਣੇ ਮੈਂਬਰ ਹਨ।ਇਨ੍ਹਾਂ ਨੂੰ ਇਤਨੀ ਛੋਟੀ ਜਿਹੀ ਗੱਲ ਵੈਸੇ ਹੀ ਪੁੱਛ ਲੈਣੀ ਚਾਹੀਦੀ ਸੀ, ਗਿਲਾ ਕਰਨ ਦੀ ਕੀ ਲੋੜ ਸੀ। ਇਨ੍ਹਾਂ ਦੇ ਜ਼ੋਰ ਦੇਣ ਤੇ ਮੈਂ 11 ਮਈ, 1974 ਨੂੰ ਪੱਥਰ ਰੱਖਿਆ ਸੀ।ਇਨ੍ਹਾਂ ਨੇ ਉਸ ਵਕਤ ਕਿਹਾ ਸੀ ਕਿ ਜਦੋਂ ਮਰਜ਼ੀ ਬਣਾ ਦੇਣਾ। ਜੇ ਉਸ ਵੇਲੇ ਇਹ ਮੁਕੰਮਲ ਕਰਨ ਦੀ ਡੇਟ ਵੀ ਪੁੱਛ ਲੈਂਦੇ ਤਾਂ ਮੈਂ ਉਹ ਵੀ ਦਸ ਦਿੰਦਾ।

**ਸਰਦਾਰ ਪ੍ਰੇਮ ਸਿੰਘ ਪ੍ਰੇਮ:** ਸਪੀਕਰ ਸਾਹਿਬ, ਮੇਰਾ ਸਵਾਲ ਇਹ ਹੈ ਕਿ ਸਾਧਾਰਣ ਹਾਲਾਤ ਵਿੱਚ ਇਸ ਨੂੰ ਮੁਕੰਮਲ ਕਰਨ ਲਈ ਕਿੰਨਾਂ ਸਮਾਂ ਚਾਹੀਦਾ ਸੀ ?

**ਰਾਜ ਮੰਤਰੀ:** ਸਪੀਕਰ ਸਾਹਿਬ, ਰੰਧਾਵਾ ਜੀ ਇਸ ਨੂੰ ਹੋਰ ਪਾਸੇ ਲਿਜਾਣਾ ਚਾਹੁੰਦੇ ਹਨ। 9 ਮਹੀਨੇ ਵਾਲੀ ਗੱਲ ਮੈਂ ਨਹੀਂ ਕਹਾਂਗਾ। ਅਰਜ਼ ਇਹ ਹੈ ਕਿ ਹਾਲਾਤ ਤੇ ਡਿਪੈਂਡ ਕਰਦਾ ਹੈ ਜੇ ਕਿਸੇ ਵੀ ਕੰਮ ਨੂੰ ਮੁਕੰਮਲ ਕਰਨਾ ਹੋਵੇ। ਜੇ ਪ੍ਰੇਮ ਜੀ ਇਹ ਚਾਹੁੰਦੇ ਹਨ ਕਿ ਮੈਂ ਪੱਕੀ ਡੇਟ ਦੇ ਦਿਆਂ ਤਾਂ ਮੈਂ ਕੰਮ ਦੇ ਹਾਲਾਤ ਨੂੰ ਅੰਡਰਸਟੈਂਡ ਕਰਦੇ, ਅਗਲੇ ਸਾਲ ਦੀ ਫਾਈਨਾਂਸ਼ਲ ਪੋਜ਼ੀਸ਼ਨ ਨੂੰ ਦੇਖ ਕੇ ਡੇਟ ਦੇ ਦਿਆਂਗਾ।

**ਸਰਦਾਰ ਪ੍ਰੇਮ ਸਿੰਘ ਪ੍ਰੇਮ:** ਸਪੀਕਰ ਸਾਹਿਬ, ਵਜ਼ੀਰ ਸਾਹਿਬ ਇਹ ਦੱਸ ਦੇਣ ਕਿ ਇਸ ਨੂੰ ਕਦੋਂ ਤਕ ਮੁਕੰਮਲ ਕਰ ਦਿੱਤਾ ਜਾਵੇਗਾ ?

**ਸ੍ਰੀ ਸਪੀਕਰ:** ਉਨ੍ਹਾਂ ਨੇ ਤਾਂ ਇਹ ਕਹਿ ਦਿੱਤਾ ਹੈ ਕਿ ਜਲਦੀ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਕੋਈ ਬਿਲਕੁਲ ਪੱਕੀ ਤਾਰੀਖ ਤਾਂ ਨਿਸ਼ਚਿਤ ਕਰਨੀ ਮੁਸ਼ਕਲ ਹੈ।

---

**ਪਟਿਆਲਾ—ਪਿਹੋਵਾ ਸੜਕ ਤੇ ਦਰਿਆ ਟਾਂਗਰੀ ਤੇ ਪੁਲ ਬਣਾਉਣਾ**

***3503 ਸਰਦਾਰ ਪ੍ਰੇਮ ਸਿੰਘ ਪ੍ਰੇਮ:** ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਕੀ ਪਟਿਆਲਾ-ਪਿਹੋਵਾ ਸੜਕ ਤੇ ਦਰਿਆ ਟਾਂਗਰੀ ਤੇ ਪੁੱਲ ਬਣਾਉਣ ਦੀ ਮਨਜ਼ੂਰੀ ਦੇ ਦਿੱਤੀ ਗਈ ਹੈ ; ਜੇਕਰ ਅਜਿਹਾ ਹੋਵੇ ਤਾਂ ਇਹ ਕਿਸ ਤਰੀਕ ਨੂੰ ਦਿੱਤੀ ਗਈ;

(ਅ) ਕੀ ਇਹ ਸੱਚ ਹੈ ਕਿ ਇਸ ਪੁਲ ਨੂੰ ਬਣਾਉਣ ਦਾ ਕੰਮ ਸਾਲ 1975 ਵਿਚ ਸ਼ੁਰੂ ਕੀਤਾ ਜਾਣਾ ਸੀ ;

Original with;
Punjab Vidhan Sabha
Digitized by;
Panjab Digital Library

(ੲ) ਕੀ ਪੁਲ ਨੂੰ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ ਅਤੇ ਉਸਾਰੀ ਦਾ ਕੰਮ ਅੰਦਾਜ਼ਨ ਕਿਸ ਤਰੀਕ ਨੂੰ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ;

(ਸ) ਕੀ ਪੁਲ ਦਾ ਨਕਸ਼ਾ ਬਣਾ ਲਿਆ ਗਿਆ ਹੈ ਅਤੇ ਇਸ ਨੂੰ ਬਣਾਉਣ ਲਈ ਠੇਕਾ ਦੇ ਦਿੱਤਾ ਗਿਆ ਹੈ ?

**ਸ੍ਰੀ ਜੋਗਿੰਦਰ ਪਾਲ ਪਾਂਡੇ** : ਹਾਂ ਜੀ, ਪਟਿਆਲਾ ਪਿਹੋਵਾ ਸੜਕ ਦੇ ਮੀਲ ਨੰ. 19/5 ਤੇ ਪੁਲ ਬਣਾਉਣ ਲਈ 26.00 ਲੱਖ ਰੁਪਏ ਦੀ ਲਾਗਤ ਨਾਲ ਮਿਤੀ 4 ਮਾਰਚ 1975 ਨੂੰ ਪ੍ਰਵਾਨਗੀ ਦਿੱਤੀ ਗਈ ਸੀ ।

(ਅ) ਹਾਂ ਜੀ ।

(ੲ) ਪੁਲ ਦੀ ਉਸਾਰੀ ਹਾਲਾਂ ਤੀਕ ਸ਼ੁਰੂ ਨਹੀਂ ਹੋਈ ਕਿਉਂਕਿ ਇਸ ਲਈ ਜ਼ਰੂਰੀ ਫੰਡ ਮਨਜ਼ੂਰ ਨਹੀਂ ਹਨ । ਇਸ ਕੰਮ ਦੇ ਟੈਂਡਰ ਕਈ ਫਰਮਾਂ ਤੋਂ ਆ ਚੁੱਕੇ ਹਨ ਅਤੇ ਵਿਚਾਰ ਅਧੀਨ ਹਨ । ਇਹ ਕੰਮ ਟੈਂਡਰਾਂ ਦੀ ਪ੍ਰਵਾਨਗੀ ਮਗਰੋਂ ਸ਼ੁਰੂ ਕੀਤਾ ਜਾਵੇਗਾ ।

(ਸ) ਇਸ ਪੁਲ ਦਾ ਡਿਜ਼ਾਇਨ ਮੁਕੰਮਲ ਹੋ ਚੁੱਕਾ ਹੈ ਪਰੰਤੂ ਅਜੇ ਕੰਮ ਕਿਸੇ ਠੇਕੇਦਾਰ/ਫਰਮ ਨੂੰ ਅਲਾਟ ਨਹੀਂ ਕੀਤਾ ਗਿਆ ।

**ਸਰਦਾਰ ਪ੍ਰੇਮ ਸਿੰਘ ਪ੍ਰੇਮ** : ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜੋ 4 ਮਾਰਚ, 1975 ਤਾਰੀਖ ਦਿੱਤੀ ਹੋਈ ਹੈ ਜਿਸ ਨੂੰ ਪ੍ਰਵਾਨਗੀ ਦਿੱਤੀ ਗਈ ਸੀ, ਤਾਂ ਉਸ ਤਾਰੀਖ ਤੋਂ ਲੈਕੇ ਹੁਣ ਤਕ ਇੰਨਾ ਟਾਈਮ ਕਿਉਂ ਲੱਗਾ ?

**ਰਾਜ ਮੰਤਰੀ** : ਅਗਰ ਇਹ ਚੀਜ਼ ਸਵਾਲ ਵਿਚ ਪੁੱਛ ਲੈਂਦੇ ਤਾਂ ਮੈਂ ਵਿਵਰਨ ਦੇ ਦਿੰਦਾ । ਜਿਹੜਾ ਇਨ੍ਹਾਂ ਨੇ ਸਵਾਲ ਕੀਤਾ ਹੈ ਉਸ ਦਾ ਮੈਂ ਤਫ਼ਸੀਲ ਨਾਲ ਜਵਾਬ ਦੇ ਦਿੱਤਾ ਹੈ ।

**ਚੌਧਰੀ ਰਾਮ ਸਿੰਘ** : ਸਪੀਕਰ ਸਾਹਿਬ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਨਰੋਟ ਜੈਮਲ ਸਿੰਘ ਦੇ ਏਰੀਆ ਨੂੰ ਮਿਲਾਉਣ ਵਾਸਤੇ ਪੁਲ ਦੀ ਬੜੀ ਦੇਰ ਤੋਂ ਲੋੜ ਹੈ, ਉਸ ਦਾ ਸਰਕਾਰ ਕੀ ਪ੍ਰਬੰਧ ਕਰ ਰਹੀ ਹੈ ?

**ਸ੍ਰੀ ਸਪੀਕਰ** : ਚੌਧਰੀ ਸਾਹਿਬ, ਇਸ ਸਵਾਲ ਦੇ ਵਿਚ ਨਰੋਟ ਜੈਮਲ ਸਿੰਘ ਦੀ ਗੱਲ ਤਾਂ ਆ ਨਹੀਂ ਸਕਦੀ ।

ਸਰਦਾਰ ਪ੍ਰੇਮ ਸਿੰਘ ਪ੍ਰੇਮ ਜੀ, ਤੁਸੀਂ ਆਪਣਾ ਸਵਾਲ ਨੰ: 3502 ਵੀ ਵੇਖ ਲੈਣਾ, ਅਤੇ ਜੋ ਵਿਧਾਨ ਸਭਾ ਸਕੱਤਰੇਤ ਨੇ ਕੀਤਾ ਹੈ, ਉਹ ਵੀ ਵੇਖ ਲੈਣਾ ਕੋਈ ਫਰਕ ਨਹੀਂ ਹੈ, ਤੁਹਾਡਾ ਸਵਾਲ ਬਿਲਕੁਲ ਚੇਂਜ ਨਹੀਂ ਕੀਤਾ ਗਿਆ, ਜੋ ਤੁਸੀਂ ਲਿਖ ਕੇ ਭੇਜਿਆ ਹੈ, ਬਿਲਕੁਲ ਉਹੀ ਹੈ, ਮੈਂ ਤਸੱਲੀ ਕਰ ਲਈ ਹੈ ।

**ਸਰਦਾਰ ਪ੍ਰੇਮ ਸਿੰਘ ਪ੍ਰੇਮ** : ਸਪੀਕਰ ਸਾਹਿਬ, ਸਵਾਲ ਹੁਣੇ ਹੀ ਪੜ੍ਹ ਦਿੱਤਾ ਜਾਵੇ । ਮੈਂ ਇਹ ਕਹਿਣਾ ਚਾਹੁੰਦਾ ਹਾਂ....

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ** : ਪ੍ਰੇਮ ਜੀ ਪਹਿਲਾਂ ਤੁਸੀਂ ਵੇਖ ਲੈਣਾ, ਤੁਹਾਡਾ ਸਵਾਲ ਬਿਲਕੁਲ ਉਹੀ ਹੈ, ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ ।

**ਸਰਦਾਰ ਪ੍ਰੇਮ ਸਿੰਘ ਪ੍ਰੇਮ** ; ਇਹ ਗੱਲ ਗਲਤ ਹੈ । ਮੇਰੇ ਸਵਾਲ ਵਿਚੋਂ "ਨਾਰਮਲ ਕੋਰਸ" ਲਫਜ਼ ਕੱਟ ਦਿੱਤੇ ਹਨ, ਇਹ ਠੀਕ ਨਹੀਂ ।

**ਸ਼੍ਰੀ ਸਪੀਕਰ** : ਮੈਂ ਹੁਣੇ ਹੀ ਸਵਾਲ ਵੇਖਿਆ ਹੈ, ਉਸ ਵਿਚ ਕੋਈ ਫਰਕ ਨਹੀਂ ਹੈ ।

**ਸਰਦਾਰ ਪ੍ਰੇਮ ਸਿੰਘ ਪ੍ਰੇਮ** : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਹਕੀਕਤ ਨਹੀਂ ਹੈ ਕਿ ਇਸ ਟਾਂਗਰੀ ਪੁੱਲ ਵਾਸਤੇ ਰੁਪਿਆ ਪਿਛਲੇ ਬਜਟ ਸੈਸ਼ਨ ਵਿਚ ਮੰਜ਼ੂਰ ਹੋਇਆ ਸੀ ?

**ਰਾਜ ਮੰਤਰੀ** : ਮੈਂ ਤਾਂ ਇਹ ਅਰਜ਼ ਕਰ ਦਿੱਤੀ ਹੈ ਕਿ ਇਨ੍ਹਾਂ ਨੇ ਜੋ ਸਪੈਸਿਫਿਕ ਸਵਾਲ ਕੀਤਾ ਸੀ, ਉਸ ਦਾ ਜਵਾਬ ਦੇ ਦਿੱਤਾ ਹੈ । ਜੇ ਮੈਂਬਰ ਸਾਹਿਬ ਹੁਣ ਕੋਈ ਵਾਕ-ਫੀਅਤ ਲੈਣਾ ਚਾਹੁੰਦੇ ਹਨ ਜਾਂ ਜ਼ਾਤੀ ਤੌਰ ਤੇ ਪਤਾ ਕਰਨਾ ਚਾਹੁੰਦੇ ਹਨ, ਤਾਂ ਉਹ ਵੀ ਦੇ ਦੇਵਾਂਗੇ ।

**ਸਰਦਾਰ ਦਰਸ਼ਨ ਸਿੰਘ ਕੇ, ਪੀ.** : ਸਪੀਕਰ ਸਾਹਿਬ ਮੈਂ ਵੀ ਇਕ ਸਪਲੀਮੈਂਟਰੀ ਪੁੱਛਣਾ ਹੈ ।

**ਸ਼੍ਰੀ ਸਪੀਕਰ** : ਅਗਲਾ ਸਵਾਲ ਵੀ ਪੁੱਲਾਂ ਦਾ ਹੀ ਹੈ, ਤੁਸੀਂ ਉਸ ਤੇ ਸਪਲੀਮੈਂਟਰੀ ਕਰ ਲੈਣਾ ।

---

**ਜੁਲਕਾਂ—ਬਿੰਜਲ ਸੜਕ ਤੇ ਦਰਿਆ ਟਾਂਗਰੀ ਤੇ ਪੁਲ ਬਣਾਉਣਾ**

*3504 **ਸਰਦਾਰ ਪ੍ਰੇਮ ਸਿੰਘ ਪ੍ਰੇਮ** : ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਜੁਲਕਾਂ-ਬਿੰਜਲ ਸੜਕ ਤੇ ਦਰਿਆ ਟਾਂਗਰੀ ਤੇ ਪੁੱਲ ਬਣਾਉਣ ਲਈ ਠੇਕਾ ਕਿਸ ਤਰੀਕ ਨੂੰ ਦਿੱਤਾ ਗਿਆ ਸੀ ;

(ਅ) ਪੁੱਲ ਤੇ ਕਿੰਨੀ ਅਨੁਮਾਨਤ ਲਾਗਤ ਆਉਣੀ ਹੈ ;

(ੲ) ਪੁੱਲ ਨੂੰ ਬਣਾਉਣ ਦਾ ਕੰਮ ਕਿਸ ਤਰੀਕ ਨੂੰ ਸ਼ੁਰੂ ਕੀਤਾ ਗਿਆ ਹੈ ਅਤੇ ਉਸਾਰੀ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਸ ਦੇ ਕਦੋਂ ਤਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ ;

(ਸ) ਜੇਕਰ ਉਸਾਰੀ ਦਾ ਕੰਮ ਉਥੇ ਹੀ ਖੜਾ ਹੈ ਤਾਂ ਇਸ ਦੇ ਕੀ ਕਾਰਨ ਹਨ ?

**ਸ਼੍ਰੀ ਜੋਗਿੰਦਰ ਪਾਲ ਪਾਂਡੇ** : (ੳ) ਜੁਲਕਾਂ—ਉੜਾਂ ਸੜਕ ਉਤੇ ਪੁੱਲ ਦੀ ਉਸਾਰੀ ਦਾ ਕੰਮ ਮੈਸਰਜ਼ ਨਵਯੁਗ ਕੋਆਪਰੇਟਿਵ ਕਿਰਤ ਅਤੇ ਉਸਾਰੀ ਸਭਾ ਪਟਿਆਲਾ ਨੂੰ 5 ਅਕਤੂਬਰ, 1973 ਨੂੰ ਅਲਾਟ ਕੀਤਾ ਗਿਆ ਸੀ ।

Original with;
Punjab Vidhan Sabha
Digitized by;
Panjab Digital Library

(ਅ) ਡੀਜ਼ਾਇਨ ਬਦਲਣ ਕਾਰਨ ਇਸ ਦੀ ਅਨੁਮਾਨਤ ਲਾਗਤ 5 ਲੱਖ ਰੁਪਏ ਹੋ ਜਾਵੇਗੀ ।

(ੲ) (1) ਇਹ ਕੰਮ ਸੁਸਾਇਟੀ ਨੇ ਮਿਤੀ 7 ਨਵੰਬਰ, 1973 ਨੂੰ ਅਰੰਭ ਕੀਤਾ ਸੀ ।

(2) ਇਸ ਪੁੱਲ ਦੀ ਉਸਾਰੀ ਦੀ ਵਰਤਮਾਨ ਸਥਿਤੀ ਹੇਠ ਮੁਤਾਬਿਕ ਹੈ—

(ੳ) ਲੱਗਭੱਗ 47 ਫੁੱਟ ਕੰਕਰੀਟਿੰਗ ਅਬੈਟਮੈਂਟ ਅਤੇ 23 ਇੰਚ ਸਿੰਕਿੰਗ ।

(ਅ) ਸੈਂਟਰਲ ਪਿਅਰ 11½ ਫੁੱਟ ਮੈਸਨਰੀ ਅਤੇ 2 ਫੁੱਟ ਸਿੰਕਿੰਗ ।

(ੲ) ਅਬੈਟਮੈਂਟ-ਕਮ-ਪਿਅਰ 39 ਫੁੱਟ ਕੰਕਰੀਟਿੰਗ ਅਤੇ 25 ਫੁੱਟ ਸਿੰਕਿੰਗ ।

(3) ਇਸ ਪੁੱਲ ਦੀ ਉਸਾਰੀ ਤੇ ਸੁਸਾਇਟੀ ਦਾ ਕੰਮ ਚੰਗਾ ਨਹੀਂ ਸੀ ਜਿਸ ਦੇ ਕਾਰਨ ਕਾਰਜਕਾਰੀ ਇੰਜੀਨੀਅਰ ਨੇ ਸੁਸਾਇਟੀ ਤੇ 10% ਹਰਜਾਨਾ (ਕੰਮਪਨਸੇਸ਼ਨ) ਲਗਾ ਦਿੱਤਾ ਸੀ ਅਤੇ ਫਿਰ ਸੁਸਾਇਟੀ ਵਲੋਂ ਕੰਮ ਨਾ ਸ਼ੁਰੂ ਕਰਨ ਤੇ ਕਾਰਜਕਾਰੀ ਇੰਜਨੀਅਰ ਨੇ ਸੁਸਾਇਟੀ ਦੇ ਰਿਸਕ ਤੇ ਖਰਚ ਤੇ ਕੰਮ ਕਿਸੇ ਹੋਰ ਏਜੰਸੀ ਤੋਂ ਕਰਾਉਣ ਦੀ ਕਾਰਵਾਈ ਕੀਤੀ ਪਰ ਸੁਸਾਇਟੀ ਨੇ ਸਬ-ਜੱਜ ਪਟਿਆਲਾ (ਪਹਿਲਾਂ ਦਰਜਾ) ਦੀ ਅਦਾਲਤ ਵਿਚ ਮਹਿਕਮੇ ਵਿਰੁੱਧ ਮੁਕੱਦਮਾ ਕਰ ਦਿੱਤਾ ਤੇ ਸਬ-ਜੱਜ, ਪਟਿਆਲਾ ਨੇ ਆਪਣੇ ਹੁਕਮ ਰਾਹੀਂ ਇਸ ਵਿਭਾਗ ਨੂੰ ਦੂਜੀ ਏਜੰਸੀ ਤੋਂ ਕੰਮ ਕਰਵਾਉਣ ਨੂੰ ਰੋਕ ਦਿੱਤਾ ਹੈ । ਸਬ-ਜੱਜ ਦੇ ਹੁਕਮ ਵਿਰੁੱਧ ਕਾਰਜਕਾਰੀ ਇੰਜੀਨੀਅਰ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਵਿਚ ਅਪੀਲ ਕੀਤੀ ਹੋਈ ਹੈ । ਕੰਮ ਬੰਦ ਹੈ ਅਤੇ ਅਪੀਲ ਦਾ ਫੈਸਲਾ ਹੋਣ ਉਪਰੰਤ ਕੰਮ ਸ਼ੁਰੂ ਕੀਤਾ ਜਾਵੇਗਾ ।

(ਸ) ਪੈਰਾ (ੲ) ਮੁਤਾਬਿਕ ।

**ਸਰਦਾਰ ਪ੍ਰੇਮ ਸਿੰਘ ਪ੍ਰੇਮ** : ਸਪੀਕਰ ਸਾਹਿਬ, ਜਦੋਂ ਇਸ ਸੋਸਾਇਟੀ ਨੂੰ ਕੰਮ ਅਲਾਟ ਕੀਤਾ ਗਿਆ ਸੀ ਤਾਂ ਉਸ ਦੀ ਫਾਈਨੈਂਸ਼ਲ ਪੋਜ਼ੀਸ਼ਨ ਦਾ ਅੰਦਾਜ਼ਾ ਕਿਉਂ ਨਹੀਂ ਰੱਖਿਆ ਗਿਆ ?

**ਰਾਜ ਮੰਤਰੀ** : ਸਪੀਕਰ ਸਾਹਿਬ, ਸੋਸਾਇਟੀ ਨੇ ਕੰਮ ਸ਼ੁਰੂ ਕਰ ਦਿਤਾ, ਸੋਸਾਇਟੀ ਬਕਾਇਦਾ ਰਜਿਸਟਰਡ ਸੀ ਅਤੇ ਉਸ ਦੇ ਕੋਲ ਲਾਈਸੈਂਸ ਸੀ, ਕੰਮ ਕਰਨ ਦਾ ਯੋਗਤਾ ਸੀ ਅਤੇ ਉਸ ਨੂੰ ਟੈਂਡਰ ਦੇ ਮੁਤਾਬਿਕ ਕੰਮ ਅਲਾਟ ਕੀਤਾ ਗਿਆ, ਉਸ ਸੋਸਾਇਟੀ ਨੇ ਕੰਮ ਵੀ ਸ਼ੁਰੂ ਕਰ ਦਿਤਾ, ਉਸ ਵੇਲੇ ਇਸ ਗੱਲ ਦਾ ਪਤਾ ਨਹੀਂ ਸੀ ਲਗ ਸਕਦਾ ਕਿ ਸੋਸਾਇਟੀ ਕੰਮ ਨਹੀਂ ਕਰ ਸਕਦੀ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰੇਮ ਸਿੰਘ ਪ੍ਰੇਮ** : ਕੀ ਇਹ ਹਕੀਕਤ ਨਹੀਂ ਹੈ ਕਿ ਇਸ ਪੁਲ ਦੇ ਨਾ ਬਣਨ ਕਾਰਨ ਟਾਂਗਰੀ ਪਾਰ ਦੇ 40 —50 ਪਿੰਡਾਂ ਨੂੰ ਬਾਰਿਸ਼ਾਂ ਦੇ ਦਿਨਾਂ ਵਿਚ ਕੋਈ ਰਸਤਾ ਨਹੀਂ ?

**ਰਾਜ ਮੰਤਰੀ** : ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜੇ ਇਸ ਪੁਲ ਦੇ ਬਣਨ ਨਾਲ ਲੋਕਾਂ ਨੂੰ ਸਹੂਲਤ ਹੋਣੀ ਸੀ ਤਾਂ ਹੀ ਸਰਕਾਰ ਨੇ ਮਨਿਜ਼ੂਰ ਕੀਤਾ ਸੀ ।

**ਸਰਦਾਰ ਦਰਸ਼ਨ ਸਿੰਘ ਕੇ. ਪੀ.** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਨਕੋਦਰ ਰੋਡ ਤੇ ਅਤੇ ਨੂਰਮਹਿਲ ਰੋਡ ਤੇ ਪੁੱਲ ਬਣਨੇ ਸਨ, ਨਕੋਦਰ ਰੋਡ ਵਾਲਾ ਤਾਂ ਮੁਕੰਮਲ ਹੋ ਗਿਆ, ਪਰ ਨੂਰਮਹਿਲ ਵਾਲਾ ਮੁਕੰਮਲ ਨਹੀਂ ਹੋਇਆ ?

**ਸ੍ਰੀ ਸਪੀਕਰ** : ਇਹ ਸਵਾਲ ਉਸ ਏਰੀਆ ਨਾਲ ਸਬੰਧ ਨਹੀਂ ਰੱਖਦਾ, ਨਾਟ ਅਲਾਉਡ । ਸਾਰੇ ਪੰਜਾਬ ਦੇ ਪੁੱਲਾਂ ਦੀ ਤਾਂ ਗੱਲ ਨਹੀਂ ਹੈ । ਕੇ. ਪੀ. ਸਾਹਿਬ ਤੁਸੀਂ ਸਵਾਲ ਲਿਖ ਕੇ ਭੇਜ ਦੇਣਾ, ਜਵਾਬ ਆ ਜਾਵੇਗਾ ।

**ਸਰਦਾਰ ਪ੍ਰੇਮ ਸਿੰਘ ਪ੍ਰੇਮ** : ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ "ਨਾਰਮਲ ਕੋਰਸ" ਵਾਲੀ ਗੱਲ ਤਾਂ ਕੱਟ ਦਿਤੀ ਹੈ, ਹੁਣ ਕਦੋਂ ਤਕ ਪਲ ਮੁਕੰਮਲ ਕਰਵਾ ਦੇਣਗੇ ?

**ਰਾਜ ਮੰਤਰੀ** : ਸਰਦਾਰ ਪ੍ਰੇਮ ਸਿੰਘ ਜੀ ਪ੍ਰੇਮ ਕਿਸੇ ਅਦਾਲਤ ਵਿਚ ਪ੍ਰੈਕਟਿਸ ਵੀ ਕਰਦੇ ਰਹੇ ਹਨ ਪੁਰਾਣੇ ਵਕਤਾਂ ਵਿਚ । ਇਸ ਲਈ ਕਿਸੇ ਵੇਲੇ ਤਕਲੀਫ ਕਰਕੇ ਹਾਈ ਕੋਰਟ ਵਿਚ ਸਾਡੇ ਵਲੋਂ ਪੇਸ਼ ਹੀ ਹੋ ਜਾਣ ਤਾਂ ਕੰਮ ਜਲਦੀ ਹੋ ਜਾਵੇਗਾ ।

**ਚੌਧਰੀ ਦਰਸ਼ਨ ਸਿੰਘ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਜਦੋਂ ਵੱਡੇ ਵੱਡੇ ਪੁੱਲਾਂ ਨੂੰ ਬਣਾਉਣ ਵਾਸਤੇ ਟਾਈਮ ਬਾਊਂਡ ਰੱਖਦੀ ਹੈ ਤਾਂ ਛੋਟੇ ਛੋਟੇ ਪੁੱਲਾਂ ਨੂੰ ਜਾਂ ਛੋਟੀਆਂ ਪ੍ਰਾਜੈਕਟਸ ਨੂੰ ਟਾਈਮ ਬਾਊਂਡ ਕਿਉਂ ਨਹੀਂ ਰੱਖਦੀ, ਜਿਹੜੀ ਚੀਜ਼ ਸ਼ੁਰੂ ਕੀਤੀ ਜਾਵੇ, ਉਸ ਲਈ ਟਾਈਮ ਲਿਮਿਟ ਹੋਣੀ ਚਾਹੀਦੀ ਹੈ ।

**ਕੈਪਟਨ ਰਤਨ ਸਿੰਘ** : ਸਪਲੀਮੈਂਟਰੀ ਸਰ ।

**ਰਾਜ ਮੰਤਰੀ** : ਸਪੀਕਰ ਸਾਹਿਬ, ਕੈਪਟਨ ਸਾਹਿਬ ਨੂੰ ਵੀ ਸਪਲੀਮੈਂਟਰੀ ਕਰ ਲੈਣ ਦਿਓ ਮੈਂ ਇਕੱਠਾ ਹੀ ਜਵਾਬ ਦੇ ਦੇਵਾਂਗਾ ।

**ਕੈਪਟਨ ਰਤਨ ਸਿੰਘ** : ਸਪੀਕਰ ਸਾਹਿਬ, ਹੁਣੇ ਹੀ ਡਾਂਗ ਸਾਹਿਬ ਨੇ ਇਹ ਕਿਹਾ ਹੈ ਕਿ ਸਰਦਾਰ ਪ੍ਰੇਮ ਸਿੰਘ ਪ੍ਰੇਮ ਪੇਸ਼ ਹੋ ਜਾਣ, ਮੈਂ ਇਹ ਪੁੱਛਦਾ ਹਾਂ ਕਿ ਕੀ ਉਨ੍ਹਾਂ ਨੂੰ ਐਡਵੋਕੇਟ ਜਨਰਲ ਬਣਾਉਣ ਲਈ ਤਾਂ ਨਹੀਂ ਸੋਚ ਰਹੇ ? (ਹਾਸਾ)

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਸਪੀਕਰ ਸਾਹਿਬ, ਮੈਂ ਇਹ ਪੁੱਛਦਾ ਹਾਂ ਕਿ, ਇਨ੍ਹਾਂ ਨੇ ਕਿਸੇ ਥਾਂ ਤਾਂ ਪੱਥਰ ਰੱਖ ਦਿੱਤਾ, ਕਿਸੇ ਥਾਂ ਠੇਕਾ ਦੇ ਦਿੱਤਾ ਪਰ ਸਾਡੇ ਵਲ ਤਾਂ ਨਾ ਇਨ੍ਹਾਂ ਨੇ ਕੋਈ ਠੇਕਾ ਦਿੱਤਾ ਅਤੇ ਨਾ ਹੀ ਕੋਈ ਪਥਰ ਰਖਿਆ ਹੈ, ਕਈ ਸਾਲ ਹੋ ਗਏ ਹਨ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ:** ਸਪੀਕਰ ਸਾਹਿਬ, ਚੌਧਰੀ ਦਰਸ਼ਨ ਸਿੰਘ ਜੀ ਨੇ ਬਹੁਤ ਹੀ ਖੂਬਸੂਰਤ ਸਵਾਲ ਉਠਾਇਆ ਹੈ । ਇਸ ਸਬੰਧ ਵਿਚ ਮੈਂ ਅਰਜ਼ ਕਰਦਾ ਹਾਂ ਕਿ ਇਸ ਸਰਕਾਰ ਨੇ, ਜਿਹੜੀ ਕਿ ਹੈਡਿਡ ਬਾਈ ਗਿਆਨੀ ਜ਼ੈਲ ਸਿੰਘ ਹੈ, ਇਸ ਗੱਲ ਨੂੰ ਆਪਣੀ ਨਿਗਾਹ ਵਿਚ ਰੱਖਿਆ ਹੈ ਕਿ ਹਰ ਕੰਮ ਦੇ ਟੀਚੇ ਮੁਕਰਰ ਕੀਤੇ ਜਾਣ ਅਤੇ ਇਸੇ ਤਰ੍ਹਾਂ ਪੰਜਾਬ ਵਿਚ ਬਹੁਤ ਸਾਰੇ ਕੰਮ ਟੀਚਿਆਂ ਦੇ ਮੁਤਾਬਕ ਹੀ ਪੂਰੇ ਕੀਤੇ ਗਏ ਹਨ, ਚਾਹੇ ਉਹ ਛੋਟਾ ਹੁੰਦਾ ਹੈ ਚਾਹੇ ਉਹ ਵੱਡਾ ਹੁੰਦਾ ਹੈ । ਕਈ ਵਾਰ ਐਸੀਆਂ ਅੜਚਨਾਂ ਆ ਜਾਂਦੀਆਂ ਹਨ ਜਿਨ੍ਹਾਂ ਦਾ ਕਿ ਕੋਈ ਪਹਿਲੇ ਖਿਆਲ ਹੀ ਨਹੀਂ ਹੁੰਦਾ, ਇਸ ਕਰਕੇ ਜੇ ਕੋਈ ਕਮੀ ਰਹਿ ਜਾਵੇ ਤਾਂ ਹੋਰ ਗੱਲ ਹੈ ਅਦਰਵਾਇਜ਼ ਇਹ ਸਰਕਾਰ ਹਰ ਕੰਮ ਵਕਤ ਸਿਰ ਸ਼ੁਰੂ ਕਰਕੇ ਵਕਤ ਸਿਰ ਹੀ ਖਤਮ ਕਰ ਦਿੰਦੀ ਹੈ ।

(ਇਸ ਵੇਲੇ ਕਈ ਮੈਂਬਰ ਸਾਹਿਬਾਨ ਸਪਲੀਮੈਂਟਰੀਜ਼ ਕਰਨ ਲਈ ਖੜ੍ਹੇ ਹੋਏ)

**Mr. Speaker** : No more discussion. Next question.

---

**ਗਰਾਮ ਪੰਚਾਇਤ ਛੋਟੇਪੁਰ ਦੇ ਸਰਪੰਚ ਵਿਰੁੱਧ ਸ਼ਿਕਾਇਤ**

***3532. ਕਾਮਰੇਡ ਰਾਜ ਕੁਮਾਰ** : ਕੀ ਵਿਕਾਸ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦਸਣਗੇ ਕਿ :—

(ੳ) ਕੀ ਉਨ੍ਹਾਂ ਨੂੰ ਸਤੰਬਰ/ਅਕਤੂਬਰ, 1975 ਦੇ ਦੌਰਾਨ ਧਾਰੀਵਾਲ ਬਲਾਕ ਦੀ ਗਰਾਮ ਪੰਚਾਇਤ ਛੋਟੇਪੁਰ ਦੇ ਸਰਪੰਚ ਵਿਰੁੱਧ ਉਸ ਦੀ ਪੰਚਾਇਤ ਦੇ ਕੁਝ ਮੈਂਬਰਾਂ ਅਤੇ ਕਿਸੇ ਵਿਧਾਨਕਾਰ ਵਲੋਂ ਕੋਈ ਸ਼ਕਾਇਤ/ਸ਼ਕਾਇਤਾਂ ਮਿਲੀਆਂ ਹਨ, ਜੇਕਰ ਅਜਿਹਾ ਹੋਵੇ ਤਾਂ ਉਸ ਦੀ ਕਾਪੀ/ਕਾਪੀਆਂ ਸਦਨ ਦੀ ਮੇਜ਼ ਤੇ ਰੱਖੀਆਂ ਜਾਣ ;

(ਅ) ਕੀ ਸ਼ਕਾਇਤ/ਸ਼ਕਾਇਤਾਂ ਵਿੱਚ ਦਰਜ ਦੋਸ਼ਾਂ ਦੀ ਪੜਤਾਲ ਕਰਨ ਲਈ ਕਿਸੇ ਪੜਤਾਲ ਦਾ ਹੁਕਮ ਦਿਤਾ ਗਿਆ ਹੈ, ਜੇਕਰ ਅਜਿਹਾ ਹੋਵੇ ਤਾਂ ਹਰ ਇਕ ਦੋਸ਼ ਤੇ ਪੜਤਾਲੀਆਂ ਅਫਸਰ ਦੇ ਸਿੱਟੇ ਕੀ ਕੀ ਹਨ ;

(ੲ) ਕੀ ਸਰਪੰਚ ਵਿਰੁੱਧ ਕੋਈ ਕਾਰਵਾਈ ਕੀਤੀ ਗਈ ਹੈ, ਜੇਕਰ ਅਜਿਹਾ ਹੋਵੇ ਤਾਂ ਉਸ ਦਾ ਵੇਰਵਾ ਕੀ ਹੈ ਅਤੇ ਜੇਕਰ ਨਹੀਂ, ਤਾਂ ਕਾਰਵਾਈ ਨਾ ਕਰਨ ਦੇ ਕੀ ਕਾਰਨ ਹਨ ?

**ਸਰਦਾਰ ਸੰਤੋਖ ਸਿੰਘ ਰੰਧਾਵਾ** : (ੳ) ਹਾਂ ਜੀ । ਸ਼ਕਾਇਤ ਦੀ ਇਕ ਨਕਲ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

(ਅ) ਹਾਂ ਜੀ । ਪੜਤਾਲੀਆ ਅਫਸਰ ਵਲੋਂ ਕਢਿਆ ਗਿਆ ਸਿੱਟਾ ਅਨੁਲਗ 'ੲ' ਮੇਜ਼ ਤੇ ਰਖਿਆ ਜਾਂਦਾ ਹੈ,

(ੲ) ਸਰਪੰਚ ਨੂੰ ਪੰਜਾਬ ਗਰਾਮ ਪੰਚਾਇਤ ਐਕਟ, 1952 ਦੀ ਧਾਰਾ 102(1) ਅਤੇ (2) ਅਧੀਨ ਵਜ੍ਹਾ ਬਿਆਨ ਕਰੋ ਨੋਟਿਸ ਜਾਰੀ ਕੀਤਾ ਗਿਆ ਹੈ ।

Original with;
Punjab Vidhan Sabha
Digitized by;
Panjab Digital Library

[ ਵਿਕਾਸ ਦੇ ਰਾਜ ਮੰਤਰੀ]

To

Copy of the Complaint

Shri Raj Kumar M.L.A.,
Member Coord.-Committee, Dhariwal,
Gurdaspur

*Subject* : Complaint against Shri Faqir Singh, Sarpanch, Gram Panchayat Chhotepur, Vice-President District Congress Committee, and Member Block Samiti District Gurdaspur for not doing any dev. in the village, and giving the Panchayat land for cultivation to his brother Shri Wazir Singh S/o Man Singh

*Claim* : For spot enquiry, siezing of Panchayat record and taking requisite action against him.

Sir.

It is respectfully submitted as under :—

1. That Shri Faquir Singh S/o Maan Singh, of village Chhotepur P O. Kot Santokh Rai, T. and D. Gurdaspur, is holding the office of Sarpanch for the last two terms.

2. That he has not convened any meeting of the Panchayat and he did not call me. who is a Panch any time to take into consideration any work relating to the village development. He is enjoying the entire Panchayat land either him self and his brothers Wazir Singh and others. Under rules the Panchayat land cannot be held by the Sarpanch for himself or to any of his close relative, but he is ignoring the entire Procedure and gaining himself out of the Panchayat land which measures about 15 Killas, the produce of which is amounting to thousand of rupees. He also enjoys the school land and not doing anything for the school.

3. That in the interest of justice and fair play, an enquiry into the above allegations is essential. for the interest of village, who are facing great hardship for want of proper development of the village. i e. drainage and brick laying of lanes. The site inspection will reveal the above facts. And suitable action may be taken against the said Faquir Singh. It will not be out of place to mention here that it is Shri Khushal Behl, Dy Minister who shields him for his ill-doings. He is giving the bad name to the Congress regime.

Thanking you.

Yours faithfully,

(Villagers of Chhotepur P.O.
Kot-Santokh Rai, T. and D. Gurdaspur)

Dated 30th July, 1975

Sd/- Arjan Singh, Lambardar, Sd/-Tarlok Singh. L.T.I. Bhan Singh

Sd/ Chanan Singh, Panch Sd/-Sucha Singh, L.T.I. Joginder Singh

Sd/-Hansa Singh, Sd/-Jinder Singh

ਅਨੁਲੱਗ ਏ

ਸਰਪੰਚ ਗਰਾਮ ਪੰਚਾਇਤ ਛੋਟੇਪੁਰ ਦੇ ਵਿਰੁਧ ਸਿੱਧ ਹੋਏ ਦੋਸ਼ਾਂ ਦੀ ਸੂਚੀ :—

1. ਸਰਪੰਚ ਨੇ ਪੰਚਾਇਤ ਦਾ ਰਿਕਾਰਡ ਕੋਈ ਨਾ ਕੋਈ ਬਹਾਨਾ ਕਰਕੇ ਪੜਤਾਲ ਸਮੇਂ ਪੇਸ਼ ਨਹੀਂ ਕੀਤਾ,

Original with;
Punjab Vidhan Sabha
Digitized by;
Panjab Digital Library

2. ਸਰਪੰਚ ਦੇ ਭਰਾ ਨੇ ਪੰਚਾਇਤ ਜ਼ਮੀਨ ਤੇ ਕਈ ਸਾਲਾਂ ਤੋਂ ਕਬਜ਼ਾ ਕੀਤਾ ਹੋਇਆ ਹੈ ਜੋ ਸਰਪੰਚ ਦੀ ਸਲਾਹ ਤੋਂ ਬਿਨਾਂ ਨਹੀਂ ਹੋ ਸਕਦਾ,

3. ਗਰਾਮ ਪੰਚਾਇਤ ਨੂੰ 6946/- ਰੁਪਏ ਦੀਆਂ ਦਿੱਤੀਆਂ ਗਰਾਂਟਾਂ ਨੂੰ ਪੰਚਾਇਤ ਫੰਡ ਵਿਚ ਜਮ੍ਹਾਂ ਨਹੀਂ ਕਰਵਾਇਆ ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ ਨੋਟਿਸ ਜਾਰੀ ਕੀਤਾ ਹੈ । ਮੈਂ ਪੁਛਦਾ ਹਾਂ ਕਿ ਇਨਕੁਆਇਰੀ ਅਫਸਰ ਨੇ ਜੋ ਰਿਪੋਰਟ ਦਿਤੀ ਹੈ ਉਸ ਵਿਚ ਲਿਖਿਆ ਹੈ ਕਿ ਉਸ ਨੇ 6946 ਰੁਪਏ ਦੀਆਂ ਦਿਤੀਆਂ ਗਰਾਂਟਾਂ ਨੂੰ ਪੰਚਾਇਤ ਫੰਡ ਵਿਚ ਜਮ੍ਹਾਂ ਨਹੀਂ ਕਰਵਾਇਆ, ਇਸ ਰਕਮ ਨੂੰ ਨਾ ਹੀ ਕਿਸੇ ਬੈਂਕ ਵਿਚ ਜਮ੍ਹਾਂ ਕਰਵਾਇਆ ਹੈ ਅਤੇ ਨਾ ਹੀ ਕੋਈ ਹੋਰ ਇਸ ਦਾ ਹਿਸਾਬ ਕਿਤਾਬ ਰਖਿਆ ਹੈ ਅਤੇ ਇਸੇ ਤਰ੍ਹਾਂ ਇਨਕੁਆਇਰੀ ਅਫਸਰ ਨੇ ਹੋਰ ਵੀ ਕਈ ਗੱਲਾਂ ਪੰਚਾਇਤ ਅਫਸਰ ਦੇ ਖਿਲਾਫ ਸਾਬਤ ਕੀਤੀਆਂ ਹਨ, ਮੈਂ ਇਹ ਪੁੱਛਦਾ ਹਾਂ ਕਿ ਜੇ ਉਹ ਸਰਪੰਚ ਆਪਣਾ ਹਿਸਾਬ ਨਹੀਂ ਦਸ ਸਕਿਆ ਜਿਹੜੀ ਮੀਟਿੰਗ ਵਿਚ ਉਸ ਨੂੰ ਬੁਲਾਇਆ ਗਿਆ ਸੀ ਤਾਂ ਫਿਰ ਉਸ ਸਰਪੰਚ ਦੇ ਖ਼ਿਲਾਫ਼ ਕੋਈ ਐਕਸ਼ਨ ਕਿਉਂ ਨਹੀਂ ਲਿਆ ਗਿਆ ਜਦ ਕਿ 2 ਆਰਡੀਨੈਂਸ ਵੀ ਜਾਰੀ ਕੀਤੇ ਗਏ ਸਨ । ਨੰਬਰ 10 ਅਤੇ 15 ਜਿਸ ਦੇ ਮੁਤਾਬਕ ਇਹ ਪਰੋਸੀਡ ਕਰ ਸਕਦੇ ਸਨ ।

**ਰਾਜ ਮੰਤਰੀ** : ਸਪੀਕਰ ਸਾਹਿਬ, ਕਾਮਰੇਡ ਰਾਜ ਕੁਮਾਰ ਜੇ ਮੇਰਾ ਜਵਾਬ ਧਿਆਨ ਨਾਲ ਸੁਣ ਲੈਂਦੇ ਤਾਂ ਇਨ੍ਹਾਂ ਨੂੰ ਪਤਾ ਲਗ ਜਾਂਦਾ ਕਿ ਉਸ ਸਰਪੰਚ ਦੇ ਖਿਲਾਫ਼ ਕੀ ਕਾਰਵਾਈ ਕੀਤੀ ਜਾ ਰਹੀ ਹੈ । ਇਨਕੁਆਇਰੀ ਦੇ ਵਿਚ ਜਿਹੜੇ ਵੀ ਦੋਸ਼ ਸਾਬਤ ਹੋਏ ਹਨ ਉਸ ਦੇ ਮੁਤਾਬਕ ਉਸ ਨੂੰ 'ਵਜ੍ਹਾ ਬਿਆਨ ਕਰੋ ਨੋਟਿਸ' ਜਾਰੀ ਕੀਤਾ ਗਿਆ ਹੈ । ਉਸ ਨੇ ਇਸ ਦਾ ਜਵਾਬ 15 ਦਿਨਾਂ ਦੇ ਵਿਚ ਦੇਣਾ ਹੈ ਉਸ ਦੀ ਜਵਾਬ ਤਲਬੀ ਤੋਂ ਬਾਅਦ ਉਸ ਦੇ ਖਿਲਾਫ਼ ਕਾਰਵਾਈ ਕੀਤੀ ਜਾਵੇਗੀ । ਮੈਂ ਦਸਿਆ ਸੀ ਕਿ ਇਨਕੁਆਇਰੀ ਅਫਸਰ ਦੀ ਰਿਪੋਰਟ ਆਉਣ ਤੋਂ ਬਾਅਦ ਪੰਚਾਇਤ ਐਕਟ 1952 ਦੀ ਧਾਰਾ 102 (1) ਅਤੇ (2) ਅਧੀਨ 'ਵਜ੍ਹਾ ਬਿਆਨ ਕਰੋ ਨੋਟਿਸ' ਜਾਰੀ ਕੀਤਾ ਸੀ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਇਹ ਪਤਾ ਕਰਨਾ ਚਾਹੁੰਦਾ ਹਾਂ ਕਿ ਜੇ ਕੋਈ ਇਹੋ ਜਿਹੇ ਸਰਪੰਚ ਨੂੰ ਨੋਟਿਸ ਜਾਰੀ ਕੀਤਾ ਗਿਆ ਹੋਵੇ ਅਤੇ ਉਹ ਸਰਪੰਚ ਰੇਗੂਲਰਲੀ ਇਹ ਨੋਟਿਸ ਲੈਣ ਤੋਂ ਬਚਦਾ ਰਿਹਾ ਹੋਵੇ ਤਾਂ ਫਿਰ ਸਰਕਾਰ ਉਸ ਦੇ ਖਿਲਾਫ ਕੀ ਐਕਸ਼ਨ ਲਵੇਗੀ ਜਿਸ ਤਰ੍ਹਾਂ ਕਿ ਇਸ ਕੇਸ ਵਿਚ ਹੋ ਰਿਹਾ ਹੈ ।

**ਰਾਜ ਮੰਤਰੀ** : ਸਪੀਕਰ ਸਾਹਿਬ, ਜਿਹੜਾ ਇਹ ਨੋਟਿਸ ਨਾ ਲਵੇ ਅਸੀਂ ਉਸ ਦੇ ਮਕਾਨ ਤੇ ਇਹ ਨੋਟਿਸ ਲਗਵਾ ਦਿੰਦੇ ਹਾਂ । ਲੇਕਿਨ ਇਸ ਕੇਸ ਵਿਚ ਉਸ ਦੀ ਫੈਮਿਲੀ ਨੇ ਦਸਿਆ ਹੈ ਕਿ ਉਹ ਯੂ.ਪੀ. ਗਿਆ ਹੋਇਆ ਹੈ । (ਵਿਘਨ)

**ਕਾਮਰੇਡ ਰਾਜ ਕੁਮਾਰ** : ਉਹ ਬੈਠਾ ਹੈ ਜੀ ਸਾਹਮਣੇ ਹਾਊਸ ਵਿਚ । ਗਵਰਨਰ ਬਾਕਸ ਵਿਚ ਬੈਠਾ ਹੈ । (ਹਾਸਾ)

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਮੈਂ ਕਈ ਵਾਰ ਬੇਨਤੀ ਕੀਤੀ ਹੈ ਕਿ ਮੈਂਬਰ ਸਾਹਿਬਾਨ ਜਾਂ ਵਜ਼ੀਰ ਸਾਹਿਬਾਨ ਜਿਹੜੇ ਵੀ ਪਾਸ ਇਸ਼ੂ ਕਰਵਾਉਂਦੇ ਹਨ, ਉਹ ਇਹ ਸੋਚ ਲਿਆ ਕਰਨ ਕਿ ਉਹ ਕੋਈ ਅਜਿਹਾ ਆਦਮੀ ਤਾਂ ਨਹੀਂ ਜਿਹੜਾ ਸਸਪੈਂਡਿਡ ਹੋਵੇ ਜਾਂ ਜਿਸ ਦੇ ਖਿਲਾਫ਼ ਕੋਈ ਕਾਰਵਾਈ ਚਲ ਰਹੀ ਹੋਵੇ।

**ਰਾਜ ਮੰਤਰੀ** : ਸਪੀਕਰ ਸਾਹਿਬ, 14-1-1976 ਨੂੰ ਸਰਪੰਚ ਨੂੰ ਇਹ ਨੋਟਿਸ ਦਿਤਾ ਗਿਆ ਹੈ ਜੀ ਅਤੇ 15 ਦਿਨਾਂ ਦੇ ਅੰਦਰ ਹੀ ਇਸ ਦਾ ਜਵਾਬ ਆ ਜਾਵੇਗਾ ਅਤੇ ਉਸ ਦਾ ਜਵਾਬ ਆਉਣ ਤੇ ਉਸ ਦੇ ਖਿਲਾਫ਼ ਕਾਰਵਾਈ ਕੀਤੀ ਜਾਵੇਗੀ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਵਜ਼ੀਰ ਸਾਹਿਬ ਇਹ ਯਕੀਨ ਦਿਵਾਉਣਗੇ ਕਿ ਉਸ ਸਰਪੰਚ ਦੇ ਖਿਲਾਫ਼ ਜਿਹੜੀ ਕਾਰਵਾਈ ਕੀਤੀ ਜਾਣੀ ਹੈ ਉਹ ਬਿਲਕੁਲ ਨਿਰਪਖ ਕੀਤੀ ਜਾਵੇਗੀ ਅਤੇ ਉਸ ਦੇ ਵਿਚ ਕਿਸੇ ਕਿਸਮ ਦੀ ਕੋਈ ਸਿਆਸੀ ਜਾਂ ਕਿਸੇ ਮਨਿਸਟਰ ਦੀ ਗਲ ਨਹੀਂ ਮੰਨਣਗੇ ਅਤੇ ਅਗੋਂ ਲਈ ਉਸ ਨੂੰ ਟਿਕਟ ਵੀ ਨਹੀਂ ਮਿਲੇਗੀ ?

**ਰਾਜ ਮੰਤਰੀ** . ਸਪੀਕਰ ਸਾਹਿਬ, ਟਿਕਟ ਤਾਂ ਮੈਂ ਨਹੀਂ ਦੇਣੀ। ਮੈਂ ਤਾਂ ਜਿਹੜੀ ਇਨਕੁਆਇਰੀ ਹੋਈ ਹੈ ਉਸ ਦਾ ਜਵਾਬ ਦੇ ਰਿਹਾ ਹਾਂ। ਮੈਂ ਤੁਹਾਡੇ ਰਾਹੀਂ ਡਾਂਗ ਸਾਹਿਬ ਨੂੰ ਇਹ ਦਸਣਾ ਚਾਹੁੰਦਾ ਹਾਂ ਕਿ ਬਿਲਕੁਲ ਨਿਰਪੱਖ ਇਨਕੁਆਇਰੀ ਹੋਈ ਹੈ ਅਤੇ ਉਸ ਦੇ ਮੁਤਾਬਕ ਹੀ ਉਸ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ। (ਵਿਘਨ)

ਸਪੀਕਰ ਸਾਹਿਬ, ਅਸੀਂ ਇਸ ਕੁਰੱਪਸ਼ਨ ਨੂੰ ਖ਼ਤਮ ਕਰਨ ਲਈ ਹੁਣ ਇਹ ਕੀਤਾ ਹੈ ਕਿ ਹਰ ਮਹੀਨੇ ਵਿਚ 2 ਪੰਚਾਇਤਾਂ ਜਿਹੜੀਆਂ ਹਨ ਉਨ੍ਹਾਂ ਦੀ ਬੀ.ਡੀ.ਪੀ.ਓ. ਅਤੇ 4 ਪੰਚਾਇਤਾਂ ਦੀ ਬੀ.ਡੀ.ਓ. ਅਤੇ ਜੇ 18 ਹੋਣ ਤਾਂ ਉਨ੍ਹਾਂ ਦੀ ਪੀ. ਓ. ਇਨਸਪੈਕਸ਼ਨ ਕਰਿਆ ਕਰਨਗੇ। ਇਸ ਤਰ੍ਹਾਂ ਹਰ ਮਹੀਨੇ ਬਾਕਾਇਦਾ ਇਨਸਪੈਕਸ਼ਨ ਹੁੰਦੀ ਰਹੇਗੀ ਅਤੇ ਉਨ੍ਹਾਂ ਦੀ ਇਨਸਪੈਕਸ਼ਨ ਦੇ ਮੁਤਾਬਕ ਜਿਹੜੇ ਯੋਗ ਹੋਣਗੇ ਉਨ੍ਹਾਂ ਨੂੰ ਰਖਾਂਗੇ ਅਤੇ ਜਿਹੜੇ ਯੋਗ ਨਹੀਂ ਹੋਣਗੇ ਉਨ੍ਹਾਂ ਨੂੰ ਕਢ ਦਿਤਾ ਜਾਵੇਗਾ। ਇਹ ਰਿਪੋਰਟ ਡਾਇਰੈਕਟਰ ਕੋਲ ਪਹੁੰਚ ਜਾਇਆ ਕਰੇਗੀ ਅਤੇ ਇਸ ਤਰ੍ਹਾਂ 6 ਮਹੀਨਿਆਂ ਵਿਚ 9630 ਪੰਚਾਇਤਾਂ ਦਾ ਰਿਕਾਰਡ ਪੂਰਾ ਸਾਡੇ ਕੋਲ ਆ ਜਾਵੇਗਾ।

**ਸਰਦਾਰ ਵਰਿਆਮ ਸਿੰਘ** : ਕੀ ਮੰਤਰੀ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਜਦੋਂ ਡਾਇਰੈਕਟਰ ਨੂੰ ਉਸ ਦੀ ਇਨਕੁਆਇਰੀ ਕਰਨ ਵਾਸਤੇ ਕਿਹਾ ਗਿਆ ਤਾਂ ਉਹ ਇਨਕੁਆਇਰੀ ਕਰਨ ਲਈ ਉਸ ਵੇਲੇ ਗਿਆ ਜਿਸ ਵੇਲੇ ਕਿ ਉਹ ਇਲੈਕਸ਼ਨ ਵਾਸਤੇ ਖੜਾ ਸੀ। ਉਸ ਨੂੰ ਡੀਫ਼ੇਮ ਕਰਨ ਵਾਸਤੇ ਉਹ ਡਾਇਰੈਕਟਰ ਉਸ ਵੇਲੇ ਉਥੇ ਗਿਆ ਸੀ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਅਗੇ ਦਸਿਆ ਹੈ ਕਿ ਸਾਡੇ ਕੋਲ ਜਿਹੜੀ ਕੰਪਲੇਂਟ ਆਈ ਕਾਮਰੇਡ ਰਾਜ ਕੁਮਾਰ ਵਲੋਂ ਅਤੇ ਹੋਰ ਪੰਚਾਂ ਵਲੋਂ ਅਤੇ ਪਿੰਡ ਦੇ ਵਾਸੀਆਂ ਵਲੋਂ 22 ਸਤੰਬਰ, 1975 ਨੂੰ ਉਸਦੀ ਇਕ ਕਾਪੀ ਡਿਪਟੀ ਡਾਇਰੈਕਟਰ ਨੂੰ ਦਿਤੀ ਗਈ, ਇਕ ਚੀਫ਼ ਮਨਿਸਟਰ ਸਾਹਿਬ ਨੂੰ ਦਿਤੀ ਗਈ, ਇਕ ਕਾਪੀ ਮਾਸਟਰ ਗੁਰਬੰਤਾ ਸਿੰਘ ਨੂੰ ਦਿਤੀ ਗਈ

Original with;
Punjab Vidhan Sabha
Digitized by;
Panjab Digital Library

ਅਤੇ ਇਕ ਕਾਪੀ ਮੇਰੇ ਕੋਲ ਵੀ ਸੀ ਉਸ ਦੇ ਮੁਤਾਬਕ ਇਨਕੁਆਇਰੀ ਅਫਸਰ ਮੁਕਰੱਰ ਕਰਕੇ ਇਨਕੁਆਇਰੀ ਕਰਵਾਈ ਹੈ ।

**ਚੌਧਰੀ ਦਰਸ਼ਨ ਸਿੰਘ** : ਸਪੀਕਰ ਸਾਹਿਬ, ਪੰਜਾਬ ਸਰਕਾਰ ਵਲੋਂ ਇਸ ਸਵਾਲ ਦੇ ਜਵਾਬ ਵਿਚ ਇਹ ਦਸਿਆ ਗਿਆ ਹੈ ਕਿ ਇਸ ਕੇਸ ਵਿਚ ਪ੍ਰਾਈਮਾਫੇਸਾਈ ਇਨਕੁਆਇਰੀ ਹੋਣ ਤੋਂ ਬਾਅਦ ਨੋਟਿਸ ਜਾਰੀ ਕੀਤਾ ਹੈ । This policy is followed in each case or there is a discrimination.

**ਵਿੱਤ ਮੰਤਰੀ** : ਸਪੀਕਰ ਸਾਹਿਬ, ਆਮ ਤੌਰ ਤੇ ਪ੍ਰਾਈਮਾਫੇਸਾਈ ਕੇਸ ਐਪਰਵ ਹੋ ਜਾਣ ਤੋਂ ਬਾਅਦ ਉਸ ਨੂੰ ਸਸਪੈਂਡ ਕਰਕੇ ਉਸ ਨੂੰ ਚਾਰਜਸ਼ੀਟ ਕੀਤਾ ਜਾਂਦਾ ਹੈ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪਤਾ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਸਰਪੰਚ ਦੇ ਖਿਲਾਫ਼ ਇਹ ਕੇਸ ਚਲ ਰਿਹਾ ਹੈ ਕੀ ਇਹ ਧਾਰੀਵਾਲ ਮਾਰਕੀਟਿੰਗ ਕਮੇਟੀ ਦਾ ਨਾਮੀਨੇਟਿਡ ਚੇਅਰਮੈਨ ਹੈ ਅਤੇ ਡਿਸਟ੍ਰਿਕਟ ਗੁਰਦਾਸਪੁਰ ਕਮੇਟੀ ਦਾ ਵਾਇਸ-ਪਰੈਜ਼ੀਡੈਂਟ ਹੈ ।

**ਰਾਜ ਮੰਤਰੀ** : ਇਸ ਇਨਫਰਮੇਸ਼ਨ ਨਾਲ ਤਾਂ ਇਨਕੁਆਇਰੀ ਦਾ ਕੋਈ ਸਬੰਧ ਨਹੀਂ ਜੀ ।

**ਸ੍ਰੀ ਵਿਸ਼ਵਾ ਮਿੱਤਰ ਸਖੜੀ** : ਸਪੀਕਰ ਸਾਹਿਬ, ਕਾਮਰੇਡ ਰਾਜ ਕੁਮਾਰ ਜੀ ਜਿਹੜਾ ਸਵਾਲ ਕਰ ਰਹੇ ਹਨ ਕੀ ਉਨਾਂ ਦਾ ਇਹ ਤਾਂ ਮਤਲਬ ਨਹੀਂ ਕਿ ਉਨ੍ਹਾਂ ਨੂੰ ਇਹ ਦੁਖਦਾਈ ਹੋਵੇ ਕਿ ਧਾਰੀਵਾਲ ਬਲਾਕ ਦੇ ਸਰਪੰਚ ਨੂੰ ਡੀਫੇਮ ਕੀਤਾ ਜਾ ਰਿਹਾ ਹੈ ?

**Mr. Speaker** : Not allowed,

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੈਂ ਸ਼ਰਮਾ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਜਿਹੜੇ ਕਿ ਇਸ ਵੇਲੇ ਕਾਇਮ ਮੁਕਾਮ ਲੀਡਰ ਆਫ਼ ਦੀ ਹਾਊਸ ਹਨ ਸੀਨੀਅਰ ਮਨਿਸਟਰ ਹਨ ਕਿ ਇਹੋ ਜਿਹੇ ਆਦਮੀ ਨੂੰ ਕਾਂਗਰਸ ਪਾਰਟੀ ਜਿਹੜੀ ਕਿ ਰੂਲਿੰਗ ਪਾਰਟੀ ਹੈ, ਵਿਚ ਨਹੀਂ ਰਹਿਣ ਦੇਣਗੇ ਜਿਸ ਦੇ ਖਿਲਾਫ਼ ਪ੍ਰਾਈਮਾਫੇਸਾਈ ਕੇਸ ਸਾਬਤ ਹੋ ਜਾਵੇ ?

(ਕੋਈ ਉੱਤਰ ਨਹੀਂ ਦਿਤਾ ਗਿਆ)

**ਕਾਮਰੇਡ ਅਰਜਨ ਸਿੰਘ ਮਸਤਾਨਾ** : ਸਪੀਕਰ ਸਾਹਿਬ, ਇਸ ਨੂੰ ਸਸਪੈਂਡ ਕਿਉਂ ਨਹੀਂ ਕੀਤਾ ਗਿਆ ?

**Mr. Speaker** : Not allowed.

**ਕਮਾਰੇਡ ਅਰਜਨ ਸਿੰਘ ਮਸਤਾਨਾ** : ** ** **

**ਸ੍ਰੀ ਸਪੀਕਰ** : ਜੋ ਕੁਝ ਵੀ ਆਨਰੇਬਲ ਮੈਂਬਰ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ ।

** Not recorded as ordered by the Chair.

Original with;
Punjab Vidhan Sabha
Digitized by;
Panjab Digital Library

ਨਿਸ਼ਾਨਵਾਲਾ ਪ੍ਰਸ਼ਨ ਨੰ: 3313

(ਸਬੰਧਤ ਮਾਨਯੋਗ ਮੈਂਬਰ ਹਾਊਸ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਕੀਤਾ ਗਿਆ ।)

---

**ਸਿਵਲ ਹਸਪਤਾਲ, ਬਟਾਲਾ ਲਈ ਨਵੀਂ ਥਾਂ**

*3516. **ਸ੍ਰੀ ਵਿਸ਼ਵਾ ਮਿੱਤਰ ਸੇਖੜੀ** : ਕੀ ਸਿਹਤ ਅਤੇ ਸੰਤਾਨ ਸੰਜਮ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਿਵਿਲ ਹਸਪਤਾਲ, ਬਟਾਲਾ ਲਈ ਕੋਈ ਨਵੀਂ ਥਾਂ ਚੁਣੀ ਗਈ ਹੈ; ਜੇਕਰ ਨਹੀਂ, ਤਾਂ ਇਸ ਦੇ ਕਾਰਨ ਕੀ ਹਨ ?

**ਸਰਦਾਰ ਬਲਬੀਰ ਸਿੰਘ** : ਹਾਂ ਜੀ ।

**ਸ੍ਰੀ ਵਿਸ਼ਵਾ ਮਿੱਤਰ ਸੇਖੜੀ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਮੇਰੇ ਸਵਾਲ ਦਾ ਜਵਾਬ ਦਿੱਤਾ ਕਿ ਸਿਵਿਲ ਹਸਪਤਾਲ ਬਟਾਲਾ ਵਾਸਤੇ ਨਵੀਂ ਜਗ੍ਹਾ ਕੋਈ ਵੇਖੀ ਗਈ ਹੈ । ਮੇਰੀ ਬੇਨਤੀ ਹੈ ਕਿ ਮਨਿਸਟਰ ਸਾਹਿਬ ਇਹ ਦੱਸਣ ਕਿ ਉਹ ਜਗ੍ਹਾ ਕਿਥੇ ਸਿਲੈਕਟ ਕੀਤੀ ਗਈ ਹੈ ਔਰ ਕਿਹੜੀ ਜਗ੍ਹਾ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਹ ਹਸਪਤਾਲ 50 ਮੰਜਿਆਂ ਦੇ ਲਈ ਅਪਗਰੇਡ ਕੀਤਾ ਗਿਆ ਹੈ । ਪਰਵਾਨਿਤ ਸਟਾਫ, ਵਾਧੂ ਅਮਲਾ ਮਨਜ਼ੂਰ ਕੀਤਾ ਗਿਆ ਹੈ । ਵਾਧੂ ਇਮਾਰਤ ਤਾਮੀਰ ਹੋ ਸਕੇ, ਇਸ ਵਾਸਤੇ ਕਾਫੀ ਜਗ੍ਹਾ ਨਹੀਂ ਸੀ, ਇਸ ਕਰਕੇ ਸਾਈਟਿੰਗ ਬੋਰਡ ਨੇ 1972-73 ਨੂੰ ਹੀ ਮੀਟਿੰਗ ਵਿਚ ਥਾਂ ਦੀ ਚੋਣ ਕੀਤੀ ਸੀ ਔਰ ਕੁਝ ਟੈਕਨੀਕਲ ਝਗੜਾ ਸੀ । ਹੁਣ ਹਸਪਤਾਲ ਨਾਲ ਜਗ੍ਹਾ ਮਿਲ ਗਈ ਹੈ ਅਤੇ ਹੁਣ ਇਹ ਸਮੱਸਿਆ ਹੱਲ ਹੋ ਗਈ ਹੈ । ਐਸ. ਡੀ. ਐਮ. ਸਾਹਿਬ ਜ਼ਮੀਨ ਲੈਣ ਲਈ ਨੋਟੀਫਿਕੇਸ਼ਨ ਕਰ ਰਹੇ ਹਨ ।

**ਸ੍ਰੀ ਵਿਸ਼ਵਾ ਮਿੱਤਰ ਸੇਖੜੀ** : ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਐਸ. ਡੀ. ਐਮ. ਸਾਹਿਬ ਦੇ ਨੋਟੀਫਿਕੇਸ਼ਨ ਕਰਨ ਲਈ ਕਿਤਨਾ ਪੀਰੀਅਡ ਲਗ ਜਾਵੇਗਾ, ਤਾਂਕਿ ਇਮਾਰਤ ਛੇਤੀ ਸ਼ੁਰੂ ਹੋ ਜਾਵੇ ? ਨਾਰਮਲ ਪੀਰੀਅਡ ਕਿਤਨਾ ਲਗੇਗਾ ?

(ਕੋਈ ਉੱਤਰ ਨਹੀਂ ਆਇਆ ।)

---

**ਸਿਵਲ ਹਸਪਤਾਲ, ਬਟਾਲਾ, ਵਿਚ ਬੈਡਜ਼ ਅਤੇ ਅਮਲੇ ਦੀ ਗਿਣਤੀ ।**

*3517. **ਸ੍ਰੀ ਵਿਸ਼ਵਾ ਮਿੱਤਰ ਸੇਖੜੀ** : ਕੀ ਸਿਹਤ ਅਤੇ ਸੰਤਾਨ ਸੰਜਮ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ—

(ੳ) ਸਿਵਿਲ ਹਸਪਤਾਲ, ਬਟਾਲਾ, ਵਿੱਚ ਕੁੱਲ ਕਿੰਨੇ ਬੈਡਜ਼ ਦਾ ਪ੍ਰਬੰਧ ਹੈ;

(ਅ) ਉਪਰੋਕਤ ਸਿਵਿਲ ਹਸਪਤਾਲ ਵਿੱਚ ਇਸ ਵਕਤ ਕਿੰਨਾ ਗਜ਼ਟਿਡ ਅਤੇ ਨਾਨ-ਗਜ਼ਟਿਡ ਅਮਲਾ ਕੰਮ ਕਰ ਰਿਹਾ ਹੈ;

Original with;
Punjab Vidhan Sabha
Digitized by;
Panjab Digital Library

(ੲ) ਕੀ ਇਹ ਠੀਕ ਹੈ ਕਿ ਉਪਰੋਕਤ ਹਸਪਤਾਲ ਵਿਚ ਮੌਜੂਦਾ ਸਟਾਫ ਦੀ ਗਿਣਤੀ ਨਾ ਕਾਫੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਨੂੰ ਵਧਾਉਣ ਲਈ ਸਰਕਾਰ ਦੀ ਕੀ ਕਾਰਵਾਈ ਕਰਨ ਦੀ ਤਜਵੀਜ਼ ਹੈ ?

**ਸਰਦਾਰ ਬਲਬੀਰ ਸਿੰਘ :** (ੳ) .. 50.

(ਅ) ਗਜ਼ਟਿਡ ਅਮਲਾ .. 4

ਨਾਨ-ਗਜ਼ਟਿਡ ਅਮਲਾ .. 42

(ੲ) ਨਹੀਂ ਜੀ ।

**ਸ਼੍ਰੀ ਵਿਸ਼ਵਾ ਮਿੱਤਰ ਸੇਖੜੀ :** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਜਾਨਣਾ ਚਾਹੁੰਦਾ ਹਾਂ ਕਿ 50 ਬੈਡਿੱਡ ਹਸਪਤਾਲ ਜਿਹੜੇ ਹੋਰ ਪੰਜਾਬ ਵਿਚ ਹਨ, ਉਨ੍ਹਾਂ ਵਿਚ ਕਿਤਨਾ ਗਜ਼ਟਿਡ ਸਟਾਫ ਹੈ ? ਉਥੇ ਸਿਰਫ ਚਾਰ ਗਜ਼ਟਿਡ ਅਫਸਰ ਹਨ, ਸਿਮੀਲਰਲੀ ਬਾਕੀ ਹਸਪਤਾਲਾਂ ਵਿਚ ਕਿਤਨਾ ਸਟਾਫ ਗਜ਼ਟਿਡ ਪ੍ਰਾਵਾਈਡਿੱਡ ਹੈ ?

**ਰਾਜ ਮੰਤਰੀ :** ਨਾਰਮਲ ਚਾਰ ਦਾ ਹੈ ਜੀ, ਔਰ ਉਥੇ ਵੀ ਚਾਰ ਹੀ ਹਨ ।

**ਕਾਮਰੇਡ ਸੱਤ ਪਾਲ ਡਾਂਗ :** ਬਟਾਲੇ ਦੇ ਸਿਵਿਲ ਹਸਪਤਾਲ ਨੂੰ ਅਪਗਰੇਡ ਕੀਤਾ ਗਿਆ ਹੈ । ਆਇਆ ਉਸ ਵਿਚ ਈ. ਐਸ. ਆਈ. ਸਕੀਮ ਬਾਰੇ ਵੀ ਕੋਈ ਪ੍ਰੋਵੀਜ਼ਨ ਰੱਖੀ ਗਈ ਹੈ ? ਕੀ ਉਨ੍ਹਾਂ ਵਰਕਰਾਂ ਲਈ ਵੀ ਕੁਝ ਬੈੱਡ ਰਿਜ਼ਰਵ ਹਨ ਜਾਂ ਕਿ ਉਨ੍ਹਾਂ ਨੂੰ ਅੰਮ੍ਰਿਤਸਰ ਹੀ ਭੇਜਿਆ ਜਾਇਆ ਕਰੇਗਾ ?

**ਰਾਜ ਮੰਤਰੀ :** ਇਸ ਵੇਲੇ ਤਾਂ ਮੇਰੇ ਪਾਸ ਇਹ ਇਨਫਰਮੇਸ਼ਨ ਨਹੀਂ ਹੈ ਇਹ ਵੱਖਰਾ ਨੋਟਿਸ ਦੇ ਦੇਣ ।

**Mr Speaker** . Yes. Next question by Giani Arjan Singh Litt.

ਨਿਸ਼ਾਨ ਵਾਲਾ ਪ੍ਰਸ਼ਨ ਨੰ: 3305

(ਮਾਨਯੋਗ ਮੈਂਬਰ ਹਾਜ਼ਰ ਨਾ ਹੋਣ ਕਾਰਣ ਇਹ ਪ੍ਰਸ਼ਨ ਪੇਸ਼ ਨਹੀਂ ਕੀਤਾ ਗਿਆ ।)

**Mr. Speaker :** Next question No. *3546.

(ਇਸ ਪ੍ਰਸ਼ਨ ਦਾ ਜਵਾਬ ਦੇਣ ਲਈ ਕੋਈ ਵੀ ਮਾਨਯੋਗ ਮੰਤਰੀ ਜੀ ਨਾ ਉਠੇ)

**ਸ਼੍ਰੀ ਸਪੀਕਰ :** ਸ਼ਰਮਾ ਜੀ, ਤੁਸੀਂ ਜਵਾਬ ਦੇ ਦਿਉ ।

**ਵਿੱਤ ਮੰਤਰੀ :** ਮੇਰੇ ਪਾਸ ਤਾਂ ਇਨਫਰਮੇਸ਼ਨ ਨਹੀਂ ਹੈ ਜੀ। ਮੇਰੇ ਪਾਸ ਇਸ ਦਾ ਜਵਾਬ ਨਹੀਂ ਆਇਆ ਹੈ ਜੀ । ਕਲ੍ਹ ਨੂੰ ਜਵਾਬ ਦੇ ਦੇਵਾਂਗੇ ।

**ਆਵਾਜ਼ :** ਜਵਾਬ ਆ ਗਿਆ ਹੈ ਜੀ ।

Original with;
Punjab Vidhan Sabha
Digitized by;
Panjab Digital Library

## DIFFICULTIES ARISING OUT OF IMPLEMENTATION OF PUNJAB REGULATIONS OF COLONIES ACT, 1975.

*3546. **Comrade Raj Kumar** : Will the Minister of State for Housing be pleased to state whether the Government received a memorandum dated 14th September, 1975 from some colonizers of Ludhiana regarding practical difficulties arising out of implementation of the Punjab Regulation of Colonies Act, 1975 and rules made thereunder and suggested therein remedial measures about issue and renewal of licences, furnishing of bank guarantees, transfer of possession of plots to plot holders; if so, the details of the action taken thereon?

**Shri Gurmail Singh** (Education Minister): Yes, the matter is under the consideration of Government.

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਇਹ ਕਾਲੋਨਾਈਜ਼ੇਸ਼ਨ ਐਕਟ ਨਾਲ ਤੁਅਲਕ ਰੱਖਦਾ ਹੈ ਜੀ । 14 ਸਤੰਬਰ, 1975 ਨੂੰ ਲੁਧਿਆਣੇ ਦੇ ਕਾਲੋਨਾਈਜ਼ਰਾਂ ਨੇ ਇਕ ਰਿਪਰਜ਼ੈਂਟੇਸ਼ਨ ਗੌਰਮਿੰਟ ਨੂੰ ਦਿਤੀ ਸੀ ਕਿ ਕਾਲੋਨਾਈਜ਼ੇਸ਼ਨ ਐਕਟ ਔਰ ਉਸ ਦੇ ਥੱਲੇ ਬਣਾਏ ਗਏ ਰੂਲ ਠੀਕ ਨਹੀਂ ਹਨ ।......

**ਸ਼੍ਰੀ ਸਪੀਕਰ**: ਸਵਾਲ ਕਿਸ ਮਨਿਸਟਰ ਦਾ ਹੈ

**ਕਾਮਰੇਡ ਰਾਜ ਕੁਮਾਰ**: ਸ਼ਰਮਾ ਜੀ ਦਾ ਹੈ ਜੀ ।

**ਵਿੱਤ ਮੰਤਰੀ**: ਸਪੀਕਰ ਸਾਹਿਬ, ਸਵਾਲ ਦਾ ਜਵਾਬ ਤਾਂ ਦੇ ਦਿਤਾ ਹੈ ਜੀ, ਇਹ ਸਪਲੀਮੈਂਟਰੀ ਕਰਨ ।

**ਕਾਮਰੇਡ ਰਾਜ ਕੁਮਾਰ** : ਮੈਂ ਸਪਲੀਮੈਂਟਰੀ ਕਰਦਾ ਹਾਂ ਜੀ ਕਿ ਲੁਧਿਆਣੇ ਦੇ ਕਾਲੋਨਾਈਜ਼ਰਾਂ ਨੇ ਇਨ੍ਹਾਂ ਨੂੰ ਰੀਪਰਜ਼ੈਂਟ ਕੀਤਾ ਸੀ ਕਿ ਇਹ ਜਿਹੜਾ ਐਕਟ ਔਰ ਉਸ ਦੇ ਥੱਲੇ ਬਣਾਏ ਗਏ ਰੂਲਜ਼ ਹਨ ਕੰਬਰਸੰਮ ਹਨ, ਜਿਹੜੇ ਛੋਟੇ ਛੋਟੇ ਕਾਲੋਨਾਈਜ਼ਰਜ਼ ਹਨ ਉਨ੍ਹਾਂ ਲਈ ਕੰਮ ਮੁਸ਼ਕਲ ਹੋ ਗਿਆ ਹੈ ਔਰ ਸਿਰਫ ਕਰੋੜਾਂ ਪਤੀ ਹੀ ਕੰਮ ਕਰ ਸਕਦੇ ਹਨ । ਬੈਂਕ ਵਾਲਿਆਂ ਨੇ ਗਰੰਟੀ ਦੇ ਸਬੰਧ ਵਿਚ ਦੋ ਮੋਟੀਆਂ ਗੱਲਾਂ ਰੱਖੀਆਂ ਹਨ ਕਿ ਲਾਇਸੈਂਸ ਲੈਣ ਵਾਸਤੇ 25-30 ਹਜ਼ਾਰ ਰੁਪਏ ਦਾ ਨਕਸ਼ਾ ਪਹਿਲਾਂ ਲਾਉਣ ਦੀ ਸ਼ਰਤ ਰੱਖੀ ਗਈ ਹੈ ਜਦ ਕਿ ਡਾਇਰੈਕਟਰ ਪਾਸ ਇਖ਼ਤਿਆਰ ਹੈ । ਕਾਲੋਨਾਈਜ਼ਰਜ਼ ਦੀ ਰਿਪਰਜ਼ੈਂਟੇਸ਼ਨ ਤੁਹਾਡੇ ਪਾਸ ਪੁੱਜੀ ਹੈ । ਇਸ ਲਈ ਤੁਹਾਡੇ ਪਾਸੋਂ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਆਇਆ ਗੌਰਮਿੰਟ ਦੀ ਇਹ ਪਾਲੀਸੀ ਹੈ ਕਿ ਜਿਹੜੇ ਛੋਟੇ ਛੋਟੇ ਲੋਕ ਹਨ, ਜਿਹੜੇ ਇਸ ਕਾਰੋਬਾਰ ਵਿਚ ਹਨ ਉਨ੍ਹਾਂ ਨੂੰ ਭਜਾ ਦਿੱਤਾ ਜਾਵੇ ਔਰ ਕਰੋੜਾਂ ਪਤੀ ਹੀ ਕੰਮ ਕਰ ਸਕਣ ?

**ਮੰਤਰੀ** : ਸਪੀਕਰ ਸਾਹਿਬ, ਪਹਿਲਾਂ ਲੋਕ ਕੀ ਕਰਦੇ ਸਨ ਕਿ ਜ਼ਮੀਨ ਖਰੀਦ ਕੇ ਪਲਾਟ ਬਣਾ ਕੇ, ਉਨ੍ਹਾਂ ਨੂੰ ਵੇਚ ਕੇ ਆਪ ਚਲੇ ਜਾਂਦੇ ਸਨ, ਔਰ ਅਸਲ ਡਿਵੈਲਪਮੈਂਟ ਕੋਈ ਨਹੀਂ ਸੀ ਕਰਦੇ, ਨਾ ਸੀਵਰੇਜ ਦਾ ਖਿਆਲ ਹੁੰਦਾ ਸੀ ਔਰ ਨਾ ਹੀ ਪਲਾਨ ਦੇ ਮੁਤਾਬਿਕ ਕੰਮ ਹੁੰਦਾ ਸੀ ਜਦੋਂ ਦਾ ਇਹ ਕਾਨੂੰਨ ਬਣਿਆ ਹੈ, ਇਹ ਮਸਲਾ ਹੱਲ ਹੋ ਗਿਆ

Original with;
Punjab Vidhan Sabha
Digitized by;
Panjab Digital Library

ਹੈ । ਪਰ ਇਸ ਦੀ ਇੰਪਲੀਮੈਂਟੇਸ਼ਨ ਵਿਚ ਕੁਝ ਡਿਫ਼ੀਕਲਟੀਜ਼ ਸਾਡੇ ਨੋਟਿਸ ਵਿਚ ਆਈਆਂ ਹਨ । ਛੋਟੇ-ਛੋਟੇ ਕਾਲੋਨਾਈਜ਼ਰਜ਼ ਨੇ ਵੀ ਮੈਮੋਰੈਂਡਮ ਦਿਤਾ । ਪ੍ਰਾਈਵੇਟ ਕਾਲੋਨਾਈਜ਼ਰਜ਼ ਦੀ ਇਕ ਮੀਟਿੰਗ ਬਹੁਤ ਜਲਦੀ ਮੈਂ ਚੰਡੀਗੜ੍ਹ ਵਿਚ ਬੁਲਾ ਰਿਹਾ ਹਾਂ ਤਾਂ ਕਿ ਹਾਊਸਿੰਗ ਬੰਦ ਨਾ ਹੋਵੇ । ਪੰਜਾਬ ਵਿਚ ਮਕਾਨ ਬਣਨੇ ਬੰਦ ਨਾ ਹੋਣ । ਛੋਟਾ ਕਾਲੋਨਾਈਜ਼ਰ ਵੀ ਤੰਗ ਨਾ ਹੋਵੇ ਅਤੇ ਡੀਵੈਲਪਮੈਂਟ ਵੀ ਕਰਨੀ ਚਾਹੁੰਦੇ ਹਾਂ, ਇਹ ਸਾਡੀ ਸਕੀਮ ਹੈ ।

**ਕਾਮਰੇਡ ਸਤ ਪਾਲ ਡਾਂਗ :** ਕੀ ਮਨਿਸਟਰ ਸਾਹਿਬ ਨੂੰ ਇਸ ਗੱਲ ਦਾ ਇਲਮ ਹੈ ਕਿ ਇਹ ਮੱਦ ਰੱਖੀ ਗਈ ਹੈ ਕਿ ਪੰਜ ਪੰਜ ਪਲਾਟ ਤੋਂ ਵੱਧ ਵੇਚਣੇ ਹੋਣ ਤਾਂ ਲਾਈਸੈਂਸ ਲੈਣਾ ਪੈਂਦਾ ਹੈ । ਇਸ ਦਾ ਫ਼ਾਇਦਾ ਉਠਾ ਕੇ ਕਾਲੋਨਾਈਜ਼ਰਜ਼ ਇਹ ਕਹਿ ਕੇ ਕਿ ਇਕ ਹੀ ਪਲਾਟ ਵੇਚਣਾ ਹੈ ਇਕ ਵਾਰੀ, ਉਹ ਇਸ ਤਰ੍ਹਾਂ ਹੀ ਪਲਾਟ ਵੇਚੀ ਜਾਣਗੇ ਔਰ ਇਹ ਕਾਨੂੰਨ ਵਾਇਡ ਹੋ ਜਾਵੇਗਾ ।

**ਮੰਤਰੀ :** ਅਸੀਂ ਸਾਰੇ ਕਾਨੂੰਨ ਉਤੇ ਗੌਰ ਕਰ ਰਹੇ ਹਾਂ । ਅਗਰ ਇਸ ਵਿਚ ਕੋਈ ਇਸ ਤਰ੍ਹਾਂ ਦੀ ਗਲ ਹੋਈ ਤਾਂ ਵਿਚਾਰ ਕਰ ਲਵਾਂਗੇ ।

**ਸ੍ਰੀ ਸਰਦਾਰੀ ਲਾਲ ਕਪੂਰ :** ਜਦੋਂ ਦਾ ਇਹ ਕਾਨੂੰਨ ਬਣਿਆ ਹੈ ਤਾਂ ਪਹਿਲਾਂ ਕੁਝ ਕਾਲੋਨਾਈਜ਼ਰਜ਼ ਜਿਹੜੇ ਲੋਕਾਂ ਤੋਂ ਕਿਸ਼ਤਾਂ ਲੈ ਚੁੱਕੇ ਸਨ, ਉਨ੍ਹਾਂ ਨੇ ਪਲਾਟ ਦੇਣ ਤੋਂ ਨਾਂਹ ਕਰ ਦਿੱਤੀ ਤੇ ਕਹਿ ਦਿੱਤਾ ਕਿ ਕਾਨੂੰਨ ਬਣ ਗਿਆ ਹੈ, ਇਸ ਲਈ ਅਸੀਂ ਨਹੀਂ ਵੇਚ ਸਕਦੇ। ਉਹ ਲੋਕਾਂ ਤੋਂ ਲੱਖਾਂ ਰੁਪਿਆ ਲੈ ਚੁੱਕੇ ਹਨ । ਉਨ੍ਹਾਂ ਦਾ ਵੀ ਕੁਝ ਉਪਰਾਲਾ ਕਰਨਾ ਚਾਹੀਦਾ ਹੈ ।

(ਕੋਈ ਉੱਤਰ ਨਹੀਂ ਆਇਆ)

**ਕੈਪਟਨ ਰਤਨ ਸਿੰਘ :** ਸਾਡੀ ਤਾਂ ਇਨਫ਼ਰਮੇਸ਼ਨ ਹੈ, ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਆਇਆ ਇਨ੍ਹਾਂ ਦੇ ਵੀ ਇਲਮ ਵਿਚ ਹੈ ਕਿ ਕਾਲੋਨਾਈਜ਼ੇਸ਼ਨ ਦਾ ਕੰਮ ਬਿਲਕੁਲ ਬੰਦ ਹੋ ਗਿਆ ਹੈ ? ਇਸ ਗੱਲ ਨੂੰ ਮੱਦੇ ਨਜ਼ਰ ਰੱਖਦੇ ਹੋਏ ਆਇਆ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਕਿਤਨਾਂ ਕੁ ਟਾਈਮ ਲੱਗੇਗਾ ਜਿਹੜੀਆਂ ਡਿਫੀਕਲਟੀਜ਼ ਹਨ ਉਨ੍ਹਾਂ ਨੂੰ ਰੀਮੂਵ ਕਰਨ ਵਿਚ? ਕਿਉਂਕਿ ਪਬਲਿਕ ਵਿਚ ਕਈ ਗੱਲਾਂ ਫੈਲ ਰਹੀਆਂ ਹਨ ਜਿਹੜੀਆਂ ਕਿ ਸਰਕਾਰ ਲਈ ਵੀ ਅਤੇ ਸਾਡੇ ਸਾਰਿਆਂ ਲਈ ਮਾੜੀਆਂ ਹਨ।

**ਮੰਤਰੀ :** ਸਪੀਕਰ ਸਾਹਿਬ, ਮੈ ਪਹਿਲਾਂ ਵੀ ਦੱਸ ਚੁੱਕਾ ਹਾਂ ਕਿ ਬਹੁਤ ਜਲਦੀ ਹੀ ਮੈਂ ਮੀਟਿੰਗ ਬੁਲਾ ਰਿਹਾ ਹਾਂ। ਕਪਤਾਨ ਸਾਹਿਬ ਨੂੰ ਪਤਾ ਹੈ ਕਿ ਇਥੇ ਬਿਲ ਕਿਤਨੀ ਮੁਸ਼ਕਲ ਨਾਲ ਲਿਆਂਦਾ ਗਿਆ ਸੀ ਪਰ ਫਿਰ ਵੀ ਜਦੋਂ ਕੋਈ ਵੀ ਨਵਾਂ ਕਾਨੂੰਨ ਹੁੰਦਾ ਹੈ ਤਾਂ ਉਸ ਵਿਚ ਕੋਈ ਨਾ ਕੋਈ ਘਾਟ ਰਹਿ ਜਾਂਦੀ ਹੈ । ਇਨ੍ਹਾਂ ਨੂੰ ਵੀ ਪਤਾ ਹੈ ਕਿ ਕੁਝ ਸੋਸਾਇਟੀਆਂ ਐਸੀਆਂ ਸਨ ਜਿਹੜੀਆਂ ਮਕਾਨ ਨਹੀਂ ਸਨ ਬਣਾ ਸਕੀਆਂ। ਅਸੀਂ ਕੋਸ਼ਿਸ਼ ਕਰਦੇ ਪਏ ਹਾਂ ਕਿ ਉਹ ਵੀ ਮਕਾਨ ਬਣਾ ਲੈਣ । ਸਾਡਾ ਮਨਸ਼ਾ ਕਿਸੇ ਨੂੰ ਵੀ ਤੰਗ ਕਰਨ ਦਾ ਨਹੀਂ ਹੈ ।

---

Original with;
Punjab Vidhan Sabha
Digitized by;
Panjab Digital Library

## SHIFTING OF CERTAIN OFFICES TO SAHIBZADA AJIT SINGH NAGAR(MOHALI)

*3491. **Comrade Shamsher Singh Josh** : Will the Chief Minister be pleased to be state—

(a) whether the Government, in the recent past decided to shift certain Offices to Sahibzada Ajit Singh Nagar (Mohali); if so, the names of such offices together with the names of those which have actually been shifted.

(b) the names of the offices referred to in part (a) which have not so for been shifted alongwith the reasons thereof ?

**Shri Hans Raj Sharma** (Finance Minister) :- (a) Government recently decided, in principal, that offices which are functionally invited with the devolopment of Urban Estate and Industrial Estate, Sahibzada Ajit Singh Nagar (Mohali) as well as others may be shifted to Sahibzada Ajit Singh Nagar (Mohali). Details of offices which have shifted to Sahibzada Ajit Singh Nagar (Mohali) are given in the statement at Annexure "A".

(b) In view of answer to part (a) above question does not arise.

### ANNEXURE 'A'

| Sr. No. | Name of office |
|---|---|
| 1. | XEN P. H. Division No. 1 |
| 2. | XEN Div. No- II |
| 3- | XEN Div. No. III |
| 4, | Sub Div. No. II-P H. Mohali |
| 5. | Sub Division No. 8, 4, Public Health |
| 6, | Sub Divisions Nos. 2, 7 9, Public Health, |
| 7, | Sub Division No. Ist 10, Public Health |
| 8, | PWD B & R Sub Division No. 2 |
| 9, | Sub Divisional Officer, PSEB |
| 10, | Horticulture, |
| 11. | D. T. P. Mohali |
| 12, | XEN B & R |
| 13 | A. O. and S.D.O. Store. PSEB |
| 14, | XEN, PSEB, REC |
| 15. | XEN PSEB TLSC Division Beas |
| 16, | Geological Wing, Department of Industries, Punjab, |

Original with;
Punjab Vidhan Sabha
Digitized by;
Panjab Digital Library

17. Mohali Housing Construction Division No. 1, Chandigarh.
18, Housing Construction Sub-Divisions Nos. 1, 2, 3, 4, and 5,
19, Housing Construction Sub-Division 'Mohali at Chandigarh under the charge of Shri S. M. S. Sandhu, SDE.
20. Horticulture Sub Division.
21. Factory Inspector, Labour Department.
22 Police Station
23. Junior Engg. PSEB 66 K.V.
24. Dispensary.
25. Soil Conservation Department,
26. Middle School.
27. Punjab Wireless.

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਮੈਂ ਸਵਾਲ ਇਹ ਪੁਛਿਆ ਸੀ ਕਿ ਜੇ ਇਹ ਫੈਸਲਾ ਕੀਤਾ ਗਿਆ ਹੈ ਤਾਂ ਜਿਹੜੇ ਦਫ਼ਤਰ ਹਨ ਕੀ ਉਹ ਉਥੇ ਅਸਲ ਵਿਚ ਸ਼ਿਫਟ ਕਰ ਦਿਤੇ ਗਏ ਹਨ ? ਇਨ੍ਹਾਂ ਨੇ 27 ਦਫ਼ਤਰਾਂ ਦੀ ਲਿਸਟ ਦਿਤੀ ਹੈ ਪਰ ਉਨ੍ਹਾਂ ਵਿਚੋਂ ਕਿੰਨੇ ਚਲੇ ਗਏ ਹਨ ?

ਮੰਤਰੀ : ਸਪੀਕਰ ਸਾਹਿਬ, 27 ਦਫ਼ਤਰ ਸ਼ਿਫਟ ਕਰ ਦਿਤੇ ਗਏ ਹਨ। ਅਗਰ ਇਨ੍ਹਾਂ ਵਿਚੋਂ ਕੋਈ ਨਹੀਂ ਗਿਆ ਤਾਂ ਮੈਂ ਪਤਾ ਕਰਕੇ ਦੱਸ ਸਕਦਾ ਹਾਂ । ਅਸੀਂ ਫੈਸਲਾ ਕਰ ਦਿੱਤਾ ਹੈ । ਇਹ ਜਲਦੀ ਸ਼ਿਫਟ ਹੋ ਜਾਣਗੇ। ਇਨ੍ਹਾਂ 27 ਵਿਚੋਂ ਜਿਨ੍ਹਾਂ ਨੇ ਆਪਣੀ ਡਿਫੀਕੱਲਟੀਜ਼ ਦਾ ਇਜ਼ਹਾਰ ਕੀਤਾ ਹੈ ਇਸ ਬਾਰੇ ਮੈਂ ਵੀ ਇਕ ਮੀਟਿੰਗ ਕੀਤੀ ਹੈ ਅਤੇ ਚੀਫ ਸੈਕਟਰੀ ਸਾਹਿਬ ਨੇ ਵੀ ਕੀਤੀ ਹੈ । ਅਸੀਂ ਹੋਰ ਫਰੈਸ਼ ਲਿਸਟ ਬਣਾ ਰਹੇ ਹਾਂ ਜਿਨ੍ਹਾਂ ਨੂੰ ਸ਼ਿਫਟ ਕੀਤਾ ਜਾਵੇਗਾ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜਾ ਮੁਹਾਲੀ ਅਰਬਨ ਅਸਟੇਟ ਦਾ ਦਫਤਰ ਹੈ ਇਹ ਸਭ ਤੋਂ ਜ਼ਿਆਦਾ ਮੁਹਾਲੀ ਦੇ ਲੋਕਾਂ ਨਾਲ ਸਬੰਧਤ ਹੈ । ਇਹ ਸ਼ਿਫਟ ਕਿਉਂ ਨਹੀਂ ਹੋਇਆ ? ਇਸ ਦੀ ਕੀ ਵਜ੍ਹਾ ਹੈ ?

**ਮੰਤਰੀ** : ਅਸਟੇਟ ਅਫਸਰ ਮੁਹਾਲੀ ਵੀ ਜਲਦੀ ਸ਼ਿਫਟ ਹੋ ਜਾਵੇਗਾ ।

---

**ਨਿਸ਼ਾਨ ਵਾਲੇ ਪ੍ਰਸ਼ਨ ਨੰ: 3312 ਅਤੇ 3371**

(ਸਬੰਧਤ ਮਾਨਯੋਗ ਮੈਂਬਰ, ਸਾਹਿਬਾਨ ਹਾਜ਼ਰ ਨਾ ਹੋਣ ਕਰਕੇ ਇਹ ਪ੍ਰਸ਼ਨ ਪੇਸ਼ ਨਹੀਂ ਕੀਤੇ ਗਏ)

---

**ਵਾਧੂ ਜ਼ਮੀਨ**

*3500. **ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਕੀ ਮਾਲ ਅਤੇ ਚੋਣਾਂ ਬਾਰੇ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਪੰਜਾਬ ਜ਼ਮੀਨ ਸੁਧਾਰ ਐਕਟ, 1972 ਦੇ ਲਾਗੂ ਹੋ ਜਾਣ ਨਾਲ ਕੁਲ ਕਿੰਨੀ ਵਾਧੂ ਜ਼ਮੀਨ ਉਪਲਬਧ ਹੋਣ ਦੀ ਸੰਭਾਵਨਾ ਹੈ ਅਤੇ ਇਸ ਨੂੰ ਕਿੰਨੇ ਸਮੇਂ ਵਿਚ ਵੰਡਣ ਦੀ ਸੰਭਾਵਨਾ ਹੈ ?

Original with;
Punjab Vidhan Sabha
Digitized by;
Panjab Digital Library

**ਮੁੱਖ ਸੰਸਦੀ ਸਕੱਤਰ** (ਸਰਦਾਰ ਗੁਰਚਰਨ ਸਿੰਘ ਨਿਹਾਲਸਿਘਵਾਲਾ): (i) ਪੰਜਾਬ ਭੋਂ ਸੁਧਾਰ ਐਕਟ 1972 ਦੇ ਤਹਿਤ ਪ੍ਰਾਪਤ ਹੋਈਆਂ ਰੀਟਰਨਾਂ ਦੀ ਪੜਤਾਲ ਕੀਤੀ ਜਾ ਰਹੀ ਹੈ ਅਤੇ ਇਸ ਸਟੇਜ ਤੇ ਇਹ ਅੰਦਾਜ਼ਾ ਲਗਾਉਣਾ ਅਸੰਭਵ ਹੈ ਕਿ ਇਹਨਾਂ ਵਿਚੋਂ ਕਿੰਨਾ ਰਕਬਾ ਉਪਲਭਧ ਹੋਣ ਦੀ ਸੰਭਾਵਨਾ ਹੈ ।

(ii) ਕੁਲੈਕਟਰਾਂ ਨੂੰ ਹਦਾਇਤਾਂ ਕੀਤੀਆਂ ਜਾ ਚੁੱਕੀਆਂ ਹਨ ਕਿ ਉਹ ਉਪਲਭਧ ਰਕਬੇ ਦੇ ਵੰਡਣ ਦਾ ਕੰਮ 30 ਜੂਨ, 1976 ਤੱਕ ਪੂਰਾ ਕਰਨ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼**: ਸਪੀਕਰ ਸਾਹਿਬ, ਕੀ ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਦਸਣਗੇ ਕਿ ਇਹ ਜਿਹੜਾ ਪੰਜਾਬ ਜ਼ਮੀਨ ਸੁਧਾਰ ਐਕਟ ਸੀ ਉਸ ਨੂੰ ਪਾਸ ਹੋਏ ਨੂੰ ਕਈ ਸਾਲ ਹੋ ਚੁਕੇ ਹਨ । 20-ਨੁਕਾਤੀ ਪ੍ਰੋਗਰਾਮ ਦੇ ਵਿਚ ਜ਼ਮੀਨ ਸੁਧਾਰਾਂ ਤੇ ਅਮਲ ਕਰਨ ਲਈ ਬੜੇ ਜ਼ੋਰ ਨਾਲ ਕਿਹਾ ਗਿਆ ਹੈ, ਇਸ ਦੀ ਰੋਸ਼ਨੀ ਵਿਚ ਕੀ ਵਜ੍ਹਾ ਹੈ, ਇਸ ਮਾਮਲੇ ਵਿਚ ਇਤਨੀ ਦੇਰੀ ਕਿਉਂ ਹੋ ਰਹੀ ਹੈ ? ਕਿੰਨੇ ਲੱਖ ਏਕੜ ਜ਼ਮੀਨ ਇਸ ਐਕਟ ਦੇ ਲਾਗੂ ਹੋਣ ਨਾਲ ਗਰੀਬ ਲੋਕਾਂ ਨੂੰ ਵੰਡਣ ਵਾਸਤੇ ਅਵੇਲੇਬਲ ਹੋਵੇਗੀ । ਇਨ੍ਹਾਂ ਦਾ ਜਵਾਬ ਨਾ-ਤਸੱਲੀ ਬਖਸ਼ ਹੈ ।

**ਮੁੱਖ ਸੰਸਦੀ ਸਕੱਤਰ**: ਸਪੀਕਰ ਸਾਹਿਬ, ਮੈਂ ਜਵਾਬ ਦੇ ਦਿੱਤਾ ਹੈ, ਇਨ੍ਹਾਂ ਦਾ ਸਵਾਲ ਇਹ ਹੈ:

> Will the Minister for Revenue and Elections be pleased to state the total surplus area of land likely to be available as a result of implementation of Punjab Land Reforms Act, 1972 together with the time by which the same is expected to be distributed ?

ਇਹ 1972 ਦਾ ਜ਼ਮੀਨ ਸੁਧਾਰ ਐਕਟ ਸੀ ਜਿਸ ਵਿਚੋਂ ਸਰਪੱਲਸ ਜ਼ਮੀਨਾਂ ਦੇ ਖਿਲਾਫ ਹਾਈ ਕੋਰਟ ਨੇ ਸਾਡੇ ਐਕਟ ਦੇ ਖਿਲਾਫ਼ ਫੈਸਲਾ ਦੇ ਦਿੱਤਾ ਸੀ । ਹਾਈ ਕੋਰਟ ਦੇ ਫੈਸਲੇ ਨੂੰ ਮੱਦੇ ਨਜ਼ਰ ਰਖਦੇ ਹੋਏ ਅਸੀਂ ਕੇਂਦਰ ਸਰਕਾਰ ਤੋਂ ਹਦਾਇਤਾਂ ਲਈਆਂ ਹਨ ਉਸ ਦੇ ਅਨੁਸਾਰ ਕੰਮ ਹੋ ਰਿਹਾ ਹੈ । ਸਪੀਕਰ ਸਾਹਿਬ, 30 ਜੂਨ, 1976 ਤਕ ਸਾਰੀ ਛਾਣ-ਬੀਣ ਕਰਕੇ ਇਨ੍ਹਾਂ ਜ਼ਮੀਨਾਂ ਨੂੰ ਅਲਾਟ ਕੀਤਾ ਜਾਵੇਗਾ । 30 ਜਨਵਰੀ ਤਕ ਅਸੀਂ ਫੈਸਲਾ ਕੀਤਾ ਹੈ ਕਿ ਸਾਰੀ ਛਾਣ-ਬੀਣ ਕਰਕੇ ਦਸੋ ਕਿ ਕਿੰਨੀ ਜ਼ਮੀਨ ਨਿਕਲਦੀ ਹੈ ।

**ਮਾਸਟਰ ਚੰਦ ਸਿੰਘ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਜ਼ਮੀਨ ਸੁਧਾਰ ਐਕਟ ਦੇ ਅਧੀਨ ਕਿੰਨੀ ਜ਼ਮੀਨ ਨਿਕਲੀ ਹੈ ਅਤੇ ਕਿੰਨੀ ਵੰਡੀ ਗਈ ਹੈ ।

**ਮੁੱਖ ਸੰਸਦੀ ਸਕੱਤਰ**: ਸਪੀਕਰ ਸਾਹਿਬ, ਜਿੰਨੀ ਜ਼ਮੀਨ ਨਿਕਲਦੀ ਸੀ ਉਸ ਦੇ ਖਿਲਾਫ ਹਾਈ ਕੋਰਟ ਨੇ ਫੈਸਲਾ ਦੇ ਦਿਤਾ ਹੈ । ਮੈਂ ਪਹਿਲਾਂ ਦੱਸ ਚੁੱਕਾ ਹਾਂ ।

**ਕਾਮਰੇਡ ਸੱਤ ਪਾਲ ਡਾਂਗ**: ਸਪੀਕਰ ਸਾਹਿਬ, ਮੈਂ ਚੀਫ਼ ਪਾਰਲੀਮੈਂਟਰੀ ਸਕੱਤਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ 30 ਜਨਵਰੀ ਤਕ ਅਫਸਰ ਇਨ੍ਹਾਂ ਨੂੰ ਦਸਣਗੇ ਕਿ ਲਗਭੱਗ ਕਿੰਨੀ ਜ਼ਮੀਨ ਵੰਡਣ ਵਾਲੀ ਹੈ ਅਤੇ 30 ਜੂਨ, 1976 ਤਕ ਇਹ ਵੰਡ ਦਿਤੀ ਜਾਵੇਗੀ । ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਗੱਲ ਲਈ

Original with;
Punjab Vidhan Sabha
Digitized by;
Panjab Digital Library

ਤਿਆਰ ਹਨ ਕਿ 30 ਜੂਨ, 1976 ਤਕ ਉਹ ਵੀ ਜ਼ਮੀਨਾਂ ਵੰਡਣਗੇ ਜਿਹੜੀਆਂ ਵੱਡੇ ਵੱਡੇ ਲੈਂਡ ਲਾਰਡਾਂ ਨੇ ਸਰਪੱਲਸ ਦੇ ਕਾਨੂੰਨ ਤੋਂ ਬਚਾਉਣ ਵਾਸਤੇ ਬੇ-ਨਾਮੀ ਕੀਤੀਆਂ ਹੋਈਆਂ ਹਨ ? ਕੀ ਇਸ ਗੱਲ ਦੀ ਗਰੰਟੀ ਕਰਨ ਲਈ ਵਜ਼ੀਰ ਸਾਹਿਬ, ਇਸ ਐਕਟ ਵਿਚ ਤਰਮੀਮ ਕਰਕੇ ਖੇਤ ਮਜ਼ਦੂਰਾਂ ਅਤੇ ਗਰੀਬ ਕਿਸਾਨਾਂ ਦੀਆਂ ਕਮੇਟੀਆਂ ਬਣਾ ਕੇ ਇਨ੍ਹਾਂ ਨੂੰ ਅਖਤਿਆਰ ਦੇਣ ਲਈ ਤਿਆਰ ਹਨ ਕਿ ਉਹ ਬੇ-ਨਾਮੀ ਜ਼ਮੀਨਾਂ ਦਾ ਫੈਸਲਾ ਆਪ ਕਰਨ, ਕੀ ਇਹ ਜ਼ਮੀਨ ਬੇ-ਨਾਮੀ ਹੈ ਜਾਂ ਨਹੀਂ ?

**ਮੁੱਖ ਸੰਸਦੀ ਸਕੱਤਰ**: ਸਪੀਕਰ ਸਾਹਿਬ, ਬੇ-ਨਾਮੀ ਜ਼ਮੀਨਾਂ ਨੂੰ ਨਜਾਇਜ਼ ਤਰੀਕੇ ਨਾਲ ਰਖਿਆ ਹੋਇਆ ਹੈ । ਅਸੀਂ ਇਹ ਜਿਹੜੀਆਂ ਬੇ-ਨਾਮੀ ਜ਼ਮੀਨਾਂ ਹਨ ਰਹਿਣ ਨਹੀਂ ਦੇਣੀਆਂ। ਵੈਸੇ ਇਸ ਸਵਾਲ ਦੇ ਨਾਲ ਬੇ-ਨਾਮੀ ਜ਼ਮੀਨਾਂ ਦਾ ਕੋਈ ਸਬੰਧ ਨਹੀਂ ਹੈ ।

---

**ਸਟਾਰਡ ਪ੍ਰਸ਼ਨ ਨੰ: 3547****

**ਸ੍ਰੀ ਸਪੀਕਰ**: ਇਸ ਸਵਾਲ ਲਈ ਐਕਸਟੈਂਸ਼ਨ ਮੰਗੀ ਗਈ ਹੈ ।

---

## MUNICIPAL CORPORATIONS IN THE STATE

*3529. **Shri Gurdial Saini**: Will the Minister for Finance be pleased to state—

(a) the names of cities in the State where Municipal Corporations are proposed to be set up;

(b) the population of the cities, on the basis of which such Corporations are proposed to be set up;

(c) whether it is proposed to set up a Municipal Corporation in Jullundur; if so, when ?

**Shri Hans Raj Sharma** : (a) Amritsar, Ludhiana and Jullundur;

(b) Population of more than three lakhs and annual income of more than Rs. 2 crores ;

(c) Yes; as soon as a legislation in this behalf is enacted.

**ਕਾਮਰੇਡ ਸੱਤ ਪਾਲ ਡਾਂਗ**: ਸਪੀਕਰ ਸਾਹਿਬ, ਬਹੁਤ ਦੇਰ ਦਾ ਐਲਾਨ ਹੋ ਚੁੱਕਾ ਹੈ ਕਿ ਅੰਮ੍ਰਿਤਸਰ, ਲੁਧਿਆਣਾ ਅਤੇ ਜਲੰਧਰ ਨੂੰ ਮਿਊਂਨਿਸਪਲ ਕਾਰਪੋਰੇਸ਼ਨ ਬਨਾਉਣ ਦਾ ਫੈਸਲਾ ਹੋਇਆ ਹੈ । ਕੀ ਇਸ ਸੈਸ਼ਨ ਵਿਚ ਬਿਲ ਲਿਆਉਣਗੇ ਅਤੇ ਇਸ ਐਲਾਨ ਤੇ ਅਮਲ ਹੋਵੇਗਾ ਜਾਂ ਨਹੀਂ ?

---

**For Starred Question No. 3547 and reply thereto please see Debates, dated 11th February, 1976.

Original with;
Punjab Vidhan Sabha
Digitized by;
Panjab Digital Library

**ਮੰਤਰੀ :** ਸਪੀਕਰ ਸਾਹਿਬ, ਇਹ ਕੈਬਨਿਟ ਸਬ ਕਮੇਟੀ ਨੇ ਮਾਮਲਾ ਕੰਸਿਡਰ ਕੀਤਾ ਹੈ । ਕੈਬਨਿਟ ਸਬ-ਕਮੇਟੀ ਨੇ 5 ਮੀਟਿੰਗਾਂ ਕੀਤੀਆਂ ਹਨ ਅਤੇ ਇਕ ਦੋ ਪੁਆਇੰਟਸ ਰਹਿ ਗਏ ਹਨ। ਬਹੁਤ ਜਲਦੀ ਬਿਲ ਆ ਜਾਵੇਗਾ । ਇਸ ਤੋਂ ਮਗਰੋਂ ਸੰਵਿਧਾਨ ਦੇ ਮੁਤਾਬਿਕ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਭੇਜ ਦਿਆਂਗੇ ।

**ਸ੍ਰੀ ਗੁਰਦਿਆਲ ਸੈਣੀ :** ਇਸ ਸੈਸ਼ਨ ਵਿਚ ਇਹ ਬਿਲ ਆ ਜਾਵੇਗਾ ਜਾਂ ਨਹੀਂ ?

**ਮੰਤਰੀ :** ਅਸੀਂ ਦਿੱਲੀ ਤੋਂ ਵੀ ਜਲਦੀ ਕਢਵਾ ਕੇ ਲਿਆਉਣ ਦੀ ਕੋਸ਼ਿਸ਼ ਕਰਾਂਗੇ ।

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਕੀ ਇਸ ਸੈਸ਼ਨ ਵਿਚ ਬਿਲ ਆ ਜਾਵੇਗਾ ? ਕੀ ਇਸ ਗੱਲ ਨੂੰ ਯਕੀਨੀ ਬਣਾਉਣਗੇ ਕਿ ਕਮੇਟੀ ਨੂੰ ਕਾਰਪੋਰੇਸ਼ਨ ਬਨਾਉਣ ਦਾ ਇਕ ਮਹੱਤਵਪੂਰਨ ਮਾਮਲਾ ਹੈ ਅਤੇ ਬਹੁਤ ਵੱਡਾ ਮਾਮਲਾ ਹੈ, ਕਿਤੇ ਇਹ ਆਰਡੀਨੈਂਸ ਜਾਰੀ ਨਾ ਕਰ ਦੇਣ ? ਕੀ ਇਹ ਅਸੈਂਬਲੀ ਦੇ ਇਸ ਸੈਸ਼ਨ ਵਿਚ ਬਿਲ ਲੈ ਆਉਣਗੇ ?

**ਮੰਤਰੀ :** ਸਾਨੂੰ ਅਸੈਂਬਲੀ ਵਿਚ ਬਿਲ ਲਿਆਉਣ ਦਾ ਕੋਈ ਡਰ ਨਹੀਂ ਹੈ । ਤੁਸੀਂ ਸਾਨੂੰ ਬੜੀ ਅੱਛੀ ਤਰ੍ਹਾਂ ਨਾਲ ਮਿਲਵਰਤਨ ਦੇ ਰਹੇ ਹੋ । ਇਸ ਕਰਕੇ ਸਾਨੂੰ ਕਿਸੇ ਗੱਲ ਦਾ ਡਰ ਨਹੀਂ । ਉਹ (ਅਕਾਲੀ ਪਾਰਟੀ ਵੱਲ ਇਸ਼ਾਰਾ ਕਰਦੇ ਹੋਏ) ਚਲੇ ਗਏ ਹਨ ।

---

## ਰਾਜ ਵਿਚ ਮਿਊਂਸਪਲ ਕਮੇਟੀਆਂ ਨੂੰ ਕਰਜ਼ੇ ਅਤੇ ਗਰਾਂਟਾਂ

*3530 **ਸ੍ਰੀ ਗੁਰਦਿਆਲ ਸੈਣੀ :** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 1974-75 ਅਤੇ 1975-76 ਦੇ ਦੌਰਾਨ ਜਲੰਧਰ, ਲੁਧਿਆਣਾ, ਅੰਮ੍ਰਿਤਸਰ ਅਤੇ ਪਟਿਆਲਾ ਦੀਆਂ ਮਿਊਂਸਪਲ ਕਮੇਟੀਆਂ ਨੂੰ ਵੱਖ ਵੱਖ ਤੌਰ ਤੇ ਕਰਜ਼ੇ ਅਤੇ ਗਰਾਂਟਾ ਦੀ ਕਿੰਨੀ ਕਿੰਨੀ ਰਕਮ ਦਿਤੀ ਗਈ ਹੈ ?

**ਸ੍ਰੀ ਹੰਸ ਰਾਜ ਸ਼ਰਮਾ :** ਸੂਚਨਾ ਹੇਠ ਲਿਖੇ ਅਨੁਸਾਰ ਹੈ :—

| ਲੜੀ ਨੰ: | ਨਗਰ ਪਾਲਕਾ ਦਾ ਨਾਂ | ਸਾਲ 1974-75 | | ਸਾਲ 1975-76 | |
|---|---|---|---|---|---|
| | | ਕਰਜ਼ਾ | ਗਰਾਂਟ | ਕਰਜ਼ਾ | ਗਰਾਂਟ |
| 1 | 2 | 3 | 4 | 5 | 6 |
| 1. | ਜਲੰਧਰ .. | 4,00,000 | 50,000 | 5,00,000 | 5,00,000 |
| 2. | ਅੰਮ੍ਰਿਤਸਰ .. | 3,00,000 | 25,000 | — | 37,500 |
| 3. | ਲੁਧਿਆਣਾ .. | 4,00,000 | 50,000 | 45,00,000 | 5,00,000 |
| 4. | ਪਟਿਆਲਾ .. | 4,00,000 | 50,000 | 10,00,000 | — |

Original with;
Punjab Vidhan Sabha
Digitized by;
Panjab Digital Library

**ਸ੍ਰੀ ਗੁਰਦਿਆਲ ਸੈਣੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਸਾਲ 1975-76 ਵਿਚ ਜਲੰਧਰ ਮਿਉਂਸੀਪਲ ਕਮੇਟੀ ਨੂੰ ਅਸੀਂ ਇਕ ਲੱਖ ਰੁਪਿਆ ਗਰਾਂਟ ਦਿਤੀ ਹੈ, ਕੀ ਇਹ 4 ਲੱਖ ਰੁਪਿਆ ਹੋਰ ਦੇਣ ਨੂੰ ਤਿਆਰ ਹਨ ?

**ਵਿੱਤ ਮੰਤਰੀ** : ਸਪੀਕਰ ਸਾਹਿਬ, ਇਸ ਦੇ ਬਾਰੇ ਮੈਂ ਹੁਣ ਨਹੀਂ ਕਹਿ ਸਕਦਾ। ਲੋੜ ਦੇ ਮੁਤਾਬਿਕ, ਸਕੀਮਾਂ ਦੀ ਅਰਜੈਂਸੀ ਦੇ ਮੁਤਾਬਿਕ ਰੁਪਿਆ ਦਿਤਾ ਜਾਂਦਾ ਹੈ। ਇਹ ਜੋ ਜਵਾਬ ਵਿਚ ਰਕਮ ਲਿਖੀ ਗਈ ਹੈ, ਇਹ ਠੀਕ ਹੈ।

**ਸਰਦਾਰ ਪ੍ਰਿਥੀਪਾਲ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਨਾਲ ਇਹ ਵਿਤਕਰਾ ਕਿਉਂ ਕੀਤਾ ਜਾ ਰਿਹਾ ਹੈ ? ਉਥੇ ਗਰਾਂਟ ਕਿਉਂ ਘੱਟ ਦਿਤੀ ਜਾ ਰਹੀ ਹੈ ?

**ਮੰਤਰੀ** : ਸਪੀਕਰ ਸਾਹਿਬ, ਅੰਮ੍ਰਿਤਸਰ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ। ਜਿਸ ਤਰ੍ਹਾਂ ਸਕੀਮਾਂ ਮਨਜ਼ੂਰ ਹੁੰਦੀਆਂ ਹਨ ਅਤੇ ਉਨ੍ਹਾਂ ਦੀ ਫਾਈਨੈਂਸ਼ਲ ਪੁਜ਼ੀਸ਼ਨ ਦੇਖ ਕੇ, ਸਕੀਮਾਂ ਦੀ ਮਨਜ਼ੂਰੀ ਨੂੰ ਦੇਖਕੇ ਗਰਾਂਟ ਦਿਤੀ ਜਾਂਦੀ ਹੈ।

**ਸ੍ਰੀ ਪ੍ਰਤਾਪ ਚੰਦ ਭੰਡਾਰੀ** : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਅੰਮ੍ਰਿਤਸਰ ਨਾਲ ਇਸ ਕਰਕੇ ਤਾਂ ਵਿਤਕਰਾ ਨਹੀਂ ਕੀਤਾ ਜਾਂਦਾ, ਉਥੇ ਲਈ ਇਸ ਕਰਕੇ ਪੈਸੇ ਨਹੀਂ ਦਿਤੇ ਜਾਂਦੇ ਕਿਉਂਕਿ ਉਥੋਂ ਦਾ ਕੋਈ ਵਜ਼ੀਰ ਨਹੀਂ ਹੈ ?

**ਮੰਤਰੀ** : ਸਪੀਕਰ ਸਾਹਿਬ, ਇਹ ਕੋਈ ਗੱਲ ਨਹੀਂ ਹੈ। ਇਹ ਸਕੀਮਾਂ ਜਲਦੀ ਮਨਜ਼ੂਰ ਕਰਵਾਉਣ ਤਾਂ ਪੈਸੇ ਜਲਦੀ ਦੇ ਦਿਆਂਗੇ।

**ਸ੍ਰੀ ਪ੍ਰੇਮ ਗੁਪਤਾ** : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਪਟਿਆਲਾ ਸ਼ਹਿਰ ਵਾਸਤੇ 1975-76 ਵਿਚ ਕੋਈ ਗਰਾਂਟ ਨਹੀਂ ਦਿਤੀ ਗਈ। ਇਸ ਦਾ ਕੀ ਕਾਰਨ ਹੈ ? ਜਿਹੜਾ 10 ਲੱਖ ਰੁਪਿਆ ਲੋਨ ਦਾ ਦੱਸਿਆ ਹੈ ਉਹ ਕਿਤੇ ਸੈਪਰੇਟ ਸਕੀਮ ਦਾ ਤਾਂ ਨਹੀਂ ਹੈ ਜਿਹੜਾ ਕਿ ਪਬਲਿਕ ਹੈਲਥ ਨੂੰ ਦੇ ਦਿਤਾ ਹੈ। ਸਰਕਾਰ ਨੇ ਉਥੇ ਵਾਸਤੇ ਕੋਈ ਗਰਾਂਟ ਅਤੇ ਲੋਨ ਨਹੀਂ ਦਿਤਾ, ਇਸ ਦੀ ਕੀ ਵਜ੍ਹਾ ਹੈ ?

**ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੂੰ ਵੀ ਦੇ ਦਿਆਂਗੇ। ਇਨ੍ਹਾਂ ਨੂੰ 10 ਲੱਖ ਰੁਪਿਆ ਦਿੱਤਾ ਹੈ ਕਿਉਂਕਿ ਗੰਦਾ ਨਾਲਾ ਪਟਿਆਲਾ ਵਿਚੋਂ ਲੰਘਦਾ ਹੈ ਉਸ ਦਾ ਇੰਤਜ਼ਾਮ ਕਰ ਰਹੇ ਹਾਂ। 'ਏ' ਕਲਾਸ 'ਬੀ' ਕਲਾਸ ਅਤੇ 'ਸੀ' ਕਲਾਸ ਮਿਉਂਸੀਪਲ ਕਮੇਟੀਆਂ ਨੂੰ ਪੈਸੇ ਦਿਤੇ ਹਨ ਲੇਕਿਨ ਇਸ ਦੇ ਵਿਚ ਇਹ ਵੀ ਹੈ ਕਿ ਉਨ੍ਹਾਂ ਮਿਉਂਸੀਪਲ ਕਮੇਟੀਆਂ ਨੂੰ ਪੈਸੇ ਜ਼ਿਆਦਾ ਦਿਤੇ ਗਏ ਹਨ ਜਿਨ੍ਹਾਂ ਦੀ ਮਾਲੀ ਹਾਲਤ ਖਰਾਬ ਹੋਵੇ।

**ਸ੍ਰੀ ਵਿਸ਼ਵਾ ਮਿੱਤਰ ਸੇਖੜੀ** : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਬਟਾਲਾ ਦੀ ਮਿਉਂਸੀਪਲ ਕਮੇਟੀ ਨੂੰ ਇਸ ਵੇਲੇ ਗਰਾਂਟ ਕਿਉਂ ਨਹੀਂ ਦਿਤੀ ਗਈ ?

**ਮੰਤਰੀ** : ਇਸ ਦੇ ਬਾਰੇ ਨੋਟਿਸ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਲਛਮਣ ਸਿੰਘ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਫਿਰੋਜ਼ਪੁਰ ਦਾ ਵੀ ਧਿਆਨ ਕਰਨਗੇ ? ਇਨ੍ਹਾਂ ਨੇ ਫਿਰੋਜ਼ਪੁਰ ਨੂੰ ਗਰਾਂਟ ਕਿਉਂ ਨਹੀਂ ਦਿਤੀ ਇਸ ਦਾ ਕੀ ਕਾਰਣ ਹੈ ?

(ਕੋਈ ਉਤਰ ਨਹੀਂ ਦਿਤਾ ਗਿਆ।)

**ਸ੍ਰੀ ਪਤਾਪ ਚੰਦ ਭੰਡਾਰੀ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਦੀ ਮਿਊਂਸੀਪਲ ਕਮੇਟੀ ਸਸਪੈਂਡ ਹੈ। ਉਸ ਦੀਆਂ ਸਕੀਮਾਂ ਬਣਾਕੇ ਜਿਹੜੀਆਂ ਭੇਜਣੀਆਂ ਹਨ ਇਹ ਸਰਕਾਰ ਦਾ ਕੰਮ ਹੈ। ਦੂਸਰਾ ਇਹ ਹੈ ਕਿ ਅੰਮ੍ਰਿਤਸਰ ਦਾ ਕੋਈ ਵਜ਼ੀਰ ਨਹੀਂ ਹੈ।

**ਮੰਤਰੀ** : ਸਪੀਕਰ ਸਾਹਿਬ, ਅੰਮ੍ਰਿਤਸਰ ਦੀ ਮਾਲੀ ਪੁਜ਼ੀਸ਼ਨ ਨੂੰ ਮੁੱਖ ਰਖਦੇ ਹੋਏ ਜ਼ਰੂਰ ਉਨ੍ਹਾਂ ਦੀ ਮੱਦਦ ਕੀਤੀ ਜਾਵੇਗੀ।

**ਸ੍ਰੀ ਸਰਦਾਰੀ ਲਾਲ ਕਪੂਰ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਲੁਧਿਆਣਾ ਨੂੰ 1975-76 ਲਈ ਗਰਾਂਟ ਦਿਤੀ ਗਈ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਆਇਆ ਉਹ ਗਰਾਂਟ ਦੇ ਵੀ ਦਿਤੀ ਗਈ ਹੈ ਜਾਂ ਕਿ ਨਹੀਂ ਦਿਤੀ ਗਈ ?

**ਮੰਤਰੀ** : ਜੋ ਮੈਂ ਸਟੇਟਮੈਂਟ ਦਿਤੀ ਹੈ ਉਹ ਠੀਕ ਹੀ ਦਿਤੀ ਹੈ।

---

## ਬਟਾਲਾ ਸ਼ਹਿਰ ਵਿਚ ਸੀਵਰੇਜ ਸਿਸਟਮ ਦਾ ਪ੍ਰਬੰਧ ਕਰਨਾ

*3515. **ਸ੍ਰੀ ਵਿਸ਼ਵਾ ਮਿੱਤਰ ਸੇਖੜੀ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਟਾਲਾ ਸ਼ਹਿਰ ਵਿਚ ਸੀਵਰੇਜ ਸਿਸਟਮ ਦਾ ਪ੍ਰਬੰਧ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਉਕਤ ਸਕੀਮ ਕਦੋਂ ਤੱਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

**Shri Hans Raj Sharma** : The sewerage schemes are formulated by the Municipal Committees themselves and Government gives administrative approval only. The sewerage system already exists in part of Batala city and is being extended to remaining areas.

**ਸ੍ਰੀ ਵਿਸ਼ਵਾ ਮਿੱਤਰ ਸੇਖੜੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਦਸਿਆ ਹੈ ਕਿ sewerage system is being extended to remaining area', ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਸ ਦੇ ਵਾਸਤੇ ਕੋਈ ਸਕੀਮ ਬਣ ਕੇ ਆਈ ਹੈ ਅਤੇ ਜੇ ਸਕੀਮ ਬਣਕੇ ਆਈ ਹੈ ਤਾਂ ਕਿੰਨੇ ਲੱਖ ਦੀ ਆਈ ਹੈ ਅਤੇ ਕਦੋਂ ਲਾਗੂ ਹੋ ਰਹੀ ਹੈ ?

**ਮੰਤਰੀ** : ਇਸ ਦੇ ਵਾਸਤੇ ਨੋਟਿਸ ਚਾਹੀਦਾ ਹੈ। ਲੇਕਿਨ ਮੈਂ ਇਥੇ ਇਹ ਦੱਸ ਦੇਣਾ ਚਾਹੁੰਦਾ ਹਾਂ ਕਿ 20% ਏਰੀਆ ਅਸੀਂ ਸੀਵਰੇਜ ਸਿਸਟਮ ਵਿਚ ਕਵਰ ਕਰ ਲਿਆ ਹੈ ਅਤੇ ਜਿਸ ਤਰ੍ਹਾਂ ਮਿਊਂਸੀਪਲ ਕਮੇਟੀ ਦੀ ਆਮਦਨ ਵਧਦੀ ਜਾਵੇਗੀ ਉਸ ਦੇ ਮੁਤਾਬਿਕ ਅਤੇ ਜਿਸ ਤਰ੍ਹਾਂ ਸਾਡੀ ਦੇਣ ਦੀ ਸ਼ਕਤੀ ਵਧਦੀ ਜਾਵੇਗੀ ਉਸ ਦੇ ਮੁਤਾਬਿਕ ਕਰੀ ਜਾਵਾਂਗੇ।

Original with;
Punjab Vidhan Sabha
Digitized by;
Panjab Digital Library

ਸ੍ਰੀ ਵਿਸ਼ਵਾ ਮਿੱਤਰ ਸੇਖੜੀ : ਬੜੀ ਹੈਰਾਨਗੀ ਦੀ ਗੱਲ ਹੈ ਕਿ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਹਾਲਾਂ ਸਕੀਮ ਹੀ ਨਹੀਂ ਆਈ ।

ਮੰਤਰੀ : ਮੈਂ ਇਹ ਨਹੀਂ ਕਿਹਾ ਕਿ ਸਕੀਮ ਨਹੀਂ ਆਈ । ਮੈਂ ਤਾਂ ਇਹ ਕਿਹਾ ਹੈ ਕਿ 20% ਏਰੀਆ ਸੀਵਰੇਜ ਸਿਸਟਮ ਵਿਚ ਕਵਰ ਕਰ ਲਿਆ ਹੈ ।

ਸ੍ਰੀ ਵਿਸ਼ਵਾ ਮਿੱਤਰ ਸੇਖੜੀ : ਮੈਂ ਇਹ ਵੀ ਪੁੱਛਿਆ ਸੀ ਕਿ ਜੇ ਕੋਈ ਸਕੀਮ ਆਈ ਹੈ ਤਾਂ ਕਿੰਨੇ ਲੱਖ ਦੀ ਆਈ ਹੈ ਅਤੇ ਕਦੋਂ ਕੰਮ ਸ਼ੁਰੂ ਹੋ ਜਾਵੇਗਾ ?

ਮੰਤਰੀ : ਮੈਂ ਕਿਹਾ ਹੈ ਕਿ ਇਸ ਦੇ ਬਾਰੇ ਸੈਪਰੇਟ ਨੋਟਿਸ ਚਾਹੀਦਾ ਹੈ ।

---

## EXPENDITURE INCURRED BY THE GOVERNMENT FOR ADVERTISEMENTS

*3531. **Shri Gurdial Saini** : Will the Chief Minister be pleased to state the amount of expenditure incurred by the Government on its advertisements given to the daily Milap, daily Partap, daily Hind Samachar and daily Ajit during the years 1974-75 and 1975-76 separately ?

**Sardar Gurcharan Singh NihalSinghWala** (Chief Parliamentary Secretary) : The required information is laid on the Table of the House.

STATEMENT

| Year | Paper | Total Advertisements issued in rupees |
|---|---|---|
| 1 | 2 | 3 |
| 1974-75 | 1. Milap, Jullundur .. | Rs. 52,189.00 |
| | 2. Paratap, Jullundur .. | Rs. 43,036.00 |
| | 3. Hind Samachar, Jullundur .. | Rs. 3,863.00 |
| | 4. Ajit, Jullundur .. | Rs. 165,588.00 |
| 1975-76 | 1. Milap, Jullundur .. | Rs. 35,540.00 |
| (upto 31-12-75) | 2. Paratap, Jullundur .. | Rs. 37,214.00 |
| | 3. Hind Samachar, Jullundur .. | Rs. 2,185.00 |
| | 4. Ajit, Jullundur .. | Rs. 1,54,880.00 |

Original with;
Punjab Vidhan Sabha
Digitized by;
Panjab Digital Library

**ਸ੍ਰੀ ਗੁਰਦਿਆਲ ਸੈਣੀ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਇਨ੍ਹਾਂ ਨੇ ਆਪਣੇ ਜਵਾਬ ਵਿਚ ਦੱਸਿਆ ਹੈ ਕਿ "ਹਿੰਦ ਸਮਾਚਾਰ" ਅਖਬਾਰ ਨੂੰ 3863 ਰੁਪਏ ਦੀ ਰਕਮ ਐਡਵਰਟਾਈਜ਼ਮੈਂਟ ਦੇ ਕੰਮ ਲਈ ਦਿੱਤੀ ਗਈ ਜਦ ਕਿ ਬਾਕੀ ਦੀਆਂ ਅਖਬਾਰਾਂ ਵਾਲਿਆਂ ਨੂੰ 50 ਹਜ਼ਾਰ ਜਾਂ 1 ਲੱਖ ਤੋਂ ਉਪਰ ਰਕਮ ਦਾ ਐਡਵਰਟਾਈਜ਼ਮੈਂਟ ਦਾ ਕੰਮ ਦਿਤਾ ਗਿਆ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਅਖਬਾਰ ਨਾਲ ਇਹ ਵਿਤਕਰਾ ਕਿਉਂ ਕੀਤਾ ਗਿਆ ਹੈ ?

**ਮੁੱਖ ਸੰਸਦੀ ਸਕੱਤਰ**: ਇਹ ਅਖਬਾਰਾਂ ਦੀ ਜਿਹੜੀ ਲਿਸਟ ਸਪਲਾਈ ਕੀਤੀ ਹੈ, ਇਹ ਜਿਹੜੇ ਅਖਬਾਰ ਸਾਡੇ ਤੋਂ ਇਸ਼ਤਿਆਰ ਮੰਗਦੇ ਹਨ ਉਨ੍ਹਾਂ ਵਿਚੋਂ ਕਈ ਅਖਬਾਰ ਸਾਡੇ ਨਾਲ ਕੋਆਪ੍ਰੇਟ ਨਹੀਂ ਕਰਦੇ ਅਤੇ ਉਹ ਇਹ ਵੀ ਨਹੀਂ ਮੰਨਦੇ ਕਿ ਅਸੀਂ ਐਨਿਆਂ ਪਸਿਆਂ ਵਿਚ ਕੰਮ ਕਰਾਂਗੇ। ਉਹ ਸਾਡੀ ਗੱਲ ਨਹੀਂ ਮੰਨਦੇ, ਇਹ ਉਨ੍ਹਾਂ ਦੀ ਮਰਜ਼ੀ ਹੈ ਪਰ ਅਸੀਂ ਉਨ੍ਹਾਂ ਨੂੰ ਕੰਮ ਦੇਣ ਤੋਂ ਇਨਕਾਰ ਨਹੀਂ ਕਰਦੇ।

---

## PLOTS IN SAHIBZADA AJIT SINGH NAGAR (MOHALI)

***3499. Comrade Shamsher Singh Josh**: Will the Minister for Finance be pleased to state —

(a) the number of applications for allotment of plots in Sahibzada Ajit Singh Nagar (Mohali) Urban Estate lying pending at present together with the reasons therefor;

(b) the time by which the said applications are likely to be disposed of ?

**Shri Hans Raj Sharma**: (a) In all, 4564 applications are pending for the allotment of plots in Sahibzada Ajit Sing Nagar (Mohali). The main reason is the very high demand from the public. Also, in some of the pending cases the applicants have yet to complete the formalities precedent to allotment.

(b) It is not possible to fix a time limit for the disposal of all the applications. All possible efforts are being made to allot plots to all eligible applicants.

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ 4564 ਦਰਖਾਸਤਾਂ 1970 ਤੋਂ ਲੈ ਕੇ ਲੋਕਾਂ ਨੇ ਦਿਤੀਆਂ ਹਨ ਪਲਾਟ ਲੈਣ ਵਾਸਤੇ ਅਤੇ ਇਕ ਇਕ ਹਜ਼ਾਰ ਰੁਪਿਆ ਦਰਖਾਸਤ ਦੇ ਨਾਲ ਦੇਣਾ ਪੈਂਦਾ ਹੈ ਪਲਾਟ ਲੈਣ ਵਾਸਤੇ। ਇਸ ਨੂੰ 6-7 ਸਾਲ ਹੋ ਗਏ ਹਨ। ਇਸ ਨੂੰ ਬਹੁਤ ਸਮਾਂ ਹੋ ਗਿਆ ਹੈ ਪਰ ਅਜੇ ਤੱਕ ਵੀ ਉਨ੍ਹਾਂ ਦੀਆਂ ਦਰਖਾਸਤਾਂ ਡਿਸਪੋਜ਼ ਆਫ ਨਹੀਂ ਹੋਈਆਂ। ਕੀ ਹੁਣ ਮਨਿਸਟਰ ਸਾਹਿਬ ਯਕੀਨ ਦਿਵਾਉਣ ਨੂੰ ਤਿਆਰ ਹਨ ਕਿ ਕਦੋਂ ਤੱਕ ਇਨ੍ਹਾਂ ਦਰਖਾਸਤਾਂ ਨੂੰ ਡਿਸਪੋਜ਼ ਆਫ ਕੀਤਾ ਜਾਵੇਗਾ ? ਕੀ ਇਹ ਆਸ਼ਵਾਸਨ ਦਿਵਾਉਣ ਲਈ ਤਿਆਰ ਹਨ ਕਿ ਇਨ੍ਹਾਂ 4564 ਦਰਖਾਸਤਾਂ ਨੂੰ 3 ਮਹੀਨਿਆਂ ਦੇ ਅੰਦਰ ਅੰਦਰ ਡਿਸਪੋਜ਼ ਆਫ ਕਰ ਦੇਣਗੇ ? ਜੇ ਇਹ ਡਿਸਪੋਜ਼ ਆਫ ਨਹੀਂ ਕਰ ਸਕਦੇ ਤਾਂ ਉਨ੍ਹਾਂ

Original with;
Punjab Vidhan Sabha
Digitized by;
Panjab Digital Library

ਐਪਲੀਕੈਂਟਸ ਨੇ ਜਿਹੜਾ ਇਕ ਇਕ ਹਜ਼ਾਰ ਰੁਪਿਆ ਦਿਤਾ ਹੈ ਇਹ ਰੁਪਿਆ ਉਨ੍ਹਾਂ ਨੂੰ ਵਾਪਿਸ ਕਰ ਦੇਣ। ਸਪੀਕਰ ਸਾਹਿਬ, ਇਹ ਮੇਰੀ ਕੰਸਟੀਚਿਊਐਂਸੀ ਹੈ ਅਤੇ ਹਰ ਰੋਜ਼ ਮੇਰੇ ਘਰ 20-30 ਆਦਮੀ ਆਉਂਦੇ ਹਨ, ਇਸ ਕਰਕੇ ਮੈਂ ਇਸ ਤੇ ਜ਼ਿਆਦਾ ਜ਼ੋਰ ਦੇ ਰਿਹਾ ਹਾਂ।

**ਮੰਤਰੀ** : ਸਪੀਕਰ ਸਾਹਿਬ, ਕੁਝ ਲੋਕ ਫਾਰਮੈਲਿਟੀਜ਼ ਪੂਰੀਆਂ ਨਹੀਂ ਕਰਦੇ। ਉਨ੍ਹਾਂ ਨੂੰ ਦੁਬਾਰਾ ਨੋਟਿਸ ਦਿਤੇ ਹਨ। ਤਾਂਕਿ ਉਹ ਫਾਰਮੈਲਿਟੀਜ਼ ਪੂਰੀਆਂ ਕਰਕੇ ਜਲਦੀ ਦੇਣ ਅਤੇ ਅਸੀਂ ਉਨ੍ਹਾਂ ਨੂੰ ਪਲਾਟ ਦੇ ਸਕੀਏ। ਇਸ ਵਿਚ ਪੁਰਾਣਿਆਂ ਨੂੰ ਤਰਜੀਹ ਦਿਤੀ ਗਈ ਹੈ ਅਤੇ ਨਵੀਆਂ ਐਪਲੀਕੇਸ਼ਨਜ਼ ਲੈਣੀਆਂ ਕਾਫੀ ਦੇਰ ਤੋਂ ਬੰਦ ਕੀਤੀਆਂ ਹਨ। ਇਸ ਦੇ ਇਲਾਵਾ ਅਸੀਂ 746 ਏਕੜ ਲੈਂਡ ਹੋਰ ਐਕੁਆਇਰ ਕਰ ਲਈ ਹੈ ਤਾਂਕਿ ਉਥੇ ਪਲਾਟ ਡਿਵੈਲਪ ਕੀਤੇ ਜਾ ਸਕਣ। ਇਸ ਤੋਂ ਇਲਾਵਾ 250 ਏਕੜ ਹੋਰ ਜ਼ਮੀਨ ਲੈ ਲਵਾਂਗੇ ਤਾਂਕਿ ਪਹਿਲੀਆਂ ਪੁਰਾਣੀਆਂ ਅਰਜ਼ੀਆਂ ਜਿਹੜੀਆਂ ਹਨ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਪਲਾਟ ਅਲਾਟ ਕਰ ਸਕੀਏ। ਨਵੀਆਂ ਐਪਲੀਕੇਸ਼ਨਾਂ ਲੈਣੀਆਂ ਬੰਦ ਕੀਤੀਆਂ ਹਨ।

**ਕਾਮਰੇਡ ਸੱਤ ਪਾਲ ਡਾਂਗ**: ਕੀ ਇਹ ਹਕੀਕਤ ਹੈ ਜਾਂ ਨਹੀਂ ਕਿ ਇਹ ਜਿਹੜੀਆਂ ਅਰਜ਼ੀਆਂ ਪੈਂਡਿੰਗ ਹਨ ਇਨ੍ਹਾਂ ਵਿਚ ਬਹੁਤ ਸਾਰੀਆਂ ਐਸੀਆਂ ਹਨ ਜਿਹੜੀਆਂ ਕਿ 1969-70 ਵਿਚ ਦਿਤੀਆਂ ਗਈਆਂ ਸਨ ਅਤੇ ਉਹ ਅਰਜ਼ੀਆਂ ਕੰਪਲੀਟ ਸਨ ਅਤੇ ਕੋਈ ਫਾਰਮੈਲਿਟੀ ਪੂਰੀ ਕਰਨ ਵਾਲੀ ਨਹੀਂ ਰਹਿੰਦੀ ਸੀ। ਉਹ ਅਰਜ਼ੀਆਂ ਪੈਂਡਿੰਗ ਹਨ ਔਰ 1972-73 ਅਤੇ 1974 ਵਿਚ ਨਵੀਆਂ ਅਰਜ਼ੀਆਂ ਪਲਾਟਾਂ ਲਈ ਲਈਆਂ ਗਈਆਂ ਹਨ। ਕੀ ਇਹ ਹਕੀਕਤ ਹੈ ਜਾਂ ਨਹੀਂ ?

**ਮੰਤਰੀ**: ਸਪੀਕਰ ਸਾਹਿਬ, ਗੌਰਮਿੰਟ ਨੇ ਫੈਸਲਾ ਕੀਤਾ ਹੈ ਕਿ ਜਿਹੜੀਆਂ 1969 ਦੀਆਂ ਦਰਖਾਸਤਾਂ ਪਈਆਂ ਹਨ ਉਨ੍ਹਾਂ ਨੂੰ ਪਹਿਲਾਂ ਪਲਾਟ ਦੇਣੇ ਹਨ ਅਤੇ ਉਨ੍ਹਾਂ ਤੋਂ ਫਾਰਮੈਲਿਟੀਜ਼ ਪੂਰੀਆਂ ਕਰਵਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਜੇ ਕੋਈ ਫਾਰਮੈਲਿਟੀਜ਼ ਪੂਰੀਆਂ ਨਾ ਕਰੇ ਤਾਂ ਉਸ ਨੂੰ ਅਸੀਂ ਅਗਲੇ ਸਾਲ ਦਿੰਦੇ ਹਾਂ ਤਾਂਕਿ ਉਨ੍ਹਾਂ ਨੂੰ ਕੋਈ ਸ਼ਕਾਇਤ ਨਾ ਹੋਵੇ। ਅਸੀਂ ਤਾਰੀਖ ਮੁਕੱਰਰ ਕੀਤੀ ਹੈ ਕਿ 20-3-1974 ਦੇ ਬਾਅਦ ਕੋਈ ਨਵੀਂ ਐਪਲੀਕੇਸ਼ਨ ਨਹੀਂ ਲੈ ਰਹੇ ਤਾਕਿ ਪਹਿਲੇ ਜਿਹੜੇ ਹਨ ਉਹ ਫਾਰਮੈਲਿਟੀਜ਼ ਪੂਰੀਆਂ ਕਰ ਦੇਣ ਅਤੇ ਉਨ੍ਹਾਂ ਨੂੰ ਪਲਾਟ ਦੇਈਏ। ਜਿੱਥੋਂ ਤੱਕ ਜੋਸ਼ ਜੀ ਦੀ ਗੱਲ ਦਾ ਤੁਅੱਲਕ ਹੈ ਕਿ ਉਨ੍ਹਾਂ ਨੂੰ ਰੁਪਏ ਵਾਪਿਸ ਕਰ ਦਿਉ, ਉਹ ਰੁਪਿਆ ਵਾਪਿਸ ਨਹੀਂ ਲੈਂਦੇ। ਜੇ ਜੋਸ਼ ਜੀ ਕਿਸੇ ਨੂੰ ਵਾਪਿਸ ਰੁਪਿਆ ਦਿਵਾਉਣਾ ਚਾਹੁੰਦੇ ਹਨ ਤਾਂ ਅਸੀਂ ਵਾਪਿਸ ਕਰ ਦਿਆਂਗੇ।

**ਕਾਮਰੇਡ ਸੱਤ ਪਾਲ ਡਾਂਗ** : ਮਨਿਸਟਰ ਸਾਹਿਬ ਨੇ ਮੰਨਿਆ ਹੈ ਕਿ ਪਿੱਛੇ ਕੁਝ ਅਰਜ਼ੀਆਂ ਲੈ ਕੇ ਉਨ੍ਹਾਂ ਨੂੰ ਪਲਾਟ ਦਿਤੇ ਹਨ। ਇਸ ਦਾ ਮਤਲਬ ਹੈ ਕਿ ਅਰਜ਼ੀਆਂ ਬਾਅਦ ਵਿਚ ਆਈਆਂ ਹਨ। ਪਰ ਇਹ, ਇਹ ਵੀ ਕਹਿੰਦੇ ਹਨ ਕਿ ਨਵੀਆਂ ਐਪਲੀਕੇਸ਼ਨਜ਼ ਲੈਣੀਆਂ ਬੰਦ ਕੀਤੀਆਂ ਹਨ। ਕੀ ਇਹ ਐਸ਼ੋਅਰੈਂਸ ਦੇਣਗੇ ਕਿ ਨਵੀਆਂ ਅਰਜ਼ੀਆਂ ਇਹ ਹੋਰ ਨਹੀਂ ਲੈਣਗੇ ਅਤੇ ਜਿਹੜੀਆਂ ਐਪਲੀਕੇਸ਼ਨਜ਼ ਪੈਂਡਿੰਗ ਹਨ ਉਨ੍ਹਾਂ ਵਿਚੋਂ ਫਾਰਮੈਲਿਟੀਜ਼ ਪੂਰੀਆਂ ਕਰਨ ਵਾਲੀਆਂ ਜਿਨ੍ਹਾਂ ਦੀਆਂ ਹਨ ਅਤੇ ਉਹ ਫਾਰਮੈਲਿਟੀਜ਼ ਪੂਰੀਆ ਕਰਕੇ ਲੈ ਆਉਂਦੇ ਹਨ ਤਾਂ ਕੀ ਇਸ ਵਾਸਤੇ ਇਹ ਫਸਟ ਕਮ ਫਸਟ ਸਰਵਡ ਦਾ ਪ੍ਰਿੰਸੀਪਲ ਅਪਣਾਉਣਗੇ ਅਤੇ ਜਿਸ ਕਿਸੇ ਦੀ ਅਰਜ਼ੀ ਬਾਅਦ ਵਿਚ ਆਵੇਗੀ ਉਸ ਨੂੰ ਪਲਾਟ ਨਹੀਂ ਮਿਲੇਗਾ।

Original with;
Punjab Vidhan Sabha
Digitized by;
Panjab Digital Library

**ਮੰਤਰੀ**: ਸਪੀਕਰ ਸਾਹਿਬ, 1974 ਤੋਂ ਬਾਅਦ ਫਰੈਸ਼ ਐਪਲੀਕੇਸ਼ਨਜ਼ ਨਹੀਂ ਲੈ ਰਹੇ ਹਾਂ । ਜੋ ਐਮ.ਐਲ.ਏ. ਦੀ ਅਰਜ਼ੀ ਹੋਵੇ ਜਾਂ ਡਿਸਕ੍ਰਿਸ਼ਨਰੀ ਕੋਟਾ ਹੋਵੇ ਉਹ ਮੈਂ ਕਰਦਾ ਜਾ ਰਿਹਾ ਹਾਂ । ਮੈਂ ਪਬਲਿਕ ਵਾਸਤੇ 1974 ਤੋਂ ਬਾਅਦ ਐਪਲੀਕੇਸ਼ਨਜ਼ ਐਂਟਰਟੇਨ ਨਹੀਂ ਕਰਾਂਗਾ ।

---

## QUESTIONS OF PRIVILEGE

**Mr. Speaker**: Comrade Satya Pal Dang, Comrade Darshan Singh Canadian and Comrade Dana Ram have given notice of a Privilege Motion wherein they have alleged that on 27-1-1976 in reply to a supplementary question arising out of the reply to Starred Question No. 3485 regarding water supply in village Rajanwali, Block Abohar, District Ferozepore, the Minister of State for Health and Family Planning had made some observations which by implication meant that he did not attach even that much importance to the views of a legislator as he attached to those of the Sarparch.

I have gone through the relevant proceedings. The supplementary question put by Comrade Dana Ram reads:—

"ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਇਹ ਕਿਹਾ ਹੈ ਕਿ ਜਿਥੋਂ ਵੀ ਮੰਗ ਕੀਤੀ ਗਈ ਸੀ ਉਥੇ ਸਟੈਂਡ ਪੋਸਟ ਲਗਾ ਦਿੱਤਾ ਗਿਆ ਹੈ ਪਰ ਕੀ ਇਹ ਠੀਕ ਨਹੀਂ ਕਿ ਇਕ ਸਰਪੰਚ ਦੇ ਕਹਿਣ ਤੇ ਉਥੇ ਤਾਂ ਪੰਪ ਲਗਾ ਦਿੱਤਾ ਗਿਆ ਪਰ ਜਿਥੋਂ ਮਜ਼ਹਬੀ ਸਿੱਖਾਂ ਦੀ ਮੰਗ ਕੀਤੀ ਗਈ ਸੀ ਉਥੇ ਨਹੀਂ ਲਗਾਇਆ ਗਿਆ ?"

The reply given by the Minister is as follows :—

"ਸਪੀਕਰ ਸਾਹਿਬ, ਜੇ ਇਸ ਕੰਮ ਲਈ ਸਰਪੰਚ ਤੋਂ ਨਾ ਪੁਛਿਆ ਜਾਵੇ ਤਾਂ ਹੋਰ ਕਿਸ ਤੋਂ ਪੁਛਿਆ ਜਾਵੇ । ਉਹ ਤਾਂ ਪਿੰਡ ਦਾ ਨੁਮਾਇੰਦਾ ਹੁੰਦਾ ਹੈ ।"

It will thus be seen that the Minister did not say what has been attributed to him in the Privilege Motion. Nothing objectionable or derogatory to the dignity of the legislator has been said by the Minister.

I, therefore, do not give my consent to the Question of Privilege being raised.

2. Comrade Satya Pal Dang and five other Members of his Party have given notice of a Privilege Motion in connection with censoring of the proceedings of the Vidhan Sabha.

At the outset, I may point out that I am only responsible for the proper recording of the proceedings which take place in the House by the official reporters and the publication thereof by the Sabha Secretariat. My jurisdiction is limited to this extent and does not go beyond that. The Press is subject to the law of the land. Due to Emergency, censorship has been imposed and I cannot interfere in the matter. I, therefore, do not give my consent to the Question of Privilege being raised.

**ਕਾਮਰੇਡ ਸੱਤ ਪਾਲ ਡਾਂਗ**: ਉਹ ਤਾਂ ਸੈਂਸਰ ਹੋ ਗਈ ਹੈ । ਪਰ ਉਸਨੂੰ ਤੁਸੀਂ ਰੋਕ ਨਹੀਂ ਸਕਦੇ । ਜੋ ਮੈਂ ਪ੍ਰਿਵਿਲੇਜ਼ ਮੋਸ਼ਨ ਵਿਚ ਲਿਖਿਆ ਸੀ ਉਹ ਤਾਂ ਸੈਂਸਰ ਨਾ ਕਰੋ ।

Original with;
Punjab Vidhan Sabha
Digitized by;
Panjab Digital Library

**Mr. Speaker** : Please come to my Chamber.

## CALL ATTENTION NOTICES UNDER RULE 66

(Serial No. 32)

**Comrade Satya Pal Dang** : Sir, I beg to draw the attention of the Government towards a matter of urgent public importance, namely, in pursuance of the direction of the State Government some private Transport Companies, too, have issued passes to students which are expected to enable them to travel at concessional rates. These companies include Ambala Syndicate Bus Service Private Ltd., in Ropar District, but this Company is reportedly not allowing students with passes to board its buses. The matter has been reported by the students organizations to the Ropar District Authorities but without any effect.

This has caused serious discontentment amongst the student community in the Ropar District.

In view of the obvious and urgent importance of the matter the Government may please be asked to make a statement in the House.

**Mr Speaker** : Admitted. The Minister concerned may please make a statement.

(Serial No. 33)

**Comrade Satya Pal Dang** : Sir, I beg to draw the attention of the Government towards a matter of urgent public importance, namely, workers of M/s New India Embroidery Mills Private Ltd. are not being paid their wages regularly. Often they are paid their wages more than 3 to 4 weeks late. Position has recently much worsened in this respect. This has caused not only much hardship to the workers of the Mills in question. It has also resulted in much discontentment amongst the entire working class in Amritsar.

In view of the obvious and urgent importance of the matter the Government may please be asked to make a statement in the House.

**Mr. Speaker**: Admitted. The Minister concerned to please make a statement.

(Serial No. 34)

**Comrade SatyaPal Dang**
**Comrade Darshan Singh Canadian**
**Comrade Dana Ram**
**Comrade Saghar Singh**
**Comrade Mehtab Singh Nokerian**
} Sir, we beg to draw the attention of the Government towards a matter of urgent public importance, namely, that the price of atta has increased to Rs. 1.75 paise and even Rs. 1.80 paise per kilo in the market. This has led to much discontentment amongst the public.

In view of the obvious and urgent importance of the matter, the Government may please be asked to make a statement in the House.

Original with;
Punjab Vidhan Sabha
Digitized by;
Panjab Digital Library

**Mr. Speaker** : Admitted. The Minister concerned may please make a statement.

---

## QUESTIONS ON STATEMENTS MADE IN REPLY TO CALL ATTENTION NOTICES

**ਕਾਮਰੇਡ ਸੱਤ ਪਾਲ ਡਾਂਗ** : ਕਾਲ ਅਟੈਨਸ਼ਨ ਮੋਸ਼ਨ ਦਾ ਜਵਾਬ ਜਿਹੜਾ ਕਲ੍ਹ ਲੇ ਹੋਇਆ ਸੀ ਉਹਦੇ ਬਾਰੇ ਮੈਂ ਸਵਾਲ ਕਰਨਾ ਚਾਹੁੰਦਾ ਹਾਂ ।

**ਸ੍ਰੀ ਸਪੀਕਰ** : ਪੁਛ ਲਉ । ਕਾਲ ਅਟੈਨਸ਼ਨ ਦਾ ਕੀ ਨੰਬਰ ਹੈ ?

**ਕਾਮਰੇਡ ਸੱਤ ਪਾਲ ਡਾਂਗ** : ਉਹਦਾ ਨੰ: 8 ਹੈ । ਮੈਂ ਸਵਾਲ ਪੁੱਛਦਾ ਹਾਂ । ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਕਿ ਐਸਮਾ ਟੈਕਸਟਾਈਲ ਵੂਲਨ ਮਿਲ ਵਿੱਚ ਗਰਮ ਕੱਪੜਾ ਬਣਦਾ ਹੈ । ਇਹ ਸੀਜ਼ਨਲ ਨੇਚਰ ਦਾ ਹੈ । ਇਹ ਟੈਂਪਰੇਰੀ ਕੰਮ ਕਰਦੇ ਹਨ । ਮੈਂ ਮਨਿਸਟਰ ਸਾਹਿਬ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਦੀਆਂ ਵੂਲਨ ਮਿੱਲਾਂ ਅਤੇ ਹੋਰ ਪੰਜਾਬ ਦੀਆਂ ਵੂਲਨ ਮਿੱਲਾਂ ਸੀਜ਼ਨਲ ਡਿਕਲੇਅਰ ਨਹੀਂ ਹੋਈਆਂ । ਅੰਮ੍ਰਿਤਸਰ ਦੀਆਂ ਵੂਲਨ ਮਿੱਲਾਂ ਸਮੇਤ ਐਸਮਾ ਦੇ ਅੱਗੇ ਬੰਦ ਨਹੀਂ ਸੀ ਹੁੰਦੀਆਂ । ਐਮਰਜੈਂਸੀ ਦੀ ਦੁਰ ਵਰਤੋਂ ਕਰਕੇ ਐਸਮਾ ਅਤੇ ਹੋਰਾਂ ਨੇ ਮਿੱਲਾਂ ਬੰਦ ਕੀਤੀਆਂ । ਕੀ ਮਨਿਸਟਰ ਸਾਹਿਬ ਇਸ ਗੱਲ ਦੀ ਇਨਕੁਆਇਰੀ ਕਰਵਾਕੇ ਅਜਿਹੀਆਂ ਮਿੱਲਾਂ ਖੁਲ੍ਹਵਾ ਦੇਣਗੇ ? ਅਤੇ ਜੇ ਗਲਤ ਜਵਾਬ ਹੋਵੇ ਤਾਂ ਕੀ ਗਲਤ ਜਵਾਬ ਦੇਣ ਵਾਲਿਆਂ ਤੇ ਐਕਸ਼ਨ ਲੈਣਗੇ ?

**ਵਿੱਤ ਮੰਤਰੀ** (ਸ੍ਰੀ ਹੰਸ ਰਾਜ ਸ਼ਰਮਾ) : ਸਪੀਕਰ ਸਾਹਿਬ, ਜਿਥੋਂ ਤਕ ਇਸ ਪਰਟੀਕੁਲਰ ਮਿੱਲ ਦਾ ਤਾਅਲੁਕ ਹੈ ਮੈਂ ਇਨਕੁਆਇਰੀ ਕਰਾਉਣ ਦਾ ਆਰਡਰ ਦਿਆਂਗਾ ਕਿ ਆਇਆ ਪਿਛਲੇ ਸਾਲ ਇਹ ਮਿੱਲ ਬੰਦ ਹੋਈ ਸੀ ਜਾਂ ਨਹੀਂ । ਅਗਰ ਜੇ ਕਿਸੇ ਨੇ ਗਲਤ ਕਾਰਵਾਈ ਕੀਤੀ ਹੋਈ ਤਾਂ ਉਸ ਦੇ ਖਿਲਾਫ਼ ਐਕਸ਼ਨ ਲਿਆ ਜਾਏਗਾ । ਲਾਕ ਆਊਟਸ ਔਰ ਰਿਟਰੈਂਚਮੈਂਟਸ ਆਦਿ ਦੇ ਬਾਰੇ ਵਿਚ ਐਮਰਜੈਂਸੀ ਦੇ ਬਾਅਦ ਮਜ਼ਦੂਰਾਂ ਔਰ ਮਾਲਕਾਂ ਨੇ ਚੰਗਾ ਸਬੂਤ ਦਿਤਾ ਹੈ। (ਵਿਘਨ) ਕੰਮ ਹੋਇਆ ਹੈ ਔਰ ਪੈਦਾਵਾਰ ਬੜ੍ਹੀ ਹੈ । ਲੇਕਿਨ ਸਾਡੇ ਕੋਲ ਇਸ ਗੱਲ ਵਾਸਤੇ ਕੋਈ ਕਾਨੂੰਨ ਨਹੀਂ ਸੀ ਜਿਸ ਅਧੀਨ ਕਿ ਇਕ ਜੇਨੂਅਨ ਲੇ ਆਊਟਸ, ਕਲੋਜ਼ਰਜ਼ ਅਤੇ ਰਿਟਰੈਂਚਮੈਂਟਸ ਵਾਲਿਆਂ ਨੂੰ ਠੀਕ ਤਰ੍ਹਾਂ ਨਾਲ ਸਜ਼ਾ ਦਿੱਤੀ ਜਾ ਸਕੇ । ਅੱਜ ਪਾਰਲੀਮੈਂਟ ਵਿਚ ਕਾਨੂੰਨ ਬਨਣਾ ਹੈ ਅਤੇ ਉਹਦੀ ਅਸੀਂ ਪੰਜਾਬ ਵਿਚ ਪੂਰੀ ਵਰਤੋਂ ਕਰਾਂਗੇ ।

ਔਰ ਜੋ ਵੀ ਮਾਲਕ ਨਾਜਾਇਜ਼ ਤੌਰ ਤੇ ਰਿਟਰੈਂਚਮੈਂਟ ਜਾਂ ਕਲੋਜ਼ਰ ਜਾਂ ਲਾਕ ਆਊਟ ਕਰੇਗਾ ਜਾਂ ਕੋਈ ਸਟਰਾਈਕ ਕਰੇਗਾ ਤਾਂ ਉਸ ਦੇ ਵਿਚ ਇਹ ਯਤਨ ਹੈ ਕਿ ਨਾ ਹੋਵੇ ਔਰ ਪੈਦਾਵਾਰ ਜਿਹੜੀ ਹੈ ਉਹ ਜ਼ਿਆਦਾ ਵੱਧੇ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਮੇਰੀ ਕਾਲ ਅਟੈਨਸ਼ਨ ਮੋਸ਼ਨ ਨੰਬਰ 16 ਹੈ ਜਿਸ ਤੇ ਮੈਂ ਸਵਾਲ ਕਰਨਾ ਚਾਹੁੰਦਾ ਹਾਂ । ਇਸ ਦਾ ਵਿਸ਼ਾ ਇਹ ਸੀ ਕਿ ਪਿਛਲੇ ਸਾਲ ਪੰਜਾਬ ਸਰਕਾਰ ਨੇ ਇਹ ਫ਼ੈਸਲਾ ਕੀਤਾ ਸੀ ਕਿ ਪੀ. ਡਬਲਿਯੂ ਡੀ, ਬੀ ਐਂਡ. ਆਰ., ਪਬਲਿਕ ਹੈਲਥ ਅਤੇ ਇਰੀਗੇਸ਼ਨ ਇਨ੍ਹਾਂ ਤਿੰਨਾਂ ਬਰਾਂਚਾਂ ਵਿਚ ਜਿਹੜੇ

Original with;
Punjab Vidhan Sabha
Digitized by;
Panjab Digital Library

ਥੰਦੇ 5 ਸਾਲ ਤੋਂ ਵੱਧ ਸੇਵਾ ਰਖਦੇ ਹਨ ਉਨ੍ਹਾਂ ਨੂੰ ਰੈਗੂਲਰ ਕਰ ਦਿੱਤਾ ਜਾਵੇਗਾ। ਸਪੀਕਰ ਸਾਹਿਬ, ਇਸ ਸਾਰੇ ਸਮੇਂ ਵਿਚ ਪਬਲਿਕ ਹੈਲਥ ਦੇ ਕਾਮੇ ਜਿਹੜੇ ਹਨ ਉਨ੍ਹਾਂ ਨੂੰ ਰੈਗੂਲਰ ਕਰ ਦਿਤਾ ਗਿਆ ਹੈ। ਇਰੀਗੇਸ਼ਨ ਵਿਚ 1958 ਕਾਮੇਂ ਹਨ ਅਤੇ ਬੀ. ਐਂਡ. ਆਰ, ਵਿਚ 2071 ਹਨ ਜਿਹੜੇ 5-7 ਸਾਲ ਤੋਂ ਵੱਧ ਸਰਵਿਸ ਰਖਦੇ ਹਨ ਪਰ ਉਨ੍ਹਾਂ ਨੂੰ ਰੈਗੂਲਰ ਨਹੀਂ ਕੀਤਾ ਗਿਆ। ਵਜ੍ਹਾ ਇਹ ਜਾਪਦੀ ਹੈ ਕਿ ਚੀਫ਼ ਇੰਜੀਨੀਅਰ ਬੀ. ਐਂਡ. ਆਰ. ਅਤੇ ਇਰੀਗੇਸ਼ਨ ਨੇ ਸਰਕਾਰ ਪਾਸ ਲਿਸਟਾਂ ਹੀ ਨਹੀਂ ਭੇਜੀਆਂ ਜਿਸ ਦੀ ਵਜ੍ਹਾ ਕਰਕੇ ਉਹ ਰੈਗੂਲਰ ਨਹੀਂ ਹੋ ਸਕੇ। ਮੈਂ ਵਜ਼ੀਰ ਸਾਹਿਬ ਤੋਂ ਇਹ ਗੱਲ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਚੀਫ਼ ਇੰਜੀਨੀਅਰ ਦੇ ਖਿਲਾਫ਼ ਜਿਨ੍ਹਾਂ ਨੇ ਕੁਤਾਹੀ ਕੀਤੀ ਹੈ ਉਨ੍ਹਾਂ ਦੇ ਖਿਲਾਫ਼ ਕਾਰਵਾਈ ਕਰਨਗੇ ਅਤੇ ਹੁਣ ਕਿੰਨੇ ਸਮੇਂ ਵਿਚ 5 ਸਾਲ ਤੋਂ ਵੱਧ ਸਰਵਿਸ ਵਾਲੇ ਵਰਕਰ ਨੂੰ ਰੈਗੂਲਰ ਕਰ ਦਿਤਾ ਜਾਵੇਗਾ ?

**ਲੋਕ ਕਾਰਜ ਦੇ ਰਾਜ ਮੰਤਰੀ** (ਸ੍ਰੀ ਜੋਗਿੰਦਰ ਪਾਲ ਪਾਂਡੇ): ਸਪੀਕਰ ਸਾਹਿਬ, ਜਿਹੜੀ ਕਾਲ ਅਟੈਨਸ਼ਨ ਮੋਸ਼ਨ ਸੀ ਉਸ ਦਾ ਜਵਾਬ ਸਾਰੀਆਂ ਫਿਗਰਜ਼ ਸਮੇਤ ਦਿਤਾ ਗਿਆ ਹੈ ਕਿ 2071 ਵਰਕ ਚਾਰਜ ਬੀ. ਐਂਡ. ਆਰ. ਦੇ ਹਨ ਅਤੇ 1958 ਇਰੀਗੇਸ਼ਨ ਡੀਪਾਰਟਮੈਂਟ ਦੇ ਹਨ ਔਰ ਇਹ ਕੰਮ ਸਰਕਾਰ ਦੀ ਐਕਟਿਵ ਕੰਸਿਡਰੇਸ਼ਨ ਵਿਚ ਹੈ ਅਤੇ ਇਸ ਤੇ ਪੂਰੀ ਗੌਰ ਹੋ ਰਹੀ ਹੈ। ਇਕ ਪ੍ਰਿੰਸੀਪਲ ਸੈਟ ਹੋ ਚੁੱਕਾ ਹੈ। ਮੈਂ ਸਮਝਦਾ ਹਾਂ ਕਿ ਜੋਸ਼ ਸਾਹਿਬ ਨੂੰ ਇਸ ਦੇ ਲਈ ਜ਼ਿਆਦਾ ਫ਼ਿਕਰਮੰਦ ਨਹੀਂ ਹੋਣਾ ਚਾਹੀਦਾ।

## STATEMENTS LAID ON THE TABLE OF THE HOUSE IN REPLY TO CALL ATTENTION NOTICES

**Chief Parliamentary Secretary (Sardar Gurcharan Singh Nihal Singhwala)** : Sir, I lay on the Table of the House replies to Call-Attention Notices Nos. 19 & 39.

(ਕ੍ਰਮ ਨੰ: 19)

**ਕਾਮਰੇਡ ਅਰਜਨ ਸਿੰਘ ਮਸਤਾਨਾ** : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਣਗੇ, ਅਰਥਾਤ ਇਸ ਸਾਲ ਨਰਮਾਂ ਤੇ ਕਪਾਹ ਦੀ ਸਰਕਾਰੀ ਖਰੀਦ ਨਾ ਹੋਣ ਕਰਕੇ ਕਿਸਾਨਾਂ ਨੂੰ ਘਟ ਭਾਅ ਮਿਲੇ ਹਨ। 80 ਫੀਸਦੀ ਤੋਂ ਜ਼ਿਆਦਾ ਫਸਲ ਕਿਸਾਨਾਂ ਦੇ ਹੱਥਾਂ ਵਿਚੋਂ ਜਾ ਚੁੱਕੀ ਹੈ। 20 ਫੀਸਦੀ ਅਜੇ ਫਸਲ ਕਿਸਾਨਾਂ ਪਾਸ ਹੈ। ਹੁਣ ਜ਼ਿਲ੍ਹਾ ਫਰੀਦਕੋਟ ਤੇ ਫ਼ਿਰੋਜ਼ਪੁਰ ਦੀਆਂ ਮੰਡੀਆਂ ਵਿਚ ਕਾਟਨ ਕਾਰਪੋਰੇਸ਼ਨ ਖਰੀਦ ਕਰ ਰਹੀ ਹੈ। ਪਰ ਪੱਟੀ, ਖੇਮ ਕਰਨ, ਜ਼ਿਲ੍ਹਾ ਅੰਮ੍ਰਿਤਸਰ ਜੋ ਨਰਮੇ ਦਾ ਘਰ ਹੈ ਅਜੇ ਤਕ ਕਾਰਪੋਰੇਸ਼ਨ ਕੋਈ ਖਰੀਦ ਨਹੀਂ ਕਰ ਰਹੀ। ਕਿਸਾਨਾਂ ਵਿਚ ਬੜੀ ਬੇਚੈਨੀ ਹੈ। ਸਰਕਾਰ ਬਿਆਨ ਦੇਣ ਦੀ ਕਿਰਪਾ ਕਰੇ।

**ਮਾਸਟਰ ਗੁਰਬੰਤਾ ਸਿੰਘ** (ਖੇਤੀ ਬਾੜੀ ਤੇ ਜੰਗਲਾਤ ਮੰਤਰੀ): ਇਸ ਸਾਲ ਪੰਜਾਬ ਰਾਜ ਵਿਚ 5.50 ਲੱਖ ਹੈਕਟੇਅਰ ਰਕਬਾ ਕਪਾਹ ਦੀ ਬਿਜਾਈ ਦੇ ਅਧੀਨ ਸੀ। ਅਤੇ ਆਸ ਕੀਤੀ ਜਾਂਦੀ ਹੈ ਕਿ ਕਪਾਹ ਦੀ ਫਸਲ 11.50 ਲੱਖ ਬੇਲ (ਗੰਢਾਂ) ਹੋਣਗੀਆਂ। ਇਸ ਦੇ ਮੁਕਾਬਲੇ ਪਿਛਲੇ ਸਾਲ ਕਪਾਹ ਦੇ ਹੇਠ ਰਕਬਾ 5.44 ਲੱਖ ਹੈਕਟੇਅਰ ਸੀ ਅਤੇ ਪੈਦਾਵਾਰ 11.27

Original with;
Punjab Vidhan Sabha
Digitized by;
Panjab Digital Library

[ਖੇਤੀ ਬਾੜੀ ਤੇ ਜੰਗਲਾਤ ਮੰਤਰੀ ]

ਲੱਖ ਬੇਲ (ਗੰਢਾਂ) । ਇਸ ਸਾਲ ਕਪਾਹ ਦੀ ਆਉਣ ਵਾਲੀ ਭਰਪੂਰ ਫਸਲ ਨੂੰ ਮੁੱਖ ਰੱਖਦੇ ਹਏ ਮੁੱਖ ਮੰਤਰੀ ਜੀ ਨੇ ਮਾਹ ਅਕਤੂਬਰ, 1975 ਵਿਚ ਕੇਂਦਰੀ ਖਜ਼ਾਨਾ ਮੰਤਰੀ ਜੀ ਨੂੰ ਪੱਤਰ ਦੁਆਰਾ ਬੇਨਤੀ ਕੀਤੀ ਕਿ ਭਾਰਤੀ ਕਪਾਹ ਨਿਗਮ ਨੂੰ ਧੰਨ ਦੇਣ ਬਾਰੇ ਮਾਮਲੇ ਤੇ ਛੇਤੀ ਹੀ ਫੈਸਲਾ ਕੀਤਾ ਜਾਵੇ ਤਾਂ ਜੋ ਨਿਗਮ ਪੰਜਾਬ ਵਿਚ ਕਪਾਹ ਦੀ ਖਰੀਦ ਲਈ ਦਾਖਲ ਹੋ ਸਕੇ । ਅੰਤ ਵਿਚ ਰਾਜ ਸਰਕਾਰ ਦੀ ਕੋਸ਼ਿਸ਼ ਨਾਲ ਭਾਰਤੀ ਕਪਾਹ ਨਿਗਮ ਨੇ ਰਾਜ ਦੀ ਕੁਝ ਇਕ ਮੰਡੀਆਂ ਵਿਚੋਂ ਕਪਾਹ ਦੀ ਖਰੀਦ ਸ਼ੁਰੂ ਕੀਤੀ । ਇਸ ਨਾਲ ਲਾਭ ਕੇਵਲ ਉਨ੍ਹਾਂ ਇਲਾਕੇ ਦੇ ਕਿਸਾਨਾਂ ਨੂੰ ਹੀ ਮਿਲਣਾ ਆਰੰਭ ਹੋ ਗਿਆ ਜਿਥੇ ਕਪਾਹ ਨਿਗਮ ਖਰੀਦ ਕਰ ਰਿਹਾ ਸੀ ਭਾਵੇਂ ਪੱਟੀ ਖੇਮਕਰਨ ਦੇ ਇਲਾਕਿਆਂ ਦੀ ਕਪਾਹ ਜ਼ਿਲਾ ਫਰੀਦਕੋਟ ਅਤੇ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਇਲਾਕਿਆਂ ਨਾਲੋਂ ਕੁਆਲਟੀ ਵਿਚ ਘਟੀਆ ਹੈ ਫਿਰ ਵੀ ਰਿਜਨਲ ਮੈਨੇਜਰ ਕਪਾਹ ਨਿਗਮ ਨਵੀਂ ਦਿੱਲੀ ਨੂੰ ਬੇਨਤੀ ਕੀਤੀ ਗਈ ਕਿ ਉਹ ਭਾਰਤੀ ਕਪਾਹ ਨਿਗਮ ਨੂੰ ਹਦਾਇਤ ਦੇਣ ਕਿ ਨਿਗਮ ਰਾਜ ਦੀਆਂ ਸਾਰੀਆਂ ਉਘੀਆਂ ਮੰਡੀਆਂ ਵਿਚੋਂ ਕਪਾਹ ਦੀ ਖਰੀਦ ਕਰੇ ਤਾਂ ਜੋ ਕਪਾਹ ਉਗਾਉਣ ਵਾਲੇ ਸਾਰੇ ਕਿਸਾਨਾਂ ਨੂੰ ਲਾਭ ਪਹੁੰਚੇ । ਇਸ ਤੋਂ ਮਗਰੋਂ ਮਿਤੀ 6 ਜਨਵਰੀ 1976 ਨੂੰ ਕਪਾਹ ਦੀਆਂ ਕੀਮਤਾ ਤੇ ਵਿਚਾਰ ਕਰਨ ਲਈ ਇਕ ਉਚ ਪੱਧਰ ਦੀ ਮੀਟਿੰਗ ਬੁਲਾਈ ਗਈ ਜਿਸ ਵਿਚ ਰਿਜ਼ਨਲ ਮੈਨੇਜਰ ਭਾਰਤੀ ਕਪਾਹ ਨਿਗਮ ਵੀ ਸ਼ਾਮਲ ਹੋਏ । ਭਾਰਤੀ ਕਪਾਹ ਨਿਗਮ ਦੇ ਮੰਡੀ ਵਿਚ ਦਾਖਲ ਹੋਣ ਕਾਰਨ ਕਪਾਹ ਦੀਆਂ ਕੀਮਤਾਂ ਦੇ ਵਾਧੇ ਨੂੰ ਬਰਕਰਾਰ ਰੱਖਣ ਲਈ ਪੂਰੀ ਕੋਸ਼ਿਸ਼ ਜਾਰੀ ਰੱਖੀ ਜਾਵੇ । ਆਸ ਹੈ ਕਿ ਇਸ ਨਾਲ ਕਪਾਹ ਦੀਆਂ ਕੀਮਤਾਂ ਵਿਚ ਹੋਇਆ ਵਾਧਾ ਬਰਕਰਾਰ ਰਖਿਆ ਜਾ ਸਕੇਗਾ ਅਤੇ ਇਸ ਦਾ ਲਾਭ ਕਿਸਾਨਾਂ ਨੂੰ ਹੋਵੇਗਾ ਜੋ ਕਪਾਹ ਦੀ ਪੈਦਾਵਾਰ ਕਰਦੇ ਹਨ । ਇਥੇ ਇਹ ਦੱਸ ਦੇਣਾ ਯੋਗ ਹੈ ਕਿ ਕਾਟਨ ਕਾਰਪੋਰੇਸ਼ਨ ਇਕ ਹਿੰਦ ਸਰਕਾਰ ਦੇ control ਦਾ ਅਦਾਰਾ ਹੈ ਤੇ ਪ੍ਰਦੇਸ਼ ਸਰਕਾਰ ਇਸ ਨੂੰ ਕੋਈ ਹਦਾਇਤ ਨਹੀਂ ਦੇ ਸਕਦੀ ।

(ਕ੍ਰਮ ਨੰ : 39)

**ਸਰਦਾਰ ਸੁਖਦੇਵ ਸਿੰਘ ਢੀਂਡਸਾ** : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਣਗੇ, ਅਰਥਾਤ, ਪੰਜਾਬ ਵਿਚ ਬੇਸ਼ੁਮਾਰ ਬੋਗਸ ਟਰੈਵਲ ਏਜੰਸੀਆਂ ਭੋਲੇ ਭਾਲੇ ਬੇਰੁਜ਼ਗਾਰ ਨੌਜਵਾਨਾਂ ਨੂੰ ਬਦੇਸ਼ਾਂ ਵਿਚ ਜਿਵੇਂ ਕਿ ਗਰੀਸ, ਪੱਛਮੀ ਜਰਮਨੀ, ਕਵੈਤ, ਆਬੂ ਧਾਬੀ ਆਦਿ ਪੱਛਮੀ ਖਾੜੀ ਅਤੇ ਅਫਰੀਕੀ ਦੇਸ਼ਾਂ ਵਿਚ ਰੁਜ਼ਗਾਰ ਦਿਵਾਉਣ ਦੇ ਬਹਾਨੇ ਲੱਖਾਂ ਰੁਪਏ ਠੱਗ ਰਹੀਆਂ ਹਨ ਤੇ ਬੇਸ਼ੁਮਾਰ ਬੇਰੁਜ਼ਗਾਰ ਨੌਜਵਾਨ ਬਦੇਸ਼ਾਂ ਵਿਚ ਜਾਣ ਦੇ ਝਾਂਸੇ ਵਿਚ ਆ ਕੇ ਤੇ ਰੁਪਿਆ ਫਸਵਾ ਕੇ ਮਾਯੂਸ ਦੇਸ਼ ਪਰਤ ਆਏ ਹਨ । ਇਨ੍ਹਾਂ ਏਜੰਸੀਆਂ ਦੀਆਂ ਇਹ ਕਾਰਵਾਈਆਂ ਦਿਨ ਦਿਹਾੜੇ ਲੋਕਾਂ ਨਾਲ ਠੱਗੀ ਤੇ ਸਮਾਜ ਵਿਰੋਧੀ ਹਨ । ਇਨ੍ਹਾਂ ਕਾਰਵਾਈਆਂ ਨਾਲ ਲੋਕਾਂ ਵਿਚ ਬੜੀ ਬੇਚੈਨੀ ਹੈ । ਸਰਕਾਰ ਇਸ ਬਾਰੇ ਤੁਰੰਤ ਕਰੜੀ ਕਾਰਵਾਈ ਕਰਕੇ ਸਦਨ ਨੂੰ ਜਾਣੂ ਕਰੇ ।

**ਗਿਆਨੀ ਜ਼ੈਲ ਸਿੰਘ** (ਮੁੱਖ ਮੰਤਰੀ): ਬਾਹਰਲੇ ਦੇਸ਼ਾਂ ਵਾਸਤੇ ਪਾਸ ਪੋਰਟ ਆਦਿ ਦੇਣ ਦਾ ਸਿੱਧਾ ਸਬੰਧ ਭਾਰਤ ਸਰਕਾਰ ਦਾ ਹੈ ਅਤੇ ਇਸ ਸਿਲਸਿਲੇ ਵਿਚ ਸਾਰਾ ਕਾਇਦਾ ਕਾਨੂੰਨ ਉਹ ਹੀ ਨਿਰਧਾਰਤ ਕਰਦੇ ਹਨ । 1970 ਵਿਚ ਸਰਕਾਰ ਦੇ ਧਿਆਨ ਵਿਚ ਆਇਆ ਸੀ ਕਿ

Original with;
Punjab Vidhan Sabha
Digitized by;
Panjab Digital Library

ਕੁਝ ਬੋਗਸ ਟਰੈਵਲ ਏਜੰਸੀਆਂ ਹਨ ਜਿਹੜੀਆਂ ਲੋਕਾਂ ਨੂੰ ਕੁਰਾਹੇ ਪਾਕੇ ਉਨ੍ਹਾਂ ਨੂੰ ਠੱਗ ਲੈਂਦੀਆਂ ਹਨ ਅਤੇ ਪਾਸ ਪੋਰਟ ਬਣਵਾਕੇ ਬਾਹਰਲੇ ਮੁਲਕਾਂ ਵਿਚ ਭੇਜ ਦਿੰਦੀਆਂ ਹਨ ਜਿਥੇ ਜਾ ਕੇ ਉਨ੍ਹਾਂ ਨੂੰ ਨੌਕਰੀ ਆਦਿ ਵਗੈਰਾ ਨਹੀਂ ਮਿਲਦੀ ਅਤੇ ਉਨ੍ਹਾਂ ਨੂੰ ਦੇਸ਼ ਵਾਪਸ ਮੁੜਨਾ ਪੈਂਦਾ ਹੈ । ਸਰਕਾਰ ਨੇ 1970 ਵਿਚ ਸਮੂਹ ਡਿਪਟੀ ਕਮਿਸ਼ਨਰਾਂ, ਪੁਲਿਸ ਕਪਤਾਨਾਂ ਆਦਿ ਨੂੰ ਹਦਾਇਤਾਂ ਜਾਰੀ ਕੀਤੀਆਂ ਸਨ ਕਿ ਇਨ੍ਹਾਂ ਏਜੰਸੀਆਂ ਤੇ ਕੜੀ ਨਿਗਾਹ ਰੱਖਣ ਅਤੇ ਲੋੜ ਪੈਣ ਤੇ ਉਨ੍ਹਾਂ ਦੇ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕਰਨ । 1974 ਵਿਚ ਲੋਕ ਸੰਪਰਕ ਵਿਭਾਗ ਰਾਹੀਂ ਇਕ ਪਰੈਸ ਨੋਟ ਜਾਰੀ ਕੀਤਾ ਗਿਆ ਸੀ ਇਸਦਾ ਰੇਡੀਓ ਦੁਆਰਾ ਪ੍ਰਸਾਰਨ ਵੀ ਕੀਤਾ ਗਿਆ ਸੀ ਜਿਸ ਵਿਚ ਸਪਸ਼ਟ ਕੀਤਾ ਗਿਆ ਸੀ ਕਿ ਬੋਗਸ ਟਰੈਵਲ ਏਜੰਟਾਂ ਦੀਆਂ ਗੈਰ ਕਾਨੂੰਨੀ ਕਾਰਵਾਈਆਂ ਤੇ ਪੁਲੀਸ ਵਲੋਂ ਕਾਰਵਾਈ ਕੀਤੀ ਜਾਵੇਗੀ । ਇਸ ਬਾਰੇ ਕੁਝ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਵਿਰੁਧ ਕਾਰਵਾਈ ਕੀਤੀ ਵੀ ਜਾ ਰਹੀ ਹੈ । ਸਰਕਾਰ ਇਸ ਮਾਮਲੇ ਵਿਚ ਪੂਰੀ ਤਰ੍ਹਾਂ ਚੌਕਸ ਹੈ ਪਰ ਲੋਕਾਂ ਦਾ ਆਪਣਾ ਫਰਜ਼ ਵੀ ਹੈ ਕਿ ਸੂਝ ਬੂਝ ਤੋਂ ਕੰਮ ਲੈਣ ਅਤੇ ਇਨ੍ਹਾਂ ਦੇ ਝਾਂਸੇ ਵਿਚ ਨਾ ਆਉਣ । ਸਰਕਾਰ ਨੂੰ ਜਿਥੋਂ ਕੋਈ ਸ਼ਕਾਇਤ ਆਵੇਗੀ, ਕਾਨੂੰਨੀ ਕਾਰਵਾਈ ਕਰਨ ਵਿਚ ਕੋਈ ਢਿਲ ਨਹੀਂ ਕੀਤੀ ਜਾਵੇਗੀ

## RESUMPTION OF DISCUSSION ON GOVERNOR'S ADDRESS

**Mr. Speaker**: Now the House will resume consideration of the **Motion moved by Sardar Kirpal Singh Dhillon, on the 21st January, 1976 and seconded by Shri Brij Lal, Goel.

There is a notice of amendment to this Motion by Comrade Satya Pal Dang and others. It will be deemed to have been read and moved.

1. Comrade Satya Pal Dang.
2. Comrade Shamsher Singh Josh.
3. Comrade Raj Kumar.
4. Comrade Dana Ram.

Add at the end:

> It however regrets that the speed of implementation of the 20—point programme is slow and not satisfactory.

**ਕਾਮਰੇਡ ਦਾਨਾ ਰਾਮ** (ਲੰਬੀ, ਐਸ. ਸੀ.): ਸਪੀਕਰ ਸਾਹਿਬ, ਅੱਜ ਗਵਰਨਰ ਸਾਹਿਬ ਦੇ ਭਾਸ਼ਣ ਦੇ ਉਤੇ ਬਹਿਸ ਹੋ ਰਹੀ ਹੈ । ਬਹਿਸ ਵਿਚ ਬੜੀਆਂ ਲੰਮੀਆਂ ਚੌੜੀਆਂ ਗੱਲਾਂ ਤਾਂ ਹਨ ਨਹੀਂ ਪਰ ਜਿੰਨੀਆਂ ਹਨ ਚਲੋਂ ਚੰਗੀਆਂ ਹਨ । ਇਸ ਦੇ ਵਿਚ ਵੀ ਦਿਤਾ ਗਿਆ ਹੈ ਕਿ 20 ਨੁਕਾਤੀ ਪ੍ਰੋਗਰਾਮ ਤੇ ਅਮਲ ਕਰਨ ਦੀ ਲੋੜ ਸੀ । ਸਪੀਕਰ ਸਾਹਿਬ, ਮੈਂ ਵੀ

---

**That an Address be presented to the Governor in the following terms : That the Members of this House assembled in this session are deeply grateful to the Governor for the Address which, he has been pleased to deliver to the House on 20th January, 1976.

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਾਨਾ ਰਾਮ]

ਕਹਿਣਾ ਚਾਹੁੰਦਾ ਹਾਂ ਕਿ 20 ਨੁਕਾਤੀ ਪ੍ਰੋਗਰਾਮ ਤੇ ਅਮਲ ਕਰਨ ਦੀ ਲੋੜ ਹੈ। ਸਾਡੇ ਪੰਜਾਬ ਦੇ ਵਿਚ ਮੁਜ਼ਾਰੇ ਅੱਜ ਵੀ ਬੇਦੱਖਲ ਹੁੰਦੇ ਹਨ ਔਰ ਉਨ੍ਹਾਂ ਦੇ ਕੇਸ ਕਈ ਕਈ ਸਾਲਾਂ ਦੇ ਚਲਦੇ ਆ ਰਹੇ ਹਨ। ਸਰਕਾਰ ਕਹਿ ਰਹੀ ਹੈ ਕਿ ਛੇਤੀ ਹੀ ਨਿਪਟਾਉਣ ਦੀ ਕੋਸ਼ਿਸ਼ ਕਰਾਂਗੇ। ਮੈਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਕੇਸਾਂ ਦਾ ਜਲਦੀ ਤੋਂ ਜਲਦੀ ਨਿਪਟਾਰਾ ਕੀਤਾ ਜਾਵੇ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਗਰੀਬ ਲੋਕਾਂ ਦੀਆਂ ਜਿਹੜੀਆਂ ਗਿਰਦਾਵਰੀਆਂ ਹਨ ਉਹ ਵੀ ਕਟਿੰਗ ਕਰਕੇ ਕੀਤੀਆਂ ਜਾਂਦੀਆਂ ਹਨ ਔਰ ਪਟਵਾਰੀ ਜਿਹੜੇ ਹਨ ਉਹ ਜਾਗੀਰਦਾਰਾਂ ਦੇ ਹੱਥ ਠੋਕੇ ਬਣ ਕੇ ਉਨ੍ਹਾਂ ਗਰੀਬ ਲੋਕਾਂ ਨੂੰ ਹੈਰਾਨ ਕਰਦੇ ਹਨ। ਮੈਂ ਸਰਕਾਰ ਪਾਸ ਅਪੀਲ ਕਰਦਾ ਹਾਂ ਕਿ 20-ਨੁਕਾਤੀ ਪ੍ਰੋਗਰਾਮ ਨੂੰ ਲਾਗੂ ਕਰਨ ਵਾਸਤੇ ਲਾਜ਼ਮੀ ਤੌਰ ਤੇ ਇਸ ਪਾਸੇ ਵਲ ਧਿਆਨ ਦਿਤਾ ਜਾਵੇ ਅਤੇ ਜਿਹੜੇ ਵਿਚਾਰੇ ਮੁਜ਼ਾਰੇ ਹਨ ਉਨ੍ਹਾਂ ਨੂੰ ਬਚਾਉਣ ਵਾਸਤੇ ਲਾਜ਼ਮੀ ਤੌਰ ਤੇ ਉਨ੍ਹਾਂ ਦੇ ਜਿਹੜੇ ਫੈਸਲੇ ਹਨ ਜਲਦੀ ਕਰਨੇ ਚਾਹੀਦੇ ਹਨ।

ਸਪੀਕਰ ਸਾਹਿਬ, ਅਗੇ ਸਰਕਾਰ ਨੇ 20 ਨੁਕਾਤੀ ਪ੍ਰੋਗਰਾਮ ਵਿਚ ਖੇਤ ਮਜ਼ਦੂਰਾਂ ਨੂੰ ਪਲਾਟ ਦੇਣ ਵਾਸਤੇ ਬੜੀਆਂ ਟਾਹਰਾਂ ਮਾਰੀਆਂ ਹਨ। ਚੰਗੀ ਗੱਲ ਹੁੰਦੀ ਜੇ ਮਨਿਸਟਰ ਸਾਹਿਬ ਆਪ ਪਿੰਡਾਂ ਵਿਚ ਜਾ ਕੇ ਜਾਂ ਹੋਰ ਨਹੀਂ ਤਾਂ 2-2, 3-3 ਬਲਾਕਾਂ ਵਿਚ ਹੀ ਦੇਖ ਲੈਂਦੇ ਕਿ ਵਾਕਈ ਖੇਤ ਮਜ਼ਦੂਰਾਂ ਨੂੰ ਪਲਾਟ ਦਿਤੇ ਗਏ ਹਨ ਜਾਂ ਨਹੀਂ। ਅਸੀਂ ਇਸ ਸਬੰਧ ਵਿਚ ਕਈ ਵਾਰ ਮਨਿਸਟਰ ਸਾਹਿਬ ਨੂੰ ਮਿਲੇ ਹਾਂ ਉਨ੍ਹਾਂ ਨੂੰ ਦਰਖਾਸਤਾਂ ਦਿਤੀਆਂ ਹਨ, ਮੈਮੋਰੰਡਮ ਦਿਤੇ ਹਨ ਔਰ ਖੇਤ ਮਜ਼ਦੂਰ ਸਭਾ ਦੇ ਲੀਡਰ ਵੀ ਉਨ੍ਹਾਂ ਨੂੰ ਕਈ ਵਾਰੀ ਮਿਲੇ ਹਨ ਪਰ ਹਾਲੀ ਤਕ ਇਸ ਤੇ ਕੋਈ ਅਮਲ ਨਹੀਂ ਹੋ ਰਿਹਾ। ਮੈਂ ਫਿਰ ਅਪੀਲ ਕਰਾਂਗਾ ਕਿ ਉਨ੍ਹਾਂ ਨੂੰ ਚਾਹੀਦਾ ਹੈ ਕਿ ਇਸ ਤੇ ਅਮਲ ਕਰਾਉਣ ਅਤੇ 20-ਨੁਕਾਤੀ ਪ੍ਰੋਗਰਾਮ ਜਿਹੜਾ ਹੈ ਉਸ ਨੂੰ ਅਮਲੀ ਰੂਪ ਦੇ ਕੇ ਲਾਗੂ ਕਰਵਾਉਣ। ਇਨ੍ਹਾਂ ਨੂੰ ਛੇਤੀ ਤੋਂ ਛੇਤੀ ਗਰਾਂਟਾਂ ਵਗੈਰਾ ਦੇ ਕੇ ਜਾਂ ਕਿਸੀ ਹੋਰ ਤਰੀਕੇ ਨਾਲ ਗਰੀਬਾਂ ਲਈ ਮਕਾਨ ਉਸਾਰਨ ਵਲ ਵੀ ਧਿਆਨ ਦੇਣਾ ਚਾਹੀਦਾ ਹੈ।

ਸਪੀਕਰ ਸਾਹਿਬ, ਖਾਦ ਦੇ ਬਾਰੇ ਸਹੀ ਗੱਲਾਂ ਕਾਮਰੇਡ ਹੋਰਾਂ ਨੇ ਕੀਤੀਆਂ ਹਨ ਮੈਂ ਤੁਹਾਨੂੰ ਕੱਲ ਦੀ ਹੀ ਗਲ ਦਸਦਾ ਹਾਂ ਕਿ ਕੱਲ ਜਦੋਂ ਮੈਂ ਆ ਰਿਹਾ ਸੀ ਤਾਂ ਮੈਨੂੰ ਲੰਬੀ ਦਾ ਕੋਅਪਰੇਟਿਵ ਸੋਸਾਇਟੀ ਦਾ ਮੈਨੇਜਰ ਮਿਲਿਆ ਤਾਂ ਮੈਂ ਉਸ ਨੂੰ ਪੁੱਛਿਆ ਕਿ ਤੁਸੀਂ ਚੰਡੀਗੜ੍ਹ ਕਿਸ ਤਰ੍ਹਾਂ ਆਏ ਹੋ ਤਾਂ ਉਹ ਕਹਿਣ ਲਗਾ ਕਿ ਖਾਦ ਨਹੀਂ ਮਿਲੀ ਉਸ ਦਾ ਪਤਾ ਕਰਨ ਆਇਆ ਹਾਂ। ਸਪੀਕਰ ਸਾਹਿਬ, ਕਣਕ ਬੀਜੇ ਨੂੰ ਕਿਸੇ ਨੂੰ ਮਹੀਨਾ ਹੋ ਗਿਆ ਹੈ ਕਿਸੇ ਨੂੰ 2 ਮਹੀਨੇ ਹੋ ਗਏ ਹਨ ਪਰ ਜੇ ਕਿਸਾਨ ਨੂੰ ਖਾਦ ਵਕਤ ਸਿਰ ਨਾ ਮਿਲੇ ਤਾਂ ਸਪੀਕਰ ਸਾਹਿਬ, ਤੁਸੀਂ ਆਪ ਹੀ ਅੰਦਾਜ਼ਾ ਲਗਾਓ ਕਿ ਕਣਕ ਵੱਧੇ ਫੁਲੇਗੀ ਕਿਸ ਤਰ੍ਹਾਂ? ਜੇ ਕਣਕ ਵੱਧੇ ਫੁੱਲੇਗੀ ਨਹੀਂ ਤਾਂ ਮਜ਼ਦੂਰ ਨੂੰ ਵੀ ਬੜਾ ਭਾਰੀ ਨੁਕਸਾਨ ਹੁੰਦਾ ਹੈ। ਮੈਂ ਸਰਕਾਰ ਪਾਸ ਅਪੀਲ ਕਰਾਂਗਾ ਕਿ ਜਦੋਂ ਫਸਲ ਬੀਜਣ ਦਾ ਟਾਈਮ ਆਉਂਦਾ ਹੈ ਤਾਂ ਕਿਸਾਨਾਂ ਨੂੰ ਮਹੀਨਾ ਪਹਿਲਾਂ ਹੀ ਖਾਦ ਮਿਲ ਜਾਣੀ ਚਾਹੀਦੀ ਹੈ ਤਾਂ ਕਿ ਉਹ ਵਕਤ ਸਿਰ ਆਪਣੇ ਖੇਤਾਂ ਵਿਚ ਖਾਦ ਪਾ ਸਕੇ ਅਤੇ ਉਸਦੀ ਪੈਲੀ ਵੱਧ ਫੁੱਲ ਸਕੇ। (ਵਿਘਨ)

(ਇਸ ਵਕਤ ਕੁਝ ਮਾਨਯੋਗ ਮੈਂਬਰ ਸਾਹਿਬਾਨ ਆਪਸ ਵਿਚ ਬੈਠੇ ਗੱਲਾਂ ਕਰ ਰਹੇ ਸਨ)

Original with;
Punjab Vidhan Sabha
Digitized by;
Panjab Digital Library

**Mr. Speaker:** Please do not make a noise in the House. If you want to discuss anything, you can go to the lobbies.

**ਕਾਮਰਡ ਦਾਨਾ ਰਾਮ:** ਸਪੀਕਰ ਸਾਹਿਬ, ਬਿਜਲੀ ਦਾ ਸਵਾਲ ਵੀ ਇਸ ਦੇ ਵਿਚ ਹੈ। ਮੇਰੇ ਪਿੰਡ ਵਿਚ 2 ਵਾਰੀ ਚੇਅਰਮੈਨ, ਬਿਜਲੀ ਬੋਰਡ, ਗਏ ਅਤੇ ਉਨ੍ਹਾਂ ਨੇ ਉਥੇ ਇਹ ਨਾਹਰਾ ਦਿਤਾ ਕਿ ਅਸੀਂ ਇਸ ਇਲਾਕੇ ਵਿਚ ਬਹੁਤ ਬਿਜਲੀ ਦਿਆਂਗੇ, ਹਰ ਪਿੰਡ ਵਿਚ ਬਿਜਲੀ ਪਹੁੰਚਾ ਦਿਆਂਗੇ। ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਅਜੇ ਤੱਕ ਸੀਤੋ ਪਿੰਡ ਵਗੈਰਾ ਅਜਿਹੇ 26-27 ਪਿੰਡ ਹਨ ਜਿਨ੍ਹਾਂ ਵਿਚੋਂ ਇਕ ਪਿੰਡ ਨੂੰ ਵੀ ਬਿਜਲੀ ਨਹੀਂ ਦਿਤੀ ਗਈ। ਜੇ ਕੋਈ ਸਾਬਤ ਕਰ ਦੇਵੇ ਕਿ ਇਕ ਵੀ ਪਿੰਡ ਨੂੰ ਬਿਜਲੀ ਦਿਤੀ ਗਈ ਹੈ ਤਾਂ ਮੈਂ ਤੁਹਾਡਾ ਦੇਣਦਾਰ ਹੋਵਾਂਗਾ। (ਵਿਘਨ) ਸਪੀਕਰ ਸਾਹਿਬ, ਇਹ ਪਿੰਡਾਂ ਵਿਚ ਜਾ ਕੇ ਕਹਿੰਦੇ ਹਨ ਕਿ ਕਾਮਰੇਡ ਦਾਨਾ ਰਾਮ ਉਥੇ ਕੁਝ ਬੋਲਦਾ ਹੀ ਨਹੀਂ ਇਸ ਕਰਕੇ ਬਿਜਲੀ ਆ ਨਹੀਂ ਰਹੀ। ਇਸ ਲਈ ਮੈਂ ਫਿਰ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ, ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਛੇਤੀ ਤੋਂ ਛੇਤੀ ਉਨ੍ਹਾਂ ਪਿੰਡਾਂ ਵਿਚ ਬਿਜਲੀ ਦਿਤੀ ਜਾਵੇ।

ਫਿਰ, ਸਪੀਕਰ ਸਾਹਿਬ, ਨਾਕਾਬੰਦੀਆਂ ਦਾ ਸਵਾਲ ਹੈ। ਸਰਕਾਰ ਕਹਿੰਦੀ ਹੈ ਕਿ ਨਾਕਾ ਬੰਦੀਆਂ ਨਹੀਂ ਹੁੰਦੀਆਂ। ਇਸ ਸਾਲ ਜ਼ਿਲ੍ਹਾ ਫਰੀਦਕੋਟ ਵਿਚ ਅੱਜ ਉਹ ਸਾਥੀ (ਅਕਾਲੀ ਪਾਰਟੀ ਵਲ ਇਸ਼ਾਰਾ) ਇਥੇ ਬੈਠੇ ਨਹੀਂ ਹਨ ਜਿਨ੍ਹਾਂ ਨੇ ਕਿਸਾਨਾਂ ਤੇ ਮਜ਼ਦੂਰਾਂ ਵਿਚ ਪਾੜ ਪਾਉਣ ਦੀ ਕੋਸ਼ਿਸ਼ ਕੀਤੀ ਸੀ ਔਰ ਉਥੇ ਠੰਡੀ ਜੰਗ ਸ਼ੁਰੂ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ। ਇਨ੍ਹਾਂ ਨੇ ਗਰੀਬ ਕਿਸਾਨਾਂ ਅਤੇ ਮੁਜ਼ਾਰਿਆਂ, ਖੇਤ ਮਜ਼ਦੂਰਾਂ ਨੂੰ ਲੜਾਉਣ ਦੀ ਕੋਸ਼ਿਸ਼ ਕੀਤੀ। (ਵਿਘਨ) ਇਹ ਕਹਿੰਦੇ ਸਨ ਕਿ ਨਰਮਾ ਤਾਂ ਇਨਾਂ ਸਸਤਾ ਹੈ ਔਰ ਚੁਗਾਈ ਜ਼ਿਆਦਾ ਹੈ। ਜਾਂ ਤਾਂ ਤੁਸੀਂ ਚੁਗਾਈ ਘੱਟ ਕਰੋ ਨਹੀਂ ਤਾਂ ਨਾਕਾ ਬੰਦੀਆਂ ਕਰ ਦਿਆਂਗੇ। ਵਿਚੇ ਕਾਂਗਰਸੀ ਵੀ ਨਾਲ ਰਲਾ ਲੈਂਦੇ ਸੀ। ਸਾਰੇ ਇਹ ਇਕਠੇ ਹੋ ਕੇ, ਜਾਗੀਰਦਾਰ ਸਾਹ ਇਕੱਠੇ ਹੋ ਕੇ ਇਸ ਤਰ੍ਹਾਂ ਕਰਦੇ ਸੀ ਔਰ ਅਸੀਂ ਕੋਸ਼ਿਸ਼ ਕਰਦੇ ਸੀ ਕਿ ਜਿਹੜੇ ਮਜ਼ਦੂਰ ਕਿਸਾਨ ਹਨ ਉਨ੍ਹਾਂ ਨੂੰ ਆਪਸ ਵਿਚ ਲੜਾਇਆ ਨਾ ਜਾਵੇ। ਐਮਰਜੈਂਸੀ ਜਿਹੜੀ ਹੈ ਉਹ ਗਲਤ ਢੰਗ ਨਾਲ ਨਾ ਵਰਤੀ ਜਾਵੇ। 20 ਨੁਕਾਤੀ ਪ੍ਰੋਗਰਾਮ ਰਾਹੀਂ ਰਾਖੀ ਕਰਨੀ ਜ਼ਰੂਰੀ ਸੀ ਔਰ ਇਸ ਕਰਕੇ ਅਸੀਂ ਹਰ ਕੋਸ਼ਿਸ਼ ਕੀਤੀ ਕਿ ਇਨ੍ਹਾਂ ਨੂੰ ਲੜਾਇਆ ਨਾ ਜਾਵੇ। ਪਰ, ਸਪੀਕਰ ਸਾਹਿਬ, ਪੁਲਿਸ ਦੇ ਮਹਿਕਮੇ ਦਾ ਅਜੇ ਵੀ ਵਤੀਰਾ ਉਹੀ ਹੈ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਇਲਾਕੇ ਵਿਚ ਭਾਰੂ ਪਿੰਡ ਹੈ ਜਿਸ ਨੂੰ ਥਾਣਾ ਭਾਈ ਕੋਟ ਲਗਦਾ ਹੈ। ਉਥੋਂ ਦੇ ਥਾਣੇਦਾਰ ਨੇ ਭਾਰੂ ਪਿੰਡ ਦੇ ਖੇਤ ਮਜ਼ਦੂਰਾਂ ਨੂੰ ਬੁਲਾ ਕੇ ਕਿਹਾ ਕਿ ਜੇ ਤੁਸੀਂ ਘੱਟ ਕੀਮਤਾਂ ਨਾ ਲਈਆਂ ਤਾਂ ਮੈਂ ਤੁਹਾਡੀ ਡਰੂ ਪ੍ਰੇਡ ਕਰਵਾਵਾਂਗਾ। ਉਸ ਨੇ ਗਰੀਬਾਂ ਤੇ ਡੰਨ ਵੀ ਲਾਇਆ। ਉਥੇ ਇਕ ਗੁਰਦੁਆਰੇ ਦੀਆਂ ਪਰਚੀਆਂ ਵੀ ਕੱਟੀਆਂ ਗਈਆਂ। ਅਸੀਂ ਗਰੀਵੈਂਸਿਜ ਕਮੇਟੀ ਵਿਚ ਵੀ ਇਹ ਗੱਲ ਰਖੀ ਕਿ ਉਸ ਥਾਣੇਦਾਰ ਨੇ ਲੋਕਾਂ ਨੂੰ ਡੰਨ ਲਾਇਆ ਹੈ।

ਇਹੋ ਜਿਹੀਆਂ ਹਕੀਕਤਾਂ ਅੱਜ ਵੀ ਹਨ ਅਤੇ ਖੇਤ ਮਜ਼ਦੂਰਾਂ ਤੇ ਵਰਤੀਆਂ ਜਾਂਦੀਆਂ ਹਨ। ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਦਫ਼ਾ 144 ਹਟਾਉਣੀ ਚਾਹੀਦੀ ਹੈ ਤਾਂ ਕਿ ਜਿਹੜਾ 20 ਨੁਕਾਤੀ ਪ੍ਰੋਗਰਾਮ ਹੈ ਉਸ ਬਾਰੇ ਠੀਕ ਢੰਗ ਨਾਲ ਲੋਕਾਂ ਨੂੰ ਦੱਸਿਆ ਜਾ ਸਕੇ। ਅਗਰ ਦਫ਼ਾ 144 ਟੁੱਟੇਗੀ ਤਾਂ ਅਸੀਂ ਉਨ੍ਹਾਂ ਲੋਕਾਂ ਨੂੰ ਜਿਹੜੇ ਪਿੱਛਾਂ ਖਿਚੂ ਹਨ ਉਨ੍ਹਾਂ ਨੂੰ ਦਸ ਸਕਾਂਗੇ ਕਿ ਇੰਦਰਾ ਗਾਂਧੀ ਕੀ ਚਾਹੁੰਦੀ ਹੈ ਹੁਣ ਅਸੀਂ ਖੁੱਲੇ ਤੌਰ ਤੇ ਲੋਕਾਂ ਨੂੰ ਨਹੀਂ ਦਸ ਸਕਦੇ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਾਨਾ ਰਾਮ]

ਦਫ਼ਾ 144 ਲੱਗੀ ਹੋਈ ਹੈ ਅਤੇ ਸਾਡੇ ਮੂੰਹ ਬੰਦ ਹਨ ਅੱਜ ਜਿਹੜੇ ਲੋਕ ਮਜ਼ਦੂਰਾਂ ਨੂੰ ਮੁਲਾਜ਼ਮਾਂ ਨੂੰ ਖਰਾਬ ਕਰ ਰਹੇ ਹਨ ਉਨ੍ਹਾਂ ਦਾ ਮੂੰਹ ਬੰਦ ਹੋ ਜਾਵੇਗਾ ਜੇਕਰ ਦਫ਼ਾ 144 ਟੁੱਟ ਗਈ।

ਸਪੀਕਰ ਸਾਹਿਬ, ਸੜਕਾਂ ਦਾ ਸੁਆਲ ਹੈ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਡੇ ਪੰਜਾਬ ਵਿਚ ਬਹੁਤ ਸੜਕਾਂ ਬਣੀਆਂ ਹਨ। ਪਰ ਮੈਂ ਅੱਗੇ ਵੀ ਕਈ ਵਾਰੀ ਇਸ ਹਾਊਸ ਵਿੱਚ ਕਹਿ ਚੁੱਕਾ ਹਾਂ ਕਿ ਕਈ ਸੜਕਾਂ ਤੇ ਅਜੇ ਵੀ 15 ਸਾਲਾਂ ਦੀਆਂ ਇੱਟਾਂ ਪਈਆਂ ਹਨ ਸੜਕਾਂ ਬਣਾਉਣ ਵਾਸਤੇ। ਇਕ ਮੀਲ ਦਾ ਟੋਟਾ ਬਣਾ ਦਿਤਾ ਹੈ ਅਤੇ ਚਾਰ ਮੀਲ ਦਾ ਟੋਟਾ ਉਸੇ ਤਰ੍ਹਾਂ ਪਿਆ ਹੈ। ਉਥੇ ਬਜਰੀ, ਲੁਕ ਅਤੇ ਹੋਰ ਮੈਟੀਰੀਅਲ ਖਰਾਬ ਹੋ ਰਿਹਾ ਹੈ। ਇਹ ਕੋਈ ਤਰੀਕਾ ਨਹੀਂ ਕੰਮ ਕਰਨ ਦਾ। ਜਦੋਂ ਵੀ ਕੋਈ ਸੜਕ ਬਣਾਉਣੀ ਸ਼ੁਰੂ ਹੋ ਗਈ ਉਹ ਪੂਰੀ ਕਰ ਕੇ ਛਡਣੀ ਚਾਹੀਦੀ ਹੈ। ਸਪੀਕਰ ਸਾਹਿਬ, ਸੀਤਲ ਪਿੰਡ ਤੇ ਇਕ ਲਿੰਕ ਰੋਡ ਬਣਨੀ ਹੈ ਜਿਹੜੀ ਕਿ ਉਪਰ ਇਕ ਮੰਦਿਰ ਤਕ ਜਾਣੀ ਹੈ। ਉਥੇ ਕਿੰਨੇ ਚਿਰ ਦੀਆਂ ਇੱਟਾਂ ਸੁਟੀਆਂ ਪਈਆਂ ਹਨ, ਮੈਂ ਕਹਿੰਦਾ ਹਾਂ ਕਿ ਉਹ ਸੜਕ ਛੇਤੀ ਤੋਂ ਛੇਤੀ ਬਣਾਈ ਜਾਵੇ ਮੁਕਤਸਰ ਕੋਲ ਇਕ ਸੜਕ ਬਣਨੀ ਹੈ ਅਤੇ ਚਾਰ ਮੀਲ ਤਕ ਇੱਟਾਂ ਪਈਆਂ ਹਨ ਪਿਛਲੇ ਸੱਤ ਸਾਲਾਂ ਤੋਂ ,ਪਰ ਅਜੇ ਤਕ ਸੜਕ ਨੂੰ ਹੱਥ ਨਹੀਂ ਲਾਇਆ। ਇਹੋ ਜਿਹੀਆਂ ਸੜਕਾਂ ਦੇ ਜਿਹੜੇ ਮਸਲੇ ਹਨ ਇਹ ਛੇਤੀ ਤੋਂ ਛੇਤੀ ਹਲ ਕਰਨੇ ਚਾਹੀਦੇ ਹਨ। ਇਨ੍ਹਾਂ ਗਲਾਂ ਨਾਲ ਸਰਕਾਰ ਦੀ ਬਦਨਾਮੀ ਹੁੰਦੀ ਹੈ। ਅਫ਼ਸਰ ਐਵੇਂ ਕਹਿੰਦੇ ਹਨ ਕਿ ਸੜਕ ਬਣ ਗਈ ਹੈ, ਪਰ ਅਸਲ ਵਿਚ ਬਣੀ ਨਹੀਂ ਹੁੰਦੀ। ਮੇਰੇ ਆਪਣੇ ਪਿੰਡ ਕੋਲ ਸੜਕ ਬਣਨ ਵਾਸਤੇ ਇੱਟਾਂ ਸੁੱਟੀਆਂ ਪਈਆਂ ਹਨ, ਲੋਕ ਚੁਲ੍ਹੇ ਬਣਾਉਣ ਵਾਸਤੇ ਇੱਟਾਂ ਖਰਾਬ ਕਰ ਰਹੇ ਹਨ ਇਹ ਸੜਕ ਛੇਤੀ ਬਣਨੀ ਚਾਹੀਦੀ ਹੈ।

ਇਸ ਤੋਂ ਅੱਗੇ ਹੈ ਸੜਕਾਂ ਦੀ ਮੁਰੰਮਤ। ਜਿਹੜੀਆਂ ਸੜਕਾਂ ਟੁੱਟ ਜਾਂਦੀਆਂ ਹਨ ਉਨ੍ਹਾਂ ਦੀ ਮੁਰੰਮਤ ਨਹੀਂ ਹੁੰਦੀ ਅਸੀਂ ਆਵਾਜ਼ ਉਠਾਉਂਦੇ ਹਾਂ ਕਿ ਸਾਡੀਆਂ ਗੱਡੀਆਂ ਖੜਚ ਖੜਚ ਕਰਦੀਆਂ ਰਹਿੰਦੀਆਂ ਹਨ ਅਤੇ ਸਾਡੀਆਂ ਗੱਡੀਆਂ ਦਾ ਨੁਕਸਾਨ ਹੋ ਰਿਹਾ ਹੈ, ਸਰਕਾਰੀ ਗੱਡੀਆਂ ਦਾ ਨੁਕਸਾਨ ਹੋ ਰਿਹਾ ਹੈ, ਸਰਕਾਰੀ ਗੱਡੀਆਂ ਤਾਂ ਉਸ ਰਾਹ ਤੇ ਪੈਂਦੀਆਂ ਹੀ ਨਹੀਂ ਇਸ ਲਈ ਉਨ੍ਹਾਂ ਸੜਕਾਂ ਦੀ ਜਲਦੀ ਤੋਂ ਜਲਦੀ ਮੁਰੰਮਤ ਕਰਾਈ ਜਾਵੇ

ਸਪੀਕਰ ਸਾਹਿਬ, ਮੈਂ ਹੁਣ ਇਕ ਗੱਲ ਐਮਰਜੰਸੀ ਬਾਰੇ ਕਰਨੀ ਚਾਹੁੰਦਾ ਹਾਂ ਸਰਕਾਰ ਕਹਿੰਦੀ ਹੈ ਕਿ ਐਮਰਜੰਸੀ ਲਾਗੂ ਕਰਕੇ ਪੁਲਿਸ ਦਾ ਢਾਂਚਾ ਠੀਕ ਕੀਤਾ ਜਾਵੇਗਾ ਅਤੇ ਹੋਰ ਵੀ ਸਾਰੇ ਮਹਿਕਮੇ ਠੀਕ ਕੀਤੇ ਜਾਣਗੇ। ਪਰ ਮੈਂ ਕਹਿੰਦਾ ਹਾਂ ਕਿ ਜਿਹੜਾ ਪੁਲਿਸ ਦਾ ਮਹਿਕਮਾ ਹੈ ਅਤੇ ਨਹਿਰ ਦਾ ਮਹਿਕਮਾ ਹੈ ਜਿਥੇ ਪਟਵਾਰੀ ਹਨ ਉਹ ਸੂਤ ਨਹੀਂ ਆਉਂਦੇ। ਅੱਜ ਪਟਵਾਰੀ ਮਾਲੋਮਾਲ ਹੋ ਚੁਕੇ ਹਨ। ਉਹ ਜੱਟਾਂ ਨੂੰ ਖਾ ਚੁਕੇ ਹਨ ਅਤੇ ਹੁਣ ਹਰੀਜਨਾਂ ਨੂੰ ਬਚਾਓ ਉਨ੍ਹਾਂ ਤੋਂ। ਇਨਾਂ ਕਹਿੰਦਾ ਹੋਇਆ ਮੈਂ ਤੁਹਾਡਾ ਸ਼ੁਕਰੀਆ ਕਰਕੇ ਬੈਠਦਾ ਹਾਂ।

**ਸਰਦਾਰ ਬੇਅੰਤ ਸਿੰਘ (ਪਾਇਲ)** : ਸਪੀਕਰ ਸਾਹਿਬ, ਜਿਹੜੀ ਸਰਦਾਰ ਕਿਰਪਾਲ ਸਿੰਘ ਢਿਲੋਂ ਨੇ ਗਵਰਨਰ ਸਾਹਿਬ ਦਾ ਥੈਂਕਸ ਕਰਨ ਵਾਸਤੇ ਮੋਸ਼ਨ ਲਿਆਂਦੀ ਹੈ ਅਤੇ ਸ੍ਰੀ ਬ੍ਰਿਜ ਲਾਲ ਗੋਇਲ ਨੇ ਸੈਕੰਡ ਕੀਤਾ ਹੈ ਮੈਂ ਉਸ ਦੀ ਪ੍ਰੋੜ੍ਹਤਾ ਕਰਨ ਲਈ ਖੜ੍ਹਾ ਹੋਇਆਂ ਹਾਂ। ਇਹ ਸਾਲ ਜਿਹੜਾ ਸੀ, ਅਸਲ ਵਿਚ ਤਾਂ ਜਦੋਂ ਦੀ ਇਹ ਸਰਕਾਰ ਬਣੀ ਹੈ ਉਦੋਂ ਤੋਂ ਤਰੱਕੀ ਵੱਲ ਲਗੀ ਹੋਈ ਹੈ, ਇਸ ਵਿਚ ਖਾਸ ਤੌਰ ਤੇ ਤਰੱਕੀ ਕੀਤੀ ਹੈ। ਸਾਡੇ ਸਬੇ ਨੇ। ਮੈਂ

Original with;
Punjab Vidhan Sabha
Digitized by;
Panjab Digital Library

ਅਰਜ਼ ਕਰਾਂ, ਸਾਡੇ ਅਕਾਲੀ ਵੀਰ ਨਹੀਂ ਬੈਠੇ ਲੇਕਿਨ ਮੈਨੂੰ ਪਤਾ ਹੈ ਕਿ ਉਹ ਸ਼ਰਮਸਾਰ ਹਨ ਕਿਉਂਕਿ ਜਿਹੜਾ ਉਹ ਨਾਅਰਾ ਲਾਉਂਦੇ ਹੁੰਦੇ ਸੀ ਕਿ ਸਾਡਾ ਪੰਥ ਖਤਰੇ ਵਿੱਚ ਹੈ ਅਤੇ ਲੋਕਾਂ ਨੂੰ ਵਰਗਲਾਉਂਦੇ ਹੁੰਦੇ ਸੀ, ਪਰ ਸਾਡੀ ਸਰਕਾਰ ਨੇ ਐਸਾ ਕੰਮ ਕੀਤਾ ਕਿ ਉਹ ਲੋਕਾਂ ਨੂੰ ਹੁਣ ਵਰਗਲਾ ਨਹੀਂ ਸਕਦੇ ਅਤੇ ਉਨ੍ਹਾਂ ਨੂੰ ਪਿਛੇ ਸੁੱਟ ਦਿਤਾ। ਤੁਹਾਡੇ ਸਾਹਮਣੇ ਮਿਸਾਲ ਹੈ ਗੁਰੂ ਤੇਗ ਬਹਾਦਰ ਜੀ ਦਾ ਜਲੂਸ ਕਢਿਆ ਗਿਆ ਔਰ ਮੈਂ ਸਮਝਦਾ ਹਾਂ ਕਿ ਇਸ ਨਾਲ ਸਾਡੇ ਸਾਰੇ ਮੁਲਕ ਦਾ ਅਤੇ ਪੰਜਾਬ ਦਾ ਖਾਸ ਕਰਕੇ ਮਾਣ ਸੀ। ਸਾਡੇ ਚੀਫ ਮਨਿਸਟਰ ਸਾਹਿਬ ਨੇ ਉਸ ਜਲੂਸ ਦੀ ਅਗਵਾਈ ਕੀਤੀ। ਇਸ ਵਿਚ ਉਸ ਸ਼ਹੀਦ ਦਾ ਸਤਿਕਾਰ ਹੋਇਆ। ਇਸ ਤੋਂ ਇਲਾਵਾ ਜਿਹੜੇ ਹੋਰ ਵੀ ਸ਼ਹੀਦ ਹੋਏ ਹਨ ਉਨ੍ਹਾਂ ਦਾ ਵੀ ਸਤਿਕਾਰ ਕੀਤਾ ਗਿਆ ਹੈ। ਸਰਦਾਰ ਊਧਮ ਸਿੰਘ ਦੀਆਂ ਅਸਥੀਆਂ ਬਾਹਰੋਂ ਲਿਆਂਦੀਆਂ। ਮੈਂ ਸਮਝਦਾ ਹਾਂ ਕਿ ਜਦੋਂ ਉਨ੍ਹਾਂ ਦਾ ਜਲੂਸ ਕੱਢਿਆ ਗਿਆ ਸੀ ਤਾਂ ਇੰਜ ਮਹਿਸੂਸ ਹੁੰਦਾ ਸੀ ਕਿ ਜਿਵੇਂ ਸਰਦਾਰ ਊਧਮ ਸਿੰਘ ਖੁਦ ਆ ਗਿਆ ਹੈ। ਇਹ ਕਰੈਡਿਟ ਸਾਡੀ ਸਰਕਾਰ ਨੂੰ ਜਾਂਦਾ ਹੈ।

ਇਸ ਤੋਂ ਇਲਾਵਾ ਫਰੀਡਮ ਫਾਈਟਰਜ਼ ਨੂੰ ਪੈਨਸ਼ਨਜ਼ ਦਿਤੀਆਂ ਗਈਆਂ ਹਨ। ਉਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੂੰ ਕਿਸੇ ਨੇ ਅੱਜ ਤਕ ਪੁੱਛਿਆ ਹੀ ਨਹੀਂ। ਇਸ ਸਰਕਾਰ ਨੇ ਉਨ੍ਹਾਂ ਨੂੰ ਪੈਨਸ਼ਨਾਂ ਦੇ ਕੇ ਨਵਾਜਿਆ ਹੈ। ਉਹ ਲੋਕ ਬੁੱਢੇ ਹੋ ਚੁੱਕੇ ਹਨ ਅਤੇ ਹੁਣ ਉਹ ਮਹਿਸੂਸ ਕਰ ਰਹੇ ਹਨ ਕਿ ਇਸ ਸਰਕਾਰ ਨੇ ਉਨ੍ਹਾਂ ਨੂੰ ਖਾਣ ਲਈ ਰੋਟੀ ਦਿਤੀ ਹੈ। ਇਸ ਸਰਕਾਰ ਨੇ ਫ਼ਰੀਡਮ ਫ਼ਾਈਟਰਜ਼ ਤੇ ਪਰ-ਉਪਕਾਰ ਕੀਤਾ ਹੈ। ਇਸ ਸਾਲ 700 ਫਰੀਡਮ ਫ਼ਾਈਟਰਜ਼ ਨੂੰ ਪੈਨਸ਼ਨਾਂ ਦਿਤੀਆਂ ਹਨ। ਇਨ੍ਹਾਂ ਨੂੰ ਪੈਨਸ਼ਨਾਂ ਦੇਣ ਦੇ ਨਾਲ ਨਾਲ ਉਹ ਲੋਕ ਜਿਹੜੇ ਬੁੱਢੇ ਹੋ ਚੁੱਕੇ ਹਨ ਅਤੇ ਜਿਨਾਂ ਦਾ ਕੋਈ ਸਹਾਰਾ ਨਹੀਂ ਅਤੇ ਉਮਰ 65 ਸਾਲ ਹੋ ਗਈ, ਖਾਸ ਕਰਕੇ ਔਰਤਾਂ ਦੀ ਜਿਨਾਂ ਦਾ ਕੋਈ ਬੱਚਾ ਨਹੀ ਉਨਾਂ ਨੂੰ ਕਮਾ ਕੇ ਖਲਾਉਣ ਵਾਲਾ, ਸਾਡੀ ਸਰਕਾਰ ਨੇ ਉਨ੍ਹਾਂ ਨੂੰ ਪੈਨਸ਼ਨਾਂ ਦਿਤੀਆਂ। ਸਾਡੀ ਮਨਿਸਟਰ ਸਾਹਿਬਾ, ਬੀਬੀ ਸਰਲਾ ਪਰਾਸ਼ਰ ਨੇ ਥਾਂ ਥਾਂ ਤੇ ਜਾ ਕੇ ਕੈਂਪ ਲਾਏ ਅਤੇ ਉਥੇ ਹੀ ਜਾ ਕੇ ਐਲਾਨ ਕੀਤਾ ਅਤੇ ਬਿਨਾ ਰੈਡਟੇਪਇਜ਼ਮ ਦੇ ਉਥੇ ਹੀ ਅਰਜ਼ੀਆ ਲੈ ਕੇ ਫੈਸਲਾ ਕਰ ਦਿੱਤਾ ਕਿ ਇਨ੍ਹਾਂ ਦੀ ਪੈਨਸ਼ਨ ਲਾਈ ਜਾਂਦੀ ਹੈ।

10.28 A. M. (ਇਸ ਸਮੇਂ ਸ੍ਰੀ ਸਰਦਾਰੀ ਲਾਲ ਕਪੂਰ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਚੇਅਰਮੈਨ ਸਾਹਿਬ, ਮੈਂ ਸਮਝਦਾ ਹਾਂ ਇਸ ਦੇ ਨਾਲ ਸਾਡੀ ਸਰਕਾਰ ਦਾ ਸਿਰ ਉਚਾ ਹੋਇਆ ਹੈ। ਜਿਥੇ ਸਾਡੀ ਜੰਤਾ ਨੂੰ, ਸਟੇਟ ਨੂੰ ਉਚਾ ਲਿਜਾਣ ਲਈ ਸੋਸ਼ਲ ਗੱਲਾਂ ਕੀਤੀਆਂ ਹਨ ਉਥੇ ਹੋਰ ਵੀ ਕਈ ਸਟੈਪਸ ਲਏ ਹਨ। ਸਾਡੀ ਸਟੇਟ ਐਗਰੀਕਲਚਰਲ ਸਟੇਟ ਹੈ ਸਾਡੀ ਸਟੇਟ ਦੀ ਅਕਾਨੋਮੀ ਐਗਰੀਕਲਚਰ ਤੇ ਨਿਰਭਰ ਹੈ। ਜਿਥੇ ਐਗਰੀਕਲਚਰ ਦੇ ਖੇਤਰ ਵਿਚ ਸਾਡੇ ਮਨਿਸਟਰ ਸਾਹਿਬ ਨੇ ਕੋਸ਼ਿਸ਼ ਕਰਕੇ ਤਰੱਕੀ ਕੀਤੀ ਹੈ ਉਥੇ ਸਾਡੀ ਸਟੇਟ ਨੇ ਹੋਰ ਗੱਲਾਂ ਵਿਚ ਵੀ ਤਰੱਕੀ ਕੀਤੀ ਹੈ। ਜੇ ਆਂਕੜੇ ਦੇਖੇ ਜਾਣ ਤਾਂ ਪਤਾ ਲਗਦਾ ਹੈ ਕਿ 15 ਲੱਖ ਟਨ ਕਣਕ ਅਸੀਂ ਬਾਹਰਲੇ ਸੂਬਿਆਂ ਨੂੰ ਦਿਤੀ ਹੈ। ਸਾਡਾ ਸੂਬਾ ਜਿਹੜਾ ਹੈ ਉਹ ਦੂਸਰੇ ਸੂਬਿਆਂ ਨੂੰ ਰੋਟੀ ਖਿਲਾਉਂਦਾ ਹੈ। ਮੈਂ ਦਾਅਵੇ ਨਾਲ ਕਹਿੰਦਾ ਹਾਂ ਜੇਕਰ ਹੋਰ ਫੈਸਿਲੀਟੀਜ਼ ਦਿਤੀਆਂ ਜਾਣ ਤਾਂ ਅਸੀਂ ਸਾਰੇ ਹਿੰਦੁਸਤਾਨ ਨੂੰ ਅਨਾਜ ਦੇ ਸਕਦੇ ਹਾਂ। ਬਿਜਲੀ ਦਾ ਮਸਲਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੇਅੰਤ ਸਿੰਘ]

ਸੀ, ਪਿਛਲੇ ਸਾਲਾਂ ਵਿਚ ਬੜਾ ਭਾਰੀ ਸੰਕਟ ਆਇਆ । ਹੁਣ ਉਹ ਸੰਕਟ ਦੂਰ ਹੋ ਚੁਕਾ ਹੈ । ਇਹ ਇਸ ਸਰਕਾਰ ਦੀਆਂ ਕੋਸ਼ਿਸ਼ਾਂ ਦਾ ਨਤੀਜਾ ਹੈ, ਸਰਕਾਰ ਨੇ ਬੜੇ ਸਟੈਪਸ ਲਏ ਅਤੇ ਬਠਿੰਡਾ ਵਿਚ ਥਰਮਲ ਪਲਾਂਟ ਜਿਹੜਾ ਕਿ ਚਾਲੂ ਨਹੀਂ ਸੀ ਹੋਇਆ ਅਤੇ ਬਿਜਲੀ ਦੀ ਕਮੀ ਸੀ ਉਸ ਨੂੰ ਚਾਲੂ ਕੀਤੀ ਅਤੇ ਬਿਜਲੀ ਦਾ ਸੰਕਟ ਦੂਰ ਕੀਤਾ । ਜਿਥੇ ਇਨਸਾਨ ਕੰਮ ਕਰਦਾ ਹੈ ਉਥੇ ਕੁਦਰਤ ਵੀ ਉਸ ਦਾ ਸਾਥ ਦਿੰਦੀ ਹੈ । ਬਿਜਲੀ ਨਾ ਹੋਣ ਕਰਕੇ ਸਾਡੇ ਟਿਊਬਵੈਲ ਬੰਦ ਰਹਿੰਦੇ ਸਨ । ਅੱਜ ਬੜੀ ਖੁਸ਼ੀ ਦੀ ਗੱਲ ਹੈ ਕਿ ਮੀਂਹ ਪਿਆ ਹੈ । ਇਸ ਦੇ ਨਾਲ ਕਣਕ ਦੀ ਉਪਜ ਵਿਚ ਇਜ਼ਾਫਾ ਹੋਵੇਗਾ । ਮੈਂ ਅਰਜ਼ ਕਰਾਂ ਕਿ ਪਿਛਲੇ ਸਾਲ ਵਿਚ ਕੀਮਤ ਥੋੜੀ ਜਿਹੀ ਘੱਟ ਰਹੀ ਅਤੇ ਸਾਡੇ ਜ਼ਿਮੀਂਦਾਰ ਨੂੰ ਘਾਟਾ ਰਿਹਾ ਹੈ । ਜ਼ਿਮੀਦਾਰਾਂ ਨੂੰ ਅਸਲ ਕੀਮਤ ਮਿਲਣੀ ਚਾਹੀਦੀ ਹੈ । ਮੱਕੀ ਝੋਨਾ ਦੀ ਕੀਮਤ ਮਿਲਣੀ ਚਾਹੀਦੀ ਹੈ । ਸਾਡੇ ਚੀਫ ਮਨਿਸਟਰ ਸਾਹਿਬ ਨੇ ਪ੍ਰਾਈਸ ਕਮਿਸ਼ਨ ਦੇ ਸਾਹਮਣੇ ਅਤੇ ਸੈਂਟਰਲ ਸਰਕਾਰ ਦੇ ਸਾਹਮਣੇ ਰੌਲਾ ਪਾਇਆ ਕਿ ਸਾਡੀ ਕਣਕ ਦੀ ਕੀਮਤ ਵਧਣੀ ਚਾਹੀਦੀ ਹੈ, ਮੱਕੀ ਦੀ ਕੀਮਤ ਵਧਣੀ ਚਾਹੀਦੀ ਹੈ, ਜ਼ੋਨ ਖੁਲ੍ਹਣੇ ਚਾਹੀਦੇ ਹਨ ਜਿਥੇ ਸਾਡੀ ਮਰਜ਼ੀ ਹੋਵੇ ਜਾ ਕੇ ਕਣਕ ਅਤੇ ਜਿਨਸ ਵੇਚੀ ਜਾ ਸਕੇ । ਚੇਅਰਮੈਨ ਸਾਹਿਬ, ਜ਼ਿਮੀਂਦਾਰ ਜਿਹੜੀਆਂ ਵੀ ਚੀਜ਼ਾਂ ਵਰਤਦਾ ਹੈ, ਜਿਵੇਂ ਇਨਪੁੱਟਸ ਫਰਟੇਲਾਈਜ਼ਰ ਹਨ, ਡੀਜ਼ਲ ਹੈ, ਟਰੈਕਟਰ ਹੈ, ਇਨ੍ਹਾਂ ਦੀ ਕੀਮਤ ਖਾਸ ਕਰਕੇ ਵੱਧਦੀ ਗਈ ਹੈ ਪਰ ਕਣਕ ਦਾ ਭਾਅ ਉਥੇ ਹੀ ਰਿਹਾ । ਇਸ ਗੱਲ ਦੇ ਨਾਲ ਜ਼ਿਮੀਂਦਾਰ ਨੂੰ ਥੋੜੀ ਬਹੁਤ ਪ੍ਰੇਸ਼ਾਨੀ ਜ਼ਰੂਰ ਹੈ । ਹੁਣ ਫਰਟੇਲਾਈਜ਼ਰ ਦੀ ਕੀਮਤ ਘੱਟ ਗਈ ਹੈ । ਇਹ ਉਦੋਂ ਘਟੀ ਹੈ ਜਿਸ ਵੇਲੇ ਅਸੀਂ ਕਣਕ ਬੀਜ ਚੁਕੇ ਸੀ । ਦਰਅਸਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸੈਂਟਰ ਵਿੱਚ ਵੀ ਅਤੇ ਐਗਰੀਕਲਚਰਲ ਪ੍ਰਾਈਸ ਕਮਿਸ਼ਨ ਵਿੱਚ ਵੀ ਐਸੇ ਬੰਦੇ ਬੈਠੇ ਹਨ ਜਿਨ੍ਹਾਂ ਨੂੰ ਐਗਰੀਕਲਚਰ ਦੀ ਕੋਈ ਵਾਕਫੀਅਤ ਨਹੀਂ । ਜਦੋਂ ਫਰਟੇਲਾਈਜ਼ਰ ਦਾ ਭਾਅ ਘੱਟਿਆ ਉਦੋਂ ਅਸੀਂ ਆਪਣੀ ਕਣਕ ਬੀਜ ਚੁਕੇ ਸੀ । ਸਾਡੇ ਜ਼ਿਲ੍ਹੇ ਵਿੱਚ, ਲੁਧਿਆਣੇ ਜ਼ਿਲੇ ਵਿੱਚ, ਜਿਹੜਾ ਕਿ ਪੰਜਾਬ ਦੀ ਬੈਕ ਬੋਨ ਹੈ, ਜਿਥੇ ਸਾਰੇ ਸੂਬਿਆਂ ਨਾਲੋਂ ਵੱਧ ਕਣਕ ਪੈਦਾ ਹੁੰਦੀ ਹੈ, ਉਸ ਜ਼ਿਲ੍ਹੇ ਵਿੱਚ ਫਰਟੇਲਾਈਜ਼ਰ ਦੀ ਕੋਈ ਕਮੀ ਨਹੀਂ ਰਹੀ । ਲੇਕਿਨ ਇਹ ਗੱਲ ਠੀਕ ਹੈ ਕਿ ਫਰਟੇਲਾਈਜ਼ਰ ਦਾ ਭਾਅ ਜ਼ਿਆਦਾ ਸੀ । ਜ਼ਿਮੀਦਾਰ ਫਰਟੇਲਾਈਜ਼ਰ ਖਰੀਦਣ ਵਾਸਤੇ ਤਿਆਰ ਨਹੀਂ ਸੀ । ਲੁਧਿਆਣੇ ਜ਼ਿਲ੍ਹੇ ਵਿੱਚ ਜ਼ਿਮੀਦਾਰਾਂ ਨੂੰ ਫਰਟੇਲਾਈਜ਼ਰ ਤਾਂ ਮਿਲਦਾ ਰਿਹਾ ਹੈ ਪਰ ਦੁੱਖ ਦੀ ਗੱਲ ਇਹ ਹੈ ਕਿ ਜਦੋਂ ਜ਼ਿਮੀਂਦਾਰ ਫਰਟੇਲਾਈਜ਼ਰ ਖਰੀਦ ਕੇ ਫਸਲਾਂ ਵਿੱਚ ਪਾ ਚੁਕਿਆ ਸੀ ਤਾਂ ਇਸਦਾ ਭਾਅ ਘੱਟਿਆ ਹੈ । ਮੈਂ ਆਪ ਜੀ ਦੀ ਮਾਰਫਤ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਫਰਟੇਲਾਈਜ਼ਰ ਦਾ ਭਾਅ ਪਿਛਲੀ ਡੇਟ ਤੋਂ ਘਟਾਓ ਜਦੋਂ ਕਿ ਜ਼ਿਮੀਦਾਰ ਨੇ ਖਰੀਦਿਆ ਸੀ ਆਪਣੀ ਕਣਕ ਵਿੱਚ ਪਾਉਣ ਲਈ । ਉਸ ਡੇਟ ਤੋਂ ਫਰਟੇਲਾਈਜ਼ਰ ਦਾ ਭਾਅ ਘੱਟਣਾ ਚਾਹੀਦਾ ਹੈ ਤਾਕਿ ਜ਼ਿਮੀਦਾਰਾਂ ਨੂੰ ਕੁਝ ਰਾਹਤ ਮਿਲੇ । ਚੇਅਰਮੈਨ ਸਾਹਿਬ, ਮੈਂ ਚੀਫ ਮਨਿਸਟਰ ਸਾਹਿਬ, ਇਰੀਗੇਸ਼ਨ ਅਤੇ ਪਾਵਰ ਮਨਿਸਟਰ ਸਾਹਿਬ ਅਤੇ ਡਿਪਟੀ ਇਰੀਗੇਸ਼ਨ ਅਤੇ ਪਾਵਰ ਮਨਿਸਟਰ ਸਾਹਿਬ ਨੂੰ ਵਧਾਈ ਦਿਦਾ ਹਾਂ ਕਿ ਇਨ੍ਹਾਂ ਨੇ ਸ਼ੇਖ ਅਬਦੁਲੇ ਨਾਲ ਥੀਨ ਡੈਮ ਦਾ ਫੈਸਲਾ ਕੀਤਾ ਹੈ । ਇਹ ਬਹੁਤ ਭਾਰੀ ਮਸਲਾ ਸੀ ਅਤੇ ਜੇ ਇਹ ਪਹਿਲਾਂ ਸੁਲਝ ਜਾਂਦਾ ਤਾਂ ਇਸਦੇ ਬਣਨ ਤੇ ਘੱਟ ਲਾਗਤ ਆਉਣੀ ਸੀ । ਹੁਣ ਇਸ ਤੇ 2 ਅਰਬ ਰੁਪਿਆ ਲਗਣਾ ਹੈ । ਮੈਂ ਸਮਝਦਾ ਹਾਂ ਕਿ ਇਹ ਸਰਕਾਰ ਵਧਾਈ ਦੀ ਪਾਤਰ ਹੈ ਕਿਉਂਕਿ ਥੀਨ ਡੈਮ ਬਣਾਉਣ ਵਾਸਤੇ ਇਹ 2 ਅਰਬ ਰੁਪਿਆ ਵੀ ਖਰਚਣ ਵਾਸਤੇ ਤਿਆਰ ਹੈ । ਥੀਨ ਡੈਮ ਬਣਨ ਨਾਲ ਪਾਵਰ ਦੀ ਕੋਈ

Original with;
Punjab Vidhan Sabha
Digitized by;
Panjab Digital Library

ਕਮੀ ਨਹੀਂ ਰਹਿਣੀ । ਜਿਹੜੀ ਮਾਰੂ ਜ਼ਮੀਨ ਹੈ, ਜਿਥੇ ਲੋਕ ਬਾਰਸ਼ ਲਈ ਅੱਖਾਂ ਚੁੱਕ ਚੁੱਕ ਕੇ ਵੇਖਦੇ ਹਨ, ਥੀਨ ਡੈਮ ਬਣਨ ਨਾਲ ਇਤਨੀ ਪਾਵਰ ਪੈਦਾ ਹੋਵੇਗੀ ਕਿ ਜ਼ਮੀਨ ਦਾ ਹਰ ਇੱਕ ਇੰਚ ਸਿੰਜਿਆ ਜਾਵੇਗਾ । ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਇਨ੍ਹਾਂ ਜ਼ਿਮੀਂਦਾਰਾਂ ਨੂੰ ਉਤਸ਼ਾਹ ਦੇਈਏ । ਉਤਸ਼ਾਹ ਇਸ ਤਰੀਕੇ ਨਾਲ ਦਿੱਤਾ ਜਾ ਸਕਦਾ ਹੈ ਜੇ ਅਸੀਂ ਕਣਕ ਦੀ ਕੀਮਤ, ਮੱਕੀ ਦੀ ਕੀਮਤ, ਛੋਲੇ ਦੀ ਕੀਮਤ ਅਤੇ ਹੋਰ ਜਿਹੜੀਆਂ ਚੀਜ਼ਾਂ ਕਿਸਾਨ ਬੀਜਦਾ ਹੈ ਉਨ੍ਹਾਂ ਦੀ ਕੀਮਤ ਠੀਕ ਤਰੀਕੇ ਨਾਲ ਮੁਕੱਰਰ ਕਰਾਈਏ । ਇਸ ਨਾਲ ਜ਼ਿਮੀਂਦਾਰ ਨੂੰ ਮੁਨਾਸਿਬ ਮੁਨਾਫਾ ਹੋਵੇ । ਜ਼ਿਮੀਂਦਾਰ ਕੋਈ ਇਤਨਾ ਮੁਨਾਫਾ ਨਹੀਂ ਕਮਾਉਣਾ ਚਾਹੁੰਦਾ ਜਿਤਨਾ ਕਿ ਇੱਕ ਬਲੈਕ ਮਾਰਕੀਟੀਆ ਕਮਾਉਂਦਾ ਹੈ । ਮਿਡਲਮੈਨ ਨੂੰ ਇਲੀਮੀਨੇਟ ਕਰਨ ਦੀ ਸਾਡੀ ਸਰਕਾਰ ਨੇ ਕੋਸ਼ਿਸ਼ ਕੀਤੀ ਹੈ । ਇਹ ਇਲੀਮੀਨੇਟ ਹੋਣੇ ਚਾਹੀਦੇ ਹਨ । ਕਲ੍ਹ ਇਥੇ ਮਾਸਟਰ ਜੀ ਨੇ ਆਪਣਾ ਬਿਆਨ ਦਿਤਾ ਸੀ ਕਿ ਆਲੂਆਂ ਦਾ ਭਾਅ ਅਸੀਂ 48 ਰੁਪਏ ਕੁਇੰਟਲ ਕਰ ਦਿੱਤਾ ਹੈ । ਇਹ ਬੜੀ ਚੰਗੀ ਗੱਲ ਹੈ । ਜਲੰਧਰ ਅਤੇ ਲੁਧਿਆਣੇ ਦੇ ਆਲੇ ਦਆਲੇ ਦੇ ਇਲਾਕੇ ਵਿਚ ਜਿਥੇ ਕਿ ਆਲੂ ਬਹੁਤ ਪੈਦਾ ਹੁੰਦੇ ਹਨ, ਉਨ੍ਹਾਂ ਲੋਕਾਂ ਨੂੰ ਬੜੀ ਰਾਹਤ ਮਿਲੇਗੀ । ਜੇ ਕਿਸੇ ਬਾਹਰਲੇ ਮੁਲਕ ਵਿਚ ਜ਼ਿਮੀਂਦਾਰ ਇਤਨਾ ਜ਼ਿਆਦਾ ਆਲੂ ਪੈਦਾ ਕਰਦੇ ਹੁੰਦੇ ਤਾਂ ਉਨ੍ਹਾਂ ਨੂੰ ਇਨਾਮ ਮਿਲਣਾ ਸੀ । ਲੇਕਿਨ ਇਥੇ ਕੀ ਹਾਲ ਰਿਹਾ ਹੈ । ਪਰ ਫਿਰ ਵੀ ਸਾਡੀ ਸਰਕਾਰ ਨੇ ਸਟੈਪਸ ਲਏ ਹਨ । ਜਿਹੜਾ ਆਲੂਆਂ ਦੇ ਭਾਅ ਬਾਰੇ ਕਲ੍ਹ ਇਥੇ ਐਲਾਨ ਹੋਇਆ ਹੈ ਇਸ ਨਾਲ ਜ਼ਿਮੀਂਦਾਰਾਂ ਨੂੰ ਐਨਕਰਜਮੈਂਟ ਮਿਲੇਗੀ । ਗੰਨੇ ਦਾ ਭਾਅ 14 ਰੁਪਏ 75 ਪੈਸੇ ਮੁਕੱਰਰ ਕਰਕੇ ਸਾਡੇ ਸੂਬੇ ਨੇ ਬਾਕੀ ਦੇ ਸੂਬਿਆਂ ਨਾਲੋਂ ਲੀਡ ਲਈ ਹੈ । ਲੇਕਿਨ ਮੈਂ ਇਸਦੇ ਨਾਲ ਨਾਲ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੀਆਂ ਸੂਗਰ ਮਿੱਲਾਂ ਕੁਆਪਰੇਟਿਵ ਸੈਕਟਰ ਵਿਚ ਹਨ ਉਹ ਤਾਂ ਗੰਨਾ ਖਰੀਦਣਗੀਆਂ ਕਿਉਂਕਿ ਉਥੇ ਤਾਂ ਸਰਕਾਰ ਦਾ ਡੰਡਾ ਹੈ । ਜਿਹੜਾ ਇੱਕ ਰੁਪਿਆ ਹਿੱਸੇਦਾਰੀ ਦਾ ਕੀਤਾ ਹੈ 35 ਪੈਸੇ ਤੋਂ ਵਧਾਕੇ ਇਹ ਠੀਕ ਨਹੀਂ ਹੈ । ਜੇ ਇਹ 50 ਪੈਸੇ ਕਰ ਦਿੰਦੇ ਤਾਂ ਬਹੁਤ ਹੀ ਚੰਗੀ ਗੱਲ ਸੀ । ਗੰਨਾ ਬਹੁਤ ਜ਼ਿਆਦਾ ਮਿਕਦਾਰ ਵਿਚ ਪੈਦਾ ਹੋ ਰਿਹਾ ਹੈ । ਇਹ ਕੋਈ ਮਾੜੀ ਗੱਲ ਨਹੀਂ । ਅਗਰ ਕੋਈ ਚੀਜ਼ ਜ਼ਿਆਦਾ ਪੈਦਾ ਕੀਤੀ ਜਾਂਦੀ ਹੈ ਤਾਂ ਕੋਈ ਮਾੜੀ ਗੱਲ ਨਹੀਂ । ਸਰਕਾਰ ਦਾ ਫਰਜ਼ ਬਣ ਜਾਂਦਾ ਹੈ ਕਿ ਉਸ ਚੀਜ਼ ਨੂੰ ਮਾਰਕਿਟ ਵਿੱਚੋਂ ਚੁਕੇ, ਉਸਦੀ ਸਹੀ ਕੀਮਤ ਜ਼ਿਮੀਂਦਾਰਾਂ ਨੂੰ ਦਿਵਾਏ । ਅਸੀਂ ਖੰਡ ਦੂਜੇ ਦੇਸ਼ਾਂ ਨੂੰ ਐਕਸਪੋਰਟ ਕਰਦੇ ਹਾਂ ਅਤੇ ਫਾਰਨ ਐਕਸਚੇਂਜ ਕਮਾਉਂਦੇ ਹਾਂ । ਮੈਂ ਅਰਜ਼ ਕਰਾਂਗਾ ਕਿ ਸਾਡੇ ਇਲਾਕੇ ਵਿੱਚ ਕੋਈ ਸੂਗਰ ਮਿੱਲ ਨਹੀਂ ਹੈ । ਸਭ ਨੂੰ ਪਤਾ ਹੈ ਕਿ ਲੁਧਿਆਣੇ ਜ਼ਿਲ੍ਹੇ ਵਿੱਚ ਗੰਨਾ ਬਹੁਤ ਜ਼ਿਆਦਾ ਪੈਦਾ ਹੁੰਦਾ ਹੈ। ਸਮਰਾਲੇ ਦੇ ਇਲਾਕੇ ਵਿੱਚ ਬਹੁਤ ਹੀ ਗੰਨਾ ਲਗਿਆ ਹੋਇਆ ਹੈ । ਦੁਰਾਹੇ ਦੇ ਇਲਾਕੇ ਵਿੱਚ ਖੰਨੇ ਦੇ ਇਲਾਕੇ ਵਿੱਚ ਜੇ ਕਿਸੇ ਜ਼ਿਮੀਂਦਾਰ ਕੋਲ 5 ਏਕੜ ਜ਼ਮੀਨ ਹੈ ਤਾਂ ਉਸਨੇ 1 ਏਕੜ ਜ਼ਰੂਰ ਗੰਨਾ ਲਾਇਆ ਹੋਇਆ ਹੈ । ਸਾਡੇ ਜ਼ਿਲ੍ਹੇ ਦਾ ਜਿਹੜਾ ਗੰਨਾ ਹੈ ਉਹ ਜ਼ਿਮੀਂਦਾਰ ਨਵੇਂ ਸ਼ਹਿਰ ਲੈ ਕੇ ਜਾਂਦਾ ਹੈ । ਨਵਾਂ ਸ਼ਹਿਰ ਵੀ ਬਹੁਤ ਦੂਰ ਪੈਂਦਾ ਹੈ ਅਤੇ ਧੂਰੀ ਵੀ ਕਾਫੀ ਦੂਰ ਪੈਂਦਾ ਹੈ । ਉਹ ਗੰਨਾ ਨਖਰੇ ਨਾਲ ਲੈਂਦੇ ਹਨ । ਜਦੋਂ ਗੰਨਾ ਘੱਟ ਪੈਦਾ ਹੁੰਦਾ ਹੈ ਤਾਂ ਉਹ ਕੰਡਾ ਲੈ ਕੇ ਆ ਜਾਂਦੇ ਹਨ । ਜਦੋਂ ਗੰਨਾ ਗੇਟ ਉਤੇ ਜ਼ਿਆਦਾ ਆਉਂਦਾ ਹੈ ਤਾਂ ਕਹਿੰਦੇ ਹਨ ਕਿ ਅਸੀਂ ਗੰਨਾ ਨਹੀਂ ਲੈਣਾ । ਤੁਸੀਂ ਇਸ ਦਾ ਗੁੜ ਕਢ ਲਓ ਜਾਂ ਜੋ ਮਰਜ਼ੀ ਕਰੋ । ਮੈਂ ਚੇਅਰਮੈਨ ਸਾਹਿਬ ਤੁਹਾਡੀ ਮਾਰਫਤ ਅਰਜ਼ ਕਰਾਂਗਾ ਕਿ ਸਾਡੇ ਸੂਬੇ ਵਿਚ ਸੂਗਰ ਮਿਲਜ਼ ਹੋਰ ਲਗਣੀਆਂ ਚਾਹੀਦੀਆਂ ਹਨ । ਇਹ ਕਹਿੰਦੇ ਹਨ ਕਿ ਉਸਦੀ ਰਿਕਵਰੀ ਬੜੀ ਘੱਟ ਹੁੰਦੀ ਹੈ । ਮੈਂ ਸਮਝਦਾ ਹਾਂ ਕਿ ਰਿਕਵਰੀ ਘੱਟ ਹੋਵੇਗੀ ਪਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੇਅੰਤ ਸਿੰਘ]

ਜੇ ਚੰਗੀ ਨਸਲ ਦਾ ਗੰਨਾ ਇਥੇ ਬੀਜਿਆ ਜਾਵੇ ਅਤੇ ਐਗਰੀਕਲਚਰ ਦੇ ਜਿਹੜੇ ਮਾਹਰੀਨ ਹਨ, ਐਕਸਪਰਟ ਹਨ, ਉਨ੍ਹਾਂ ਦੀ ਰਾਏ ਲਈ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਕੋਈ ਵਜ੍ਹਾ ਨਹੀਂ ਕਿ ਸਾਡੀ ਰਿਕਵਰੀ ਘੱਟ ਰਹੇ। ਰਿਕਵਰੀ ਪੂਰੀ ਹੋਵੇਗੀ। ਅਸੀਂ ਹਰ ਗੱਲ ਵਿਚ ਦੂਜੇ ਸੂਬਿਆਂ ਨਾਲੋਂ ਅੱਗੇ ਹਾਂ। ਅਸੀਂ ਇਸ ਪੱਖ ਵਿਚ ਵੀ ਉਨ੍ਹਾਂ ਨਾਲ ਟਾਕਰਾ ਕਰਾਂਗੇ। ਮੈਂ ਅਰਜ਼ ਕਰਾਂਗਾ ਕਿ ਸ਼ੂਗਰ ਮਿੱਲ ਲਾਉਣ ਦੇ ਲਾਈਸੈਂਸ ਲੈ ਕੇ ਇੱਕ ਸ਼ੂਗਰ ਮਿੱਲ ਸਾਡੇ ਜ਼ਿਲ੍ਹੇ ਵਿਚ ਜ਼ਰੂਰ ਲਾਉਣ। ਜਿਥੇ ਜਿਥੇ ਗੰਨਾ ਜ਼ਿਆਦਾ ਹੁੰਦਾ ਹੈ ਉਥੇ ਵੀ ਦੋ ਤਿੰਨ ਹੋਰ ਮਿੱਲਾਂ ਲਾਉਣੀਆਂ ਚਾਹੀਦੀਆਂ ਹਨ। ਜੇ ਇਥੇ ਗੰਨਾ ਜ਼ਿਆਦਾ ਹੋਵੇਗਾ, ਮਿੱਲਾਂ ਜ਼ਿਆਦਾ ਹੋਣਗੀਆਂ ਤਾਂ ਖੰਡ ਜ਼ਿਆਦਾ ਬਣੇਗੀ। ਅਸੀਂ ਖੰਡ ਐਕਸਪੋਰਟ ਕਰਦੇ ਹਾਂ ਅਤੇ ਜ਼ਿਆਦਾ ਖੰਡ ਐਕਸਪੋਰਟ ਕਰਕੇ ਅਸੀਂ ਜ਼ਿਆਦਾ ਫਾਰਨ ਐਕਸਚੇਂਜ ਦੇਸ਼ ਲਈ ਕਮਾ ਸਕਦੇ ਹਾਂ। ਚੇਅਰਮੈਨ ਸਾਹਿਬ, ਜਦੋਂ ਬਾਬੂ ਜਗਜੀਵਨ ਰਾਮ ਨੇ ਇਹ ਮਹਿਕਮਾ ਸੰਭਾਲਿਆ ਤਾਂ ਇਸ ਵਿਚ ਬੜੀ ਤਰੱਕੀ ਹੋਈ ਹੈ। ਉਹ ਲੁਧਿਆਣੇ ਆਏ ਅਤੇ ਉਨ੍ਹਾਂ ਨੇ ਕਿਹਾ ਕਿ ਫਰਟੇਲਾਈਜ਼ਰ ਦਾ ਭਾਅ ਜ਼ਿਆਦਾ ਇਸ ਲਈ ਨਹੀਂ ਘਟਾਇਆ ਜਾ ਸਕਦਾ ਕਿਉਂਕਿ ਨੈਪਥਾ ਬਾਹਰੋਂ ਮੰਗਵਾਉਣਾ ਪੈਂਦਾ ਹੈ। ਲੇਕਿਨ ਟਰੈਕਟਰ ਦੀ ਕੀਮਤ ਨੂੰ ਹੋਰ ਨਹੀਂ ਵਧਾਇਆ ਜਾਵੇਗਾ। ਮੈਂ ਅਰਜ਼ ਕਰਾਂਗਾ ਟਰੈਕਟਰਾਂ ਦੀ ਕੀਮਤ ਪੰਜ ਸੱਤ ਹਜ਼ਾਰ ਹੋਰ ਵੱਧ ਗਈ ਹੈ। ਹੁਣ ਟਰੈਕਟਰ ਦੀ ਕੀਮਤ 63, 64 ਹਜ਼ਾਰ ਹੈ ਅਤੇ ਜੇ ਇਸ ਭਾਅ ਤੇ ਜ਼ਿਮੀਂਦਾਰ ਨੂੰ ਟਰੈਕਟਰ ਖਰੀਦਣਾ ਪਿਆ ਤਾਂ ਉਨ੍ਹਾਂ ਨੂੰ ਬਹੁਤ ਨੁਕਸਾਨ ਹੋਵੇਗਾ। ਜਦੋਂ ਦਾ ਅਸੀਂ $17\frac{1}{2}$ ਏਕੜ ਦਾ ਕਾਨੂੰਨ ਪਾਸ ਕੀਤਾ ਹੁਣ ਕੋਈ ਵੱਡਾ ਜ਼ਿਮੀਂਦਾਰ ਤਾਂ ਰਿਹਾ ਨਹੀਂ ਜਿਹੜਾ ਕਿ 63, 64 ਹਜ਼ਾਰ ਦਾ ਟਰੈਕਟਰ ਖਰੀਦ ਸਕੇ। ਇਸ ਤਰ੍ਹਾਂ ਨਾਲ ਇਹ ਟਰੈਕਟਰ ਵਿਕਣੇ ਵੀ ਔਖੇ ਹਨ। ਟਰੈਕਟਰ ਦੀ ਕੀਮਤ ਜ਼ਰੂਰ ਘਟਾਉਣੀ ਚਾਹੀਦੀ ਹੈ। ਚੇਅਰਮੈਨ ਸਾਹਿਬ, ਸਾਡੇ ਸੂਬੇ ਵਿਚ ਇੰਡਸਟਰੀ ਨੇ ਕਾਫ਼ੀ ਤਰੱਕੀ ਕੀਤੀ ਹੈ। ਸਾਡੀ ਸੈਂਟਰ ਦੀ ਸਰਕਾਰ ਇਥੇ ਇੰਡਸਟਰੀ ਲਾਉਣਾ ਚਾਹੁੰਦੀ ਸੀ ਲੇਕਿਨ ਇਥੇ ਜਿਹੜੀਆਂ ਆਪੋਜ਼ੀਸ਼ਨ ਦੀਆਂ ਸਰਕਾਰਾਂ ਸਨ ਉਹ ਇਹ ਪਲਾਂਟ ਨਹੀਂ ਲਗਾਉਣਾ ਚਾਹੁੰਦੇ ਸੀ। ਮੈਨੂੰ ਸ਼ਰਮ ਆਉਂਦੀ ਹੈ ਇਹ ਕਹਿੰਦੇ ਹੋਏ ਕਿ ਸਾਡੇ ਉਸ ਵੇਲੇ ਦੇ ਚੀਫ਼ ਮਨਿਸਟਰ ਨੇ ਪੋਲੀਅਸਟਰ ਦਾ ਪਲਾਂਟ ਇਥੇ ਲਾਉਣ ਤੋਂ ਨਾਂਹ ਕਰ ਦਿੱਤੀ ਅਤੇ ਸਾਰੀ ਸਟੇਟ ਦੀ ਇੰਡਸਟਰੀ ਦਾ ਸਤਿਆਨਾਸ ਕਰ ਦਿੱਤਾ। ਉਹ ਪਲਾਂਟ ਸਾਡੇ ਕੋਲੋਂ ਚਲਾ ਗਿਆ। ਇਹ ਸਰਕਾਰ ਮੁਬਾਰਕਬਾਦ ਦੀ ਹੱਕਦਾਰ ਹੈ ਕਿ ਪੰਜਾਬ ਵਿਚ ਬਹੁਤ ਭਾਰੀ ਇੰਡਸਟਰੀ ਲੱਗੀ ਹੈ। ਇੰਡਸਟਰੀ ਲਾਉਣ ਦੇ ਲੈਟਰ ਆਫ ਇੰਟੈਂਟਸ ਇਸ਼ੂ ਹੋਏ ਹਨ। ਮੁਹਾਲੀ ਨੂੰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦਾ ਨਾਂ ਦੇ ਕੇ ਹੋਰ ਵੀ ਸ਼ਲਾਘਾਯੋਗ ਕੰਮ ਕੀਤਾ ਹੈ। ਅੱਜ ਇੰਡਸਟਰੀਅਲਿਸਟ ਪੰਜਾਬ ਨੂੰ ਭੱਜਿਆ ਆਉਂਦਾ ਹੈ। ਸਾਨੂੰ ਉਨ੍ਹਾਂ ਨੂੰ ਹੋਰ ਐਨਕਰਜਮੈਂਟ ਦੇਣੀ ਚਾਹੀਦੀ ਹੈ ਤਾਂ ਕਿ ਹੋਰ ਜ਼ਿਆਦਾ ਇੰਡਸਟਰੀ ਇਸ ਸੂਬੇ ਵਿਚ ਲੱਗੇ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇੰਡਸਟਰੀ ਅਤੇ ਐਗਰੀਕਲਚਰ ਦਾ ਬੜਾ ਡੂੰਘਾ ਸਬੰਧ ਹੈ। ਮੱਕੀ ਤੋਂ ਸਟਾਰਚ ਬਣ ਸਕਦਾ ਹੈ। ਇਸੇ ਤਰ੍ਹਾਂ ਹੀ ਐਗਰੀਕਲਚਰ ਦੀਆਂ ਜਿਹੜੀਆਂ ਚੀਜ਼ਾਂ ਹਨ ਇਨ੍ਹਾਂ ਤੋਂ ਬਹੁਤ ਜ਼ਿਆਦਾ ਚੀਜ਼ਾਂ ਬਣਾਈਆਂ ਜਾ ਸਕਦੀਆਂ ਹਨ। ਇਸ ਵਾਸਤੇ ਇਥੇ ਇੰਡਸਟਰੀ ਲਾਉਣੀ ਚਾਹੀਦੀ ਹੈ। ਪਹਿਲਾਂ ਕੀ ਹੁੰਦਾ ਸੀ, ਜੇ ਮੱਕੀ ਜ਼ਿਆਦਾ ਪੈਦਾ ਹੁੰਦੀ ਸੀ ਤਾਂ ਖਾਣ ਲਈ ਰੱਖ ਲਈ ਜਾਂਦੀ ਸੀ ਜੇ ਕੁਝ ਬਚਦੀ ਸੀ ਤਾਂ ਵੇਸਟ ਜਾਂਦੀ ਸੀ। ਅਸੀਂ ਮੱਕੀ ਨੂੰ ਜੇ ਪਿਗਰੀ ਵਾਸਤੇ ਇਸਤੇਮਾਲ ਕਰੀਏ ਅਤੇ ਲੋਕਾਂ ਨੂੰ ਕਹੀਏ ਕਿ ਪਿਗਰੀ ਪਾਲੋ, ਸੂਰ ਪਾਲੋ, ਅਤੇ ਇਸ ਵਾਸਤੇ

Original with;
Punjab Vidhan Sabha
Digitized by;
Panjab Digital Library

ਕਾਰਖਾਨੇ ਲਾਏ ਜਾਣ ਅਤੇ ਸਾਰੀ ਇੰਡਸਟਰੀ ਐਗਰੀਕਲਚਰ ਬੇਸਡ ਹੋਵੇ ਤਾਂ ਮੈਂ ਸਮਝਦਾ ਹਾਂ ਕਿ ਇਸ ਨਾਲ ਸਾਡੀ ਐਗਰੀਕਲਚਰ ਵੀ ਬਹੁਤ ਤਰੱਕੀ ਕਰੇਗੀ ਅਤੇ ਇੰਡਸਟਰੀ ਵੀ ਤਰੱਕੀ ਕਰੇਗੀ। ਜੇ ਅਸੀਂ ਫਰਾਂਸ, ਰਸ਼ੀਆ ਅਤੇ ਇੰਗਲੈਂਡ ਦੀ ਹਿਸਟਰੀ ਪੜ੍ਹੀਏ ਤਾਂ ਪਤਾ ਲਗੇਗਾ ਕਿ ਉਥੇ ਇੰਡਸਟਰੀਅਲ ਅਤੇ ਐਗਰੀਕਲਚਰਲ ਰੈਵੋਲਿਊਸ਼ਨ ਦੋਵੇਂ ਇਕੱਠੇ ਆਏ। ਇਹ ਇਕੱਠੇ ਚਲਦੇ ਹਨ, ਸਾਈਡ-ਬਾਈ-ਸਾਈਡ ਚਲਦੇ ਹਨ, ਐਗਰੀਕਲਚਰ ਇਕੱਲੀ ਕਾਮਯਾਬ ਨਹੀਂ ਹੋ ਸਕਦੀ ਅਗਰ ਇੰਡਸਟਰੀ ਨਾਲ ਰਲ ਕੇ ਨਾ ਚਲੇ। ਇੰਡਸਟਰੀ ਦਾ ਮਹਿਕਮਾ ਚੀਫ ਮਨਿਸਟਰ ਸਾਹਿਬ ਕੋਲ ਹੀ ਹੈ। ਇਸ ਕਰਕੇ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇੰਡਸਟਰੀ ਇਸ ਤਰੀਕੇ ਨਾਲ ਲਗਾਉਣੀ ਚਾਹੀਦੀ ਹੈ ਤਾਂ ਕਿ ਫੂਡ ਦੀ ਪ੍ਰੋਡਕਸ਼ਨ ਵੀ ਵਧੇ। ਜਿਸ ਤਰ੍ਹਾਂ ਦੁੱਧ ਦੇ ਕੰਮ ਵਿਚ ਅਸੀਂ ਬਹੁਤ ਤਰੱਕੀ ਕੀਤੀ ਹੈ। ਕੈਪਟਨ ਰਤਨ ਸਿੰਘ ਜਦੋਂ ਐਗਰੀਕਲਚਰ ਦੇ ਮਨਿਸਟਰ ਸਨ ਤਾਂ ਉਨ੍ਹਾਂ ਨੇ ਇਕ ਫੀਡ ਦਾ ਕਾਰਖਾਨਾ ਖੰਨੇ ਵਿਚ ਕਾਇਮ ਕੀਤਾ, ਜਿਸ ਦੇ ਨਾਲ ਸਾਡੇ ਡੰਗਰਾਂ ਨੂੰ, ਗਾਂਵਾਂ ਨੂੰ, ਮੱਝਾਂ ਨੂੰ ਚੰਗੀ ਅਤੇ ਬੈਲੇਂਸਡ ਫੀਡ ਮਿਲਦੀ ਹੈ ਅਤੇ ਅਸੀਂ ਇਸ ਤਰ੍ਹਾਂ ਨਾਲ ਆਪਣੇ ਪਸ਼ੂਆਂ ਤੋਂ ਜ਼ਿਆਦਾ ਦੁੱਧ ਪੈਦਾ ਕਰ ਸਕਦੇ ਹਾਂ। ਅੱਜ ਇਸ ਕਾਰਨ ਪੰਜਾਬ ਵਿਚ ਦੁੱਧ ਦਾ ਹੜ੍ਹ ਆਇਆ ਹੋਇਆ ਹੈ। ਸਾਡੇ ਇਲਾਕੇ ਦੇ ਵਿਚ ਜਗ੍ਹਾ ਜਗ੍ਹਾ ਤੇ ਕੋਆਪਰੇਟਿਵ ਸੋਸਾਇਟੀਆਂ ਦੁੱਧ ਵੇਚਦੀਆਂ ਹਨ ਲੇਕਿਨ ਅਫਸੋਸ ਦੀ ਗੱਲ ਹੈ ਕਿ ਖੱਲ ਅਤੇ ਵੜੇਵੇਂ ਮਹਿੰਗੇ ਮਿਲਦੇ ਹਨ ਅਤੇ ਦੁੱਧ ਸਸਤਾ ਵਿਕਦਾ ਹੈ। ਇਸ ਕਰਕੇ ਇਸ ਸਰਕਾਰ ਨੂੰ ਹਾਈ-ਪਾਵਰਡ ਕਮੇਟੀ ਬਣਾਉਣੀ ਚਾਹੀਦੀ ਹੈ, ਜਿਹੜੀ ਕਿ ਇਸ ਚੀਜ਼ ਨੂੰ ਐਗਜ਼ਾਮਿਨ ਕਰੇ ਕਿ ਜ਼ਿਮੀਂਦਾਰ ਨੂੰ ਦੁੱਧ ਵਿਚ ਘਾਟਾ ਨਾ ਪਵੇ। ਕਈ ਦਫਾ ਸਰਕਾਰੀ ਕਾਰਪੋਰੇਸ਼ਨ ਵਲੋਂ ਜ਼ਿਮੀਂਦਾਰਾਂ ਨੂੰ ਪੇਮੈਂਟ ਨਹੀਂ ਹੁੰਦੀ, ਕਾਰਪੋਰੇਸ਼ਨ ਵਾਲੇ ਕਹਿੰਦੇ ਹਨ ਕਿ ਸਾਡੇ ਕੋਲ ਪੈਸਾ ਨਹੀਂ ਹੈ ਅਤੇ ਜ਼ਿਮੀਂਦਾਰ ਸਫਰ ਕਰਦਾ ਹੈ। ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ। ਜਿਸ ਤਰ੍ਹਾਂ ਗੁਜਰਾਤ ਵਿਚ ਦੁੱਧ ਦੀ ਤਰੱਕੀ ਹੋਈ ਹੈ, ਉਸ ਤਰ੍ਹਾਂ ਸਾਡੇ ਇਥੇ ਵੀ ਹੋਣਾ ਚਾਹੀਦਾ ਹੈ। ਅਗਰ ਅਸੀਂ ਅਮੂਲ ਮੱਖਣ ਲੈਕੇ ਬਰੇਕ ਫਾਸਟ ਕਰਦੇ ਹਾਂ ਤਾਂ ਸਾਡੇ ਇਥੇ ਵੀ ਮੱਖਣ ਤਿਆਰ ਹੋ ਸਕਦਾ ਹੈ। ਇਸ ਦੇ ਨਾਲ ਜਿਥੋਂ ਤਕ ਗਾਵਾਂ ਦਾ ਸੁਬੰਧ ਹੈ, ਅਸੀਂ ਬਾਹਰੋਂ ਇੰਪੋਰਟ ਕਰਦੇ ਹਾਂ ਅਤੇ ਬਾਹਰ ਦੀਆਂ ਚੰਗੀਆਂ ਨਸਲਾਂ ਦੇ ਪਸ਼ੂ ਇਸ ਵੇਲੇ ਕਿਸੇ ਕੋਲ 75% ਹਨ ਅਤੇ ਕਿਸੇ ਦੇ ਕੋਲ 50% ਹਨ ਪਰ ਫਿਰ ਵੀ ਅਸੀਂ ਇਸ ਕੰਮ ਵਿਚ ਅਜੇ ਤਕ ਪੂਰੀ ਤਰ੍ਹਾਂ ਕਾਮਯਾਬੀ ਹਾਸਲ ਨਹੀਂ ਕਰ ਸਕੇ ਅਤੇ ਸਰਕਾਰ ਨੂੰ ਇਸ ਪਾਸੇ ਪੂਰਾ ਧਿਆਨ ਦੇਣਾ ਚਾਹੀਦਾ ਹੈ। ਡੈਨਮਾਰਕ ਵਿਚ ਇਹ ਹਾਲਤ ਸੀ ਕਿ ਮੱਝਾਂ ਅਤੇ ਗਾਵਾਂ ਦਾ ਕਿਸੇ ਦਾ ਕਿੱਲੋ ਅਤੇ ਕਿਸੇ ਦਾ ਅੱਧਾ ਕਿੱਲੋ ਦੁੱਧ ਹੁੰਦਾ ਸੀ। ਉਨ੍ਹਾਂ ਨੇ ਕੀ ਕੀਤਾ ਕਿ ਇਸ ਤਰ੍ਹਾਂ ਦੇ ਸਾਰੇ ਜਾਨਵਰਾਂ ਨੂੰ ਸਲਾਟਰ ਹਾਊਸ ਵਿਚ ਭੇਜ ਦਿਤਾ ਅਤੇ ਉਸ ਤੋਂ ਬਾਅਦ ਨਵੀਆਂ ਨਸਲਾਂ ਪੈਦਾ ਕੀਤੀਆਂ ਜਿਸ ਦੇ ਨਤੀਜੇ ਵਜੋਂ ਅੱਜ ਉਥੇ ਦੁੱਧ ਦੀਆਂ ਨਦੀਆਂ ਵਗਦੀਆਂ ਹਨ। ਸਾਡੇ ਇਲਾਕੇ ਵਿਚ, ਸਾਡੇ ਪੰਜਾਬ ਵਿਚ ਜਿਹੜਾ ਅਨਪ੍ਰੋਡਕਟਿਵ ਜਾਨਵਰ ਹੈ, ਜਿਸ ਤੋਂ ਕੋਈ ਦੁੱਧ ਪੈਦਾ ਨਹੀਂ ਹੁੰਦਾ ਅਤੇ ਕੋਈ ਫਾਇਦਾ ਨਹੀਂ, ਉਸ ਨੂੰ ਨਹੀਂ ਰਖਣਾ ਚਾਹੀਦਾ। ਜੋਗਾ ਜੀ ਨੇ ਕਿਹਾ ਸੀ ਕਿ 2,000 ਗਾਵਾਂ ਐਵੇਂ ਫਿਰਦੀਆਂ ਹਨ। ਇਸ ਚੀਜ਼ ਦੇ ਕਹਿਣ ਨਾਲ ਹੋ ਸਕਦਾ ਕਿਸੇ ਦੇ ਸੈਂਟੀਮੈਂਟਸ ਨੂੰ ਵੀ ਟੱਚ ਕੀਤਾ ਗਿਆ ਹੋਵੇ ਕਿਉਂਕਿ ਅਸੀਂ ਗਾਵਾਂ ਦਾ ਸਤਿਕਾਰ ਕਰਦੇ ਹਾਂ, ਲੇਕਿਨ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਅਨਪ੍ਰੋਡਕਟਿਵ ਜਾਨਵਰਾਂ ਦੀਆਂ ਹੇੜ੍ਹਾਂ ਦੀਆਂ ਹੇੜ੍ਹਾਂ ਇਥੇ ਫਿਰਦੀਆਂ ਹਨ, ਉਨ੍ਹਾਂ ਦਾ ਇਲਾਜ ਕਰਨਾ ਚਾਹੀਦਾ ਹੈ। ਅਗਰ ਇਸ ਤਰ੍ਹਾਂ ਦੇ ਜਾਨਵਰਾਂ ਦਾ ਇਲਾਜ ਨਾ ਕੀਤਾ ਗਿਆ ਤਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੇਅੰਤ ਸਿੰਘ]

ਸਾਨੂੰ ਨੁਕਸਾਨ ਹੋਵੇਗਾ, ਸਾਡੀਆਂ ਫਸਲਾਂ ਵੀ ਖਰਾਬ ਹੋਣਗੀਆਂ ਅਤੇ ਸਾਡਾ ਕੰਮ ਵੀ ਠੀਕ ਨਹੀਂ ਚਲੇਗਾ। ਜਿਥੇ ਸਾਡੀ ਸਰਕਾਰ ਨੇ ਐਗਰੀਕਲਚਰ ਵਾਸਤੇ ਧਿਆਨ ਦਿੱਤਾ ਹੈ, ਉਥੇ ਜ਼ਿਆਦਾ ਦੁੱਧ ਪੈਦਾ ਕਰਨ ਵਾਸਤੇ ਵੀ ਧਿਆਨ ਦੇਣਾ ਚਾਹੀਦਾ ਹੈ ਅਤੇ ਇੰਡਸਟਰੀ ਵਾਸਤੇ ਵੀ ਨਾਲ ਨਾਲ ਧਿਆਨ ਦੇਣਾ ਜ਼ਰੂਰੀ ਹੈ।

ਇਕ ਗੱਲ ਲਈ ਮੈਂ ਸਰਕਾਰ ਨੂੰ ਮੁਬਾਰਿਕਬਾਦ ਦੇਣਾ ਚਾਹੁੰਦਾਂ ਹਾਂ ਜਿਹੜਾ ਉਨ੍ਹਾਂ ਇੰਡਸਟਰੀ ਵਿਚ ਕਾਮਿਆਂ ਦਾ, ਲੇਬਰ ਕਰਨ ਵਾਲੇ ਦਾ ਹਿੱਸਾ ਕਾਇਮ ਕੀਤਾ ਹੈ, ਉਹ ਬੜਾ ਚੰਗਾ ਕੰਮ ਕੀਤਾ ਹੈ। ਇਸ ਤਰ੍ਹਾਂ ਕਰਨ ਨਾਲ ਸਾਡੀ ਪ੍ਰੋਡਕਸ਼ਨ ਦੁਗਣੀ ਹੋ ਜਾਵੇਗੀ। ਜਦੋਂ ਮਜ਼ਦੂਰ ਨੂੰ ਅਤੇ ਕਾਰਖਾਨੇ ਵਿਚ ਕੰਮ ਕਰਨ ਵਾਲੇ ਨੂੰ ਇਹ ਪਤਾ ਹੋਵੇ ਕਿ ਇਸ ਦੇ ਵਿਚ ਉਸ ਦਾ ਵੀ ਹਿੱਸਾ ਹੈ ਤਾਂ ਕੰਮ ਜ਼ਿਆਦਾ ਹੋਵੇਗਾ ਅਤੇ ਪ੍ਰੋਡਕਸ਼ਨ ਵੀ ਵਧੇਗੀ। ਅੱਜ ਸਰਮਾਇਦਾਰਾਂ ਦਾ ਦਿਮਾਗ ਬਦਲਣਾ ਚਾਹੀਦਾ ਹੈ। ਸਰਕਾਰ ਨੇ ਬਹੁਤ ਹੀ ਚੰਗਾ ਕੰਮ ਕੀਤਾ ਜਦੋਂ ਕਿ 15 ਅਰਬ ਬਲੈਕ ਦਾ ਰੁਪਿਆ ਸਰਮਾਇਦਾਰਾਂ ਕੋਲੋਂ ਚੰਗੇ ਢੰਗ ਨਾਲ ਬਾਹਰ ਕਢਵਾਇਆ ਹੈ। ਚੇਅਰਮੈਨ ਸਾਹਿਬ, ਵਾਂਚੂ ਕਮਿਸ਼ਨ ਦੀ ਰਿਪੋਰਟ ਸੀ, ਤੁਸੀਂ ਪੜ੍ਹੀ ਹੋਣੀ ਹੈ, ਉਸ ਦੇ ਵਿਚ ਤਾਂ 7–8 ਅਰਬ ਰੁਪਿਆ ਹੀ ਬਲੈਕ ਮੰਨੀ ਦਾ ਦਸਿਆ ਗਿਆ ਸੀ, ਪਰ ਸਰਕਾਰ ਨੇ ਇਕ ਚੰਗੇ ਤਰੀਕੇ ਨਾਲ 15 ਅਰਬ ਦੇ ਕਰੀਬ ਬਲੈਕ ਮੰਨੀ ਕਢਵਾਈ ਹੈ। ਹਾਲੀ ਵੀ ਬਹੁਤ ਸਾਰੇ ਬਲੈਕ ਮਨੀ ਲਈ ਬੈਠੇ ਹਨ। ਮੈਂ ਇਹ ਅਰਜ਼ ਕਰਾਂਗਾ ਕਿ ਜਿਨ੍ਹਾਂ ਕੋਲ ਬਲੈਕ ਮਨੀ ਹੈ, ਉਨ੍ਹਾਂ ਨੂੰ ਸਖਤ ਤੋਂ ਸਖਤ ਸਜ਼ਾਵਾਂ ਦੇਣੀਆਂ ਚਾਹੀਦੀਆਂ ਹਨ। ਜੋ ਮਿਲਾਵਟ ਕਰਦੇ ਹਨ ਅਤੇ ਜੋ ਬਲੈਕ ਕਰਦੇ ਹਨ, ਉਨ੍ਹਾਂ ਨੂੰ ਵੀ ਸਖ਼ਤ ਤੋਂ ਸਖ਼ਤ ਸਜ਼ਾਵਾਂ ਦੇਣੀਆਂ ਚਾਹੀਦੀਆਂ ਹਨ, ਇਨ੍ਹਾਂ ਲੋਕਾਂ ਨੂੰ ਛੱਡਣਾ ਨਹੀਂ ਚਾਹੀਦਾ। 20 ਪੁਵਾਇੰਟ ਇਕਨਾਮਿਕ ਪ੍ਰੋਗਰਾਮ ਨਾਲ ਅਤੇ ਐਮਰਜੈਂਸੀ ਲਗਾ ਕੇ ਦੋ ਗੱਲਾਂ ਘਟੀਆਂ ਹਨ. ਬਲੈਕ ਮਾਰਕੀਟਿੰਗ ਘਟੀ ਹੈ ਅਤੇ ਪ੍ਰਾਈਸਿਜ਼ ਵਿਚ ਵੀ ਸਟੈਬਿਲਾਈਜ਼ੇਸ਼ਨ ਆਈ ਹੈ, ਪਰ ਕੁਰਪਸ਼ਨ ਹਾਲੀ ਤੀਕ ਬੰਦ ਨਹੀਂ ਹੋਈ ਅਤੇ ਇਹ ਬੰਦ ਤਾਂ ਹੋਵੇਗੀ ਜੇ ਸਜ਼ਾਵਾਂ ਨਰਮ ਨਾ ਕੀਤੀਆਂ ਜਾਣ ਅਤੇ ਇਸ ਤਰ੍ਹਾਂ ਦੇ ਲੋਕਾਂ ਨੂੰ ਸਖਤ ਤੋਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਗੁਰੂ ਤੇਗ ਬਹਾਦਰ ਜੀ ਦੀ 300 ਸਾਲਾ ਸ਼ਤਾਬਦੀ ਦੇ ਸਿਲਸਿਲੇ ਵਿਚ ਇਹ ਤਾਂ ਚੰਗੀ ਗੱਲ ਹੈ ਕਿ ਕੈਦੀਆਂ ਨੂੰ ਰਮਿਸ਼ਨ ਦਿਤੀ ਗਈ, ਪਰ ਇਸ ਦੇ ਨਾਲ ਬੁਰੇ ਕੰਮ ਕਰਨ ਵਾਲੇ ਨੂੰ ਸਖ਼ਤ ਸਜ਼ਾ ਵੀ ਦਿਤੀ ਜਾਣੀ ਚਾਹੀਦੀ ਹੈ ਅਤੇ ਸਰਕਾਰ ਨੂੰ ਉਨ੍ਹਾਂ ਲੋਕਾਂ ਨਾਲ ਕੋਈ ਨਰਮੀ ਨਹੀਂ ਵਰਤਣੀ ਚਾਹੀਦੀ, ਜਿਹੜੇ ਸੋਸਾਇਟੀ ਨੂੰ ਖਰਾਬ ਕਰਦੇ ਹਨ। ਜਿਹੜਾ ਕੋਈ ਪਿੰਡਾਂ ਵਿਚ ਛੋਟੀਆਂ ਮੋਟੀਆਂ ਚੋਰੀਆਂ ਕਰਦਾ ਪਕੜਿਆ ਜਾਵੇ, ਉਸ ਨੂੰ ਤਾਂ ਵੱਡਾ ਚੋਰ ਨਹੀਂ ਕਿਹਾ ਜਾਂਦਾ, ਵੱਡੇ ਵੱਡੇ ਚੋਰ ਤਾਂ ਦਿੱਲੀ ਵਿਚ, ਬੰਬਈ ਵਿਚ ਅਤੇ ਕਲਕੱਤੇ ਜਿਹੇ ਸ਼ਹਿਰਾਂ ਵਿਚ ਬੈਠੇ ਹਨ, ਉਨ੍ਹਾਂ ਨੂੰ ਪਕੜ ਕੇ ਸਖਤ ਸਜ਼ਾਵਾਂ ਦੇਣੀਆਂ ਚਾਹੀਦੀਆਂ ਹਨ ਅਤੇ ਉਨ੍ਹਾਂ ਕੋਲੋਂ ਬਲੈਕ ਮਨੀ ਕਢਵਾਉਣੀ ਚਾਹੀਦੀ ਹੈ। ਇਸ ਕੰਮ ਲਈ ਪਬਲਿਕ ਓਪੀਨੀਅਨ ਕਾਇਮ ਕਰਨੀ ਚਾਹੀਦੀ ਹੈ ਅਤੇ ਬੁਰੇ ਕੰਮ ਕਰਨ ਵਾਲਿਆਂ ਨੂੰ ਪਕੜਣਾ ਚਾਹੀਦਾ ਹੈ।

ਹੁਣ ਮੈਂ ਦਹੇਜ਼ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਬੜੇ ਸੂਬਿਆਂ ਨੇ ਇਸ ਲਾਹਨਤ ਨੂੰ ਖਤਮ ਕਰਨ ਵਾਸਤੇ ਲੈਜਿਸਲੇਸ਼ਨ ਪਾਸ ਕੀਤੀ ਹੈ। ਸਾਡੀ ਸਰਕਾਰ ਵੀ ਇਸ ਬੁਰੀ ਚੀਜ਼ ਨੂੰ ਰੋਕਣ ਵਾਸਤੇ ਕੋਸ਼ਿਸ਼ ਕਰ ਰਹੀ ਹੈ ਅਤੇ ਇਸ ਬਾਰੇ ਇਥੇ ਬਿਲ ਲਿਆਉਣ ਨੂੰ ਵੀ ਤਿਆਰ ਹੈ। ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਕੰਮ ਵਿਚ ਬੀਬੀਆਂ ਨੂੰ

Original with;
Punjab Vidhan Sabha
Digitized by;
Panjab Digital Library

ਜ਼ਿਆਦਾ ਹਿੱਸਾ ਪਾਉਣਾ ਚਾਹੀਦਾ ਹੈ ਅਤੇ ਇਸ ਬਾਰੇ ਵੀ ਜੋ ਪਬਲਿਕ ਓਪੀਨੀਅਨ ਕਾਇਮ ਕੀਤੀ ਜਾਵੇ ਤਾਂ ਇਹ ਲਾਹਨਤ ਖਤਮ ਹੋ ਸਕਦੀ ਹੈ। ਜਿਹੜੀਆਂ ਇਥੇ ਸਾਡੀਆਂ ਭੈਣਾ ਬੈਠੀਆਂ ਹਨ, ਮੈਂ ਉਨ੍ਹਾਂ ਨੂੰ ਵੀ ਕਹਾਂਗਾਂ ਕਿ ਉਹ ਇਸ ਬਾਰੇ ਪਬਲਿਕ ਓਪੀਨੀਅਨ ਕਾਇਮ ਕਰਨ। ਦਹੇਜ਼ ਦੀ ਗੱਲ ਬੀਬੀਆਂ ਕੋਲੋਂ ਹੀ ਚਲਦੀ ਹੈ। ਇਹ ਕੁਦਰਤੀ ਗੱਲ ਹੈ ਕਿ ਲੜਕੀ ਜਦੋਂ ਸੁਸਰਾਲ ਜਾਣ ਲਗਦੀ ਹੈ ਤਾਂ ਉਹ ਚਾਹੁੰਦੀ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਉਹ ਆਪਣੇ ਮਾਂ ਪਿਉ ਤੋਂ ਸਾਮਾਨ ਲੈ ਜਾਵੇ, ਸੱਸ ਵੀ ਇਹ ਚਾਹੁੰਦੀ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਦਹੇਜ਼ ਉਨ੍ਹਾਂ ਨੂੰ ਆਵੇ। ਸਾਡੀਆਂ ਭੈਣਾਂ ਦਾ ਨਾਂ ਬੜਾ ਉੱਚਾ ਹੈ, ਉਨ੍ਹਾਂ ਦੀਆਂ ਬੜੀਆਂ ਬੜੀਆਂ ਕੁਰਬਾਨੀਆਂ ਹਨ। ਇਸ ਕਰਕੇ ਮੈਂ ਚਾਹੁੰਦਾ ਹਾਂ ਕਿ ਜੇ ਦਹੇਜ਼ ਨੂੰ ਬੰਦ ਕਰਨਾ ਹੈ ਤਾਂ ਬੀਬੀਆਂ ਅੱਗ ਆਉਣ ਅਤੇ ਇਸ ਬਾਰੇ ਪਬਲਿਕ ਓਪੀਨੀਅਨ ਕਾਇਮ ਕਰਨ ਅਤੇ ਇਸ ਲਾਹਨਤ ਨੂੰ ਬੰਦ ਕਰਨ।

ਹੁਣ ਮੈਂ ਪੰਚਾਇਤੀ ਰਾਜ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਪੰਚਾਇਤੀ ਰਾਜ ਬੜੀ ਦੇਰ ਤੋਂ, ਪੰਡਿਤ ਜਵਾਹਰ ਲਾਲ ਨਹਿਰੂ ਦੇ ਹੀ ਵੇਲੇ ਤੋਂ ਚਾਲੂ ਹੋ ਗਿਆ ਸੀ ਅਤੇ ਸਰਦਾਰ ਪਰਤਾਪ ਸਿੰਘ ਕੈਰੋਂ, ਵੇਲੇ ਸਾਡੇ ਪੰਜਾਬ ਵਿਚ ਲਾਗੂ ਹੋਇਆ। ਇਸ ਦੇ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਥਰੀ ਟਾਇਰ ਸਿਸਟਮ ਚਾਲੂ ਹੋਣ ਤੋਂ ਬਾਅਦ ਚੋਣਾ ਹੋਈਆਂ। ਉਸ ਤੋਂ ਬਾਅਦ, ਹੋਰ ਸਰਕਾਰਾਂ ਵੇਲੇ 9-10 ਸਾਲ ਇਹ ਚੋਣਾ ਨਹੀਂ ਕਰਵਾਈਆਂ ਗਈਆਂ। ਪਰ ਸਾਡੀ ਇਸ ਸਰਕਾਰ ਨੇ ਪੰਚਾਇਤਾਂ ਦੀਆਂ ਚੋਣਾ ਕਰਵਾਈਆਂ, ਬਲਾਕ ਸੰਮਤੀਆਂ ਦੀਆਂ ਚੋਣਾਂ ਕਰਵਾਈਆਂ, ਥੋੜੀ ਜਿਹੀ ਦੇਰ ਭਾਵੇਂ ਲੱਗੀ ਹੈ, ਅਤੇ ਹੁਣ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾ ਕਰਵਾਉਣ ਨੂੰ ਤਿਆਰ ਹਨ। ਇਸ ਸਬੰਧ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਨੇ ਹਰੀਜਨਾਂ ਨੂੰ ਅਤੇ ਬੈਕਵਰਡ ਕਲਾਸਿਜ਼ ਨੂੰ ਇਨ੍ਹਾਂ ਅਦਾਰਿਆਂ ਵਿਚ ਰਿਪਰੈਜ਼ੈਂਟੇਸ਼ਨ ਦਿੱਤੀ ਹੈ ਅਤੇ ਇਸ ਬਾਰੇ ਜੋ ਆਰਡੀਨੈਂਸ ਆਏ ਹਨ, ਇਹ ਬੜਾ ਹੀ ਸ਼ਲਾਘਾਯੋਗ ਕੰਮ ਹੈ। ਹੁਣ ਜਿਸ ਤਰ੍ਹਾਂ ਮਿਉਂਸਪਲ ਕਮੇਟੀਆਂ ਵਿਚ ਔਰਤਾਂ ਨੂੰ ਕੋਆਪਟ ਕੀਤਾ ਜਾਂਦਾ ਹੈ, ਉਸੇ ਤਰ੍ਹਾਂ ਇਨ੍ਹਾਂ ਪੰਚਾਇਤੀ ਰਾਜ ਦੇ ਅਦਾਰਿਆਂ ਵਿਚ ਵੀ ਔਰਤਾਂ ਨੂੰ ਕੋਆਪਟ ਕੀਤਾ ਜਾਵੇਗਾ। ਇਹ ਬੜਾ ਹੀ ਚੰਗਾ ਕੰਮ ਹੈ। ਇਸ ਦੇ ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਅਦਾਰਿਆਂ ਕੋਲ ਜ਼ਿਆਦਾ ਪਾਵਰਜ਼ ਹੋਣੀਆਂ ਚਾਹੀਦੀਆਂ ਹਨ, ਜਿਸ ਤਰ੍ਹਾਂ ਕਿ ਹੋਰ ਕਈ ਸੂਬਿਆਂ ਵਿਚ ਹੈ। ਸਰਕਾਰ ਨੇ ਇਕ ਕਮੇਟੀ ਵੀ ਬਣਾਈ ਸੀ, ਪਰ ਉਸ ਦੀ ਰਿਪੋਰਟ ਛਪੀ ਨਹੀਂ। ਚੇਅਰਮੈਨ ਸਾਹਿਬ, ਉਸ ਕਮੇਟੀ ਦੀ ਰਿਪੋਰਟ ਹਾਲੇ ਪੂਰੀ ਛਪੀ ਨਹੀਂ ਲੇਕਿਨ ਇਹ ਛਪ ਜਾਣੀ ਚਾਹੀਦੀ ਸੀ। ਜਿਹੜੀਆਂ ਪਾਵਰਜ਼ ਹਨ ਇਹ ਡਿਸੈਂਟਰੇਲਾਈਜ਼ ਹੋਕੇ ਜ਼ਿਲ੍ਹਿਆਂ ਵਿਚ ਜਾਣੀਆਂ ਚਾਹੀਦੀਆਂ ਹਨ। ਮੇਰੀ ਇਹ ਜ਼ਾਤੀ ਰਾਏ ਹੈ ਕਿ ਅਗਰ ਪਿੰਡਾਂ ਦੀ ਬਲਾਕ ਸੰਮਤੀ ਤਕੜੀ ਹੋਵੇ, ਜ਼ਿਲ੍ਹਾ ਪਰੀਸ਼ਦ ਤਕੜੀ ਹੋਵੇ, ਡਿਪਟੀ ਕਮਿਸ਼ਨਰ ਉਥੋਂ ਦਾ ਤਕੜਾ ਹੋਵੇ ਤਾਂ ਜਿਹੜੇ ਲੋਕ ਸ਼ਿਕਾਇਤਾਂ ਲੈਕੇ ਸਾਡੇ ਕੋਲ ਚੰਡੀਗੜ੍ਹ ਨੱਸਦੇ ਹਨ ਇਹ ਨਾ ਆਉਣ। ਪਿੰਡਾਂ, ਸ਼ਹਿਰਾਂ ਜਾਂ ਜ਼ਿਲ੍ਹਿਆਂ ਵਿਚ ਜਿਹੜੇ ਛੋਟੇ-ਛੋਟੇ ਦਫ਼ਤਰ ਹਨ ਭਾਵੇਂ ਉਹ ਪੀ.ਡਬਲਿਯੂ.ਡੀ. ਦਾ ਹੋਵੇ, ਭਾਵੇਂ ਹੈਲਥ ਦਾ ਹੋਵੇ ਉਨ੍ਹਾਂ ਦਫਤਰਾਂ ਵਿਚ ਜਿਹੜੇ ਛੋਟੇ ਛੋਟੇ ਅਫ਼ਸਰ ਲਗੇ ਹੁੰਦੇ ਹਨ ਉਹ ਕਿਸੇ ਦੇ ਕਾਬੂ ਨਹੀਂ ਆਉਂਦੇ ਅਤੇ ਉਹ ਆਪਣੀ ਮਰਜ਼ੀ ਕਰਦੇ ਰਹਿੰਦੇ ਹਨ। ਇਸ ਲਈ ਜੇ ਉਥੇ ਦਾ ਡਿਪਟੀ ਕਮਿਸ਼ਨਰ ਤਕੜਾ ਹੋਵੇ ਤਾਂ ਉਹ ਆਪਣੀ ਮਰਜ਼ੀ ਨਹੀਂ ਕਰ ਸਕਦੇ। ਉਨ੍ਹਾਂ ਵਲੋਂ ਹੋਈਆਂ ਕੋਤਾਹੀਆਂ ਜਿਹੜੇ ਲੋਕ ਲੈਕੇ ਇਥੇ ਆਉਂਦੇ ਹਨ ਉਹ ਨਹੀਂ ਆਉਣਗੇ।

Original with;
Punjab Vidhan Sabha
Digitized by;
Panjab Digital Library

[ਸਰਦਾਰ ਬੇਅੰਤ ਸਿੰਘ]

ਚੇਅਰਮੈਨ ਸਾਹਿਬ, ਮੈਂ ਇਕ ਮਿਸਾਲ ਦਿੰਦਾ ਹਾਂ ਕਿ ਪਿਛੇ ਇਕ ਇਨਵਾਇਰਨਮੈਂਟ ਬਾਰੇ ਸਕੀਮ ਚਲੀ ਸੀ । ਇਹ ਸਕੀਮ ਕਈ ਪਿੰਡਾਂ ਵਿਚ ਸ਼ੁਰੂ ਕੀਤੀ ਗਈ । ਜਿਹੜੇ ਪਬਲਿਕ ਹੈਲਥ ਵਾਲੇ ਹਨ ਇਹ ਕੰਮ ਠੀਕ ਨਹੀਂ ਕਰਦੇ । ਜਿਹੜੀ ਗਲੀ ਇਸ ਸਕੀਮ ਦੇ ਮੁਤਾਬਕ ਇਕ ਮਹੀਨੇ ਵਿਚ ਬਣ ਜਾਣੀ ਚਾਹੀਦੀ ਹੈ ਉਸ ਦੇ ਬਣਾਉਣ ਵਿਚ ਕਈ ਕਈ ਸਾਲ ਲਗ ਜਾਂਦੇ ਹਨ । ਇਸ ਤਰ੍ਹਾਂ ਉਹ ਬਹੁਤ ਸਮਾਂ ਲੈ ਜਾਂਦੇ ਹਨ । ਕੰਮ ਜਲਦੀ ਹੋ ਸਕਦਾ ਹੁੰਦਾ ਹੈ । ਮੈਂ ਇਹ ਕਹਿੰਦਾ ਹਾਂ ਕਿ ਇਸ ਮਹਿਕਮੇ ਦੇ ਜਿਹੜੇ ਅਫ਼ਸਰ ਹੁੰਦੇ ਹਨ ਅਤੇ ਹੋਰ ਕੰਮ ਕਰਨ ਵਾਲੇ ਹੁੰਦੇ ਹਨ ਉਹ ਕੁਰੱਪਸ਼ਨ ਵੀ ਬਹੁਤ ਕਰਦੇ ਹਨ ਜਿਹੜੀ ਕਿ ਮੈਂ ਸਮਝਦਾ ਹਾਂ ਕਿ ਬੰਦ ਹੋਣੀ ਚਾਹੀਦੀ ਹੈ । ਉਹ ਇਹ ਕੁਰੱਪਸ਼ਨ ਬਜਰੀ ਵਿਚ ਵੀ ਕਰ ਜਾਂਦੇ ਹਨ, ਪੱਥਰਾਂ ਵਿਚ ਵੀ ਕਰ ਜਾਂਦੇ ਹਨ, ਲੁੱਕ ਲੈਣ ਵਕਤ ਵੀ ਕਰ ਜਾਂਦੇ ਹਨ ਅਤੇ ਇਸੇ ਤਰ੍ਹਾਂ ਹੋਰ ਵੀ ਬਹੁਤ ਸਾਰਾ ਇਹੋ ਜਿਹਾ ਮੈਟੀਰੀਅਲ ਖਰੀਦਣ ਵਕਤ ਕਰਦੇ ਹਨ ।....

**ਸ੍ਰੀ ਸਭਾਪਤੀ :** ਮੈਂ ਇਰੀਗੇਸ਼ਨ ਅਤੇ ਪਾਵਰ ਮਨਿਸਟਰ ਨੂੰ ਇਹ ਦਰਖਾਸਤ ਕਰਾਂਗਾ ਕਿ ਉਹ ਮੈਂਬਰ ਸਾਹਿਬ ਨੂੰ ਸੁਣਨ, ਉਸ ਵਲ ਧਿਆਨ ਦੇਣ ਅਤੇ ਹੋਰ ਗੱਲਾਂ ਨਾ ਕਰਨ ।

**ਸਰਦਾਰ ਬੇਅੰਤ ਸਿੰਘ :** ਚੇਅਰਮੈਨ ਸਾਹਿਬ, ਮੈਂ ਇਹ ਅਰਜ਼ ਕਰ ਰਿਹਾ ਸੀ ਕਿ ਜਿਹੜਾ ਪਬਲਿਕ ਹੈਲਥ ਦਾ ਮਹਿਕਮਾ ਜਾਂ ਹੈਲਥ ਦਾ ਮਹਿਕਮਾ ਹੈ ਇਸ ਵਿਚ ਜਿਹੜੀ ਕੁਰੱਪਸ਼ਨ ਹੁੰਦੀ ਹੈ ਉਹ ਨਹੀਂ ਹੋ ਸਕੇਗੀ ਜੇ ਉਥੋਂ ਦੀ ਬਲਾਕ ਸੰਮਤੀ ਤਕੜੀ ਹੋਵੇ, ਜ਼ਿਲ੍ਹਾ ਪਰੀਸ਼ਦ ਤਕੜੀ ਹੋਵੇ ਅਤੇ ਡਿਪਟੀ ਕਮਿਸ਼ਨਰ ਤਕੜਾ ਹੋਵੇ। ਇਸ ਤਰ੍ਹਾਂ ਇਹ ਜਿਹੜੇ ਲੋਕ ਛੋਟੀਆਂ-ਛੋਟੀਆਂ ਗੱਲਾਂ ਕਾਰਨ ਇਥੇ ਚੀਫ਼ ਮਨਿਸਟਰ ਤਕ ਆ ਜਾਂਦੇ ਹਨ, ਇਸ ਤਰ੍ਹਾਂ ਹੋਣ ਨਾਲ ਉਨ੍ਹਾਂ ਨੂੰ ਇਥੇ ਆਉਣ ਦੀ ਲੋੜ ਨਹੀਂ ਪਵੇਗੀ ਅਤੇ ਉਹ ਸਾਰੀ ਗੱਲ ਉਥੇ ਹੀ ਖ਼ਤਮ ਹੋ ਜਾਵੇਗੀ ।

ਚੇਅਰਮੈਨ ਸਾਹਿਬ, ਇਕ ਗੱਲ ਮੈਂ ਹੁਣ ਟ੍ਰਾਂਸਪੋਰਟ ਦੇ ਬਾਰੇ ਵੀ ਅਰਜ਼ ਕਰਨੀ ਚਾਹੁੰਦਾ ਹਾਂ । ਇਥੇ ਟ੍ਰਾਂਸਪੋਰਟ ਦੇ ਬਾਰੇ ਬਹੁਤ ਸਾਰੀਆਂ ਗੱਲਾਂ ਕੀਤੀਆਂ ਗਈਆਂ ਹਨ ਅਤੇ ਇਹ ਵੀ ਕਿਹਾ ਗਿਆ ਹੈ ਕਿ ਟ੍ਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕੀਤਾ ਜਾਵੇ । ਮੈਂ ਵੀ ਸਮਝਦਾ ਸੀ ਕਿ ਇਹ ਜਿਹੜੀ ਟ੍ਰਾਂਸਪੋਰਟ ਹੈ ਇਹ ਨੈਸ਼ਨੇਲਾਈਜ਼ ਹੋਣੀ ਚਾਹੀਦੀ ਸੀ ਲੇਕਿਨ ਹੁਣ ਜਦੋਂ ਮੈਂ ਇਹ ਵੇਖਦਾ ਹਾਂ ਕਿ ਇਹ ਜਿਹੜੀ ਪੰਜਾਬ ਰੋਡਵੇਜ਼ ਹੈ ਇਸ ਦੇ ਡਰਾਈਵਰ ਅਤੇ ਕੰਡਕਟਰ ਆਪਣੇ ਕੰਮ ਵਿਚ ਪੂਰਾ ਖ਼ਿਆਲ ਨਹੀਂ ਕਰਦੇ, ਇਹ ਆਪਣੇ ਕੰਮ ਵਿਚ ਕੋਤਾਹੀ ਕਰਦੇ ਹਨ ਅਤੇ ਇਹ ਬੱਸਾਂ ਦੀ ਵੀ ਮੇਨਟੇਨੈਂਸ ਜਿਹੜੀ ਹੈ ਉਸ ਦਾ ਵੀ ਬਿਲਕੁਲ ਖ਼ਿਆਲ ਨਹੀਂ ਕਰਦੇ ਪਰ ਪ੍ਰਾਈਵੇਟ ਅਦਾਰੇ ਦੀਆਂ ਜਿਨ੍ਹਾਂ ਦੀਆਂ ਬੱਸਾਂ ਹੁੰਦੀਆਂ ਹਨ ਉਨ੍ਹਾਂ ਦੀਆਂ ਬੱਸਾਂ ਦੀ ਮੇਨਟੇਨੈਂਸ ਬਹੁਤ ਹੁੰਦੀ ਹੈ, ਉਨ੍ਹਾਂ ਦੇ ਡਰਾਇਵਰ ਅਤੇ ਕੰਡਕਟਰ ਜ਼ਿਆਦਾ ਸਿਆਣਪ ਨਾਲ ਕੰਮ ਕਰਦੇ ਹਨ । ਇਹ ਆਪਣਾ ਕੋਈ ਵੀ ਰੂਟ ਨਹੀਂ ਕੱਟਦੇ ਜਦ ਕਿ ਪੰਜਾਬ ਰੋਡਵੇਜ਼ ਦੀਆਂ ਕਈ ਬੱਸਾਂ ਆਪਣੇ ਰੂਟ ਕਈ ਵਾਰ ਛੱਡ ਜਾਂਦੀਆਂ ਹਨ । ਹਰ 3 ਮੀਲ ਤੇ ਬੱਸਾਂ ਰੁਕ ਜਾਂਦੀਆਂ ਹਨ, ਖ਼ਰਾਬ ਹੋ ਜਾਂਦੀਆਂ ਹਨ, ਉਨ੍ਹਾਂ ਦੀ ਜਿਹੜੀ ਸਰਵਿਸ ਹੈ ਉਹ ਠੀਕ ਨਹੀਂ ਕੀਤੀ ਜਾਂਦੀ ਪਰ ਇਸ ਦੇ ਉਲਟ ਜਿਹੜੀਆਂ ਪ੍ਰਾਈਵੇਟ ਬੱਸਾਂ ਹਨ ਉਨ੍ਹਾਂ ਦੀ ਸਰਵਿਸ ਵੀ ਚੰਗੀ ਹੁੰਦੀ ਹੈ ਅਤੇ ਖਰਾਬ ਵੀ ਘੱਟ ਹੀ ਹੁੰਦੀਆਂ ਹਨ । ਫਿਰ ਜੇ ਕੋਈ

Original with;
Punjab Vidhan Sabha
Digitized by;
Panjab Digital Library

ਰੂਟ ਬਦਲਣਾ ਹੋਵੇ ਪੰਜਾਬ ਰੋਡਵੇਜ਼ ਦੀਆਂ ਬੱਸਾਂ ਦਾ ਤਾਂ ਉਸ ਵਾਸਤੇ ਕਈ ਮਹੀਨੇ ਲਗ ਜਾਂਦੇ ਹਨ ਅਤੇ ਇਸ ਤਰ੍ਹਾਂ ਇਸ ਵਿਚ ਬਹੁਤ ਦੇਰ ਲਗਦੀ ਹੈ । ਮੈਂ ਇਹ ਅਰਜ਼ ਕਰਦਾ ਹਾਂ ਕਿ ਜੇ ਇਹ ਕੁਝ ਇਹੋ ਜਿਹੀਆਂ ਪਾਵਰਜ਼ ਡਿਪਟੀ ਕਮਿਸ਼ਨਰ ਨੂੰ ਦੇ ਦੇਣ ਤਾਂ ਇਸ ਨਾਲ ਇਹ ਜਿਹੜੀ ਕਈ ਵਾਰ ਰੂਟ ਬਦਲਣ ਵਿਚ ਮਹੀਨੇ ਲਗਦੇ ਹਨ ਇਹ ਇੰਨਾ ਸਮਾਂ ਨਹੀਂ ਲਗੇਗਾ । ਫ਼ਰਜ਼ ਕਰੋ ਕਿ ਜੇ ਕੋਈ ਰੂਟ ਐਕਸਟੈਂਡ ਕਰਨਾ ਹੈ ਤਾਂ ਇਸ ਲਈ ਡਿਪਟੀ ਕਮਿਸ਼ਨਰ ਨੂੰ ਹੱਕ ਹੋਣਾ ਚਾਹੀਦਾ ਹੈ ਕਿ ਉਹ ਲੋਕਾਂ ਦੀਆਂ ਤਕਲੀਫਾਂ ਨੂੰ ਵੇਖਦੇ ਹੋਏ ਇਹ ਜਲਦੀ ਹੀ ਕਰ ਸਕੇ ।

ਵੈਸੇ, ਚੇਅਰਮੈਨ ਸਾਹਿਬ, ਜਿਹੜਾ ਟ੍ਰਾਂਸਪੋਰਟ ਦਾ ਕੰਮ ਪਿਛਲੇ ਸਾਲ ਰਿਹਾ ਹੈ ਉਹ ਬਹੁਤ ਚੰਗਾ ਹੋਇਆ ਹੈ । ਮੈਂ ਇਹ ਵੀ ਅਰਜ਼ ਕਰਦਾ ਹਾਂ ਕਿ ਜਿਹੜੇ ਰੂਟ ਟਰੱਕਾਂ ਵਾਸਤੇ ਦਿੱਤੇ ਜਾਂਦੇ ਹਨ, ਇਨ੍ਹਾਂ ਵਿਚ ਵੀ ਕੁਝ ਖੁਲ੍ਹ ਹੋਣੀ ਚਾਹੀਦੀ ਹੈ । ਇਹ ਟਰੱਕ ਭਾਰ ਢੋਣ ਲਈ ਵਰਤੇ ਜਾਂਦੇ ਹਨ, ਜੇ ਇਨ੍ਹਾਂ ਨੂੰ ਪੂਰੀ ਖੁਲ੍ਹ ਨਾ ਦਿੱਤੀ ਜਾਵੇ ਤਾਂ ਜਿਹੜਾ ਸਾਡਾ ਮਾਲ ਰੇਲਵੇ ਸਟੇਸ਼ਨਾਂ ਤੇ ਜਾਂ ਬੱਸ ਸਟੈਂਡਾਂ ਤੇ ਰੁਲਦਾ ਰਹਿੰਦਾ ਹੈ ਇਹ ਇਸੇ ਤਰ੍ਹਾਂ ਰੁਲਦਾ ਰਹੇਗਾ । ਇਸ ਲਈ ਮੈਂ ਇਹ ਅਰਜ਼ ਕਰਦਾ ਹਾਂ ਕਿ ਹਰ ਟਰੱਕ ਵਾਲੇ ਨੂੰ ਇਹ ਇਜਾਜ਼ਤ ਹੋਣੀ ਚਾਹੀਦੀ ਹੈ ਕਿ ਉਹ ਟੈਕਸ ਪੂਰਾ ਦੇ ਕੇ ਕਿਸੇ ਵੀ ਸੂਬੇ ਵਿਚ ਜਿਥੋਂ ਉਸ ਦੀ ਮਰਜ਼ੀ ਆਏ ਮਾਲ ਚੁੱਕ ਕੇ ਲੈ ਜਾਵੇ ਅਤੇ ਜਿਹੜੇ ਸੂਬੇ ਵਿਚ ਮਰਜ਼ੀ ਆਏ ਪਹੁੰਚਾ ਸਕੇ । ਉਨ੍ਹਾਂ ਤੇ ਇਹ ਪਾਬੰਦੀ ਨਹੀਂ ਹੋਣੀ ਚਾਹੀਦੀ ਕਿ ਇਹ ਟਰੱਕ ਇਸ ਸੂਬੇ ਤੋਂ ਬਾਹਰ ਨਹੀਂ ਜਾਣਾ ਚਾਹੀਦਾ । ਮੈਂ ਤਾਂ ਇਹ ਸਮਝਦਾ ਹਾਂ ਕਿ ਉਨ੍ਹਾਂ ਨੂੰ ਪੂਰੀ ਇਜਾਜ਼ਤ ਹੋਣੀ ਚਾਹੀਦੀ ਹੈ ਕਿ ਸਾਰੇ ਦੇਸ਼ ਵਿਚੋਂ ਜਿਥੇ ਮਰਜ਼ੀ ਆਏ ਮਾਲ ਲੈ ਜਾਣ । ਸਾਡੇ ਦੇਸ਼ ਵਿਚ ਕੋਲਾ ਬਹੁਤ ਹੈ ਪਰ ਵੈਗਨਾਂ ਦੀ ਥੁੜ੍ਹ ਕਾਰਣ ਕਈ ਵਾਰ ਇਹ ਕੋਲਾ ਸਮੇਂ ਸਿਰ ਨਹੀਂ ਪਹੁੰਚ ਸਕਦਾ । ਜੇ ਇਨ੍ਹਾਂ ਟਰੱਕਾਂ ਵਾਲਿਆਂ ਨੂੰ ਇਹ ਇਜਾਜ਼ਤ ਦੇ ਦਿੱਤੀ ਜਾਵੇ ਤਾਂ ਇਹ ਜਿਹੜੀ ਤਕਲੀਫ਼ ਰਹਿੰਦੀ ਹੈ ਇਹ ਵੀ ਖਤਮ ਹੋ ਜਾਵੇ ।

ਚੇਅਰਮੈਨ ਸਾਹਿਬ, ਹੁਣ ਮੈਂ ਇਕ ਅਰਜ਼ ਕੋਆਪਰੇਟਿਵ ਡਿਪਾਰਟਮੈਂਟ ਬਾਰੇ ਵੀ ਕਹਿਣੀ ਚਾਹੁੰਦਾ ਹਾਂ । ਕੋਆਪਰੇਟਿਵ ਡਿਪਾਰਟਮੈਂਟ ਨੇ ਪਿਛਲੇ ਸਾਲਾਂ ਵਿਚ ਬੜੀ ਭਾਰੀ ਤਰੱਕੀ ਕੀਤੀ ਹੈ । ਅਤੇ ਇਸ ਨਾਲ ਪਿੰਡਾਂ ਦੇ ਲੋਕਾਂ ਨੂੰ ਬੜੀਆਂ ਭਾਰੀ ਸਹੂਲਤਾਂ ਮਿਲੀਆਂ ਹਨ । ਭਾਵੇਂ ਕੋਆਪਰੇਟਿਵ ਬੈਂਕ ਹੋਵੇ, ਭਾਵੇਂ ਮਾਰਕਫੈਡ ਹੋਵੇ, ਭਾਵੇਂ ਲੈਂਡ ਮਾਰਗੇਜ ਬੈਂਕ ਹੋਵੇ, ਇਸ ਨਾਲ ਲੋਕਾਂ ਨੂੰ ਬਹੁਤ ਸਹੂਲਤ ਮਿਲੀ ਹੈ । ਪਰ ਫਿਰ ਵੀ ਮੈਂ ਅਰਜ਼ ਕਰਦਾ ਹਾਂ ਕਿ ਇਸ ਦੇ ਵਿਚ ਥੋੜ੍ਹੀ ਜਿਹੀ ਸਟ੍ਰੀਮ-ਲਾਈਨ ਕਰਨ ਦੀ ਲੋੜ ਹੈ ਕਿਉਂਕਿ ਕੋਆਪਰੇਟਿਵ ਮਹਿਕਮਾ ਜਿਹੜਾ ਹੈ ਇਹ ਲੋਕਾਂ ਨੂੰ ਕਰਜ਼ੇ ਵੀ ਦਿੰਦਾ ਹੈ, ਜ਼ਮੀਨਾਂ ਵੀ ਦਿੰਦਾ ਹੈ ਅਤੇ ਹੋਰ ਵੀ ਕਈ ਤਰ੍ਹਾਂ ਨਾਲ ਰਾਹਤ ਪਹੁੰਚਾਉਂਦਾ ਹੈ । ਮੈਂ ਇਸ ਡਿਟੇਲ ਵਿਚ ਨਹੀਂ ਜਾਣਾ ਚਾਹੁੰਦਾ ਕਿ ਪਿਛਲੀ ਸਰਕਾਰ ਨੇ ਇਸ ਵਿਚ ਕੀ ਕੀਤਾ ਸੀ । ਉਨ੍ਹਾਂ ਨੇ ਭਾਵੇਂ ਸਭ ਨੂੰ ਕਢਿਆ ਸੀ ਪਰ ਮੈਂ ਇਸ ਦੀ ਡਿਟੇਲ ਵਿਚ ਨਹੀਂ ਜਾਣਾ ਚਾਹੁੰਦਾ । ਮੈਂ ਤਾਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਹ ਜਿਹੜੀ ਕੋਆਪਰੇਟਿਵ ਮੂਵਮੈਂਟ ਹੈ ਇਸ ਨੂੰ ਕੋਆਪਰੇਟਿਵ ਮੂਵਮੈਂਟ ਹੀ ਰਹਿਣ ਦੇਣਾ ਚਾਹੀਦਾ ਹੈ, ਇਸ ਵਿਚ ਜ਼ਿਆਦਾ ਸਰਕਾਰੀ ਦਖ਼ਲ ਅੰਦਾਜ਼ੀ ਨਹੀਂ ਹੋਣੀ ਚਾਹੀਦੀ । ਇਸ ਦੀ ਜਿਹੜੀ ਸਪਿਰਟ ਹੈ ਉਹ ਚੰਗੀ ਹੈ, ਜੇ ਇਸ ਵਿਚ ਸਰਕਾਰੀ ਦਖਲ ਜ਼ਿਆਦਾ ਹੋਵੇ ਤਾਂ ਇਹ ਫੇਲ੍ਹ ਹੋ ਜਾਂਦੀ ਹੈ ਅਤੇ ਫਿਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੇਅੰਤ ਸਿਘ]

ਕੋਆਪਰੇਟਿਵ ਸੁਸਾਇਟੀਆਂ ਦਾ ਕੰਮ ਠੀਕ ਤਰ੍ਹਾਂ ਨਹੀਂ ਹੋ ਸਕਦਾ । ਇਹ ਭਾਵੇਂ ਲੈਂਡ ਮਾਰਗੇਜ਼ ਬੈਂਕ ਹੈ ਜਾਂ ਕੋਆਪਰੇਟਿਵ ਬੈਂਕ ਜਾਂ ਮਾਰਕਫੈਡ ਹੈ ਇਨ੍ਹਾਂ ਦਾ ਪਿੰਡਾਂ ਦੇ ਲੋਕਾਂ ਨਾਲ ਬਹੁਤ ਸੰਧ ਹੈ । ਪਿੰਡਾਂ ਦੇ ਲੋਕਾਂ ਨੂੰ ਇਨ੍ਹਾਂ ਤੋਂ ਬਹੁਤ ਰਾਹਤ ਮਿਲਦੀ ਹੈ । ਮੈਂ ਸਮਝਦਾ ਹਾਂ ਕਿ ਇਨ੍ਹਾਂ ਸਭ ਨੂੰ ਆਪਣੇ ਤਰੀਕਿਆਂ ਨਾਲ ਹੀ ਕੰਮ ਕਰਨ ਦੇਣਾ ਚਾਹੀਦਾ ਹੈ । ਇਨ੍ਹਾਂ ਤੇ ਅਰਬਾਂ ਰੁਪਿਆ ਖ਼ਰਚ ਕੀਤਾ ਗਿਆ ਹੈ । ਫਿਰ ਜਿਹੜੀਆਂ ਕੋਆਪਰੇਟਿਵ ਸੁਸਾਇਟੀਆਂ ਪਿੰਡਾਂ ਵਿਚ ਕੰਮ ਕਰ ਰਹੀਆਂ ਹਨ ਇਨ੍ਹਾਂ ਦਾ ਵੀ ਬਹੁਤ ਫਾਇਦਾ ਪਿੰਡਾਂ ਦੇ ਲੋਕਾਂ ਨੂੰ ਹੋਇਆ ਹੈ । ਪਿੰਡਾਂ ਦੇ ਲੋਕਾਂ ਨੂੰ ਰਾਹਤ ਮਿਲੀ ਹੈ। ਇਨ੍ਹਾਂ ਕੋਆਪਰੇਟਿਵ ਸੁਸਾਇਟੀਆਂ ਨੇ ਪਿੰਡਾਂ ਵਿਚ ਕਨਜ਼ਿਊਮਰ ਗੁਡਜ਼ ਸਟੋਰ ਖੋਲ੍ਹੇ ਹਨ । ਇਨ੍ਹਾਂ ਤੇ ਸਸਤੇ ਭਾ ਤੇ ਚੀਜ਼ਾਂ ਮਿਲ ਜਾਂਦੀਆਂ ਹਨ ।

ਹੁਣ, ਚੇਅਰਮੈਨ ਸਾਹਿਬ, ਮੈਂ ਇਕ ਗੱਲ ਰਿਕਵਰੀ ਦੇ ਬਾਰੇ ਵੀ ਕਰਨੀ ਚਾਹੁੰਦਾ ਹਾਂ । ਇਸ ਦੇ ਬਾਰੇ ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਇਹ ਜਿਹੜਾ ਮਹੀਨਾ ਹੁਣ ਜਾ ਰਿਹਾ ਹੈ ਇਹ ਕਿਸਾਨਾਂ ਲਈ 13 ਵਾਂ ਮਹੀਨਾ ਗਿਣਿਆ ਜਾਂਦਾ ਹੈ। ਇਸ ਮਹੀਨੇ ਉਨ੍ਹਾਂ ਕੋਲ ਕੁਝ ਵੀ ਨਹੀਂ ਹੁੰਦਾ, ਜੋ ਕੁਝ ਉਸ ਕੋਲ ਹੁੰਦਾ ਹੈ ਉਹ ਵੀ ਉਹ ਵੇਚ ਬੈਠਦਾ ਹੈ । ਇਸ ਲਈ ਇਸ ਮਹੀਨੇ ਵਿਚ ਉਨ੍ਹਾਂ ਕੋਲ ਰਿਕਵਰੀ ਨਹੀਂ ਕਰਨੀ ਚਾਹੀਦੀ। ਜਿਹੜੀ ਵੀ ਰਿਕਵਰੀ ਉਸ ਕੋਲੋਂ ਕਰਨੀ ਹੁੰਦੀ ਹੈ ਉਹ ਉਸ ਵੇਲੇ ਕਰਨੀ ਚਾਹੀਦੀ ਹੈ ਜਿਸ ਵੇਲੇ ਉਸ ਕੋਲ ਕੁਝ ਹੋਵੇ । ਜਿਸ ਵੇਲੇ ਉਸ ਦੀ ਕੁਝ ਬਚਤ ਹੋਵੇ ਉਸ ਵੇਲੇ ਰਿਕਵਰੀ ਕਰੀ ਜਾਵੇ । ਇਹ ਠੀਕ ਹੈ ਕਿ ਰਿਕਵਰੀ ਕਰਨੀ ਪੈਂਦੀ ਹੈ ਪਰ ਇਹ ਉਸ ਵੇਲੇ ਕਰਨੀ ਚਾਹੀਦੀ ਹੈ ਜਦੋਂ ਕਿ ਉਨ੍ਹਾਂ ਕੋਲ ਪੈਸਾ ਹੋਵੇ । ਮਈ-ਜੂਨ ਦੇ ਮਹੀਨੇ ਵਿਚ ਇਹ ਰਿਕਵਰੀ ਕਰ ਲੈਣੀ ਚਾਹੀਦੀ ਹੈ ਜਿਸ ਵੇਲੇ ਉਨ੍ਹਾਂ ਨੇ ਆਪਣੀਆਂ ਫਸਲਾਂ ਵੇਚ ਕੇ ਪੈਸਾ ਇਕੱਠਾ ਕੀਤਾ ਹੁੰਦਾ ਹੈ ।

ਚੇਅਰਮੈਨ ਸਾਹਿਬ, ਮੈਂ ਦਸਦਾ ਹਾਂ ਕਿ ਕਈ ਵਾਰ ਇਹੋ ਜਿਹੇ ਵੇਲੇ ਜਦੋਂ ਰਿਕਵਰੀ ਕੀਤੀ ਜਾਂਦੀ ਹੈ ਤਾਂ ਉਹ ਪੈਸੇ ਨਹੀਂ ਦੇ ਸਕਦੇ ਅਤੇ ਇਨ੍ਹਾਂ ਹਾਲਾਤ ਵਿਚ ਉਨ੍ਹਾਂ ਨੂੰ ਬੜੀ ਮੁਸ਼ਕਿਲ ਹੁੰਦੀ ਸੀ । ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਸਾਡੀ ਸਰਕਾਰ ਨੇ ਉਨ੍ਹਾਂ ਦੇ ਸਿਰ ਤੋਂ ਸ਼ਾਹੂਕਾਰਾਂ ਦੇ ਕਰਜ਼ੇ ਮਾਫ਼ ਕਰਕੇ ਅਤੇ ਉਸ ਕਰਜ਼ੇ ਵਿਚ ਕਈ ਤਰ੍ਹਾਂ ਦੀਆਂ ਰਿਆਇਤਾਂ ਦੇ ਕੇ ਬੜਾ ਚੰਗਾ ਕੰਮ ਕੀਤਾ ਹੈ । ਕਈ ਜ਼ਿਮੀਂਦਾਰ ਤਾਂ ਇਸ ਕਰਜ਼ੇ ਦੇ ਇੰਨੇ ਜ਼ਿਆਦਾ ਭਾਰ ਥੱਲੇ ਆ ਗਏ ਸਨ ਕਿ ਉਹ ਕਰਜ਼ਾ ਵਾਪਿਸ ਨਹੀਂ ਕਰ ਸਕਦੇ ਸੀ ਅਤੇ ਉਨ੍ਹਾਂ ਨੂੰ ਅੰਦਰ ਕਰ ਦਿਤਾ ਜਾਂਦਾ ਸੀ । ਪਰ ਸਾਡੀ ਸਰਕਾਰ ਨੇ ਇਹ ਕਰਜ਼ੇ ਮਾਫ਼ ਕਰਕੇ ਬੜਾ ਸ਼ਲਾਘਾਯੋਗ ਕੰਮ ਕੀਤਾ ਹੈ। ਸਾਡੀ ਪ੍ਰਾਇਮ ਮਨਿਸਟਰ ਦਾ ਜਿਹੜਾ 20 ਪੁਆਇੰਟ ਪ੍ਰੋਗਰਾਮ ਹੈ ਉਸ ਵਿਚ ਵੀ ਇਸ ਦਾ ਜ਼ਿਕਰ ਕੀਤਾ ਗਿਆ ਹੈ ਕਿ ਛੋਟੇ ਕਿਸਾਨਾਂ ਨੂੰ ਇਸ ਤੋਂ ਰਾਹਤ ਦਿੱਤੀ ਜਾਵੇਗੀ । ਹੁਣ ਜਿਹੜੀਆਂ ਕੋਆਪਰੇਟਿਵ ਸੁਸਾਇਟੀਆਂ ਬਣੀਆਂ ਹਨ ਇਨ੍ਹਾਂ ਨਾਲ ਵੀ ਉਨ੍ਹਾਂ ਗਰੀਬ ਕਿਸਾਨਾਂ ਨੂੰ ਬਹੁਤ ਰਾਹਤ ਮਿਲੀ ਹੈ । ਉਹ ਇਨ੍ਹਾਂ ਸੁਸਾਇਟੀਆਂ ਤੋਂ ਕਰਜ਼ਾ ਲੈ ਸਕਦੇ ਸਨ । ਇਸ ਲਈ ਮੈਂ, ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਸਰਕਾਰ ਨੂੰ ਇਹ ਅਰਜ ਕਰਦਾ ਹਾਂ ਕਿ ਇਹ ਜਿਹੜੀ ਰਿਕਵਰੀ ਹੋਣੀ ਹੈ ਇਸ ਨੂੰ ਰੋਕ ਦਿਤਾ ਜਾਵੇ ਅਪ੍ਰੈਲ ਤਕ । ਅਗਰ ਇਸ ਨੂੰ ਰੋਕਣ ਦੀ ਕੋਈ ਸਕੀਮ ਨਹੀਂ ਹੈ, ਜਾਂ

Original with;
Punjab Vidhan Sabha
Digitized by;
Panjab Digital Library

ਇਸ ਤਰ੍ਹਾਂ ਕਰਨ ਵਿਚ ਕੋਈ ਫਾਇਨਾਂਸ਼ੀਅਲ ਹਿਚ ਹੈ ਤਾਂ ਮੈਂ ਸਮਝਦਾ ਹਾਂ ਕਿ ਥੋੜ੍ਹੇ ਥੋੜ੍ਹੇ ਪੈਸੇ ਲੈ ਲੈਣੇ ਚਾਹੀਦੇ ਹਨ ।

ਫਿਰ ਸੜਕਾਂ ਦੀ ਗੱਲ ਹੈ । ਸੜਕਾਂ ਦਾ ਜਾਲ ਵਿਛਾਇਆ ਹੈ ਸਾਡੀ ਸਰਕਾਰ ਨੇ ਔਰ ਸੜਕਾਂ ਦਾ ਕੰਮ ਪਿਛਲੇ ਦੋ ਸਾਲਾਂ ਤੋਂ ਕਈ ਥਾਵਾਂ ਤੇ ਥੋੜ੍ਹਾ ਬਹੁਤ ਰੁਕਿਆ ਰਿਹਾ ਹੈ । ਰੁਕਿਆ ਇਸ ਕਰਕੇ ਰਿਹਾ ਹੈ ਕਿ ਕਾਂਗਰਸ ਦੇ ਦਿਮਾਗ ਵਿਚ ਸੀ, ਸਰਕਾਰ ਦੇ ਦਿਮਾਗ ਦੇ ਵਿਚ ਸੀ ਕਿ ਉਹ ਕੋਆਪ੍ਰੇਟਿਵ ਮਾਰਕੀਟਿੰਗ ਸੋਸਾਇਟੀਆਂ ਤੋਂ ਪੈਸੇ ਲੈ ਕੇ ਬਣਾ ਲੈਣਗੇ ਪਰ ਉਹ ਗੱਲ ਨਹੀਂ ਚਲੀ ਕਿਉਂਕਿ ਪੀ. ਡਬਲਿਯੂ. ਡੀ. ਨੇ ਉਨ੍ਹਾਂ ਮਾਰਕੀਟਿੰਗ ਕਮੇਟੀਆਂ ਵਲ ਕਿਸੇ ਵਲ ਅੱਠ ਲੱਖ ਤੇ ਕਿਸੇ ਵਲ 9 ਲੱਖ ਰੁਪਿਆ ਕੱਢ ਦਿੱਤਾ ਜਿਹੜਾ ਕਿ ਉਨ੍ਹਾਂ ਨੂੰ ਦੇਣਾ ਮੁਸ਼ਕਿਲ ਹੋ ਗਿਆ । ਸੋ, ਮੈਂ ਅਰਜ਼ ਕਰਾਂਗਾ ਕਿ ਕੋਈ ਤਰੀਕਾ ਕਢਣਾ ਚਹੀਦਾ ਹੈ । ਮੇਰੀ ਕਨਸਟੀਚਿਊਐਂਸੀ ਵਿੱਚ ਅਜੇ ਵੀ 15-16 ਪਿੰਡ ਹਨ ਜਿਨ੍ਹਾਂ ਵਿਚ ਸੜਕਾਂ ਨਹੀਂ ਬਣਵਾਈਆਂ ਗਈਆਂ । ਇਸ ਲਈ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜਾ ਸਾਲ ਹੈ, ਇਸ ਸਾਲ ਇਤਨਾ ਜ਼ਬਰਦਸਤ ਰਾਈਜ਼ ਹੋਣਾ ਚਾਹੀਦਾ ਹੈ ਕਿ ਕੋਈ ਪਿੰਡ ਵੀ ਸੜਕ ਤੋਂ ਬਗੈਰ ਨਾ ਰਹਿ ਜਾਵੇ । ਪੀ. ਡਬਲਯੂ. ਡੀ. ਨੂੰ ਜ਼ਿਆਦਾ ਫੰਡਜ਼ ਮਿਲਣੇ ਚਾਹੀਦੇ ਹਨ । ਉਹ ਡਿਪਾਰਟਮੈਂਟ ਵੇਖੇ ਕਿ ਮਾਰਕੀਟਿੰਗ ਕਮੇਟੀਆਂ ਪਾਸ ਪੈਸੇ ਹੋਣਗੇ ਤਾਂ ਹੀ ਸੜਕਾਂ ਬਣਾਵਾਂਗੇ, ਇਹ ਤਰੀਕਾ ਤਾਂ ਕਾਮਯਾਬ ਨਹੀਂ ਹੋਇਆ । ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ ਜਿਹੜਾ ਕਿ ਮੋਸ਼ਨ ਆਫ ਥੈਂਕਸ ਪੇਸ਼ ਹੋਇਆ ਹੈ । ਬਾਕੀ ਅਕਾਲੀ ਵੀਰਾਂ ਨੇ ਤਾਂ ਇਥੇ ਮੱਕਾਰ ਬਣਾਇਆ ਹੋਇਆ ਹੈ । ਉਹ ਸਮਝਦੇ ਹਨ ਕਿ ਇਥੇ ਕੋਈ ਕੰਮ ਨਹੀਂ ਹੈ । ਉਹ ਤਾਂ ਬਾਹਰ ਮੁਰਗੇ ਛਕਦੇ ਫਿਰਦੇ ਹਨ । ਮੈਨੂੰ ਬਾਹਰ ਮਿਲੇ ਹਨ। ਮੈਂ ਪੁੱਛਿਆ ਤਾਂ ਕਹਿਣ ਲਗੇ ਉਥੇ ਕੰਮ ਤਾਂ ਹੋਣਾ ਹੀ ਨਹੀਂ ਹੈ । ਮੈਂ ਕਹਿੰਦਾ ਹਾਂ ਕਿ ਕੰਮ ਤਾਂ ਹੁਣ ਸ਼ੁਰੂ ਹੋਇਆ ਹੈ । ਹੁਣ ਆਰਗੂਮੈਂਟ ਸ਼ੁਰੂ ਹੋਈ ਹੈ । ਇਥੇ ਆਰਗੂਮੈਂਟ ਨਾਲ ਗੱਲ ਚਲਦੀ ਹੈ । ਉਨ੍ਹਾਂ ਨੂੰ ਇਥੇ ਬੈਠੇ ਹੋਣਾ ਚਾਹੀਦਾ ਸੀ ਤਾਂਕਿ ਉਹ ਆਪਣੇ ਆਰਗੂਮੈਂਟ ਦੇ ਸਕਦੇ ਔਰ ਸਾਡੇ ਆਰਗੂਮੈਂਟ ਸੁਣ ਸਕਦੇ । ਹੈਲਦੀ ਆਪੋਜੀਸ਼ਨ ਦਾ ਕੰਮ ਹੁੰਦਾ ਹੈ ਕਿ ਉਹ ਹੈਲਦੀ ਆਪੋਜੀਸ਼ਨ ਕਰੇ । ਮੈਨੂੰ ਪਤਾ ਹੈ, ਚੇਅਰਮੈਨ ਸਾਹਿਬ, ਉਹ ਹੋਸਟਲ ਵਿਚ ਜੋ ਕੁਝ ਕਰਦੇ ਹਨ । ਉਨ੍ਹਾਂ ਨੂੰ ਇਥੇ ਹਾਜ਼ਰ ਹੋਣਾ ਚਾਹੀਦਾ ਸੀ । ਇਨ੍ਹਾਂ ਸ਼ਬਦਾਂ ਨਾਲ ਮੈ ਤੁਹਾਡਾ ਧੰਨਵਾਦੀ ਹਾਂ ।

**ਸਰਦਾਰ ਲਛਮਣ ਸਿੰਘ** (ਗੁਰੂ ਹਰਸਹਾਇ) : ਚੇਅਰਮੈਨ ਸਾਹਿਬ, ਜੋ ਸਰਦਾਰ ਕਿਰਪਾਲ ਸਿੰਘ ਢਿੱਲੋਂ ਨੇ ਗਵਰਨਰ ਸਾਹਿਬ ਦੇ ਭਾਸ਼ਣ ਉਤੇ ਧੰਨਵਾਦ ਦਾ ਮਤਾ ਪੇਸ਼ ਕੀਤਾ ਸੀ ਉਸ ਦੀ ਪ੍ਰਸ਼ੰਸਾ ਵਾਸਤੇ ਮੈਂ ਖੜਾ ਹੋਇਆ ਹਾਂ । ਅੱਜ ਸਾਡੀ ਸਰਕਾਰ ਜਿਸ ਦੇ ਲੀਡਰ ਸਾਡੇ ਗਿਆਨੀ ਜ਼ੈਲ ਸਿੰਘ ਜੀ ਹਨ, ਇਸ ਨੂੰ ਚਾਰ ਸਾਲ ਪੂਰੇ ਹੋਣ ਲੱਗੇ ਹਨ ਔਰ ਜਿਤਨੀਆਂ ਪਿੱਛੇ ਸਰਕਾਰਾਂ ਆਈਆਂ ਅਕਾਲੀਆਂ ਦੀਆਂ ਉਹ ਟੁੱਟਦੀਆਂ ਢੈਂਹਦੀਆਂ ਰਹੀਆਂ । ਉਸ ਤੇ ਬਾਦ ਇਹੋ ਹੀ ਸਰਕਾਰ ਹੈ ਜਿਸ ਨੇ ਸਾਰੇ ਪੰਜਾਬ ਦੇ ਵਿਚ ਸਾਰੀ ਜਨਤਾ ਦੀ ਤਸੱਲੀ ਕਰਵਾ ਦਿੱਤੀ ਹੈ ਕਿ ਇਹ ਸਰਕਾਰ ਚੰਗੇ ਢੰਗ ਨਾਲ ਜਨਤਾ ਦੀ ਸੇਵਾ ਕਰ ਸਕਦੀ ਹੈ। ਇਹ ਕੰਮ ਸਾਡੀ ਇਹ ਸਰਕਾਰ ਕਰ ਸਕਦੀ ਹੈ । ਕੁਝ ਅੰਕੜੇ ਇਸ ਐਡਰੈਸ ਵਿਚ ਆਏ ਹਨ । ਸੰਨ 1974-75 ਵਿਚ 126 ਕਰੋੜ ਰੁਪਏ ਖਰਚ ਕੀਤੇ ਗਏ ਹਨ । ....(ਇਸ ਸਮੇਂ ਕੈਪਟਨ ਰਤਨ ਸਿੰਘ ਜੀ ਸਰਦਾਰ ਦਿਲਬਾਗ ਸਿੰਘ ਜੀ ਦੀ ਸੀਟ ਉਤੇ ਉਨ੍ਹਾਂ ਦੇ ਨਾਲ ਬੈਠਕੇ ਗੱਲਾਂ ਕਰ ਰਹੇ ਸਨ । )

Original with;
Punjab Vidhan Sabha
Digitized by;
Panjab Digital Library

**ਸ੍ਰੀ ਸਭਾਪਤੀ :** ਸਰਦਾਰ ਦਿਲਬਾਗ ਸਿੰਘ ਜੀ, ਤੁਸੀਂ ਕਿਰਪਾ ਕਰਕੇ ਹਾਊਸ ਦੀ ਪ੍ਰੋਸੀਡਿੰਗਜ਼ ਨੂੰ ਸੁਣੋ । ਕੈਪਟਨ ਸਾਹਿਬ ਆਪਣੀ ਸੀਟ ਉਤੇ ਚਲੇ ਜਾਣ ਅਤੇ ਮੈਂਬਰ ਨੂੰ ਸੁਣਨ ।

**ਸਰਦਾਰ ਲਛਮਣ ਸਿੰਘ :** ਸੋ, ਚੇਅਰਮੈਨ ਸਾਹਿਬ, ਮੈਂ ਇਹ ਅਰਜ਼ ਕਰ ਰਿਹਾ ਸੀ ਕਿ ਸਾਡਾ ਪੰਜਾਬ ਕਿਸ ਤਰ੍ਹਾਂ ਅਗੇ ਵਧੀ ਜਾ ਰਿਹਾ ਹੈ । ਜਿਸ ਤਰ੍ਹਾਂ ਸਾਡੇ ਪੰਜਾਬ ਦੇ ਅੰਦਰ ਖੇਤੀ ਬਾੜੀ ਜੋ ਹੈ ....

**ਕੈਪਟਨ ਰਤਨ ਸਿੰਘ :** ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਡਰ ਇਹ ਹੈ ਕਿ ਚੇਅਰਮੈਨ ਤੁਸੀਂ ਹੋ, ਠੀਕ ਹੈ । ਕੀ ਕਿਸੇ ਮੈਂਬਰ ਦਾ ਦੂਸਰੀ ਸੀਟ ਉਤੇ ਜਾਣਾ ਹਾਊਸ ਦੀਆਂ ਪ੍ਰੋਸੀਡਿੰਗਜ਼ ਦੇ ਖ਼ਿਲਾਫ ਹੈ ?

**ਸ੍ਰੀ ਸਭਾਪਤੀ :** ਬੇਸ਼ਕ ਬੈਠੋ ਪਰ ਬੋਲੀ ਨਾ ਜਾਓ । ਤੁਸੀਂ ਆਪਣੀ ਤਕਰੀਰ ਸ਼ੁਰੂ ਕਰ ਦਿੱਤੀ ਸੀ ।

**ਕੈਪਟਨ ਰਤਨ ਸਿੰਘ :** ਨਹੀਂ, ਚੇਅਰਮੈਨ ਸਾਹਿਬ, ਸੁਣੋ । ਜਿਹੜਾ ਆਨਰੇਬਲ ਮੈਂਬਰ ਦੂਸਰੀ ਸੀਟ ਤੇ ਜਾਂਦਾ ਹੈ ਲਾਜ਼ਮੀ ਤੌਰ ਤੇ ਉਹ ਕੋਈ ਗੱਲ ਕਰਨ ਲਈ ਜਾਂਦਾ ਹੈ ।....

**ਸ੍ਰੀ ਸਭਾਪਤੀ :** ਪਰ ਤੁਸੀਂ ਗੱਲ ਉਹੀ ਨਾਂ ਕਰੋ ਤਾਂ ਵਾਜਬ ਹੈ ।

**ਕੈਪਟਨ ਰਤਨ ਸਿੰਘ :** ** ** **

**ਸ੍ਰੀ ਸਭਾਪਤੀ :** ਮੇਰਾ ਖਿਆਲ ਹੈ ਕਿ ਤੁਹਾਡੇ ਇਹ ਲਫਜ਼ ਚੰਗੇ ਨਹੀਂ ਹਨ । ਮੇਰਾ ਖਿਆਲ ਹੈ ਕਿ ਜਿਹੜੇ ਲਫਜ਼ ਤੁਸੀਂ ਇਸਤੇਮਾਲ ਕੀਤੇ ਹਨ ਇਹ ਨਾ ਲਿਖੇ ਜਾਣ ।

**ਸਰਦਾਰ ਲਛਮਣ ਸਿੰਘ :** ਚੇਅਰਮੈਨ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਖੇਤੀਬਾੜੀ ਦੇ ਵਿਚ ਅਸੀਂ ਬਹੁਤ ਤਰੱਕੀ ਕੀਤੀ ਹੈ । ਔਰ ਪਾਣੀ ਦੀ ਅੱਛੀ ਹਾਲਤ ਹੋਣ ਕਰਕੇ ਸੰਨ 1974-75 ਵਿਚ 80 ਲੱਖ ਮੀਟ੍ਰਿਕ ਟਨ ਅਨਾਜ ਦੀ ਉਪਜ ਹੋਈ ਹੈ। ਸੰਨ 1975-76 ਲਈ ਅਨਾਜ ਦੀ ਉਪਜ 84 ਲੱਖ ਮੀਟ੍ਰਿਕ ਟਨ ਅਤੇ ਸਾਲ 1976-77 ਲਈ 86 ਲੱਖ ਮੀਟ੍ਰਿਕ ਟਨ ਪੈਦਾ ਕਰਨ ਦਾ ਸਰਕਾਰ ਦਾ ਟੀਚਾ ਹੈ । ਸੋ, ਇਹ ਇਕ ਬੜੀ ਵੱਡੀ ਤਰੱਕੀ ਹੈ ਜਿਸ ਦੇ ਵਿਚ ਅਸੀਂ ਅੱਗੇ ਵਧੇ ਹਾਂ ਕਿਉਂਕਿ ਸਾਰੇ ਦੇਸ਼ ਦੇ ਅੰਦਰ ਅਨਾਜ ਦੀ ਕਾਫ਼ੀ ਸਾਨੂੰ ਕਮੀ ਮਹਿਸੂਸ ਹੁੰਦੀ ਸੀ । ਉਸ ਕਮੀ ਨੂੰ ਪੂਰਾ ਕਰਨ ਵਿਚ ਪੰਜਾਬ ਦਾ ਵੱਡਾ ਹਿੱਸਾ ਹੈ ਔਰ ਬਾਕੀ ਦੇ ਸੂਬਿਆਂ ਦੇ ਵਿਚ ਸ਼ਾਇਦ ਇਸ ਤਰ੍ਹਾਂ ਦੀਆਂ ਸਹੂਲਤਾਂ ਨਹੀਂ ਹਨ ਜਿਹੜੀਆਂ ਕਿ ਪੰਜਾਬ ਦੇ ਅੰਦਰ ਬਿਜਲੀ ਔਰ ਪਾਣੀ ਦੀਆਂ ਕਿਸਾਨ ਨੂੰ ਹਨ ।

ਚੇਅਰਮੈਨ ਸਾਹਿਬ, ਇਹ ਗਿਆਨੀ ਜੀ ਦੀ ਮਿਹਨਤ ਦਾ ਸਿੱਟਾ ਹੈ ਕਿ ਥੀਨ ਡੈਮ ਮਨਜ਼ੂਰ ਕਰਵਾਕੇ ਲੈ ਆਏ ਹਨ । ਅਗਰ ਉਹ ਸਕੀਮ ਸਾਡੀ ਚਲੇਗੀ ਤਾਂ ਅਸੀਂ ਇਸ ਤੋਂ

---

** Not recorded as ordered by the Chair.

Original with;
Punjab Vidhan Sabha
Digitized by;
Panjab Digital Library

ਵੀ ਅੱਗੇ ਵਧਾਂਗੇ ਜਿਸ ਤੇ ਕਿ ਦੋ ਅਰਬ ਰੁਪਿਆ ਖਰਚ ਹੋਣਾ ਹੈ। ਉਸ ਦੇ ਨਾਲ ਕਈਆਂ ਲੋਕਾਂ ਨੂੰ ਰੁਜ਼ਗਾਰ ਮਿਲੇਗਾ, ਇਸ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ, ਕਾਫੀ ਵੱਡਾ ਕੰਮ ਹੈ, ਕਾਫ਼ੀ ਇੰਜਨੀਅਰ ਲੱਗਣਗੇ ਅੌਰ ਮਜ਼ਦੂਰ ਕੰਮ ਕਰਨਗੇ। ਜਦੋਂ ਉਸ ਦਾ ਪਾਣੀ ਖੇਤਾਂ ਵਿਚ ਜਾਵੇਗਾ ਤਾਂ ਹੋਰ ਵੀ ਸਾਰੇ ਪੰਜਾਬ ਨੂੰ ਉਸ ਦਾ ਫਾਇਦਾ ਪਹੁੰਚੇਗਾ। ਇਸ ਤਰੀਕੇ ਨਾਲ ਅਸੀਂ ਜਿਹੜੀ ਤਰੱਕੀ ਕੀਤੀ ਹੈ ਉਹ ਬਹੁਤ ਜ਼ਿਆਦਾ ਹੈ ਔਰ ਇਸ ਦੇ ਨਾਲ ਅਸੀਂ ਅਗੇ ਵਧਦੇ ਜਾ ਰਹੇ ਹਾਂ।

ਇਸ ਤਰ੍ਹਾਂ ਹੀ ਸਿਹਤ ਵਲ ਚਲੀਏ, ਇਨ੍ਹਾਂ ਨੇ ਵੀ ਕਾਫ਼ੀ ਆਪਣੇ ਪੰਜਾਬ ਦੇ ਅੰਦਰ ਤਰੱਕੀ ਕੀਤੀ ਹੈ। ਨਵੀਆਂ ਡਿਸਪੈਂਸਰੀਆਂ, ਸਬ-ਡਿਸਪੈਂਸਰੀਆਂ ਖੋਲ੍ਹੀਆਂ ਹਨ, ਡਾਕਟਰਾਂ ਨੂੰ ਰੁਜ਼ਗਾਰ ਮਿਲਿਆ ਹੈ ਅਤੇ ਸਾਨੂੰ ਪਿੰਡਾਂ ਵਿਚ ਹਰ ਤਰ੍ਹਾਂ ਦੀਆਂ ਦਵਾਈਆਂ ਮਿਲਣ ਦੀ ਸਹੂਲਤ ਹੋ ਗਈ ਹੈ। ਪਸ਼ੂਆਂ ਵਲ ਚਲੀਏ। ਪਸ਼ੂ ਕਿਉਂਕਿ ਦੂਰ ਲੈ ਜਾਣੇ ਮੁਸ਼ਕਿਲ ਹੁੰਦੇ ਹਨ। ਇਸ ਵਾਸਤੇ 32 ਨਵੀਆਂ ਡਿਸਪੈਂਨਸਰੀਆਂ ਤੇ 30 ਡਿਸ-ਪੈਂਸਰੀਆਂ ਅਪਗਰੇਡ ਕੀਤੀਆਂ ਹਨ ਜੇਕਰ ਅੱਜ ਕੋਈ ਪਸ਼ੂ ਬੀਮਾਰ ਹੋ ਜਾਵੇ ਤਾਂ ਸਾਨੂੰ ਇਧਰ ਉਧਰ ਲੈ ਜਾਣਾ ਮੁਸ਼ਕਿਲ ਹੋ ਜਾਂਦਾ ਹੈ, ਇਸ ਲਈ ਇਸ ਪਾਸੇ ਵੀ ਗਿਆਨੀ ਜੀ ਦੀ ਲੀਡਰਸ਼ਿਪ ਵਿੱਚ ਕਾਫੀ ਤਰੱਕੀ ਕੀਤੀ ਹੈ। ਸਾਡੀ ਸਰਕਾਰ ਨੇ ਇਸ ਵਾਸਤੇ ਕਾਫ਼ੀ ਸਹੂਲਤਾਂ ਦਿੱਤੀਆਂ ਹਨ। ਸੋ, ਜਿਸ ਤਰ੍ਹਾਂ ਕਿਸਾਨ ਦੀ ਪੈਦਾਵਾਰ ਹੁੰਦੀ ਹੈ, ਕਣਕ ਦਾ ਜਿਸ ਤਰ੍ਹਾਂ ਭਾਅ ਮਿਥ ਲਿਆ ਇਸ ਨਾਲ ਕਿਸਾਨਾਂ ਨੂੰ ਕਾਫ਼ੀ ਫਾਇਦਾ ਪਹੁੰਚਿਆ ਹੈ ਲੇਕਿਨ ਜਿੱਥੋਂ ਤਕ ਨਰਮੇ ਦੀ ਫਸਲ ਦਾ ਸਵਾਲ ਹੈ ਇਸ ਦੀ ਪੁਜ਼ੀਸ਼ਨ ਕਮਜ਼ੋਰ ਹੈ ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਸ ਵਾਸਤੇ ਵੀ ਕੋਈ ਕਾਰਪੋਰੇਸ਼ਨ ਬਣਾਈ ਜਾਵੇ, ਭਾਅ ਨਿਸ਼ਚਿਤ ਹੋਣੇ ਚਾਹੀਦੇ ਹਨ ਤਾਂ ਕਿ ਕਿਸਾਨ ਨੂੰ ਤਸੱਲੀ ਹੋਵੇ ਕਿ ਇਸ ਫ਼ਸਲ ਉਪਰ ਖਰਚਾ ਕਰਨਾ ਠੀਕ ਰਹੇਗਾ।

ਮਾਸਟਰ ਜੀ ਨੇ ਕਲ ਕਿਹਾ ਹੈ ਕਿ ਕਾਰਪੋਰੇਸ਼ਨ ਹੁਣ ਮਾਰਕੀਟ ਵਿਚ ਆਈ ਹੈ ਪਰ ਇਹ ਬਹੁਤ ਹੀ ਲੇਟ ਆਈ ਹੈ। ਇਸ ਨੂੰ ਲੇਟ ਨਹੀਂ ਹੋਣਾ ਚਾਹੀਦਾ। ਇਸ ਲਈ ਅਗੇ ਵਾਸਤੇ ਇਹ ਯਤਨ ਕਰਨਾ ਚਾਹੀਦਾ ਹੈ ਕਿ ਕਿਸਾਨ ਦਾ ਇਹ ਮਸਲਾ ਵੇਲੇ ਸਿਰ ਹੱਲ ਹੋ ਜਾਇਆ ਕਰੇ।

ਫਿਰ ਬਾਰਡਰ ਕੌਂਸਲ ਦੀਆਂ ਮੀਟਿੰਗਾਂ ਹੋਈਆਂ। ਉਨ੍ਹਾਂ ਵਿਚ ਇਹ ਫ਼ੈਸਲਾ ਹੋਇਆ ਕਿ ਸਕੂਲਾਂ ਦੀਆਂ ਬਿਲਡਿੰਗਾਂ ਪੱਕੀਆਂ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ਮੈਂ ਬੇਨਤੀ ਕਰਾਂਗਾ ਕਿ ਇਸ ਪਾਸੇ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਕਿਉਂਕਿ ਬਾਰਡਰ ਦੇ ਵਿਚ ਪੈਸੇ ਦੀ ਕਾਫ਼ੀ ਕਮੀ ਹੁੰਦੀ ਹੈ। ਉਹ ਲੋਕ ਸਕੂਲਾਂ ਦੀਆਂ ਬਿਲਡਿੰਗਾਂ ਨੂੰ ਠੀਕ ਢੰਗ ਨਾਲ ਬਣਾ ਨਹੀਂ ਸਕਦੇ। ਇਸ ਲਈ ਇਸ ਪਾਸੇ ਵਲ ਸਰਕਾਰ ਜ਼ਰੂਰ ਧਿਆਨ ਦੇਵੇ।

ਸੜਕਾਂ ਦੀ ਗੱਲ ਹੈ। ਸਰਕਾਰ ਨੇ ਸੜਕਾਂ ਕਾਫੀ ਬਣਾਈਆਂ ਹਨ ਮਗਰ ਅਜੇ ਵੀ ਕੁਝ ਕਮੀ ਹੈ। ਜਿਸ ਤਰ੍ਹਾਂ ਸਰਦਾਰ ਬੇਅੰਤ ਸਿੰਘ ਜੀ ਨੇ ਕਿਹਾ ਹੈ ਸਰਕਾਰ ਨੇ ਸੜਕਾਂ ਮਾਰਕੀਟ ਕਮੇਟੀਆਂ ਰਾਹੀਂ ਬਣਾਉਣੀਆਂ ਹਨ, ਇਸ ਦੇ ਨਾਲ ਸ਼ਾਇਦ ਜਲਦੀ ਨਾ ਹੋ ਸਕੇ ਇਸ ਲਈ ਮੈਂ ਵੀ ਬੇਨਤੀ ਕਰਾਂਗਾ ਕਿ ਇਸ ਪਾਸੇ ਸਰਕਾਰ ਨੂੰ ਚਾਹੀਦਾ ਹੈ

Original with;
Punjab Vidhan Sabha
Digitized by;
Panjab Digital Library

[ਸਰਦਾਰ ਲਛਮਣ ਸਿੰਘ]

ਕਿ ਉਚੇਚੇ ਕਦਮ ਉਠਾਵੇ ਔਰ ਸੜਕਾਂ ਦੇ ਕੰਮ ਨੂੰ ਦੇਰ ਨਾ ਕਰੇ ਤਾਂ ਕਿ ਪਿੰਡਾਂ ਦੇ ਵਿਚ ਆਵਾਜਾਈ ਦੇ ਸਾਧਨ ਠੀਕ ਕਰ ਸਕੀਏ ਇਸ ਤਰ੍ਹਾਂ ਕਿਸਾਨਾਂ ਨੂੰ ਕਾਫੀ ਸਹੂਲਤ ਪਹੁੰਚ ਸਕੇਗੀ ।

11.10 A. M. (ਇਸ ਸਮੇਂ ਸਰਦਾਰ ਸੁਰਜੀਤ ਸਿੰਘ ਅਟਵਾਲ, ਪੈਨਲ ਆਫ ਚੇਅਰਮੈਨ ਦੇ ਮੈਂਬਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

ਇਸ ਤਰ੍ਹਾਂ, ਚੇਅਰਮੈਨ ਸਾਹਿਬ, ਸਰਕਾਰ ਨੇ ਕਾਫੀ ਕੰਮ ਕੀਤੇ ਹਨ । ਬੜੇ ਚੰਗੇ ਕੰਮ ਕੀਤੇ ਹਨ । ਮੈਂ ਇਸ ਸਰਕਾਰ ਦੀ ਪ੍ਰਸ਼ੰਸਾ ਕਰਦਾ ਹਾਂ ਔਰ ਆਪ ਜੀ ਦਾ ਬਹੁਤ ਬਹੁਤ ਧੰਨਵਾਦੀ ਹਾਂ ਕਿ ਆਪ ਨੇ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ ।

**ਸ੍ਰੀ ਸਰਦਾਰੀ ਲਾਲ ਕਪੂਰ** (ਲੁਧਿਆਣਾ ਉੱਤਰ): ਮਾਨਯੋਗ ਚੇਅਰਮੈਨ ਸਾਹਿਬ, ਜਿਹੜਾ ਗਵਰਨਰ ਸਾਹਿਬ ਨੇ ਭਾਸ਼ਨ ਦਿੱਤਾ ਹੈ, ਉਸ ਨੂੰ ਮੈਂ ਸਪੋਰਟ ਕਰਨ ਲਈ ਖੜ੍ਹਾ ਹੋਇਆ ਹਾਂ। ਇਨ੍ਹਾਂ 4 ਸਾਲ ਦੀ ਹਕੂਮਤ ਦੇ ਦੌਰਾਨ ਜੋ ਗਿਆਨੀ ਜੀ ਦੀ ਸਰਕਾਰ ਨੇ ਕੰਮ ਕੀਤਾ ਹੈ ਇਸ ਸਬੰਧ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਦੂਸਰੇ ਸੂਬਿਆਂ ਨਾਲੋਂ ਅਸੀਂ ਜ਼ਿਆਦਾ ਅੱਗੇ ਨਿਕਲੇ ਹਾਂ । ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਜ਼ਿਕਰ ਕੀਤਾ ਕਿ ਪੋਲੀਟੀਕਲ-ਸਫ਼ਰਰਜ਼ ਅਤੇ ਸੁਤੰਤਰਤਾ ਸੰਗਰਾਮੀਆਂ ਦੀਆਂ ਪੈਨਸ਼ਨਾਂ ਭਾਰਤ ਸਰਕਾਰ ਨੇ ਮਨਜ਼ੂਰ ਕੀਤੀਆਂ ਹਨ । ਇਸ ਤਰ੍ਹਾਂ ਦੇ ਪੈਨਸ਼ਨਰਾਂ ਦੀ ਗਿਣਤੀ ਪੰਜਾਬ ਵਿਚ ਕਾਫੀ ਹੋ ਗਈ ਹੈ । ਭਾਵੇਂ 200 ਰੁਪਿਆ ਕੋਈ ਵਡੀ ਰਕਮ ਨਹੀਂ ਹੁੰਦੀ ਪਰ, ਚੇਅਰਮੈਨ ਸਾਹਿਬ, ਇਸ ਵਿਚ ਮਾਣ ਦੀ ਗੱਲ ਹੈ ਜਿਹੜਾ ਇਹ ਮਹਿਸੂਸ ਕਰਨਾ ਹੈ ਕਿ ਉਨ੍ਹਾਂ ਲੋਕਾਂ ਨੇ ਦੇਸ਼ ਦੀ ਸੇਵਾ ਕੀਤੀ ਹੈ । ਉਸ ਦੇ ਬਜਾਏ ਉਨ੍ਹਾਂ ਨੂੰ 200 ਜਾਂ 250 ਰੁਪਏ ਪੈਨਸ਼ਨ ਲਗੀ ਹੈ । ਜਿਹੜੇ ਫਰੀਡਮ ਫਾਈਟਰਜ਼ ਹਨ ਕਿਸੇ ਦੀ ਉਮਰ 65 ਸਾਲ ਹੈ, ਕਿਸੇ ਦੀ 70 ਸਾਲ ਹੈ । ਉਹ ਕੰਮ ਕਰਨ ਦੇ ਯੋਗ ਨਹੀਂ ਰਹੇ । ਇਹ ਮੱਦਦ ਵੀ ਉਨ੍ਹਾਂ ਦਾ ਸਹਾਰਾ ਬਣੀ ਹੈ ਔਰ ਉਨ੍ਹਾਂ ਦੇ ਜੀਵਨ ਦੇ ਦਿਨ ਕੁਝ ਖੁਸ਼ਹਾਲੀ ਨਾਲ ਗੁਜ਼ਰਨ ਲੱਗ ਪਏ ਹਨ । ਮਗਰ ਮੈਂ ਕਹਾਂਗਾ ਹਾਲੇ ਵੀ ਇਸ ਤਰ੍ਹਾਂ ਦੇ ਬੰਦੇ ਹਨ ਜਿਨ੍ਹਾਂ ਦੇ ਕਾਗਜ਼ ਕਦੇ ਇੱਧਰ ਤੇ ਕਦੇ ਉਧਰ ਜਾਂਦੇ ਹਨ । ਮੈਂ ਸਮਝਦਾ ਹਾਂ ਕਿ ਜਲਦੀ ਤੋਂ ਜਲਦੀ ਉਨ੍ਹਾਂ ਦੇ ਕਾਗਜ਼ ਪੂਰੇ ਕਰਾਕੇ ਉਨ੍ਹਾਂ ਨੂੰ ਪੈਨਸ਼ਨਾਂ ਦੇਣੀਆਂ ਚਾਹੀਦੀਆਂ ਹਨ । ਮੈਂ ਇਹ ਵੀ ਕਹਾਂਗਾ ਕਿ ਕੁਝ ਲੋਕ ਐਸੇ ਹਨ ਜਿਨ੍ਹਾਂ ਨੇ ਐਫੀਡੇਵਿਟ ਗਲਤ ਤਰੀਕੇ ਨਾਲ ਹਾਸਲ ਕਰਕੇ ਪੈਨਸ਼ਨਾਂ ਲੈ ਲਈਆਂ ਹਨ ਜਿਹੜੇ ਕਿ ਜੇਲ੍ਹ ਵਿਚ ਵੀ ਨਹੀਂ ਗਏ, ਜੇਕਰ ਗਏ ਹੋਣਗੇ ਤਾਂ ਸ਼ਾਇਦ ਉਹ ਬਲੈਕ ਮਾਰਕਿਟਿੰਗ ਕਰਕੇ ਹੀ ਜੇਲ੍ਹ ਗਏ ਹੋਣਗੇ । ਇਸ ਲਈ ਜਿਹੜੇ ਆਦਮੀ ਨੇ ਬੇਈਮਾਨੀ ਕੀਤੀ ਹੈ ਉਹ ਪੈਨਸ਼ਨ ਹਾਸਲ ਕਰਨ ਵਾਸਤੇ ਕੋਈ ਨਾ ਕੋਈ ਤਰੀਕਾ ਇਸਤੇਮਾਲ ਕਰਦਾ ਹੈ । ਇਸ ਬਾਰੇ ਕਮੇਟੀ ਵੀ ਬਣਾਈ ਸੀ ਉਸ ਨੇ ਛਾਣ-ਬੀਣ ਕੀਤੀ ਹੈ ਔਰ ਕੁਝ ਐਸੇ ਆਦਮੀ ਜਾਂਚ ਲਏ ਜਿਨ੍ਹਾਂ ਨੇ ਗਲਤ ਤਰੀਕੇ ਨਾਲ ਪੈਨਸ਼ਨਾਂ ਲਈਆਂ ਹਨ । ਉਹ ਪੈਨਸ਼ਨਾਂ ਤਾਂ ਬੰਦ ਕਰ ਦਿੱਤੀਆਂ ਹਨ ਪਰ ਮੈਂ ਬੇਨਤੀ ਕਰਾਂਗਾ ਕਿ ਜਿਹੜੇ ਗਲਤ ਤਰੀਕੇ ਨਾਲ ਪੈਸੇ ਲੈ ਗਏ ਹਨ ਉਨ੍ਹਾਂ ਤੋਂ ਪੈਨਸ਼ਨਾਂ ਦੇ ਪੈਸੇ ਵਾਪਿਸ ਲੈਣੇ ਚਾਹੀਦੇ ਹਨ, ਕਿਉਂਕਿ ਸਰਕਾਰੀ ਖਜ਼ਾਨੇ ਵਿਚੋਂ ਪੈਨਸ਼ਨਾਂ ਲਈਆਂ ਹਨ । ਦੂਸਰੀ ਇਹ ਗੱਲ ਹੈ ਕਿ ਜਿਹੜੇ ਵਿਚਾਰੇ ਬਿਰਧ ਹਨ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਪੈਨਸ਼ਨਾਂ ਲਗਾਕੇ ਸ਼ਲਾਘਾਯੋਗ ਕੰਮ

Original with;
Punjab Vidhan Sabha
Digitized by;
Panjab Digital Library

ਕੀਤਾ ਹੈ । ਉਨ੍ਹਾਂ ਦੀ ਦਿਨੋ ਦਿਨ ਤਾਦਾਦ ਵਧਦੀ ਜਾ ਰਹੀ ਹੈ ਲੇਕਿਨ ਮੈਂ ਇਹ ਕਹਾਂਗਾ ਕਿ ਇਨ੍ਹਾਂ ਨੂੰ ਕਈ ਮੁਸ਼ਕਲਾਂ ਵਿਚੋਂ ਗੁਜ਼ਰਨਾ ਪੈਂਦਾ ਹੈ । ਪਹਿਲਾਂ ਉਹ ਤਹਿਸੀਲਦਾਰ ਤੋਂ ਦਸਖ਼ਤ ਕਰਵਾਉਣ, ਫਿਰ ਮਿਉਨਿਸਪਲ ਕਮਿਸ਼ਨਰ ਦੇ ਦਸਖ਼ਤ ਹੋਣ, ਐਮ. ਐਲ. ਏ. ਤੋਂ ਦਸਖ਼ਤ ਹੋਣ ਅਤੇ ਫਿਰ ਡਿਪਟੀ ਕਮਿਸ਼ਨਰ ਉਸ ਦੀ ਦਰਖਾਸਤ ਭੇਜਦਾ ਹੈ ਇਸ ਤਰ੍ਹਾਂ ਉਸ ਨੂੰ ਕਈ ਥਾਵਾਂ ਤੋਂ ਗੁਜ਼ਰਨਾ ਪੈਂਦਾ ਹੈ । ਫਿਰ ਮਹਿਕਮੇ ਵਾਲੇ ਇਹ ਕਰਦੇ ਹਨ ਕਿ ਉਸ ਵਿਚੋਂ ਗਲਤੀ ਕੱਢ ਦਿੰਦੇ ਹਨ ਅਤੇ ਉਹ ਫਾਰਮ ਫਿਰ ਵਾਪਿਸ ਉਨ੍ਹਾਂ ਕੋਲ ਚਲਾ ਜਾਂਦਾ ਹੈ । ਇਸ ਤਰ੍ਹਾਂ ਜਿਹੜੇ ਬੁਢਿਆਂ, ਬਿਰਧਾਂ ਨੇ ਦਰਖਾਸਤਾਂ ਦਿਤੀਆਂ ਹੁੰਦੀਆਂ ਹਨ ਉਹ ਵਿਚਾਰੇ ਬੀਤ (ਗੁਜ਼ਰ) ਜਾਂਦੇ ਹਨ ਅਤੇ ਦਰਖਾਸਤਾਂ ਵਿਚ ਹੀ ਰਹਿ ਜਾਂਦੀਆਂ ਹਨ । ਇਸ ਤਰ੍ਹਾਂ ਦਾ ਤਰੀਕਾ ਅਖ਼ਤਿਆਰ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਪੈਨਸ਼ਨ ਮਿਲ ਜਾਇਆ ਕਰੇ । ਕਿਉਂਕਿ ਜਿਹੜੇ ਬਿਰਧ ਪੈਨਸ਼ਨ ਵਾਸਤੇ ਆਪਣੀ ਦਰਖਾਸਤ ਭੇਜਦੇ ਹਨ ਉਹ 65 ਸਾਲ ਤੋਂ ਘਟ ਉਮਰ ਵਾਲੇ ਨਹੀਂ ਹੁੰਦੇ । 65 ਸਾਲ ਦੀ ਉਮਰ ਤੋਂ ਬਾਅਦ ਉਨ੍ਹਾਂ ਦਾ ਜੋ ਸਮਾਂ ਬੀਤਦਾ ਹੈ ਉਹ ਬੜਾ ਦੁਖਦਾਈ ਹੁੰਦਾ ਹੈ । ਕਈ ਐਸੇ ਕੇਸਿਜ਼ ਵੀ ਹਨ ਕਿ ਉਨ੍ਹਾਂ ਨੂੰ ਦਰਖ਼ਾਸਤਾਂ ਦਿੱਤੀਆਂ ਨੂੰ ਛੇ ਛੇ, ਸੱਤ ਸੱਤ ਸਾਲ ਹੋ ਗਏ ਪਰ ਉਨ੍ਹਾਂ ਨੂੰ ਪੈਨਸ਼ਨ ਨਹੀਂ ਮਿਲੀ ਅਤੇ ਇਤਨੇ ਵਿਚ ਉਹ ਗੁਜ਼ਰ ਗਏ । ਉਹ ਇਸੇ ਖਿਆਲ ਵਿਚ ਜੀਉਂਦੇ ਰਹੇ ਕਿ ਸਾਨੂੰ ਪੈਨਸ਼ਨ ਮਿਲੇਗੀ ਮਗਰ ਪੈਨਸ਼ਨ ਉਨ੍ਹਾਂ ਨੂੰ ਨਹੀਂ ਮਿਲੀ । ਪਿਛਲੇ ਦਿਨੀਂ ਮਹਿਕਮੇ ਵਾਲਿਆਂ ਨੇ ਡਿਸਟ੍ਰਿਕਟਵਾਈਜ਼ ਉਨ੍ਹਾਂ ਕੋਲੋਂ ਦਰਖ਼ਾਸਤਾਂ ਲੈਣ ਦੀ ਕੋਸ਼ਿਸ਼ ਕੀਤੀ ਸੀ ਅਤੇ ਦਰਖ਼ਾਸਤਾਂ ਉਨ੍ਹਾਂ ਕੋਲੋਂ ਜਾ ਕੇ ਲਈਆਂ ਵੀ ਸਨ । ਫਿਰ ਦਰਖ਼ਾਸਤਾਂ ਲੈਣੀਆਂ ਬੰਦ ਵੀ ਕਰ ਦਿਤੀਆਂ ਗਈਆਂ । ਬਾਵਜੂਦ ਉਨ੍ਹਾਂ ਕੋਲੋਂ ਦਰਖਾਸਤਾਂ ਲੈਣ ਦੇ, ਉਨ੍ਹਾਂ ਦੀਆਂ ਦਰਖ਼ਾਸਤਾਂ ਮਹਿਕਮੇ ਕੋਲ ਹਨ, ਹਾਲਾਂ ਵੀ ਉਹ ਇੰਤਜ਼ਾਰ ਕਰ ਰਹੇ ਹਨ ਕਿ ਸਾਨੂੰ ਪੈਨਸ਼ਨ ਮਿਲੇ ਪਰ ਉਨ੍ਹਾਂ ਨੂੰ ਪੈਨਸ਼ਨ ਨਹੀਂ ਮਿਲੀ । ਇਸ ਮਹਿਕਮੇ ਦੇ ਮਨਿਸਟਰ ਸਾਹਿਬ ਕੋਲ ਮੈਂ ਬੇਨਤੀ ਕਰਾਂਗਾ ਕਿ ਉਹ ਆਪਣੇ ਇਸ ਮਹਿਕਮੇ ਨੂੰ ਕੱਸਣ ਤਾਕਿ ਜਿਹੜੀਆਂ ਐਪਲੀਕੇਸ਼ਨਜ਼ ਉਨ੍ਹਾਂ ਕੋਲ ਆਈਆਂ ਉਨ੍ਹਾਂ ਦੀਆਂ ਐਪਲੀਕੇਸ਼ਨਜ਼ ਜਲਦੀ ਤੋਂ ਜਲਦੀ ਮਨਜ਼ੂਰ ਕੀਤੀਆਂ ਜਾਣ ਅਤੇ ਉਨ੍ਹਾਂ ਨੂੰ ਪੈਨਸ਼ਨ ਲਗਾਈ ਜਾਵੇ । ਮਹਿਕਮੇ ਕੋਲ ਪੈਸਾ ਵੀ ਹੈ ਅਤੇ ਜੇ ਪੈਸਾ ਹੋਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਪੈਨਸ਼ਨਾਂ ਨਾ ਮਿਲਣ ਤਾਂ ਇਹ ਠੀਕ ਨਹੀਂ ਹੈ । ਇਹ ਹੋ ਸਕਦਾ ਹੈ ਕਿ ਜਿਹੜੇ ਪੈਨਸ਼ਨ ਦੇ ਅਧਿਕਾਰੀ ਨਹੀਂ ਹਨ ਉਨ੍ਹਾਂ ਨੂੰ ਪੈਨਸ਼ਨ ਨਾ ਮਿਲੇ ਪਰ ਜਿਹੜੇ ਪੈਨਸ਼ਨ ਦੇ ਅਧਿਕਾਰੀ ਹਨ ਉਨ੍ਹਾਂ ਨੂੰ ਪੈਨਸ਼ਨ ਜਲਦੀ ਮਿਲਣੀ ਚਾਹੀਦੀ ਹੈ । ਲੁਧਿਆਣੇ ਵਿਚੋਂ ਮੈਨੂੰ ਪਤਾ ਲੱਗਾ ਹੈ ਕਿ ਕੁਝ ਆਦਮੀਆਂ ਨੇ ਪੈਨਸ਼ਨਾਂ ਵਾਸਤੇ ਦਰਖਾਸਤਾਂ ਦਿੱਤੀਆਂ ਸਨ ਹੁਣ ਉਨ੍ਹਾਂ ਦੀ ਪੈਨਸ਼ਨ ਦੀ ਮਨਜ਼ੂਰੀ ਗਈ ਹੈ ਜਦ ਕਿ ਉਹ ਆਦਮੀ 3 ਸਾਲ ਪਹਿਲਾਂ ਹੀ ਮਰ ਗਏ ਹਨ । ਉਨ੍ਹਾਂ ਆਦਮੀਆਂ ਨੂੰ ਮਰਿਆਂ ਨੂੰ ਤਿੰਨ ਸਾਲ ਹੋ ਗਏ ਹਨ ਅਤੇ ਉਨ੍ਹਾਂ ਦੀ ਪੈਨਸ਼ਨ ਦੀ ਮਨਜ਼ੂਰੀ ਹੁਣ ਮਿਲਦੀ ਪਈ ਹੈ । ਹੁਣ ਉਹ ਮਨੀਆਰਡਰ ਵਾਪਿਸ ਹੋਏ ਹਨ । ਇਸ ਚੀਜ਼ ਵੱਲ ਦੇਖਣ ਦੀ ਲੋੜ ਹੈ । ਇਸ ਨੂੰ ਦਰੁਸਤ ਕਰਨ ਦੀ ਲੋੜ ਹੈ ਤਾਕਿ ਪੈਨਸ਼ਨਾਂ ਦੇਣ ਦਾ ਜਿਹੜਾ ਸਾਡਾ ਮਕਸਦ ਹੈ ਉਹ ਪੂਰਾ ਹੋ ਸਕੇ ।

ਪੰਜਾਬ ਸਰਕਾਰ ਨੇ ਬਹੁਤ ਸਾਰੀਆਂ ਬੜੀਆਂ ਅੱਛੀਆਂ ਅੱਛੀਆਂ ਗੱਲਾਂ ਕੀਤੀਆਂ ਹਨ, ਬੜੇ ਅੱਛੇ ਅੱਛੇ ਕੰਮ ਕੀਤੇ ਹਨ । ਪੰਜਾਬ ਵਿਚ ਸੜਕਾਂ ਦਾ ਜਾਲ ਵਿਛਾਇਆ ਗਿਆ ਹੈ । ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਜਿਸ ਵੇਲੇ ਪੰਜਾਬ ਦੀ ਵੰਡ ਹੋਈ ਸੀ ਤਾਂ ਉਸ ਵੇਲੇ 1966 ਵਿਚ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਰਦਾਰੀ ਲਾਲ ਕਪੂਰ]

ਸਾਡੇ ਕੋਲ ਕੋਈ 6 ਹਜ਼ਾਰ ਕਿਲੋ ਮੀਟਰ ਸੜਕਾਂ ਸਨ । ਫਿਰ 1972 ਵਿਚ ਜਿਸ ਵੇਲੇ ਗਿਆਨੀ ਜੀ ਦੇ ਕੋਲ ਚੀਫ਼ ਮਨਿਸਟਰਸ਼ਿਪ ਆਈ ਅਤੇ ਉਨ੍ਹਾਂ ਨੇ ਆਪਣੀ ਹਕੂਮਤ ਚਲਾਈ ਤਾਂ ਉਸ ਵੇਲੇ 13 ਹਜ਼ਾਰ ਕਿਲੋ ਮੀਟਰ ਸੜਕਾਂ ਸਾਡੇ ਕੋਲ ਸਨ । ਇਸ ਚਾਰ ਸਾਲ ਦੇ ਟਾਈਮ ਵਿਚ ਸਾਡੇ ਕੋਲ 25400 ਕਿਲੋ ਮੀਟਰ ਸੜਕਾਂ ਬਣ ਗਈਆਂ ਹਨ । (ਤਾੜੀਆਂ) ਇਹ ਇਕ ਅੱਛੀ ਪਲਾਨਿੰਗ ਹੈ। 1976 ਵਿਚ ਸੜਕਾਂ ਤੇ ਕਾਫ਼ੀ ਰੁਪਿਆ ਖਰਚ ਕੀਤਾ ਜਾਵੇਗਾ। ਇਕ ਗੱਲ ਸੜਕਾਂ ਦੇ ਬਾਰੇ ਮੈਂ ਹੋਰ ਕਹਿਣੀ ਚਾਹੁੰਦਾ ਹਾਂ । ਉਹ ਇਹ ਹੈ ਕਿ ਜਿਹੜੀਆਂ ਸੜਕਾਂ ਬਣ ਗਈਆਂ ਹਨ, ਬਹੁਤ ਲੰਬੀਆਂ ਚੌੜੀਆਂ ਬਣ ਗਈਆਂ ਹਨ । ਉਨ੍ਹਾਂ ਦੀ ਮੇਨਟੀਨੈਂਸ ਵਾਸਤੇ ਰੁਪਿਆ ਚਾਹੀਦਾ ਹੈ । ਸੜਕਾਂ ਬਣ ਜਾਣ ਪਰ ਉਨ੍ਹਾਂ ਦੀ ਜੇ ਮੇਨਟੀਨੈਂਸ ਨਾ ਹੋਵੇ ਤਾਂ ਇਹ ਵੀ ਠੀਕ ਨਹੀਂ ਹੈ । ਮੈਂ ਫਾਈਨੈਂਸ ਮਨਿਸਟਰ ਨੂੰ ਕਹਾਂਗਾ ਕਿ ਸੜਕਾਂ ਦੀ ਮੇਨਟੀਨੈਂਸ ਵਾਸਤੇ ਪੈਸਾ ਰੱਖਣਾ ਚਾਹੀਦਾ ਹੈ ਤਾਕਿ ਸੜਕਾਂ ਬਚੀਆਂ ਰਹਿਣ । ਇਕ ਗੱਲ ਦਾ ਮੈਂ ਹੋਰ ਸੁਝਾਓ ਦਿਆਂਗਾ ਕਿ ਇਹ ਜਿਹੜੀ ਜੀ. ਟੀ. ਰੋਡ ਹੈ ਜੋ ਕਿ ਦਿੱਲੀ ਅਤੇ ਉਸ ਤੋਂ ਅੱਗੇ ਜਾਂਦੀ ਹੈ, ਇਸ ਤੇ ਐਕਸੀਡੈਂਟ ਬਹੁਤ ਜ਼ਿਆਦਾ ਹੁੰਦੇ ਹਨ । ਵੈਸੇ ਐਕਸੀਡੈਂਟ ਤਾਂ ਹਰ ਸੜਕ ਤੇ ਹੀ ਹੁੰਦੇ ਹਨ । ਮੈਂ ਕਹਾਂਗਾ ਕਿ ਜਿਸ ਤਰ੍ਹਾਂ ਦੂਸਰੇ ਮੁਲਕਾਂ ਵਿਚ ਦੋਹਰੀਆਂ ਅਤੇ ਚੌੜੀਆਂ ਸੜਕਾਂ ਬਣੀਆਂ ਹੋਈਆਂ ਹਨ ਇਸੇ ਤਰ੍ਹਾਂ ਹੀ ਸਾਡੇ ਵੀ ਸੜਕਾਂ ਨੂੰ ਦੋਹਰਾ ਕਰਨ ਅਤੇ ਚੌੜੀਆਂ ਕਰਨ ਦਾ ਭਾਰਤ ਸਰਕਾਰ ਤੇ ਜ਼ੋਰ ਦੇਣਾ ਚਾਹੀਦਾ ਹੈ ਤਾਕਿ ਐਕਸੀਡੈਂਟ ਘਟ ਜਾਣ । ਇਹ ਜਿਹੜੀ ਸੜਕ ਲੁਧਿਆਣੇ ਤੋਂ ਜਲੰਧਰ ਜਾਂਦੀ ਹੈ ਅਤੇ ਜੇ ਅੰਕੜੇ ਦੇਖੇ ਜਾਣ ਤਾਂ ਪਤਾ ਲੱਗਦਾ ਹੈ ਕਿ ਇਸ ਸੜਕ ਤੇ ਜ਼ਿਆਦਾ ਐਕਸੀਡੈਂਟ ਹੁੰਦੇ ਹਨ। ਇਸ ਲਈ ਇਹ ਸੜਕ ਚੌੜੀ ਕਰਨੀ ਚਾਹੀਦੀ ਹੈ। ਸੜਕ ਦੇ ਪਾਸੇ ਜਗ੍ਹਾ ਵੀ ਹੈ ਅਤੇ ਇਸ ਕਰਕੇ ਇਹ ਸੜਕ ਹੋਰ ਜ਼ਿਆਦਾ ਚੌੜੀ ਹੋ ਸਕਦੀ ਹੈ।

ਪੰਜਾਬ ਵਿਚ ਜਿਹੜੇ ਐਕਸੀਡੈਂਟ ਹੋ ਰਹੇ ਹਨ ਇਨ੍ਹਾਂ ਦਾ ਹੋਰ ਕਾਰਨ ਵੀ ਸੋਚਣਾ ਚਾਹੀਦਾ ਹੈ । ਸਭ ਤੋਂ ਵੱਡਾ ਕਾਰਨ ਇਸ ਦਾ ਇਹ ਹੈ ਕਿ ਜਿਹੜੇ ਟਰੱਕ ਚਲਾਉਂਦੇ ਹਨ ਉਹ ਸ਼ਰਾਬ ਪੀ ਕੇ ਟਰੱਕ ਚਲਾਉਂਦੇ ਹਨ ਅਤੇ ਬੜੇ ਤੇਜ਼ ਚਲਾਂਉਂਦੇ ਹਨ । ਕਈ ਵਾਰੀ ਉਹ ਦੂਜੀਆਂ ਗੱਡੀਆਂ ਤੋਂ ਅੱਗੇ ਕੱਢਣ ਦੀ ਕੋਸ਼ਿਸ਼ ਕਰਦੇ ਹਨ ਅਤੇ ਇਸ ਕਰਕੇ ਟਰੱਕਾਂ ਅਤੇ ਕਾਰਾਂ ਆਦਿ ਦੇ ਐਕਸੀਡੈਂਟ ਹੁੰਦੇ ਹਨ । ਇਨ੍ਹਾਂ ਐਕਸੀਡੈਂਟਸ ਤੋਂ ਬਚਾਉਣ ਦੀ ਜ਼ਰੂਰਤ ਹੈ । ਇਸ ਦਾ ਹਲ ਇਹ ਹੈ ਕਿ ਜਿਹੜੇ ਆਦਮੀ ਜਾਣ ਬੁੱਝਕੇ ਬੇਪਰਵਾਹੀ ਕਰਦੇ ਹਨ ਉਨ੍ਹਾਂ ਨੂੰ ਲਾਇਸੈਂਸ ਫਿਰ ਨਹੀਂ ਮਿਲਣਾ ਚਾਹੀਦਾ । ਉਨ੍ਹਾਂ ਨੂੰ ਸਜ਼ਾ ਇਹ ਮਿਲਣੀ ਚਾਹੀਦੀ ਹੈ ਕਿ ਉਨ੍ਹਾਂ ਨੂੰ ਲਾਇਸੈਂਸ ਨਹੀਂ ਮਿਲਣਾ ਚਾਹੀਦਾ ਤਾਂ ਕਿ ਐਕਸੀਡੈਂਟ ਜਿਹੜੇ ਹੁੰਦੇ ਹਨ ਉਹ ਘੱਟ ਜਾਣ । ਐਕਸੀਡੈਂਟ ਤਾਂ ਹਰ ਜਗ੍ਹਾ ਤੇ ਵੀ ਹੁੰਦੇ ਹਨ ਪਰ ਇਸ ਤਰ੍ਹਾਂ ਕੀਤਿਆਂ ਇਹ ਘੱਟ ਜਾਣਗੇ । ਚੇਅਰਮੈਨ ਸਾਹਿਬ, ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਹਰੀਜਨਾਂ ਦੀ ਪ੍ਰਾਬਲਮ ਨੂੰ ਹਲ ਕਰਨ ਦੀ ਕੋਸ਼ਿਸ਼ ਕੀਤੀ ਹੈ । ਮੈਂ ਇਸ ਕਦਮ ਦੀ ਸ਼ਲਾਘਾ ਕਰਦਾ ਹਾਂ ਅਤੇ ਇਨ੍ਹਾਂ ਨੂੰ ਮੁਬਾਰਕਬਾਦ ਦਿੰਦਾ ਹਾਂ । ਕਿਉਂਕਿ ਲੋਕਾਂ ਨੂੰ ਕਾਫ਼ੀ ਸ਼ਿਕਾਇਤ ਸੀ ਅਤੇ ਕਈ ਲੋਕ ਸੜਕਾਂ ਦੇ ਕੰਢਿਆਂ ਤੇ ਪੈਂਦੇ ਸਨ । ਉਨ੍ਹਾਂ ਪਾਸ ਕੋਈ ਰਹਿਣ ਲਈ ਜਗ੍ਹਾ ਨਹੀਂ ਸੀ ਅਤੇ ਉਹ ਖੁਲ੍ਹੇ ਆਸਮਾਨ ਥੱਲੇ ਰਹਿੰਦੇ (ਸੌਂਦੇ) ਸਨ ।

11-20 A. M.

(ਇਸ ਸਮੇਂ ਸ੍ਰੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

Original with;
Punjab Vidhan Sabha
Digitized by;
Panjab Digital Library

ਪੰਜਾਬ ਗੌਰਮਿੰਟ ਨੇ ਕੋਸ਼ਿਸ਼ ਕੀਤੀ ਹੈ ਕਿ ਉਨ੍ਹਾਂ ਨੂੰ ਮਕਾਨ ਦਿੱਤੇ ਜਾਣ । ਮੈਨੂੰ ਇਸ ਗੱਲ ਦੀ ਬੜੀ ਖੁਸ਼ੀ ਹੈ ਕਿ ਸਰਕਾਰ ਨੇ ਇਸ ਪਾਸੇ ਧਿਆਨ ਦਿੱਤਾ ਹੈ । ਸਰਕਾਰ ਨੇ ਪਿੰਡਾਂ ਵੱਲ ਕਦਮ ਉਠਾਇਆ ਹੈ ਮਕਾਨ ਦੇਣ ਦਾ ਇਹ ਬੜਾ ਸ਼ਲਾਘਾਯੋਗ ਕੰਮ ਹੈ । ਇਸ ਦੇ ਇਲਾਵਾ 1822 ਦੇ ਕਰੀਬ ਸਾਡੇ ਮਕਾਨ ਹਨ ਜਿਹੜੇ ਪਿੰਡਾਂ ਵਿਚ ਪੈਸੇ ਦੇ ਕੇ ਉਨ੍ਹਾਂ ਲੋ ਇਨਕਮ ਗਰੁੱਪ ਵਾਸਤੇ ਇਸ ਸਕੀਮ ਦੇ ਤਹਿਤ ਬਣਾਏ ਹਨ । ਸਰਕਾਰ ਨੇ ਇਹ ਕੋਸ਼ਿਸ਼ ਕੀਤੀ ਹੈ ਕਿ ਘੱਟ ਤੋਂ ਘੱਟ ਪੈਸੇ ਖਰਚ ਹੋ ਕੇ ਇਸ ਸਕੀਮ ਦੇ ਤਹਿਤ ਜ਼ਿਆਦਾ ਤੋਂ ਜ਼ਿਆਦਾ ਰਿਹਾਇਸ਼ ਲਈ ਮਕਾਨ ਮਿਲ ਜਾਣ । ਇਸ ਵਾਸਤੇ ਮੈਂ ਸਮਝਦਾ ਹਾਂ ਕਿ ਕੋਈ ਇਸ ਵੇਲੇ 1 ਕਰੋੜ 9 ਲੱਖ ਰੁਪਿਆ ਅਸੀਂ ਖਰਚ ਕੀਤਾ ਹੈ । ਪਿਛਲੇ ਸਾਲ 1975 ਵਿਚ ਅਸੀਂ ਇਸ ਸਕੀਮ ਦੇ ਤਹਿਤ ਤਕਰੀਬਨ 3800 ਦੇ ਕਰੀਬ ਮਕਾਨ ਉਨ੍ਹਾਂ ਨੂੰ ਦੇ ਸਕੇ ਹਾਂ । ਬਾਕੀ ਕੁਝ ਅੰਡਰ ਕੰਸਟਰੱਕਸ਼ਨ ਹਨ ਅਤੇ ਲੋ-ਇਨਕਮ ਗਰੁੱਪ ਵਾਲਿਆਂ ਨੂੰ ਪੈਸੇ ਦੇ ਰਹੇ ਹਾਂ ਤਾਕਿ ਪੰਜਾਬ ਦੇ ਲੋਕਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਮਕਾਨ ਦਿੱਤੇ ਜਾਣ । 1977 ਤੱਕ ਇਸ ਸਕੀਮ ਅਨੁਸਾਰ ਕੋਈ ਆਦਮੀ ਮਕਾਨ ਤੋਂ ਬਗੈਰ ਨਹੀਂ ਰਹੇਗਾ । ਇਹ ਸਕੀਮ ਬੜੀ ਲਾਭਦਾਇਕ ਹੈ ਅਤੇ ਇਸ ਤਰ੍ਹਾਂ ਸਾਡਾ ਪੰਜਾਬ ਦੂਸਰਿਆਂ ਸੂਬਿਆਂ ਨਾਲੋਂ ਅੱਗੇ ਹੈ । ਸਪੀਕਰ ਸਾਹਿਬ, ਇਕ ਮੈਂ ਹੋਰ ਪ੍ਰਾਰਥਨਾ ਕਰਾਂਗਾ ਕਿ ਅਸੀਂ ਪਿੰਡਾਂ ਵਿਚ ਸੌ ਗਜ਼ ਜ਼ਮੀਨ ਦਿਤੀ ਹੈ ਉਨ੍ਹਾਂ ਨੂੰ ਮਕਾਨ ਬਣਾਉਣ ਵਾਸਤੇ । ਇਹ ਜਿਹੜੀ ਕੋਅਪ੍ਰੇਟਿਵ ਬੇਸਿਜ਼ ਤੇ ਸਕੀਮ ਬਣੀ ਹੈ ਇਸ ਸਿਲਸਿਲੇ ਵਿਚ ਅਧਿਕਾਰੀਆਂ ਨੂੰ ਚਾਹੀਦਾ ਹੈ ਕਿ ਉਹ ਮੌਕੇ ਤੇ ਜਾ ਕੇ ਦੇਖਣ ਕਿ ਆਇਆ ਉਨ੍ਹਾਂ ਨੂੰ ਕਬਜ਼ੇ ਮਿਲ ਗਏ ਹਨ ਜਾਂ ਨਹੀਂ । ਜੇ ਉਨਾਂ ਨੂੰ ਕਬਜ਼ੇ ਨਹੀਂ ਮਿਲੇ ਤਾਂ ਜਲਦੀ ਮਿਲਣੇ ਚਾਹੀਦੇ ਹਨ । ਕੋਆਪ੍ਰੇਟਿਵ ਬੈਂਕ ਦੇ ਰਾਹੀਂ ਉਨ੍ਹਾਂ ਦੀ ਮਦਦ ਕਰੋ । ਉਹ ਆਪ ਨਹੀਂ ਬਣਾ ਸਕਦੇ । ਚਾਹੀਦਾ ਇਹ ਹੈ ਕਿ ਉਨ੍ਹਾਂ ਨੂੰ ਮਕਾਨ ਬਣਾ ਕੇ ਦਿੱਤੇ ਜਾਣ । ਕਰੇਲਾ ਸਟੇਟ ਵਿਚ ਉਨ੍ਹਾਂ ਨੇ ਮਕਾਨ ਬਣਾ ਕੇ ਦਿੱਤੇ ਹਨ । ਇਸੇ ਤਰ੍ਹਾਂ ਜੇ ਪੰਜਾਬ ਵਿਚ ਇਸ ਸਕੀਮ ਦੇ ਤਹਿਤ ਉਨ੍ਹਾਂ ਨੂੰ ਮਕਾਨ ਬਣਾ ਕੇ ਦਿੱਤੇ ਜਾਣ ਤਾਂ ਉਨ੍ਹਾਂ ਵਿਚਾਰਿਆਂ ਦੇ ਇਹ ਭਲੇ ਅਤੇ ਫਾਇਦੇ ਦੀ ਗੱਲ ਹੈ । ਇਕੱਲੀ ਜ਼ਮੀਨ ਅਲਾਟ ਕਰ ਦੇਣ ਵਾਲੀ ਗੱਲ ਠੀਕ ਨਹੀਂ ਹੈ, ਇਸ ਤਰ੍ਹਾਂ ਤਾਂ ਉਨ੍ਹਾਂ ਕੋਲ ਜ਼ਮੀਨ ਹੀ ਰਹਿ ਜਾਵੇਗੀ ਅਤੇ ਉਹ ਮਕਾਨ ਨਹੀਂ ਬਣਾ ਸਕਣਗੇ । ਇਸ ਲਈ ਉਨ੍ਹਾਂ ਨੂੰ ਮਕਾਨ ਬਣਾ ਕੇ ਦੇਣੇ ਚਾਹੀਦੇ ਹਨ । ਇਸ ਤੋਂ ਇਲਾਵਾ ਹਰੀਜਨਾਂ ਦੀ ਭਲਾਈ ਦੀ ਸਕੀਮ ਹੈ । ਇਸੇ ਤਰ੍ਹਾਂ ਹੀ ਰੈਵੇਨਿਊ ਦੇ ਬਾਰੇ ਹੈ ਅਤੇ ਜਿਹੜੇ ਇਲਾਕੇ ਰੈਵੇਨਿਊ ਅਰਨ ਕਰਕੇ ਦਿੰਦੇ ਹਨ ਉਸ ਸਿਲਸਿਲੇ ਵਿਚ ਉਨ੍ਹਾਂ ਨੂੰ ਮਕਾਨ ਬਣਾਉਣ ਲਈ ਮਦਦ ਕੀਤੀ ਜਾਵੇਗੀ । ਸਪੀਕਰ ਸਾਹਿਬ, ਇਕ ਗੱਲ ਹੋਰ ਬੜੀ ਸ਼ਲਾਘਾਯੋਗ ਹੈ ਕਿ ਜਿਹੜੇ ਲੋਕ ਰਿਟਾਇਰ ਹੋ ਗਏ ਹਨ ਜੇ ਉਨ੍ਹਾਂ ਕੋਲ ਕੋਈ ਮਕਾਨ ਨਾ ਹੋਵੇ ਤਾਂ ਉਨ੍ਹਾਂ ਵਾਸਤੇ ਬੜੀ ਮੁਸ਼ਕਲ ਹੁੰਦੀ ਹੈ । ਉਨ੍ਹਾਂ ਨੂੰ ਮਕਾਨ ਦੇਣ ਵਾਸਤੇ ਸਰਕਾਰ ਨੇ ਜਿਹੜੀ ਮਦਦ ਕੀਤੀ ਹੈ ਇਹ ਗੱਲ ਬੜੀ ਸ਼ਲਾਘਾਯੋਗ ਹੈ । (ਤਾੜੀਆਂ) ਅੱਗੇ ਇਹ ਬੜਾ ਦੁੱਖ ਹੁੰਦਾ ਸੀ ਕਿ ਜਦ ਉਹ ਰਿਟਾਇਰ ਹੋ ਜਾਂਦੇ ਸੀ ਤਾਂ ਉਨ੍ਹਾਂ ਕੋਲ ਰਹਿਣ ਵਾਸਤੇ ਕੋਈ ਆਪਣਾ ਮਕਾਨ ਨਹੀਂ ਸੀ ਹੁੰਦਾ । ਹੁਣ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਕੋਈ ਵੀ ਸਰਕਾਰੀ ਅਫਸਰ ਜਾਂ ਸਰਕਾਰੀ ਮੁਲਾਜ਼ਮ ਐਸਾ ਨਹੀਂ ਰਹੇਗਾ ਜਿਸ ਦੇ ਕੋਲ ਰਿਟਾਇਰ ਹੋਣ ਤੋਂ ਪਹਿਲਾਂ ਆਪਣਾ ਮਕਾਨ ਨਹੀਂ ਹੋਵੇਗਾ । ਸਾਰਿਆਂ ਨੂੰ ਮਕਾਨ ਮਿਲ ਜਾਣਗੇ । ਇਹ ਬੜੀ ਅੱਛੀ ਗੱਲ ਹੈ । ਹੁਣ ਉਨ੍ਹਾਂ ਨੂੰ ਰਿਟਾਇਰ ਹੋਣ ਤੋਂ ਬਾਅਦ ਕੋਈ ਮੁਸ਼ਕਿਲ ਪੇਸ਼ ਨਹੀ ਆਵੇਗੀ, ਉਨ੍ਹਾਂ ਨੂੰ ਕੋਈ ਦੁੱਖ ਨਹੀਂ ਹੋਵੇਗਾ । ਜਿਹੜਾ ਵੀ ਕੋਈ ਨੌਕਰੀ ਕਰਦਾ ਹੈ ਕਦੇ ਉਸ ਨੂੰ ਬਦਲਕੇ ਲੁਧਿਆਣੇ ਜਾਣਾ ਪੈਂਦਾ ਹੈ ਅਤੇ ਕਦੇ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਰਦਾਰੀ ਲਾਲ ਕਪੂਰ]

ਉਸ ਨੂੰ ਜਲੰਧਰ ਆਦਿ ਥਾਵਾਂ ਤੇ ਜਾਣਾ ਪੈਂਦਾ ਹੈ ਅਤੇ ਉਥੇ ਉਸ ਨੂੰ ਕਿਰਾਏ ਤੇ ਮਕਾਨ ਲੈਣਾ ਪੈਂਦਾ ਹੈ ਅਤੇ ਰਿਟਾਇਰ ਹੋਣ ਤੋਂ ਬਾਅਦ ਉਸ ਦੀ ਹਾਲਤ ਠੀਕ ਨਹੀਂ ਹੁੰਦੀ, ਉਹ ਇਸ ਹਾਲਤ ਵਿਚ ਨਹੀਂ ਹੁੰਦਾ ਕਿ ਉਹ ਆਪਣਾ ਮਕਾਨ ਬਣਾ ਸਕੇ । ਸੋ, ਇਹ ਜਿਹੜਾ ਗਿਆਨੀ ਜੀ ਦੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਸਰਕਾਰੀ ਅਫਸਰਾਂ, ਸਰਕਾਰੀ ਮੁਲਾਜ਼ਮਾਂ ਨੂੰ ਰਿਟਾਇਰ ਹੋਣ ਤੋਂ ਪਹਿਲਾਂ ਮਕਾਨ ਮਿਲ ਜਾਣਗੇ, ਇਹ ਬੜੀ ਸ਼ਲਾਘਾਯੋਗ ਗੱਲ ਹੈ । ਇਹ ਗਿਆਨੀ ਜੀ ਦੀ ਸਰਕਾਰ ਵਧਾਈ ਦੀ ਪਾਤਰ ਹੈ। ਇਹ ਮਨਿਸਟਰ ਜਿਹੜੇ ਗਿਆਨੀ ਜੀ ਦੀ ਇਸ ਕੰਮ ਵਿਚ ਮਦਦ ਕਰ ਰਹੇ ਹਨ ਉਹ ਵੀ ਵਧਾਈ ਦੇ ਪਾਤਰ ਹਨ । ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਇਕ ਹੋਰ ਪ੍ਰਾਰਥਨਾ ਕਰਾਂਗਾ ।

**ਸ੍ਰੀ ਸਪੀਕਰ** : ਕਪੂਰ ਸਾਹਿਬ. ਤੁਸੀਂ ਹੋਰ ਕਿੰਨਾ ਟਾਈਮ ਲਵੋਂਗੇ ?

**ਸ੍ਰੀ ਸਰਦਾਰੀ ਲਾਲ ਕਪੂਰ** : ਜਨਾਬ, ਜਿਸ ਵੇਲੇ ਤੁਸੀਂ ਕਹੋਗੇ ਮੈਂ ਬੰਦ ਕਰ ਦਿਆਂਗਾ । ਜੇ ਤੁਸੀਂ ਹੁਣ ਕਹੋ ਤਾਂ ਮੈਂ ਹੁਣ ਬੈਠ ਜਾਂਦਾ ਹਾਂ । ਮੈਂ ਥੋੜ੍ਹਾ ਜਿਹਾ ਹੀ ਹੋਰ ਕਹਿਣਾ ਹੈ ।

**ਸ੍ਰੀ ਸਪੀਕਰ** : ਤੁਹਾਡੇ ਤੋਂ ਬਾਅਦ ਸੀ. ਐਮ, ਸਾਹਿਬ ਨੇ ਬੋਲਣਾ ਹੈ ।

**ਸ੍ਰੀ ਸਰਦਾਰੀ ਲਾਲ ਕਪੂਰ** : ਮੈਂ ਜਲਦੀ ਹੀ ਖਤਮ ਕਰਾਂਗਾ । ਇਕ ਮੇਰੀ ਪ੍ਰਾਰਥਨਾ ਇਹ ਹੈ ਕਿ ਜਿਹੜੇ ਲੋਕ ਇੰਡਸਟਰੀ ਵਿਚ ਕੰਮ ਕਰਦੇ ਹਨ, ਜਿਸ ਤਰ੍ਹਾਂ ਕਿ ਮਜ਼ਦੂਰ ਹਨ, ਉਨ੍ਹਾਂ ਦਾ ਖਿਆਲ ਲਾਜ਼ਮੀ ਕਰਨਾ ਚਾਹੀਦਾ ਹੈ । ਜਿਸ ਸ਼ਹਿਰ ਲੁਧਿਆਣਾ ਵਿਚ ਮੈਂ ਰਹਿੰਦਾ ਹਾਂ ਉਥੇ ਸਾਰੇ ਪੰਜਾਬ ਨਾਲੋਂ ਸਭ ਤੋਂ ਜ਼ਿਆਦਾ ਮਜ਼ਦੂਰ ਇੰਡਸਟਰੀ ਵਿਚ ਕੰਮ ਕਰਦੇ ਹਨ । ਉਹ ਇੰਡਸਟਰੀਅਲ ਵਰਕਰ ਹਨ । ਉਨ੍ਹਾਂ ਦੇ ਵੇਜਿਜ਼ ਮਿਨੀਮਮ ਹਨ । ਉਨ੍ਹਾਂ ਦੇ ਵੇਜਿਜ਼ ਬਾਰੇ ਮੈਂ ਐਫ. ਐਮ. ਸਾਹਿਬ ਦੇ ਕੋਲ ਅਰਜ਼ ਕਰਾਂਗਾ ਕਿ ਇਹ ਜਿਹੜੇ ਕਾਰਖਾਨੇਦਾਰ ਹਨ ਇਹ ਉਨ੍ਹਾਂ ਮਜ਼ਦੂਰਾਂ ਨੂੰ ਪੂਰੀ ਵੇਜਿਜ਼ ਦੇ ਨਹੀਂ ਰਹੇ, ਉਨ੍ਹਾਂ ਨੂੰ ਪੂਰੇ ਪੈਸੇ ਨਹੀਂ ਦੇ ਰਹੇ । ਕਾਗਜ਼ਾਂ ਵਿਚ ਦਿਖਾਇਆ ਜਾਂਦਾ ਹੈ ਕਿ ਪੂਰੇ ਪੈਸੇ ਮਿਲ ਰਹੇ ਹਨ ਮਗਰ ਪੂਰੇ ਪੈਸੇ ਉਹ ਦੇ ਨਹੀਂ ਰਹੇ । ਇਸ ਚੀਜ਼ ਦੀ ਇਨਕੁਆਇਰੀ ਕਰਨ ਦੀ ਲੋੜ ਹੈ। ਜਿਹੜੇ ਕਾਰਖਾਨੇ ਬਣੇ ਹਨ ਉਹ ਇਸ ਹਾਲਤ ਵਿਚ ਹਨ ਕਿ ਉਥੇ ਸੈਨੀਟੇਸ਼ਨ ਦਾ ਕੋਈ ਠੀਕ ਪ੍ਰਬੰਧ ਨਹੀਂ ਹੈ । ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਜਿਹੜੇ ਉਥੇ ਮਜ਼ਦੂਰ ਕੰਮ ਕਰਦੇ ਹਨ ਉਨ੍ਹਾਂ ਨੂੰ ਬਿਮਾਰੀਆਂ ਲੱਗ ਜਾਣ ਦਾ ਡਰ ਹੁੰਦਾ ਹੈ । ਉਨ੍ਹਾਂ ਨੂੰ ਬਿਮਾਰੀਆਂ ਲੱਗ ਜਾਂਦੀਆਂ ਹਨ । ਸਪੀਕਰ ਸਾਹਿਬ, ਲੁਧਿਆਣਾ ਸ਼ਹਿਰ ਦੇ ਮੁਤੱਲਕ ਮੇਰੀ ਅਰਜ਼ ਹੈ ਕਿ ਜੇ ਉਨ੍ਹਾਂ ਮਜ਼ਦੂਰਾਂ ਦਾ ਮੈਡੀਕਲ ਐਗਜ਼ਾਮੀਨੇਸ਼ਨ ਕਰਾਓ ਤਾਂ ਪਤਾ ਲਗੇਗਾ ਕਿ ਜਿਹੜੇ ਉਥੇ ਮਜ਼ਦੂਰ ਕੰਮ ਕਰ ਰਹੇ ਹਨ ਉਨ੍ਹਾਂ ਨੂੰ ਫੇਫੜਿਆਂ ਦੀ ਬਿਮਾਰੀ ਲੱਗੀ ਹੋਈ ਹੈ । ਇਸ ਗੱਲ ਵੱਲ ਧਿਆਨ ਦੇਣ ਦੀ ਲੋੜ ਹੈ । ਉਹ ਕਾਰਖਾਨੇ ਇਸ ਕਿਸਮ ਦੇ ਹੋਣ ਕਿ ਜਿਥੇ ਮਜ਼ਦੂਰ ਕੰਮ ਕਰਦੇ ਹਨ ਉਹ ਆਪਣੀ ਜ਼ਿੰਦਗੀ ਦਾ ਨਿਰਬਾਹ ਚੰਗੀ ਤਰ੍ਹਾਂ ਕਰ ਸਕਣ । ਉਹ ਕਾਰਖਾਨੇ ਹਵਾਦਾਰ ਹੋਣੇ ਚਾਹੀਦੇ ਹਨ ।

ਇਸ ਤੋਂ ਅੱਗੇ, ਸਪੀਕਰ ਸਾਹਿਬ, ਮੈਂ ਕਹਾਂਗਾ ਅਤੇ ਇਸ ਕੰਮ ਲਈ ਆਪਣੀ ਸਰਕਾਰ ਨੂੰ ਵਧਾਈ ਵੀ ਦਿੰਦਾ ਹਾਂ ਕਿ ਕਾਫੀ ਦੇਰ ਤੋਂ ਲਾਅ ਐਂਡ ਆਰਡਰ ਦੀ ਪੁਜ਼ੀਸ਼ਨ

Original with;
Punjab Vidhan Sabha
Digitized by;
Panjab Digital Library

ਦਾ ਪੰਜਾਬ ਵਿਚ ਕਾਫੀ ਸੁਧਾਰ ਹੋਇਆ ਹੈ ਅਤੇ ਕੋਈ ਸਿਰ ਨਹੀਂ ਚੁੱਕ ਰਿਹਾ ਜਿਹੜਾ ਕਿ ਲਾਅ ਐਂਡ ਆਰਡਰ ਨੂੰ ਖਰਾਬ ਕਰਨ ਵਾਲਾ ਹੋਵੇ । (ਤਾੜੀਆਂ) ਇਸ ਲਈ ਇਹ ਸਰਕਾਰ ਮੁਬਾਰਕਬਾਦ ਦੀ ਮੁਸਤਹਿਕ ਹੈ । ਸਪੀਕਰ ਸਾਹਿਬ, ਮੈਂ ਜ਼ਿਆਦਾ ਕਰਕੇ ਪੁਲਿਸ ਦੇ ਮੁਤੱਲਕ ਕਰਿਟੇਸਾਈਜ਼ ਕਰਦਾ ਹੁੰਦਾ ਹਾਂ ਅਤੇ ਪੁਲਿਸ ਵਿਚ ਜੋ ਖਰਾਬੀਆਂ ਹੁੰਦੀਆਂ ਹਨ ਉਨ੍ਹਾਂ ਬਾਰੇ ਦੱਸਦਾ ਰਹਿੰਦਾ ਹਾਂ । ਮਗਰ ਮੈਂ ਵਧਾਈ ਦਿੰਦਾ ਹਾਂ ਕਿ ਪੁਲਿਸ ਨੇ ਵਫਾਦਾਰੀ ਨਾਲ ਕੰਮ ਕੀਤਾ ਹੈ । ਅੱਜ ਪੁਲਿਸ ਬੜੀ ਵਫਾਦਾਰੀ ਦੇ ਨਾਲ ਕੰਮ ਕਰ ਰਹੀ ਹੈ । ਇਹ ਬੜੀ ਸ਼ਲਾਘਾਯੋਗ ਗੱਲ ਹੈ । ਪਿਛਲੇ ਦਿਨਾਂ ਵਿਚ ਜਦ ਕਾਂਗਰਸ ਦਾ ਸੈਸ਼ਨ ਹੋਇਆ ਤਾਂ ਇਸ ਪੁਲਿਸ ਨੇ ਸੈਸ਼ਨ ਵਿਚ ਲਾਅ ਐਂਡ ਆਰਡਰ ਅਤੇ ਦੂਜੇ ਸਿਕਿਉਰਿਟੀ ਮਈਅਰਜ਼ ਨੂੰ ਪੂਰੀ ਤਰ੍ਹਾਂ ਚਲਾਇਆ । ਇਕ ਐਡੇ ਵੱਡੇ ਇਕੱਠ ਤੇ ਜਿਥੇ ਐਨੇ ਲੋਕਾਂ ਨੇ ਆਉਣਾ ਹੋਵੇ ਉਥੇ ਪੰਜਾਬ ਦੀ ਪੁਲਿਸ ਨੇ ਬੜੀ ਅੱਛੀ ਤਰ੍ਹਾਂ ਕੰਮ ਚਲਾਇਆ ਹੈ । ਇਹ ਬੜਾ ਸ਼ਲਾਘਾਯੋਗ ਕੰਮ ਹੈ । ਮੈਂ ਇਸ ਦੀ ਤਾਰੀਫ ਕਰਦਾ ਹਾਂ। (ਤਾੜੀਆਂ)

ਇਕ ਗੱਲ, ਸਪੀਕਰ ਸਾਹਿਬ, ਮੈਂ ਹੋਰ ਕਹਿਣਾ ਚਾਹੁੰਦਾ ਹਾਂ ਪੁਲਿਸ ਦੇ ਮੁਤੱਲਕ । ਸਾਡੇ ਇਸ ਵੇਲੇ ਸ਼ਹਿਰਾਂ ਵਿਚ ਜਿਹੜੀਆਂ ਪੁਲਿਸ ਦੀਆਂ ਡਵੀਜ਼ਨਜ਼ ਹਨ ਉਹ ਪੁਰਾਣੇ ਸਮੇਂ ਦੇ ਮੁਤਾਬਿਕ ਹੀ ਹਨ । ਉਨ੍ਹਾਂ ਦੀ ਜਿਹੜੀ ਤਾਦਾਦ ਹੈ ਉਹ ਬੜੀ ਘੱਟ ਹੈ। ਉਨ੍ਹਾਂ ਦੀ ਤਾਦਾਦ ਵਧਾਉਣੀ ਚਾਹੀਦੀ ਹੈ। ਆਬਾਦੀ 1947 ਤੋਂ ਲੈ ਕੇ ਹੁਣ ਤੱਕ ਬਹੁਤ ਜ਼ਿਆਦਾ ਵਧ ਗਈ ਹੈ ਅਤੇ ਇਸ ਲਈ ਆਬਾਦੀ ਦੇ ਲਿਹਾਜ਼ ਨਾਲ ਪੁਲਿਸ ਦੀ ਤਾਦਾਦ ਵੀ ਵਧਣੀ ਚਾਹੀਦੀ ਹੈ ਅਤੇ ਉਪਰ ਤੋਂ ਲੈ ਕੇ ਥੱਲੇ ਤੱਕ ਪੁਲਿਸ ਵਾਲਿਆਂ ਨੂੰ ਰੈਜ਼ੀਡੈਂਸ਼ੀਅਲ ਕੁਆਰਟਰਜ਼ ਮਿਲਣੇ ਚਾਹੀਦੇ ਹਨ । ਉਨ੍ਹਾਂ ਨੂੰ ਡਰ ਰਹਿੰਦਾ ਹੈ । ਜਦ ਉਹ ਇਕ ਜਗ੍ਹਾ ਤੋਂ ਦੂਜੀ ਜਗ੍ਹਾ ਬਦਲਕੇ ਜਾਂਦੇ ਹਨ ਤਾਂ ਉਨ੍ਹਾਂ ਨੂੰ ਆਪਣੇ ਬੱਚਿਆਂ ਦਾ ਡਰ ਲੱਗਾ ਰਹਿੰਦਾ ਹੈ । ਜਿਥੇ ਪੁਲਿਸ ਵਾਸਤੇ ਅਸੀਂ ਹੋਰ ਗੱਲਾਂ ਕਰਦੇ ਪਏ ਹਾਂ ਉਥੇ ਉਨ੍ਹਾਂ ਨੂੰ ਰੈਜ਼ੀਡੈਂਸ਼ੀਅਲ ਕੁਆਰਟਰਜ਼ ਵੀ ਦੇਣੇ ਚਾਹੀਦੇ ਹਨ ਤਾਕਿ ਉਹ ਆਪਣਾ ਕੰਮ ਬੇਫਿਕਰ ਹੋ ਕੇ ਅੱਛੀ ਤਰ੍ਹਾਂ ਕਰ ਸਕਣ ।

ਇਕ ਗੱਲ ਬਾਰੇ ਮੈਂ ਹੋਰ ਪ੍ਰਾਰਥਨਾ ਕਰਾਂਗਾ । ਸਪੀਕਰ ਸਾਹਿਬ, ਜਿਹੜੀ ਅਸੀਂ ਅਰਬਨ ਡਿਵੈਲਪਮੈਂਟ ਕੀਤੀ ਹੈ, ਇਹ ਬੜੀ ਸ਼ਲਾਘਾਯੋਗ ਹੈ । ਅਰਬਨ ਡਿਵੈਲਪਮੈਂਟ ਬਹੁਤ ਹੋਈ ਹੈ । ਪਰ ਮੈਂ ਇਹ ਵੀ ਪ੍ਰਾਰਥਨਾ ਕਰਾਂਗਾ ਕਿ ਅਰਬਨ ਡਿਵੈਲਪਮੈਂਟ ਦੇ ਨਾਲ ਐਗਰੀਕਲਚਰਲ ਲੈਂਡ ਜਿਹੜੀ ਹੈ ਉਹ ਘੱਟ ਹੋਵੇਗੀ । ਇਸ ਤਰ੍ਹਾਂ ਐਗਰੀਕਲਚਰਲ ਲੈਂਡ ਘਟਦੀਂ ਜਾਵੇਗੀ । ਇਸ ਵਾਸਤੇ ਸਾਨੂੰ ਤਿੰਨ ਤਿੰਨ, ਚਾਰ ਚਾਰ ਮੰਜ਼ਲੀਆਂ ਬਿਲਡਿੰਗਜ਼ ਬਣਾਉਣੀਆਂ ਪੈਣਗੀਆਂ । ਇਸੇ ਕਰਕੇ ਹੀ ਬੰਬਈ ਅਤੇ ਦਿੱਲੀ ਜਿਹੇ ਸ਼ਹਿਰਾਂ ਵਿਚ ਇਤਨੀਆਂ ਇਤਨੀਆਂ ਉੱਚੀਆਂ ਬਿਲਡਿੰਗਜ਼ ਬਣਾਈਆਂ ਗਈਆਂ ਹਨ ਤਾਕਿ ਜਿਹੜੀ ਐਗਰੀਕਲਚਰਲ ਲੈਂਡ ਹੈ ਉਸ ਤੇ ਜ਼ਿਆਦਾ ਕਬਜ਼ਾ ਨਾ ਕੀਤਾ ਜਾਵੇ । (ਘੰਟੀ) ਮੈਂ ਥੋੜ੍ਹਾ ਚਿਰ ਹੀ ਹੋਰ ਬੋਲਣਾ ਹੈ । ਅਰਬਨ ਡਿਵੈਲਪਮੈਂਟ ਦੇ ਨਾਲ ਹੀ ਸਬਰਬਨ ਏਰੀਏ ਦੀ ਵੀ ਡਿਵੈਲਪਮੈਂਟ ਕਰਨੀ ਚਾਹੀਦੀ ਹੈ ਤਾਕਿ ਜਿਹੜੇ ਪਿੰਡਾਂ ਦੇ ਲੋਕ ਸ਼ਹਿਰਾਂ ਵਲ ਨੂੰ ਜਾਂਦੇ ਹਨ ਉਹ ਸ਼ਹਿਰਾਂ ਵਲ ਨੂੰ ਨਾਂ ਦੌੜਨ ਅਤੇ ਸਗੋਂ ਸ਼ਹਿਰਾਂ ਦੇ ਲੋਕੀਂ ਪਿੰਡਾਂ ਵੱਲ ਜਾਣ। ਇਸ ਲਈ ਮੈਂ ਪ੍ਰਾਰਥਨਾ ਕਰਾਂਗਾ ਕਿ ਸਬਰਬਨ ਏਰੀਏ ਨੂੰ ਡਿਵੈਲਪ ਕਰੋ । ਉਥੇ ਇੰਡਸਟਰੀ ਲਗਾਓ ਤਾਂ ਕਿ ਲੋਕੀਂ ਆਪਣਾ ਰੁਜ਼ਗਾਰ ਕਮਾ ਸਕਣ । ਪੁਰਾਣੇ ਵਕਤਾਂ ਦੀਆਂ ਜਿਹੜੀਆਂ ਪਿੰਡਾਂ ਵਿਚ ਇੰਡਸਟਰੀਆਂ ਸਨ, ਉਨ੍ਹਾਂ ਨੂੰ ਚਲਾਉਣਾ ਚਾਹੀਦਾ ਹੈ । ਇਸ ਨਾਲ ਉਹ ਗ਼ਰੀਬ ਲੋਕ ਪਿੰਡਾਂ ਦੇ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਣਗੇ ਅਤੇ ਸ਼ਹਿਰਾਂ ਵਿਚ ਨੌਕਰੀਆਂ ਲਈ ਨਹੀਂ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਰਦਾਰੀ ਲਾਲ ਕਪੂਰ]

ਜਾਣਗੇ । ਪਿੰਡਾਂ ਵਿਚ ਇਹ ਗ਼ਰੀਬ ਕਿਸਾਨ ਚੰਗੀ ਤਰ੍ਹਾਂ ਨਾਲ ਜੀ ਸਕਣਗੇ। ਜਿਹੜੇ ਕਿਸਾਨ ਐਨੀ ਉਪਜ ਕਰਦੇ ਹਨ ਉਨ੍ਹਾਂ ਦੀ ਇਸ ਕੰਮ ਦੀ ਕਦਰ ਕਰਨੀ ਚਾਹੀਦੀ ਹੈ। ਇਨ੍ਹਾਂ ਲੋਕਾਂ ਨੂੰ ਆਪਣੀ ਉਪਜ ਦੀ ਪੂਰੀ ਕੀਮਤ ਨਹੀਂ ਮਿਲਦੀ । ਇਨ੍ਹਾਂ ਨੂੰ ਪਿੰਡਾਂ ਵਿਚ ਇੰਡਸਟਰੀ ਮਿਲਣੀ ਚਾਹੀਦੀ ਹੈ । ਇਨ੍ਹਾਂ ਨੂੰ ਉਥੇ ਛੋਟੀ ਮੋਟੀ ਇੰਡਸਟਰੀ ਮਿਲੇ ਤਾਂਕਿ ਇਹ ਲੋਕ ਕੰਮ ਕਰਕੇ ਆਪਣਾ ਪੇਟ ਭਰ ਸਕਣ ।

ਸਾਡੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਇਕ ਗੱਲ ਦਾ ਅਖ਼ਤਿਆਰ ਨਹੀਂ ਕਿ ਉਹ ਆਪਣੇ ਜ਼ਿਲ੍ਹੇ ਦੀ ਪੁਲਿਸ ਦੇ ਮੁਤਅੱਲਕ ਪੂਰਾ ਇੰਤਜ਼ਾਮ ਕਰ ਸਕਣ । ਡਿਪਟੀ ਕਮਿਸ਼ਨਰ ਜ਼ਿਲ੍ਹੇ ਦਾ ਹੈਡ ਆਫ ਡਿਪਾਰਟਮੈਂਟ ਹੁੰਦਾ ਹੈ । ਉਸ ਨੂੰ ਅਖ਼ਤਿਆਰ ਹੋਣਾ ਚਾਹੀਦਾ ਹੈ ਕਿ ਉਹ ਡੀ. ਐਸ. ਪੀ. ਤਕ ਜਿਹੜਾ ਹੋਵੇ ਉਹਦੀ ਰਿਪੋਰਟ ਗੌਰਮਿੰਟ ਨੂੰ ਭੇਜ ਸਕੇ । ਇਹਦੇ ਨਾਲ ਇਹ ਹੋਵੇਗਾ ਕਿ ਐਡਮਨਿਸਟਰੇਸ਼ਨ ਵਿਚ ਤਰੱਕੀ ਹੋਏਗੀ ਔਰ ਪੁਲਿਸ ਅਫ਼ਸਰ ਮਨ-ਮਾਨੀ ਨਹੀਂ ਕਰ ਸਕਣਗੇ । ਹੁਣ ਪੁਲਿਸ ਅਫਸਰ ਡੀ. ਸੀ. ਦੀ ਘਟ ਪਰਵਾਹ ਕਰਦੇ ਹਨ ਅਤੇ ਐਸ. ਪੀ. ਦੀ ਜ਼ਿਆਦਾ ਪਰਵਾਹ ਕਰਦੇ ਹਨ । ਮੈਂ ਉਮੀਦ ਕਰਦਾ ਹਾਂ ਕਿ ਗੌਰਮਿੰਟ ਇਸ ਗੱਲ ਵੱਲ ਧਿਆਨ ਦੇਵੇਗੀ ਔਰ ਅਮਨ ਕਰਾਉਣ ਦੀ ਕੋਸ਼ਿਸ਼ ਕਰੇਗੀ ।

**ਸ਼੍ਰੀ ਸਪੀਕਰ :** ਸੀ. ਐਮ. ਸਾਹਿਬ (ਥੰਪਿੰਗ) ।

**ਮੁੱਖ ਮੰਤਰੀ** (ਗਿਆਨੀ ਜ਼ੈਲ ਸਿੰਘ) : ਸਤਿਕਾਰ ਯੋਗ ਸਪੀਕਰ ਸਾਹਿਬ, ਰਾਜਪਾਲ ਦੇ ਭਾਸ਼ਣ ਉਤੇ ਜੋ ਧੰਨਵਾਦ ਦਾ ਮਤਾ ਪੇਸ਼ ਕੀਤਾ ਗਿਆ ਸੀ ਇਸ ਸਬੰਧ ਵਿਚ ਹਾਊਸ ਦੇ ਸਤਿਕਾਰ ਯੋਗ ਮੈਂਬਰਾਂ ਨੇ ਆਪਣੇ ਵਿਚਾਰ ਰਖੇ ਹਨ । ਮੈਨੂੰ ਖੁਸ਼ੀ ਹੈ ਕਿ ਸਾਰੇ ਮੈਂਬਰਾਂ ਨੇ ਸਰਕਾਰ ਦੇ ਚੰਗੇ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ ਹੈ ਔਰ ਕੁਝ ਨਵੀਆਂ ਤਜਵੀਜ਼ਾਂ ਵੀ ਦਿੱਤੀਆਂ ਹਨ । ਸੀ. ਪੀ. ਆਈ. ਦੇ ਦੋਸਤਾਂ ਨੇ ਜੋ ਕੰਸਟ੍ਰਕਟਿਵ ਕ੍ਰਿਟੇਸਿਜ਼ਮ ਹੁੰਦਾ ਹੈ ਉਸ ਦੇ ਆਧਾਰ ਤੇ ਆਪਣੀਆਂ ਸਪੀਚਾਂ ਨਾਲ ਕੰਟ੍ਰੀਬਿਊਸ਼ਨ ਕੀਤੀ ਹੈ । ਚੰਗਾ ਹੁੰਦਾ ਜੇ ਸਾਡੇ ਅਕਾਲੀ ਵਿਰੋਧੀ ਦਲ ਵਾਲੇਂ ਵੀ ਐਥੇ ਬੈਠ ਕੇ ਕੁਝ ਆਪਣੇ ਸੁਝਾਉ ਦਿੰਦੇ ਔਰ ਕੁਝ ਜੋ ਕਮੀਆਂ ਹਨ ਉਨ੍ਹਾਂ ਵਲ ਧਿਆਨ ਦਿਵਾਉਂਦੇ । ਪਰ ਉਹ ਇਸ ਤਰ੍ਹਾਂ ਨਹੀਂ ਕਰ ਸਕੇ ।

ਸਪੀਕਰ ਸਾਹਿਬ, ਜਿਥੇ ਮੈਂ ਗਵਰਨਰ ਸਾਹਿਬ ਦਾ ਬਹੁਤ ਮਸ਼ਕੂਰ ਹਾਂ, ਮੈਂਬਰਾਂ ਦਾ ਮਸ਼ਕੂਰ ਹਾਂ ਉਥੇ ਮੇਰੇ ਮਨ ਵਿਚ ਇਹ ਵੀ ਰਹੇਗੀ ਕਿ ਉਹ ਸਾਡੇ ਅਕਾਲੀ ਭਰਾ, ਮੈਂ ਨਹੀਂ ਕਹਿ ਸਕਦਾ ਕਿ ਉਹ ਕਿਉਂ ਚਲੇ ਗਏ । ਮੈਂ ਉਨ੍ਹਾਂ ਦਾ ਇਤਰਾਜ਼ ਵੀ ਚੰਗੀ ਤਰ੍ਹਾਂ ਨਾਲ ਅਨੁਭਵ ਨਹੀਂ ਕਰ ਸਕਿਆ । ਮੇਰਾ ਅੰਦਾਜ਼ਾ ਹੈ ਕਿ ਜਾਂ ਤਾਂ ਸਰਕਾਰ ਦੇ ਖਿਲਾਫ ਉਨ੍ਹਾਂ ਦੇ ਪਾਸ ਕੋਈ ਨੁਕਤਾ ਚੀਨੀ ਕਰਨ ਵਾਸਤੇ ਕੋਈ ਗੱਲ ਨਹੀਂ ਸੀ ਜਾਂ ਉਹ ਸਰਕਾਰ ਦੇ ਚੰਗੇ ਕੀਤੇ ਕੰਮਾਂ ਦੀ ਸ਼ਲਾਘਾ ਕਰਨ ਦਾ ਹੌਂਸਲਾ ਨਹੀਂ ਸਨ ਰਖਦੇ ਜਾਂ ਨਵੀਆਂ ਤਜਵੀਜ਼ਾਂ ਦੇਣ ਲਈ ਉਨ੍ਹਾਂ ਨੇ ਸੋਚਿਆ ਨਹੀਂ । ਇਨ੍ਹਾਂ ਤਿੰਨਾਂ ਕਾਰਨਾਂ ਵਿਚੋਂ ਤਿੰਨ ਵੀ ਹੋ ਸਕਦੇ ਹਨ ਔਰ ਤਿੰਨਾਂ ਵਿਚੋਂ ਕੋਈ ਵੀ ਨਹੀਂ ਹੋ ਸਕਦਾ । ਪਰ ਉਹ ਵਾਕ ਆਊਟ ਕਰਕੇ ਚਲੇ ਗਏ । ਮੇਰਾ ਖਿਆਲ ਸੀ ਕਿ ਪਹਿਲੇ ਦਿਨ ਵਾਕ ਆਊਟ ਕਰਕੇ ਦੂਜੇ ਦਿਨ ਆ ਗਏ ਸਨ । ਤਿੰਨ ਦਿਨ ਫਿਰ ਆ ਗਏ ਸਨ । ਮੈਨੂੰ ਇਸ ਤਰ੍ਹਾਂ ਹੀ ਯਾਦ ਆਉਂਦਾ ਹੈ।

Original with;
Punjab Vidhan Sabha
Digitized by;
Panjab Digital Library

ਮੈਂ ਜਦ ਬਾਹਰ ਲਾਬੀ ਵਿਚ ਗਿਆ ਤਾਂ ਮੈਨੂੰ ਇਕ ਜੱਥੇਦਾਰ ਮਿਲੇ। ਉਹ ਕਹਿਣ ਲਗਿਆ ਕਿ ਸਾਡੇ ਬੰਦਿਆਂ ਨੇ ਗਲਤੀ ਕੀਤੀ। ਮੈਂ ਕਿਹਾ ਕਿ ਮੈਂ ਇਸ ਦਾ ਕੀ ਇਲਾਜ ਕਰ ਸਕਦਾ ਹਾਂ। ਇਹ ਕਰ ਸਕਦਾ ਹਾਂ ਕਿ ਮੈਂ ਵੀ ਦਾਅਵਤ ਦਿਆਂ ਔਰ ਸਪੀਕਰ ਸਾਹਿਬ ਨੂੰ ਵੀ ਕਹਾਂ ਕਿ ਤੁਸੀਂ ਵੀ ਉਨ੍ਹਾਂ ਨੂੰ ਦਾਅਵਤ ਦਿਉ। ਉਸ ਨੇ ਮੈਨੂੰ ਸ਼ੇਅਰ ਪੜ੍ਹ ਕੇ ਸੁਣਾਇਆ। ਉਹ ਕਹਿਣ ਲਗਿਆ ਕਿ ਉਹ ਆਪ ਦੀ ਹਾਈ ਕਮਾਂਡ ਦੀ ਹਦਾਇਤ ਨੂੰ ਨਹੀਂ ਸਮਝ ਸਕੇ।

"ਹਮ ਨੇ ਤੋ ਕੂਚਾ ਹੀ ਕਹਾ ਥਾ ਮਗਰ ਤੁਮ ਤੋ ਦੁਨੀਆ ਹੀ ਛੋੜ ਚਲੇ"

ਸੋ, ਉਹ ਤਾਂ ਕੂਚੇ ਦੀ ਬਜਾਏ ਸਾਰੀ ਦੁਨੀਆਂ ਹੀ ਛਡ ਗਏ। ਖੈਰ ਮੇਰਾ ਤਾਂ ਇਹ ਖਿਆਲ ਹੈ ਕਿ ਪ੍ਰਮਾਤਮਾ ਉਨ੍ਹਾਂ ਨੂੰ ਮਤ ਬਖਸ਼ੇਗਾ ਔਰ ਜੋ ਡੈਮੋਕਰੇਸੀ ਵਿਚ ਆਪੋਜ਼ੀਸ਼ਨ ਦਾ ਰੋਲ ਹੈ ਉਹ ਉਸ ਨੂੰ ਅਦਾ ਕਰਨਗੇ। ਸਪੀਕਰ ਸਾਹਿਬ, ਕਿਸੇ ਗੱਲ ਦੀ ਉੱਨਤੀ ਜਾਂ ਉਸ ਵਿਚ ਹੋ ਰਹੇ ਵਿਕਾਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਸਰਕਾਰ ਸਮਾਜਕ ਤੇ ਆਰਥਿਕ ਕੰਮਾਂ ਤੇ ਕਿੰਨਾ ਵਧੇਰੇ ਖਰਚਾ ਕਰਦੀ ਹੈ। ਤੁਹਾਨੂੰ ਪਤਾ ਹੈ ਕਿ ਸਾਲ 1974-75 ਵਿਚ 126 ਕਰੋੜ ਰੁਪਏ ਦੀ ਯੋਜਨਾ ਬਣਾਈ ਗਈ ਸੀ ਅਤੇ ਉਹ ਸਫਲਤਾ ਨਾਲ ਪੂਰੀ ਹੋਈ। 1975-76 ਵਿਚ ਯੋਜਨਾ 163 ਕਰੋੜ ਰੁਪਏ ਦੀ ਸੀ। ਮਗਰ ਹੁਣ 1976-77 ਲਈ 219 ਕਰੋੜ ਰੁਪਏ ਦੀ ਯੋਜਨਾ ਬਣੀ ਹੈ (ਥੰਪਿੰਗ) ਔਰ ਇਹ ਵੀ ਖੁਸ਼ੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਦੇ ਪਲੈਨਿੰਗ ਬੋਰਡ ਨੇ ਅਤੇ ਕੈਬਨਿਟ ਨੇ ਜੋ ਪਲੈਨਿੰਗ ਬਣਾ ਕੇ ਭੇਜੀ ਉਸ ਨੂੰ ਸੈਂਟ ਪਰਸੈਂਟ ਸੈਂਟਰ ਨੇ ਮਨਜ਼ੂਰ ਕਰ ਲਿਆ ਹੈ। (ਥੰਪਿੰਗ) ਇਹ 93 ਕਰੋੜ ਰੁਪਏ ਵੱਧ ਕੋਈ ਛੋਟੀ ਗੱਲ ਨਹੀਂ ਹੈ। ਮੇਰਾ ਖਿਆਲ ਹੈ ਕਿ ਕੋਈ ਵੀ ਇਸ ਗੱਲ ਤੇ ਫਖਰ ਕਰ ਸਕਦਾ ਹੈ। ਮੈਨੂੰ ਖੁਸ਼ੀ ਹੈ ਕਿ ਸਦਨ ਦੇ ਮੈਂਬਰਾਂ ਨੇ ਵੀ ਇਸ ਦੀ ਸ਼ਲਾਘਾ ਕੀਤੀ ਹੈ। ਇਸ ਰਾਜ ਦੀ ਆਰਥਿਕਤਾ ਵਿਚ 5.2% ਵਾਰਸ਼ਿਕ ਦਰ ਨਾਲ ਵਾਧਾ ਹੋਇਆ ਹੈ ਔਰ ਪੰਜਵੀਂ ਯੋਜਨਾ ਦੇ ਦੌਰਾਨ 7.5% ਵਾਰਸ਼ਿਕ ਦਰ ਨਾਲ ਵਾਧਾ ਕਰਨ ਦਾ ਅਸੀਂ ਟੀਚਾ ਪੂਰਾ ਕਰ ਸਕਾਂਗੇ ਜਦੋਂ ਕਿ ਭਾਰਤਵਰਸ਼ ਦੀ ਕੇਵਲ 5.5% ਦਰ ਹੋਵੇਗੀ।

ਸਪੀਕਰ ਸਾਹਿਬ, ਤੁਸੀਂ ਔਰ ਹਾਊਸ ਦੇ ਆਨਰੇਬਲ ਮੈਂਬਰ ਇਸ ਗੱਲ ਤੋਂ ਜਾਣੂ ਹਨ ਕਿ ਪੰਜਾਬ ਇਕ ਐਸੀ ਸਟੇਟ ਹੈ ਜੋ ਕਿ ਬਹੁਤ ਪੱਖਾਂ ਤੋਂ ਭਾਰਤਵਰਸ਼ ਤੋਂ ਪਹਿਲ ਪ੍ਰਾਪਤ ਕਰਦੀ ਹੈ। ਸਾਡੀ ਉਮਰ ਵਿਚ ਵਾਧਾ ਹੈ, ਸਾਡੀ ਆਮਦਨ ਵਿਚ ਵਾਧਾ ਹੈ ਔਰ ਸਾਡੀ ਖੇਤੀ ਬਾੜੀ ਦਾ ਝਾੜ ਸਾਰੇ ਹਿੰਦੁਸਤਾਨ ਤੋਂ ਵੱਧ ਹੈ। ਔਰ ਇਕ ਵਾਰੀ ਤਾਂ ਅਸੀਂ ਦੁਨੀਆਂ ਦਾ ਰਿਕਾਰਡ ਵੀ ਤੋੜ ਚੁਕੇ ਹਾਂ। (ਥੰਪਿੰਗ) ਲੇਕਿਨ ਜ਼ਰੂਰਤ ਇਸ ਗੱਲ ਦੀ ਹੈ ਕਿ ਆਉਣ ਵਾਲੇ ਸਮੇਂ ਨੂੰ ਸਰਕਾਰ ਔਰ ਅਸੰਬਲੀ ਧੀਰਜ ਦੀ ਦ੍ਰਿਸ਼ਟੀ ਨਾਲ ਵੇਖੇ ਔਰ ਉਸ ਦੇ ਲਈ ਪ੍ਰਬੰਧ ਕੀਤੇ ਜਾਣ। ਇਸ ਦੇ ਲਈ ਕਿਸੇ ਜੋਤਸ਼ੀ ਦੀ ਜ਼ਰੂਰਤ ਨਹੀਂ ਹੈ, ਇਸ ਦੇ ਲਈ ਇਤਿਹਾਸਕਾਰ ਔਰ ਆਰਥਿਕ ਪੰਡਤਾਂ ਦਾ ਅੰਦਾਜ਼ਾ ਲਗ ਸਕਦਾ ਹੈ। ਪੰਜਾਬ ਐਸੀ ਸਤਿਹ ਤੇ ਪਹੁੰਚਿਆ ਹੈ ਜਿਸ ਦੀ ਖੇਤੀ ਬਾੜੀ ਦੀ ਤਰੱਕੀ ਇਕ ਹੱਦ ਤਕ ਪਹੁੰਚ ਗਈ ਹੈ ਔਰ ਵਧੇਰੇ ਤੋਂ ਵਧੇਰੇ ਯਤਨ ਕਰਨ ਤੋਂ ਬਾਅਦ 10-11 ਲਖ ਟਨ ਦੀ ਹੋਰ ਪੈਦਾਵਾਰ ਹੋ ਸਕੇਗੀ। ਇੰਡਸਟਰੀ ਦੇ ਮਾਮਲੇ ਵਿਚ ਅਸੀਂ ਆਪਣੇ ਕਦਮ ਕਾਫੀ ਦਲੇਰੀ ਨਾਲ ਚੁਕੇ ਹਨ ਪਰ ਲੋੜ ਇਸ ਗੱਲ ਦੀ ਹੈ ਕਿ ਜਿਸ ਵੇਲੇ ਸਾਡੀ ਉਨਤੀ ਦਾ

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ ]

ਟੀਚਾ ਪਹੁੰਚ ਗਿਆ ਔਰ ਅੱਗੇ ਕੋਈ ਰਸਤਾ ਨਾ ਰਿਹਾ ਤਾਂ ਅਸੀਂ ਆਬਾਦੀ ਦੇ ਮੁਤਾਬਕ ਜੋ ਪੰਜਾਬ ਦੀ ਆਬਾਦੀ 1971 ਦੀ ਹੈ, ਜੋ 1.35 ਕਰੋੜ ਦੀ ਹੈ, ਉਸ ਸਾਰੀ ਆਬਾਦੀ ਕੋਲ 1.24 ਕਰੋੜ ਏਕੜ ਜ਼ਮੀਨ ਹੈ, ਅਸੀਂ ਇਕੱਲੀ ਜ਼ਮੀਨ ਉਤੇ ਆਪਣੀ ਤਰੱਕੀ ਦੇ ਕਦਮ ਅੱਗੇ ਕਿਵੇਂ ਵਧਾ ਸਕਾਂਗੇ। ਤਰੱਕੀ ਦਾ ਸਾਧਨ ਵਿਦਿਆ ਹੈ। ਇਨਸਾਨੀ ਫਿਤਰਤ ਹੈ ਕਿ ਉਹ ਤਰੱਕੀ ਕਰੇ ਅਤੇ ਇਹ ਮੰਨੀ ਹੋਈ ਗੱਲ ਹੈ ਕਿ ਜੇ ਕਿਸੇ ਨੇ ਵਧਣਾ ਹੈ ਤਾਂ ਉਸ ਨੂੰ ਸਬਰ ਨਹੀਂ ਕਰਨਾ ਚਾਹੀਦਾ। ਸਾਰੀ ਉਮਰ ਸਿਖਦੇ ਰਹਿਣਾ ਚਾਹੀਦਾ ਹੈ ਔਰ ਸਾਰੀ ਉਮਰ ਕਮਾਉਂਦੇ ਰਹਿਣਾ ਚਾਹੀਦਾ ਹੈ। ਇਹ ਇਕ ਪਰਿਵਾਰ ਨਹੀਂ, ਇਕ ਪ੍ਰਾਂਤ ਹੈ। ਇਸ ਦੀ ਆਰਥਿਕ ਉੱਨਤੀ ਅਗਰ ਰੁਕ ਗਈ ਤਾਂ ਫਿਰ ਜੋ ਪਿਛੇ ਖੜੋਤੇ ਹਨ ਥੋੜ੍ਹਾ ਅਗੇ ਆਉਣਗੇ। ਸੋ ਕੋਈ ਐਸੀ ਕਮੀ ਨਾ ਆ ਜਾਵੇ ਜਿਸ ਨਾਲ ਸਾਡੀ ਆਰਥਿਕ ਉੱਨਤੀ ਰੁਕ ਜਾਵੇ। ਸਰਕਾਰ ਨੇ 2 ਪਹਿਲੂ ਸਭ ਤੋਂ ਪਹਿਲਾਂ ਲਏ ਹਨ, ਇਕ ਖੇਤੀ ਬਾੜੀ ਅਤੇ ਦੂਸਰਾ ਇੰਡਸਟਰੀ। ਇਸ ਦੇ ਵਿਚ ਫਿਰ ਬਾਕੀ ਚੀਜ਼ਾਂ ਸ਼ਾਮਲ ਹੁੰਦੀਆਂ ਰਹਿੰਦੀਆਂ ਹਨ। ਅੱਜ ਕਲ ਦੀ ਦੁਨੀਆਂ ਵਿਚ ਬਿਜਲੀ, ਪਾਣੀ, ਕੋਲਾ, ਲੋਹਾ ਅਤੇ ਖਾਦ ਇਨ੍ਹਾਂ ਸਾਰੀਆਂ ਚੀਜ਼ਾਂ ਦੀ ਉੱਨਤੀ ਕਰਨ ਵਾਸਤੇ ਜ਼ਰੂਰਤ ਹੈ। ਸਰਕਾਰ ਨੇ ਵਧੇਰੇ ਤੋਂ ਵਧੇਰੇ ਇਸ ਗੱਲ ਵਲ ਧਿਆਨ ਦਿੱਤਾ ਹੈ ਕਿ ਅਸੀਂ ਜ਼ਮੀਨ ਦੀ ਸਿੰਜਾਈ ਵਾਸਤੇ ਪਾਣੀ ਵਧੇਰੇ ਲਿਆਈਏ, ਖੇਤੀ ਬਾੜੀ ਅਤੇ ਇੰਡਸਟਰੀ ਵਾਸਤੇ ਬਿਜਲੀ ਦਾ ਇੰਤਜ਼ਾਮ ਕਰੀਏ ਔਰ ਫਰਟੇਲਾਈਜ਼ਰ ਦੀ ਵੀ ਅਸੀਂ ਇਥੇ ਪੈਦਾਵਾਰ ਕਰੀਏ। ਸਾਨੂੰ ਖੁਸ਼ੀ ਹੈ ਕਿ ਪੰਜਾਬ ਦੇ ਵਿਚ 128 ਕਰੋੜ ਰੁਪਏ ਦਾ ਫਰਟੇਲਾਈਜ਼ਰ ਪਲਾਂਟ ਲਗ ਰਿਹਾ ਹੈ ਔਰ ਉਸ ਦੇ ਲਈ ਮਸ਼ੀਨਰੀ ਖਰੀਦੀ ਗਈ ਹੈ, ਜਗ੍ਹਾ ਲਈ ਗਈ ਹੈ, ਮਕਾਨ ਉਸਰ ਰਹੇ ਹਨ ਔਰ ਜਿਹੜੀਆਂ ਜ਼ਰੂਰੀ ਚੀਜ਼ਾਂ ਹਨ ਉਨ੍ਹਾਂ ਦੀ ਪ੍ਰਾਪਤੀ ਹੋ ਗਈ ਹੈ। ਇਹ ਪਲਾਂਟ ਜਾਪਾਨ ਦੀ ਕੋਲੈਬੋਰੇਸ਼ਨ ਨਾਲ ਬਣ ਰਿਹਾ ਹੈ।

ਸਪੀਕਰ ਸਾਹਿਬ, ਥੀਨ ਡੈਮ ਦੇ ਬਾਰੇ ਸਾਡੀ ਗੱਲ ਬਹੁਤ ਅੱਗੇ ਵਧੀ ਹੈ। ਸਾਡਾ ਜੋ ਮੇਨ ਪਾਰਟਨਰ ਹੈ ਜੇ.ਐਂਡ.ਕੇ ਉਸ ਨਾਲ ਸਾਡਾ ਸਮਝੌਤਾ ਹੋ ਗਿਆ ਹੈ। (ਥੰਪਿੰਗ) ਔਰ ਇਸ ਤੋਂ ਬਾਅਦ ਸਾਡਾ ਸਮਝੌਤਾ ਹਿਮਾਚਲ ਪ੍ਰਦੇਸ਼ ਨਾਲ ਵੀ ਹੋ ਜਾਵੇਗਾ। ਸਪੀਕਰ ਸਾਹਿਬ, ਜੇ ਇਸ ਥੀਨ ਡੈਮ ਦਾ ਕੰਮ ਸ਼ੁਰੂ ਹੋ ਗਿਆ ਤਾਂ ਇਸ ਦੇ ਮੁਕੰਮਲ ਹੋਣ ਤੋਂ ਬਾਅਦ 825 ਲੱਖ ਏਕੜ ਜ਼ਮੀਨ ਨੂੰ ਪਾਣੀ ਹੋਰ ਮਿਲ ਜਾਵੇਗਾ ਔਰ 480 ਮੈਗਾਵਾਟ ਬਿਜਲੀ ਪੈਦਾ ਹੋਵੇਗੀ। ਇਸ ਦੇ ਨਾਲ ਜੋ ਛੋਟਾ ਜਿਹਾ ਪ੍ਰੋਜੈਕਟ ਹੈ ਉਹ ਸ਼ਾਮਲ ਕਰਕੇ ਹੁਣ ਦੇ ਅੰਦਾਜ਼ੇ ਦੇ ਮੁਤਾਬਕ 200 ਕਰੋੜ ਰੁਪਿਆ ਖ਼ਰਚ ਆਵੇਗਾ ਮਗਰ ਅਸੀਂ ਔਰ ਸਾਡੀਆਂ ਬੈਨੀਫਿਸ਼ਰੀ ਸਟੇਟਸ ਜੋ ਹਨ ਉਨ੍ਹਾਂ ਨੂੰ ਵਿਚ ਸ਼ਾਮਲ ਕਰ ਕੇ ਅਸੀਂ ਇਹ ਵੀ ਸੋਚਿਆ ਹੈ ਕਿ ਸੈਂਟਰਲ ਗੌਰਮਿੰਟ ਦੀ ਮੱਦਦ ਵਾਸਤੇ ਵੀ ਗੱਲ ਬਾਤ ਕੀਤੀ ਜਾਵੇ ਔਰ ਅਸੀਂ ਆਸ ਰਖਦੇ ਹਾਂ ਕਿ ਮੁਕੱਰਰ ਸਮੇਂ ਵਿਚ ਡੈਮ ਨੂੰ ਅਸੀਂ ਬਣਾ ਸਕਾਂਗੇ। ਇਸ ਤੋਂ ਇਲਾਵਾ ਕੁਝ ਛੋਟੇ ਛੋਟੇ ਪ੍ਰੋਜੈਕਟ ਹਨ ਜਿਨ੍ਹਾਂ ਉਤੇ ਕਿਸੇ ਤੇ 48 ਕਰੋੜ ਰੁਪਿਆ, ਕਿਸੇ ਤੇ 11 ਕਰੋੜ ਰੁਪਿਆ ਅਤੇ ਕਿਸੇ ਤੇ 15 ਕਰੋੜ ਰੁਪਿਆ ਖ਼ਰਚ ਆਉਣਾ ਹੈ। ਉਨ੍ਹਾਂ ਨੂੰ ਚਾਲੂ ਕਰਨ ਵਾਸਤੇ ਅਸੀਂ ਪੂਰੀਆਂ ਸਕੀਮਾਂ ਬਣਾ ਲਈਆਂ ਹਨ ਅਤੇ 2-3 ਉਤੇ ਤਾਂ ਕੰਮ ਚਾਲੂ ਵੀ ਹੋ ਗਿਆ ਹੈ।

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਜਿਥੇ ਖੇਤੀ ਬਾੜੀ ਦੀ ਪੈਦਾਵਾਰ ਦੇ ਸਾਧਨ ਵਧਾਉਣ ਵਾਸਤੇ ਉਦਮ ਕੀਤਾ ਜਾਂਦਾ ਹੈ ਉਥੇ ਸਰਕਾਰ ਨੇ ਇਸ ਗੱਲ ਦਾ ਵੀ ਖਿਆਲ ਰਖਿਆ ਹੈ ਕਿ ਕਾਸ਼ਤਕਾਰ ਦਾ ਹੌਸਲਾ ਵਧਦਾ ਰਹੇ ਔਰ ਉਹ ਕੰਮ ਕਰਦਾ ਰਹੇ । ਕਾਸ਼ਤਕਾਰ ਅਤੇ ਖਪਤਕਾਰ ਦੋਨਾਂ ਦਾ ਧਿਆਨ ਪੂਰੇ ਤੌਰ ਤੇ ਰਖ ਕੇ ਸਰਕਾਰ ਚਲ ਰਹੀ ਹੈ । ਸਪੀਕਰ ਸਾਹਿਬ, ਖੇਤੀ ਦੇ ਉਤਪਾਦਨ ਵਾਸਤੇ ਇਸ ਸਰਕਾਰ ਨੇ ਬਹੁਤ ਉੱਦਮ ਕੀਤਾ ਹੈ ਅਤੇ ਪੰਜਾਬ ਦੇ ਕਿਸਾਨਾਂ ਦੇ ਸਹਿਯੋਗ ਨਾਲ ਜੋ ਸਾਨੂੰ ਪ੍ਰਾਪਤੀਆਂ ਹੋਈਆਂ ਹਨ ਉਸ ਤੇ ਵੀ ਸਾਨੂੰ ਮਾਣ ਹੈ । ਸਾਲ 1974-75 ਵਿਚ ਕੁਲ ਅਨਾਜ 79 ਲੱਖ 64 ਹਜ਼ਾਰ ਟਨ ਹੋਇਆ ਸੀ ਜਿਸ ਵਿਚ ਕਣਕ 53 ਲੱਖ ਟਨ ਅਤੇ ਚਾਵਲ 11 ਲੱਖ 81 ਹਜ਼ਾਰ ਟਨ ਹੋਏ ਸਨ। ਸਾਲ 1975-76 ਵਿਚ ਕੁਲ ਅਨਾਜ ਦੀ ਪ੍ਰਾਪਤੀ 84 ਲੱਖ ਟਨ ਸੀ ਜਿਸ ਵਿਚੋਂ ਕਣਕ 56 ਲੱਖ ਟਨ ਅਤੇ ਚਾਵਲ 14 ਲੱਖ ਟਨ ਹੋਏ ਹਨ । ਸਾਲ 1976-77 ਲਈ ਅਸੀਂ ਅਨਾਜ ਦੀ ਉਤਪਾਦਨ ਦਾ ਟੀਚਾ 88 ਲੱਖ ਟਨ ਨਿਸ਼ਚਿਤ ਕੀਤਾ ਹੈ ਜਿਸ ਵਿਚੋਂ ਕਣਕ 60 ਲੱਖ ਟਨ ਅਤੇ ਚਾਵਲ 18 ਲੱਖ ਟਨ ਪੈਦਾ ਕਰਨ ਦੇ ਅਸੀਂ ਨਿਸ਼ਾਨੇ ਮਿਥੇ ਹਨ । ਸਾਲ 1974-75 ਵਿਚ ਕਪਾਹ ਦੀਆਂ 11 ਲੱਖ 27 ਹਜ਼ਾਰ ਗੰਢਾਂ ਪੈਦਾ ਹੋਈਆਂ ਸਨ ਅਤੇ ਇਸ ਸਾਲ 12 ਲੱਖ ਗੰਢਾਂ ਦੀ ਪ੍ਰਾਪਤੀ ਹੋਣ ਦੀ ਸੰਭਾਵਨਾ ਹੈ । ਇਹ ਇਸ ਕਾਰਣ ਸੰਭਵ ਹੋ ਸਕਿਆ ਹੈ ਕਿਉਂਕਿ ਇਸ ਸਾਲ 2 ਲੱਖ 63 ਹਜ਼ਾਰ ਹੈਕਟੇਅਰ ਰਕਬੇ ਤੇ ਹਵਾਈ ਜਹਾਜ਼ਾਂ ਰਾਹੀਂ ਕੀੜੇ ਮਾਰ ਦਵਾਈਆਂ ਦਾ ਛਿੜਕਾ ਕੀਤਾ ਗਿਆ ਹੈ । ਇਹ, ਸਪੀਕਰ ਸਾਹਿਬ, ਭਾਰਤਵਰਸ਼ ਵਿਚ ਪਹਿਲਾ ਪ੍ਰਾਂਤ ਸੀ ਜਿਸ ਨੇ ਖੇਤੀ ਬਾੜੀ ਤੇ ਕੀੜੇ ਮਾਰ ਦਵਾਈਆਂ ਹਵਾਈ ਜਹਾਜ਼ਾਂ ਨਾਲ ਛਿੜਕੀਆਂ ਹਨ, ਹੁਣ ਬਾਕੀ ਥਾਵਾਂ ਤੇ ਵੀ ਇਹ ਸਿਸਟਮ ਚਾਲੂ ਹੋਇਆ ਹੈ । ਸਪੀਕਰ ਸਾਹਿਬ, ਸਾਡੀ ਜ਼ਮੀਨ ਵਿਚ ਜ਼ਿੰਕ ਦੀ ਕਮੀ ਮਹਿਸੂਸ ਹੋ ਰਹੀ ਹੈ ਜਿਸ ਨੂੰ ਰੋਕਣ ਵਾਸਤੇ ਜ਼ਿੰਕ ਸਲਫੇਟ ਦਾ ਪ੍ਰਯੋਗ ਕਰਵਾਇਆ ਜਾਂਦਾ ਹੈ । ਛੋਟੇ ਕਿਸਾਨ ਨੂੰ ਕੱਲਰ ਖ਼ਤਮ ਕਰਨ ਵਾਸਤੇ 75 ਫੀਸਦੀ ਸਬਸਿਡੀ ਦਿਤੀ ਜਾ ਰਹੀ ਹੈ । (ਥੰਪਿੰਗ) ਅਤੇ ਆਮ ਕਿਸਾਨ ਨੂੰ 50 ਫੀਸਦੀ ਸਬਸਿਡੀ ਦਿਤੀ ਜਾਂਦੀ ਹੈ । ਪੰਜਾਬ ਵਿਚ ਐਸੇ ਕਿਸਾਨਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਜਿਨ੍ਹਾਂ ਦਾ ਪ੍ਰਤੀ ਯੂਨਿਟ ਝਾੜ ਬਹੁਤ ਘਟ ਹੈ । ਇਨ੍ਹਾਂ ਦੀ ਸਹਾਇਤਾ ਵਾਸਤੇ ਹਰ ਪਿੰਡ ਵਿਚ 5 ਕਿਸਾਨ ਰਜਿਸਟਰ ਕੀਤੇ ਗਏ ਜਿਨ੍ਹਾਂ ਨੂੰ ਖੇਤੀ ਵਾਸਤੇ ਲੋੜੀਂਦੀਆਂ ਵਸਤਾਂ ਦਾ ਪ੍ਰਬੰਧ ਸਮੇਂ ਸਿਰ ਕੀਤਾ ਜਾਵੇਗਾ ਅਤੇ ਇਨ੍ਹਾਂ ਦੇ ਖੇਤਾਂ ਵਿਚ ਨੁਮਾਇਸ਼ ਪਲਾਂਟ ਵੀ ਲਗਾਏ ਜਾਣਗੇ ਤਾਂ ਜੋ ਇਹ ਵੀ ਆਪਣਾ ਪ੍ਰਤੀ ਏਕੜ ਝਾੜ ਵਧਾ ਸਕਣ । ਸਪੀਕਰ ਸਾਹਿਬ, ਖੇਤੀ ਬਾੜੀ ਦੀ ਉਪਜ ਵਧਾਉਣ ਵਾਸਤੇ ਜ਼ਰੂਰੀ ਹੈ ਕਿ ਜੋ ਸਾਡੀ ਗੋਹੇ ਤੋਂ ਖਾਦ ਬਣਦੀ ਹੈ ਉਸ ਨੂੰ ਵੱਧ ਤੋਂ ਵੱਧ ਅਸੀਂ ਬਚਾ ਸਕੀਏ । ਅਸੀਂ ਉਸ ਨੂੰ ਬਚਾਉਣ ਵਾਸਤੇ ਗੋਬਰ ਗੈਸ ਪਲਾਂਟ ਲਗਾ ਰਹੇ ਹਾਂ ਜਿਸ ਵਾਸਤੇ 25 ਫੀਸਦੀ ਸਬਸਿਡੀ ਦਿੱਤੀ ਜਾਂਦੀ ਹੈ । ਪਿਛਲੇ ਸਾਲ 2,000 ਗੋਬਰ ਗੈਸ ਪਲਾਂਟ ਲਗੇ ਹਨ ਔਰ ਇਸ ਸਾਲ 5,000 ਹੋਰ ਗੋਬਰ ਗੈਸ ਪਲਾਂਟ ਲਾਏ ਜਾਣ ਦਾ ਨਿਸ਼ਾਨਾ ਹੈ । ਜੇ ਅਸੀਂ ਇਸ ਸਕੀਮ ਨੂੰ ਬਹੁਤ ਮਾਤਰਾ ਵਿਚ ਲਾਗੂ ਕਰ ਸਕੇ ਤਾਂ ਸਾਨੂੰ ਆਸ ਹੈ ਕਿ ਜਿਥੇ ਸਾਡੀ ਖੇਤੀ ਬਾੜੀ ਦੀ ਉਪਜ ਵਧੇਗੀ ਉਥੇ ਸਾਡੀਆਂ ਪੇਂਡੂ ਭੈਣਾਂ ਜਿਨ੍ਹਾਂ ਦੀਆਂ ਅੱਖਾਂ ਧੂੰਏ ਨਾਲ ਖਰਾਬ ਹੋ ਜਾਂਦੀਆਂ ਹਨ, ਕਪੜੇ ਮੈਲੇ ਹੋ ਜਾਂਦੇ ਹਨ ਉਹ ਇਨ੍ਹਾਂ ਤੋਂ ਬਚ ਸਕਣਗੀਆਂ । ਮੈਂ ਇਸ ਸਦਨ ਦੇ ਸਾਰੇ ਮਾਨਯੋਗ ਮੈਂਬਰਾਂ ਨੂੰ ਅਪੀਲ ਵੀ ਕਰਦਾ ਹਾਂ ਕਿ ਉਹ ਇਸ ਸਕੀਮ ਨੂੰ ਸਿਰੇ ਚਾੜ੍ਹਨ ਵਾਸਤੇ ਆਪਣਾ ਪੂਰਾ ਸਹਿਯੋਗ ਦੇਣ ਅਤੇ ਇਸ ਦਾ ਪ੍ਰਚਾਰ ਕਰਨ । ਸਪੀਕਰ ਸਾਹਿਬ, ਇਹ ਗੱਲ ਦੇਖਣ ਵਿਚ ਬਹੁਤ ਛੋਟੀ ਲਗਦੀ ਹੈ

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ ]

ਸੁਣਨ ਵਿਚ ਬਹੁਤ ਛੋਟੀ ਲਗਦੀ ਹੈ ਲੇਕਿਨ ਇਹ ਇਕ ਇਨਕਲਾਬੀ ਕਦਮ ਹੈ ਅੱਤੇ ਇਸ ਵਿਚ ਸਰਕਾਰ ਇਹ ਉਮੀਦ ਕਰਦੀ ਹੈ ਕਿ ਇਸ ਸਕੀਮ ਨਾਲ ਸਾਡੀਆਂ ਪੇਂਡੂ ਇਸਤਰੀਆਂ ਦਾ ਬੜਾ ਭਲਾ ਹੋਵੇਗਾ ।

ਸਰਕਾਰ ਚੰਗੇ ਬੀਜ ਸਪਲਾਈ ਕਰਨ ਵਾਸਤੇ ਇਕ ਸੀਡ ਕਾਰਪੋਰੇਸ਼ਨ ਨੂੰ ਸਥਾਪਤ ਕਰ ਚੁੱਕੀ ਹੈ । ਪਿਛਲੇ ਸਾਲ ਮੰਡੀਆਂ ਵਿਚ ਕੁਲ ਕਣਕ ਆਈ ਸੀ 20.67 ਲੱਖ ਟਨ । ਤੁਹਾਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਇਸ ਸਾਲ 17 ਜਨਵਰੀ, 1976 ਤਕ 24 ਲੱਖ 30 ਹਜ਼ਾਰ ਟਨ ਕਣਕ ਮੰਡੀਆਂ ਵਿਚ ਆ ਚੁਕੀ ਹੈ । ਭਾਰਤ ਸਰਕਾਰ ਨੂੰ ਅਸੀਂ ਕਿਹਾ ਸੀ ਕਿ 25 ਲੱਖ ਟਨ ਕੇਂਦਰ ਨੂੰ ਦੇਵਾਂਗੇ । ਸਾਨੂੰ ਇਹ ਖੁਸ਼ੀ ਹੈ ਕਿ ਅਸੀਂ ਇਸ ਦਾ 99.4% ਹਿੱਸਾ ਪੂਰਾ ਕਰ ਲਿਆ ਹੈ । ਸਾਰੇ ਭਾਰਤ ਲਈ ਟੀਚਾ 55 ਲੱਖ ਟਨ ਮਿਥਿਆ ਗਿਆ ਸੀ । ਅਸੀਂ ਕੁਲ ਸਟਾਕ ਦਾ 42% ਤੋਂ ਵਧੇਰੇ ਹਿੱਸਾ ਪੂਰਾ ਕਰ ਦਿੱਤਾ ਹੈ । ਆਪ ਨੂੰ ਜਾਣਕੇ ਖੁਸ਼ੀ ਹੋਵੇਗੀ ਕਿ 1974-75 ਵਿਚ ਕੇਂਦਰ ਦੀ ਸਰਕਾਰ ਨੇ ਪੰਜਾਬ ਲਈ ਚਾਵਲਾਂ ਦਾ ਟੀਚਾ 8 ਲੱਖ ਟਨ ਮਿਥਿਆ ਸੀ ਅਤੇ ਬਾਅਦ ਵਿਚ 9.25 ਲੱਖ ਟਨ ਕਰ ਦਿੱਤਾ ਗਿਆ ਸੀ । ਇਹ ਟੀਚਾ ਵੀ ਅਸੀਂ ਲਗਭਗ ਪੂਰਾ ਕੀਤਾ ਹੈ ਔਰ 1975-76 ਵਿਚ ਝੋਨੇ ਦੀ ਫਸਲ ਪਿਛਲੇ ਸਾਰੇ ਰਿਕਾਰਡ ਮਾਤ ਕਰ ਗਈ ਹੈ । (ਥੰਪਿੰਗ) 17 ਜਨਵਰੀ, 1976 ਤਕ 17 ਲੱਖ 94 ਹਜ਼ਾਰ ਟਨ ਝੋਨਾ ਪੰਜਾਬ ਦੀਆਂ ਮੰਡੀਆਂ ਵਿਚ ਪ੍ਰਾਪਤ ਹੋ ਗਿਆ ਹੈ ਜਦੋਂ ਕਿ ਸਾਰਾ ਸਾਲ 1974-75 ਵਿਚ 14 ਲੱਖ ਟਨ ਹੋਇਆ ਸੀ । ਕੇਂਦਰ ਸਰਕਾਰ ਨੇ ਸਾਡਾ ਟੀਚਾ 9 ਲਖ ਟਨ ਮਿਥਿਆ ਸੀ ਪਰ ਅਸੀਂ ਇਸ ਸਾਲ 10 ਲਖ 50 ਹਜ਼ਾਰ ਟਨ ਚਾਵਲ ਸੈਂਟਰ ਦੀ ਸਰਕਾਰ ਨੂੰ ਦੇ ਰਹੇ ਹਾਂ । ਇਹ ਕੁਲ ਖਰੀਦ ਦਾ 34% ਬਣਦੀ ਹੈ । ਸਪੀਕਰ ਸਾਹਿਬ, ਪੰਜਾਬ ਦੀ ਜ਼ਮੀਨ ਮੁਲਕ ਦੀ ਸਾਰੀ ਜ਼ਮੀਨ ਦਾ 1 % ਤੋਂ ਥੋੜ੍ਹੀ ਜਿਹੀ ਵੱਧ ਹੈ । ਹਿੰਦੁਸਤਾਨ ਵਿਚ ਸਾਡੀ ਆਬਾਦੀ 2% ਦੇ ਕਰੀਬ ਹੈ, ਲੇਕਿਨ ਆਪਣੀ ਪੈਦਾਵਾਰ ਵਿਚੋਂ ਅਸੀਂ 50%, 48% ਔਰ ਕਦੇ ਕਦੇ 55 % ਹਿੰਦੁਸਤਾਨ ਦੇ ਅਨਾਜ ਦੇ ਭੰਡਾਰ ਵਿਚ ਆਪਣਾ ਹਿੱਸਾ ਪਾਉਂਦੇ ਹਾਂ । (ਥੰਪਿੰਗ) ਇਹ ਪੰਜਾਬ ਦੇ ਕਾਸ਼ਤਕਾਰ ਦੀ ਹਿੰਮਤ ਦਾ ਨਤੀਜਾ ਹੈ, ਕਾਸ਼ਤਕਾਰ ਤੋਂ ਮੇਰਾ ਮਤਲਬ ਸਿਰਫ ਲੈਂਡ ਓਨਰ ਤੋਂ ਨਹੀਂ ਸਗੋਂ ਇਸ ਵਿਚ ਖੇਤੀ ਵਿਚ ਕੰਮ ਕਰਨ ਵਾਲਾ ਖੇਤ ਮਜ਼ਦੂਰ ਵੀ ਸ਼ਾਮਲ ਹੈ ਅਤੇ ਇਨ੍ਹਾਂ ਸਾਰਿਆਂ ਦੇ ਅਤੇ ਪੰਜਾਬ ਸਰਕਾਰ ਦੇ ਰਲਵੇਂ ਮਿਲਵੇਂ ਉੱਦਮ ਦਾ ਹੀ ਇਹ ਸਿੱਟਾ ਹੈ । ਇਸ ਲਈ ਮੈਂ ਬਜਟ ਸੈਸ਼ਨ ਸ਼ੁਰੂ ਹੋਣ ਤੇ ਆਪਣੇ ਲੋਕਾਂ ਨੂੰ ਵਧਾਈ ਦੇਣ ਦੀ ਖੁਸ਼ੀ ਮਾਣਦਾ ਹਾਂ ਕਿ ਅਸੀਂ ਇਥੋਂ ਤਕ ਪਹੁੰਚ ਗਏ ਹਾਂ । ਸਪੀਕਰ ਸਾਹਿਬ, ਮੈਂ ਪਿਛਲੇ ਇਜਲਾਸ ਵਿਚ ਵਿਸ਼ਵਾਸ ਦਿਵਾਇਆ ਸੀ ਕਿ ਅਸੀਂ ਭਾਰਤ ਸਰਕਾਰ ਤੇ ਜ਼ੋਰ ਦਿਆਂਗੇ ਕਿ ਉਹ 1974-75 ਦੀ ਪੈਡੀ ਦੀ ਫਸਲ ਤੇ ਸਾਨੂੰ ਬੋਨਸ ਦੇਣ । ਉਨ੍ਹਾਂ ਨੇ ਬੋਨਸ ਦੇਣਾ ਮੰਨ ਲਿਆ ਹੈ ਔਰ ਉਹ ਅਸੀਂ ਲੋਕਾਂ ਨੂੰ ਸਬਸਿਡੀ ਦੀ ਸ਼ਕਲ ਵਿਚ ਖਾਦ ਖਰੀਦਣ ਵਾਸਤੇ ਦੇਵਾਂਗੇ । ਉਹ ਕੁਲ ਰਕਮ 3.36 ਕਰੋੜ ਰੁਪਏ ਹੈ । ਇਸ ਤਰ੍ਹਾਂ ਸਪੀਕਰ ਸਾਹਿਬ, 1 ਕੁਇੰਟਲ ਤੇ 8 ਰੁਪਏ ਬੋਨਸ ਦੇ ਹਿਸਾਬ ਨਾਲ ਅਸੀਂ ਪੰਜਾਬ ਦੇ ਕਿਸਾਨ ਨੂੰ 19 ਕਰੋੜ ਰੁਪਏ ਦਿੱਤੇ ਹਨ । ਸਪੀਕਰ ਸਾਹਿਬ, ਪੰਜਾਬ ਦੇ ਕਾਸ਼ਤਕਾਰ ਨੂੰ, ਖੇਤੀ-ਹਰ ਨੂੰ ਪੰਜਾਬ ਦੀ ਸਰਕਾਰ ਨੇ ਸੈਂਟਰ ਤੇ ਜ਼ੋਰ ਦੇ ਕੇ ਜੋ ਫਰਟੇਲਾਈਜ਼ਰ ਦੀ ਕੀਮਤ ਘਟਵਾਈ ਹੈ ਕੁਝ ਹੋਰ ਚੀਜ਼ਾਂ ਦੀ ਕੀਮਤ ਘਟਵਾਈ ਹੈ. ਉਸ ਦੇ ਨਾਲ ਇਸ ਸਾਲ ਕਿਸਾਨਾਂ

Original with;
Punjab Vidhan Sabha
Digitized by;
Panjab Digital Library

ਦਾ 15 ਕਰੋੜ ਰੁਪਏ ਦਾ ਖਰਚ ਬਚਿਆ ਹੈ । 15 ਕਰੋੜ ਇਹ ਅਤੇ 19 ਕਰੋੜ ਉਹ ਕੁਲ 34 ਕਰੋੜ ਰੁਪਏ ਦਾ ਫਾਇਦਾ ਪੰਜਾਬ ਦੇ ਕਿਸਾਨਾਂ ਨੂੰ ਪੰਜਾਬ ਸਰਕਾਰ ਨੇ ਆਪਣੇ ਉਦਮ ਨਾਲ ਕਰਵਾਇਆ ਹੈ ।

ਸਪੀਕਰ ਸਾਹਿਬ, ਅਸੀਂ ਜਿਥੇ ਖੇਤੀਬਾੜੀ ਦੀ ਮੱਦ ਵਿਚ ਇਹ ਚੀਜ਼ਾਂ ਲਿਆਂਦੀਆਂ ਹਨ ਉਥੇ ਇੰਡਸਟਰੀ ਵਲ ਵੀ ਪੂਰਾ ਪੂਰਾ ਧਿਆਨ ਦਿੱਤਾ ਹੈ । ਸਾਡੇ ਪੰਜਾਬ ਦੀ ਇੰਡਸਟਰੀ ਪਹਿਲੇ ਨਾਲੋਂ ਕਿਤੇ ਜ਼ਿਆਦਾ ਆਪਣੇ ਕਦਮ ਅਗੇ ਪੁਟ ਚੁਕੀ ਹੈ । ਮੈਂ ਇਹ ਦਸਣ ਦੀ ਖੁਸ਼ੀ ਲੈਂਦਾ ਹਾਂ ਕਿ ਹੁਣ ਤਕ ਜੋ ਇੰਡਸਟਰੀ ਵਿਚ ਕਦਮ ਪੁਟੇ ਗਏ ਹਨ ਉਨ੍ਹਾਂ ਨਾਲ ਛੋਟੀ ਸਨਅਤਾਂ ਦੀ ਗਿਣਤੀ 44,272 ਹੋ ਗਈ ਜਦੋਂ ਕਿ 1972 ਵਿਚ ਇਹ ਕੇਵਲ 32,644 ਸੀ । ਦਰਮਿਆਨੇ ਅਤੇ ਵੱਡੇ ਕਾਰਖਾਨਿਆਂ ਦੀ ਗਿਣਤੀ 91 ਤੋਂ ਵੱਧ ਕੇ 133 ਹੋ ਗਈ ਹੈ 1971-72 ਤਕ 36 ਲੈਟਰ ਆਫ ਇੰਟੈਂਟਸ ਅਤੇ 38 ਇੰਡਸਟਰੀਅਲ ਲਾਇਸੰਸ ਮਿਲੇ ਸੀ ਔਰ ਉਸ ਦੇ ਮੁਕਾਬਲੇ ਹੁਣ ਸਤੰਬਰ 1975 ਤਕ 72 ਲੈਟਰ ਆਫ ਇੰਟੈਂਟਸ ਅਤੇ 79 ਇੰਡਸਟਰੀਅਲ ਲਾਇਸੰਸ ਪ੍ਰਾਪਤ ਕੀਤੇ ਗਏ ਹਨ । ਫੋਕਲ ਪੁਆਇੰਟਸ ਪਹਿਲਾਂ ਸਿਰਫ 3 ਸੀ ਔਰ ਹੁਣ ਪੰਜਾਬ ਦੀਆਂ ਵੱਖ ਵੱਖ ਥਾਵਾਂ ਤੇ 26 ਹੋਰ ਫੋਕਲ ਪੁਆਇੰਟਸ ਬਣਾਏ ਗਏ ਹਨ ਜਿਨ੍ਹਾਂ ਵਾਸਤੇ 1548 ਏਕੜ ਜ਼ਮੀਨ ਅਸੀਂ ਪ੍ਰਾਪਤ ਕਰ ਚੁਕੇ ਹਾਂ । ਇਨ੍ਹਾਂ ਫੋਕਲ ਪੁਆਇੰਟਸ ਤੇ ਆਸਾਨ ਕਿਸ਼ਤਾਂ ਤੇ ਕਰਜ਼ੇ, ਬਿਜਲੀ ਰੇਟ ਤੇ ਛੋਟ, ਆਸਾਨ ਕਿਸ਼ਤਾਂ ਤੇ ਇੰਡਸਟਰੀਅਲ ਪਲਾਂਟਸ ਅਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਜਿਨਾਂ ਵਿਚ ਕੱਚਾ ਮਾਲ ਵੀ ਸ਼ਾਮਲ ਹੈ ਉਨ੍ਹਾਂ ਉਤੇ ਰਿਆਇਤ ਦਿਤੀ ਜਾਣੀ ਹੈ । ਸਪੀਕਰ ਸਾਹਿਬ, ਇਹ ਜ਼ਰੂਰੀ ਸੀ ਕਿ ਪੰਜਾਬ ਦੇ ਵਿਚ ਇੰਡਸਟਰੀ ਨੂੰ ਅਗੇ ਲਿਆਂਦਾ ਜਾਵੇ । ਸਾਡੀ ਇਹ ਕੋਸ਼ਿਸ਼ ਹੈ ਕਿ ਅਸੀਂ ਨਵੇਂ ਕਾਰਖਾਨੇ ਪੰਜਾਬ ਦੇ ਵਿਚ ਲਾਈਏ ਔਰ ਇੰਡਸਟਰੀਅਲ ਡਿਵੈਲਪਮੈਂਟ ਕਾਰਪੋ-ਰੇਸ਼ਨ ਵਲੋਂ ਰਾਜ ਵਿਚ ਬਹੁਤ ਵਡੇ ਪੈਮਾਨੇ ਤੇ ਇਸ ਕੰਮ ਨੂੰ ਸ਼ੁਰੂ ਕੀਤਾ ਹੈ । ਪੰਜਾਬ ਸਕੂਟਰ ਪਲਾਂਟ ਨਾਭਾ, ਪੰਜਾਬ ਟਰੈਕਟਰਜ਼, ਪੰਜਾਬ ਕੰਨਕਾਸਟ ਪਲਾਂਟ, ਪਰੀਸੀਜਨ ਇਨਸਟਰੂਮੈਂਟਸ ਪਲਾਂਟ, ਸੈਮੀ ਕੰਡਕਟਰ ਡਿਵਾਈਸਿਜ ਪਲਾਂਟ ਅਤੇ ਹੋਰ ਕਈ ਤਰ੍ਹਾਂ ਦੇ ਕਾਰਖਾਨੇ ਲਗਾਏ ਗਏ ਹਨ । ਇਲੈਕਟ੍ਰਾਨਿਕਸ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਇਲੈਕਟਰਾ-ਨਿਕਸ ਕਾਰਪੋਰੇਸ਼ਨ ਕਾਇਮ ਕੀਤੀ ਜਾ ਰਹੀ ਹੈ । ਸਾਡੇ ਸਾਹਮਣੇ ਨਿਸ਼ਾਨਾ ਹੈ ਕਿ ਹਿੰਦੁਸਤਾਨ ਵਿਚ ਜਿਸ ਕਿਸਮ ਦੇ ਕਾਰਖਾਨੇ ਅਜੇ ਨਹੀਂ ਬਣ ਸਕੇ ਜਿਨ੍ਹਾਂ ਦੀ ਪੈਦਾਵਾਰ ਕਾਰਖਾਨਿਆਂ ਵਿਚੋਂ ਆ ਕੇ ਪਈ ਨਾ ਰਹੇ ਅਤੇ ਉਨ੍ਹਾਂ ਦੀ ਲਾਗਤ ਹੋ ਸਕੇ ਔਰ ਉਨ੍ਹਾਂ ਦੀ ਪ੍ਰੋਡਕਸ਼ਨ ਅਸੀਂ ਬਾਹਰਲੇ ਦੇਸ਼ਾਂ ਵਿਚ ਭੇਜ ਸਕੀਏ ਉਹੋ ਜਿਹੇ ਕਾਰਖਾਨੇ ਅਸੀਂ ਇਥੇ ਲਿਆਉਣਾ ਚਾਹੁੰਦੇ ਹਾਂ । ਸਰਹੱਦੀ ਇਲਾਕਿਆਂ ਨੂੰ ਇਸ ਮਾਮਲੇ ਵਿਚ ਅਸੀਂ ਪਹਿਲ ਦੇਵਾਂਗੇ । ਸਪੀਕਰ ਸਾਹਿਬ, ਤੁਸੀਂ ਜਾਣਦੇ ਹੋ ਕਿ ਅਸੀਂ ਪਿਛੜੇ ਇਲਾਕਿਆਂ ਵਲ ਬਹੁਤ ਧਿਆਨ ਦਿਤਾ ਹੈ । ਹੁਸ਼ਿਆਰਪੁਰ, ਬਠਿੰਡਾ ਅਤੇ ਸੰਗਰੂਰ ਵਿਚ 207 ਕਰੋੜ ਰੁਪਏ ਦੀ ਲਾਗਤ ਦੇ ਨਾਲ ਨਵੇਂ ਕਾਰਖਾਨੇ ਲਗਾਏ ਜਾ ਰਹੇ ਹਨ । ਫਿਰੋਜ਼ਪੁਰ ਅਤੇ ਗੁਰਦਾਸਪੁਰ ਦੇ ਜ਼ਿਲ੍ਹਿਆਂ ਨੂੰ ਮਾਲੀ ਮੱਦਦ ਦੇਣ ਦੇ ਲਈ ਫੰਡਜ਼ ਅਸੀਂ ਬਜਟ ਵਿਚ ਸ਼ਾਮਲ ਕਰ ਲਏ ਹਨ । ਸਪੀਕਰ ਸਾਹਿਬ ਤੁਸੀਂ ਜਾਣਦੇ ਹੋ ਕਿ ਖੇਤੀਬਾੜੀ ਅਤੇ ਇੰਡਸਟਰੀ ਇਹ ਵੀ ਇਕ ਐਸੀ ਟੈਕਨੀਕਲ ਚੀਜ਼ਾਂ ਬਣ ਗਈਆਂ ਹਨ ਕਿ ਉਨ੍ਹਾਂ ਨੂੰ ਸੰਵਾਰ ਕੇ ਉਨ੍ਹਾਂ ਦੀ ਉੱਨਤੀ ਵਿਚ ਵਾਧਾ ਕਰਨ ਵਾਸਤੇ ਐਜੂਕੇਟਿਡ ਔਰ ਟੈਕਨੀਸ਼ੀਅਨਜ਼ ਦੀ ਜ਼ਰੂਰਤ ਪੈਂਦੀ ਹੈ ।

Original with;
Punjab Vidhan Sabha
Digitized by;
Panjab Digital Library

[ਮੁਖ ਮੰਤਰੀ]

ਇਸ ਦੇ ਵਿਚ ਨਵੀਆਂ ਨਵੀਆਂ ਸਕੀਮਾਂ ਲਿਆਉਣੀਆਂ ਬਹੁਤ ਜ਼ਰੂਰੀ ਹਨ। ਮਿਸਾਲ ਦੇ ਤੌਰ ਤੇ ਪ੍ਰਤੀ ਏਕੜ ਪੈਦਾਵਰ ਨੂੰ ਵਧਾਉਣ ਵਾਸਤੇ ਜਿਥੇ ਪਾਣੀ, ਫਰਟੇਲਾਈਜ਼ਰ ਅਤੇ ਟਰੈਕਟਰ ਦੀ ਜ਼ਰੂਰਤ ਹੈ ਉਥੇ ਇਸ ਗਲ ਦੀ ਵੀ ਜ਼ਰੂਰਤ ਬਹੁਤ ਹੈ ਕਿ ਉਸ ਜ਼ਮੀਨ ਦੀ ਪਰਖ ਕੀਤੀ ਜਾਵੇ ਕਿ ਉਸ ਦੇ ਵਿਚ ਕਿਤਨੀਆਂ ਫ਼ਸਲਾਂ ਹੋ ਸਕਦੀਆਂ ਹਨ ਅਤੇ ਉਸ ਦੇ ਵਿਚ ਕਿਹੜੀ ਚੀਜ਼ ਦੀ ਘਾਟ ਹੈ ਅਤੇ ਉਸ ਨੂੰ ਅਸੀਂ ਕਿਵੇਂ ਪੂਰਾ ਕਰ ਸਕਦੇ ਹਾਂ। ਜ਼ਮੀਨ ਤੋਂ ਇਲਾਵਾ ਪਸ਼ੂ ਪਾਲਣ ਨਾਲ ਕਿਤਨੀ ਕੁ ਪੈਦਾਵਾਰ ਹੋ ਸਕਦੀ ਹੈ। ਪਸ਼ੂ ਪਾਲਣਾ, ਇਹ ਛੋਟੇ ਛੋਟੇ ਕੰਮ ਲਗਦੇ ਹਨ ਲੇਕਿਨ ਉਹ ਬਹੁਤ ਹੀ ਵਡੇ ਹਨ। ਜਿਵੇਂ ਪੋਲਟਰੀ ਹੈ, ਫਿਸ਼ਰੀ ਹੈ ਅਤੇ ਸੂਅਰ ਪਾਲਣਾ ਹੈ। ਅਸੀਂ ਚਾਹੁੰਦੇ ਹਾਂ ਕਿ ਕਿਸਾਨ ਦੀ ਪੈਦਾਵਾਰ ਨੂੰ ਵਧਾਉਣ ਲਈ ਇਨ੍ਹਾਂ ਚੀਜ਼ਾਂ ਦੀ ਪੈਦਾਵਾਰ ਵਧਾਈ ਜਾਵੇ ਅਤੇ ਇਨ੍ਹਾਂ ਚੀਜ਼ਾਂ ਤੋਂ ਤਿਆਰ ਕੀਤੀ ਹੋਈ ਖੁਰਾਕ ਲੋਕਾਂ ਤਕ ਪਹੁੰਚਾਈ ਜਾਵੇ। ਮੈਨੂੰ ਖੁਸ਼ੀ ਹੈ ਕਿ ਹੁਣ ਆਲੂਆਂ ਦੀ ਕੀਮਤ ਵਧਾ ਦਿਤੀ ਗਈ ਹੈ ਅਤੇ ਇਹ ਮਸਲਾ ਹਲ ਹੋ ਗਿਆ ਹੈ। ਕਲ ਸਾਡੇ ਖੇਤੀ ਬਾੜੀ ਮੰਤਰੀ ਨੇ ਦਸ ਦਿਤਾ ਸੀ। ਕਾਟਨ ਦੇ ਸਬੰਧ ਵਿਚ ਵੀ ਕਾਟਨ ਕਾਰਪੋਰੇਸ਼ਨ ਆਫ ਇੰਡੀਆ ਸ਼ਾਮਲ ਹੋ ਰਹੀ ਹੈ। ਲੇਕਿਨ ਜਿਸ ਕਿਸਮ ਦੀਆਂ ਚੀਜ਼ਾਂ ਵੀ ਅਸੀਂ ਇਥੇ ਤਿਆਰ ਕਰਦੇ ਹਾਂ ਜੇ ਇਨ੍ਹਾਂ ਦੀ ਬਾਹਰ ਵਿਕਰੀ ਨਾ ਹੋਵੇ ਤਾਂ ਸਾਨੂੰ ਇਨ੍ਹਾਂ ਨੂੰ ਅਗੇ ਲਿਜਾਣਾ ਚਾਹੀਦਾ ਹੈ। ਸਪੀਕਰ ਸਾਹਿਬ, ਸੂਰ ਦੀ ਮਾਂਸ ਦਾ ਕਾਰਖਾਨਾ ਲਾਉਣ ਦੀ ਤਜਵੀਜ਼ ਸਾਡੇ ਜ਼ੇਰੇ ਗੌਰ ਹੈ। ਸੂਰ ਦਾ ਤਿਆਰ ਕੀਤਾ ਹੋਇਆ ਮੀਟ ਅਸੀਂ ਬਾਹਰ ਭੇਜਾਂਗੇ। ਇਸੇ ਤਰ੍ਹਾਂ ਜੋ ਚੀਜ਼ਾਂ ਆਲੂਆਂ ਤੋਂ ਤਿਆਰ ਹੋ ਸਕਦੀਆਂ ਹਨ ਉਨ੍ਹਾਂ ਨੂੰ ਇਥੇ ਤਿਆਰ ਕਰਕੇ ਬਾਹਰ ਭੇਜਣਾ ਚਾਹੀਦਾ ਹੈ। ਸਪੀਕਰ ਸਾਹਿਬ, ਜਿਥੇ ਪੈਦਾਵਾਰ ਵਧਾਉਣ ਦੀ ਲੋੜ ਹੈ, ਉਥੇ ਇਸ ਗੱਲ ਦੀ ਵੀ ਬਹੁਤ ਜ਼ਰੂਰਤ ਹੈ ਕਿ ਲੋਕਾਂ ਨੂੰ ਵਸਣ ਲਈ ਥਾਂ ਦਿਤੀ ਜਾਵੇ। ਪਹਿਨਣ ਲਈ ਕਪੜਾ, ਖਾਣ ਲਈ ਰੋਟੀ, ਬਿਮਾਰੀ ਵਿਚ ਦਵਾਈ ਅਤੇ ਐਜੂਕੇਸ਼ਨ ਵੀ ਜ਼ਰੂਰ ਦੇਣੀ ਚਾਹੀਦੀ ਹੈ। ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਵਿਸਥਾਰ ਪੂਰਵਕ ਦਸਣ ਲਈ ਮੈਂ ਤੁਹਾਡਾ ਜ਼ਿਆਦਾ ਸਮਾਂ ਨਹੀਂ ਲਵਾਂਗਾ। ਪਰ ਥੋੜ੍ਹੀ ਥੋੜ੍ਹੀ ਜ਼ਰੂਰ ਇਨ੍ਹਾਂ ਤੇ ਰੋਸ਼ਨੀ ਪਾਵਾਂਗਾ। ਬੇਘਰਿਆਂ ਲਈ ਪਲਾਟ ਦੇਣ ਦਾ ਮਸਲਾ ਸੀ। ਇਸ ਨੂੰ ਸਰਕਾਰ ਨੇ 1972 ਤੋਂ ਹੀ ਆਪਣੇ ਹਥ ਵਿਚ ਲਿਆ ਅਤੇ 100 ਵਰਗ ਗਜ਼ ਦੇ ਪਲਾਟ ਅਸੀਂ ਹਰ ਉਸ ਬੇਜ਼ਮੀਨੇ ਖੇਤੀਬਾੜੀ ਦਾ ਕੰਮ ਕਰਨ ਵਾਲੇ ਮਜ਼ਦੂਰ ਨੂੰ ਪਿੰਡਾਂ ਵਿਚ ਦੇਣ ਦਾ ਫ਼ੈਸਲਾ ਕੀਤਾ ਸੀ ਔਰ ਇਨ੍ਹਾਂ ਦੀ ਗਿਣਤੀ 3.4 ਲੱਖ ਫੈਮਿਲੀਆਂ ਬਣਦੀ ਹੈ। ਜੇ ਇਕ ਪ੍ਰਵਾਰ ਦੇ ਵਿਚ ਪੰਜ ਬੱਚੇ ਵੀ ਗਿਣੇ ਜਾਣ ਹਾਲਾਂਕਿ ਗਰੀਬਾਂ ਦੇ ਬਚੇ ਪੰਜ ਤੋਂ ਵਧੇਰੇ ਹੁੰਦੇ ਹਨ। ਅਮੀਰਾਂ ਨੇ ਤਾਂ ਫੈਮਿਲੀ ਪਲਾਨਿੰਗ ਨੂੰ ਮੰਨ ਲਿਆ ਹੈ ਪਰ ਗਰੀਬ ਨਹੀਂ ਮੰਨਦੇ। ਇਥੋਂ ਤਕ ਮੈਨੂੰ ਪਤਾ ਹੈ ਕਿ ਗਰੀਬ ਆਦਮੀਆਂ ਦੇ ਜਿਹੜੇ ਆਗੂ ਹਨ ਖਾਸ ਤੌਰ ਤੇ ਹਰੀਜਨ ਉਹ ਲੈਕਚਰ ਸੁਣ ਵੀ ਆਉਣਗੇ, ਲੈਕਚਰ ਦੇ ਵੀ ਦੇਣਗੇ ਪਰ ਜਦੋਂ ਆਪਣੇ ਘਰ ਆਉਂਦੇ ਹਨ ਤਾਂ ਕਹਿਣਗੇ ਕਿ ਗਲਤੀ ਨਾ ਕਰੀਓ, ਬਚੇ ਵਧੇਰੇ ਪੈਦਾ ਕਰਨੇ ਹਨ। ਉਹ ਬਚੇ ਵਧੇਰੇ ਪੈਦਾ ਕਰਦੇ ਹਨ। ਪੰਜਾਬ ਫੈਮਿਲੀ ਪਲਾਨਿੰਗ ਵਿਚ ਨੰਬਰ ਇਕ ਤੇ ਹੈ।

**ਸ੍ਰੀ ਸਪੀਕਰ :** ਚੌਧਰੀ ਜਗਤ ਰਾਮ ਤਾਂ ਅਮਲ ਨਹੀਂ ਕਰਦੇ।

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ :** ਸਪੀਕਰ ਸਾਹਿਬ, ਚੌਧਰੀ ਜਗਤ ਰਾਮ ਦਾ ਤਾਂ ਪ੍ਰਮਾਤਮਾ ਨੇ ਇੰਤਜ਼ਾਮ ਕੀਤਾ ਹੈ। ਉਹ ਕੁਝ ਨਹੀਂ ਕਰ ਸਕਦਾ। ਲੇਕਿਨ ਮੈਂ ਸ਼ਾਇਦ ਥੋੜ੍ਹਾ ਬਹੁਤ ਭੁਲਦਾ ਹੋਵਾਂ ਪਰ ਜਿਥੋਂ ਤਕ ਮੇਰੀ ਯਾਦਾਸ਼ਤ ਕੰਮ ਕਰਦੀ ਹੈ ਉਹ ਇਹ ਹੈ ਕਿ ਪਿਛਲੇ ਦਹਾਕੇ ਵਿਚ ਜਿਹੜੀ ਪੰਜਾਬ ਦੇ ਵਿਚ ਆਬਾਦੀ ਵਧੀ ਹੈ ਉਹ ਕੁਲ 22 ਫੀ ਸਦੀ ਹੈ ਅਤੇ ਇਸ ਦੇ ਵਿਚੋਂ 36 ਫੀ ਸਦੀ ਹਰੀਜਨਾਂ ਦੀ ਹੈ ਅਤੇ ਬਾਕੀ ਅਪਰ ਕਲਾਸ ਦੀ ਸਿਰਫ 18 ਫੀ ਸਦੀ ਵਧੀ ਹੈ। ਸਾਨੂੰ ਇਸ ਗਲ ਦੀ ਤਾਂ ਖੁਸ਼ੀ ਹੈ ਕਿ ਇਨ੍ਹਾਂ ਦੀ ਵਧੀ ਹੋਈ ਆਬਾਦੀ ਨਾਲ ਦੋ ਤਿੰਨ ਮੈਂਬਰ ਹੋਰ ਵਧ ਜਾਣਗੇ ਪਰ ਨਾਲ ਹੀ ਅਸੀਂ ਗਰੀਬੀ ਦਾ ਮੁਕਾਬਲਾ ਕਰਨਾ ਹੈ। ਗਰੀਬ, ਗਰੀਬ ਹੀ ਰਹਿਣ ਇਹ ਚੰਗੀਂ ਗਲ ਨਹੀਂ। ਇਹ ਠੀਕ ਨਹੀਂ ਕਿ ਇਨਸਾਨੀਅਤ ਰੁਲਦੀ ਫਿਰੇ। ਮੈਂ ਕਹਿੰਦਾ ਹਾਂ ਕਿ ਜੇ ਇਕ ਫੈਮਿਲੀ ਦੇ ਵਿਚ ਪੰਜ ਮੈਂਬਰ ਵੀ ਮੰਨ ਲਏ ਜਾਣ ਤਾਂ 3 ਲੱਖ ਦੇ ਹਿਸਾਬ ਨਾਲ 15 ਲਖ ਬੇਘਰਿਆਂ ਨੂੰ ਪਲਾਟ ਅਸੀਂ ਦਿਤੇ ਹਨ। ਹੁਣ ਤਕ 3.32 ਲੱਖ ਫੈਮਿਲੀਆਂ ਨੂੰ ਪਲਾਟ ਦਿਤੇ ਗਏ। ਪਰ ਮੇਰੇ ਕੁਝ ਆਨਰੇਬਲ ਮੈਂਬਰਾਂ ਨੇ ਇਥੇ ਕਿਹਾ ਕਿ ਪਲਾਟ ਮਿਲੇ ਨਹੀਂ। ਮੈਂ ਉਨ੍ਹਾਂ ਦਾ ਕਸੂਰ ਨਹੀਂ ਸਮਝਦਾ ਪਰ ਮਾਸੂਮਪਣਾ ਜ਼ਰੂਰ ਸਮਝਦਾ ਹਾਂ। ਉਹ ਇਤਨੇ ਮਾਸੂਮ ਹਨ ਕਿ ਉਨ੍ਹਾਂ ਨੇ ਇਸ ਗਲ ਦਾ ਧਿਆਨ ਹੀ ਨਹੀਂ ਕੀਤਾ ਕਿ 560 ਸਿਵਲ ਸੂਟ ਪੰਜਾਬ ਸਰਕਾਰ ਦੇ ਖਿਲਾਫ ਚਲਦੇ ਪਏ ਹਨ ਔਰ 560 ਸਿਵਲ ਸੂਟਾਂ ਵਿਚ ਜਿਹੜੀ ਆਬਾਦੀ ਆਉਂਦੀ ਹੈ, ਹੋ ਸਕਦਾ ਹੈ ਕਿ 2,000 ਦੇ ਕਰੀਬ ਹੋਵੇ, ਜਿਨ੍ਹਾਂ ਨੇ ਪਲਾਟ ਤਾਂ ਦਿਤੇ ਗਏ ਹਨ ਪਰ ਕਬਜ਼ਾ ਨਹੀਂ ਮਿਲਿਆ। ਉਹ ਅਰਜ਼ੀਆਂ ਦਿੰਦੇ ਹਨ। ਹੁਣ ਇਹ ਇਕ ਰਿਵਾਜ ਸ਼ੁਰੂ ਹੋ ਗਿਆ ਹੈ ਕਿ ਪ੍ਰਾਈਮ ਮਨਿਸਟਰ ਤੋਂ ਲੈ ਕੇ ਥਲੇ ਤਕ ਕਾਪੀ ਜਾਣੀ ਚਾਹੀਦੀ ਹੈ। ਉਹ ਕਾਪੀ ਹਰ ਪਾਰਟੀ ਦੇ ਲੀਡਰ ਨੂੰ ਵੀ ਜਾਏਗੀ। ਉਹ ਮਲਹੋਤਰਾ ਸਾਹਿਬ ਨੂੰ ਵੀ ਜਾਏਗੀ ਅਤੇ ਡਾਂਗ ਸਾਹਿਬ ਕੋਲ ਵੀਂ ਜਾਏਗੀ। ਜਿਨ੍ਹਾਂ ਨੂੰ ਪਲਾਟ ਮਿਲ ਗਏ ਹਨ ਉਹ ਨਾ ਇਨ੍ਹਾਂ ਨੂੰ ਮਿਲਦੇ ਹਨ ਨਾ ਸਾਨੂੰ ਮਿਲਦੇ ਹਨ ਅਤੇ ਨਾ ਹੀ ਕੋਈ ਚਿੱਠੀ ਲਿਖਦੇ ਹਨ। ਜੇ ਮੈਂ ਮੰਨ ਵੀ ਲਵਾਂ ਕਿ ਤਿੰਨ ਲੱਖ ਤੋਂ ਜਿਹੜੇ ਉਪਰ ਹਨ ਉਨ੍ਹਾਂ ਵਿਚੋਂ 2,000 ਨੂੰ ਪਲਾਟ ਨਹੀਂ ਵੀ ਮਿਲੇ ਤਾਂ ਉਹ ਦੋ ਹਜ਼ਾਰ ਬੰਦੇ ਕਿਹੜੇ ਘੱਟ ਹੁੰਦੇ ਹਨ। ਉਹ ਵੀ ਦਸ ਬੰਦਿਆਂ ਨੂੰ ਪਾਗਲ ਬਣਾ ਸਕਦੇ ਹਨ। ਪਾਗਲ ਦਾ ਲਫ਼ਜ਼ ਮੈਂ ਵਾਪਸ ਲੈਂਦਾ ਹਾਂ। ਉਨ੍ਹਾਂ ਨੂੰ ਕਨਫਿਊਜ਼ ਕਰ ਸਕਦੇ ਹਨ, ਗਲਤਫਹਿਮੀ ਵਿਚ ਪਾ ਸਕਦੇ ਹਨ, ਉਨ੍ਹਾਂ ਨੂੰ ਉਲਝਾ ਸਕਦੇ ਹਨ। ਮੈਂ ਬੇਨਤੀ ਕਰਾਂਗਾ ਕਿ ਜਿਥੇ ਉਨ੍ਹਾਂ ਨੂੰ ਇਸ ਗੱਲ ਦੀ ਹਮਦਰਦੀ ਹੈ, ਇਹ ਬੇਸ਼ਕ ਕਹਿਣ ਕਿ ਇਤਨਿਆਂ ਨੂੰ ਪਲਾਟ ਨਹੀਂ ਮਿਲੇ ਪਰ ਇਹ ਗੱਲ ਵੀ ਤਾਂ ਕਹਿਣ ਕਿ ਤਿੰਨ ਲੱਖ ਫੈਮਿਲੀਆਂ ਨੂੰ ਪਲਾਟ ਦੇ ਦਿੱਤੇ ਹਨ। ਮੈਂ ਸਮਝਦਾ ਹਾਂ ਕਿ ਇਸ ਸਬੰਧ ਵਿਚ ਸਾਡੀ ਪ੍ਰਾਪਤੀ ਹੌਸਲਾ ਅਫਜ਼ਾਹ ਹੈ। ਸ਼ਲਾਘਾ ਤਾਂ ਤੁਸੀਂ ਕਰੋ ਜਾਂ ਮੇਰੇ ਦੋਸਤ ਕਰਨਗੇ। ਸਪੀਕਰ ਸਾਹਿਬ, ਇਥੇ ਕੁਝ ਦੋਸਤਾਂ ਨੇ, ਸ਼੍ਰੀ ਕੇਸ਼ੋ ਰਾਮ ਨੇ ਅਤੇ ਜੋਸ਼ ਜੀ ਨੇ ਅਤੇ ਕੁਝ ਸਾਡਿਆਂ ਬੈਂਚਾਂ ਵਾਲਿਆਂ ਨੇ ਸੁਝਾਓ ਦਿੱਤੇ ਹਨ ਕਿ ਜਿਵੇਂ ਪਿੰਡਾਂ ਵਿਚ ਬੇਘਰਿਆਂ ਨੂੰ ਪਲਾਟ ਦਿੱਤੇ ਗਏ ਹਨ, ਇਸੇ ਤਰ੍ਹਾਂ ਸ਼ਹਿਰਾਂ ਵਿਚ ਜਿਹੜੇ ਬੇਘਰੇ ਹਨ ਉਨ੍ਹਾਂ ਨੂੰ ਵੀ ਪਲਾਟ ਦਿੱਤੇ ਜਾਣ। ਉਸ ਦੇ ਲਈ ਸਪੀਕਰ ਸਾਹਿਬ, ਅਸੀਂ ਇਕ ਸਕੀਮ ਬਣਾ ਲਈ ਹੈ ਅਤੇ ਉਸ ਸਕੀਮ ਦੇ ਮੁਤਾਬਿਕ ਪੰਜਾਬ ਦੇ ਸ਼ਹਿਰਾਂ ਵਿਚ ਜਿਹੜੇ ਲੋਕ ਬੇ-ਘਰੇ ਹਨ ਅਤੇ ਉਨ੍ਹਾਂ ਦਾ ਕਿਤੇ ਵੀ ਕੋਈ ਘਰ ਨਹੀਂ, ਨਾ ਪਿੰਡ ਵਿਚ ਹੈ ਅਤੇ ਨਾ ਹੀ ਸ਼ਹਿਰ ਵਿਚ ਹੈ ਅਤੇ ਬਹੁਤ ਹੀ ਗਰੀਬ ਲੋਕ ਹਨ, ਉਨ੍ਹਾਂ ਗਰੀਬਾਂ ਦੀ ਇਕ ਹੱਦ ਮਿਥ ਦਿੱਤੀ ਹੈ। ਉਨ੍ਹਾਂ ਵਾਸਤੇ ਮਕਾਨ ਬਣਾਉਣ ਲਈ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਸਰਕਾਰੀ ਜ਼ਮੀਨ, ਮਿਊਂਸਪਲ ਕਮੇਟੀਆਂ ਦੀ ਜ਼ਮੀਨ ਜਾਂ ਕਿਸੇ ਹੋਰ ਤਰ੍ਹਾਂ ਅੱਧ ਸਰਕਾਰੀ ਕਬਜ਼ੇ ਦੀ ਜ਼ਮੀਨ ਜਿਹੜੀ ਖਾਲੀ ਹੋਵੇਗੀ, ਉਥੇ ਉਨ੍ਹਾਂ ਨੂੰ ਪਲਾਟ ਦੇ ਕੇ ਉਨ੍ਹਾਂ ਦੇ ਮਕਾਨ ਬਣਾਵਾਂਗੇ ਅਤੇ ਇਸ ਤੇ ਸਾਢੇ ਸੱਤ ਕਰੋੜ ਰੁਪਿਆ ਖਰਚ ਆਵੇਗਾ ।

ਇਹ ਇੰਤਜ਼ਾਮ, ਅੰਦਾਜ਼ਾ ਹੈ ਕਿ, ਤਕਰੀਬਨ 25 ਹਜ਼ਾਰ ਫੈਮਿਲੀਆਂ ਵਾਸਤੇ ਕਰਨਾ ਪਵੇਗਾ ਔਰ ਇਹ ਜਿਹੜਾ ਰੁਪਿਆ ਹੈ ਸਾਰਾ, ਇਸ ਦਾ ਪੱਕਾ ਅੰਦਾਜ਼ਾ ਲਗਾਉਣਾ ਬੜਾ ਔਖਾ ਹੈ ਕਿਉਂਕਿ ਛੋਟੇ ਕਸਬਿਆਂ ਵਿਚ ਮਕਾਨਾਂ ਤੇ ਘੱਟ ਖਰਚ ਆਵੇਗਾ ਅਤੇ ਵੱਡਿਆਂ ਦੇ ਵਿਚ ਜ਼ਿਆਦਾ ਆਵੇਗਾ, ਅਜੇ ਸਕੀਮ ਬਣਾ ਰਹੇ ਹਾਂ । ਇਹ ਸਕੀਮ ਸਾਢੇ ਸੱਤ ਕਰੋੜ ਰੁਪਏ ਦੀ ਹੈ ।

ਸਪੀਕਰ ਸਾਹਿਬ, ਅੱਜ ਹਾਊਸ ਨੂੰ ਖੁਸ਼ੀ ਹੋਵੇਗੀ ਕਿ ਇਸ ਸਕੀਮ ਦੇ ਔਰ ਬਾਕੀ ਇੰਪਰੂਵਮੈਂਟ ਟਰੱਸਟਾਂ ਦੀਆਂ ਸਕੀਮਾਂ ਦੇ ਮੁਤਾਬਿਕ ਸ਼ਹਿਰਾਂ ਵਿਚ ਜਿਹੜੇ ਮਕਾਨ ਬਣ ਰਹੇ ਹਨ, ਉਹ 250 ਵਰਗ ਗਜ਼ ਅਤੇ ਉਸ ਤੋਂ ਘੱਟ ਹੋਣਗੇ, 40% ਉਸ ਤੋਂ ਵੱਧ ਹੋਣਗੇ ਅਤੇ ਇਹ ਵੀ ਸ਼ਰਤ ਲਗਾਈ ਹੈ ਕਿ ਪਲਾਟ ਇਕ ਕਨਾਲ ਤੋਂ ਵੱਧ ਕੋਈ ਨਾ ਹੋਵੇ । ਕਿਉਂਕਿ ਜ਼ਮੀਨ ਥੋੜ੍ਹੀ ਹੈ ਇਸ ਕਰਕੇ ਅਸੀਂ ਲੋਕਾਂ ਨੂੰ ਉਤਸ਼ਾਹ ਦੇ ਰਹੇ ਹਾਂ ਕਿ ਉਹ ਮਲਟੀ-ਸਟੋਰੀਜ਼ ਬਿਲਡਿੰਗਾਂ ਬਣਾਉਣ । ਸਕੂਲਜ਼, ਹਾਸਪਿਟਲਜ਼ ਅਤੇ ਆਪਣੇ ਘਰ ਘੱਟ ਤੋਂ ਘੱਟ 3 ਸਟੋਰੀਜ਼ ਦੇ ਜ਼ਰੂਰ ਹੋਣ ਨਹੀਂ ਤਾਂ ਗੁਜ਼ਾਰਾ ਨਹੀਂ ਹੋਣ ਲੱਗਾ ਅਤੇ ਲੋਕੀਂ ਰਹਿ ਜਾਣਗੇ। ਅਸੀਂ ਇਹ ਕੋਸ਼ਿਸ਼ ਵੀ ਕੀਤੀ ਹੈ ਕਿ ਅਨੁਸੂਚਿਤ ਜਾਤੀਆਂ ਲਈ 15% ਪਲਾਟ ਰਿਜ਼ਰਵ ਕੀਤੇ ਜਾਣ, ਜਿਹੜੀ ਹੁਣ ਸਕੀਮ ਚਲਦੀ ਪਈ ਹੈ, ਉਸ ਦੇ ਮੁਤਾਬਿਕ, ਨਵੀਂ ਸਕੀਮ ਦੇ ਮੁਤਾਬਿਕ ਨਹੀਂ, ਪਛੜੀਆਂ ਸ਼੍ਰੇਣੀਆਂ ਵਾਸਤੇ 3% ਰਖੇ ਸੀ, ਉਹ ਵਧਾ ਕੇ 8% ਕਰ ਦਿਤੇ ਗਏ, ਕਿਉਂਕਿ ਪਛੜੀਆਂ ਸ਼੍ਰੇਣੀਆਂ ਦੀ ਗਿਣਤੀ ਵਧ ਗਈ ਹੈ, ਪੈਦਾਵਾਰ ਕਰਕੇ ਨਹੀਂ ਕੁਝ ਸ਼੍ਰੇਣੀਆਂ ਹੀ ਆ ਗਈਆ ਹਨ ।

ਇਸੇ ਤਰ੍ਹਾਂ ਹੀ ਪੰਜਾਬ ਸਰਕਾਰ ਨੇ ਸਰਕਾਰੀ ਕਰਮਚਾਰੀਆਂ ਨੂੰ 10%, ਫੌਜੀਆਂ ਅਤੇ ਬਾਰਡਰ ਸਿਕਿਓਰਿਟੀ ਫੋਰਸ ਵਾਸਤੇ 8% ਅਤੇ ਫੌਜੀ ਅਤੇ ਬਾਰਡਰ ਸਿਕਿਓਰਿਟੀ ਫੋਰਸ ਦੀਆਂ ਵਿਧਵਾਵਾਂ ਵਾਸਤੇ 2% ਰਖੇ ਹਨ । ਇਹ ਵੀ ਫੈਸਲਾ ਕੀਤਾ ਹੈ ਕਿ 250 ਗਜ਼ ਅਤੇ ਇਸ ਤੋਂ ਛੋਟੇ ਪਲਾਟਾਂ ਦੀ ਕੀਮਤ ਦੀ ਵਸੂਲੀ ਕਿਸ਼ਤਾਂ ਦੇ ਰਾਹੀਂ ਕੀਤੀ ਜਾਵੇਗੀ । ਉਪਰ ਦੇ ਪਲਾਟ, ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ, ਸਰਕਾਰੀ ਕਰਮਚਾਰੀਆਂ, ਫੌਜੀਆਂ ਅੰਤੇ ਬਾਰਡਰ ਸਿਕਿਓਰਿਟੀ ਫੋਰਸ ਲੜਾਈ ਦੇ ਦੌਰਾਨ ਸ਼ਹੀਦ ਹੋਇਆਂ ਦੀਆਂ ਵਿਧਵਾਵਾਂ ਨੂੰ ਛੱਡ ਕੇ, ਦੀ ਕੀਮਤ ਅਦਾ ਕਰਨ ਵਾਸਤੇ ਜੋ ਤਰੀਕਾ ਹੈ, ਉਸ ਦੇ ਵਿਚ ਕੁਝ ਰਿਆਇਤਾਂ ਕਰ ਦਿਤੀਆਂ ਜਾਣਗੀਆਂ ।

ਸਪੀਕਰ ਸਾਹਿਬ, ਜਿਥੇ ਮਕਾਨਾਂ ਲਈ ਪਲਾਟ ਦੇਣੇ ਹਨ, ਉਥੇ ਮਕਾਨਾਂ ਦੀ ਉਸਾਰੀ ਵਾਸਤੇ ਵੀ ਸਕੀਮ ਸਰਕਾਰ ਦੇ ਜ਼ੇਰੇ ਗੌਰ ਹੈ ਕਿ ਉਸਾਰੀ ਵਾਸਤੇ ਅਸੀਂ ਕਿਸ ਤਰ੍ਹਾਂ ਸਹਾਇਤਾ ਕਰ ਸਕਦੇ ਹਾਂ, ਕੋਆਪਰੇਟਿਵ ਸੋਸਾਇਟੀਆਂ ਬਣਾ ਕੇ, ਜ਼ਾਂ ਹੋਰ ਕਰਜ਼ੇ ਦੇ ਕੇ ਹੋਰ ਸੰਸਥਾਵਾਂ ਤੋਂ ਕਰਵਾਈਏ, ਇਹ ਚੀਜ਼ ਜ਼ੇਰੇ ਗੌਰ ਹੈ । ਜਿਹੜਾ ਅਸੀਂ ਪਲਾਟ ਦੇਣ ਦਾ ਫੈਸਲਾ ਕੀਤਾ ਹੈ, ਉਸ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਾਂਗੇ ਔਰ ਮੈਨੂੰ ਆਸ ਹੈ ਕਿ ਸਾਰੇ ਲੋਕ ਸਾਨੂੰ ਇਸ ਦੇ ਵਿਚ ਸਹਾਇਤਾ ਦੇਣਗੇ ।

Original with;
Punjab Vidhan Sabha
Digitized by;
Panjab Digital Library

**ਕੈਪਟਨ ਰਤਨ ਸਿੰਘ :** ਮੈਂ ਇਕ ਇਨਫਰਮੇਸ਼ਨ ਲੈਣਾ ਚਾਹੁੰਦਾ ਹਾਂ ।

**ਸ੍ਰੀ ਸਪੀਕਰ :** ਤੁਸੀਂ ਅਖੀਰ ਦੇ ਵਿਚ ਇਨਫਰਮੇਸ਼ਨ ਲੈ ਲੈਣਾ, ਪਹਿਲਾਂ ਵਾਲਾ ਰਿਵਾਜ ਹਟਾ ਦਿਤਾ ਹੈ, ਤੁਸੀਂ ਅਖੀਰ ਵਿਚ ਪੁੱਛ ਲੈਣਾ ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਮੈਂ ਸਾਰੀਆਂ ਚੀਜ਼ਾਂ ਬਿਆਨ ਨਹੀਂ ਕਰ ਸਕਾਂਗਾ, ਪਰ ਕਿਸਾਨਾਂ, ਮਜ਼ਦੂਰਾਂ, ਵਿਓਪਾਰੀਆਂ, ਸਰਕਾਰੀ ਕਰਮਚਾਰੀਆਂ ਅਤੇ ਵਿਦਿਆਰਥੀਆਂ ਦੀਆਂ ਜਿਹੜੀਆਂ ਸ੍ਰੇਣੀਆਂ ਹਨ ਉਨ੍ਹਾਂ ਦੇ ਸਬੰਧ ਵਿਚ ਉਨ੍ਹਾਂ ਦੇ ਵਿਚ ਰਿਕਸ਼ਾ-ਪੁਲਰ ਹਨ, ਸਵੀਪਰ ਹਨ, ਉਨ੍ਹਾਂ ਦੀ ਬਹਿਬੂਦੀ ਵਾਸਤੇ ਵੀ ਸਰਕਾਰ ਨੇ ਸਕੀਮਾਂ ਬਣਾਈਆਂ ਹੋਈਆਂ ਹਨ ਰਿਕਸ਼ਾ-ਪੁਲਰ ਪੰਜਾਬ ਵਿਚ 30,000 ਹਨ । ਰਿਕਸ਼ਾ-ਚਾਲਕ ਰਿਕਸ਼ਾ-ਮਾਲਿਕ ਦੀ ਸਕੀਮ ਅਸੀਂ ਤਿਆਰ ਕੀਤੀ, ਉਸ ਦੇ ਨਾਲ ਸਾਨੂੰ ਸਫਲਤਾ ਪ੍ਰਾਪਤ ਹੋਈ ਹੈ ਅਤੇ ਸਾਢੇ ਪਚਵੰਜਾ ਸੌ (5,550) ਰਿਕਸ਼ਾ ਚਲਾਉਣ ਵਾਲੇ ਰਿਕਸ਼ਾ ਦੇ ਮਾਲਿਕ ਬਣ ਗਏ । ਸਰਕਾਰ ਉਨ੍ਹਾਂ ਨੂੰ ਕਰਜ਼ੇ ਲੈਕੇ ਦਿੰਦੀ ਹੈ ਅਤੇ ਉਸ ਕਰਜ਼ੇ ਦਾ ਸੂਦ ਸਰਕਾਰ ਆਪਣੇ ਪਾਸੋਂ ਦੇਵੇਗੀ । ਰਿਕਸ਼ਾ ਚਾਲਕ ਨੇ ਉਨਾਂ ਪੈਸਾ ਦੇਣਾ ਹੈ ਜਿੰਨਾਂ ਉਹ ਕਿਰਾਏ ਤੇ ਰਿਕਸ਼ਾ ਲੈਕੇ ਜਮ੍ਹਾਂ ਕਰਦਾ ਹੈ ਅਤੇ 6-7 ਮਹੀਨੇ ਬਾਅਦ ਉਹ ਰਿਕਸ਼ਾ ਦਾ ਮਾਲਿਕ ਬਣ ਜਾਵੇਗਾ ਅਤੇ ਉਸ ਦੇ ਸਿਰ ਕੋਈ ਕਰਜ਼ਾ ਨਹੀਂ ਹੋਵੇਗਾ । ਇਹ ਚੀਜ਼ ਹੀ ਜ਼ੇਰੇ ਗੌਰ ਹੈ ਹੀ ਨਹੀਂ ਬਲਕਿ ਇਸ ਤੇ ਅਮਲ ਵੀ ਸ਼ੁਰੂ ਕਰ ਦਿਤਾ ਹੈ ਕਿ ਰਿਕਸ਼ਾ ਇਨਸਾਨੀ ਪੈਰਾਂ ਨਾਲ ਨਾ ਚਲਾਈ ਜਾਵੇ ਅਤੇ ਉਸ ਦੇ ਵਾਸਤੇ ਇਕ ਛੋਟੀ ਮਸ਼ੀਨ ਤਿਆਰ ਕਰਵਾਈ ਹੈ (ਥੰਪਿੰਗ), ਉਸ ਤੇ ਤਕਰੀਬਨ 2,500 ਰੁਪਿਆ ਖਰਚ ਆਵੇਗਾ, ਥੋੜ੍ਹਾ ਘੱਟ ਆਵੇ ਜਾਂ ਵੱਧ ਆਵੇ, ਉਹ ਮਸ਼ੀਨ ਰਿਕਸ਼ਾ ਦੇ ਨਾਲ ਲਗਾਈ ਜਾਵੇਗੀ ਅਤੇ ਉਸ ਪੈਸੇ ਦੇ ਉਤੇ ਜੋ ਵਿਆਜ ਪਵੇਗਾ ਸਰਕਾਰ ਉਹ ਆਪ ਦੇ ਕੋਲੋਂ ਦੇਵੇਗੀ, ਰਿਕਸ਼ਾ ਵਾਲਾ ਨਹੀਂ ਦੇਵੇਗਾ । ਸਪੀਕਰ ਸਾਹਿਬ, ਇਹ ਸਕੀਮ ਵੀ ਜ਼ੇਰੇ ਗੌਰ ਹੈ ਕਿ ਹਰ ਰਿਕਸ਼ਾ ਚਾਲਕ ਦੇ ਕੋਲ ਇਕ ਛੋਟਾ ਜਿਹਾ ਟਰਾਂਜ਼ਿਸਟਰ ਲੱਗਾ ਹੋਵੇ, ਸਿਰਫ ਗਾਣੇ ਸੁਣਨ ਵਾਸਤੇ ਨਹੀਂ ਬਲਕਿ ਗਾਣੇ ਵੀ ਸੁਣੇ, ਖਬਰਾਂ ਵੀ ਸੁਣੇ ਅਤੇ ਹੋਰ ਖਿਆਲਾਤ ਵੀ ਸੁਣੇ ਅਤੇ ਆਪਣੀ ਨਾਲਜ ਵਿਚ ਵਾਧਾ ਕਰੇ । ਇਸ ਦੇ ਵਿਚ ਕੁਝ ਹਿੱਸਾ ਪੰਜਾਬ ਸਰਕਾਰ, ਕੁਝ ਹਿੱਸਾ ਮਿਉਂਸਪਲ ਕਮੇਟੀ ਅਤੇ ਕੁਝ ਹਿੱਸਾ ਰਿਕਸ਼ਾ ਦਾ ਮਾਲਿਕ ਪਾਵੇਗਾ । ਇਸ ਦੇ ਲਈ ਮਹਿਕਮੇ ਦੇ ਅਫਸਰਾਨ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਕਿਸੇ ਫਰਮ ਨਾਲ ਗਲਬਾਤ ਕਰਨ ਤਾਂ ਜੋ 30,000 ਟਰਾਂਜ਼ਿਸਟਰ ਲੈਕੇ ਰਿਕਸ਼ਾ ਚਾਲਕਾਂ ਨੂੰ ਦਿਤੇ ਜਾਣ ।

ਸਪੀਕਰ ਸਾਹਿਬ, ਪੰਜਾਬ ਦੇ ਵਿਦਿਆਰਥੀ, ਬੜੇ ਡਸਿਪਲਿਨ ਔਰ ਜ਼ਾਬਤੇ ਵਿਚ ਤੇ ਦੂਰਅੰਦੇਸ਼ੀ ਨਾਲ ਆਪਣੀ ਪੜ੍ਹਾਈ ਵਿਚ ਲੱਗੇ ਹੋਏ ਹਨ । ਇਸ ਲਈ ਮੈਂ ਵਿਦਿਆਰਥੀਆਂ ਦੀ ਵੀ ਪਰਸ਼ੰਸਾ ਕਰਨਾ ਚਾਹੁੰਦਾ ਹਾਂ ਅਤੇ ਟੀਚਰਜ਼ ਦੀ ਵੀ ਪਰਸ਼ੰਸਾ ਕਰਦਾ ਹਾਂ ਕਿ ਉਨ੍ਹਾਂ ਨੇ ਤਾਮੀਰੀ ਕੰਮਾਂ ਵਲ ਪੂਰਾ ਪੂਰਾ ਧਿਆਨ ਦਿਤਾ ਹੈ ਔਰ ਇਹੀ ਕਾਰਨ ਹੈ ਕਿ ਬਗੈਰ ਕਿਸੇ ਐਜੀਟੇਸ਼ਨ ਦੇ, ਬਗੈਰ ਕਿਸੇ ਹੜਤਾਲ ਦੇ, ਬਗੈਰ ਕਿਸੇ ਝਗੜੇ ਦੇ ਸਰਕਾਰ ਨੇ ਉਨ੍ਹਾਂ ਦੀ ਹਰ ਤਕਲੀਫ ਨੂੰ ਵੇਖਿਆ ਅਤੇ ਦੂਰ ਕਰਨ ਦੀ ਕੋਸ਼ਿਸ਼ ਕੀਤੀ । ਜਿਸ ਤਕਲੀਫ ਦਾ ਸਾਨੂੰ ਪਤਾ ਨਹੀਂ ਉਸ ਬਾਰੇ ਉਨ੍ਹਾਂ ਨੂੰ ਪੁੱਛ ਕੇ ਅਸੀਂ ਹੱਲ ਕਰਨ ਦੀ ਕੋਸ਼ਿਸ਼ ਕਰਾਂਗੇ । ਪੰਜਾਬ ਸਰਕਾਰ ਨੂੰ ਇਸ ਗੱਲ ਤੇ ਮਾਨ ਹੈ ਕਿ ਵਿਦਿਆਰਥੀਆਂ ਲਈ, ਉਨ੍ਹਾਂ ਦੀਆਂ ਜ਼ਰੂਰੀ ਵਸਤੂਆਂ ਲਈ, ਉਨ੍ਹਾਂ ਨੂੰ ਕੰਟਰੋਲ ਦੀ ਕੀਮਤ ਤੇ, ਕੰਟਰੋਲ ਦੇ ਭਾਅ ਤੇ ਦੇਣ ਦਾ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਯਤਨ ਕੀਤਾ ਹੈ। ਰਾਸ਼ਨ ਕਾਰਡਾਂ ਤੋਂ ਇਲਾਵਾ ਡੇਢ ਗੁਣਾ ਖੰਡ ਹੋਰ ਉਨ੍ਹਾਂ ਨੂੰ ਦਿਤੀ ਜਾਂਦੀ ਹੈ ਔਰ ਲਿਖਣ ਲਈ ਜੋ ਐਕਸਰਸਾਈਜ਼ ਬੁਕਸ ਹਨ, ਉਨ੍ਹਾਂ ਦੇ ਲਈ ਵੀ ਸਸਤੀ ਸਪਲਾਈ ਕਰਵਾਈ ਹੈ, ਜਿਸ ਦੇ ਨਾਲ 3 ਗੁਣਾ ਘੱਟ ਕੀਮਤ ਤੇ ਉਨ੍ਹਾਂ ਨੂੰ ਮਿਲੇ ਅਤੇ ਜਿਹੜਾ ਕਾਗਜ਼ ਐਕਸਰਸਾਈਜ਼ ਬੁਕਸ ਦਾ ਹੈ, ਉਹ ਬਹੁਤ ਸੋਹਣਾ ਹੈ ਅਤੇ ਉਸ ਦੀ ਗੈਟ-ਅਪ ਅੱਛੀ ਹੈ।

ਸਰਕਾਰ ਨੇ ਫੈਸਲਾ ਕੀਤਾ ਹੈ ਕਿ 5 ਕਿਲੋਮੀਟਰ ਤਕ ਫਾਸਲਾ ਜਿਹੜਾ ਹੈ ਜਿਥੇ ਵਿਦਿਆਰਥੀ ਆਵੇਗਾ ਅਤੇ ਜਾਵੇਗਾ, ਉਸ ਦੇ ਇਕ ਮਹੀਨੇ ਵਿਚ ਕੁਲ 2.55 ਰੁਪਏ ਖਰਚ ਹੋਣਗੇ। (ਥੰਪਿੰਗ)। 60 ਕਿਲੋਮੀਟਰ ਤਕ ਦੇ ਫਾਸਲੇ ਵਾਸਤੇ ਉਨ੍ਹਾਂ ਦੇ 12.45 ਰੁਪਏ ਮਹੀਨਾ ਖਰਚ ਹੋਣਗੇ। ਇਹ ਰਿਆਇਤਾਂ ਬੱਸਾਂ ਵਿਚ ਵਿਦਿਆਰਥੀਆਂ ਨੂੰ ਆਉਣ ਜਾਣ ਵਾਸਤੇ ਦਿਤੀਆਂ ਹਨ ਔਰ ਇਹ ਵੀ ਫੈਸਲਾ ਕੀਤਾ ਹੈ, ਸਪੀਕਰ ਸਾਹਿਬ, ਕਿ ਕੋਈ ਗਰੀਬ ਦਾ ਬੱਚਾ ਜੋ ਬਹੁਤ ਯੋਗਤਾ ਰੱਖਦਾ ਹੈ, ਕਾਬਲੀਅਤ ਰੱਖਦਾ ਹੈ ਔਰ ਫਸਟ ਕਲਾਸ ਲੈ ਜਾਂਦਾ ਹੈ ਤੇ ਉਸ ਦੇ ਸਾਮ੍ਹਣੇ ਗਰੀਬੀ ਰੁਕਾਵਟ ਖੜ੍ਹੀ ਕਰਦੀ ਹੈ, ਉੱਚੀ ਵਿਦਿਆ ਪ੍ਰਾਪਤ ਕਰਨ ਵਾਸਤੇ ਤਾਂ ਹੁਣ ਅਸੀਂ ਉਸ ਦੇ ਸਾਮ੍ਹਣੇ ਗਰੀਬੀ ਦੀ ਰੁਕਾਵਟ ਨਹੀਂ ਰਹਿਣ ਦੇਵਾਂਗੇ ਅਤੇ ਉਸ ਨੂੰ ਵਜ਼ੀਫਾ ਦੇ ਕੇ ਪੜ੍ਹਾਵਾਂਗੇ (ਥੰਪਿੰਗ) ਇਸ ਦੇ ਲਈ ਵਾਜ਼ਿਆ ਤੌਰ ਤੇ ਸਰਕਾਰ ਨੇ ਸਕੀਮ ਤਿਆਰ ਕੀਤੀ ਹੈ ਤਾਂ ਜੋ ਗਰੀਬ ਕਾਬਲ ਬੱਚਾ ਅਗੇ ਵਿਦਿਆ ਪ੍ਰਾਪਤ ਕਰ ਸਕੇ।

ਸਪੀਕਰ ਸਾਹਿਬ, ਅਸੀਂ ਇਸ ਗੱਲ ਤੇ ਵੀ ਵਿਚਾਰ ਕੀਤਾ ਹੈ ਅਤੇ ਸਕੀਮ ਤਿਆਰ ਹੋ ਰਹੀ ਹੈ ਜਿਸ ਨਾਲ ਸਕੂਲਾਂ ਵਿਚ ਵੀ ਅਤੇ ਕਾਲਜਾਂ ਦੇ ਲੈਵਲ ਤੇ ਵੀ ਫਿਜ਼ੀਕਲ ਐਜੂਕੇਸ਼ਨ ਨੂੰ ਲਾਜ਼ਮੀ ਕਰ ਦਿਤਾ ਜਾਵੇਗਾ।

ਸਪੀਕਰ ਸਾਹਿਬ, ਇਕ ਬੁਕ ਬੈਂਕ ਬਣਾਇਆ ਜਾ ਰਿਹਾ ਹੈ। ਇਸ ਬੁਕ ਬੈਂਕ ਤੇ ਲੱਖਾਂ ਰੁਪਿਆ ਖਰਚ ਹੋਵੇਗਾ ਮਗਰ ਗ਼ਰੀਬ ਵਿਦਿਆਰਥੀ ਜਿਹੜੇ ਹਨ ਉਹ ਇਸ ਬੈਂਕ ਤੋਂ ਪੁਸਤਕਾਂ ਲੈ ਲਿਆ ਕਰਨਗੇ ਔਰ ਆਪਣੀ ਪੜ੍ਹਾਈ ਦੀ ਸਮਾਪਤੀ ਤੋਂ ਬਾਅਦ ਇਹ ਪੁਸਤਕਾਂ ਵਾਪਿਸ ਜਮ੍ਹਾਂ ਕਰਵਾ ਦੇਣਗੇ।

ਸਪੀਕਰ ਸਾਹਿਬ, ਹਰ ਛੋਟੀ ਮੋਟੀ ਗੱਲ ਤੇ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀ ਸਹੂਲਤ ਦੇਕੇ ਉਨ੍ਹਾਂ ਵਿਚ ਡਿਸਪਿਲਨ ਪੈਦਾ ਕਰ ਰਹੇ ਹਾਂ। ਉਨ੍ਹਾਂ ਦੇ ਸਿਖਿਆ ਦੇ ਸਾਧਨਾਂ ਨੂੰ ਪੂਰਾ ਕਰਨ ਲਈ ਅਸੀਂ ਪੂਰਾ ਧਿਆਨ ਦੇ ਰਹੇ ਹਾਂ। ਖੇਡਾਂ ਦੇ ਮੈਦਾਨ ਵਿਚ ਵੀ ਪੰਜਾਬ ਨੇ ਬਹੁਤ ਉਚਾ ਸਥਾਨ ਪ੍ਰਾਪਤ ਕੀਤਾ ਹੈ। ਅਸੀਂ ਪਿਛੇ ਸੰਸਾਰ ਦੀ ਖੇਡਾਂ ਵਿਚ ਜਿੱਤ ਪ੍ਰਾਪਤ ਕੀਤੀ ਉਸ ਵਿਚ ਪੰਜਾਬ ਨੂੰ ਜੋ ਪ੍ਰਸ਼ੰਸਾ ਮਿਲੀ ਔਰ ਉਸ ਪ੍ਰਸ਼ੰਸਾਂ ਦੇ ਨਾਲ ਹੋਰ ਜ਼ਿਆਦਾ ਹੌਂਸਲਾ ਵਧਿਆ ਔਰ ਅਸੀਂ ਇਸ ਲਈ ਹੁਣ ਹਰ ਜ਼ਿਲ੍ਹੇ ਵਿਚ ਖਿਲਾੜੀ ਯੁਵਕ ਕੇਂਦਰ ਕਾਇਮ ਕਰ ਰਹੇ ਹਾਂ, ਇਕ ਸਟੇਡੀਅਮ ਵੀ ਹੋਵੇਗਾ, ਸਵਿਮਿੰਗ-ਪੂਲ ਹੋਵੇਗਾ ਅਤੇ ਹਰ ਤਰ੍ਹਾਂ ਦਾ ਖੇਡਾਂ ਦਾ ਹੋਰ ਸਮਾਨ ਵੀ ਹੋਵੇਗਾ ਅਤੇ ਇਸ ਲਈ ਇਕ ਮੁਨਾਸਬ ਸੈਂਟਰ ਬਣਾਇਆ ਜਾਵੇਗਾ।

ਸਪੀਕਰ ਸਾਹਿਬ, ਹੁਣ ਮੈਂ ਸਿਖਿਆ ਦੇ ਬਾਰੇ ਵੀ ਕੁਝ ਦੱਸ ਦੇਵਾਂ। ਸਿਖਿਆ ਦੇ ਮੈਦਾਨ ਵਿਚ 1972 ਵਿਚ ਕੁਲ ਬੱਚੇ ਜੋ ਸਿਖਿਆ ਪ੍ਰਾਪਤ ਕਰਦੇ ਸਨ ਉਹ 31.36 ਲੱਖ

Original with;
Punjab Vidhan Sabha
Digitized by;
Panjab Digital Library

ਸੀ ਪਰ ਹੁਣ 1975-76 ਵਿਚ ਇਹ 57.77 ਲੱਖ ਹੋ ਗਏ ਹਨ। ਅਤੇ ਅਗਲੇ ਸਾਲ ਵਿਚ ਇਹ ਆਸ ਕੀਤੀ ਜਾਂਦੀ ਹੈ ਕਿ ਇਸ ਵਿਚ ਹੋਰ ਵੀ ਵਾਧਾ ਹੋਵੇਗਾ। 1972 ਵਿਚ 7,054 ਸਰਕਾਰੀ ਪ੍ਰਾਇਮਰੀ ਸਕੂਲ ਹੁੰਦੇ ਸਨ ਜਦੋਂ ਕਿ ਹੁਣ 1975-76 ਵਿਚ 9,321 ਹੋ ਗਏ ਹਨ। ਇਸੇ ਤਰ੍ਹਾਂ 1975-76 ਵਿਚ 500 ਹੋਰ ਪ੍ਰਾਇਮਰੀ ਸਕੂਲ ਖੋਲ੍ਹਣ ਦਾ ਵੀ ਫੈਸਲਾ ਕੀਤਾ ਹੈ। (ਤਾੜੀਆਂ) 1972 ਵਿਚ ਮਿਡਲ ਸਕੂਲਾਂ ਦੀ ਗਿਣਤੀ 954 ਸੀ ਅਤੇ ਹੁਣ ਇਹ ਗਿਣਤੀ 1,462 ਹੋ ਗਈ ਹੈ ਅਤੇ ਅਗਲੇ ਸਾਲ 200 ਹੋਰ ਸਰਕਾਰੀ ਮਿਡਲ ਸਕੂਲ ਖੋਲ੍ਹਣੇ ਹਨ। ਇਸੇ ਤਰ੍ਹਾਂ 1972 ਵਿਚ 755 ਸਰਕਾਰੀ ਹਾਈ ਸਕੂਲ ਸਨ ਪਰ ਹੁਣ ਇਨ੍ਹਾਂ ਦੀ ਗਿਣਤੀ 995 ਹੋ ਗਈ ਹੈ ਔਰ 100 ਹੋਰ ਨਵੇਂ ਸਕੂਲ ਅਗਲੇ ਸਾਲ ਖੋਲ੍ਹੇ ਜਾਣੇ ਹਨ।

1972 ਵਿਚ ਸਰਕਾਰੀ ਅਧਿਆਪਕਾਂ ਦੀ ਗਿਣਤੀ ਇਸ ਰਾਜ ਵਿਚ 54 ਹਜ਼ਾਰ 46 ਸੌ ਸੀ ਜਦੋਂ ਕਿ ਹੁਣ ਇਹ ਗਿਣਤੀ 1975-76 ਵਿਚ 76 ਹਜ਼ਾਰ 985 ਹੋ ਗਈ ਹੈ। ਇਸ ਸਾਲ ਇਸ ਗਿਣਤੀ ਵਿਚ 2,100 ਹੋਰ ਅਧਿਆਪਕ ਲਏ ਜਾਣਗੇ।

6 ਸਾਲ ਤੋਂ ਲੈਕੇ 11 ਸਾਲ ਤਕ ਦੀ ਉਮਰ ਦੇ ਬੱਚਿਆਂ ਦੀ ਗਿਣਤੀ 1972 ਵਿਚ 17 ਲੱਖ 20 ਹਜ਼ਾਰ ਸੀ ਜੋ ਕਿ 1975 ਵਿਚ 20 ਲੱਖ 86 ਹਜ਼ਾਰ ਹੋ ਗਈ ਹੈ (ਤਾੜੀਆਂ) ਅਤੇ ਅਗਲੇ ਸਾਲ ਇਸ ਉਮਰ ਦੇ ਬੱਚਿਆਂ ਦੀ ਗਿਣਤੀ ਵਿਚ 1 ਲੱਖ 20 ਹਜ਼ਾਰ ਹੋਰ ਵਾਧਾ ਕਰਨ ਦੀ ਤਜਵੀਜ਼ ਕੀਤੀ ਗਈ ਹੈ ਜਿਹੜੇ ਕਿ ਸਿਖਿਆ ਪ੍ਰਾਪਤ ਕਰਨਗੇ।

ਸਪੀਕਰ ਸਾਹਿਬ, ਇਸ ਉਮਰ ਦੀਆਂ ਲੜਕੀਆਂ ਦੀ ਗਿਣਤੀ ਜੋ ਕਿ ਬਹੁਤ ਪਿੱਛੇ ਰਹੀ ਹੈ ਹੁਣ ਇਸ ਵਿਚ ਵੀ ਵਾਧਾ ਕੀਤਾ ਗਿਆ ਹੈ। 1972 ਵਿਚ ਕੇਵਲ 7 ਲੱਖ 26 ਹਜ਼ਾਰ ਲੜਕੀਆਂ ਸਕੂਲ ਜਾਂਦੀਆਂ ਸੀ ਪਰ ਹੁਣ ਇਹ ਗਿਣਤੀ 9 ਲੱਖ 11 ਹਜ਼ਾਰ ਹੋ ਗਈ ਹੈ ਜਿਹੜੀਆਂ ਕਿ ਸਕੂਲ ਵਿਚ ਪੜ੍ਹਨ ਜਾਂਦੀਆਂ ਹਨ। ਲੜਕੀਆਂ ਦੀ ਵਿਦਿਆ ਵਿਚ ਲਗਭਗ 85.4% ਦਾ ਵਾਧਾ ਹੋਇਆ ਹੈ। ਇਸੇ ਤਰ੍ਹਾਂ ਪਛੜੀਆਂ ਸ਼੍ਰੇਣੀਆਂ ਦੇ ਬੱਚੇ ਵੀ ਜੋ ਕਿ ਇਸ ਉਮਰ ਵਿਚ ਸਕੂਲ ਜਾਂਦੇ ਹਨ ਉਨ੍ਹਾਂ ਦੀ ਗਿਣਤੀ 1972 ਵਿਚ 3 ਲੱਖ 75 ਹਜ਼ਾਰ ਸੀ ਪਰ ਹੁਣ ਇਨ੍ਹਾਂ ਦੀ ਗਿਣਤੀ 4 ਲੱਖ 91 ਹਜ਼ਾਰ ਹੋ ਗਈ ਹੈ ਜਿਹੜੇ ਕਿ ਸਕੂਲਾਂ ਵਿਚ ਜਾਂਦੇ ਹਨ। ਇਨ੍ਹਾਂ ਦੀ ਗਿਣਤੀ ਵਿਚ ਵੀ 30 ਫੀ ਸਦੀ ਤੋਂ ਉਪਰ ਵਾਧਾ ਹੋਇਆ ਹੈ।

ਸਪੀਕਰ ਸਾਹਿਬ ਜਿਥੇ ਮੈਂ ਵਿਦਿਆਰਥੀਆਂ ਦਾ ਜ਼ਿਕਰ ਕੀਤਾ ਹੈ ਉਥੇ ਯੂਥ ਵੈਲਫੇਅਰ ਡਿਪਾਰਟਮੈਂਟ ਨੇ ਸਫ਼ਲਤਾਪੂਰਵਕ 3 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਖੇਤੀ ਸਹਾਇਕ ਸੈਨਾ ਵਿਚ ਸ਼ਾਮਲ ਕੀਤਾ ਹੈ। ਤੁਹਾਨੂੰ ਇਹ ਸੁਣ ਕੇ ਖੁਸ਼ੀ ਹੋਵੇਗੀ ਕਿ ਇਸ ਨਾਲ ਨੌਜਵਾਨਾਂ ਨੇ ਡਿਸਿਪਲਿਨ ਵਿਚ ਰਹਿੰਦੇ ਹੋਏ ਲੋਕਾਂ ਦੀ ਬਹੁਤ ਸਹਾਇਤਾ ਕੀਤੀ ਹੈ। ਉਨ੍ਹਾਂ ਨੇ ਫਸਲਾਂ ਦਾ ਨੁਕਸਾਨ ਕਰਨ ਵਾਲੇ ਚੂਹੇ ਆਦਿ ਮਾਰਨ, ਝੋਨਾ ਕੱਟਣ, ਰੁੱਖ ਲਾਉਣ ਆਦਿ ਕਈ ਕੰਮਾਂ ਵਿਚ ਹਿੱਸਾ ਲਿਆ ਹੈ। ਇਸ ਦੇ ਇਲਾਵਾ ਇਨ੍ਹਾਂ ਨੇ ਪਿੰਡਾਂ ਦੀ ਸਫਾਈ ਕਰਨ ਵਿਚ, ਪਿੰਡਾਂ ਦੀਆਂ ਗਲੀਆਂ ਦੀ ਸਫਾਈ ਕਰਨ ਵਿਚ ਅਤੇ ਇਹੋ ਜਹੇ ਹੋਰ ਕੰਮਾਂ ਵਿਚ ਵੋਲੰਟੇਰੀਲੀ ਜਾ ਕੇ ਸੇਵਾ ਕੀਤੀ ਹੈ ਔਰ ਇਸ ਤਰ੍ਹਾਂ ਅੱਜ ਨੌਜਵਾਨਾਂ ਦਾ ਰੁਝਾਨ ਇਸ ਤਰਫ ਹੋਇਆ ਹੈ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਸਪੀਕਰ ਸਾਹਿਬ ਮੈਂ ਜ਼ਿਆਦਾ ਵਿਸਤਾਰ ਵਿਚ ਨਹੀਂ ਜਾਣਾ ਚਾਹੁੰਦਾ ਮੈਟੀਰੀਅਲ ਤਾਂ ਬਹੁਤ ਹੈ ਪਰ ਤੁਹਾਨੂੰ ਪਤਾ ਹੈ ਕਿ ਆਨਰੇਬਲ ਮੈਂਬਰਾਂ ਨੇ ਜਿਥੇ ਮਿਲਵਰਤਨ ਕੀਤਾ ਹੈ, ਸ਼ਲਾਘਾ ਕੀਤੀ ਹੈ ਉਥੇ ਇਸ ਗੱਲ ਦੀ ਘਾਟ ਰਹੇਗੀ ਜੇਕਰ ਮੈਂ ਹੁਣ ਐਸੀ ਗੱਲ ਨਾ ਕਹਾਂ ਜਿਹੜੀ ਕਿ ਸ਼ਰੋਤਿਆਂ ਨੂੰ ਆਨਰੇਬਲ ਮੈਂਬਰਾਂ ਨੂੰ ਬਹੁਤ ਇੰਟਰੈਸਟਿੰਗ ਲਗੇ। ਇਸ ਕਰਕੇ ਮੈਂ ਇਨਾਂ ਕਹਿ ਕੇ ਸਮਾਪਤ ਕਰਾਂਗਾ ਕਿ ਜਿਹੜੇ ਸੁਝਾਵ ਸਾਨੂੰ ਆਨਰੇਬਲ ਮੈਂਬਰਾਂ ਨੇ ਦਿੱਤੇ ਹਨ ਉਨ੍ਹਾਂ ਸੁਝਾਵਾਂ ਤੇ ਸਰਕਾਰ ਪੂਰਾ ਗੌਰ ਕਰੇਗੀ। (ਤਾੜੀਆਂ) ਮੈਂ ਸਾਰੇ ਮੈਂਬਰਾਂ ਦਾ ਆਪਣੇ ਦਿਲ ਤੋਂ ਸ਼ੁਕਰੀਆ ਅਦਾ ਕਰਦਾ ਹਾਂ ਅਤੇ ਤੁਹਾਡਾ ਵੀ ਧੰਨਵਾਦ ਕਰਦਾ ਹਾਂ।

**ਕਾਮਰੇਡ ਸੱਤ ਪਾਲ ਡਾਂਗ** : ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ।

**ਸ੍ਰੀ ਸਪੀਕਰ** : ਪਹਿਲੇ ਕੈਪਟਨ ਸਾਹਿਬ ਨੂੰ ਇਨਫਰਮੇਸ਼ਨ ਲੈਣ ਦਿਉ।

**ਕੈਪਟਨ ਰਤਨ ਸਿੰਘ** : ਸਪੀਕਰ ਸਾਹਿਬ, ਮੈਂ ਉਸ ਵੇਲੇ ਪੁਆਇੰਟ ਆਫ ਇਨਫਰ-ਮੇਸ਼ਨ ਲੈਣ ਲਈ ਉਠਿਆ ਸੀ। ਮੇਰਾ ਕੋਈ ਇਰਾਦਾ ਇੰਟਰਪਟ ਕਰਨ ਦਾ ਨਹੀਂ ਸੀ ਮੈਂ ਤਾਂ ਕਿਸੇ ਚੀਜ਼ ਵਲ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਸੀ ਅਤੇ ਇਕ ਮਸਲੇ ਤੇ ਕਲੈਰੀਫਿਕੇਸ਼ਨ ਚਾਹੁੰਦਾ ਸੀ ਪਰ ਤੁਸੀਂ ਉਸ ਨੂੰ ਕਿਸੇ ਹੋਰ ਲਾਈਟ ਵਿਚ ਲਿਆ। ਇਸ ਲਈ ਮੈਂ ਹੁਣ ਨਹੀਂ ਪੁਛਦਾ।

**ਕਾਮਰੇਡ ਸੱਤ ਪਾਲ ਡਾਂਗ** : ਮੈਂ ਚੀਫ ਮਨਿਸਟਰ ਸਾਹਿਬ ਤੋਂ ਇਹ ਇਨਫਰਮੇਸ਼ਨ ਲੈਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਨੇ ਮਕਾਨਾਂ ਬਾਰੇ ਇਕ ਨਵੀਂ ਸਕੀਮ ਲਾਗੂ ਕੀਤੀ ਹੈ, ਉਸ ਵਿਚ ਜਿਹੜੇ ਗਰੀਬ ਲੋਕ ਹਨ ਜਿਨ੍ਹਾਂ ਨੂੰ ਕਿ 25 ਹਜ਼ਾਰ ਮਕਾਨ ਬਣਾ ਕੇ ਦੇਣੇ ਹਨ, ਮੈਂ ਪੁੱਛਦਾ ਹਾਂ ਕਿ ਉਨ੍ਹਾਂ ਤੇ ਜਿਹੜੀ ਲਾਗਤ ਆਏਗੀ, ਉਸ ਵਿਚ ਕੋਈ ਸਰਕਾਰ ਵਲੋਂ ਵੀ ਸਾਰਾ, ਅੱਧਾ ਜਾਂ ਚੌਥਾ ਹਿੱਸਾ ਅਲਾਟਮੈਂਟ ਸਬਸਿਡੀ ਹੋਵੇਗੀ ਜਾਂ ਸਾਰੀ ਕੀਮਤ ਉਸ ਨੂੰ ਆਪ ਦੇਣੀ ਪਵੇਗੀ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਜਿਥੋਂ ਤਕ ਮੇਰੀ ਯਾਦਾਸ਼ਤ ਕੰਮ ਕਰਦੀ ਹੈ, ਮੈਂ ਇਹ ਕਿਹਾ ਸੀ ਕਿ ਪਲਾਟਾਂ ਤੇ ਮਕਾਨ ਪਾਉਣ ਦੀ ਉਸਾਰੀ ਵੇਲੇ ਵੀ ਸਰਕਾਰ ਗੌਰ ਕਰ ਰਹੀ ਹੈ ਕਿ ਕਿਸ ਤਰ੍ਹਾਂ ਨਾਲ ਸਹਾਇਤਾ ਦਿੱਤੀ ਜਾਵੇ ਇਹ ਤਾਂ ਖਜ਼ਾਨੇ ਤੇ ਨਿਰਭਰ ਕਰਦਾ ਹੈ। ਅਸੀਂ ਆਸ ਕਰਦੇ ਹਾਂ ਕਿ ਸਾਨੂੰ ਡਾਂਗ ਸਾਹਿਬ ਕੋਆਪਰੇਸ਼ਨ ਦੇਣਗੇ।

ਕੈਪਟਨ ਰਤਨ ਸਿੰਘ ਜੀ ਨੇ ਜੇਕਰ ਕੁਝ ਕਹਿਣਾ ਸੀ ਤਾਂ ਕਹਿ ਲੈਣਾ ਚਾਹੀਦਾ ਹੈ ਕਿਉਂਕਿ ਟਾਈਮ ਅਜੇ ਹੈ।

**ਕੈਪਟਨ ਰਤਨ ਸਿੰਘ** : ਸਪੀਕਰ ਸਾਹਿਬ, ਮੈਂ ਸਰਕਾਰ ਤੋਂ ਏਨੀ ਹੀ ਇਨਫਰਮੇਸ਼ਨ ਲੈਣੀ ਚਾਹੁੰਦਾ ਸੀ ਕਿ ਸ਼ਹਿਰਾਂ ਦੇ ਵਿਚ ਜਿਸ ਤਰ੍ਹਾਂ ਕਿ ਲੁਧਿਆਣੇ ਵਿਚ ਬਹੁਤੀ ਸਾਰੀ ਜਿਹੜੀ ਲੇਬਰ ਹੈ, ਉਹ ਪੰਜਾਬ ਤੋਂ ਬਾਹਰੋਂ ਆਉਂਦੀ ਹੈ। ਜਿਸ ਵਕਤ ਪਲਾਟ ਦਿਤੇ ਜਾਣਗੇ ਤਾਂ ਕੀ ਸਰਕਾਰ ਜਿਨ੍ਹਾਂ ਲੋਕਾਂ ਨੇ ਬਾਹਰੋਂ ਆ ਕੇ ਪੰਜਾਬ ਨੂੰ ਆਪਣਾ ਘਰ ਬਣਾਇਆ ਹੈ, ਉਨ੍ਹਾਂ ਨੂੰ ਵੀ ਉਸੇ ਹਿਸਾਬ ਨਾਲ ਹੀ ਪਲਾਟ ਦੇਵੇਗੀ ਜਾਂ ਪੰਜਾਬ ਦੇ ਜਿਹੜੇ ਬੇਘਰੇ ਹਨ, ਸਿਰਫ ਉਨ੍ਹਾਂ ਨੂੰ ਦੇਵੇਗੀ ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ :** ਸਪੀਕਰ ਸਾਹਿਬ, ਸੱਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਇਸ ਦਾ ਡੈਫੀਨੇਟ ਐਲਾਨ ਨਹੀਂ ਕਰਨਾ ਚਾਹੀਦਾ, ਕਿਉਂਕਿ ਹਾਊਸ ਵਿਚ ਕਮਿੱਟਮੈਂਟ ਹੁੰਦੀ ਹੈ। ਕਮਿੱਟਮੈਂਟ ਏਨੀ ਹੈ ਕਿ ਬੇਘਰਿਆਂ ਨੂੰ ਮਕਾਨਾਂ ਵਾਸਤੇ ਜਗ੍ਹਾ ਦਿੱਤੀ ਜਾਵੇਗੀ ਲੇਕਿਨ ਜਿਹੜੇ ਪੰਜਾਬੀ ਨਹੀਂ ਪੰਜਾਬ ਦੇ ਵਿਚ ਆਕੇ ਕੰਮ ਕਰਦੇ ਹਨ, ਜੇਕਰ ਉਨ੍ਹਾਂ ਦਾ ਪਹਿਲਾਂ ਕੋਈ ਮਕਾਨ ਨਾ ਹੋਵੇ ਔਰ ਉਨ੍ਹਾਂ ਪੰਜਾਬ ਵਿਚ ਵਸਣ ਦਾ ਫ਼ੈਸਲਾ ਕਰ ਲਿਆ ਹੋਵੇ ਕਿ ਇਥੇ ਹੀ ਰਹਿਣਾ ਹੈ ਤਾਂ ਉਨ੍ਹਾਂ ਨੂੰ ਵੀ ਪਲਾਟ ਦੇਵਾਂਗੇ (ਥੰਪਿੰਗ)

ਲੇਕਿਨ ਮੈਂ ਇਹ ਗੱਲ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਪੰਜਾਬ ਨੇ ਕਦੇ ਕਿਸੇ ਕਿਸਮ ਦੀ ਸ਼ਰਤ ਨਹੀਂ ਲਾਈ। ਸਨ ਆਫ ਦੀ ਸਾਇਲ ਦੀ ਜਿਹੜੀ ਵੀ ਆਵਾਜ਼ ਉਠੀ ਹੈ ਅਸੀਂ ਹਮੇਸ਼ਾਂ ਉਸ ਦੀ ਮੁਖ਼ਾਲਫਤ ਕੀਤੀ ਹੈ। (ਥੰਪਿੰਗ) ਮੈਂ ਚਾਹਵਾਂਗਾ ਕਿ ਏਹੋ ਗੱਲ ਬਾਕੀ ਹਿੰਦੁਸਤਾਨ ਦੇ ਪ੍ਰਾਂਤ ਵੀ ਕਰਨਗੇ ਲੇਕਿਨ ਜੋ ਪੰਜਾਬ ਵਿਚ ਹੋਵੇ ਔਰ ਉਸ ਦਾ ਮਕਾਨ ਹੋਰ ਥਾਂ ਹੋਵੇ। ਉਥੇ ਉਸ ਨੇ ਕਰਾਏ ਤੇ ਦਿੱਤਾ ਹੋਵੇ ਔਰ ਉਹ ਮਜ਼ਦੂਰ ਕਹੇ ਕਿ ਮੈਂ ਬੇਘਰ ਹਾਂ ਤਾਂ ਉਸਦੀ ਛਾਂਟੀ ਜ਼ਰੂਰ ਕੀਤੀ ਜਾਵੇਗੀ। ਬੇਘਰਿਆਂ ਨੂੰ ਹੀ ਪਲਾਟ ਦਿਤੇ ਜਾਣਗੇ।

**Mr. Speaker:** It is not a question hour. I would not allow anybody to ask any question. First I shall put amendments to the vote of the House, The first amendment stands in the name of Sardar Dhanna Singh Gulshan and others.

Question is—

That in the motion, the following be added at the end, namely —

"but regret that no mention has been made in the Address about—

1. the provision of houses free of cost on the sites to be allotted to the homeless-poor especially the members of the Scheduled Castes;
2. bringing down the prices of fertilisers, Diesel, Tractors and other agricultural implements ;
3. lifting of control on Cement and other essential commodities of daily use ;
4. writing off of the Governmental or private loans upto Rs. 5,000 of small farmers, agricultural labour, industrial workers and low-paid employees ;
5. assuring the grant of Bonus and Dearness Allowance to small and petty workers and Government employees, respectively.'

*The motion was lost.*

**Mr. Speaker:** Now I shall put the second amendment of Comrade Satya Pal Dang and others to the vote of the House.

Question is—

Add at the end—

It, however, regrets that the speed of implementation of the 20-point programme is slow and not satisfactory.

*The motion was lost.*

Original with;
Punjab Vidhan Sabha
Digitized by;
Panjab Digital Library

**Mr. Speaker :** Question is—

"That an Address be presented to the Governor in the following terms;—

"That the Members of this House assembled in this Session are deeply grateful to the Governor for the Address which he has been pleased to deliver to the House on the 20th January, 1976."

*The motion was carried.*

**Mr. Speaker :** The House stands adjourned till 9.00 a. m. on Thursday, the 29th January, 1976.

12.36 p.m.

*(The Sabha then adjourned till 9.00 a.m. on Thursday, the 29th January, 1976).*

1745—14-4-76—286 ਕਾਪੀਆਂ ਪੰਜਾਬ ਸਰਕਾਰ ਪ੍ਰੈਸ, ਪਟਿਆਲਾ।

Original with:
Punjab Vidhan Sabha
Digitized by:
Panjab Digital Library

Original with;
Punjab Vidhan Sabha
Digitized by;
Panjab Digital Library

©

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*29th January, 1976*

*Vol. I—No. 6*

## OFFICIAL REPORT

CONTENTS

*Thursday, the 29th January, 1976*


| | Page |
|---|---|
| Starred Questions and Answers .. | (6)1 |
| Question of Privilege .. | (6)8 |
| Announcement by the Speaker .. | (6)8 |
| Presentation of Budget for the year 1976-77 .. | (6)8 |



Punjab Vidhan Sabha Secretariat, Chandigarh.

Price : Rs. 11 -15



Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:
Panjab Digital Library

## PUNJAB VIDHAN SABHA

*Thursday, the 29th January, 1976*

*The Vidhan Sabha met in the Punjab Vidhan Sabha Hall, Vidhan Bhavan, Chandigarh—160001, at 9.00 A.M. of the Clock. Mr. Speaker (Dr. Kewal Krishan) in the Chair.*

---

### STARRED QUESTIONS AND ANSWERS

#### STARRED QUESTION NO. 3340

**ਸ੍ਰੀ ਸਪੀਕਰ** : ਨਿਸ਼ਾਨ ਵਾਲਾ ਸਵਾਲ ਨੰ: 3340 ਵਲੋਂ ਸਰਦਾਰ ਸੁਖਦੇਵ ਸਿੰਘ ਢੀਂਡਸਾ ।

(ਸਬੰਧਤ ਮਾਨਯੋਗ ਮੈਂਬਰ ਹਾਊਸ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਕੀਤਾ ਗਿਆ ।)

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੈਂ ਇਕ ਬੇਨਤੀ ਕਰਦਾ ਹਾਂ ਕਿ ਤੁਹਾਨੂੰ ਪਤਾ ਹੀ ਹੈ ਕਿ ਕਈ ਵਾਰੀ ਸਾਡੇ ਸਵਾਲ ਇਸ ਬਿਨਾ ਤੇ ਐਡਮਿਟ ਨਹੀਂ ਹੁੰਦੇ ਕਿਉਂਕਿ ਉਹੀ ਸਵਾਲ ਕਿਸੇ ਹੋਰ ਮੈਂਬਰ ਦਾ ਐਡਮਿਟ ਹੋਇਆ ਹੁੰਦਾ ਹੈ । ਜੇ ਉਹ ਮੈਂਬਰ ਹਾਊਸ ਵਿਚ ਨਾ ਆਵੇ ਤਾਂ ਜਿਸ ਮੈਂਬਰ ਦਾ ਸਵਾਲ ਐਡਮਿਟ ਨਹੀਂ ਹੁੰਦਾ ਉਹ ਵੀ ਸਫ਼ਰ ਕਰਦਾ ਹੈ । ਤੁਸੀਂ ਰੂਲ ਵੇਖੋ......

**ਸ੍ਰੀ ਸਪੀਕਰ** : ਫ਼ਸਟ ਕਮ ਫ਼ਸਟ ਸਰਵਡ ਵਾਲੀ ਗੱਲ ਹੈ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਤੁਸੀਂ ਰੂਲ ਵੇਖ ਲਉ। (Rule 45) It says "if on a question being called, it is not put or the member in whose name it stands is absent and no one has been authorised by him to put it, the Speaker at the request of any member, may direct that the answer to it be given".

ਸਪੀਕਰ ਸਾਹਿਬ, ਆਲੂਆਂ ਵਾਲਾ ਸਵਾਲ ਬੜਾ ਜ਼ਰੂਰੀ ਹੈ ।

**Mr. Speaker** : I won't direct.

---

#### STARRED QUESTION NO. 3365

(ਸਬੰਧਤ ਮਾਨਯੋਗ ਮੈਂਬਰ ਹਾਊਸ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਕੀਤਾ ਗਿਆ ।)

---

#### CONSTRUCTION OF BUS-STAND AT MUKERIAN, TEHSIL DASUYA, DISTRICT HOSHIARPUR

*3535. **Sardar Gurbachan Singh Cheema** : Will the Minister of State for Transport and Civil Aviation be pleased to state whether there is any proposal under the consideration of the Government to construct a new Bus-stand at Mukerian, Tehsil Dasuya, District Hoshiarpur; if so, the estimated cost of construction thereof and the time by which it is likely to be constructed?

Original with;
Punjab Vidhan Sabha
Digitized by;
Panjab Digital Library

**ਸਰਦਾਰ ਦਿਲਬਾਗ ਸਿੰਘ ਡਾਲੇਕੇ** : ਹਾਂ ਜੀ ।

ਭੋਂ ਦੀ ਪਰਾਪਤੀ ਹਾਲੇ ਕਰਨੀ ਹੈ । ਇਸ ਸੂਰਤ ਵਿਚ ਬੱਸ ਸਟੈਂਡ ਦੀ ਉਸਾਰੀ ਤੇ ਕੀਮਤ ਦਾ ਅਨੁਮਾਨ ਲਾਉਣਾ ਸੰਭਵ ਨਹੀਂ । ਇਹ ਵੀ ਦੱਸਣਾ ਸੰਭਵ ਨਹੀਂ ਕਿ ਬੱਸ ਸਟੈਂਡ ਕਦੋਂ ਤਕ ਬਣ ਜਾਵੇਗਾ ।

**ਸਰਦਾਰ ਗੁਰਬਚਨ ਸਿੰਘ ਚੀਮਾ** : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਜਗ੍ਹਾ ਤਾਂ ਅਜੇ ਸਿਲੈਕਟ ਨਹੀਂ ਕੀਤੀ ਔਰ ਉਸ ਦੀ ਕੀਮਤ ਦਾ ਵੀ ਅਜੇ ਕੋਈ ਪਤਾ ਨਹੀਂ ਹੈ, ਇਸ ਦਾ ਮਤਲਬ ਹੈ ਕਿ ਅਜੇ ਤਕ ਕੋਈ ਗੱਲ ਬਾਤ ਹੀ ਨਹੀਂ ਹੈ । . .

**ਸ੍ਰੀ ਸਪੀਕਰ** : ਤੁਸੀਂ ਪੁੱਛਣਾ ਕੀ ਚਾਹੁੰਦੇ ਹੋ ?

**ਸਰਦਾਰ ਗੁਰਬਚਨ ਸਿੰਘ ਚੀਮਾ** : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਥੇ ਰਸ਼ ਬਹੁਤ ਹੈ ਪਰ ਇਨ੍ਹਾਂ ਨੇ ਅਜੇ ਤਕ ਕੋਈ ਗੱਲ ਬਾਤ ਨਹੀਂ ਕੀਤੀ । ਉਥੇ ਬੱਸ ਸਟੈਂਡ ਛੇਤੀ ਬਣਨਾ ਚਾਹੀਦਾ ਹੈ ।

**ਰਾਜ ਮੰਤਰੀ** : ਅਜੇ ਤਕ ਜਗ੍ਹਾ ਦਾ ਫੈਸਲਾ ਨਹੀਂ ਹੋ ਸਕਿਆ । ਜਦੋਂ ਜਗ੍ਹਾ ਮਿਲ ਗਈ ਤਾਂ ਛੇਤੀ ਬੱਸ ਸਟੈਂਡ ਬਣਾ ਦਿਆਂਗੇ ।

**ਚੌਧਰੀ ਰਾਮ ਸਿੰਘ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਡੈਫੀਨਿਟ ਟਾਈਮ ਜਾਂ ਡੇਟ ਦੇਣਗੇ ਜਿਸ ਡੇਟ ਤਕ ਉਥੇ ਬੱਸ ਸਟੈਂਡ ਬਣ ਜਾਵੇਗਾ ?

**ਰਾਜ ਮੰਤਰੀ** : ਜਦੋਂ ਤਕ ਜਗ੍ਹਾ ਨਹੀਂ ਮਿਲ ਜਾਂਦੀ, ਉਦੋਂ ਤਕ ਕੋਈ ਡੇਟ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਆਮ ਤੌਰ ਤੇ ਜਿਹੜੇ ਸਬ-ਡਵੀਜ਼ਨਲ ਟਾਊਨ ਹਨ ਉਥੇ ਜ਼ਿਆਦਾ ਤਰ ਅੱਡੇ ਬਣਾਏ ਹਨ ਕਿਉਂਕਿ ਉਥੇ ਆਵਾਜਾਈ ਜ਼ਿਆਦਾ ਹੁੰਦੀ ਹੈ । ਇਸ ਕਰਕੇ ਕੀ ਸਰਕਾਰ ਦੀ ਕੋਈ ਜਨਰਲ ਪਾਲਿਸੀ ਹੈ ਕਿ ਹਰ ਸਬ-ਡਵੀਜ਼ਨਲ ਟਾਊਨ ਵਿਚ ਅੱਡੇ ਬਣਾਏ ਜਾਣਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਅਸਲ ਵਿਚ ਮਾਮਲਾ ਇਹ ਹੈ ਕਿ ਸਾਰੀਆਂ ਥਾਵਾਂ ਉਤੇ ਬੱਸ ਸਟੈਂਡ ਜਲਦੀ ਨਹੀਂ ਬਣ ਸਕਦੇ । ਇਸ ਬਾਰੇ ਕਨੇਡੀਅਨ ਸਾਹਿਬ ਨੂੰ ਵੀ ਪਤਾ ਹੈ ਕਿ ਸਾਡੇ ਕੋਲ ਐਨਾ ਪੈਸਾ ਨਹੀਂ ਹੈ ਔਰ ਸਬ-ਡਿਵੀਜ਼ਨਲ ਟਾਊਨ ਵਿਚ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਮਿਊਨਿਸਪਲ ਕਮੇਟੀਆਂ ਜਾਂ ਹੋਰ ਸੰਸਥਾਵਾਂ ਅੱਡੇ ਬਣਾ ਲੈਣ ਤਾਂ ਅਸੀਂ ਉਨ੍ਹਾਂ ਨੂੰ ਬੱਸ ਦੇ ਅੰਦਰ ਆਉਣ ਦਾ ਟੈਕਸ ਦੇ ਦਿੰਦੇ ਹਾਂ । ਅਗਰ ਕੋਈ ਮਿਊਂਸਪੈਲਿਟੀ ਬਣਾਉਣਾ ਚਾਹੁੰਦੀ ਹੈ ਤਾਂ ਅਸੀਂ ਆਗਿਆ ਦੇ ਦਿੰਦੇ ਹਾਂ ਪਰ ਸਰਕਾਰ ਪਾਸ ਐਨਾ ਪੈਸਾ ਨਹੀਂ ਹੈ ਕਿ ਹਰ ਥਾਂ ਤੇ ਅੱਡੇ ਬਣਾ ਸਕੇ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਬਚਨ ਸਿੰਘ ਚੀਮਾ** : ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਆਇਆ ਉਹ ਮੁਕੇਰੀਆਂ ਵਿਚ ਉਥੇ ਦੀ ਆਵਾਜਾਈ ਨੂੰ ਮੁੱਖ ਰੱਖਕੇ ਕਦੇ ਬੱਸ ਸਟੈਂਡ ਬਣਾਉਣਗੇ ਵੀ ਜਾਂ ਨਹੀਂ ਬਣਾਉਣਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਅਸੀਂ ਅੱਡਾ ਬਣਾਵਾਂਗੇ ਜ਼ਰੂਰ ਲੇਕਿਨ ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਸੀਂ ਪਹਿਲਾਂ ਭੋਂ ਲਈ ਸੀ ਪਰ ਉਹ ਨੀਵੀਂ ਥਾਂ ਤੇ ਸੀ, ਇਸ ਲਈ ਉਹ ਛੱਡਣੀ ਪਈ । ਫਿਰ ਜ਼ਮੀਨ ਲੈਣ ਲਗੇ ਪਰ ਉਹ ਕਬਰਾਂ ਦੀ ਜਗ੍ਹਾ ਸੀ ਅਤੇ ਉਹ ਵੀ ਛੱਡਣੀ ਪਈ । ਜਿਹੜੀ ਜ਼ਮੀਨ ਹੁਣ ਲੈਣ ਵਾਸਤੇ ਕੋਸ਼ਿਸ਼ ਕਰ ਰਹੇ ਹਾਂ ਉਸ ਦੀ ਕੀਮਤ ਮਾਲਕਾਂ ਨੇ ਬਹੁਤ ਮੰਗੀ ਹੈ । ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਸਾਡਾ ਉਨ੍ਹਾਂ ਨਾਲ ਸੌਦਾ ਹੋ ਜਾਵੇ ਤਾਕਿ ਉਥੇ ਬੱਸ ਸਟੈਂਡ ਬਣਾ ਸਕੀਏ ।

**ਸ੍ਰੀ ਸਰਦਾਰੀ ਲਾਲ ਕਪੂਰ** : ਸਪੀਕਰ ਸਾਹਿਬ, ਜਿਹੜੇ ਅੱਜ ਤੱਕ ਬੱਸ ਸਟੈਂਡ ਬਣੇ ਹਨ ਉਹ ਵੀ ਅਧੂਰੇ ਪਏ ਹਨ, ਆਇਆ ਸਰਕਾਰ ਉਨ੍ਹਾਂ ਨੂੰ ਪੂਰੇ ਕਰਨ ਦੀ ਕੋਸ਼ਿਸ਼ ਕਰੇਗੀ ? ਮਸਲਨ, ਲੁਧਿਆਣਾ ਹੈ, ਉਥੇ ਪੂਰੀ ਤਰ੍ਹਾਂ ਅਮੇਨਿਟੀਜ਼ ਉਸ ਵਿਚ ਨਹੀਂ ਦਿੱਤੀਆਂ ਗਈਆਂ, ਕੀ ਉਸ ਨੂੰ ਪੂਰਾ ਕਰਨਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਜਿਹੜੇ ਅਧੂਰੇ ਹਨ, ਉਨ੍ਹਾਂ ਬਾਰੇ ਪੁਜ਼ੀਸ਼ਨ ਇਸ ਤਰ੍ਹਾਂ ਹੈ ਕਿ ਅਸਲ ਵਿਚ ਮਹਿਕਮਾ ਟਰਾਂਸਪੋਰਟ ਬਿਲਡਿੰਗਾਂ ਨਹੀਂ ਬਣਾਉਂਦਾ, ਇਹ ਤਾਂ ਪੀ. ਡਬਲਿਯੂ. ਡੀ. ਵਾਲੇ ਬਣਾਉਂਦੇ ਹਨ । ਉਨ੍ਹਾਂ ਨਾਲ ਗੱਲ ਬਾਤ ਕੀਤੀ ਜਾ ਰਹੀ ਹੈ ਕਿ ਉਨ੍ਹਾਂ ਨੂੰ ਜਲਦੀ ਪੂਰਾ ਕਰਨ ।

**ਕਾਮਰੇਡ ਅਰਜਨ ਸਿੰਘ ਮਸਤਾਨਾ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਬਰਸਤਾਨ ਦੀ ਗੱਲ ਕੀਤੀ ਹੈ । ਬਹੁਤ ਸਾਰੀ ਥਾਈਂ ਲੋਕਾਂ ਨੇ ਕਬਰਸਤਾਨਾਂ ਉਤੇ ਨਜਾਇਜ਼ ਕਬਜ਼ਾ ਕਰ ਰੱਖਿਆ ਹੈ ਔਰ ਉਥੇ ਫਸਲਾਂ ਬੀਜਦੇ ਹਨ, ਜਿਸ ਤਰ੍ਹਾਂ ਪੱਟੀ ਸ਼ਹਿਰ ਦੇ ਚੁਗਿਰਦੇ ਨਾਲ ਲਗਦੀ ਹੈ । ਸਰਕਾਰ ਤੋਂ ਲੋਕਾਂ ਨੇ ਕਬਰਸਤਾਨ 90 ਸਾਲਾ ਲੀਜ਼ ਉਤੇ ਲੈ ਲਏ । ਇਸ ਲਈ ਕੀ ਉਹ ਲੀਜ਼ ਦੀ ਜ਼ਮੀਨ ਜਿਹੜੀ ਕਿ ਨਜਾਇਜ਼ ਲੋਕ ਲਈ ਬੈਠੇ ਹਨ ਉਸ ਨੂੰ ਲੈ ਕੇ ਉਸ ਜਗ੍ਹਾ ਉਤੇ ਬੱਸ ਅੱਡੇ ਬਣਾਉਣਗੇ, ਕਿਉਂਕਿ ਹੋਰ ਜ਼ਮੀਨ ਮਹਿੰਗੀ ਹੈ ?

**ਰਾਜ ਮੰਤਰੀ** : ਇਹ ਕਾਨੂੰਨ ਦੀ ਗੱਲ ਹੈ, ਕਬਰਾਂ ਵਾਲੀ ਥਾਂ ਉਤੇ ਅੱਡੇ ਨਹੀਂ ਬਣਾਏ ਜਾ ਸਕਦੇ, ਮਸਤਾਨਾ ਜੀ ਨੂੰ ਸ਼ਾਇਦ ਇਸ ਗੱਲ ਦਾ ਨਹੀਂ ਪਤਾ । ਇਸ ਲਈ ਅਸੀਂ ਇਸ ਤਰ੍ਹਾਂ ਦੀ ਜਗ੍ਹਾ ਉਤੇ ਅੱਡੇ ਨਹੀਂ ਬਣਾ ਸਕਦੇ ।

**ਚੌਧਰੀ ਸੁੰਦਰ ਸਿੰਘ** : ਸਪੀਕਰ ਸਾਹਿਬ, ਗੁਰਦਾਸਪੁਰ ਦਾ ਅੱਡਾ ਜਿਥੇ ਹੈ ਉਥੇ ਬੱਸਾਂ ਜਾਣ ਲਈ ਬਾਜ਼ਾਰ ਵਿਚੋਂ ਦੀ ਜਾਂਦੀਆਂ ਹਨ । ਉਹ ਤੇਜ਼ ਚਲਦੀਆਂ ਹਨ, ਕਈਆਂ ਆਦਮੀਆਂ ਦਾ ਐਕਸੀਡੈਂਟ ਹੋ ਜਾਂਦਾ ਹੈ । ਕੀ ਇਸ ਚੀਜ਼ ਨੂੰ ਮੱਦੇਨਜ਼ਰ ਰੱਖ ਕੇ ਸਰਕਾਰ ਉਥੇ ਬਾਈਪਾਸ ਬਣਾਉਣ ਲਈ ਤਿਆਰ ਹੈ ਤਾਕਿ ਲੋਕਾਂ ਨੂੰ ਸਹੂਲਤ ਮਿਲ ਸਕੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਵੈਸੇ ਹੀ ਸਰਕਾਰ ਵਲੋਂ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਅੱਡੇ ਜਲਦੀ ਤੋਂ ਜਲਦੀ ਬਣਨ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਸਪੀਕਰ ਸਾਹਿਬ, ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਹੁਸ਼ਿਆਰਪੁਰ ਵਿਚ ਇਕ ਅੱਡਾ ਹੈ 'ਏ' ਕਲਾਸ ਬਣਾਇਆ ਹੋਇਆ ਲੇਕਿਨ ਉਥੇ ਕੋਈ ਸਹੂਲਤ 'ਏ' ਕਲਾਸ ਵਾਲੀ ਨਹੀਂ ਹੈ, ਉਥੇ ਨਾ ਕੋਈ ਇਨਕੁਆਇਰੀ ਆਫ਼ਿਸ ਹੈ, ਨਾ ਵੇਟਿੰਗ ਰੂਮ ਹੈ, ਨਾ ਕਲਾਕ ਰੂਮ ਹੈ, ਉਥੇ ਦੇ ਦਫ਼ਤਰ ਵਾਲੇ ਹੀ ਜਗ੍ਹਾ ਮੱਲੀ ਬੈਠੇ ਹਨ । ਕੀ ਇਹ ਯਤਨ ਕਰਨਗੇ ਕਿ ਉਥੇ 'ਏ' ਕਲਾਸ ਅੱਡੇ ਵਾਲੀਆਂ ਸਹੂਲਤਾਂ ਦਿਤੀਆਂ ਜਾਣ ਅਤੇ ਅਗੜ-ਬਗੜ ਦਫ਼ਤਰ ਉਠਾ ਦਿਤੇ ਜਾਣ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਸ ਸਪਲੀਮੈਂਟਰੀ ਦਾ ਜੋ ਚੀਮਾਂ ਸਾਹਿਬ ਦਾ ਸਵਾਲ ਸੀ ਉਸ ਨਾਲ ਤੁਅੱਲਕ ਨਹੀਂ ਹੈ, ਇਹ ਸੈਪੇਰੇਟ ਨੋਟਿਸ ਦੇ ਦੇਣ ।

(ਇਸ ਸਮੇਂ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਸਪਲੀਮੈਂਟਰੀ ਕਰਨ ਲਈ ਖੜੇ ਹੋਏ ।)

**ਸ੍ਰੀ ਸਪੀਕਰ** : ਕਨੇਡੀਅਨ ਸਾਹਿਬ, ਪਟੜੀ ਤੋਂ ਗੱਡੀ ਉਤਰ ਗਈ ਹੈ । (ਹਾਸਾ) ਹਾਂ ਜੀ, ਨੈਕਸਟ ਕੁਐਸਚਨ ਨੰ: 3392.

---

**ਨਿਸ਼ਾਨ ਵਾਲੇ ਪ੍ਰਸ਼ਨ ਨੰ: 3392 ਅਤੇ 3393**

(ਸਬੰਧਤ ਮਾਨਯੋਗ ਮੈਂਬਰ ਹਾਊਸ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਕੀਤੇ ਗਏ ।)

---

UPGRADING OF CIVIL HOSPITAL, MUKERIAN, DISTRICT HOSHIARPUR

*3536. **Sardar Gurbachan Singh Cheema** : Will the Minister of State for Health and Family Planning be pleased to state whether there is any proposal under the consideration of the Government to upgrade the Civil Hospital, Mukerian, District Hoshiarpur; if so, the time by which it is likely to be upgraded ?

**Sardar Balbir Singh** : (a) Yes, Sir.

(b) It is not possible, at this stage, to specify the time by which this upgradation will be done

**ਸਰਦਾਰ ਗੁਰਬਚਨ ਸਿੰਘ ਚੀਮਾ** : ਮੁਕੇਰੀਆਂ ਸਿਵਲ ਹਸਪਤਾਲ ਨੂੰ ਅੱਪਗਰੇਡ ਕਰਨ ਦੀ ਸਰਕਾਰ ਦੀ ਤਜ਼ਵੀਜ਼ ਹੈ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਿਤਨੇ ਬੈਡ ਉਸ ਵਿਚ ਹੋਣਗੇ ਅਤੇ ਇਹ ਵੀ ਦੱਸ ਦੇਣ ਕਿ ਆਇਆ ਇਸ ਦੀ ਅੱਪਗਰੇਡੇਸ਼ਨ ਇਸ ਸਾਲ 1976-77 ਵਿਚ ਮੁਕੰਮਲ ਹੋ ਜਾਵੇਗੀ ਜਾ ਨਹੀਂ ?

**ਰਾਜ ਮੰਤਰੀ** : ਸਪੀਕਰ ਸਾਹਿਬ, ਜਿਹੜੀ ਸਰਕਾਰ ਦੀ ਪਾਲਿਸੀ ਹੈ 50 ਬੈਡਿਡ ਹਸਪਤਾਲ ਬਣਾਉਣ ਦੀ ਉਸ ਹੇਠ ਤਾਂ ਮੁਕੇਰੀਆਂ ਸ਼ਹਿਰ ਆਉਂਦਾ ਨਹੀਂ ਹੈ, ਕਿਉਂਕਿ ਨਾ ਤਾਂ ਉਥੇ ਤਹਿਸੀਲ ਹੈ, ਨਾ ਕੋਈ ਸਬ-ਡਿਵੀਜ਼ਨ ਹੈ ਪਰ ਸਰਕਾਰ ਨੇ ਸ਼ਹਿਰ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਇਹ ਫੈਸਲਾ ਕੀਤਾ ਹੈ ਕਿ ਉਥੇ ਵੀ 50 ਬਿਸਤਰਿਆਂ ਦਾ ਹਸਪਤਾਲ ਬਣਾਇਆ ਜਾਵੇ । (ਥੰਪਿੰਗ)

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਬਹੁਤ ਬਹੁਤ ਧੰਨਵਾਦ ਜੀ ।

**ਆਵਾਜ਼ਾਂ** : ਸਪੀਕਰ ਸਾਹਿਬ, ਇਹ ਤੁਹਾਡੇ ਕਰਕੇ ਹੀ ਹੋਇਆ ਹੈ ।

**ਰਾਜ ਮੰਤਰੀ** : ਸਪੀਕਰ ਸਾਹਿਬ, ਤੁਹਾਨੂੰ ਇਹ ਵੀ ਪਤਾ ਹੈ ਕਿ ਉਥੇ ਇਕ ਐਡੀਸ਼ਨਲ ਲੇਡੀ ਡਾਕਟਰ ਲਗਾਈ ਹੈ । (ਹਾਸਾ) ਸਪੀਕਰ ਸਾਹਿਬ, ਅਬੋਹਰ, ਮੁਕੇਰੀਆਂ ਅਤੇ ਡੇਰਾ ਬਾਬਾ ਨਾਨਕ ਦੇ ਹਸਪਤਾਲਾਂ ਨੂੰ ਅੱਪਗਰੇਡ ਕਰਨ ਵਾਸਤੇ ਸਾਢੇ ਛੇ ਲੱਖ ਰੁਪਿਆ ਰੱਖਿਆ ਗਿਆ ਹੈ ਪਰ ਇਹ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ ਕਿ ਕਦ ਤਕ ਇਹ ਕੰਮ ਹੋ ਜਾਵੇਗਾ ।

**ਸ੍ਰੀ ਸਰਦਾਰੀ ਲਾਲ ਕਪੂਰ** : ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਿਵਲ ਹਸਪਤਾਲ, ਲੁਧਿਆਣਾ ਸ਼ਹਿਰ ਦੇ ਵਿਚ ਇਤਨੀ ਵੱਡੀ ਆਬਾਦੀ ਦੇ ਵਿਚ ਹੈ । ਉਸ ਦੇ ਮੁਤੱਲਕ ਕੋਈ ਸਕੀਮ ਬਣੀ ਸੀ, ਉਸ ਹਸਪਤਾਲ ਨੂੰ ਦੂਸਰੀ ਜਗ੍ਹਾ ਲੈ ਜਾਣ ਵਾਸਤੇ ਕੋਈ ਸਕੀਮ ਬਣੀ ਸੀ । ਕੀ ਵਜ਼ੀਰ ਸਾਹਿਬ ਦੱਸਣਗੇ ਕਿ ਉਹ ਸਕੀਮ ਕਦੋਂ ਤੱਕ ਲਾਗੂ ਹੋ ਜਾਵੇਗੀ ?

**ਰਾਜ ਮੰਤਰੀ** : ਇਸ ਦਾ ਇਸ ਨਾਲ ਕੋਈ ਤੁਅੱਲਕ ਨਹੀਂ ਹੈ । ਇਸ ਬਾਰੇ ਵੱਖਰਾ ਨੋਟਿਸ ਚਾਹੀਦਾ ਹੈ ।

**ਕਾਮਰੇਡ ਜੰਗੀਰ ਸਿੰਘ ਜੋਗਾ** : ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਸਬ-ਡਵੀਜ਼ਨ ਦੇ ਹਸਪਤਾਲ ਅਪਗਰੇਡ ਕਰਨੇ ਹਨ । ਮੇਰੇ ਹਲਕੇ ਰਾਮਪੁਰਾ ਫੂਲ ਵਿਚ ਦੋ ਹਸਪਤਾਲ ਹਨ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਰਾਮਪੁਰਾ ਫੂਲ ਦੇ ਵਿਚ ਵੀ ਹਸਪਤਾਲ ਨੂੰ ਅੱਪਗਰੇਡ ਕੀਤਾ ਜਾਵੇਗਾ ?

**ਰਾਜ ਮੰਤਰੀ** : ਮੈਂ ਕਿਹਾ ਹੈ ਕਿ ਸਾਰੇ ਸਬ-ਡਿਵੀਜ਼ਨਜ਼ ਦੇ ਅੱਪਗਰੇਡ ਕੀਤੇ ਜਾਣਗੇ । ਇਸ ਦੇ ਵਿਚ ਵਿਤਕਰਾ ਨਹੀਂ ਹੋਵੇਗਾ ।

**ਚੌਧਰੀ ਰਾਮ ਸਿੰਘ** : ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਇਹ ਛੇਤੀ ਤੋਂ ਛੇਤੀ ਹੋ ਜਾਵੇਗਾ ਅਤੇ ਕੋਈ ਡੇਟ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਵਿਚ ਪੀ. ਡਬਲਿਊ. ਡੀ. ਵਲੋਂ ਕੁਤਾਹੀ ਹੈ ਜਾਂ ਕਿ ਤੁਹਾਡੇ ਵਲੋਂ ਹੈ ਜਿਹੜੀ ਕਿ ਕੋਈ ਡੇਟ ਫਿਕਸ ਨਹੀਂ ਕੀਤੀ ਜਾ ਰਹੀ । ਕੀ ਇਹ ਕੋਈ ਇਸ ਵਾਸਤੇ ਡੇਟ ਫਿਕਸ ਕਰਨ ਵਾਸਤੇ ਤਿਆਰ ਹਨ ?

**ਰਾਜ ਮੰਤਰੀ** : 1976-77 ਵਿਚ ਸਾਢੇ ਛੇ ਲੱਖ ਰੁਪਿਆ ਰੱਖਿਆ ਗਿਆ ਹੈ । ਫ਼ੰਡਜ਼ ਦੀ ਸਾਰੀ ਗੱਲ ਹੈ । ਜਿਸ ਤਰ੍ਹਾਂ ਫ਼ੰਡਜ਼ ਮਿਲਦੇ ਜਾਣਗੇ ਉਸ ਦੇ ਮੁਤਾਬਿਕ ਕੰਸਟਰੱਕਸ਼ਨ ਚਾਲੂ ਹੋ ਜਾਵੇਗੀ ।

**ਨਿਸ਼ਾਨ ਵਾਲੇ ਸਵਾਲ ਨੰ:** 3366, 3339, 3396, 3325, 3314, 3329, 3406, 3330, 3331, **ਅਤੇ** 3341 ।

(**ਸਬੰਧਤ** ਮਾਨਯੋਗ ਮੈਂਬਰ ਸਾਹਿਬਾਨ ਹਾਊਸ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਕੀਤੇ ਗਏ ।)

Original with;
Punjab Vidhan Sabha
Digitized by;
Panjab Digital Library

**ਝੀਰ ਦਾ ਖੂਹ, ਤਹਿਸੀਲ ਦਸੂਆ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਸਰਕਾਰੀ ਕਾਲਜ ਖੋਲ੍ਹਣਾ**

*3534. **ਸਰਦਾਰ ਗੁਰਬਚਨ ਸਿੰਘ ਚੀਮਾ :** ਕੀ ਸਿਖਿਆ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਝੀਰ-ਦਾ-ਖੂਹ (ਦਾਤਾਰਪੁਰ ਦੇ ਨਜਦੀਕ), ਤਹਿਸੀਲ ਦਸੂਆ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਸਰਕਾਰੀ ਕਾਲਜ ਖੋਲ੍ਹਣ ਦੀ ਕੋਈ ਤਜ਼ਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸਦੇ ਕਦੋਂ ਤੱਕ ਖੋਲ੍ਹੇ ਜਾਣ ਦੀ ਸੰਭਾਵਨਾ ਹੈ ?

**ਸ੍ਰੀ ਗੁਰਮੇਲ ਸਿੰਘ :** ਹਾਂ ਜੀ । ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ।

**ਸਰਦਾਰ ਗੁਰਬਚਨ ਸਿੰਘ ਚੀਮਾ :** ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਾਲਜ ਕਦੋਂ ਤੱਕ ਸ਼ੁਰੂ ਕਰ ਦਿੱਤਾ ਜਾਵੇਗਾ ? ਤਲਵਾੜੇ ਜਗ੍ਹਾ ਹੈ, ਕੀ ਉਥੇ ਕੈਂਪ ਕਾਲਜ ਇਹ ਸਟਾਰਟ ਕਰਨਗੇ ?

**ਮੰਤਰੀ :** ਸਪੀਕਰ ਸਾਹਿਬ, ਇਹ ਦਾਤਾਰਪੁਰ ਦੇ ਨਜ਼ਦੀਕ ਜਗ੍ਹਾ ਦਾ ਜ਼ਿਕਰ ਕੀਤਾ ਗਿਆ ਹੈ, ਉਥੇ ਝੀਰ ਦਾ ਖੂਹ ਹੈ । ਸਪੀਕਰ ਸਾਹਿਬ, ਉਸ ਦੇ ਲਈ ਜ਼ਮੀਨ ਲੈਣ ਦੀ ਕੋਸ਼ਿਸ਼ ਕਰ ਰਹੇ ਹਾਂ । ਇਸ ਮਾਮਲੇ ਵਿਚ ਚੀਮਾ ਸਾਹਿਬ ਵੀ ਕੋਈ ਮਦਦ ਕਰਨ ਤਾਕਿ ਉਸ ਕਾਲਜ ਨੂੰ ਛੇਤੀ ਸਟਾਰਟ ਕਰ ਸਕੀਏ ।

**ਸਰਦਾਰ ਗੁਰਬਚਨ ਸਿੰਘ ਚੀਮਾ :** ਕੈਂਪ ਕਾਲਜ ਚਾਲੂ ਕਰਨ ਵਾਸਤੇ ਤਲਵਾੜੇ ਜਗ੍ਹਾ ਹੈ । ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੈਂਪ ਕਾਲਜ ਤਲਵਾੜੇ 1976-77 ਵਿਚ ਸਟਾਰਟ ਕਰਨ ਦਾ ਕੋਈ ਵਿਚਾਰ ਹੈ ?

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਵਲੋਂ ਹੁਣ ਸੁਜੈਸ਼ਨ ਆਈ ਹੈ । ਇਸ ਨੂੰ ਵੀ ਐਗਜ਼ਾਮਿਨ ਕਰ ਲਵਾਂਗੇ ।

**ਮਾਸਟਰ ਚੰਦ ਸਿੰਘ :** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਹਲਕਿਆਂ ਵਿਚ ਕੋਈ ਕਾਲਜ ਨਹੀਂ ਹੈ, ਕੀ ਉਥੇ ਸਰਕਾਰ ਕਾਲਜ ਖੋਲ੍ਹਣ ਦਾ ਕੋਈ ਵਿਚਾਰ ਰੱਖਦੀ ਹੈ ?

**ਮੰਤਰੀ:** ਮੈਂ ਪਿਛਲੇ ਦਿਨੀਂ ਵੀ ਦੱਸਿਆ ਸੀ ਕਿ ਹਲਕੇਵਾਰ ਅਸੀਂ ਕਾਲਜ ਨਹੀਂ ਖੋਲ੍ਹਦੇ ਅਤੇ ਨਾ ਹੀ ਇਸ ਤਰ੍ਹਾਂ ਸਕੂਲ ਖੋਲ੍ਹਦੇ ਹਾਂ । ਇਸ ਸਬੰਧੀ ਬਲਾਚੌਰ ਦੇ ਹਲਕੇ ਬਾਰੇ ਸ੍ਰੀ ਦਲੀਪ ਚੰਦ ਜੀ ਦਾ ਇਕ ਸਵਾਲ ਆਇਆ ਸੀ ਅਤੇ ਉਸ ਦੇ ਉੱਤਰ ਵਿਚ ਦੱਸਿਆ ਗਿਆ ਸੀ । ਚੀਮਾਂ ਸਾਹਿਬ ਦੇ ਹਲਕੇ ਦੇ ਨਾਲ ਦਸੂਹੇ ਵਿਚ ਕਾਲਜ ਹੈ । ਸੋ, ਇਲਾਕੇ ਦੀ ਲੋੜ ਨੂੰ ਦੇਖ ਕੇ ਵਿਚਾਰ ਕੀਤਾ ਜਾਂਦਾ ਹੈ ।

**ਚੌਧਰੀ ਸੁੰਦਰ ਸਿੰਘ :** ਬਾਰਡਰ ਦੇ ਏਰੀਆਜ਼ ਨੂੰ ਸਰਕਾਰ ਤਰਜੀਹ ਦਿੰਦੀ ਹੈ ਪਰ ਮੇਰੇ ਹਲਕੇ ਨਰੋਟ ਜੈਮਲ ਸਿੰਘ ਵਿਚ ਕੋਈ ਕਾਲਜ ਨਹੀਂ ਹੈ । ਉਥੇ ਬੱਚਿਆਂ ਨੂੰ ਗੁਰਦਾਸਪੁਰ ਅਤੇ ਪਠਾਨਕੋਟ ਪੜ੍ਹਨ ਜਾਣਾ ਪੈਂਦਾ ਹੈ । ਉਸ ਹਲਕੇ ਦੇ ਲੋਕ ਗ਼ਰੀਬ ਹਨ, ਜੇ ਉਥੇ ਕਾਲਜ ਖੋਲ੍ਹ ਦਿਉ ਤਾਂ ਠੀਕ ਹੋਵੇਗਾ । ਕੀ ਉਥੇ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਉਥੇ ਕਾਲਜ ਖੋਲ੍ਹ ਦਿਓਗੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਅਸੀਂ ਉਸ ਹਲਕੇ ਦਾ ਬਹੁਤ ਧਿਆਨ ਰੱਖਿਆ ਹੈ । ਪਿਛੇ ਜਿਹੇ ਜੇ.ਬੀ.ਟੀ. ਦੀ ਟਰੇਨਿੰਗ ਦਾ ਨਰੋਟ ਜੈਮਲ ਸਿੰਘ ਵਿਖੇ ਯੂਨਿਟ ਦਿੱਤਾ ਹੈ । ਚੌਧਰੀ ਸੁੰਦਰ ਸਿੰਘ ਜੀ ਨੇ ਸਾਨੂੰ ਦੱਸ ਦਿੱਤਾ ਹੈ, ਅਸੀਂ ਸਰਵੇ ਕਰਵਾਵਾਂਗੇ । ਜੋ ਰਿਪੋਰਟ ਆਈ ਦੱਸ ਦਿਆਂਗੇ ਅਤੇ ਐਗਜ਼ਾਮਿਨ ਕਰਾਂਗੇ ਅਤੇ ਸਰਵੇ ਕਰਵਾਵਾਂਗੇ ।

**ਚੌਧਰੀ ਦਰਸ਼ਨ ਸਿੰਘ** : ਗਰੈਜੂਏਟ ਅਨਇੰਪਲਾਇਮੈਂਟ ਦਾ ਨੰਬਰ ਜ਼ਿਆਦਾ ਹੈ ਇਸ ਲਈ ਕੀ ਪੰਜਾਬ ਸਰਕਾਰ ਦੀ ਕੋਈ ਇਹੋ ਜਿਹੀ ਤਜਵੀਜ਼ ਹੈ ਕਿ ਇਹ ਜਿਹੜੀ ਜੇ.ਬੀ.ਟੀ. ਦੀ ਇਤਨੀ ਸ਼ਾਰਟੇਜ ਹੈ ਉਨ੍ਹਾਂ ਦੀ ਜਗ੍ਹਾਂ ਗਰੈਜੂਏਟਸ ਨੂੰ 6 ਮਹੀਨਿਆਂ ਵਾਸਤੇ ਜਾਂ whatever Period the Government may fix ਉਨ੍ਹਾਂ ਨੂੰ ਇੰਪਲਾਇਮੈਂਟ ਦੇਣ ਦੀ ਕੋਈ ਸਕੀਮ ਵਿਚਾਰ ਅਧੀਨ ਹੈ ?

**ਮੰਤਰੀ**: ਇਸ ਵੇਲੇ ਕੋਈ ਤਜਵੀਜ਼ ਨਹੀਂ ਹੈ । ਜੇ ਕਿਸੇ ਸਟੇਜ ਤੇ ਸਾਨੂੰ ਲੋੜ ਪਈ ਤਾਂ ਚੌਧਰੀ ਸਾਹਿਬ ਦੀ ਸਲਾਹ ਲੈ ਲਵਾਂਗੇ ।

**ਸ਼੍ਰੀ ਪ੍ਰੇਮ ਗੁਪਤਾ**: ਮੈਂ ਇਹ ਗੱਲ ਪੁੱਛਣਾ ਚਾਹੁੰਦਾ ਹਾਂ ਕਿ ਜੇ ਜੇ. ਬੀ. ਟੀ. ਟੀਚਰਜ਼ ਅਵੇਲੇਬਲ ਨਹੀਂ ਤਾਂ ਜਿਹੜੇ ਬੀ.ਏ.,ਬੀ.ਐਡ. ਲੋਅਰ ਗਰੇਡ ਐਕਸੈਪਟ ਕਰਨ ਵਾਸਤੇ ਤਿਆਰ ਹਨ ਤਾਂ ਕੀ ਉਨ੍ਹਾਂ ਨੂੰ ਜੇ. ਬੀ. ਟੀ. ਦੀਆਂ ਪੋਸਟਾਂ ਤੇ ਲਾਉਣ ਵਾਸਤੇ ਤਿਆਰ ਹਨ ?

**ਮੰਤਰੀ**: ਇਕ ਵਾਰ ਇਹ ਸਵਾਲ ਫਿਰ ਕਰ ਦਿਓ ।

**ਸ਼੍ਰੀ ਪ੍ਰੇਮ ਗੁਪਤਾ**: ਮੇਰਾ ਸਵਾਲ ਇਹ ਹੈ ਕਿ ਜੇ ਜੇ.ਬੀ.ਟੀ. ਟੀਚਰ ਅਵੇਲੇਬਲ ਨਹੀਂ ਹਨ ਤਾਂ ਉਸ ਦੇ ਬਾਅਦ ਬੀ.ਏ.ਬੀ.ਟੀ. ਜਾਂ ਬੀ.ਏ.,ਬੀ.ਐਡ. ਦੀ ਕੁਆਲੀਫੀਕੇਸ਼ਨ ਉਨ੍ਹਾਂ ਨਾਲੋਂ ਹਾਇਰ ਹੈ ਅਤੇ ਉਹ ਜੇ.ਬੀ.ਟੀ. ਦੀ ਪੋਸਟ ਤੇ ਲੱਗਣਾ ਚਾਹੁੰਦੇ ਹਨ ਤਾਂ ਫਿਰ ਕੀ ਸਰਕਾਰ ਉਨ੍ਹਾਂ ਨੂੰ ਜੇ.ਬੀ.ਟੀ. ਦੀ ਪੋਸਟ ਤੇ ਲਗਾ ਦੇਵੇਗੀ ?

**ਮੰਤਰੀ** : ਜੇ ਇਸ ਗੱਲ ਦੀ ਲੋੜ ਪਈ ਤਾਂ ਉਸ ਵੇਲੇ ਐਗਜ਼ਾਮਿਨ ਕਰਾਂਗੇ । ਪਰ ਇਸ ਵੇਲੇ ਇਸ ਦੀ ਲੋੜ ਨਹੀਂ ਹੈ ।

**ਸ਼੍ਰੀ ਪ੍ਰੇਮ ਗੁਪਤਾ** : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਵੇਲੇ ਜੇ.ਬੀ.ਟੀ. ਦੀਆਂ ਕਿੰਨੀਆਂ ਜਗ੍ਹਾਂ ਖਾਲੀ ਪਈਆਂ ਹਨ ?

**ਮੰਤਰੀ** : ਜੇ ਤੁਸੀਂ ਕਹੋ ਤਾਂ ਮੈਂ ਪਤਾ ਕਰ ਕੇ ਦੱਸ ਦਿਆਂਗਾ ਪਰ ਹੁਣ ਇਸ ਵੇਲੇ ਮੈਂ ਆਫ ਹੈਂਡ ਕੀ ਦੱਸ ਸਕਦਾ ਹਾਂ ।

---

ਨਿਸ਼ਾਨ ਵਾਲੇ ਪ੍ਰਸ਼ਨ ਨੰ: 3362, 3367 ਅਤੇ 3376

(ਸਬੰਧਤ ਮਾਨਯੋਗ ਮੈਂਬਰ ਹਾਊਸ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਕੀਤੇ ਗਏ ।)

Original with;
Punjab Vidhan Sabha
Digitized by;
Panjab Digital Library

## QUESTION OF PRIVILEGE

**Mr. Speaker** : I have received notice of a Question of Privilege from Comrade Raj Kumar, M.L.A., wherein he has stated that the Sarpanch of village Chhotepur, Block Dhariwal, Tehsil and District Gurdaspur was seen occupying a seat in Governor's Box in Vidhan Bhavan on the 28th January, 1976 during the Question Hour when the Minister for Development and Panchayats was making a statement in the House in reply to a supplementary question that the show cause notice for the removal of that Sarpanch could not be served upon him because he had gone to U. P. Comrade Raj Kumar has added that Sarpanch was immediately asked to vacate the Governor's Box. The hon. Member has further alleged that this unauthorised presence in a place of high dignity in the Bhavan of that Sarpanch was a matter of public concern.

I am having the matter examined in all its aspects and will give my ruling later.

## ANNOUNCEMENT BY THE SPEAKER

**Mr. Speaker** : Under rule 265 of the Rules of Procedure and Conduct of Business in the Punjab Legislative Assembly, I have to inform the House that Sarvshri Jagdev Singh Talwandi and Basant Singh Khalsa, M.L.A.s who were released on 9th January, 1976 wer re-arrested on the same day under Section 107/150 of the Crimina Procedure Code at Amritsar.

## PRESENTATION OF BUDGET FOR THE YEAR 1976-77

**Mr. Speaker** : Now, the Finance Minister will present the Budget for the year 1976-77.

**ਵਿੱਤ ਮੰਤਰੀ** (ਸ੍ਰੀ ਹੰਸ ਰਾਜ ਸ਼ਰਮਾ) : (ਤਾੜੀਆਂ) ਸ੍ਰੀਮਾਨ ਜੀ, ਮੈਂ ਸਾਲ 1976-77 ਦਾ ਬਜਟ ਪੇਸ਼ ਕਰਨ ਲਈ ਖੜ੍ਹਾ ਹੋਇਆ ਹਾਂ ।

**ਆਰਥਿਕ ਹਾਲਤ** : ਕਿਉਂ ਜੋ ਇਹ ਜ਼ਰੂਰੀ ਹੈ ਕਿ ਬਜਟ ਤਜਵੀਜ਼ਾਂ ਨੂੰ ਮੌਜੂਦਾ ਸਾਲ ਦੀ ਆਰਥਿਕ ਹਾਲਤ ਦੀ ਰੌਸ਼ਨੀ ਵਿਚ ਵੇਖਿਆ ਜਾਵੇ, ਇਸ ਲਈ ਮੈਂ, ਇਸ ਮੌਕੇ ਦਾ ਲਾਭ ਉਠਾਉਂਦੇ ਹੋਏ ਸਤਿਕਾਰਯੋਗ ਮੈਂਬਰਾਂ ਨੂੰ ਸਾਲ 1975-76 ਦੇ ਆਰਥਿਕ ਵਿਕਾਸ ਦੇ ਕੁਝ ਇਕ ਅਹਿਮ ਪਹਿਲੂਆਂ ਅਤੇ ਸਾਲ 1976-77 ਲਈ ਤਿਆਰ ਕੀਤੇ ਗਏ ਵਿਕਾਸ-ਢਾਂਚੇ ਤੋਂ ਜਾਣੂ ਕਰਵਾਉਣਾ ਚਾਹੁੰਦਾ ਹਾਂ । ਸਤਿਕਾਰਯੋਗ ਮੈਂਬਰਾਂ ਨੂੰ ਪਤਾ ਹੀ ਹੈ ਕਿ ਦੇਸ਼ ਹੁਣ ਤੱਕ ਤੇਜ਼ੀ ਨਾਲ ਵੱਧ ਰਹੀਆਂ ਕੀਮਤਾਂ, ਜ਼ਰੂਰੀ ਪਦਾਰਥਾਂ, ਜ਼ਰਾਇਤ ਲਈ ਲੋੜੀਂਦੀਆਂ ਵਸਤਾਂ, ਸਨਅਤੀ ਕੱਚੇ ਮਾਲ ਅਤੇ ਬਿਜਲੀ ਦੀ ਭਾਰੀ ਥੁੜ ਕਾਰਨ ਬੜੀ ਨਾਜ਼ੁਕ ਹਾਲਤ ਵਿਚੋਂ ਲੰਘਦਾ ਆਇਆ ਹੈ । ਇਨ੍ਹਾਂ ਮੁਸ਼ਕਲਾਂ ਅਤੇ ਅੜਚਨਾਂ ਦਾ ਪੰਜਾਬ ਦੀ ਆਰਥਿਕਤਾ ਤੇ ਬਹੁਤ ਭਾਰੀ ਅਸਰ ਪਿਆ । ਆਰਥਿਕਤਾ ਦੇ ਵਿਕਾਸ ਉੱਤੇ ਬੁਰਾ ਅਸਰ ਪੈਣ ਨਾਲ ਸਰਕਾਰ ਦੀ ਆਮਦਨ ਤੇ ਵੀ ਬੁਰਾ ਅਸਰ ਪੈਂਦਾ ਹੈ ।

Original with; Punjab Vidhan Sabha Digitized by; Panjab Digital Library

ਇਸ ਤਰ੍ਹਾਂ ਰਾਜ ਦੇ ਵਿਕਾਸ-ਕਾਰਜਾਂ ਵਿਚ ਸਰਮਾਇਆ ਲਾਉਣ ਦੀ ਸਮਰੱਥਾ ਮਹਿਦੂਦ ਹੋ ਜਾਂਦੀ ਹੈ । ਕਿਉਂ ਜੋ ਭਾਰਤ ਸਰਕਾਰ ਵਲੋਂ ਮਾਲੀ ਅਤੇ ਮੁਦਰਾ ਸੰਬੰਧੀ ਮੁਹਾਜ਼ਾਂ ਤੇ ਸਖ਼ਤ ਕਦਮ ਉਠਾਉਣ ਅਤੇ ਸੰਕਟਕਾਲੀ ਸਥਿਤੀ ਦਾ ਐਲਾਨ ਕਰਨ ਨਾਲ, ਡਿਸਿਪਲਿਨ ਅਤੇ ਜ਼ਿੰਮੇਵਾਰੀ ਦਾ ਮਾਹੌਲ ਪੈਦਾ ਹੋਣ ਅਤੇ ਸਰਕਾਰੀ ਸਰਮਾਏ ਦੇ ਯੋਗ ਅਤੇ ਮੁਨੱਜ਼ਮ ਪ੍ਰਬੰਧ ਦੇ ਸਿੱਟੇ ਵਜੋਂ ਅਸੀਂ ਨਾਨ-ਪਲਾਨ ਅਤੇ ਪਲਾਨ-ਸਕੀਮਾਂ ਉੱਤੇ ਪੂਰਾ ਖਰਚ ਕਰਕੇ ਆਪਣੀ ਵਿਕਾਸ ਦੀ ਰਫ਼ਤਾਰ ਬਰਕਰਾਰ ਰਖ ਸਕੇ ਹਾਂ। ਇਨ੍ਹਾਂ ਸਾਰੀਆਂ ਦਿੱਕਤਾਂ ਅਤੇ ਉਲਝਣਾਂ ਦੇ ਬਾਵਜੂਦ ਆਰਥਿਕ ਖੇਤਰ ਵਿਚ ਪੰਜਾਬ ਲਗਾਤਾਰ ਤਰੱਕੀ ਕਰਦਾ ਚਲਿਆ ਆ ਰਿਹਾ ਹੈ। ਪੰਜਵੀਂ ਪੰਜ ਸਾਲਾ ਯੋਜਨਾ ਦੇ ਦੌਰਾਨ ਰਾਜ ਦੇ ਵਿਕਾਸ-ਦਰ ਦਾ ਟੀਚਾ 7.5 ਫ਼ੀ ਸਦੀ ਮਿੱਥਿਆ ਗਿਆ ਹੈ, ਜਦ ਕਿ ਸਮੁੱਚੇ ਦੇਸ਼ ਦੇ ਵਿਕਾਸ-ਦਰ ਦਾ ਟੀਚਾ ਇਸ ਸਮੇਂ ਦੇ ਦੌਰਾਨ 5.5 ਫ਼ੀ ਸਦੀ ਹੈ। ਇਹ ਵਿਕਾਸ-ਦਰ ਰਾਜ ਦੀ ਆਰਥਿਕਤਾ ਦੇ ਸਾਧਨਾਂ ਦੀ ਪ੍ਰਾਪਤੀ ਅਤੇ ਸੰਭਾਵਨਾਵਾਂ ਨੂੰ ਮੁੱਖ ਰੱਖਦੇ ਹੋਏ ਨਿਸ਼ਚਿਤ ਕੀਤਾ ਗਿਆ ਹੈ । ਬਜਟ ਅਨੁਮਾਨਾਂ ਅਨੁਸਾਰ ਰਾਜ ਦੀ ਆਮਦਨ ਸਾਲ 1973-74 ਵਿਚ 2,259 ਕਰੋੜ ਰੁਪਏ ਸੀ ਜਦ ਕਿ ਸਾਲ 1972-73 ਦੇ ਦੌਰਾਨ ਇਹ ਆਮਦਨ ਸਿਰਫ਼ 1,750 ਕਰੋੜ ਰੁਪਏ ਸੀ, ਜੋ 29.1 ਫ਼ੀ ਸਦੀ ਵਾਧਾ ਜ਼ਾਹਰ ਕਰਦੀ ਹੈ। ਇਹ ਹਰ ਲਿਹਾਜ਼ ਨਾਲ ਇਕ ਬਹੁਤ ਵੱਡੀ ਪ੍ਰਾਪਤੀ ਹੈ । ਇਹ ਗੱਲ ਵੀ ਬਹੁਤ ਤਸੱਲੀਬਖ਼ਸ਼ ਹੈ ਕਿ ਸਾਲ 1966 ਨੂੰ ਆਧਾਰ ਮੰਨ ਕੇ ਪੰਜਾਬ ਵਿਚ ਕਿਰਤੀਆਂ ਸਬੰਧੀ ਖਪਤਕਾਰ ਕੀਮਤ ਸੂਚਕ ਅੰਕ ਜਨਵਰੀ, 1975 ਵਿਚ 224 ਤੋਂ ਘੱਟ ਕੇ, ਅਕਤੂਬਰ, 1975 ਵਿਚ 214 ਰਹਿ ਗਿਆ । ਇਹ ਅੰਕੜੇ ਆਮ ਵਰਤੋਂ ਦੀਆਂ ਜ਼ਰੂਰੀ ਵਸਤਾਂ ਦੀਆਂ ਪਰਚੂਨ ਕੀਮਤਾਂ ਦੇ ਝੁਕਾਅ ਉੱਤੇ ਰੋਸ਼ਨੀ ਪਾਉਂਦੇ ਹਨ ।

**ਵਿਕਾਸ ਨੀਤੀ** : ਪੰਜਾਬ ਦੀ ਆਰਥਿਕ ਤਰੱਕੀ ਜ਼ਿਆਦਾ-ਤਰ ਪੰਜਾਬ ਦੇ ਉੱਦਮੀ ਅਤੇ ਮਿਹਨਤੀ ਲੋਕਾਂ ਦੇ ਸਦਕੇ ਹੈ, ਜਿਨ੍ਹਾਂ ਨੂੰ ਪੰਜਾਬ ਸਰਕਾਰ ਦੀ ਯੋਗ ਵਿਕਾਸ ਨੀਤੀ ਦੀ ਪੂਰੀ ਪੂਰੀ ਮਦਦ ਹਾਸਲ ਹੈ। ਸਾਡੀਆਂ ਵਿਕਾਸ ਯੋਜਨਾਵਾਂ, ਤਕਨੀਕਾਂ ਦੀ ਚੋਣ, ਸਾਧਨਾਂ ਦੀ ਵੰਡ ਅਤੇ ਨਿਸ਼ਾਨਿਆਂ ਨੂੰ ਮਿੱਥਣ ਦੀ ਸੂਝਬੂਝ ਦੀ ਤਰਜਮਾਨੀ ਕਰਦੀਆਂ ਹਨ, ਤਾਂ ਜੋ ਲੰਮੇ ਅਤੇ ਥੋੜ੍ਹੇ ਸਮੇਂ ਦੇ ਮਨੋਰਥਾਂ ਅਤੇ ਟੀਚਿਆਂ, ਦੋਹਾਂ ਦੀ ਪ੍ਰਾਪਤੀ ਲਈ ਲਗਾਤਾਰ ਰਫ਼ਤਾਰ ਹੋਰ ਤੇਜ਼ ਕੀਤੀ ਜਾ ਸਕੇ । ਅਸੀਂ ਦੋ-ਪੱਖੀ ਨੀਤੀ ਬਣਾਈ ਹੈ—ਇਕ ਪਾਸੇ ਤਾਂ ਬਿਜਲੀ, ਸਿੰਜਾਈ, ਖੇਤੀਬਾੜੀ ਅਤੇ ਸਨਅਤਾਂ ਦੇ ਅਹਿਮ ਖੇਤਰਾਂ ਨੂੰ ਪਹਿਲ ਦਿੱਤੀ ਗਈ ਹੈ, ਤਾਂ ਜੋ ਬੁਨਿਆਦੀ ਆਰਥਿਕ ਢਾਂਚਾ ਉਸਾਰਿਆ ਜਾ ਸਕੇ ਅਤੇ ਦੂਜੇ ਪਾਸੇ ਹਰੀਜਨਾਂ ਤੇ ਪੱਛੜੀਆਂ ਸ਼੍ਰੇਣੀਆਂ, ਖੇਤ-ਮਜ਼ਦੂਰਾਂ ਅਤੇ ਬੇਜ਼ਮੀਨੇ ਕਾਮਿਆਂ ਅਤੇ ਦਿਹਾਤੀ ਕਾਰੀਗਰਾਂ ਸਮੇਤ ਸਮਾਜ ਦੇ ਕਮਜ਼ੋਰ ਵਰਗਾਂ ਦੀ ਭਲਾਈ ਲਈ ਕਾਫ਼ੀ ਸਰਮਾਇਆ ਮੁਹੱਈਆ ਕੀਤਾ ਗਿਆ ਹੈ । ਅਸਲ ਵਿਚ ਪੰਜਵੀਂ ਯੋਜਨਾਂ ਅਤੇ ਸਾਲਾਨਾ ਯੋਜਨਾ ਦੀ ਨੀਤੀ ਨਿਮਨ ਅਨੁਸਾਰ ਹੈ :—

(i) ਵਿਕਾਸ ਦੀ ਰਫ਼ਤਾਰ ਨੂੰ ਤੇਜ਼ ਕਰਨ ਅਤੇ ਵਿਕਾਸ ਸਮੱਰਥਾ ਵਧਾਉਣ ਦੇ ਨਜ਼ਰੀਏ ਨਾਲ ਆਰਥਿਕਤਾ ਦੇ ਬੁਨਿਆਦੀ ਖੇਤਰਾਂ ਤੇ ਬਰਾਬਰ ਜ਼ੋਰ ਦਿਤਾ ਜਾਵੇ;

(ii) ਸਨਅਤ ਨੂੰ ਪਰਮ ਪਹਿਲ ਦੇ ਕੇ ਆਰਥਿਕ ਢਾਂਚੇ ਨੂੰ ਬਹੁ-ਪੱਖੀ ਬਣਾਇਆ ਜਾਵੇ;

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

(iii) ਮਾਹਿਰ ਕਾਮਿਆਂ ਅਤੇ ਪੜ੍ਹੇ ਲਿਖੇ ਬੇ-ਰੁਜ਼ਗਾਰਾਂ ਲਈ ਰੋਜ਼ਗਾਰ ਦੇ ਵਧੇਰੇ ਮੌਕੇ ਪੈਦਾ ਕੀਤੇ ਜਾਣ; ਅਤੇ

(iv) ਸਮਾਜ ਦੇ ਵੱਖ ਵੱਖ ਵਰਗਾਂ ਅਤੇ ਰਾਜ ਦੇ ਵੱਖ ਵੱਖ ਇਲਾਕਿਆਂ ਵਿਚੋਂ ਆਰਥਿਕ ਨਾ-ਬਰਾਬਰੀ ਖ਼ਤਮ ਕਰਨ ਲਈ ਸਮਾਜ ਦੇ ਕਮਜ਼ੋਰ ਅਤੇ ਘੱਟ ਵਸੀਲਿਆਂ ਵਾਲੇ ਲੋਕਾਂ ਅਤੇ ਕਮਜ਼ੋਰ ਤੇ ਪੱਛੜੇ ਇਲਾਕਿਆਂ ਦੀ ਬਿਹਤਰੀ ਲਈ ਕਾਫ਼ੀ ਸਰਮਾਇਆ ਮੁਹੱਈਆ ਕੀਤਾ ਜਾਵੇ (ਤਾੜੀਆਂ)

ਇਸ ਨੀਤੀ ਦੇ ਮਨਸੂਬਾਬੰਦ ਉਪਰਾਲਿਆਂ ਸਦਕਾ ਰਾਜ ਦੀ ਆਰਥਿਕਤਾ ਵਿਚ ਇਕ ਅਜਿਹੀ ਰਫ਼ਤਾਰ ਅਤੇ ਸਮੱਰਥਾ ਪੈਦਾ ਕਰ ਦਿੱਤੀ ਗਈ ਹੈ, ਜਿਸ ਨਾਲ ਖ਼ੁਦ ਆਰਥਿਕਤਾ ਵਿਚੋਂ ਹੀ ਠੋਸ ਸਾਧਨ ਜੁਟਾ ਕੇ ਇਸ ਨੂੰ ਰਾਜ ਦੇ ਆਰਥਿਕ ਵਿਕਾਸ ਦਾ ਹੁੰਗਾਰਾ ਭਰਨ ਦੇ ਕਾਬਲ ਬਣਾ ਦਿੱਤਾ ਗਿਆ ਹੈ। ਪੰਜਵੀਂ ਯੋਜਨਾ ਦੇ ਪਹਿਲੇ ਤਿੰਨ ਸਾਲਾਂ ਦੇ ਦੌਰਾਨ ਯੋਜਨਾਗਤ ਖ਼ਰਚੇ ਵਿਚਲਾ ਚੋਖਾ ਵਾਧਾ ਇਸ ਗੱਲ ਤੇ ਰੋਸ਼ਨੀ ਪਾਉਂਦਾ ਹੈ। ਸਾਲ 1974-75 ਦਾ ਯੋਜਨਾਗਤ ਖ਼ਰਚ 126.58 ਕਰੋੜ ਰੁਪਏ ਤੋਂ ਵਧ ਕੇ 1975-76 ਵਿਚ 163.60 ਕਰੋੜ ਰੁਪਏ ਹੋ ਗਿਆ, ਜੋ 29.24 ਫ਼ੀ ਸਦੀ ਦਾ ਵਾਧਾ ਦਰਸਾਉਂਦਾ ਹੈ। ਸਾਲ 1976-77 ਲਈ ਤਜਵੀਜ਼ ਸ਼ੁਦਾ ਖ਼ਰਚ 219.47 ਕਰੋੜ ਰੁਪਏ ਹੈ ਜੋ ਸਾਲ 1975-76 ਦੇ ਮੁਕਾਬਲੇ ਤੇ 34.15 ਫ਼ੀ ਸਦੀ (ਤਾੜੀਆਂ) ਅਤੇ ਸਾਲ 1974-75 ਦੇ ਮੁਕਾਬਲੇ ਤੇ 73.2 ਫ਼ੀ ਸਦੀ ਵੱਧ ਹੈ। ਸਾਲ 1972-73 ਅਰਥਾਤ ਡਾ: ਜ਼ੈਲ ਸਿੰਘ ਜੀ ਦੀ ਸਰਪਰਸਤੀ ਹੇਠ ਮੌਜੂਦਾ ਸਰਕਾਰ ਦੇ ਕਾਰਜ-ਭਾਰ ਸੰਭਾਲਣ ਤੇ 86.75 ਕਰੋੜ ਰੁਪਏ ਦਾ ਇਹ ਯੋਜਨਾਗਤ ਖ਼ਰਚ 1976-77 ਵਿਚ ਵਧ ਕੇ 219.47 ਕਰੋੜ (ਤਾੜੀਆਂ) ਰੁਪਏ ਹੋ ਗਿਆ ਹੈ, ਜਿਸ ਨਾਲ ਢਾਈ ਗੁਣਾ ਵਾਧਾ ਸਪੱਸ਼ਟ ਨਜ਼ਰ ਆਉਂਦਾ ਹੈ।

**20 ਨੁਕਾਤੀ ਸਮਾਜ-ਆਰਥਿਕ ਪ੍ਰੋਗਰਾਮ—ਨਵੀਂ ਆਰਥਿਕ ਨੀਤੀ** : 1976—77 ਦੀ ਸਾਲਾਨਾ ਯੋਜਨਾ ਉਨ੍ਹਾਂ ਮਨੋਰਥਾਂ ਦੀ ਪ੍ਰਾਪਤੀ ਲਈ ਸਾਡੇ ਵੱਲੋਂ ਕੀਤੇ ਗਏ ਜਤਨਾਂ ਦੀ ਇਕ ਕੜੀ ਹੈ, ਜਿਨ੍ਹਾਂ ਦਾ ਜ਼ਿਕਰ ਮੈਂ ਪਹਿਲਾਂ ਕਰ ਚੁੱਕਾ ਹਾਂ, ਫੇਰ ਵੀ ਪਹਿਲੀ ਜੁਲਾਈ, 1975 ਨੂੰ ਸਾਡੀ ਅਜ਼ੀਮ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਜੀ ਵਲੋਂ ਏਲਾਨ ਕੀਤੇ ਨਵੇਂ 20-ਨੁਕਾਤੀ ਸਮਾਜ-ਆਰਥਿਕ ਪ੍ਰੋਗਰਾਮ ਅਨੁਸਾਰ ਇਸ ਨੂੰ ਇਕ ਨਵੀਂ ਸੇਧ, ਨਵੀਂ ਦਿਸ਼ਾ ਅਤੇ ਨਵੀਂ ਸ਼ਕਲ ਦਿੱਤੀ ਗਈ ਹੈ। ਇਸ ਪ੍ਰੋਗਰਾਮ ਦਾ ਮਨੋਰਥ ਖੇਤਾਂ ਅਤੇ ਕਾਰਖ਼ਾਨਿਆਂ ਵਿਖੇ ਹਰ ਪੱਧਰ ਤੇ ਉਤਪਾਦਨ ਵਿਚ ਵਾਧਾ ਕਰਨ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਵੱਲ ਵਿਸ਼ੇਸ਼ ਧਿਆਨ ਦੇ ਕੇ ਆਰਥਿਕ ਨਾ ਬਰਾਬਰੀ ਨੂੰ ਖ਼ਤਮ ਕਰਨਾ ਹੈ। ਲੋਕ ਰਾਜੀ ਸਮਾਜ ਵਿਚ ਅਸੀਂ ਆਰਥਿਕ ਵਿਕਾਸ ਅਤੇ ਸਮਾਜਕ ਨਿਆਂ ਦੀਆਂ ਸਮੱਸਿਆਵਾਂ ਨੂੰ ਇਕ ਦੂਜੇ ਤੋਂ ਅਲੱਗ ਨਹੀਂ ਕਰ ਸਕਦੇ। ਸਾਡੇ ਸਵਰਗਵਾਸੀ ਪ੍ਰਧਾਨ ਮੰਤਰੀ ਸ੍ਰੀ ਜਵਾਹਰ ਲਾਲ ਨਹਿਰੂ ਨੇ ਸਾਡੇ ਲਈ ਸਪੱਸ਼ਟ ਪੂਰਨੇ ਪਾਏ ਸਨ, ਜਦ ਉਨ੍ਹਾਂ ਨੇ ਇਹ ਕਿਹਾ ਸੀ, "ਕਿਸੇ ਲੋਕ ਰਾਜੀ ਆਜ਼ਾਦ ਦੇਸ਼ ਦਾ ਸਮਾਜ ਉਦੋਂ ਹੀ ਸਮਾਨਤਾਵਾਦੀ ਸਮਾਜ ਬਣਦਾ ਹੈ, ਜਦੋਂ ਉਸ ਦੇ ਹਰ ਇਕ ਸ਼ਹਿਰੀ ਨੂੰ ਚੰਗਾ ਸੁਖਾਵਾਂ ਜੀਵਨ ਮਿਲ ਸਕੇ, ਤਾਂ ਕਿ ਹਰ ਸ਼ਹਿਰੀ ਲਈ ਬਰਾਬਰੀ ਦੇ ਮੌਕੇ ਇਕ ਹਕੀਕਤ ਬਣ ਜਾਣ"। ਇਨ੍ਹਾਂ ਲੀਹਾਂ ਤੇ ਹੀ ਅਸੀਂ ਅੱਗੇ ਵਧਣ ਦੇ

Original with;
Punjab Vidhan Sabha
Digitized by;
Panjab Digital Library

ਖ਼ਾਹਿਸ਼ਮੰਦ ਹਾਂ ਅਤੇ ਅਜਿਹਾ ਕਰਨ ਸਮੇਂ ਸਾਡੀ ਕੋਸ਼ਿਸ਼ ਇਹ ਰਹੇਗੀ ਕਿ ਅਸੀਂ ਸਮਾਜ ਦੇ ਉਨ੍ਹਾਂ ਵਰਗਾਂ ਦੇ ਰਾਹ ਵਿਚੋਂ ਸਾਰੀਆਂ ਰੁਕਾਵਟਾਂ ਦੂਰ ਕਰੀਏ, ਜਿਹੜੇ ਵਰਗ ਆਰਥਿਕ ਪੱਖ ਤੋਂ ਗ਼ਰੀਬ ਅਤੇ ਸਮਾਜਕ ਪੱਖ ਤੋਂ ਪੱਛੜੇ ਰਹੇ ਹਨ ।

ਆਰਥਿਕ ਮੌਕੇ ਪੈਦਾ ਕਰਨ ਲਈ ਇਹ ਜ਼ਰੂਰੀ ਹੈ ਕਿ ਜ਼ਰਾਇਤੀ ਅਤੇ ਸਨਅਤੀ ਢਾਂਚੇ ਦੇ ਵਿਸਤਾਰ ਲਈ ਇਕ ਮੁਨਾਸਬ ਬੁਨਿਆਦੀ ਢਾਂਚਾ ਕਾਇਮ ਕੀਤਾ ਜਾਵੇ । ਜ਼ਰਾਇਤ ਅਤੇ ਸਨਅਤ ਦੋਹਾਂ ਲਈ ਬਿਜਲੀ ਇਕ ਮੁਢਲੀ ਲੋੜ ਹੈ, ਇਸ ਲਈ ਪ੍ਰਧਾਨ ਮੰਤਰੀ ਜੀ ਦੇ ਨਵੇਂ ਆਰਥਿਕ ਪ੍ਰੋਗਰਾਮ ਵਿਚ ਬਿਜਲੀ ਦੇ ਉਤਪਾਦਨ ਦੀ ਰਫ਼ਤਾਰ ਤੇਜ਼ ਕਰਨ ਅਤੇ 50 ਲੱਖ ਹੈਕਟੇਅਰ ਕਾਸ਼ਤ-ਜੋਗ ਹੋਰ ਰਕਬੇ ਨੂੰ ਸਿੰਜਾਈ ਸਹੂਲਤਾਂ ਪ੍ਰੋਗਰਾਮ ਨੂੰ ਪਹਿਲ ਦਿੱਤੀ ਗਈ ਹੈ । 1976-77 ਦੀ ਸਾਡੀ ਸਾਲਾਨਾ ਯੋਜਨਾ ਇਸੇ ਹਿਸਾਬ ਨਾਲ ਹੀ ਬਣਾਈ ਗਈ ਹੈ । 219.47 ਕਰੋੜ ਰੁਪਏ ਦੇ ਕੁਲ ਯੋਜਨਾਗਤ ਖ਼ਰਚ ਵਿਚੋਂ 108.90 ਕਰੋੜ ਰੁਪਏ ਸਿੰਜਾਈ ਅਤੇ ਬਿਜਲੀ ਲਈ ਰਖੇ ਗਏ ਹਨ, (ਤਾੜੀਆਂ) ਜਿਸ ਵਿਚ ਹੜ੍ਹ-ਕੰਟਰੋਲ ਵੀ ਸ਼ਾਮਿਲ ਹੈ, ਕੇਵਲ ਬਿਜਲੀ ਤੇ ਹੀ 90 ਕਰੋੜ ਰੁਪਏ ਖ਼ਰਚ ਕੀਤੇ ਜਾਣਗੇ । (ਤਾੜੀਆਂ)

ਰਾਜ ਵਿਚ ਸਿੰਜਾਈ ਸਹੂਲਤਾਂ ਦੇ ਇਸਤੇਮਾਲ ਲਈ ਸਾਡੇ ਕੋਲ ਕਾਫ਼ੀ ਗੁੰਜਾਇਸ਼ ਹੈ । ਅਸੀਂ ਖੇਤੀ ਦੇ ਸਭ ਤੋਂ ਨਵੇਂ ਵਿਗਿਆਨਿਕ ਅਤੇ ਤਕਨੀਕੀ ਸਾਧਨ ਸਫ਼ਲਤਾ ਨਾਲ ਗ੍ਰਹਿਣ ਕਰਨ ਦੀ ਸਮੱਰਥਾ ਵੀ ਰੱਖਦੇ ਹਾਂ । ਅਸੀਂ ਇਹ ਸਾਬਤ ਕਰ ਦਿਤਾ ਹੈ ਕਿ ਜੇ ਪੰਜਾਬ ਦੇ ਕਿਸਾਨਾਂ ਨੂੰ ਲੋੜੀਂਦੇ ਕਰਜ਼ੇ, ਖਾਦ ਪਦਾਰਥ, ਵਿਗਿਆਨਕ ਜਾਣਕਾਰੀ, ਵਿਸਤਾਰ ਸੇਵਾਵਾਂ ਅਤੇ ਸਿੰਜਾਈ ਸਹੂਲਤਾਂ ਮਿਲ ਜਾਣ ਤਾਂ ਅਸੀਂ ਦੇਸ਼ ਦੀ ਅਨਾਜ ਸਬੰਧੀ ਲੋੜ ਨੂੰ ਕਾਫ਼ੀ ਹੱਦ ਤਕ ਪੂਰਾ ਕਰ ਸਕਦੇ ਹਾਂ । ਸਾਨੂੰ ਇਸ ਗੱਲ ਦਾ ਮਾਣ ਹੈ ਕਿ ਅਸੀਂ ਕੇਂਦਰੀ ਕਣਕ ਭੰਡਾਰ ਵਿਚ 60 ਫ਼ੀ ਸਦੀ ਹਿੱਸਾ ਪਾਉਂਦੇ ਹਾਂ ਅਤੇ ਕੇਂਦਰੀ ਚਾਵਲ ਭੰਡਾਰ ਵਿਚ ਸਭ ਤੋਂ ਵਧ ਹਿੱਸਾ ਪਾ ਰਹੇ ਹਾਂ । ਮਾਨਯੋਗ ਮੈਂਬਰ ਸਾਡੇ ਮੁੱਖ ਮੰਤਰੀ ਡਾ: ਜ਼ੈਲ ਸਿੰਘ ਜੀ ਨੂੰ ਇਸ ਗੱਲ ਦੀ ਵਧਾਈ ਦੇਣ ਵਿਚ ਮੇਰੇ ਨਾਲ ਸ਼ਾਮਿਲ ਹੋਣਗੇ ਕਿ ਉਨ੍ਹਾਂ ਨੇ ਜੰਮੂ ਅਤੇ ਕਸ਼ਮੀਰ ਦੇ ਮੁੱਖ ਮੰਤਰੀ, ਸ਼ੇਖ਼ ਅਬਦੁੱਲਾ (ਤਾੜੀਆਂ) ਜੀ ਨਾਲ ਥੀਨ ਡੈਮ ਦੀ ਉਸਾਰੀ ਬਾਰੇ ਇਕ ਕਾਮਯਾਬ ਮੁਆਹਿਦਾ ਕੀਤਾ ਹੈ, ਜਿਸ ਨਾਲ ਸਾਡੀ ਸਿੰਜਾਈ ਅਤੇ ਬਿਜਲੀ ਦੀ ਸਮੱਰਥਾ ਬਹੁਤ ਵਧ ਜਾਵੇਗੀ । ਸਾਨੂੰ ਆਸ ਹੈ ਕਿ ਥੀਨ ਡੈਮ ਦਾ ਕੰਮ ਤੇਜ਼ੀ ਨਾਲ ਸ਼ੁਰੂ ਕਰ ਦਿੱਤਾ ਜਾਵੇਗਾ ਤਾਂ ਜੋ ਇਸ ਕੰਮ ਨੂੰ ਛੇਤੀ ਨੇਪਰੇ ਚਾੜ੍ਹਿਆ ਜਾ ਸਕੇ । ਸਤਿਕਾਰਯੋਗ ਮੈਂਬਰਾਂ ਨੂੰ ਇਹ ਦੱਸਣ ਵਿਚ ਮੈਨੂੰ ਖ਼ੁਸ਼ੀ ਮਹਿਸੂਸ ਹੋ ਰਹੀ ਹੈ ਕਿ ਅਸੀਂ ਹਿਮਾਚਲ ਪ੍ਰਦੇਸ਼ ਸਰਕਾਰ ਨਾਲ ਵੀ ਸ਼ਾਨਨ ਵਿਸਤਾਰ ਪ੍ਰਾਜੈਕਟ ਬਾਰੇ ਮੁਆਹਿਦਾ ਕਰ ਲਿਆ ਹੈ ਅਤੇ ਆਉਣ ਵਾਲੀਆਂ ਗਰਮੀਆਂ ਵਿਚ ਇਸ ਪ੍ਰਾਜੈਕਟ ਤੇ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ । (ਤਾੜੀਆਂ)

ਜਿਥੇ 20 ਨੁਕਾਤੀ ਸਮਾਜ ਆਰਥਿਕ ਪ੍ਰੋਗਰਾਮ ਆਰਥਿਕ ਬੁਨਿਆਦੀ ਢਾਂਚੇ ਦੀ ਉਸਾਰੀ ਦੀ ਮਹੱਤਤਾ ਤੇ ਜ਼ੋਰ ਦੇਂਦਾ ਹੈ, ਉਥੇ ਉਤਪਾਦਨ ਵਿਚ ਕਿਸਾਨਾਂ ਅਤੇ ਕਾਮਿਆਂ ਦੀ ਸਿਧੀ ਸ਼ਮੂਲੀਅਤ ਤੇ ਵੀ ਉਨਾਂ ਹੀ ਜ਼ੋਰ ਦੇਂਦਾ ਹੈ । ਇਸ ਮਨੋਰਥ ਦੀ ਪ੍ਰਾਪਤੀ ਲਈ ਇਸ ਪ੍ਰੋਗਰਾਮ ਵਿਚ ਦਿਹਾਤੀ ਕਰਜ਼ੇ ਖ਼ਤਮ ਕਰਨਾ, ਖੇਤ-ਮਜ਼ਦੂਰਾਂ ਦੀਆਂ ਵੱਧ ਤੋਂ ਵੱਧ ਉਜਰਤਾਂ ਮੁਕਰੱਰ ਕਰਨ ਸਬੰਧੀ ਕਾਨੂੰਨਾਂ ਤੇ ਨਜ਼ਰਸਾਨੀ ਅਤੇ ਸਨਅਤ ਤੇ

Original with;
Punjab Vidhan Sabha
Digitized by;
Panjab Digital Library

ਵਿੱਤ ਮੰਤਰੀ]

ਸਿਖਿਆਰਥੀ ਸਕੀਮ ਵਿਚ ਮਜ਼ਦੂਰਾਂ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਲਈ ਖ਼ਾਸ ਤੌਰ ਤੇ ਮੌਕੇ ਮੁਹੱਈਆ ਕਰਨਾ ਸ਼ਾਮਿਲ ਹੈ। ਇਨ੍ਹਾਂ ਸਾਰੇ ਖੇਤਰਾਂ ਵਿਚ ਸਰਕਾਰ ਨੇ ਤਾਮੀਰੀ ਅਤੇ ਬਰਵਕਤ ਕਦਮ ਚੁੱਕੇ ਹਨ।

**ਦਿਹਾਤੀ ਕਰਜ਼ੇ** : ਪੰਜਾਬ ਜ਼ਰਾਇਤੀ ਕਰਜ਼ਦਾਰੀ ਰਾਹਤ ਕਾਨੂੰਨ 1975, 13 ਅਗਸਤ, 1975 ਤੋਂ ਲਾਗੂ ਕਰ ਦਿਤਾ ਗਿਆ ਹੈ। ਇਸ ਐਕਟ ਵਿਚ ਬੇ-ਜ਼ਮੀਨੇ ਮਜ਼ਦੂਰਾਂ, ਦੋ ਹੈਕਟੇਅਰ ਤੋਂ ਘਟ ਭੋਂ ਵਾਲੇ ਛੋਟੇ ਤੇ ਮਾਰਜਨਲ ਕਿਸਾਨਾਂ ਅਤੇ ਦਿਹਾਤੀ ਕਾਰੀਗਰਾਂ ਦੇ ਕਰਜ਼ੇ ਖਤਮ ਕਰਨ ਅਤੇ ਕਰਜ਼ਿਆਂ ਦੀ ਵਸੂਲੀ ਦੀ ਮਿਆਦ ਵਧਾਉਣ ਦਾ ਉਪਬੰਧ ਹੈ। ਸਹਿਕਾਰੀ ਵਪਾਰਕ ਬੈਂਕਾਂ ਅਤੇ ਸਰਕਾਰ ਤੋਂ ਲਏ ਗਏ ਕਰਜ਼ੇ ਤੋਂ ਬਿਨਾਂ, ਬਾਕੀ ਰਹਿੰਦੇ ਦਿਹਾਤੀ ਕਰਜ਼ਿਆਂ ਦਾ ਅੰਦਾਜ਼ਾ ਲਾਉਣ ਲਈ ਨਮੂਨੇ ਵਜੋਂ ਰਾਜ ਦੇ ਚੁਣੇ 8 ਪਿੰਡਾਂ ਵਿਚ, ਜੁਲਾਈ, 1975 ਵਿਚ ਅਰਥ ਤੇ ਅੰਕੜਾ ਸੰਸਥਾ, ਪੰਜਾਬ ਵਲੋਂ ਕੀਤੇ ਸਰਸਰੀ ਸਰਵੇਖਣ ਦੇ ਆਧਾਰ ਤੇ ਇਹ ਅਨੁਮਾਨ ਲਾਇਆ ਗਿਆ ਹੈ ਕਿ ਇਹ ਐਕਟ ਲਾਗੂ ਹੋਣ ਨਾਲ ਲਗ ਭਗ 11 ਲੱਖ ਦਿਹਾਤੀ ਪਰਵਾਰ ਕਰਜ਼ਦਾਰੀ ਦੀਆਂ ਜੰਜੀਰਾਂ ਤੋਂ ਆਜ਼ਾਦ ਹੋ ਜਾਣਗੇ। (ਤਾੜੀਆਂ) ਅਜਿਹੇ ਹਾਲਾਤ ਅਜੇ ਵੀ ਮੌਜੂਦ ਹਨ ਜਿਨ੍ਹਾਂ ਨੇ ਦਿਹਾਤੀ ਪਰਵਾਰਾਂ ਨੂੰ ਪਿੰਡ ਦੇ ਸ਼ਾਹੂਕਾਰਾਂ ਪਾਸੋਂ ਕਰਜ਼ਾ ਲੈਣ ਲਈ ਮਜ਼ਬੂਰ ਕੀਤਾ ਸੀ। ਉਨ੍ਹਾਂ ਦੀਆਂ ਕਰਜ਼ੇ ਦੀਆਂ ਲੋੜਾਂ ਪੂਰੀਆਂ ਕਰਨ ਲਈ ਵਪਾਰਕ ਅਤੇ ਸਹਿਕਾਰੀ ਬੈਂਕਾਂ, ਭੋਂ ਅਤੇ ਹਰੀਜਨ ਵਿਕਾਸ ਕਾਰਪੋਰੇਸ਼ਨ ਅਤੇ ਦਿਹਾਤੀ ਬੈਂਕਾਂ ਰਾਹੀਂ ਮੁਤਬਾਦਲ ਇੰਤਜ਼ਾਮ ਕੀਤਾ ਜਾ ਰਿਹਾ ਹੈ। ਸ਼ਹਿਰੀ ਇਲਾਕਿਆਂ ਦੇ ਕਮਜ਼ੋਰ ਵਰਗਾਂ ਦਾ ਕਰਜ਼ਾ ਮੁਕਾਉਣ ਦੇ ਸਿਲਸਿਲੇ ਵਿਚ ਕੇਂਦਰੀ ਕਾਨੂੰਨ ਦੀ ਉਡੀਕ ਹੈ।

**ਜ਼ਰਾਇਤੀ ਉਜਰਤਾਂ**—ਪੰਜਾਬ ਵਿਚ ਕਾਮਿਆਂ ਦੀ ਬਹੁ-ਗਿਣਤੀ ਖੇਤੀ ਦਾ ਕੰਮ ਕਰਦੀ ਹੈ। ਇਸ ਲਈ ਜ਼ਰਾਇਤੀ ਖੁਸ਼ਹਾਲੀ ਦਾ ਦਾਰੋਮਦਾਰ ਕਾਮਿਆਂ ਦੀ ਚੰਗੀ ਉਜਰਤ ਤੇ ਨਿਰਭਰ ਹੈ। ਉਨ੍ਹਾਂ ਦੀ ਉਜਰਤ ਵਿਚ 20 ਫੀ ਸਦੀ ਦਾ ਵਾਧਾ ਕਰ ਦਿਤਾ ਗਿਆ ਹੈ ਅਤੇ ਇਨ੍ਹਾਂ ਨੂੰ 75 ਪੈਸੇ ਫੀ ਪੁਆਇੰਟ ਦੇ ਹਿਸਾਬ ਨਾਲ ਮਹਿੰਗਾਈ ਨਾਲ ਜੋੜ ਦਿਤਾ ਗਿਆ ਹੈ। ਇਸ ਕਾਨੂੰਨ ਤੇ ਅਮਲ ਕਰਾਉਣ ਲਈ ਹਰ ਜ਼ਿਲ੍ਹੇ ਵਿਚ ਲੇਬਰ-ਕਮ-ਕਨਸੀਲੀਏਸ਼ਨ ਅਫਸਰ ਮੁਕੱਰਰ ਕਰ ਦਿਤੇ ਗਏ ਹਨ। (ਤਾੜੀਆਂ)

**ਕਾਮਿਆਂ ਦੀ ਸ਼ਮੂਲੀਅਤ**—ਕਾਰਖਾਨੇ ਦੇ ਹਰ ਭਾਗ ਵਿਚ (op floor to Plant Level) ਕਾਮਿਆਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਲਈ 94 ਕਾਰਖਾਨਿਆਂ ਵਿਚ ਵਖ ਵਖ ਉਤਪਾਦਨ ਕਮੇਟੀਆਂ ਕਾਇਮ ਕੀਤੀਆਂ ਗਈਆਂ ਹਨ।

**ਸਿਖਲਾਈ ਸਕੀਮਾਂ**—ਸਿਖਲਾਈ ਐਕਟ 1961 (Apprenticeship Act, 1961) ਦੇ ਦਾਇਰੇ ਤੋਂ ਬਾਹਰ ਦੀ ਇਕ ਸਿਖਲਾਈ ਵਿਸਤਾਰ ਸਕੀਮ ਦੇ ਨਾਲ ਨਾਲ ਪੰਜ ਗਸ਼ਤੀ ਤਕਨੀਕੀ ਸਿਖਿਆ ਕੇਂਦਰ ਸ਼ੁਰੂ ਕਰਨ ਦੀ ਮਨਜ਼ੂਰੀ ਦੇ ਦਿਤੀ ਗਈ ਹੈ। ਇਸ ਸਕੀਮ ਅਧੀਨ ਵਖ ਵਖ ਅਦਾਰਿਆਂ ਵਿਚ ਇੰਜੀਨੀਅਰਿੰਗ ਅਤੇ ਗੈਰ-

Original with;
Punjab Vidhan Sabha
Digitized by;
Panjab Digital Library

ਇੰਜੀਨੀਅਰਿੰਗ ਕਿਤਿਆਂ ਵਿਚ ਸਿਖਿਆਰਥੀਆਂ ਦੀ ਕੁਲ ਗਿਣਤੀ ਵਧ ਕੇ 1.3 ਲਖ ਹੋ ਗਈ ਹੈ। ਸਾਲ 1976-77 ਵਿਚ ਭਿੰਨ ਭਿੰਨ ਇੰਜੀਨੀਅਰਿੰਗ ਤੇ ਗੈਰ-ਇੰਜੀਨੀਅਰਿੰਗ ਕਿਤਿਆਂ ਵਿਚ 1500 ਹੋਰ ਸਿਖਿਆਰਥੀਆਂ ਨੂੰ ਸਿਖਲਾਈ ਦੇਣ ਦੀ ਤਜਵੀਜ਼ ਹੈ।

ਇਸ ਤੋਂ ਇਲਾਵਾ, ਭੋਂ-ਸੁਧਾਰ ਕਾਨੂੰਨਾਂ ਤੇ ਸਖਤੀ ਨਾਲ ਅਮਲ ਕਰਾਉਣ ਅਤੇ ਫ਼ਾਲਤੂ ਜ਼ਮੀਨ ਵੰਡਣ ਦੇ ਕੰਮ ਨੂੰ ਵੀ ਤੇਜ਼ ਕੀਤਾ ਜਾ ਰਿਹਾ ਹੈ। ਸ਼ਹਿਰੀ ਜ਼ਮੀਨਾਂ ਦੀ ਹਦ ਮੁਕਰਰ ਕਰਨ ਅਤੇ ਸਮਾਜੀਕਰਣ ਦੇ ਬਾਰੇ ਵਿਚ ਕੇਂਦਰੀ ਕਾਨੂੰਨ ਦੀ ਉਡੀਕ ਹੈ। ਉਮੀਦ ਹੈ ਕਿ ਉਹ ਕਾਨੂੰਨ ਜਲਦੀ ਹੀ ਪਾਰਲੀਮੈਂਟ ਦੇ ਮੌਜੂਦਾ ਸੈਸ਼ਨ ਵਿਚ ਪਾਸ ਹੋ ਜਾਵੇਗਾ। ਸਮਾਜ ਦੇ ਕਮਜ਼ੋਰ ਵਰਗਾਂ ਦੀਆਂ ਬੁਨਿਆਦੀ ਤੇ ਤੁਰੰਤ ਲੋੜਾਂ ਨੂੰ ਅਨੇਕਾਂ ਸਕੀਮਾਂ ਰਾਹੀਂ ਪੂਰਾ ਕਰਨ ਅਤੇ ਸਮਾਜਕ ਨਿਆਂ ਸੁਰਖਿਅਤ ਕਰਨ ਲਈ ਮਹਤਵਪੂਰਣ ਉਪਾਅ ਵੀ ਕੀਤੇ ਜਾ ਰਹੇ ਹਨ। ਇਨ੍ਹਾਂ ਵਿਚ ਜ਼ਰੂਰੀ ਵਸਤਾਂ ਦੀ ਵਾਜਬ ਕੀਮਤਾਂ ਤੇ ਵੰਡ, ਆਮ ਜਨਤਾ ਦੇ ਇਸਤੇਮਾਲ ਦੇ ਕਪੜੇ ਦੀ ਕੁਆਲਟੀ ਤੇ ਸਪਲਾਈ ਵਿਚ ਸੁਧਾਰ, ਬੇ-ਜ਼ਮੀਨੇ ਤੇ ਕਮਜ਼ੋਰ ਵਰਗਾਂ ਦੇ ਲੋਕਾਂ ਨੂੰ ਮਕਾਨਾਂ ਲਈ ਥਾਂ ਦੇਣ ਦੇ ਕੰਮ ਨੂੰ ਤੇਜ਼ ਕਰਨਾ, ਹੋਸਟਲਾਂ ਵਿਚ ਰਹਿ ਰਹੇ ਵਿਦਿਆਰਥੀਆਂ ਨੂੰ ਕੰਟਰੋਲ ਸ਼ੁਦਾ ਕੀਮਤਾਂ ਤੇ ਜ਼ਰੂਰੀ ਵਸਤਾਂ ਸਪਲਾਈ ਕਰਨਾ ਅਤੇ ਵਿਦਿਆਰਥੀਆਂ ਨੂੰ ਕੰਟਰੋਲ ਸ਼ੁਦਾ ਕੀਮਤਾਂ ਤੇ ਪੁਸਤਕਾਂ ਤੇ ਲਿਖਣ-ਸਮੱਗਰੀ ਮੁਹੱਈਆ ਕਰਨਾ ਸ਼ਾਮਿਲ ਹੈ। ਇਨ੍ਹਾਂ ਉਪਾਵਾਂ ਨੂੰ ਅਮਲੀ ਰੂਪ ਦੇ ਕੇ ਅਸੀਂ ਦੇਸ਼ ਭਰ ਵਿਚ ਇਕ ਅਹਿਮ ਹੈਸੀਅਤ ਹਾਸਲ ਕਰ ਲਈ ਹੈ।

20 **ਨੁਕਾਤੀ ਸਮਾਜ-ਆਰਥਿਕ ਪਲਾਨ ਅਤੇ ਬਜਟ**—20 ਨੁਕਾਤੀ ਪ੍ਰੋਗਰਾਮ ਨੂੰ ਅਮਲੀ ਰੂਪ ਦੇਣ ਲਈ 1976-77 ਦੇ ਬਜਟ ਅਨੁਮਾਨਾਂ ਵਿਚ ਰਖੀ ਗਈ ਰਕਮ ਅਤੇ ਸਾਲ 1975-76 ਦੀ ਰਕਮ ਵਿਚ ਵਾਧੇ ਦਾ ਮੈਂ ਜ਼ਿਕਰ ਕਰਨਾ ਚਾਹਾਂਗਾ। ਇਸ ਪ੍ਰੋਗਰਾਮ ਨੂੰ ਕਾਮਯਾਬ ਕਰਨ ਦੇ ਮਨੋਰਥ ਨੂੰ ਖਾਸ ਤੌਰ ਤੇ ਸਾਹਮਣੇ ਰਖਿਆ ਗਿਆ ਹੈ ਅਤੇ ਜਿਥੇ ਕਿਤੇ ਵੀ ਸੰਭਵ ਹੋ ਸਕਿਆ ਹੈ, ਮਾਲੀ ਉਪਬੰਧ ਸਮੇਤ ਵਾਸਤਵਿਕ ਟੀਚੇ ਇਸ ਤਰ੍ਹਾਂ ਮਿਥੇ ਗਏ ਹਨ ਕਿ ਆਰਥਿਕ ਸਰਗਰਮੀ ਦੇ ਉਨ੍ਹਾਂ ਖੇਤਰਾਂ ਦੀ ਤਰੱਕੀ ਤੇਜ਼ ਕੀਤੀ ਜਾਵੇ, ਜਿਹੜੇ ਕਿ ਇਸ ਪ੍ਰੋਗਰਾਮ ਅਨੁਸਾਰ ਉਚੇਚਾ ਧਿਆਨ ਮੰਗਦੇ ਹਨ। ਇਸ ਪ੍ਰੋਗਰਾਮ ਦੇ ਦਾਇਰੇ ਵਿਚ ਆਉਣ ਵਾਲੀਆਂ ਸਕੀਮਾਂ ਨੂੰ ਲਾਗੂ ਕਰਨ ਲਈ ਸਾਲ 1976-77 ਲਈ ਕੀਤਾ ਗਿਆ ਕੁਲ ਉਪਬੰਧ 125.25 ਕਰੋੜ ਰੁਪਏ ਹੈ, ਜਿਸ ਵਿਚੋਂ 120.31 ਕਰੋੜ ਰੁਪਏ ਸਾਲਾਨਾ ਯੋਜਨਾਗਤ ਖਰਚ ਵਿਚ ਅਤੇ 4.94 ਕਰੋੜ ਰੁਪਏ ਨਾਨ-ਪਲਾਨ ਲੇਖੇ ਵਿਚ ਸ਼ਾਮਿਲ ਹਨ। ਭਿੰਨ-ਭਿੰਨ ਸਕੀਮਾਂ ਤੇ ਕੀਤੇ ਜਾਣ ਵਾਲੇ ਖਰਚ ਦਾ ਵੇਰਵਾ "ਬਜਟ ਅਤੇ 20 ਨੁਕਾਤੀ ਸਮਾਜ-ਆਰਥਿਕ ਪ੍ਰੋਗਰਾਮ" ਨਾਂ ਦੇ ਦਸਤਾਵੇਜ਼ ਵਿਚ ਦਰਸਾਇਆ ਗਿਆ ਹੈ, ਜਿਹੜਾ ਕਿ ਸਤਿਕਾਰਯੋਗ ਮੈਂਬਰਾਂ ਵਿਚ ਤਕਸੀਮ ਕਰ ਦਿਤਾ ਗਿਆ ਹੈ। ਇਹ ਠੋਸ ਮਾਲੀ ਉਪਬੰਧ ਇਸ ਸਮਾਜਵਾਦੀ ਪ੍ਰੋਗਰਾਮ ਨੂੰ ਤੇਜ਼ੀ ਨਾਲ ਲਾਗੂ ਕਰਨ ਵਿਚ ਸਹਾਇਕ ਹੋਣਗੇ ਅਤੇ ਸਾਡੀ ਉਤਪਾਦਨ ਦੀ ਪਧਰ ਨੂੰ ਉਚਾ ਚੁਕਣਗੇ ਤੇ ਲੋਕ-ਭਲਾਈ ਦੇ ਪ੍ਰਾਜੈਕਟਾਂ ਵਿਚ ਵਾਧਾ ਕਰਨਗੇ। ਇਸ ਪ੍ਰੋਗਰਾਮ ਦਾ ਏਲਾਨ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਜੀ ਵਲੋਂ 1 ਜੁਲਾਈ, 1975 ਨੂੰ ਕੀਤਾ ਗਿਆ ਸੀ। ਇਸ ਲਈ ਚਾਲੂ ਮਾਲੀ ਸਾਲ ਵਿਚ ਵੀ ਸਾਨੂੰ 4.64 ਕਰੋੜ ਰੁਪਏ ਦਾ ਵਧੇਰੇ ਖਰਚ ਅੰਦਰੂਨੀ ਐਡਜਸਟਮੈਂਟ ਨਾਲ ਕਰਨਾ ਪਿਆ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

**ਪਰਿਵਾਰ ਨਿਯੋਜਨ**—ਪਰਿਵਾਰ ਨਿਯੋਜਨ ਨੂੰ ਭਾਵੇਂ ਨਵੇਂ ਆਰਥਿਕ ਪ੍ਰੋਗਰਾਮ ਵਿਚ ਇਕ ਖਾਸ ਅਤੇ ਵਖਰੇ ਨੁਕਤੇ ਦੇ ਤੌਰ ਤੇ ਸ਼ਾਮਲ ਨਹੀਂ ਕੀਤਾ ਗਿਆ, ਤਾਂ ਵੀ ਇਸ ਪ੍ਰੋਗਰਾਮ ਦੀ ਕਾਮਯਾਬੀ ਲਈ ਪਰਿਵਾਰ ਨਿਯੋਜਨ ਇਕ ਅਹਿਮ ਮੁਕਾਮ ਰਖਦਾ ਹੈ। ਰਾਜ ਦੀ ਆਮਦਨ ਵਿਚ ਚੋਖਾ ਵਾਧਾ ਹੋਣ ਦੇ ਬਾਵਜੂਦ ਜੀਅ ਪ੍ਰਤੀ ਆਮਦਨ ਦੇ ਵਾਧੇ ਦੀ ਘਟ ਦਰ ਹੋਣ ਦਾ ਮੁਖ ਕਾਰਨ ਵਧ ਰਹੀ ਆਬਾਦੀ ਹੈ। ਇਸ ਲਈ ਪਰਿਵਾਰ ਨਿਯੋਜਨ ਦੇ ਪ੍ਰੋਗਰਾਮ ਨੂੰ ਅਜਿਹੀ ਸ਼ਕਲ ਦੇਣੀ ਪਵੇਗੀ ਜਿਸ ਨਾਲ ਪਰਿਵਾਰ ਭਲਾਈ ਲਈ ਇਸ ਦੀ ਮਹੱਤਤਾ ਬਾਰੇ ਲੋਕਾਂ ਵਿਚ ਨਵੀਂ ਜਾਗ੍ਰਤੀ ਪੈਦਾ ਕੀਤੀ ਜਾ ਸਕੇ। ਜਨਮ-ਦਰ ਘਟਾਉਣ ਲਈ ਪ੍ਰੇਰਨਾ ਅਤੇ ਤਾੜਨਾ ਕਰਨ ਸਬੰਧੀ ਠੋਸ ਅਤੇ ਨਵੇਂ ਉਪਾਅ ਕਰਨੇ ਪੈਣਗੇ। ਵਧ ਰਹੀਂ ਆਬਾਦੀ ਲਈ ਜ਼ਰੂਰਤ ਦੀਆਂ ਵਸਤਾਂ ਜੁਟਾਣ ਲਈ ਵਧੇਰੇ ਸਾਧਨਾਂ ਦੀ ਲੋੜ ਹੁੰਦੀ ਹੈ। ਇਸ ਤਰ੍ਹਾਂ ਉਨ੍ਹਾਂ ਨੂੰ ਲਾਹੇਵੰਦਾ ਰੋਜ਼ਗਾਰ ਮੁਹੱਈਆ ਕਰਨ ਲਈ ਸਰਮਾਇਆ ਲਾਉਣ ਦੇ ਉਪਲਬਧ ਸਾਧਨਾਂ ਵਿਚ ਕਮੀ ਹੋ ਜਾਂਦੀ ਹੈ। ਇਸ ਲਈ, ਅਸੀਂ ਇਸ ਪ੍ਰੋਗਰਾਮ ਨੂੰ ਆਪਣੀ ਵਿਕਾਸ ਨੀਤੀ ਵਿਚ ਸ਼ਾਮਿਲ ਕਰ ਲਿਆ ਹੈ ਅਤੇ ਇਸ ਨੂੰ ਆਰਥਿਕ ਪ੍ਰੋਗਰਾਮ ਦੇ ਹਿਸੇ ਵਜੋਂ ਅਪਣਾ ਲਿਆ ਹੈ।

ਮੈਂ ਹੁਣ ਸਤਿਕਾਰ ਯੋਗ ਮੈਂਬਰਾਂ ਨੂੰ ਕੁਝ ਕੁ ਮਹੱਤਵ-ਪੂਰਨ ਖੇਤਰਾਂ ਵਿਚ ਸਾਲ 1975-76 ਦੇ ਦੌਰਾਨ ਕੀਤੀਆਂ ਪ੍ਰਾਪਤੀਆਂ ਅਤੇ ਸਾਲ 1976-77 ਲਈ ਤਜਵੀਜ਼ ਕੀਤੇ ਗਏ ਟੀਚਿਆਂ ਤੇ 1976-77 ਲਈ ਕੀਤੇ ਮਾਲੀ ਉਪਬੰਧਾਂ ਤੋਂ ਜਾਣੂ ਕਰਾਉਣਾ ਚਾਹਾਂਗਾ।

**ਬਿਜਲੀ**— ਭਾਖੜਾ ਝੀਲ 1975-76 ਦੇ ਸਮੇਂ ਦੇ ਦੌਰਾਨ 1687.3 ਫੁਟ ਦੇ ਲੈਵਲ ਤਕ ਭਰ ਗਈ ਸੀ, ਜੋ ਇਕ ਰਿਕਾਰਡ ਹੈ, ਜਿਸ ਨਾਲ ਬਿਜਲੀ ਉਤਪਾਦਨ ਵਿਚ ਵੀ ਵਾਧਾ ਹੋਇਆ। ਗੁਰੂ ਨਾਨਕ ਥਰਮਲ ਪਲਾਂਟ, ਬਠਿੰਡਾ ਦਾ 110 ਮੈਗਾਵਾਟ ਸਮਰੱਥਾ ਵਾਲਾ ਦੂਜਾ ਯੂਨਿਟ ਅਕਤੂਬਰ, 1975 ਵਿਚ ਚਾਲੂ ਕਰ ਦਿਤਾ ਗਿਆ ਸੀ। "ਸ਼ਾਨਨ ਬਿਜਲੀ ਘਰ" ਦੀਆਂ 40 ਸਾਲਾ ਪੁਰਾਣੀਆਂ 4 ਮਸ਼ੀਨਾ, ਜਿਨ੍ਹਾਂ ਦੀ ਨਿਸ਼ਚਿਤ ਸਮਰਥਾ 12 ਮੈਗਾਵਾਟ ਪ੍ਰਤੀ ਮਸ਼ੀਨ ਤੋਂ ਘਟ ਕੇ 9 ਮੈਗਾਵਾਟ ਰਹਿ ਗਈ ਸੀ, ਵਿਚ ਤਿੰਨ ਮਸ਼ੀਨਾਂ ਦੀ ਮੁਰੰਮਤ ਮੁਕੰਮਲ ਹੋ ਚੁਕੀ ਹੈ ਅਤੇ ਚੌਥੀ ਮਸ਼ੀਨ ਦੀ ਮੁਰੰਮਤ ਚਾਲੂ ਸਾਲ ਦੇ ਦੌਰਾਨ ਮੁਕੰਮਲ ਹੋ ਜਾਵੇਗੀ, ਜਿਸ ਨਾਲ, "ਸ਼ਾਨਨ ਬਿਜਲੀ ਘਰ" ਦੀ ਸਮਰੱਥਾ ਮੁੜ ਵਧ ਕੇ 48 ਮੈਗਾਵਾਟ ਹੋ ਜਾਵੇਗੀ।

ਗੁਰੂ ਨਾਨਕ ਥਰਮਲ ਪਲਾਂਟ, ਬਠਿੰਡਾ ਦਾ 110 ਮੈਗਾਵਾਟ ਦਾ ਤੀਜਾ ਯੂਨਿਟ ਜਿਸ ਤੇ ਕੰਮ ਚਲ ਰਿਹਾ ਹੈ, ਸਤੰਬਰ, 1977 ਵਿਚ ਚਾਲੂ ਹੋ ਜਾਵੇਗਾ ਅਤੇ ਚੌਥਾ ਯੂਨਿਟ ਇਸ ਦੇ ਇਕ ਸਾਲ ਬਾਅਦ ਚਾਲੂ ਕਰ ਦਿਤਾ ਜਾਵੇਗਾ। ਸਾਲ 1973-74 ਵਿਚ ਅਨੰਦਪੁਰ ਸਾਹਿਬ ਹਾਈਡਲ ਪ੍ਰਾਜੈਕਟ ਦਾ ਕੰਮ ਸ਼ੁਰੂ ਕੀਤਾ ਗਿਆ ਸੀ ਜੋ ਕਿ ਹੁਣ ਪੂਰੇ ਜ਼ੋਰਾਂ ਤੇ ਚਲ ਰਿਹਾ ਹੈ।

ਪੰਜਾਬ ਰਾਜ ਬਿਜਲੀ ਬੋਰਡ ਨੇ ਰਾਜ ਦੇ ਸਾਰੇ ਪਿੰਡਾਂ ਨੂੰ ਬਿਜਲੀ ਦੇਣ ਲਈ ਦਿਹਾਤੀ ਬਿਜਲੀਕਰਣ ਦਾ ਇਕ ਵਡਾ ਪ੍ਰੋਗਰਾਮ ਸ਼ੁਰੂ ਕੀਤਾ ਹੈ। ਦਿਹਾਤੀ ਬਿਜਲੀਕਰਣ ਕਾਰਪੋਰੇਸ਼ਨ

Original with;
Punjab Vidhan Sabha
Digitized by;
Panjab Digital Library

ਤੋਂ ਅਸੀਂ ਚੋਖੇ ਫੰਡ ਪ੍ਰਾਪਤ ਕਰਨ ਲਈ ਜਤਨ ਕਰ ਰਹੇ ਹਾਂ ਅਤੇ ਆਉਣ ਵਾਲੇ ਦੋ ਸਾਲਾਂ ਵਿਚ ਪੰਜਾਬ ਦੇ ਸਾਰੇ ਬਾਕੀ 4,000 ਪਿੰਡਾਂ ਨੂੰ ਬਿਜਲੀ ਪਹੁੰਚਾਉਣ ਦਾ ਟੀਚਾ ਹੈ ।

**ਸਿੰਜਾਈ**—"ਅਪਰ-ਬਾਰੀ ਦੁਆਬ ਨਹਿਰ ਦੇ ਇਲਾਕੇ ਦੇ ਰਕਬੇ ਦੀ ਮੌਸਮੀ ਸਿੰਜਾਈ ਦੇ ਵਿਸਤਾਰ" ਦੀ ਸਕੀਮ ਉਤੇ ਜ਼ੋਰਾਂ ਨਾਲ ਕੰਮ ਹੋ ਰਿਹਾ ਹੈ ਜਿਸ ਦੇ ਮੁਕੰਮਲ ਹੋਣ ਤੇ 5.80 ਲੱਖ ਏਕੜ ਹੋਰ ਰਕਬਾ ਸਿੰਜਿਆ ਜਾ ਸਕੇਗਾ । ਸਾਲ 1975 ਦੇ ਦੌਰਾਨ ਰਾਵੀ-ਬਿਆਸ ਦੇ ਵਾਫਰ ਪਾਣੀ ਦੀ ਵਰਤੋਂ ਦੀ ਸਕੀਮ ਅਧੀਨ 6,000 ਏਕੜ ਹੋਰ ਰਕਬਾ ਸਿੰਜਾਈ ਅਧੀਨ ਲਿਆਂਦਾ ਜਾਵੇਗਾ । ਸਰਕਾਰ ਦੁਆਰਾ ਪਾਣੀ ਸਿੰਮਣ ਨੂੰ ਘਟਾਉਣ, ਜਾਲਾ ਪੈਣ ਤੋਂ ਰੋਕਣ, ਸੇਮ ਤੋਂ ਬਚਾਉਣ ਲਈ ਖਾਲਾਂ ਨੂੰ ਪੱਕਾ ਕਰਨ ਵਲ ਪੂਰਾ ਧਿਆਨ ਦਿੱਤਾ ਜਾ ਰਿਹਾ ਹੈ ।

ਸਾਲ 1976-77 ਦੇ ਬਜਟ ਵਿਚ ਵਡੀਆਂ ਅਤੇ ਦਰਮਿਆਨੀ ਸਿੰਜਾਈ ਸਕੀਮਾਂ ਲਈ ਬਜਟ ਉਪਬੰਧ 304 ਲਖ ਰੁਪਏ ਤੋਂ ਵਧਾ ਕੇ 440 ਲਖ ਰੁਪਏ ਅਤੇ ਟਿਊਬਵੈਲ ਕਾਰਪੋਰੇਸ਼ਨ ਤੋਂ ਇਲਾਵਾ ਛੋਟੀਆਂ ਸਿੰਜਾਈ ਸਕੀਮਾਂ ਲਈ 150 ਲਖ ਰੁਪਏ ਤੋਂ ਵਧਾ ਕੇ 175 ਲਖ ਰੁਪਏ ਅਤੇ ਬਹੁ ਮੰਤਵੀ ਸਕੀਮਾਂ ਲਈ 245 ਲੱਖ ਰੁਪਏ ਤੋਂ ਵਧਾ ਕੇ 385 ਲੱਖ ਰੁਪਏ ਕਰ ਦਿਤੇ ਗਏ ਹਨ, ਜਿਹੜਾ ਕਿ ਸਾਲ 1975-76 ਦੀ ਨਿਸਬਤ 3 ਕਰੋੜ ਰੁਪਏ ਵਧ ਹੈ । ਇਸ ਤਰ੍ਹਾਂ ਰਾਜ ਦੇ ਸਿੰਜੇ ਜਾਣ ਵਾਲੇ ਇਲਾਕੇ ਵਿਚ ਕੁਲ 1,50,000 ਏਕੜ ਰਕਬੇ ਦਾ ਹੋਰ ਵਾਧਾ ਹੋਵੇਗਾ । (ਤਾੜੀਆਂ) ਇਸ ਤਰ੍ਹਾਂ ਅਸੀਂ ਪ੍ਰਧਾਨ ਮੰਤਰੀ ਜੀ ਦੇ ਪ੍ਰੋਗਰਾਮ ਤੇ ਇਸ ਸਬੰਧ ਵਿਚ ਅਮਲ ਕਰ ਸਕਾਂਗੇ ।

ਸ਼ਾਹਕੋਟ ਬਲਾਕ ਵਿਚ 38,400 ਏਕੜ ਦੀ ਸਿੰਜਾਈ ਸਮਰੱਥਾ ਵਾਲੇ 96 ਟਿਊਬਵੈਲ, ਮਾਹਲਪੁਰ ਬਲਾਕ ਵਿਚ 108 ਟਿਊਬਵੈਲ, ਧਾਰੀਵਾਲ ਬਲਾਕ ਵਿਚ 42 ਟਿਊਬਵੈਲ ਲਾਉਣ ਅਤੇ 4,000 ਏਕੜ ਦੀ ਸਿੰਜਾਈ ਸਮਰੱਥਾ ਵਾਲੇ 10 ਐਕਸਪਲੋਰੇਟਰੀ ਬੋਰ ਕਰਨ ਸਬੰਧੀ ਛੋਟੀ ਸਿੰਜਾਈ ਦੀਆਂ ਸਕੀਮਾਂ ਤੇ ਕੰਮ ਚਲ ਰਿਹਾ ਹੈ ।

**ਹੜ ਕੰਟਰੋਲ ਅਤੇ ਜਲ ਨਿਕਾਸ**—ਜੁਲਾਈ, 1965 ਵਿਚ ਰਾਵੀ ਦੇ ਕੈਚਮੈਂਟ ਖੇਤਰ ਵਿਚ ਭਾਰੀ ਬਾਰਸ਼ਾਂ ਹੋਣ ਕਾਰਣ ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਜ਼ਿਲ੍ਹਿਆਂ ਵਿਚ ਬਹੁਤ ਭਾਰੀ ਤਬਾਹੀ ਹੋਈ ਜਿਸ ਦੇ ਸਿਟੇ ਵਜੋਂ 571 ਪਿੰਡ ਅਤੇ 2 ਲੱਖ ਏਕੜ ਰਕਬਾ ਹੜ੍ਹ ਦੀ ਮਾਰ ਹੇਠ ਆ ਗਿਆ । ਹੜ੍ਹ-ਪੀੜਤ ਲੋਕਾਂ ਨੂੰ ਰਾਹਤ ਦਿਤੀ ਗਈ ਅਤੇ ਸਹਾਇਤਾ ਅਤੇ ਮੁੜ ਉਸਾਰੀ ਦੇ ਕਾਰਜਾਂ ਤੇ 4.22 ਕਰੋੜ ਰੁਪਏ ਖਰਚ ਕੀਤੇ ਗਏ । ਹੜ੍ਹ ਸਮੱਸਿਆਵਾਂ ਨਾਲ ਨਜਿਠਣ ਲਈ ਠੋਸ ਉਪਾਵਾਂ ਦੇ ਸੁਝਾਉ ਹਿਤ ਬਣਾਈ ਗਈ ਕਮੇਟੀ ਦੀਆਂ ਸਿਫਾਰਸ਼ਾਂ ਤੇ ਚਾਲੂ ਸਾਲ ਦੇ ਦੌਰਾਨ ਹੜ੍ਹ-ਸੁਰੱਖਿਆ-ਕਾਰਜਾਂ ਦੀ ਉਸਾਰੀ ਅਤੇ ਦੇਖ ਭਾਲ ਲਈ ਰਖੀ ਗਈ ਰਕਮ ਵਿਚ 1.31 ਕਰੋੜ ਰੁਪਏ ਦਾ ਵਾਧਾ ਕਰਕੇ 5.42 ਕਰੋੜ ਰੁਪਏ ਕਰ ਦਿਤੀ ਗਈ ਹੈ (ਤਾੜੀਆਂ) ਜੋ ਕਿ 1976-77 ਵਿਚ ਹੋਰ ਵਧਾ ਕੇ 6.60 ਕਰੋੜ ਰੁਪਏ ਕਰ ਦਿਤੀ ਗਈ ਹੈ । ਇਸ ਨਾਲ ਲਗ ਭਗ 50,000 ਹੈਕਟੇਅਰ ਰਕਬਾ ਹੜ੍ਹਾਂ ਦੀ ਮਾਰ ਤੋਂ ਬਚਾਇਆ ਜਾ ਸਕੇਗਾ । (ਤਾੜੀਆਂ)

**ਖੇਤੀਬਾੜੀ**—ਖੇਤੀਬਾੜੀ ਦੇ ਉਤਪਾਦਨ ਦਾ ਝੁਕਾਉ ਉਪਰ ਵਲ ਰਿਹਾ ਹੈ ਅਤੇ ਇਸ ਦਾ ਸੂਚਕ ਅੰਕ 1972-73 ਦੇ 222.13 ਤੋਂ ਵਧ ਕੇ 1973-74 ਵਿਚ 229.48 ਅਤੇ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

1974-75 ਵਿਚ ਵਧ ਕੇ 235.74 ਹੋ ਗਿਆ । ਸਰਕਾਰ ਵਲੋਂ ਬਰਵਕਤ ਚੰਗੇ ਬੀਜ, ਕਰਜ਼ੇ, ਰਸਾਇਣਕ ਖਾਦਾਂ ਅਤੇ ਕੀੜੇ ਮਾਰ ਦਵਾਈਆਂ ਜਿਹੀਆਂ ਜ਼ਰੂਰੀ ਵਸਤਾਂ ਦੀ ਪੂਰੀ ਸਪਲਾਈ ਦੇ ਪ੍ਰਬੰਧ ਕੀਤੇ ਗਏ । ਕਿਸਾਨਾਂ ਨੇ ਜਿਹੜੀ ਕਣਕ ਮੰਡੀਆਂ ਵਿਚ ਕੇਂਦਰੀ ਪੂਲ ਲਈ ਵੇਚੀ ਉਸ ਉਤੇ ਉਨ੍ਹਾਂ ਨੂੰ 8 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਖਾਦ ਦੇ ਰੂਪ ਵਿਚ ਬੋਨਸ ਦਿਤਾ ਗਿਆ । ਸਾਉਣੀ 1975 ਵਿਚ ਰਸਾਇਣਿਕ ਖਾਦ ਦੀ ਖਪਤ ਵਧ ਕੇ 1.04 ਲੱਖ ਮੀਟ੍ਰਿਕ ਟਨ ਹੋ ਗਈ, ਜਿਹੜੀ ਕਿ ਇਕ ਰਿਕਾਰਡ ਹੈ ।

1975-76 ਦੀ ਹਾੜ੍ਹੀ ਵਿਚ ਕਣਕ ਦੀ ਉਪਜ 1971-72 ਦੀ 56 ਲੱਖ ਮੀਟ੍ਰਿਕ ਟਨ ਨਾਲੋਂ ਵੀ ਵਧ ਹੋਣ ਦੀ ਆਸ ਹੈ, ਜਿਹੜੀ ਕਿ ਇਕ ਰਿਕਾਰਡ ਸੀ । ਕਪਾਹ, ਗੰਨਾ ਅਤੇ ਤੇਲ ਦੇ ਬੀਜਾਂ ਦੀ ਉਪਜ ਦਾ ਵੀ ਇਕ ਨਵਾਂ ਰਿਕਾਰਡ ਕਾਇਮ ਹੋਣ ਦੀ ਆਸ ਹੈ। ਸਾਲ 1976-77 ਲਈ ਪੈਦਾਵਾਰ ਦੇ ਟੀਚੇ ਵਧਾ ਕੇ ਇਸ ਪ੍ਰਕਾਰ ਨਿਯਤ ਕੀਤੇ ਗਏ ਹਨ : ਅਨਾਜ 86 ਲੱਖ ਮੀਟ੍ਰਿਕ ਟਨ, ਕਪਾਹ ਦੀਆਂ ਗੰਢਾਂ 12 ਲੱਖ, ਗੰਨਾ 6.30 ਲੱਖ ਮੀਟ੍ਰਿਕ ਟਨ ਅਤੇ ਤੇਲ ਦੇ ਬੀਜ 3.50 ਲੱਖ ਮੀਟ੍ਰਿਕ ਟਨ ।

ਪੰਜਾਬ ਸਰਕਾਰ ਨੇ 1974-75 ਵਿਚ ਸਪਲਾਈ ਕੀਤੇ ਗਏ 510 ਟ੍ਰੈਕਟਰਾਂ ਤੋਂ ਇਲਾਵਾ 1975-76 ਵਿਚ ਵਿਸ਼ਵ ਬੈਂਕ ਤੋਂ ਪ੍ਰਾਪਤ ਮਾਲੀ ਸਹਾਇਤਾ ਨਾਲ 1,400 ਹੋਰ ਟ੍ਰੈਕਟਰ ਸਪਲਾਈ ਕਰਨ ਦਾ ਪ੍ਰਬੰਧ ਕੀਤਾ ਹੈ । ਆਉਣ ਵਾਲੇ ਸਾਲ ਵਿਚ ਕੁਲ 6,900 ਟ੍ਰੈਕਟਰ ਸਪਲਾਈ ਕੀਤੇ ਜਾਣਗੇ ਜਿਸ ਨਾਲ ਟ੍ਰੈਕਟਰਾਂ ਦੀ ਗਿਣਤੀ 46,000 ਤੋਂ ਵਧ ਕੇ 53,000 ਹੋ ਜਾਵੇਗੀ ।

ਵਧੀਆ ਬੀਜ-ਉਤਪਾਦਨ ਪਰੋਗਰਾਮ ਦੇ ਵਿਸਤਾਰ ਲਈ ਪੰਜਾਬ ਸਰਕਾਰ ਵਿਸ਼ਵ ਬੈਂਕ ਦੇ ਸਹਿਯੋਗ ਨਾਲ 20 ਕਰੋੜ ਰੁਪਏ ਦੀ ਲਾਗਤ ਨਾਲ ਇਕ ਰਾਜ ਬੀਜ-ਕਾਰਪੋਰੇਸ਼ਨ ਕਾਇਮ ਕਰ ਰਹੀ ਹੈ । (ਤਾੜੀਆਂ)

ਅਸੀਂ ਕਪਾਹ ਦੇ ਸਮੁੱਚੇ ਵਿਕਾਸ ਲਈ ਤਿੰਨ ਕਰੋੜ ਰੁਪਏ ਦੀ ਲਾਗਤ ਵਾਲੇ ਇਕ ਪਾਈਲਟ ਪ੍ਰਾਜੈਕਟ ਵਾਸਤੇ ਵਿਸ਼ਵ ਬੈਂਕ ਦੀ ਮਨਜ਼ੂਰੀ ਲੈਣ ਵਿਚ ਵੀ ਸਫਲ ਹੋ ਗਏ ਹਾਂ । ਇਸ ਪ੍ਰਾਜੈਕਟ ਤੋਂ ਕਪਾਹ ਦੀਆਂ ਨਵੀਆਂ ਕਿਸਮਾਂ ਤਿਆਰ ਕਰਨ ਅਤੇ ਕਪਾਹ ਵੇਲਣ ਵਾਲੀਆਂ ਫੈਕਟਰੀਆਂ ਲਈ ਮਾਡਰਨ ਸਾਜ਼-ਸਾਮਾਨ ਅਤੇ ਪਲਾਂਟ ਮੁਹੱਈਆ ਕਰਨ ਦੀ ਸਹਾਇਤਾ ਮਿਲੇਗੀ ।

ਭੋਂ ਸੁਰੱਖਿਆ—ਭੋਂ ਅਤੇ ਜਲ-ਸਾਧਨ ਦੇ ਉਚਿਤ ਵਿਕਾਸ ਅਤੇ ਵਰਤੋਂ ਦੇ ਮਾਮਲੇ ਵਿਚ ਪੰਜਾਬ, ਦੇਸ਼ ਦੇ ਮੋਹਰੀ ਰਾਜਾਂ ਵਿਚੋਂ ਇਕ ਹੈ । ਰਾਜ ਵਿਚ 1974-75 ਤਕ 1,38,197 ਹੈਕਟੇਅਰ ਰਕਬੇ ਦੇ ਵਖ ਵਖ ਭੋਂ ਅਤੇ ਜਲ-ਸੁਰਖਿਆ ਸਾਧਨਾਂ ਰਾਹੀਂ ਉਪਜ ਯੋਗ ਬਣਾਇਆ ਗਿਆ ਹੈ ਜਿਸ ਤੇ 13.72 ਕਰੋੜ ਰੁਪਏ ਖਰਚ ਹੋਏ ਹਨ । ਆਸ ਹੈ ਕਿ 1975-76 ਵਿਚ 3.08 ਕਰੋੜ ਰੁਪਏ ਦੀ ਲਾਗਤ ਨਾਲ 21,000 ਹੈਕਟੇਅਰ ਹੋਰ ਰਕਬੇ ਨੂੰ ਉਪਜ ਯੋਗ ਬਣਾਇਆ ਜਾਵੇਗਾ । 1976-77 ਵਿਚ 4.32 ਕਰੋੜ ਰੁਪਏ ਦੀ ਲਾਗਤ ਨਾਲ 26,688 ਹੈਕਟੇਅਰ ਹੋਰ ਰਕਬੇ ਨੂੰ ਉਪਜ ਯੋਗ ਬਣਾਇਆ ਜਾਵੇਗਾ ।

Original with;
Punjab Vidhan Sabha
Digitized by;
Panjab Digital Library

ਲੋਕਾਂ ਨੇ 5 ਹਾਰਸ ਪਾਵਰ ਦੀਆਂ ਮੋਟਰਾਂ ਲਗਾਈਆਂ ਹਨ ਉਨ੍ਹਾਂ ਦੇ ਰੇਟ ਵੀ ਜ਼ਿਆਦਾ ਹਨ। ਇਹ ਘਟ ਕਰਨੇ ਚਾਹੀਦੇ ਹਨ। ਇਹ ਜਿਹੜੀ ਟਿਊਬ ਵੈਲਾਂ ਨਾਲ ਸਿੰਜਾਈ ਹੁੰਦੀ ਹੈ ਇਸ ਦੇ ਫਲੈਟ ਰੇਟ ਬਾਰੇ ਮੈਂ ਕਹਾਂਗਾ ਕਿ ਇਸ ਦੀ ਵਸੂਲੀ ਹਰ ਮਹੀਨੇ ਫਸਲ ਦੀ ਬਿਜਾਈ ਤੋਂ ਹੋਣੀ ਚਾਹੀਦੀ ਹੈ। ਸਿੰਜਾਈ ਵਾਸਤੇ ਕੰਡੀ ਏਰੀਆ ਵਿਚ ਨੂਰਪੁਰ, ਬਲਾਚੌਰ ਵਿਚ ਡੀਪ ਟਿਊਬਵੈਲ ਨਹੀਂ ਲਗ ਸਕਦੇ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਨੂਰਪੁਰ ਵਿਚ ਇਕ ਸਵਾਂ ਨਦੀ ਹੈ ਉਥੇ ਲਿਫਟ ਇਰੀਗੇਸ਼ਨ ਸਕੀਮ ਰਾਹੀਂ ਸਿੰਜਾਈ ਹੋ ਸਕਦੀ ਹੈ। ਇਸੇ ਤਰ੍ਹਾਂ ਹੀ ਬਲਾਚੌਰ ਵਿਚ ਬਿਸਤ ਦੁਆਬ ਨਹਿਰ ਹੈ, ਉਥੋਂ ਵੀ ਉਸੇ ਤਰ੍ਹਾਂ ਹੀ ਲਿਫਟ ਸਕੀਮ ਰਾਹੀਂ ਸਿੰਜਾਈ ਹੋ ਸਕਦੀ ਹੈ।

ਇਸ ਤਰ੍ਹਾਂ ਨਾਲ, ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਇਨ੍ਹਾਂ ਪਹਾੜੀ ਇਲਾਕਿਆਂ ਵਿਚ ਉਪਜ ਵਧਾਉਣ ਵਾਸਤੇ ਚੈਕ ਡੈਮ ਜ਼ਰੂਰ ਹੋਣੇ ਚਾਹੀਦੇ ਹਨ ਤਾਂ ਕਿ ਉਸ ਏਰੀਆ ਵਿਚ ਆਸਾਨੀ ਨਾਲ ਥੋੜ੍ਹਾ ਥੋੜ੍ਹਾ ਪਾਣੀ ਮਿਲ ਸਕੇ।

ਬਿਜਲੀ ਦੇ ਬਾਰੇ ਵਿਚ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਕੰਡੀ ਏਰੀਏ ਵਿਚ ਬਿਜਲੀ ਦੇ ਰੇਟ ਘੱਟ ਕਰ ਦਿਤੇ, ਇਹ ਅੱਛੀ ਗਲ ਹੈ ਪਰ ਇਹਦੇ ਨਾਲ ਹੀ ਜਿਹੜੀ ਰੂਰਲ ਡਿਬੈਂਚਰ ਸਕੀਮ ਉਸ ਏਰੀਏ ਲਈ ਲਾਗੂ ਕਰ ਦਿਤੀ ਉਸ ਨਾਲ ਹਰ ਜ਼ਿਮੀਂਦਾਰ ਨੂੰ ਬਿਜਲੀ ਦਾ ਕੁਨੈਕਸ਼ਨ ਲੈਣ ਲਈ 16 ਰੁਪਏ ਜਮ੍ਹਾਂ ਕਰਾਉਣੇ ਪੈਂਦੇ ਹਨ। ਜਿਥੇ ਬਿਜਲੀ ਦੇ ਰੇਟ ਘਟਾਏ ਹਨ ਉਥੇ ਇਹ ਰੁਪਏ ਜਮ੍ਹਾਂ ਕਰਾਉਣੇ ਵੀ ਮੁਆਫ ਹੋਣੇ ਚਾਹੀਦੇ ਹਨ। ਬਲਾਚੌਰ ਵਿਚ ਸਾਰੇ ਪਿੰਡਾਂ ਵਿਚ ਬਿਜਲੀ ਆ ਗਈ ਹੈ। ਉਥੇ 33 ਕਿਲੋ ਵਾਟ ਦਾ ਸਬ ਸਟੇਸ਼ਨ ਹੈ। ਪਰ ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਨੂੰ 33 ਤੋਂ 62 ਕਿਲੋ ਵਾਟ ਦਾ ਸਟੇਸ਼ਨ ਬਣਾ ਦੇਣਾ ਚਾਹੀਦਾ ਹੈ।

ਡਰੇਨੇਜ ਦੇ ਮਹਿਕਮੇ ਨੇ ਵੀ ਉਥੇ ਕਾਫੀ ਕੰਮ ਕੀਤਾ ਹੈ। ਇਸ ਨਾਲ ਪੰਜਾਬ ਵਿਚ ਜ਼ਮੀਨਾਂ ਨੂੰ ਕਾਫੀ ਉਪਜਾਊ ਬਣਾ ਦਿਤਾ ਗਿਆ ਹੈ। 1972 ਤੋਂ ਪਹਿਲਾਂ ਡਰੇਨੇਜ ਦੇ ਮਹਿਕਮੇ ਨੇ ਮੇਰੇ ਹਲਕੇ ਵਿਚ ਕੋਈ ਕੰਮ ਨਹੀਂ ਕੀਤਾ ਸੀ। ਪਰ 1972 ਤੋਂ ਬਾਅਦ ਜਦ ਤੋਂ ਇਹ ਹੁਣ ਦੀ ਸਰਕਾਰ ਆਈ ਹੈ ਇਸ ਨੇ ਇਸ ਪਾਸੇ ਵਲ ਬਹੁਤ ਕੰਮ ਕੀਤਾ ਹੈ। ਇਸ ਲਈ ਮੈਂ ਮੁੱਖ ਮੰਤਰੀ ਜੀ ਅਤੇ ਹੋਰ ਸਰਕਾਰ ਨੂੰ ਬਹੁਤ ਵਧਾਈ ਦਿੰਦਾ ਹਾਂ। ਮਹਿਮੂਦਪੁਰ ਡਰੇਨੇਜ ਬਣਾਉਣ ਨਾਲ ਸਾਢੇ ਚਾਰ ਹਜ਼ਾਰ ਏਕੜ ਜ਼ਮੀਨ ਜ਼ਰਖੇਜ਼ ਹੋਈ ਹੈ। ਇਸ ਨਾਲ ਉਥੇ ਜ਼ਮੀਨਾਂ ਦਾ ਭਾ ਬਹੁਤ ਵਧ ਗਿਆ ਹੈ। ਇਹ ਬਹੁਤ ਅੱਛਾ ਕੰਮ ਕੀਤਾ ਗਿਆ ਹੈ। ਉਥੇ ਚੋਆਂ ਨੂੰ ਬੰਦ ਕਰਕੇ ਵੀ ਪਿੰਡਾਂ ਨੂੰ ਬਚਾਇਆ ਗਿਆ ਹੈ। ਇਸ ਲਈ ਮੈਂ ਇਰੀਗੇਸ਼ਨ ਮਨਿਸਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ। ਸੋ ਜਿਹੜੇ ਪਹਿਲਾਂ ਜ਼ਮੀਨਾਂ ਨੂੰ ਤਬਾਹ ਕਰਦੇ ਸੀ ਇਨ੍ਹਾਂ ਨੂੰ ਬੰਦ ਕਰਕੇ ਕਾਫੀ ਅੱਛਾ ਕੰਮ ਕੀਤਾ ਗਿਆ ਹੈ। ਪਰ ਇਸ ਦੇ ਨਾਲ ਹੀ ਨਾਲ ਮੈਂ ਇਹ ਵੀ ਗੁਜ਼ਾਰਿਸ਼ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਚੋਆਂ ਨੂੰ ਦਰਿਆ ਵਿਚ ਹੀ ਪਾਉਣਾ ਚਾਹੀਦਾ ਹੈ। ਤਾਂ ਕਿ ਇਨ੍ਹਾਂ ਦਾ ਪੱਕਾ ਇਲਾਜ ਹੋ ਸਕੇ। ਇਕ ਡਰੇਨ ਮਹਿਮੂਦ ਪੁਰ 15 ਕਿਲੋ ਮੀਟਰ ਨਿਕਲ ਗਈ ਹੈ ਅਤੇ ਬਾਕੀ ਹਾਲੇ 5 ਕਿਲੋ ਮੀਟਰ ਰਹਿੰਦੀ ਹੈ। ਇਸ ਰਹਿੰਦੀ ਥਾਂ ਤੇ ਵੀ ਇਹ ਕੰਪਲੀਟ ਕਰਨੀ ਚਾਹੀਦੀ ਹੈ।

Original with;
Punjab Vidhan Sabha
Digitized by;
Panjab Digital Library

[ਮਾਸਟਰ ਦਲੀਪ ਚੰਦ]

ਫ਼ਲੱਡਾਂ ਨਾਲ ਅੰਮ੍ਰਿਤਸਰ ਔਰ ਗੁਰਦਾਸਪੁਰ ਜ਼ਿਲਿਆਂ ਵਿਚ ਬਹੁਤ ਤਬਾਹੀ ਹੋਈ ਹੈ। ਪਿਛਲੇ ਸਾਲ ਯੂਨਿਟ ਸਿਸਟਮ ਨਾਲ ਜੋ ਸਤਲੁਜ ਦਰਿਆ ਵਿਚ ਕੰਮ ਕੀਤਾ ਹੈ ਉਹ ਬਹੁਤ ਅੱਛਾ ਕੰਮ ਕੀਤਾ ਹੈ। ਇਸ ਦੇ ਨਾਲ ਹੀ ਨਾਲ ਪੱਕੇ ਸਪੱਰ ਵੀ ਲਗਾਣੇ ਚਾਹੀਦੇ ਹਨ। ਭਾਈਪੁਰ ਔਰ ਰਾਨੀ ਮਾਜਰਾ ਵਿਖੇ ਕਾਫੀ ਨੁਕਸਾਨ ਪਹੁੰਚਿਆ ਹੈ। ਉਨ੍ਹਾਂ ਥਾਵਾਂ ਤੇ ਜ਼ਰੂਰ ਸਪੱਰ ਲਗਾਉਣੇ ਚਾਹੀਦੇ ਹਨ। (ਘੰਟੀ) ਆਖੀਰ ਵਿਚ, ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਇਹ ਕਹਾਂਗਾ ਕਿ ਇਹ ਚਾਰ ਸਾਲਾਂ ਵਿਚ 1972 ਤੋਂ ਲੈ ਕੇ ਹੁਣ ਤਕ ਬਹੁਤ ਜ਼ਿਆਦਾ ਹੀ ਕੰਮ ਹੋਇਆ ਹੈ। ਔਰ ਮੈਂ ਤਾਂ ਇਹ ਵੀ ਕਹਿਣ ਨੂੰ ਤਿਆਰ ਹਾਂ ਕਿ ਮੇਰੇ ਹਲਕੇ ਨੂੰ ਤਾਂ ਦਰਅਸਲ ਵਿਚ 1972 ਤੋਂ ਹੀ ਆਜ਼ਾਦੀ ਮਿਲੀ ਹੈ। (ਥੰਪਿੰਗ) ਇਸ ਲਈ ਮੈਂ ਗਿਆਨੀ ਜੀ ਨੂੰ ਬਹੁਤ ਬਹੁਤ ਵਧਾਈ ਦੇਣਾ ਚਾਹੁੰਦਾ ਹਾਂ। ਜਿਨ੍ਹਾਂ ਦੇ ਰਾਜ ਵਿਚ ਸੜਕਾਂ ਦਾ ਜਾਲ ਵਿਛਾ ਦਿਤਾ ਗਿਆ ਹੈ, ਬਿਜਲੀ ਦਿਤੀ ਗਈ ਹੈ, ਮਿਡਲ ਤੋਂ ਹਾਈ ਸਕੂਲ ਅਪਗਰੇਡ ਹੋਏ ਹਨ, ਜਗ੍ਹਾ ਜਗ੍ਹਾ ਡੀਪ ਟਿਊਬਵੈਲ ਲਗਾਏ ਗਏ ਹਨ, ਡਿਸਪੈਂਸਰੀਆਂ ਖੋਲ੍ਹੀਆਂ ਗਈਆਂ ਹਨ, ਹਰੀਜਨਾਂ ਨੂੰ ਇੰਡਸਟਰੀਜ਼ ਦਿਤੀਆਂ ਗਈਆਂ ਹਨ। ਮੈਂ ਗਿਆਨੀ ਜੀ ਦਾ ਬਹੁਤ ਹੀ ਮਸ਼ਕੂਰ ਹਾਂ ਕਿ ਇਨ੍ਹਾਂ ਦੇ ਉਦਮ ਨਾਲ 60-65 ਕਰੋੜ ਰੁਪਏ ਦੀ ਡੀ.ਸੀ.ਐਮ. ਦੀ ਫੈਕਟਰੀ ਉਥੇ ਤੇਜ਼ੀ ਨਾਲ ਲਗਾਈ ਜਾ ਰਹੀ ਹੈ। ਇਸ ਨਾਲ ਰੋਜ਼ਗਾਰ ਵੀ ਕਾਫੀ ਆਦਮੀਆਂ ਨੂੰ ਮਿਲੇਗਾ ਔਰ ਅਨ-ਐਂਪਲਾਇਮੈਂਟ ਦੂਰ ਹੋ ਸਕੇਗੀ।

ਨੈਸ਼ਨਲ ਹਾਈ-ਵੇ ਰੋਡ ਰੋਪੜ ਤੋਂ ਫਲਵਾੜੇ ਤਕ ਜਾ ਰਹੀ ਹੈ, ਉਥੇ ਪੁਲ ਬਣਾਇਆ ਜਾ ਰਿਹਾ ਹੈ। ਇਹ ਬਹੁਤ ਅੱਛਾ ਕੰਮ ਹੋ ਰਿਹਾ ਹੈ। (ਘੰਟੀ) ਡਿਪਟੀ ਸਪੀਕਰ ਸਾਹਿਬ, ਮੈਂ ਸਿਰਫ ਇਕ ਮਿੰਟ ਹੋਰ ਲਵਾਂਗਾ। ਐਨਾ ਕੰਮ ਹੁੰਦਿਆਂ ਹੋਇਆਂ ਵੀ ਜੇ ਇਥੇ ਅਪੋਜ਼ੀਸ਼ਨ ਨੇ ਨੁਕਤਾਚੀਨੀ ਕਰਨੀ ਹੈ ਤਾਂ ਇਸ ਬਾਰੇ ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਇਕ ਮਿਸਾਲ ਦੇਣਾ ਚਾਹੁੰਦਾ ਹਾਂ। ਉਹ ਮਿਸਾਲ ਇਸ ਤਰ੍ਹਾਂ ਹੈ ਕਿ ਇਕ ਬੁਢੀ ਤੜਕੇ ਉਠ ਕੇ ਆਪਣੇ ਪਿੰਡ ਵਿਚ ਰੋਣ ਲਗ ਗਈ। ਉਸ ਦਾ ਰੋਣਾ ਸੁਣਕੇ ਨਾਲ ਦੀਆਂ ਗਵਾਂਢਣਾਂ ਵੀ ਇਕੱਠੀਆਂ ਹੋ ਗਈਆਂ। ਉਸ ਨੂੰ ਰੋਂਦੀ ਵੇਖ ਕੇ ਨਾਲ ਦੀਆਂ ਗਵਾਂਢਣਾਂ ਵੀ ਪਿਟਨ ਲਗ ਗਈਆਂ। ਇਕ ਸਿਆਣੀ ਬੁਢੀ ਸੋਚਣ ਲਗੀ ਕਿ ਇਸ ਤਰ੍ਹਾਂ ਤਾਂ ਥੱਕ ਜਾਵਾਂਗੀਆਂ। ਉਹ ਪੁੱਛਣ ਲਗੀ ਕਿ ਤੁਸੀਂ ਕਿਉਂ ਰੋਂਦੀਆਂ ਹੋ, ਤੁਹਾਡਾ ਕੀ ਨੁਕਸਾਨ ਹੋ ਗਿਆ ਹੈ। ਕੀ ਕੋਈ ਮਰ ਗਿਆ ਹੈ ? ਪਰ ਉਹ ਰੋਈ ਹੀ ਗਈਆਂ। ਇਸ ਤੇ ਸਾਰੀਆਂ ਨੇ ਰੋਣਾ ਸ਼ੁਰੂ ਕਰ ਦਿਤਾ। ਜਦ ਉਹ ਥੱਕ ਗਈਆਂ ਤਾਂ ਉਹ ਬੁਢੀ ਕਹਿਣ ਲਗੀ ਕਿ ਮੈਂ ਤੁਹਾਨੂੰ ਦਸਦੀ ਹਾਂ ਕਿ ਕੀ ਹੋਇਆ ਹੈ। ਉਹ ਕਹਿਣ ਲਗੀ ਕਿ ਇਸ ਨੂੰ ਧਿਆਨ ਨਾਲ ਸੁਣ ਲਉ ਕਿ ਕੀ ਹੋਇਆ ਹੈ। ਉਹ ਕਹਿਣ ਲਗੀ ਕਿ ਮੈਂ ਅਜ ਵੇਹਲੀ ਸੀ ਇਸ ਲਈ ਮੈਂ ਸੋਚਿਆ ਕਿ ਰੋ ਕੇ ਹੀ ਵੇਖ ਲਉ। ਇਹੀ ਆਪੋਜ਼ੀਸ਼ਨ ਵਾਲਿਆਂ ਦੀ ਗਲ ਹੈ। (ਹਾਸਾ) ਉਹ ਕਿਉਂ ਨਾ ਰੋਣ। ਐਨਾ ਹੀ ਕਹਿ ਕੇ, ਡਿਪਟੀ ਸਪੀਕਰ ਸਾਹਿਬ, ਮੈਂ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿਤਾ ਹੈ।

**ਚੌਧਰੀ ਜਗਤ ਰਾਮ** (ਬੰਗਾ ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿਤਾ ਹੈ। ਇਹ ਜਿਹੜੀਆਂ ਡਿਮਾਂਡਾਂ ਐਗਰੀਕਲਚਰ ਔਰ ਪਾਵਰ ਦੀਆਂ ਹਨ ਇਹਦੇ ਮੁਤੱਲਕ ਮੈਂ ਇਹ ਕਹਿੰਦਾ ਹਾਂ ਕਿ ਜਿਸ ਦੇਸ਼ ਨੇ, ਜਿਸ ਮੁਲਕ ਨੇ ਤਰੱਕੀ ਕਰਨੀ ਹੋਵੇ, ਜਿਸ ਨੇ

Originated with;
Punjab Vidhan Sabha
Digitized by;
Panjab Digital Library

ਮਜ਼ਦੂਰਾਂ ਔਰ ਕਿਸਾਨ ਦੀ ਤਰੱਕੀ ਕਰਨੀ ਹੋਵੇ, ਉਹਦੇ ਲਈ ਇਹ ਡਿਮਾਂਡਾਂ ਬਹੁਤ ਹੀ ਲਾਜ਼ਮੀ ਹਨ ।

"ਜੋ ਜਹਾਜ਼ੋਂ ਕੋ ਗਿਰਾ ਦੇ
ਉਸੇ ਤੂਫਾਨ ਕਹਿਤੇ ਹੈਂ,
ਔਰ ਜੋ ਤੂਫਾਨ ਕੋ ਗਿਰਾ ਦੇ
ਉਸੇ ਮਜ਼ਦੂਰ ਔਰ ਕਿਸਾਨ ਕਹਿਤੇ ਹੈਂ ।"

ਸਰਕਾਰ ਦਾ ਧਿਆਨ ਖੇਤੀ ਬਾੜੀ ਵਲ ਹੋਣ ਕਰਕੇ ਮਜ਼ਦੂਰਾਂ ਔਰ ਕਿਸਾਨਾਂ ਵਲ ਵੀ ਹੈ । ਇਹ ਪੁਰਾਣੀ ਕਹਾਵਤ ਹੈ ਕਿ ਦੀਵੇ ਥਲੇ ਹਨੇਰਾ । ਇਹ ਹੁਣ ਹਨੇਰਾ ਨਹੀਂ ਰਹਿਣ ਦੇਣਾ ਹੈ । ਪਾਵਰ ਦੀ ਬਹੁਤ ਲੋੜ ਸੀ ਖੇਤੀਬਾੜੀ ਲਈ । ਡਿਪਟੀ ਸਪੀਕਰ ਸਾਹਿਬ, ਜਿਸ ਦੇਸ਼ ਦੀ ਪੈਦਾਵਾਰ ਚੰਗੀ ਹੈ, ਉਸ ਦੇਸ਼ ਦੇ ਮਜ਼ਦੂਰ ਔਰ ਕਿਸਾਨ ਦੀ ਹਾਲਤ ਵੀ ਚੰਗੀ ਹੁੰਦੀ ਹੈ । ਉਸ ਦੇਸ਼ ਦਾ ਮਜ਼ਦੂਰ, ਹਰੀਜਨ, ਕਿਸਾਨ ਔਰ ਬਾਣੀਆ ਵੀ ਚੰਗਾ ਹੈ ਜਿਸ ਨੇ ਫਸਲ ਉਤੇ ਗੁਜ਼ਾਰਾ ਕਰਨਾ ਹੈ । ਉਹ ਮਹਿਕਮਾ ਸਚਮੁਚ ਇਕ ਮਜ਼ਦੂਰ ਆਦਮੀ ਨੂੰ ਦੇ ਕੇ, ਮਾਸਟਰ ਗੁਰਬੰਤਾ ਸਿੰਘ ਨੂੰ ਦੇ ਕੇ ਬੜਾ ਅਛਾ ਕੰਮ ਕੀਤਾ ਹੈ । (ਥੰਪਿੰਗ) ਇਸ ਨੇ ਬੜੇ ਸੁਚੱਜੇ ਢੰਗ ਨਾਲ ਇਸ ਮਹਿਕਮੇ ਦਾ ਕੰਮ ਕਾਜ ਚਲਾਇਆ ਹੈ । ਇਨ੍ਹਾਂ ਨੇ ਬੜਾ ਅਛਾ ਕੰਮ ਕੀਤਾ ਹੈ ਅਤੇ ਇਸ ਨਾਲ ਸਾਡਾ ਸਿਰ, ਮਜ਼ਦੂਰ ਦਾ ਐਜ਼ ਏ ਹਰੀਜਨ ਬੜਾ ਉਚਾ ਕੀਤਾ ਹੈ । ਇਨ੍ਹਾਂ ਨੇ ਵਧ ਤੋਂ ਵਧ ਪੈਦਾਵਾਰ ਕਰਾ ਕੇ ਦਿਖਾ ਦਿਤੀ ਹੈ । ਇਨ੍ਹਾਂ ਨੇ ਕਣਕ ਲਈ, ਗੰਨੇ ਲਈ, ਇਨ੍ਹਾਂ ਦੇ ਭਾਵਾਂ ਲਈ ਸੈਂਟਰ ਦੀ ਸਰਕਾਰ ਨਾਲ ਕਾਫੀ ਤਕੜੀ ਲੜਾਈ ਲੜੀ ਹੈ । ਮੈਂ ਮਹਿਸੂਸ ਕਰਦਾ ਹਾਂ ਕਿ ਜੇ ਕਿਤੇ ਕੋਈ ਹੋਰ ਮਨਿਸਟਰ ਹੁੰਦਾ ਤਾਂ ਸ਼ਾਇਦ ਉਹ ਇਤਨੀ ਲੜਾਈ ਇਸ ਲਈ ਨਾ ਲੜ ਸਕਦਾ । ਇਨ੍ਹਾਂ ਨੇ ਚੀਫ ਮਨਿਸਟਰ ਸਾਹਿਬ ਦੇ ਸਹਾਰੇ ਨਾਲ, ਉਨ੍ਹਾਂ ਦੇ ਸਹਿਯੋਗ ਨਾਲ, ਇਨ੍ਹਾਂ ਨੇ ਗੰਨੇ ਦਾ ਭਾਅ 14.35 ਰੁਪਏ ਮੁਕੱਰਰ ਕਰਾਇਆ । ਇਸ ਭਾਅ ਨਾਲ ਕਿਸਾਨਾਂ ਦਾ ਹੌਂਸਲਾ ਵਧਿਆ ਹੈ । ਔਰ ਉਹ ਬੜੇ ਹੌਂਸਲੇ ਨਾਲ ਹੋਰ ਵਧ ਕੰਮ ਕਰ ਰਹੇ ਹਨ ।

ਬਿਜਲੀ ਦੇ ਸਿਲਸਿਲੇ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜ਼ਮੀਨਾਂ ਦੀ ਦਸ਼ਾ 1947 ਤੋਂ ਪਹਿਲਾਂ ਨਾਲੋਂ ਹੁਣ ਬਹੁਤ ਜ਼ਿਆਦਾ ਬਦਲ ਗਈ ਹੈ । ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਕਾਫੀ ਤਕੜੇ ਜਾਪਦੇ ਹੋ, ਇਧਰ ਗੁਰਚਰਨ ਸਿੰਘ ਜੀ ਵੀ ਬੈਠੇ ਹਨ, ਕਿਸਾਨਾਂ ਦੀ ਕਾਫੀ ਬੇਹਤਰੀ ਹੋਈ ਹੈ । (ਵਿਘਨ)

**ਕਾਮਰੇਡ ਅੱਛਰਾ ਸਿੰਘ :** ਆਨ ਏ ਪੁਆਇੰਟ ਆਫ਼ ਆਰਡਰ, ਸਰ । ਚੌਧਰੀ ਸਾਹਿਬ ਨੇ ਬੋਲਦਿਆਂ ਹੋਇਆਂ ਮਾਸਟਰ ਗੁਰਬੰਤਾ ਸਿੰਘ ਜੀ ਨੂੰ ਅਤੇ ਗੁਰਚਰਨ ਸਿੰਘ ਨੂੰ ਮਜ਼ਦੂਰ ਔਰ ਕਿਸਾਨ ਕਿਹਾ ਹੈ । ਇਹ ਰੌਂਗ ਕਲਾਸੀਫਿਕੇਸ਼ਨ ਕੀਤੀ ਹੈ । (ਵਿਘਨ)

**ਚੌਧਰੀ ਜਗਤ ਰਾਮ :** ਜੋ ਉਸ ਪਾਸੇ ਵਲ ਬੈਠੇ ਹਨ ਜੇ ਇਹ ਕਿਹਾ ਜਾਵੇ ਕਿ ਉਹੀ ਗਰੀਬ ਹਨ ਤਾਂ ਇਹ ਠੀਕ ਨਹੀਂ ਹੋਵੇਗਾ । ਮੈਂ ਤਾਂ ਇਹ ਕਹਿੰਦਾ ਹਾਂ ਕਿ ਅਸੀਂ ਹਰ ਇਕ ਨੂੰ ਉਚਾ ਚੁਕਣਾ ਹੈ ਅਤੇ ਕਿਸੇ ਨੂੰ ਵੀ ਘਸਿਆਰਾ ਨਹੀਂ ਬਣਾਉਣਾ ਹੈ । ਹਰ ਇਨਸਾਨ ਨੂੰ ਉਚਾ ਕਰਨਾ ਹੈ । ਜਿਹੜੇ ਸਮੱਗਲਰ ਔਰ ਲੁਟੇਰੇ ਹਨ ਉਨ੍ਹਾਂ ਨੂੰ ਸਖਤ ਸਜ਼ਾਵਾਂ ਦੇਣੀਆਂ ਹਨ । ਜਿਹੜੇ ਕਿਰਤ ਕਰਕੇ ਆਪਣਾ ਪੇਟ ਪਾਲਦੇ ਹਨ ਉਨ੍ਹਾਂ ਨੂੰ

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਤ ਰਾਮ]

ਕਿਸ ਤਰ੍ਹਾਂ ਨਾਲ ਕਹੋਗੇ ਕਿ ਉਹ ਕਿਸਾਨ ਨਹੀਂ ਹਨ । ਪੁਰਾਣੇ ਸਮੇਂ ਵਿਚ ਕਿਸਾਨਾਂ ਨੂੰ ਆਪਣੀਆਂ ਜ਼ਮੀਨਾਂ ਦੀ ਖੇਤੀ ਕਰਨਾ ਦਾ ਤਰੀਕਾ ਹੀ ਨਹੀਂ ਆਉਂਦਾ ਸੀ । ਉਸ ਵੇਲੇ ਚਰਸ ਨਾਲ ਆਬਪਾਸ਼ੀ ਹੋਇਆ ਕਰਦੀ ਸੀ । ਫਿਰ ਇਹ ਆਬਪਾਸ਼ੀ ਹਲਟਾਂ ਰਾਹੀਂ ਹੋਣ ਲਗ ਪਈ । ਪਰ ਹੁਣ ਜਿਹੜੀ ਸਰਕਾਰ ਆਈ ਹੈ ਉਸ ਦੇ ਵੇਲੇ ਸਵਿਚ ਦਬਾਉਣ ਨਾਲ ਹੀ ਬਿਜਲੀ ਨਾਲ ਖੇਤੀ ਨੂੰ ਪਾਣੀ ਜਾਣ ਲਗ ਗਿਆ ਹੈ ਅਤੇ ਕਿਸਾਨ ਨੂੰ ਸਿਰਫ ਇਹ ਸੋਚ ਹੀ ਰਹਿੰਦੀ ਹੈ ਕਿ ਹੋਰ ਪੈਦਾਵਾਰ ਕਿਸ ਤਰ੍ਹਾਂ ਨਾਲ ਵਧਾਵਾਂ । ਪਹਿਲਾਂ ਤਾਂ ਇਹੀ ਉਸ ਦੇ ਦਿਮਾਗ ਵਿਚ ਹੁੰਦਾ ਸੀ ਕਿ ਸਰਕਾਰ ਦਾ ਮਾਮਲਾ ਕਿਸ ਤਰ੍ਹਾਂ ਦੇਣਾ ਹੈ, ਕਿਹੜੇ ਬਾਣੀਏ ਤੋਂ ਲੈ ਕੇ ਦੇਣਾ ਹੈ ਅਤੇ ਉਸ ਦੀ ਸੋਚ ਕਿਸੇ ਹੋਰ ਪਾਸੇ ਨਹੀਂ ਸੀ ਜਾਂਦੀ । ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਸਰਕਾਰ ਵਧਾਈ ਦੀ ਮੁਸਤਹਿਕ ਹੈ । ਵਧਾਈ ਤੋਂ ਵਧ ਲਫਜ਼ ਕੋਈ ਨਹੀਂ ਜਿਹੜਾ ਸਰਕਾਰ ਨੂੰ ਦੇਈਏ । ਵਧਾਈ ਜਾਂ ਮੁਬਾਰਕਬਾਦ ਹੀ ਲਫਜ਼ ਹੈ ਜਿਹੜਾ ਕਿ ਅਸੀਂ ਕਹਿ ਸਕਦੇ ਹਾਂ । ਜੇ ਇਸ ਤੋਂ ਵਧ ਕੋਈ ਲਫਜ਼ ਹੋਵੇ ਤਾਂ ਮੈਂ ਸਮਝਦਾ ਹਾਂ ਕਿ ਉਹ ਵੀ ਅਸੀਂ ਇਸ ਸਰਕਾਰ ਨੂੰ ਦੇ ਸਕਦੇ ਹਾਂ ।

ਡਿਪਟੀ ਸਪੀਕਰ ਸਾਹਿਬ, ਮੈਂ ਬਿਲਕੁਲ ਆਪਣੇ ਜਜ਼ਬਾਤ ਨਾਲ, ਆਪਣੇ ਦਿਲ ਤੇ ਹਿਰਦੇ ਨਾਲ ਕਹਿਣਾ ਚਾਹੁੰਦਾ ਹਾਂ ਕਿ ਇਹ ਸਰਕਾਰ, ਇਸ ਸਰਕਾਰ ਦੇ ਮਹਿਕਮੇ ਦੇ ਅਫਸਰ ਵਧਾਈ ਦੇ ਹੱਕਦਾਰ ਹਨ । ਮੈਂ ਚੀਫ ਮਨਿਸਟਰ ਸਾਹਿਬ ਬਾਰੇ ਕਹਿਣਾ ਚਾਹੁੰਦਾ ਹਾਂ, ਇਹ ਮਹਿਸੂਸ ਨਾ ਕਰਨ ਲੇਕਿਨ ਮੈਂ ਤਾਂ ਅਰਜ਼ ਕਰ ਹੀ ਦੇਣੀ ਹੈ ਕਿ ਸਾਡੇ ਜਿਹੜੇ ਚੀਫ ਮਨਿਸਟਰ ਸਾਹਿਬ ਹਨ ਉਹ ਉਨ੍ਹਾਂ ਫੈਮਲੀਜ਼ ਨੂੰ ਬੀਲੌਂਗ ਕਰਦੇ ਹਨ ਜਿਨ੍ਹਾਂ ਫੈਮਲੀਜ਼ ਨੇ ਦੇਸ਼ ਲਈ ਬਣਾਇਆ ਹੀ ਬਣਾਇਆ ਹੈ ਇਹ ਉਨ੍ਹਾਂ ਫੈਮਲੀਜ਼ ਨਾਲ ਬੀਲੌਂਗ ਨਹੀਂ ਕਰਦੇ ਜਿਨ੍ਹਾਂ ਨੇ ਦੇਸ਼ ਨੂੰ ਢਾਇਆ ਹੀ ਢਾਇਆ ਹੈ। (ਵਿਘਨ)

**ਇਕ ਆਵਾਜ਼** : ਢਾਹੁਣ ਵਾਲੇ ਕਿਹੜੇ ਹਨ, ਇਹ ਵੀ ਦਸ ਦਿਉ ।

**ਚੌਧਰੀ ਜਗਤ ਰਾਮ** : ਢਾਉਣ ਵਾਲੇ ਚਲੇ ਗਏ । ਉਹ ਹਾਊਸ ਵਿਚ ਨਹੀਂ ਆਉਂਦੇ। (ਵਿਘਨ)

ਡਿਪਟੀ ਸਪੀਕਰ ਸਾਹਿਬ, ਜਿਸ ਦੇਸ਼ ਦਾ ਮੋਹਰੀ ਸਿਆਣਾ ਅਤੇ ਸੁਲਝਿਆ ਹੋਇਆ ਹੋਵੇ ਉਹ ਦੇਸ਼ ਬਣਦਾ ਹੈ, ਜਿਸ ਕੌਮ ਦਾ ਮੋਹਰੀ ਸਿਆਣਾ ਤੇ ਸੁਲਝਿਆ ਹੋਇਆ ਹੋਵੇ ਉਹ ਕੌਮ ਬਣਦੀ ਹੈ । ਅਜ ਅਪੋਜ਼ੀਸ਼ਨ ਇਥੇ ਹੈ ਨਹੀਂ । ਮੈਂ ਕਹਿਣਾ ਚਾਹੁੰਦਾ ਹਾਂ ਕਿ ਸਹੀ ਮਾਅਨਿਆਂ ਵਿਚ ਜਮਹੂਰੀਅਤ ਦੇ ਜ਼ਮਾਨੇ ਵਿਚ ਡੈਮੋਕਰੇਸੀ ਤਾਂ ਹੀ ਵਧ ਫੁਲ ਸਕਦੀ ਹੈ, ਤਰੱਕੀ ਦੇ ਕੰਮ ਤਾਂ ਹੀ ਹੋ ਸਕਦੇ ਹਨ ਜੇ ਅਪੋਜ਼ੀਸ਼ਨ ਤਗੜੇ ਢੰਗ ਨਾਲ, ਸੁਲਝੀ ਹੋਈ ਅਤੇ ਸਿਆਣੀ ਅਤੇ ਬਰੇਨ ਵਾਲੀ ਸਾਹਮਣੇ ਬੈਠੀ ਹੋਵੇ ਅਤੇ ਉਹ ਤਗੜੀਆਂ ਤੇ ਠੋਸ ਦਲੀਲਾਂ ਦੇਵੇ ਤਾਂ ਹੀ ਤਰੱਕੀ ਹੋ ਸਕਦੀ ਹੈ । ਲੇਕਿਨ ਇਸ ਅਪੋਜ਼ੀਸ਼ਨ ਨੇ ਥੋੜੀ ਜਿਹੀ ਨਹੀਂ ਬਹੁਤੀ ਗਲਤੀ ਕੀਤੀ ਹੈ ਕਿ ਉਹ ਇਜਲਾਸ ਦਾ ਬਾਈਕਾਟ ਕਰਕੇ ਹਾਊਸ ਤੋਂ ਬਾਹਰ ਚਲੇ ਗਏ ਹਨ, ਇਹ ਕਿੰਨੀ ਗਲਤ ਗਲ ਉਨ੍ਹਾਂ ਨੇ ਕੀਤੀ ਹੈ । (ਘੰਟੀ)

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਮੈਂ ਸਰਕਾਰ ਨੂੰ, ਮਾਸਟਰ ਗੁਰਬੰਤਾ ਸਿੰਘ ਜੀ ਨੂੰ, ਸਿਬੀਆ ਸਾਹਿਬ ਨੂੰ, ਮੁਬਾਰਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਖੇਤੀਬਾੜੀ ਅਤੇ ਬਿਜਲੀ ਪੈਦਾ ਕਰਨ ਵਿਚ ਵਾਧਾ ਕੀਤਾ ਹੈ । ਸਿਬੀਆ ਸਾਹਿਬ ਨੂੰ ਤਾਂ ਮੈਂ ਬੇਨਤੀ ਕਰਾਂਗਾ ਕਿ ਜਿਸ ਢੰਗ ਨਾਲ ਤੁਸੀਂ ਆਪਣੀ ਦਾੜ੍ਹੀ ਨੂੰ ਵਟ ਚਾੜ੍ਹਦੇ ਹੋ, ਜਿਸ ਢੰਗ ਨਾਲ ਤੁਸੀਂ ਆਪਣੀ ਸਰਦਾਰੀ ਦੇ ਰਾਹੇ ਚਲ ਰਹੇ ਹੋ.... (ਵਿਘਨ) ਇਸੇ ਢੰਗ ਨਾਲ ਜਿਹੜੀ ਕਮੀ ਹੈ ਉਸ ਵਲ ਪੂਰਾ ਧਿਆਨ ਦੇ ਕੇ ਇਸ ਕਮੀ ਨੂੰ ਪੂਰਾ ਕਰ ਦਿਉ । (ਘੰਟੀ) ਡਿਪਟੀ ਸਪੀਕਰ ਸਾਹਿਬ, ਰਾਜ ਭਾਗ ਜਿਹੜਾ ਹੈ ਰਿਸ਼ੀਆਂ, ਮੁਨੀਆਂ, ਗੁਰੂਆਂ ਅਵਤਾਰਾਂ ਦੇ ਪ੍ਰਚਾਰ ਨਾਲ ਕਾਇਮ ਰਹਿੰਦਾ ਹੈ । ਜਿਹੜੀ ਰਾਜ ਕਰਦੀ ਪਾਰਟੀ ਹੈ ਅਗਰ ਉਹ ਜੋ ਗੁਰੂ ਸਾਹਿਬ ਕਹਿ ਗਏ ਹਨ ਉਨ੍ਹਾਂ ਤੇ ਅਮਲ ਕਰਦੀ ਹੋਵੇ ਤਾਂ ਉਹ ਸਰਕਾਰ ਜਿਹੜੀ ਹੈ ਉਹ ਸਹੀ ਮਾਅਨਿਆਂ ਵਿਚ ਗਰੀਬਾਂ ਦੀ ਸਰਕਾਰ ਹੋਵੇਗੀ । ਸਹੀ ਮਾਅਨਿਆਂ ਵਿਚ ਉਹ ਗਰੀਬਾਂ ਦਾ, ਗਰੀਬ ਹਰੀਜਨਾਂ ਦਾ ਭਲਾ ਕਰ ਸਕਦੀ ਹੈ । ਇਹ ਸਰਕਾਰ ਗੁਰੂਆਂ ਦੇ ਉਪਦੇਸ਼ਾਂ ਤੇ ਬਿਲਕੁਲ ਠੀਕ ਅਮਲ ਕਰ ਰਹੀ ਹੈ । (ਵਿਘਨ) (ਘੰਟੀ) ਡਿਪਟੀ ਸਪੀਕਰ ਸਾਹਿਬ, ਮੈਂ ਸਿਬੀਆ ਸਾਹਿਬ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਸਿਬੀਆ ਸਾਹਿਬ ਨੂੰ ਆਪਣੀ ਹਰੀਜਨਾਂ ਵਾਲੀ ਜਗ੍ਹਾ ਨਹੀਂ ਦੇਣਾ ਚਾਹੁੰਦੇ। ਅਸੀਂ ਚਾਹੁੰਦੇ ਹਾਂ ਕਿ ਇਨ੍ਹਾਂ ਦੀਆਂ ਸਰਦਾਰੀਆਂ ਕਾਇਮ ਰਹਿਣ । ਇਹ ਵੀ ਸਰਦਾਰੀ ਵਿਚ ਰਹਿਣ ਤੇ ਅਸੀਂ ਵੀ ਸਰਦਾਰੀ ਵਿਚ ਰਹੀਏ । ਹੁਣ ਸਾਰਿਆਂ ਨੂੰ ਸਰਦਾਰੀ ਦਿਤੀ ਜਾਵੇਗੀ। (ਘੰਟੀ) (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਨੂੰ ਕਿਸੀ ਦਿਨ ਖੁਲ੍ਹਾ ਟਾਈਮ ਦੇ ਦੇਣਾ । ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਥੋੜਾ ਜਿਹਾ ਸਮਾਂ ਦਿਤਾ ਹੈ ।

(ਮਾਨਯੋਗ ਖੇਤੀਬਾੜੀ ਅਤੇ ਜੰਗਲਾਤ ਦੇ ਮੰਤਰੀ ਅਤੇ ਮਾਨਯੋਗ ਮੈਂਬਰ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਬੋਲਣ ਲਈ ਖੜੇ ਹੋਏ । ਡਿਪਟੀ ਸਪੀਕਰ ਸਾਹਿਬ ਨੇ ਮਾਨਯੋਗ ਖੇਤੀਬਾੜੀ ਅਤੇ ਜੰਗਲਾਤ ਦੇ ਮੰਤਰੀ, ਮਾਸਟਰ ਗਰਬੰਤਾ ਸਿੰਘ ਜੀ ਨੂੰ ਬੋਲਣ ਲਈ ਇਜਾਜ਼ਤ ਦਿਤੀ ।)

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਡਿਪਟੀ ਸਪੀਕਰ ਸਾਹਿਬ, 5-4 ਮਿੰਟ ਬੋਲਣ ਦਿਉ । ਇਤਨਾ ਸ਼ੂਮ ਨਹੀਂ ਹੋਣਾ ਚਾਹੀਦਾ । (ਵਿਘਨ)

**ਖੇਤੀਬਾੜੀ ਅਤੇ ਜੰਗਲਾਤ ਮੰਤਰੀ** (ਮਾਸਟਰ ਗੁਰਬੰਤਾ ਸਿੰਘ) : ਡਿਪਟੀ ਸਪੀਕਰ ਸਾਹਿਬ, ਅੱਜ ਖੇਤੀਬਾੜੀ ਦੇ ਮੁਤੱਅਲਕ ਵਿਚਾਰ ਹੋਈ ਹੈ । ਖੇਤੀਬਾੜੀ ਦਾ ਬਜਟ ਪੇਸ਼ ਹੈ ਅਤੇ ਉਸ ਦੇ ਵਿਚ ਮੇਰੇ ਦੋਸਤਾਂ ਨੇ ਕੁਝ ਸੁਜੈਸ਼ੱਨਜ਼ ਵੀ ਦਿਤੇ ਹਨ ਅਤੇ ਕੁਝ ਥੋੜ੍ਹੀ ਜਿਹੀ ਨੁਕਤਾਚੀਨੀ ਵੀ ਕੀਤੀ ਹੈ ਜਿਹੜੀ ਕਿ ਜ਼ਰੂਰ ਕਰਨੀ ਚਾਹੀਦੀ ਸੀ । ਡਿਪਟੀ ਸਪੀਕਰ ਸਾਹਿਬ, ਮੈਨੂੰ ਅਫਸੋਸ ਇਸ ਗੱਲ ਦਾ ਹੈ ਕਿ ਜਿਹੜੇ ਆਪਣੇ ਆਪ ਨੂੰ ਖੇਤੀਬਾੜੀ ਦੇ ਮੁਦੱਈ ਸਮਝਦੇ ਸੀ ਉਹ ਇਥੇ ਹੈ ਨਹੀਂ ਜੇ ਇਥੇ ਹੁੰਦੇ ਤਾਂ ਮੈਂ ਉਨ੍ਹਾਂ ਨੂੰ ਸਾਰੀਆਂ ਗੱਲਾਂ ਦੱਸਦਾ ਕਿ ਕਿਸ ਤਰ੍ਹਾਂ ਅਸੀਂ ਐਗਰੀਕਲਚਰ ਦੇ ਵਿਚ ਅੱਗੇ ਵੱਧ ਰਹੇ ਹਾਂ । ਡਿਪਟੀ ਸਪੀਕਰ ਸਾਹਿਬ, ਜਦੋਂ ਦੀ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਆਈ ਹੈ ਉਦੋਂ ਤੋਂ ਲੈ ਕੇ ਹੁਣ ਤਕ ਅਗਰ ਦੇਖੀਏ ਤਾਂ ਤੁਹਾਨੂੰ ਪਤਾ ਲਗੇਗਾ ਕਿ ਖੇਤੀਬਾੜੀ ਦਾ, ਐਗਰੀਕਲਚਰ ਦਾ ਬਜਟ ਕਿਤਨਾ ਵਧਿਆ ਹੈ । ਐਗਰੀਕਲਚਰ ਦੇ ਬਜਟ ਤੇ ਪਹਿਲਾਂ 6 ਕਰੋੜ ਰੁਪਿਆ ਸੀ ਅਤੇ ਇਸ ਸਾਲ ਅਸੀਂ 15 ਕਰੋੜ ਰੁਪਿਆ

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਅਤੇ ਜੰਗਲਾਤ ਮੰਤਰੀ]

ਇਸ ਤੇ ਖ਼ਰਚ ਕਰਨਾ ਹੈ । ਇਹ ਇਕ ਬੜਾ ਵਾਧਾ ਹੈ ਅਤੇ ਇਸ ਦੇ ਨਾਲ ਖੇਤੀਬਾੜੀ ਵਿਚ ਤਰੱਕੀ ਹੋਵੇਗੀ, ਲੋਕਾਂ ਨੂੰ ਫ਼ਾਇਦਾ ਹੋਵੇਗਾ ਅਤੇ ਜ਼ਿਮੀਦਾਰ ਖ਼ੁਸ਼ਹਾਲ ਹੋਵੇਗਾ ਤੇ ਉਹ ਆਪਣੇ ਖੇਤਾਂ ਵਿਚ ਜ਼ਿਆਦਾ ਪੈਦਾਵਾਰ ਕਰੇਗਾ । ਡਿਪਟੀ ਸਪੀਕਰ ਸਾਹਿਬ, ਜੇ ਸਾਰਾ ਹਿਸਾਬ ਕਿਤਾਬ ਦੇਖੀਏ ਕਿ ਪਿਛਲੇ ਸਾਲਾਂ ਵਿਚ ਕਿੰਨੀ ਫ਼ਸਲ ਹੁੰਦੀ ਰਹੀ ਹੈ ਅਤੇ ਹੁਣ ਕਿੰਨੀ ਹੁੰਦੀ ਹੈ ਤਾਂ ਤੁਹਾਨੂੰ ਪਤਾ ਲਗੇਗਾ ਕਿ ਇਸ ਦੇ ਵਿਚ ਬਹੁਤ ਵਾਧਾ ਹੋਇਆ ਹੈ । ਜੇ ਪਿਛਲੇ ਸਾਲ ਨਾਲ ਹੀ ਇਸ ਦਾ ਮੁਕਾਬਲਾ ਕਰੀਏ ਕਿ ਪਿਛਲੇ ਸਾਲ ਕਿੰਨੀ ਫ਼ਸਲ ਹੋਈ ਅਤੇ ਇਸ ਸਾਲ ਕਿੰਨੀ ਫ਼ਸਲ ਹੋਈ ਹੈ ਤਾਂ ਤੁਸੀਂ ਹੈਰਾਨ ਹੋਵੇਗੇ। ਮੈਂ ਜ਼ਿਆਦਾ ਡੀਟੇਲ ਵਿਚ ਨਹੀਂ ਜਾਣਾ ਚਾਹੁੰਦਾ ਸਿਰਫ ਮੰਡੀਆਂ ਵਿਚ ਜੋ ਜਿਣਸ ਆਈ ਹੈ ਉਸ ਦੇ ਬਾਰੇ ਹੀ ਦੱਸਣਾ ਚਾਹੁੰਦਾ ਹਾਂ ਕਿ 2 ਫ਼ਰਵਰੀ ਤਕ ਪਿਛਲੇ ਸਾਲ ਮੰਡੀਆਂ ਵਿਚ ਜੋ ਜਿਣਸ ਆਈ ਉਹ 20 ਲੱਖ 74 ਹਜ਼ਾਰ ਟਨ ਸੀ ਅਤੇ ਐਤਕੀ ਇਹ 24 ਲੱਖ ਤੇ 33 ਹਜ਼ਾਰ ਟਨ ਆਈ ਹੈ ਯਾਨੀ ਪਿਛਲੇ ਸਾਲ ਨਾਲੋਂ ਚਾਰ ਸਵਾ ਚਾਰ ਲੱਖ ਟਨ ਮੰਡੀਆਂ ਵਿਚ ਕਣਕ ਜ਼ਿਆਦਾ ਆ ਗਈ ਹੈ । ਇਸੇ ਤਰ੍ਹਾਂ ਜਿਹੜੀ ਪੈਡੀ ਦੀ ਫ਼ਸਲ ਹੈ ਉਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਝੋਨਾ ਪਿਛਲੇ ਸਾਲ 2 ਫ਼ਰਵਰੀ ਤਕ 14.58 ਲੱਖ ਟੱਨ ਆਇਆ ਸੀ ਅਤੇ ਐਤਕੀਂ 18 ਲੱਖ ਟਨ ਝੋਨਾ ਮੰਡੀਆਂ ਵਿਚ ਆ ਗਿਆ ਹੈ । (ਥੰਪਿੰਗ) ਇਹ ਗੱਲ ਸਾਬਤ ਕਰਦੀ ਹੈ, ਡਿਪਟੀ ਸਪੀਕਰ ਸਾਹਿਬ, ਕਿ ਅਸੀਂ ਐਗਰੀਕਲਚਰ ਵਿਚ, ਖ਼ੇਤੀਬਾੜੀ ਵਿਚ ਅੱਗੇ ਜਾ ਰਹੇ ਹਾਂ । ਮੈਨੂੰ ਇਹ ਗੱਲ ਦੱਸਣ ਵਿਚ ਖ਼ੁਸ਼ੀ ਮਹਿਸੂਸ ਹੁੰਦੀ ਹੈ ਕਿ ਹਰ ਸਾਲ ਇਸ ਦਾ ਵਾਧਾ ਹੀ ਹੁੰਦਾ ਹੈ, ਘਾਟਾ ਨਹੀਂ ਹੁੰਦਾ । ਪੈਡੀ ਦੀ ਫ਼ਸਲ 14 ਲੱਖ ਟੱਨ ਤੋਂ 18 ਲੱਖ ਟਨ ਤਕ ਚਲੀ ਗਈ ਹੈ । ਬਾਕੀ ਕਣਕ ਦਾ ਜੋ ਸਾਡਾ ਟੀਚਾ ਹੈ ਮੇਰਾ ਆਪਣਾ ਵਿਚਾਰ ਹੈ ਕਿ ਪ੍ਰਮਾਤਮਾ ਨੇ ਬੜੀ ਕਿਰਪਾ ਕੀਤੀ ਹੈ ਕਿ ਬਾਰਸ਼ ਪਾ ਦਿੱਤੀ ਹੈ ਅਤੇ ਸੋਇੰਗ ਬਹੁਤ ਅੱਛੀ ਹੋ ਗਈ ਹੈ । ਅਸੀਂ ਆਪਣੇ ਟੀਚੇ ਨੂੰ ਐਕਸੀਡ ਐਤਕੀ ਕਰ ਜਾਵਾਂਗੇ । ਇਸ ਦੇ ਨਾਲ ਪੰਜਾਬ ਖ਼ੁਸ਼ਹਾਲ ਹੋਵੇਗਾ, ਪੰਜਾਬ ਤਰੱਕੀ ਕਰੇਗਾ ਔਰ ਹਿੰਦੁਸਤਾਨ ਦੇ ਵਿਚ ਜੋ ਅਨਾਜ ਦਾ ਤੋਟਾ ਹੈ ਉਹ ਪੰਜਾਬ ਪੂਰਾ ਕਰੇਗਾ । ਇਹ ਪੰਜਾਬ ਦੀ ਸਰਕਾਰ ਅਤੇ ਪੰਜਾਬ ਦੇ ਕਿਸਾਨ ਦੀ ਹਿੰਮਤ, ਕੋਸ਼ਿਸ਼ ਅਤੇ ਰਾਤ ਦਿਨ ਮਿਹਨਤ ਦਾ ਹੀ ਸਦਕਾ ਹੈ ਕਿ ਅਸੀਂ ਅਨਾਜ ਦੀ ਪੈਦਾਵਾਰ ਨੂੰ ਵਧਾਇਆ ਹੈ ।

ਡਿਪਟੀ ਸਪੀਕਰ ਸਾਹਿਬ, ਇਥੇ ਸਭ ਤੋਂ ਪਹਿਲਾਂ ਕੈਪਟਨ ਰਤਨ ਸਿੰਘ ਜੀ ਨੇ ਜ਼ਿਕਰ ਕੀਤਾ ਸੀ ਜਿਸ ਤਰ੍ਹਾਂ ਲੁਧਿਆਣੇ ਵਿਚ ਇਕ ਪ੍ਰੋਗਰਾਮ ਸ਼ੁਰੂ ਕੀਤਾ ਸੀ, ਮੈਂ ਉਸ ਵੇਲੇ ਵੀ ਮਨਿਸਟਰ ਸਾਂ । ਲੁਧਿਆਣੇ ਵਿਚ ਇਕ ਆਈ.ਏ.ਡੀ.ਪੀ. ਦਾ ਪ੍ਰੋਗਰਾਮ ਸ਼ੁਰੂ ਕੀਤਾ ਸੀ । ਲੁਧਿਆਣਾ ਇਕ ਸੈਂਟਰਲ ਜਗ੍ਹਾ ਸੀ ਅਤੇ ਉਥੇ ਐਗਰੀਕਲਚਰ ਯੂਨੀਵਰਸਿਟੀ ਸੀ, ਇਸ ਲਈ ਅਸੀਂ ਲੁਧਿਆਣਾ ਡਿਸਟ੍ਰਿਕਟ ਸਿਲੈਕਟ ਕੀਤਾ ਸੀ ਅਤੇ ਜਿੰਨਾਂ ਵੱਧ ਤੋਂ ਵੱਧ ਖ਼ਰਚ ਕਰ ਸਕਦੇ ਸੀ ਪੰਜਾਬ ਦੀ ਸਰਕਾਰ ਨੇ ਉਤਨਾ ਖਰਚ ਕੀਤਾ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਪੰਜਾਬ ਦੇ ਵਿਚ ਹੀ ਨਹੀਂ, ਹਿੰਦੁਸਤਾਨ ਵਿਚ ਹੀ ਨਹੀਂ ਪ੍ਰੋਡਕਸ਼ਨ ਦੇ ਲਿਹਾਜ਼ ਨਾਲ, ਕਣਕ ਦੀ ਪ੍ਰੋਡਕਸ਼ਨ ਦੇ ਲਿਹਾਜ਼ ਨਾਲ ਲੁਧਿਆਣਾ ਜ਼ਿਲ੍ਹਾ ਸਭ ਤੋਂ ਅਗੇ ਹੈ । ਇਹ ਉਸ ਸਕੀਮ ਦਾ ਹੀ ਸਦਕਾ ਹੈ । ਇਸੀ ਤਰ੍ਹਾਂ ਅਸੀਂ ਬਾਕੀ ਜ਼ਿਲ੍ਹਿਆਂ ਵਿਚ ਵੀ ਇਹ ਪ੍ਰੋਗਰਾਮ ਸ਼ੁਰੂ ਕੀਤਾ ਹੈ । ਜਿਸ ਤਰ੍ਹਾਂ ਲੁਧਿਆਣੇ ਜ਼ਿਲ੍ਹੇ ਵਿਚ ਖਰਚ ਕੀਤਾ ਹੈ ਹੋਰ ਜ਼ਿਲ੍ਹਿਆਂ ਵਿਚ ਵੀ ਪ੍ਰੋਡਕਸ਼ਨ ਵਧਾਉਣ ਵਿਚ ਇਸ ਤਰ੍ਹਾਂ ਕਰ ਸਕਦੇ ਹਾਂ ਪਰ

Original with;
Punjab Vidhan Sabha
Digitized by;
Panjab Digital Library

ਕਈ ਮਜ਼ਬੂਰੀਆਂ ਹੁੰਦੀਆਂ ਹਨ; ਜਿਨ੍ਹਾਂ ਦੀ ਵਜ੍ਹਾ ਕਰਕੇ ਬਾਕੀ ਜ਼ਿਲ੍ਹਿਆਂ ਵਿਚ ਜੋ ਕੰਮ ਸ਼ੁਰੂ ਕੀਤਾ ਹੈ ਉਹ ਤੇਜ਼ੀ ਨਾਲ ਨਹੀਂ ਸ਼ੁਰੂ ਕੀਤਾ ਜਿਸ ਤਰ੍ਹਾਂ ਕਿ ਲੁਧਿਆਣੇ ਵਿਚ ਕੀਤਾ ਹੈ।

ਡਿਪਟੀ ਸਪੀਕਰ ਸਾਹਿਬ, ਕੈਪਟਨ ਸਾਹਿਬ ਨੇ ਸੀਡ ਕਾਰਪੋਰੇਸ਼ਨ ਤੇ ਵੀ ਜ਼ੋਰ ਦਿਤਾ ਹੈ। ਮੈਨੂੰ ਇਹ ਦੱਸਣ ਵਿਚ ਖੁਸ਼ੀ ਹੁੰਦੀ ਹੈ ਕਿ ਪੰਜਾਬ ਸਾਰੇ ਸੂਬਿਆਂ ਨਾਲੋਂ ਪਹਿਲਾ ਸੂਬਾ ਹੈ ਜਿਸ ਨੇ ਵਰਲਡ ਬੈਂਕ ਦੀ ਮਦਦ ਨਾਲ 20 ਕਰੋੜ ਰੁਪਿਆ ਖ਼ਰਚ ਕਰਨ ਦੀ ਉਮੀਦ ਨਾਲ ਸੀਡ ਕਾਰਪੋਰੇਸ਼ਨ ਬਣਾਈ ਹੈ। ਉਹ ਇਥੇ ਪੰਜਾਬ ਵਿਚ ਸ਼ੁਰੂ ਹੋ ਗਈ ਹੈ, ਕੰਮ ਸ਼ੁਰੂ ਕਰ ਦਿਤਾ ਹੈ, ਸਾਰੀਆਂ ਸਕੀਮਾਂ ਬਣ ਗਈਆਂ ਹਨ ਔਰ ਜਿਸ ਤਰ੍ਹਾਂ ਕੈਪਟਨ ਰਤਨ ਸਿੰਘ ਨੇ ਇਥੇ ਦਸਿਆ ਸੀ, ਅਸੀਂ ਬਾਹਰਲੇ ਸੂਬਿਆਂ ਵਿਚ ਵੀ ਕਪਾਹ, ਆਲੂ, ਕਣਕ ਅਤੇ ਆਇਲ ਸੀਡਜ਼ ਵਗੈਰਾ ਭੇਜਾਂਗੇ। ਇਥੇ ਮੇਰੇ ਕਈ ਦੋਸਤਾਂ ਨੇ ਸ਼ਿਕਾਇਤ ਕੀਤੀ ਸੀ ਕਿ ਸੀਡਜ਼ ਅੱਛੇ ਨਹੀਂ। ਇਸ ਬਾਰੇ ਵੀ ਮੈਂ ਕਹਿੰਦਾ ਹਾਂ ਕਿ ਹੁਣ ਕਾਰਪੋਰੇਸ਼ਨ ਦੇ ਸ਼ੁਰੂ ਹੋਣ ਨਾਲ ਜਿਹੜੇ ਚੰਗੇ ਸੀਡਜ਼ ਹੋਣਗੇ ਉਹ ਪੈਦਾ ਕਰਨ ਲਗ ਜਾਵਾਂਗੇ। ਇਸ ਤੋਂ ਇਲਾਵਾ ਵਾਧੂ ਬੀਜ ਪੈਦਾ ਕਰਕੇ ਬਾਹਰਲੇ ਸੂਬਿਆਂ ਨੂੰ ਵੀ ਭੇਜਾਂਗੇ।

ਇਹੋ ਹੀ ਨਹੀਂ, ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਸੁਣ ਕੇ ਖੁਸ਼ੀ ਹੋਵੇਗੀ ਕਿ ਅਸੀਂ ਇਥੇ ਇਕ ਕਾਟਨ ਪ੍ਰੋਜੈਕਟ ਵੀ ਲਿਆਂਦਾ ਹੈ। ਉਸ ਦੇ ਲਈ ਵਰਲਡ ਬੈਂਕ ਨੇ ਢਾਈ ਕਰੋੜ ਰੁਪਏ ਦੇਣੇ ਹਨ। ਸਰਦਾਰ ਲਛਮਣ ਸਿੰਘ ਨੇ ਕਿਹਾ ਸੀ ਕਿ ਇਸ ਦੀ ਇੰਪਰੂਵਮੈਂਟ ਨਹੀਂ ਹੋ ਰਹੀ। ਮੈਂ ਕਹਿੰਦਾ ਹਾਂ ਕਿ ਹੁਣ ਹੋ ਜਾਵੇਗੀ। ਇਸ ਤੋਂ ਅਗੇ ਡਿਪਟੀ ਸਪੀਕਰ ਸਾਹਿਬ, ਇਥੇ ਆਲੂਆਂ ਦੇ ਭਾਅ ਦਾ ਜ਼ਿਕਰ ਹੋਇਆ ਕਿ ਭਾਅ ਘੱਟ ਗਏ ਹਨ। ਤੁਹਾਨੂੰ ਸੁਣ ਕੇ ਖੁਸ਼ੀ ਹੋਵੇਗੀ ਨੇਫਡ ਵਾਲੇ ਪੰਜਾਬ ਵਿਚ ਆ ਗਏ ਹਨ ਅਤੇ ਉਨ੍ਹਾਂ ਨੇ ਖਰੀਦ ਸ਼ੁਰੂ ਕਰ ਦਿਤੀ ਹੈ। ਗਿਆਨੀ ਜੀ ਦੀ ਸਰਕਾਰ ਨੇ ਉਨ੍ਹਾਂ ਨੂੰ ਕੁਝ ਰਿਆਇਤਾਂ ਦਿੱਤੀਆਂ ਹਨ.... ...

**ਚੌਧਰੀ ਜਗਤ ਰਾਮ** : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਵੜੇਵੇਂ ਦੇ ਬੀਜ ਦਾ ਕੀ ਬਣਿਆ ਉਸ ਵਿਚ ਕੋਈ ਸੁਧਾਰ ਲਿਆਂਦਾ ਹੈ....

**ਖੇਤੀਬਾੜੀ ਅਤੇ ਜੰਗਲਾਤ ਮੰਤਰੀ** : ਡਿਪਟੀ ਸਪੀਕਰ ਸਾਹਿਬ, ਅਸੀਂ ਇਸ ਵਲ ਵੀ ਪੂਰਾ ਧਿਆਨ ਦੇ ਰਹੇ ਹਾਂ ਤਾਂ ਕਿ ਅਸੀਂ ਲੰਮੇ ਰੇਸ਼ੇ ਵਾਲੀ ਕਪਾਹ ਪੈਦਾ ਕਰ ਸਕੀਏ।

**ਸਰਦਾਰ ਗੁਰਬਚਨ ਸਿੰਘ ਚੀਮਾ** : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜ਼ਿਮੀਂਦਾਰਾਂ ਦੇ ਆਲੂਆਂ ਦੀ ਖਰੀਦ ਸ਼ੁਰੂ ਹੋ ਗਈ ਹੈ। ਮੈਂ ਕਹਿੰਦਾ ਹਾਂ ਕਿ ਉਨ੍ਹਾਂ ਦੀਆਂ ਜਿੰਨੀਆਂ ਸਖ਼ਤ ਸ਼ਰਤਾਂ ਹਨ ਉਨ੍ਹਾਂ ਦੇ ਮੁਤਾਬਕ ਤਾਂ ਕੋਈ ਵੀ ਜ਼ਿਮੀਂਦਾਰ ਉਨ੍ਹਾਂ ਨੂੰ ਆਲੂ ਨਹੀਂ ਵੇਚ ਸਕੇਗਾ ਕਿਉਂਕਿ ਉਨ੍ਹਾਂ ਦੇ ਮੁਤਾਬਕ ਡੇਢ ਇੰਚ ਤੋਂ ਛੋਟਾ ਅਤੇ ਤਿੰਨ ਇੰਚ ਤੋਂ ਮੋਟਾ ਉਨ੍ਹਾਂ ਨੇ ਲੈਣਾ ਨਹੀਂ।

**ਖੇਤੀਬਾੜੀ ਅਤੇ ਜੰਗਲਾਤ ਮੰਤਰੀ** : ਚੀਮਾ ਸਾਹਿਬ ਨੇ ਸ਼ਿਕਾਇਤ ਕੀਤੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਆਲੂ ਹੈ ਇਹ ਖਰੀਦ ਕੇ ਬਾਹਰਲੇ ਮੁਲਕਾਂ ਵਿਚ ਭੇਜਣਾ ਹੈ। ਉਹ ਆਲੂ ਕੋਈ ਖਾਸ ਸਾਈਜ਼ ਦਾ ਲੈਂਦੇ ਹਨ। ਜਿਹੜੀ ਛੋਟੀ ਗੋਲੀ ਹੈ ਉਹ ਕੱਢ ਦਿੰਦੇ ਹਨ ਔਰ ਬਾਕੀ ਸਾਰਾ ਲੈ ਲੈਂਦੇ ਹਨ। ਕਿਉਂਕਿ ਆਲੂ ਬਾਹਰਲੇ ਦੇਸ਼ਾਂ ਨੂੰ ਭੇਜਣੇ ਸੀ ਅਤੇ

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਅਤੇ ਜੰਗਲਾਤ ਮੰਤਰੀ]

ਅੱਜ ਤੋਂ ਦਸ ਪੰਦਰਾਂ ਦਿਨ ਪਹਿਲਾਂ ਆਲੂਆਂ ਦੀ ਛਿੱਲ ਕੱਚੀ ਸੀ ਅਤੇ ਹੁਣ ਪੱਕ ਗਈ ਹੈ ਇਸ ਲਈ ਨੇਫਡ ਪੰਜਾਬ ਵਿਚ ਹੁਣ ਆਈ ਹੈ। ਸਾਡੀ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ 3 ਰੁਪਏ ਰਿਆਇਤ ਦਿਤੀ ਹੈ ਔਰ ਇਸ ਦੇ ਵਾਸਤੇ 20 ਲੱਖ ਰੁਪਏ ਰੱਖੇ ਹਨ ਮਾਰਕਿਟ ਬੋਰਡ ਵਲੋਂ ਜਿੰਨਾ ਦੇਣਾ ਪਏਗਾ, ਦੇਵਾਂਗੇ। ਇਕ ਇਨ੍ਹਾਂ ਨੇ ਹੋਰ ਕਿਹਾ ਸੀ ਕਿ ਜਿਹੜਾ ਸਮਾਲ ਫਾਰਮਰ ਹੈ ਜਾਂ ਮਿਡਲ ਫ਼ਾਰਮਰ ਹੈ....

**ਸਰਦਾਰ ਸੁਰਜੀਤ ਸਿੰਘ ਅਟਵਾਲ** : ਡਿਪਟੀ ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ਼ ਆਰਡਰ।

**ਸ੍ਰੀ ਡਿਪਟੀ ਸਪੀਕਰ** : ਅਟਵਾਲ ਸਾਹਿਬ, ਵਿਚ ਇੰਟਰੱਪਟ ਨਾ ਕਰੋ ਬਾਅਦ ਵਿਚ ਜਿਹੜੀ ਇਨਫਰਮੇਸ਼ਨ ਲੈਣੀ ਹੋਵੇ, ਲੈ ਲੈਣਾ ਅਤੇ ਮਾਸਟਰ ਜੀ ਨੂੰ ਬੋਲਣ ਦਿਉ।

**ਖੇਤੀਬਾੜੀ ਅਤੇ ਜੰਗਲਾਤ ਮੰਤਰੀ** : ਡਿਪਟੀ ਸਪੀਕਰ ਸਾਹਿਬ, ਜਿੰਨੇ ਵੀ ਸੁਆਲ ਪੁੱਛਣਗੇ ਮੈਂ ਜਵਾਬ ਦਿਆਂਗਾ, ਮੈਨੂੰ ਪਹਿਲਾਂ ਬੋਲ ਲੈਣ ਦੇਣ।

ਮੈਂ ਕਹਿ ਰਿਹਾ ਸੀ ਕਿ ਇਹ ਜਿਹੜੀਆਂ ਛੋਟੀਆਂ ਏਜੰਸੀਆਂ ਹਨ ਉਨ੍ਹਾਂ ਦੇ ਮੁਤੱਅਲਕ ਕਿਹਾ ਗਿਆ ਹੈ। ਮੈਨੂੰ ਦਸ ਕੇ ਖੁਸ਼ੀ ਹੁੰਦੀ ਹੈ ਕਿ ਹਿੰਦੁਸਤਾਨ ਦੇ ਕਿਸੇ ਸੂਬੇ ਵਿਚ ਇਤਨਾ ਰਕਬਾ ਨਹੀਂ ਕਵਰ ਕੀਤਾ ਗਿਆ ਜਿੰਨਾਂ ਗਿਆਨੀ ਜੀ ਦੀ ਸਰਕਾਰ ਨੇ ਪੰਜਾਬ ਵਿਚ ਕੀਤਾ ਹੈ। ਬਾਕੀ ਸਟੇਟਾਂ ਵਿਚ ਕਿਸੇ ਦੇ ਇਕ ਜ਼ਿਲੇ, ਵਿਚ ਕਿਸੇ ਦੇ ਦੋ ਜ਼ਿਲ੍ਹਿਆਂ ਵਿਚ ਹੋਵੇਗਾ ਪਰ ਸਾਡੀਆਂ ਏਜੰਸੀਆਂ ਸਾਰੇ ਪੰਜਾਬ ਵਿਚ ਹਨ। ਤੇ ਤੁਹਾਨੂੰ ਖੁਸ਼ੀ ਹੋਵੇਗੀ ਕਿ ਇਨ੍ਹਾਂ ਏਜੰਸੀਆਂ ਰਾਹੀਂ ਅਸੀਂ ਕੋਈ 3 ਲੱਖ 26 ਹਜ਼ਾਰ ਫਾਰਮਰਜ਼ ਨੂੰ ਆਈਡੈਂਟੀਫਾਈ ਕੀਤਾ ਹੈ। ਔਰ 25372 ਟਿਊਬਵੈਲਜ਼ ਲੱਗ ਚੁੱਕੇ ਹਨ, ਇਹਨਾਂ ਏਜੰਸੀਆਂ ਦੀ ਖ਼ਾਤਰ ਜਿਨ੍ਹਾਂ ਦਾ ਜ਼ਿਕਰ ਕੀਤਾ ਗਿਆ ਹੈ। ਇਸ ਤੋਂ ਇਲਾਵਾ 27211 ਮੱਝਾਂ, ਗਾਵਾਂ ਅਸੀਂ ਲੇਬਰਰਜ਼ ਨੂੰ, ਗ਼ਰੀਬ ਨੂੰ ਖਰੀਦ ਕੇ ਦੇ ਚੁੱਕੇ ਹਾਂ। ਇਸ ਤਰ੍ਹਾਂ ਹੀ ਕੋਈ 14 ਲੱਖ 31 ਹਜ਼ਾਰ ਰੁਪਏ ਦੇ ਪੋਲਟਰੀ ਫ਼ਾਰਮਜ਼ ਵਾਸਤੇ ਬਰਡਜ਼ ਖਰੀਦ ਕੇ ਦੇ ਚੁੱਕੇ ਹਾਂ। ਇਸੇ ਤਰ੍ਹਾਂ 4 ਕਰੋੜ 85 ਲੱਖ ਦੇ ਕਰੀਬ ਅਸੀਂ ਮਜ਼ਦੂਰਾਂ ਨੂੰ, ਛੋਟੇ ਕਿਸਾਨਾਂ ਨੂੰ, ਛੋਟੇ ਜ਼ਮੀਂਦਾਰਾਂ ਨੂੰ ਸੱਬਸਿਡੀ ਦੇ ਚੁੱਕੇ ਹਾਂ। ਕਰਜ਼ੇ ਵਿਚ ਜਿਹੜੇ ਛੋਟੇ ਕਿਸਾਨ ਹਨ ਉਨ੍ਹਾਂ ਨੂੰ 33% ਸੱਬਸਿਡੀ ਔਰ ਜਿਹੜੇ ਜ਼ਰਾ ਵੱਡੇ ਹਨ ਉਨ੍ਹਾਂ ਨੂੰ 25% ਸੱਬਸਿਡੀ ਦਿੱਤੀ ਹੈ ਇਨ੍ਹਾਂ ਏਜੰਸੀਆਂ ਦੀ ਰਾਹੀਂ ਅਤੇ ਕੋਈ 34.36 ਲੱਖ ਰੁਪਏ ਖਰਚ ਆਏ ਹਨ। ਇਸ ਤੋਂ ਇਲਾਵਾ 62.98 ਕਿਲੋਮੀਟਰ ਪਿੰਡਾਂ ਵਿਚ ਸੜਕਾਂ ਵੀ ਬਣਾਈਆਂ ਹਨ। ਇਹ ਵੀ ਇਕ ਵੱਡੀ ਗੱਲ ਹੈ। ਮੇਰੇ ਦੋਸਤਾਂ ਨੇ ਇਥੇ ਕਿਹਾ ਸੀ ਕਿ ਕਪਾਹ ਅਤੇ ਕਮਾਦ ਤੇ ਸਪਰੇ ਹੋਣੀ ਚਾਹੀਦੀ ਹੈ। ਤੁਸੀਂ ਖੁਸ਼ ਹੋਵੋਗੇ ਕਿ ਅਸੀਂ ਏਰੀਅਲ ਸਪਰੇ ਕੀਤਾ ਹੈ ਕਪਾਹ ਤੇ ਕਿਸੇ ਵੀ ਹੋਰ ਸਟੇਟ ਨੇ ਹਿੰਦੁਸਤਾਨ ਭਰ ਵਿਚ ਭਾਵੇਂ ਮਹਾਰਾਸ਼ਟਰ ਔਰ ਗੁਜਰਾਤ ਵਿਚ ਕਪਾਹ ਜ਼ਿਆਦਾ ਪੈਦਾ ਹੁੰਦੀ ਹੈ। ਸਾਡੇ ਪੰਜਾਬ ਵਿਚ ਸਭ ਤੋਂ ਜ਼ਿਆਦਾ ਸਪਰੇ ਹੋਈ ਹੈ। ਇਸ ਤੇ 752.59 ਲੱਖ ਰੁਪਏ ਖਰਚ ਕੀਤੇ ਹਨ। ਪਹਿਲਾਂ ਗੌਰਮੈਂਟ ਆਫ਼ ਇੰਡੀਆਂ ਸੱਬਸਿਡੀ ਦਿੰਦੀ ਸੀ, ਹੁਣ ਅਸੀਂ ਮਾਰਕੀਟ ਬੋਰਡ ਤੋਂ ਸੱਬਸਿਡੀ ਲੈ ਕੇ ਸਪਰੇ ਕੀਤੀ ਹੈ। ਚੀਮਾਂ ਸਾਹਿਬ ਨੇ ਕਿਹਾ ਸੀ ਕਿ ਕਮਾਦ ਤੇ ਸਪਰੇ ਹੋਣੀ ਚਾਹੀਦੀ ਹੈ। ਮੈਂ ਦਸਦਾ ਹਾਂ ਕਿ ਧੂਰੀ ਦੀ ਮਿੱਲ ਨੂੰ ਛੱਡ ਕੇ

Original with;
Punjab Vidhan Sabha
Digitized by;
Panjab Digital Library

ਸਾਲ 1976-77 ਦੇ ਦੌਰਾਨ ਰਾਜ ਸਰਕਾਰ ਬੋਰਡ ਨੂੰ 5.5 ਕਰੋੜ ਰੁਪਏ ਦਾ ਇਕ ਹੋਰ ਕਰਜ਼ਾ ਦੇਵੇਗੀ ।

ਪੰਜਾਬ ਮਕਾਨ ਉਸਾਰੀ ਵਿਕਾਸ ਬੋਰਡ ਨੂੰ ਆਪਣੇ ਉਸਾਰੀ ਪ੍ਰੋਗਰਾਮਾਂ ਲਈ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਕਾਰਪੋਰੇਸ਼ਨ ਪਾਸੋਂ 3 ਕਰੋੜ ਰੁਪਏ ਦੇ ਕਰਜ਼ੇ ਦੀ ਗਰੰਟੀ ਤੋਂ ਇਲਾਵਾ 1975-76 ਤੋਂ ਸ਼ੁਰੂ ਹੋਣ ਵਾਲੇ ਪੰਜ ਸਾਲਾਂ ਲਈ ਸਹਾਇਤਾ ਦੀ ਸ਼ਕਲ ਵਿਚ 25 ਲੱਖ ਰੁਪਏ ਸਾਲਾਨਾ ਦੇਣ ਅਤੇ ਸਰਕਾਰ ਤੋਂ ਪਹਿਲਾਂ ਲਏ ਹੋਏ ਕਰਜ਼ਿਆ ਦੀ ਅਸਲ ਰਕਮ ਦੀ ਵਾਪਸੀ ਦੀ ਮਿਆਦ ਤਿੰਨ ਸਾਲ ਹੋਰ ਵਧਾਉਣ ਦਾ ਯਕੀਨ ਦਿਵਾਇਆ ਗਿਆ ਹੈ । ਇਸ ਨਾਲ ਬੋਰਡ ਨੂੰ ਬੁਨਿਆਦੀ ਸਰਮਾਇਆ ਕਾਇਮ ਕਰਨ ਅਤੇ ਜੀਵਨ ਬੀਮਾ ਕਾਰਪੋਰੇਸ਼ਨ ਅਤੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਕਾਰਪੋਰੇਸ਼ਨ (HUDCO) ਪਾਸੋਂ ਕਾਫੀ ਮਾਲੀ ਸਹਾਇਤਾ ਪ੍ਰਾਪਤ ਕਰਨ ਵਿਚ ਮਦਦ ਮਿਲੇਗੀ ।

**ਸ਼ਹਿਰੀ ਬਸਤੀਆਂ :-** ਮੌਜੂਦਾ ਸ਼ਹਿਰੀ ਬਸਤੀਆਂ ਦਾ ਵਿਸਤਾਰ ਕੀਤਾ ਗਿਆ ਹੈ ਅਤੇ ਨਵੀਆਂ ਬਸਤੀਆਂ ਵੀ ਕਾਇਮ ਕੀਤੀਆਂ ਗਈਆਂ ਹਨ । ਚਾਲੂ ਸਾਲ ਦੇ ਦੌਰਾਨ 650 ਏਕੜ ਤੋਂ ਵੱਧ ਜ਼ਮੀਨ ਪ੍ਰਾਪਤ ਕੀਤੀ ਜਾਵੇਗੀਂ ਅਤੇ ਅਗਲੇ ਸਾਲ ਇਸ ਤੋਂ ਤਿਗਣੀ ਜ਼ਮੀਨ ਪ੍ਰਾਪਤ ਕਰਨ ਦਾ ਪ੍ਰੋਗਰਾਮ ਹੈ । ਚਾਲੂ ਸਾਲ ਦੇ 4.50 ਕਰੋੜ ਰੁਪਏ ਦਾ ਖਰਚਾ ਵਧਾ ਕੇ 1976-77 ਲਈ 8 ਕਰੋੜ ਰੁਪਏ ਕਰ ਦਿੱਤਾ ਗਿਆ ਹੈ । (ਤਾੜੀਆਂ) 20 ਨੁਕਾਤੀ ਸਮਾਜ ਆਰਥਕ ਪਰੋਗਰਾਮ ਦੇ ਆਸ਼ੇ ਨੂੰ ਧਿਆਨ ਵਿਚ ਰਖਦੇ ਹੋਏ, ਇਹ ਫੈਸਲਾ ਕੀਤਾ ਗਿਆ ਹੈ ਕਿ ਛੋਟੇ ਆਕਾਰ ਦੇ ਪਲਾਟ ਮਾਲੀ ਤੌਰ ਤੇ ਕਮਜ਼ੋਰ ਵਰਗਾਂ ਅਤੇ ਘੱਟ ਆਮਦਨ ਵਾਲੇ ਗਰੁੱਪਾਂ ਦੇ ਲੋਕਾਂ ਨੂੰ ਰਿਆਇਤੀ ਦਰਾਂ ਤੇ ਵੇਚ ਦਿੱਤੇ ਜਾਣ (ਤਾੜੀਆਂ)

**ਯੋਜਨਾ ਬੱਧ ਸ਼ਹਿਰੀ ਵਿਕਾਸ ਵੱਲ :** ਵਾਯੂ—ਮੰਡਲ ਖੋਜ, ਯੋਜਨਾ-ਬੰਦੀ ਅਤੇ ਡਿਜ਼ਾਇਨ ਸੰਗਠਨ, ਲੁਧਿਆਣਾ ਸ਼ਹਿਰ ਦੇ ਸਮੁੱਚੇ ਵਿਕਾਸ ਸਬੰਧੀ ਇਕ ਮੁਫਸੱਲ ਰਪੋਟ ਤਿਆਰ ਕੀਤੀ ਹੈ । ਭਾਰਤ ਸਰਕਾਰ ਨੇ ਪ੍ਰਾਜੈਕਟ ਰਪੋਟ ਦੀ ਪ੍ਰਵਾਨਗੀ ਦੇ ਦਿੱਤੀ ਹੈ ਅਤੇ ਪ੍ਰਾਜੈਕਟ ਨੂੰ ਨੇਪਰੇ ਚਾੜ੍ਹਨ ਲਈ 50 ਲੱਖ ਰੁਪਏ ਦਾ ਕਰਜ਼ਾ ਦਿੱਤਾ ਹੈ । ਚਾਲੂ ਸਾਲ ਦੇ ਦੌਰਾਨ ਸ਼ਹਿਰ ਵਿਚ ਮਕਾਨ ਉਸਾਰੀ ਉਦਯੋਗਿਕ ਅਤੇ ਵਪਾਰਕ ਮਕਸਦ ਲਈ ਭੋਂ ਪ੍ਰਾਪਤ ਕਰਨ ਤੇ ਵਿਕਸਤ ਕਰਨ ਅਤੇ ਸ਼ਹਿਰੀ ਸਹੂਲਤਾਂ ਮੁਹੱਈਆ ਕਰਨ ਤੇ ਲਗਭਗ 7.50 ਕਰੋੜ ਰੁਪਏ ਖ਼ਰਚ ਕੀਤੇ ਜਾਣਗੇ । ਜਲੰਧਰ ਅਤੇ ਅੰਮ੍ਰਿਤਸਰ ਲਈ ਸਮੁਚਿਤ ਸ਼ਹਿਰੀ ਵਿਕਾਸ ਪ੍ਰਾਜੈਕਟ ਰਪੋਟਾਂ ਪਹਿਲਾਂ ਹੀ ਮੁਕੰਮਲ ਹੋ ਚੁੱਕੀਆਂ ਹਨ ਅਤੇ ਇਹ ਉਚਿਤ ਮਾਲੀ ਸਹਾਇਤਾ ਪ੍ਰਾਪਤ ਕਰਨ ਲਈ ਭਾਰਤ ਸਰਕਾਰ ਨੂੰ ਭੇਜੀਆਂ ਜਾ ਰਹੀਆਂ ਹਨ ।

**ਕਾਲੋਨੀ ਰੇਗੂਲੇਸ਼ਨ ਐਕਟ 1975 :** ਸ਼ਹਿਰ ਦੀਆਂ ਖ਼ਾਲੀ ਜ਼ਮੀਨਾਂ ਦੀਆਂ ਕੀਮਤਾਂ ਦੇ ਨਜਾਇਜ਼ ਵਾਧੇ ਨੂੰ ਰੋਕਣ ਲਈ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਨੇ ਪੰਜਾਬ ਕਾਲੋਨੀ ਰੇਗੂਲੇਸ਼ਨ ਐਕਟ, 1975 ਲਾਗੂ ਕੀਤਾ ਹੈ, ਜਿਸ ਅਧੀਨ ਕੋਈ ਵੀ ਵਿਅਕਤੀ ਸਰਕਾਰ ਦੀ ਲੋੜੀਂਦੀ ਮਨਜ਼ੂਰੀ ਪ੍ਰਾਪਤ ਕੀਤੇ ਬਿਨਾਂ ਕਿਸੇ ਜ਼ਮੀਨ ਨੂੰ ਰਿਹਾਇਸ਼ੀ ਕਾਲੋਨੀ ਵਿਚ ਨਹੀਂ ਬਦਲ ਸਕੇਗਾ । ਇਸ ਕਾਨੂੰਨ ਦੀ ਮਨਸ਼ਾ ਇਹ ਹੈ ਕਿ ਅਜਿਹੀਆਂ ਤਜਵੀਜ਼ ਸ਼ੁਦਾ ਰਿਹਾਇਸ਼ੀ ਕਾਲੋਨੀਆਂ ਕਾਇਮ ਕੀਤੀਆਂ ਜਾਣ ਜਿਨ੍ਹਾਂ ਵਿਚ ਸਾਰੀਆਂ ਸ਼ਹਿਰੀ ਸਹੂਲਤਾਂ ਮੁਯੱਸਰ ਕੀਤੀਆਂ ਜਾ ਸਕਣ ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

**ਪੰਜਾਬ ਇਲਾਕਾਈ ਅਤੇ ਨਗਰ ਯੋਜਨਾਂ-ਬੰਦੀ** : ਜਿਵੇਂ ਕਿ ਮੈਂ ਆਪਣੇ ਪਿਛਲੇ ਸਾਲ ਦੇ ਬਜਟ ਭਾਸ਼ਣ ਵਿਚ ਦੱਸਿਆ ਸੀ, ਸ਼ਹਿਰੀ ਵਿਕਾਸ ਵਿਭਾਗ ਅਜਿਹੇ ਸੋਚੇ ਸਮਝੇ ਅਤੇ ਤਰੀਕੇਵਾਰ ਯਤਨ ਕਰ ਰਿਹਾ ਹੈ ਜਿਸ ਨਾਲ ਰਾਜ ਲਈ ਇਕ ਵਿਸ਼ਾਲ ਸ਼ਹਿਰੀਕਰਨ ਨੀਤੀ ਅਪਣਾਈ ਜਾਵੇ। ਇਸ ਮਕਸਦ ਦੀ ਪ੍ਰਾਪਤੀ ਲਈ ਸ਼ਹਿਰਾਂ ਅਤੇ ਨਗਰਾਂ ਦੀਆਂ ਮਾਸਟਰ ਪਲਾਨਾਂ ਤੇ ਕਾਨੂੰਨੀ ਤੌਰ ਤੇ ਅਮਲ ਕਰਾਉਣ ਦੇ ਨਜ਼ਰੀਏ ਨਾਲ ਸਮੁੱਚੀ ਜ਼ਮੀਨ ਦੀ ਤਬਦੀਲੀ ਨਿਯਮਤ ਕਰਨ ਲਈ ਰਾਜ ਸਰਕਾਰ ਨੇ ਇਕ ਸਰਬਪੱਖੀ ਕਾਨੂੰਨ ਬਣਾਇਆ ਹੈ ਜੋ ਭਾਰਤ ਦੇ ਰਾਸ਼ਟਰਪਤੀ ਦੀ ਲੋੜੀਂਦੀ ਪ੍ਰਵਾਨਗੀ ਪ੍ਰਾਪਤੀ ਕਰਨ ਲਈ ਭਾਰਤ ਸਰਕਾਰ ਨੂੰ ਭੇਜਿਆ ਗਿਆ ਹੈ। ਤਜਵੀਜ਼ ਸ਼ੁਦਾ ਕਾਨੂੰਨ ਵਿਚ ਵੱਡੇ ਨਗਰਾਂ ਲਈ ਕਾਨੂੰਨੀ ਯੋਜਨਾ-ਬੰਦੀ ਅਤੇ ਵਿਕਾਸ ਅਥਾਰਟੀਆਂ ਕਾਇਮ ਕਰਨ ਲਈ ਉਪਬੰਧ ਕੀਤਾ ਗਿਆ ਹੈ ਜਿਹੜੀਆਂ ਯੋਜਨਾਬੱਧ ਅਤੇ ਸਮੁੱਚੇ ਸ਼ਹਿਰੀ ਵਿਕਾਸ ਲਈ ਪੂਰੇ ਤੌਰ ਤੇ ਜ਼ਿੰਮੇਵਾਰ ਹੋਣਗੀਆਂ।

**ਸ਼ਹਿਰੀ ਮਕਾਨ ਉਸਾਰੀ ਦੇ ਖ਼ਰਚ ਦੀ ਹਦਬੰਦੀ ਅਤੇ ਕੀਮਤੀ ਸ਼ਹਿਰੀ ਜ਼ਮੀਨ ਦੇ ਮੁਫ਼ੀਦਤਰ ਇਸਤੇਮਾਲ** : ਕੀਮਤੀ ਸ਼ਹਿਰੀ ਜ਼ਮੀਨ ਦੇ ਮੁਫ਼ੀਦਤਰ ਇਸਤੇਮਾਲ ਦੇ ਨਜ਼ਰੀਏ ਨਾਲ ਰਾਜ ਸਰਕਾਰ ਨੇ ਹਿਦਾਇਤ ਕੀਤੀ ਹੈ ਕਿ ਆਇੰਦਾ ਸਾਰੀਆਂ ਸਰਕਾਰੀ ਇਮਾਰਤਾਂ ਜ਼ਰੂਰਤ ਅਨੁਸਾਰ ਬਹੁ-ਮੰਜ਼ਲੀਆਂ ਹੋਣੀਆਂ ਚਾਹੀਦੀਆਂ ਹਨ। ਇਹ ਵੀ ਫ਼ੈਸਲਾ ਕੀਤਾ ਗਿਆ ਹੈ ਕਿ ਕਿਸੇ ਵੀ ਸ਼ਹਿਰੀ ਇਲਾਕੇ ਵਿਚ ਕਿਸੇ ਵੀ ਰਿਹਾਇਸ਼ੀ ਮਕਾਨ ਤੇ 1-25 ਲੱਖ ਰੁਪਏ ਤੋਂ ਵੱਧ ਖ਼ਰਚ ਨਾ ਕੀਤਾ ਜਾਵੇ ਅਤੇ ਇਕ ਕਨਾਲ ਤੋਂ ਜ਼ਿਆਦਾ ਪਲਾਟ ਨਾ ਹੋਵੇ। ਹਰ ਸਾਲ ਉਸਾਰੀ ਸਾਜ਼-ਸਮਾਨ ਅਤੇ ਮਜ਼ਦੂਰੀ ਆਦਿ ਦੀ ਲਾਗਤ ਨੂੰ ਸਾਹਮਣੇ ਰਖ ਕੇ ਖਰਚੇ ਦੀ ਇਸ ਹਦਬੰਦੀ ਉਤੇ ਵਿਚਾਰ ਕੀਤਾ ਜਾਵੇਗਾ। ਇਸ ਫ਼ੈਸਲੇ ਦੇ ਨਾਫ਼ਜ਼ ਹੋਣ ਨਾਲ ਜ਼ਰੂਰੀ ਤੌਰ ਨਵੇਂ ਮਕਾਨਾਂ ਦਾ ਕੁਰਸੀ ਰਕਬਾ ਘੱਟ ਜਾਵੇਗਾ ਅਤੇ ਸਾਜ਼-ਸਮਾਨ ਦੀ ਵਰਤੋਂ ਯਕੀਨੀ ਹੋ ਜਾਵੇਗੀ।

**ਪੰਜਾਬ ਜਲ ਸਪਲਾਈ ਅਤੇ ਸੀਵਰਜ ਬੋਰਡ** : ਰਾਜ ਦੇ ਸਾਰੇ ਸ਼ਹਿਰਾਂ ਅਤੇ ਕਸਬਿਆਂ ਦੀਆਂ ਮੌਜੂਦਾ ਜਲ-ਸਪਲਾਈ ਅਤੇ ਸੀਵਰੇਜ ਸਕੀਮਾਂ ਦਾ ਵਿਸਤਾਰ ਕਰਨ, ਨਵੀਆਂ ਸਕੀਮਾਂ ਦੀ ਯੋਜਨਾਂ-ਬੰਦੀ ਅਤੇ ਉਨ੍ਹਾਂ ਨੂੰ ਅਮਲੀ ਰੂਪ ਦੇਣ ਲਈ ਇਕ ਜਲ-ਸਪਲਾਈ ਤੇ ਸੀਵਰੇਜ਼ ਬੋਰਡ ਕਾਇਮ ਕੀਤਾ ਜਾ ਰਿਹਾ ਹੈ।

**ਨਗਰਪਾਲਕਾਵਾਂ ਦੇ ਸਫ਼ਾਈ ਸੇਵਕਾਂ ਦੀ ਭਲਾਈ** : ਸਥਾਨਕ ਸੰਸਥਾਵਾਂ ਵਿਚ ਸਫ਼ਾਈ ਸੇਵਕਾਂ ਦੀਆਂ ਸਮੱਸਿਆਵਾਂ ਦਾ ਵਿਸਥਾਰ ਪੂਰਬਕ ਅਧਿਐਨ ਕਰਨ ਦੇ ਨਜ਼ਰੀਏ ਨਾਲ ਸਰਕਾਰ ਨੇ ਭਗਤ ਗੁਰਾਂ ਦਾਸ ਹੰਸ ਕਮੇਟੀ ਕਾਇਮ ਕੀਤੀ ਸੀ (ਤਾੜੀਆ) ਇਸ ਕਮੇਟੀ ਦੀਆਂ ਸਿਫ਼ਾਰਸ਼ਾਂ ਤੇ ਰਪੋਟ ਭੇਜਣ ਦੇ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਵਿਚਾਰ ਕੀਤੀ ਗਈ ਸੀ ਅਤੇ ਉਨ੍ਹਾਂ ਤੇ ਅਮਲ ਦਰਾਮਦ ਕੀਤਾ ਗਿਆ ਸੀ। ਸਫ਼ਾਈ ਸੇਵਕਾਂ ਦੀ ਸਮਾਜਕ ਸੁਰੱਖਿਆ ਦੇ ਉਪਬੰਧ ਕਰਨ ਤੋਂ ਇਲਾਵਾ ਉਨ੍ਹਾਂ ਦੀਆਂ ਕੰਮ ਕਰਨ ਦੀਆਂ ਅਤੇ ਰਹਿਣ ਸਹਿਣ ਦੀਆਂ ਹਾਲਤਾਂ ਸੁਧਾਰਨ ਲਈ ਕਈ ਠੋਸ ਕਦਮ ਚੁੱਕੇ ਗਏ ਹਨ। ਔਰ ਉਹ ਸਿਫ਼ਾਰਸ਼ਾਂ ਮੰਨ ਲਈਆਂ ਗਈਆਂ ਹਨ।

**ਸਮਾਜ ਦੇ ਕਮਜ਼ੋਰ ਵਰਗਾਂ ਦੀ ਸੁਰੱਖਿਆ** : ਇਹ ਯਕੀਨੀ ਬਣਾਉਣ ਲਈ ਕਿ ਕਮਜ਼ੋਰ ਵਰਗਾਂ ਨੂੰ ਰਿਹਾਇਸ਼ੀ ਮਕਾਨਾਂ ਦੀਆਂ ਥਾਵਾਂ ਅਸਾਨੀ ਨਾਲ ਅਦਾ

Original with;
Punjab Vidhan Sabha
Digitized by;
Panjab Digital Library

ਕਰ ਸਕਣ ਦੀਆਂ ਕੀਮਤਾਂ ਤੇ ਦਿੱਤੀਆਂ ਜਾਣ, ਸਰਕਾਰ ਨੇ ਇੰਪਰੂਵਮੈਂਟ ਟ੍ਰਸਟਾਂ ਅਤੇ ਸ਼ਹਿਰੀ ਬਸਤੀਆਂ ਲਈ ਨਵੇਂ ਭੋਂ ਨਿਪਟਾਰਾਂ ਨਿਯਮ ਬਣਾਏ ਹਨ ਜਿਨ੍ਹਾਂ ਅਧੀਨ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਰਿਜ਼ਰਵ ਕੀਮਤਾਂ ਤੇ ਪਲਾਟ ਅਲਾਟ ਕੀਤੇ ਜਾਣਗੇ ਜਦ ਕਿ ਦੂਜੇ ਲੋਕਾਂ ਨੂੰ ਖੁਲ੍ਹੀ ਬੋਲੀ ਰਾਹੀਂ ਖਰੀਦਣੇ ਹੋਣਗੇ।

**ਜਨਤਕ ਵੰਡ ਪ੍ਰਣਾਲੀ** : ਸੁਚੱਜੀ ਜਨਤਕ ਵੰਡ-ਪ੍ਰਣਾਲੀ ਰਾਹੀਂ ਵਾਜਬ ਕੀਮਤਾਂ ਤੇ ਲੋੜੀਂਦੀਆਂ ਵਸਤਾਂ ਵੰਡਣਾ, 20 ਨੁਕਾਤੀ ਆਰਥਿਕ ਪ੍ਰੋਗਰਾਮ ਦਾ ਇਕ ਹਿੱਸਾ ਹੈ। ਸਮਾਜ ਦੇ ਕਮਜ਼ੋਰ ਵਰਗਾਂ ਦੀਆਂ ਤਕਲੀਫਾਂ ਦੂਰ ਕਰਨ ਲਈ ਇਹ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਆਮ ਲੋੜ ਦੀਆਂ ਵਸਤਾਂ ਅਸਾਨੀ ਨਾਲ ਮੁਯੱਸਰ ਹੋਣ। ਸਮਾਜਕ ਨਿਆਂ ਦੀ ਪ੍ਰਾਪਤੀ ਲਈ ਇਹ ਵੀ ਕਦਮ ਜ਼ਰੂਰੀ ਹੈ।

ਸਸਤੇ ਭਾਅ ਦੀਆਂ ਦੁਕਾਨਾਂ ਅਤੇ ਮਹਿਕਾਰੀ ਖਪਤਕਾਰ ਸਟੋਰਾਂ ਦੇ ਜਾਲ ਰਾਹੀਂ ਇਕ ਸੁਚੱਜੀ ਜਨਤਕ ਵੰਡ-ਪ੍ਰਣਾਲੀ ਕਾਇਮ ਕੀਤੀ ਗਈ ਹੈ।

**ਅਨੁਸੂਚਿਤ ਜਾਤੀਆਂ ਪਛੜੀਆਂ ਸ਼੍ਰੇਣੀਆਂ ਅਤੇ ਕਮਜ਼ੋਰ ਵਰਗਾਂ ਦੀ ਭਲਾਈ** : ਰਾਜ ਸਰਕਾਰ ਨੇ ਅਨੁਸੂਚਿਤ ਜਾਤੀਆਂ, ਵਿਮੁਕਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਦੀ ਆਰਥਿਕ ਹਾਲਤ ਅਤੇ ਸਮਾਜਕ ਹਾਲਤ ਸੁਧਾਰਨ ਲਈ ਭਾਰੀ ਉਦਮ ਅਤੇ ਯਤਨ ਕੀਤਾ ਹੈ। ਪ੍ਰੀ-ਮੈਟ੍ਰਿਕ ਤੇ ਮੈਟ੍ਰਿਕ ਉਪਰੰਤ ਸਿਖਿਆ ਲਈ ਵਿਦਿਆਰਥੀਆਂ ਵਜ਼ੀਫੇ ਦੇਣ ਅਤੇ ਫੀਸਾਂ ਦੀ ਪ੍ਰਤੀ-ਪੂਰਤੀ ਕਰਨ ਲਈ ਸਕੀਮਾਂ ਬਣਾਈਆਂ ਗਈਆਂ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲੇ ਵਿਖੇ ਚਲ ਰਹੇ ਜ਼ੋਨਲ ਕੋਚਿੰਗ ਸੈਂਟਰ ਲਈ ਚਾਲੂ ਵਿਤੀ ਸਾਲ ਵਿਚ 2 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਸੀ, ਜੋ ਹੁਣ ਸਾਲ 1976-77 ਲਈ ਵਧਾ ਕੇ 3 ਲੱਖ ਰੁਪਏ ਕਰ ਦਿਤਾ ਗਿਆ ਹੈ। ਸਾਲ 1976-77 ਵਿਚ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਕਾਨੂੰਨ, ਡਾਕਟਰੀ ਤੇ ਇੰਜੀਨੀਅਰਿੰਗ ਦੀਆਂ ਕਿਤਾਬਾਂ ਖਰੀਦਣ ਲਈ ਵਧੇਰੇ ਫੰਡ ਮੁਹੱਈਆ ਕੀਤੇ ਗਏ ਹਨ। ਇਸੇ ਤਰ੍ਹਾਂ ਅਨੁਸੂਚਿਤ ਜਾਤੀਆਂ ਦੀਆਂ ਵਿਦਿਆਰਥਣਾਂ ਲਈ ਵੀ ਹੋਸਟਲ ਬਣਾਉਣ ਵਾਸਤੇ ਅਗਲੇ ਸਾਲ ਲਈ ਵਧੇਰੇ ਰਕਮਾਂ ਰਖੀਆਂ ਗਈਆਂ ਹਨ।

ਅਨੁਸੂਚਿਤ ਜਾਤੀਆਂ ਲਈ ਧਰਮਸ਼ਾਲਾਵਾਂ ਅਤੇ ਚੌਪਾਲਾਂ ਬਣਾਉਣ ਦੇ ਪ੍ਰੋਗਰਾਮ ਅਧੀਨ 8,111 ਧਰਮਸ਼ਾਲਾਵਾਂ ਦੀ ਉਸਾਰੀ ਲਈ ਸਾਲ 1974-75 ਤਕ 4.19 ਕਰੋੜ ਰੁਪਏ ਦੀ ਰਕਮ ਮਨਜ਼ੂਰ ਕੀਤੀ ਗਈ ਸੀ। ਰਾਜ ਦੇ ਸਾਰੇ ਪਿੰਡਾਂ ਨੂੰ ਕਵਰ ਕਰਨ ਲਈ ਸਾਲ 1975-76 ਅਤੇ 1976-77 ਦੇ ਦੌਰਾਨ 1,730 ਅਜਿਹੀਆਂ ਹੋਰ ਧਰਮਸ਼ਾਲਾਵਾਂ ਬਣਾ ਦਿੱਤੀਆਂ ਜਾਣਗੀਆਂ। (ਤਾੜੀਆਂ)

''ਹਰੀਜਨ ਬਸਤੀਆਂ ਦੇ ਆਲੇ-ਦੁਆਲੇ ਵਿਚ ਸੁਧਾਰਾਂ'' ਦੀ ਸਕੀਮ ਅਧੀਨ, ਸਾਲ 1975-76 ਦੇ ਦੌਰਾਨ 93 ਲੱਖ ਰੁਪਏ ਦੇ ਖਰਚ ਹੋਣ ਦੀ ਸੰਭਾਵਨਾ ਹੈ ਅਤੇ ਸਾਲ 1976-77 ਲਈ 93 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ। (ਤਾੜੀਆਂ)

ਪੰਜਾਬ ਅਨੁਸੂਚਿਤ ਜਾਤੀ ਭੋਂ-ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਨੇ, ਅਨੁਸੂਚਿਤ ਜਾਤੀਆਂ ਦੇ 9,500 ਵਿਅਕਤੀਆਂ ਨੂੰ ਨਵੇਂ ਕਿੱਤਿਆਂ ਅਤੇ ਧੰਦਿਆਂ ਆਦਿ ਦੇ ਵਾਧੇ ਲਈ 4 ਕਰੋੜ ਰੁਪਏ ਦੀ ਰਕਮ ਦੇ ਕਰਜ਼ੇ ਵੰਡੇ। ਸਰਕਾਰ ਦੇ ਹਿੱਸੇ ਵੱਜੋਂ ਕਾਰਪੋਰੇਸ਼ਨ ਨੂੰ ਸਾਲ 1975

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਵਿਚ ਇਕ ਕਰੋੜ ਰੁਪਏ ਅਦਾ ਕੀਤੇ ਗਏ ਅਤੇ ਸਾਲ 1976-77 ਲਈ 80 ਲੱਖ ਰੁਪਏ ਦੇਣ ਦੀ ਤਜਵੀਜ਼ ਹੈ। ਸਾਲ 1976-77 ਦੇ ਦੌਰਾਨ ਛੇਵੀਂ ਤੋਂ ਅੱਠਵੀਂ ਜਮਾਤ ਦੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਪੁਸਤਕਾਂ ਅਤੇ ਲਿਖਣ-ਸਮੱਗਰੀ ਖਰੀਦਣ ਲਈ ਇਕ ਨਵੀਂ ਸਕੀਮ ਸ਼ੁਰੂ ਕੀਤੀ ਜਾ ਰਹੀ ਹੈ। ਇਸ ਸਾਲ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਖੇਤੀ-ਬਾੜੀ ਅਤੇ ਹੋਰ ਤਕਨੀਕੀ ਕੋਰਸਾਂ ਵਿਚ ਵਿਸ਼ੇਸ਼ ਸਿਖਲਾਈ ਦੇਣ ਦਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ। ਇਸ ਸਕੀਮ ਅਧੀਨ 1,500 ਜੇ. ਬੀ. ਟੀ., 500 ਬੀ. ਐੱਡ ਅਤੇ 100 ਓਵਰਸੀਅਰਾਂ ਨੂੰ ਟਰੇਨਿੰਗ ਦਿਤੀ ਜਾ ਰਹੀ ਹੈ। (ਤਾੜੀਆਂ) ਸਾਲ 1975-76 ਵਿਚ ਵਿਸ਼ੇਸ਼ ਰੋਜ਼ਗਾਰ ਸੈਲ ਨੇ ਰਾਜ ਦੇ ਅਨੁਸੂਚਿਤ ਜਾਤੀਆਂ ਦੇ ਯੋਗਤਾ ਪ੍ਰਾਪਤ 2,000 ਵਿਅਕਤੀਆਂ ਨੂੰ ਉਚਿਤ ਨੌਕਰੀਆਂ ਹਾਸਲ ਕਰਨ ਵਿਚ ਮਦੱਦ ਕੀਤੀ।

ਪੰਜਾਬ ਅਨੁਸੂਚਿਤ ਜਾਤੀ ਭੌਂ-ਵਿਕਾਸ ਅਤੇ ਵਿਕਾਸ ਕਾਰਪੋਰੇਸ਼ਨ ਵਿਚ ਸਰਕਾਰ ਦੀ ਲੱਗੀ ਪੂੰਜੀ ਉਤੇ ਇਸ ਦੇ ਬਣਦੇ ਲਾਭ ਦੀ ਅਦਾਇਗੀ ਤੋਂ ਛੋਟ ਦੇ ਕੇ, ਇਹੀ ਰਕਮ ਨਿਰੰਤਰ ਇਸ ਕਾਰਪੋਰੇਸ਼ਨ ਨੂੰ ਮਾਲੀ ਸਹਾਇਤਾ ਵਜੋਂ ਦੇਣ ਦਾ ਉਪਬੰਧ ਕੀਤਾ ਗਿਆ ਹੈ। ਕਾਰਪੋਰੇਸ਼ਨ ਇਸ ਰਕਮ ਦੀ ਵਰਤੋਂ ਹਰੀਜ਼ਨਾਂ ਦੀ ਭਲਾਈ ਲਈ ਕਰ ਸਕੇਗੀ।

ਚਾਲੂ ਸਾਲ ਦੇ ਦੌਰਾਨ ਨਵੰਬਰ, 1975 ਤੱਕ 18,000 ਏਕੜ ਭੋਂ 4,846 ਹਰੀਜਨਾਂ ਤੇ ਸਮਾਜ ਦੇ ਹੋਰ ਕਮਜ਼ੋਰ ਵਰਗਾਂ ਦੇ ਵਿਅਕਤੀਆਂ ਦੇ ਨਾਂ ਰਿਸਟ੍ਰਿਕਟਿਡ/ਆਮ ਨੀਲਾਮੀ ਰਾਹੀਂ ਮੁੰਤਕਿਲ ਕੀਤੀ ਜਾ ਚੁਕੀ ਹੈ। ਇਸ ਵਿਚੋਂ 16,074 ਏਕੜ ਭੋਂ (ਕੁਲ ਦਾ ਲਗਭਗ 88 ਫੀ ਸਦੀ) 3,560 ਹਰੀਜਨ ਪਰਿਵਾਰਾਂ ਨੂੰ ਦਿਤੀ ਗਈ (ਤਾੜੀਆਂ) ਇਸ ਤਰ੍ਹਾਂ ਹਰੀਜਨਾਂ ਦੇ ਨਾਂ ਮੁੰਤਕਿਲ ਕੀਤਾ ਕੁਲ ਰਕਬਾ 1,27,029 ਏਕੜ ਬਣਦਾ ਹੈ (ਤਾੜੀਆਂ) ਜਿਸ ਨਾਲ 25,500 ਹਰੀਜਨ ਪਰਿਵਾਰਾਂ ਨੂੰ ਲਾਭ ਹੋਇਆ। ਇਹ ਇਕ ਸ਼ਾਨਦਾਰ ਪ੍ਰਾਪਤੀ ਹੈ। (ਤਾੜੀਆਂ)।

ਉਕਤ ਜ਼ਮੀਨਾਂ ਤੋਂ ਇਲਾਵਾ, ਰਾਜ ਦੇ ਮੁੜ-ਵਸਾਉ ਵਿਭਾਗ ਨੇ ਵੀ ਦਿਹਾਤੀ ਇਲਾਕਿਆਂ ਵਿਚ 58,788 ਪਰਿਵਾਰ ਨੂੰ 92,078 ਮਕਾਨ/ਪਲਾਟ ਦਿਤੇ ਹਨ। ਇਨ੍ਹਾਂ ਵਿਚੋਂ 52,644 ਮਕਾਨ/ਪਲਾਟ 17,487 ਹਰੀਜਨ ਪਰਿਵਾਰਾਂ ਨੂੰ ਫੀ ਮਕਾਨ 30 ਰੁਪਏ ਅਤੇ ਫੀ ਤੌੜ 10 ਰੁਪਏ ਦੀ ਨਾਂ-ਮਾਤਰ ਕੀਮਤ ਤੇ ਦਿਤੇ ਗਏ ਹਨ। (ਤਾੜੀਆਂ)

ਬਜਟ ਐਲੋਕੇਸ਼ਨ ਤੋਂ ਹੀ ਇਹ ਪਤਾ ਲਗ ਜਾਂਦਾ ਹੈ ਕਿ ਸਰਕਾਰ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦਾਂ ਸਮਾਜ-ਆਰਥਿਕ ਦਰਜ਼ਾ ਵਧਾਉਣ ਦੇ ਕੰਮ ਨੂੰ ਅਮਲੀ ਰੂਪ ਦੇਣ ਦਾ ਪੱਕਾ ਇਰਾਦਾ ਰਖਦੀ ਹੈ। ਇਸ ਮਨੋਰਥ ਲਈ ਸ਼ੁਰੂ ਵਿਚ ਸਾਲ 1972-73 ਵਿਚ ਜਦੋਂ ਕਿ ਮੌਜੂਦਾ ਸਰਕਾਰ ਨੇ ਕਾਰਜ ਭਾਰ ਸੰਭਾਲਿਆ, 4.04 ਕਰੋੜ ਰੁਪਏ ਦਾ ਕੁਲ ਬਜਟ ਉਪਬੰਧ, ਸਾਲ 1976-77 ਵਿਚ ਵਧ ਕੇ 16 ਕਰੋੜ ਰੁਪਏ ਹੋ ਗਿਆ ਹੈ (ਤਾੜੀਆਂ) ਇਹ ਉਪਬੰਧ ਵਿਸ਼ੇਸ਼ ਰੂਪ ਵਿਚ ਹਰੀਜਨਾਂ, ਪੱਛੜੀਆਂ ਸ਼੍ਰੇਣੀਆਂ ਤੇ ਸਮਾਜ ਦੇ ਕਮਜ਼ੋਰ ਵਰਗਾਂ ਲਈ ਕੀਤਾ ਗਿਆ ਹੈ। (ਤਾੜੀਆਂ) ਇਸ ਤੋਂ ਇਲਾਵਾ ਇਹ ਵਿਅਕਤੀ ਸਮਾਜ-ਆਰਥਿਕ ਸੇਵਾਵਾਂ ਜਿਵੇਂ ਸਿਖਿਆ, ਮੈਡੀਕਲ ਆਦਿ ਲਈ ਕੀਤੇ ਜਨਰਲ ਬਜਟ-ਉਪਬੰਧ ਤੋਂ ਵੀ ਲਾਭ ਉਠਾ ਸਕਣਗੇ।

Original with;
Punjab Vidhan Sabha
Digitized by;
Panjab Digital Library

**ਸਰਕਾਰੀ ਕਰਮਚਾਰੀਆਂ ਨੂੰ ਰਿਆਇਤਾਂ** : ਸਰਕਾਰ ਨੇ ਆਪਣੇ ਸੀਮਤ ਆਰਥਿਕ ਸਾਧਨਾਂ ਦੇ ਬਾਵਜੂਦ ਸਾਲ 1975-76 ਵਿਚ ਸਰਕਾਰੀ ਕਰਮਚਾਰੀਆਂ ਨੂੰ ਪਹਿਲਾਂ ਵਾਂਗ ਹੋਰ ਲਾਭ ਪਹੁੰਚਾਏ ਹਨ । ਜਨਰਲ ਪ੍ਰਾਵੀਡੈਂਟ ਫੰਡ ਨਿਯਮਾਂ ਨੂੰ ਹੋਰ ਸਰਲ ਬਣਾ ਦਿਤਾ ਗਿਆ ਹੈ ਤਾਂ ਜੋ ਕਰਮਚਾਰੀ ਸਾਈਕਲ, ਸਕੂਟਰ, ਜਾਂ ਮੋਟਰ ਸਾਈਕਲ ਆਦਿ ਖਰੀਦਣ ਲਈ ਆਪਣੇ ਜੀ. ਪੀ. ਫੰਡ ਲੇਖਿਆਂ ਵਿਚੋਂ ਕਰਜ਼ਾ ਲੈ ਸਕਣ । ਸਮਾਜਕ ਸੁਰੱਖਿਆ ਦੇ ਉਪਾਵਾਂ ਵਜੋਂ ਕਰਮਚਾਰੀਆਂ ਨੂੰ ਉਤਸ਼ਾਹ ਦੇਣ ਲਈ ਇਕ ਨਵੀਂ ਡਿਪਾਜ਼ਿਟ ਲਿੰਕਡ ਇਨਸ਼ੋਰੈਂਸ ਸਕੀਮ ਸ਼ੁਰੂ ਕੀਤੀ ਗਈ ਜਿਸ ਨਾਲ ਡਿਊਟੀ ਤੇ ਮਰਨ ਵਾਲੇ ਬਦਕਿਸਮਤ ਕਰਮਚਾਰੀਆਂ ਦੇ ਪਰਿਵਾਰਾਂ ਨੂੰ ਉਨ੍ਹਾਂ ਦੇ ਪ੍ਰਾਵੀਡੈਂਟ ਫੰਡ ਦੀ ਜਮ੍ਹਾਂ ਰਕਮ ਦੇ ਬਰਾਬਰ ਸਰਕਾਰ ਵੀ ਰਕਮ ਦੇਵੇਗੀ, ਪਰ ਇਹ ਰਕਮ ਕਿਸੇ ਵੀ ਸ਼ਰਤ ਵਿਚ ਦਸ ਹਜ਼ਾਰ ਤੋਂ ਵਧ ਨਹੀਂ ਹੋਵੇਗੀ। ਕਰਮਚਾਰੀਆਂ ਨੂੰ ਆਪਣੇ ਪ੍ਰਾਵੀਡੈਂਟ ਫੰਡ ਵਿਚ ਵਧ ਤੋਂ ਵਧ ਰਕਮਾਂ ਜਮ੍ਹਾਂ ਰੱਖਣ ਦਾ ਉਤਸ਼ਾਹ ਦੇਣ ਵੱਜੋਂ ਇਹ ਉਪਬੰਧ ਵੀ ਕੀਤਾ ਗਿਆ ਹੈ ਕਿ ਜਿਹੜਾ ਕਰਮਚਾਰੀ ਸਾਰਾ ਸਾਲ ਆਪਣੇ ਜੀ. ਪੀ. ਫੰਡ ਲੇਖੇ ਵਿਚੋਂ ਕੁਝ ਵੀ ਨਾ ਕਢਵਾਏ, ਉਸ ਨੂੰ ਉਸ ਸਾਲ ਲਈ 3 ਫੀ ਸਦੀ ਬੋਨਸ ਦਿਤਾ ਜਾਵੇ । ਪ੍ਰਤੀ ਮਹੀਨਾ 500 ਰੁਪਏ ਤੋਂ ਵਧ ਕੁਲ ਤਨਖਾਹ ਲੈਣ ਵਾਲੇ ਕਰਮਚਾਰੀਆਂ ਦੀ ਸੂਰਤ ਵਿਚ ਇਹ ਬੋਨਸ 1 ਫੀ ਸਦੀ ਹੋਵੇਗਾ ।

ਪੈਨਸ਼ਨ ਅਤੇ ਡੈਥ-ਕਮ-ਰਿਟਾਇਰਮੈਂਟ ਗਰੈਚੁਇਟੀ ਦੀ ਵਧ ਤੋਂ ਵਧ ਰਕਮ ਕ੍ਰਮਵਾਰ 675 ਰੁਪਏ ਤੋਂ ਵਧਾ ਕੇ 1,000 ਰੁਪਏ ਪ੍ਰਤੀ ਮਹੀਨਾ ਅਤੇ 24,000 ਰੁਪਏ ਤੋਂ ਵਧਾ ਕੇ 30,000 ਰੁਪਏ ਕਰ ਦਿਤੀ ਗਈ ਹੈ । ਪਰਿਵਾਰ ਪੈਨਸ਼ਨ ਦੇ ਘਟ ਤੋਂ ਘਟ ਅਤੇ ਵਧ ਤੋਂ ਵਧ ਦਰਾਂ ਵਿਚ ਸੋਧ ਕਰਕੇ ਕ੍ਰਮਵਾਰ 40 ਰੁਪਏ ਤੋਂ 60 ਰੁਪਏ ਅਤੇ 150 ਰੁਪਏ ਤੋਂ 250 ਰੁਪਏ ਕਰ ਦਿਤੇ ਗਏ ਹਨ । ਇਹ ਫੈਸਲੇ ਮਿਤੀ 1 ਜਨਵਰੀ, 1973 ਤੋਂ ਲਾਗੂ ਹੋਣਗੇ । 40 ਰੁਪਏ ਪ੍ਰਤੀ ਮਹੀਨਾ ਦੀ ਘਟ ਤੋਂ ਘਟ ਇਸ ਪੈਨਸ਼ਨ ਦਾ ਲਾਭ, ਗੁਜ਼ਾਰਾ-ਪੈਨਸ਼ਨ, ਘਰੇਲੂ-ਪੈਨਸ਼ਨ ਅਤੇ ਪਰਵਰਿਸ਼ ਪੈਨਸ਼ਨ ਲੈਣ ਵਾਲੇ ਵਿਅਕਤੀਆਂ ਨੂੰ ਵੀ ਮਿਤੀ 1 ਮਈ, 1975 ਤੋਂ ਦੇ ਦਿਤਾ ਗਿਆ ਹੈ ।

ਇਹ ਫੈਸਲਾ ਕੀਤਾ ਗਿਆ ਹੈ ਕਿ 100 ਰੁਪਏ ਪ੍ਰਤੀ ਮਹੀਨਾ ਤੱਕ ਪੈਨਸ਼ਨ ਲੈਣ ਵਾਲੇ ਵਿਅਕਤੀਆਂ ਨੂੰ ਉਨ੍ਹਾਂ ਦੀ ਬੇਨਤੀ ਤੇ ਉਨ੍ਹਾਂ ਦੀ ਪੈਨਸ਼ਨ-ਮਨੀਆਰਡਰਾਂ ਦੁਆਰਾ ਸਰਕਾਰੀ ਖਰਚੇ ਤੇ ਭੇਜੀ ਜਾਇਆ ਕਰੇਗੀ । ਰੀਟਾਇਰ ਹੋਏ ਸਰਕਾਰੀ ਕਰਮਚਾਰੀਆਂ ਅਤੇ ਸੁਤੰਤਰਤਾ ਸੰਗਰਾਮੀਆਂ ਦੀ ਸਹੂਲਤ ਲਈ 300 ਰੁਪਏ ਪ੍ਰਤੀ ਮਹੀਨਾ ਤੱਕ ਪੈਨਸ਼ਨ ਲੈਣ ਵਾਲੇ ਵਿਅਕਤੀਆਂ ਨੂੰ ਜ਼ਿਲ੍ਹਾ ਖਜ਼ਾਨਿਆਂ ਦੇ ਕਾਊਂਟਰਾਂ ਤੇ ਨਕਦ ਪੈਨਸ਼ਨ ਅਦਾ ਕਰਨ ਸਬੰਧੀ ਇਕ ਸਕੀਮ 1 ਅਪ੍ਰੈਲ, 1976 ਤੋਂ ਸ਼ੁਰੂ ਕੀਤੀ ਜਾ ਰਹੀ ਹੈ ।

ਲੋਕ-ਨਿਰਮਾਣ ਵਿਭਾਗ ਦੇ ਨਿਰਵਿਘਨ ਪੰਜ ਸਾਲ ਦੀ ਨੌਕਰੀ ਵਾਲੇ ਵਰਕ—ਚਾਰਜਡ ਕਰਮਚਾਰੀਆਂ ਨੂੰ ਰੈਗੂਲਰ ਕਰਨ ਦਾ ਫੈਸਲਾ ਕੀਤਾ ਗਿਆ ਹੈ । ਇਹ ਫੈਸਲਾ ਮਿਤੀ 1 ਅਪ੍ਰੈਲ, 1975 ਤੋਂ ਲਾਗੂ ਕੀਤਾ ਗਿਆ ਹੈ ।

ਪੁਲਿਸ ਕਰਮਚਾਰੀਆਂ ਨੂੰ ਕੁਝ ਹੋਰ ਰਿਆਇਤਾਂ ਦਿਤੀਆਂ ਗਈਆਂ ਹਨ । ਡਿਪਟੀ ਸੁਪਰਡੈਂਟ ਪੁਲਿਸ ਨੂੰ 40 ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਕਿੱਟ ਭੱਤਾ ਦਿਤਾ ਗਿਆ ਹੈ । ਉਨ੍ਹਾਂ ਦਾ ਵਰਦੀ ਭੱਤਾ 1,000 ਰੁਪਏ ਤੋਂ 1,200 ਰੁਪਏ ਅਤੇ ਰਿਨਿਊਅਲ ਭੱਤਾ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

800 ਰੁਪਏ ਤੋਂ ਵਧਾ ਕੇ 1,000 ਰੁਪਏ ਕਰ ਦਿਤਾ ਗਿਆ ਹੈ । ਹੋਮ ਗਾਰਡ ਵਾਲਿਆਂ ਦਾ ਵਰਦੀ ਭੱਤਾ ਵੀ 50-55 ਰੁਪਏ ਤੋਂ ਵਧਾ ਕੇ 90-95 ਰੁਪਏ ਕਰ ਦਿਤਾ ਗਿਆ ਹੈ ।

ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੀਆਂ ਸਿਫਾਰਿਸ਼ਾਂ ਸਿਧਾਂਤ ਰੂਪ ਵਿਚ ਸਵੀਕਾਰ ਕੀਤੀਆਂ ਗਈਆਂ ਹਨ । ਇਸ ਅਨੁਸਾਰ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਅਧਿਆਪਕ ਅਮਲੇ ਦੇ ਤਨਖਾਹ ਸਕੇਲ ਮਿਤੀ 1 ਅਪ੍ਰੈਲ, 1975 ਤੋਂ ਸੋਧ ਦਿਤੇ ਗਏ ਹਨ । ਟ੍ਰੇਂਡ ਗਰੈਜੂਏਟਾਂ ਅਤੇ ਜੇ. ਬੀ. ਟੀ. ਅਧਿਆਪਕਾਂ ਦੇ ਤਨਖਾਹ ਸਕੇਲ ਵੀ 16 ਜੁਲਾਈ, 1975 ਤੋਂ ਸੋਧ ਦਿਤੇ ਗਏ ਹਨ ਅਤੇ ਉਨ੍ਹਾਂ ਦਾ ਸਪੈਨ ਕ੍ਰਮਵਾਰ ਘਟਾ ਕੇ 25 ਸਾਲਾਂ ਤੋਂ 19 ਸਾਲ ਅਤੇ 30 ਸਾਲਾਂ ਤੋਂ 19 ਸਾਲ ਕਰ ਦਿਤਾ ਗਿਆ ਹੈ । ਫਾਰਮੇਸਿਸਟਾਂ ਦੇ ਤਨਖਾਹ ਸਕੇਲ ਵਧਾ ਕੇ ਦਸੰਬਰ, 1975 ਤੋਂ ਗਰੇਡ II ਲਈ 140—300 ਤੋਂ 160—400 ਅਤੇ ਗਰੇਡ I ਲਈ 160—400 ਤੋਂ 200—450 ਕਰ ਦਿਤੇ ਗਏ ਹਨ । (ਤਾੜੀਆਂ) ਗਰੇਡਾਂ ਵਿਚ ਕੀਤੀਆਂ ਇਨ੍ਹਾਂ ਸੋਧਾਂ ਕਾਰਣ ਸਰਕਾਰ ਨੂੰ ਪ੍ਰਤੀ ਸਾਲ 2.95 ਕਰੋੜ ਰੁਪਏ ਦਾ ਜ਼ਿਆਦਾ ਬੋਝ ਬਰਦਾਸ਼ਤ ਕਰਨਾ ਪਵੇਗਾ ।

ਪੰਜਾਬ ਮਕਾਨ ਉਸਾਰੀ ਵਿਕਾਸ ਬੋਰਡ ਨੇ ਇਕ ਅਜਿਹੀ ਸਕੀਮ ਬਣਾਈ ਹੈ ਜਿਸ ਅਧੀਨ ਸਰਕਾਰੀ ਕਰਮਚਾਰੀ ਰੀਟਾਇਰ ਹੋਣ ਤੋਂ ਪਹਿਲਾਂ ਚੰਗੇ ਅਤੇ ਖੁਲ੍ਹੇ ਮਕਾਨਾਂ ਦੇ ਮਾਲਕ ਬਣ ਸਕਣਗੇ । ਉਹ ਸਾਰੇ ਰੈਗੂਲਰ ਜਾਂ ਆਰਜ਼ੀ ਸਰਕਾਰੀ ਕਰਮਚਾਰੀ ਜਿਨ੍ਹਾਂ ਪਾਸ ਰਾਜ ਦੇ ਕਿਸੇ ਵੀ ਨਗਰ ਵਿਚ ਆਪਣਾ ਕੋਈ ਪਕਾ ਮਕਾਨ ਨਹੀਂ ਹੈ ਉਹ ਬਣੇ ਹੋਏ ਮਕਾਨਾਂ ਦੀ ਅਲਾਟਮੈਂਟ ਲਈ ਆਪਣੇ ਨਾਂ ਦਰਜ ਕਰਵਾ ਸਕਦੇ ਹਨ । ਇਹ ਫੈਸਲਾ ਕੀਤਾ ਗਿਆ ਹੈ ਕਿ 4 ਕਿਸਮ ਦੇ ਮਕਾਨ/ਫਲੈਟ ਬਣਾਏ ਜਾਣਗੇ, ਜਿਨ੍ਹਾਂ ਦੀ ਅੰਦਾਜ਼ਨ ਲਾਗਤ ਕ੍ਰਮਵਾਰ 10,000 ਰੁਪਏ, 20,000 ਰੁਪਏ, 30,000 ਰੁਪਏ ਅਤੇ 1,00,000 ਰੁਪਏ ਤੋਂ ਵੱਧ ਨਹੀਂ ਹੋਵੇਗੀ । ਪਾਤਰ ਕਰਮਚਾਰੀ ਆਪਣੀ ਰਹਿੰਦੀ ਸਰਵਿਸ ਦੀ ਮਿਆਦ ਅਨੁਸਾਰ ਮਕਾਨ ਦੀ ਕੀਮਤ ਅਸਾਨ ਮਾਹਵਾਰੀ ਕਿਸ਼ਤਾਂ ਵਿਚ ਅਦਾ ਕਰ ਸਕਣਗੇ ਅਤੇ ਸਾਰੀ ਕੀਮਤ ਕ੍ਰਮਵਾਰ 5, 15, 20 ਜਾਂ 30 ਸਾਲਾਂ ਵਿਚ ਅਦਾ ਕੀਤੀ ਜਾਵੇਗੀ ।

ਕਰਮਚਾਰੀਆਂ ਨੂੰ ਕਰਜ਼ੇ ਦੇਣ ਦੀ ਕਾਰਜ—ਵਿਧੀ ਵਿਚ ਕਈ ਗੈਰ-ਜ਼ਰੂਰੀ ਪ੍ਰਣਾਲੀਆਂ ਨੂੰ ਖਤਮ ਕਰਨ ਦੇ ਵਿਚਾਰ ਨਾਲ, ਮਹਾਂ-ਲੇਖਾਕਾਰ ਤੋਂ ਮਨਜ਼ੂਰੀ ਲੈਣ ਦੀ ਲੋੜ ਖਤਮ ਕਰ ਦਿਤੀ ਗਈ ਹੈ । ਅਇੰਦਾ, ਸਰਕਾਰ ਇਹ ਮਨਜ਼ੂਰੀਆਂ ਸਿਧੀਆਂ ਹੀ ਦੇਵੇਗੀ ਅਤੇ ਖਜ਼ਾਨੇ ਉਨ੍ਹਾਂ ਦੀ ਅਦਾਇਗੀ ਕਰਨਗੇ; ਅਜਿਹੇ ਕਰਜ਼ਿਆਂ ਦੇ ਲੇਖੇ ਵਿੱਤ ਵਿਭਾਗ ਵਿਚ ਕਾਇਮ ਕੀਤੇ ਕਰਜ਼ਾ ਸੈੱਲ ਵਿਚ ਵੀ ਰੱਖੇ ਜਾਣਗੇ ।

ਸਰਕਾਰੀ ਡਾਕਟਰਾਂ ਦੀ ਪ੍ਰਾਈਵੇਟ ਪ੍ਰੈਕਟਸ ਪਹਿਲਾਂ ਹੀ ਮਾਕੂਲ ਬਣਾ ਦਿਤੀ ਗਈ ਸੀ। ਡਾਕਟਰ ਜਾਂ ਤਾਂ ਨਾਨ-ਪ੍ਰੈਕਟਸ ਭੱਤਾ ਲੈਣ ਦੇ ਹੱਕਦਾਰ ਸਨ ਜਾਂ ਫਿਰ ਸਰਕਾਰ ਦੁਆਰਾ ਨਿਸਚਿਤ ਕੀਤੀ ਪੇ-ਕਲਿਨਿਕਾਂ ਦੀ ਆਮਦਨ ਵਿਚੋਂ ਹਿੱਸਾ ਪ੍ਰਾਪਤ ਕਰਨ ਦੇ ਹੱਕਦਾਰ ਸਨ । ਹੁਣ ਇਹ ਫੈਸਲਾ ਕੀਤਾ ਗਿਆ ਹੈ ਕਿ ਰਾਜ ਦੇ ਸਾਰੇ ਡਾਕਟਰਾਂ ਨੂੰ, ਉਨ੍ਹਾਂ ਦੀਆਂ ਪ੍ਰੈਕਟਸ ਜਾਂ ਨਾਨ-ਪ੍ਰੈਕਟਸ ਵਾਲੀਆਂ ਨਿਯੁਕਤੀਆਂ ਦੀਆਂ ਥਾਵਾਂ ਦਾ ਖਿਆਲ ਕੀਤੇ ਬਿਨਾਂ, ਨਾਨ-

Original with;
Punjab Vidhan Sabha
Digitized by;
Panjab Digital Library

ਪ੍ਰੈਕਟਸ ਭੱਤਾ ਦਿਤਾ ਜਾਵੇਗਾ। ਇਸ ਤੋਂ ਇਲਾਵਾ ਉਹ ਪੇ-ਕਲਿਨਿਕਾਂ ਦੀ ਆਮਦਣ ਵਿਚੋਂ ਆਪਣੇ ਹਿਸੇ ਦੇ ਵੀ ਹਕਦਾਰ ਹੋਣਗੇ । ਇਸ ਨਾਲ ਕੁਲ 60 ਲੱਖ ਰੁਪਏ ਦਾ ਸਾਲਾਨਾ ਬੋਝ ਪਵੇਗਾ ।

**ਵਧੀਕ ਮਹਿੰਗਾਈ ਭੱਤਾ :** ਰਾਜ ਸਰਕਾਰ ਪਹਿਲਾਂ ਹੀ ਮਿਤੀ 1 ਮਈ, 1973 1 ਅਗਸਤ, 1973, 1 ਅਕਤੂਬਰ, 1973, 1 ਜਨਵਰੀ 1974, 1 ਫਰਵਰੀ, 1974, 1 ਅਪਰੈਲ, 1974, 1 ਜੂਨ, 1974, 1 ਜੁਲਾਈ, 1974 ਅਤੇ 1 ਸਤੰਬਰ, 1974 ਤੋਂ ਬਣਦੀਆਂ ਮਹਿੰਗਾਈ ਭੱਤੇ ਦੀਆਂ 9 ਕਿਸ਼ਤਾਂ ਦੇ ਚੁੱਕੀ ਹੈ । ਮਿਤੀ 21 ਜਨਵਰੀ, 1976 ਨੂੰ ਮੁੱਖ ਮੰਤਰੀ ਜੀ ਨੇ ਮਿਤੀ 1 ਮਾਰਚ, 1976 ਤੋਂ ਮਹਿੰਗਾਈ ਭੱਤੇ ਦੀਆਂ ਦੋ ਹੋਰ ਕਿਸ਼ਤਾਂ ਦੇਣ ਦਾ ਐਲਾਨ ਕੀਤਾ ਹੈ, ਜਿਸ ਨਾਲ ਸਰਕਾਰੀ ਖਜ਼ਾਨੇ ਤੇ 36 ਕਰੋੜ ਰੁਪਏ ਸਾਲਾਨਾ ਦਾ ਹਰ ਸਾਲ ਬੋਝ ਪਵੇਗਾ ।

ਮੈਂ ਆਰਥਿਕ ਨੀਤੀ ਅਤੇ ਪ੍ਰਬੰਧ ਦੇ ਕੁਝ ਕੁ ਮੁੱਖ-ਪਹਿਲੂਆਂ ਤੇ ਵਿਚਾਰ ਕਰਨ ਤੋਂ ਪਹਿਲਾਂ, ਸੰਖੇਪ ਅਤੇ ਸਤਿਕਾਰਯੋਗ ਮੈਂਬਰਾਂ ਨੂੰ ਸਾਲ 1976-77 ਦੇ ਬਜਟ ਅਨੁਮਾਨਾਂ ਤੋਂ ਜਾਣੂ ਕਰਵਾਉਣਾ ਚਾਹਾਂਗਾ ।

**ਲੇਖੇ 1974-75 :** ਸਾਲ 1974-75 ਦੇ ਸੋਧੇ ਹੋਏ ਅਨੁਮਾਨਾਂ ਅਨੁਸਾਰ ਇਹ ਸਾਲ 4.43 ਕਰੋੜ ਰੁਪਏ ਦੀ ਮਨਫ਼ੀ ਬਾਕੀ ਨਾਲ ਖਤਮ ਹੋਣ ਦੀ ਆਸ ਸੀ । ਅਕਾਊਂਟੈਂਟ-ਜਨਰਲ, ਪੰਜਾਬ ਵੱਲੋਂ ਬਣਾ ਕੇ ਭੇਜੇ ਲੇਖਿਆਂ ਤੋਂ ਪਤਾ ਲਗਦਾ ਹੈ ਕਿ ਅਸਲ ਵਿਚ ਇਹ ਸਾਲ 36.38 ਕਰੋੜ ਰੁਪਏ ਦੀ ਮਨਫ਼ੀ ਬਾਕੀ ਨਾਲ ਖਤਮ ਹੋਇਆ, ਜਿਸ ਨਾਲ ਸਾਧਨਾਂ ਵਿਚ 32.25 ਕਰੋੜ ਰੁਪਏ ਦੀ ਕਮੀ ਹੋਈ ਹੈ । ਇਸ ਕਮੀ ਦੇ ਕਾਰਨ ਵਿੱਤ ਸਕੱਤਰ ਦੇ ਮੀਮੋ ਵਿਚ ਵਿਸਥਾਰ ਨਾਲ ਦਿੱਤੇ ਗਏ ਹਨ । ਮੋਟੇ ਤੌਰ ਤੇ ਮਾਲ ਖਾਤੇ ਵਿਚ ਇਹ ਕਮੀ ਕਰਮਚਾਰੀਆਂ ਨੂੰ ਦਿੱਤੇ ਹੋਰ ਮਹਿੰਗਾਈ ਭੱਤੇ ਕਾਰਨ ਹੋਈ ਹੈ । ਪੂੰਜੀਗਤ ਲੇਖੇ ਵਿਚ ਇਹ ਫਰਕ ਮੁੱਖ ਤੌਰ ਤੇ ਅਨਾਜ ਅਤੇ ਖਾਲੀ ਬੋਰੀਆਂ ਦੇ ਸਟਾਕ ਨੂੰ ਅਗਲੇ ਸਾਲ ਦੇ ਖਾਤੇ ਵਿਚ ਪਾਉਣ ਅਤੇ ਕਿਸੇ ਹੱਦ ਤੱਕ ਮਾਰਕਫੈਡ ਤੋਂ ਰਸਾਇਣਕ ਖਾਦ ਸਬੰਧੀ ਪ੍ਰਾਪਤ ਕੀਤੀਆਂ ਜਾਣ ਵਾਲੀਆਂ ਬਣਦੀਆਂ ਬਕਾਇਆ ਰਕਮਾਂ ਕਰਕੇ ਸੀ ।

**ਸਾਲ 1975-76 ਦੇ ਸੋਧੇ ਅਨੁਮਾਨ :** ਬਜਟ ਅਨੁਮਾਨਾਂ ਵਿਚ ਮਨਫ਼ੀ 6.83 ਕਰੋੜ ਰੁਪਏ ਦੀ ਅੰਤਮ ਬਾਕੀ ਦਾ ਪੂਰਵ ਅਨੁਮਾਨ ਸੀ । ਐਪਰ ਸੋਧੇ ਹੋਏ ਅਨੁਮਾਨਾਂ ਅਨੁਸਾਰ ਇਹ ਸਾਲ 3.93 ਕਰੋੜ ਰੁਪਏ ਦੀ ਮਨਫ਼ੀ ਬਾਕੀ ਨਾਲ ਖਤਮ ਹੋਣ ਦੀ ਆਸ ਸੀ, ਇਸ ਤਰ੍ਹਾਂ ਸਾਧਨਾਂ ਵਿਚ 2.90 ਕਰੋੜ ਰੁਪਏ ਦਾ ਵਾਧਾ ਹੋਇਆ । ਸਾਧਨਾਂ ਵਿਚ ਇਹ ਵਾਧਾ ਇਸ ਸਾਲ 36.38 ਕਰੋੜ ਰੁਪਏ ਦੀ ਮਨਫ਼ੀ ਬਾਕੀ ਨਾਲ ਸ਼ੁਰੂ ਹੋਣ ਦੇ ਬਾਵਜੂਦ ਵੀ ਹੋਇਆ ਹੈ । ਇਸ ਲਈ, ਚਾਲੂ ਸਾਲ ਦੇ ਦੌਰਾਨ ਸਾਧਨਾਂ ਵਿਚ 35.15 ਕਰੋੜ ਰੁਪਏ ਦਾ ਨਿਰੋਲ ਵਾਧਾ ਹੋਣ ਦੀ ਆਸ ਹੈ । ਜਿਨ੍ਹਾਂ ਕਾਰਨਾਂ ਕਰਕੇ ਸਾਧਨਾਂ ਵਿਚ ਇਹ ਵਾਧਾ ਹੋਇਆ ਹੈ, ਉਹ ਵਿੱਤ ਸਕੱਤਰ ਦੇ ਮੈਮੋਰੰਡਮ ਵਿਚ ਵਿਸਥਾਰ ਪੂਰਵਕ ਦਿੱਤੇ ਗਏ ਹਨ ।

**ਸਾਲ 1976-77 ਦੇ ਬਜਟ ਅਨੁਮਾਨ :** ਅਨੁਮਾਨਾਂ ਤੋਂ ਪਤਾ ਲਗਦਾ ਹੈ ਕਿ 1976-77 ਦਾ ਸਾਲ 3.93 ਕਰੋੜ ਰੁਪਏ ਦੀ ਮਨਫ਼ੀ ਬਾਕੀ ਨਾਲ ਸ਼ੁਰੂ ਹੋਵੇਗਾ । ਸਾਲ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

1976-77 ਦੇ ਬਜਟ ਵਿਚ ਕੁਲ ਮਿਲਾ ਕੇ 10.87 ਕਰੋੜ ਰੁਪਏ ਦਾ ਘਾਟਾ ਹੋਵੇਗਾ, ਜੋ ਨਿਮਨ ਲੈਣ-ਦੇਣ ਕਾਰਣ ਹੈ :—

(ਰੁਪਏ ਕਰੋੜਾਂ ਵਿਚ)

| | | |
|---|---|---|
| **ਮਾਲ-ਖਾਤਾ** | | |
| (ੳ) ਆਮਦਨ | 339.34 | |
| (ਅ) ਖਰਚ | 282.35 | |
| ਵਾਧਾ | | +56.99 |
| **ਪੂੰਜੀਗਤ ਖਰਚ** | | 44.12 |
| **ਸਰਕਾਰੀ ਰਿਣ** | | |
| (ੳ) ਲਏ ਰਿਣ | 291.26 | |
| (ਅ) ਭੁਗਤਾਏ ਰਿਣ | 254.16 | |
| ਨਿਰੋਲ | | +37.10 |
| **ਕਰਜ਼ੇ ਅਤੇ ਪੇਸ਼ਗੀਆਂ** | | |
| (ੳ) ਪੇਸ਼ਗੀਆਂ | 100.94 | |
| (ਅ) ਵਸੂਲੀਆਂ | 18.37 | |
| ਨਿਰੋਲ | | —82.57 |
| **ਫੰਡ-ਰਹਿਤ ਰਿਣ (ਨਿਰੋਲ)** | | +6.62 |
| ਜਮ੍ਹਾਂ ਰਕਮਾਂ ਅਤੇ ਪੇਸ਼ਗੀਆਂ (ਨਿਰੋਲ) | | +15.11 |
| ਨਿਰੋਲ ਲੈਣ-ਦੇਣ | | —10.87 |

10.87 ਕਰੋੜ ਰੁਪਏ ਦੇ ਫ਼ਰਕ ਨੂੰ 3.93 ਕਰੋੜ ਰੁਪਏ ਦੀ ਮੁਢਲੀ ਮਨਫੀ ਬਾਕੀ ਵਿਚ ਜਮ੍ਹਾਂ ਕਰਨ ਨਾਲ 1976-77 ਦਾ ਸਾਲ 14.80 ਕਰੋੜ ਰੁਪਏ ਦੀ ਮਨਫੀ ਬਾਕੀ ਨਾਲ ਖਤਮ ਹੋਣ ਦੀ ਆਸ ਹੈ ।

**ਮਾਲੀ ਨੀਤੀ :** ਮਾਨਯੋਗ ਮੈਂਬਰ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਹਨ ਕਿ ਟੈਕਸਾਂ ਰਾਹੀਂ ਵਧੀਕ ਸਾਧਨ ਜੁਟਾਉਣ ਵਿਚ ਸਰਕਾਰ ਨੂੰ ਕਿੰਨੀ ਮੁਸ਼ਕਲ ਪੇਸ਼ ਆਉਂਦੀ ਹੈ । ਇਸ ਲਈ ਸਾਡਾ ਇਰਾਦਾ ਟੈਕਸਾਂ ਦੇ ਦਰਾਂ ਵਿਚ ਸੋਧ ਕਰਕੇ ਉਨ੍ਹਾਂ ਨੂੰ ਵਧਾਉਣਾ, ਜਾਂ ਨਵੇਂ

Original with;
Punjab Vidhan Sabha
Digitized by;
Panjab Digital Library

ਕਰ ਲਾਉਣਾ ਨਹੀਂ ਹੈ, ਕਿਉਂਕਿ ਇਸ ਨਾਲ ਸਮਾਜ ਦੇ ਕਮਜ਼ੋਰ ਵਰਗਾਂ ਤੇ ਭਾਰ ਪੈਂਦਾ ਹੈ। ਅਸੀਂ ਉਦਯੋਗਿਕ ਵਿਕਾਸ ਅਤੇ ਸਰਮਾਇਆ ਲਾਉਣ ਲਈ ਉਤਸ਼ਾਹ ਦੇਣ ਦੇ ਉਦੇਸ਼ ਨਾਲ ਟੈਕਸ-ਢਾਂਚੇ ਨੂੰ ਮੁਨਾਸਬ ਬਣਾਉਣ ਦੀ ਲੋੜ ਤੋਂ ਪੂਰੀ ਤਰ੍ਹਾਂ ਸੁਚੇਤ ਹਾਂ। ਇਸ ਲਈ ਅਸੀਂ ਕੁਝ ਉਦਯੋਗਾਂ, ਜਿਨ੍ਹਾਂ ਦਾ ਜ਼ਿਆਦਾਤਰ ਮਾਲ ਬਰਾਮਦ ਹੁੰਦਾ ਹੈ, ਦੇ ਵਿਕਾਸ ਨੂੰ ਮੱਦੇ-ਨਜ਼ਰ ਰੱਖਦੇ ਹੋਏ ਵਿਕਰੀ-ਕਰ ਦੇ ਦਰਾਂ ਵਿਚ ਕਮੀ ਕਰਕੇ ਟੈਕਸ-ਢਾਂਚੇ ਨੂੰ ਮੁਨਾਸਬ ਬਣਾਉਣ ਲਈ ਕੁਝ ਉਪਾਅ ਕੀਤੇ ਹਨ। ਅਸੀਂ ਇਨ੍ਹਾਂ ਉਪਾਵਾਂ ਦੇ ਸਿੱਟਿਆਂ ਤੇ ਨਜ਼ਰ ਰੱਖ ਰਹੇ ਹਾਂ। ਅਸੀਂ ਹਮੇਸ਼ਾਂ ਟੈਕਸਾਂ ਦੀ ਪੂਰੀ ਉਗਰਾਹੀ ਕਰਨ ਅਤੇ ਕਰਾਂ ਦੀ ਚੋਰੀ ਰੋਕਣ ਦੇ ਉਪਾਵਾਂ ਤੇ ਜ਼ੋਰ ਦਿੱਤਾ। ਰਾਜ ਪੱਧਰ ਤੇ ਇਕ ਚੀਫ਼ ਐਨਫੋਰਸਮੈਂਟ ਅਫ਼ਸਰ ਅਤੇ ਫਲਾਇੰਗ ਸੁਕਵੈਡ ਮੁਕੱਰਰ ਕਰਕੇ ਆਬਕਾਰੀ ਤੇ ਕਰ ਵਿਭਾਗ ਦੇ ਮੁਆਇਨਾ ਅਮਲੇ ਦੀ ਗਿਣਤੀ ਵਿਚ ਕਾਫ਼ੀ ਵਾਧਾ ਕਰਕੇ ਟੈਕਸਾਂ ਦੀ ਵਸੂਲੀ ਦੇ ਉਪਾਵਾਂ ਨੂੰ ਹੋਰ ਕਰੜਾ ਕਰ ਦਿੱਤਾ ਗਿਆ ਹੈ। ਜ਼ਰੂਰੀ ਪ੍ਰਬੰਧਕੀ ਅਤੇ ਕਾਨੂੰਨੀ ਉਪਾਵਾਂ ਰਾਹੀਂ ਟੈਕਸਾਂ ਦੀ ਵੱਧ ਤੋਂ ਵੱਧ ਉਗਰਾਹੀ ਕਰਨ ਦੇ ਨਾਲ ਨਾਲ ਇਹ ਜਤਨ ਕੀਤਾ ਗਿਆ ਹੈ ਕਿ ਵਪਾਰੀਆਂ ਨੂੰ ਤੰਗ ਨਾ ਕੀਤਾ ਜਾਵੇ।

**ਸੰਸਥਾਵੀ ਵਿੱਤ** : ਪਿਛਲੇ ਸਾਲ ਬਜਟ ਅਨੁਮਾਨ ਪੇਸ਼ ਕਰਦਿਆਂ, ਮੈਂ ਜ਼ਿਕਰ ਕੀਤਾ ਸੀ ਕਿ ਰਾਜ ਦੇ ਵਿਕਾਸ ਵਿਚ ਸੰਸਥਾਵੀ ਵਿੱਤ ਦਾ ਇਕ ਖਾਸ ਰੋਲ ਹੈ ਅਤੇ ਪੰਜਾਬ ਦੇ ਵਪਾਰਕ ਬੈਂਕਾਂ ਦੀ ਕਰੈਡਿਟ ਡਿਪਾਜ਼ਿਟ ਦੇ ਤਨਾਸਬ ਬਾਰੇ ਵੀ ਚਿੰਤਾ ਪ੍ਰਗਟ ਕੀਤੀ ਸੀ। ਅਸੀਂ ਵੱਡੇ ਵੱਡੇ ਵਪਾਰਿਕ ਬੈਂਕਾਂ ਨੂੰ ਪੰਜਾਬ ਵਿਚ ਖੇਤੀਬਾੜੀ, ਵਪਾਰ ਅਤੇ ਸਨਅੱਤ ਦੀ ਉਨਤੀ ਲਈ ਕਰਜ਼ੇ ਦੀਆਂ ਆਪਣੀਆਂ ਨੀਤੀਆਂ ਨੂੰ ਨਵੀਂ ਸੇਧ ਦੇਣ ਲਈ ਪ੍ਰੇਰਤ ਕਰਨ ਦੇ ਉਪਾਅ ਕੀਤੇ ਹਨ। ਮੈਂ ਆਸ ਪ੍ਰਗਟ ਕੀਤੀ ਸੀ ਕਿ ਸਾਲ 1974 ਵਿਚ ਕ੍ਰੈਡਿਟ-ਡਿਪਾਜ਼ਿਟ ਤਨਾਸਬ ਵਿਚ ਵਾਧਾ ਹੋਣ ਨਾਲ ਪੰਜਾਬ ਨੂੰ ਲਾਭ ਹੋਵੇਗਾ ਅਤੇ ਮੈਨੂੰ ਸਤਿਕਾਰ ਯੋਗ ਮੈਂਬਰਾਂ ਨੂੰ ਇਹ ਦੱਸਣ ਵਿਚ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਸਾਲ 1973 ਵਿਚ ਇਹ ਤਨਾਸਬ 41.3 ਤੋਂ ਵੱਧ ਕੇ ਸਾਲ 1974 ਵਿਚ 44.3 ਹੋ ਗਿਆ ਹੈ। ਵਪਾਰਕ ਬੈਂਕਾਂ ਦੁਆਰਾ ਛੋਟੇ ਪੈਮਾਨੇ ਦੇ ਉਦਯੋਗਾਂ ਨੂੰ ਦਿੱਤੀਆਂ ਗਈਆਂ ਪੇਸ਼ਗੀਆਂ ਸਾਲ 1973 ਵਿਚ 102 ਕਰੋੜ ਰੁਪਏ ਤੋਂ ਵੱਧ ਕੇ ਸਾਲ 1974 ਵਿਚ 145 ਕਰੋੜ ਰੁਪਏ ਹੋ ਗਈਆਂ। ਇਸ ਤਰ੍ਹਾਂ ਵਪਾਰ ਲਈ ਦਿੱਤੇ ਕਰਜ਼ੇ ਦੀ ਰਕਮ 1973 ਵਿਚ 23 ਕਰੋੜ ਰੁਪਏ ਤੋਂ ਵੱਧ ਕੇ ਸਾਲ 1974 ਵਿਚ 41 ਕਰੋੜ ਰੁਪਏ ਹੋ ਗਈ।

ਸਾਲ 1974 ਵਿਚ 44.3 ਦਾ ਕ੍ਰੈਡਿਟ ਡਿਪਾਜ਼ਿਟ ਤਨਾਸਬ ਸਾਡੀ ਆਸ ਨਾਲੋਂ ਅਜੇ ਵੀ ਘੱਟ ਹੈ। ਅਸੀਂ ਪ੍ਰੋਫੈਸ਼ਨਲ ਸੰਸਥਾ ਨੂੰ ਇਹ ਕੰਮ ਸੌਂਪਿਆ ਹੈ ਕਿ ਉਹ ਮਿਆਦੀ ਕਰਜ਼ੇ ਦੇਣ ਵਾਲੀਆਂ ਵਿੱਤੀ ਸੰਸਥਾਵਾਂ ਅਤੇ ਵਪਾਰਕ ਬੈਂਕਾਂ ਦੁਆਰਾ ਰਾਜ ਦੇ ਵਿਕਾਸ ਪ੍ਰਾਜੈਕਟਾਂ ਵਿਚ ਪਾਏ ਹਿੱਸੇ ਦੀ ਹੱਦ ਅਤੇ ਰੋਲ ਦਾ ਅੰਦਾਜ਼ਾ ਲਗਾਉਣ। ਅਸੀਂ ਪੰਜਾਬ ਹਾਊਸਿੰਗ ਡਿਵੈਲਪਮੈਂਟ ਬੋਰਡ, ਪੰਜਾਬ ਕੋਆਪ੍ਰੇਟਿਵ ਲੈਂਡ ਮਾਰਟਗੇਜ ਬੈਂਕ, ਪੰਜਾਬ ਸਟੇਟ ਇਲੈਕਟ੍ਰੀਸਿਟੀ ਬੋਰਡ ਅਤੇ ਸਰਕਾਰੀ ਖੇਤਰ ਦੇ ਕੁਝ ਕੁ ਹੋਰ ਅਦਾਰਿਆਂ ਲਈ ਰਾਜ ਸਰਕਾਰ ਦੀ ਗਰੰਟੀ ਤੇ ਚੋਖੀ ਰਕਮ ਪ੍ਰਾਪਤ ਕਰਨ ਲਈ ਵੀ ਕਦਮ ਉਠਾਏ ਹਨ। ਇਸ ਤਰ੍ਹਾਂ ਸਾਲ 1975 ਵਿਚ ਕੁਲ 21.73 ਕਰੋੜ ਰੁਪਏ ਦੀ ਰਕਮ ਪ੍ਰਾਪਤ ਹੋਣ ਦੀ ਆਸ ਹੈ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

**ਇਨਵੈਂਟਰੀ ਕੰਟਰੋਲ ਅਤੇ ਮੈਨੇਜਮੈਂਟ :** ਲੋਕ ਨਿਰਮਾਣ ਵਿਭਾਗ ਅਤੇ ਪੰਜਾਬ ਰਾਜ ਬਿਜਲੀ ਬੋਰਡ ਦੀਆਂ ਇਨਵੈਂਟਰੀਆਂ ਅਤੇ ਸਟੋਰਾਂ ਆਦਿ ਦੇ ਪ੍ਰਬੰਧ ਨੂੰ ਠੀਕ ਕਰਨ ਲਈ ਅਸੀਂ ਠੋਸ ਅਤੇ ਉਸਾਰੂ ਕਦਮ ਵੀ ਚੁਕੇ ਹਨ, ਤਾਂ ਜੋ ਸਰਮਾਇਆ ਫਜ਼ੂਲ ਹੀ ਨਾ ਰੁਕਿਆ ਰਹੇ । ਇਸ ਪਾਸੇ ਕੀਤੇ ਖਾਸ ਯਤਨਾਂ ਦੇ ਨਤੀਜੇ ਵੱਜੋਂ ਬਿਜਲੀ ਬੋਰਡ ਦੀ ਇਨਵੈਂਟਰੀ ਸਾਲ 1973-74 ਵਿਚ 36.16 ਕਰੋੜ ਰੁਪਏ ਦੇ ਮੁਕਾਬਲੇ ਚਾਲੂ ਸਾਲ ਦੇ ਅੰਤ ਤੱਕ ਘੱਟ ਕੇ 24.45 ਕਰੋੜ ਰੁਪਏ ਹੋ ਜਾਣ ਦੀ ਆਸ ਹੈ । ਅਸੀਂ ਨੈਸ਼ਨਲ ਪ੍ਰੋਡੈਕਟੀਵਿਟੀ ਕੌਂਸਲ ਦੇ ਸਹਿਯੋਗ ਨਾਲ, ਇਨਵੈਂਟਰੀ ਕੰਟਰੋਲ ਅਤੇ ਮੈਨੇਜਮੈਂਟ ਦੇ ਸੀਨੀਅਰ ਅਫ਼ਸਰਾਂ ਲਈ ਚੰਡੀਗੜ੍ਹ ਤੇ ਪਟਿਆਲੇ ਵਿਖੇ "ਮਾਡਰਨ ਮੈਨੇਜਮੈਂਟ ਟੈਕਨੀਕ ਐਂਡ ਇਨਵੈਂਟਰੀ ਕੰਟਰੋਲ" ਨਾਂ ਦੇ ਇਕ ਕੋਰਸ ਦਾ ਪ੍ਰਬੰਧ ਕੀਤਾ ਸੀ ।

ਅਸੀਂ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੇ ਕੰਮ ਵਿਚ ਸੁਧਾਰ ਕਰਨ ਬਾਰੇ ਸੋਚ ਰਹੇ ਹਾਂ ਤਾਂ ਕਿ ਉਨ੍ਹਾਂ ਦੀਆਂ ਬੱਸਾਂ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾ ਸਕੇ ਅਤੇ ਉਨ੍ਹਾਂ ਦੇ ਸੰਚਾਲਨ ਖਰਚ ਨੂੰ ਘਟਾਇਆ ਜਾ ਸਕੇ ।

ਅਸੀਂ ਸਾਲ ਭਰ ਖਰਚ ਦੀ ਰਫ਼ਤਾਰ ਅਤੇ ਢੰਗ ਤੇ ਲਗਾਤਾਰ ਨਜ਼ਰ ਰੱਖੀ ਹੈ । ਅਸੀਂ ਘੱਟ ਮਹੱਤਤਾ ਵਾਲੀਆਂ ਮੱਦਾਂ ਦੇ ਖਰਚੇ ਨੂੰ ਮੁਲਤਵੀ ਕਰਕੇ ਤਰਜੀਹੀ ਮੱਦਾਂ ਅਤੇ ਹੜ੍ਹ ਸਹਾਇਤਾ, ਕਣਕ ਬੋਨਸ ਆਦਿ ਜਿਹੇ ਅਚੇਤ ਖਰਚਿਆਂ ਲਈ ਕੀਤੀਆਂ ਐਲੋਕੇਸ਼ਨਾਂ ਵਿਚ ਅਦਲ-ਬਦਲ ਕਰਨ ਦਾ ਉਪਬੰਧ ਕਰ ਦਿੱਤਾ ਹੈ । ਮੁੱਖ ਸਕੀਮਾਂ ਸਬੰਧੀ ਯੋਜਨਾਬੰਦੀ ਵਿਭਾਗ ਵਾਸਤਵਿਕ ਟੀਚਿਆਂ ਦੀਆਂ ਪ੍ਰਾਪਤੀਆਂ ਅਤੇ ਖਰਚ ਦੀ ਪ੍ਰਗਤੀ ਤੇ ਬਾਕਾਇਦਾ ਨਜ਼ਰਸਾਨੀ ਕਰਦਾ ਹੈ । ਅੱਜ ਕੱਲ ਇਕ ਨਿਗਰਾਨ ਕਮੇਟੀ ਮਿਥੇ ਪ੍ਰੋਗਰਾਮ ਅਨੁਸਾਰ ਗੁਰੂ ਨਾਨਕ ਥਰਮਲ ਪਲਾਂਟ, ਬਠਿੰਡਾ ਦੇ ਕੰਮ ਦੀ ਪ੍ਰਗਤੀ ਦਾ ਅੰਦਾਜ਼ਾ ਲਾ ਰਹੀ ਹੈ ।

ਸਤਿਕਾਰ ਯੋਗ ਮੈਂਬਰਾਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਮਜਮੂਈ ਫੰਡ ਅਤੇ ਸਰਕਾਰੀ ਲੇਖਿਆ ਸਮੇਤ 1976-77 ਦੇ ਬਜਟ ਅਨੁਮਾਨਾਂ ਵਿਚ ਸਾਡਾ ਬਜਟ ਪਹਿਲੀ ਵਾਰ 1,000 ਕਰੋੜ ਰੁਪਏ ਤੋਂ ਵੀ ਵੱਧ ਗਿਆ ਹੈ (ਤਾੜੀਆਂ) ਜਦ ਕਿ 1971-72 ਵਿਚ ਸਾਡਾ ਬਜਟ ਕੇਵਲ 500 ਕਰੋੜ ਰੁਪਏ ਦਾ ਹੀ ਸੀ ।

ਹੁਣ, ਮੈਂ ਸਾਧਨਾਂ ਦੇ ਖੱਪੇ ਨੂੰ ਪੂਰ ਕਰਨ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ । ਸਾਲ 1976-77 ਦੇ ਅੰਤ ਵਿਚ ਕੁਲ ਅਨੁਮਾਨਤ ਘਾਟਾ 14.80 ਕਰੋੜ ਰੁਪਏ ਹੋਵੇਗਾ । ਇਹ ਘਾਟਾ ਕਿਸੇ ਹੱਦ ਤਕ ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਦੀ ਭਲਾਈ ਲਈ ਕੀਤੇ ਜਾਣ ਵਾਲੇ ਵਧੀਕ ਖਰਚ ਕਾਰਨ ਹੀ ਹੈ । ਸਰਕਾਰ ਨੇ ਨੌਵੀਂ ਤੋਂ ਗਿਆਰ੍ਹਵੀਂ ਜਮਾਤ ਤਕ ਦੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੇ ਵਜ਼ੀਫ਼ਿਆਂ ਦੇ ਦਰਾਂ ਵਿਚ ਵਾਧਾ ਕਰ ਦਿੱਤਾ ਹੈ ਅਤੇ ਮਿਡਲ ਕਲਾਸਾਂ ਦੇ ਹਰੀਜਨ ਵਿਦਿਆਰਥੀਆਂ ਨੂੰ ਵਜ਼ੀਫੇ ਦੇਣ ਦੀ ਸਕੀਮ ਸ਼ੁਰੂ ਕੀਤੀ ਹੈ । ਵਜ਼ੀਫ਼ਿਆਂ ਦੇ ਦਰਾਂ ਵਿਚ ਇਸ ਵਾਧੇ ਨਾਲ 4 ਕਰੋੜ ਰੁਪਏ ਸਾਲਾਨਾ ਦਾ ਵਧੀਕ ਖਰਚ ਹੋਵੇਗਾ । 1976-77 ਵਿਚ 1 ਕਰੋੜ ਰੁਪਏ ਦੀ ਮੁਢਲੀ ਪੂੰਜੀ ਨਾਲ ਪੰਜਾਬ ਰਾਜ ਅਨੁਸੂਚਿਤ ਜਾਤੀ ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੀਆਂ ਲੀਹਾਂ ਤੇ ਸਾਰੇ ਪਛੜੇ

Original with;
Punjab Vidhan Sabha
Digitized by;
Panjab Digital Library

ਹੋਏ ਅਤੇ ਆਰਥਿਕ ਤੌਰ ਤੇ ਕਮਜ਼ੋਰ ਤਬਕਿਆਂ ਦੀ ਸਮਾਜਕ ਅਤੇ ਆਰਥਿਕ ਹਾਲਤ ਸੁਧਾਰਨ ਲਈ ਇਕ ਹੋਰ ਕਾਰਪੋਰੇਸ਼ਨ ਕਾਇਮ ਕਰਨ ਦੀ ਤਜਵੀਜ਼ ਹੈ । ਇਸ ਬੁਨਿਆਦੀ ਪੂੰਜੀ ਨਾਲ ਇਹ ਕਾਰਪੋਰੇਸ਼ਨ ਬੈਂਕਾਂ ਆਦਿ ਤੋਂ ਚੋਖੀ ਮਾਲੀ ਸਹਾਇਤਾ ਹਾਸਲ ਕਰ ਸਕਣ ਦੇ ਕਾਬਲ ਹੋ ਜਾਵੇਗੀ ।

ਬਜਟ ਵਿਚ 14.80 ਕਰੋੜ ਰੁਪਏ ਦਾ ਇਹ ਅਨੁਮਾਨਤ ਘਾਟਾ, ਮੁੱਖ ਮੰਤਰੀ ਜੀ ਦੁਆਰਾ 21 ਜਨਵਰੀ, 1976 ਨੂੰ ਕਰਮਚਾਰੀਆਂ ਨੂੰ ਮਹਿੰਗਾਈ ਭੱਤੇ ਦੀਆਂ ਦੋ ਹੋਰ ਕਿਸ਼ਤਾਂ ਦੇਣ ਦੇ ਐਲਾਨ ਨਾਲ ਅਤੇ ਕੁਝ ਇਕ ਹੋਰ ਰਿਆਇਤਾਂ ਨਾਲ, ਜਿਨ੍ਹਾਂ ਦਾ ਜ਼ਿਕਰ ਕਿ ਮੈਂ ਹੁਣ ਕਰਾਂਗਾ, ਵੱਧ ਕੇ 22 ਕਰੋੜ ਰੁਪਏ ਹੋ ਜਾਵੇਗਾ ।

ਅਸੀਂ ਕਲਾ, ਸਾਹਿਤ ਅਤੇ ਸਭਿਆਚਾਰ ਦੀ ਉੱਨਤੀ ਲਈ ਇਕ ਅਕੈਡਮੀ ਕਾਇਮ ਕਰਨ ਦਾ ਫੈਸਲਾ ਕੀਤਾ ਹੈ ਤਾਂ ਜੋ ਨੌਜਵਾਨ ਕਲਾਕਾਰਾਂ, ਲਿਖਾਰੀਆਂ, ਪੇਂਟਰਾਂ, ਸੰਗੀਤਕਾਰਾਂ, ਬੁੱਤ ਤਰਾਸ਼ਾਂ, ਡਾਂਸਰਾਂ, ਐਕਟਰਾਂ ਅਤੇ ਸਾਹਿਤਕਾਰਾਂ ਨੂੰ ਸਿਖਲਾਈ ਅਤੇ ਉਤਸ਼ਾਹ ਦੇਣ ਲਈ ਏ-ਕਲਾਸ-ਸੰਸਥਾ ਕਾਇਮ ਕੀਤੀ ਜਾ ਸਕੇ । ਇਸ ਮਕਸਦ ਲਈ 10 ਲੱਖ ਰੁਪਏ ਦਾ ਮੁਢਲਾ ਉਪਬੰਧ ਕੀਤਾ ਜਾ ਰਿਹਾ ਹੈ (ਤਾੜੀਆਂ) ਇਸ ਸਾਲ ਹੀ ਇਸ ਦੀਆਂ ਲੋੜਾਂ ਦਾ ਅੰਦਾਜ਼ਾ ਲਾਉਣ ਪਿਛੋਂ ਇਸ ਉਪਬੰਧ ਵਿਚ ਹੋਰ ਵਾਧਾ ਵੀ ਕਰ ਦਿਤਾ ਜਾਵੇਗਾ । ਪੰਜਾਬ ਨੂੰ ਆਪਣੇ ਸਭਿਆਚਾਰਕ ਵਿਰਸੇ ਉਤੇ ਬਹੁਤ ਮਾਣ ਹੈ । ਇਸ ਗਲ ਨੂੰ ਅਸੀਂ ਵੱਡੇ ਰੂਪ ਵਿਚ ਪੇਸ਼ ਕਰਨਾ ਚਾਹੁੰਦੇ ਹਾਂ ।

ਜਿਹੜੇ ਗਰੀਬ ਲੋਕ ਮਾਲੀ ਸਾਧਨਾਂ ਦੀ ਘਾਟ ਕਾਰਨ ਆਪਣੇ ਹੱਕਾਂ ਦੀ ਰਾਖੀ ਲਈ, ਕਾਨੂੰਨੀ ਚਾਰਾਜੋਈ ਨਹੀਂ ਕਰ ਸਕਦੇ ਉਨ੍ਹਾਂ ਨੂੰ ਕਾਨੂੰਨੀ ਸਹਾਇਤਾ ਦੇਣ ਲਈ ਰਖੀ ਗਈ 10 ਹਜ਼ਾਰ ਰੁਪਏ ਦੀ ਰਕਮ ਵਧਾ ਕੇ 1976-77 ਵਿਚ 10 ਲੱਖ ਰੁਪਏ ਕਰਨ ਦਾ ਫੈਸਲਾ ਵੀ ਅਸੀਂ ਕੀਤਾ ਹੈ । (ਤਾੜੀਆਂ)

ਅਸੀਂ ਆਪਣੇ ਕਰਮਚਾਰੀਆਂ ਲਈ ਮਿਤੀ 1 ਮਾਰਚ, 1976 ਤੋਂ ਚੰਡੀਗੜ੍ਹ-ਮੁਆਵਜ਼ੇ ਭੱਤੇ ਦੀ ਹੱਦ 50 ਰੁਪਏ ਮਾਸਕ ਤੋਂ ਵਧਾ ਕੇ 75 ਰੁਪਏ ਮਾਸਕ ਕਰਨ ਦਾ ਫੈਸਲਾ ਵੀ ਕੀਤਾ ਹੈ । (ਤਾੜੀਆਂ)

ਸਮਾਜ ਦੇ ਸਾਰੇ ਕਮਜ਼ੋਰ ਵਰਗਾਂ ਦੇ ਵਿਦਿਆਰਥੀਆਂ ਦੀ ਵਿਦਿਅਕ ਬਿਹਤਰੀ ਲਈ ਅਤੇ ਪੜ੍ਹਾਈ ਵਿੱਚ ਹੁਸ਼ਿਆਰ ਪਰ ਆਰਥਿਕ ਤੌਰ ਤੇ ਗਰੀਬ ਵਿਦਿਆਰਥੀਆਂ ਨੂੰ ਮੈਟ੍ਰਿਕ ਤੋਂ ਬਾਅਦ ਆਪਣੀ ਪੜ੍ਹਾਈ ਜਾਰੀ ਰੱਖਣ ਦੀ ਲੋੜ ਨੂੰ ਮਹਿਸੂਸ ਕਰਦਿਆਂ ਹੋਇਆਂ ਸਰਕਾਰ ਦੀ ਮੌਜੂਦਾ ਨੀਤੀ ਜਿਸ ਨੂੰ ਮੁੱਖ ਮੰਤਰੀ ਜੀ ਨੇ ਪਿਛੇ ਜਿਹੇ ਦੁਹਰਾਇਆ ਹੈ, ਨੂੰ ਧਿਆਨ ਵਿਚ ਰਖਦੇ ਹੋਏ ਸਰਕਾਰ ਨੇ ਅਜਿਹੇ ਵਿਦਿਆਰਥੀਆਂ ਦੇ ਲਾਭ ਲਈ ਨਿਮਨ ਸਕੀਮ ਲਾਗੂ ਕਰਨ ਦਾ ਫ਼ੈਸਲਾ ਕੀਤਾ ਹੈ । ਇਸ ਸਕੀਮ ਅਧੀਨ ਜਿਨ੍ਹਾਂ ਵਿਦਿਆਰਥੀਆਂ ਨੇ ਮੈਟ੍ਰਿਕ ਜਾਂ ਇਸ ਤੋਂ ਉਚੇਰੀ ਪ੍ਰੀਖਿਆ ਪਹਿਲੇ ਦਰਜੇ ਵਿਚ ਪਾਸ ਕੀਤੀ ਹੋਵੇ ਅਤੇ ਜਿਸ ਦੇ ਆਧਾਰ ਤੇ ਉਨ੍ਹਾਂ ਨੂੰ ਪੜ੍ਹਾਈ ਦੇ ਕੋਰਸ ਵਿਚ ਦਾਖਲਾ ਮਿਲਿਆ ਹੋਵੇ ਅਤੇ ਜਿਨ੍ਹਾਂ ਦੇ ਮਾਪਿਆਂ ਦੀ ਆਮਦਨ ਹਰ ਵਸੀਲੇ ਤੋਂ ਕੁਲ ਮਿਲਾ ਕੇ 500 ਰੁਪਏ ਮਾਸਕ ਤੋਂ ਵੱਧ ਨਾ ਹੋਵੇ ਉਨ੍ਹਾਂ ਨੂੰ ਹੇਠ ਲਿਖੀਆਂ ਰਿਆਇਤਾਂ ਦਿਤੀਆਂ ਜਾਣਗੀਆਂ :—

(ੳ) ਪੂਰੀ ਫ਼ੀਸ ਮੁਆਫੀ ; ਅਤੇ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

(ਅ) 20 ਰੁਪਏ ਤੋਂ 70 ਰੁਪਏ ਮਾਸਕ ਤੱਕ ਵਜ਼ੀਫਾ—ਵਜ਼ੀਫੇ ਦੀ ਇਹ ਰਕਮ ਹੋਸਟਲ ਵਿਚ ਰਹਿਣ ਵਾਲੇ ਜਾਂ ਡੇ ਸਕਾਲਰ ਅਤੇ ਪੜ੍ਹਾਈ ਦੇ ਕੋਰਸ ਜਿਸ ਵਿਚ ਕਿ ਉਹ ਦਾਖਲ ਹਨ, ਅਨੁਸਾਰ ਵੱਖ ਵੱਖ ਹੋਵੇਗੀ । (ਤਾੜੀਆਂ)

ਇਕੋ ਮਾਪਿਆਂ ਦੇ ਕੇਵਲ ਦੋ ਬੱਚਿਆਂ ਨੂੰ ਹੀ ਇਹ ਰਿਆਇਤਾਂ ਮਿਲ ਸਕਣਗੀਆਂ ।

ਇਸ ਨਾਲ ਖਜ਼ਾਨੇ ਤੇ ਹਰ ਸਾਲ 1.2 ਕਰੋੜ ਰੁਪਏ ਦਾ ਬੋਝ ਪਵੇਗਾ ।

ਹੋਰ ਟੈਕਸ ਲਾਉਣ ਦੀ ਮੇਰੀ ਕੋਈ ਤਜਵੀਜ਼ ਨਹੀਂ (ਤਾੜੀਆਂ) ਸਗੋਂ ਮੋਟਰ ਗੱਡੀਆਂ ਆਦਿ ਤੇ ਲੱਗਣ ਵਾਲਾ ਟੋਲ ਟੈਕਸ ਵੀ 1 ਅਪ੍ਰੈਲ 1976 ਤੋਂ ਖਤਮ ਕਰਨ ਦੀ ਤਜਵੀਜ਼ ਹੈ । (ਤਾੜੀਆਂ)

ਮੈਨੂੰ ਉਮੀਦ ਹੈ ਕਿ ਸਾਡੇ ਬਜਟ ਦਾ ਇਹ ਘਾਟਾ ਕੇਂਦਰ ਤੋਂ ਪ੍ਰਾਪਤ ਹੋਣ ਵਾਲੀ ਭਾਰੀ ਸਹਾਇਤਾ ਅਤੇ ਕੇਂਦਰੀ ਕਰਾਂ ਵਿਚੋਂ ਸਾਡੇ ਹਿੱਸੇ ਦੀ ਰਕਮ ਨਾਲ, ਜਿਹੜੀ ਵੱਡੇ ਪੈਮਾਨੇ ਤੇ ਕੀਤੀਆਂ ਉਗਰਾਹੀਆਂ ਅਤੇ 'ਵਾਲੰਟਰੀ ਡਿਸਕਲੋਜ਼ਰ-ਸਕੀਮ' ਕਾਰਨ ਕਾਫੀ ਵੱਧ ਜਾਣ ਦੀ ਸੰਭਾਵਨਾ ਹੈ, ਪੂਰਾ ਹੋ ਜਾਵੇਗਾ । ਮੈਨੂੰ ਵਿਸ਼ਵਾਸ ਹੈ ਕਿ ਟੈਕਸ ਮਸ਼ੀਨਰੀ ਦੇ ਵਧੇਰੇ ਮਜ਼ਬੂਤ ਹੋਣ ਅਤੇ ਟੈਕਸਾਂ ਦੀ ਚੋਰੀ ਨੂੰ ਰੋਕਣ ਦੇ ਨਤੀਜੇ ਵੱਜੋਂ ਰਾਜ ਦੀ ਕਰ-ਆਮਦਨ ਵਿਚ ਵੀ ਕਾਫੀ ਵਾਧਾ ਹੋਵੇਗਾ । ਮੇਰਾ ਖਿਆਲ ਹੈ ਕਿ ਗੈਰ-ਵਿਕਾਸੀ ਅਤੇ ਗੈਰ-ਜ਼ਰੂਰੀ ਖਰਚੇ ਤੇ ਚੰਗੀ ਤਰ੍ਹਾਂ ਨਜ਼ਰਸਾਨੀ ਕਰਨ ਨਾਲ ਕਾਫੀ ਕਿਫਾਇਤ ਹੋ ਸਕੇਗੀ । ਅਸੀਂ ਪੰਜਾਬ ਨੂੰ ਖੁਸ਼ਹਾਲੀ ਦੇ ਨਵੇਂ ਯੁੱਗ ਵੱਲ ਅੱਗੇ ਵਧਣ ਵਿਚ ਅਤੇ ਅਜਿਹਾ ਸਮਾਜ ਉਸਾਰਨ ਵਿਚ, ਸਤਿਕਾਰਯੋਗ ਮੈਂਬਰਾਂ ਅਤੇ ਪੰਜਾਬ ਦੀ ਜਨਤਾ ਦਾ ਸਹਿਯੋਗ ਚਾਹੁੰਦੇ ਹਾਂ—ਜਿਥੇ ਹਰ ਇਕ ਨੂੰ ਸੁਚੱਜੇ ਜੀਵਨ-ਮਿਆਰ ਦੇ ਬਰਾਬਰ ਮੌਕੇ ਹਾਸਲ ਹੋ ਸਕਣ ।

**ਧੰਨਵਾਦ** : ਸ੍ਰੀਮਾਨ ਜੀ, ਇਸ ਤੋਂ ਪਹਿਲਾਂ ਕਿ ਮੈਂ ਆਪਣਾ ਭਾਸ਼ਣ ਸਮਾਪਤ ਕਰਾਂ, ਮੈਂ ਸ੍ਰੀ ਐਸ. ਪੀ. ਬਾਗਲਾ, ਵਿੱਤ ਸਕੱਤਰ ਪੰਜਾਬ ਅਤੇ ਵਿੱਤ ਵਿਭਾਗ ਦੇ ਹੋਰ ਅਫਸਰਾਂ ਅਤੇ ਅਮਲੇ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਬਜਟ ਤਿਆਰ ਕਰਨ ਵਿਚ ਸਖਤ ਮਿਹਨਤ ਵਾਲਾ ਅਤੇ ਸ਼ਲਾਘਾਯੋਗ ਕੰਮ ਕੀਤਾ ਹੈ । (ਤਾੜੀਆਂ) ਮੈਂ ਮਹਾਂ ਲੇਖਾਕਾਰ, ਪੰਜਾਬ ਦਾ ਵੀ ਉਨ੍ਹਾਂ ਦੀ ਵੱਡ-ਮੁੱਲੀ ਸਹਾਇਤਾ ਲਈ ਧੰਨਵਾਦੀ ਹਾਂ । ਮੈਂ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ, ਚੰਡੀਗੜ੍ਹ ਅਤੇ ਉਨ੍ਹਾਂ ਦੇ ਅਮਲੇ ਦਾ ਵੀ ਧੰਨਵਾਦੀ ਹਾਂ, ਜਿਨ੍ਹਾਂ ਨੇ ਬਜਟ ਦਸਤਾਵੇਜ਼ ਸਮੇਂ ਸਿਰ ਛਾਪਣ ਵਿਚ ਸਹਿਯੋਗ ਦਿੱਤਾ ਹੈ ।

ਸ੍ਰੀਮਾਨ ਜੀ, ਹੁਣ ਮੈਂ ਸਾਲ 1976-77 ਦੇ ਬਜਟ-ਅਨੁਮਾਨ ਪੇਸ਼ ਕਰਨ ਦੀ ਆਗਿਆ ਮੰਗਦਾ ਹਾਂ । (ਤਾੜੀਆਂ)

ਜੈ ਹਿੰਦ

**Mr. Speaker** : The House stands adjourned till 9.00 a.m. on Friday, the 30th January, 1976.

10.20 a.m.

*(The Sabha then adjourned till 9.00 a.m. on Friday, the 30th January, 1976.)*

1781-20-5-76—286 ਕਾਪੀਆਂ—ਪੰਜਾਬ ਸਰਕਾਰ ਪਰੈਸ, ਪਟਿਆਲਾ ।

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

©

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*30th January, 1976*

Vol. I—No. 7

## OFFICIAL REPORT

CONTENTS

*Friday, the 30th January, 1976*


| | | PAGE |
|---|---|---|
| Starred Questions and Answers | .. | (7)1 |
| Written Answers to Starred Questions laid on the Table of the House Under Rule 38 | .. | (7)42 |
| Call Attention Notices Under Rule 66 | .. | (7)44 |
| Statements laid on the Table of the House in reply to Call Attention Notices | .. | (7)45 |
| Second Report of the Business Advisory Committee | .. | (7)53 |
| Presentation of Report of Committee on Estimates | .. | (7)54 |
| Supplementary Estimates (Second Instalment), 1975-76 | .. | (7)55 |
| Discussion on the Estimates of the Expenditure charged on the Revenues of the State And Discussion and Voting of Demands for Supplementary Grants | .. | (7)55 |



Punjab Vidhan Sabha Secretariat, Chandigarh.

Price : Rs 28-75



Original with;
Punjab Vidhan Sabha
Digitized by;
Panjab Digital Library

Page

Announcement by the hon. Speaker .. (7)62

Discussion and Voting of Demands for Supplementary Grants (*Resumption*) .. (7)63

Short adjournment of the House .. (7)65

Discussion and Voting of Demands for Supplementary Grants (*Resumption*) .. (7)66

Legislative Business

Bill(s)

The Punjab Urban Estates (Development and Regulation) (Amendment)—, 1976 .. (7)78

The Punjab Municipal (Third Amendment) Ordinance, 1975 (Punjab Ordinance No. 13 of 1975)

And

The Punjab Municipal (Amendment)—, 1976 .. (7)81

The Punjab Town Improvement (Amendment)—, 1976 .. (7)91

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Friday, the 30th January, 1976*

*The Vidhan Sabha met in the Punjab Vidhan Sabha Hall, Vidhan Bhavan, Chandigarh at 9.00 a.m. of the Clock. Mr. Speaker (Dr. Kewal Krishan) in the Chair.*

## STARRED QUESTIONS AND ANSWERS

### PREMATURE RETIREMENT OF OFFICERS/OFFICIALS OF THE EXCISE AND TAXATION DEPARTMENT

*3385. **Shri Sardari Lal Kapur** : Will the Minister for Excise and Taxation be pleased to state the number and names of officers/officials, category-wise of the Excise and Taxation Department who have been retired under the Punjab Civil Services (Premature Retirement) Rules, 1975 ?

**Shri Yash Pal** : A list showing the names of officers/officials, of the Excise and Taxation Department, category-wise, who have been retired under the Punjab Civil Services (Premature Retirement) Rules, 1975 is placed on the table of the House.

**List showing the names of officers/officials of the Excise and Taxation Department who have been retired under the Punjab Civil Services (Premature Retirement) Rules, 1975,**

| S. No. | Name of the officer/official (retired) | Designation |
|---|---|---|
| 1. | Shri Kuldip Singh | Excise and Taxation Officer |
| 2. | Shri S. K. Malhotra | —do— |
| 3. | Shri Hira Lal Dhawan | Asstt. Excise & Taxation Officer |
| 4. | Shri S. S. Kaushal | —do— |
| 5. | Shri Harchand Singh | —do— |
| 6. | Shri M. L. Goel | —do— |
| 7. | Shri Kehar Singh | Excise Inspector |
| 8. | Shri Mangat Ram | —do— |
| 9. | Shri R. L. Khurana | —do— |

Original with;
Punjab Vidhan Sabha
Digitized by;
Panjab Digital Library

[Minister for Excise and Taxation]

| S. No. | Name of the officer/official (retired) | Designation |
|---|---|---|
| 10. | Shri Hardial Singh Randhawa | Excise Inspector |
| 11, | Shri Gurdial Singh Gill | —do— |
| 12. | Shri Balwant Singh | —do— |
| 13. | Shri Amar Singh | —do— |
| 14. | Shri Kuldip Singh Kaleka | —do— |
| 15. | Shri Prem Singh | —do— |
| 16. | Shri Apajit Singh | —do— |
| 17. | Shri R. L. Kapur | —do— |
| 18. | Shri Arjan Singh | Taxation Inspector |
| 19. | Shri Som Dutt Sharma | —do— |
| 20. | Shri Gurpartap Singh | —do— |
| 21. | Shri R. S. Jogi | —do— |
| 22. | Shri Shanti Parkash Goel | —do— |

**ਸ਼੍ਰੀ ਸਰਦਾਰੀ ਲਾਲ ਕਪੂਰ** : ਜਿਹੜੇ ਅਧਿਕਾਰੀਆਂ ਨੂੰ ਰਿਟਾਇਰ ਕੀਤਾ ਗਿਆ ਹੈ ਉਨ੍ਹਾਂ ਨੂੰ ਰਿਟਾਇਰ ਕਰਨ ਦੇ ਕਾਰਣ ਕੀ ਹਨ ? ਕੀ ਉਨ੍ਹਾਂ ਦੇ ਮੁਤਅੱਲਕ ਕੋਈ ਵੇਰਵਾ ਹੈ ਜਿਸ ਕਾਰਣ ਉਨ੍ਹਾਂ ਨੂੰ ਰਿਟਾਇਰ ਕੀਤਾ ਗਿਆ ਹੈ ?

**ਮੰਤਰੀ** : ਇਨ੍ਹਾਂ ਦੇ ਰਿਕਾਰਡ ਦੀ ਪੜਤਾਲ ਕਰਕੇ ਫਿਰ ਫੈਸਲਾ ਕੀਤਾ ਗਿਆ ਹੈ ।

**ਚੌਧਰੀ ਰਾਮ ਸਿੰਘ** : ਮਨਿਸਟਰ ਸਾਹਿਬ ਨੇ ਆਪਣੇ ਜਵਾਬ ਵਿਚ ਦੋ ਐਕਸਾਈਜ਼ ਐਂਡ ਟੈਕਸੇਸ਼ਨ ਆਫੀਸਰਜ਼, ਚਾਰ ਅਸਿਸਟੈਂਟ ਐਕਸਾਈਜ ਐਂਡ ਟੈਕਸੇਸ਼ਨ ਆਫੀਸਰਜ਼ ਅਤੇ ਬਾਕੀ ਇਨਸਪੈਕਟਰਾਂ ਦੇ ਨਾਉਂ ਦਸੇ ਹਨ ਜਿਨ੍ਹਾਂ ਨੂੰ ਰਿਟਾਇਰ ਕੀਤਾ ਗਿਆ ਹੈ । ਹੋਰ ਵੀ ਕਈ ਬੁਰੇ ਆਦਮੀ ਹੋਣੇ ਹਨ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਅਜਿਹੀ ਦੂਸਰੀ ਕਿਸ਼ਤ ਕਦੋਂ ਆ ਰਹੀ ਹੈ ?

**ਮੰਤਰੀ** : ਵੀਡਿੰਗ ਆਊਟ ਦਾ ਮਾਮਲਾ ਕੰਟੀਨਿਊਐਂਸ ਪਰਾਸੈਸ ਹੈ ।

आचार्य पृथ्वी सिंह आज़ाद : प्राइम मिनिस्टर साहिबा के 12–नुकाती प्रोग्राम के पेशे नज़र पंजाब सरकार ने प्रोहिबशन लागू करनी है । क्या मंत्री महोदय बताएंगे कि यह जो Excise and Taxation Department है, क्या यह उस विचारधारा को दृष्टि में रखते हुए, इस तरफ और काम करेगा और बुरे आदमियों को निकालने की कोशिश की जाएगी ?

(No reply)

Original with: Punjab Vidhan Sabha
Digitized by: Panjab Digital Library

**ਸ੍ਰੀ ਸਰਦਾਰੀ ਲਾਲ ਕਪੂਰ :** ** **

**ਮੰਤਰੀ** : ਇਹ ਬਿਲਕੁਲ ਵੇਗ ਔਰ ਇਰ-ਰਿਸਪਾਂਸੀਬਲ ਐਲੀਗੇਸ਼ਨਜ਼ ਹਨ । ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਕਪੂਰ ਸਾਹਿਬ ਕੋਲ ਅਗਰ ਕਿਸੇ ਅਫਸਰ ਦੇ ਬਾਰੇ ਕੋਈ ਸ਼ਿਕਾਇਤ ਹੈ ਤਾਂ ਉਹ ਮੈਨੂੰ ਦੱਸਣ ਔਰ ਅਗਰ ਕੋਈ ਉਨ੍ਹਾਂ ਕੋਲ ਸ਼ਿਕਾਇਤ ਨਹੀਂ ਤਾਂ ਫਿਰ ਮੇਹਰਬਾਨੀ ਕਰਕੇ ਇਹੋ ਜਿਹੀਆਂ ਗੱਲਾਂ ਨਾ ਕਰਨ ।

**ਸ੍ਰੀ ਸਰਦਾਰੀ ਲਾਲ ਕਪੂਰ :** ** ** **

**Mr. Speaker** . This is an aspersion on the hon. Minister. These words should be expunged.

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਸਕਰੀਨ ਕਰਨ ਦਾ ਕੀ ਤਰੀਕਾ ਹੈ ? ਸਕਰੀਨ ਕਰਨ ਦੇ ਪਰਾਸੈਸ ਵਿਚ ਕੀ ਪਬਲਿਕ ਦੇ ਨੁਮਾਇੰਦੇ ਔਰ ਐਂਪਲਾਈਜ਼ ਦੀ ਆਰਗੇਨਾਈਜ਼ੇਸ਼ਨਜ਼ ਦੇ ਲੀਡਰਾਂ ਨੂੰ ਐਸੋਸ਼ੀਏਟ ਕਰਨ ਵਾਸਤੇ ਇਹ ਤਿਆਰ ਹਨ ?

**ਮੰਤਰੀ** : ਐਸੀ ਕੋਈ ਤਜਵੀਜ਼ ਜ਼ੇਰੇ ਗੌਰ ਨਹੀਂ ਹੈ ।

**ਕਾਮਰੇਡ ਸੱਤ ਪਾਲ ਡਾਂਗ:** ਸਕਰੀਨਿੰਗ ਕਰਨ ਦਾ ਤਰੀਕਾ ਕੀ ਹੈ ?

**ਮੰਤਰੀ** : ਗੌਰਮਿੰਟ ਅਫਸਰ ਸਕਰੀਨਿੰਗ ਕਰਦੇ ਹਨ ।

**ਚੌਧਰੀ ਸੁੰਦਰ ਸਿੰਘ** : ਮਨਿਸਟਰ ਸਾਹਿਬ ਦੇ ਜਵਾਬ ਤੋਂ ਮੈਂ ਬੜਾ ਹੈਰਾਨ ਹੋਇਆ ਹਾਂ ਕਿ ਇਨ੍ਹਾਂ ਨੂੰ ਆਪਣੇ ਮਹਿਕਮੇ ਵਿਚ ਬੜਾ ਕਾਨਫੀਡੈਂਸ ਹੈ । ਇਹ ਕਹਿੰਦੇ ਹਨ ਕਿ ਕੋਈ ਆਦਮੀ ਕੁਰੱਪਟ ਨਹੀਂ ਹੈ । ਜਿਸ ਮੈਂਬਰ ਦੇ ਮੁਤਅੱਲਕ ਕਿਹਾ ਗਿਆ ਹੈ ਕਿ ਉਸਨੇ ਇਰਰਿਸਪਾਂਸੀਬਲ ਗੱਲ ਕੀਤੀ ਹੈ, ਉਹ ਸਭ ਤੋਂ ਬੈਸਟ ਆਦਮੀ ਹੈ । ਕਪੂਰ ਸਾਹਿਬ ਕਦੇ ਵੀ ਇਰਰਿਸਪਾਂਸੀਬਲ ਗੱਲ ਨਹੀਂ ਕਰ ਸਕਦੇ । ਮੈਂ ਪੁਛਣਾ ਚਾਹੁੰਦਾ ਹਾਂ ਕਿ ਕਿਹੜੇ ਕਿਹੜੇ ਆਦਮੀ ਖਰਾਬ ਹਨ ? ਬਹੁਤ ਸਾਰੇ ਆਦਮੀ ਐਸੇ ਢੰਗ ਦੇ ਆਦਮੀ ਹਨ ਜੋ ਇਹੋ ਜਿਹੀਆਂ ਗੱਲਾਂ ਕਰਦੇ ਹਨ । ਜੋ ਮੈਂਬਰ ਸਾਹਿਬ ਨੇ ਕਿਹਾ ਹੈ ਉਹ ਬਿਲਕੁਲ ਠੀਕ ਕਿਹਾ ਹੈ ।

(ਕੋਈ ਜਵਾਬ ਨਹੀਂ ਦਿੱਤਾ ਗਿਆ)

**ਚੌਧਰੀ ਰਾਮ ਸਿੰਘ** : ਇਹ ਜਿਹੜੀ ਮਨਿਸਟਰ ਸਾਹਿਬ ਨੇ ਜਬਰੀ ਰਿਟਾਇਰ ਹੋਣ ਵਾਲਿਆਂ ਦੀ ਲਿਸਟ ਦਿੱਤੀ ਹੈ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਅਜਿਹੀ ਦੂਜੀ ਲਿਸਟ ਕਦੋਂ ਆ ਰਹੀ ਹੈ; ਇਸ ਬਾਰੇ ਡੈਫੀਨਿਟ ਡੇਟ ਦੇਣੀ ਚਾਹੀਦੀ ਹੈ ।

**ਮੰਤਰੀ** : ਸਪੀਕਰ ਸਾਹਿਬ, ਮੈਂ ਬੇਨਤੀ ਕੀਤੀ ਸੀ ਕਿ ਇਹ ਕੰਟੀਨਿਊਐਸ ਪਰਾਸੈਸ ਹੈ । ਪਰਾਸੈਸ ਵਿਚ ਕੋਈ ਲਕੀਰ ਨਹੀਂ ਖਿੱਚੀ ਜਾ ਸਕਦੀ । ਇਹ ਕੰਮ ਤਾਂ ਚਲਦਾ ਹੀ ਰਹਿਣਾ ਹੈ ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

## ਧੂਰੀ ਵਿਧਾਨ ਸਭਾ ਚੋਣ ਹਲਕੇ ਵਿਚ ਲਿੰਕ ਸੜਕਾਂ

*3460 **ਕਾਮਰੇਡ ਅੱਛਰਾ ਸਿੰਘ :** ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਧੂਰੀ ਵਿਧਾਨ ਸਭਾ ਚੋਣ ਹਲਕੇ ਵਿਚ ਉਨ੍ਹਾਂ ਪਿੰਡਾਂ ਦੀ ਗਿਣਤੀ ਕਿੰਨੀ ਹੈ ਜਿਹੜੇ ਅੱਜ ਲਿੰਕ ਸੜਕਾਂ ਤੋਂ ਬਿਨਾਂ ਹਨ ;

(ਅ) ਉਕਤ ਪਿੰਡਾਂ ਨੂੰ ਕਿਸ ਸਮੇਂ ਤੱਕ ਲਿੰਕ ਸੜਕਾਂ ਉਪਲਬੱਧ ਕੀਤੀਆਂ ਜਾਣਗੀਆਂ ?

**ਸ਼੍ਰੀ ਜੋਗਿੰਦਰ ਪਾਲ ਪਾਂਡੇ :** (ੳ) 15

(ਅ) ਇਨ੍ਹਾਂ 15 ਪਿੰਡਾਂ ਵਿੱਚੋਂ 8 ਪਿੰਡਾਂ ਨੂੰ ਸੜਕਾਂ ਮੰਨਜ਼ੂਰ ਹਨ ਅਤੇ ਇਹ ਛੇਤੀ ਹੀ ਬਣਾ ਦਿੱਤੀਆਂ ਜਾਣਗੀਆਂ । ਬਾਕੀ 7 ਪਿੰਡਾਂ ਨੂੰ ਸੜਕਾਂ ਸਬੰਧਤ ਮਾਰਕਿਟ ਕਮੇਟੀ ਪਾਸੋਂ ਧਨ ਪ੍ਰਾਪਤ ਹੋਣ ਤੇ ਹੱਥ ਵਿਚ ਲਈਆਂ ਜਾ ਸਕਣਗੀਆਂ ।

**ਕਾਮਰੇਡ ਅੱਛਰਾ ਸਿੰਘ :** ਮਨਿਸਟਰ ਸਾਹਿਬ ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ 15 ਪਿੰਡ ਅਜੇ ਬਿਨਾਂ ਸੜਕਾਂ ਤੋਂ ਹਨ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਰਹਿੰਦੇ 15 ਪਿੰਡ ਕਿਹੜੀ ਤਾਰੀਖ ਤਕ ਸੜਕਾਂ ਨਾਲ ਮਿਲਾ ਦਿੱਤੇ ਜਾਣਗੇ ?

**ਰਾਜ ਮੰਤਰੀ :** 8 ਪਿੰਡਾਂ ਨੂੰ ਸੜਕਾਂ ਮਾਰਚ, 1976 ਤਕ ਕੰਪਲੀਟ ਹੋ ਜਾਣਗੀਆਂ । ਬਾਕੀ ਸੜਕਾਂ ਤੇ ਮਾਰਕਿਟ ਕਮੇਟੀਆਂ ਤੋਂ ਰੁਪਏ ਲੈ ਕੇ ਕੰਮ ਸ਼ੁਰੂ ਕਰ ਦਿਆਂਗੇ ।

**ਮਾਸਟਰ ਚੰਦ ਸਿੰਘ :** ਜਿਹੜੇ 8 ਪਿੰਡਾ ਨੂੰ ਮਾਰਚ, 1976 ਤਕ ਸੜਕਾਂ ਕੰਪਲੀਟ ਹੋਣੀਆਂ ਹਨ ਉਹ ਤਾਂ ਠੀਕ ਹੈ ਬਾਕੀ ਜਿਥੇ ਮਾਰਕਿਟ ਕਮੇਟੀਆਂ ਤੋਂ ਪੈਸੇ ਲੈਕੇ ਕੰਮ ਕਰਨਾ ਹੈ ਉਨ੍ਹਾਂ ਪਿੰਡਾਂ ਦੇ ਨਾਉਂ ਕੀ ਹਨ, ਇਹਦੇ ਬਾਰੇ ਦਸਿਆ ਜਾਵੇ ?

**ਰਾਜ ਮੰਤਰੀ :** ਉਹ ਪਿੰਡ ਇਸ ਪਰਕਾਰ ਹਨ । ਮੈਂ 15 ਪਿੰਡਾਂ ਦੇ ਨਾਉਂ ਹੀ ਦੱਸ ਦਿੰਦਾ ਹਾਂ :—

(1) ਸੂਰਜ ਬਘੇਲ ਸਿੰਘ ਵਾਲਾ (2) ਝੱਲ (3) ਗੱਜਣ ਮਾਜਰਾ (4) ਜਾਗੋਵਾਲ (5) ਸਾਲਾਰ (6) ਕੰਧਾਰਗੜ੍ਹ (7) ਮਾਨਾ (8) ਸਿਹਲਾ ।

ਅਤੇ ਦੂਜੇ ਸੱਤ ਪਿੰਡ ਇਸ ਪ੍ਰਕਾਰ ਹਨ :—

(1) ਝੂੰਦਾਂ (2) ਮੋਹਾਲੀ (3) ਮੁਹਾਲਾ (4) ਚਪਰੋਦਾ (5) ਨੰਗਲ (6) ਮਲੂਮਾਜਰਾ (7) ਖਾਨਪੁਰ ।

**ਚੌਧਰੀ ਦਰਸ਼ਨ ਸਿੰਘ :** ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਜੇ ਮਾਰਕਿਟ ਕਮੇਟੀਆਂ ਪੈਸੇ ਦੇ ਦੇਣਗੀਆਂ ਤਾਂ ਬਾਕੀ ਦੀਆਂ ਸੜਕਾਂ ਬਣਾ ਦਿੱਤੀਆਂ ਜਾਣਗੀਆਂ । ਮੈਂ ਇਨ੍ਹਾਂ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜੇ ਮਾਰਕਿਟ ਕਮੇਟੀਆਂ ਨੇ ਪੈਸੇ ਨਾਂ ਦਿੱਤੇ ਤਾਂ ਫੇਰ ਕੀ ਉਨ੍ਹਾਂ ਥਾਵਾਂ ਤੇ ਸਰਕਾਰ ਖੁਦ ਸੜਕਾਂ ਬਣਾ ਦੇਵੇਗੀ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ :** ਜੇ ਮਾਰਕਿਟ ਕਮੇਟੀਆਂ ਨੇ ਪੈਸੇ ਨਾ ਵੀ ਦਿੱਤੇ ਤਾਂ ਵੀ ਪੰਜਾਬ ਸਰਕਾਰ ਵਚਣ-ਬੱਧ ਹੈ। ਸਰਕਾਰ ਦੇ ਪਹਿਲੇ ਐਲਾਨ ਦੇ ਮੁਤਾਬਿਕ ਹਰ ਪਿੰਡ ਨੂੰ ਸੜਕ ਦੇਣ ਦਾ ਫੈਸਲਾ ਪੂਰਾ ਕੀਤਾ ਜਾਏਗਾ। ਵੈਸੇ ਮੈਂ ਹਾਊਸ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਮਾਰਕਿਟ ਕਮੇਟੀ ਦੇ ਪੈਸੇ ਪਿੰਡਾਂ ਦੀਆਂ ਸੜਕਾਂ ਬਣਾਉਣ ਲਈ ਖ਼ਰਚ ਕਰਨਾ ਕਿਸਾਨਾਂ ਦੀ ਬੇਹਤਰੀ ਕਰਨੀ ਹੈ। ਮੈਨੂੰ ਪੂਰਨ ਵਿਸ਼ਵਾਸ ਹੈ ਕਿ ਉਹ ਪੈਸੇ ਦੇਣਗੇ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ :** ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਕਿਸੇ ਨਿਸ਼ਚਿਤ ਸਮੇਂ ਅੰਦਰ ਪੰਜਾਬ ਦੇ ਸਮੂਹ ਪਿੰਡਾਂ ਨੂੰ ਸੜਕਾਂ ਮਿਲ ਜਾਣਗੀਆਂ ? ਕਿਹੜੀ ਤਾਰੀਖ ਤਕ ਸਾਰੇ ਪਿੰਡਾਂ ਨੂੰ ਸੜਕਾਂ ਮਿਲ ਜਾਣਗੀਆਂ ?

**ਰਾਜ ਮੰਤਰੀ :** ਸਾਰੇ ਪੰਜਾਬ ਦੇ ਪਿੰਡਾਂ ਨੂੰ ਇੱਕ ਇੱਕ ਸੜਕ ਪਹੁੰਚਣ ਤੋਂ ਇਲਾਵਾ ਹੋਰ ਵੀ ਸੜਕਾਂ ਪਹੁੰਚਾਉਣ ਦੀ ਕੋਸ਼ਿਸ਼ ਕਰਾਂਗੇ।

**ਸਰਦਾਰ ਗੁਰਬਚਨ ਸਿੰਘ (ਰੋਪੜ) :** ਰੋਪੜ ਦੇ ਇਲਾਕੇ ਵਿਚ 60 ਪਿੰਡ ਅਜਿਹੇ ਹਨ ਜਿਨ੍ਹਾਂ ਨੂੰ ਲਿੰਕ ਸੜਕਾਂ ਨਹੀਂ ਮਿਲੀਆਂ। ਇਨ੍ਹਾਂ ਪਿੰਡਾਂ ਨੂੰ ਕਦੋਂ ਤਕ ਇਹ ਲਿੰਕ ਸੜਕਾਂ ਮਿਲ ਜਾਣਗੀਆਂ ?

**ਰਾਜ ਮੰਤਰੀ :** ਇਨ੍ਹਾਂ ਦਾ ਸਵਾਲ ਸੋਮਵਾਰ ਨੂੰ ਆ ਰਿਹਾ ਹੈ, ਉਸ ਵੇਲੇ ਮੈਂ ਜਵਾਬ ਦੇ ਦਿਆਂਗਾ।

**ਕਾਮਰੇਡ ਦਾਨਾ ਰਾਮ :** ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਮਾਰਕਿਟ ਕਮੇਟੀਆਂ ਪੈਸੇ ਦਿੰਦੀਆਂ ਹਨ ਉਥੇ ਵੀ ਦਸ ਦਸ ਸਾਲ ਸੜਕਾਂ ਨਹੀਂ ਬਣਦੀਆਂ ਅਤੇ ਉਥੇ ਦੇ ਲੋਕ ਹੈਰਾਨ ਹੁੰਦੇ ਰਹਿੰਦੇ ਹਨ। ਕੀ ਇਸ ਸਬੰਧ ਵਿਚ ਜ਼ਰੂਰੀ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣਗੀਆਂ ਤਾਂ ਕਿ ਉਥੇ ਛੇਤੀ ਤੋਂ ਛੇਤੀ ਸੜਕਾਂ ਬਣਾ ਦਿੱਤੀਆਂ ਜਾਣ ?

**ਰਾਜ ਮੰਤਰੀ :** ਮੈਂਬਰ ਸਾਹਿਬਾਨ ਮੇਰੇ ਨੋਟਿਸ ਵਿਚ ਲਿਆ ਦੇਣ, ਮੈਂ ਸੜਕਾਂ ਬਣਾ ਦਿਆਂਗਾ।

**ਸਰਦਾਰ ਹਰਚੰਦ ਸਿੰਘ:** ਸਪੀਕਰ ਸਾਹਿਬ, ਪਿਛਲੀ ਬਜਟ ਸਪੀਚ ਵਿਚ, ਜਿਸ ਦੀ ਕਾਪੀ ਸਾਡੇ ਕੋਲ ਹੈ, ਫਾਈਨਾਂਸ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਇਸ ਸਾਲ ਦੇ ਅੰਤ ਵਿਚ ਸਾਰੇ ਪਿੰਡਾਂ ਨੂੰ ਲਿੰਕ ਰੋਡਜ਼ ਦੇ ਦਿਤੀਆਂ ਜਾਣਗੀਆਂ ਪਰ ਇਹ ਹਾਲੇ ਤਕ ਕੋਈ ਡੇਟ ਨਹੀਂ ਦੇ ਰਹੇ ? (ਵਿਘਨ)

**ਵਿੱਤ ਮੰਤਰੀ : ਸਪੀਕਰ** ਸਾਹਿਬ, ਮੈਂ ਇਹ ਗਲ ਕਲੀਅਰ ਕਰ ਦਿਆਂ ਕਿ ਮੈਂ ਮਿਸਿੰਗ ਲਿੰਕ ਰੋਡਜ਼ ਦੇ ਬਾਰੇ ਕਿਹਾ ਸੀ ਕਿ ਜੇ ਮਾਰਕਿਟ ਕਮੇਟੀਆਂ ਆਪਣਾ ਹਿੱਸਾ ਜਮ੍ਹਾ ਜਲਦੀ ਤੋਂ ਜਲਦੀ ਕਰਵਾ ਦੇਣਗੀਆਂ ਤਾਂ ਸਰਕਾਰ ਆਪਣਾ ਹਿੱਸਾ ਜਮ੍ਹਾ ਕਰਵਾ ਦੇਵੇਗੀ। (ਵਿਘਨ) ਮੈਂ ਤਾਂ ਮਿਸਿੰਗ ਲਿੰਕ ਰੋਡਜ਼ ਦੇ ਬਾਰੇ ਵਿਚ ਕਿਹਾ ਸੀ। (ਵਿਘਨ)

Original with;
Punjab Vidhan Sabha
Digitized by;
Panjab Digital Library

**ਇਕ ਆਵਾਜ਼** : ਇਹ ਦੱਸ ਦੇਣ ਕਿ ਮਿਸਿੰਗ ਲਿੰਕ ਰੋਡਜ਼ ਕੀ ਹੁੰਦੀਆਂ ਹਨ ? (ਵਿਘਨ)

**ਕਾਮਰੇਡ ਸੱਤ ਪਾਲ ਡਾਂਗ:** ਸਪੀਕਰ ਸਾਹਿਬ, ਮੈਂ ਮਿਸਿੰਗ ਲਿੰਕ ਰੋਡਜ਼ ਦੇ ਝਗੜੇ ਵਿਚ ਨਹੀਂ ਪੈਣਾ ਚਾਹੁੰਦਾ । ਮੈਂ ਮਨਿਸਟਰ ਸਾਹਿਬ ਤੋਂ ਤੁਹਾਡੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਪਿਛਲੇ 4 ਸਾਲਾਂ ਵਿਚ ਇਕ ਤੋਂ ਵੱਧ ਵਾਰੀ ਡੇਟ ਫਿਕਸ ਕੀਤੀ ਗਈ ਹੈ ਕਿ ਫਲਾਣੀ ਤਾਰੀਖ ਨੂੰ ਘਟੋ ਘੱਟ ਹਰ ਇਕ ਪਿੰਡ ਨੂੰ ਇਕ ਲਿੰਕ ਸੜਕ ਮਿਲ ਜਾਵੇਗੀ । ਉਹ ਤਾਂ ਵਾਇਦਾ ਇਨ੍ਹਾਂ ਦਾ ਪੂਰਾ ਨਹੀਂ ਹੋਇਆ । ਕੀ ਹੁਣ ਕੋਈ ਪੱਕੀ ਡੇਟ ਫਿਕਸ ਕਰਨਗੇ ?

**ਵਿੱਤ ਮੰਤਰੀ :** ਸਪੀਕਰ ਸਾਹਿਬ, ਸਰਕਾਰ ਦੀ ਇਹੀ ਕੋਸ਼ਿਸ਼ ਹੈ ਕਿ ਹਰ ਇਕ ਪਿੰਡ ਨੂੰ ਲਿੰਕ ਸੜਕ ਦਿੱਤੀ ਜਾਵੇ ਔਰ ਇਸ ਮਕਸਦ ਲਈ ਪਿਛਲੇ ਸਾਲ ਵੀ ਰੁਪਿਆ ਰਖਿਆ ਸੀ ਔਰ ਐਤਕੀਂ ਵੀ ਰੁਪਿਆ ਰਖਿਆ ਹੈ ਸੜਕਾਂ ਬਣਾਉਣ ਲਈ ਅਤੇ ਉਨ੍ਹਾਂ ਦੀ ਰਿਪੇਅਰ ਵਾਸਤੇ । ਇਹ ਜਿਹੜੀ ਡੇਟ ਨਿਸਚਿਤ ਕਰਨ ਵਾਲੀ ਗੱਲ ਹੈ ਇਸ ਦਾ ਬਹੁਤ ਸਾਰਾ ਸਬੰਧ ਮਾਰਕਿਟ ਕਮੇਟੀਆਂ ਔਰ ਮਾਰਕਿਟ ਬੋਰਡ ਨਾਲ ਹੈ ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਉਹ ਇਹ ਕਹਿਣ ਨੂੰ ਤਿਆਰ ਹਨ ਕਿ ਜਿੰਨਾ ਚਿਰ ਹਰ ਪਿੰਡ ਨੂੰ ਸੜਕ ਨਾ ਮਿਲ ਜਾਵੇ ਉਤਨਾ ਚਿਰ ਕਿਸੇ ਪਿੰਡ ਨੂੰ ਦੂਜੀ ਜਾਂ ਤੀਜੀ ਲਿੰਕ ਸੜਕ ਨਹੀਂ ਦਿੱਤੀ ਜਾਵੇਗੀ ?

**ਰਾਜ ਮੰਤਰੀ :** ਸਪੀਕਰ ਸਾਹਿਬ, ਪੰਜਾਬ ਸਰਕਾਰ ਦਾ ਇਹ ਫੈਸਲਾ ਹੈ ਕਿ ਹਰ ਪਿੰਡ ਨੂੰ ਸੜਕ ਦੇ ਕੇ ਬਾਅਦ ਵਿਚ ਇੰਟਰ ਲਿੰਕਡ ਸੜਕਾਂ ਵੀ ਦੇਣੀਆਂ ਹਨ । ਮਾਰਕਿਟ ਕਮੇਟੀਆਂ ਜਾਂ ਮਾਰਕੀਟਿੰਗ ਬੋਰਡ ਇਕ ਸਟੈਚੂਟਰੀ ਅਦਾਰਾ ਹੈ ਅਗਰ ਉਹ ਫੈਸਲਾ ਕਰਕੇ ਕੰਮ ਕੋਈ ਕਰਨ ਤਾਂ ਪੀ. ਡਬਲਯੂ. ਡੀ. ਦੇ ਵੱਸ ਦੀ ਗੱਲ ਨਹੀਂ ਹੋਵੇਗੀ ਕਿ ਉਨ੍ਹਾਂ ਨੂੰ ਕੰਮ ਕਰਨ ਤੋਂ ਮਨ੍ਹਾ ਕਰ ਸਕੇ । ਲੇਕਿਨ ਮੈਂ ਹਾਊਸ ਨੂੰ ਇਹ ਗੱਲ ਦੱਸਣੀ ਚਾਹੁੰਦਾ ਹਾਂ ਕਿ ਅਸੀਂ ਬਹੁਤ ਜਲਦੀ ਹੀ ਹਾਊਸ ਨੂੰ ਸਾਰੀਆਂ ਸੜਕਾਂ ਬਣਨ ਦੀ ਇਨਫਰਮੇਸ਼ਨ ਦੇ ਦੇਵਾਂਗੇ । ਹਾਊਸ ਇਸ ਗੱਲ ਦਾ ਯਕੀਨ ਕਰੇ ਕਿ ਸਾਰੇ ਪਿੰਡਾਂ ਨੂੰ ਸੜਕਾਂ ਜ਼ਰੂਰ ਪਹੁੰਚਣਗੀਆਂ ।

---

### ਸਮਾਜ ਭਲਾਈ ਵਿਭਾਗ ਵਿਚ ਅਫਸਰਾਂ ਦੀ ਸਮੇਂ ਤੋਂ ਪਹਿਲਾਂ ਰਿਟਾਇਰਮੈਂਟ

*3418 **ਚੌਧਰੀ ਰਾਮ ਸਿੰਘ** : ਕੀ ਸਮਾਜ ਭਲਾਈ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਪੰਜਾਬ ਸਿਵਲ ਸੇਵਾਵਾਂ ਸਮੇਂ ਤੋਂ ਪਹਿਲਾਂ ਰਿਟਾਇਰਮੈਂਟ, ਨਿਯਮਾਵਲੀ, 1975 ਅਧੀਨ ਸਮਾਜ ਭਲਾਈ ਵਿਭਾਗ ਦੇ ਹੁਣ ਤੱਕ ਕਿੰਨੇ ਕਿੰਨੇ ਗਜ਼ਟਿਡ ਅਤੇ ਨਾਨ-ਗਜ਼ਟਿਡ ਅਫਸਰ/ਕਰਮਚਾਰੀ ਸੇਵਾ ਤੋਂ ਜ਼ਬਰੀ ਰਿਟਾਇਰ ਕੀਤੇ ਗਏ ਹਨ ?

**ਕੁਮਾਰੀ ਸਰਲਾ ਪਰਾਸ਼ਰ** : ਪੰਜਾਬ ਸਿਵਲ ਸੇਵਾਵਾਂ (ਸਮੇਂ ਤੋਂ ਪਹਿਲਾਂ ਰਿਟਾਇਰਮੈਂਟ) ਨਿਯਮਾਵਲੀ, 1975 ਅਧੀਨ ਸਮਾਜ ਭਲਾਈ ਵਿਭਾਗ ਵਿਚੋਂ ਹੁਣ ਤੱਕ ਕੋਈ ਗਜ਼ਟਿਡ ਜਾਂ ਨਾਨ-ਗਜ਼ਟਿਡ ਅਧਿਕਾਰੀ/ਕਰਮਚਾਰੀ ਸੇਵਾਵਾਂ ਤੋਂ ਰਿਟਾਇਰ ਨਹੀਂ ਕੀਤਾ ਗਿਆ ਹੈ ।

Original with;
Punjab Vidhan Sabha
Digitized by;
Panjab Digital Library

**ਚੌਧਰੀ ਰਾਮ ਸਿੰਘ :** ਸ੍ਰੀ ਮਨਿਸਟਰ ਸਾਹਿਬਾ ਦੱਸਣ ਦੀ ਖੇਚਲ ਕਰਨਗੇ.... (ਵਿਘਨ)।

**Mr. Speaker :** Order, order please.

**ਚੌਧਰੀ ਰਾਮ ਸਿੰਘ :** ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਕੋਈ ਗਜ਼ਟਿਡ ਜਾਂ ਨਾਨ-ਗਜ਼ਟਿਡ ਅਧਿਕਾਰੀ/ਕਰਮਚਾਰੀ ਜਬਰੀ ਰਿਟਾਇਰ ਨਹੀਂ ਕੀਤਾ। ਲੇਕਿਨ ਇਹ ਆਮ ਚਰਚਾ ਹੈ ਕਿ ਜਿਹੜਾ ਥੱਲੇ ਦਾ ਸਟਾਫ ਹੈ ਉਹ ਧਰਮਸ਼ਾਲਾ ਬਣਾਉਣ ਵਿਚ ਜਾਂ ਹੋਰ ਕੰਮਾਂ ਵਿਚ ਪੈਸੇ ਲੈਂਦਾ ਹੈ। ਕੀ ਉਨ੍ਹਾਂ ਦੇ ਬਾਰੇ ਕੋਈ ਰਿਪੋਰਟ ਨਹੀਂ ਆਈ ? ਕੀ ਡਿਪਾਰਟਮੈਂਟ ਦੇ ਵਿਚ ਐਸਾ ਕੋਈ ਬੰਦਾ ਨਹੀਂ ਜਿਸ ਨੂੰ ਜਬਰੀ ਰਿਟਾਇਰ ਕੀਤਾ ਜਾ ਸਕਦਾ ਹੈ ?

**ਰਾਜ ਮੰਤਰੀ :** ਸਪੀਕਰ ਸਾਹਿਬ, ਸਕਰੀਨਿੰਗ ਕਰਨ ਵਾਸਤੇ ਨਾਨ-ਗਜ਼ਟਿੱਡ ਜਾਂ ਗਜ਼ਟਿੱਡ ਅਫਸਰ, ਜਿਨ੍ਹਾਂ ਦੀ ਸਰਵਿਸ 25 ਸਾਲ ਦੀ ਹੋਵੇ ਜਾਂ 50 ਸਾਲ ਦੀ ਉਮਰ ਹੋਵੇ ਉਨ੍ਹਾਂ ਦੀਆਂ ਕੰਫੀਡੈਂਸ਼ਲ ਰਿਪੋਰਟਾਂ ਅਤੇ ਉਨ੍ਹਾਂ ਦਾ ਸਾਰਾ ਰਿਕਾਰਡ ਲੈ ਕੇ ਦੇਖਿਆ ਜਾਂਦਾ ਹੈ, ਇਨ੍ਹਾਂ ਚੀਜ਼ਾਂ ਨੂੰ ਮੱਦੇ ਨਜ਼ਰ ਰੱਖ ਕੇ ਸਕਰੀਨਿੰਗ ਕੀਤੀ ਜਾਂਦੀ ਹੈ। ਉਸ ਸਕਰੀਨਿੰਗ ਦੇ ਆਧਾਰ ਤੇ ਕੋਈ ਐਸਾ ਅਫਸਰ ਨਹੀਂ ਜਿਸ ਨੂੰ ਰਿਟਾਇਰ ਕੀਤਾ ਜਾਵੇ।

**ਕਾਮਰੇਡ ਸੱਤ ਪਾਲ ਡਾਂਗ :** ਕੀ ਮਨਿਸਟਰ ਸਾਹਿਬਾ ਦੱਸਣਗੇ ਕਿ ਕਿਉਂਕਿ ਸਕਰੀਨਿੰਗ ਕਿਸੇ ਵੀ ਮਹਿਕਮੇ ਦੇ ਵਿਚ ਹੋਵੇ ਉਸ ਮਹਿਕਮੇ ਦੇ ਅਫਸਰ ਹੀ ਕਰਦੇ ਹਨ ਅਤੇ ਇਹ ਪਾਸੀਬਿਲਟੀ ਰੂਲ ਆਊਟ ਨਹੀਂ ਕੀਤੀ ਜਾ ਸਕਦੀ ਕਿ ਸਕਰੀਨਿੰਗ ਕਰਨ ਵਾਲੇ ਕਈ ਵਾਰੀ ਆਪ ਇਨਵੌਲਵਿਡ ਹੋ ਸਕਦੇ ਹਨ ਇਸ ਲਈ ਉਹ ਹੇਠਲਿਆਂ ਨੂੰ ਬਚਾਉਣਗੇ। ਕੀ ਇਸ ਸਬੰਧ ਵਿਚ ਦੱਸਣਗੇ ਕਿ ਪਬਲਿਕ ਦੀ ਕੀ ਰਾਏ ਹੈ ? ਕੀ ਇਸ ਦੇ ਲਈ ਕੋਈ ਪਬਲਿਕ ਦਾ ਨੁਮਾਇੰਦਾ ਇਸ ਸਕਰੀਨਿੰਗ ਵਿਚ ਐਸੋਸਿਏਟ ਕੀਤਾ ਜਾਵੇਗਾ ?

**ਰਾਜ ਮੰਤਰੀ :** ਸਪੀਕਰ ਸਾਹਿਬ, ਹਾਲੇ ਤਕ ਜੋ ਪ੍ਰੋਸੀਜ਼ਰ ਹੈ ਉਹ ਮੈਂ ਹਾਊਸ ਦੇ ਸਾਹਮਣੇ ਰੱਖ ਦਿੱਤਾ ਹੈ ਜਿਸ ਦੇ ਮੁਤਾਬਕ ਹੀ ਸਾਰੀ ਸਕਰੀਨਿੰਗ ਹੁੰਦੀ ਹੈ।

**ਕਾਮਰੇਡ ਅੱਛਰਾ ਸਿੰਘ :** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬਾ ਨੂੰ ਤੁਹਾਡੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਸਾਡੇ ਸੁਨਾਮ ਵਿਚ ਸਮਾਜ ਭਲਾਈ ਅਫਸਰ ਰਿਸ਼ਵਤ ਲੈਂਦਿਆਂ ਰੈਡ-ਹੈਂਡਿਡ ਫੜਿਆ ਗਿਆ ਅਤੇ ਉਸ ਨੂੰ ਹਾਲੇ ਤਕ ਸਸਪੈਂਡ ਨਹੀਂ ਕੀਤਾ ਗਿਆ.... (ਵਿਘਨ)

**ਸ੍ਰੀ ਸਪੀਕਰ :** ਇੰਡੀਵਿਜੂਅਲ ਕੇਸਿਜ਼ ਵਾਸਤੇ ਨੋਟਿਸ ਚਾਹੀਦਾ ਹੈ।

**ਕਾਮਰੇਡ ਅੱਛਰਾ ਸਿੰਘ :** ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਵਜ਼ੀਰ ਸਾਹਿਬਾ ਘੱਟੋ ਘੱਟ ਉਸ ਨੂੰ ਜਲਦੀ ਸਸਪੈਂਡ ਕਰਨਗੇ ਜਿਹੜਾ 200 ਰੁਪਿਆ ਲੈਂਦਿਆਂ ਰੈਡ-ਹੈਂਡਿਡ ਫੜਿਆ ਗਿਆ ਹੈ ? (ਵਿਘਨ)

**ਰਾਜ ਮੰਤਰੀ :** ਸਪੀਕਰ ਸਾਹਿਬ, ਅਗਰ ਇਹੋ ਜਿਹੀਆਂ ਸ਼ਿਕਾਇਤਾਂ ਸਾਡੇ ਨੋਟਿਸ ਵਿਚ ਆ ਜਾਣ ਤਾਂ ਉਨ੍ਹਾਂ ਤੇ ਜ਼ਰੂਰ ਗੌਰ ਕੀਤਾ ਜਾਵੇਗਾ।

---

Original with;
Punjab Vidhan Sabha
Digitized by;
Panjab Digital Library

## FEE CONCESSIONS & STIPENDS TO THE SONS AND DAUGHTERS OF MEMBERS OF SCHEDULED CASTES

*3473. 1. **Comrade Mehtab Singh Nokerian** 2. **Comrade Satya Pal Dang** } Will the Minister of State for Social Welfare be pleased to state whether persons belonging to Scheduled Castes, their sons and daughters are not entitled to get fee concessions, free ships, stipends, etc., if their income is above a particular level; if so, the income limit ?

**Miss Sarla Prasher :** Yes (i) Above Rs. 6,000/- per annum at school stage.

(ii) Above Rs. 9,000/-per annum at college stage.

**ਕਾਮਰੇਡ ਸੱਤ ਪਾਲ ਡਾਂਗ :** ਕੀ ਮਨਿਸਟਰ ਸਾਹਿਬਾ ਇਹ ਦੱਸਣਗੇ ਕਿ ਜਦੋਂ ਇਨ੍ਹਾਂ ਨੇ ਇਹ ਦਰੁਸਤ ਕਦਮ ਚੁਕ ਲਿਆ ਹੈ ਕਿ ਸ਼ਡਿਊਲਡ ਕਾਸਟਸ ਵਿਚ ਜਿਹੜੇ ਕਾਫੀ ਅਮੀਰ ਲੋਕ ਹੋਣ ਉਨ੍ਹਾਂ ਨੂੰ ਕੰਸੈਸ਼ਨ ਨਹੀਂ ਮਿਲਣਗੇ ਤਾਂ ਕੀ ਇਹ ਇਸ ਗੱਲ ਤੇ ਵਿਚਾਰ ਕਰਨਗੇ ਕਿ ਜਿਹੜੇ ਸ਼ਡਿਊਲਡ ਕਾਸਟਸ ਗਰੀਬ ਹਨ ਉਨ੍ਹਾਂ ਨੂੰ ਹੋਰ ਕੰਸ਼ੈਸ਼ਨਜ਼ ਦਿਤੇ ਜਾਣ ? ਮਿਸਾਲ ਦੇ ਤੌਰ ਤੇ ਜਿਹੜੇ ਪ੍ਰਾਈਵੇਟ ਤੌਰ ਤੇ ਸ਼ਡਿਊਲਡ ਕਾਸਟਸ ਵਿਦਿਆਰਥੀ ਇਮਤਿਹਾਨ ਦਿੰਦੇ ਹਨ ਉਨ੍ਹਾਂ ਨੂੰ ਐਗਜ਼ਾਮੀਨੇਸ਼ਨ ਫੀਸ ਵਿਚ ਉਹੀ ਕੰਸੈਸ਼ਨ ਦਿੱਤਾ ਜਾਵੇ, ਯਾਨੀ ਫੀਸ ਨਾ ਲਈ ਜਾਵੇ, ਜਿਵੇਂ ਰੈਗੂਲਰ ਸਟੂਡੈਂਟਸ ਨੂੰ ਕੰਨਸੈਸ਼ਨ ਮਿਲਦਾ ਹੈ ?

**ਰਾਜ ਮੰਤਰੀ :** ਆਨਰੇਬਲ ਮੈਂਬਰ ਤਜ਼ਵੀਜ਼ ਭੇਜ ਦੇਣ, ਅਸੀਂ ਗੌਰ ਕਰਾਂਗੇ ।

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਮੈਂ ਹੁਣ ਜੋ ਤਜਵੀਜ਼ ਦੇ ਦਿੱਤੀ ਹੈ ।

**ਰਾਜ ਮੰਤਰੀ :** ਠੀਕ ਹੈ, ਅਸੀਂ ਗੌਰ ਕਰ ਲਵਾਂਗੇ ।

## ਪੀ. ਡਬਲਊ. ਡੀ. (ਜਨ ਸਿਹਤ ਸ਼ਾਖਾ) ਵਿਚ ਅਫਸਰਾਂ ਦੀ ਸਮੇਂ ਤੋਂ ਪਹਿਲਾਂ ਰਿਟਾਇਰਮੈਂਟ

*3419. **ਚੌਧਰੀ ਰਾਮ ਸਿੰਘ :** ਕੀ ਜਨ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਸਿਵਲ ਸੇਵਾਵਾਂ (ਸਮੇਂ ਤੋਂ ਪਹਿਲਾਂ ਰਿਟਾਇਰਮੈਂਟ) ਨਿਯਮਾਵਲੀ, 1975 ਅਧੀਨ ਲੋਕ ਕਾਰਜ ਵਿਭਾਗ (ਜਨ-ਸਿਹਤ ਸ਼ਾਖਾ) ਦੇ ਹੁਣ ਤਕ ਕਿੰਨੇ ਕਿੰਨੇ ਗਜ਼ਟਿਡ ਅਤੇ ਨਾਨ-ਗਜ਼ਟਿਡ ਅਫਸਰਾਂ/ਕਰਮਚਾਰੀ ਸੇਵਾ ਤੋਂ ਜ਼ਬਰੀ ਰਿਟਾਇਰ ਕੀਤੇ ਗਏ ਹਨ ?

**ਸ੍ਰੀ ਖੁਸ਼ਹਾਲ ਬਹਿਲ** (ਉਪ-ਮੰਤਰੀ, ਘਰੇਲੂ ਉਦਯੋਗ) : ਲੋਕ ਨਿਰਮਾਣ ਵਿਭਾਗ, ਜਨ ਸਿਹਤ ਸ਼ਾਖਾ, ਵਿਚ ਸੇਵਾਵਾਂ (ਸਮੇਂ ਤੋਂ ਪਹਿਲਾਂ ਰੀਟਾਇਰਮੈਂਟ) ਨਿਯਮਾਵਲੀ, 1975, ਅਧੀਨ ਰੀਟਾਇਰ ਕੀਤੇ ਗਏ ਅਮਲੇ ਦਾ ਵੇਰਵਾ ਹੇਠ ਅਨੁਸਾਰ ਹੈ :—

(ੳ) ਗਜ਼ਟੀ ਅਫ਼ਸਰ .. 1

(ਅ) ਨਾਨ-ਗਜ਼ਟੀ ਕਰਮਚਾਰੀ .. 1

Original with;
Punjab Vidhan Sabha
Digitized by;
Panjab Digital Library

**ਚੌਧਰੀ ਰਾਮ ਸਿੰਘ :** ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ ਦੱਸਣਗੇ ਕਿ ਕੀ ਉਹ ਹੋਰ ਵੀ ਕੋਈ ਲਿਸਟ ਤਿਆਰ ਕਰ ਰਹੇ ਹਨ ਜਾਂ ਇਥੇ ਹੀ ਬਸ ਕਰ ਗਏ ਹਨ ।

**ਉਪ ਮੰਤਰੀ, ਘਰੇਲੂ ਉਦਯੋਗ :** ਸਪੀਕਰ ਸਾਹਿਬ, ਜਿਸ ਤਰ੍ਹਾਂ ਦਸਿਆ ਗਿਆ ਹੈ ਇਸ ਦੇ ਲਈ ਇਕ ਪ੍ਰੋਸੀਜਰ ਹੈ । ਜਿਹੜੇ 25 ਸਾਲ ਦੀ ਸਰਵਿਸ ਔਰ 50 ਸਾਲ ਦੀ ਉਮਰ ਦੇ ਜ਼ੁਮਰੇ ਵਿਚ ਆਉਣਗੇ, ਅਸੀਂ ਹਰ ਤਿੰਨ ਮਹੀਨੇ ਬਾਅਦ ਰਵਿਊ ਕਰਦੇ ਹਾਂ, ਉਨ੍ਹਾਂ ਦੇ ਖਿਲਾਫ ਐਕਸ਼ਨ ਲਿਆ ਜਾਵੇਗਾ ।

**ਸ੍ਰੀ ਸਪੀਕਰ :** ਅਗਲੇ ਸਟਾਰਡ ਸਵਾਲ ਨੰਬਰ 3455 ਦਾ ਨਾ ਤਾਂ ਸਾਨੂੰ ਜਵਾਬ ਪਹੁੰਚਿਆ ਹੈ ਅਤੇ ਨਾ ਹੀ ਇਸ ਦੇ ਲਈ ਐਕਸਟੈਨਸ਼ਨ ਮੰਗੀ ਗਈ ਹੈ ।

**ਉਪ ਮੰਤਰੀ, ਘਰੇਲੂ ਉਦਯੋਗ :** ਜਵਾਬ ਮੇਰੇ ਪਾਸ ਹੈ ਜੀ, ਇਹ ਮੈਂ ਹੁਣ ਦੇ ਦਿੰਦਾ ਹਾਂ ਜੀ । (ਵਿਘਨ)

---

## ਫਿਰੋਜ਼ਪੁਰ ਜ਼ਿਲ੍ਹੇ ਵਿਚ ਪਿੰਡਾਂ ਨੂੰ ਬਿਜਲੀ ਦੇਣਾ

***3455. ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ**
**ਕਾਮਰੇਡ ਸੱਤ ਪਾਲ ਡਾਂਗ** } : ਕੀ ਲੋਕ ਸਿਹਤ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ—

(ੳ) 31 ਜੁਲਾਈ, 1975 ਤਕ ਫਿਰੋਜ਼ਪੁਰ ਜ਼ਿਲ੍ਹੇ ਵਿਚ ਕੁੱਲ ਕਿੰਨੇ ਪਿੰਡਾਂ ਨੂੰ ਬਿਜਲੀ ਦਿੱਤੀ ਗਈ ਅਤੇ ਇਨ੍ਹਾਂ ਪਿੰਡਾਂ ਦੀ ਉਪ ਮੰਡਲ ਵਾਰ ਇਕ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਵੇ;

(ਅ) ਫਿਰੋਜ਼ਪੁਰ ਜ਼ਿਲ੍ਹੇ ਦੇ ਉਨ੍ਹਾਂ ਪਿੰਡਾਂ ਦੀ ਗਿਣਤੀ ਅਤੇ ਨਾਂ ਕੀ ਕੀ ਹਨ ਜਿਨ੍ਹਾਂ ਨੂੰ 31 ਜੁਲਾਈ, 1975 ਤੋਂ ਬਾਅਦ ਬਿਜਲੀ ਦਿੱਤੀ ਗਈ ਹੈ ?

**ਸ੍ਰੀ ਖੁਸ਼ਹਾਲ ਬਹਿਲ** (ਉਪ ਮੰਤਰੀ, ਘਰੇਲੂ ਉਦਯੋਗ): (ੳ) 455; ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) 28; ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

### STATEMENT 'A'

### CIVIL SUB DIVISION FEROZEPUR

LIST OF VILLAGES ELECTRIFIED UPTO 31st JULY, 1975 IN FEROZEPUR TEHSIL and OF FEROZEPUR DISTT.

| Sr. No. | Name of Village | | H. B. No. |
|---|---|---|---|
| 1 | 2 | | 3 |
| 1. | Achhe Wala | .. | 20 |
| 2. | Ali Wala | .. | 8 |
| 3. | Amir Khas | .. | 270 |
| 4. | Assal | .. | 120 |

Original with;
Punjab Vidhan Sabha
Digitized by;
Panjab Digital Library

| Sr. No. | Name of Village | | H.B. No. |
|---|---|---|---|
| 1 | 2 | | 3 |
| 5. | Bandhni Gulab Singh | .. | 196 |
| 6. | Badhni Jaimal Singh | .. | 199 |
| 7. | Baghail Singh Wala | .. | 110 |
| 8. | Baghe Ke piple | .. | 123 |
| 9. | Bahdur Ke uttar | .. | 301 |
| 10. | Bajeka | .. | 300 |
| 11. | Baje Wala | .. | 211 |
| 12. | Bara Bhai | .. | 1g9 |
| 13. | Bara Jawahar Singh | .. | 163 |
| 14. | Barke | .. | 66 |
| 15. | Bara Handian Wala | .. | 272 |
| 16. | Bazidpur | .. | 212 |
| 17. | Bagu Mahu | .. | 84 |
| 18. | Bhadru | .. | 45 |
| 19. | Bhagwanpur | .. | 51 |
| 20. | Bhamba Landa | .. | 151 |
| 21. | Bhangali | .. | 160 |
| 22. | Bhangar | .. | 205 |
| 23. | Bhore Kalan | .. | 83 |
| 24. | Bili Mar | .. | 324 |
| 25. | Bukan Khan Wala | .. | 216 |
| 26. | Burwala | .. | 188 |
| 27. | Butewala | .. | 116 |
| 28. | Chak Burewala | .. | 187 |
| 29. | Chak Kala Singh Wala | .. | 239 |
| 30. | Chak Madyko | .. | 318 |
| 31. | Chak Roran Wala | .. | 220 |
| 32. | Chak Soimja Wala | .. | 239 |
| 33. | Chugte Wala | .. | 139 |
| 34. | Dastul Sahib Wala | .. | 124 |
| 35. | Dhindhsa | .. | 198 |
| 36. | Dhira Patra | .. | 217 |
| 37. | Doulewala | .. | 72 |
| 38. | Dulchike | .. | 56 |
| 39. | Fathuwala | .. | 89 |
| 40. | Ferozeshah | .. | 153 |

Original with;
Punjab Vidhan Sabha
Digitized by;
Panjab Digital Library

| 1 | 2 | | 3 |
|---|---|---|---|
| 41. | Gadodoo | .. | 131 |
| 42. | Game Wala | .. | 85 |
| 43. | Ghall Khurad | .. | 193 |
| 44. | Ghani wala | .. | 90 |
| 45. | Gill | .. | 175 |
| 46. | Gillan Wala | .. | 121 |
| 47. | Guruharsahai | .. | 162 |
| 48. | Hakewala | .. | 112 |
| 49. | Haraj | .. | 164/165 |
| 50. | Hasteka | .. | 99 |
| 51. | Hazara Singh Wala | .. | 339 |
| 52. | Hussain Dhutt | .. | 74 |
| 53. | Hussain Shah Wala | .. | 270 |
| 54. | Jaimal Wala | .. | 202 |
| 55. | Jalal Wala | .. | 73 |
| 56. | Jaimat Pura Dheru | .. | 133 |
| 57. | Jhok Hari Har | .. | 215 |
| 58. | Jiwa Arain | .. | 292 |
| 59. | Kahan Channa Wala | .. | 96 |
| 60. | Kailu Wala | .. | 101 |
| 61. | Kauk Wala | .. | 127 |
| 62. | Kanda Wali | .. | 76 |
| 63. | Karian | .. | 100 |
| 64. | Karaman | .. | 265 |
| 65. | Karmiti | .. | 168 |
| 66. | Karmon Wala | .. | 155 |
| 67. | Khai | .. | 78/88 |
| 68. | Khaneke Sahal | .. | 48 |
| 69. | Khilchi Jadid | .. | 95 |
| 70. | Khilchi Qadian | .. | 64 |
| 71. | Khushal Singh Wala | .. | 49 |
| 72. | Koer Singh Wala | .. | 238 |
| 73. | Kotwal | .. | 118 |
| 74. | Kul Garhi | .. | 135 |
| 75. | Lalle | .. | 167 |
| 76. | Loh garh | .. | 144/145 |
| 77. | Loothar | .. | 98 |

Original with;
Punjab Vidhan Sabha
Digitized by;
Panjab Digital Library

| 1 | 2 | 3 |
|---|---|---|
| 78. | Macchhiwara .. | 104 |
| 79. | Madhre .. | 106 |
| 80. | Mahalam .. | 33 |
| 81. | Mahantan Wala .. | 178 |
| 82. | Mahaman .. | 228 |
| 83. | Malhu Wala .. | 223 |
| 84. | Malik Zada .. | 291 |
| 85. | Malwal .. | 201 |
| 86. | Mamdot Uttar .. | 305 |
| 87. | Mana Singh Wala .. | 203 |
| 88. | Megha Mehtam .. | 326 |
| 89. | Mahal Singh Wala .. | 273 |
| 90. | Mehum Joya .. | 274 |
| 91. | Mida .. | 264 |
| 92. | Miran Shah Noor .. | 287 |
| 93. | Mirza Ke .. | 179 |
| 94. | Misri Wala .. | 197 |
| 95. | Mohnke Mothar .. | 172 |
| 96. | Mohanke Uttar .. | 168 |
| 97. | Mohkam Khan Wala .. | 117 |
| 98. | Moran Wala .. | 186 |
| 99. | Mothan Wala .. | 161 |
| 100. | Mundiwal .. | 171 |
| 101. | Nadhana .. | 175 |
| 102. | Najju Shah Misri .. | 135 |
| 103. | Nasira Khilchi .. | 221-A |
| 104. | Nathu Chishti .. | 261 |
| 105. | Naurangke Lalli .. | 91 |
| 106. | Naurangke Sayal .. | 93 |
| 107. | Nurpur .. | 213 |
| 108. | Padri .. | 47 |
| 109. | Panjake Hithar .. | 316 |
| 110. | Pindi .. | 169 |
| 111. | Pir Ahmadkhan Wala .. | 113 |
| 112. | Piran Wala .. | 92 |
| 113. | Pir Bakhshah .. | 267 |

Original with;
Punjab Vidhan Sabha
Digitized by;
Panjab Digital Library

| Sr. No. | Name of village | | H.B. No. |
|---|---|---|---|
| 114. | Pireke Uttar | .. | 262 |
| 115. | Pir Ismali Khan Wala | .. | 71 |
| 116. | Qada Bara | .. | 148 |
| 117. | Quatbgarh | .. | 174 |
| 118. | Quatbewala | .. | 57 |
| 119. | Rajiwala | .. | 16 |
| 120. | Ramewala | .. | 111 |
| 121. | Ratta Khera Bhai Gul ab Singh | .. | 146 |
| 122. | Ratta Khera Punjab Singh Wala | .. | 204 |
| 123. | Rehma Shah Bodia | .. | 276 |
| 124. | Roranwala | .. | 122 |
| 125. | Rukna Begu | .. | 209 |
| 126. | Rukna Bodla | .. | 293 |
| 127. | Rukna Mungala | .. | 115 |
| 128. | Sadardin Wala | .. | 272 |
| 129. | Saidanwala | .. | 125 |
| 130. | Saidke Mohan | .. | 173 |
| 131. | Saideka Rohala | .. | 86 |
| 132. | Sanda Hasham | .. | 126 |
| 133. | Sappan Wali | .. | 206 |
| 134. | Saradwali | .. | 192 |
| 135. | Satya Wala | .. | 114 |
| 136. | Sayian Wala | .. | 208 |
| 137. | Shadin Wala | .. | 119 |
| 138. | Shahzadi | .. | 194 |
| 139. | Shakkor | .. | 195 |
| 140. | Shamahadin Chisti | .. | 271 |
| 141. | Sherkhan Waia | .. | 132 |
| 142. | Sheri Mohd Mahigar | .. | 273 |
| 143. | Sodhf Nagar or-Sultan Kahan Wala | .. | 149 |
| 144. | Sodhi Wala | .. | 79 |
| 145. | Suba Hadid | .. | 103 |
| 146. | Suba Quadian | .. | 102 |
| 147. | Sulhani | .. | 162 |
| 148. | Sur Singh Wala | .. | 142 |
| 149. | Tar Balke | .. | 290 |
| 150. | Thara Singh Wala | .. | 268 |
| 151. | Thethar Khurad | .. | 158 |
| 152. | Tilu Arain | .. | 289 |
| 153. | Ugoke | .. | 150 |
| 154. | Waghe Wala | .. | 75 |
| 155. | Walhoor | .. | 128 |
| 156. | Wasai Nwhanice | .. | 170 |

Original with;
Punjab Vidhan Sabha
Digitized by;
Panjab Digital Library

[ਉਪ ਮੰਤਰੀ, ਘਰੇਲੂ ਉਦਯੋਗ]

## Civil Sub-Division Zira

List of Villages Electrified upto 31st July, 1975 in Tehsil and Civil Sub Division Zira of Ferozepur District.

| Sr. No. | Name of village | | H. B. No. |
|---|---|---|---|
| 1 | 2 | | 3 |
| 1. | Akkushahawala | .. | 296 |
| 2. | Alipur | .. | 56 |
| 3. | Aman | .. | 156 |
| 4. | Ambarhar | .. | 8 |
| 5. | Aminwala | .. | 255 |
| 6. | Atari | .. | 317 |
| 7. | Badoowal | .. | 289 |
| 8. | Bagarwala | .. | 229 |
| 9. | Bhadarwala | .. | 252 |
| 10. | Bankhandi | .. | 316 |
| 11. | Barah | .. | 301 |
| 12, | Bara Pohwandian | .. | 160 |
| 13. | Basti Charagh Shahawala | .. | 229 |
| 14. | Behak Fatu | .. | 143 |
| 15. | Behak Gujran | .. | 144 |
| 16. | Behak Passriau | .. | 141 |
| 17. | Bhagpura Alias Gagran | .. | 307 |
| 18. | Bharrah | .. | 358 |
| 19. | Bhadiwala | .. | 261 |
| 20. | Bhoepur | .. | 227 |
| 21. | Bijapur | .. | 256 |
| 22. | Bander Kalan | .. | 292 |
| 23. | Binder Khurda | .. | 285 |
| 24. | Boinwala | .. | 370 |
| 25. | Borrwala | .. | |
| 26. | Buttianwala | .. | 344 |
| 27. | Bundala Naura | .. | 152 |
| 28. | Bundala Purana | .. | 330 |
| 29. | Burriwala | .. | 4 |
| 30. | Buttewala | .. | 24 |
| 31. | Chabba | .. | 28 |
| 32. | Chak Dhan Garh | .. | 128 |
| 33. | Chak Maharana | .. | 129 |

Original with;
Punjab Vidhan Sabha
Digitized by;
Panjab Digital Library

| 1 | 2 | | 3 |
|---|---|---|---|
| 34. | Chamb | .. | 136 |
| 35. | Charag Shahwala | .. | 188 |
| 36. | Chhaianwali | .. | 369 |
| 37. | Chima | .. | 308 |
| 38. | Chuchak Hind | .. | 356 |
| 39. | Chugha Kalan | .. | 295 |
| 40. | Chugha Khurad | .. | 298 |
| 41. | Chuhar Chak | .. | 318 |
| 42. | Chuhar Singhwala | .. | 300 |
| 43. | Dadarwala | .. | 184 |
| 44. | Data | .. | 293 |
| 45. | Datewala | .. | 313 |
| 46. | Dahana Sahib | .. | 338 |
| 47. | Dhandian | .. | 145 |
| 48. | Fatehgarh Kotana | .. | 294 |
| 49. | Fatehgarh Panjtur | .. | 103 |
| 50. | Ferozewal Bara | .. | 253 |
| 51. | Ferozepur Managal Singh | .. | 254 |
| 52. | Gadriwala | .. | 343 |
| 53. | Ghaloti | .. | 306 |
| 54. | Ghuduwala | .. | 34 |
| 55. | Ghurram | .. | 44 |
| 56. | Gogaoni | .. | 363 |
| 57. | Hashmatwala | .. | 26 |
| 58. | Holanwali | .. | 360 |
| 59. | Indergarh | .. | 286/287 |
| 60. | Izzatwala | .. | 271 |
| 61. | Jalalabad | .. | 291 |
| 62. | Jaman Megha | .. | 302 |
| 63. | Jalal Singhwala | .. | 304 |
| 64. | Janinn | .. | 206 |
| 65. | Jattan wali | .. | 25 |
| 66. | Jaurra | .. | 12 |
| 67. | Jhamke | .. | 32 |
| 68. | Jhanda Baga Purana | .. | 176 |
| 69. | Jhita | .. | 9 |
| 70. | Jindra | .. | 270 |

Original with;
Punjab Vidhan Sabha
Digitized by;
Panjab Digital Library

[ਉਪ ਮੰਤਰੀ, ਘਰੇਲੂ ਉਦਯੋਗ]

| 1 | 2 | 3 |
|---|---|---|
| 71. | Joinawala .. | 372 |
| 72. | Kachar Bhan .. | 350 |
| 73. | Kalia .. | 247 |
| 74. | Kamalgarh Kalan .. | 159 |
| 75. | Kanwan .. | 263 |
| 76. | Karahewal .. | 166 |
| 77. | Karrual .. | 299 |
| 78. | Karsana .. | 250 |
| 79. | Kasuanna .. | 365 |
| 80. | Khadpur .. | 134 |
| 81. | Khera Daroli .. | 104 |
| 82. | Khosdal Singh .. | 357 |
| 83. | Khosa Kotala .. | 305 |
| 84. | Khosa Randhira .. | 303 |
| 85. | Kili Bodia .. | 33 |
| 86. | Kishanpura Kalan .. | 279 |
| 87. | Kishanpur Khurd .. | 278 |
| 88. | Kokri Buttan .. | 282 |
| 89. | Kokri Wohniwal .. | 283 |
| 90, | Kot isa Khan .. | 301 |
| 91. | Kot Mohd. Khan .. | 272 |
| 92. | Kot Sadar Kan .. | 245 |
| 93. | Lehra Roni .. | 342 |
| 94. | Lohzra .. | 302 |
| 95. | Lohgarh .. | 288 |
| 96. | Kohke Khurd .. | 11 |
| 97. | Mahian Wala Khurd .. | 346 |
| 98. | Mahian Wala Purana .. | 341 |
| 99, | Makhu .. | 63 |
| 100. | Maleh Shah Wala .. | 366 |
| 101. | Malsian .. | 146 |
| 102. | Manwana .. | 322 |
| 103. | Manochahal .. | 13 |
| 104. | Mansur Deva .. | 328 |
| 105, | Mariton .. | 182 |
| 106. | Marikhai .. | 355 |

Original with;
Punjab Vidhan Sabha
Digitized by;
Panjab Digital Library

| 1 | 2 | | 3 |
|---|---|---|---|
| 107. | Marur | .. | 364 |
| 108. | Mejal | .. | 178 |
| 109. | Mahar Singh Wala | .. | 349 |
| 110. | Mihan Singh Wala | .. | 354 |
| 111. | Mithe | .. | 31 |
| 112. | Muthian Wala | .. | 321 |
| 113. | Nasire Wala | .. | 274 |
| 114. | Nasirpur Janiana | .. | 309 |
| 115. | Naurang Singh Wala | .. | 352 |
| 116. | Nihalgarh | .. | 311 |
| 117. | Nilewala | .. | 348 |
| 118. | Nurpur | .. | 153 |
| 119. | Nurpur | .. | 246 |
| 120. | Ogarh alias Mubarakpur | .. | 297 |
| 121. | Pandori Aryan | .. | 251 |
| 122. | Pandori Khatrain | .. | 333 |
| 123. | Phemi Wala | .. | 121/122 |
| 124. | Pheroke | .. | 345 |
| 125. | Phulahgarh | .. | 269 |
| 126. | Phewali | .. | 367 |
| 127. | Pandori Jattan | .. | 157 |
| 128. | Qadar Walan | .. | 184 |
| 129. | Quatab Pura | .. | 131 |
| 130. | Rajanwala | .. | 191 |
| 131. | Ratol Bet | .. | 327 |
| 132. | Renala | .. | 315 |
| 133. | Roshan Shah Wala | .. | 140 |
| 134. | Roahan Wala | .. | 273 |
| 135. | Rotal Rohi | .. | 335 |
| 136. | Sadarwala | .. | 127 |
| 137. | Sadhara | .. | 14 |
| 138. | Sadhuwala | .. | 337 |
| 139. | Saide Jallalpur | .. | 224 |
| 140 | Said Mohd. Shah Wala | .. | 267 |
| 141. | Santuwala | .. | 351 |
| 142 | Saugla | .. | 226 |

Original with;
Punjab Vidhan Sabha
Digitized by;
Panjab Digital Library

[ਉਪ ਮੰਤਰੀ, ਘਰੇਲੂ ਉਦਯੋਗ]

| 1 | 2 | | 3 |
|---|---|---|---|
| 143. | Sekhwan | .. | 331 |
| 144. | Shahawala | .. | 161 |
| 145. | Sherpur Taiban | .. | 230 |
| 146. | Shian Puri | .. | 135 |
| 147. | Singhpur alias Manan | .. | 314 |
| 148. | Sodhiwala | .. | 339 |
| 149. | Sakhewala | .. | 326 |
| 150. | Sunehar | .. | 332 |
| 151. | Talwandi Jallekan | .. | 323 |
| 152. | Talwandi Malian | .. | 281 |
| 153. | Talwandi Mangekhan | .. | 324 |
| 154. | Talwandi Napalan | .. | 50 |
| 155. | Talwandi Nau Bahar | .. | 312 |
| 156. | Thatha | .. | 37 |
| 157. | Tirthgarh | .. | 264/265 |
| 158. | Tibbi Aryan | .. | 120 |
| 159. | Tindwan | .. | 148 |
| 160. | Umariana | .. | 321 |
| 161. | Vanjoke | .. | 123 |
| 162. | Variah | .. | 126 |
| 163. | Virkanwali | .. | 359 |
| 164. | Wakilanwala | .. | 340 |
| 165. | Waltoha | .. | 10 |
| 166. | Wariswala | .. | 115 |
| 167. | Warishwala Jattan | .. | 132 |
| 168. | Warnala | .. | 347 |
| 169. | Warpal | .. | 30 |

Original with;
Punjab Vidhan Sabha
Digitized by;
Panjab Digital Library

## CIVIL SUB-DIVISION FAZILKA

**List of Villages Electrified upto 31st July, 1975 in Tehsil and Civil Sub-Division Fazilka**

| Sr. No. | Name of Village | | H. B. No. |
|---|---|---|---|
| 1 | 2 | | 3 |
| 1. | Abohar (Rural) | .. | 121 |
| 2. | Ahal Bodia | .. | 222 |
| 3. | Alamgarh | .. | 109 |
| 4. | Alam Shah | .. | 288 |
| 5. | Arianwala | .. | 193 |
| 6. | Arni Wala | .. | 204 |
| 7. | Asaf Wala | .. | 272 |
| 8. | Awa alias Waryampur | .. | 289 |
| 9. | Azam Wala | .. | 140 |
| 10. | Badha | .. | 291 |
| 11. | Bagheke Uttar — | .. | 253 |
| 12. | Bahmani Wala | .. | 199 |
| 13. | Baklu Shah | .. | 282 |
| 14. | Balauna | .. | 115 |
| 15. | Bandi Wala | .. | 258 |
| 16. | Banwala Hanwanta | .. | 244 |
| 17. | Bazidpur alias Katian Wali | .. | 137 |
| 18. | Began Wali | .. | 240 |
| 19. | Behak Khas | .. | 306 |
| 20. | Bhan Glalan | .. | 149 |
| 21. | Bodiwala Pitha | .. | 142 |
| 22. | Burj Hanuman Garh | .. | 178 |
| 23. | Burj Moharwala | .. | 120 |
| 24. | Chak Cjapri Wala | .. | 224 |
| 25. | Chak Dhab Wala | .. | 227 |
| 26. | Chak Maujdin Wala | .. | 200 |
| 27. | Chak Sukkar | .. | 254 |
| 28. | Chahan Khera | .. | 118 |
| 29. | Chand Nari | .. | 302 |
| 30. | Chohrain Wali | .. | 236 |
| 31. | Churiwalha Chisti | .. | 263 |

Original with;
Punjab Vidhan Sabha
Digitized by;
Panjab Digital Library

| 1 | 2 | | 3 |
|---|---|---|---|
| 32. | Churi Walaldana | .. | 129 |
| 33. | Dalbir Khera | .. | 90 |
| 34. | Danewala Satokshi | .. | 124 |
| 35. | Danger Khera | .. | 131 |
| 36. | Dhandi Khurd | .. | 258 |
| 37. | Dhandi Qadim | .. | 257 |
| 38. | Dharam Pura | .. | 82 |
| 39. | Dhinga Wali | .. | 89 |
| 40. | Ghaniani | .. | 301 |
| 41. | Ghurmi | .. | 271 |
| 42. | Gidderanwali | .. | 94 |
| 43. | Gobindgarh | .. | 118 |
| 44. | Godan Doab | .. | 151 |
| 45. | Gulshan | .. | 287 |
| 46. | Hauz Khas | .. | 218 |
| 47. | Hiran Wali | .. | 242 |
| 48. | Jalalbad (Rural) | .. | 196 |
| 49. | Jandawala | .. | 211 |
| 50. | Jandwalal Bhim Singh | .. | 203 |
| 51. | Jandwala Hanwanta | .. | 96 |
| 52. | Janisar | .. | 116 |
| 53. | Jhaminawali | .. | 136 |
| 54. | Jiwan Pur | .. | 275 |
| 55. | Jorke Andhiwala | .. | 215 |
| 56. | Jokri Kakanrwali | .. | 232 |
| 57. | Kabul Shah Hitar | .. | 283 |
| 58. | Kabul Shah Khumban | .. | 251 |
| 59. | Kala Tibba | .. | 111 |
| 60. | Kandal | .. | 134 |
| 61. | Kandwala Amarkot | .. | 83 |
| 62. | Kanwan Wali | .. | 297 |
| 63. | Karian | .. | 261 |
| 64. | Karian Wali | .. | 235 |
| 65. | Karni Khera | .. | 248 |
| 66. | Kathara | .. | 143 |
| 67. | Katha Alias Lakhanpur | .. | 284 |

Original with;
Punjab Vidhan Sabha
Digitized by;
Panjab Digital Library

| 1 | 2 | | 3 |
|---|---|---|---|
| 68. | Kathgarh | .. | 219 |
| 69. | Kelan Wali | .. | 122 |
| 70. | Khanwala | .. | 260 |
| 71. | Khio Wali | .. | 253 |
| 72. | Khippa Wali | .. | 139 |
| 73. | Khuban | .. | 38 |
| 74. | Khui Khera | .. | 241 |
| 75. | Khuranj | .. | 215 |
| 76. | Kikar Khera | .. | 81 |
| 77. | Killi | .. | 292 |
| 78. | Kirian Wala | .. | 220 |
| 79. | Koller Khera | .. | 100 |
| 80. | Laduke | .. | 308 |
| 81. | Ladhuwala Uttar | .. | 125 |
| 82. | Lalan Wali | .. | 233 |
| 83. | Mohammadpura | .. | 285 |
| 84. | Membake | .. | 274 |
| 85. | Manj Garh | .. | 95 |
| 86. | Miyan Basti | .. | 293 |
| 87. | Mohd. Amira | .. | 279 |
| 88. | Mudhian Wali | .. | 262 |
| 89. | Mohakam Rain | .. | 260 |
| 90. | Muradwala Dul Singh | .. | 146 |
| 91. | Muzzar | .. | 278 |
| 92. | Naukariana | .. | 209 |
| 93. | Naulan | .. | 304 |
| 94. | Mihal Khera | .. | 130 |
| 95. | Nur Mohd. Alias Nuaran | .. | 269 |
| 96. | Odian | .. | 249 |
| 97. | Pacca Chishti | .. | 234 |
| 98. | Panchanwalali | .. | 234 |
| 99. | Panjkoshi | .. | 123 |
| 100. | Parbat Singh Wala | .. | 256 |
| 101. | Patra Wala | .. | 128 |
| 102. | Patti Puran | .. | 230 |

Original with;
Punjab Vidhan Sabha
Digitized by;
Panjab Digital Library

[ਉਪ ਮੰਤਰੀ, ਘਰੇਲੂ ਉਦਯੋਗ]

| 1 | 2 | | 3 |
|---|---|---|---|
| 103. | Quadra Baksh | .. | 273 |
| 104. | Ranjan Wali | .. | 64 |
| 105. | Ram Garh | .. | 150 |
| 106. | Ramkot | .. | 141 |
| 107. | Ram Nagar alias Jatwali | .. | 300 |
| 108. | Ram pura | .. | 245 |
| 109. | Rana | .. | 299 |
| 110. | Rohe Riah Wali | .. | 132 |
| 111. | Roop Nagar | .. | 126 |
| 112. | Roran Wala | .. | 218 |
| 113. | Rukan Pura | .. | 84 |
| 114. | Sabauna | .. | 250 |
| 115. | Salem Shah | .. | 294 |
| 116. | Santok Singh Wala | .. | 349 |
| 117. | Saryan | .. | 223 |
| 118. | Sayad Wala | .. | 108 |
| 119. | Sadoke Mithar | .. | 303 |
| 120. | Shahitir Wala | .. | 256 |
| 121. | Singhpura | .. | 238 |
| 122. | Sutan Pura | .. | 290 |
| 123. | Sureshwala | .. | 247 |
| 124. | Tehliwala Bodla | .. | 229 |
| 125. | Tehliwala Jattan | .. | 182 |
| 126. | Tarhori | .. | 221 |
| 127. | Teh Kalendar | .. | 224 |
| 128. | Tillain Wali | .. | 257 |
| 129. | Ubhan | .. | 231 |
| 130. | Waryam Khera | .. | 87 |

**Abstract : Villages Electrified upto 31st July, 1975 in Ferozepur District**

| | | | |
|---|---|---|---|
| 1. | Civil Sub Division Ferozepur | .. | 156 |
| 2. | .. .. Zira | .. | 169 |
| 3. | .. .. Fazilka | .. | 130 |
| | Total | .. | 455 |

Original with;
Punjab Vidhan Sabha
Digitized by;
Panjab Digital Library

## STATEMENT B

**Villages Electrified in Ferozepur District after 31st July, 1975 and upto 31st December, 1975 (Tehsil-wise)**

| Sr. No. | Name of Village | H. B. No. | Tehsil |
|---|---|---|---|
| 1 | 2 | 3 | 4 |
| 1. | Tahliwala | 231 | Ferozepur |
| 2. | Theh Gujar | 230 | ,, |
| 3. | Isa Panjgarian | 287 | ,, |
| 4. | Theh Aranwala | 182 | ,, |
| 5. | Jiwa Bhedi | 35 | ,, |
| 6. | Asman Randhwan | 42 | ,, |
| 7. | Mastukee | 36 | ,, |
| 8. | Khereke | 284 | ,, |
| 9. | Nureke | 285 | ,, |
| 10. | Gudar Punjgraln | 317 | ,, |
| 11. | Megh Punjgrain Hithar | 311 | ,, |
| 12. | Chugha | 164 | ,, |
| 13. | Khan Singh Wala | 156 | ,, |
| 14, | Mudki | 174 | ,, |
| 1. | Ganjauna | 296 | Fazilka |
| 2. | Chak Banwala | 226 | ,, |
| 3. | Chak Saryan | 222 | ,, |
| 4. | Chak Balochanwala | 207 | ,, |
| 5. | Dhab Kurail | 202 | ,, |
| 6. | Chak Arni Wala | 203 | ,, |
| 7. | Dipulana | 223 | ,, |
| 8. | Kddian Wali | 235 | ,, |
| 9. | Chak Gharuwala | 302 | ,, |
| 1. | Chak Kanian Kalan | 302 | Zira |
| 2. | Gatti Jattan | 299 | ,, |
| 3. | Chak Bhaura | 280 | ,, |
| 4. | Chak Tarawal | 298 | ,, |
| 5. | Mallanwala | 1 | ,, |

**Abstract : Villages Electrified in Ferozepur District after 31st July, 1975 to 31st December, 1975.**

| | | |
|---|---|---|
| Ferozepur Sub-Division (Civil) | .. | 14 |
| Fazilka ,, ,, | .. | 9 |
| Zira | . | 5 |
| Total | .. | 28 |

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ :** ਕੀ ਮਨਿਸਟਰ ਸਾਹਿਬ ਦਸਣਗੇ ਕਿ ਪਿੰਡਾਂ ਨੂੰ ਬਿਜਲੀ ਪਹੁੰਚਾਉਣ ਦੇ ਸਿਲਸਿਲੇ ਵਿਚ ਜਿਸ ਵੇਲੇ ਪਿੰਡ ਚੁਣੇ ਜਾਂਦੇ ਹਨ ਅਤੇ ਜਿਹੜੀ ਨੰਬਰਵਾਰ ਬਿਜਲੀ ਪਿੰਡਾਂ ਵਿਚ ਪਹੁੰਚਾਉਣੀ ਹੈ ਉਨ੍ਹਾਂ ਵਿਚੋਂ ਜਿਹੜੇ ਇਲਾਕੇ ਪਛੜੇ ਹੋਏ ਹਨ ਕੀ ਉਨ੍ਹਾਂ ਨੂੰ ਕੋਈ ਪਹਿਲ ਦਿਤੀ ਜਾਂਦੀ ਹੈ ?

**ਉਪ ਮੰਤਰੀ, ਘਰੇਲੂ ਉਦਯੋਗ :** ਸਪੀਕਰ ਸਾਹਿਬ, ਦਿਹਾਤੀ ਬਿਜਲੀਕਰਣ ਦਾ ਜਿਹੜਾ ਪ੍ਰੋਗਰਾਮ ਹੈ ਇਸ ਦੇ ਦੋ ਢੰਗ ਹਨ । ਇਕ ਤਾਂ ਜੋ ਰੂਰਲ ਇਲੈਕਟਰੀਫੀਕੇਸ਼ਨ ਕਾਰਪੋਰੇਸ਼ਨ ਬਣੀ ਹੈ ਉਸ ਦੇ ਰਾਹੀਂ ਸਕੀਮ ਦਿੰਦੇ ਹਾਂ ਅਤੇ ਸਕੀਮ ਸੈਂਕਸ਼ਨ ਹੋਣ ਤੋਂ ਬਾਅਦ ਬਿਜਲੀ ਦਿੰਦੇ ਹਾਂ । ਦੂਸਰਾ ਇਸ ਨਾਲੋਂ ਜੋ ਪਹਿਲਾ ਢੰਗ ਸੀ ਉਹ ਹੈ ਕਿ ਬੋਰਡ ਦੇਖ ਲੈਂਦਾ ਹੈ ਕਿ ਕਿੰਨੀ ਜਸਟੀਫੀਕੇਸ਼ਨ ਹੈ ਔਰ ਅਗਰ **ਉਸ** ਦੇ ਮੁਤਾਬਕ ਸਕੀਮ ਜਸਟੀਫਾਈ ਹੁੰਦੀ ਹੈ ਤਾਂ ਬਿਜਲੀ ਦਿਤੀ ਜਾਂਦੀ ਹੈ । (ਵਿਘਨ)

**ਸ਼੍ਰੀ ਸਪੀਕਰ :** ਮੈਂ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਸੁਆਲ ਦੇ ਜਵਾਬ ਦੀ ਕਾਪੀ ਸਾਨੂੰ ਪਹਿਲਾਂ ਜ਼ਰੂਰ ਆਉਣੀ ਚਾਹੀਦੀ ਹੈ । ਇਹ ਜਵਾਬ ਸਾਨੂੰ ਹਾਲੇ ਤਕ ਨਹੀਂ ਮਿਲਿਆ, ਇਹ ਬੜੇ ਦੁਖ ਦੀ ਗਲ ਹੈ ।

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ ਬਦਲ ਗਏ ਹਨ (ਹਾਸਾ) ਸਬੰਧਤ ਮਨਿਸਟਰ ਸਾਹਿਬ ਨਾਲ ਹੀ ਬੈਠੇ ਹਨ। (ਵਿਘਨ)

**ਸ਼੍ਰੀ ਸਪੀਕਰ :** ਇਹ ਸਕੀਮ ਇਨ੍ਹਾਂ ਦੇ ਅੰਡਰ ਹੈ ।

**ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ :** ਸਪੀਕਰ ਸਾਹਿਬ, ਇਹ ਸੁਆਲ ਮੈਂ ਜ਼ਿਲ੍ਹਾ ਫ਼ਿਰੋਜ਼ਪੁਰ ਬਾਰੇ ਪੁਛਿਆ ਹੈ। ਇਹ ਜ਼ਿਲ੍ਹਾ ਬੜਾ ਪਛੜਿਆ ਹੋਇਆ ਹੈ ਅਤੇ ਬਾਰਡਰ ਦਾ ਏਰੀਆ ਹੈ । ਮੇਰਾ ਹਲਕਾ ਜਲਾਲਾਬਾਦ ਹੈ । ਉਸ ਇਲਾਕੇ ਦੇ ਪਿੰਡਾਂ ਵਿਚ ਬਿਜਲੀ ਦਾ ਇਕ ਖੰਭਾ ਤਕ ਨਹੀਂ ਹੈ । ਪਿੰਡਾਂ ਦੇ ਪਿੰਡ ਖਾਲੀ ਪਏ ਹਨ । ਜੇ ਉਹ ਕਰਮਚਾਰੀਆਂ ਨੂੰ ਪੁਛਦੇ ਹਨ ਤਾਂ ਉਹ ਕੋਈ ਤਸੱਲੀ ਬਖਸ਼ ਜਵਾਬ ਨਹੀਂ ਦਿੰਦੇ । ਇਨ੍ਹਾਂ ਸਾਰੀਆਂ ਗਲਾਂ ਨੂੰ ਮਦੇਨਜ਼ਰ ਰਖਦੇ ਹੋਏ ਕੀ ਉਨ੍ਹਾਂ ਦਿਹਾਤਾਂ ਨੂੰ ਪਰਾਇਰਿਟੀ ਬੇਸਿਜ਼ ਤੇ ਇਹ ਬਿਜਲੀ ਦੇਣਗੇ ?

**ਉਪ ਮੰਤਰੀ :** ਸਪੀਕਰ ਸਾਹਿਬ, ਮੈਂਬਰ ਸਾਹਿਬ ਨੂੰ ਮੈਂ ਤੁਹਾਡੇ ਰਾਹੀਂ ਦਸਣਾ ਚਾਹੁੰਦਾ ਹਾਂ ਕਿ ਇਸ ਜ਼ਿਲ੍ਹੇ ਵਿਚ ਸਾਰੇ 1084 ਪਿੰਡ ਸਨ । ਜਵਾਬ ਵਿਚ ਦਸਿਆ ਗਿਆ ਹੈ ਕਿ 455 ਅਤੇ 28 ਪਿੰਡਾਂ ਨੂੰ ਬਿਜਲੀ ਦਿਤੀ ਜਾ ਚੁਕੀ ਹੈ । ਜਿਹੜੇ ਬਾਕੀ ਪਿੰਡ ਹਨ ਉਨ੍ਹਾਂ ਲਈ ਸਕੀਮ ਅਨੁਸਾਰ ਕੰਮ ਸ਼ੁਰੂ ਕਰ ਦਿਤਾ ਹੈ । ਇਸ ਤੋਂ ਇਲਾਵਾ ਮੈਂ ਇਹ ਵੀ ਅਰਜ਼ ਕਰ ਦਿਆਂ ਕਿ 2 ਅਕਤੂਬਰ, 1977 ਤਕ ਪੰਜਾਬ ਵਿਚ ਕੋਈ ਪਿੰਡ ਐਸਾ ਨਹੀਂ ਰਹੇਗਾ ਜਿਥੇ ਬਿਜਲੀ ਨਾ ਪਹੁੰਚੀ ਹੋਵੇਗੀ।

**ਕਾਮਰੇਡ ਅਰਜਨ ਸਿੰਘ ਮਸਤਾਨਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿ ਇਕ ਹੋਰ ਅੜਿੱਕਾ ਪੈ ਗਿਆ ਹੈ ਕਿ ਮਾਰਕਿਟ ਕਮੇਟੀਆਂ ਪੈਸੇ ਦੇਣ । ਮੈਂ ਕਹਿੰਦਾ ਹਾਂ ਕਿ ਜਿਹੜੀਆਂ ਬਾਰਡਰ ਦੇ ਇਲਾਕੇ ਦੀਆਂ ਮਾਰਕਿਟ ਕਮੇਟੀਆਂ ਹਨ ਉਨ੍ਹਾਂ ਕੋਲ ਤਾਂ ਪੈਸੇ ਅਗੇ ਹੀ ਨਹੀਂ ਹਨ ਤਾਂ ਕਿ ਸੜਕਾਂ

Original with;
Punjab Vidhan Sabha
Digitized by;
Panjab Digital Library

ਬਣਵਾ ਸਕਣ, ਪਰ ਬਿਜਲੀ ਲਈ ਉਹ ਕਿਥੋਂ ਪੈਸੇ ਲਿਆਉਣਗੀਆਂ ? ਮੈਂ ਕਹਿੰਦਾ ਹਾਂ ਕਿ ਕੀ ਉਨ੍ਹਾਂ ਇਲਾਕਿਆਂ ਵਿਚ ਇਸ ਗਲ ਦੀ ਛੋਟ ਦੇ ਕੇ ਉਨ੍ਹਾਂ ਪਿੰਡਾਂ ਵਿਚ ਬਿਜਲੀ ਦਿਤੀ ਜਾਏਗੀ ?

**ਉਪ ਮੰਤਰੀ :** ਸਪੀਕਰ ਸਾਹਿਬ, ਗਲ ਇਹ ਹੈ ਕਿ ਰੂਰਲ ਇਲੈਕਟਰੀਫਿਕੇਸ਼ਨ ਕਾਰਪੋਰੇਸ਼ਨ ਦੇ ਰਾਹੀਂ ਕਾਫੀ ਪਿੰਡ ਇਲੈਕਟਰੀਫਾਈ ਹੋ ਚੁਕੇ ਹਨ । ਥੋੜੇ ਜਿਹੇ ਰਹਿੰਦੇ ਹਨ. ਉਨ੍ਹਾਂ ਲਈ ਅਗਲੇ ਸਾਲ ਵਿਚ ਸੈਂਕਸ਼ਨ ਆ ਜਾਏਗੀ । ਕੁਝ ਪੰਜਾਬ ਰਾਜ ਬਿਜਲੀ ਬੋਰਡ ਆਪਣੇ ਰਿਸੋਰਸਿਜ਼ ਵਿਚੋਂ ਵੀ ਕਰੇਗਾ ਅਤੇ ਮਾਰਕਿਟ ਕਮੇਟੀਆਂ ਵੀ ਦੇਣਗੀਆਂ ਅਤੇ ਬਿਜਲੀ ਸਾਰੇ ਪਿੰਡਾਂ ਵਿਚ ਪਹੁੰਚ ਜਾਏਗੀ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ :** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪਤਾ ਕਰਨਾ ਚਾਹੁੰਦਾ ਹਾਂ ਕਿ ਇਹ ਜਿਹੜਾ ਪਿੰਡਾਂ ਵਿਚ ਬਿਜਲੀਕਰਣ ਦਾ ਕਰੈਸ਼ ਪ੍ਰੋਗਰਾਮ ਚਲ ਰਿਹਾ ਹੈ ਅਤੇ ਰੋਜ਼ ਅਖਬਾਰਾਂ ਵਿਚ ਵੀ ਆ ਜਾਂਦਾ ਹੈ ਕਿ ਪੰਜ ਸੋ ਪਿੰਡਾਂ ਨੂੰ, ਦੋ ਸੌ ਪਿੰਡਾਂ ਨੂੰ ਬਿਜਲੀ ਦੇ ਦਿਤੀ ਹੈ । ਕੀ ਇਹ ਠੀਕ ਨਹੀਂ ਕਿ ਇਕ ਪਿੰਡ ਵਿਚ ਇਕ ਘਰ ਨੂੰ ਬਿਜਲੀ ਦੇ ਕੇ ਦੂਸਰੇ ਪਿੰਡ ਵਿਚ ਦੂਸਰੇ ਘਰ ਨੂੰ ਬਿਜਲੀ ਦੇਣ ਤੁਰ ਜਾਂਦੇ ਹਨ ?

**ਉਪ ਮੰਤਰੀ :** ਜਿਨ੍ਹਾਂ ਨੇ ਬਿਜਲੀ ਵਾਸਤੇ ਅਰਜ਼ੀਆਂ ਦਿਤੀਆਂ ਹੋਈਆਂ ਹਨ ਉਨ੍ਹਾ ਨੂੰ ਬਿਜਲੀ ਜ਼ਰੂਰ ਦਿਤੀ ਜਾਵੇਗੀ ।

**ਸਰਦਾਰ ਦਰਬਾਰਾ ਸਿੰਘ :** ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਹਕੀਕਤ ਹੈ ਕਿ ਜਦੋਂ ਦਾ ਪੁਲੀਟੀਕਲ ਅਤੇ ਪਬਲਿਕ ਬੈਕਗਰਾਉਂਡ ਰਖਣ ਵਾਲਾ ਸਜਣ ਬਿਜਲੀ ਬੋਰਡ ਦਾ ਚੇਅਰਮੈਨ ਬਣਿਆ ਹੈ ਉਦੋਂ ਦਾ ਬਿਜਲੀ ਦੇਣ ਦਾ ਜਿਹੜਾ ਕੰਮ ਹੈ ਉਹ ਬੜੀ ਤੇਜ਼ੀ ਨਾਲ ਚਲ ਰਿਹਾ ਹੈ ?

**उप मन्त्री, सिंचाई तथा बिजली ;** स्पीकर साहिब, जब से नया चेअरमैन बना है 1116 गाँवों को बिजली दी जा चुकी है । जो जोश साहिब ने कहा है, उसके बारे में यह है कि अगर पहला खम्बा जाएगा तो फिर दूसरा भी जायेगा ।

**ਸਰਦਾਰ ਗੁਰਬਚਨ ਸਿੰਘ (ਰੋਪੜ) :** ਸਪੀਕਰ ਸਾਹਿਬ, ਪਿੰਡਾਂ ਵਿਚ ਜ਼ਿਮੀਂਦਾਰ ਲੋਕ ਛੋਟੇ ਟਿਊਬਵੈਲ ਲਾਉਂਦੇ ਹਨ ਪਰ ਦੋ ਦੋ ਸਾਲਾਂ ਤੋਂ ਅਰਜ਼ੀਆਂ ਦਿਤੀਆਂ ਹੋਈਆਂ ਹਨ ਉਨ੍ਹਾਂ ਨੂੰ ਕੁਨੈਕਸ਼ਨ ਨਹੀਂ ਮਿਲ ਰਹੇ । ਉਨ੍ਹਾਂ ਨੇ ਵਾਇਰਿੰਗ ਵਗੈਰਾ ਕਰਾ ਰਖੀ ਹੈ, ਡਿਮਾਂਡ ਨੋਟਿਸ ਭਰ ਕੇ ਦਿਤੇ ਹੋਏ ਹਨ । ਉਨ੍ਹਾਂ ਨੂੰ ਕੁਨੈਕਸ਼ਨ ਕਦ ਤਕ ਦਿਤੇ ਜਾਣਗੇ ?

**ਉਪ ਮੰਤਰੀ :** ਇਸ ਸੁਆਲ ਨਾਲ ਇਸ ਦਾ ਕੋਈ ਤੁਅੱਲਕ ਨਹੀਂ ਹੈ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ :** ਸਪੀਕਰ ਸਾਹਿਬ, ਬਾਰਡਰ ਦੇ ਨਾਲ ਦੇ ਜਿਹੜੇ ਸਾਰੇ ਦੇ ਸਾਰੇ ਇਲਾਕੇ ਹਨ ਉਥੇ ਦੇ ਲੋਕ ਸਭ ਤੋਂ ਵੱਧ ਕੁਰਬਾਨੀ ਦਿੰਦੇ ਹਨ ਅਤੇ ਸਭ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਕਨੇਡੀਅਨ]

ਤੋਂ ਜ਼ਿਆਦਾ ਮਾਰ ਖਾਂਦੇ ਹਨ । ਇਸ ਤੋਂ ਇਲਾਵਾ ਜਿਹੜੇ ਬਾਰਡਰ ਦੇ ਨਾਲ ਦੇ ਇਲਾਕੇ ਹਨ ਉਨ੍ਹਾਂ ਨੂੰ ਕਾਫ਼ੀ ਤਕਲੀਫ਼ਾਂ ਹਨ ਅਤੇ ਉਨ੍ਹਾਂ ਇਲਾਕਿਆਂ ਨੂੰ ਛੱਡਿਆ ਜਾਂਦਾ ਹੈ । ਉਨ੍ਹਾਂ ਨਾਲ ਕਿਉਂ ਇਸ ਤਰ੍ਹਾਂ ਵਿਤਕਰਾ ਕੀਤਾ ਜਾਂਦਾ ਹੈ ?

**ਉਪ ਮੰਤਰੀ** : ਕੋਈ ਏਰੀਆ ਛੱਡਿਆ ਨਹੀਂ ਜਾਂਦਾ ਇਸ ਢੰਗ ਨਾਲ ਅਤੇ ਨਾ ਹੀ ਅਸੀਂ ਛੱਡਣਾ ਹੈ । ਜਿਸ ਤਰ੍ਹਾਂ ਮੈਂ ਪਹਿਲੇ ਵੀ ਦਸਿਆ ਹੈ 2 ਅਕਤੂਬਰ, 1977 ਤਕ ਕੋਈ ਪਿੰਡ ਐਸਾ ਨਹੀਂ ਰਹੇਗਾ ਜਿਸ ਵਿਚ ਬਿਜਲੀ ਨਹੀਂ ਜਾਏਗੀ ।

---

## PREMATURE RETIREMENT OF OFFICERS IN THE CIVIL AVIATION DEPARTMENT, PUNJAB

*3420 **Chaudhri Ram Singh** : Will the Minister of state for Transport and Civil Aviation be pleased to state the number of officers/officials Gazetted and non-gazetted separately who have compulsarily been retired from service so for from the Civil Aviation Department under the Punjab Civil Services (Premature Retirement) Rules, 1975 ?

**ਸਰਦਾਰ ਦਿਲਬਾਗ ਸਿੰਘ ਡਾਲੇਕੇ** : ਕੋਈ ਨਹੀਂ ।

---

## INCOME LIMIT FOR THE SUPPLY OF DENTURES FREE OF COST BY THE GOVERNMENT DENTAL COLLEGES ETC.

*3432. **Comrade Saghar Singh**
**Comrade Satya Pal Dang** : Will the Minister of State for Health and Family Planning be pleased to state :—

a) the income limit fixed for providing dentures free of charge by the Goverment Dental Colleges or Dental Wings of the Government Medical Colleges in the State;

b) the date when this income limit was last fixed/revised;

c) the income limit before the last revision referred to in part (b) above ?

**Sardar Balbir Singh** (a) Income limit fixed for providing dentures free of charge at the Government Dental College and Hospital, Amritsar and Dental Wing, Government Medical College, Patiala, is Rs. 720/-per annum.

b) This income limit was fixed in October, 1952.

c) Information is not available as previous income limit was fixed some time before 1947.

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਦਸਿਆ ਗਿਆ ਹੈ ਕਿ ਜਿਸ ਦੀ 60 ਰੁਪਏ ਮਹੀਨਾ ਆਮਦਨ ਹੈ ਉਨ੍ਹਾਂ ਨੂੰ ਹਸਪਤਾਲਾਂ ਵਿਚ ਮੁਫਤ ਡੈਂਚਰ ਟਰੀਟਮੈਂਟ ਦਿਤਾ ਜਾਂਦਾ ਹੈ। ਮੈਂ ਕਹਿੰਦਾ ਹਾਂ ਕਿ ਇਹ 1952 ਵਿਚ ਕੀਤਾ ਗਿਆ ਸੀ ਅਤੇ ਉਸ ਤੋਂ ਬਾਅਦ ਰੁਪਏ ਦੀ ਕੀਮਤ ਬਹੁਤ ਘੱਟ ਗਈ ਹੈ । 60 ਰੁਪਏ ਆਮਦਨ ਵਾਲਾ ਤਾਂ ਕੋਈ ਮਿਲਣਾ ਨਹੀਂ, ਅੱਜ ਜਿਹੜਾ 200 ਰੁਪਏ ਵੀ ਲੈਂਦਾ ਹੈ ਉਹ ਵੀ ਗਰੀਬ ਹੈ । ਜਿਸ ਤਰ੍ਹਾਂ ਬਾਕੀ ਹਸਪਤਾਲਾਂ ਵਿਚ 350 ਰੁਪਏ ਤਕ ਮੁਫਤ ਕਰ ਦਿਤਾ ਹੈ ਕੀ ਇਹ ਦੰਦਾਂ ਦਾ ਟਰੀਟਮੈਂਟ 350 ਰੁਪਏ ਮਹਾਵਾਰ ਆਮਦਨ ਤਕ ਮੁਫ਼ਤ ਕਰਨ ਨੂੰ ਤਿਆਰ ਹਨ ?

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਡਾਂਗ ਸਾਹਿਬ ਨਾਲ ਸਹਿਮਤ ਹਾਂ ਕਿ ਇਹ 1952 ਵਿਚ ਫ਼ਿਕਸ ਕੀਤਾ ਗਿਆ ਸੀ। ਗੌਰਮਿੰਟ ਇਸ ਨੂੰ ਰਿਵਾਈਜ਼ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ।

**ਕਾਮਰੇਡ ਸੱਤ ਪਾਲ ਡਾਂਗ :** ਕੀ ਮਨਿਸਟਰ ਸਾਹਿਬ ਇਕ ਹੋਰ ਗਲ ਤੇ ਵਿਚਾਰ ਕਰਨ ਨੂੰ ਤਿਆਰ ਹਨ ਕਿ ਜਿਸ ਤਰ੍ਹਾਂ ਹਰਿਆਣਾ ਵਿਚ ਸਰਕਾਰੀ ਮੁਲਾਜ਼ਮਾਂ ਨੂੰ ਦੰਦ ਵਗੈਰਾ ਲਵਾਉਣ ਲਈ ਰੀਇੰਬਰਸਮੈਂਟ ਮਿਲਦੀ ਹੈ ਕੀ ਉਸ ਤਰ੍ਹਾਂ ਪੰਜਾਬ ਗੌਰਮਿੰਟ ਕਰਨ ਨੂੰ ਤਿਆਰ ਹੈ ?

**ਰਾਜ ਮੰਤਰੀ :** ਜ਼ਰੂਰ ਗੌਰ ਕਰ ਲਵਾਂਗੇ ।

**ਸਰਦਾਰ ਬੇਅੰਤ ਸਿੰਘ :** ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਕੋਈ ਸਕੀਮ ਸਰਕਾਰ ਦੇ ਜ਼ੇਰੇਗੌਰ ਹੈ ਕਿ ਜਿਸ ਤਰ੍ਹਾਂ ਦੰਦਾਂ ਦਾ ਮੁਫਤ ਇਲਾਜ ਕਰਦੇ ਹਨ ਉਸ ਤਰ੍ਹਾਂ ਨਜ਼ਰ ਦੀਆਂ ਐਨਕਾਂ ਵੀ ਮੁਫਤ ਲਾਉਣਗੇ ?

**ਰਾਜ ਮੰਤਰੀ :** ਇਹ ਅਲਹਿਦਾ ਅਲਹਿਦਾ ਚੀਜ਼ਾਂ ਹਨ ।

---

## BUILDING OF HEALTH CENTRE, AMARGARH, DISTRICT SANGRUR

*3461. **Comrade Achhra Singh**: Will the Minister of State for Health and Family Planning be pleased to state whether it is a fact that the building of Health Centre, Amargarh, District Sangrur has been found declared unfit for the use of patients ?

**Sardar Balbir Singh**: Yes, Sir. Necessary funds for the execution of repair works of the said building have been sanctioned. The repair work is expected to be completed during the current financial year 1975-76.

**ਕਾਮਰੇਡ ਅਛੱਰਾ ਸਿੰਘ :** ਸਪੀਕਰ ਸਾਹਿਬ, ਇਹ ਜਿਹੜੀ ਹਸਪਤਾਲ ਦੀ ਬਿਲਡਿੰਗ ਹੈ ਇਹ ਬਹੁਤ ਛੇਤੀ ਖਰਾਬ ਹੋ ਗਈ ਹੈ । ਮੈਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਜ਼ਿੰਮੇਵਾਰ ਅਫਸਰਾਂ ਨੇ ਇਹ ਬਿਲਡਿੰਗ ਬਣਾਈ ਸੀ, ਕੀ ਉਨ੍ਹਾਂ ਦੇ ਖਿਲਾਫ ਇਸ ਗਲ ਲਈ ਕੋਈ ਐਕਸ਼ਨ ਲੈਣ ਲਈ ਸਰਕਾਰ ਤਿਆਰ ਹੈ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਸਪੀਕਰ ਸਾਹਿਬ, ਇਸ ਦੇ ਨਾਲ ਪੀ. ਡਬਲਯੂ. ਡੀ. ਦਾ ਤੁਅੱਲਕ ਹੈ । ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਬਿਲਡਿੰਗ ਜਿਥੇ ਬਣਾਈ ਗਈ ਸੀ ਉਥੇ ਇਕ ਛੱਪੜ ਸੀ ਅਤੇ ਉਸ ਛੱਪੜ ਨੂੰ ਭਰਿਆ ਗਿਆ ਸੀ । ਖਿਆਲ ਹੈ ਕਿ ਉਸ ਵੇਲੇ ਪੁਲਿਟੀਕਲ ਪ੍ਰੈਸ਼ਰ ਦੇ ਥਲੇ ਉਹ ਛੇਤੀ ਸ਼ੁਰੂ ਕਰ ਦਿਤੀ ਗਈ ਸੀ ਅਤੇ ਬਿਲਡਿੰਗ ਵਿਚ ਤਰੇੜਾਂ ਆ ਗਈਆਂ ਹਨ । ਉਸ ਦਾ ਐਸਟੀਮੇਟ 20 ਹਜ਼ਾਰ ਰੁਪਏ ਦਾ ਅਪਰੂਵ ਹੋ ਚੁਕਾ ਹੈ ਅਤੇ 31 ਮਾਰਚ ਤੋਂ ਪਹਿਲਾਂ ਪਹਿਲਾਂ ਬਿਲਡਿੰਗ ਠੀਕ ਹੋ ਜਾਵੇਗੀ ।

---

## INSTALLATION OF DEEP TUBE-WELLS IN SUB-MONTANE AREA FROM VILLAGE ASRON TO CHANDPUR RURKI IN THE BALACHAUR ASSEMBLY CONSTITUENCY.

*3444 **Master Dalip Chand**: Will the Minister of State for Irrigation and Power be pleased to state whether there is any proposal under the consideration of the Government to instal deep tubewells in the sub-montane area from village Asron to Chandpur Rurki in the Balachaur Assembly Constituency where there is no other sources of irrigation in 40 miles area, if so, the approximate time by which it is likely to be implemented ?

**Sardar Gurbakhsh Singh Sibia**: No, Sir.

**ਮਾਸਟਰ ਦਲੀਪ ਚੰਦ**: ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁਛਣਾ ਹੈ ਕਿ ਮੇਰਾ ਜਿਹੜਾ ਹਲਕਾ ਹੈ ਉਸ ਦੇ ਵਿਚ 72 ਪਿੰਡ ਹਨ ਅਤੇ ਉਨ੍ਹਾਂ ਪਿੰਡਾਂ ਦੀ ਜ਼ਮੀਨ ਬਹੁਤ ਉਪਜਾਊ ਹੈ ਪਰ ਲੋਕ ਬੜੇ ਗਰੀਬ ਹਨ ਅਤੇ ਡੀਪ ਟਿਊਬਵੈਲ ਨਹੀਂ ਲਗਵਾ ਸਕਦੇ । ਇਹ ਜਿਹੜਾ ਇਲਾਕਾ ਹੈ ਇਹ ਬੈਕਵਰਡ ਹੈ ਅਤੇ ਸੱਬ-ਮਾਊਂਟੇਨੀਅੱਸ ਹੈ । ਕੀ ਸਰਕਾਰ ਉਸ ਏਰੀਆ ਵਿਚ ਆਪਣੇ ਟਿਊਬਵੈਲਜ਼ ਲਗਵਾਉਣ ਦਾ ਪ੍ਰਬੰਧ ਕਰੇਗੀ ?

**ਰਾਜ ਮੰਤਰੀ**: ਜਿਹੜੀ ਟਿਊਬਵੈਲ ਕਾਰਪੋਰੇਸ਼ਨ ਟਿਊਬਵੈਲਜ਼ ਲਗਾਉਂਦੀ ਹੈ ਉਹ ਬਲਾਕਵਾਈਜ਼ ਲਗਾਉਂਦੀ ਹੈ, ਕੰਸ਼ਟੀਚਿਊਐਂਸੀਵਾਈਜ਼ ਨਹੀਂ ਲਗਾਉਂਦੀ । ਬਲਾਚੌਰ ਬਲਾਕ ਵੀ ਟੇਕ-ਅੱਪ ਕੀਤਾ ਹੋਇਆ ਹੈ । ਸੱਬ-ਮਾਊਂਟੇਨੀਅੱਸ ਏਰੀਆ ਵਿਚ ਕਈ ਜਗ੍ਹਾ ਐਸੀਆ ਹਨ ਜਿਥੇ ਪਾਣੀ ਅਵੇਲੇਬਲ ਨਹੀਂ ਹੁੰਦਾ । ਜਿਥੇ ਸਾਡੇ ਵਾਟਰਫਿਸੋਰਸਿਜ਼ ਨੇ ਦਸਿਆ ਕਿ ਇਥੇ ਪਾਣੀ ਹੈ ਤਾਂ ਉਥੇ ਅਸੀਂ ਕੋਈ 30 ਟਿਊਬਵੈਲ ਲਗਾਏ ਹਨ । ਉਨ੍ਹਾਂ ਵਿਚੋਂ 20 ਟਿਊਬਵੈਲ ਚਲ ਰਹੇ ਹਨ । ਏ.ਆਰ.ਸੀ. ਦੀ ਜਿਹੜੀ ਸਕੀਮ ਹੈ, ਸਾਨੂੰ ਰੁਪਿਆ ਦਿਤਾ ਹੈ, ਉਸ ਅਨੁਸਾਰ ਉਥੇ ਦਾ ਡਾਟਾ ਵੇਖ ਕੇ ਅਤੇ ਤਸੱਲੀ ਕਰਕੇ ਫਿਰ ਲਵਾਂਗੇ ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ 20 ਨੁਕਾਤੀ ਪ੍ਰੋਗਰਾਮ ਵਿਚ ਇਰੀਗੇਸ਼ਨ ਨੂੰ ਬਹੁਤ ਵਡੀ ਮਹੱਤਤਾ ਦਿੱਤੀ ਗਈ ਹੈ । ਪੰਜਾਬ ਵਿਚ 80% ਜ਼ਮੀਨ ਇਰੀਗੇਸ਼ਨ ਹੇਠਾਂ ਆਉਂਦੀ ਹੈ । ਜੇ ਕੋਈ ਇਲਾਕਾ ਰਹਿ ਗਿਆ ਹੈ ਤਾਂ ਉਹ ਰੋਪੜ, ਹੁਸ਼ਿਆਰਪੁਰ ਅਤੇ ਪਠਾਨਕੋਟ ਦਾ ਕੰਡੀ ਦਾ ਏਰੀਆ ਹੈ । ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜੇ ਸਬ-ਸਾਇਲ ਵਾਟਰ ਇਸ ਇਲਾਕੇ ਵਿਚ ਘੱਟ ਹੋਵੇ ਤਾਂ ਕੀ ਉਹ ਲਿਫਟ ਇਰੀਗੇਸ਼ਨ ਸਕੀਮ ਬਣਾਉਣ ਨੂੰ ਤਿਆਰ ਹਨ ਜਿਸ ਨਾਲ ਇਸ ਕੰਡੀ ਦੇ ਏਰੀਏ ਨੂੰ ਪਾਣੀ ਮਿਲ ਸਕੇ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ**: ਇਸ ਸੁਆਲ ਨਾਲ ਤਾਂ ਇਹ ਸਬੰਧ ਨਹੀਂ ਰਖਦਾ ਪਰ ਕਿਉਂਕਿ ਇਹ ਇਕ ਇੰਪਾਰਟੈਂਟ ਸਵਾਲ ਹੈ, ਇਸ ਲਈ ਮੈਂ ਜਵਾਬ ਦੇ ਰਿਹਾ ਹਾਂ। ਇਸ ਦੇ ਮੁਤੱਲਕ ਅਸੀਂ ਪਹਿਲਾਂ ਹੀ ਵਿਚਾਰ ਕਰ ਰਹੇ ਹਾਂ। ਅੱਜ ਮੈਂ ਹੁਸ਼ਿਆਰਪੁਰ ਡਿਸਟ੍ਰਿਕਟ ਦੇ ਐਮ.ਐਲ.ਏਜ਼. ਤੇ ਅਫਸਰਾਂ ਦੀ ਇਕ ਮੀਟਿੰਗ ਬੁਲਾਈ ਹੈ। ਜਿਤਨੀਆਂ ਵੀ ਸਬ-ਮਾਊਂਟੇਨੀਅਸ ਏਰੀਏ ਦੀਆਂ ਪ੍ਰਾਬਲਮਜ਼ ਹਨ, ਉਨ੍ਹਾਂ ਨੂੰ ਸਾਲਵ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਜਾਵੇਗੀ।

**ਕੈਪਟਨ ਰਤਨ ਸਿੰਘ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਸ ਪਾਰਟੀਕੁਲਰ ਇਲਾਕੇ ਵਿਚ ਸਾਬਤ ਹੋ ਗਿਆ ਹੈ ਕਿ ਪਾਣੀ ਹੈ, ਟਿਊਬਵੈਲ ਇਨ੍ਹਾਂ ਇਲਾਕਿਆਂ ਵਿਚ ਲਗਾਏ ਵੀ ਹਨ। ਕਈ ਡੀਪ ਟਿਊਬਵੈਲ ਲਗਾ ਕੇ ਬਿਜਲੀ ਦੀਆਂ ਫਿਟਿੰਗਜ਼ ਵਗੈਰਾ ਵੀ ਕਰਾਉਣ ਤੋਂ ਬਾਅਦ ਉਹ ਹਾਲੇ ਤਕ ਚਾਲੂ ਨਹੀਂ ਕੀਤੇ ਗਏ। ਕੀ ਮਨਿਸਟਰ ਸਾਹਿਬ ਇਸ ਦੇ ਵਿਚ ਪਰਸਨਲ ਇੰਟਰੈਸਟ ਲੈਣਗੇ ਤਾਂ ਕਿ ਇਹ ਕੰਮ ਛੇਤੀ ਨਾਲ ਕੀਤੇ ਜਾਣ?

**ਰਾਜ ਮੰਤਰੀ**: ਸਪੀਕਰ ਸਾਹਿਬ, ਜਿਹੜੇ ਵੀ ਟਿਊਬਵੈਲਜ਼ ਨੂੰ ਬਿਜਲੀ ਮਿਲ ਗਈ ਹੈ, ਉਨ੍ਹਾਂ ਨੂੰ ਚਲਾਉਣ ਲਈ ਅਸੀਂ ਪੂਰਾ ਯਤਨ ਕਰਦੇ ਹਾਂ। ਹੋ ਸਕਦਾ ਹੈ ਕਿ ਜਿਹੜਾ ਟਿਊਬਵੈਲ ਐਨਰਜਾਈਜ਼ ਕੀਤਾ ਹੋਵੇ ਉਸਦੇ ਵਿਚ ਅਵੇਲੇਬਿਲਿਟੀ ਆਫ ਵਾਟਰ ਘੱਟ ਹੋਵੇ, ਉਨ੍ਹਾਂ ਨੂੰ ਅਬੈਂਡਨ ਕੀਤਾ ਜਾਂਦਾ ਹੈ। ਲੇਕਿਨ ਜਿਹੜੇ ਟਿਊਬਵੈਲਜ਼ ਅਸੀਂ ਡਿਵੈਲਪ ਕਰ ਲਏ ਹਨ, ਉਨ੍ਹਾਂ ਨੂੰ ਅਸੀਂ ਜ਼ਰੂਰ ਚਲਾਉਣ ਦਾ ਯਤਨ ਕਰਾਂਗੇ।

**ਸਰਦਾਰ ਗੁਰਬਚਨ ਸਿੰਘ (ਰੋਪੜ)**: ਸਪੀਕਰ ਸਾਹਿਬ, ਸਰਕਾਰ ਨੇ ਨੀਮ ਪਹਾੜੀ ਇਲਾਕਿਆਂ ਵਿਚ ਇਹ ਸਹੂਲਤਾਂ ਦੇਣ ਦਾ ਪਹਿਲਾਂ ਐਲਾਨ ਕੀਤਾ ਸੀ ਅਤੇ ਰੋਪੜ ਤੋਂ ਲੈ ਕੇ ਅਨੰਦਪੁਰ ਸਾਹਿਬ ਤਕ ਕਈ ਟਿਊਬਵੈਲ ਮਨਜ਼ੂਰ ਕੀਤੇ ਸਨ। ਉਹ ਕਿਉਂ ਨਹੀਂ ਲਗਾਏ ਗਏ? ਕੀ ਸਰਕਾਰ ਹੋਰ ਟਿਊਬਵੈਲ ਇਸ ਇਲਾਕੇ ਵਿਚ ਲਾਉਣ ਨੂੰ ਤਿਆਰ ਹੈ?

**ਰਾਜ ਮੰਤਰੀ**: ਸਪੀਕਰ ਸਾਹਿਬ, ਅਸੀਂ ਇਨਵੈਸਟੀਗੇਟ ਕਰ ਰਹੇ ਹਾਂ। ਸਾਡੇ ਕੋਲ ਵਾਟਰ ਰਿਸੋਰਸਿਜ਼ ਸੈਲ ਹੈ ਜਿਹੜਾ ਇਨਵੈਸਟੀਗੇਸ਼ਨ ਕਰਕੇ ਦਸਦਾ ਹੈ ਕਿ ਕਿਥੇ ਟਿਊਬਵੈਲ ਕਾਮਯਾਬ ਹੋ ਸਕਦੇ ਹਨ। ਕਈ ਦਫਾ ਡਿਮਾਂਡ ਆ ਜਾਂਦੀ ਹੈ ਕਿ ਇਥੇ ਟਿਊਬਵੈਲ ਲਗਾਇਆ ਜਾਵੇ ਲੇਕਿਨ ਜਦੋਂ ਤਕ ਸਾਨੂੰ ਸੈਲ ਵਾਲੇ ਇਨਵੈਸਟੀਗੇਸ਼ਨ ਕਰਕੇ ਗਾਈਡਲਾਈਨ ਨਹੀਂ ਦਿੰਦੇ ਅਸੀਂ ਕੰਮ ਸ਼ੁਰੂ ਨਹੀਂ ਕਰਦੇ। ਅਗਰ ਇਨ੍ਹਾਂ ਇਲਾਕਿਆਂ ਵਿਚ ਟਿਊਬਵੈਲਾਂ ਦੀ ਜ਼ਰੂਰਤ ਹੋਈ ਤਾਂ ਜ਼ਰੂਰ ਲਾਵਾਂਗੇ।

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ**: ਸਪੀਕਰ ਸਾਹਿਬ, 1972 ਵਿਚ ਚੀਫ ਮਨਿਸਟਰ ਸਾਹਿਬ ਨੇ ਇਹ ਐਲਾਨ ਕੀਤਾ ਸੀ ਕਿ ਜਿਤਨਾ ਸਬ-ਮਾਊਂਟੇਨ ਏਰੀਆ ਹੈ, ਚਾਹੇ ਉਹ ਰੋਪੜ ਵਿਚ ਹੈ, ਹੁਸ਼ਿਆਰਪੁਰ ਵਿਚ ਹੈ ਜਾਂ ਗੁਰਦਾਸਪੁਰ ਵਿਚ ਹੈ, ਇਸ ਸਾਰੇ ਏਰੀਏ ਨੂੰ ਡਿਵੈਲਪ ਕਰਕੇ ਬਿਜਲੀ ਦਿਤੀ ਜਾਵੇਗੀ। ਸਰਕਾਰ ਦਾ ਵਾਅਦਾ ਇਹ ਸੀ ਕਿ ਟਿਊਬ-ਵੈਲ ਲਾਉਣ ਲਈ ਬਕਾਇਦਾ ਸਰਵੇ ਕਰਕੇ ਇਕ ਯੋਜਨਾ ਬਣਾਈ ਜਾਵੇਗੀ। ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਸ ਤਿੰਨ ਸਾਲ ਦੇ ਅਰਸੇ ਵਿਚ ਇਸ ਸਬ-ਮਾਊਂਟੇਨ ਏਰੀਏ ਵਾਸਤੇ ਸਰਕਾਰ ਨੇ ਕੀ ਪਰਾਪਰ ਪਲਾਨਿੰਗ ਕੀਤੀ ਹੈ ਅਤੇ ਜੇ ਪਲਾਨਿੰਗ ਕੀਤੀ ਹੈ ਤਾਂ ਉਸ ਦੀ ਕਿਤਨੀ ਕੁ ਇੰਪਲੀਮੈਂਟੇਸ਼ਨ ਹੋ ਗਈ ਹੈ ਔਰ ਕਿਤਨੀ ਬਾਕੀ ਹੈ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ**: ਇਹ ਨੋਟਿਸ ਦੇ ਦੇਣ, ਜਵਾਬ ਦੇ ਦਿਤਾ ਜਾਵੇਗਾ ।

**ਚੌਧਰੀ ਰਾਮ ਸਿੰਘ**: ਸਪੀਕਰ ਸਾਹਿਬ, ਇਹ ਡੀਪ ਟਿਊਬਵੈੱਲ ਸਬ-ਮਾਊਂਟੇਨੀਅਸ ਏਰੀਏ ਵਿਚ ਲਾਉਣ ਲਈ ਸਕੀਮ ਸੈਂਕਸ਼ਨ ਹੋਈ ਸੀ । ਲੇਕਿਨ ਜਿਤਨੇ ਟਿਊਬਵੈੱਲ ਇਸ ਸਕੀਮ ਦੇ ਤਹਿਤ ਲਗਾਏ ਗਏ ਹਨ, ਉਹ ਸਬ-ਮਾਊਂਟੇਨੀਅਸ ਏਰੀਏ ਦੇ ਬਾਹਰ ਲਗੇ ਹਨ । ਕੀ ਮਨਿਸਟਰ ਸਾਹਿਬ ਦੱਸਣਗੇ ਕਿ ਕਿਹੜੇ ਕੰਡੀ ਦੇ ਏਰੀਏ ਵਿਚ, ਕਿਹੜੇ ਕਿਹੜੇ ਬਲਾਕ ਵਿਚ ਕਿੰਨੇ ਕਿੰਨੇ ਟਿਊਬਵੈੱਲ ਲਗਾਏ ਗਏ ਹਨ ? ਕੀ ਸਬ-ਮਾਊਂਟੇਨੀਅਸ ਏਰੀਏ ਨੂੰ ਪਰਾਇਰਿਟੀ ਦਿਤੀ ਜਾਵੇਗੀ ?

**ਸ੍ਰੀ ਸਪੀਕਰ**: ਇਸਦੇ ਲਈ ਨੋਟਿਸ ਚਾਹੀਦਾ ਹੈ ।

---

STARRED QUESTION NO. 3445**

**Mr. Speaker** : Extension has been asked for in respect of Starred Question No. 3445.

---

CONSTRUCTION OF PUCCA SPURS NEAR VILLAGES IN TEHSIL BALACHAUR, DISTRICT HOSHIARPUR

*3446. **Master Dalip Chand** : Will the Minister of State for Irrigation and Power be pleased to state whether the Government propose to construct pucca spurs near the villages Auliapur, Rail Majra and Tajowal in Tehsil Balachaur, District Hoshiarpur where the Sutlej River causes great damage; if so, when?

**Sardar Gurbakhsh Singh Sibia** : Yes Sir. A scheme for constructing a spur near village Auliapur stands duly sanctioned and the work is likely to be completed before the on set of flood season of 1976. Schemes for constructing spurs near villages Rail Majra and Tajowal are still under scrutiny.

**ਮਾਸਟਰ ਦਲੀਪ ਚੰਦ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਸਤਲੁਜ ਦਰਿਆ ਮੇਰੇ ਇਲਾਕੇ ਦੇ 40, 41 ਪਿੰਡਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ । ਇਸ ਤੋਂ ਮੇਰੇ ਇਲਾਕੇ ਦੇ 40 ਪਿੰਡਾਂ ਨੂੰ ਨੁਕਸਾਨ ਹੋਣ ਦੀ ਸੰਭਾਵਨਾ ਹੈ, ਕੀ ਸਰਕਾਰ ਇਸ ਨੂੰ ਦੂਰ ਕਰਨ ਲਈ ਪਿੰਡ ਰੇਲ ਮਾਜਰਾ ਤੇ ਤਾਜੋਵਾਲ ਕੋਲ ਸਪੱਰ ਲਗਾਉਣ ਲਈ ਵਿਚਾਰ ਕਰੇਗੀ ?

**ਰਾਜ ਮੰਤਰੀ** : ਇਸ ਤੇ ਸਰਕਾਰ ਗੌਰ ਕਰ ਰਹੀ ਹੈ । ਪਿਛਲੀ ਦਫਾ ਜਦੋਂ 1974 ਵਿਚ ਫਲੱਡ ਆਏ ਸਨ ਤਾਂ ਰਿਵਰ ਨੂੰ ਟੇਮ ਕਰਕੇ, ਇਸਨੂੰ ਮਜ਼ਬੂਤ ਕਰਕੇ ਇਨ੍ਹਾਂ ਪਿੰਡਾਂ ਨੂੰ ਬਚਾਇਆ ਗਿਆ ਸੀ । ਸਰਕਾਰ ਨੇ ਇਸ ਨੂੰ ਆਪਣੇ ਪ੍ਰੋਗਰਾਮ ਵਿਚ ਰਖਿਆ ਸੀ ਅਤੇ ਉਮੀਦ ਹੈ ਕਿ ਇਹ ਇੰਪਰੂਵਮੈਂਟ ਜ਼ਰੂਰ ਹੋ ਜਾਵੇਗੀ ।

---

**Starred Question No. 3445 was included in the list of Postponed Starred Questions dated 11th February, 1976, but it was not put on that day as the hon Member concerned was not present in the House

Original with;
Punjab Vidhan Sabha
Digitized by;
Panjab Digital Library

**ਖ਼ੁਰਾਕ ਤੇ ਸਪਲਾਈਜ਼ ਵਿਭਾਗ ਦੇ ਕਲਾਸ—1 ਅਤੇ ਕਲਾਸ—2 ਅਫਸਰਾਂ ਨੂੰ ਅਗੇਤਾ ਰਿਟਾਇਰ ਕਰਨਾ**

*3397. **ਕਾਮਰੇਡ ਸੱਤ ਪਾਲ ਡਾਂਗ** : ਕੀ ਖ਼ੁਰਾਕ ਤੇ ਸਪਲਾਈਜ਼ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਕੀ ਪੰਜਾਬ ਸਿਵਲ ਸੇਵਾਵਾਂ (ਅਗੇਤਾ ਰਿਟਾਇਰ ਕਰਨਾ) ਨਿਯਮਾਵਲੀ 1975 ਅਧੀਨ ਖੁਰਾਕ ਤੇ ਸਪਲਾਈਜ਼ ਵਿਭਾਗ ਦੇ ਕੋਈ ਅਫਸਰ/ਕਰਮਚਾਰੀ ਰਿਟਾਇਰ ਕੀਤੇ ਗਏ ਹਨ;

(ਅ) ਇਸ ਤਰ੍ਹਾਂ ਰਿਟਾਇਰ ਕੀਤੇ ਗਏ ਕਲਾਸ-1 ਅਤੇ ਕਲਾਸ-2 ਅਫਸਰਾਂ ਦੀ ਗਿਣਤੀ ਅਤੇ ਨਾਂ ਕੀ ਕੀ ਹਨ ਅਤੇ ਹਰ ਇਕ ਕੇਸ ਵਿਚ ਰਿਟਾਇਰਮੈਂਟ ਦੀ ਤਰੀਕ ਕੀ ਕੀ ਹੈ ਅਤੇ ਰਿਟਾਇਰਮੈਂਟ ਸਮੇਂ ਉਹ ਕਿਹੜੀਆਂ ਕਿਹੜੀਆਂ ਥਾਵਾਂ ਤੇ ਲੱਗੇ ਹੋਏ ਸਨ ?

**ਸਰਦਾਰ ਗੁਰਦਰਸ਼ਨ ਸਿੰਘ** : (ੳ) ਅਜੇ ਕੋਈ ਨਹੀਂ ।

(ਅ) ਕੋਈ ਕਲਾਸ-1 ਅਤੇ ਕਲਾਸ-2 ਅਫਸਰ ਇਨ੍ਹਾਂ ਨਿਯਮਾਂ ਹੇਠ ਰੀਟਾਇਰ ਨਹੀਂ ਕੀਤਾ ਗਿਆ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਹਕੀਕਤ ਨਹੀਂ ਕਿ ਇਸ ਮਹਿਕਮੇ ਦੀ ਰੈਪੂਟੇਸ਼ਨ ਲੋਕਾਂ ਵਿਚ ਚੰਗੀ ਨਹੀਂ ਅਤੇ ਇਹ ਨਾ ਹੋਣ ਦੇ ਸੌਲਿਡ ਰੀਜ਼ਨਜ਼ ਹਨ । ਕੀ ਵਜ੍ਹਾ ਹੈ ਕਿ ਇਸ ਮਹਿਕਮੇ ਵਿਚ 25 ਸਾਲ ਦੀ ਸਰਵਿਸ ਵਾਲੇ ਅਤੇ 50 ਸਾਲ ਦੀ ਉਮਰ ਵਾਲੇ ਕਰਮਚਾਰੀ ਪ੍ਰੀਮੈਚਿਉਰ ਰਿਟਾਇਰ ਕਰਨ ਲਈ ਇਨ੍ਹਾਂ ਨੂੰ ਨਹੀਂ ਲੱਭੇ ? ਜੇ ਲੋਕਾਂ ਨੂੰ ਪੁੱਛਣ ਤਾਂ ਉਹ ਇਹਨਾਂ ਨੂੰ ਦਸ ਦੇਣਗੇ ।

**ਰਾਜ ਮੰਤਰੀ** : ਸਪੀਕਰ ਸਾਹਿਬ, ਪ੍ਰੀਮੈਚਿਉਰ ਰਿਟਾਇਰਮੈਂਟ ਦਾ ਕੇਸ ਬਹੁਤ ਸੀਰੀਅਸ ਹੁੰਦਾ ਹੈ । ਇਸ ਚੀਜ਼ ਨੂੰ ਪੂਰੀ ਗਰੈਵਿਟੀ ਅਤੇ ਸੀਰੀਅਸਨੈਸ ਨਾਲ ਲੈਣਾ ਚਾਹੀਦਾ ਹੈ । ਅਸੀਂ ਹਰ ਇਕ ਦਾ ਰਿਕਾਰਡ ਐਗਜ਼ਾਮਿਨ ਕਰ ਰਹੇ ਹਾਂ । ਮੈਂ ਕਿਹਾ ਹੈ "None, so far" । ਉਨ੍ਹਾਂ ਦੀਆਂ ਫਾਈਲਾਂ ਅੰਡਰ ਐਗਜ਼ਾਮੀਨੇਸ਼ਨ ਹਨ ਅਤੇ ਪ੍ਰਾਪਰ ਐਕਸ਼ਨ ਲਿਆ ਜਾਵੇਗਾ ।

**Chaudhri Darshan Singh** : May I know from the hon. Food and Supplies Minister as to what is the criteria fixed by the Government for pre-mature retirement. ?

**Minister of State** : The criteria fixed by the Government for pre-mature retirement is as under—

(a) Inefficiency

(b) Corrupt and doubtful integrity.

(c) If he is medically unfit to be retained as Government servant.

Original with;
Punjab Vidhan Sabha
Digitized by;
Panjab Digital Library

## PADDY RATES PAID TO PEASANTS WHO BRING THEIR PADDY TO AMRITSAR MANDI

*3430. 1. **Comrade Saghar Singh**
2. **Comrade Satya Pal Dang** } : Will the Minister of State for Food and Supplies be pleased to state—

(a) whether any legislator wrote a letter to him on 27th October, 1975 pointing out that the peasants who bring their paddy to the Amritsar Mandi were being paid much below the minimum rates fixed by the Government; if so, a copy there of be laid on the Table of the House;

(b) the action taken by the Govenment in this connection, tog ther with the result there of ?

**Sardar Gurdarshan Singh** : (a) Yes. Copy is laid on the Table of the House.

(b) Enquiry revealed that (i) by and large, prices of paddy paid to the farmers were more than the support price, keeping in view the cuts applicable under prescribed specifications, (ii) farmers had no specific complaint about non-issue of pacca parchis by Katcha Arhtias and (iii) no instance of excess charging on account of sieving, with which the Punjab Agricultural Marketing Board is primarily concerned came to the notice of the Food and Supplies Department.

### COPY OF LETTER

Satya Pal Dang M.L.A.

Ekta Bhawan,
Chheharta.
Dated : 27th October 1975.

My dear Shri Gurdarshan Singh Ji,

The situation in the Mandis in connection with the sale of paddy is pretty back. Below I am giving what has been happening in the Amritsar Mandi.

(1) Food Corporation of India is not there at all to make purchase at least to ensure that the Sheller-owners and other rice merchants do not fleece the Kisans. There is no machine to determine the quantum of moisture. There is no Government or Board official in the Mandi to help the peasants to get the price fixed by the Government. The result is that the peasants are being paid Rs. 70 to 72 per quintal for paddy for which they should get Rs. 76 per quintal.

(2) There is wide-spead malpractice in the Amritsar Mandi in so far as many kisans are given not pucca purchis but kacha ones or no parchis at all. They are being charged Rs. one per bag instead of 42 paise towards the charge of labourers who do the sieving.

Apart from this cheating of the peasants, this can clearly lead to cheating in the matter of marketing fee and also in the matter of levy-rice to be supplied to the Government.

(3) The labourers who do the sieving are not being paid the rate due to them i.e. 72 paise per bag. Instead efforts are being made to force them to accept less. There is much discontentment amongst the labourers.

Original with;
Punjab Vidhan Sabha
Digitized by;
Panjab Digital Library

I have spoken about the above problems to the Deputy Commissioner, Amritsar. A deputation of the Kisans is also going to meet him to-day. A deputation of the labourers has already met him. The Deputy Commissioner has assured me that he is looking into the complaints. However, I think action at the State level is also necessary to prevent such malpractices. After all, what is happening in the Amritsar Mandi may be happening in many other Mandis of the State.

Immediate and urgent action is, therefore, necessary.

That a Supplementary sum not exceeding Rs. 1,35,37,000 be granted to the Governor to defray the charges that will come in course of payment for the year ending 31st March, 1976, in respect of Agriculture.

## Demand No. 26

That a Supplementary sum not exceeding Rs. 17,29,00,000 be granted to the Governor to defray the charges that will come in course of payment for the year ending 31st March, 1976, in respect of Food and Nutrition.

## Demand No. 30

That a Supplementary sum not exceeding Rs. 24,14,000 be granted to the Governor to defray the charges that will come in course of payment for the year ending 31st March, 1976, in respect of Forests.

## Demand No. 31

That a Supplementary sum not exceeding Rs. 45,11,000 be granted to the Governor to defray the charges that will come in course of payment for the year ending 31st March, 1976, in respect of Community Development.

## Demand No. 32

That a Supplementary sum not exceeding Rs. 1,08,32,000 be granted to the Governor to defray the charges that will come in course of payment for the year ending 31st March, 1976, in respect of Industries.

## Demand No. 35

That a Supplementary sum not exceeding Rs. 27,52,000 be granted to the Governor to defray the charges that will come in course of payment for the year ending 31st March, 1976, in respect of Road Transport.

## Demand No. 37

That a Supplementary sum not exceeding Rs. 1,76,28,000 be granted to the Governor to defray the charges that will come in course of payment for the year ending 31st March, 1976, in respect of Irrigation, Drainage and Flood Control.

## Demand No. 38

That a Supplementary sum not exceeding Rs. 52,34,000 be granted to the Governor to defray the charges that will come in course of payment for the year ending 31st March, 1976, in respect of Buildings.

## Demand No. 39

That a Supplementary sum not exceeding Rs. 1,000 be granted to the Governor to defray the charges that will come in course of payment for the year ending 31st March, 1976, in respect of Loans and Advances by the State Government.

Original with;
Punjab Vidhan Sabha
Digitized by;
Panjab Digital Library

**ਕਾਮਰੇਡ ਅਰਜਨ ਸਿੰਘ ਮਸਤਾਨਾ** (ਵਲਟੋਹਾ): ਸਪੀਕਰ ਸਾਹਿਬ, ਮੈਂ ਸਪਲੀਮੈਂਟਰੀ ਡੀਮਾਂਡਜ਼ ਜਿਹੜੀ ਪੇਸ਼ ਹੋਈ ਹੈ, ਉਸ ਤੇ ਆਪਣੀ ਪਾਰਟੀ ਦੇ ਵਿਚਾਰ ਰਖਾਂਗਾ। ਜਿਹੜਾ ਸਰਕਾਰ ਨੇ 9 ਕਰੋੜ ਰੁਪਏ ਕਿਸਾਨਾਂ ਨੂੰ ਬੋਨਸ ਲੈ ਕੇ ਦਿੱਤਾ ਹੈ ਇਹ ਬੜੀ ਚੰਗੀ ਗੱਲ ਹੈ, ਇਸ ਤੋਂ ਇਲਾਵਾ ਸਾਡਾ ਡੈਪੂਟੇਸ਼ਨ ਪਾਰਟੀ ਵਲੋਂ ਗਿਆਨੀ ਜੀ ਨੂੰ ਮਿਲਿਆ ਔਰ ਗਿਆਨੀ ਜੀ ਨੇ ਕਿਸਾਨਾਂ ਦੀ ਭਲਾਈ ਲਈ ਅੱਛਾ ਕੰਮ ਕੀਤਾ ਹੈ ਕਿ ਸੈਂਟਰ ਦੀ ਸਰਕਾਰ ਨਾਲ ਗੱਲ ਬਾਤ ਕਰਕੇ 9 ਕਰੋੜ ਰੁਪਏ ਦਾ ਬੋਨਸ ਲੈ ਕੇ ਦਿੱਤਾ ਹੈ। ਪਰ ਇਸ ਦੇ ਨਾਲ ਹੀ ਮੈਂ ਇਹ ਮੰਗ ਕਰਾਂਗਾ ਕਿ ਇਹ ਬੋਨਸ ਨਕਦੀ ਦੀ ਸ਼ਕਲ ਵਿਚ ਕਿਸਾਨਾਂ ਨੂੰ ਮਿਲਣਾ ਚਾਹੀਦਾ ਹੈ। ਖਾਦ ਦੇ ਮਾਮਲੇ ਵਿਚ ਕਿਸਾਨਾਂ ਨੂੰ ਇਸ ਦਾ ਫਾਇਦਾ ਘੱਟ ਪਹੁੰਚਣ ਦਾ ਡਰ ਹੈ। ਇਸ ਲਈ ਮੈਂ ਆਪਣੀ ਪਾਰਟੀ ਵਲੋਂ ਇਹ ਮੰਗ ਕਰਾਂਗਾ ਕਿ ਇਸ ਤੇ ਜਿਹੜਾ ਬੋਨਸ ਹੈ ਇਹ ਕਿਸਾਨਾਂ ਨੂੰ ਨਕਦੀ ਦੀ ਸ਼ਕਲ ਵਿਚ ਦਿੱਤਾ ਜਾਵੇ। ਸਪੀਕਰ ਸਾਹਿਬ, ਜਿਹੜੇ ਹੜ੍ਹਾਂ ਦੇ ਵਾਸਤੇ 2 ਕਰੋੜ 5 ਲੱਖ ਰੁਪਏ ਰੱਖੇ ਗਏ ਹਨ ਉਸ ਬਾਰੇ ਮੈਂ ਅਰਜ਼ ਕਰਾਂਗਾ ਕਿ ਗੁਰਦਾਸਪੁਰ ਅਤੇ ਅੰਮ੍ਰਿਤਸਰ ਦੇ ਜ਼ਿਲ੍ਹਿਆਂ ਵਿਚ ਬਹੁਤ ਭਾਰੀ ਤਬਾਹੀ ਹੋਈ। ਮੈਂ ਇਹ ਸਮਝਦਾ ਹਾਂ ਕਿ ਇਹ ਰਕਮ ਹਾਲੀ ਵੀ ਬਹੁਤ ਘੱਟ ਹੈ ਪਿਛਲੇ ਸਾਲ ਦੀ ਤਬਾਹੀ ਦੇ ਮੁਕਾਬਲੇ ਵਿਚ। ਹੜ੍ਹ ਪੀੜਤਾਂ ਨੂੰ ਰਾਹਤ ਦੇਣ ਲਈ ਅਤੇ ਮੁੜ ਉਸਾਰੀ ਦੇ ਕੰਮਾਂ ਲਈ ਇਹ ਰਕਮ ਬਹੁਤ ਥੋੜ੍ਹੀ ਹੈ। ਇਸ ਕਰਕੇ ਮੈਂ ਇਹ ਮੰਗ ਕਰਾਂਗਾ ਕਿ ਇਹ ਰਕਮ ਹੋਰ ਵਧਾ ਦਿੱਤੀ ਜਾਵੇ। ਹਰੀਕੇ ਤੇ ਸਤਲੁਜ ਦਰਿਆ ਡਿੱਗਦਾ ਹੈ ਉਥੇ ਬੜਾ ਨੁਕਸਾਨ ਹੋਇਆ ਹੈ। ਘੱਟੋ ਘੱਟ ਕਰੋੜਾਂ ਰੁਪਏ ਦੀ ਫਸਲ ਇਹ ਰੋੜ੍ਹ ਕੇ ਲੈ ਗਿਆ ਹੈ। ਇਸ ਲਈ ਮੈਂ ਮੰਗ ਕਰਦਾ ਹਾਂ ਕਿ ਇਹ ਰਕਮ ਹੋਰ ਵਧਾ ਦਿੱਤੀ ਜਾਵੇ ਤਾਂ ਜੋ ਹਰ ਸਾਲ ਫਸਲ ਦਾ ਨੁਕਸਾਨ ਹੁੰਦਾ ਹੈ ਉਹ ਬਚ ਜਾਵੇ। ਮੈਨੂੰ ਤਾਂ ਇਹ ਵੀ ਪਤਾ ਲਗਾ ਹੈ ਕਿ ਇਹ ਰਕਮ ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਵਿਚ ਹੀ ਖਰਚ ਕੀਤੀ ਜਾਣੀ ਹੈ। ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਜਿਹੜੇ ਇਲਾਕਿਆਂ ਵਿਚ ਐਡਵਾਂਸ ਬੰਨ੍ਹ ਬੰਨ੍ਹਕੇ ਉਨ੍ਹਾਂ ਲੋਕਾਂ ਨੂੰ ਬਚਾਇਆ ਜਾਂਦਾ ਹੈ ਉਹ ਬੜੀ ਚੰਗੀ ਗੱਲ ਹੈ। ਮੇਰੇ ਹਲਕੇ ਵਿਚ ਜਿਹੜਾ ਐਡਵਾਂਸ ਬਨ੍ਹ ਬੰਨ੍ਹਿਆਂ ਗਿਆ ਹੈ ਉਸ ਨਾਲ 20 ਹਜ਼ਾਰ ਏਕੜ ਦੇ ਕਰੀਬ ਜ਼ਮੀਨ ਸੇਫ ਹੋਈ ਹੈ ਔਰ ਮੇਰਾ ਖਿਆਲ ਹੈ ਕਿ ਪਹਿਲੇ ਸਾਲ ਹੀ 50 ਲੱਖ ਰੁਪਏ ਤੋਂ ਵੱਧ ਰੁਪਏ ਦੀ ਫਸਲ ਹੋਈ ਹੈ। ਮੈਂ ਇਹ ਵੀ ਬੇਨਤੀ ਕਰਾਂਗਾ ਕਿ ਗੁਰਦਾਸਪੁਰ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਤੋਂ ਇਲਾਵਾ ਦੂਸਰੇ ਪਾਸੇ ਵੀ ਫੰਡਜ਼ ਦਿੱਤੇ ਜਾਣ। ਜਿਸ ਤਰ੍ਹਾਂ ਹਰੀਕੇ ਦੇ ਨਾਲ ਹੀ ਅਫਸਰਾਂ ਨੇ ਸਰਵੇ ਕੀਤਾ ਹੈ ਜੇਕਰ ਉਥੇ ਬੰਨ੍ਹ ਬਣਾਇਆ ਜਾਵੇ ਜਿਸ ਉਪਰ 15-16 ਲੱਖ ਰੁਪਏ ਦੇ ਕਰੀਬ ਖਰਚ ਆਉਂਦਾ ਹੈ ਉਸ ਨਾਲ 18 ਹਜ਼ਾਰ ਏਕੜ ਜ਼ਮੀਨ ਬੱਚਦੀ ਹੈ। ਉਥੇ ਕੁਝ ਹਲਕਾ ਮੇਰਾ ਹੈ ਅਤੇ ਕੁਝ ਸਰਦਾਰ ਨਸੀਬ ਸਿੰਘ ਗਿੱਲ ਦਾ ਹੈ। ਜੇਕਰ ਉਸ ਸਰਵੇ ਉੱਤੇ ਅਮਲ ਕਰਕੇ, 12-13 ਲੱਖ ਰੁਪਏ ਦਾ ਅਨੁਮਾਨ ਹੈ, ਹੋ ਸਕਦਾ ਹੈ 2 ਲੱਖ ਰੁਪਏ ਵੱਧ ਵੀ ਖਰਚ ਹੋ ਜਾਵੇ, ਇੱਕ ਐਡਵਾਂਸ ਬੰਨ੍ਹ ਬੰਨ੍ਹਿਆ ਜਾਵੇ ਤਾਂ 16 ਹਜ਼ਾਰ ਏਕੜ ਜ਼ਮੀਨ ਬਚ ਸਕਦੀ ਹੈ। ਬਹੁਤ ਵਧੀਆ ਜ਼ਮੀਨ ਹੈ ਔਰ ਜਿਹੜਾ ਕਿਸਾਨ ਹੈ ਉਹ ਹੁਣ ਤੱਕ ਰੁੜ੍ਹਦਾ ਆਇਆ ਹੈ, ਉਹ ਬੱਚ ਸਕਦਾ ਹੈ। ਇਸੇ ਤਰ੍ਹਾਂ ਜਿਹੜਾ ਬੱਲੇ ਦਾ ਇਲਾਕਾ ਹੈ, ਹਰੀਕੇ ਤੋਂ ਉਪਰ ਜਿਹੜੇ ਇਲਾਕੇ ਡੁੱਬ ਜਾਂਦੇ ਹਨ ਉਥੇ ਮਾਮੂਲੀ ਜਿਹਾ ਪੈਸਾ ਖਰਚ ਕਰਕੇ ਪਿੰਡ ਗਿੱਦੜਪਿੰਡੀ ਲਾਗੇ ਬੰਨ੍ਹ ਮਾਰਿਆ ਜਾਵੇ ਤਾਂ ਉਹ ਲੋਕ ਹੜ੍ਹ ਤੋਂ ਬੱਚ ਸਕਦੇ ਹਨ। ਇਹ ਬੜੀ ਚੰਗੀ ਗੱਲ ਹੋਵੇਗੀ। ਇਹ ਜਿਹੜਾ ਹੜ੍ਹਾਂ ਵਾਸਤੇ ਪੈਸਾ ਰਖਿਆ ਗਿਆ ਹੈ ਇਹ ਥੋੜ੍ਹਾ ਹੈ। ਮੈਂ ਤਾਂ ਇਹ ਗੱਲ ਕਹਾਂਗਾ ਕਿ ਇਸ ਪਾਸੇ ਜਿਹੜਾ ਪੈਸਾ ਖਰਚ ਕਰਨਾ ਹੈ ਇਸ ਦੇ

Original with;
Punjab Vidhan Sabha
Digitized by;
Panjab Digital Library

ਨਾਲ ਪੰਜਾਬ ਦਾ ਭਲਾ ਹੈ । ਇਸ ਦੇ ਨਾਲ ਹੀ ਇਸ ਸਬੰਧੀ ਜਿਹੜਾ ਮਹਿਕਮਾ ਹੈ ਉਹ ਵੀ ਪਿਛਲੇ ਸਾਲ ਦਾ ਤਜਰਬਾ ਦੱਸਦਾ ਹੈ । ਉਥੇ ਰੋਈਆਂ ਪੁਟਣ ਨਾਲ ਬੜਾ ਬਚਾ ਹੋਇਆ ਹੈ ਜੇ ਇਹ ਨਾ ਪੁਟੀਆਂ ਜਾਂਦੀਆਂ ਤਾਂ ਗੁਰਦਾਸਪੁਰ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿਚ ਜਿਸ ਤਰ੍ਹਾਂ ਤਬਾਹੀ ਹੋਈ ਹੈ, ਇਸ ਤਰ੍ਹਾਂ ਬਹੁਤ ਨੁਕਸਾਨ ਹੋਣਾ ਸੀ । ਮੈਂ ਕਹਾਂਗਾ ਕਿ ਇਹ ਜਿਹੜਾ ਗੁਰਦਾਸਪੁਰ ਅਤੇ ਅੰਮ੍ਰਿਤਸਰ ਵਾਸਤੇ ਪੈਸਾ ਅਲਾਟ ਕੀਤਾ ਹੈ ਇਸ ਦੇ ਨਾਲ ਹੀ ਪੱਟੀ ਦਾ ਇਲਾਕਾ ਅਤੇ ਫੀਰੋਜ਼ਪੁਰ ਦਾ ਇਲਾਕਾ, ਇਹ ਦੋਵੇਂ ਇਲਾਕੇ ਦਰਿਆ ਦੀ ਮਾਰ ਥੱਲੇ ਆਉਂਦੇ ਹਨ ਉਥੋਂ ਦੀ ਬੜੀ ਚੰਗੀ ਜ਼ਮੀਨ ਹੈ ਜੇ ਉਥੇ ਐਡਵਾਂਸ ਬੰਨ੍ਹ ਲਗਾਇਆ ਜਾਵੇ ਤਾਂ ਬਹੁਤ ਭਾਰੀ ਬਚਾਓ ਹੋ ਸਕਦਾ ਹੈ । ਇਸ ਤਰ੍ਹਾਂ 20 ਹਜ਼ਾਰ ਏਕੜ ਜ਼ਮੀਨ ਬਚ ਸਕਦੀ ਹੈ । ਇਸ ਤਰ੍ਹਾਂ 30-32 ਹਜ਼ਾਰ ਏਕੜ ਜ਼ਮੀਨ ਹੜ੍ਹ ਦੀ ਮਾਰ ਤੋਂ ਬਚ ਸਕਦੀ ਹੈ ਅਤੇ ਕੋਈ 40 ਲੱਖ ਰੁਪਏ ਤੋਂ ਵੀ ਘੱਟ ਰੁਪਏ ਲਗਾ ਕੇ ਇਹ ਜ਼ਮੀਨ ਬਚਾਈ ਜਾ ਸਕਦੀ ਹੈ । ਸਪੀਕਰ ਸਾਹਿਬ, ਹੜ੍ਹਾਂ ਵਾਸਤੇ ਕੁਝ ਰੁਪਏ ਰੱਖੇ ਗਏ ਹਨ । ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਸ ਵਿਚ ਬੜੀ ਗੜਬੜ ਹੁੰਦੀ ਹੈ । ਮੱਦਦ ਤਾਂ ਕੀਤੀ ਜਾਂਦੀ ਹੈ ਪਰ ਜਿਹੜਾ ਪੈਸੇ ਵੰਡਣ ਦਾ ਸਿਸਟਮ ਹੈ, ਇਸ ਦੇ ਵਿਚ ਅਫਸਰਸ਼ਾਹੀ ਵਿਚ ਕਈ ਖਾਮੀਆਂ ਹਨ ਅਤੇ ਕਈ ਲੋਕਾਂ ਨੂੰ ਪੈਸੇ ਨਹੀਂ ਮਿਲੇ । ਮਿਸਾਲ ਦੇ ਤੌਰ ਤੇ ਜਿੱਥੇ ਤਬਾਹੀ ਹੁੰਦੀ ਹੈ, ਘਰ ਢਹਿ ਜਾਂਦੇ ਹਨ ਕਿਆਮਤ ਆ ਜਾਂਦੀ ਹੈ ਜਿਸ ਤਰ੍ਹਾਂ ਅੰਮ੍ਰਿਤਸਰ ਵਿਚ ਹੜ੍ਹਾਂ ਨਾਲ ਘਰ ਢਹਿ ਗਏ, ਹੜ੍ਹਾਂ ਨਾਲ ਤਬਾਹੀ ਹੋਈ ਉਥੇ ਕੁਝ ਲੋਕਾਂ ਨੂੰ ਇਮਦਾਦ ਨਹੀਂ ਮਿਲੀ। ਸੋ ਇਸ ਵਿਚ ਬੜੀ ਭਾਰੀ ਗੜ ਬੜ ਹੋਈ ਹੈ। ਕੁਝ ਲੋਕ ਅਫਸਰਾਂ ਨਾਲ ਮਿਲੇ ਹੋਏ ਹਨ ਅਤੇ ਜਿਹੜੇ ਪੈਸੇ ਮਿਲਦੇ ਹਨ ਉਹ ਹਜ਼ਮ ਕਰ ਜਾਂਦੇ ਹਨ । ਇਸ ਬਾਰੇ ਇੱਕ ਸਵਾਲ ਵੀ ਸੀ ਅਤੇ ਮੈਂ ਵੀ ਕਹਾਂਗਾ ਕਿ ਜਿਹੜੇ ਲੋਕਾਂ ਨੂੰ ਮੱਦਦ ਮਿਲਣੀ ਹੁੰਦੀ ਹੈ ਆਇਆ ਉਨ੍ਹਾਂ ਨੂੰ ਮਿਲਦੀ ਵੀ ਹੈ ਜਾਂ ਨਹੀਂ ਇਸ ਬਾਰੇ ਕੋਈ ਕਮੇਟੀ ਹੋਵੇ ਜੋ ਚੈਕ ਅੱਪ ਕਰੇ । ਕਈ ਲੋੜਵੰਦ ਆਦਮੀ ਇਮਦਾਦ ਤੋਂ ਰਹਿ ਜਾਂਦੇ ਹਨ ਅਤੇ ਦੂਸਰੇ ਲੋਕ ਫਾਇਦਾ ਉਠਾ ਜਾਂਦੇ ਹਨ । ਜਿਥੇ 60 ਫੀ ਸਦੀ ਨੁਕਸਾਨ ਹੋਵੇ ਇਹ ਉਥੇ ਇਮਦਾਦ ਦਿੰਦੇ ਹਨ ਪਰ ਜਿਥੇ 4-5 ਘਰ ਤਬਾਹ ਹੋਣ ਉਥੇ ਮੱਦਦ ਨਹੀਂ ਦਿੰਦੇ, ਉਥੇ ਵੀ ਇਮਦਾਦ ਦੇਣੀ ਚਾਹੀਦੀ ਹੈ। ਰਈਏ, ਪੱਟੀ, ਠੱਟਾ, ਮਖੂ ਆਦਿ ਇਲਾਕਿਆਂ ਦਾ ਬੜਾ ਭਾਰੀ ਨੁਕਸਾਨ ਹੋਇਆ ਹੈ ਅਤੇ ਉਥੇ 15-15 ਘਰ ਤਬਾਹ ਹੋ ਗਏ ਹਨ । ਉਹ ਕਹਿੰਦੇ ਹਨ ਕਿ ਸਾਡਾ ਬਹੁਤ ਨੁਕਸਾਨ ਹੋਇਆ ਹੈ । ਜਿੱਥੇ ਨੁਕਸਾਨ ਹੋਇਆ ਹੋਵੇ ਉਨ੍ਹਾਂ ਦੇ ਭਾ ਦਾ ਤਾਂ 'ਆਪ ਮਰੇ ਜਗ ਪਰਲੋ' ਵਾਲੀ ਗੱਲ ਹੈ । ਮੈਂ ਕਹਾਂਗਾਂ ਕਿ ਉਥੇ ਵੀ ਉਸੇ ਤਰ੍ਹਾਂ ਇਮਦਾਦ ਕਰਨੀ ਚਾਹੀਦੀ ਹੈ ।

ਥੀਨ ਡੈਮ ਦੇ ਮੁਤਾਲਿਕ ਜਿਹੜਾ ਪੈਸਾ ਰਖਿਆ ਹੈ, ਮੈਂ ਗਿਆਨੀ ਜੀ ਨੂੰ ਵਧਾਈ ਦਿੰਦਾ ਹਾਂ ਕਿਉਂਕਿ ਇਹ ਬਹੁਤ ਵੱਡਾ ਕੰਮ ਹੈ ਜਿਸ ਦੀ ਕਾਫੀ ਚਿਰ ਤੋਂ ਮੰਗ ਸੀ । ਇਸ ਲਈ ਗਿਆਨੀ ਜੀ ਵਧਾਈ ਦੇ ਹੱਕਦਾਰ ਹਨ । ਸ਼ੇਖ ਅਬਦੁੱਲਾ ਨਾਲ ਸਮਝੌਤਾ ਹੋ ਗਿਆ ਹੈ। ਮੈਂ ਕਹਾਂਗਾ ਕਿ ਫੌਰੀ ਤੌਰ ਤੇ ਹਿਮਾਚਲ ਦੇ ਚੀਫ ਮਨਿਸਟਰ ਨਾਲ ਗੱਲ ਕੀਤੀ ਜਾਵੇ ਅਤੇ ਇਹ ਜਿਹੜਾ ਥੀਨ ਡੈਮ ਹੈ ਇਸ ਨੂੰ ਮੁਕੰਮਲ ਕੀਤਾ ਜਾਵੇ ਅਤੇ ਜਿਹੜਾ ਪਾਕਿਸਤਾਨ ਨੂੰ ਪਾਣੀ ਜਾ ਰਿਹਾ ਹੈ, ਜਿਸ ਦੇ ਇਕ ਇਕ ਘੁੱਟ ਨੂੰ ਅਸੀਂ ਤਰਸ ਰਹੇ ਹਾਂ, ਉਸ ਪਾਣੀ ਨੂੰ ਪਾਕਿਸਤਾਨ ਜਾਣ ਤੋਂ ਰੋਕਿਆ ਜਾਵੇ । ਇਸ ਤਰ੍ਹਾਂ ਜਿਹੜੇ ਮੁਲਾਜ਼ਮ ਪੌਂਗ ਡੈਮ ਤੋਂ ਛਾਂਟੀ ਹੋ ਰਹੇ ਹਨ ਉਹ ਕੰਮ ਤੇ ਲੱਗਣਗੇ । ਦੂਸਰੇ ਪਾਸੇ ਲੱਖਾਂ ਏਕੜ ਜ਼ਮੀਨ ਸਾਡੀ ਸੈਰਾਬ ਹੋਵੇਗੀ ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਅਰਜਨ ਸਿੰਘ ਮਸਤਾਨਾ]

ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਪਾਣੀ ਦੀ ਜਿਹੜੀ ਵੰਡ ਕੀਤੀ ਜਾਂਦੀ ਹੈ ਇਸ ਦੇ ਵਿਚ ਬੜੀ ਇਤਰਾਜ਼ਯੋਗ ਗੱਲ ਹੈ। ਸਰਕਾਰ ਬਿਜਲੀ ਦੇ ਮੁਤੱਲਕ ਬੜੀਆਂ ਸਹੂਲਤਾਂ ਦੇ ਰਹੀ ਹੈ ਅਤੇ ਬੜੇ ਸਿਲਸਿਲੇ ਚਲ ਰਹੇ ਹਨ। ਅਸੀਂ ਇੰਜੀਨੀਅਰਾਂ ਨਾਲ ਵੀ ਗੱਲ ਕੀਤੀ ਹੈ ਅਤੇ ਮਨਿਸਟਰ ਸਾਹਿਬ ਨਾਲ ਵੀ ਗੱਲ ਕੀਤੀ ਹੈ, ਜਿਹੜੇ ਇਲਾਕੇ ਬਹੁਤ ਦੂਰ ਹਨ, ਉਥੇ ਪਾਣੀ ਦੀ ਵੰਡ ਦਾ ਜਿਹੜਾ ਸਿਸਟਮ ਹੈ ਉਸ ਵਿਚ ਤਬਦੀਲੀ ਕੀਤੀ ਜਾਵੇ। ਪਾਣੀ ਦੀ ਵੰਡ ਵਿਚ ਬਹੁਤ ਫਰਕ ਹੈ। ਜ਼ੀਰਾ, ਅੰਮ੍ਰਿਤਸਰ ਅਤੇ ਗੁਰਦਾਸਪੁਰ, ਜਿਥੇ ਪਾਣੀ ਬਿਲਕੁਲ ਨੇੜੇ ਹੈ, ਉਥੇ ਪਾਣੀ ਸਾਢੇ ਤਿੰਨ ਫੁੱਟ ਤੇ ਹੈ ਅਤੇ ਮੁਕਤਸਰ, ਪੱਟੀ, ਬਠਿੰਡਾ ਅਤੇ ਮਾਨਸਾ ਜਿਥੇ ਪਾਣੀ ਦੂਰ ਹੈ, ਇਥੋਂ ਦਾ ਪਾਣੀ ਭੈੜਾ, ਖਾਰਾ ਹੈ। ਇਸ ਪਾਣੀ ਨਾਲ ਜ਼ਮੀਨ ਖਰਾਬ ਹੁੰਦੀ ਹੈ। ਇਹ ਰਕਬਾ ਕੋਈ 8-9% ਤੋਂ ਵੱਧ ਨਹੀਂ ਬਣਦਾ। ਜਿਥੇ ਪਾਣੀ ਖਾਰਾ ਹੈ ਉਥੇ 5 ਕਿਉਸਿਕ ਪਾਣੀ ਦਿਤਾ ਜਾਵੇ। ਇਹ ਬੜਾ ਵਧੀਆ ਇਲਾਕਾ ਹੈ ਜਿਥੇ ਕਿ ਨਰਮਾ ਅਤੇ ਹੋਰ ਚੀਜ਼ਾਂ ਪੈਦਾ ਹੁੰਦੀਆਂ ਹਨ। (ਘੰਟੀ) ਮੈਂ ਬੇਨਤੀ ਕਰਾਂਗਾ ਕਿ ਇਸ ਦਾ ਪ੍ਰਬੰਧ ਕੀਤਾ ਜਾਵੇ ਤਾਂ ਕਾਫੀ ਲੋਕਾਂ ਨੂੰ ਫਾਇਦਾ ਹੋ ਸਕਦਾ ਹੈ।

ਇਸ ਤੋਂ ਅੱਗੇ, ਸਪੀਕਰ ਸਾਹਿਬ, ਸ਼ਰਾਬ ਲਈ ਛਾਪੇ ਮਾਰਨ ਲਈ ਜੀਪਾਂ ਵਾਸਤੇ 2 ਲਖ ਰੁਪਿਆ ਦੇਣਾ ਹੈ ਅਤੇ ਛਾਪੇ ਮਾਰੇ ਜਾਣਗੇ। ਸਪੀਕਰ ਸਾਹਿਬ, ਪਰਸੋਂ ਦੀ ਅਖਬਾਰ ਵਿਚ ਇਕ ਖਬਰ ਆਈ ਸੀ ਕਿ ਉਥੇ ਛਾਪੇ ਮਾਰੇ ਗਏ। ਸਪੀਕਰ ਸਾਹਿਬ, ਅਸੀਂ ਅਗੇ ਵੀ ਮੰਗ ਕੀਤੀ ਹੈ ਇਹ ਜਿਹੜੀ ਸ਼ਰਾਬ ਹੈ ਇਸ ਦੇ ਬਣਾਉਣ ਦੇ ਲੋਕਾਂ ਨੂੰ ਲਾਈਸੈਂਸ ਮਿਲਣੇ ਚਾਹੀਦੇ ਹਨ, ਇਸ ਨਾਲ ਸਰਕਾਰ ਨੂੰ ਆਮਦਨ ਵੀ ਹੋਵੇਗੀ। ਪਰਸੋਂ ਦੀ ਅਖਬਾਰ ਵਿਚ ਖਬਰ ਛਪੀ ਹੈ ਕਿ ਛਾਪੇ ਮਾਰੇ ਗਏ ਅਤੇ ਉਥੇ ਰੱਮ ਦੇ ਡਰੱਮ ਫੜੇ ਗਏ। ਵੱਡੇ ਵੱਡੇ ਲੋਕੀਂ ਸ਼ਰਾਬ ਵਿਚ ਮਿਲਾਵਟ ਕਰਕੇ ਵੇਚਦੇ ਹਨ। ਪੀਣ ਵਾਲੇ ਲੋਕਾਂ ਨੂੰ ਇਸ ਗੱਲ ਦਾ ਪਤਾ ਨਹੀਂ ਲੱਗਦਾ। ਜਿਹੜੇ ਲੋਕੀਂ ਪਿੰਡਾਂ ਵਿਚ ਸ਼ਰਾਬ ਪੀਣਾ ਚਾਹੁੰਦੇ ਹਨ ਮੈਂ ਇਹ ਗੱਲ ਕਹਾਂਗਾ ਕਿ ਉਨ੍ਹਾਂ ਲਈ ਸ਼ਰਾਬ ਦੇ ਖੁੱਲ੍ਹੇ ਲਾਈਸੰਸ ਮਿਲਣੇ ਚਾਹੀਦੇ ਹਨ ਅਤੇ ਇਸ ਤਰ੍ਹਾਂ ਇਹ ਛਾਪਿਆਂ ਦਾ ਸਿਸਟਮ ਖ਼ਤਮ ਹੋ ਸਕਦਾ ਹੈ। ਇਸ ਲਈ ਇਹ ਜਿਹੜਾ ਪੈਸਾ ਛਾਪੇ ਮਾਰਨ ਵਾਸਤੇ ਦਿਤਾ ਗਿਆ ਹੈ ਇਹ ਠੀਕ ਨਹੀਂ ਹੈ।

ਇਸ ਤੋਂ ਅੱਗੇ ਮੈਂ ਮੁਲਾਜ਼ਮਾਂ ਦੇ ਬਾਰੇ ਗੱਲ ਕਰਨਾ ਚਾਹੁੰਦਾ ਹਾਂ। ਮੁਲਾਜ਼ਮਾਂ ਨੂੰ ਡੀ.ਏ. ਦਾ ਜਿਹੜਾ 1 ਕਰੋੜ 8 ਲੱਖ ਰੁਪਿਆ ਦਿਤਾ ਹੈ, ਇਹ ਬੜੀ ਚੰਗੀ ਗੱਲ ਹੈ। ਪਰ ਇਥੇ ਚੀਫ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਅਸੀਂ ਸੈਂਟਰ ਮੁਤਾਬਿਕ ਡੀ.ਏ. ਦਿਆਂਗੇ। ਸੈਂਟਰ ਨੇ ਤਾਂ ਪੰਜ ਕਿਸ਼ਤਾਂ ਦਿਤੀਆਂ ਹਨ ਅਤੇ ਉਹ ਛੇਵੀਂ ਕਿਸ਼ਤ ਦੇਣ ਨੂੰ ਤਿਆਰ ਹਨ। ਇਸ ਲਈ ਪੰਜਾਬ ਦੇ ਮੁਲਾਜ਼ਮਾਂ ਨਾਲ ਸਿਰਫ ਦੋ ਕਿਸ਼ਤਾਂ ਦਾ ਦੇਣਾ, ਇਹ ਬੜਾ ਭਾਰੀ ਧੱਕਾ ਹੈ। ਇਹ 2 ਲੱਖ 80 ਹਜ਼ਾਰ ਮੁਲਾਜ਼ਮਾਂ ਨਾਲ ਧੱਕਾ ਹੈ। ਮੈਂ ਕਹਾਂਗਾ ਕਿ ਮੁਲਾਜ਼ਮਾਂ ਵਿਚ ਇਹ ਜਿਹੜੀ ਬੇਚੈਨੀ ਹੈ, ਇਸ ਨੂੰ ਦੂਰ ਕਰਕੇ ਜਿਹੜਾ ਇਥੇ ਉਨ੍ਹਾਂ ਨੂੰ ਸੈਂਟਰ ਦੇ ਬਰਾਬਰ ਕਿਸ਼ਤਾਂ ਦੇਣ ਦਾ ਭਰੋਸਾ ਦਿਤਾ ਗਿਆ ਸੀ ਕਿ ਪੂਰੀਆਂ ਕਿਸ਼ਤਾਂ ਦਿਤੀਆਂ ਜਾਣਗੀਆਂ, ਉਨ੍ਹਾਂ ਨੂੰ ਪੂਰੀਆਂ ਕਿਸ਼ਤਾਂ ਦਿਤੀਆਂ ਜਾਣ ਅਤੇ ਇਸ ਭਰੋਸੇ ਤੋਂ ਪਿਛੇ ਹਟਣਾ ਅੱਜ ਦੇ ਹਾਲਾਤ ਦੇ ਮੁਤਾਬਿਕ ਸਰਕਾਰ ਨੂੰ ਠੀਕ ਨਹੀਂ ਜਚਦਾ। ਸਾਰੇ ਮੁਲਾਜ਼ਮਾਂ ਨੇ 20 ਨੁਕਾਤੀ ਪ੍ਰੋਗਰਾਮ ਤੇ ਅਮਲ ਕਰਨਾ ਹੈ। ਸੋ ਜੇ 20 ਨੁਕਾਤੀ ਪ੍ਰੋਗਰਾਮ ਤੇ ਸਰਕਾਰ ਨੇ ਅਮਲ ਕਰਨਾ ਹੈ ਤਾਂ ਮੁਲਾਜ਼ਮਾਂ ਨੂੰ ਪੂਰੀਆਂ ਕਿਸ਼ਤਾਂ ਦੇਣੀਆਂ ਚਾਹੀਦੀਆਂ ਹਨ।

Original with;
Punjab Vidhan Sabha
Digitized by;
Panjab Digital Library

ਇਸ ਤੋਂ ਅੱਗੇ, ਸਪੀਕਰ ਸਾਹਿਬ, ਡਿਪਟੀ ਕਮਿਸ਼ਨਰਾਂ ਨੂੰ 8 ਲੱਖ 70 ਹਜ਼ਾਰ ਰੁਪਿਆ ਦਿਤਾ ਗਿਆ ਹੈ, ਐਮਰਜੰਸੀ ਨੂੰ ਲਾਗੂ ਕਰਨ ਵਾਸਤੇ ਪੈਸਾ ਦਿਤਾ ਗਿਆ ਹੈ । ਐਮਰਜੰਸੀ ਕਿਸ ਤਰ੍ਹਾਂ ਲਾਗੂ ਹੁੰਦੀ ਹੈ, ਇਸ ਦੇ ਬਾਰੇ ਮੈਂ ਤੁਹਾਨੂੰ ਦੱਸਦਾ ਹਾਂ । ਐਮਰਜੰਸੀ ਦੀ ਮੇਰੀ ਪਾਰਟੀ ਹਮਾਇਤ ਕਰਦੀ ਹੈ ਕਿ ਇਹ ਜਿਹੜਾ ਸਮਾਜ ਵਿਰੋਧੀ ਅਤੇ ਹਿੰਦੁਸਤਾਨ ਵਿਰੋਧੀ ਅਨਸਰ ਹੈ ਉਸ ਤੇ ਕਾਬੂ ਪਾਉਣਾ ਚਾਹੀਦਾ ਹੈ । ਪਰ, ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਦਾ ਹਾਂ ਕਿ ਦਵਿੰਦਰ ਸਿੰਘ ਐਮ.ਏ. ਦਾ ਸਟੂਡੈਂਟ ਹੈ ਉਸ ਨੂੰ ਫੜ ਲਿਆ ਗਿਆ । ਉਸ ਨੂੰ ਇਹ ਕਹਿਕੇ ਫੜ ਲਿਆ ਗਿਆ ਕਿ ਉਹ ਆਨੰਦ ਮਾਰਗੀ ਹੈ । ਉਸ ਨੂੰ ਫੜੇ ਨੂੰ 2 ਮਹੀਨੇ ਹੋ ਗਏ ਹਨ । ਅਸੀਂ ਆਈ.ਜੀ. ਨੂੰ ਮਿਲੇ ਸੀ ਅਤੇ ਉਹ ਕਹਿੰਦੇ ਹਨ ਕਿ ਉਸ ਨੂੰ ਛੱਡ ਦਿਤਾ ਹੈ ਪਰ ਉਸ ਨੂੰ ਛੱਡਿਆ ਨਹੀਂ ਗਿਆ । ਅਸੀਂ ਗਿਆਨੀ ਜੀ ਨੂੰ ਵੀ ਮਿਲੇ ਸੀ ਪਰ ਉਹ ਹਾਲਾਂ ਅੰਦਰ ਹੀ ਹੈ । ਇਸ ਤਰੀਕੇ ਦੀ ਜਿਹੜੀ ਐਮਰਜੰਸੀ ਲਾਗੂ ਕੀਤੀ ਜਾ ਰਹੀ ਹੈ ਇਹ ਠੀਕ ਨਹੀਂ ਹੈ । ਉਸ ਨੂੰ ਛੱਡਣਾ ਚਾਹੀਦਾ ਹੈ ।

ਸਪੀਕਰ ਸਾਹਿਬ, ਮੈਂ ਤੁਹਾਨੂੰ ਇਕ ਸਾਲ ਪੁਰਾਣੀ ਗੱਲ ਦਸਦਾ ਹਾਂ । ਮੇਰੀ ਪਾਰਟੀ ਨੇ ਘੇਰਾਓ ਕਰਕੇ ਸੀਮਿੰਟ ਫੜਿਆ । ਜਿਹੜੇ ਮਾਲਕ ਨੇ ਸੀਮਿੰਟ ਦੀ ਚੋਰੀ ਕੀਤੀ ਉਸ ਨੂੰ ਤਾਂ ਕੁਝ ਨਹੀਂ ਆਖਿਆ । (ਘੰਟੀ)

**ਸ਼੍ਰੀ ਸਪੀਕਰ**: ਮਸਤਾਨਾ ਜੀ, ਤੁਸੀਂ ਇਕ ਮਿੰਟ ਵਿਚ ਆਪਣੀ ਸਪੀਚ ਬੰਦ ਕਰੋ ।

**ਕਾਮਰੇਡ ਅਰਜਨ ਸਿੰਘ ਮਸਤਾਨਾ**: ਸਪੀਕਰ ਸਾਹਿਬ, ਮੈਨੂੰ ਥੋੜ੍ਹਾ ਜਿਹਾ ਟਾਈਮ ਹੋਰ ਦਿਓ । ਸਪੀਕਰ ਸਾਹਿਬ, ਮੇਰੀ ਪਾਰਟੀ ਨੇ ਘੇਰਾਓ ਕਰਕੇ ਸੀਮਿੰਟ ਫੜਿਆ । ਜਿਨ੍ਹਾਂ ਨੇ ਘੇਰਾਓ ਕੀਤਾ ਸੀ ਉਨ੍ਹਾਂ ਨੂੰ ਫੜਿਆ ਗਿਆ ਅਤੇ ਉਨ੍ਹਾਂ ਤੇ ਮੁਕੱਦਮੇ ਚਲ ਰਹੇ ਹਨ ਪਰ ਮਾਲਿਕ ਨੂੰ ਕੁਝ ਨਹੀਂ ਆਖਿਆ । ਇਸੇ ਤਰ੍ਹਾਂ ਹੀ, ਸਪੀਕਰ ਸਾਹਿਬ, ਮਜ਼ਦੂਰਾਂ ਨੇ ਨੰਗਲ, ਲੁਧਿਆਣਾ, ਅੰਮ੍ਰਿਤਸਰ ਅਤੇ ਹੋਰ ਕਈ ਥਾਵਾਂ ਤੇ ਭੁੱਖ ਹੜਤਾਲਾਂ ਕੀਤੀਆਂ । ਮਜ਼ਦੂਰਾਂ ਦੀ ਮੰਗ ਸੀ ਕਿ ਕੇਂਦਰ ਦੇ ਮੁਤਾਬਿਕ ਬੋਨਸ ਦਿਓ । ਇਹ ਉਨ੍ਹਾਂ ਦੀ ਜਾਇਜ਼ ਮੰਗ ਸੀ। ਉਨ੍ਹਾਂ ਨੂੰ ਫੜ ਲਿਆ ਗਿਆ ਅਤੇ ਅਜੇ ਤੱਕ ਵੀ ਉਨ੍ਹਾਂ ਦੇ ਕੇਸਿਜ਼ ਵਾਪਿਸ ਨਹੀਂ ਹੋਏ ।

ਸਪੀਕਰ ਸਾਹਿਬ, ਬਿਹਾਰ ਸਟੇਟ ਵਿਚ ਕਿਸ ਤਰ੍ਹਾਂ ਤਕੜੇ ਤਕੜੇ ਆਦਮੀਆਂ ਕੋਲੋਂ ਜ਼ਮੀਨਾਂ ਲਈਆਂ ਜਾ ਰਹੀਆਂ ਹਨ ਪਰ ਪੰਜਾਬ ਵਿਚ ਕੁਝ ਨਹੀਂ ਕੀਤਾ ਗਿਆ। ਬਿਹਾਰ ਵਿਚ ਇਕ ਆਦਮੀ ਕੋਲੋਂ 4800 ਏਕੜ ਜ਼ਮੀਨ ਨਿਕਲੀ ਹੈ ਅਤੇ ਉਸ ਨੂੰ ਅੰਦਰ ਕੀਤਾ ਗਿਆ ਹੈ । ਪਰ ਸਾਡੇ ਇਥੇ ਇਕ ਹਰਚਰਨ ਸਿੰਘ ਸਰਾਏਨਾਗਾ ਵਾਲਾ ਹੈ, ਜੋ ਕਿ ਕਾਂਗਰਸ ਪਾਰਟੀ ਨਾਲ ਸਬੰਧ ਰੱਖਦਾ ਹੈ ਉਸ ਦੇ ਕੋਲ 600 ਏਕੜ ਜ਼ਮੀਨ ਹੈ । ਸਪੀਕਰ ਸਾਹਿਬ, ਮੇਰੇ ਕੋਲ ਇਹ ਲਿਸਟ ਹੈ ਜਿਨ੍ਹਾਂ ਆਦਮੀਆਂ ਦੇ ਨਾਵਾਂ ਤੇ ਹਰਚਰਨ ਸਿੰਘ ਸਰਾਏਨਾਗਾ ਨੇ ਜ਼ਮੀਨ ਕਰਵਾਈ ਹੋਈ ਹੈ । ਉਸ ਨੇ ਜਾਲ੍ਹੀ ਲੋਕਾਂ ਦੇ ਨਾਵਾਂ ਤੇ ਜ਼ਮੀਨ ਕਰਾਈ ਹੋਈ ਹੈ । ਸੀ.ਐਮ. ਸਾਹਿਬ ਮੇਰੇ ਕੋਲੋਂ ਇਹ ਲਿਸਟ ਲੈ ਲੈਣ । ਉਸ ਦੇ ਕੋਲੋਂ 400 ਏਕੜ ਜ਼ਮੀਨ ਕੱਢੀ ਗਈ ਸੀ ਪਰ ਐਸ.ਡੀ.ਓ ਮੁਕਤਸਰ ਨੇ ਉਸ ਦਾ ਕਬਜ਼ਾ ਫਿਰ ਉਸ ਨੂੰ ਦੇ ਦਿਤਾ ਹੈ । ਮੈਂ ਕਹਿੰਦਾ ਹਾਂ ਕਿ ਹਰਚਰਨ ਸਿੰਘ ਸਰਾਏਨਾਗਾ ਤੇ ਐਮਰਜੰਸੀ ਲਾਗੂ ਕਰਕੇ ਉਸ ਨੂੰ ਗਿਰਫਤਾਰ ਕਰਨਾ ਚਾਹੀਦਾ ਹੈ ਨਹੀਂ ਤਾਂ ਇਸ ਤਰ੍ਹਾਂ 20 ਨੁਕਾਤੀ ਪ੍ਰੋਗਰਾਮ ਦੀ ਉਲੰਘਣਾ ਹੋਵੇਗੀ । ਜੇ 20 ਨੁਕਾਤੀ ਪ੍ਰੋਗਰਾਮ ਨੂੰ ਲਾਗੂ ਕਰਨਾ ਹੈ ਤਾਂ ਉਸ ਨੂੰ ਗਿਰਫਤਾਰ ਕੀਤਾਂ ਜਾਵੇ । (ਘੰਟੀ)

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ:** ਤੁਸੀਂ ਬੈਠੋ ਹੁਣ ।

**ਕਾਮਰੇਡ ਅਰਜਨ ਸਿੰਘ ਮਸਤਾਨਾ:** ਇਸੇ ਤਰ੍ਹਾਂ ਹੀ ਪਰਕਾਸ਼ ਸਿੰਘ ਬਾਦਲ ਹੈ। ਉਸ ਕੋਲ 370 ਏਕੜ ਜ਼ਮੀਨ ਹੈ । ਉਸ ਦੀ ਉਤਨੀ ਹੀ ਜ਼ਮੀਨ ਗੰਗਾਨਗਰ ਵਿਚ ਹੈ ਅਤੇ ਉਤਨੀ ਹੀ ਇਧਰ ਹੈ । ਉਸ ਦੇ ਕੋਲੋਂ ਇਕ ਮਰਲਾ ਵੀ ਜ਼ਮੀਨ ਨਹੀਂ ਲਈ ਗਈ । ਸਪੀਕਰ ਸਾਹਿਬ, ਇਹ ਦੋ ਫਨੀਅਰ ਸੱਪ ਹਨ । ਇਕ ਸਰਾਏਨਾਗਾ ਵਾਲਾ ਅਤੇ ਦੂਸਰਾ ਬਾਦਲ । ਜਿਸ ਤਰ੍ਹਾਂ ਬਿਹਾਰ ਵਿਚ ਜ਼ਮੀਨ ਖੋਹਕੇ ਉਸ ਨੂੰ ਗਿਰਫਤਾਰ ਕੀਤਾ ਗਿਆ ਹੈ ਇਸ ਤਰ੍ਹਾਂ ਹੀ ਇਨ੍ਹਾਂ ਦੋਨਾਂ ਨੂੰ ਵੀ ਅੰਦਰ ਕੀਤਾ ਜਾਵੇ ਅਤੇ ਜ਼ਮੀਨ ਲਈ ਜਾਵੇ ।

ਇਸ ਤੋਂ ਅੱਗੇ, ਸਪੀਕਰ ਸਾਹਿਬ, ਮੈਂ ਆਪਣੇ ਹਲਕੇ ਦੀ ਗੱਲ ਕਰਕੇ ਖ਼ਤਮ ਕਰਦਾ ਹਾਂ । ਮੇਰਾ ਹਲਕਾ ਦੋ ਵਾਰ ਜੰਗ ਦੀ ਲਪੇਟ ਵਿਚ ਆ ਚੁਕਾ ਹੈ । ਜੰਗ ਹੋਈ ਨੂੰ ਚਾਰ ਪੰਜ ਸਾਲ ਹੋ ਗਏ ਹਨ ਲੇਕਿਨ ਅਜੇ ਤੱਕ ਵੀ ਉਥੇ ਦੇ ਲੋਕਾਂ ਨੂੰ ਪਿੰਡਾਂ ਵਿਚ ਮਕਾਨਾਂ ਆਦਿ ਲਈ ਗਰਾਂਟ ਨਹੀਂ ਦਿਤੀ ਗਈ । ਮੈਂ ਕਹਾਂਗਾ ਕਿ ਜਿਥੇ ਸਰਕਾਰ ਨੇ ਹੋਰ ਇਤਨੇ ਸ਼ਲਾਘਾਯੋਗ ਕੰਮ ਕੀਤੇ ਹਨ ਉਥੇ ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ । ਜਿਥੇ ਬਾਰਡਰ ਦੇ ਲੋਕਾਂ ਦੀ ਮੱਦਦ ਕੀਤੀ ਹੈ ਉਥੇ ਜਿਹੜੀ ਨੌਕਰਸ਼ਾਹੀ ਹੈ ਇਹ ਵਿਚ ਅੜਿੱਕਾ ਹੈ । ਬਾਰਡਰ ਤੇ ਲੋਕਾਂ ਨੂੰ ਜੋ ਸਰਕਾਰ ਵਲੋਂ ਸਹੂਲਤਾਂ ਦਿਤੀਆਂ ਗਈਆਂ ਹਨ ਉਹ ਉਨ੍ਹਾਂ ਨੂੰ ਮਿਲ ਨਹੀਂ ਰਹੀਆਂ । ਇਸ ਲਈ ਅਫਸਰਸ਼ਾਹੀ ਵੱਲ ਵੀ ਦੇਖਣਾ ਚਾਹੀਦਾ ਹੈ । ਬਾਰਡਰ ਦੀ ਡਿਵੈਲਪਮੈਂਟ ਵਾਸਤੇ ਉਚੇਚਾ ਧਿਆਨ ਦੇਣਾ ਚਾਹੀਦਾ ਹੈ । ਕਿਉਂਕਿ ਉਥੇ ਬਿਜਲੀ ਵੀ ਨਹੀਂ ਹੈ । ਉਨ੍ਹਾਂ ਲਈ ਪਾਣੀ ਦਾ ਵੀ ਪ੍ਰਬੰਧ ਕਰਨਾ ਚਾਹੀਦਾ ਹੈ ਤਾਕਿ ਬਾਰਡਰ ਤੇ ਲੋਕ ਤਕੜੇ ਹੋ ਕੇ ਆਪਣੀ ਖੇਤੀਬਾੜੀ ਕਰਨ । (ਘੰਟੀ) ਸਪੀਕਰ ਸਾਹਿਬ, ਐਨੀਆਂ ਗੱਲਾਂ ਕਹਿੰਦਾ ਹੋਇਆ ਮੈਂ ਆਪਦਾ ਧੰਨਵਾਦ ਕਰਦਾ ਹਾਂ ਅਤੇ ਜਿਹੜੀਆਂ ਗੱਲਾਂ ਮੈਂ ਕਹੀਆਂ ਹਨ ਉਨ੍ਹਾਂ ਵੱਲ ਧਿਆਨ ਦਿਤਾ ਜਾਵੇ । ਜਿਹੜੇ ਲੋਕਾਂ ਤੇ ਕੇਸ ਬਣਾਏ ਗਏ ਹਨ ਉਹ ਵਾਪਿਸ ਲਏ ਜਾਣ ਅਤੇ ਉਸ ਨੌਜਵਾਨ ਨੂੰ ਛੱਡਿਆ ਜਾਵੇ । (ਘੰਟੀ)

**ਸ੍ਰੀ ਸਪੀਕਰ:** ਤੁਸੀਂ ਹੁਣ ਬੈਠੋ ।

**ਕਾਮਰੇਡ ਅਰਜਨ ਸਿੰਘ ਮਸਤਾਨਾ:** ਹੋਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਸਰਾਏਨਾਗਾ ਨੇ ਦਹਿਸ਼ਤ ਫੈਲਾ ਦਿਤੀ ਹੈ, ਉਹ ਸੱਪ ਹੈ ਉਸ ਨੂੰ ਫੌਰੀ ਤੌਰ ਤੇ ਗਿਰਫਤਾਰ ਕਰਕੇ ਉਸ ਤੇ ਇਨਕੁਆਇਰੀ ਕੀਤੀ ਜਾਵੇ । ਉਸ ਨੇ ਸਾਰੇ ਇਲਾਕੇ ਵਿਚ ਧਾਂਦਲੀ ਮਚਾਈ ਹੋਈ ਹੈ । ਤੁਹਾਡਾ ਪ੍ਰੋਗਰਾਮ ਘਰ ਤੋਂ ਹੀ ਲਾਗੂ ਹੋਣਾ ਹੈ । ਇਨ੍ਹਾਂ ਲੈਂਡਲਾਰਡਜ਼ ਤੋਂ ਜ਼ਮੀਨ ਲਈ ਜਾਵੇ । ਇਹ ਕਹਿਕੇ ਮੈਂ, ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ ।

## ANNOUNCEMENT BY THE HON. SPEAKER

**ਸ੍ਰੀ ਸਪੀਕਰ :** ਹੁਣ ਚੌਧਰੀ ਦਰਸ਼ਨ ਸਿੰਘ ਜੀ ਬੋਲਣਗੇ । ਮੈਂ ਮਾਨਯੋਗ ਮੈਂਬਰਾਂ ਦੇ ਧਿਆਨ ਵਿਚ ਲਿਆਵਾਂ ਕਿ ਅੱਜ ਰਾਸ਼ਟਰ ਪਿਤਾ ਮਹਾਤਮਾਂ ਗਾਂਧੀ ਅਤੇ ਦੂਜੇ ਸ਼ਹੀਦਾਂ ਦਾ ਮਾਰਟਾਇਰਜ਼ ਡੇ ਹੈ, ਇਸ ਲਈ 10-40 ਤੋਂ 11-25 ਤਕ ਹਾਊਸ ਐਡਜਰਨ ਕਰ ਦਿੱਤਾ ਜਾਏਗਾ । ਅੱਧੇ ਘੰਟੇ ਦਾ ਸਮਾਂ ਵਧਾ ਦਿਤਾ ਜਾਏਗਾ ਤਾਂ ਕਿ ਹਾਊਸ ਦੇ ਮੈਂਬਰ ਵਕਤ ਤੋਂ ਵਾਂਝੇ ਨਾ ਰਹਿ ਜਾਣ । ਲੈਜਿਸਲੇਟਿਵ ਬਿਜ਼ਨਸ ਵੀ ਕਰਨਾ ਹੈ ।

ਕੀ ਇਹ ਹਾਊਸ ਦੀ ਮਰਜ਼ੀ ਹੈ ?

Original with;
Punjab Vidhan Sabha
Digitized by;
Panjab Digital Library

**ਅਵਾਜ਼ਾਂ** : ਹਾਂ ਜੀ, ਹਾਂ ਜੀ ।

**ਸ੍ਰੀ ਸਪੀਕਰ** : ਹਾਊਸ 10-40 ਤੋਂ 11-25 ਤਕ ਐਡਜਰਨ ਕੀਤਾ ਜਾਏਗਾ ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਜੋ ਮਹਾਤਮਾ ਗਾਂਧੀ ਦੀ ਯਾਦ ਵਿਚ ਸਮਾਂ ਕੱਟਿਆ ਹੈ ਉਸ ਦੀ ਬਜਾਏ ਹੋਰ ਸਮਾਂ ਨਾ ਲਉ। ਜੇ ਸਮੇਂ ਦੀ ਲੋੜ ਪੈਂਦੀ ਹੈ ਤਾਂ ਕਿਸੇ ਹੋਰ ਖਿਆਲ ਨਾਲ ਲਉ । ਇਹ ਕਹਿਣਾ ਕਿ ਕਿਉਂਕਿ ਇਹ ਸਮਾਂ ਕੱਟਿਆ ਹੈ ਤਾਂ ਵਧਾ ਦਿਤਾ ਜਾਏਗਾ, ਇਹ ਠੀਕ ਨਹੀਂ ਹੈ । ਅੱਜ ਮੈਂਬਰਾਂ ਨੇ ਬਾਹਰ ਵੀ ਜਾਣਾ ਹੈ। ਇਹ ਪੌਣੇ ਘੰਟੇ ਦਾ ਸਮਾਂ ਕਿਸੇ ਹੋਰ ਦਿਨ ਕਰ ਲੈਣਾ ।

**ਸ੍ਰੀ ਸਪੀਕਰ** : ਜੇ ਜ਼ਰੂਰਤ ਹੋਈ ਤਾਂ ਵਧਾ ਦਿਆ ਜਾਏਗਾ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਲੈਜਿਸਲੇਟਿਵ ਬਿਜ਼ਨੈਸ ਕਿਸੇ ਹੋਰ ਦਿਨ ਪਾ ਦੇਣਾ ।

**ਸ੍ਰੀ ਸਪੀਕਰ** : ਜੇ ਜ਼ਰੂਰਤ ਹੋਏਗੀ ਤਾਂ ਸਮਾਂ ਵਧਾ ਦਿਤਾ ਜਾਏਗਾ ।

---

## DISCUSSION AND VOTING OF DEMANDS FOR SUPPLEMENTARY GRANTS *(Resumption)*

**ਚੌਧਰੀ ਦਰਸ਼ਨ ਸਿੰਘ** (ਨੂਰ ਮਹਿਲ) : ਸਪੀਕਰ ਸਾਹਿਬ, ਇਹ ਸਪਲੀਮੈਂਟਰੀ ਡਿਮਾਂਡਜ਼ ਦੀ ਦੂਜੀ ਕਿਸ਼ਤ, ਜੋ ਕਿ 40 ਕਰੋੜ 56 ਲੱਖ ਰੁਪਏ ਦੀ ਬਣਦੀ ਹੈ, ਉਸ ਤੇ ਮੈਂ ਆਪਣੇ ਵਿਚਾਰ ਰਖਣ ਵਾਸਤੇ ਖੜ੍ਹਾ ਹੋਇਆ ਹਾਂ । ਸਪੀਕਰ ਸਾਹਿਬ, ਪਹਿਲੀ ਗੱਲ ਜੋ ਕਿ ਮੈਂ ਸਪਲੀਮੈਂਟਰੀ ਗਰਾਂਟਸ ਤੇ ਬੋਲਣ ਤੋਂ ਪਹਿਲਾਂ ਕਹਿਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਅੱਜ ਇਹ ਸਦਨ ਆਪੋਜ਼ੀਸ਼ਨ ਦੀ ਗੈਰ ਹਾਜ਼ਰੀ ਵਿਚ ਹੋ ਰਿਹਾ ਹੈ (ਵਿਘਨ) ਅਕਾਲੀ ਪਾਰਟੀ ਦੇ ਮੈਂਬਰਾਂ ਦੀ ਹਾਊਸ ਵਿਚੋਂ ਗੈਰ ਹਾਜ਼ਰੀ ਵਿਚ ਹੋ ਰਿਹਾ ਹੈ । ਇਹ ਉਨ੍ਹਾਂ ਅਕਾਲੀ ਮੈਂਬਰਾਂ ਦਾ ਆਪਣੇ ਡੇਢ ਲੱਖ ਜਾਂ ਸਵਾ ਲੱਖ ਨੁਮਾਇੰਦਿਆਂ ਨਾਲ ਧੋਖਾ ਹੈ । ਪੰਜਾਬ ਵਿਚ 40 ਕਰੋੜ ਰੁਪਏ ਦਾ ਖਰਚ ਕੀਤਾ ਗਿਆ ਹੈ ਜਾਂ ਜਿਹੜਾ ਹੋਰ ਖ਼ਰਚ ਕਰਨਾ ਹੈ, ਉਸ ਤੇ ਵਿਚਾਰ ਵਟਾਂਦਰਾ ਕਰਨ ਲਈ ਉਨ੍ਹਾਂ ਆਪੋਜ਼ੀਸ਼ਨ ਅਕਾਲੀ ਭਰਾਵਾਂ ਦੇ ਬਗੈਰ, ਇਹ ਕੰਮ ਹੋ ਰਿਹਾ ਹੈ । ਇਸ ਤਰ੍ਹਾਂ ਨਾਲ ਜਮਹੂਰੀਅਤ ਚੰਗੇ ਢੰਗ ਨਾਲ ਫੰਕਸ਼ਨ ਨਹੀਂ ਕਰ ਸਕਦੀ । ਉਨਾਂ ਚਿਰ ਡੈਮੋਕਰੇਸੀ ਚੰਗੀ ਤਰ੍ਹਾਂ ਨਾਲ ਫੰਕਸ਼ਨ ਨਹੀਂ ਕਰ ਸਕਦੀ ਜਿੰਨਾਂ ਚਿਰ ਤਕ ਕਿ ਆਪੋਜ਼ੀਸ਼ਨ ਸਿਆਣੀ ਜਾਂ ਅਕਲਮੰਦ ਨਾ ਹੋਵੇ । ਮੈਂ ਮੋਸ਼ਨ ਮੂਵ ਕਰਦਿਆਂ ਆਖਿਆ ਸੀ ਕਿ ਹੈਵੀ ਹਾਰਟ ਨਾਲ ਕਰ ਰਿਹਾ ਹਾਂ । ਹਾਊਸ ਦੇ ਨੁਮਾਇੰਦੇ ਹਾਊਸ ਵਿਚ ਆਪਣੀਆਂ ਤਜਵੀਜ਼ਾਂ ਨਾ ਰਖ ਸਕਣ, ਇਹ ਠੀਕ ਨਹੀਂ ਹੈ । ਮੇਰੇ ਇਧਰ ਦੇ ਦੋਸਤ ਵੀ ਮੇਰੇ ਤੇ ਨਾਰਾਜ਼ ਸਨ । ਉਨ੍ਹਾਂ ਨੂੰ ਸੁਜੈਸ਼ਨਜ਼ ਦੇਣੀਆਂ ਚਾਹੀਦੀਆਂ ਸਨ । ਉਨ੍ਹਾਂ ਨੂੰ ਐਨੀ ਅਕਲ ਕਿਥੇ ਹੈ । ਮੇਰੇ ਦੋਸਤਾਂ ਨੇ ਆਖਿਆ ਸੀ ਕਿ ਬਾਗ ਉਜੜ ਚੁਕਾ ਹੈ ਅਤੇ ਇਹ ਪਟਵਾਰੀ ਰਹਿ ਗਏ ਹਨ, ਉਨ੍ਹਾਂ ਨੂੰ ਜਾਣ ਦਿਉ । ਲੇਕਿਨ ਨਹੀਂ ਪ੍ਰਾਈਮ ਮਨਿਸਟਰ ਸਾਹਿਬਾ ਨੇ ਇੰਟਰਵਿਊ ਦਿੰਦਿਆਂ ਆਖਿਆ ਸੀ ਕਿ ਹਰ ਬੰਦੇ ਤੋਂ ਚਾਹੇ ਉਹ ਪੜ੍ਹਿਆ ਹੋਇਆ ਹੋਵੇ, ਜਾਂ ਅਨਪੜ੍ਹ ਹੋਵੇ ਉਸ ਕੋਲੋਂ ਉਹ ਸਬਕ ਲੈਂਦੀ ਹੈ । ਮੂਰਖ ਇਨਸਾਨ ਤੋਂ ਵੀ ਬੰਦਾ ਸਿਖਦਾ ਹੀ ਹੈ । ਮੈਂ ਗਿਆਨੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਮੂਰਖਾਂ ਕੋਲੋਂ ਵੀ ਕਾਫੀ ਕੁਝ

Original with;
Punjab Vidhan Sabha
Digitized by;
Panjab Digital Library

[ਚੌਧਰੀ ਦਰਸ਼ਨ ਸਿੰਘ]

ਸਿਖਿਆ ਜਾ ਸਕਦਾ ਹੈ । ਬਾਬੇ ਨਾਨਕ ਨੇ ਕਿਹਾ ਹੈ ਕਿ "ਮੂਰਖ ਕੇ ਹਮ ਦਾਸ" ਇਸ ਕਰਕੇ ਪ੍ਰਾਈਮ ਮਨਿਸਟਰ ਸਾਹਿਬਾ ਨੇ ਠੀਕ ਹੀ ਆਖਿਆ ਸੀ ਕਿ ਪੜ੍ਹਿਆ ਹੋਇਆ ਅਤੇ ਅਨਪੜ੍ਹ ਦੋਨਾਂ ਕੋਲੋਂ ਬੰਦਾ ਸਬਕ ਸਿਖਦਾ ਹੈ । ਅੱਜ ਹਾਊਸ ਵਿਚ ਉਹ ਹੁੰਦੇ, ਭਾਵੇਂ ਉਨ੍ਹਾਂ ਦੀਆ ਤਜਵੀਜ਼ਾਂ ਇਹੋ ਜਿਹੀਆਂ ਹੀ ਹੋਣੀਆਂ ਸੀ ਪਰ ਇਹ ਹੋ ਸਕਦਾ ਹੈ ਕਿ ਅਸੀਂ ਉਨ੍ਹਾਂ ਦੀਆਂ ਤਜਵੀਜ਼ਾਂ ਕੋਲੋਂ ਸਬਕ ਸਿਖਦੇ । ਉਨ੍ਹਾਂ ਦੀ ਇਥੇ ਹਾਊਸ ਵਿਚ ਗੈਰ ਹਾਜ਼ਰੀ, ਜੋ ਕਿ ਐਨੇ ਲੋਕਾਂ ਦੇ ਨੁਮਾਇੰਦੇ ਹਨ ਉਨ੍ਹਾਂ ਦਾ ਜਨਤਾ ਨਾਲ ਧੋਖਾ ਹੈ, ਜਨਤਾ ਨਾਲ ਫਰੇਬ ਹੈ । (ਵਿਘਨ)

**ਸ਼੍ਰੀ ਸਰਦਾਰੀ ਲਾਲ ਕਪੂਰ :** ਮੇਰੀ ਅਰਜ਼ ਇਹ ਹੈ ਕਿ ਚੌਧਰੀ ਸਾਹਿਬ ਬੜੇ ਸਿਆਣੇ ਹਨ, ਪੜ੍ਹੇ ਲਿਖੇ ਹਨ । ਇਨ੍ਹਾਂ ਨੇ ਗੁਰੂ ਨਾਨਕ ਜੀ ਦੀ ਤੁਕ ਸੁਣਾਈ ਹੈ, ਪਰ ਮੈਨੂੰ ਤਾਂ ਇਹ ਕਿਤੇ ਨਹੀਂ ਲੱਭੀ । ਮੈਨੂੰ ਇਹ ਦਸਣ ਕਿ ਕਿਹੜੇ ਸਫੇ ਤੇ ਇਹ ਤੁਕ ਲਿਖੀ ਹੋਈ ਹੈ (ਵਿਘਨ)....

**ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ :** ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਸਾਡੇ ਨਾਨ-ਆਫੀਸ਼ਲ ਐਲ. ਆਰ. ਸਾਹਿਬ ਔਰ ਕਪੂਰ ਸਾਹਿਬ ਦੋਨਾਂ ਦੇ ਹੀ ਗੁਰੂ ਨਾਨਕ ਦੇ ਸ਼ਲੋਕ ਨਹੀਂ ਹਨ । ਇਹ ਤਾਂ ਭਗਤ ਕਬੀਰ ਦਾ ਸ਼ਲੋਕ ਹੈ ।

"ਪੰਡਤ ਕੇ ਹਮ ਗੁਰੂ ਹੈਂ ਮੂਰਖ ਕੇ ਹਮ ਦਾਸ"

**ਚੌਧਰੀ ਦਰਸ਼ਨ ਸਿੰਘ :** ਠੀਕ ਹੈ, ਇਥੇ ਪੰਡਿਤ ਦਾ ਮਤਲਬ ਕੋਈ ਕਾਸਟ ਦਾ ਨਹੀਂ ਹੈ।.. 'Pandit' never means any caste. It means a man who is intelligent, who is head of the society, who is to teach to others.

ਇਸ ਕਰਕੇ ਮੇਰਾ ਜੋ ਕਹਿਣਾ ਹੈ ਉਹ ਗਲਤ ਨਹੀਂ ਹੈ । ਅੱਜ ਆਪੋਜ਼ੀਸ਼ਨ ਹੁੰਦੀ, ਉਹਨਾਂ ਦੀਆਂ ਦਲੀਲਾਂ ਆਉਂਦੀਆਂ । ਅਸੀਂ ਸੁਣਨਾ ਚਾਹੁੰਦੇ ਸੀ । ਜਨਤਾ ਵੀ ਮਹਿਸੂਸ ਕਰਦੀ ਕਿ ਉਹਨਾਂ ਦੇ ਨੁਮਾਇੰਦੇ ਬੋਲ ਰਹੇ ਹਨ । ਜੇ ਉਨ੍ਹਾਂ ਨੇ ਗਾਲਾਂ ਕਢਣੀਆਂ ਸਨ ਤਾਂ ਵੀ ਜਨਤਾ ਮਹਿਸੂਸ ਕਰਦੀ ਕਿ ਉਨ੍ਹਾਂ ਨੇ ਇਨ੍ਹਾਂ ਨੂੰ ਗਾਲ੍ਹਾਂ ਕਢਣ ਲਈ ਇਥੇ ਭੇਜਿਆ ਹੈ। ਉਨ੍ਹਾਂ ਨੇ ਵਾਕ-ਆਊਟ ਕੀਤਾ ਸੀ ਕਿ ਉਨ੍ਹਾਂ ਵਲੋਂ ਕਢੀਆਂ ਗਾਲ੍ਹਾਂ ਪ੍ਰੈਸ ਵਿਚ ਨਹੀਂ ਆਉਂਦੀਆਂ । (ਵਿਘਨ)

ਸਪਲੀਮੈਂਟਰੀ ਡਿਮਾਂਡਜ਼ 40 ਕਰੋੜ 56 ਲੱਖ ਰੁਪਏ ਦੀ ਰਕਮ ਦੀਆਂ ਹਨ । ਇਹ ਕੋਈ ਜ਼ਿਆਦਾ ਰਕਮ ਨਹੀਂ ਹੈ। ਇਹਦੇ ਵਿਚ ਕਈ ਪਿਛਲੀਆਂ ਸਕੀਮਾਂ ਹਨ । ਇਹ ਕਢ ਕਢਾਕੇ ਬਾਕੀ ਕੋਈ 23 ਕਰੋੜ 79 ਲੱਖ ਰੁਪਿਆ ਰਹਿ ਜਾਂਦਾ ਹੈ । ਇਹਦੇ ਵਿਚ ਕੋਈ ਵੀ ਮੱਦ ਅਜਿਹੀ ਨਹੀਂ ਜਿਸ ਬਾਰੇ ਕਿ ਪਹਿਲਾਂ ਦੇਖਿਆ ਜਾ ਸਕਦਾ ਹੋਵੇ । ਫਲੱਡਜ਼ ਵਾਸਤੇ 3 ਕਰੋੜ ਰੁਪਏ ਹਨ । ਐਮਰਜੈਂਸੀ ਲਈ 1 ਕਰੋੜ 40 ਲੱਖ ਰੁਪਏ ਹਨ । ਐਮਰਜੈਂਸੀ ਤੇ ਮੈਂ ਬੋਲਾਂਗਾ । ਹੋਰ ਵੀ ਪੰਜਾਬ ਸਰਕਾਰ ਨੂੰ ਖਰਚਾ ਕਰਨਾ ਪਿਆ ਹੈ । ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਤਿੰਨ ਐਡੀਸ਼ਨਲ ਡੀ. ਏ. ਦੀਆਂ ਇੰਨਸਟਾਲਮੈਂਟਸ ਦਿਤੀਆਂ, ਜੋ ਕਿ ਬੈਜਟ ਸੈਸ਼ਨ ਤੋਂ ਬਾਅਦ ਆਈਆਂ ਹਨ । 5 ਕਰੋੜ ਰੁਪਏ ਐਸੇ ਹਨ ਜੋ ਕਰਜ਼ੇ ਦਾ ਸੂਦ ਦੇਣਾ ਪਿਆ ਹੈ ।

Original with;
Punjab Vidhan Sabha
Digitized by;
Panjab Digital Library

ਲੈਜਿਸਲੇਟਰਾਂ ਬਾਰੇ ਮੈਂ ਇਕ ਗੱਲ ਕਹਿਣੀ ਚਾਹੁੰਦਾ ਹਾਂ ਗਿਆਨੀ ਜੀ ਨੂੰ ਕਿ ਹਿਮਾਚਲ ਪ੍ਰਦੇਸ਼ ਵਾਲਿਆਂ ਨੂੰ, ਜਿਸ ਐਮ.ਐਲ.ਏ. ਨੇ 10 ਸਾਲ ਬਤੌਰ ਐਮ.ਐਲ.ਏ. ਸਰਵਿਸ ਕੀਤੀ ਹੈ, ਉਸ ਦੀ 300 ਰੁਪਏ ਮਹੀਨਾ ਪੈਨਸ਼ਨ ਕੀਤੀ ਹੈ ਤਾਂ ਕਿ ਉਨ੍ਹਾਂ ਦੀ ਸਮਾਜ ਵਿਚ ਇਜ਼ਤ ਰਹਿ ਸਕੇ। ਮੈਂ ਗਿਆਨੀ ਜੀ ਨੂੰ ਇਕ ਬੇਨਤੀ ਹੋਰ ਕਰਨੀ ਚਾਹੁੰਦਾ ਹਾਂ ਕਿ ਹਰਿਆਣੇ ਵਾਲਿਆਂ ਨੇ 200 ਰੁਪਏ ਕਾਂਸਟੀਚੂਐਂਸੀ ਅਲਾਊਂਸ ਦਿਤਾ ਹੈ। ਇਹਨਾਂ ਦੋਵਾਂ ਮੰਗਾਂ ਤੇ ਜ਼ਰੂਰ ਵਿਚਾਰ ਕਰਨਾ ਚਾਹੀਦਾ ਹੈ; ਇਹ ਕਾਂਸਟੀਚੂਐਂਸੀ ਅਲਾਊਂਸ ਬਾਰੇ ਅਤੇ ਪੈਨਸ਼ਨ ਬਾਰੇ ਕਿੰਨਾ ਪੀਰੀਅਡ ਹੋਣਾ ਚਾਹੀਦਾ ਹੈ, ਇਸ ਬਾਰੇ ਵੀ ਵਿਚਾਰ ਕਰਨਾ ਚਾਹੀਦਾ ਹੈ। ਇਹ ਵੀ ਜ਼ਰੂਰ ਦੇਣਾ ਚਾਹੀਦਾ ਹੈ।

ਡਿਮਾਂਡ ਨੰ: 3 ਬਾਰੇ ਮੈਂ ਕਹਿਣਾ ਚਾਹੁੰਦਾ ਹਾਂ। ਜੁਡੀਸ਼ਲ ਦੇ ਓਲਡ ਕੇਸਿਜ਼ ਦਸ-ਦਸ ਵੀਹ-ਵੀਹ ਸਾਲ ਤੋਂ ਪੈਂਡਿੰਗ ਚਲੇ ਆਉਂਦੇ ਹਨ। ਇਹ ਠੀਕ ਨਹੀਂ ਹੈ। Justice delayed is justice denied ਵਾਲੀ ਗੱਲ ਹੈ। ਇਹਨਾ ਕੇਸਾਂ ਨੂੰ ਜਲਦੀ ਤੋਂ ਜਲਦੀ ਖ਼ਤਮ ਕਰਨਾ ਚਾਹੀਦਾ ਹੈ। ਜਿਥੇ ਡੀ. ਸੀ. ਸਾਹਿਬ ਮੁਕੱਰਰ ਹੋ ਜਾਂਦੇ ਹਨ ਉਨ੍ਹਾਂ ਕੇਸਾਂ ਦੇ ਇੰਤਕਾਲ ਦਾ ਫੈਸਲਾ ਜਲਦੀ ਹੋਣਾ ਚਾਹੀਦਾ ਹੈ। ਕੋਰਟਾਂ ਵਿਚ ਵੀ ਕਾਫੀ ਦੇਰ ਦੇ ਕੇਸ ਪੈਂਡਿੰਗ ਪਏ ਰਹਿੰਦੇ ਹਨ। ਹਾਈ ਕੋਰਟ ਨੂੰ ਪੰਜਾਬ ਸਰਕਾਰ ਸੁਜੈਸ਼ਨ ਦੇਵੇ ਜਾਂ ਸੈਂਟਰ ਦੀ ਸਰਕਾਰ ਰਾਹੀਂ ਕੋਈ ਡਾਇਰੈਕਸ਼ਨ ਭਿਜਵਾਏ ਕੇ ਪੈਂਡਿੰਗ ਕੇਸਿਜ਼ ਦੇ ਫੈਸਲੇ ਜਲਦੀ ਹੋਣੇ ਚਾਹੀਦੇ ਹਨ।

ਫਲੱਡ ਰਲੀਫ ਵਿਚ ਕਾਫੀ ਮਦਦ ਕੀਤੀ ਹੈ। ਇਕ ਮੈਂ ਬੇਨਤੀ ਹੋਰ ਕਰਨਾ ਚਾਹੁੰਦਾ ਹਾਂ ਕਿ ਸੇਲਜ਼ ਟੈਕਸ ਐਂਡ ਐਕਸਾਈਜ਼ ਟੈਕਸ ਟੂ ਦੀ ਟਿਊਨ ਆਫ 16 ਕਰੋੜ outstanding ਅਗੇਂਸਟ ਹੁਮ, ਇਹ ਲੋਕਾਂ ਨੇ ਜੇਬ੍ਹ ਵਿਚ ਪਾਇਆ ਹੈ। ਫਿਰ ਆਖਿਆ ਹੈ ਕਿ ਅਪੀਲਾਂ ਪੈਂਡਿੰਗ ਹਨ। ਜਿਹੜੀ ਅਪੀਲ ਸਾਡੇ ਆਪਣੇ ਕਮਿਸ਼ਨਰ ਕੋਲ ਹੋਵੇ ਉਹਦਾ ਫੈਸਲਾ ਤਾਂ ਇਮੀਜੀਏਟਲੀ ਕਰ ਦੇਣਾ ਚਾਹੀਦਾ ਹੈ। 16 ਕਰੋੜ ਰੁਪਏ ਜਿਹੜੇ ਬੰਦੇ ਦੀ ਜੇਬ ਵਿਚ ਹਨ ਉਹ ਤਾਂ ਉਗਰਾਹ ਲਉ। ਅਕਾਲੀ ਸਰਕਾਰ ਨੇ 4 ਕਰੋੜ ਰੁਪਏ ਸ਼ਰਾਬ ਦੇ ਠੇਕਿਆਂ ਦੇ ਛਡ ਦਿਤੇ ਸਨ। ਪੰਜਾਬ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਸਮਾਜ ਦੇ ਉਨ੍ਹਾਂ ਅੰਗਾਂ ਨੂੰ ਜਿਹੜੇ ਕਿ ਅਯਾਸ਼ੀ ਦੀ ਜ਼ਿੰਦਗੀ ਬਸਰ ਕਰ ਰਹੇ ਹਨ ਕੋਈ ਕਿਸੇ ਕਿਸਮ ਦੀ ਐਗਜ਼ੈਂਪਸ਼ਨ ਨਹੀਂ ਲੇਣ ਦੇਣੀ ਚਾਹੀਦੀ। ਜਿਥੇ ਪੰਜਾਬ ਦੀ ਕਲਚਰ ਨਜ਼ਰ ਆਵੇ, ਜਿਥੇ ਮਜਬੂਤੀ ਨਜ਼ਰ ਆਵੇ, ਜਿਥੇ ਪੜ੍ਹਨ ਨਾਲ, ਸੁਣਨ ਅਤੇ ਦੇਖਣ ਨਾਲ ਲੋਕਾਂ ਦੇ ਚਾਲ ਚਲਣ ਤੇ ਚੰਗਾ ਅਸਰ ਪੈਣਾ ਹੈ ਉਥੇ ਐਗਜ਼ੈਂਪਸ਼ਨ ਹੋਣੀ ਚਾਹੀਦੀ ਹੈ।

---

## SHORT ADJOURNMENT OF THE HOUSE

**Mr. Speaker** : The House stands adjourned till 11.25 a.m., today the 30th January, 1976.

(*The Sabha adjourned at 10.40 a.m. and reassembled at 11.25 a.m.*)

Original with;
Punjab Vidhan Sabha
Digitized by;
Panjab Digital Library

## DISCUSSION AND VOTING OF DEMANDS FOR SUPPLEMENTARY GRANTS (*RESUMPTION*)

**ਚੌਧਰੀ ਦਰਸ਼ਨ ਸਿੰਘ :** ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ—ਯਸ਼ ਜੀ ਵੀ ਬੈਠੇ ਹਨ ਅਤੇ ਸ਼ਰਮਾ ਜੀ ਵੀ ਬੈਠੇ ਹਨ, ਜਿਹੜਾ ਇਨ੍ਹਾਂ ਨੇ 5 ਲੱਖ ਰੁਪਏ ਸੇਲਜ਼ ਟੈਕਸ ਦੇ ਫਾਰਮਾਂ ਵਾਸਤੇ ਰੱਖੇ ਹਨ ਇਹ ਬਹੁਤ ਜ਼ਿਆਦਾ ਹਨ। ਜਦੋਂ ਅਸੀਂ ਕਚਹਿਰੀਆਂ ਵਿਚ ਜਾਂਦੇ ਹਾਂ ਅਤੇ ਜੇ ਕੋਈ ਫਾਰਮ ਦੀ ਲੋੜ ਹੋਵੇ ਤਾਂ ਉਥੋਂ ਹੀ 5/10 ਪੈਸੇ ਜੋ ਵੀ ਰੇਟ ਫਿਕਸ ਕੀਤੇ ਹੋਏ ਹਨ, ਲੈ ਕੇ ਤੇ ਭਰ ਕੇ ਦੇ ਦਿੰਦੇ ਹਾਂ। ਇਸ ਲਈ ਇਹ ਵਾਪਸ ਕਰਨੇ ਚਾਹੀਦੇ ਹਨ। ਇਹ ਰੁਪਿਆ ਬਹੁਤ ਜ਼ਿਆਦਾ ਹੈ।

ਹੁਣ ਐਮਰਜੰਸੀ ਤੇ ਸਰਕਾਰ ਨੂੰ ਖਰਚ ਕਰਨਾ ਪਏਗਾ। ਮੈਂ ਮੰਨਦਾ ਹਾਂ ਕਿ ਗਿਆਨੀ ਜੀ ਦੀ ਅਗਵਾਈ ਹੇਠ ਸਾਡੇ ਪੰਜਾਬ ਨੇ ਤਰੱਕੀ ਕੀਤੀ ਹੈ। ਇਨ੍ਹਾਂ ਨੇ, ਜਿਹੜਾ ਬੱਚਾ ਫਸਟ ਆਏਗਾ ਉਨ੍ਹਾਂ ਨੂੰ ਕਿਤਾਬਾਂ ਮੁਫਤ ਔਰ ਵਜ਼ੀਫੇ ਆਦਿ ਦੇਣ ਦਾ ਐਲਾਨ ਕੀਤਾ ਹੈ।

ਇਸ ਦੇ ਨਾਲ ਹੀ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕੋਈ ਕੌਮ ਤਰੱਕੀ ਨਹੀਂ ਕਰ ਸਕਦੀ ਜਿਹੜੀ ਆਪਣੇ ਸ਼ਹੀਦਾਂ ਦਾ ਸਤਿਕਾਰ ਨਹੀਂ ਕਰਦੀ। ਸ਼ਹੀਦ ਹੋਣ ਵਾਲੇ ਕੌਮ ਅਤੇ ਦੇਸ਼ ਲਈ ਕੋਈ ਪ੍ਰਿੰਸੀਪਲ ਲੇ ਕਰ ਜਾਂਦੇ ਹਨ। ਲੇਕਿਨ ਉਸ ਤੋਂ ਬਾਅਦ ਕਈ ਵਾਰੀ ਆਉਣ ਵਾਲੇ ਫਿਰਕੇ ਉਨ੍ਹਾਂ ਨੂੰ ਆਪਣੇ ਫਿਰਕੇ ਨਾਲ ਜੋੜ ਲੈਂਦੇ ਹਨ। ਮੈਂ ਕਹਿੰਦਾ ਹਾਂ ਕਿ ਦੇਸ਼ ਵਿਚ ਅਮਰਜੰਸੀ ਕਿਉਂ ਲੱਗੀ ? ਜੇ ਨਾ ਲਗਦੀ ਤਾਂ ਦੇਸ਼ ਦੀ ਹਾਲਤ ਕੀ ਹੋਣੀ ਸੀ ? ਇਸ ਦੇ ਲਈ ਤੁਹਾਡੇ ਕੋਲੋਂ, ਸਪੀਕਰ ਸਾਹਿਬ, ਦੋ ਮਿੰਟਾਂ ਦੀ ਆਗਿਆ ਚਾਹਵਾਂਗਾ। ਸਪੀਕਰ ਸਾਹਿਬ, ਫਿਰਕਾਪ੍ਰਸਤੀ ਨੇ ਦੇਸ਼ ਵਿਚ ਫਿਰ ਸਿਰ ਉਠਾਇਆ। ਉਸ ਫਿਰਕਾਪ੍ਰਸਤੀ ਨੇ ਜਿਸ ਦੇ ਸ਼ਿਕਾਰ ਸਾਡੇ ਲੰਗੋਟੀ ਵਾਲੇ ਅੱਜ ਦੇ ਦਿਨ ਹੋਏ ਸਨ। ਉਹ 78 ਸਾਲ ਦੀ ਉਮਰ ਵਿਚ ਅਮਰ ਸ਼ਹੀਦ ਹੋ ਗਏ ਸਨ, ਇਸ ਫਿਰਕਾਪ੍ਰਸਤੀ ਦੇ ਕਾਰਨ। ਉਹ 40 ਕਰੋੜ ਹਰੀਜਨ, ਕਿਸਾਨਾਂ ਅਤੇ ਬਸਤੀਆਂ ਵਿਚ ਵਸਣ ਵਾਲੇ ਗਰੀਬ ਲੋਕਾਂ ਦੀ ਖਾਤਰ ਮਰਦੇ ਰਹੇ। ਉਸ ਨੂੰ ਮਾਰਨ ਵਾਲਾ ਨੱਥੂ ਰਾਮ ਗੌਡਸੇ ਹਵਾਈ ਜਹਾਜ਼ ਤੇ ਚੜ੍ਹਨ ਲਗਾ ਸੀ। ਉਹ ਰਿਫਿਊਜੀ ਨਹੀਂ ਸੀ। ਜਿਸ ਵੇਲੇ ਮਹਾਤਮਾ ਗਾਂਧੀ ਜੀ ਨੇ ਮਰਨ ਵਰਤ ਰੱਖਿਆ ਤਾਂ ਉਨ੍ਹਾਂ ਨੂੰ ਮਿਲਣ ਵਾਸਤੇ ਪਟੇਲ ਜੀ ਵੀ ਆਏ ਸੀ ਅਤੇ ਉਨ੍ਹਾਂ ਵਾਸਤੇ ਸਾਰੇ ਦਿੱਲੀ ਵਿਚ ਰਹਿਣ ਵਾਲੇ ਰਿਫਿਊਜੀਆਂ ਨੇ ਲੱਖਾਂ ਦੀ ਤਾਦਾਦ ਵਿਚ ਜਲੂਸ ਕੱਢਿਆ ਅਤੇ ਇਕ ਦਿਨ ਦਾ ਖਾਣਾ ਛੱਡਿਆ ਸੀ। ਇਹ ਜਿਹੜਾ ਫਿਰਕਾਪ੍ਰਸਤ ਨੱਥੂ ਰਾਮ ਗੌਡਸੇ ਸੀ ਹਵਾਈ ਜਹਾਜ਼ ਵਿਚ ਚੜ੍ਹਨ ਵਾਲਾ ਜਿਹੜਾ ਕਹਿੰਦਾ ਸੀ ਕਿ ਹਮ ਸ਼ਾਇਦ ਵਾਪਸ ਨਾ ਆਏਂ ਉਸ ਦੇ ਸਿਰ ਤੇ ਫਿਰਕਾਪ੍ਰਸਤੀ ਦਾ ਜਨੂਨ ਸੀ। ਉਸ ਫਿਰਕਾ ਪ੍ਰਸਤੀ ਨੇ ਹਮੇਸ਼ਾਂ ਲਈ ਉਸ ਮਹਾਨ ਹਸਤੀ ਨੂੰ ਸੁਲਾ ਦਿਤਾ। ਸਪੀਕਰ ਸਾਹਿਬ, ਫਿਰਕਾਪ੍ਰਸਤੀ ਨੇ ਥੋੜ੍ਹਾ ਜਿਹਾ ਨਹੀਂ ਬੇਇੰਤਹਾ ਸਾਡੇ ਹਿੰਦੁਸਤਾਨ ਦਾ ਬੇੜਾ ਗਰਕ ਕੀਤਾ। ਸਪੀਕਰ ਸਾਹਿਬ, 1947 ਤਕ ਯਾਨੀ ਦੋ ਹਜ਼ਾਰ ਸਾਲ ਸਾਡਾ ਦੇਸ਼ ਗੁਲਾਮ ਰਿਹਾ ਅਤੇ ਇਸ ਦੌਰਾਨ ਇਕ ਇਕ ਬੰਦਾ

Original with;
Punjab Vidhan Sabha
Digitized by;
Panjab Digital Library

ਦੂਰੋਂ ਆ ਆ ਕੇ 17—17 ਵਾਰੀ ਹਮਲੇ ਕਰਦਾ ਰਿਹਾ ਅਤੇ ਇਸ ਦੇਸ਼ ਨੂੰ ਲੁਟਦਾ ਰਿਹਾ। History reapeats itself. Why ? Because the people repeat the mistakes.

ਗਜ਼ਨੀ ਕੰਧਾਰ ਤੇ ਕਾਬਲ ਤੋਂ ਚਲ ਕੇ ਇਥੇ ਆਇਆ ਅਤੇ 18 ਦਫਾ ਇਸ ਦੇਸ਼ ਨੂੰ ਲੁਟਿਆ। ਇਸ ਦੇਸ਼ ਵਿਚ ਵਸਣ ਵਾਲੇ 35 ਕਰੋੜ ਲੋਕਾਂ ਨੂੰ ਕਿਵੇਂ ਲੁਟ ਕੇ ਚਲਾ ਜਾਂਦਾ ਸੀ। ਇਹ ਕਿਉਂ ਹੁੰਦਾ ਰਿਹਾ, ਇਸ ਦਾ ਕਾਰਨ ਕੀ ਸੀ ? ਇਸ ਦਾ ਕਾਰਨ ਸੀ ਇਸ ਦੇਸ਼ ਦੀ ਡਿਸਯੂਨਿਟੀ ਅਤੇ ਫਿਰਕਾਪ੍ਰਸਤੀ। ਅੱਜ ਪਾਕਿਸਤਾਨ ਆਪਣੀ ਹੱਦ ਤੋਂ ਇਕ ਇੰਚ ਉਰੇ ਕਿਉਂ ਨਹੀਂ ਆ ਜਾਂਦਾ, ਕਿਉਂਕਿ ਇਸ ਵੇਲੇ ਯੂਨਿਟੀ ਹੈ। ਉਸ ਵੇਲੇ ਡਿਸਯੂਨਿਟੀ ਸੀ। ਅਮੀਰ ਗਰੀਬ ਨੂੰ ਨੇੜੇ ਨਹੀਂ ਸੀ ਲੱਗਣ ਦਿੰਦਾ ਅਤੇ ਹਿੰਦੂ ਹਰੀਜਨ ਨੂੰ ਨਹੀਂ ਸੀ ਨੇੜੇ ਲੱਗਣ ਦਿੰਦਾ। ਰਾਮਾਇਣ ਪੜ੍ਹਨ ਵਾਲਿਆਂ ਦਾ ਰਾਮ ਭੀਲਣੀ ਦੇ ਬੇਰ ਤਾਂ ਖਾਂਦਾ ਸੀ ਪਰ ਭੀਲਣੀ ਦੀ ਔਲਾਦ ਨੂੰ ਪਿੱਛੇ ਰੱਖਦਾ ਸੀ। ਵੰਡੀਆਂ ਪਈਆਂ ਹੋਈਆਂ ਸਨ। ਪਿਛੇ ਜਿਹੇ ਕੀ ਹਾਲਾਤ ਹੋ ਗਏ ਸਨ। ਅਗਰ ਐਮਰਜੰਸੀ ਨਾ ਲਗਦੀ ਤਾਂ ਕੀ ਹੁੰਦਾ ? ਮਹਾਰਾਜਾ ਰਣਜੀਤ ਸਿੰਘ ਨੇ ਦਿੱਲੀ ਤੇ ਝੰਡਾ ਲਹਿਰਾਇਆ ਸੀ ਅਤੇ ਫਿਰ ਕਿਉਂ ਉਤਾਰ ਦਿਤਾ ਗਿਆ। ਕੀ ਕੋਈ ਸਿੱਖ ਫੌਜ ਘੱਟ ਗਈ ਸੀ ? ਨਹੀਂ, ਲੋਕਾਂ ਵਿਚ ਡਿਸਯੂਨਿਟੀ ਸੀ। ਡਿਸਯੂਨਿਟੀ ਕਰਕੇ ਹੁਣ ਵੀ 26 ਜੂਨ ਤੋਂ ਪਹਿਲਾਂ ਦੇ ਹਾਲਾਤ ਕੀ ਹੋ ਗਏ ਸਨ। ਮੇਰੇ ਸਾਹਮਣੇ ਵਾਲੇ ਸੂਰਬੀਰ ਯੋਧੇ ਬੈਠੇ ਨਹੀਂ, ਉਨ੍ਹਾਂ ਦੇ ਜਨਰਲ ਸੈਕਟਰੀ ਨੇ ਕਹਿ ਦਿਤਾ ਸੀ ਕਿ ਮੈਂ ਸਿਖ ਹੋਮ ਲੈਂਡ ਦਾ ਨਾਅਰਾ ਲਾਉਣ ਲਗਾ ਹਾਂ। ਕਿਸੇ ਹੋਰ ਨੇ ਕਿਹਾ ਕਿ ਕਰੋ ਰਾਮ ਲੀਲਾ ਮੈਂ ਲਗਾ ਹਾਂ ਰਾਵਣ ਲੀਲਾ ਕਰਨ। ਕਿਸੇ ਨੇ ਕਿਹਾ ਕਿ ਮੈਂ ਲਗਾ ਹਾਂ 10 ਲੱਖ ਦਾ ਜਲੂਸ ਕੱਢਣ ਅਤੇ ਮੈਂ ਜਮਹੂਰੀਅਤ ਨਹੀਂ ਚੱਲਣ ਦਿਆਂਗਾ। ਸਾਡੀ ਪ੍ਰਾਈਮ ਮਨਿਸਟਰ ਦੇ ਪਾਸ ਐਸੇ ਹਾਲਾਤ ਵਿਚ ਹੋਰ ਕੀ ਚਾਰਾ ਸੀ। ਜਿਸ ਕੌਮ ਵਿਚ ਡਿਸਿਪਲਿਨ ਨਾ ਹੋਵੇ ਉਹ ਕੌਮ ਕਦੇ ਤਰੱਕੀ ਨਹੀਂ ਕਰ ਸਕਦੀ। ਮੁਲਕ ਵਿਚ ਐਮਰਜੰਸੀ ਲਾਉਣੀ ਪਈ। ਕਾਰਖਾਨਿਆਂ ਵਿਚ ਜਿਹੜੀਆਂ ਹੜਤਾਲਾਂ ਹੁੰਦੀਆਂ ਸਨ ਉਹ ਬੰਦ ਹੋ ਗਈਆਂ। ਫਿਰਕਾ-ਪ੍ਰਸਤੀ ਅਤੇ ਸਰਮਾਇਆਪ੍ਰਸਤੀ ਦਾ, ਸਾਰਾ ਨਹੀਂ, ਥੋੜ੍ਹਾ ਥੋੜ੍ਹਾ ਸਿਰ ਕੁਚਲਿਆ ਗਿਆ। ਸੀ. ਆਈ. ਏ. ਉਨ੍ਹਾਂ ਦੇ ਪਿਛੇ ਬੈਠੀ ਸੀ। ਸਪੀਕਰ ਸਾਹਿਬ, ਮੈਂ ਤੁਹਾਡੀ ਅਤੇ ਹਾਉਸ ਦੀ ਤਵੱਜੋ ਦਿਲਾਉਣੀ ਚਾਹੁੰਦਾ ਹਾਂ ਕਿ ਬੰਗਲਾ ਦੇਸ਼ ਵਿਚ 14 ਅਗਸਤ ਨੂੰ ਜਿਹੜਾ ਲੋਕਾਂ ਦੇ ਮਹਿਬੂਬ ਨੇਤਾ ਮੁਜੀਬ ਤੇ ਹਮਲਾ ਹੋਇਆ ਸੀ ਅਤੇ ਉਸ ਨੂੰ ਸਣੇ ਪਰਿਵਾਰ ਕਤਲ ਕਰ ਦਿਤਾ ਗਿਆ। ਹੁਣ ਲੱਭ ਲੈਣ ਆਪਣੇ ਮਹਿਬੂਬ ਲੀਡਰ ਨੂੰ। (ਵਿਘਨ)

**ਸ੍ਰੀ ਸਪੀਕਰ** : ਚੌਧਰੀ ਸਾਹਿਬ, ਤੁਸੀਂ 5 ਮਿੰਟਾਂ ਵਿਚ ਮੁਕਾ ਦਿਓ। 15 ਮਿੰਟ ਤੁਸੀਂ ਅੱਗੇ ਲੈ ਚੁਕੇ ਹੋ। ਤੁਹਾਡੀ ਪਾਰਟੀ ਦੇ ਹੋਰ ਵੀ 2-3 ਮੈਂਬਰ ਸਾਹਿਬਾਨ ਦੇ ਨਾਮ ਹਨ ਉਨ੍ਹਾਂ ਨੇ ਵੀ ਬੋਲਣਾ ਹੈ। ਅਗਰ ਉਹ ਨਾ ਬੋਲਣ ਤਾਂ ਤੁਸੀਂ ਉਨ੍ਹਾਂ ਦਾ ਟਾਈਮ ਲੈ ਸਕਦੇ ਹੋ।

**ਆਵਾਜ਼ਾਂ** : ਠੀਕ ਹੈ ਜੀ, ਇਨ੍ਹਾਂ ਨੂੰ ਬੋਲਣ ਦਿਉ।

Original with;
Punjab Vidhan Sabha
Digitized by;
Panjab Digital Library

**ਚੌਧਰੀ ਦਰਸ਼ਨ ਸਿੰਘ** : ਸਪੀਕਰ ਸਾਹਿਬ, ਮੈਂ 10 ਮਿੰਟਾਂ ਵਿਚ ਹੀ ਖਤਮ ਕਰ ਦਿਆਂਗਾ।

ਸਪੀਕਰ ਸਾਹਿਬ, ਖੁਦਾ ਨਾ ਕਰੇ ਅਗਰ ਜਿਸ ਤਰ੍ਹਾਂ ਬੰਗਲਾ ਦੇਸ਼ ਵਿਚ ਹਾਲਾਤ ਹੋਏ ਸੀ, ਅਗਰ ਐਮਰਜੰਸੀ ਲਾਗੂ ਨਾ ਹੁੰਦੀ ਤਾਂ ਸ਼ਾਇਦ ਹਿੰਦੁਸਤਾਨ ਵਿਚ ਵੀ ਉਹੋ ਜਿਹੇ ਹਾਲਾਤ ਹੋ ਜਾਂਦੇ। ਇਥੇ ਦੀਆਂ ਗਲੀਆਂ ਵਿਚ ਖੂਨ ਖਰਾਬੇ ਹੋਣੇ ਸੀ।

'ਹਜ਼ਾਰੋਂ ਸਾਲ ਨਰਗਸ ਅਪਨੀ ਬੇਨੂਰੀ ਪੇ ਰੋਤੀ ਹੈ।'
ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।

ਇਹ ਜਿਹੜੇ ਦੋ ਹਜ਼ਾਰ ਸਾਲ ਲੰਘੇ ਹਨ ਗੁਲਾਮੀ ਦੇ ਸੌਖੇ ਨਹੀਂ ਗੁਜ਼ਰੇ। 250 ਸਾਲ ਅੰਗਰੇਜ਼ ਰਾਜ ਕਰਦਾ ਗਿਆ ਹੈ। ਇਸ ਦਾ ਕਾਰਨ ਕੀ ਹੈ ? ਕਿਉਂਕਿ ਇਸ ਦੇਸ਼ ਦੇ ਲੋਕ ਆਪਸ ਵਿਚ ਵੰਡੇ ਹੋਏ ਸਨ। ਕਰੈਡਿਟ ਜਾਂਦਾ ਹੈ ਡਾਕਟਰ ਜ਼ੈਲ ਸਿੰਘ ਜੀ ਦੀ ਸਰਕਾਰ ਨੂੰ, ਨਹੀਂ ਤੇ ਕੌਣ ਜਾਣਦਾ ਸੀ ਗੁਰੂ ਤੇਗ ਬਹਾਦੁਰ ਨੂੰ ਦੁਨੀਆ ਭਰ ਵਿਚ। ਅਕਾਲੀਆਂ ਨੇ ਕਹਿ ਦਿਤਾ ਸੀ ਕਿ ਉਹ ਸਾਡੇ ਸਿੱਖਾਂ ਦਾ ਲੀਡਰ ਸੀ। ਅੱਜ ਉਹ ਨੈਸ਼ਨਲ ਨਹੀਂ ਇੰਟਰਨੈਸ਼ਨਲ ਫਿਗਰ ਬਣ ਚੁਕਾ ਹੈ। ਗਿਆਨੀ ਜ਼ੈਲ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਜੀ ਦੀ ਟਰਾਈਸੈਂਟੀਨਰੀ ਮਨਾਉਣ ਦਾ ਐਲਾਨ ਕੀਤਾ ਹੈ ਅਤੇ ਯੂਨੈਸਕੋ ਵਿਚ ਵੀ ਮਨਾਈ ਜਾ ਰਹੀ ਹੈ। ਮੈਂ ਕਹਿੰਦਾ ਹਾਂ ਕਿ ਉਹ ਇਕੱਲੇ ਸਿੱਖਾਂ ਵਾਸਤੇ ਨਹੀਂ, ਉਹ ਅਸੂਲ ਵਾਸਤੇ ਸ਼ਹੀਦ ਹੋਏ ਸਨ। ਮੈਂ ਕਹਿੰਦਾ ਹਾਂ ਕਿ ਅਗਰ ਨਿਮਾਜ਼ ਤੇ ਪਾਬੰਦੀ ਲਗਦੀ ਤਾਂ ਉਨ੍ਹਾਂ ਨੇ ਉਸੇ ਤਰ੍ਹਾਂ ਕਰਨਾ ਸੀ ਜਿਸ ਤਰ੍ਹਾਂ ਉਨ੍ਹਾਂ ਨੇ ਆਪਣਾ ਬਲੀਦਾਨ ਦਿਤਾ। ਉਦੋਂ ਉਨ੍ਹਾਂ ਨੂੰ ਮੰਦਿਰ ਵਿਚ ਨਹੀਂ ਸੀ ਵੜਨ ਦਿਤਾ ਅਤੇ ਅੱਜ ਜਿਹੜੇ ਮਸੰਦ ਬਣੇ ਬੈਠੇ ਹਨ ਗੁਰੂ ਤੇਗ ਬਹਾਦਰ ਸਾਹਿਬ ਨੂੰ ਇਨ੍ਹਾਂ ਵਰਗਿਆਂ ਨੇ ਕੀਰਤਪੁਰ ਸਾਹਿਬ ਵਿਚ ਵੜਨ ਨਹੀਂ ਸੀ ਦਿਤਾ। ਇਕ ਪਾਸੇ ਸੀ ਉਹ ਖੁਦਾਪ੍ਰਸਤ ਅਤੇ ਦੂਜੇ ਪਾਸੇ ਕੌਣ ਸੀ ? ਦੂਜੇ ਪਾਸੇ ਸੀ ਫਿਰਕਾਪ੍ਰਸਤ ਔਰੰਗਜ਼ੇਬ। ਉਸ ਦੀ ਸੈਂਟੀਨਰੀ ਮਨਾਉਂਦਾ ਹੈ ਕੋਈ ? ਅੱਜ ਸਾਰਾ ਲਿਟਰੇਚਰ ਅਤੇ ਕਿਤਾਬਾਂ ਵੰਡੀਆਂ ਜਾ ਰਹੀਆਂ ਹਨ, ਫਰੀਦ ਨੂੰ ਯਾਦ ਕਰਨ ਵਾਲੇ ਦੀਆਂ ਅਤੇ ਕਬੀਰ ਦੇ ਦੋਹੇ ਪੜ੍ਹਨ ਵਾਲੇ ਦੀਆਂ। ਪਰ ਉਸ ਵੇਲੇ ਜੋ ਬਾਦਸ਼ਾਹ ਸੀ, ਕਿਥੇ ਕਬਰਾਂ ਹਨ ਉਸ ਦੀਆਂ? ਖੁਦਾਪ੍ਰਸਤੀ ਅੱਗੇ ਸਿਰ ਝੁਕਦੇ ਹਨ ਨਾ ਕਿ ਫਿਰਕਾਪ੍ਰਸਤੀ ਅੱਗੇ। ਸਪੀਕਰ ਸਾਹਿਬ, ਉਹੀ ਫਿਰਕਾਪ੍ਰਸਤੀ ਅੱਜ ਫਿਰ ਹਿੰਦੁਸਤਾਨ ਵਿਚ ਸਿਰ ਉਠਾਉਣਾ ਚਾਹੁੰਦੀ ਹੈ ਅਤੇ ਕਹਿੰਦੇ ਹਨ ਕਿ ਹਿੰਦੂਆਂ ਦੇ ਨਾਮ ਤੇ ਰਾਜ ਕਰਨਾ ਹੈ ਹਿੰਦੁਸਤਾਨ ਵਿਚ। ਮਹਾਤਮਾ ਗਾਂਧੀ ਜੀ ਨੇ ਕਿਹਾ ਸੀ :

India shall be divided on my body when I shall be dead.

ਫਿਰਕਾਪ੍ਰਸਤੀ ਨੂੰ ਜੜ੍ਹੋਂ ਉਖਾੜਨਾ ਹੈ। ਸਪੀਕਰ ਸਾਹਿਬ, ਉਹ ਲੰਡਨ ਦੇ ਬੈਰਿਸਟਰ ਸਨ, ਜਨਾਬ ਵੀ ਉਥੋਂ ਹੋਕੇ ਆਏ ਹਨ, ਵੀਰ ਸਾਵਰਕਰ, ਪਟੇਲ ਸਾਹਿਬ ਅਤੇ ਪੰਡਿਤ ਜਵਾਹਰ ਲਾਲ ਨਹਿਰੂ ਨੇ ਵੀ ਉਥੋਂ ਹੀ ਬੈਰਿਸਟਰੀ ਕੀਤੀ ਸੀ। ਲੇਕਿਨ ਐਸੀਆਂ ਕੁਆਲਿਟੀਜ਼ ਕਿਸੇ ਕਿਸੇ ਵਿਚ ਹੁੰਦੀਆਂ ਹਨ। ਵੀਰ ਸਾਵਰਕਰ ਮਹਾਂ ਸਭਾ ਵਿਚ ਜਾ ਵੜਿਆ ਸੀ ਮੁਸਲਮਾਨਾਂ ਦੀ ਖਾਤਰ। ਫਿਰਕਾਪ੍ਰਸਤੀ ਨੇ ਹਿੰਦੁਸਤਾਨ ਨੂੰ ਵੰਡਿਆ ਅਤੇ ਹੁਣ ਪੰਜਾਬ ਨੂੰ ਵੰਡਿਆ ਜਾ ਰਿਹਾ ਹੈ, ਪਤਾ ਨਹੀਂ ਇਸ ਨੇ ਕਿਸ ਕਿਸ ਨੂੰ ਵੰਡਣਾ ਸੀ। ਫਿਰਕਾਪ੍ਰਸਤੀ ਦੇ ਨਾਮ ਤੇ ਬਣਨ ਵਾਲੀਆਂ ਕੌਮਾਂ ਨਹੀਂ ਰਹਿ ਸਕਦੀਆਂ। ਪਾਕਿਸਤਾਨ ਫਿਰਕਾਪ੍ਰਸਤੀ ਦੇ

Original with;
Punjab Vidhan Sabha
Digitized by;
Panjab Digital Library

ਆਧਾਰ ਤੇ ਬਣਿਆ ਸੀ । ਉਹ ਸਾਨੂੰ ਸਾਰਿਆਂ ਨੂੰ ਕਾਫਰ ਕਹਿੰਦੇ ਸੀ । ਉਸੇ ਫਿਰਕਾਪ੍ਰਸਤੀ ਕਾਰਣ ਬੰਗਲਾ ਦੇਸ਼ ਚਲਾ ਗਿਆ, ਵੈਸਟ ਪਾਕਿਸਤਾਨ ਵਿਚ ਰੌਲਾ ਪਿਆ ਹੋਇਆ ਹੈ। ਮਰਨ ਵਾਲਾ ਵੀ ਅਲਾਹ-ਹੂ ਅਕਬਰ ਕਹਿੰਦਾ ਹੈ ਅਤੇ ਮਾਰਨ ਵਾਲਾ ਵੀ ਅਲਾਹ-ਹੂ-ਅਕਬਰ ਕਹਿੰਦਾ ਹੈ।

ਸਪੀਕਰ ਸਾਹਿਬ, ਮੈਂ ਮੰਨਦਾ ਹਾਂ ਕਿ ਦੇਸ਼ ਵਿੱਚ ਅੱਜ ਵੀ ਸਮਗਲਰ ਹਨ, ਬਲੈਕਮਾਰਕੀਟੀਏ ਹਨ ਜਿਹੜੇ ਕਿ ਦੇਸ਼ ਦੀ ਇਕਾਨੋਮੀ ਨੂੰ ਕੰਟਰੋਲ ਕਰ ਰਹੇ ਹਨ । ਅੱਜ ਵੀ 16, 16 ਕਰੋੜ ਰੁਪਏ ਲੋਕੀਂ ਡਿਸਕਲੋਜ਼ ਕਰ ਰਹੇ ਹਨ । ਲੇਕਿਨ ਦੇਸ਼ ਦੀ ਯੂਨਿਟੀ ਨੂੰ ਬਰਕਰਾਰ ਰਖਣ ਵਾਸਤੇ ਇਕ ਮਜ਼ਬੂਤ ਪਾਰਟੀ ਅਤੇ ਮਜ਼ਬੂਤ ਲੀਡਰਸ਼ਿਪ ਦੀ ਲੋੜ ਹੈ। ਇਹ ਜਿਹੜਾ ਪ੍ਰਾਈਮ ਮਨਿਸਟਰ ਦਾ 20-ਨੁਕਾਤੀ ਪਰੋਗਰਾਮ ਹੈ ਇਹ ਕਦੇ ਵੀ ਸਿਰੇ ਨਹੀਂ ਚੜ੍ਹਨਾ ਜਦੋਂ ਤਕ ਦੇਸ਼ ਦੇ ਵਿਚੋਂ ਫਿਰਕਾਪ੍ਰੱਸਤੀ ਨੂੰ ਕੁਚਲਿਆ ਨਹੀਂ ਜਾਂਦਾ । 1964 ਵਿੱਚ ਵਾਂਚੂ ਕਮਿਸ਼ਨ ਨੇ ਰਿਪੋਰਟ ਦਿੱਤੀ ਸੀ ਕਿ ਇਸ ਦੇਸ਼ ਵਿੱਚ 3,000 ਕਰੋੜ ਰੁਪਿਆ ਬਲੈਕ ਮਨੀ ਦਾ ਹੈ । ਉਸ ਨੇ ਪੈਰੇਲਲ ਇਕਾਨੋਮੀ ਦਾ ਲਫਜ਼ ਨਹੀਂ ਸੀ ਵਰਤਿਆ । ਉਸ ਨੇ ਇਸ ਨੂੰ ਪਾਲਿਊਟਡ ਮਨੀ, ਗੰਦੀ ਤੇ ਗਲੀਜ਼ ਮਨੀ ਕਿਹਾ ਸੀ । ਇਸ ਦੇਸ਼ ਵਿੱਚ ਇਕ ਪਾਸੇ ਤਾਂ ਉਹ ਲੋਕ ਹਨ ਜਿਨ੍ਹਾਂ ਦੀ ਜੇਬ ਵਿੱਚ 10 ਪੈਸੇ ਵੀ ਨਹੀਂ ਹਨ ਅਤੇ ਦੂਜੇ ਪਾਸੇ ਉਹ ਆਦਮੀ ਵੀ ਹਨ ਜਿਨ੍ਹਾਂ ਦੀ ਜੇਬ ਵਿੱਚ 10,000 ਰੁਪਏ ਹਨ ਅਤੇ ਦੋਨੋਂ ਹੀ ਚੀਜ਼ ਦੇ ਖ਼ਰੀਦਦਾਰ ਹਨ । ਜਿਤਨੀ ਦੇਰ ਤਕ ਇਸ ਦੇਸ਼ ਵਿਚੋਂ ਬਲੈਕ ਮਨੀ ਅਤੇ ਸਮੱਗਲਡ ਮਨੀ ਨੂੰ ਕਢਿਆ ਨਹੀਂ ਜਾਂਦਾ, ਇਸ ਦੇਸ਼ ਦੀ ਯੂਨਿਟੀ ਬਰਕਰਾਰ ਨਹੀਂ ਰਹਿ ਸਕਦੀ। ਦੇਸ਼ ਵਿਚੋਂ ਕੁਰੱਪਟ ਆਦਮੀਆਂ ਨੂੰ ਕੱਢਿਆ ਜਾਵੇ । ਦੇਸ਼ ਦੇ ਵਿੱਚ ਜਿਹੜੇ ਹਰੀਜਨ, ਗਰੀਬ ਕਿਸਾਨ ਤੇ ਮਜ਼ਦੂਰ ਹਨ ਉਨ੍ਹਾਂ ਦੇ ਮਨ ਵਿੱਚ ਜਿਤਨਾ ਚਿਰ ਇਹ ਅਹਿਸਾਸ ਨਹੀਂ ਹੁੰਦਾ ਕਿ ਅਸੀਂ ਹਿੰਦੁਸਤਾਨ ਦੇ ਵਾਸੀ ਹਾਂ ਅਤੇ ਇਸ ਦੀ ਦੌਲਤ ਦੇ ਬਰਾਬਰ ਵਾਰਸ ਹਾਂ, ਉਤਨੀ ਦੇਰ ਤਕ ਦੇਸ਼ ਦੀ ਜਮਹੂਰੀਅਤ ਅਤੇ ਏਕਤਾ ਬਰਕਰਾਰ ਨਹੀਂ ਰਹਿ ਸਕਦੀ । ਤੁਹਾਨੂੰ ਪਤਾ ਹੈ ਕਿ ਦਿੱਲੀ ਵਿੱਚ ਕੀ ਹੋਇਆ, ਬੰਗਲਾ ਦੇਸ਼ ਵਿੱਚ ਕੀ ਹੋਇਆ, ਇਹੀ ਕੁਝ ਹਿੰਦੁਸਤਾਨ ਵਿੱਚ ਹੋਣਾ ਸੀ । ਮੈਂ ਇਕਬਾਲ ਦਾ ਇਕ ਸ਼ੇਅਰ ਕਹਿ ਕੇ ਖਤਮ ਕਰਦਾ ਹਾਂ :

"ਹੋਸ਼ ਕਰ ਐ ਉਕਾਬ ਮੁਸੀਬਤ ਆਨੇ ਵਾਲੀ ਹੈ,
ਤੇਰੀ ਬਰਬਾਦੀ ਕੇ ਚਰਚੇ ਹੈਂ ਆਸਮਾਨੋਂ ਮੇਂ,
ਨਾ ਸਮਝੋਗੇ ਤੋ ਮਿੱਟ ਜਾਓਗੇ ਐ ਹਿੰਦੁਸਤਾਂ ਵਾਲੋ,
ਤੁਮਹਾਰੀ ਦਾਸਤਾਂ ਤਕ ਭੀ ਨਾ ਹੋਗੀ ਦਾਸਤਾਨੋਂ ਮੇਂ ।"

ਜਦੋਂ ਤੱਕ ਹਿੰਦੁਸਤਾਨ ਵਿੱਚ ਵਸਣ ਵਾਲੇ ਅਮੀਰ ਤੇ ਗਰੀਬ ਦੇ ਵਿਚਕਾਰ ਜਿਹੜਾ ਫਰਕ ਹੈ, ਇਹ ਨਹੀਂ ਘਟਾਇਆ ਜਾਂਦਾ, ਤਾਂ ਦੇਸ਼ ਦੀ ਯੂਨਿਟੀ ਖਤਰੇ ਵਿੱਚ ਰਹੇਗੀ । ਮੈਂ ਗਿਆਨੀ ਜ਼ੈਲ ਸਿੰਘ ਜੀ ਨੂੰ ਕਹਾਂਗਾ ਕਿ ਠੀਕ ਹੈ ਤੁਸੀਂ ਗਰੀਬ ਕਿਸਾਨ ਅਤੇ ਬੇਘਰਿਆਂ ਨੂੰ ਘਰ ਦਿੱਤੇ ਹਨ, ਬੇਜ਼ਮੀਨਿਆਂ ਨੂੰ ਜ਼ਮੀਨ ਵੰਡਣ ਦਾ ਪੂਰਾ ਯਤਨ ਕੀਤਾ ਹੈ । ਸ਼ਹੀਦਾਂ ਦਾ ਤੁਸੀਂ ਸਤਿਕਾਰ ਕੀਤਾ ਹੈ । ਸਰਦਾਰ ਉਧਮ ਸਿੰਘ ਜੀ ਦੀਆਂ ਅਸਥੀਆਂ ਲਿਆਂਦੀਆਂ । ਪਤਾ ਨਹੀਂ ਉਥੇ ਸਾਡਾ ਕੀ ਕੀ ਦਬਿਆ ਪਿਆ ਹੈ । ਮਹਾਰਾਜਾ ਰਣਜੀਤ ਸਿੰਘ ਦਾ ਕੋਹਿਨੂਰ ਹੀਰਾ, ਮਹਾਰਾਜਾ ਦਲੀਪ ਸਿੰਘ ਉਥੇ ਦਬਿਆ ਪਿਆ ਹੈ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਕਲਗੀ ਉਥੇ ਦਬੀ ਹੈ । ਪਤਾ ਨਹੀਂ ਹੋਰ ਕੀ ਕੀ ਚੀਜ਼ਾਂ ਸਾਡੀਆਂ ਇਥੋਂ ਅੰਗਰੇਜ਼ ਲੈ ਗਏ ਸਨ । ਦੇਸ਼ ਦੀ ਏਕਤਾ ਨੂੰ ਬਰਕਰਾਰ ਰੱਖਣ ਵਾਸਤੇ ਦੇਸ਼ ਦੇ ਵਿੱਚ ਵਸਣ ਵਾਲੀ 60

Original with;
Punjab Vidhan Sabha
Digitized by;
Panjab Digital Library

[ਚੌਧਰੀ ਦਰਸ਼ਨ ਸਿੰਘ]

ਕਰੋੜ ਜਨਤਾ ਨੂੰ ਇਹ ਅਹਿਸਾਸ ਕਰਾਉਣਾ ਜ਼ਰੂਰੀ ਹੈ ਕਿ ਤੁਸੀਂ ਇਸ ਦੇਸ਼ ਦੀ ਦੌਲਤ ਦੇ ਬਰਾਬਰ ਵਾਰਸ ਹੋ ਅਤੇ ਕੋਈ ਇਥੇ ਵੱਡਾ ਨਹੀਂ ਤੇ ਕੋਈ ਛੋਟਾ ਨਹੀਂ। ਇਤਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਸ੍ਰੀ ਸਪੀਕਰ** : 12.00 ਵਜੇ ਗਿਲੋਟੀਨ ਐਪਲਾਈ ਕਰਨੀ ਹੈ, ਸ਼ਰਮਾ ਜੀ ਨੇ ਵੀ ਬੋਲਣਾ ਹੈ। ਮਾਸਟਰ ਚੰਦ ਸਿੰਘ ਜੀ, ਤੁਸੀਂ ਪੰਜ ਮਿੰਟਾਂ ਵਿੱਚ ਆਪਣੀ ਸਪੀਚ ਖਤਮ ਕਰੋ।

**ਮਾਸਟਰ ਚੰਦ ਸਿੰਘ (ਸ਼ੇਰਪੁਰ ਐਸ. ਸੀ.)**: ਸਪੀਕਰ ਸਾਹਿਬ, ਇਹ ਜਿਹੜੀਆਂ 1975-76 ਦੀਆਂ 40.56 ਕਰੋੜ ਰੁਪਏ ਦੀਆਂ ਸਪਲੀਮੈਂਟਰੀ ਡਿਮਾਂਡਜ਼ ਹਨ, ਇਨ੍ਹਾਂ ਵਿਚ ਜਿਥੇ ਪੈਸੇ ਜ਼ਿਆਦਾ ਖਰਚ ਕਰਨ ਦੀ ਜ਼ਰੂਰਤ ਸੀ ਉਥੇ ਘੱਟ ਕੀਤੇ ਗਏ ਹਨ ਅਤੇ ਕਈ ਥਾਵਾਂ ਤੇ ਬੇਲੋੜੇ ਖਰਚ ਕੀਤੇ ਹਨ। ਜਿਸ ਤਰ੍ਹਾਂ ਐਮਰਜੰਸੀ ਇਨ੍ਹਾਂ ਨੇ ਲਾਈ ਹੈ ਅਤੇ ਉਸ ਤੇ ਖਰਚ ਕਰਨ ਲਈ ਐਮਰਜੰਸੀ ਦੇ ਦੌਰਾਨ ਮਜ਼ਦੂਰ, ਕਿਸਾਨ ਤੇ ਮੁਲਾਜ਼ਮ ਤੇ ਸਖਤੀ ਕਰਨ ਲਈ, ਫੈਕਟਰੀਆਂ ਵਿੱਚ ਛਾਂਟੀਆਂ ਤੇ ਬੰਦੀਆਂ ਕਰਨ ਲਈ ਅਤੇ ਇਨ੍ਹਾਂ ਚੀਜ਼ਾਂ ਦਾ ਪ੍ਰਚਾਰ ਕਰੋਨ ਵਾਸਤੇ ਇਨ੍ਹਾਂ ਨੇ ਹੋਰ ਪੈਸੇ ਮੰਗੇ ਹਨ; ਇਹ ਘੱਟ ਹੋਣੇ ਚਾਹੀਦੇ ਹਨ। ਇਕ ਰਾੜੇਵਾਲਾ ਕਾਲਜ ਹੈ। ਇਸ ਕਾਲਜ ਵਿੱਚ ਐਮਰਜੰਸੀ ਦੇ ਦੌਰਾਨ ਇਕ ਲੜਕੀ ਨੂੰ ਉਥੋਂ ਦੇ ਪ੍ਰਿੰਸੀਪਲ, ਉਸ ਲੜਕੀ ਦੇ ਭਰਾ ਤੇ ਕੁਝ ਗੁੰਡਿਆਂ ਨੇ ਮਿਲ ਕੇ ਕਤਲ ਕਰ ਦਿੱਤਾ।

**ਸ੍ਰੀ ਸਪੀਕਰ** : ਇਹ ਕਿਹੜੀ ਡੀਮਾਂਡ ਹੈ ?

**ਮਾਸਟਰ ਚੰਦ ਸਿੰਘ** : ਐਮਰਜੰਸੀ ਦੇ ਦੌਰਾਨ ਜਿਹੜਾ ਪੈਸਾ ਖਰਚ ਕੀਤਾ ਹੈ, ਉਸ ਤੇ ਹੀ ਮੈਂ ਬੋਲ ਰਿਹਾ ਹਾਂ। ਉਥੇ ਲੜਕਿਆਂ ਨੇ ਹੜਤਾਲ ਕਰ ਦਿੱਤੀ। ਫਿਰ ਜਾ ਕੇ ਉਹ ਕੇਸ ਠੀਕ ਹੋਇਆ। ਐਮਰਜੰਸੀ ਦੇ ਦੌਰਾਨ ਇਸ ਤਰ੍ਹਾਂ ਦੇ ਕੇਸ ਹੋਏ ਹਨ।

**ਸਰਦਾਰ ਬੇਅੰਤ ਸਿੰਘ** : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਨੂੰ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਉਹ ਕਾਲਜ ਮੇਰੇ ਹਲਕੇ ਵਿਚ ਆਉਂਦਾ ਹੈ। ਉਸਦੇ ਵਿੱਚ ਕਿਸੇ ਵੀ ਗੁੰਡੇ ਦਾ ਹੱਥ ਨਹੀਂ ਸੀ। ਘਰੋਗੀ ਹਾਲਤ ਕਰਕੇ ਉਸਦੇ ਭਰਾ ਨੇ ਉਸਨੂੰ ਕਤਲ ਕਰ ਦਿਤਾ। ਉਸਦਾ ਚਾਲਾਨ ਹੋ ਚੁਕਿਆ ਹੈ।

**ਸ੍ਰੀ ਸਪੀਕਰ** : ਮਾਸਟਰ ਚੰਦ ਸਿੰਘ ਜੀ, ਇਹ ਮਾਮਲਾ ਸਬਜੁਡਿਸ ਹੈ। ਇਸ ਲਈ ਇਸ ਤੇ ਡਿਸਕਸ਼ਨ ਨਾ ਕਰੋ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਜਿਹੜਾ 8 ਰੁਪਏ ਕੁਇੰਟਲ ਦੇ ਹਿਸਾਬ ਨਾਲ ਬੋਨਸ ਕਿਸਾਨ ਨੂੰ ਦਿਤਾ ਹੈ, ਇਹ ਵੀ ਬਹੁਤ ਘੱਟ ਹੈ। ਇਹ ਇਨ੍ਹਾਂ ਨੇ ਕਿਸਾਨ ਨੂੰ ਖਾਦ ਦੇ ਰੂਪ ਵਿੱਚ ਦਿਤਾ ਹੈ। ਇਹ ਜਿਹੜੀ ਖਾਦ ਦਿਤੀ ਹੈ ਇਹ ਬਹੁਤ ਹੀ ਘਟੀਆ ਅਤੇ ਮਿਲਾਵਟ ਵਾਲੀ ਸੀ। ਗਰੀਬ ਕਿਸਾਨ ਤਾਂ ਵੈਸੇ ਹੀ ਇਸ ਤੋਂ ਫਾਇਦਾ ਨਹੀਂ ਉਠਾ ਸਕਦਾ। ਉਸਦੀ ਤਾਂ ਫਸਲ ਹੀ ਚਾਰ ਪੰਜ ਕੁਇੰਟਲ ਹੁੰਦੀ ਹੈ। ਉਸਦਾ ਸੌ ਰੁਪਿਆ ਪੂਰਾ ਬੋਨਸ ਬਣਦਾ ਨਹੀਂ ਅਤੇ ਉਸ ਨੂੰ ਕੋਲੋਂ ਪੈਸੇ ਪਾਉਣੇ ਪੈਂਦੇ ਹਨ। ਬੋਨਸ ਕਿਸਾਨ ਨੂੰ ਨਕਦ ਰੂਪ ਵਿੱਚ ਦਿਤਾ ਜਾਵੇ ਅਤੇ ਇਹ ਹੋਰ ਵਧਾਇਆ ਜਾਵੇ ਤਾਂ ਕਿ ਕਿਸਾਨ ਦਾ ਕੁਝ ਫਾਇਦਾ ਵੀ ਹੋਵੇ।

Original with;
Punjab Vidhan Sabha
Digitized by;
Panjab Digital Library

ਹੁਣ ਮੈਂ ਫਲੱਡਜ਼ ਬਾਰੇ ਗੱਲ ਕਰਦਾ ਹਾਂ । ਇਹ ਚਾਹੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਆਉਣ ਜਾਂ ਗੁਰਦਾਸਪੁਰ ਜ਼ਿਲ੍ਹੇ ਵਿੱਚ ਆਉਣ, ਜਿਹੜੇ ਲੋਕਾਂ ਦੇ ਘਰ, ਪਸ਼ੂ, ਮਾਲ ਅਤੇ ਫਸਲਾਂ ਤਬਾਹ ਹੋ ਗਈਆਂ ਹਨ, ਇਹ ਬੜਾ ਅਫਸੋਸਨਾਕ ਹੈ। ਪਰ ਜਿਹੜੀ ਮੁਆਵਜ਼ਾ ਦੇਣ ਲਈ ਰਕਮ ਰਖੀ ਗਈ ਹੈ ਇਹ ਬਹੁਤ ਘੱਟ ਹੈ। ਪਿਛਲੀ ਜੰਗ ਦੇ ਦੌਰਾਨ ਬਾਰਡਰ ਏਰੀਏ ਦੇ ਲੋਕਾਂ ਵਾਸਤੇ ਮੁਆਵਜੇ ਵਜੋਂ ਰਕਮ ਰੱਖੀ ਗਈ ਸੀ । ਉਦੋਂ ਕਈ ਪ੍ਰਵਾਰਾਂ ਦਾ, ਡੰਗਰਾਂ ਦਾ ਅਤੇ ਫਸਲਾਂ ਦਾ ਨੁਕਸਾਨ ਹੋਇਆ ਸੀ ਪਰ ਉਨ੍ਹਾਂ ਨੂੰ ਅੱਜ ਤੱਕ ਮੁਆਵਜ਼ਾ ਨਹੀਂ ਮਿਲਿਆ, ਇਹ ਮਿਲਣਾ ਚਾਹੀਦਾ ਹੈ । ਇਸ ਦੇ ਵਿੱਚ ਬੜੀ ਹੇਰਾ ਫੇਰੀ ਹੁੰਦੀ ਹੈ । ਬਹੁਤ ਪੈਸਾ ਅਫਸਰ ਇਸਦੇ ਵਿਚੋਂ ਖਾ ਗਏ । ਹੜ੍ਹਾਂ ਕਾਰਣ ਜਿਥੇ ਵੀ ਕਿਸੇ ਦਾ ਨੁਕਸਾਨ ਹੋਇਆ ਹੈ, ਚਾਹੇ ਉਹ ਕਿਸੇ ਵੀ ਜ਼ਿਲ੍ਹੇ ਦਾ ਹੋਵੇ, ਉਸ ਦੀ ਫਸਲ ਤਬਾਹ ਹੋ ਗਈ ਹੋਵੇ, ਜਾਂ ਘਰ ਤਬਾਹ ਹੋ ਗਿਆ ਹੋਵੇ, ਉਸ ਨੂੰ ਮੁਆਵਜ਼ਾ ਮਿਲਣਾ ਚਾਹੀਦਾ ਹੈ ਤਾਂ ਕਿ ਉਹ ਮੁੜ ਆਪਣਾ ਘਰ ਵਸਾ ਸਕਣ ਅਤੇ ਕੰਮ ਕਰਨ ਲਾਇਕ ਬਣ ਸਕਣ । ਇਸ ਦੇ ਲਈ ਜਿਹੜਾ 60% ਦਾ ਫਾਰਮੂਲਾ ਬਣਾਇਆ ਹੈ, ਇਹ ਠੀਕ ਨਹੀਂ । ਇਸ ਦੇ ਨਾਲ ਬਹੁਤ ਘੱਟ ਲੋਕ ਕਵਰ ਹੋਣਗੇ ਅਤੇ ਬਹੁਤ ਗਰੀਬ ਲੋਕ ਰਹਿ ਜਾਣਗੇ ਅਤੇ ਉਹਨਾਂ ਨੂੰ ਘਾਟਾ ਹੋਵੇਗਾ । ਜਿਹਨਾਂ ਦਾ ਨੁਕਸਾਨ ਹੋਇਆ ਹੈ, ਉਹ ਪੂਰਾ ਕਰਨਾ ਚਾਹੀਦਾ ਹੈ । ਮੈਂ ਸਰਕਾਰ ਨੂੰ ਇਹ ਅਪੀਲ ਕਰਨਾ ਚਾਹੁੰਦਾ ਹਾਂ ।

ਸਪੀਕਰ ਸਾਹਿਬ, ਥੀਨ ਡੈਮ ਬਾਰੇ ਸੀ.ਐਮ. ਸਾਹਿਬ ਨੇ ਜੇ.ਐਂਡ ਕੇ. ਦੇ ਮੁੱਖ ਮੰਤਰੀ ਨਾਲ ਗੱਲ ਬਾਤ ਕਰ ਲਈ ਹੈ । ਮੈਂ ਬੇਨਤੀ ਕਰਾਂਗਾ ਕਿ ਹਿਮਾਚਲ ਦੇ ਮੁੱਖ ਮੰਤਰੀ ਨਾਲ ਵੀ ਗੱਲ ਬਾਤ ਕਰਕੇ ਇਸ ਨੂੰ ਛੇਤੀ ਤੋਂ ਛੇਤੀ ਨੇਪਰੇ ਚਾੜ੍ਹਿਆ ਜਾਵੇ । ਇਸ ਨਾਲ ਜਿਨ੍ਹਾਂ ਲੋਕਾਂ ਦੀ ਛਾਂਟੀ ਹੋਈ ਹੈ ਉਨ੍ਹਾਂ ਨੂੰ ਕੰਮ ਮਿਲ ਸਕੇਗਾ । ਤਲਵਾੜੇ ਬਹੁਤ ਹੀ ਮਜ਼ਦੂਰ ਬੇਰੋਜ਼ਗਾਰ ਹੋ ਗਏ ਹਨ ਉਨ੍ਹਾਂ ਨੂੰ ਕੰਮ ਨਹੀਂ ਮਿਲ ਰਿਹਾ । ਇਸ ਲਈ ਇਹ ਪ੍ਰਾਜੈਕਟ ਛੇਤੀ ਹੀ ਨੇਪਰੇ ਚਾੜ੍ਹ ਕੇ ਉਨ੍ਹਾਂ ਮਜ਼ਦੂਰਾਂ ਨੂੰ ਨੌਕਰੀ ਦਿਤੀ ਜਾਵੇ ਤਾਂ ਕਿ ਉਹ ਆਪਣੀ ਜ਼ਿੰਦਗੀ ਦਾ ਗੁਜ਼ਾਰਾ ਕਰ ਸਕਣ । (ਘੰਟੀ) ਮੈਂ ਹੁਣੇ ਹੀ ਖਤਮ ਕਰਦਾ ਹਾਂ ਜੀ ।

ਇਕ ਗੱਲ ਮੈਂ ਮੁਲਾਜ਼ਮਾਂ ਬਾਰੇ ਕਹਿਣਾ ਚਾਹੁੰਦਾ ਹਾਂ । 1970 ਵਿਚ ਮੁਲਾਜ਼ਮਾਂ ਦਾ ਡੀ. ਏ. ਡਿਊ ਹੋਇਆ ਸੀ । 1972 ਵਿਚ ਗਿਆਨੀ ਜ਼ੈਲ ਸਿੰਘ ਨੇ 18 ਮਾਰਚ ਤੋਂ ਦਿੱਤਾ ਸੀ ਜਦੋਂ ਕਿ ਇਹ ਪਿਛੇ ਤੋਂ ਲਿੰਕ ਹੋਣਾ ਚਾਹੀਦਾ ਸੀ । ਹੁਣ ਵੀ ਦੋ ਕਿਸ਼ਤਾਂ ਦੇ ਕੇ ਬਾਕੀ ਦੀਆਂ ਤਿੰਨ ਕਿਸ਼ਤਾਂ ਇਹ ਖਾ ਗਏ ਹਨ । ਹੋਰ ਵਧੇਰੇ ਖ਼ਰਚ ਸਰਕਾਰ ਕਰੀ ਜਾਂਦੀ ਹੈ । ਇਹ ਮੁਲਾਜ਼ਮਾਂ ਨੂੰ ਤੁਰੰਤ ਦਿੱਤਾ ਜਾਵੇ ਅਤੇ ਜਿਸ ਤਰੀਕ ਤੋਂ ਬਣਦਾ ਹੈ ਉਸ ਤੋਂ ਦਿੱਤਾ ਜਾਵੇ ਤਾਂ ਕਿ ਮੁਲਾਜ਼ਮ ਖੁਸ਼ ਹੋਣ । ਇਤਨਾ ਕਹਿੰਦਾ ਹੋਇਆ ਮੈਂ ਸਮਾਪਤ ਕਰਦਾ ਹਾਂ।

**ਸ੍ਰੀ ਹੰਸ ਰਾਜ ਸ਼ਰਮਾ (ਵਿੱਤ ਮੰਤਰੀ)**: ਸਪੀਕਰ ਸਾਹਿਬ, ਇਹ ਜਿਹੜੀਆਂ ਗਰਾਂਟਸ ਹਨ ਇਹ ਐਸੇ ਖਰਚ ਹਨ ਜਿਹੜੇ ਜ਼ਰੂਰੀ ਸਨ ਅਤੇ ਪਹਿਲਾਂ ਸੋਚੇ ਨਹੀਂ ਜਾ ਸਕਦੇ ਸਨ। ਪੰਜਾਬ ਦੀ ਤਰੱਕੀ ਦੇ ਹਿੱਤ ਵਿਚ ਸਨ ਅਤੇ ਇਸੇ ਲਈ ਇਹ ਖਰਚੇ ਜਲਦੀ ਕੀਤੇ ਗਏ ਅਤੇ ਇਸ ਵਾਸਤੇ ਹਾਊਸ ਦੀ ਮਨਜ਼ੂਰੀ ਲੈਣ ਵਾਸਤੇ ਇਥੇ ਲਿਆਏ ਹਾਂ ਤਾਂ ਕਿ ਇਹ ਕੰਮ ਮੁਕੰਮਲ ਕੀਤੇ ਜਾ ਸਕਣ ।

ਸਪੀਕਰ ਸਾਹਿਬ, ਸਾਰਿਆਂ ਤੋਂ ਪਹਿਲਾਂ ਜਿਹੜੀ ਚੀਜ਼ ਦਸਤਾਵੇਜ਼ਾਤ ਵਿਚ ਐਕਸਪਲੇਨ ਕੀਤੀ ਗਈਂ ਹੈ, ਉਸ ਬਾਰੇ ਮੈਂ ਮੈਂਬਰ ਸਾਹਿਬਾਨ ਨੂੰ ਦਸਾਂਗਾ । ਬਹੁਤ ਸਾਰੇ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਖਰਚ ਅਜਿਹੇ ਸਨ, ਜਿਸ ਤਰ੍ਹਾਂ ਅਸੀਂ ਆਪਣੇ ਐਂਪਲਾਈਜ਼ ਨੂੰ ਡੀਅਰਨੈਂਸ ਅਲਾਊਂਸ ਦਿੱਤਾ। ਇਹ ਡੀਅਰਨੈਸ ਅਲਾਊਂਸ 1 ਜੂਨ, 1974, 1 ਜੁਲਾਈ, 1974, 1 ਸਤੰਬਰ, 1974, ਜਨਵਰੀ, 1975 ਅਤੇ ਜੂਨ, 1975 ਨੂੰ ਦੇਣਾ ਪਿਆ।

ਇਸ ਦੇ ਨਾਲ ਫਲੱਡ ਕੰਟਰੋਲ ਵਾਸਤੇ ਪੈਸਾ ਮੰਗਿਆ ਹੈ। ਹੜ੍ਹਾਂ ਦੇ ਕਾਰਨ ਜ਼ਿਆਦਾ ਨੁਕਸਾਨ ਹੋਇਆ ਸੀ, ਇਸ ਕਰਕੇ ਸਾਨੂੰ ਹੋਰ ਰੁਪਏ ਦੀ ਲੋੜ ਪਈ।

ਫਿਰ ਯੂਨੀਵਰਸਿਟੀਆਂ ਲਈ ਵੀ ਜਿੰਨੇ ਪੈਸੇ ਰਖੇ ਸੀ, ਉਸ ਦੇ ਨਾਲ ਕੁਝ ਡੀ.ਏ. ਵਗੈਰਾ ਵਧਾਉਣ ਕਰਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬ ਯੂਨੀਵਰਸਿਟੀ ਅਤੇ ਐਗਰੀਕਲਚਰ ਯੂਨੀਵਰਸਿਟੀ ਨੂੰ ਵੱਧ ਖਰਚ ਦੇਣਾ ਪਿਆ ਕਿਉਂਕਿ ਉਨ੍ਹਾਂ ਦਾ ਖਰਚ ਵਧ ਗਿਆ। ਖੇਤੀ ਬਾੜੀ ਦੇ ਸਬੰਧ ਵਿਚ ਐਗਰੀਕਲਚਰ ਯੂਨੀਵਰਸਿਟੀ ਦੀ ਅਸੀਂ ਮਦਦ ਕੀਤੀ।

ਸਪੋਰਟਸ ਐਂਡ ਯੂਥ ਵੈਲਫੇਅਰ ਸਕੀਮਾਂ ਨਵੀਆਂ ਬਣਾਈਆਂ ਗਈਆਂ ਹਨ, ਕੁਝ ਦਿੱਲੀ ਤੋਂ ਆਈਆਂ ਹਨ, ਉਨ੍ਹਾਂ ਨੂੰ ਅਡਾਪਟ ਕਰਨ ਵਾਸਤੇ, ਚੰਗੇ ਪੈਮਾਨੇ ਤੇ ਚਲਾਉਣ ਵਾਸਤੇ, ਕੁਝ ਉਨ੍ਹਾਂ ਲਈ ਟਰੇਨਿੰਗ ਦੇ ਪ੍ਰੋਗਰਾਮ ਵਾਸਤੇ, ਜਿਹੜੀ ਕਿ ਨੌਜਵਾਨਾਂ ਨੂੰ ਦਿਤੀ ਜਾਣੀ ਹੈ, ਪੈਸਾ ਦੇਣਾ ਪਿਆ।

ਫਿਰ ਗੁਰੂ ਤੇਗ ਬਹਾਦਰ ਜੀ ਦੀ 300 ਸਾਲਾ ਸੈਂਟੀਨਰੀ ਸੈਲੀਬਰੇਸ਼ਨਜ਼ ਵਾਸਤੇ ਵੀ ਅਸੀਂ ਪੈਸਾ ਦਿਤਾ। ਇਸ ਦੇ ਨਾਲ ਹੀ ਸੰਸਕ੍ਰਿਤ ਪਾਠਸ਼ਾਲਾਵਾਂ ਨੂੰ ਜ਼ਿਆਦਾ ਮਦਦ ਦੇਣੀ ਪਈ ਅਤੇ ਕੁਝ ਸਰਵੈਂਟਸ ਆਫ਼ ਦੀ ਪੀਪਲਜ਼ ਸੋਸਾਇਟੀ ਨੂੰ ਲਾਲਾ ਲਾਜਪਤ ਰਾਏ ਭਵਨ ਵਾਸਤੇ ਰੁਪਏ ਦੀ ਜ਼ਰੂਰਤ ਸੀ ਚੰਡੀਗੜ੍ਹ ਵਿਚ, ਜਿਸ ਵਾਸਤੇ ਵੀ ਪੈਸਾ ਇਕਦਮ ਦੇਣਾ ਪਿਆ। ਇਸ ਦੇ ਨਾਲ ਹੀ ਪੰਜਾਬ ਮਾਤਾ ਜੀ ਦੇ ਸਨਮਾਨ ਅਤੇ ਇੱਜ਼ਤ ਕਰਨ ਲਈ ਵੀ ਪੈਸਾ ਦਿਤਾ, ਜਿਹੜਾ ਕਿ ਅਤਿਅੰਤ ਜ਼ਰੂਰੀ ਸੀ।

ਇਸ ਦੇ ਨਾਲ ਹੀ ਟੂਰਿਸਟਾਂ ਦੇ ਮਹਿਕਮੇ ਦੀ ਸਕੀਮ ਸੀ ਅਤੇ ਆਰਕਿਆਲੋਜੀ ਦੇ ਮਹਿਕਮੇ ਦੀਂ ਨਵੀਂ ਸਕੀਮ ਬਣੀ, ਤਾਂ ਜੋ ਜਿਹੜੀਆਂ ਸਾਡੀਆਂ ਪਟਿਆਲਾ ਵਿਚ ਹਿਸਟੋਰੀਕਲ ਪੁਰਾਣੀਆਂ ਚੀਜ਼ਾਂ ਪਈਆਂ ਹਨ, ਉਨ੍ਹਾਂ ਦੀ ਸੰਭਾਲ ਕੀਤੀ ਜਾਵੇ। ਉਹ ਚੀਜ਼ਾਂ ਪਹਿਲਾਂ ਕਾਫੀ ਖੁਰਦ ਬੁਰਦ ਹੋਈਆਂ ਸਨ ਅਤੇ ਟੂਰਿਜ਼ਮ ਦਾ ਹੋਰ ਫੈਲਾਓ ਕਰਨ ਵਾਸਤੇ ਪੈਸੇ ਰਖੇ ਗਏ।

ਸਪੀਕਰ ਸਾਹਿਬ, ਕੁਝ ਵਿਡੋਜ਼ ਦੇ ਵਾਸਤੇ ਜਿਹੜਾ ਅਲਾਊਂਸ ਰਖਿਆ ਸੀ, ਉਸ ਦੇ ਮੁਤਾਬਿਕ ਅਰਜ਼ੀਆਂ ਜ਼ਿਆਦਾ ਆ ਗਈਆਂ ਸਨ ਅਤੇ ਕੁਝ ਹੋਰ ਪੈਨਸ਼ਨ ਵਾਸਤੇ ਮਦਦ ਕਰਨ ਵਾਸਤੇ ਪੈਸਾ ਮੰਗਿਆ ਹੈ।

ਫਿਰ ਚਾਈਲਡ ਡਿਵੈਲਪਮੈਂਟ ਦੀਆਂ ਸਰਵਿਸਜ਼ ਹਨ, ਬੱਚਿਆਂ ਦੀ ਡਿਵੈਲਪਮੈਂਟ ਵਾਸਤੇ ਹਨ। ਗਵਰਨਮੈਂਟ ਆਫ਼ ਇੰਡੀਆ ਦੀ ਸਕੀਮ ਆਈ ਸੀ, ਇਸ ਕਰਕੇ ਪੈਸਾ ਮੰਗਿਆ ਹੈ।

Original with;
Punjab Vidhan Sabha
Digitized by;
Panjab Digital Library

ਇਸ ਦੇ ਨਾਲ ਸ਼ਡਿਊਲਡ ਕਾਸਟਸ ਦੇ ਪੋਸਟ-ਮੈਟ੍ਰਿਕ ਸਟੂਡੈਂਟਸ ਨੂੰ ਸਕਾਲਰਸ਼ਿਪ ਦੇਣ ਵਾਸਤੇ ਪੈਸਾ ਮੰਗਿਆ ਹੈ। ਬੀ.ਐਡ. ਐਂਡ ਜੇ.ਬੀ.ਟੀ. ਦਾ ਕੋਰਸ ਸ਼ਡਿਊਲਡ ਕਾਸਟਸ ਸਟੂਡੈਂਟਸ ਵਾਸਤੇ ਸ਼ੁਰੂ ਕਰਨਾ ਪਿਆ, ਕਿਉਂਕਿ ਹਰੀਜਨਾਂ ਦਾ ਕੋਟਾ ਮੁਕੱਰਰ ਹੈ ਪਰ ਉਸ ਦੇ ਮੁਤਾਬਿਕ ਉਹ ਨੌਕਰੀਆਂ ਵਿਚ ਆ ਨਹੀਂ ਸਕਦੇ, ਇਸ ਕਰਕੇ ਇਹ ਕੋਰਸ ਸ਼ੁਰੂ ਕਰਨਾ ਪਿਆ।

ਫਿਰ ਅਸੈਂਸ਼ਲ ਕਾਮੋਡਿਟੀਜ਼ ਨੂੰ ਪਿੰਡਾਂ ਵਿਚ ਪਹੁੰਚਾਉਣ ਅਤੇ ਉਨ੍ਹਾਂ ਦੀ ਡਿਸਟਰੀਬਿਊਸ਼ਨ ਕਰਨ ਵਾਸਤੇ ਸਟਾਫ ਦੀ ਲੋੜ ਸੀ। ਜਿਥੇ ਕੋਆਪਰੇਟਿਵ ਸੋਸਾਇਟੀਆਂ ਡਿਫੰਕਟ ਹਨ, ਉਥੇ ਸਿਵਿਲ ਸਿਪਲਾਈਜ਼ ਵਾਲਿਆਂ ਨੂੰ ਹਰ ਪਿੰਡ ਵਿਚ ਡਿਪੋ ਬਣਾਉਣ ਲਈ ਸਟਾਫ ਦੀ ਲੋੜ ਸੀ, ਇਸ ਕਰਕੇ ਪੈਸਾ ਰਖਿਆ ਹੈ। ਇਸ ਦੇ ਨਾਲ ਹੀ ਕੋਆਪਰੇਟਿਵ ਸਟੋਰਜ਼ ਨੂੰ ਵੀ ਕੁਝ ਅਸਿਸਟੈਂਟਸ ਦਿੱਤੇ ਗਈ ਤਾਂ ਕਿ ਕਪੜਾ ਕੰਟਰੋਲਡ ਰੇਟ ਤੇ ਵੰਡਣ ਵਿਚ ਉਨ੍ਹਾਂ ਦੀ ਮਦਦ ਕੀਤੀ ਜਾਵੇ ਅਤੇ ਗਰੀਬ ਆਦਮੀਆਂ ਨੂੰ ਕਪੜਾ ਮਿਲ ਸਕੇ, ਇਸ ਵਾਸਤੇ ਵੀ ਪੈਸੇ ਦੀ ਮੰਗ ਕੀਤੀ ਗਈ ਹੈ। ਫਿਰ ਕੰਜ਼ਿਊਮਰ ਸਟੋਰਜ਼ ਨੂੰ ਸਟਰੈਂਗਥਨ ਕਰਨ ਵਾਸਤੇ ਕੁਝ ਰੁਪਿਆ ਖਰਚਿਆ ਹੈ। ਇਸੇ ਢੰਗ ਨਾਲ ਹੈਲਥ ਐਂਡ ਰੂਰਲ ਸੈਨੀਟੇਸ਼ਨ ਵਾਸਤੇ 35 ਲੱਖ ਰੁਪਿਆ ਉਨ੍ਹਾਂ ਪਿੰਡਾਂ ਵਿੱਚ ਜਿਹੜੇ ਹੜ੍ਹਾਂ ਦੀ ਲਪੇਟ ਵਿਚ ਆ ਗਏ ਸਨ, ਉਨ੍ਹਾਂ ਦੀਆਂ ਗਲੀਆਂ ਪੱਕੀਆਂ ਕਰਨ ਵਾਸਤੇ, ਪੰਚਾਇਤ ਸੰਮਤੀਆਂ ਨੂੰ ਦਿੱਤਾ ਹੈ। ਇਸ ਸਕੀਮ ਦੇ ਤਹਿਤ ਉਨ੍ਹਾਂ ਪਿੰਡਾਂ ਦੀਆਂ ਗਲੀਆਂ ਪੱਕੀਆਂ ਹੋ ਜਾਣਗੀਆਂ।

ਇਸ ਦੇ ਨਾਲ ਹੀ ਪੰਜਾਬ ਐਕਸਪੋਰਟ ਕਾਰਪੋਰੇਸ਼ਨ ਵਿਚ ਦੁਬਾਰਾਂ ਜਾਨ ਪਾਈ ਹੈ, ਪਹਿਲਾਂ ਕੋਈ ਇਹ ਮੁਰਦਾ ਜਿਹਾ ਹੋਇਆ ਪਿਆ ਸੀ ਅਤੇ ਇਸ ਦੇ ਵਾਸਤੇ ਵੀ ਪੈਸਾ ਦਿੱਤਾ ਹੈ ਤਾਂ ਜੋ ਸਾਡਾ ਮਾਲ, ਪੰਜਾਬ ਦਾ ਬਣਿਆ ਹੋਇਆ ਮਾਲ ਬਾਹਰਲੇ ਦੇਸ਼ਾਂ ਵਿਚ ਜਾ ਸਕੇ।

ਫਿਰ ਪਰੀਵੈਨਸ਼ਨ ਐਂਡ ਕੰਟਰੋਲ ਵਾਟਰ ਪੋਲੂਸ਼ਨ ਬੋਰਡ ਇਕ ਨਵਾਂ ਬਣਾਉਣਾ ਪਿਆ ਅਤੇ ਗਵਰਨਮੈਂਟ ਆਫ਼ ਇੰਡੀਆ ਨੇ ਸਾਰੇ ਸੂਬਿਆਂ ਵਿਚ ਬਣਵਾਇਆ ਹੈ ਤਾਂ ਜੋ ਪਾਣੀ ਗੰਦਾ ਨਾ ਹੋਵੇ ਅਤੇ ਕਾਰਖਾਨਿਆਂ ਦੇ ਇਰਦ ਗਿਰਦ ਪੋਲੂਸ਼ਨ ਨਾ ਹੋਵੇ, ਇਸ ਬਾਰੇ ਹਾਊਸ ਨੇ ਇਕ ਰੈਜ਼ੋਲਿਊਸ਼ਨ ਵੀ ਪਾਸ ਕੀਤਾ ਸੀ।

ਇਸ ਦੇ ਨਾਲ ਹੀ ਐਡੀਸ਼ਨਲ ਡੀਅਰਨੈਸ ਅਲਾਊਂਸ ਐਂਡ ਸਟਾਈਪੈਂਡ ਆਫ਼ ਅਪਰੈਂਟਿਸਿਜ਼ ਵਾਸਤੇ ਪੈਸੇ ਮੰਗੇ ਗਏ ਹਨ, ਇਹ ਵੀ ਜ਼ਰੂਰੀ ਸੀ।

ਫਿਰ ਟਿਊਬਵੈਲਜ਼ ਐਂਡ ਲਿਫਟ ਇਰੀਗੇਸ਼ਨ ਸਕੀਮਜ਼ ਐਂਡ ਡਰੇਨੇਜ ਦੀਆਂ ਜਿਹੜੀਆਂ ਪ੍ਰਾਜੈਕਟਸ ਹਨ, ਉਨ੍ਹਾਂ ਵਾਸਤੇ ਵੀ ਪੈਸਾ ਚਾਹੀਦਾ ਸੀ। ਇਸ ਦੇ ਵਾਸਤੇ ਬਹੁਤ ਸਾਰਾ ਰੁਪਿਆ ਤਾਂ ਭਾਰਤ ਸਰਕਾਰ ਕੋਲੋਂ ਆਉਣਾ ਹੈ ਅਤੇ 23 ਕਰੋੜ ਸਾਨੂੰ ਦੇਣਾ ਪੈਣਾ ਹੈ।

ਅਗੇ ਹੈ ਸੈਟਿੰਗ ਅਪ ਆਫ਼ ਫੋਕਲ-ਪੁਆਇੰਟਸ ਫਾਰ ਇੰਡਸਟਰੀਜ਼। ਪਹਿਲਾਂ ਜੋ ਬਿਜਲੀ ਦੇ ਜੈਨਰੇਟਰ ਆਪਣੇ ਲਗਾਉਂਦੇ ਸੀ, ਉਨ੍ਹਾਂ ਨੂੰ ਅਸੀਂ ਇੰਟਰੈਸਟ-ਫਰੀ ਲੋਨ ਦਿੱਤਾ ਅਤੇ ਨਵੇਂ ਜਿਹੜੇ ਇੰਟਰਪਰੇਨਿਊਰਜ਼ ਹਨ, ਇੰਜੀਨੀਅਰਾਂ ਵਾਸਤੇ ਇੰਡਸਟਰੀਅਲ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਸ਼ੇਡ ਵਾਸਤੇ ਅਸੀਂ ਇੰਟਰੇਸਟ ਫਰੀ ਲੋਨ ਦਿੱਤਾ (ਥੰਪਿੰਗ)। ਫਿਰ ਜਿਹੜੀ ਸਟੇਟ ਐਂਪਲਾਇਮੈਂਟ ਪ੍ਰੋਮੋਸ਼ਨ ਪਰੋਗਰਾਮ ਦੀ ਸਕੀਮ ਹੈ, ਉਸ ਦੇ ਤਹਿਤ ਸੈਲਫ ਐਂਪਲਾਇਮੈਂਟ ਸਕੀਮਾਂ ਜਿਹੜੀਆਂ ਹਨ, ਸੈਲਫ ਐਂਪਲਾਈਡ ਲੋਕਾਂ ਲਈ, ਉਨ੍ਹਾਂ ਨੂੰ ਟੈਕਨੀਕਲ ਨੋ ਹਾਊ ਵਗੈਰਾ ਵਾਸਤੇ ਵੀ ਪੈਸਾ ਰਖਿਆ ਹੈ।

ਫਿਰ ਖਾਦੀ ਐਂਡ ਵਿਲੇਜ ਇੰਡਸਟਰੀਜ਼ ਬੋਰਡ ਵਾਸਤੇ ਪੈਸਾ ਮੰਗਿਆ ਹੈ ਜਿਸ ਦੇ ਮੁਤਾਬਿਕ ਦਸਤਕਾਰੀ ਵਾਸਤੇ ਪਿੰਡਾਂ ਵਿਚ ਗਰਾਂਟ-ਇਨ-ਏਡ ਦਿਤੀ ਗਈ। ਇਸ ਦੇ ਨਾਲ ਹੀ ਇੰਜੀਨੀਅਰਾਂ ਨੂੰ ਇੰਟਰੇਸਟਸ ਫਰੀ ਸਬਸਿਡੀ ਦਿਤੀ, ਲੋਨ ਨਹੀਂ ਦਿਤਾ ਤਾਂ ਜੋ ਜਿਹੜੇ ਬੇਕਾਰ ਇੰਜੀਨੀਅਰਜ਼ ਹਨ, ਉਹ ਆਪਣਾ ਕਾਰਖਾਨਾ ਲਗਾ ਸਕਣ।

ਫਿਰ ਸਮਾਲ/ਮਾਰਜੀਨਲ ਫਾਰਮਰਜ਼ ਐਂਡ ਐਗਰੀਕਲਚਰਲ ਲੇਬਰਰਜ਼ ਨੂੰ ਗਰਾਂਟ-ਇਨ-ਏਡ ਦੀ ਆਈਟਮ ਹੈ। ਇਹ ਸਕੀਮ ਚਲਦੀ ਪਈ ਹੈ ਅਤੇ ਇਸ ਦੇ ਵਾਸਤੇ ਰੁਪਿਆ ਪ੍ਰੋਵਾਈਡ ਕੀਤਾ ਗਿਆ (ਥੰਪਿੰਗ) ਅਤੇ ਜਿਥੋਂ ਤਕ ਕਿਸਾਨਾਂ ਨੂੰ ਬੋਨਸ ਦੇਣ ਦਾ ਸਬੰਧ ਹੈ, ਆਪ ਨੂੰ ਪਤਾ ਹੈ ਕਿ ਉਸ ਦੇ ਵਿਚ ਕੁਝ ਰੁਪਿਆ ਭਾਰਤ ਸਰਕਾਰ ਦਾ ਆਇਆ ਔਰ 8 ਕਰੋੜ ਰੁਪਿਆ ਪੰਜਾਬ ਨੂੰ ਆਪਣੇ ਕੋਲੋਂ ਦੇਣਾ ਪਿਆ, 9 ਕਰੋੜ ਭਾਰਤ ਸਰਕਾਰ ਕੋਲੋਂ ਆਉਣਾ ਹੈ। ਇਹ 9 ਕਰੋੜ ਥੋੜ੍ਹਾ ਲਗਦਾ ਸੀ, ਇਸ ਕਰਕੇ 8 ਕਰੋੜ ਅਸੀਂ ਆਪਣੇ ਕੋਲੋਂ ਪਾਇਆ, ਇਸ ਕਰਕੇ ਇਹ ਖਰਚ ਸਾਡੇ ਤੇ ਪਿਆ।

ਇਸ ਤੋਂ ਉਪਰੰਤ ਕੁਝ ਦੂਜੇ ਕੇਸਾਂ ਬਾਰੇ ਹਾਈ ਕੋਰਟ ਤੋਂ ਅਤੇ ਬਾਕੀ ਅਦਾਲਤਾਂ ਤੋਂ ਫੈਸਲੇ ਆਏ, ਉਨ੍ਹਾਂ ਫੈਸਲਿਆਂ ਦੀ ਰੂ ਨਾਲ ਜਿਹੜੀਆਂ ਡਿਕਰੀਜ਼ ਹੁੰਦੀਆਂ ਹਨ, ਉਹ ਰੁਪਿਆ ਸਾਨੂੰ ਦੇਣਾ ਪੈਂਦਾ ਹੈ, ਸਾਡਾ ਕੋਈ ਜ਼ੋਰ ਨਹੀਂ।

ਹੁਣ ਮੈਂ ਇਹ ਪ੍ਰਾਰਥਨਾ ਕਰਾਂਗਾ ਕਿ ਇਹ ਜਿਹੜੇ ਖਰਚ ਹਨ, ਇਹ ਪੰਜਾਬ ਦੀ ਡਿਵੈਲਪਮੈਂਟ ਵਾਸਤੇ ਹਨ, ਲੋਕਾਂ ਦੀ ਉਸਾਰੀ ਵਾਸਤੇ ਹਨ, ਇਸ ਕਰਕੇ ਹਾਊਸ ਇਨ੍ਹਾਂ ਨੂੰ ਮਨਜ਼ੂਰ ਕਰੇ।

**Demand No. 1**

**Mr. Speaker** : Question is—

That a Supplementary sum not exceeding Rs. 4,79,000 be granted to the Governor to defray the charges that will come in course of payment for the year ending 31st March, 1976 in respect of State Legislature.

*The Motion was carried.*

**Demand No. 2**

**Mr. Speaker** : Question is—

That a Supplementary sum not exceeding Rs. 14,79,000 be granted to the Governor to defray the charges that will come in course of payment for the year ending 31st March, 1976 in respect of Council of Ministers.

*The Motion was carried.*

Original with;
Punjab Vidhan Sabha
Digitized by;
Panjab Digital Library

**Demand No. 3**

**Mr. Speaker :** Question is—

That a Supplementary sum not exceeding Rs. 10,43,000 be granted to the Governor to defray the charges that will come in course of payment for the year ending 31st March, 1976 in respect of Administration of Justice.

*The Motion was carried.*

**Demand No. 5**

**Mr. Speaker :** Question is—

That a Supplementary sum not exceeding Rs. 2,99,02,000 be granted to the Governor to defray the charges that will come in course of payment for the year ending 31st March, 1976 in respect of Revenue Department.

*The Motion was carried.*

**Demand No. 6**

**Mr. Speaker :** Question is—

That a Supplementary sum not exceeding Rs. 19,16,000 be granted to the Governor to defray the charges that will come in course of payment for the year ending 31st March, 1976 in respect of Excise and Taxation.

*The Motion was carried.*

**Demand No. 7**

**Mr. Speaker :** Question is—

That a Supplementary sum not exceeding Rs. 1,51,80,000 be granted to the Governor to defray the charges that will come in course of payment for the year ending 31st March, 1976 in respect of Finance.

*The Motion was carried.*

**Demand No. 8**

**Mr. Speaker :** Question is—

That a Supplementary sum not exceeding Rs. 17,89,000 be granted to the Governor to defray the charges that will come in course of payment for the year ending 31st March, 1976 in respect of Civil Secretariat.

*The Motion was carried.*

**Demand No. 9**

**Mr. Speaker :** Question is—

That a Supplementary sum not exceeding Rs. 8,79,000 be granted to the Governor to defray the charges that will come in course of payment for the year ending 31st March, 1976 in respect of District Administration.

*The Motion was carried.*

Original with;
Punjab Vidhan Sabha
Digitized by;
Panjab Digital Library

## Demand No. 10

**Mr. Speaker** : Question is—

That a Supplementary sum not exceeding Rs. 1,93,20,000 be granted to the Governor to defray the charges that will come in course of payment for the year ending 31st March, 1976 in respect of Police.

*The Motion was carried.*

## Demand No. 11

**Mr. Speaker** : Question is—

That a Supplementary sum not exceeding Rs. 32,84,000 be granted to the Governor to defray the charges that will come in course of payment for the year ending 31st March, 1976 in respect of Jails.

*The Motion was carried.*

## Demand No. 13

**Mr. Speaker** : Question is—

That a Supplementary sum not exceeding Rs. 13,84,000 be granted to the Governor to defray the charges that will come in course of payment for the year ending 31st March, 1976 in respect of Miscellaneous Services.

*The Motion was carried.*

## Demand No. 15

**Mr. Speaker** : Question is—

That a Supplementary sum not exceeding Rs. 3,62,21,000 be granted to the Governor to defray the charges that will come in course of payment for the year ending 31st March, 1976 in respect of General Education.

*The Motion was carried.*

## Demand No. 19

**Mr. Speaker** : Question is—

That a Supplementary sum not exceeding Rs. 16,18,000 be granted to the Governor to defray the charges that will come in course of payment for the year ending 31st March, 1976 in respect of Information, Publicity and Tourism.

*The Motion was carried.*

## Demand No. 21

**Mr. Speaker** : Question is—

That a Supplementary sum not exceeding Rs. 58,70,000 be granted to the Governor to defray the charges that will come in course of payment for the year ending 31st March, 1976 in respect of Social Security and Welfare.

*The Motion was carried.*

Original with;
Punjab Vidhan Sabha
Digitized by;
Panjab Digital Library

**Demand No. 23**

**Mr. Speaker** : Question is—

That a Supplementary sum not exceeding Rs. 9,65,000 be granted to the Governor to defray the charges that will come in course of payment for the year ending 31st March, 1976 in respect of Co-operation.

*The Motion was carried.*

**Demand No. 24**

**Mr. Speaker** : Question is—

That a Supplementary sum not exceeding Rs. 1,35,37,000 be granted to the Governor to defray the charges that will come in course of payment for the year ending 31st March, 1976 in respect of Agriculture.

*The Motion was carried.*

**Demand No. 26**

**Mr. Speaker** : Question is—

That a Supplementary sum not exceeding Rs. 17,29,00,000 be granted to the Governor to defray the charges that will come in course of payment for the year ending 31st March, 1976 in respect of Food and Nutrition.

*The Motion was carried.*

**Demand No. 30**

**Mr. Speaker** : Question is—

That a Supplementary sum not exceeding Rs. 24,14,000 be granted to the Governor to defray the charges that will come in course of payment for the year ending 31st March, 1976 in respect of Forests.

*The Motion was carried.*

**Demand No. 31**

**Mr. Speaker** : Question is—

That a Supplementary sum not exceeding Rs. 48,11,000 be granted to the Governor to defray the charges that will come in course of payment for the year ending 31st March, 1976 in respect of Community Development.

*The Motion was carried.*

**Demand No. 32**

**Mr. Speaker** : Question is—

That a Supplementary sum not exceeding Rs. 1,08,32,000 be granted to the Governor to defray the charges that will come in course of payment for the year ending 31st March, 1976 in respect of Industries.

*The Motion was carried.*

Original with;
Punjab Vidhan Sabha
Digitized by;
Panjab Digital Library

**Demand No. 35**

**Mr. Speaker** : Question is—

That a Supplementary sum not exceeding Rs. 27,52,000 be granted to the Governor to defray the charges that will come in course of payment for the year ending 31st March, 1976 in respect of Road Transport,

*The Motion was carried.*

**Demand No. 37**

**Mr. Speaker** : Question is—

That a Supplementary sum not exceeding Rs. 1,76,28,000 be granted to the Governor to defray the charges that will come in course of payment for the year ending 31st March, 1976 in respect of Irrigation, Drainage and Flood Control.

*The Motion was carried.*

**Demand No. 38**

**Mr. Speaker** : Question is—

That a Supplementary sum not exceeding Rs. 52,34,000 be granted to the Governor to defray the charges that will come in course of payment for the year ending 31st March, 1976 in respect of Buildings.

*The Motion was carried.*

**Demand No. 39**

**Mr. Speaker** : Question is—

That a Supplementary sum not exceeding Rs. 1,000 be granted to the Governor to defray the charges that will come in course of payment for the year ending 31st March, 1976 in respect of Loans and Advances by the State Government.

*The Motion was carried.*

## LEGISLATIVE BUSINESS

## THE PUNJAB URBAN ESTATES (DEVELOPMENT AND REGULATION) (AMENDMENT) BILL, 1976

**Finance Minister** (Shri Hans Raj Sharma) : Sir, I beg to introduce the Punjab Urban Estates (Development and Regulation) (Amendment) Bill.

Sir, I also beg to move—

That the Punjab Urban Estates (Development and Regulation) (Amendment) Bill be taken into consideration at once.

**Mr. Speaker** : Motion moved—

That the Punjab Urban Estates (Development and Regulation) (Amendment) Bill be taken into consideration at once.

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ (ਖਰੜ)** : ਸਪੀਕਰ ਸਾਹਿਬ ਤੁਸੀਂ ਤਾਂ ਕਿਹਾ ਸੀ ਕਿ ਪੋਸਟਪੋਨ ਕਰ ਦਿਆਂਗੇ ।

**ਸ੍ਰੀ ਸਪੀਕਰ** : ਨਹੀਂ ਜੀ, ਹਾਲੇ ਵਕਤ ਪਿਆ ਹੈ, ਬੋਲੋ ਤੁਸੀਂ ।

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਸਪੀਕਰ ਸਾਹਿਬ, ਇਹ ਜਿਹੜਾ ਅਮੈਂਡਿੰਗ ਬਿਲ ਇਹ ਲਿਆ ਰਹੇ ਹਨ, ਮੈਂ ਇਸ ਦੀ ਮੁਖਾਲਫ਼ਤ ਤਾਂ ਕਰਨ ਲਈ ਨਹੀਂ ਖੜਾ ਹੋਇਆ । ਮੈਂ ਤਾਂ ਸਿਰਫ ਜੋ ਇਹ ਅਰਬਨ ਡਿਵੈਲਪਮੈਂਟ ਪਾਲਿਸੀ ਹੈ ਉਸ ਦੇ ਬਾਰੇ ਥੋੜੇ ਜਿਹੇ ਵਿਚਾਰ ਰਖਣਾ ਚਾਹੁੰਦਾ ਹਾਂ । ਸਪੀਕਰ ਸਾਹਿਬ, ਇਹ ਬੜੀ ਚੰਗੀ ਗੱਲ ਹੈ ਕਿ ਪੰਜਾਬ ਵਿਚ 4 ਤੋਂ ਲੈਕੇ 26 ਦੇ ਕਰੀਬ ਤੱਕ ਫੋਕਲ ਪੁਆਇੰਟਸ ਖੋਲ੍ਹੇ ਜਾ ਰਹੇ ਹਨ ਔਰ ਪੰਜਾਬ ਇਸ ਦੇ ਨਾਲ ਬੜੀ ਭਾਰੀ ਤਰੱਕੀ ਕਰ ਰਿਹਾ ਹੈ । ਮੇਰੀ ਕਾਂਸਟੀਚਿਊਐਂਸੀ ਵਿਚ ਇਕ ਅਰਬਨ ਇੰਡਸਟਰੀਅਲ ਐਸਟੇਟ ਮੋਹਾਲੀ ਬਣਾਈ ਜਾ ਰਹੀ ਹੈ ਜਿਸ ਦਾ ਨਾਂ ਹੁਣ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਰੱਖ ਦਿਤਾ ਗਿਆ ਹੈ । ਮੈਂ ਇਸ ਸਬੰਧ ਵਿਚ ਪਹਿਲੀ ਗੱਲ ਤਾਂ ਇਹ ਕਹਿਣੀ ਚਾਹੁੰਦਾ ਹਾਂ ਕਿ ਸਰਕਾਰ ਨੇ ਉਥੇ ਜ਼ਮੀਨ ਦੇ ਜਿਹੜੇ ਰੇਟ ਵਧਾਏ ਹਨ ਇਹ ਬਹੁਤ ਵਧਾ ਦਿੱਤੇ ਹਨ । ਇਹ ਜ਼ਮੀਨ 58 ਰੁਪਏ ਗਜ਼ ਲੋਕਾਂ ਨੂੰ ਦਿੱਤੀ ਜਾਂਦੀ ਹੈ । ਇਹ ਠੀਕ ਹੈ ਕਿ ਕਾਫ਼ੀ ਡਿਵੈਲਪਮੈਂਟ ਕੀਤੀ ਜਾ ਰਹੀ ਹੈ, ਸੀਵਰੇਜ ਦਾ ਵੀ ਪ੍ਰਬੰਧ ਕੀਤਾ ਗਿਆ ਹੈ । ਪਰ ਇਸ ਦੇ ਨਾਲ 3 ਗੁਣਾ ਜਾਂ 4 ਗੁਣਾ ਕੀਮਤ ਵੱਧ ਲੈ ਲਓ ਤਾਂ ਠੀਕ ਹੈ.. ।

12-04 P.M. (ਇਸ ਵੇਲੇ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਪਰ, ਡਿਪਟੀ ਸਪੀਕਰ ਸਾਹਿਬ, ਇਸ ਦੀ ਕੀਮਤ ਨੂੰ 14 ਗੁਣਾ ਤਕ ਵਧਾ ਦੇਣਾ ਇਹ ਠੀਕ ਨਹੀਂ । ਇੰਨੀ ਵੱਡੀ ਮੁਨਾਫੇਬਾਜ਼ੀ ਕਰਨੀ ਠੀਕ ਨਹੀਂ । ਮੈਂ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਤੇ ਦੁਬਾਰਾ ਵਿਚਾਰ ਕਰਨ ਅਤੇ ਪਲਾਟਾਂ ਦੀਆਂ ਕੀਮਤਾਂ ਜਿਹੜੀਆਂ ਹਨ ਇਹ ਇੰਨੀਆਂ ਜ਼ਿਆਦਾ ਨਾ ਕਰਨ । 25 ਰੁਪਏ ਗਜ਼ ਤੋਂ ਵੀ ਕੁਝ ਘੱਟ ਹੋਵੇ ਤਾਂ ਠੀਕ ਹੈ ।

ਦੂਜੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਜਦੋਂ ਅਰਬਨ ਐਸਟੇਟਸ ਬਣਾਉਣ ਲਗਦੇ ਹਨ ਤਾਂ ਉਥੇ, ਡਿਪਟੀ ਸਪੀਕਰ ਸਾਹਿਬ, ਕੋਈ ਮਾਰਕਿਟ ਲਈ ਥਾਂ ਨਹੀਂ ਰਖਦੇ । ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਪ੍ਰਾਈਵੇਟ ਥਾਵਾਂ ਉਤੇ ਅਨਆਥੋਰਾਈਜ਼ਡ ਮਾਰਕੀਟਸ ਬਣ ਜਾਂਦੀਆਂ ਹਨ । ਜਿਸ ਤਰ੍ਹਾਂ ਤੁਸੀਂ ਚੰਡੀਗੜ੍ਹ ਤੋਂ ਜਲੰਧਰ ਜਾਂ ਲੁਧਿਆਣੇ ਨੂੰ ਜਾਓ ਤਾਂ ਉਥੇ ਦੋ ਚਾਰ ਸੌ ਦੁਕਾਨਾਂ, 50 ਦੇ ਕਰੀਬ ਕਾਰਖਾਨੇ ਬਣ ਚੁਕੇ ਹਨ । ਬਾਹਾਂ ਬਾਰਾਂ ਹਜ਼ਾਰ ਦੀ ਆਬਾਦੀ ਹੈ । ਚਾਰ ਹਜ਼ਾਰ ਕੋਠੀਆਂ ਜਾਂ ਘਰ ਬਣ ਚੁਕੇ ਹਨ ਔਰ ਨਤੀਜਾ ਇਹ ਹੁੰਦਾ ਹੈ ......

**ਸ੍ਰੀ ਡਿਪਟੀ ਸਪੀਕਰ** : ਜੋਸ਼ ਸਾਹਿਬ, ਕੀ ਤੁਸੀਂ ਕੋਈ ਇਸ ਪਰਪਜ਼ ਵਾਸਤੇ ਅਮੈਂਡਮੈਂਟ ਪੇਸ਼ ਕੀਤੀ ਹੈ ?

**ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** : ਇਹ ਬਿੱਲ ਦਾ ਪਰਪਜ਼ ਹੈ ਜੀ । ਮੈਂ ਤਾਂ, ਡਿਪਟੀ ਸਪੀਕਰ ਸਾਹਿਬ, ਇਹ ਕਹਿਣਾ ਚਾਹੁੰਦਾ ਹਾਂ ਕਿ ਥੋੜ੍ਹਾ ਜਿਹਾ ਪਾਲਿਸੀ ਬਣਾਉਣ ਵੇਲੇ ਇਸ ਗੱਲ ਦਾ ਵਿਚਾਰ ਹੋਣਾ ਚਾਹੀਦਾ ਹੈ ਕਿ ਦੁਕਾਨਾਂ ਵਾਸਤੇ ਨਾਲ ਦੀ ਨਾਲ ਜਦੋਂ ਅਰਬਨ ਐਸਟੇਟ ਬਣਾਉਣ ਤਾਂ ਥਾਂ ਰੱਖ ਲਿਆ ਕਰਨ ।

Original with;
Punjab Vidhan Sabha
Digitized by;
Panjab Digital Library

ਸ੍ਰੀ ਡਿਪਟੀ ਸਪੀਕਰ : ਹੋਰ ਬਿੱਲ ਵੀ ਹਨ, ਤੁਸੀਂ ਫਿਰ ਬੋਲ ਲੈਣਾ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਮੈਂ ਤਾਂ ਜੀ ਸਿਰਫ ਇਨ੍ਹਾਂ ਨੂੰ ਇਹ ਹੀ ਕਹਿ ਰਿਹਾ ਹਾਂ ਕਿ ਉਨ੍ਹਾਂ ਨੂੰ ਢਾਹੁਣ ਵੇਲੇ ਪਹਿਲਾਂ ਆਲਟਰਨੇਟਿਵ ਅਰੇਂਜਮੈਂਟ ਕਰਿਆ ਕਰਨ। ਪਹਿਲਾਂ ਤਾਂ ਬਣਾਉਣ ਹੀ ਨਾ ਦਿਆ ਕਰਨ ਪਰ ਜਿਹੜੀਆਂ ਬਣ ਚੁਕੀਆਂ ਹਨ ਉਨ੍ਹਾਂ ਨੂੰ ਆਲਟਰ-ਨੇਟਿਵ ਜਗ੍ਹਾ ਮਿਲਣੀ ਚਾਹੀਦੀ ਹੈ। ਹੋਰ ਤਾਂ ਬਹੁਤੀ ਗੱਲ ਨਹੀਂ ਹੈ। ਕਿਸੇ ਵੀ ਅਰਬਨ ਐਸਟੇਟ ਨੂੰ ਡਿਵੈਲਪ ਕਰਨ ਵੇਲੇ ਜਿਹੜੀ ਪਾਲਿਸੀ ਬਣਾਈ ਜਾਂਦੀ ਹੈ ਉਸ ਉਪਰ ਨਵੇਂ ਸਿਰੇ ਤੋਂ ਵਿਚਾਰ ਦੀ ਥੋੜ੍ਹੀ ਜਿਹੀ ਲੋੜ ਹੈ। ਅਨਆਥੋਰਾਈਜ਼ਡ ਆਬਾਦੀ ਨਹੀਂ ਹੋਣ ਦੇਣੀ ਚਾਹੀਦੀ ਔਰ ਜਿਹੜੀ ਹੋ ਚੁੱਕੀ ਹੈ ਉਨ੍ਹਾਂ ਲੋਕਾਂ ਨੂੰ ਉਠਾਉਣ ਵਾਸਤੇ ਆਲਟਰਨੇਟਿਵ ਜਗ੍ਹਾ ਦੇਣੀ ਚਾਹੀਦੀ ਹੈ। ਪਲਾਟਾਂ ਦੀ ਕੀਮਤ ਮੁਨਾਸਿਬ ਹੋਣੀ ਚਾਹੀਦੀ ਹੈ ਪ੍ਰਾਫੇਟੀਅਰਿੰਗ ਨਹੀਂ ਹੋਣੀ ਚਾਹੀਦੀ। (ਘੰਟੀ) ਬਸ ਜੀ, ਮੈਂ ਤਾਂ ਇੰਨਾ ਹੀ ਕਹਿੰਦਾ ਹਾਂ ਕਿ ਅਰਬਨ ਐਸਟੇਟ ਪਾਲਿਸੀ ਬਣਾਉਣ ਲਗੇ ਇਨ੍ਹਾਂ ਗੱਲਾਂ ਦਾ ਖਿਆਲ ਕਰਨਾ ਚਾਹੀਦਾ ਹੈ।

**Mr. Deputy Speaker** : Question is—

That the Punjab Urban Estates (Development and Regulation), (Amendment) Bill be taken into consideration at once.

*The motion was carried.*

**Mr. Deputy Speaker** : Now the House will proceed to consider the Bill Clause by Clause.

CLAUSE 2

**Mr. Deputy Speaker** : Question is—

That Clause (2) stand part of the Bill.

*The motion was carried.*

CLAUSE 3

**Mr. Deputy Speaker** : Question is—

That Clause 3 stand part of the Bill.

*The motion was carried.*

CLAUSE 1

**Mr. Deputy Speaker** : Question is—

That Clause 1 stand part of the Bill.

*The motion was carried.*

TITLE

**Mr. Deputy Speaker** : **Question** is—

That Title be the Title of the Bill.

*The Motion was carried.*

Original with;
Punjab Vidhan Sabha
Digitized by;
Panjab Digital Library

**Finance Minister** (Shri Hans Raj Sharma) : Sir, I beg to move—

That the Punjab Urban Estates (Development and Regulation) (Amendment) Bill be passed.

**Mr. Deputy Speaker** : Motion moved—

That the Punjab Urban Estates (Development and Regulation) (Amendment) Bill be passed.

**Mr. Deputy Speaker** : Question is—

That the Punjab Urban Estates (Development and Regulation) (Amendment) Bill be passed.

*The Motion was carried.*

---

## THE PUNJAB MUNICIPAL (THIRD AMENDMENT) ORDINANCE, 1975 (PUNJAB ORDINANCE NO. 13 OF 1975) AND THE PUNJAB MUNICIPAL (AMENDMENT) BILL, 1976

**Comrade Satya Pal Dang** (Amritsar West) : Sir, I beg to move—

That this House disapproves the Punjab Municipal (Third Amendment) Ordinance, 1975 (Punjab Ordinance No. 13 of 1975).

ਡਿਪਟੀ ਸਪੀਕਰ ਸਾਹਿਬ, ਇਹ ਆਰਡੀਨੈਂਸ ਇਸ਼ੂ ਕੀਤਾ ਹੈ ਮਿਊਂਸੀਪਲ ਐਕਟ ਦੇ ਵਿਚ ਇਕ ਤਰਮੀਮ ਕਰਨ ਦੇ ਲਈ ਮਿਊਂਸੀਪਲ ਐਕਟ ਜੋ ਅੰਗਰੇਜ਼ਾਂ ਦੇ ਵੇਲੇ ਬਣਿਆ ਸੀ, ਉਸ ਦੇ ਵਿਚ ਐਸੀ ਪ੍ਰੋਵੀਜ਼ਨ ਕਰਨੀ ਜਿਹੜੀ ਕਿ ਕਿਸੇ ਵੀ ਦੇਸ਼ ਦੇ ਅੰਦਰ ਨਹੀਂ ਮਿਲਦੀ, ਇਹ ਠੀਕ ਨਹੀਂ ਹੈ। ਜਿਥੋਂ ਤਕ ਲੋਕਲ ਗੌਰਮਿੰਟ ਦਾ ਸਵਾਲ ਹੈ, ਸਰਕਾਰ ਕਿਸੇ ਵੀ ਮਿਊਂਸੀਪਲ ਕਮੇਟੀ ਨੂੰ ਸੁਪਰਸੀਡ ਕਰ ਸਕਦੀ ਹੈ, ਉਸ ਦੇ ਵਿਚ ਤਰਮੀਮ ਕਰਕੇ ਨਵਾਂ ਪ੍ਰੋਵੀਜ਼ਨ ਕੀਤਾ ਗਿਆ ਕਿ ਕਮੇਟੀਆਂ ਨੂੰ ਸੁਪਰਸੀਡ ਕਰਨ ਦੀ ਥਾਂ ਉਤੇ ਮੁਕੱਰਰ ਅਰਸਾ ਵੱਧ ਤੋਂ ਵੱਧ ਇਕ ਸਾਲ ਕੀਤਾ ਗਿਆ ਜਿਸ ਦੇ ਲਈ ਸਰਕਾਰ ਕਿਸੇ ਵੀ ਮਿਊਂਸੀਪਲ ਕਮੇਟੀ ਨੂੰ ਜਿਸ ਦਾ ਕੰਮ ਠੀਕ ਨਾ ਹੋਵੇ, ਮੁਅੱਤਲ ਕਰ ਸਕਦੀ ਹੈ। ਇਹ ਜਿਹੜਾ ਆਰਡੀਨੈਂਸ ਹੁਣ ਲਿਆਂਦਾ ਹੈ, ਮੁਅੱਤਲ ਕਰਨ ਦੀ ਬਾਰ ਸਰਕਾਰ ਨੇ ਲਗਾਈ ਸੀ ਇਕ ਸਾਲ ਵਾਸਤੇ ਹੁਣ ਸਰਕਾਰ ਹੋਰ ਮਜ਼ੀਦ ਇਖਤਿਆਰ ਮੰਗਦੀ ਹੈ ਕਿ ਇਕ ਸਾਲ ਵਾਸਤੇ ਮੁਅੱਤਲ ਜਿਸ ਨੂੰ ਕੀਤਾ ਹੋਇਆ ਹੈ, ਬਜਾਏ ਇਸ ਦੇ ਕਿ ਇਕ ਸਾਲ ਦੇ ਅੰਦਰ ਅੰਦਰ ਨਵੀਆਂ ਚੋਣਾਂ ਕਰਵਾਕੇ ਕਮੇਟੀ ਬਣਾਈ ਜਾਵੇ ਜਾਂ ਪੁਰਾਣੇ ਮੈਂਬਰਾਂ ਨੂੰ ਬਹਾਲ ਕੀਤਾ ਜਾਵੇ, ਇਕ ਸਾਲ ਦੇ ਬਾਅਦ ਹੁਣ ਬਿੱਲ ਲਿਆਂਦਾ ਹੈ ਕਿ ਇਕ ਸਾਲ ਦੇ ਲਈ ਹੋਰ ਮੁਅੱਤਲ ਕਰ ਦਿੱਤੀ ਜਾਵੇ। ਵਜ੍ਹਾ ਇਹ ਦੱਸੀ ਗਈ ਕਿ ਮੁਅੱਤਲ ਕਰਨ ਦਾ ਮਤਲਬ ਹੈ ਕਿ ਐਡਮਨਿਸਟ੍ਰੇਟਰ ਲਗਾ ਕੇ ਉਸ ਨੂੰ ਬੇਹਤਰ ਕੀਤਾ ਜਾਵੇ ਔਰ ਇਕ ਸਾਲ ਅਰਸਾ ਕਾਫੀ ਨਹੀਂ ਹੋਵੇਗਾ, ਇਸ ਕਰਕੇ ਇਕ ਸਾਲ ਹੋਰ ਮੁਅੱਤਲ ਰਖਣ ਦੀ ਮਿਆਦ ਜਿਹੜੀ ਹੈ, ਉਸ ਦਾ ਸਰਕਾਰ ਨੂੰ ਇਖਤਿਆਰ ਹੋਣਾ ਚਾਹੀਦਾ ਹੈ....।

**ਸ਼੍ਰੀ ਡਿਪਟੀ ਸਪੀਕਰ** : ਸ਼ਰਮਾ ਜੀ, ਕੀ ਇਹ ਬਿੱਲ ਇਕ ਸਾਲ ਹੋਰ ਮਿਆਦ ਵਧਾਉਣ ਵਾਸਤੇ ਹੈ ?

Original with;
Punjab Vidhan Sabha
Digitized by;
Panjab Digital Library

**Finance Minister** : Sir, in clause 2 it is written, "....extend the aforesaid period of suspension, from time to time, for a period not exceeding one year in aggregate."

**ਕਾਮਰੇਡ ਸੱਤ ਪਾਲ ਡਾਂਗ** : ਡਿਪਟੀ ਸਪੀਕਰ ਸਾਹਿਬ, ਇਹ ਇਖਤਿਆਰ ਵਰਤੇ ਵੀ ਗਏ ਹਨ । ਅੰਮਿਤਸਰ ਦੀ ਕਮੇਟੀ ਇਸ ਆਰਡੀਨੈਂਸ ਤੋਂ ਪਹਿਲਾਂ ਇਕ ਸਾਲ ਲਈ ਸੱਸਪੈਂਡ ਹੋ ਚੁੱਕੀ ਸੀ । ਇਹ ਆਰਡੀਨੈਂਸ ਕਰਕੇ ਅੰਮ੍ਰਿਤਸਰ ਦੀ ਕਮੇਟੀ ਨੂੰ ਇਕ ਸਾਲ ਹੋਰ ਸੱਸਪੈਂਡ ਕਰ ਲਿਆ ਗਿਆ ਹੈ ।

**ਸਰਦਾਰ ਹਰਚੰਦ ਸਿੰਘ** : ਛੇਹਰਟਾ ਦੀ ਕਮੇਟੀ ਨੂੰ ਤਾਂ ਨਹੀਂ ਕੀਤਾ ਗਿਆ ।

**ਕਾਮਰੇਡ ਸੱਤ ਪਾਲ ਡਾਂਗ** : ਡਿਪਟੀ ਸਪੀਕਰ ਸਾਹਿਬ, ਸਰਦਾਰ ਹਰਚੰਦ ਸਿੰਘ ਜੀ ਮੇਰੇ ਮੋਹਤਰਮ ਦੋਸਤ ਹਨ, ਮੈਂ ਇਨ੍ਹਾਂ ਨੂੰ ਦਸ ਦੇਵਾਂ ਕਿ ਉਹ ਕਮੇਟੀ 25 ਸਾਲਾਂ ਦੀ ਚਲਦੀ ਹੈ, ਬੈਸਟ ਕਮੇਟੀ ਹੈ ਔਰ ਉਹ ਕਦੇ ਸਸਪੈਂਡ ਨਹੀਂ ਹੋਈ ।

**ਵਿੱਤ ਮੰਤਰੀ** : ਸਾਡਾ ਕੋਈ ਦਿਮਾਗ ਖਰਾਬ ਹੈ ਕਿ ਐਵੇਂ ਹੀ ਸੱਸਪੈਂਡ ਕਰ ਦੇਈਏ ।

**ਕਾਮਰੇਡ ਸੱਤ ਪਾਲ ਡਾਂਗ** : ਡਿਪਟੀ ਸਪੀਕਰ ਸਾਹਿਬ, ਸਾਡਾ ਦੇਸ਼ ਇਸ ਗੱਲ ਲਈ ਕੁਮਿਟਿਡ ਹੈ ਕਿ ਅਸੀਂ ਦੇਸ਼ ਦੇ ਅੰਦਰ ਜਮਹੂਰੀਅਤ ਨੂੰ ਮਜ਼ਬੂਤ ਕਰਨਾ ਹੈ । ਐਮਰਜੈਂਸੀ ਦੇਸ਼ ਦੇ ਅੰਦਰ ਲਗਾਉਣ ਦਾ ਮਕਸਦ ਜਮਹੂਰੀਅਤ ਨੂੰ ਮਜ਼ਬੂਤ ਕਰਨਾ ਹੈ, ਕਮਜ਼ੋਰ ਕਰਨਾ ਨਹੀਂ ਹੈ । ਐਮਰਜੈਂਸੀ ਦਾ ਮਤਲਬ ਹੈ ਕਿ ਜਮਹੂਰੀਅਤ ਨੂੰ ਖਤਮ ਕਰਨ ਵਾਲੀਆਂ ਜਿਹੜੀਆਂ ਸ਼ਕਤੀਆਂ ਹਨ ਉਨ੍ਹਾਂ ਨੂੰ ਖਤਮ ਕਰਨਾ ਔਰ ਜਮਹੂਰੀਅਤ ਨੂੰ ਮਜ਼ਬੂਤ ਕਰਨਾ ਹੈ । ਜਮਹੂਰੀਅਤ ਮਜ਼ਬੂਤ ਤਾਂ ਹੀ ਹੋ ਸਕਦੀ ਹੈ ਜੇਕਰ ਜਨਤਾ ਉਤੇ ਨਿਰਭਰ ਜ਼ਿਆਦਾ ਕੀਤਾ ਜਾਵੇ ਔਰ ਜਨਤਾ ਨੂੰ ਜ਼ਿਆਦਾ ਇਖਤਿਆਰ ਦਿਤੇ ਜਾਣ । ਅਗਰ ਕੋਈ ਕਮੇਟੀ ਸੱਸਪੈਂਡ ਕਰਨੀ ਹੈ ਤਾਂ ਇਕ ਸਾਲ ਦਾ ਅਰਸਾ ਕਾਫੀ ਹੁੰਦਾ ਹੈ । ਉਸ ਦੇ ਵਿਚ ਵਿਚ ਜੋ ਕਰਨਾ ਹੋਵੇ ਕਰ ਲਿਆ ਜਾਵੇ । ਉਸ ਦੇ ਬਾਅਦ ਜਾਂ ਤਾਂ ਪੁਰਾਣੇ ਮੈਂਬਰਾਂ ਨੂੰ ਬਹਾਲ ਕਰਨਾ ਜਾਂ ਸੁਪਰਸੀਡ ਕਰਕੇ ਨਵੀਆਂ ਚੋਣਾਂ ਕਰਾਉਣ ਇਹ ਜਮਹੂਰੀਅਤ ਦੀ ਗੱਲ ਹੈ । ਪਹਿਲਾਂ ਇਕ ਸਾਲ ਲਈ ਸਸਪੈਂਡ ਕਰਕੇ ਹੁਣ ਇਹ ਕਹਿੰਦੇ ਹਨ ਕਿ ਇਕ ਸਾਲ ਲਈ ਹੋਰ ਕਰ ਦਿਉ । ਇਸ ਦੌਰਾਨ ਐਡਮਨਿਸਟਰੇਟਰ ਕੰਮ ਕਰਦਾ ਰਹੇ, ਡਿਪਟੀ ਸਪੀਕਰ ਸਾਹਿਬ, ਇਹ ਇਕ ਅਨਡੈਮੋਕਰੈਟਿਕ ਗੱਲ ਹੈ । ਅਗਰ ਸਰਕਾਰ ਚਾਹੁੰਦੀ ਹੈ ਔਰ ਉਹ ਜਾਣਦੀ ਹੈ ਕਿ ਇਕ ਸਾਲ ਤੋਂ ਬਾਅਦ ਕਮੇਟੀ ਨੇ ਠੀਕ ਕੰਮ ਨਹੀਂ ਕਰ ਸਕਣਾ ਤਾਂ ਸਰਕਾਰ ਕੋਲ ਦੂਜਾ ਇਖਤਿਆਰ ਹੈ ਕਿ ਉਸ ਨੂੰ ਸੁਪਰਸੀਡ ਕਰ ਕੇ ਇਲੈਕਸ਼ਨ ਕਰਾਵੇ । ਪਰ ਇਹ ਨਹੀਂ ਕਿ ਇਸ ਤਰ੍ਹਾਂ ਅਨਲਿਮਿਟਿਡ ਪੀਰੀਅਡ ਲਈ ਇਸ ਤਰ੍ਹਾਂ ਹੀ ਸਸਪੈਨਸ਼ਨ ਕੀਤੀ ਜਾਵੇ । ਇਹ ਅਨਡੈਮੋਕ੍ਰੈਟਿਕ ਚੀਜ਼ ਹੈ । ਜੇਕਰ ਸਰਕਾਰ ਕਿਸੇ ਕਮੇਟੀ ਨੂੰ ਇਕ ਸਾਲ ਲਈ ਸੱਸਪੈਂਡ ਕਰਦੀ ਹੈ ਤਾਂ ਉਸ ਤੋਂ ਬਾਅਦ ਨਵੀਆਂ ਚੋਣਾਂ ਕਰਵਾਈਆਂ ਜਾਣ ਜਾਂ ਪੁਰਾਣੇ ਮੈਂਬਰ ਜਿਹੜੇ ਹੋਣ ਉਨ੍ਹਾਂ ਨੂੰ ਬਹਾਲ ਕੀਤਾ ਜਾਵੇ । ਇਹ ਕਹਿੰਦੇ ਹਨ ਕਿ ਐਡਮਿਨਿਸਟਰੇਟਰ ਹਾਲਾਤ ਨੂੰ ਬੇਹਤਰ ਕਰ ਸਕਦੇ ਹਨ ਔਰ ਉਨ੍ਹਾਂ ਨੂੰ ਸਮਾਂ ਹੋਰ ਦੇਣਾ ਚਾਹੀਦਾ ਹੈ । ਮੈਂ ਇਨ੍ਹਾਂ ਦਾ ਧਿਆਨ ਇਸ ਪਾਸੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ

Original with;
Punjab Vidhan Sabha
Digitized by;
Panjab Digital Library

ਜਦੋਂ ਦਾ ਅੰਮ੍ਰਿਤਸਰ ਇਨ੍ਹਾਂ ਨੇ ਐਡਮਨਿਸਟਰੇਟਰ ਲਗਾਇਆ ਹੋਇਆ ਹੈ ਜੋ ਕੁਝ ਉਥੇ ਹੋ ਰਿਹਾ ਹੈ ਉਹ ਮੈਂ ਇਨ੍ਹਾਂ ਦੇ ਗੋਸ਼-ਗੁਜ਼ਾਰ ਕਰਨਾ ਚਾਹੁੰਦਾ ਹਾਂ । ਡਿਪਟੀ ਸਪੀਕਰ ਸਾਹਿਬ, ਉਹ ਪਾਣੀ ਜਿਹੜਾ ਕਿ ਹਰ ਗਰੀਬ ਨੂੰ ਦੇਣਾ ਹੈ, ਵਾਟਰ ਸਪਲਾਈ ਦਾ ਜਿਹੜਾ ਅਰੇਂਜ-ਮੈਂਟ ਹੈ ਅੰਮ੍ਰਿਤਸਰ ਦੇ ਵਿਚ, ਪਾਣੀ ਜਿਹੜਾ ਕਿ ਗਰੀਬ ਤੋਂ ਗਰੀਬ ਆਦਮੀ ਨੂੰ ਦੇਣਾ ਹੈ, ਉਸ ਦਾ ਰੇਟ 300 ਗੁਣਾ ਐਡਮਨਿਸਟਰੇਟਰ ਸਾਹਿਬ ਦੇ ਰਾਜ ਦੇ ਵਿਚ ਵੱਧਾ ਦਿੱਤਾ ਗਿਆ ਹੈ । ਉਥੇ ਹਾਹਾਕਾਰ ਮਚੀ, ਉਬਜੈਕਸ਼ਨ ਦਾਖਲ ਕੀਤੇ ਗਏ, ਪਰ ਕਿਸੇ ਪਬਲਿਕ ਦੇ ਨੁਮਾਇੰਦੇ ਨੂੰ ਸੁਣਿਆ ਜਾਵੇ, ਇਸ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਔਰ ਇਨਕਰੀਜ਼ ਕੀਤਾ ਹੈ 300 ਤੋਂ 400 ਗੁਣਾ ਤੱਕ । ਇਕ ਹੋਰ ਨਵੀਂ ਸਕੀਮ ਚਲਦੀ ਪਈ ਹੈ ਕਿ ਐਡਮਨਿਸਟਰੇਟਰ ਸਾਹਿਬ ਇਕ ਹੋਰ ਨਵਾਂ ਟੈਕਸ ਇਸ਼ਤਿਹਾਰਾਂ ਉਪਰ ਲਗਾਉਣ ਲਗੇ ਹਨ ਸਰਕਾਰ ਨੂੰ ਵੀ ਤੇ ਮੈਨੂੰ ਵੀ ਲੋਕਾਂ ਦੀਆਂ ਟੈਲੀਗਰਾਮਜ਼ ਆ ਰਹੀਆਂ ਹਨ । ਡਿਪਟੀ ਸਪੀਕਰ ਸਾਹਿਬ, ਕੋਈ ਵੱਡੀ ਫਰਮ ਹੋਵੇ, ਓ.ਸੀ.ਐਮ. ਵਰਗੇ ਕਾਰਖਾਨੇਦਾਰ ਹੋਣ, ਤਾਂ ਤੇ ਇਸ ਤਰ੍ਹਾਂ ਦਾ ਟੈਕਸ ਲਗੇ, ਮੈਂ ਸ਼ਰਮਾ ਜੀ ਦੇ ਨਾਲ ਹੋਵਾਂਗਾ ਪਰ ਉਸ ਬਾਰਡਰ ਦੇ ਸ਼ਹਿਰ ਦੇ ਉਤੇ ਕਿਸ ਉਤੇ ਟੈਕਸ ਲਗਣਾ ਹੈ ? ਜਿਹੜਾ ਛੋਟਾ ਦੁਕਾਨਦਾਰ ਹੈ, ਕਰਿਆਨਾ-ਫਰੋਸ਼ ਹੈ, ਉਸ ਨੇ ਸਾਈਨਬੋਰਡ ਲਗਾਇਆ ਹੋਇਆ ਹੈ, ਉਸ ਦਾ ਨਾਮ ਉਸ ਉਤੇ ਲਿਖਿਆ ਹੋਇਆ ਹੈ, ਉਸ ਉਤੇ ਵੀ ਟੈਕਸ ਲਗਣਾ ਹੈ । ਡਿਪਟੀ ਸਪੀਕਰ ਸਾਹਿਬ, ਇਹ ਐਗ-ਜ਼ਾਰਬੀਟੈਂਟ ਟੈਕਸ ਹੈ ਪਰ ਐਡਮਨਿਸਟਰੇਟਰ ਸਾਹਿਬ ਲਗਾਉਣ ਲਗੇ ਹਨ । ਕਿਸੇ ਮਨਾਪਲੀ ਹਾਊਸ ਉਤੇ ਇਸ ਤਰ੍ਹਾਂ ਦਾ ਟੈਕਸ ਲਗਾਉਣ ਨਾ ਕਿ ਛੋਟਾ ਦੁਕਾਨਦਾਰ ਜਿਹੜਾ ਹੈ ਉਸ ਨੂੰ 40/40, 50/50 ਜਾਂ 60/60 ਰੁਪਏ ਲਗਾਏ ਜਾਣ । ਜੇਕਰ ਐਡਮਨਿਸਟਰੇਟਰ ਨੂੰ ਇਸ ਬਾਰੇ ਕਹੋ ਤਾਂ ਉਹ ਕਹਿੰਦਾ ਹੈ ਕਿ ਸਰਕਾਰ ਦਾ ਹੁਕਮ ਹੈ, ਸਰਕਾਰ ਨੇ ਕਿਹਾ ਹੈ । ਡਿਪਟੀ ਸਪੀਕਰ ਸਾਹਿਬ, ਜਿਥੇ ਲੋਕਾਂ ਦੇ ਨੁਮਾਇੰਦੇ ਹੁੰਦੇ ਹਨ ਉਹ ਤਾਂ ਝਗੜਾ ਕਰ ਕੇ ਇਸ ਤਰ੍ਹਾਂ ਦਾ ਟੈਕਸ ਨਹੀਂ ਲਗਣ ਦਿੰਦੇ ਪਰ ਐਡਮਨਿਸਟਰੇਟਰ ਸਾਹਿਬ ਕਹਿੰਦੇ ਹਨ ਕਿ ਅਸੀਂ ਤਾਂ ਸਰਕਾਰੀ ਅਫ਼ਸਰ ਹਾਂ ।

ਡਿਪਟੀ ਸਪੀਕਰ ਸਾਹਿਬ, ਅਗਰ ਸ਼ਰਮਾ ਜੀ ਨੂੰ ਪਤਾ ਨਹੀਂ ਹੈ ਤਾਂ ਮੈਂ ਇਨ੍ਹਾਂ ਨੂੰ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਦੇ ਵਿਚ ਬਿਜਲੀ ਬਲਕ ਸਪਲਾਈ ਕਰਨ ਲਈ ਬਿਜਲੀ ਪਾਵਰ ਹਾਊਸ ਨੂੰ ਮਿਲਦੀ ਸੀ ਉਹ ਅਗੇ ਵੰਡਦੇ ਸੀ । ਮੈਂ ਇਸ ਵਿਚ ਦਾਵੇ ਨਾਲ ਕਹਿੰਦਾ ਹਾਂ ਕਿ ਬਿਜਲੀ ਬੋਰਡ ਦੀ ਸਿਧੀ ਸਪਲਾਈ ਨਾਲੋਂ ਅੰਮ੍ਰਿਤਸਰ ਪਾਵਰ ਹਾਊਸ ਦਾ ਇੰਤਜ਼ਾਮ ਬਹੁਤ ਚੰਗਾ ਸੀ ਅਤੇ ਅੰਮ੍ਰਿਤਸਰ ਕਮੇਟੀ ਇਸ ਕੰਮ ਵਿਚ ਬਹੁਤ ਚੰਗੀ ਸੀ । ਪਰ ਬਿਜਲੀ ਬੋਰਡ ਵਾਲੇ ਅਨੇਕਾਂ ਸਾਲ ਇਹ' ਕੋਸ਼ਿਸ਼ ਕਰਦੇ ਰਹੇ ਕਿ ਕਿਸੇ ਤਰ੍ਹਾਂ ਸਪਲਾਈ ਐਗਰੀਮੈਂਟ ਖਤਮ ਕਰਕੇ ਅੰਮ੍ਰਿਤਸਰ ਦੀ ਬਿਜਲੀ ਦੀ ਸਪਲਾਈ ਦਾ ਇੰਤਜ਼ਾਮ ਬੋਰਡ ਕੋਲ ਆ ਜਾਵੇ । ਡਿਪਟੀ ਸਪੀਕਰ ਸਾਹਿਬ, ਬੋਰਡ ਇਸ ਵਿਚ ਕਾਮਯਾਬ ਨਹੀਂ ਹੋਇਆ। ਬੋਰਡ ਦੇ ਪ੍ਰਤੀਨਿਧ ਨੇ ਮੈਨੂੰ ਪਰਸਨਲੀ ਕਿਹਾ ਕਿ ਡਾਂਗ ਸਾਹਿਬ ਤੁਸੀਂ ਕਮੇਟੀ ਦੀ ਕਿਉਂ ਮਦਦ ਕਰਦੇ ਹੋ ? ਅਤੇ ਸਾਡੀ ਕਿਉਂ ਨਹੀਂ ਕਰਦੇ ? ਮੈਂ ਉਨ੍ਹਾਂ ਨੂੰ ਕਿਹਾ ਕਿ ਭਾਵੇਂ ਕਮੇਟੀ ਵਿਚ ਕਿਸੇ ਪਾਰਟੀ ਦੀ ਹਕੂਮਤ ਹੋਵੇ, ਚਾਹੇ ਕਾਂਗਰਸ ਪਾਰਟੀ ਦੀ ਹੋਵੇ, ਭਾਵੇਂ ਜਨਸੰਘ ਪਾਰਟੀ ਦੀ ਹੋਵੇ ਪਰ ਇਸ ਵਿਚ ਅੰਮ੍ਰਿਤਸਰ ਦੀ ਪਬਲਿਕ ਦਾ ਮੁਫਾਦ ਹੈ । ਜਿਹੜੀ ਤੁਸੀਂ ਮੰਗ ਕਰਦੇ ਹੋ ਇਹ ਅੰਮ੍ਰਿਤਸਰ ਦੇ ਲੋਕਾਂ ਦੇ ਹਿਤਾਂ ਦੇ ਖਿਲਾਫ ਜਾਂਦੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਹੈ, ਫੇਰ ਇਹ ਗੱਲ ਪੂਰੀ ਨਹੀਂ ਹੋਈ । ਇਸ ਤੋਂ ਬਾਅਦ, ਸ਼ਰਮਾ ਜੀ ਨੇ ਇਕ ਮੀਟਿੰਗ ਬੁਲਾਈ, ਜਿਸ ਵਿਚ ਅੰਮ੍ਰਿਤਸਰ ਦਾ ਐਡਮਨਿਸਟਰੇਟਰ ਨੁਮਾਇੰਦਾ ਸੀ ਅਤੇ ਬਿਜਲੀ ਬੋਰਡ ਦਾ ਨੁਮਾਇੰਦਾ ਸੀ ਅਤੇ ਸ਼ਰਮਾ ਸਾਹਿਬ ਆਪ ਸਨ । ਉਨ੍ਹਾਂ ਕੋਲੋਂ ਦਸਖਤ ਕਰਵਾ ਕੇ ਦਿਤੇ ਗਏ ਕਿ ਅੰਮਿਤਸਰ ਕਮੇਟੀ ਦਾ ਪਾਵਰ ਹਾਊਸ ਬਿਜਲੀ ਬੋਰਡ ਨੂੰ ਦਿੱਤਾ ਜਾਵੇ । ਇਸ ਤੇ ਕਿੰਨੀ ਰਿਜੈਂਟਮੈਂਟ ਹੋਈ ਹੈ ਅਤੇ ਇਸ ਦੇ ਨਾਲ ਅੰਮ੍ਰਿਤਸਰ ਦਾ ਜ਼ਿਲ੍ਹਾ ਕਾਂਗਰਸ ਕਮੇਟੀ ਨੇ ਵੀ ਲਿਖ ਕੇ ਰਿਪਰੈਜ਼ੈਂਟੇਸ਼ਨ ਕੀਤੀ ਹੈ ਕਿ ਇਸ ਫੈਸਲੇ ਨਾਲ ਅੰਮ੍ਰਿਤਸਰ ਦੇ ਲੋਕਾਂ ਨਾਲ ਬੜਾ ਧੱਕਾ ਹੈ, ਕਿਉਂਕਿ ਸਰਕਾਰੀ ਐਡਮਨਿਸਟਰੇਟਰ ਲਗਾ ਹੈ ਉਹ ਕਰੀ ਜਾਂਦਾ ਹੈ ਜੋ ਸਰਕਾਰ ਕਹਿੰਦੀ ਹੈ ' 80 ਫੀ ਸਦੀ ਰੇਟ ਵੱਧਾ ਦਿਤਾ ਹੈ ਔਰ ਜੇਕਰ ਅੰਮ੍ਰਿਤਸਰ ਦੀ ਕਮੇਟੀ ਨੇ ਉਸ ਵਾਧੂ ਰੇਟ ਨੂੰ ਲੋਕਾਂ ਤੇ ਪਾਇਆ ਤਾਂ ਹਾਹਾਕਾਰ ਹੋਵੇਗੀ ਅਤੇ ਜੇਕਰ ਨਾ ਪਾਇਆ ਤਾਂ ਕਮੇਟੀ ਘਾਟੇ ਵਿਚ ਜਾਵੇਗੀ । ਫਿਰ ਸ਼ਰਮਾ ਜੀ ਕਹਿੰਦੇ ਹਨ ਕਿ ਅਸੀਂ ਆਪ ਹੀ ਵੰਡ ਲਵਾਂਗੇ। ਐਡਮਨਿਸਟਰੇਟਰ ਨੇ ਦਸਖਤ ਕਰਕੇ ਇਸ ਲਈ ਦਿੱਤੇ ਹਨ ਕਿ ਅੰਮ੍ਰਿਤਸਰ ਦਾ ਪਾਵਰ ਹਾਊਸ ਬਿਜਲੀ ਬੋਰਡ ਆਪਣੇ ਹਥ ਵਿਚ ਲੈ ਲਵੇ ਅਤੇ ਜੋ ਪਰੈਜ਼ੈਂਟ ਸਿਸਟਮ ਹੈ ਉਹ ਖਤਮ ਹੋ ਜਾਵੇ। ਡਿਪਟੀ ਸਪੀਕਰ ਸਾਹਿਬ, ਅੰਮ੍ਰਿਤਸਰ ਦਾ ਪਾਵਰ ਹਾਊਸ ਕੋਈ ਪ੍ਰਾਈਵੇਟ ਅਦਾਰਾ ਨਹੀਂ ਹੈ। ਉਹ ਸਰਕਾਰੀ ਅਦਾਰਾ ਹੈ । ਪਰ ਉਸ ਨੂੰ ਐਡਮਨਿਸਟ੍ਰੇਟਰ ਸਾਹਿਬ ਨੇ ਬਿਜਲੀ ਬੋਰਡ ਦੇ ਹਵਾਲੇ ਕਰ ਦਿਤਾ ਹੈ । ਜਦੋਂ ਕਿ ਬਿਜਲੀ ਬੋਰਡ 10 ਸਾਲ ਤੋਂ ਕੋਸ਼ਿਸ਼ ਕਰ ਰਿਹਾ ਸੀ ਪਰ ਲੈ ਨਹੀਂ ਸੀ ਸਕਿਆ ਕਿਉਂਕਿ ਅੰਮ੍ਰਿਤਸਰ ਦੇ ਲੋਕ ਸਹਿਮਤ ਨਹੀਂ ਸਨ। ਐਡਮਨਿਸਟ੍ਰੇਟਰ ਸਾਹਿਬ ਦਾ ਟਾਰਗਟ ਇਹ ਸੀ ਜਿਨ੍ਹਾਂ ਦੀ ਇਕ ਸਾਲ ਦੀ ਮਿਆਦ ਸਰਕਾਰ ਹੋਰ ਵਧਾਉਣਾ ਚਾਹੁੰਦੀ ਹੈ । (ਘੰਟੀ) ਡਿਪਟੀ ਸਪੀਕਰ ਸਾਹਿਬ, ਮੇਰੇ ਇਕ ਅਨ-ਸਟਾਰਡ ਸਵਾਲ ਤੇ ਸਦਨ ਦੀ ਮੇਜ਼ ਤੇ ਜਵਾਬ ਰਖਿਆ ਗਿਆ ਹੈ ਕਿ ਪੰਜਾਬ ਦੀਆਂ ਮਿਊਂਸੀਪਲ ਕਮੇਟੀਆਂ ਦੇ ਵਿਚ ਗਰੀਬ ਰਿਕਸ਼ਾ ਵਾਲਿਆਂ ਅਤੇ ਗਰੀਬ ਹਰੀਜਨ ਸਾਇਕਲ ਰਿਕਸ਼ਾ ਵਾਲਿਆਂ ਤੇ ਕਿੰਨਾ ਕਿੰਨਾ ਟੈਕਸ ਹੈ । ਪਰ ਉਸ ਤੋਂ ਪਤਾ ਲਗਦਾ ਹੈ ਕਿ ਕਿਸੇ ਵਿਚ ਇਕ ਰੁਪਇਆ, ਕਿਸੇ ਵਿਚ ਦੋ ਰੁਪਏ, ਕਿਸੇ ਵਿਚ ਤਿੰਨ ਰੁਪਏ ਅਤੇ ਕਿਸੇ ਵਿਚ ਚਾਰ ਰੁਪਏ ਹੈ ਪਰ ਅੰਮ੍ਰਿਤਸਰ ਮਿਊਂਸੀਪਲ ਕਮੇਟੀ ਦੇ ਵਿਚ 18 ਰੁਪਏ ਹੈ, ਜੋ ਬਹੁਤ ਵੱਡਾ ਟੈਕਸ ਹੈ । ਜਿਸ ਨੇ 100 ਰਿਕਸ਼ੇ ਕਰਾਏ ਤੇ ਦੇਣੇ ਹਨ ਜੇਕਰ ਉਸ ਦੇ 18 ਰੁਪਏ ਦੀ ਜਗ੍ਹਾ 25 ਰੁਪਏ ਵੀ ਲਗਾ ਦੇਣ ਤਾਂ ਸਾਨੂੰ ਖੁਸ਼ੀ ਹੋਵੇਗੀ । ਜਿਹੜੇ ਗਰੀਬ ਲੋਕ ਰਿਕਸ਼ਾ ਖਰੀਦ ਨਹੀਂ ਸਕਦੇ ਅਤੇ ਕਰਜ਼ੇ ਤੇ ਰਿਕਸ਼ਾ ਖਰੀਦਦੇ ਹਨ ਅਤੇ ਉਸ ਦੀਆਂ ਕਿਸ਼ਤਾਂ ਵੀ ਦੇਣੀਆਂ ਹੁੰਦੀਆਂ ਹਨ, ਰਿਕਸ਼ਾ ਚਲਾ ਕੇ ਬੜੀ ਮੁਸ਼ਕਲ ਨਾਲ ਗੁਜ਼ਾਰਾ ਕਰਦੇ ਹਨ, ਰਿਕਸ਼ਾ ਚਲਾ ਚਲਾ ਕੇ ਉਨ੍ਹਾਂ ਨੂੰ ਟੀ.ਬੀ. ਹੋ ਜਾਂਦੀ ਹੈ ਔਰ ਉਨ੍ਹਾਂ ਤੇ 18 ਰੁਪਏ ਦਾ ਟੈਕਸ ਲਗਾਇਆ ਜਾਣਾ, ਇਹ ਠੀਕ ਨਹੀਂ ਹੈ । ਇਸ ਤੇ ਉਨ੍ਹਾਂ ਨੇ ਆਪਣੀ ਆਵਾਜ਼ ਵੀ ਉਠਾਈ ਹੈ, ਸਰਕਾਰ ਨੂੰ ਵੀ ਘਟਾਉਣ ਵਾਸਤੇ ਕਿਹਾ ਹੈ । ਜਦ ਉਹ ਐਡਮਨਿਸਟ੍ਰੇਟਰ ਕੋਲ ਜਾਂਦੇ ਹਨ ਤਾਂ ਉਹ ਸੁਣਦਾ ਹੀ ਨਹੀਂ ਉਹ ਕਹਿੰਦਾ ਹੈ ਕਿ ਮੈਂ ਤਾਂ ਐਡਮਨਿਸਟ੍ਰੇਟਰ ਹਾਂ । ਜਮਹੂਰੀਅਤ ਵਿਚ ਲੋਕਾਂ ਦੀ ਸੁਣਵਾਈ ਨਹੀਂ ਹੁੰਦੀ, ਸਰਕਾਰ ਗਲਤ ਪਾਸੇ ਵਲ ਜਾ ਰਹੀ ਹੈ । ਕੁਝ ਗੱਲਾਂ ਮੈਂ ਹੋਰ ਕਹਿਣੀਆਂ ਚਾਹੁੰਦਾ ਹਾਂ ਕਿ ਉਥੋਂ ਦੀ ਕਮੇਟੀ ਸੁਪਰਸੀਡ ਕਰ ਦਿਤੀ ਗਈ ਹੈ । ਜਦੋਂ ਕਮੇਟੀ ਸਸਪੈਂਡ ਨਹੀਂ ਸੀ ਤਾਂ ਉਥੋਂ ਦੇ ਲੇਜਿਸਲੇਟਰਜ਼ ਐਸੋਸੀਏਟ ਮੈਂਬਰ ਹੁੰਦੇ ਸਨ । ਅਸੀਂ ਵਿੱਤ ਮੰਤਰੀ ਨੂੰ ਲਿਖ ਕੇ ਰਿਕੁਐਸਟ ਕੀਤੀ ਅਤੇ ਡੀ.ਸੀ. ਨੂੰ ਵੀ ਕਿਹਾ, ਐਡਮਨਿਸਟ੍ਰੇਟਰ ਨੂੰ ਵੀ ਕਿਹਾ,

Original with;
Punjab Vidhan Sabha
Digitized by;
Panjab Digital Library

ਕਿਉਂਕਿ ਮਿਊਂਸੀਪਲ ਕਮਿਸ਼ਨਰ ਸਸਪੈਂਡ ਹਨ, ਜੇ ਕੋਈ ਅਹਿਮ ਫੈਸਲੇ ਲੈਣੇ ਹਾਂ ਤਾਂ ਅੰਮ੍ਰਿਤਸਰ ਦੇ ਜਿਹੜੇ ਲੇਜਿਸਲੇਟਰਜ਼ ਹਨ, ਜਿਸ ਤਰ੍ਹਾਂ ਭੰਡਾਰੀ ਜੀ ਹਨ, ਸਰਦਾਰ ਪ੍ਰਿਥੀਪਾਲ ਸਿੰਘ ਹਨ ਅਤੇ ਇਕ ਮੈਂਬਰ ਜੋ ਹਾਊਸ ਵਿਚ ਇਸ ਵੇਲੇ ਹਾਜ਼ਰ ਨਹੀਂ ਹੈ ਅਤੇ ਮੈਂ ਵੀ ਹਾਂ, ਇਨ੍ਹਾਂ ਲੈਜਿਸਲੇਟਰਜ਼ ਨੂੰ ਪੁਛ ਲਿਆ ਕਰੋ ਪਰ ਕਿਸੇ ਸਵਾਲ ਦੇ ਉਤੇ ਲੈਜਿਸਲੇਟਰਜ ਨੂੰ ਨਹੀਂ ਪੁਛਦੇ । ਉਥੋਂ ਦੀ ਕਮੇਟੀ ਸਸਪੈਂਡ ਹੈ ।

**ਸ੍ਰੀ ਡਿਪਟੀ ਸਪੀਕਰ** ਤੁਸੀਂ ਖਤਮ ਕਰੋ ਜੀ ।

**ਕਾਮਰੇਡ ਸੱਤ ਪਾਲ ਡਾਂਗ**: ਮੈਂ ਖਤਮ ਹੀ ਕਰਨ ਲਗਾ ਹਾਂ ਜੀ । ਮੈਂ ਬੇਨਤੀ ਕਰਾਂਗਾ ਕਿ ਇਹ ਜਿਹੜਾ ਇਨ੍ਹਾਂ ਨੇ ਆਰਡੀਨੈਂਸ ਕੀਤਾ ਸੀ ਕਿ ਇਹ ਇਕ ਸਾਲ ਤੋਂ ਵੱਧ ਸਸਪੈਂਡ ਨਹੀਂ ਰਹਿਣਗੀਆਂ, ਇਹ ਸ਼ਰਮਾ ਜੀ ਨੇ ਇਥੇ ਕਿਹਾ ਸੀ ਕਿ ਇਹ ਤਾਂ ਆਰਜ਼ੀ ਗੱਲ ਹੈ ਪਰ ਹੁਣ ਇਸ ਤੋਂ ਵੱਧ ਮਿਆਦ ਮੁਕੱਰਰ ਕਰ ਦਿੱਤੀ ਹੈ । ਇਹ ਠੀਕ ਗੱਲ ਨਹੀਂ ਹੈ । ਇਹ ਕਿਸ ਤਰੀਕੇ ਨਾਲ ਲੋਕਾਂ ਦੀ ਵਿਸ਼ਿਜ਼ ਦੇ ਖਿਲਾਫ ਅਜਿਹੀਆਂ ਗਲਾਂ ਕਰ ਰਹੇ ਹਨ । (ਘੰਟੀ) ਡਿਪਟੀ ਸਪੀਕਰ ਸਾਹਿਬ, ਮੈਂ ਇਸ ਆਰਡੀਨੈਂਸ ਦੀ ਵਿਰੋਧਤਾ ਕਰਦਾ ਹਾਂ । ਅਤੇ ਬਿੱਲ ਦੀ ਵੀ ਵਿਰੋਧਤਾ ਕਰਦਾ ਹਾਂ ।

**ਵਿੱਤ ਮੰਤਰੀ**: ਡਿਪਟੀ ਸਪੀਕਰ ਸਾਹਿਬ, ਇਕ ਸਾਲ ਦੀ ਸਸਪੈਂਨਸ਼ਨ ਦੀ ਇਜਾਜ਼ਤ ਪਿਛੇ ਜਿਹੇ ਅਸੈਂਬਲੀ ਨੇ ਦਿੱਤੀ ਸੀ ।

**ਸ੍ਰੀ ਡਿਪਟੀ ਸਪੀਕਰ**: ਪਹਿਲਾਂ ਬਿੱਲ ਇੰਟਰੋਡਿਊਸ ਕਰ ਲਓ ।

**Finance Minister (Shri Hans Raj Sharma)**: Sir, I beg to introduce the Punjab Municipal (Amendment) Bill, 1976.

Sir, I also beg to move—

That the Punjab Municipal (Amendment) Bill be taken into consideration at once.

**Mr. Deputy Speaker**: Motions moved—

(i) That this House disapproves the Punjab Municipal (Third Amendment) Ordinance, 1975 (Punjab Ordinance No. 13 of 1975).

(ii) That the Punjab Municipal (Amendment) Bill be taken into consideration at once.

The practice in the past has been that the resolution disapproving the Ordinance and the Bill seeking replacement of the Ordinance are discussed together though voting takes place on each item separately. If the House agrees, the resolution disapproving the Ordinance and the Bill be discussed together.

**Voices**: Yes, yes.

**Mr. Deputy Speaker**: Both these motions will be discussed together.

Original with;
Punjab Vidhan Sabha
Digitized by;
Panjab Digital Library

**ਵਿੱਤ ਮੰਤਰੀ** (ਸ੍ਰੀ ਹੰਸ ਰਾਜ ਸ਼ਰਮਾ): ਡਿਪਟੀ ਸਪੀਕਰ ਸਾਹਿਬ, ਇਹ ਇਕ ਸਾਲ ਦੇ ਵਕਤ ਦਾ ਖਿਆਲ ਇਹ ਸੀ ਕਿ ਅਸੀਂ ਜਿਹੜੀਆਂ ਬਾਕੀ ਰਹਿੰਦੀਆਂ 10—12 ਮਿਊਂਸੀਪਲ ਕਮੇਟੀਆਂ ਹਨ ਉਨ੍ਹਾਂ ਦੀਆਂ ਚੋਣਾਂ ਕਰਵਾ ਸਕੀਏ। ਡਿਪਟੀ ਸਪੀਕਰ ਸਾਹਿਬ, ਇਥੇ ਡਾਂਗ ਸਾਹਿਬ ਨੇ ਡੈਮੋਕਰੇਸੀ ਦਾ ਵਾਸਤਾ ਪਾਇਆ ਹੈ ਕਿ ਇਸ ਤਰ੍ਹਾਂ ਡੈਮੋਕਰੇਸੀ ਖਤਮ ਹੋ ਜਾਵੇਗੀ। ਇਹ ਗਿਆਨੀ ਜੀ ਦੀ ਸਰਕਾਰ ਹੈ ਜਿਸ ਨੇ ਪਹਿਲੇ 80 ਕਮੇਟੀਆਂ ਦੇ ਚੁਣਾਓ ਕਰਵਾਏ ਅਤੇ ਫਿਰ 5 ਹੋਰ ਕਮੇਟੀਆਂ ਦੇ ਚੁਣਾਓ ਕਰਵਾਏ। ਸਰਕਾਰ ਨੇ ਬਹੁਤ ਸਾਰੀਆਂ ਮਿਊਂਸੀਪਲ ਕਮੇਟੀਆਂ ਦੇ ਚੁਣਾਓ ਕਰਵਾਏ ਹਨ। ਉਸ ਦੇ ਬਾਅਦ ਪਿਛਲੇ ਸਾਲ ਹੀ ਤੁਸੀਂ ਦੇਖਿਆ ਹੋਣਾ ਹੈ ਕਿ ਅੰਮ੍ਰਿਤਸਰ, ਲੁਧਿਆਣਾ ਅਤੇ ਜਲੰਧਰ ਵਿਚ ਕਾਰਪੋਰੇਸ਼ਨਜ਼ ਬਣਾਉਣ ਦੀ ਮੰਗ ਆਈ। ਡਿਪਟੀ ਸਪੀਕਰ ਸਾਹਿਬ, ਕਾਰਪੋਰੇਸ਼ਨ ਬਿੱਲ ਜਲਦੀ ਬਣਾਕੇ ਦਿੱਲੀ ਸਰਕਾਰ ਤੋਂ ਇਸ ਦੀ ਮਨਜ਼ੂਰੀ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਡਾਂਗ ਸਾਹਿਬ ਕਹਿੰਦੇ ਹਨ ਕਿ ਉਨ੍ਹਾਂ ਮਿਊਂਸੀਪਲ ਕਮੇਟੀਆਂ ਦੇ ਇਲੈਕਸ਼ਨ ਕਰਵਾਓ। ਇਸ ਤਰ੍ਹਾਂ ਫਿਰ ਦੋ ਮਹੀਨੇ ਬਾਅਦ ਕਾਰਪੋਰੇਸ਼ਨ ਬਣ ਗਈ ਤਾਂ ਫਿਰ ਡਾਂਗ ਸਾਹਿਬ ਕਹਿਣਗੇ ਕਿ ਕਾਰਪੋਰੇਸ਼ਨ ਦੇ ਇਲੈਕਸ਼ਨ ਕਰਵਾਓ; ਕਿਉਂਕਿ ਕਾਰਪੋਰੇਸ਼ਨ ਦਾ ਹਲਕਾ ਵੱਧ ਜਾਂਦਾ ਹੈ। ਅਗਰ ਕਾਰਪੋਰੇਸ਼ਨ ਬਣਾਉਣੀ ਹੋਵੇ ਤਾਂ ਉਸ ਦਾ ਵਾਰਡ ਅਲੱਗ ਹੁੰਦਾ ਹੈ। ਉਸ ਦੇ ਕਾਊਂਸਲਰਜ਼ ਜ਼ਿਆਦਾ ਹੁੰਦੇ ਹਨ। ਸੋ ਡਾਂਗ ਸਾਹਿਬ ਦੇ ਕਹਿਣ ਮੁਤਾਬਿਕ ਸਾਡਾ ਇਹ ਕੋਈ ਮਕਸਦ ਨਹੀਂ ਹੈ ਕਿ ਡੈਮੋਕਰੇਸੀ ਥਰਾਟਲ ਹੋ ਜਾਵੇਗੀ। ਉਨ੍ਹਾਂ 10—12 ਮਿਊਂਸੀਪਲ ਕਮੇਟੀਆਂ ਦੀਆਂ ਇਲੈਕਸ਼ਨ ਜਲਦੀ ਹੋ ਜਾਣਗੀਆਂ। ਕਈ ਵਾਰੀ ਇਹ ਹੁੰਦਾ ਹੈ ਕਿ ਉਨ੍ਹਾਂ ਦੇ ਵਾਰਡਾਂ ਦਾ ਝਗੜਾ ਹੁੰਦਾ ਹੈ ਅਤੇ ਉਹ ਕੋਰਟ ਵਿਚ ਚਲੇ ਜਾਂਦੇ ਹਨ ਅਤੇ ਅਪੀਲਾਂ ਪੈਂਡਿੰਗ ਰਹਿੰਦੀਆਂ ਹਨ। ਕਈ ਵਾਰੀ ਉਸ ਦੀ ਲਿਮਿਟ ਦੇ ਖਿਲਾਫ ਕੋਰਟ ਵਿਚ ਚਲੇ ਜਾਂਦੇ ਹਨ। ਇਸ ਕਰਕੇ ਕੁਝ ਦੇਰ ਲਗ ਰਹੀ ਹੈ। ਸੋ ਇਸ ਤਰ੍ਹਾਂ ਸਾਡਾ ਕੋਈ ਮਨਸ਼ਾ ਨਹੀਂ ਕਿ 10—12 ਮਿਊਂਸੀਪਲ ਕਮੇਟੀਆਂ ਦੇ ਜੋ ਇਲੈਕਸ਼ਨ ਛੇਤੀ ਨਾ ਹੋਣ। ਇਹ ਵੀ ਗੱਲ ਨਹੀਂ ਕਿ ਅਗਰ ਇਹ ਨਾ ਹੋਏ ਤਾਂ ਡੈਮੋਕਰੇਸੀ ਖਤਮ ਹੋ ਜਾਵੇਗੀ। ਇਹ ਸਿਰਫ ਇਕ ਪਾਵਰ ਲੈ ਰਹੇ ਹਾਂ ਅਤੇ ਉਨ੍ਹਾਂ ਦੀ ਸਸਪੈਨਸ਼ਨ ਦਾ ਇਕ ਸਾਲ ਦਾ ਸਮਾਂ ਹੋਰ ਵਧਾਇਆ ਜਾ ਰਿਹਾ ਹੈ। ਅਸੀਂ ਇਹ ਬੜਾ ਸੋਚ ਸਮਝ ਕੇ ਕੀਤਾ ਹੈ ਤਾਂਕਿ ਇਹ ਜਿਹੜਾ ਇੰਟਰਵੀਨਿੰਗ ਪੀਰੀਅਡ ਹੈ ਕਾਰਪੋਰੇਸ਼ਨ ਬਣਨ ਦੇ ਨਾਲ ਲਗਦਾ ਇਹ ਸਾਨੂੰ ਤੰਗ ਨਾ ਕਰੇ। ਡਿਪਟੀ ਸਪੀਕਰ ਸਾਹਿਬ, ਤੁਸੀਂ ਆਪ ਜਾਣਦੇ ਹੋ ਕਿ ਕਈ ਜਗ੍ਹਾ ਜਦ ਕੋਈ ਕਮੇਟੀ ਸਸਪੈਂਡ ਕਰਦੇ ਹਾਂ ਤਾਂ ਤਕਲੀਫ ਹੁੰਦੀ ਹੈ, ਉਹ ਇਸ ਕਰਕੇ ਸਸਪੈਂਡ ਕਰਦੇ ਹਾਂ ਕਿ ਉਥੇ ਇੰਤਜ਼ਾਮ ਠੀਕ ਨਹੀਂ ਹੁੰਦਾ, ਟੈਕਸਾਂ ਦੀ ਚੋਰੀ ਹੁੰਦੀ ਹੈ ਅਤੇ ਉਥੇ ਮਾਲ-ਐਡਮਨਿਸਟਰੇਸ਼ਨ ਹੁੰਦੀ ਹੈ, ਤਦ ਅਸੀਂ ਉਸ ਕਮੇਟੀ ਨੂੰ ਸਸਪੈਂਡ ਕਰਦੇ ਹਾਂ। ਉਸ ਦੀ ਵਰਕਿੰਗ ਨੂੰ ਇੰਪਰੂਵ ਕਰਨ ਵਾਸਤੇ ਅਤੇ ਉਥੋਂ ਦੀ ਇਨਕਮ ਵਧਾਉਣ ਲਈ ਅਤੇ ਟੈਕਸਾਂ ਦੀ ਚੋਰੀ ਨੂੰ ਰੋਕਣ ਲਈ ਉਥੇ ਐਡਮਨਿਸਟਰੇਟਰ ਨੂੰ ਲੱਗਾ ਦਿੱਤਾ ਜਾਂਦਾ ਹੈ। ਅਤੇ ਬੜੇ ਦੁੱਖ ਨਾਲ ਉਥੇ ਦੀ ਮਿਊਂਸੀਪਲ ਕਮੇਟੀ ਸਸਪੈਂਡ ਕਰਨੀ ਪੈਂਦੀ ਹੈ।

**ਸ੍ਰੀ ਡਿਪਟੀ ਸਪੀਕਰ**: ਉਸ ਸਮੇਂ ਉਥੋਂ ਦੇ ਲੋਕਲ ਐਮ. ਐਲ. ਏਜ਼. ਨੂੰ ਕੰਸਲਟ ਕਰਨਾ ਚਾਹੀਦਾ ਹੈ।

**ਵਿੱਤ ਮੰਤਰੀ**: ਡਿਪਟੀ ਸਪੀਕਰ ਸਾਹਿਬ, ਅਸੈਂਬਲੀ ਦੇ ਐਮ.ਐਲ.ਏਜ਼ ਦੀ ਇਕ ਐਡਵਾਇਜ਼ਰੀ ਕਮੇਟੀ ਪਹਿਲੀ ਵਾਰ ਮੈਂ ਆਪਣੇ ਡਿਪਾਰਟਮੈਂਟ ਵਿਚ ਬਣਾਈ ਹੈ ਅਤੇ ਇਕ

Original with;
Punjab Vidhan Sabha
Digitized by;
Panjab Digital Library

ਕੰਸਲਟੇਟਿਵ ਕਮੇਟੀ ਹੈ । ਇਸ ਤਰ੍ਹਾਂ ਦੋ ਕਮੇਟੀਆਂ ਬਣਾਈਆਂ ਹਨ । ਕੰਸਲਟੇਟਿਵ ਕਮੇਟੀ ਵਿਚ ਐਮ. ਐਲ. ਏਜ਼. ਹਨ ਅਤੇ ਐਡਵਾਇਜ਼ਰੀ ਕਮੇਟੀ ਵਿਚ ਉਹ ਸੱਜਣ ਹਨ ਜਿਹੜੇ 15-15 ਸਾਲ ਅੰਮ੍ਰਿਤਸਰ ਵਰਗੀ ਕਮੇਟੀ ਦੇ ਪ੍ਰਧਾਨ ਰਹੇ ਹਨ, ਉਹ ਕਮੇਟੀ ਵਿਚ ਸ਼ਾਮਲ ਹਨ । ਉਨ੍ਹਾਂ ਦੇ ਸਲਾਹ ਮਸ਼ਵਰੇ ਨਾਲ ਉਥੋਂ ਦੇ ਸੁਧਾਰ ਜਿਸ ਤਰ੍ਹਾਂ ਵਾਟਰ-ਸਪਲਾਈ, ਬਿਜਲੀ ਆਦਿ ਦੇ ਪ੍ਰਬੰਧ ਵਿਚ ਉਨ੍ਹਾਂ ਦੀ ਸਲਾਹ ਲਈ ਜਾਂਦੀ ਹੈ। ਟੈਕਸ ਜਿਹੜੇ ਨਵੇਂ ਲੱਗਦੇ ਹਨ, ਇਨ੍ਹਾਂ ਮਾਮਲਿਆਂ ਵਿਚ ਉਨ੍ਹਾਂ ਦੀ ਰਾਏ ਮੰਨੀ ਜਾਂਦੀ ਹੈ। ਟੈਕਸਾਂ ਨੂੰ ਅਸੀਂ ਮਿਊਂਸੀਪਲ ਕਮੇਟੀਆਂ ਵਿਚ ਘਟਾਇਆ ਹੈ ਅਤੇ ਇਸ ਤਰ੍ਹਾਂ ਗਰੀਬਾਂ ਨੂੰ ਰਾਹਿਤ ਦਿਤੀ ਜਾ ਰਹੀ ਹੈ । ਡਾਂਗ ਸਾਹਿਬ ਨੇ ਬਿਜਲੀ ਦਾ ਜ਼ਿਕਰ ਕੀਤਾ ਹੈ ਕਿ ਬਿਜਲੀ ਬੋਰਡ ਘਾਟੇ ਵਿਚ ਜਾ ਰਿਹਾ ਹੈ । ਬਿਜਲੀ ਬੋਰਡ ਨੂੰ ਸਰਕਾਰ ਕਾਫ਼ੀ ਰਕਮ ਦਿੰਦੀ ਹੈ । ਬਿਜਲੀ ਬੋਰਡ ਇਕ ਅਟਾਨੋਮਸ ਬਾਡੀ ਹੈ ਉਨ੍ਹਾਂ ਨੇ ਬਿਜਲੀ ਦੇ ਰੇਟ ਵਧਾਏ। ਬਲਕਿ ਸਪਲਾਈ ਦੇ ਸਿਲਸਿਲੇ ਵਿਚ ਮਿਊਂਸੀਪਲ ਕਮੇਟੀ, ਅੰਮ੍ਰਿਤਸਰ ਮਿਡਲ ਮੈਨ ਦਾ ਰੋਲ ਅਦਾ ਕਰ ਰਹੀ ਸੀ । ਇਹ ਵੀ ਰੇਟ ਵਧਾਉਣ ਲਗੇ ਸੀ ਇਸ ਕਰਕੇ ਸ਼ਹਿਰ ਵਿਚ ਹਾਹਾਕਾਰ ਮਚ ਗਈ ਸੀ। ਉਨ੍ਹਾਂ ਨੇ ਕਿਹਾ ਕਿ ਇਸ ਤਰ੍ਹਾਂ ਸਾਨੂੰ ਜਲੰਧਰ ਅਤੇ ਲੁਧਿਆਣਾ ਨਾਲੋਂ ਵੱਧ ਰੇਟ ਦੇਣੇ ਪੈਣਗੇ, ਇਸ ਕਰਕੇ ਸਾਰੇ ਸਾਥੀਆਂ ਨਾਲ ਸਲਾਹ ਕਰਕੇ ਇਸ ਤਰ੍ਹਾਂ ਕੀਤਾ ਹੈ । ਮਿਊਂਸੀਪਲ ਕਮੇਟੀ ਦੇ ਹੋਰ ਆਮਦਨ ਦੇ ਜ਼ਰੀਏ ਬਹੁਤ ਹਨ । ਇਸ ਦੀ ਆਮਦਨ ਅਤੇ ਖਰਚ ਵਿਚ ਕੋਈ ਜ਼ਿਆਦਾ ਫ਼ਰਕ ਨਹੀਂ ਹੈ । ਬਿਜਲੀ ਦੀ ਜੈਨਰੇਸ਼ਨ ਅਤੇ ਇਸ ਦੀ ਡਿਸਟਰੀਬਿਊਸ਼ਨ ਦਾ ਕੰਮ ਇਹ ਬਿਜਲੀ ਵਾਲਿਆਂ ਦਾ ਹੈ ਅਤੇ ਇਹ ਦੂਸਰਿਆਂ ਦਾ ਕੰਮ ਨਹੀਂ ਹੈ । ਇਸ ਤਰ੍ਹਾਂ ਮੁਲਾਜ਼ਮ ਜਿੰਨੇ ਹਨ ਉਹ ਸਾਰੇ ਦੇ ਸਾਰੇ ਅਕਾਮੋਡੇਟ ਹੋਏ ਹਨ । (ਵਿਘਨ)

ਡਾਂਗ ਸਾਹਿਬ ਨੇ ਕਿਹਾ ਹੈ ਕਿ ਅੰਮ੍ਰਿਤਸਰ ਵਿਚ ਰਿਕਸ਼ਾ-ਪੁਲਰ ਤੋਂ ਟੈਕਸ ਲਿਆ ਜਾਂਦਾ ਹੈ । ਇਹ ਮੇਰੇ ਨੋਟਿਸ ਵਿਚ ਨਹੀਂ ਹੈ ਕਿ ਜਿਹੜੇ ਰਿਕਸ਼ਾ-ਪੁੱਲਰ ਹਨ ਉਹ ਟੈਕਸ ਦਿੰਦੇ ਹਨ । ਡਾਂਗ ਸਾਹਿਬ ਨੇ ਇਹ ਵੀ ਦਸਿਆ ਹੈ ਕਿ ਗਿਆਨੀ ਜੀ ਦੀ ਸਰਕਾਰ ਨੇ ਉਨ੍ਹਾਂ ਦੀ ਬੜੀ ਮੱਦਦ ਕੀਤੀ ਹੈ । ਅਸੀਂ ਉਨ੍ਹਾਂ ਦਾ ਇੰਟਰੈਸਟ ਆਪਣੇ ਕੋਲੋਂ ਦਿੰਦੇ ਹਾਂ। ਉਨ੍ਹਾਂ ਨੂੰ ਰਿਕਸ਼ਿਆਂ ਦੇ ਮਾਲਿਕ ਬਣਾਇਆ ਜਾ ਰਿਹਾ ਹੈ । ਜਿਸ ਤਰ੍ਹਾਂ ਡਾਂਗ ਸਾਹਿਬ ਨੇ ਕਿਹਾ ਹੈ, ਜੇ ਉਨ੍ਹਾਂ ਕੋਲੋਂ ਕੋਈ ਟੈਕਸ ਲਿਆ ਜਾਂਦਾ ਹੈ ਤਾਂ ਮੈਂ ਇਸ ਚੀਜ਼ ਦਾ ਪਤਾ ਕਰ ਲੈਂਦਾ ਹਾਂ, ਅਸੀਂ ਇਨ੍ਹਾਂ ਨੂੰ ਰੈਸ਼ਨੇਲਾਈਜ਼ ਕਰਾਂਗੇ ਤਾਂਕਿ ਗਰੀਬ ਰਿਕਸ਼ਾ-ਪੁਲਰ ਤੇ ਕੋਈ ਬੋਝ ਨਾ ਪਵੇ । ਸੋ ਇਹ ਜਿਹੜੀਆਂ 10—12 ਮਿਊਂਸੀਪਲ ਕਮੇਟੀਆਂ ਹਨ ਇਨ੍ਹਾਂ ਦੇ ਇਲੈਕਸ਼ਨ ਜਾਂ ਤਾਂ ਐਮਰਜੰਸੀ ਦੇ ਦੌਰਾਨ ਹੀ ਹੋ ਜਾਣਗੇ ਅਤੇ ਜਾਂ ਫਿਰ ਬਾਅਦ ਵਿਚ ਹੋ ਜਾਣਗੇ । (ਘੰਟੀ) ਘਬਰਾਉਣ ਦੀ ਲੋੜ ਨਹੀਂ ਹੈ । ਸਾਡਾ ਡੈਮੋਕਰੇਸੀ ਦਾ ਢਾਂਚਾ ਖਰਾਬ ਨਹੀਂ ਹੋਵੇਗਾ ।

**ਸ੍ਰੀ ਪ੍ਰੇਮ ਗੁਪਤਾ** (ਪਟਿਆਲਾ) : ਡਿਪਟੀ ਸਪੀਕਰ ਸਾਹਿਬ ਇਹ ਅਮੈਂਡਿੰਗ ਬਿੱਲ ਐਫ. ਐਮ. ਸਾਹਿਬ ਨੇ ਪੇਸ਼ ਕੀਤਾ ਹੈ । ਜੋ ਸਸਪੈਂਡਿੰਡ ਮਿਊਂਸੀਪਲ ਕਮੇਟੀਜ਼ ਦਾ ਹੋਰ ਪੀਰੀਅਡ ਵਧਾਉਣਾ ਪਵੇ ਤਾਂ ਇਸ ਗੱਲ ਵਿਚ ਸਾਨੂੰ ਕੋਈ ਇਤਰਾਜ਼ ਨਹੀਂ ਹੈ । ਇਸ ਤੋਂ ਪਹਿਲਾਂ ਤਾਂ ਮਿਊਂਸੀਪਲ ਕਮੇਟੀ ਅੰਮ੍ਰਿਤਸਰ ਦੇ ਹੀ ਡਿਸਕੱਸ਼ਨ ਪਿੱਨ ਪੁਆਇੰਟ ਹੋਈ ਹੈ । ਜਦ ਇਹ ਕਮੇਟੀਜ਼ ਸਪਰਸੀਡ ਹੋਈਆਂ ਤਾਂ ਉਸ ਤੋਂ ਪਹਿਲਾਂ ਦੇ ਕੁਝ ਕਾਰਨਾਂ

Original with;
Punjab Vidhan Sabha
Digitized by;
Panjab Digital Library

[ਸ੍ਰੀ ਪ੍ਰੇਮ ਗੁਪਤਾ]

ਦਾ ਜ਼ਿਕਰ ਐਫ. ਐਮ. ਸਾਹਿਬ ਨੇ ਕੀਤਾ ਹੈ। ਉਹ ਕਾਰਨ ਉਨ੍ਹਾਂ ਨੇ ਬੜੀਵਲੀ ਦੱਸੇ ਹਨ। ਮੈਂ ਡੈਮੋਕਰੇਸੀ ਦੇ ਪ੍ਰਿੰਸੀਪਲ ਨੂੰ ਸਮਝ ਨਹੀਂ ਸਕਿਆ। ਇਥੇ ਅਸੰਬਲੀ ਲਈ 5 ਸਾਲ ਵਾਸਤੇ ਚੁਣੇ ਜਾਂਦੇ ਹਾਂ ਅਤੇ ਉਸ ਦੇ ਫਿਰ 5 ਸਾਲ ਬਾਅਦ ਇਲੈਕਸ਼ਨ ਹੁੰਦੇ ਹਨ ਅਤੇ ਜੇ ਫਿਰ ਇਲੈਕਸ਼ਨ ਨਾ ਹੋਣ ਤਾਂ ਫਿਰ ਗਵਰਨਰ ਰੂਲ ਹੁੰਦਾ ਹੈ। ਪਟਿਆਲਾ, ਮਿਊਂਸੀਪਲ ਕਮੇਟੀ ਦੀ ਇਲੈਕਸ਼ਨ 1960-61 ਵਿਚ ਹੋਈ ਸੀ ਅਤੇ ਉਸ ਵੇਲੇ ਇਸ ਦੀ ਟਰਮ 3 ਸਾਲ ਦੀ ਸੀ ਅਤੇ ਉਹ ਫਿਰ ਬਗੈਰ ਚੁਣਾਓ ਹੋਣ ਦੇ ਉਹੀ ਮੈਂਬਰ 1973 ਤੱਕ ਚਲਦੇ ਰਹੇ। ਇਸ ਕਰਕੇ ਮੈਨੂੰ ਤਾਂ ਡੈਮੋਕਰੇਸੀ ਦੀ ਸਮਝ ਨਹੀਂ ਆਈ ਕਿ ਉਸ ਦੀ ਆਟੋਮੈਟਿਕ ਕੰਟੀਨਿਊਟੀ ਇਸ ਤਰ੍ਹਾਂ ਹੋ ਗਈ ? ਉਨ੍ਹਾਂ ਦੀ ਜਾਂ ਦੁਬਾਰਾ ਇਲੈਕਸ਼ਨ ਹੁੰਦੀ ਅਤੇ ਜਾਂ ਕੋਈ ਹੋਰ ਤਰੀਕਾ ਲੱਭਿਆ ਜਾਂਦਾ ਪਰ ਉਨ੍ਹਾਂ ਦੀ ਇਤਨੇ ਸਾਲਾਂ ਵਾਸਤੇ ਆਟੋਮੈਟਿਕ ਕੰਟੀਨਿਊਟੀ ਕਿਸ ਤਰ੍ਹਾਂ ਹੋ ਗਈ ? ਕੋਈ 12-13 ਸਾਲ ਚੁਣਾਓ ਨਹੀਂ ਕਰਾ ਸਕੇ। ਉਸ ਦੇ ਬਾਅਦ ਅਸੀਂ ਇਲੈਕਸ਼ਨਾਂ ਦੀ ਮੰਗ ਕੀਤੀ। ਫਿਰ ਜਾ ਕੇ ਕਿਤੇ ਇਲੈਕਸ਼ਨ 1972 ਵਿਚ ਹੋਏ। ਅਸੀਂ ਸਰਕਾਰ ਕੋਲ ਮੰਗ ਕੀਤੀ ਅਤੇ ਐਫ. ਐਮ. ਸਾਹਿਬ ਨੂੰ ਵੀ ਕਿਹਾ ਕਿ ਕੁਝ ਵੈਸਟਿਡ ਇੰਟਰੈਸਟ ਮਿਊਂਸੀਪਲ ਕਮੇਟੀ ਦੇ ਰਕਬੇ ਤੋਂ ਬਾਹਰ ਕਾਰਖਾਨੇ ਲਗਾਈ ਬੈਠੇ ਹਨ। ਉਹ ਟੈਕਸਾਂ ਦੀ ਚੋਰੀ ਕਰਦੇ ਹਨ, ਉਨ੍ਹਾਂ ਦੀ ਬਾਹਰ ਦੀ ਟਰਾਂਜ਼ੈਕਸ਼ਨ ਹੁੰਦੀ ਹੈ, ਕੋਈ ਚੁੰਗੀ ਟੈਕਸ ਨਹੀਂ ਦਿੰਦੇ, ਇਸ ਦਾ ਕੋਈ ਇਲਾਜ ਨਹੀਂ। ਇਸ ਵੱਲ ਧਿਆਨ ਦਿਉ। ਜੇ ਇਸ ਗੱਲ ਵੱਲ ਧਿਆਨ ਦਿਉ ਤਾਂ ਜਿਹੜੇ ਵੀਕਰ ਸੈਕਸ਼ਨ ਹਨ ਉਨ੍ਹਾਂ ਦੀ ਸਹਾਇਤਾ ਹੋ ਸਕਦੀ ਹੈ ਅਤੇ ਕਾਲੋਨੀਜ਼ ਦੀ ਡਿਵੈਲਪਮੈਂਟ ਹੋ ਸਕਦੀ ਹੈ ਅਤੇ ਨਾਲ ਹੀ ਆਮਦਨ ਵੀ ਵੱਧ ਸਕਦੀ ਹੈ। ਇਹ ਜਿਹੜੇ ਟੈਕਸ ਦੀ ਚੋਰੀ ਕਰਦੇ ਹਨ ਉਨ੍ਹਾਂ ਨੂੰ ਰੋਕਿਆ ਜਾਵੇ। ਇਹ ਜਿਹੜੀ ਪਟਿਆਲਾ ਮਿਊਂਸੀਪਲ ਕਮੇਟੀ ਦੀ ਲਿਮਿਟ ਹੈ, ਇਸ ਨੂੰ ਵਧਾਉ। ਇਹ ਸਾਡੇ ਸ਼ਹਿਰ ਦੀ ਮੰਗ ਹੈ। ਕਮੇਟੀ ਦੀ ਲਿਮਿਟ ਨੂੰ ਵਧਾਇਆ ਜਾਵੇ ਅਤੇ ਜਿਹੜੇ ਸਬਰਬਨ ਏਰੀਆ ਹੈ ਉਸ ਨੂੰ ਇਸ ਵਿਚ ਇਨਕਲੂਡ ਕੀਤਾ ਜਾਵੇ (ਵਿਘਨ) ਮੈਂ ਹੋਰ ਮਿਸਾਲ ਦਿੰਦਾ ਹਾਂ। ਹੋਰ ਮਿਊਂਸੀਪਲ ਕਮੇਟੀਆਂ ਸਸਪੈਂਡ ਕੀਤੀਆਂ ਗਈਆਂ ਹਨ। ਸ਼ਰਮਾ ਜੀ ਨੇ ਟੈਕਸ ਇਵੇਜ਼ਨ ਦੀ ਗੱਲ ਕੀਤੀ ਹੈ। ਲੋਕੀ ਰਸੀਦਾਂ ਚੁੱਕੀ ਫਿਰਦੇ ਹਨ ਕਿ ਅਸੀਂ ਹਾਊਸ ਟੈਕਸ ਦੇ ਦਿੱਤਾ ਹੈ। ਕਮੇਟੀ ਵਾਲੇ ਕੋਈ ਹਿਸਾਬ ਕਿਤਾਬ ਨਹੀਂ ਰਖਦੇ ਕਿ ਕਿਸਨੇ ਹਾਊਸ ਟੈਕਸ ਦੇ ਦਿਤਾ ਹੈ। ਪਤਾ ਨਹੀਂ ਉਹ ਟਰੇਜ਼ਰੀ ਵਿਚ ਜਮ੍ਹਾਂ ਕਰਾਉਂਦੇ ਹਨ ਜਾਂ ਨਹੀਂ। ਜਿਨ੍ਹਾਂ ਨੇ ਹਾਊਸ ਟੈਕਸ ਦਿੱਤਾ ਹੋਇਆ ਹੈ ਉਨ੍ਹਾਂ ਨੂੰ ਵੀ 1962 ਦੇ ਨੋਟਿਸ ਆ ਰਹੇ ਹਨ ਕਿ ਤੁਸਾਂ ਟੈਕਸ ਨਹੀਂ ਦਿੱਤਾ। ਫਰਜ਼ ਕਰੋ ਕਿਸੇ ਨੇ ਨਲਕਾ ਲਗਾਉਣਾ ਹੁੰਦਾ ਹੈ ਤਾਂ ਜਦ ਉਹ ਐਪਲੀਕੇਸ਼ਨ ਦਿੰਦਾ ਹੈ ਤਾਂ ਉਸ ਉਤੇ ਆਬਜੈਕਸ਼ਨ ਲਾਇਆ ਜਾਂਦਾ ਹੈ ਕਿ ਹਾਊਸ ਟੈਕਸ 1962 ਤੋਂ ਨਹੀਂ ਭਰਿਆ ਗਿਆ। ਪਰ ਉਹ ਵਿਚਾਰੇ ਕਹਿੰਦੇ ਹਨ ਕਿ ਅਸੀਂ ਤਾਂ ਹਾਊਸ ਟੈਕਸ ਭਰਿਆ ਹੈ। ਇਹ ਚੀਜ਼ ਸਾਡੇ ਨੋਟਿਸ ਵਿਚ ਵੀ ਹੈ ਕਿ ਉਨ੍ਹਾਂ ਨੇ ਹਾਊਸ ਟੈਕਸ ਦਿੱਤਾ ਹੈ ਅਗੇ ਪਤਾ ਨਹੀਂ ਕਮੇਟੀ ਨੇ ਜਮ੍ਹਾ ਕਰਵਾਇਆ ਹੈ ਜਾਂ ਨਹੀਂ ਕਰਵਾਇਆ। ਜਿਥੇ ਐਨੀ ਮਾਲ-ਪ੍ਰੈਕਟਿਸ ਹੋਵੇ ਤਾਂ ਫਿਰ ਡੈਮੋਕਰੇਸੀ ਦੀ ਮੈਨੂੰ ਸਮਝ ਨਹੀਂ ਪੈਂਦੀ। (ਵਿਘਨ) (ਘੰਟੀ)। ਬੱਸ ਜੀ, ਮੈਂ ਪੰਜ ਮਿੰਟ ਹੋਰ ਲਵਾਂਗਾ। ਸ਼ਰਮਾ ਜੀ ਨੇ ਐਮਰਜੰਸੀ ਦਾ ਜ਼ਿਕਰ ਕੀਤਾ ਹੈ। ਜਿਥੇ ਦੀਆਂ ਕਮੇਟੀਆਂ ਸਸਪੈਂਡਿਡ ਹਨ ਉਥੇ ਐਡਮਨਿਸ਼ਟਰੇਟਰ ਹਨ। ਸ਼ਰਮਾ ਜੀ ਨੇ ਦਸਿਆ ਹੈ ਕਿ ਸਟੇਟ ਲੇਵਲ ਤੇ ਕਮੇਟੀ

Original with;
Punjab Vidhan Sabha
Digitized by;
Panjab Digital Library

ਬਣਾਈ ਹੈ, ਇਸ ਬਾਰੇ ਉਨ੍ਹਾਂ ਨੇ ਹਾਊਸ ਨੂੰ ਦਸਿਆ ਹੈ । ਐਮਰਜੰਸੀ ਲਗਾਉਣ ਤੋਂ ਬਾਅਦ ਸਰਕਾਰ ਦੀਆਂ ਗਾਈਡ-ਲਾਈਨਜ਼ ਹਨ ਕਿ ਕੋਈ ਵੀ ਅਫਸਰ ਐਮਰਜੰਸੀ ਵਿਚ ਆਪਣੀਆਂ ਪਾਵਰਜ਼ ਮਿਸਯੂਜ਼ ਨਾ ਕਰੇ । ਕਮੇਟੀਆਂ ਦੇ ਜਿਹੜੇ ਐਡਮਨਿਸਟਰੇਟਰ ਲਗਦੇ ਹਨ ਉਨ੍ਹਾਂ ਦਾ ਜੋ ਉਥੇ ਰੱਵਈਆ ਹੈ ਉਹਦੇ ਬਾਰੇ ਸ਼ਰਮਾ ਜੀ ਨੂੰ ਪਤਾ ਹੀ ਹੈ । ਮੈਂ ਸਮਝਦਾ ਹਾਂ ਕਿ ਉਨ੍ਹਾਂ ਨੂੰ ਥੋੜੀ ਜਿਹੀ ਪਬਲਿਕ ਡੀਲਿੰਗ ਮਾਡੈਸਟੀ ਦੇ ਢੰਗ ਨਾਲ ਡੀਲ ਕਰਨ ਵਾਸਤੇ ਕਹਿਣਾ ਚਾਹੀਦਾ ਹੈ । ਇੱਕ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਅਸੀਂ ਵੀ ਗਰੀਵੈਂਸਿਜ਼ ਕਮੇਟੀ ਵਿਚ ਅਸੋਸੀਏਟ ਮੈਂਬਰ ਹਾਂ । ਇਹ ਠੀਕ ਹੈ ਕਿ ਐਡਮਨਿਸਟਰੇਟਰਜ਼ ਨੂੰ ਕੰਪਲੀਟ ਪਾਵਰਜ਼ ਹਨ । ਪਰ ਉਨ੍ਹਾਂ ਨੂੰ ਰੈਜ਼ੋਲਿਊਸ਼ਨ ਪਾਸ ਕਰਨ ਤੋਂ ਪਹਿਲਾਂ ਅਸੋਸੀਏਟ ਮੈਂਬਰਾਂ ਦੀ ਸਲਾਹ ਵੀ ਲੈ ਲੈਣੀ ਚਾਹੀਦੀ ਹੈ । ਮਿਊਂਸੀਪਲ ਕਮੇਟੀ ਇੱਕ ਸਾਲ ਲਈ ਸਸਪੈਂਡ ਰਖੋ, ਜਾਂ ਦੋ ਸਾਲ ਲਈ ਸਸਪੈਂਡ ਰਖੋ, ਇਹਦੇ ਬਾਰੇ ਮੈਂ ਕੁਝ ਨਹੀਂ ਕਹਿੰਦਾ । ਮੈਂ ਤਾਂ ਇਹ ਕਹਿੰਦਾ ਹਾਂ ਕਿ ਐਡਮਨਿਸਟਰੇਟਰਜ਼ ਲਈ ਲੋਕਲ ਐਡਵਾਇਜ਼ਰੀ ਕਮੇਟੀ ਜ਼ਰੂਰ ਬਣਾ ਦਿਉ ਤਾਂਕਿ ਉਨ੍ਹਾਂ ਦਾ ਲੋਕਾਂ ਨਾਲ ਰਾਬਤਾ ਕਾਇਮ ਰਹੇ । ਸ਼ਹਿਰਾਂ ਦੀਆਂ ਮੁਸ਼ਕਲਾਂ ਜਿਵੇਂ ਕਿ ਸੀਵਰੇਜ ਸਿਸਟਮ ਹੈ ਜਾਂ ਹੋਰ ਕਈ ਮੁਸ਼ਕਲਾਂ ਹਨ ਇਨ੍ਹਾਂ ਵਿਚ ਸੁਧਾਰ ਦੀ ਪਰਗਤੀ ਬਹੁਤ ਧੀਮੀ ਹੈ । ਪੰਜਾਬ ਵਿਚ ਪ੍ਰੋਜੈਕਸ਼ਨ ਬਣ ਰਹੇ ਹਨ । ਟ੍ਰੈਫ਼ਿਕ ਹੈਵੀ ਹੋਣ ਕਰਕੇ ਇਹ ਅੱਛਾ ਫ਼ੈਸਲਾ ਕੀਤਾ ਗਿਆ ਹੈ । ਬਾਜ਼ਾਰ ਚੌੜੇ ਕਰਨੇ ਚਾਹੀਦੇ ਹਨ । ਪਰ ਇਹ ਚੀਜ਼ ਤਾਂ ਦੇਖਣ ਯੋਗ ਹੈ ਕਿ ਉਹ ਥਾਵਾਂ ਵੀ ਢੁਆ ਦਿੱਤੀਆਂ ਗਈਆਂ ਹਨ ਜਿਥੇ ਕੰਸਟ੍ਰਕਸ਼ਨ ਬਾਕਾਇਦਾ ਮਿਊਨਸੀਪਲ ਕਮੇਟੀ ਦੀ ਮੰਜ਼ੂਰੀ ਨਾਲ ਕੀਤੀ ਗਈ ਸੀ । ਉਹ ਕਈ ਥਾਵਾਂ ਵੀ ਢੁਆ ਦਿੱਤੀਆਂ ਗਈਆਂ ਹਨ । ਜਿਥੇ ਵੀ ਇਹ ਗਏ ਉਥੇ ਬੁਲਡੋਜ਼ਰ ਫਿਰਵਾ ਦਿੱਤੇ ਗਏ ਹਨ । ਡਿਪਟੀ ਕਮਿਸ਼ਨਰ ਔਰ ਐਡਮਨਿਸਟ੍ਰੇਟਰ ਨੂੰ ਇਸ ਗੱਲ ਤੋਂ ਰੋਕਣ ਦੀ ਲੋੜ ਹੈ । ਇਨ੍ਹਾਂ ਨੂੰ ਬਿਲਡਿੰਗ ਲਾਈਨ ਦਾ ਵੀ ਪਤਾ ਨਹੀਂ ਹੈ। ਅਤੇ ਢੋਆ ਢੁਆਈ ਹੋ ਰਹੀ ਹੈ । ਜੋ ਲੋਕਲ ਲੈਵਲ ਤੇ ਐਡਵਾਇਜ਼ਰੀ ਕਮੇਟੀਆਂ ਬਣ ਜਾਣਗੀਆਂ ਤਾਂ ਉਹ ਅਜਿਹੀਆਂ ਅਨਅਥਾਰਾਈਜ਼ਡ ਚੀਜ਼ਾਂ ਨੂੰ ਰੋਕ ਸਕਣਗੀਆਂ । ਇਹੋ ਜਿਹੀਆਂ ਅਨਹੋਣੀਆਂ ਗੱਲਾਂ ਫਿਰ ਨਹੀਂ ਹੋ ਸਕਦੀਆਂ । ਇਸ ਤਰ੍ਹਾਂ ਚੀਜ਼ਾਂ ਤੇ ਚੈਕ ਹੋ ਸਕੇਗਾ । ਇੱਕ ਪਿਛੇ ਜਿਹੇ ਸ਼ਹਿਰਾਂ ਵਿਚ ਪਰਾਜੈਕਸ਼ਨਾਂ ਬਾਰੇ ਇੱਕ ਪਰੋਪੋਜ਼ਲ ਚਲੀ ਸੀ ਕਿ ਉਹ ਢੁਆਉਣ ਲਈ ਮਜ਼ਬੂਰ ਕਰ ਸਕਦੇ ਹਨ । ਜਿਹੜਾ ਇਸ ਤਰ੍ਹਾਂ ਨਾ ਕਰੇ ਉਸ ਤੇ 100 ਗੁਣਾ ਟੈਕਸ ਲਗ ਸਕਦਾ ਹੈ (ਘੰਟੀ) ਇਹਦੀ ਬਜਾਏ ਮਿਊਂਸੀਪਲ ਕਮੇਟੀਆਂ ਦੇ ਸੁਧਾਰ ਦੀ ਲੋੜ ਹੈ । ਛੋਟੇ ਮੁਲਾਜ਼ਮਾਂ ਦੇ ਸੁਧਾਰ ਦੀ ਲੋੜ ਹੈ । ਪਾਰਟ-ਟਾਈਮ ਸਵੀਪਰਾਂ ਨੂੰ ਹੋਲ-ਟਾਈਮ ਬਣਾਉਣਾ ਚਾਹੀਦਾ ਹੈ । ਸ਼ਹਿਰਾਂ ਵਿਚ ਮਲੱਮਜ਼ ਨੂੰ ਦੂਰ ਕਰਨ ਦੀ ਲੋੜ ਹੈ । ਅੰਡਰ ਡਿਵੈਲਪਡ ਕਲੋਨੀਜ਼ ਨੂੰ ਡਿਵੈਲਪ ਕਰਨ ਦੀ ਲੋੜ ਹੈ । ਬਹੁਤ ਐਸੀਆਂ ਕਾਲੋਨੀਆਂ ਹਨ ਜਿਥੇ 90% ਕਾਲੋਨੀ ਬਣ ਗਈ ਹੈ ਅਤੇ ਬਾਕੀ ਦੇ ਉਸ ਤਰ੍ਹਾਂ ਹੀ ਪਲਾਟਸ ਪਏ ਹਨ । ਇਹ ਜਿਹੜੇ 10% ਪਲਾਟਸ ਰਹਿ ਗਏ ਹਨ ਇਹ ਛੋਟੇ ਮੁਲਾਜ਼ਮਾਂ ਦੇ ਹਨ । ਉਨ੍ਹਾਂ ਨੂੰ ਕਰਜ਼ਾ ਇਸ ਕਰਕੇ ਨਹੀਂ ਮਿਲ ਰਿਹਾ ਕਿਉਂਕਿ ਉਨ੍ਹਾਂ ਦੇ ਨਕਸ਼ੇ ਪਾਸ ਨਹੀਂ ਹੁੰਦੇ । ਇਨ੍ਹਾਂ ਲੋਕਾਂ ਦੇ ਪਲਾਟਸ ਦੇ ਨਕਸ਼ੇ ਮੰਜ਼ੂਰ ਕਰਨੇ ਚਾਹੀਦੇ ਹਨ ਅਤੇ ਇਨ੍ਹਾਂ ਨੂੰ ਕਰਜ਼ੇ ਮਿਲਣੇ ਚਾਹੀਦੇ ਹਨ ਤਾਂਕਿ ਇਹ ਲੋਕ ਵੀ ਆਪਣੇ ਮਕਾਨ ਬਣਾ

Original with;
Punjab Vidhan Sabha
Digitized by;
Panjab Digital Library

[ਸ੍ਰੀ ਪ੍ਰੇਮ ਗੁਪਤਾ]

ਸਕਣ । ਜਿਹੜੇ ਇਨ੍ਹਾਂ ਵਿਚੋਂ 4-5% ਪਲਾਟਸ ਤੇ ਮਕਾਨ ਬਣੇ ਹਨ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਕਿ ਉਹ ਅਨ-ਅਪਰੂਵਡ ਹਨ। ਅਸੀਂ ਉਨ੍ਹਾਂ ਨੂੰ ਕਿਹਾ ਹੈ ਅਪਰੂਵ ਕਰ ਦਿਉ । ਸੋ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਥੋੜ੍ਹੇ ਜਿਹੇ ਮੁਲਾਜ਼ਮਾਂ ਦੇ ਪਲਾਟਸ ਰਹਿ ਗਏ ਹਨ, ਇਨ੍ਹਾਂ ਨੂੰ ਨਕਸ਼ਿਆਂ ਦੀ ਮਨਜ਼ੂਰੀ ਦੇਣੀ ਚਾਹੀਦੀ ਹੈ ਅਤੇ ਮਕਾਨ ਬਣਾਉਣ ਵਾਸਤੇ ਕਰਜ਼ੇ ਦੇਣੇ ਚਾਹੀਦੇ ਹਨ ਤਾਂਕਿ ਇਹ ਗਰੀਬ ਲੋਕ ਵੀ ਆਪਣੇ ਮਕਾਨ ਬਣਾ ਸਕਣ । (ਵਿਘਨ)

**Mr. Deputy Speaker** : Question is—

That this House disapproves the Punjab Municipal (Third Amendment) Ordinance, 1975 (Punjab Ordinance No 13 of 1975.)

*[After taking the sense of the House by voices, Mr. Deputy Speaker said, "I think Noes have it". This opinion was challenged. The bells were sounded. The question was put again and lost by voice vote.]*

*The motion was declared lost.*

**Mr. Deputy Speaker** : Question is—

That the Punjab Municipal (Amendment) Bill may be taken into consideration at once.

*The motion was carried.*

**Mr. Deputy Speaker** : Now the House will proceed to consider the Bill clause by clause.

SUB CLAUSE (2) OF CLAUSE 1.

**Mr. Deputy Speaker** : Question is—

That Sub-Clause (2) of clause 1 stand part of the Bill.

*The Motion was carried.*

CLAUSE 2

**Mr. Deputy Speaker**: Question is—

That Clause 2 stand part of the Bill.

*The motion was carried.*

CLAUSE 3

**Mr. Deputy Speaker** : Question is—

That Clause 3 stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

THE PUNJAB MUNICIPAL (THIRD AMENDMENT) ORDINANCE, 1975 (7)91
(PUNJAB ORDINANCE NO. 13 OF 1975) AND
THE PUNJAB MUNICIPAL (AMENDMENT) BILL, 1976

SUB-CLAUSE (1) OF CLAUSE 1

**Mr. Deputy Speaker**: Question is—

That Sub-clause (1) of clause 1 stand part of the Bill.

*The Motion was carried.*

TITLE

**Mr. Deputy Speaker** : Question is—

That the Title be the Title of the Bill.

*The motion was carried.*

**Finance Minister** (Shri Hans Raj Sharma) : Sir, I beg to move—

That the Punjab Municipal (Amendment) Bill be passed.

**Mr. Deputy Speaker** : Motion moved—

That the Punjab Municipal (Amendment) Bill be passed.

**Mr. Deputy Speaker** : Question is—

That the Punjab Municipal (Amendment) Bill be passed.

*The Motion was carried.*

---

## THE PUNJAB TOWN IMPROVEMENT (AMENDMENT) BILL. 1976

**Finance Minister** (Shri Hans Raj Sharma) : Sir, I beg to introduce the Punjab Town Improvment (Amendment) Bill. 1976.

Sir, I also beg to move—

That the Punjab Town Improvement (Amendment) Bill be taken into consideration at once.

**Mr. Deputy Speaker** : Motion moved—

That the Punjab Town Improvement (Amendment) Bill be taken into consideration at once.

**ਕਾਮਰੇਡ ਸੱਤ ਪਾਲ ਡਾਂਗ** (ਅਮ੍ਰਿਤਸਰ ਪੱਛਮ) : ਡਿਪਟੀ ਸਪੀਕਰ ਸਾਹਿਬ, ਪੰਜਾਬ ਟਾਊਨ ਇੰਪਰੂਵਮੈਂਟ ਐਕਟ ਦੇ ਵਿਚ 3-4 ਤਰਮੀਮਾਂ ਕਰਨ ਦਾ ਫੈਸਲਾ ਕੀਤਾ ਗਿਆ ਹੈ । ਇਹ ਇਕ ਲਾਜੀਕਲ ਗੱਲ ਹੈ ਕਿ ਅਗਰ ਕਮੇਟੀ ਸਸਪੈਂਡ ਹੋਵੇ ਤਾਂ ਜਿਹੜੇ ਕਮੇਟੀ ਦੇ ਮੈਂਬਰ ਹਨ ਉਹ ਸਸਪੈਂਡ ਹੋ ਜਾਂਦੇ ਹਨ । ਉਹ ਇੰਪਰੂਵਮੈਂਟ ਟਰੱਸਟ ਵਿਚ ਕਮੇਟੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਦੇ ਚੁਣੇ ਹੋਏ ਨੁਮਾਇੰਦੇ ਨਹੀਂ ਰਹਿ ਸਕਦੇ । ਉਸ ਦੇ ਲਈ ਗੌਰਮਿੰਟ ਨਾਮਜ਼ਦ ਕਰੇ ਜਿਹੜੇ ਸਸਪੈਂਡਿਡ ਮਿਊਂਸਪਲ ਕਮੇਟੀ ਨੂੰ ਰਿਪ੍ਰੈਜ਼ੈਂਟ ਕਰ ਸਕਣ । ਦੂਸਰਾ ਅਸੈਸਰ ਦੇ ਬਾਰੇ ਕਿਹਾ ਹੈ ਕਿ ਅਸੈਸਰ ਨਾ ਪਹੁੰਚਣ ਤੇ ਟਰੀਬਿਊਨਲ ਦਾ ਸਾਰਾ ਕੰਮ ਰੁਕ ਜਾਂਦਾ ਹੈ । ਹੁਣ ਇਹ ਕੀਤਾ ਗਿਆ ਹੈ ਕਿ ਅਸੈਸਰ ਦੀ ਗੈਰਹਾਜ਼ਰੀ ਵਿਚ ਟਰੀਬਿਊਨਲ ਕੰਮ ਜਾਰੀ ਰਖ ਸਕਦਾ ਹੈ । ਇਨ੍ਹਾਂ ਦੇ ਉਤੇ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋ ਸਕਦਾ ।

ਡਿਪਟੀ ਸਪੀਕਰ ਸਾਹਿਬ, ਜਿਹੜੀਆਂ ਅਗਲੀਆਂ ਦੋ ਤਰਮੀਮਾਂ ਹਨ ਇਹ ਗਲਤ ਹਨ ਅਤੇ ਦਰੁਸਤ ਨਹੀਂ ਕੀਤੀਆਂ ਗਈਆਂ । ਇਸ ਦੇ ਨਾਲ ਤੁਸੀਂ ਵੀ ਐਗਰੀ ਕਰੋਗੇ । ਪ੍ਰੇਮ ਜੀ ਨੇ ਪਹਿਲੇ ਬਿੱਲ ਤੇ ਬੋਲਦਿਆਂ ਜੋ ਦਲੀਲਾਂ ਦਿੱਤੀਆਂ ਉਹ ਤਾਂ ਮੇਰੇ ਹੱਕ ਵਿਚ ਸਨ ਪਰ ਵੋਟ ਤਾਂ ਉਨ੍ਹਾਂ ਨੇ ਉਧਰ ਪਾਉਣੀ ਹੀ ਸੀ । ਹੁਣ ਵੀ ਸਾਰੇ ਐਗਰੀ ਕਰਨਗੇ ਕਿ ਜਿਹੜੀਆਂ ਇਹ ਦੋ ਤਰਮੀਮਾਂ ਹਨ ਉਹ ਠੀਕ ਨਹੀਂ ਹਨ । ਪਹਿਲਾਂ ਇਹ ਸੀ ਕਿ ਇੰਪਰੂਵਮੈਂਟ ਟਰੱਸਟ ਕਮੇਟੀ ਦੀ ਹੱਦ ਤੇ ਕਿਸੇ ਲੋਕੈਲਿਟੀ ਦੀ ਇੰਪਰੂਵਮੈਂਟ ਕਰ ਰਿਹਾ ਹੈ ਤਾਂ ਕਾਨੂੰਨ ਦੇ ਮੁਤਾਬਕ ਕਮੇਟੀ ਨੂੰ ਆਪਣੀ ਗਰਾਸ ਇਨਕਮ ਦਾ 2 ਫੀਸਦੀ ਇੰਪਰੂਵਮੈਂਟ ਟਰੱਸਟ ਦੇ ਫੰਡ ਵਿਚ ਪਾਉਣਾ ਪੈਂਦਾ ਸੀ । ਇਹ ਤਾਂ ਅੱਗੇ ਸੀ ਪਰ ਹੁਣ ਇਨ੍ਹਾਂ ਨੇ ਇਹ ਤਰਮੀਮ ਕਰ ਦਿੱਤੀ ਹੈ ਕਿ ਇਹ ਗੱਲ ਉਸ ਤਾਰੀਖ ਤੋਂ ਲਾਗੂ ਹੋਵੇਗੀ ਜਿਸ ਤਾਰੀਖ ਤੋਂ ਇੰਪਰੂਵਮੈਂਟ ਟਰੱਸਟ ਦਾ ਚੇਅਰਮੈਨ ਨਿਯੁਕਤ ਹੋਵੇਗਾ । ਜਿਸ ਤਾਰੀਖ ਤੋਂ ਇੰਪਰੂਵਮੈਂਟ ਟਰੱਸਟ ਦਾ ਚੇਅਰਮੈਨ ਐਪੁਆਇੰਟ ਹੋ ਜਾਵੇਗਾ ਜਦੋਂ ਤੋਂ ਮਿਊਂਸੀਪਲ ਕਮੇਟੀ ਆਪਣੀ ਗਰਾਸ ਇਨਕਮ ਦਾ 2 ਫੀਸਦੀ ਦੇਵੇ । ਇਹ ਕਮੇਟੀ ਨੂੰ ਦਿੱਕਤ ਹੈ । ਸਰਕਾਰ ਵਲੋਂ ਹੋਰ ਮੈਂਬਰ ਲਗਾਉਂਦਿਆਂ ਚਾਹੇ 6 ਮਹੀਨੇ ਲੱਗ ਜਾਣ, ਬਾਕੀ ਸਟਾਫ ਲਈ ਭਾਵੇਂ ਕਿੰਨਾ ਸਮਾਂ ਲੱਗ ਜਾਵੇ, ਇੰਪਰੂਵਮੈਂਟ ਟਰੱਸਟ ਫੰਕਸ਼ਨ ਕਰੇ ਜਾਂ ਨਾ ਕਰੇ ਪਰ ਇਨ੍ਹਾਂ ਨੇ ਇਹ ਤਰਮੀਮ ਕਰ ਦਿੱਤੀ ਹੈ ਕਿ ਜਿਸ ਦਿਨ ਤੋਂ ਚੇਅਰਮੈਨ ਐਪੁਆਇੰਟ ਹੋ ਗਿਆ ਉਸ ਦਿਨ ਤੋਂ ਹੀ ਕਮੇਟੀ ਗਰਾਸ ਇਨਕਮ ਦਾ 2 ਫੀਸਦੀ ਦੇਵੇ । ਇਹ ਗੱਲ ਠੀਕ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਹੋਣਾ ਇਹ ਚਾਹੀਦਾ ਸੀ ਕਿ ਜਿਸ ਦਿਨ ਤੋਂ ਇੰਪਰੂਵਮੈਂਟ ਟਰੱਸਟ ਫੁਲ-ਫਲੈਜਡ ਬਣ ਜਾਵੇ ਅਤੇ ਉਹ ਫੁਲ-ਫਲੈਜਡ ਤੌਰ ਤੇ ਆਪਣਾ ਕੰਮ ਸ਼ੁਰੂ ਕਰ ਦੇਵੇ ਤਾਂ ਇਹ ਚੀਜ਼ ਲਾਗੂ ਹੋਣੀ ਚਾਹੀਦੀ ਸੀ ।

ਅਗਲੀ ਗੱਲ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਇਹ ਪ੍ਰੋਵੀਜ਼ਨ ਕੀਤਾ ਹੈ ਕਿ ਇੰਪਰੂਵਮੈਂਟ ਟਰੱਸਟ ਆਪਣੇ ਫੰਡ ਵਿਚੋਂ ਦਾਇਰੇ ਇਖਤਿਆਰ ਤੋਂ ਬਾਹਰ ਵੀ ਖਰਚ ਕਰ ਸਕਦਾ ਹੈ । ਹੁਣ ਇੰਪਰੂਵਮੈਂਟ ਟਰੱਸਟ ਕਿਸੇ ਗੱਲ ਲਈ ਵੀ ਮਨਜ਼ੂਰੀ ਲੈ ਕੇ ਖਰਚ ਕਰ ਸਕਦਾ ਹੈ । ਅੱਗੇ ਇਹ ਹੁੰਦਾ ਸੀ ਕਿ ਇੰਪਰੂਵਮੈਂਟ ਟਰੱਸਟ ਆਪਣੇ ਕੁਝ ਕੰਮਾਂ ਲਈ ਖਰਚ ਕਰ ਸਕਦਾ ਸੀ ਜਿਹੜੇ ਕਿ ਉਸ ਦੇ ਦਾਇਰੇ ਅਖਤਿਆਰ ਵਿਚ ਸਨ । ਹੁਣ ਇਨ੍ਹਾਂ ਨੇ ਤਰਮੀਮ ਕਰ ਦਿੱਤੀ ਹੈ ਜਿਹੜੀ ਕਿ ਮੈਂ ਸਮਝਦਾ ਹਾਂ ਦਰੁਸਤ ਨਹੀਂ ਹੈ । ਇੰਪਰੂਵਮੈਂਟ ਟਰੱਸਟ ਦਾ ਕੰਮ ਨੋ-ਪ੍ਰਾਫਿਟ ਨੋ-ਲਾਸ ਤੇ ਚਲਣਾ ਹੈ । ਜਿੰਨਾ ਖਰਚ ਉਸ ਨੇ ਕਰਨਾ ਹੈ ਉਸ ਨੇ ਉਹ ਪੂਰਾ ਕਰਨਾ ਹੈ । ਛੋਟੇ ਲੋਕਾਂ ਨੂੰ ਪਲਾਟ ਵਗੈਰਾ ਦੇਣੇ ਹਨ

Original with;
Punjab Vidhan Sabha
Digitized by;
Panjab Digital Library

ਜਾਂ ਹੋਰ ਇਸ ਤਰ੍ਹਾਂ ਦੇ ਕਈ ਕੰਮ ਕਰਨੇ ਹਨ ਉਸ ਨਾਲ ਜੋ ਕੋਈ ਨੁਕਸਾਨ ਹੁੰਦਾ ਹੈ ਉਹ ਪੂਰਾ ਕਰਨਾ ਹੈ ਤਾਂ ਕਿ ਨੋ-ਪ੍ਰਾਫਿਟ ਨੋ-ਲਾਸ ਰਹੇ । (ਵਿਘਨ) ਹੁਣ ਕੀ ਹੋਣਾ ਹੈ ਕਿਸੇ ਥਾਂ ਤੇ ਸਰਕਾਰ ਨੇ ਖਰਚ ਕਰਨਾ ਹੈ। ਮਸਲਨ ਫਲੱਡ ਆ ਗਿਆ ਤਾਂ ਉਸ ਵਾਸਤੇ ਖਰਚਾ ਸਰਕਾਰ ਨੇ ਦੇਣਾ ਹੈ ਜਾਂ ਲੋਕਾਂ ਤੋਂ ਡੋਨੇਸ਼ਨ ਲੈ ਕੇ ਕਰਨਾ ਹੈ । ਪਰ ਹੁਣ ਇੰਪਰੂਵਮੈਂਟ ਟਰੱਸਟ ਦਾ ਫੰਡ ਕੱਢ ਕੇ ਸਰਕਾਰ ਦੀ ਮਨਜ਼ੂਰੀ ਨਾਲ ਉਥੇ ਦਿੱਤਾ ਜਾਵੇਗਾ ਜਿਹੜਾ ਕਿ ਦਰੁਸਤ ਨਹੀਂ ਹੈ । ਮੈਂ ਡਿਪਟੀ ਸਪੀਕਰ ਸਾਹਿਬ, ਦੱਸਣਾ ਚਾਹੁੰਦਾ ਹਾਂ ਕਿ ਜਦੋਂ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਜੀ ਨਹਿਰੂ ਸਨ ਤਾਂ ਉਨ੍ਹਾਂ ਨੇ ਮਿਊਂਸੀਪਲ ਕਮੇਟੀਆਂ ਦੇ ਕੰਟੈਸਟ ਵਿਚ ਕਿਹਾ ਸੀ ਕਿ ਇਨ੍ਹਾਂ ਗੱਲਾਂ ਲਈ ਪੈਸੇ ਸਰਕਾਰ ਦੇ ਖਜ਼ਾਨੇ ਵਿਚੋਂ ਆਉਣ ਜਾਂ ਲੋਕਾਂ ਦੀ ਰਜ਼ਾਮੰਦੀ ਨਾਲ ਜੋ ਡੋਨੇਸ਼ਨ ਦੇਣਾ ਚਾਹੁੰਦੇ ਹਨ ਉਹ ਦੇਣ । ਇਹ ਪੈਸਾ ਮਿਊਂਸੀਪਲ ਕਮੇਟੀਆਂ ਜਾਂ ਇੰਪਰੂਵਮੈਂਟ ਟਰੱਸਟ ਵਿਚੋਂ ਨਹੀਂ ਜਾਣਾ ਚਾਹੀਦਾ । ਇਹ ਹੁਣ ਇਸ ਤਰ੍ਹਾਂ ਦੀ ਤਰਮੀਮ ਕਰ ਰਹੇ ਹਨ ਜਿਹੜੀ ਕਿ ਠੀਕ ਗੱਲ ਨਹੀਂ ਹੈ । (ਵਿਘਨ) (ਘੰਟੀ)

ਆਖਰੀ ਗੱਲ, ਡਿਪਟੀ ਸਪੀਕਰ ਸਾਹਿਬ, ਮੈਂ ਕਹਿਣੀ ਚਾਹੁੰਦਾ ਹਾਂ, ਇਹ ਕਹਿੰਦੇ ਹਨ ਕਿ ਫੰਕਸ਼ਨਿੰਗ ਬੇਹਤਰ ਕਰਨੀ ਹੈ । ਫੰਕਸ਼ਨਿੰਗ ਬੇਹਤਰ ਕਰਨ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਮਿਊਂਸੀਪਲ ਕਮੇਟੀ ਹੈ, ਇੰਪਰੂਵਮੈਂਟ ਟਰੱਸਟ ਹੈ, ਹਾਊਸਿੰਗ ਬੋਰਡ ਹੈ ਇਹ ਕਿੰਨੀਆਂ ਹੀ ਅਥਾਰਿਟੀਜ਼ ਹਨ ਜੋ ਇਕੋ ਮਸਲੇ ਨੂੰ ਡੀਲ ਕਰਦੀਆਂ ਹਨ । ਇਹ ਇਕ ਕੰਪਲੀਕੇਟਿਡ ਜਿਹੀ ਚੀਜ਼ ਹੋ ਗਈ ਹੈ । ਮੈਂ ਬੇਨਤੀ ਕਰਾਂਗਾ ਕਿ ਇਸ ਗੱਲ ਵੱਲ ਧਿਆਨ ਦੇਣ ਦੀ ਲੋੜ ਹੈ । ਜਿਹੜਾ ਪਾਰਲੀਮੈਂਟ ਦੇ ਵਿਚ ਬਿੱਲ ਆਇਆ ਹੈ ਉਹ ਵੇਕੇਂਟ ਲੈਂਡ ਦੇ ਬਾਰੇ ਵਿਚ ਆਇਆ ਹੈ, ਉਹ ਅਰਬਨ ਪ੍ਰਾਪਰਟੀ ਨੂੰ ਕਵਰ ਨਹੀਂ ਕਰਦਾ। ਇਕ ਆਦਮੀ ਕਈ ਕਈ ਸਿਨਮੇ ਬਣਾ ਲੈਂਦਾ ਹੈ, 100-100 ਮਕਾਨ ਬਣਾ ਕੇ ਕਰਾਏ ਤੇ ਚਾੜ੍ਹ ਦਿੰਦਾ ਹੈ, ਇਹ ਬਿੱਲ ਉਸ ਨੂੰ ਕਵਰ ਨਹੀਂ ਕਰਦਾ। ਪਰ ਜਿਥੋਂ ਤੱਕ ਵੇਕੇਂਟ ਲੈਂਡ ਦਾ ਤੁਅੱਲਕ ਹੈ, ਇਹ ਬਿੱਲ ਚੰਗਾ ਹੈ। (ਵਿਘਨ) ਇਸ ਦੇ ਨਾਲ ਲੋਕਾਂ ਨੂੰ ਫਾਇਦਾ ਹੋ ਸਕਦਾ ਹੈ । ਪਰ ਇਹ ਫਾਇਦਾ ਤਾਂ ਹੀ ਹੋ ਸਕਦਾ ਹੈ ਕਿ ਜਿਹੜੀਆਂ ਡਿਫਰੈਂਟ ਅਥਾਰਿਟੀਜ਼ ਬਣਾ ਕੇ ਕੰਪਲੀਕੇਸੀ ਪੈਦਾ ਕੀਤੀ ਹੈ ਇਸ ਨੂੰ ਸਿੰਪਲੀਫਾਈ ਕੀਤਾ ਜਾਵੇ । (ਘੰਟੀ)

ਆਖਿਰ ਵਿਚ, ਡਿਪਟੀ ਸਪੀਕਰ ਸਾਹਿਬ, ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਚਾਰ ਅਮੈਂਡਮੈਂਟਸ ਹਨ ਇਨ੍ਹਾਂ ਵਿਚੋਂ ਪਹਿਲੀਆਂ ਦੋ ਤਾਂ ਠੀਕ ਹਨ ਪਰ ਜਿਹੜੀਆਂ ਪਿਛਲੀਆਂ ਦੋ ਹਨ ਉਹ ਠੀਕ ਨਹੀਂ ਹਨ ।

**ਸ਼੍ਰੀ ਪਰਤਾਪ ਚੰਦ ਭੰਡਾਰੀ** (ਅੰਮ੍ਰਿਤਸਰ ਕੇਂਦਰੀ) : ਡਿਪਟੀ ਸਪੀਕਰ ਸਾਹਿਬ, ਮੈਂ ਪੰਜਾਬ ਟਾਊਨ ਇੰਪਰੂਵਮੈਂਟ (ਅਮੈਂਡਮੈਂਟ) ਬਿੱਲ ਦੇ ਹੱਕ ਵਿਚ ਬੋਲਣ ਲਈ ਖੜ੍ਹਾ ਹੋਇਆ ਹਾਂ । ਮੈਂ ਸਮਝਦਾ ਹਾਂ ਕਿ ਅੱਜ ਦੇ ਹਾਲਾਤ ਦੇ ਮੁਤਾਬਿਕ ਗੌਰਮਿੰਟ ਨੇ ਇਹ ਬੜਾ ਅੱਛਾ ਬਿੱਲ ਲਿਆਂਦਾ ਹੈ । ਇਸ ਦੇ ਮੁਤੱਲਕ ਜਿਹੜੀਆਂ ਡਾਂਗ ਸਾਹਿਬ ਨੇ ਦੋ ਗਲਾਂ ਕਹੀਆਂ ਹਨ ਉਨ੍ਹਾਂ ਦੇ ਬਾਰੇ ਮੈਂ ਕੁਝ ਕਹਿਣਾ ਚਾਹੁੰਦਾ ਹਾਂ । ਇਕ ਤਾਂ ਉਹਨਾਂ ਨੇ ਇਹ ਕਿਹਾ ਹੈ ਕਿ ਇੰਪਰੂਵਮੈਂਟ ਟਰੱਸਟ ਨੂੰ ਉਸੇ ਦਿਨ ਤੋਂ ਹੀ ਪੈਸੇ ਮਿਲਣੇ ਸ਼ੁਰੂ ਹੋ ਜਾਣੇ ਹਨ ਜਿਸ ਦਿਨ ਤੋਂ

Original with;
Punjab Vidhan Sabha
Digitized by;
Panjab Digital Library

[ਸ੍ਰੀ ਪਰਤਾਪ ਚੰਦ ਭੰਡਾਰੀ]

ਇੰਪਰੂਵਮੈਂਟ ਟਰੱਸਟ ਦਾ ਚੇਅਰਮੈਨ ਨਿਯੁਕਤ ਹੋ ਗਿਆ । ਮੈਂ ਸਮਝਦਾ ਹਾਂ ਕਿ ਇੰਪਰੂਵਮੈਂਟ ਟਰੱਸਟ ਨੂੰ ਉਸ ਦਿਨ ਤੋਂ ਕਮੇਟੀ ਪੈਸੇ ਦੇਣੇ ਸ਼ੁਰੂ ਨਹੀਂ ਕਰ ਦਿੰਦੀ, ਕਮੇਟੀ ਤਾਂ 2-2 ਸਾਲ ਪੈਸੇ ਉਸ ਨੂੰ ਨਹੀਂ ਦਿੰਦੀ । ਸਿਰਫ ਉਸ ਦਿਨ ਤੋਂ ਅਕਾਊਂਟਸ ਸ਼ੁਰੂ ਹੋ ਜਾਣਗੇ ਕਿ ਮਿਊਂਸੀਪਲ ਕਮੇਟੀ ਇੰਪਰੂਵਮੈਂਟ ਟਰੱਸਟ ਨੂੰ 2 ਫੀਸਦੀ ਗਰਾਸ ਇਨਕਮ ਦਾ ਦੇਵੇ । ਮੈਂ ਤਾਂ ਇਹ ਵੀ ਸਮਝਦਾ ਹਾਂ ਕਿ ਇਹ ਜਿਹੜਾ 2% ਹੈ ਇਹ ਵੀ ਘੱਟ ਹੈ ਅਤੇ ਇਹ ਜ਼ਿਆਦਾ ਹੋਣਾ ਚਾਹੀਦਾ ਹੈ ਕਿਉਂਕਿ ਇਸ ਦੇ ਵਿਚ ਸ਼ਹਿਰ ਦੀ ਡਿਵੈਲਪਮੈਂਟ ਦਾ ਤੁਅੱਲਕ ਹੈ ।

ਜਿਥੋਂ ਤੱਕ, ਡਿਪਟੀ ਸਪੀਕਰ ਸਾਹਿਬ, ਡਾਂਗ ਸਾਹਿਬ ਦੀ ਦੂਸਰੀ ਗੱਲ ਦਾ ਤੁਅੱਲਕ ਹੈ ਕਿ ਬਾਹਰ ਪੈਸੇ ਖਰਚਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ, ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ ਇਕ ਬੜੀ ਚੰਗੀ ਗੱਲ ਕੀਤੀ ਹੈ । ਡਾਂਗ ਸਾਹਿਬ ਨੇ ਜਿਸ ਤਰ੍ਹਾਂ ਪੁੱਟ ਕੀਤਾ ਹੈ ਹੋ ਸਕਦਾ ਹੈ ਉਸ ਮੁਤਾਬਕ ਉਹ ਠੀਕ ਹੋਣ ਪਰ ਮੈਂ ਦਸਣਾ ਚਾਹੁੰਦਾ ਹਾਂ ਕਿ ਇੰਪਰੂਵਮੈਂਟ ਟਰੱਸਟ ਨੇ ਕਈ ਥਾਵਾਂ ਤੇ ਸੜਕਾਂ ਦੇ ਦੋਨੋਂ ਪਾਸੇ ਕਾਲੋਨੀਜ਼ ਡਿਕਲੇਅਰ ਕਰ ਦਿੱਤੀਆਂ ਹਨ ਅਤੇ ਵਿਚਲੀਆਂ ਸੜਕਾਂ ਛੱਡ ਦਿੱਤੀਆਂ ਹਨ । (ਵਿਘਨ) ਇਸ ਤਰ੍ਹਾਂ ਹੋਣ ਦੇ ਨਾਲ ਜਿਹੜੀਆਂ ਸਕੀਮਾਂ ਕੁਝ ਗਲਤ ਹੋ ਜਾਂਦੀਆਂ ਹਨ ਉਹ ਦਰੁੱਸਤ ਹੋ ਜਾਇਆ ਕਰਨਗੀਆਂ । ਮੈਂ ਤਾਂ ਸ਼ਰਮਾ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਕਮੇਟੀਆਂ ਨੂੰ ਵੀ ਕੋਈ ਇਸ ਤਰ੍ਹਾਂ ਦੀ ਇਜਾਜ਼ਤ ਦੇਣ । ਕਈ ਵਾਰੀ ਇਸ ਸਿਲਸਿਲੇ ਵਿਚ ਸਾਡੇ ਸਾਹਮਣੇ ਇਕ ਗਲਤ ਗੱਲ ਆਈ ਹੈ ਕਿ ਇੰਪਰੂਵਮੈਂਟ ਟਰੱਸਟ ਜਿਹੜੇ ਇਲਾਕੇ ਨੂੰ ਨੋਟੀਫਾਈਡ ਏਰੀਆ ਡਿਕਲੇਅਰ ਕਰਦਾ ਹੈ ਉਥੇ ਸਫਾਈ ਵਗੈਰਾ ਦਾ ਜੋ ਕੰਮ ਹੈ ਜਾਂ ਜਿਹੜੀਆਂ ਜਨਰਲ ਇਮੈਨਟੀਜ਼ ਹਨ ਉਹ ਖੜ੍ਹ ਜਾਂਦੀਆਂ ਹਨ । ਮਿਊਂਸੀਪਲ ਕਮੇਟੀ ਉਥੇ ਖਰਚ ਨਹੀਂ ਕਰ ਸਕਦੀ ਅਤੇ ਇੰਪਰੂਵਮੈਂਟ ਟਰੱਸਟ ਕੋਈ ਦਖ਼ਲ ਨਹੀਂ ਦੇ ਸਕਦਾ । ਇਸ ਤਰ੍ਹਾਂ ਸਫਾਈ ਵਗੈਰਾ ਦਾ ਕੋਈ ਇੰਤਜ਼ਾਮ ਨਹੀਂ ਹੁੰਦਾ । ਮੈਂ ਸ਼ਰਮਾ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਗੱਲ ਵੱਲ ਵੀ ਧਿਆਨ ਦੇਣ ।

**ਵਿੱਤ ਮੰਤਰੀ** (ਸ੍ਰੀ ਹੰਸ ਰਾਜ ਸ਼ਰਮਾ) : ਡਿਪਟੀ ਸਪੀਕਰ ਸਾਹਿਬ, ਇਹ ਅਮੈਂਡਿੰਗ ਬਿੱਲ ਹੈ ਅਤੇ ਇਸ ਦੇ ਵਿਚ 4 ਅਮੈਂਡਮੈਂਟਸ ਹਨ । ਇਹਨਾਂ ਵਿਚੋਂ 2 ਦੀ ਤਾਂ ਸਾਰੇ ਮੈਂਬਰ ਸਾਹਿਬਾਨ, ਜਿਹੜੇ ਬੋਲੇ ਹਨ, ਨੇ ਤਾਰੀਫ਼ ਕੀਤੀ ਹੈ । ਪਹਿਲੀ ਵਿਚ ਤਾਂ ਇਹ ਹੈ ਕਿ ਅਗਰ ਮਿਊਂਸੀਪਲ ਕਮੇਟੀ ਸਸਪੈਂਡ ਹੋ ਜਾਵੇ ਤਾਂ ਤਿੰਨ ਮੈਂਬਰ ਟਰੱਸਟ ਦੇ ਬਣ ਸਕਣ। ਅਗੇ ਇਹ ਹੈ ਕਿ ਟਰੀਬਿਊਨਲ ਦੀ ਕਾਰਵਾਈ ਖੜ੍ਹੀ ਨਾ ਹੋ ਜਾਵੇ ਅਤੇ ਜਿਹੜਾ ਚੇਅਰਮੈਨ ਟਰੱਸਟ ਦਾ ਹੈ ਉਸ ਦੇ ਲਈ ਐਵੀਡੈਂਸ ਦਾ ਅਖ਼ਤਿਆਰ ਮੰਗਿਆ ਹੈ । ਤੀਸਰੀ ਹੈ 2% ਗਰਾਸ ਇਨਕਮ ਦਾ । ਡਾਂਗ ਸਾਹਿਬ ਇਹ ਭੁਲ ਗਏ ਹਨ ਕਿ ਜਦ ਤੱਕ ਕਮੇਟੀ ਰੈਜ਼ੋਲਿਊਸ਼ਨ ਪਾਸ ਨਾ ਕਰੇ ਕਿ ਸਾਡੇ ਸ਼ਹਿਰ ਵਿਚ ਇੰਪਰੂਵਮੈਂਟ ਟਰੱਸਟ ਬਣਾਇਆ ਜਾਏ ਤਦ ਤੱਕ ਇੰਪਰੂਵਮੈਂਟ ਟਰੱਸਟ ਨਹੀਂ ਬਣ ਸਕਦਾ ਔਰ ਜਦੋਂ ਕਮੇਟੀ ਰੈਜ਼ੋਲਿਊਸ਼ਨ ਪਾਸ ਕਰ ਦਿੰਦੀ ਹੈ, ਅਸੀਂ ਚੇਅਰਮੈਨ ਮੁਕੱਰਰ ਕਰ ਦਿੰਦੇ ਹਾਂ । ਬਹੁਤ ਸਾਰੀਆਂ ਮਿਊਂਸੀਪਲ ਕਮੇਟੀਆਂ ਅੱਗੇ ਵੀ ਇਹ ਪਰਸੈਂਟੇਜ ਦੇ ਰਹੀਆਂ ਹਨ, ਪਰ ਚੂੰਕਿ ਮਿਊਂਸੀਪਲ ਕਾਨੂੰਨ ਵਿਚ ਪ੍ਰੋਵਿਜ਼ਨ ਨਹੀਂ ਹੈ ਇਸ ਲਈ ਕਈ ਕਮੇਟੀਆਂ ਤੋਂ ਨਹੀਂ ਆਉਂਦੀ । ਇਸ ਲਈ ਨਾ ਤਾਂ ਚੇਅਰਮੈਨ ਕੋਈ ਦਫਤਰ ਬਣਾ ਸਕਦਾ ਹੈ ਅਤੇ ਨਾ ਹੀ ਕੋਈ ਕੰਮ ਕਰ ਸਕਦਾ ਹੈ । ਉਹ

Original with;
Punjab Vidhan Sabha
Digitized by;
Panjab Digital Library

ਅਖਤਿਆਰ ਲਏ ਹਨ । ਜਦੋਂ ਇੰਪਰੂਵਮੈਂਟ ਟਰੱਸਟ ਨਵਾਂ ਬਣਦਾ ਹੈ ਤਾਂ ਸਰਕਾਰ ਵੀ ਇਕ ਲੱਖ ਦੋ ਲੱਖ ਲੋਨ ਦਿੰਦੀ ਹੈ ਤਾਂਕਿ ਟਰੱਸਟ ਕੰਮ ਸ਼ੁਰੂ ਕਰ ਸਕੇ ਅਤੇ ਕੰਮ ਠੀਕ ਢੰਗ ਨਾਲ ਚਲੇ । ਇੰਪਰੂਵਮੈਂਟਸ ਦਾ ਕੰਮ ਘਾਟੇ ਦਾ ਨਹੀਂ ਇਹ ਕਈ ਥਾਵਾਂ ਤੇ ਫ਼ਾਇਦੇ ਵਿਚ ਚਲ ਰਹੇ ਹਨ । ਟਰੱਸਟ ਅਮੀਰਾਂ ਤੋਂ ਜ਼ਮੀਨ ਲੈ ਕੇ ਫ਼ਾਇਦਾ ਉਠਾਉਂਦੇ ਹਨ ਅਤੇ ਗਰੀਬਾਂ ਨੂੰ ਮੁਨਾਸਿਬ ਕੀਮਤਾਂ ਤੇ ਦਿੰਦੇ ਹਨ । ਪਠਾਨਕੋਟ ਟਰੱਸਟ ਕੋਲ ਪੈਸਾ ਸੀ ਅਸੀਂ ਉਹ ਪੈਸਾ ਉਨ੍ਹਾਂ ਦੇ ਸਲੱਮ ਏਰੀਆਜ਼ ਤੇ ਖਰਚ ਕਰਵਾਇਆ । ਉਨ੍ਹਾਂ ਨੇ ਖਰਚ ਕਰਨ ਲਈ ਕਿਹਾ ਤੇ ਮੈਂ ਸੈਂਕਸ਼ਨ ਦੇ ਦਿੱਤੀ । ਅਗਰ ਉਸ ਏਰੀਆ ਵਿਚ ਫ਼ਲੱਡ ਆ ਜਾਏ ਤਾਂ ਉਹ ਫਲੱਡ ਰਿਲੀਫ਼ ਲਈ ਦੋ ਪੈਸੇ ਨਹੀਂ ਦੇ ਸਕਦੇ । 10 ਲੱਖ ਭਾਵੇਂ ਉਨ੍ਹਾਂ ਦਾ ਬੈਂਕਾਂ ਵਿਚ ਪਿਆ ਹੋਵੇ ਪਰ ਉਨ੍ਹਾਂ ਨੇ ਫਲੱਡ ਰਿਲੀਫ਼ ਵਾਸਤੇ ਨਹੀਂ ਦੇਣਾ । ਉਹ ਅਸੀਂ ਕਾਨੂੰਨ ਵਿਚ ਪ੍ਰੋਵਾਈਡ ਕੀਤਾ ਹੈ ਕਿ ਅਗਰ ਪਰਮਾਤਮਾ ਵਲੋਂ ਕੋਈ ਆਫ਼ਤ ਆ ਜਾਏ ਤਾਂ ਇੰਪਰੂਵਮੈਂਟ ਟਰੱਸਟ ਬੈਂਕਾਂ ਵਿਚ ਪੈਸੇ ਰੱਖ ਕੇ ਸੂਦ ਨਾ ਕਮਾਈ ਜਾਣ । ਬਲਕਿ ਰਿਲੀਫ਼ ਵਾਸਤੇ ਕੁਝ ਦੇ ਸਕਣ । ਮਿਊਂਸੀਪਲਟੀਜ਼ ਨੂੰ ਅਗੇ ਅਖ਼ਤਿਆਰ ਹੈ । ਇਸੇ ਤਰ੍ਹਾਂ ਇੰਪਰੂਵਮੈਂਟ ਟਰੱਸਟਜ਼ ਵਿਚ ਸਕੀਮ ਨੋਟੀਫ਼ਾਈ ਕਰ ਦਿੱਤੀ ਹੈ । ਭੰਡਾਰੀ ਸਾਹਿਬ ਦਾ ਇਤਰਾਜ਼ ਜਿਹੜਾ ਹੈ ਉਸਨੂੰ ਜ਼ਰੂਰ ਵੇਖਾਂਗੇ । ਅਗਰ ਕਮੇਟੀ ਪੈਸਾ ਨਹੀਂ ਖਰਚਦੀ, ਇੰਪਰੂਵਮੈਂਟ ਟਰਸਟ ਨਹੀਂ ਖਰਚਦਾ ਤਾਂ ਅਸੀਂ ਉਸ ਦੇ ਲਈ ਕੋਈ ਪ੍ਰਬੰਧ ਕਰਾਂਗੇ । ਕਮੇਟੀਆਂ ਨੂੰ ਕਹਾਂਗੇ ਕਿ ਉਹ ਕਰਨ ਜਾਂ ਇੰਪਰੂਵਮੈਂਟ ਟਰੱਸਟ ਨੂੰ ਕਹਿਣ ਤਾਂਕਿ ਉਹ ਕਰ ਸਕਣ ।

**ਕਾਮਰੇਡ ਸੱਤ ਪਾਲ ਡਾਂਗ :** ਡਿਪਟੀ ਸਪੀਕਰ ਸਾਹਿਬ, ਸ਼ਰਮਾ ਸਾਹਿਬ ਨੇ ਕਿਹਾ ਹੈ ਕਿ ਜਿੰਨਾ ਚਿਰ ਮਿਊਂਸੀਪਲ ਕਮੇਟੀ ਰੈਜ਼ੋਲਿਊਸ਼ਨ ਨਾ ਕਰੇ ਕਿ ਇੰਪਰੂਵਮੈਂਟ ਟਰੱਸਟ ਬਣਾਇਆ ਜਾਏ ਤਦ ਤੱਕ ਇੰਪਰੂਵਮੈਂਟ ਟਰੱਸਟ ਕੰਸਟੀਚਿਊਟ ਨਹੀਂ ਹੋ ਸਕਦਾ । ਮੈਂ ਇਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਹ ਕਿਹੜੇ ਕਾਨੂੰਨ ਥੱਲੇ ਹੈ, ਕਿਉਂਕਿ ਮੇਰੀ ਇਨਫ਼ਰਮੇਸ਼ਨ ਦੇ ਮੁਤਾਬਕ ਬਣ ਸਕਦਾ ਹੈ । (ਵਿਘਨ)

**ਵਿੱਤ ਮੰਤਰੀ :** ਡਿਪਟੀ ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਇਕ ਵੇਕੈਂਟ ਲੈਂਡ ਦੇ ਬਾਰੇ ਕਿਹਾ ਸੀ । ਉਹ ਜਿਹੜੀ ਅਮੈਂਡਮੈਂਟ ਹੈ ਉਹ ਬੜੀ ਸ਼ਲਾਘਾਯੋਗ ਹੈ । ਸੀਲਿੰਗ ਲੱਗੀ ਹੈ ਇਸ ਦੇ ਪਾਸ ਹੋਣ ਨਾਲ ਅਤੇ ਸਰਕਾਰ ਨੇ ਗਿਆਨੀ ਜੀ ਨੇ ਜੋ ਇਲਾਨ ਕੀਤਾ ਸੀ ਇਸ ਹਾਊਸ ਵਿਚ ਕਿ ਅਸੀਂ ਗਰੀਬਾਂ ਨੂੰ ਪਲਾਟ ਦਿਆਂਗੇ, ਆਸਾਨੀ ਨਾਲ ਉਸ ਤੇ ਅਮਲ ਹੋ ਸਕੇਗਾ ।

**Mr. Deputy Speaker :** Question is—

That the Punjab Town Improvement (Amendment) Bill be taken into consideration at once.

*The Motion was carried.*

**Mr. Deputy Speaker :** Now the House will proceed to consider the Bill clause by clause.

SUB-CLAUSE (2) OF CLAUSE 1

**Mr. Deputy Speaker** : Question is—

That Sub-Clause (2) of Clause 1 stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

CLAUSE 2

**Mr. Deputy Speaker** : Question is—

That Clause 2 stand part of the Bill.

*The Motion was carried.*

CLAUSE 3

**Mr. Deputy Speaker** : Question is—

That Clause 3 stand part of the Bill.

*The Motion was carried.*

CLAUSE 4

**Mr. Deputy Speaker** : Now Clause 4 is before the House. There is a notice of amendment to Clause 4 by Comrade Satya Pal Dang.

**Comrade Satya Pal Dang** : Sir, I beg to move—

In the proposed sub-section (1) of Section 68, lines 1-2, *for* "from the date the Chairman thereof assumes charge of his office" *substitute* "from the date the Trust begins functioning".

**Mr. Deputy Speaker** : Motion moved—

In the proposed sub-section (1) of Section 68, lines 1-2, *for* "from the date the Chairman thereof assumes charge of his office" *substitute* "from the date the Trust begins functioning".

**Mr. Deputy Speaker**: Question is—

In the proposed sub-section (1) of Section 68, lines 1-2, *for* "from the date the Chairman thereof assumes charge of his office" *substitute* "from the date the Trust begins functioning".

*The Motion was lost.*

**Mr. Deputy Speaker**: Question is—

That Clause 4 stand part of the Bill.

*The Motion was carried.*

CLAUSE 5

**Mr. Deputy Speaker**: Now Clause 5 is before the House. There is a notice of amendment to Clause 5 by Comrade Satya Pal Dang.

**Comrade Satya Pal Dang**: Sir, I beg to move—

Add the following proviso to the proposed Section 69-A :—

"Provided that such expenditure shall not be unrelated to the functions of the Trust."

Original with;
Punjab Vidhan Sabha
Digitized by;
Panjab Digital Library

**Mr. Deputy Speaker :** Motion moved—

Add the following proviso to the proposed Section 69-A :—

"Provided that such expenditure shall not be unrelated to the functions of the Trust."

**Mr. Deputy Speaker :** Question is—

Add the following proviso to the proposed Section 69-A :—

"Provided that such expenditure shall not be unrelated to the functions of the Trust."

*The motion was lost.*

**Mr. Deputy Speaker :** Question is—

That Clause 5 stand part of the Bill.

*The motion was carried.*

CLAUSE 6

**Mr. Deputy Speaker :** Question is—

That Clause 6 stand part of the Bill.

*The motion was carried.*

SUB-CLAUSE (1) OF CLAUSE 1.

**Mr. Deputy Speaker :** Question is—

That Sub-clause (1) of Clause 1 stand part of the Bill.

*The motion was carried.*

TITLE

**Mr. Deputy Speaker :** Question is—

That the Title be the Title of the Bill.

*The motion was carried.*

**Finance Minister** (Shri Hans Raj Sharma) : Sir, I beg to move—

That the Punjab Town Improvement (Amendment) Bill be passed.

**Mr. Deputy Speaker :** Motion moved—

That the Punjab Town Improvement (Amendment) Bill be passed.

**Mr. Deputy Speaker :** Question is—

That the Punjab Town Improvement (Amendment) Bill be passed.

*The motion was carried.*

Original with;
Punjab Vidhan Sabha
Digitized by;
Panjab Digital Library

**Mr. Deputy Speaker :** The House stands adjourned till 2.00 p.m. on Monday, the 2nd February, 1976.

1.05 p. m. | *(The Sabha then adjourned till 2.00 p.m. on Monday, the 2nd February, 1976.)*

1720—21-8-75—285 Copies—Pb. Govt. Press, Patiala,

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

©

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*2nd February, 1976*

Vol. I—No. 8

## OFFICIAL REPORT

Contents

*Monday, the 2nd February, 1976*


| | | Page |
|---|---|---|
| Starred Questions and Answers | .. | (8) 1 |
| Message from the Governor | .. | (8) 59 |
| Call Attention Notices under Rule 66 | .. | (8) 60 |
| Statements Laid on the Table of the House in reply to Call Attention Notices | .. | (8) 60 |
| Questions on Replies to Call Attention Notices | . | (8) 62 |
| General Discussion on the Budget for the year 1976-77 | | (8) 65 |



**Punjab Vidhan Sabha Secretariat, Chandigarh.**

Price : Rs. 39-85



Original with:
Punjab Vidhan Sabha
Digitized by:
Panjab Digital Library

Original with;
Punjab Vidhan Sabha
Digitized by;
Panjab Digital Library

## PUNJAB VIDHAN SABHA

*Monday, the 2nd February, 1976*

*The Vidhan Sabha met in the Punjab Vidhan Sabha Hall, Vidhan Bhavan, Chandigarh, at 2.00 P.M. of the Clock. Mr. Speaker (Dr. Kewal Krishan) in the Chair.*

### STARRED QUESTIONS AND ANSWERS

**ਰੋਪੜ ਜ਼ਿਲ੍ਹੇ ਦੇ ਬੇਟ ਇਲਾਕੇ ਵਿਚਲੇ ਪਿੰਡਾਂ ਨੂੰ ਲਿੰਕ ਸੜਕਾਂ ਨਾਲ ਜੋੜਨਾ**

*3560. **ਸਰਦਾਰ ਗੁਰਬਚਨ ਸਿੰਘ** (ਰੋਪੜ) : ਕੀ ਲੋਕ ਕਾਰਜ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਰੋਪੜ ਦੇ ਬੇਟ ਇਲਾਕੇ ਵਿਚ ਕਿੰਨੇ ਪਿੰਡ ਅਜੇ ਲਿੰਕ ਸੜਕਾਂ ਤੋਂ ਬਿਨਾਂ ਹਨ ਅਤੇ ਅੰਦਾਜਨ ਕਿਸ ਸਮੇਂ ਤੱਕ ਇਨ੍ਹਾਂ ਨੂੰ ਮੁੱਖ ਸੜਕਾਂ ਨਾਲ ਜੋੜੇ ਜਾਣ ਦੀ ਸੰਭਾਵਨਾ ਹੈ ।

**ਸ਼੍ਰੀ ਜੋਗਿੰਦਰ ਪਾਲ ਪਾਂਡੇ** : ਬੇਟ ਏਰੀਆ ਵਿਚ ਆਉਂਦੇ ਤਹਿਸੀਲ ਰੋਪੜ ਅਤੇ ਅਨੰਦਪੁਰ ਸਾਹਿਬ ਦੇ 21 ਪਿੰਡ ਸੜਕਾਂ ਨਾਲ ਜੋੜਨ ਤੋਂ ਰਹਿੰਦੇ ਹਨ । ਇਨ੍ਹਾਂ ਪਿੰਡਾਂ ਨੂੰ ਪੱਕੀਆਂ ਸੜਕਾਂ ਨਾਲ ਜੋੜਨ ਵਾਸਤੇ ਲਗਭਗ 31 ਕਿਲੋਮੀਟਰ ਸੜਕਾਂ ਬਨਾਉਣ ਦੀ ਲੋੜ ਹੈ । ਇਨ੍ਹਾਂ ਪਿੰਡਾਂ ਨੂੰ ਸੜਕਾਂ ਨਾਲ ਜੋੜਨ ਲਈ ਅਗਲੇ ਮਾਲੀ ਸਾਲ ਵਿਚ ਕੰਮ ਹੱਥ ਵਿਚ ਲਿਆ ਜਾਵੇਗਾ ।

**ਸਰਦਾਰ ਗੁਰਬਚਨ ਸਿੰਘ** (ਰੋਪੜ) : ਕੀ ਮੰਤਰੀ ਜੀ ਨੂੰ ਮੈਂ ਇਹ ਪੁੱਛ ਸਕਦਾ ਹਾਂ ਕਿ ਇਹ ਜਿਹੜੇ ਅੰਕੜੇ ਹਨ, ਇਹ ਠੀਕ ਨਹੀਂ ਹਨ ਅਤੇ ਕੀ ਇਹ ਇਨ੍ਹਾਂ ਅੰਕੜਿਆਂ ਦੀ ਦੁਬਾਰਾ ਪੜਤਾਲ ਕਰਵਾਉਣ ਨੂੰ ਤਿਆਰ ਹਨ ?

**ਸ਼੍ਰੀ ਸਪੀਕਰ** : ਪਿੰਡ ਜ਼ਿਆਦਾ ਹਨ ।

**ਰਾਜ ਮੰਤਰੀ** : ਜੇ ਮੈਂਬਰ ਸਾਹਿਬ ਇਹ ਸਮਝਦੇ ਹਨ ਕਿ ਇਹ ਅੰਕੜੇ ਠੀਕ ਨਹੀਂ ਹਨ ਤਾਂ ਮੈਂ ਦੁਬਾਰਾ ਪੜਤਾਲ ਕਰਵਾ ਲਵਾਂਗਾ ਜੀ ।

**ਸਰਦਾਰ ਹਰਚੰਦ ਸਿੰਘ** : ਸਵਾਲ ਵਿਚ ਪੁੱਛਿਆ ਗਿਆ ਹੈ ਕਿ ਰੋਪੜ ਜ਼ਿਲ੍ਹੇ ਦੇ ਬੇਟ ਏਰੀਆ ਵਿਚ ਕਿੰਨੀਆਂ ਲਿੰਕ ਰੋਡਜ਼ ਬਣਨੀਆਂ ਰਹਿੰਦੀਆਂ ਹਨ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਅਗਲੇ ਸਾਲ ਵਿਚ ਸਿਰਫ ਇਸੇ ਹੀ ਜ਼ਿਲ੍ਹੇ ਦੀਆਂ ਲਿੰਕ ਰੋਡਜ਼ ਬਣ ਜਾਣਗੀਆਂ ਜਾਂ ਪੰਜਾਬ ਦੇ ਦੂਜਿਆਂ ਜ਼ਿਲ੍ਹਿਆਂ ਦਾ ਵੀ ਖਿਆਲ ਰਖਿਆ ਜਾਵੇਗਾ ?

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਖ਼ਿਆਲ ਤਾਂ ਪਹਿਲਾਂ ਦੱਸ ਦਿੱਤਾ ਹੈ ਕਿ ਸਭ ਦਾ ਰਖਿਆ ਜਾਵੇਗਾ।

**ਰਾਜ ਮੰਤਰੀ** : ਸਪੀਕਰ ਸਾਹਿਬ, ਇਹ ਸਵਾਲ ਤਾਂ ਸਿਰਫ ਰੋਪੜ ਦੇ ਬੇਟ ਏਰੀਆ ਦਾ ਹੈ।

**ਸ੍ਰੀ ਸਪੀਕਰ** : ਸਵਾਲ ਨੰ: 3511, ਜੋਸ਼ ਜੀ ਨਹੀਂ ਹਨ।

**ਕਾਮਰੇਡ ਜੰਗੀਰ ਸਿੰਘ ਜੋਗਾ** : ਮੈਨੂੰ ਉਹ ਲਿਖ ਕੇ ਦੇ ਗਏ ਹਨ, ਮੈਂ ਇਹ ਸਵਾਲ ਪੁੱਛਣਾ ਹੈ।

**ਸ੍ਰੀ ਸਪੀਕਰ** : ਜੇ ਤੁਹਾਡੇ ਕੋਲ ਅਥਾਰਿਟੀ ਹੈ ਤਾਂ ਸਵਾਲ ਕਰ ਲਵੋ।

**ਕਾਮਰੇਡ ਜੰਗੀਰ ਸਿੰਘ ਜੋਗਾ** : ਮੈਂ ਪੁੱਛਣਾ ਹੈ, ਮੇਰੇ ਕੋਲ ਅਥਾਰਿਟੀ ਹੈ।

**ਸ੍ਰੀ ਸਪੀਕਰ** : ਤੁਸੀਂ ਸਵਾਲ ਨੰਬਰ ਤਾਂ ਬੋਲੋ, ਤੁਹਾਨੂੰ ਤਾਂ ਸਵਾਲ ਨੰਬਰ ਦਾ ਵੀ ਪਤਾ ਨਹੀਂ, ਜੋਸ਼ ਸਾਹਿਬ ਤੁਹਾਨੂੰ ਲਿਖ ਕੇ ਕਿਸ ਤਰ੍ਹਾਂ ਦੇ ਗਏ ?

**ਕਾਮਰੇਡ ਜੰਗੀਰ ਸਿੰਘ ਜੋਗਾ** : ਅਥਾਰਿਟੀ ਮੇਰੇ ਕੋਲ ਹੈ ਜੀ।

**ਸ੍ਰੀ ਸਪੀਕਰ** : ਉਹ ਅਥਾਰਿਟੀ ਮੇਰੇ ਕੋਲ ਭੇਜ ਦਿੱਤੀ ਜਾਵੇ। ਤੁਸੀਂ ਸਵਾਲ ਪੁੱਛੋ।

**ਕਾਮਰੇਡ ਜੰਗੀਰ ਸਿੰਘ ਜੋਗਾ** : ਸਵਾਲ ਨੰਬਰ 3511।

---

**ਬੁਢਾਪਾ ਪੈਨਸ਼ਨ ਆਦਿ ਲਈ ਪੈਂਡਿੰਗ ਦਰਖਾਸਤਾਂ**

***3511. ਕਾਮਰੇਡ ਸ਼ਮਸ਼ੇਰ ਸਿੰਘ ਜੋਸ਼** (ਕਾਮਰੇਡ ਜੰਗੀਰ ਸਿੰਘ ਜੋਗਾ ਵਲੋਂ ਪੜ੍ਹਿਆ ਗਿਆ) : ਕੀ ਸਮਾਜ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(1) 31 ਦਸੰਬਰ, 1975 ਤੱਕ ਬੁਢਾਪਾ ਪੈਨਸ਼ਨ;

(2) ਨਕਾਰਾ ਪੈਨਸ਼ਨ; ਅਤੇ

(3) ਵਿਧਵਾ ਪੈਨਸ਼ਨ ਦੀ ਗ੍ਰਾਂਟ ਲਈ ਕਿੰਨੀਆਂ ਕਿੰਨੀਆਂ ਦਰਖਾਸਤਾਂ ਪੈਂਡਿੰਗ ਪਈਆਂ ਸਨ ?

**ਕੁਮਾਰੀ ਸਰਲਾ ਪਰਾਸ਼ਰ** : ਮਿਤੀ 31 ਦਸੰਬਰ, 1975 ਨੂੰ ਜਾਂ ਉਸ ਤੋਂ ਪਹਿਲੇ ਪਰਾਪਤ ਹੋਈਆਂ ਅਰਜ਼ੀਆਂ ਜੋ ਉਸ ਮਿਤੀ ਤੱਕ ਲੰਬਿਤ ਸ਼ਨ ਇਵੇਂ ਹਨ—

(1) ਬੁਢਾਪਾ ਪੈਨਸ਼ਨ ਸਕੀਮ ਅਧੀਨ .. 13,952

Original with;
Punjab Vidhan Sabha
Digitized by;
Panjab Digital Library

(2) ਨਕਾਰਾ ਪੈਨਸ਼ਨ ਦੀ ਸਕੀਮ .. ਨਿੱਲ (ਐਸੀ ਕੋਈ ਸਕੀਮ ਨਹੀਂ ਹੈ)

(3) ਵਿਧਵਾ ਅਤੇ ਨਿਆਸਰਿਤ ਔਰਤਾਂ ਨੂੰ ਵਿੱਤੀ ਸਹਾਇਤਾ ਸਕੀਮ ਅਧੀਨ .. 16,000

**ਸ਼੍ਰੀ ਸਰਦਾਰੀ ਲਾਲ ਕਪੂਰ :** ਜਿਹੜੀਆਂ ਐਪਲੀਕੇਸ਼ਨਜ਼ ਪੈਂਡਿੰਗ ਹਨ, ਉਹ ਕਿਸ ਬਿਨਾ ਤੇ ਪੈਂਡਿੰਗ ਹਨ, ਕੀ ਸਾਡੇ ਕੋਲ ਪੈਸੇ ਨਹੀਂ ਹਨ ਦੇਣ ਵਾਸਤੇ ਜਾਂ ਉਨ੍ਹਾਂ ਵਿਚ ਕੋਈ ਕਮੀਆਂ ਹਨ ਅਤੇ ਜੇ ਕਮੀਆਂ ਹਨ ਤਾਂ ਕੀ ਉਨ੍ਹਾਂ ਨੂੰ ਜਲਦੀ ਪੂਰਾ ਕਰਵਾਕੇ ਪੈਸੇ ਦੇਣ ਦੀ ਕੋਸ਼ਿਸ਼ ਕੀਤੀ ਜਾਵੇਗੀ ?

**ਰਾਜ ਮੰਤਰੀ :** ਜਿਹੜੀਆਂ ਐਪਲੀਕੇਸ਼ਨਜ਼ ਪੈਂਡਿੰਗ ਹਨ, ਉਨ੍ਹਾਂ ਵਿਚ ਬੁਢਾਪਾ ਪੈਨਸ਼ਨ ਸਕੀਮ ਅਧੀਨ ਵੀ ਹਨ । ਉਸ ਦੇ ਵਿਚ ਸਾਨੂੰ ਸਟਾਫ ਦੀ ਸਿਰਫ ਦਿੱਕਤ ਹੈ । ਅਸੈਸਮੈਂਟ ਸਕਵੈਡ ਨੇ ਅਸੈਸਮੈਂਟ ਕਰ ਲਈ ਹੈ ਅਤੇ ਬਹੁਤ ਛੇਤੀ ਸਟਾਫ ਆ ਜਾਵੇਗਾ ਅਤੇ ਸਾਰਾ ਕੰਮ ਕਲੀਅਰ ਹੋ ਜਾਵੇਗਾ । ਵਿਧਵਾ ਪੈਨਸ਼ਨ ਵਿਚ ਵੀ ਸਟਾਫ ਦੀ ਤੰਗੀ ਹੈ । ਰੀਸੈਂਟਲੀ ਸਪਲੀਮੈਂਟਰੀ ਬਜਟ ਵਿਚ ਸਾਨੂੰ ਪੈਸੇ ਮਿਲੇ ਹਨ, ਉਸ ਦੇ ਨਾਲ ਸਾਰਾ ਕੰਮ ਕਲੀਅਰ ਹੋ ਜਾਵੇਗਾ ।

**ਅਚਾਰਿਆ ਪ੍ਰਿਥਵੀ ਸਿੰਘ ਆਜ਼ਾਦ :** ਮੈਂ ਮੰਤਰੀ ਮਹੋਦਯ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਵਿਧਵਾਵਾਂ ਦੀ ਕਠਿਨਾਈ ਨੂੰ ਮੁੱਖ ਰਖਦੇ ਹੋਏ ਉਨ੍ਹਾਂ ਦੀਆਂ ਜਿਹੜੀਆਂ 16,000 ਦੇ ਲਗ ਭਗ ਅਰਜ਼ੀਆਂ ਪੈਂਡਿੰਗ ਹਨ ਅਤੇ ਤੁਹਾਡੇ ਕੋਲ ਪੈਸੇ ਪਏ ਹਨ, ਉਨ੍ਹਾਂ ਅਰਜ਼ੀਆਂ ਦੀ ਜਾਂਚ ਪੜਤਾਲ ਬੀ. ਡੀ. ਓਜ਼. ਕੋਲੋਂ ਕਰਵਾ ਕੇ ਛੇਤੀ ਇਸ ਕੰਮ ਨੂੰ ਕਰਵਾਇਆ ਜਾਵੇਗਾ ?

**ਰਾਜ ਮੰਤਰੀ :** ਬੀ. ਡੀ. ਓਜ਼. ਤੋਂ ਦਰਿਆਫਤ ਕਰਵਾਉਣ ਦੀ ਲੋੜ ਨਹੀਂ। 16,000 ਐਪਲੀਕੇਸ਼ਨਜ਼ ਪਈਆਂ ਹੋਈਆਂ ਹਨ ਸਟਾਫ ਦੀ ਕਮੀ ਕਰਕੇ । ਅਸੈਸਮੈਂਟ ਸਾਡੇ ਸਟਾਫ ਨੇ ਕਰਨੀ ਹੈ । ਬੀ. ਡੀ. ਓਜ਼. ਨੇ ਜਿਹੜੀ ਅਟੈਸਟੇਸ਼ਨ ਕਰਨੀ ਹੈ, ਉਹ ਸਾਰੀ ਹੋਈ ਹੋਈ ਹੈ । ਸਟਾਫ ਮਿਲ ਗਿਆ ਤਾਂ ਸਾਰਾ ਕੰਮ ਕਲੀਅਰ ਹੋ ਜਾਵੇਗਾ ।

**ਕਾਮਰੇਡ ਸੱਘੜ ਸਿੰਘ :** ਸਾਨੂੰ ਇਹ ਪਤਾ ਹੈ ਕਿ ਜੋ ਪੈਨਸ਼ਨ ਦਿੱਤੀ ਜਾਂਦੀ ਹੈ, ਉਨਾਂ ਬਾਰੇ ਇਹ ਕੀਤਾ ਜਾਂਦਾ ਹੈ ਕਿ ਉਹ ਇਕ ਦੋ ਵਾਰੀ ਹੀ ਪੈਨਸ਼ਨ ਪੂਰੀ ਲੈਂਦੇ ਹਨ । ਉਸ ਤੋਂ ਬਾਅਦ ਇਹ ਹੁੰਦਾ ਹੈ ਕਿ ਡਾਕਖਾਨੇ ਵਾਲੇ ਇਹ ਕਹਿ ਦੇਂਦੇ ਹਨ ਕਿ ਫਲਾਂ ਜਗ੍ਹਾ ਬੰਦਾ ਰਹਿੰਦਾ ਹੀ ਨਹੀਂ ਹੈ ਜਦੋਂ ਕਿ ਉਹ ਬੰਦਾ ਵਾਕਈ ਉਥੇ ਰਹਿੰਦਾ ਹੈ । ਇਸ ਕਰਕੇ ਕੀ ਮੰਤਰੀ ਜੀ ਇਸ ਗੱਲ ਦੀ ਪੜਤਾਲ ਕਰਵਾਕੇ ਸੈਂਟਰਲ ਗਵਰਮੈਂਟ ਨੂੰ ਵੀ ਬੇਨਤੀ ਕਰਨਗੇ ਕਿ ਡਾਕਖਾਨੇ ਦੇ ਕੰਮ ਵਿਚ ਸੁਧਾਰ ਕੀਤਾ ਜਾਵੇ ?

**ਰਾਜ ਮੰਤਰੀ :** ਜੇ ਕੋਈ ਸਪੈਸਿਫਿਕ ਸ਼ਿਕਾਇਤ ਹੋਵੇਗੀ ਤਾਂ ਉਸ ਦੀ ਪੜਤਾਲ ਕਰ ਲਈ ਜਾਵੇਗੀ ।

Original with;
Punjab Vidhan Sabha
Digitized by;
Panjab Digital Library

**ਚੌਧਰੀ ਰਾਮ ਸਿੰਘ** : ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਆਪ ਹੀ ਸਪੈਸ਼ਲ ਕੈਂਪ ਲਗਾਇਆ ਸੀ ਕਰੈਸ਼ ਪ੍ਰੋਗਰਾਮ ਦੇ ਤਹਿਤ ਅਤੇ ਆਪ ਹੀ ਵਿਡੋਜ਼ ਦੀਆਂ ਐਪਲੀਕੇਸ਼ਨਜ਼ ਲਈਆਂ, ਉਨ੍ਹਾਂ ਦਾ ਤਾਂ ਨਿਪਟਾਰਾ ਜਲਦੀ ਕਰ ਦੇਣਾ ਚਾਹੀਦਾ ਹੈ ?

**ਰਾਜ ਮੰਤਰੀ** : ਕੁਝ ਉਨ੍ਹਾਂ ਵਿਚੋਂ ਪੈਂਡਿੰਗ ਹਨ ਅਤੇ ਕੁਝ ਫਰੈਸ਼ ਵੀ ਆਈਆਂ ਹਨ।

**ਸਰਦਾਰ ਗੁਰਬਚਨ ਸਿੰਘ (ਰੋਪੜ)** : ਕੁਝ ਵਿਡੋਜ਼, ਕੁਝ ਬੱਚੇ ਅਤੇ ਕੁਝ ਬੁਢਾਪਾ ਪੈਨਸ਼ਨਾਂ ਵਾਲਿਆਂ ਨੂੰ 5-5, 6-6 ਮਹੀਨੇ ਹੋ ਗਏ ਹਨ, ਹੁਣ ਤਕ ਉਨ੍ਹਾਂ ਨੂੰ ਪੈਨਸ਼ਨ ਨਹੀਂ ਮਿਲੀ, ਪਹਿਲਾਂ ਇਕ ਦੋ ਬਾਰ ਮਿਲ ਗਈ ਪਰ ਫਿਰ ਨਹੀਂ ਮਿਲੀ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਹਨਾਂ ਨੂੰ ਕਦੋਂ ਤਕ ਪੈਨਸ਼ਨ ਮਿਲ ਜਾਵੇਗੀ ?

**ਸ਼੍ਰੀ ਸਪੀਕਰ** : ਸੱਚ ਮੁੱਚ ਇਹ ਪਰਾਬਲਮ ਹੈ।

**ਰਾਜ ਮੰਤਰੀ** : ਜਿਹੜੀਆਂ ਪੈਨਸ਼ਨਾਂ ਰੁਕ ਜਾਂਦੀਆਂ ਹਨ, ਉਨ੍ਹਾਂ ਦੀ ਕੋਈ ਨਾ ਕੋਈ ਵਜ੍ਹਾ ਹੁੰਦੀ ਹੈ। ਇਸ ਤਰ੍ਹਾਂ ਪੈਨਸ਼ਨ ਰਿਲੀਜ਼ ਨਹੀਂ ਕੀਤੀ ਜਾ ਸਕਦੀ, ਕਿਉਂਕਿ ਗੌਰਮਿੰਟ ਮਨੀ ਇਨਵਾਲਵਡ ਹੁੰਦੀ ਹੈ। ਜਿਹੜੇ ਕੇਸ ਨੋਟਿਸ ਵਿਚ ਆ ਜਾਂਦੇ ਹਨ ਕਿ ਕਿਸੇ ਨੂੰ ਬਗੈਰ ਕਿਸੇ ਵਜ੍ਹਾ ਦੇ ਪੈਨਸ਼ਨ ਨਹੀਂ ਮਿਲੀ, ਉਨ੍ਹਾਂ ਨੂੰ ਪੈਨਸ਼ਨ ਦੇ ਦਿੱਤੀ ਜਾਂਦੀ ਹੈ।

**ਕਾਮਰੇਡ ਸੱਘੜ ਸਿੰਘ** : ਬੀਬੀ ਜੀ ਨੇ ਇਹ ਕਿਹਾ ਹੈ ਕਿ ਜਦੋਂ ਸਟਾਫ ਮਿਲ ਜਾਵੇਗਾ ਤਾਂ ਪਹਿਲੀਆਂ ਅਰਜ਼ੀਆਂ ਕਲੀਅਰ ਕਰ ਦਿੱਤੀਆਂ ਜਾਣਗੀਆਂ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਇਸ ਗੱਲ ਦੀ ਅਸ਼ੋਰੈਂਸ਼ ਦੇਣਗੇ ਕਿ ਜਿਨ੍ਹਾਂ ਦੀਆਂ ਪੈਨਸ਼ਨਾਂ ਬੰਦ ਹਨ, ਉਨ੍ਹਾਂ ਨੂੰ ਚਾਲੂ ਕਰ ਦਿੱਤਾ ਜਾਵੇਗਾ ?

**ਸ਼੍ਰੀ ਸਪੀਕਰ** : ਕੋਈ ਅਸ਼ੋਰੈਂਸ ਟਾਈਮ ਬਾਰੇ ਮੈਂਬਰ ਸਾਹਿਬ ਮੰਗਦੇ ਹਨ।

**ਰਾਜ ਮੰਤਰੀ** : ਜਿਹੜੀ ਵਜ੍ਹਾ ਹੈ, ਜਿਸ ਵੇਲੇ ਉਹ ਦੂਰ ਹੋਵੇਗੀ ਫਿਰ ਪੈਨਸ਼ਨ ਛੇਤੀ ਰਿਲੀਜ਼ ਹੋ ਜਾਵੇਗੀ।

**ਸ਼੍ਰੀ ਸਪੀਕਰ** : ਲੋਕਾਂ ਨੂੰ ਇਸ ਮਾਮਲੇ ਵਿਚ ਵਾਕਈ ਕਾਫੀ ਤੰਗੀ ਹੈ।

**ਸ਼੍ਰੀ ਸਰਦਾਰੀ ਲਾਲ ਕਪੂਰ** : ਮੰਤਰੀ ਜੀ ਨੇ ਕਿਹਾ ਹੈ ਕਿ ਪੈਨਸ਼ਨ ਬੰਦ ਹੋਣ ਦੀ ਕੋਈ ਨਾ ਕੋਈ ਵਜ੍ਹਾ ਹੁੰਦੀ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੇ ਕਦੇ ਉਸ ਆਦਮੀ ਨੂੰ ਜਿਸ ਦੇ ਕਹਿਣ ਤੇ ਇਹ ਪੈਨਸ਼ਨ ਬੰਦ ਕੀਤੀ ਜਾਂਦੀ ਹੈ, ਪੁਛਿਆ ਜਾਂ ਚਿੱਠੀ ਲਿਖੀ ਕਿ ਕਿਸ ਵਜ੍ਹਾ ਕਰਕੇ ਪੈਨਸ਼ਨ ਬੰਦ ਹੋਈ ਹੈ ?

**ਰਾਜ ਮੰਤਰੀ** : ਜਦੋਂ ਇਹ ਚੀਜ਼ ਡਿਪਾਰਟਮੈਂਟ ਦੇ ਨੋਟਿਸ ਵਿਚ ਆਉਂਦੀ ਹੈ ਤਾਂ ਉਸ ਦੇ ਵਿਚ ਵਜ੍ਹਾ ਦਿੱਤੀ ਹੁੰਦੀ ਹੈ।

**ਕਾਮਰੇਡ ਦਾਨਾ ਰਾਮ** : ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਜਿਨ੍ਹਾਂ ਲੋਕਾਂ ਨੂੰ 4-4 ਮਹੀਨਿਆਂ ਤੋਂ ਪੈਨਸ਼ਨਾਂ ਨਹੀਂ ਮਿਲੀਆਂ, ਕੀ ਉਨ੍ਹਾਂ ਬਾਰੇ ਜੇ ਕੋਈ ਨਾ ਕੋਈ ਵਜ੍ਹਾ ਹੁੰਦੀ ਹੈ, ਉਨ੍ਹਾਂ ਵਜੂਹਾਤ ਨੂੰ ਨਿਪਟਾਕੇ ਛੇਤੀ ਤੋਂ ਛੇਤੀ ਪੈਨਸ਼ਨਾਂ ਦੇਣ ਦੀ ਕੋਸ਼ਿਸ਼ ਕੀਤੀ

Original with;
Punjab Vidhan Sabha
Digitized by;
Panjab Digital Library

ਜਾਵੇਗੀ ? ਮੈਂ ਕਲ ਹੀ ਆਪਣੇ ਹਲਕੇ ਗਿਆ ਸੀ, ਮੇਰੇ ਕੋਲ 10 ਬੰਦੇ ਆ ਗਏ ਕਿ 4-4 ਮਹੀਨੇ ਤੋਂ ਪੈਨਸ਼ਨ ਨਹੀਂ ਮਿਲੀ। ਕੀ ਹੁਣ ਇਹ ਕੰਮ ਕਲੀਅਰ ਕਰ ਦਿੱਤਾ ਜਾਵੇਗਾ ਅਤੇ ਉਨ੍ਹਾਂ ਲੋਕਾਂ ਨੂੰ ਹਰ ਮਹੀਨੇ ਪੈਨਸ਼ਨ ਮਿਲਦੀ ਰਹੇਗੀ ?

**ਰਾਜ ਮੰਤਰੀ** : ਵਿਡੋ ਪੈਨਸ਼ਨ ਦੇ ਬਾਰੇ ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਸਾਡੇ ਕੋਲ ਫੰਡ ਦੀ ਕਮੀ ਸੀ। ਕੈਂਪ ਲਗਾਉਣ ਤੇ ਸਾਡੇ ਕੋਲ ਐਕਸਪੈਕਟਿਡ ਐਪਲੀਕੇਸਨਜ਼ ਤੋਂ ਬਹੁਤਾ ਜ਼ਿਆਦਾ ਆ ਗਈਆਂ। ਅਸੀਂ ਫਾਈਨੈਂਸ ਡਿਪਾਰਟਮੈਂਟ ਨੂੰ ਮੂਵ ਕੀਤਾ ਅਤੇ ਸਾਨੂੰ ਹੁਣ ਇਹ ਫੰਡ ਮਿਲਿਆ ਹੈ, ਹੁਣ ਛੇਤੀ ਕਰਨ ਦੀ ਕੋਸ਼ਿਸ਼ ਕਰਾਂਗੇ।

**ਸਰਦਾਰ ਪ੍ਰੇਮ ਸਿੰਘ ਪ੍ਰੇਮ** : ਸਪਲੀਮੈਂਟਰੀ ਸਰ।

**ਸ੍ਰੀ ਸਪੀਕਰ** : ਅਗਲਾ ਸਵਾਲ ਜੀ, ਇਸ ਤੇ ਕਾਫੀ ਸਪਲੀਮੈਂਟਰੀਜ਼ ਹੋ ਗਈਆਂ ਹਨ।

**ਸਰਦਾਰ ਪ੍ਰੇਮ ਸਿੰਘ ਪ੍ਰੇਮ** : ਮੈਂ ਸਪੀਕਰ ਸਾਹਿਬ, ਇਕ ਬਹੁਤ ਜ਼ਰੂਰੀ ਸਪਲੀਮੈਂਟਰੀ ਸਵਾਲ ਪੁੱਛਣਾ ਹੈ, ਮੈਨੂੰ ਇਜ਼ਾਜ਼ਤ ਦੇਵੋ।

**ਸ੍ਰੀ ਸ਼ਪੀਕਰ** : ਨੋ-ਪਲੀਜ਼, ਅਗਲਾ ਕਰੋ ਜੀ।

---

STARRED QUESTION No. 3520

**Mr. Speaker** : Extension has been asked for in respect of Starred Question No.** 3520.

---

### ਰੋਪੜ ਜ਼ਿਲ੍ਹੇ ਵਿੱਚ ਬੇਟ ਇਲਾਕੇ ਦੇ ਪਿੰਡਾਂ ਨੂੰ ਬਿਜਲੀ ਦੇਣਾ

*3559 **ਸਰਦਾਰ ਗੁਰਬਚਨ ਸਿੰਘ (ਰੋਪੜ)** ਕੀ ਜਨ ਸਿਹਤ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਰੋਪੜ ਜ਼ਿਲ੍ਹੇ ਦੇ ਬੇਟ ਇਲਾਕੇ ਵਿੱਚ ਕਿੰਨੇ ਪਿੰਡਾਂ ਨੂੰ ਅਜੇ ਬਿਜਲੀ ਦਿੱਤੀ ਜਾਣੀ ਹੈ ਅਤੇ ਅੰਦਾਜ਼ਨ ਕਿਸ ਸਮੇਂ ਤੱਕ ਇਨ੍ਹਾਂ ਨੂੰ ਬਿਜਲੀ ਦਿੱਤੀ ਜਾਣ ਦੀ ਸੰਭਾਵਨਾ ਹੈ ?

**ਸ੍ਰੀ ਖੁਸ਼ਹਾਲ ਬਹਿਲ** (ਉਪ ਮੰਤਰੀ, ਘਰੇਲੂ ਉਦਯੋਗ) : 86 ਪਿੰਡਾਂ ਨੂੰ ਅਜੇ ਬਿਜਲੀ ਦਿੱਤੀ ਜਾਣੀ ਹੈ ਅਤੇ 2 ਅਕਤੂਬਰ, 1977 ਤੱਕ ਇਨ੍ਹਾਂ ਸਭ ਪਿੰਡਾਂ ਨੂੰ ਬਿਜਲੀ ਦੇਣ ਦੀ ਸੰਭਾਵਨਾ ਹੈ।

**ਸ੍ਰੀ ਸਰਦਾਰੀ ਲਾਲ ਕਪੂਰ** : ਜਿਸ ਪਿੰਡ ਵਿਚ ਵੀ ਬਿਜਲੀ ਦਿੱਤੀ ਜਾਂਦੀ ਹੈ, ਉਹ ਡੋਮੈਸਟਿਕ ਕੁਨੈਕਸ਼ਨਜ਼ ਦਿੱਤੇ ਜਾਂਦੇ ਹਨ। ਇਕ ਪਿੰਡ ਦੇ ਵਿਚ ਅਗਰ 60 ਘਰ ਹਨ।

---

*For Starred Question No. 3520 and reply thereto please see debate ated 17 Febuaray 1976

Original with;
Punjab Vidhan Sabha
Digitized by;
Panjab Digital Library

[ਸ੍ਰੀ ਸਰਦਾਰੀ ਲਾਲ ਕਪੂਰ]

ਉਨ੍ਹਾਂ ਵਿਚੋਂ ਲੋਕੀ ਸਿਰਫ 5-6 ਕੁਨੈਕਸ਼ਨਜ਼ ਲੈਂਦੇ ਹਨ । ਇਸ ਕਰਕੇ ਕੀ ਬਾਕੀ ਦੇ ਜਿਹੜੇ ਲੋਕੀ ਹਨ, ਉਨ੍ਹਾਂ ਨੂੰ ਇੰਡਿਊਸ ਨਹੀਂ ਕੀਤਾ ਜਾਂਦਾ ਕਿ ਉਹ ਵੀ ਕੁਨੈਕਸ਼ਨਜ਼ ਲੈਣ ?

**ਉਪ ਮੰਤਰੀ :** ਸਪੀਕਰ ਸਾਹਿਬ, ਉਸ ਪਿੰਡ ਦੇ ਵਿਚ ਜਿਸ ਵਿਚ ਅਸੀਂ ਸਕੀਮ ਬਣਾ ਕੇ ਲੈ ਜਾਂਦੇ ਹਾਂ ਅਤੇ ਖੰਭੇ ਲਾ ਦਿੱਤੇ ਜਾਂਦੇ ਹਨ ਅਤੇ ਸਾਡਾ ਮਨ ਹੁੰਦਾ ਹੈ ਕਿ ਸਾਰੇ ਪਿੰਡ ਨੂੰ ਬਿਜਲੀ ਦਿੱਤੀ ਜਾਵੇ ਲੇਕਿਨ ਉਸ ਵੇਲੇ ਬਿਜਲੀ ਉਨ੍ਹਾਂ ਨੂੰ ਹੀ ਦਿੱਤੀ ਜਾ ਸਕਦੀ ਹੈ ਜਿਨ੍ਹਾਂ ਨੇ ਬਿਜਲੀ ਵਾਸਤੇ ਐਪਲਾਈ ਕੀਤਾ ਹੋਵੇ ।

**ਚੌਧਰੀ ਰਾਮ ਸਿੰਘ :** ਕੀ ਮਨਿਸਟਰ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਪੰਜਾਬ ਦੇ ਸਾਰੇ ਦੇ ਸਾਰੇ ਸਬਮਾਂਊਂਟੇਨੀਅਸ ਏਰੀਆਜ਼ ਜਿੱਥੇ ਕਿ ਬਿਜਲੀ ਦਿੱਤੀ ਜਾ ਚੁੱਕੀ ਹੈ, ਪਰ ਉਨ੍ਹਾਂ ਦੇ ਨੇੜੇ ਜਿਹੜੇ ਸਬਵਿਲੇਜਜ਼ ਹਨ ਜਿਥੇ ਕਿ 10 ਜਾਂ 15 ਘਰ ਹਨ ਉਨ੍ਹਾਂ ਨੂੰ ਛੱਡ ਦਿਤਾ ਗਿਆ ਹੈ, ਕੀ ਮਨਿਸਟਰ ਸਾਹਿਬ ਇਸ ਵਿਤਕਰੇ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਨਗੇ ?

**ਉਪ ਮੰਤਰੀ :** ਇਸ ਦੇ ਮੁਤੱਲਕ ਨੋਟਿਸ ਦੇ ਦੇਣ, ਉਨ੍ਹਾਂ ਨੂੰ ਕਵਰ ਕਰ ਲਵਾਂਗੇ ।

**ਸਰਦਾਰ ਗੁਰਬਚਨ ਸਿੰਘ (ਰੋਪੜ):** ਸਪੀਕਰ ਸਾਹਿਬ, ਜਿਨ੍ਹਾਂ ਪਿੰਡਾਂ ਵਿਚ ਬਿਜਲੀ ਦਿੱਤੀ ਜਾ ਰਹੀ ਹੈ ਜਾਂ ਦਿੱਤੀ ਜਾਣੀ ਹੈ, ਉਹ ਸਿਰਫ ਡੋਮੈਸਟਿਕ ਕੰਜਿਊਮਰ ਨੂੰ ਹੀ ਦਿੱਤੀ ਜਾਂਦੀ ਹੈ । ਮੈਂ ਇਹ ਪੁੱਛਦਾ ਹਾਂ ਕਿ ਉਥੇ ਜਿਹੜੇ ਛੋਟੇ ਛੋਟੇ ਜ਼ਿਮੀਦਾਰ ਹਨ, ਜਿਨ੍ਹਾਂ ਨੇ ਕਿ ਟਿਊਬਵੈਲ ਲਾਏ ਹੋਏ ਹਨ ਉਨ੍ਹਾਂ ਨੂੰ ਬਿਜਲੀ ਨਹੀਂ ਦਿੱਤੀ ਜਾਂਦੀ, ਕੀ ਉਨ੍ਹਾਂ ਨੂੰ ਵੀ ਬਿਜਲੀ ਦੇਣਗੇ ।

**ਉਪ ਮੰਤਰੀ :** ਸਪੀਕਰ ਸਾਹਿਬ, ਟਿਊਬਵੈਲਾਂ ਦੇ ਮੁਤੱਲਿਕ ਅਲਿਹਦਾ ਨੋਟਿਸ ਦੇ ਦੇਣ, ਜਵਾਬ ਦੇ ਦਿੱਤਾ ਜਾਵੇਗਾ । ਸਵਾਲ ਤਾਂ ਸਿਰਫ਼ ਬੇਟ ਇਲਾਕੇ ਵਿਚ ਬਿਜਲੀ ਦਿੱਤੇ ਜਾਣ ਦਾ ਹੈ।

**ਸ੍ਰੀ ਸਪੀਕਰ :** ਟਿਊਬਵੈਲ ਵੀ ਤਾਂ ਬਿਜਲੀ ਨਾਲ ਹੀ ਚਲਦੇ ਹਨ ।

**ਉਪ ਮੰਤਰੀ :** ਇਹ ਬਿਜਲੀ ਅਸੀਂ 2 ਅਕਤੂਬਰ, 1977 ਤਕ ਇਨ੍ਹਾਂ ਸਭ ਪਿੰਡਾਂ ਨੂੰ ਦੇ ਦੇਵਾਂਗੇ । ਸਪੀਕਰ ਸਾਹਿਬ, ਬੇਟ ਏਰੀਏ ਵਿਚ ਸਾਰੇ ਪਿੰਡ 327 ਸਨ ਜਿਨ੍ਹਾਂ ਵਿਚੋਂ 241 ਨੂੰ ਬਿਜਲੀ ਦੇ ਦਿੱਤੀ ਗਈ ਹੈ ਬਾਕੀ 86 ਰਹਿੰਦੇ ਹਨ ਇਨ੍ਹਾਂ ਵਿਚ 2 ਪਿੰਡ ਅਜਿਹੇ ਹਨ ਜਿਨ੍ਹਾਂ ਦੀ ਵਸੋਂ ਨਹੀਂ ਬਾਕੀ ਸਾਰੇ ਪਿੰਡਾਂ ਨੂੰ ਬਿਜਲੀ ਦੇ ਦੇਵਾਂਗੇ ।

**ਕਾਮਰੇਡ ਮਹਿਤਾਬ ਸਿੰਘ ਨੋਕੇਰੀਆਂ :** ਸਪੀਕਰ ਸਾਹਿਬ, ਜਿਹੜੇ ਪਿੰਡਾਂ ਵਿਚ ਟਿਊਬਵੈਲ ਕੁਨੈਕਸ਼ਨ ਪਿਛਲੇ 3 ਸਾਲਾਂ ਤੋਂ ਨਹੀਂ ਦਿਤੇ ਹਨ ਜਿਹੜੇ ਕਿ ਟੈਸਟ ਰਿਪੋਰਟ ਵੀ ਲੈ ਚੁਕੇ ਹਨ, ਖੰਭੇ ਵੀ ਲਗੇ ਹਨ ਅਤੇ ਹੋਰ ਵੀ ਮਹਿਕਮੇ ਵਲੋਂ ਸਾਰਾ ਖਰਚ ਕੀਤਾ ਜਾ ਚੁੱਕਾ ਹੈ ਪਰ ਉਨ੍ਹਾਂ ਜ਼ਿਮੀਦਾਰਾਂ ਨੂੰ ਹਾਲੇ ਤਕ ਕੁਨੈਕਸ਼ਨ ਨਹੀਂ ਦਿੱਤੇ ਗਏ । ਪਰ ਉਸ ਦੇ ਨਾਲ ਲਗਦੇ ਪਿੰਡਾਂ ਵਿਚੋਂ ਜਿਨ੍ਹਾਂ ਕੋਲੋਂ ਕਿ ਉਨ੍ਹਾਂ ਨੇ ਕੁਝ ਪੈਸੇ ਚਾਰਜ ਕੀਤੇ ਹਨ ਉਥੇ ਕੁਨੈਕਸ਼ਨ ਦੇ ਦਿੱਤੇ ਹਨ । ਜਿਸ ਤਰ੍ਹਾਂ ਫਿਰੋਜ਼ਪੁਰ ਸਬ-ਡਿਵੀਜ਼ਨ ਵਿਚ ਪਿੰਡ ਸੂਲਾ ਵਿਚ ਟਿਊਬਵੈਲ ਲਗੇ ਹਨ ਪਰ ਉਨ੍ਹਾਂ ਨੂੰ ਕੁਨੈਕਸ਼ਨ ਨਹੀਂ ਦਿੱਤੇ ਗਏ ਕਿਉਂਕਿ ਉਨ੍ਹਾਂ ਨੇ ਕੋਈ ਰਿਸ਼ਵਤ ਨਹੀਂ ਦਿੱਤੀ । ਕੀ ਮਨਿਸਟਰ ਸਾਹਿਬ ਇਸ ਤੇ ਗੌਰ ਕਰਨਗੇ ?

Original with;
Punjab Vidhan Sabha
Digitized by;
Panjab Digital Library

**ਉਪ ਮੰਤਰੀ :** ਸਪੀਕਰ ਸਾਹਿਬ, ਸਵਾਲ ਕੁਝ ਤਾਂ ਰੈਲੇਵੈਂਟ ਹੋਣਾ ਚਾਹੀਦਾ ਹੈ । ਜਿਹੜਾ ਇਨ੍ਹਾਂ ਨੇ ਪੈਸੇ ਲੈਣ ਦਾ ਚਾਰਜ ਲਾਇਆ ਹੈ ਇਹ ਸਵਾਲ ਨਾਲ ਤਾਂ ਤੁਅੱਲਕ ਰੱਖਦਾ ਨਹੀਂ । ਫਿਰ ਵੀ ਜੇਕਰ ਇਨ੍ਹਾਂ ਕੋਲੋਂ ਕੋਈ ਪੂਰੀ ਇਨਫਰਮੇਸ਼ਨ ਹੈ ਤਾਂ ਦਸ ਦੇਣ, ਅਸੀਂ ਪਤਾ ਕਰ ਲਵਾਂਗੇ ।

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਕੋਈ ਇਨਫਰਮੇਸ਼ਨ ਹੈ ਤਾਂ ਦਸ ਦੇਣ । ਮੈਂ ਇਨ੍ਹਾਂ ਨੂੰ ਇਕ ਡੈਫੀਨਿਟ ਇਨਫਰਮੇਸ਼ਨ ਦਿੰਦਾ ਹਾਂ ਜੀ । ਫਿਰੋਜ਼ਪੁਰ ਸਬ-ਡਿਵੀਜ਼ਨ ਵਿਚ ਪਿੰਡ ਸੂਲਾ ਵਿਚ ਜਿਥੇ ਕਿ 3 ਸਾਲ ਪਹਿਲਾਂ ਬਿਜਲੀ ਮਿਲ ਜਾਣੀ ਚਾਹੀਦੀ ਸੀ, ਉਥੇ ਬਿਜਲੀ ਨਹੀਂ ਦਿੱਤੀ ਗਈ, ਲੇਕਿਨ ਉਸ ਰਸਤੇ ਤੋਂ ਲੰਘਾ ਕੇ ਹੋਰ ਪਿੰਡਾਂ ਨੂੰ ਬਿਜਲੀ ਦਿਤੀ ਗਈ ਹੈ, ਉਸ ਦਾ ਕਾਰਣ ਇਹ ਹੈ ਕਿ ਉਥੇ ਦੇ ਆਦਮੀਆਂ ਨੇ ਬਿਜਲੀ ਦੇ ਅਫ਼ਸਰਾਂ ਨੂੰ ਖਰਾਇਬ ਦੇਣ ਤੋਂ ਇਨਕਾਰ ਕਰ ਦਿੱਤਾ । ਹੁਣ ਉਹ ਕਹਿੰਦੇ ਹਨ ਕਿ ਬਰਾਇਬ ਦਾ ਰੇਟ ਵੱਧ ਗਿਆ ਹੈ, ਇਸ ਲਈ ਬਿਜਲੀ ਨਹੀਂ ਮਿਲੇਗੀ ਜਦੋਂ ਤਕ ਕਿ ਉਹ ਪੈਸੇ ਨਹੀਂ ਦਿੱਤੇ ਜਾਂਦੇ । ਕੀ ਮਨਿਸਟਰ ਸਾਹਿਬ, ਇਸ ਦੀ ਪੜਤਾਲ ਕਰਵਾਉਣਗੇ ?

उप मंत्री सिचाई और बिजली (श्री बलराम) : स्पीकर साहिब डांग साहिब ने जो Specfic charge लगाया है उस की enquiry कर के सख्त से सख्त action लिया जायेगा ।

## STARRED QUESTION NO. 3571

**Mr. Speaker** : Extension has been asked for in respect of Starred Question No, **3571.

## STARRED QUESTION No. 3572

and Amritsar districts Thousands of cattle head have already perished. Hundreds are dying every day due to extreme shortage of fodder. There is urgent need for State Subsidized supply of dry and green fodder besides disbursement of fodder relief grants. A very alarming situation has come into existance

In view of the obvious importance of the matter the Government may be asked to make a statement in the House.

**ਸਰਦਾਰ ਉਮਰਾਓ ਸਿੰਘ** (ਮਾਲ ਅਤੇ ਚੋਣ ਮੰਤਰੀ) : ਪਿਛਲੀਆਂ ਬਾਰਸ਼ਾਂ ਦੀ ਰੁਤ ਵਿਚ ਹੜ੍ਹਾਂ ਨੇ ਪ੍ਰਦੇਸ਼ ਵਿਚ ਖੜੀਆਂ ਫਸਲਾਂ, ਮਕਾਨਾਂ, ਘਰੇਲੂ ਵਸਤੂਆਂ ਡੰਗਰਾਂ ਅਤੇ ਲੋਕਾਂ ਨੂੰ ਸਹੂਲਤਾਂ ਸਬੰਧੀ ਸੇਵਾਵਾਂ ਨੂੰ ਕਾਫ਼ੀ ਨੁਕਸਾਨ ਪਹੁੰਚਾਇਆ ਸੀ । ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹੇ ਬੁਰੀ ਤਰ੍ਹਾਂ ਪੀੜਤ ਹੋਏ । ਅੰਮ੍ਰਿਤਸਰ ਜ਼ਿਲ੍ਹੇ ਵਿਚ 43 ਪਸ਼ੂ ਅਤੇ ਗੁਰਦਾਸਪੁਰ ਜ਼ਿਲੇ ਵਿਚ 121 ਪਸ਼ੂ ਮਰੇ ਸਨ । ਜ਼ਿਲ੍ਹਾ ਅਧਿਕਾਰੀਆਂ ਨੂੰ ਹੜ੍ਹ ਪੀੜਤ ਲੋਕਾਂ ਨੂੰ ਸਹਾਇਤਾ ਵੰਡਣ ਲਈ 4.08, 72, 336 ਰੁਪਏ ਦਿਤੇ ਗਏ ਸਨ । ਅੰਮ੍ਰਿਤਸਰ ਜ਼ਿਲ੍ਹੇ ਵਿਚ 25, 18. 980 ਰੁਪਏ ਚਾਰਾ ਗਰਾਂਟ ਦੇ ਰੂਪ ਵਿਚ ਵੰਡੇ ਗਏ ਅਤੇ ਇਸ ਕੰਮ ਲਈ ਗੁਰਦਾਸਪੁਰ ਜ਼ਿਲ੍ਹੇ ਵਿਚ 28 ਲੱਖ ਰੁਪਏ ਵੰਡੇ ਗਏ ।ਇਸ ਤੋਂ ਇਲਾਵਾ ਮਰੇ ਪਸ਼ੂਆਂ ਲਈ ਗਰਾਂਟਾਂ ਵੰਡੀਆਂ ਗਈਆਂ ਹਨ । ਹੜ੍ਹ ਪੀੜਤ ਲੋਕਾਂ ਨੇ ਸੁਕਾ ਜਾਂ ਹਰਾ ਚਾਰਾ ਲੈਣ ਤੋਂ ਇਨਕਾਰ ਕਰ ਦਿਤਾ ਸੀ ਅਤੇ ਇਸ ਦੇ ਬਦਲੇ ਚਾਰੇ ਲਈ ਨਕਦ ਗਰਾਂਟ ਲੈਣ ਲਈ ਬੇਨਤੀ ਕੀਤੀ ਸੀ । ਹਰ ਇਕ ਦਰ ਅਧੀਨ ਚੋਖੀਆਂ ਰਕਮਾਂ ਸਹਾਇਤਾ ਵਜੋਂ ਯੋਗ ਪੁਰਸ਼ਾਂ ਨੂੰ ਦਿਤੀਆਂ ਜਾ ਚੁਕੀਆਂ ਹਨ ਅਤੇ ਪ੍ਰਦੇਸ਼ ਵਲੋਂ ਉਤਪਾਦਨ ਵਜੋਂ ਸੁਕੇ ਅਤੇ ਹਰੇ ਚਾਰੇ ਦੀ ਨਾ ਹੀ ਕੋਈ ਮੰਗ ਹੈ ਅਤੇ ਨਾ ਹੀ ਕੋਈ ਪਸ਼ੂ ਇਸ ਥੁੜ੍ਹ ਨਾਲ ਮਰ ਰਹੇ ਹਨ ।

(Serial No 33)

**Comrade Satya Pal Dang**: to draw the attention of the Government towards a matter of urgent public importance, namely, workers of M/s. New India Embroidery Mills Private Ltd. are not being paid their wages regularly. Often they are paid their wages more than 3 to 4 weeks late. Position has recently much worsened in this respect. This has caused not only much hardship to the workers of the Mills in question but has also resulted in much discontentment amongst the entire working class in Amritsar.

In view of the obvious and urgent importance of the matter the Government may please be asked to make a statement in the House.

**ਸ੍ਰੀ ਹੰਸ ਰਾਜ ਸ਼ਰਮਾ** : ਮਿਤੀ 5 ਅਗਸਤ, 1975 ਨੂੰ ਇਕ ਲਿਖਤੀ ਸ਼ਿਕਾਇਤ ਕਿਰਤ ਇਨਸਪੈਕਟਰ ਗਰੇਡ-1 ਅੰਮ੍ਰਿਤਸਰ ਕੋਲ ਪਰਾਪਤ ਹੋਈ ਸੀ ਕਿ ਮੈਸਰਜ਼ ਨਿਊ ਇੰਡੀਆ ਇਮਬਰਾਇਡਰੀ ਮਿਲਜ਼ ਪਰਾਈਵੇਟ ਲਿਮਿਟਿਡ ਦੇ ਕਿਰਤੀਆਂ ਨੂੰ ਬਕਾਇਦਾ ਤੌਰ ਤੇ ਉਜਰਤਾਂ ਨਹੀਂ ਦਿੱਤੀਆਂ ਜਾਂਦੀਆਂ । ਕਿਰਤ ਇੰਸਪੈਕਟਰ ਨੇ ਮਿਤੀ 11 ਅਗਸਤ, 1975 ਨੂੰ ਮਾਲਕਾਂ ਵਿਰੁਧ ਮੁਕੱਦਮਾ ਚਲਾਇਆ ਸੀ ਉਨ੍ਹਾਂ ਨੂੰ ਮਿਤੀ 11 ਨਵੰਬਰ, 1975 ਨੂੰ ਕੋਰਟ ਨੇ ਜੁਰਮਾਨੇ ਦੀ ਸਜ਼ਾ ਦਿੱਤੀ ਸੀ ।

ਕਿਰਤ ਵਿਭਾਗ ਨੇ ਲੋਕਲ ਸਟਾਫ ਕਿਰਤੀਆਂ ਨੂੰ ਸਮੇਂ ਤੇ ਉਜਰਤਾਂ ਦਿਵਾਉਣ ਬਾਰੇ ਯਤਨ ਕਰਦਾ ਰਿਹਾ ਹੈ ਅਤੇ ਕਿਰਤ ਇੰਸਪੈਕਟਰ ਹਰ ਮਹੀਨੇ ਫੈਕਟਰੀ ਵਿਚ ਜਾਕੇ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਕਿਰਤੀਆਂ ਨੂੰ ਉਜਰਤਾਂ ਦਿਵਾਉਣ ਵਿੱਚ ਸਹਾਈ ਹੋਇਆ ਹੈ ਭਾਵੇਂ ਥੋੜ੍ਹਾ ਜਿਹਾ ਸਮਾਂ ਲਗ ਹੀ ਗਿਆ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਵੀ ਪ੍ਰਬੰਧਕਾਂ ਨੂੰ ਇਸ ਮਤਲਬ ਲਈ ਮਿਤੀ 16 ਸਤੰਬਰ, 1975 ਅਤੇ 10 ਅਕਤੂਬਰ, 1975 ਨੂੰ ਬੁਲਾਇਆ ਸੀ।

ਇਹ ਚੰਗਾ ਸਮਝਿਆ ਗਿਆ ਕਿ ਇਕੱਲੇ ਮੁਕੱਦਮਿਆਂ ਨਾਲ ਹੀ ਕਿਰਤੀਆਂ ਦੀ ਸਹਾਇਤਾ ਨਹੀਂ ਹੋ ਸਕਦੀ। ਰਜ਼ਾਮੰਦੀ ਦੇ ਤਰੀਕੇ ਜ਼ਿਆਦਾ ਅਸਰਦਾਰ ਹੁੰਦੇ ਹਨ। ਕਿਰਤ ਵਿਭਾਗ ਅੰਮ੍ਰਿਤਸਰ ਦੀ ਵਰਕਿੰਗ ਕਲਾਸ ਵਿਚ ਇਸ ਕਾਰਨ ਕਰਕੇ ਕਿਸੇ ਕਿਸਮ ਦੀ ਕੋਈ ਅਸੰਤੁਸ਼ਟਤਾ ਨਹੀਂ ਹੋਣ ਦਏਗਾ। ਕਾਨੂੰਨ ਵੀ ਜ਼ਿਆਦਾ ਸਖ਼ਤ ਬਣਾਏ ਜਾ ਰਹੇ ਹਨ।

(Serial No. 57)

**Comrade Achhra Singh**: to draw the attention of the Government towards a matter of urgent public importonce, namely that there has spread resentment amongst masses of sub-division Rampura Phool because there has been no doctor (neither in lady hospital nor in general hospital) since last month or so. People suffer much becase of lack of medical facilities.

In view of the obvious and urgent importance of the matter, the Government may please be asked to make a statement in the House.

**ਸਰਦਾਰ ਬਲਬੀਰ ਸਿੰਘ** (ਰਾਜ ਮੰਤਰੀ, ਸਿਹਤ ਅਤੇ ਸੰਤਾਨ ਸੰਜਮ) : ਸਿਵਲ ਹਸਪਤਾਲ, ਰਾਮਪੁਰਾ ਫੂਲ ਵਿਖੇ ਮੈਡੀਕਲ ਅਫਸਰ ਲਗਾ ਹੋਇਆ ਹੈ। ਭਾਵੇਂ ਇਸ ਡਾਕਟਰ ਨੂੰ ਹੋਰ ਥਾਂ ਤੇ ਬਦਲਣ ਦਾ ਹੁਕਮ ਜਾਰੀ ਹੋ ਚੁਕਾ ਹੈ ਪਰ ਉਸ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਉਸ ਸਮੇਂ ਤੱਕ ਚਾਰਜ ਨਾ ਛੱਡੇ ਜੱਦ ਤਕ ਉਸ ਦੀ ਥਾਂ ਹੋਰ ਡਾਕਟਰ ਹਾਜ਼ਰ ਨਹੀਂ ਹੋ ਜਾਂਦਾ। ਲੇਡੀ ਡਾਕਟਰ ਨੂੰ 26 ਨਵੰਬਰ, 1975 ਨੂੰ ਉਸ ਦੀ ਬੇਨਤੀ ਤੇ ਬਦਲਿਆ ਗਿਆ ਸੀ ਅਤੇ ਉਸ ਦੀ ਥਾਂ ਹੋਰ ਲੇਡੀ ਡਾਕਟਰ ਜਿਤਨੀ ਜਲਦੀ ਸੰਭਵ ਹੋ ਸਕਿਆ ਲਗਾ ਦਿੱਤੀ ਜਾਵੇਗੀ।

---

## QUESTIONS ON REPLIES TO CALL-ATTENTION NOTICES

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਮੈਨੂੰ ਕਾਲ ਅਟੈਨਸ਼ਨ ਮੋਸ਼ਨ ਨੰਬਰ 28 ਅਤੇ 29 ਦੇ ਜਵਾਬ ਆਏ ਹਨ, ਉਨ੍ਹਾਂ ਤੇ ਮੈਂ ਸਵਾਲ ਕਰਨਾ ਚਾਹੁੰਦਾ ਹਾਂ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਇਸ ਤੋਂ ਪਹਿਲਾਂ 14 ਹੈ ਜੀ। ਮੈਂ ਵੀ ਸਵਾਲ ਕਰਨਾ ਚਾਹੁੰਦਾ ਹਾਂ।

**ਸ਼੍ਰੀ ਸਪੀਕਰ** : ਠੀਕ ਹੈ, ਪਹਿਲਾਂ ਤੁਸੀਂ 14 ਨੰਬਰ ਤੇ ਸਵਾਲ ਪੁੱਛ ਲਓ। ਕਾਮਰੇਡ ਰਾਜ ਕੁਮਾਰ ਜੀ, ਤੁਸੀਂ ਬਾਅਦ ਵਿਚ ਸਵਾਲ ਕਰ ਲੈਣਾ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੇਰੀ ਕਾਲ ਅਟੈਨਸ਼ਨ ਮੋਸ਼ਨ ਨੰਬਰ 14 ਹੈ, ਇਹ ਹੈ ਤਾਂ ਬਿਜਲੀ ਬੋਰਡ ਦੇ ਬਾਰੇ ਪਰ ਜਵਾਬ ਸ਼ਰਮਾ ਜੀ ਨੇ ਦਿਤਾ ਹੈ। ਇਨ੍ਹਾਂ ਨੇ ਕਿਹਾ ਹੈ ਕਿ ਬਠਿੰਡੇ ਦੇ ਵਿਚ ਜਿਹੜਾ ਥਰਮਲ ਪਲਾਂਟ ਹੈ ਉਸ ਦੇ ਵਿਚੋਂ

Original with;
Punjab Vidhan Sabha
Digitized by;
Panjab Digital Library

ਵਾਕਅਈ ਵਰਕਰਾਂ ਦੀ ਛਾਂਟੀ ਹੋਈ ਹੈ ਔਰ ਕੁਝ ਹੋਰ ਹਣ ਵਾਲੀ ਹੈ। ਇਨ੍ਹਾਂ ਨੇ ਵਜ੍ਹਾ ਇਹ ਦੱਸੀ ਹੈ ਕਿ ਕੰਮ ਮੁਕ ਗਿਆ ਹੈ ਔਰ ਕਿਧਰੇ ਰਖੇ ਨਹੀਂ ਜਾ ਸਕਦੇ। ਮੈਂ ਮਨਿਸਟਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ, ਜਦੋਂ ਹਿੰਦੁਸਤਾਨ ਦੀ ਸਰਕਾਰ ਔਰ ਖੁਦ ਪ੍ਰਧਾਨ ਮੰਤਰੀ ਜੀ ਵਰਕਰਾਂ ਦੀ ਸ਼ਲਾਘਾ ਇਸ ਗੱਲ ਲਈ ਕਰ ਰਹੇ ਹਨ ਕਿ ਉਹ ਪ੍ਰੋਡਕਸ਼ਨ ਵਿਚ ਪੂਰਾ ਆਪਣਾ ਮਿਹਨਤ ਦਿੰਦੇ ਹਨ ਔਰ ਮਿਲ ਮਾਲਕ ਨੁਕਤਾਚੀਨੀ ਕਰਕੇ ਉਨ੍ਹਾਂ ਦੀ ਛਾਂਟੀ ਤੇ ਲੇ-ਆਊਟ ਕਰ ਰਹੇ ਹਨ, ਇਹ ਪਬਲਿਕ ਸੈਕਟਰ ਦਾ ਅਦਾਰਾ ਹੈ ਅਤੇ ਜਿਸ ਦਾ ਯੂਨਿਟ ਨੰਬਰ 2 ਚਾਲੂ ਹੋਇਆ ਹੈ ਅਤੇ ਯੂਨਿਟ ਨੰਬਰ 3 ਚਾਲੂ ਹੋ ਰਿਹਾ ਹੈ ਅਤੇ ਯੂਨਿਟ ਨੰਬਰ 4 ਅਗਲੇ ਸਾਲ ਚਾਲੂ ਹੋ ਗਿਆ ਹੈ। ਤਾਂ ਇਸ ਦੇ ਵਿਚ ਕਿਉਂ ਛਾਂਟੀ ਕੀਤੀ ਗਈ ਹੈ ਅਤੇ ਹੋਰ ਕਰਨੀ ਹੈ। ਕੀ ਸ਼ਰਮਾ ਜੀ ਬਿਜਲੀ ਦੇ ਮਨਿਸਟਰ ਸਾਹਿਬ ਨਾਲ ਗੱਲ ਬਾਤ ਕਰਕੇ ਜਿਨ੍ਹਾਂ ਦੀ ਛਾਂਟੀ ਹੋਣੀ ਹੈ ਉਹ ਰੋਕੀ ਜਾਵੇਗੀ ਅਤੇ ਜਿਨ੍ਹਾਂ ਦੀ ਛਾਂਟੀ ਹੋਈ ਹੈ ਉਨ੍ਹਾਂ ਨੂੰ ਲਵਾ ਦੇਣਗੇ ?

**ਵਿੱਤ ਮੰਤਰੀ** (ਸ੍ਰੀ ਹੰਸ ਰਾਜ ਸ਼ਰਮਾ) : ਸਪੀਕਰ ਸਾਹਿਬ, ਲੇਬਰ ਦੇ ਮਹਿਕਮੇ ਨੇ ਬਠਿੰਡਾ ਥਰਮਲ ਪਲਾਂਟ ਵਾਲਿਆਂ ਤੋਂ ਪੁਛਿਆ ਸੀ ਅਤੇ ਉਨ੍ਹਾਂ ਨੇ ਕਿਹਾ ਹੈ ਕਿ ਆਲਟਰਨੇਟਿਵ ਜਾਬਜ਼ ਨਹੀਂ ਹਨ, ਫਿਰ ਵੀ ਮੈਂ ਬਿਜਲੀ ਦੇ ਮਨਿਸਟਰ ਸਾਹਿਬ ਨਾਲ ਗੱਲ ਬਾਤ ਕਰਕੇ ਕੋਈ ਨਾ ਕੋਈ ਅਸੀਂ ਐਸਾ ਰਾਹ ਲਭਾਂਗੇ ਜਿਸ ਨਾਲ ਉਨ੍ਹਾਂ ਨੂੰ ਕਿਧਰੇ ਨਾ ਕਿਧਰੇ ਜਾਬਜ਼ ਮਿਲ ਜਾਣ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਮੇਰੀ ਕਾਲ ਅਟੈਨਸ਼ਨ ਮੋਸ਼ਨ ਨੰਬਰ 23 ਹੈ। ਇਸ ਤੇ ਮੈਂ ਸਵਾਲ ਕਰਨਾ ਚਾਹੁੰਦਾ ਹਾਂ।

ਸਪੀਕਰ ਸਾਹਿਬ, ਮੈਨੂੰ ਕਾਲ ਅਟੈਨਸ਼ਨ ਮੋਸ਼ਨ ਦੇ ਜਵਾਬ ਵਿਚ ਮਨਿਸਟਰ ਸਾਹਿਬ ਨੇ ਫੁਰਮਾਇਆ ਹੈ ਕਿ ਟਿਊਬਵੈਲ ਵਾਸਤੇ ਨਵੇਂ ਕੁਨੈਕਸ਼ਨ ਲਈ 1,000 ਰੁਪਿਆ ਚਾਰਜ ਕਰਨ ਦਾ ਗੌਰਮਿੰਟ ਨੇ ਫੈਸਲਾ ਕੀਤਾ ਹੈ। ਉਹ ਉਸ ਰਕਮ ਦਾ 20 ਫੀਸਦੀ ਹੈ ਜਿਹੜੀ ਸਰਕਾਰ ਨੇ ਲੋਕਾਂ ਕੋਲੋਂ ਵਸੂਲ ਕਰਨੀ ਹੈ ਅਤੇ ਕੁਝ ਪਲਿਊਂ ਪਾਉਣੀ ਹੈ ਤਾਂ ਕਿ ਰੂਰਲ ਇਲੈਕਟਰੀਫਿਕੇਸ਼ਨ ਦਾ ਕੰਮ ਚਲ ਸਕੇ। ਉਨ੍ਹਾਂ ਨੇ ਜਵਾਬ ਵਿਚ ਇਹ ਵੀ ਕਿਹਾ ਹੈ ਕਿ ਇਸ ਸਕੀਮ ਦਾ ਬੜਾ ਸਵਾਗਤ ਹੋਇਆ ਹੈ ਅਤੇ ਮਿਤੀ 9 ਅਕਤੂਬਰ, 1975 ਤੋਂ ਬਾਅਦ 1,300 ਕੁਨੈਕਸ਼ਨ ਦਿਤੇ ਗਏ ਹਨ। ਮੇਰਾ ਨੋਟਿਸ ਬਾਰਡਰ ਏਰੀਆ ਔਰ ਮਾਰਜਨਲ ਫਾਰਮਰਜ਼ ਦੇ ਸਬੰਧ ਵਿਚ ਸੀ ਜਿਹੜੇ ਕਿ 1,000 ਰੁਪਿਆ ਜਮ੍ਹਾ ਨਹੀਂ ਕਰਵਾ ਸਕਦੇ। ਮੈਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ 1,300 ਕੁਨੈਕਸ਼ਨ ਇਸ ਸਕੀਮ ਦੇ ਸਵਾਗਤ ਵਿਚ ਲਗੇ ਹਨ ਉਨ੍ਹਾਂ ਦੇ ਵਿਚੋਂ ਕਿੰਨੇ ਲੋਕ ਹਨ ਜਿਹੜੇ ਬਾਰਡਰ ਏਰੀਆ ਨਾਲ ਸਬੰਧਤ ਹਨ ਅਤੇ ਕਿੰਨੇ ਮਾਰਜਨਲ ਫਾਰਮਰਜ਼ ਹਨ ?

**ਉਪ-ਮੰਤਰੀ** (ਸ੍ਰੀ ਖੁਸ਼ਹਾਲ ਬਹਿਲ) : ਸਪੀਕਰ ਸਾਹਿਬ, ਇਹ ਜਿਹੜਾ ਅਸੀਂ 1,000 ਰੁਪਿਆ ਸਿਕਿਊਰਿਟੀ ਦਾ ਲੈਂਦੇ ਹਾਂ ਡਿਬੈਂਚਰ ਵਿਚ ਪਬਲਿਕ ਕੰਟ੍ਰੀਬਿਊਸ਼ਨ ਰਾਹੀਂ ਰੂਰਲ ਇਲੈਕਟਰੀਫਿਕੇਸ਼ਨ ਸਕੀਮ ਵਿਚ ਪੈਸੇ ਦੇਣੇ ਹਨ। ਜਿਹੜੀ ਇਨਫਰਮੇਸ਼ਨ ਇਨ੍ਹਾਂ ਨੇ ਹੁਣ ਮੰਗੀ ਹੈ ਕਿ ਕਿੰਨੇ ਮਾਰਜਨਲ ਫਾਰਮਰਜ਼ ਹਨ ਅਤੇ ਕਿੰਨੇ ਬਾਰਡਰ ਏਰੀਆ ਨਾਲ ਸਬੰਧਤ ਹਨ ਇਸ ਦੇ ਵਾਸਤੇ ਇਹ ਨੋਟਿਸ ਦੇ ਦੇਣ ਤਾਂ ਉਸ ਦਾ ਵੀ ਜਵਾਬ ਦੇ ਦਿਆਂਗੇ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਮੇਰੀ ਕਾਲ ਅਟੈਨਸ਼ਨ ਮੋਸ਼ਨ ਨੰਬਰ 29 ਐਗਰੀਕਲਚਰ ਮਨਿਸਟਰ, ਮਾਸਟਰ ਗੁਰਬੰਤਾ ਸਿੰਘ ਜੀ ਨਾਲ ਸਬੰਧ ਰੱਖਦੀ ਹੈ ।

ਮਾਸਟਰ ਜੀ ਨੇ ਕਾਲ ਅਟੈਨਸ਼ਨ ਮੋਸ਼ਨ ਦੇ ਜਵਾਬ ਵਿਚ ਇਹ ਫੁਰਮਾਇਆ ਸੀ ਕਿ ਜਿਹੜਾ ਬੀਜ ਸਰਕਾਰ ਦੀ ਤਰਫੋਂ ਵੰਡਿਆ ਗਿਆ ਹੈ ਉਹ 40 ਫੀਸਦੀ ਅਤੇ 25 ਫੀਸਦੀ ਦੇ ਸਬਸਿਡੀ ਦੇ ਹਿਸਾਬ ਨਾਲ ਲੋਕਾਂ ਨੂੰ ਜੋ ਬੀਜ ਦਿਤੇ ਗਏ ਹਨ ਉਹ ਬਿਲਕੁਲ ਠੀਕ ਸੀ ਅਤੇ ਜਵਾਬ ਵਿਚ ਇਹ ਕਿਹਾ ਗਿਆ ਹੈ ਕਿ ਕੋਈ ਸ਼ਿਕਾਇਤ ਨਹੀਂ ਆਈ । ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕੀ ਮਾਸਟਰ ਜੀ ਇਸ ਗੱਲ ਲਈ ਕੋਈ ਯਕੀਨ ਦਵਾਉਣਗੇ ਕਿ ਬਲਾਕ ਧਾਰੀਵਾਲ, ਕਲਾਨੌਰ, ਡੇਰਾ ਬਾਬਾ ਨਾਨਕ, ਨਰੋਟ ਜੈਮਲ ਸਿੰਘ ਅਤੇ ਦੀਨਾ ਨਗਰ ਵਿਚ ਮਾਰਕਫੈਡ ਰਾਹੀਂ ਜਿਹੜੇ ਬੀਜ ਵੰਡੇ ਗਏ ਹਨ ਉਹ ਅਸਲ ਬੀਜ ਨਹੀਂ ਸਨ, ਕੀ ਇਸ ਦੇ ਲਈ ਕੋਈ ਇਨਕੁਆਇਰੀ ਕਰਾਉਣ ਦਾ ਯਕੀਨ ਦੁਆਉਣਗੇ ?

**ਖੇਤੀਬਾੜੀ ਅਤੇ ਜੰਗਲਾਤ ਮੰਤਰੀ** (ਮਾਸਟਰ ਗੁਰਬੰਤਾ ਸਿੰਘ) : ਸਪੀਕਰ ਸਾਹਿਬ, ਬੀਜ ਵੰਡਿਆ ਗਿਆ, ਲੋਕਾਂ ਨੇ ਕਣਕ ਬੀਜ ਲਈ । (ਹਾਸਾ) ਕਣਕ ਉਗ ਵੀ ਆਈ ਔਰ ਮੀਂਹ ਨਾਲ ਚੰਗੀ ਵੀ ਫਸਲ ਹੋ ਜਾਵੇਗੀ । ਹੁਣ ਮੈਨੂੰ ਸਮਝ ਨਹੀਂ ਆਉਂਦੀ ਕਿ ਇਨਕੁਆਇਰੀ ਕਿਸ ਗੱਲ ਦੀ ਕਰਵਾਵਾਂ । ਅਸੀਂ ਆਪਣੇ ਖਿਆਲ ਨਾਲ ਬੜੀ ਛਾਣ ਬੀਣ ਕਰਕੇ, ਯੂਨੀਵਰਸਿਟੀ ਦੇ ਬੀਜ, ਨੈਸ਼ਨਲ ਸੀਡ ਕਾਰਪੋਰੇਸ਼ਨ ਦੇ ਬੀਜ ਚੰਗੀ ਤਰ੍ਹਾਂ ਟੈਸਟ ਕਰਕੇ ਅਤੇ ਮੋਹਰਾਂ ਲਾਕੇ ਵੰਡਿਆ ਹੈ । ਜੇ ਮੈਨੂੰ ਇਹ ਉਦੋਂ ਕਹਿੰਦੇ ਤਾਂ ਮੈਂ ਇਨ੍ਹਾਂ ਦੇ ਨਾਲ ਚਲਾ ਜਾਂਦਾ ਔਰ ਜਾਕੇ ਦੇਖਦਾ ਅਤੇ ਜੇ ਕੋਈ ਐਸੀ ਗੱਲ ਹੁੰਦੀ ਤਾਂ ਉਨ੍ਹਾਂ ਨੂੰ ਅੰਦਰ ਵੀ ਦਿੰਦਾ ਜਿਹੜੇ ਕਸੂਰਵਾਰ ਹੁੰਦੇ । ਹੁਣ ਇਸ ਵੇਲੇ ਤਾਂ ਮੈਨੂੰ ਸਮਝ ਨਹੀਂ ਆਉਂਦੀ ਕਿ ਕਿਸ ਬੇਸ ਤੇ ਇਨਕੁਆਇਰੀ ਕਰਵਾਵਾਂ । (ਵਿਘਨ) ਇਕ ਵਾਰੀ, ਸਪੀਕਰ ਸਾਹਿਬ, ਚੌਧਰੀ ਸੁੰਦਰ ਸਿੰਘ ਨੇ ਸ਼ਿਕਾਇਤ ਕੀਤੀ ਸੀ ਕਿ ਮੇਰਾ ਬੀਜ ਉਗਿਆ ਨਹੀਂ....(ਵਿਘਨ) (ਹਾਸਾ)

**ਇਕ ਆਵਾਜ਼** : ਇਨ੍ਹਾਂ ਦਾ ਬੀਜ ਜੀ । (ਹਾਸਾ) (ਵਿਘਨ)

**ਕੈਪਟਨ ਰਤਨ ਸਿੰਘ** : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਮਾਸਟਰ ਗੁਰਬੰਤਾ ਸਿੰਘ, ਐਗਰੀਕਲਚਰ ਮਨਿਸਟਰ ਸਾਹਿਬ ਗਲਤ ਬਿਆਨੀ ਕਰ ਰਹੇ ਹਨ ਜਿਹੜੀ ਕਿ ਇਨ੍ਹਾਂ ਨੂੰ ਨਹੀਂ ਕਰਨੀ ਚਾਹੀਦੀ । ਕਿਸੇ ਨੇ ਨਹੀਂ ਕਿਹਾ ਕਿ ਇਨ੍ਹਾਂ ਦਾ ਬੀਜ ਉਗਿਆ ਨਹੀਂ ਜਾਂ ਉਗਦਾ ਨਹੀਂ (ਵਿਘਨ)

**ਖੇਤੀਬਾੜੀ ਅਤੇ ਜੰਗਲਾਤ ਮੰਤਰੀ** : ਸਪੀਕਰ ਸਾਹਿਬ, ਸਰਕਾਰ ਦਾ ਬੀਜ ਹੈ । (ਵਿਘਨ) (ਹਾਸਾ)

**ਇਕ ਆਵਾਜ਼** : ਕਣਕ ਦਾ ਬੀਜ ਕਹੋ ਮਾਸਟਰ ਜੀ ।

**ਚੌਧਰੀ ਸੁੰਦਰ ਸਿੰਘ** : ਸਪੀਕਰ ਸਾਹਿਬ, ਹੁਣ ਇਨ੍ਹਾਂ ਦਾ ਬੀਜ ਹੀ ਹੈ ਨਹੀਂ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤਪਾਲ ਡਾਂਗ** : ਸਪੀਕਰ ਸਾਹਿਬ, ਕਾਲ ਅਟੈਨਸ਼ਨ ਮੋਸ਼ਨ ਨੰਬਰ 33 ਅਤੇ 34 ਹੋਰ ਹਨ ਜੀ ।

**ਸ਼੍ਰੀ ਸਪੀਕਰ** : ਇਨ੍ਹਾਂ ਤੇ ਸਵਾਲ ਕੱਲ੍ਹ ਕਰ ਲੈਣਾ ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਸਪੀਕਰ ਸਾਹਿਬ, ਕਾਲ ਅਟੈਨਸ਼ਨ ਮੋਸ਼ਨ ਨੰਬਰ 34 ਮੇਰੀ ਹੈ ਅਤੇ ਮੈਂ ਇਸ ਤੇ ਸਵਾਲ ਪੁੱਛਣਾ ਚਾਹੁੰਦਾ ਹਾਂ ।

ਸਪੀਕਰ ਸਾਹਿਬ, ਮੇਰੀ ਆਟੇ ਦੇ ਬਾਰੇ ਕਾਲ ਅਟੈਨਸ਼ਨ ਮੋਸ਼ਨ ਸੀ ਕਿ ਆਟੇ ਦਾ ਭਾਅ 160 ਰੁਪਏ ਹੋ ਗਿਆ ਹੈ ਅਤੇ ਇਸ ਦੇ ਨਾਲ ਲੋਕਾਂ ਨੂੰ ਬੜੀ ਤਕਲੀਫ਼ ਹੈ । ਵਜ਼ੀਰ ਸਾਹਿਬ ਨੇ ਕਿਹਾ ਹੈ ਕਿ 175 ਜਾਂ 180 ਰੁਪਏ ਰੇਟ ਨਹੀਂ ਹੋਇਆ 160 ਰੁਪਏ ਹੋਇਆ ਹੈ ਅਤੇ ਹੁਣ 1200 ਦੁਕਾਨਾਂ ਤੇ ਆਟਾ ਭੇਜ ਦਿਤਾ ਹੈ ਅਤੇ ਇਹ ਕੀਮਤ ਵਧਣੋਂ ਰੁਕ ਗਈ ਹੈ ਤੇ ਹੇਠਾਂ ਆਉਣ ਦੀ ਆਸ ਹੈ । ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਸੂਬੇ ਵਿਚ ਕਣਕ 113 ਰੁਪਏ ਦੇ ਹਿਸਾਬ ਨਾਲ ਵਿਕੀ ਹੋਵੇ ਅਤੇ ਉਸ ਸੂਬੇ ਵਿਚ ਆਟਾ 160 ਰੁਪਏ ਦੇ ਹਿਸਾਬ ਨਾਲ ਵਿਕੇ ਤਾਂ ਫਿਰ ਲੋਕਾਂ ਨੂੰ ਜਾਂ ਤਾਂ ਇਸ ਗੱਲ ਦਾ ਪਤਾ ਨਹੀਂ ਕਿ ਆਟਾ ਡਿਪੂਆਂ ਤੇ 1 ਰੁਪਿਆ 37 ਪੈਸੇ ਕਿਲੋ ਵਿਕਦਾ ਹੈ ਅਤੇ ਇਨ੍ਹਾਂ ਦਾ ਮਹਿਕਮਾ ਲੋਕਾਂ ਨੂੰ ਜਾਣੂ ਨਹੀਂ ਕਰਵਾ ਸਕਿਆ ਤੇ ਜਾਂ ਫਿਰ ਡਿਪੂਆਂ ਤੇ ਆਟਾ ਹੈ ਨਹੀਂ । ਇਨ੍ਹਾਂ ਗੱਲਾਂ ਵਿਚੋਂ ਕਿਹੜੀ ਗੱਲ ਠੀਕ ਹੈ ?

**ਖੁਰਾਕ ਤੇ ਸਪਲਾਈ ਦੇ ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਸਪਸ਼ਟ ਕੀਤਾ ਹੈ ਕਿ ਆਟੇ ਬਾਰੇ ਜਿਸ ਵੇਲੇ ਸਰਕਾਰ ਦੇ ਨੋਟਿਸ ਵਿਚ ਆਇਆ, ਅੰਮ੍ਰਿਤਸਰ ਵਿਚ ਰੁਮਾਲੀ ਆਟਾ ਖਾਣ ਦੇ ਸ਼ੌਕੀਨ ਹਨ, ਅਸੀਂ ਆਪਣੇ ਡਿਪੂਆਂ ਤੇ ਕਣਕ ਅਤੇ ਆਟਾ ਦੋਵੇਂ ਚੀਜ਼ਾਂ ਰਖੀਆਂ ਹਨ । ਕਣਕ ਦਾ ਭਾਅ 131 ਰੁਪਏ 30 ਪੈਸੇ ਅਤੇ ਆਟਾ 137 ਰੁਪਏ 80 ਪੈਸੇ ਕੁਇੰਟਲ ਦੇ ਹਿਸਾਬ ਨਾਲ ਦਿੰਦੇ ਹਾਂ । ਇਹ ਅਸੀਂ ਇਸ ਲਈ ਦਿੰਦੇ ਹਾਂ ਕਿ ਲੋਕ ਡਿਪੂਆਂ ਤੋਂ ਰਾਸ਼ਨ ਲੈਣ । ਜਿਹੜੀਆਂ ਫਲੋਰ ਮਿੱਲਾਂ ਹਨ ਉਹ ਵੀ ਪਹਿਲੋਂ ਡਿਪੂਆਂ ਵਾਲਿਆਂ ਦਾ ਆਟਾ ਪੀਸਦੀਆਂ ਹਨ ਤਾਂਕਿ ਆਟੇ ਦੀ ਕਮੀ ਨਾ ਰਹੇ ਅਤੇ ਆਟੇ ਦੀ ਕੀਮਤ ਠੀਕ ਰਹੇ ।

## GENERAL DISCUSSION ON THE BUDGET FOR THE YEAR 1976-77

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ (ਗੜ੍ਹ ਸ਼ੰਕਰ)** : ਸਤਿਕਾਰਯੋਗ ਸਪੀਕਰ ਸਾਹਿਬ, ਜਿਹੜਾ ਬਜਟ ਫਾਇਨਾਂਸ ਮਨਿਸਟਰ ਸਾਹਿਬ ਨੇ ਪੇਸ਼ ਕੀਤਾ ਹੈ, ਜਿਸ ਸਮੇਂ ਕੀਤਾ ਹੈ, ਉਹ ਸਮਾਂ ਬਹੁਤ ਮਹੱਤਵਪੂਰਣ ਹੈ, ਕੋਈ ਸਾਧਾਰਣ ਸਮਾਂ ਨਹੀਂ । ਐਮਰਜੰਸੀ ਤੋਂ ਬਾਅਦ ਇਹ ਪਹਿਲਾ ਬਜਟ ਹੈ । ਮੈਂ ਸਮਝਦਾ ਹਾਂ ਕਿ ਬਜਟ ਤੇ ਵਿਚਾਰ ਕਰਨ ਤੋਂ ਪਹਿਲਾਂ ਥੋੜ੍ਹਾ ਜਿਹਾ ਇਸ ਗੱਲ ਤੇ ਵਿਚਾਰ ਕਰਨ ਦੀ ਲੋੜ ਹੈ ਕਿ ਉਹ ਕਿਹੜੇ ਪੁਲੀਟੀਕਲ ਅਤੇ ਆਰਥਿਕ ਹਾਲਾਤ ਔਰ ਸਿਚੂਏਸ਼ਨਜ਼ ਸਨ ਜਿਨ੍ਹਾਂ ਨੇ ਪਿਛਲੇ ਸਾਲ ਸਾਡੇ ਦੇਸ਼ ਦੀ 28 ਵਰ੍ਹੇ ਦੀ ਆਜ਼ਾਦੀ ਤੋਂ ਬਾਅਦ ਸਾਡੇ ਦੇਸ਼ ਦੀ ਆਜ਼ਾਦੀ ਨੂੰ, ਜਮਹੂਰੀਅਤ ਨੂੰ ਖ਼ਤਰੇ ਵਿਚ ਪਾਇਆ ਜਿਸ ਵਿਚੋਂ ਬੜੀ ਮੁਸ਼ਕਿਲ ਨਾਲ ਅਸੀਂ ਬਚ ਕੇ ਨਿਕਲੇ ਹਾਂ ਅਤੇ ਅਸੀਂ ਦੇਸ਼ ਨੂੰ ਅੱਜ ਦੀ ਅਵਸੱਥਾ ਤੋਂ ਕਢ ਕੇ ਕਿਸੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਕਨੇਡੀਅਨ]

ਸੁਚੱਜੇ ਪਾਸੇ ਕਿਸ ਤਰ੍ਹਾਂ ਜਾਣਾ ਹੈ । ਪਿਛਲਾ ਜਿਹੜਾ ਸਮਾਂ ਸੀ ਉਸ ਸਮੇਂ ਵਿਚ ਸਾਡੇ ਦੇਸ਼ ਤੇ ਅਮਰੀਕੀ ਸਾਮਰਾਜ ਦਾ ਦਬਾਓ ਰਿਹਾ । ਅਮਰੀਕਾ ਦੇ ਵੀਅਤਨਾਮ ਤੋਂ ਹਾਰ ਖਾਣ ਤੋਂ ਬਾਅਦ ਏਸ਼ੀਆ ਵਿਚ ਹਾਲਾਤ ਬਦਲੇ ਅਤੇ ਸਾਡੇ ਮੁਲਕ ਵਿਚ ਅਮਰੀਕੀ ਸਾਮਰਾਜ ਦਾ ਦਬਆ ਵੱਧ ਗਿਆ । ਅਮਰੀਕਾ ਦਾ 7ਵਾਂ ਬੇੜਾ ਹਿੰਦ ਸਾਗਰ ਵਿਚ ਪਰਮਾਨੈਂਟ ਤੌਰ ਤੇ ਭੇਜ ਦਿਤਾ ਗਿਆ, ਡੀਗੋਗਾਰਸ਼ੀਆ ਦਾ ਬੇਸ ਬਣਾਇਆ ਗਿਆ, ਪਰਸ਼ੀਅਨ ਗਲਫ ਨਵਾਂ ਅੱਡਾ ਬਣਾਇਆ ਗਿਆ, ਭੁਟੋ ਨੂੰ ਹੋਰ ਹਥਿਆਰਬੰਦ ਕਰ ਦਿਤਾ ਗਿਆ ਅਤੇ ਪਾਕਿਸਤਾਨ ਵਿਚ ਹਥਿਆਰਾਂ ਦੇ ਕਾਰਖਾਨੇ ਲਾਏ ਜਾ ਰਹੇ ਹਨ ਅਤੇ ਇਸ ਹਿਸਾਬ ਨਾਲ ਚੀਨ ਦਾ ਸਾਡੇ ਮੁਲਕ ਤੇ ਫੌਜੀ ਅਤੇ ਦੂਜਾ ਦਬਾਓ ਵਧਣਾ ਸ਼ੁਰੂ ਹੋਇਆ । ਇਹ ਬਾਹਰਲੀ ਅਵਸਥਾ ਸੀ ਜਿਸ ਅਵਸਥਾ ਵਿਚ ਸਾਡੇ ਮੁਲਕ ਦੇ ਅੰਦਰ ਪਿਛਲੇ 2 ਸਾਲਾਂ ਤੋਂ ਕੁਝ ਰੀਐਕਸ਼ਨਰੀ ਅਤੇ ਪਿਛਾਂ-ਖਿਚੂ ਜਿਹੜੀਆਂ ਤਾਕਤਾਂ ਸਨ ਉਨ੍ਹਾਂ ਨੇ ਦੇਸ਼ ਦੀ ਇਹ ਹਾਲਾਤ ਬਣਾਉਣ ਦੀ ਕੋਸ਼ਿਸ਼ ਕੀਤੀ ਕਿ ਦੇਸ਼ ਦੇ ਅੰਦਰ ਜਮਹੂਰੀਅਤ ਨੂੰ ਖ਼ਤਮ ਕੀਤਾ ਜਾਏ ਅਤੇ ਅਮਰੀਕਾ ਪੱਖੀ ਟਾਊਟ ਸਰਕਾਰ ਦਿੱਲੀ ਵਿਚ ਸਥਾਪਿਤ ਕੀਤੀ ਜਾਏ । ਇਹ ਦੋਵੇਂ ਗੱਲਾਂ ਪਿਛਾਂ-ਖਿਚੂ ਤਾਕਤਾਂ ਨੇ ਸਾਡੇ ਮੁਲਕ ਵਿਚ ਕਰਨ ਦੀ ਕੋਸ਼ਿਸ਼ ਕੀਤੀਆਂ । ਸਾਡੇ ਦੇਸ਼ ਦੀ ਜਮਹੂਰੀਅਤ ਨੂੰ ਬੜਾ ਭਾਰੀ ਖ਼ਤਰਾ ਪੈਦਾ ਹੋਇਆ । ਇਸ ਅਵਸਥਾ ਦਾ ਮੁਕਾਬਲਾ ਕਰਨ ਲਈ ਸਾਡੇ ਦੇਸ਼ ਦੀ ਪ੍ਰਧਾਨ ਮੰਤਰੀ ਨੇ, ਜਿਸ ਦੇ ਹੱਥ ਵਿਚ ਦੇਸ਼ ਦੀ ਲੀਡਰਸ਼ਿਪ ਸੀ, ਐਮਰਜੰਸੀ ਨਾਫਿਜ਼ ਕੀਤੀ ਅਤੇ 20 ਨੁਕਾਤੀ ਪ੍ਰੋਗਰਾਮ ਲਿਆਂਦਾ, ਤਾਂ ਕਿ ਦੇਸ਼ ਨੂੰ ਸੁਚਜੀਆਂ ਲੀਹਾਂ ਤੇ ਪਾ ਕੇ ਮੁਲਕ ਦੀਆਂ ਆਰਥਿਕ ਅਤੇ ਜਿਹੜੀਆਂ ਦੂਸਰੀਆਂ ਸਮੱਸਿਆਵਾਂ ਹਨ ਉਨ੍ਹਾਂ ਨੂੰ ਹਲ ਕਰਨ ਦਾ ਯਤਨ ਕੀਤਾ ਜਾਏ । ਮੈਂ ਅਰਜ਼ ਕਰਦਾ ਹਾਂ ਕਿ 20 ਨੁਕਾਤੀ ਪ੍ਰੋਗਰਾਮ ਭਾਵੇਂ ਸਾਡੀਆਂ ਸਾਰੀਆਂ ਸਮਸਿਆਵਾਂ ਹੱਲ ਨਹੀਂ ਕਰ ਸਕਦਾ,

3.15 p.m.

(ਇਸ ਸਮੇਂ ਸ੍ਰੀ ਸਰਦਾਰੀ ਲਾਲ ਕਪੂਰ, ਮੈਂਬਰ-ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਪਰ ਜਿਹੜੀਆਂ ਪਿਛਾਂ-ਖਿਚੂ ਤਾਕਤਾਂ ਹਨ ਉਨ੍ਹਾਂ ਦਾ ਮੁਕਾਬਲਾ ਕਰਨ ਲਈ ਅਤੇ ਦੂਸਰੇ ਲੋਕਾਂ ਨੂੰ ਕੁਝ ਰਿਲੀਫ ਦੇਣ ਲਈ, ਜਿਹੜੇ ਪਿਛਲੇ ਦੋ ਤਿੰਨ ਸਾਲ ਬੜੇ ਭੈੜੇ ਅਤੇ ਸੰਕਟ ਵਾਲੇ ਲੰਘੇ, ਕੁਝ ਹੱਦ ਤਕ ਠੀਕ ਹੈ । ਮੈਂ ਬਸ ਇਤਨੀ ਗੱਲ ਕਹਿ ਕੇ ਬਜਟ ਤੇ ਆਉਣਾ ਚਾਹੁੰਦਾ ਹਾਂ । ਮੈਂ ਆਪਣੇ ਮਾਨਯੋਗ ਮੈਂਬਰਾਂ ਨੂੰ ਸਦਨ ਵਿਚ ਕਹਿ ਦੇਣਾ ਚਾਹੁੰਦਾ ਹਾਂ ਕਿ ਜਿਸ ਪੀਰੀਅਡ ਵਿਚ ਅਸੀਂ ਦਾਖ਼ਲ ਹੋਏ ਹਾਂ ਇਹ ਸਮਾਂ ਸੌਖਾ ਨਹੀਂ । ਇਹ ਜਿਹੜਾ ਮੁਲਕ ਤੇ ਬਾਹਰਲਾ ਦਬਾਓ ਹੈ ਇਹ ਸਹਿਜੇ ਨਹੀਂ ਖ਼ਤਮ ਹੋਣ ਵਾਲਾ । ਕੰਮਬੋਡੀਆ ਜਿਹੜਾ ਤਰੱਕੀ ਪਸੰਦ ਨੀਤੀਆਂ ਤੇ ਚਲਦਾ ਆ ਰਿਹਾ ਸੀ ਅਤੇ ਉਥੇ ਦੇਸ਼ ਭਗਤ ਸਰਕਾਰ ਸੀ, ਅਮਰੀਕਾ 1960 ਤੋਂ ਕੋਸ਼ਿਸ਼ ਕਰਦਾ ਰਿਹਾ ਕਿ ਉਸ ਸਰਕਾਰ ਨੂੰ ਖ਼ਤਮ ਕੀਤਾ ਜਾਏ ਅਤੇ ਆਖ਼ੀਰ ਵਿਚ ਨਰੋਤਮ ਸ਼ਿਨੌਕ ਦੀ ਸਰਕਾਰ ਨੂੰ ਖ਼ਤਮ ਕੀਤਾ । ਉਸ ਨੇ ਕੋਈ ਸਾਜਿਸ਼ ਨਾ ਛੱਡੀ ਉਸ ਨੂੰ ਖ਼ਤਮ ਕਰਨ ਲਈ ਅਤੇ ਅਮਰੀਕਾ ਸਾਡੇ ਮੁਲਕ ਵਿਚ ਵੀ ਉਹੋ ਕੁਝ ਕਰੇਗਾ । ਸਾਡੇ ਦੇਸ਼ ਵਿਚ ਵੀ ਅਮਰੀਕਾ ਦੇ ਟਾਊਟ ਹਨ । ਤੁਸੀਂ ਉਨ੍ਹਾਂ ਦੀ ਸ਼ਕਤੀ ਨੂੰ ਅੰਦਰ ਦਬਾਅ ਦਿਤਾ ਹੈ, ਲੇਕਿਨ ਆਉਣ ਵਾਲੇ ਸਮੇਂ ਲਈ ਸੰਕਟ ਮੁੱਕਾ ਨਹੀਂ । ਹਰ ਮੋੜ ਤੇ ਉਸ ਨਾਲ ਟਕਰਾਓ ਹੋਣਾ ਹੈ । ਇਹ ਅਵਸਥਾ ਸੀ ਜਿਸ ਵਿਚ ਸਾਡੇ ਫਾਇਨਾਂਸ ਮਨਿਸਟਰ, ਸ਼ਰਮਾ ਜੀ ਨੇ ਆਪਣਾ ਨਵਾਂ ਬਜਟ ਪੇਸ਼ ਕੀਤਾ ਹੈ । ਮੇਰੀ ਪਾਰਟੀ ਦੀ ਰਾਏ ਵਿਚ ਇਹ ਆਰਥਿਕ ਪੱਖ ਤੋਂ ਵਿਕਾਸ ਦਾ ਬਜਟ ਹੈ ਜਿਸ ਦੇ ਵਿਚ ਵਿਕਾਸ ਲਈ ਤਕੜਾ ਪੈਸਾ ਰਖਿਆ ਗਿਆ ਅਤੇ

Original with;
Punjab Vidhan Sabha
Digitized by;
Panjab Digital Library

ਲੋਕਾਂ ਦੀ ਆਰਥਿਕਤਾ ਨੂੰ ਤੇਜ਼ ਕਰਨ ਦਾ ਯਤਨ ਕੀਤਾ ਗਿਆ ਹੈ । ਇਸ ਬਜਟ ਵਿਚ ਇਰੀਗੇਸ਼ਨ ਔਰ ਪਾਵਰ ਲਈ ਬੜਾ ਪੈਸਾ ਰੱਖਿਆ ਗਿਆ ਹੈ, ਜਿਹੜੇ ਕਮਜ਼ੋਰ ਵਰਗ ਹਨ ਉਨ੍ਹਾਂ ਨੂੰ ਕਝ ਰਿਆਇਤਾਂ ਦਿਤੀਆਂ ਗਈਆਂ ਹਨ । ਇਹ ਬੜੀ ਮਹੱਤਵ-ਪੂਰਨ ਗੱਲ ਹੈ । ਲੇਕਿਨ ਇਹ ਬਜਟ ਪਹਿਲੇ ਬਜਟਾਂ ਵਾਂਗ ਸਰਮਾਇਆਦਾਰੀ ਘੇਰੇ ਉਤੇ ਹੈ ਜਿਸ ਤਰ੍ਹਾਂ ਪਿਛਲੇ 27-28 ਸਾਲਾਂ ਤੋਂ ਹਿੰਦੁਸਤਾਨ ਦੀ ਆਜ਼ਾਦੀ ਤੋਂ ਬਾਅਦ ਚਲੇ ਆ ਰਹੇ ਹਨ, ਇਸ ਵਿਚ ਜਿਹੜੀਆਂ ਬੁਨਿਆਦੀ ਤਬਦੀਲੀਆਂ ਹਨ ਉਹ ਨਹੀਂ ਲਿਆਂਦੀਆਂ । ਇਸ ਲਿਹਾਜ਼ ਨਾਲ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਸ ਬਜਟ ਦੇ ਆਧਾਰ ਤੇ ਸਾਡਾ ਪੰਜਾਬ ਆਰਥਿਕ ਖੇਤਰ ਵਿਚ ਕੁਝ ਨਾ ਕੁਝ ਤਰੱਕੀ ਜ਼ਰੂਰ ਕਰੇਗਾ । ਲੋਕਾਂ ਨੂੰ ਜੋ ਕੰਸੈਸ਼ਨਜ਼ ਦਿਤੇ ਹਨ ਉਨ੍ਹਾਂ ਨੂੰ ਕੁਝ ਰਾਹਤ ਮਿਲੇਗੀ, ਲੇਕਿਨ ਜੋ ਬੁਨਿਆਦੀ ਮਸਲੇ ਹਨ ਉਹ ਸਟੈਂਡ ਕਰਨਗੇ । ਜਿਥੋਂ ਤਕ ਤੁਅੱਲਕ ਹੈ ਗਰੀਬੀ ਦਾ, ਬੇਕਾਰੀ ਦਾ ਅਤੇ ਭੁੱਖ ਦਾ ਉਹ ਬੁਨਿਆਦੀ ਮਸਲੇ ਹਨ ਅਤੇ ਮੁੱਖ ਤੌਰ ਤੇ ਸਾਡੇ ਸਾਹਮਣੇ ਖੜ੍ਹੇ ਰਹਿਣਗੇ । ਉਨ੍ਹਾਂ ਵਿਚ ਬਹੁਤ ਫ਼ਰਕ ਪੈਣ ਵਾਲਾ ਨਹੀਂ, ਪਰ ਜਿਹੜੀਆਂ ਰਿਆਇਤਾਂ ਸ਼ਰਮਾ ਜੀ ਨੇ ਦਿਤੀਆਂ ਹਨ ਮੈਂ ਉਨ੍ਹਾਂ ਦਾ ਬੜਾ ਭਾਰੀ ਸੁਆਗਤ ਕਰਦਾ ਹਾਂ । ਇਸ ਨਵੇਂ ਬਜਟ ਵਿਚ ਭਾਵੇਂ 100 ਕਰੋੜ ਰੁਪਏ ਦਾ ਵਾਧਾ ਹੈ ਆਮਦਨ ਔਰ ਖਰਚ ਵਿਚ, ਪਰ ਇਸ ਬਜਟ ਵਿਚ ਕੋਈ ਟੈਕਸ ਨਹੀਂ ਲਗਾਇਆ ਗਿਆ ਲੋਕਾਂ ਤੇ, ਇਹ ਬੜੀ ਅੱਛੀ ਗੱਲ ਹੈ । 4 ਕਰੋੜ ਰੁਪਿਆ ਗਰੀਬ ਘਰ ਦੇ ਜਿਹੜੇ ਬੱਚੇ ਹਨ ਉਨ੍ਹਾਂ ਵਿਦਿਆਰਥੀਆਂ ਨੂੰ ਵਜ਼ੀਫੇ ਦੇਣ ਲਈ ਰਖਿਆ ਗਿਆ ਹੈ । ਇਹ ਬੜਾ ਸੁਚੱਜਾ ਕਦਮ ਹੈ । ਗਰੀਬ ਲੋਕ ਜਿਹੜੇ ਮੁਕੱਦਮਾ ਬਾਜ਼ੀ ਦੇ ਸ਼ਿਕਾਰ ਹੁੰਦੇ ਹਨ ਉਨ੍ਹਾਂ ਦੇ ਡਿਫੈਂਸ ਲਈ 10 ਲੱਖ ਰੁਪਿਆ ਰਖਿਆ ਗਿਆ ਹੈ ਇਹ ਵੀ ਇਕ ਚੰਗਾ ਕਦਮ ਹੈ । ਇਸ ਤੋਂ ਇਲਾਵਾ ਜਿਹੜਾ ਟੋਲ ਟੈਕਸ ਲਗਦਾ ਸੀ, ਅਸੀਂ ਜਿੰਨੇ ਵਾਰੀ ਵੀ ਰੋਪੜ ਤੋਂ ਆਨੰਦਪੁਰ ਨੂੰ ਜਾਂਦੇ ਸੀ ਜਾਂ ਕਿਸ਼ਵਾਂ ਵਾਲੇ ਪੁਲ ਤੋਂ ਲੰਘਦੇ ਸੀ ਹਰ ਵਾਰੀ ਟੋਲ ਟੈਕਸ ਦੇਣਾ ਪੈਂਦਾ ਸੀ ਅਤੇ ਇਹ ਬੜੀ ਭਾਰੀ ਜ਼ਹਿਮਤ ਸੀ ਅਤੇ ਇਸ ਨੂੰ ਜਿਹੜਾ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਰੋਪੜ ਦੇ ਗਲੋਂ ਲਾਹਿਆ ਬੜਾ ਅੱਛਾ ਕਦਮ ਚੁਕਿਆ ਹੈ । ਬਜਟ ਤੋਂ ਪਹਿਲਾਂ ਹਰੀਜਨ ਵਿਦਿਆਰਥੀਆਂ ਦਾ ਸਟਾਈਪੰਡ ਵਧਾਇਆ ਗਿਆ ਹੈ ਬਹੁਤ ਚੰਗਾ ਕੰਮ ਕੀਤਾ । ਇਸ ਬਜਟ ਵਿਚ ਤਾਂ ਨਹੀਂ, ਗਿਆਨੀ ਜੀ ਨੇ ਕਿਹਾ ਹੈ ਕਿ ਜਿੰਨੇ ਵੀ ਰਿਕਸ਼ਾ ਪੁਲਰਜ਼ ਹਨ, ਉਨ੍ਹਾਂ ਦਿਆਂ ਰਿਕਸ਼ਿਆਂ ਤੇ ਮੋਟਰਾਂ ਲਵਾ ਦੇਣੀਆਂ ਹਨ ਅਤੇ ਟਰਾਂਜ਼ਿਸਟਰਜ਼ ਲਗਵਾ ਦੇਣੇ ਹਨ ਤਾਂ ਕਿ ਜਿਹੜਾ ਇਨੀ ਸਖ਼ਤ ਮੇਹਨਤ ਕਰਦਾ ਹੈ ਉਸ ਨੂੰ ਥੋੜ੍ਹਾ ਬਹੁਤ ਆਰਾਮ ਦਿਤਾ ਜਾ ਸਕੇ । ਇਸ ਤੋਂ ਬਾਅਦ ਕੁਝ ਐਸੀਆਂ ਕੈਟੇਗਰੀਜ਼ ਹਨ ਜਿਸ ਤਰ੍ਹਾਂ ਫਾਰਮੇਸਿਸਟਸ ਉਨ੍ਹਾ ਕੈਟੇਗਰੀਜ਼ ਦੇ ਗਰੇਡਜ਼ ਵਧਾਏ ਗਏ ਹਨ । ਇਹ ਬੜਾ ਚੰਗਾ ਕੀਤਾ ਹੈ । ਇਕ ਮੰਗ ਬੜੀ ਦੇਰ ਤੋਂ ਚਲੀ ਆ ਰਹੀ ਸੀ ਕਿ ਪਿੰਡਾਂ ਦੇ ਜਿਹੜੇ ਖੇਤ ਮਜ਼ਦੂਰ ਹਨ ਉਨ੍ਹਾਂ ਦੇ ਪੈਸੇ ਮਾਰ ਲਏ ਜਾਂਦੇ ਸਨ । ਉਨ੍ਹਾਂ ਦੀ ਮਜ਼ਦੂਰੀ ਵਿਚ ਵਾਧਾ ਤਾਂ ਕੀਤਾ ਪਰ ਹੁਣ ਤਕ ਕੋਈ ਐਸੀ ਮਸ਼ੀਨਰੀ ਨਹੀਂ ਸੀ ਜਿਹੜੀ ਕਿ ਉਨ੍ਹਾਂ ਦੇ ਪੈਸੇ ਠੀਕ ਦਵਾ ਸਕੇ । ਹੁਣ ਇਨਸਪੈਕਟਰ ਲਗਾਏ ਗਏ ਹਨ ਉਨ੍ਹਾਂ ਦਾ ਦਖ਼ਲ ਹੋਵੇਗਾ ਅਤੇ ਹੁਣ ਲੋਕ ਮਜ਼ਦੂਰਾਂ ਦੇ ਪੈਸੇ ਘੱਟ ਮਾਰਨਗੇ । ਇਸ ਲਈ ਇਸ ਲਿਹਾਜ਼ ਨਾਲ ਬਜਟ ਵਿਚ ਜਿਹੜੀ ਸੁਚੱਜੀ ਗੱਲ ਹੈ ਭਾਵੇਂ ਤਾਲੀਮ ਦੇ ਲਿਹਾਜ਼ ਨਾਲ ਹੈ, ਭਾਵੇਂ ਹੈਲਥ ਪੁਆਇੰਟ ਆਫ਼ ਵਿਊ ਨਾਲ ਹੈ ਅਤੇ ਭਾਵੇਂ ਸੋਸ਼ਲ ਕੰਮਾਂ ਲਈ ਹੈ, ਇਹ ਬਜਟ ਸੁਚੱਜਾ ਹੈ । ਇਨ੍ਹਾਂ ਪ੍ਰੋਗਰਾਮਾਂ ਤੇ 20 ਕਰੋੜ ਰੁਪਏ ਦਾ ਖਰਚ ਵਧਾਇਆ ਗਿਆ ਹੈ, ਇਹ ਬੜੀ ਸੁਚੱਜੀ ਗੱਲ ਹੈ । ਇਸ ਦੇ ਨਾਲ ਨਾਲ ਜਨਰਲ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਕਨੇਡੀਅਨ]

ਵਿਕਾਸ ਲਈ ਜਦੋਂ ਕਿ ਸਰਵਹਿੰਦ ਦਾ ਬਜਟ 5.5% ਹੈ ਅਤੇ ਸਾਡੇ ਪੰਜਾਬ ਦਾ 7½% ਹੈ। ਆਰਥਿਕਤਾ ਦੇ ਸਾਧਨ ਅਸੀਂ ਵਧਾਉਣ ਦੀ ਕੋਸ਼ਿਸ਼ ਕਰਾਂਗੇ। ਮੈਂ ਸਮਝਦਾ ਹਾਂ ਕਿ ਇਹ ਅੱਛੀ ਗਲ ਹੈ ਕਿਉਂਕਿ ਜਿਤਨੀ ਵਿਕਾਸ ਦੀ ਰਫਤਾਰ ਤੇਜ਼ ਹੋਵੇਗੀ ਉਸ ਦੇ ਨਾਲ ਅਸੀਂ ਆਪਣੀਆਂ ਮੁਖਤਲਿਫ ਸਮਸਿਆਵਾਂ ਨੂੰ ਹੱਲ ਕਰਨ ਜੋਗੇ ਹੋਵਾਂਗੇ। ਨਾਲ ਹੀ ਮੈਂ ਇਸ ਗੱਲ ਦੀ ਵਧਾਈ ਗਿਆਨੀ ਜੀ ਦੀ ਸਰਕਾਰ ਨੂੰ ਦੇਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਥੀਨ ਡੈਮ ਦਾ ਮਸਲਾ ਕਲੀਅਰ ਕਰਵਾ ਲਿਆ ਹੈ। ਅਬਦੁੱਲਾ ਸਾਹਿਬ ਨਾਲ ਤਾਂ ਸਮਝੌਤਾ ਹੋ ਗਿਆ ਹੈ ਅਤੇ ਅਸੀਂ ਇਹ ਆਸ ਰੱਖਦੇ ਹਾਂ ਕਿ ਜਲਦੀ ਹੀ ਹਿਮਾਚਲ ਵਾਲਿਆਂ ਨਾਲ ਗੱਲ ਬਾਤ ਕਰਨ ਤੋਂ ਬਾਅਦ ਇਸ ਪ੍ਰਾਜੈਕਟ ਤੇ ਕੰਮ ਸ਼ੁਰੂ ਹੋ ਜਾਵੇਗਾ। ਆਉਣ ਵਾਲੇ ਸਮੇਂ ਦੇ ਅੰਦਰ ਪੰਜਾਬ ਦੇ ਵਿਚ ਬਿਜਲੀ ਦੇ ਖੇਤਰ ਵਿਚ ਬੜੀ ਭਾਰੀ ਕਮੀ ਰਹੇਗੀ। ਇਸ ਕਮੀ ਨੂੰ ਪੂਰਾ ਕਰਨ ਲਈ ਬਿਜਲੀ ਦੀ ਪੈਦਾਵਾਰ ਹੋਰ ਜ਼ਿਆਦਾ ਵੱਧਾਈ ਜਾਵੇ। ਫਿਰ ਤਲਵਾੜੇ ਦੇ ਅੰਦਰ ਹਜ਼ਾਰਾਂ ਦੇ ਹਿਸਾਬ ਨਾਲ ਮਜ਼ਦੂਰ ਹਨ ਜਿਹੜੇ ਕਿ ਇਸ ਵੇਲੇ ਬੇਕਾਰ ਹਨ। ਇਸ ਲੇਬਰ ਫੋਰਸ ਨੂੰ ਇਸ ਸਾਰੇ ਕੰਮ ਦੀ ਬੜੀ ਭਾਰੀ ਵਾਕਫੀਅਤ ਹੈ, ਉਨ੍ਹਾਂ ਨੂੰ ਇਸ ਨਵੇਂ ਕੰਮ ਤੇ ਲਾਇਆ ਜਾਵੇ। ਜੇਕਰ ਇਨ੍ਹਾਂ ਨੂੰ ਛੇਤੀ ਹੀ ਨਾ ਲਾਇਆ ਗਿਆ ਤਾਂ ਫਿਰ ਇਤਨੀ ਗਿਣਤੀ ਵਿਚ ਲੇਬਰ ਫੋਰਸ ਇਕੱਠੀ ਕਰਨੀ ਵੀ ਸੁਖਾਲੀ ਨਹੀਂ ਹੋਵੇਗੀ। ਸਨੱਅਤ ਦੇ ਖੇਤਰ ਵਿਚ ਵੀ ਜੋ ਵਾਧਾ ਹੋਇਆ ਹੈ, ਉਹ ਅੱਛੀ ਗੱਲ ਹੈ। ਖਾਸ ਕਰਕੇ ਉਨ੍ਹਾਂ ਪੱਛੜਿਆਂ ਜ਼ਿਲ੍ਹਿਆਂ ਵਿਚ ਜਿਵੇਂ ਸੰਗਰੂਰ, ਬਠਿੰਡਾ ਵਿਚ ਇੰਡਸਟਰੀ ਦਾ ਲਾਉਣਾ ਤਾਂ ਕਿ ਉਹ ਵੀ ਦੂਜਿਆਂ ਜ਼ਿਲ੍ਹਿਆਂ ਦੇ ਬਰਾਬਰ ਤੇਜ਼ੀ ਨਾਲ ਆ ਸਕਣ। ਇਹ ਸਾਰੀਆਂ ਗੱਲਾਂ ਅੱਛੀਆਂ ਹਨ। ਇਨ੍ਹਾਂ ਦੇ ਆਧਾਰ ਤੇ ਜਿਹੜੀ ਤਰੱਕੀ ਹੋਈ ਹੈ, ਪੰਜਾਬ ਇਸ ਤੇ ਮਾਣ ਕਰ ਸਕਦਾ ਹੈ। ਸਾਡੀ ਜੀਆਂ ਪ੍ਰਤੀ ਆਮਦਨ ਹਿੰਦੁਸਤਾਨ ਤੋਂ ਵਧੇਰੇ ਹੈ। ਪੈਦਾਵਾਰ ਅਨਾਜ ਦੀ ਜਿਹੜੀ ਹੈ ਉਹ ਸਾਡੇ ਬਾਕੀ ਦੇ ਪ੍ਰਾਂਤਾਂ ਨਾਲੋਂ ਵਧੇਰੇ ਹੈ। ਉਮਰ ਦੀ ਔਸਤ, ਲੌਂਗੇਵਿਟੀ, ਵੀ ਜ਼ਿਆਦਾ ਹੈ। ਇਹ ਸਾਰੀਆਂ ਗੱਲਾਂ ਅੱਛੀਆਂ ਹਨ, ਜਿਨ੍ਹਾਂ ਦੇ ਆਧਾਰ ਤੇ ਪੰਜਾਬ ਆਪਣੇ ਆਪ ਤੇ ਮਾਣ ਕਰ ਸਕਦਾ ਹੈ ਅਤੇ ਇਸ ਸਾਰੀ ਤਰੱਕੀ ਵਿਚ ਸਰਕਾਰ ਦਾ ਜਿਹੜਾ ਹਿੱਸਾ ਹੈ, ਉਸ ਤੇ ਉਹ ਵੀ ਮਾਣ ਕਰ ਸਕਦੀ ਹੈ। ਲੇਕਿਨ ਇਸ ਤੋਂ ਅੱਗੇ ਚਲ ਕੇ ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਤਸਵੀਰ ਸਮੂਚੀ ਦੀ ਸਮੂਚੀ ਐਨੀ ਰੋਜ਼ੀ ਨਹੀਂ ਜਿਤਨੀ ਕਿ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਾਡੇ ਸਾਹਮਣੇ ਬੜੇ ਭਾਰੀ ਮਸਲੇ ਹਨ। ਪਹਿਲੀ ਗੱਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਬਾਵਜੂਦ 20 ਨੁਕਾਤੀ ਪ੍ਰੋਗਰਾਮ ਦੇ, ਮੈਂ ਉਨ੍ਹਾਂ ਦੀ ਹਮਾਇਤ ਵਿਚ ਖੜ੍ਹਾ ਹੋਇਆ ਹਾਂ ਅਤੇ ਬਾਅਦ ਵਿਚ ਉਨ੍ਹਾਂ ਤੇ ਥੋੜਾ ਬਹੁਤ ਬੋਲਾਂਗਾ ਵੀ, ਬੁਨਿਆਦੀ ਤੌਰ ਤੇ ਸਾਡਾ ਵਿਕਾਸ ਦਾ ਰਸਤਾ ਸਰਮਾਏਦਾਰੀ ਢਾਂਚੇ ਦੇ ਵਿਚ ਰਹਿ ਕੇ ਕਰਨ ਦਾ ਹੈ। ਵਿਕਾਸ ਤੇ ਸਾਨੂੰ ਖੁਸ਼ੀ ਹੋਣੀ ਚਾਹੀਦੀ ਹੈ। ਇਸ ਵਿਚ ਕੋਈ ਸ਼ਕ ਦੀ ਗੱਲ ਨਹੀਂ। ਮੈਂ ਉਨ੍ਹਾਂ ਵਿਚੋਂ ਨਹੀਂ ਕਿ ਕਹਾਂ ਕਿ 1947 ਤੋਂ ਬਾਅਦ ਕਿਸੇ ਵੀ ਖੇਤਰ ਵਿਚ ਤਰੱਕੀ ਨਹੀਂ ਹੋਈ। ਤਰੱਕੀ ਕਈ ਖੇਤਰਾਂ ਵਿਚ ਦੇਸ਼ ਨੇ ਕੀਤੀ ਹੈ। ਲੇਕਿਨ 28 ਸਾਲ ਤੋਂ ਬਾਅਦ ਵੀ ਅਸੀਂ ਦੇਸ਼ ਦੇ ਵਿਚ ਗਰੀਬੀ, ਭੁੱਖਮਰੀ ਅਤੇ ਬੇਕਾਰੀ, ਇਨ੍ਹਾਂ ਸਾਰੀਆਂ ਲਾਹਨਤਾਂ ਨੂੰ ਖਤਮ ਨਹੀਂ ਕਰ ਸਕੇ। ਇਸ ਦਾ ਕਾਰਨ ਕੀ ਹੈ? ਇਸ ਦਾ ਕਾਰਨ ਇਹ ਹੈ ਕਿ ਅਸੀਂ ਸਰਮਾਇਦਾਰੀ ਢਾਂਚੇ ਵਿਚ ਰਹਿ ਕੇ ਤਰੱਕੀ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਇਸ ਨਾਲ ਸਾਰੇ ਦੇਸ਼ ਦੀਆਂ ਸਮੱਸਿਆਵਾਂ ਹੱਲ ਨਹੀਂ ਹੋ ਸਕਦੀਆਂ। ਅੱਜ ਵੀ ਬਾਵਜੂਦ ਇਸ ਗੱਲ ਤੋਂ ਅਸੀਂ ਤਕਰੀਬਨ ਕੰਢੇ ਤੋਂ ਜਾ ਕੇ ਬਚੇ ਹਾਂ ਜੋ ਅਮਰੀਕਾ ਨੇ ਹਾਲਤ ਫੈਲਾਈ ਹੈ।

Original with;
Punjab Vidhan Sabha
Digitized by;
Panjab Digital Library

ਸਾਡੀ ਆਰਥਿਕ ਨੀਤੀ ਹੁਣ ਵੀ ਉਹੀ ਹੈ । ਕਾਂਗਰਸ ਨੇ 1947 ਤੋਂ ਬਾਅਦ ਦੇਸ਼ ਦੇ ਵਿਚ ਬੜੇ ਤਰੱਕੀ ਦੇ ਕੰਮ ਕੀਤੇ । ਲੇਕਿਨ 1967 ਵਿਚ ਕਾਂਗਰਸ ਕਿਉਂ ਹਾਰੀ । ਬੁਨਿਆਦੀ ਗੱਲ ਇਹ ਨਹੀਂ ਸੀ ਕਿ ਤਰੱਕੀ ਨਹੀਂ ਸੀ ਹੋਈ । ਇਥੇ ਭਾਖੜਾ ਬਣਿਆ, ਗਰੀਨ ਰੈਵੋਲਿਊਸ਼ਨ ਆਇਆ, ਯੂਨੀਵਰਸਿਟੀਆਂ ਇਥੇ ਬਣੀਆਂ, ਲੁਧਿਆਣੇ ਦੀ ਯੂਨੀਵਰਸਿਟੀ ਬਣੀ, ਮੁਲਕ ਵਿਚ ਬੜਾ ਕੁਝ ਹੋਇਆ । ਲੇਕਿਨ ਇਸ ਹਾਰ ਦਾ ਬੁਨਿਆਦੀ ਕਾਰ ਇਹ ਸੀ ਕਿ ਅਸੀਂ ਸਰਮਾਏਦਾਰੀ ਢਾਂਚਾ ਅਪਣਾਇਆ ਹੋਇਆ ਸੀ । ਗਰੀਬ ਨੂੰ ਸਹੂਲਤ ਨਹੀਂ ਮਿਲੀ । ਭੁੱਖਮਰੀ ਅਤੇ ਗਰੀਬੀ ਕਾਇਮ ਰਹੀ । ਜਨਤਾ ਕਾਂਗਰਸ ਤੋਂ ਬੇਮੁੱਖ ਹੋ ਗਈ । ਕਾਂਗਰਸ ਵਲ ਫਿਰ ਜਨਤਾ ਨੇ ਉਦੋਂ ਮੂੰਹ ਕੀਤਾ ਜਦੋਂ ਕਾਂਗਰਸ ਨੇ ਖੁਲ੍ਹੇ ਦਰਬਾਰ ਵਿਚ ਜਨਤਾ ਦੇ ਸਾਹਮਣੇ ਕਿਹਾ ਕਿ ਅਸੀਂ ਪਹਿਲੇ 20, 22 ਸਾਲ ਵਿਚ ਸਮਾਜਵਾਦ ਦੇ ਪ੍ਰੋਗਰਾਮ ਨੂੰ ਲਾਗੂ ਨਹੀਂ ਕਰ ਸਕੇ । ਜਿਸ ਵੇਲੇ ਸ੍ਰੀਮਤੀ ਇੰਦਰਾ ਗਾਂਧੀ ਨੇ ਮੁਲਕ ਦੇ ਸਾਹਮਣੇ ਨਵਾਂ ਨਕਸ਼ਾ ਰੱਖਿਆ, ਰਜਵਾੜਾਸ਼ਾਹੀ ਖਤਮ ਕੀਤੀ, ਬੈਂਕ ਨੈਸ਼ਨੇਲਾਈਜ਼ ਕੀਤੇ, ਕੋਲੇ ਦੀ ਸਨਅਤ ਨੂੰ ਕੌਮੀ ਏਕਤਾ ਅਤੇ ਹੋਰ ਇਸ ਪਾਸੇ ਵਲ ਕਦਮ ਚੁਕਣੇ ਸ਼ੁਰੂ ਕੀਤੇ ਅਤੇ ਵੱਡੇ ਜ਼ਿਮੀਂਦਾਰ ਦੀ ਜ਼ਮੀਨ ਦੀ ਹੱਦ ਲਗਾਉਣ ਵਲ ਕਦਮ ਚੁਕੇ ਤਾਂ ਲੋਕਾਂ ਨੇ ਦੁਬਾਰਾ ਕਾਂਗਰਸ ਵਲ ਮੂੰਹ ਮੋੜਨਾ ਸ਼ੁਰੂ ਕੀਤਾ । ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜਿਤਨੀ ਮਰਜ਼ੀ ਤਰੱਕੀ ਕਰ ਲਓ । ਸਰਮਾਏਦਾਰੀ ਢਾਂਚੇ ਵਿਚ ਰਹਿ ਕੇ ਮੁਲਕ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਹੋ ਸਕਦਾ, ਜਿਨ੍ਹਾਂ ਨੂੰ ਤੁਸੀਂ ਔਰ ਅਸੀਂ ਹੱਲ ਕਰਨਾ ਚਾਹੁੰਦੇ ਹਾਂ । ਕੀ ਵਜ੍ਹਾ ਹੈ ਕਿ ਐਨੀ ਤਰੱਕੀ ਹੋਣ ਦੇ ਬਾਵਜੂਦ, ਕੀ ਇਹ ਹਕੀਕਤ ਨਹੀਂ, ਕਿ ਪੰਜਾਬ ਦਾ ਪਹਿਲਾ ਨੰਬਰ ਹੈ ਅਨਾਜ ਪੈਦਾ ਕਰਨ ਵਿਚ ਅਤੇ ਆਮਦਨ ਵਿਚ, 42 ਫੀ ਸਦੀ ਪੰਜਾਬੀ ਐਸੇ ਹਨ ਜਿਹੜੇ ਕਿ ਗਰੀਬੀ ਦੇ ਪੱਧਰ ਤੋਂ ਵੀ ਥੱਲੇ ਜ਼ਿੰਦਗੀ ਬਸਰ ਕਰ ਰਹੇ ਹਨ । ਕੀ ਇਹ ਹਕੀਕਤ ਨਹੀਂ ਕਿ ਅੱਜ ਵੀ ਪੰਜਾਬ ਦੇ ਅੰਦਰ ਉਹ ਲੋਕ ਹਨ ਜਿਨ੍ਹਾਂ ਨੂੰ ਰੱਜਵੀਂ ਰੋਟੀ ਨਹੀਂ ਮਿਲਦੀ । ਲੱਖਾਂ ਬੱਚੇ ਹਨ ਜਿਨ੍ਹਾਂ ਦੇ ਤਨ ਤੇ ਕਪੜਾ ਨਹੀਂ ਅਤੇ ਪੈਰਾਂ ਵਿਚ ਜੁੱਤੀ ਨਹੀਂ। ਠੀਕ ਹੈ ਪੰਜਾਬ ਦੇ ਅੰਦਰ ਗਰੀਨ ਰੈਵੋਲਿਊਸ਼ਨ ਆਇਆ, ਪੰਜਾਬ ਅੱਗੇ ਵਧਿਆ । ਲੇਕਿਨ ਪਿੰਡਾਂ ਦੇ ਵਿਚ ਉਹ ਵੀ ਮਿਲਣਗੇ ਜਿਨ੍ਹਾਂ ਦੀਆਂ ਸ਼ਾਹਾਨਾ ਕੋਠੀਆਂ ਹਨ, ਘਰ ਵਿਚ ਫਰਿਜ ਹਨ, ਮੋਟਰ ਸਾਈਕਲ ਵੀ ਹਨ, ਜਿਹੜਾ ਠੱਕ ਠੱਕ ਕਰਦਾ ਜਾਂਦਾ ਹੈ । ਪਰ ਇਨ੍ਹਾਂ ਦੇ ਨਾਲ ਹੀ ਖੇਤ ਮਜ਼ਦੂਰ ਵੀ ਹਨ । ਠੀਕ ਹੈ ਕੁਝ ਨਾ ਕੁਝ ਹਿੱਸਾ ਇਸ ਤਰੱਕੀ ਦਾ ਉਸ ਨੂੰ ਵੀ ਮਿਲਿਆ ਹੋਵੇਗਾ । 4 ਰੁਪਏ ਦਿਹਾੜੀ ਤੋਂ 6 ਰੁਪਏ ਦਿਹਾੜੀ ਹੋ ਗਈ ਹੋਵੇਗੀ । ਲੇਕਿਨ ਅੱਜ ਉਸਨੂੰ ਲੱਸੀ ਘੱਟ ਮਿਲਦੀ ਹੈ ਜਿਹੜੀ ਕਿ ਜੀਵਨ ਦਾ ਆਧਾਰ ਹੁੰਦੀ ਸੀ । ਇਸ ਕਰਕੇ ਮੈਂ ਆਪਣੀ ਪਾਰਟੀ ਵਲੋਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਜਿਤਨੀ ਮਰਜ਼ੀ ਕਦਮ ਚੁਕੀ ਜਾਈਏ ਤਾਂ ਵੀ ਇਹ ਮਸਲੇ ਹਲ ਨਹੀਂ ਹੋਣੇ । ਇਸ ਪੱਖ ਤੋਂ ਦੋ ਤਿੰਨ ਗੱਲਾਂ ਤੇ ਨਿਗਾਹ ਮਾਰੀਏ । ਬੁਨਿਆਦੀ ਮਸਲਿਆਂ ਨੂੰ ਹੱਲ ਕਰਨ ਦੇ ਲਈ ਕਿਹੜੇ ਕਦਮ ਚੁਕਣੇ ਪੈਣਗੇ । ਇਕ ਬੜਾ ਭਾਰੀ ਕਦਮ, ਜਿਹੜਾ 20 ਨੁਕਾਤੀ ਪ੍ਰੋਗਰਾਮ ਵਿਚ ਦੂਜੇ ਨੰਬਰ ਤੇ ਆਉਂਦਾ ਹੈ, ਜ਼ਮੀਨ ਦੀ ਹੱਦ ਫਿਕਸ ਕਰਨੀ ਅਤੇ ਫਾਲਤੂ ਜ਼ਮੀਨ ਕੱਢ ਕੇ ਉਨਾਂ ਦੀ ਤਕਸੀਮ ਗਰੀਬ ਲੋਕਾਂ ਵਿਚ ਕਰਨੀ ਹੈ । ਜੁਲਾਈ, 1973 ਵਿਚ ਅਸੀਂ ਇਹ ਬਿਲ ਪਾਸ ਕਰ ਚੁਕੇ ਹਾਂ 17 ਕਿਲੇ ਜ਼ਮੀਨ ਦਾ । ਲੇਕਿਨ ਉਸਤੋਂ ਬਾਅਦ ਕੋਈ ਦਸੇ ਕਿ ਕਿਸੇ ਪਾਸੋਂ ਇਕ ਮਰਲਾ ਜ਼ਮੀਨ ਵੀ ਨਿਕਲੀ ਹੈ ਜਾਂ ਕਿਸੇ ਨੂੰ ਇਨ੍ਹਾਂ ਨੇ ਦਿਤੀ ਹੋਵੇ। ਕਈ ਜਗ੍ਹਾ ਤੇ ਅਦਾਲਤਾਂ ਵਿਚ ਕੇਸ ਹਨ । ਕਈ ਕੇਸਾਂ ਵਿਚ ਬੇਨਾਮੀਆਂ ਹੋਈਆਂ ਹਨ ਅਤੇ ਉਨ੍ਹਾਂ ਨੂੰ ਦੂਰ ਕਰਨ ਲਈ ਜਾਂ ਦਰੁੱਸਤ ਕਰਨ ਲਈ ਅਸੀਂ ਕੋਈ ਉਦਮ ਨਹੀਂ ਕਰ ਸਕੇ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਕਨੇਡੀਅਨ]

ਦੂਜੀਆਂ ਸਟੇਟਾਂ ਵੀ ਹਨ ਜਿਨ੍ਹਾਂ ਨੇ ਕਿ ਟ੍ਰਿਬਿਊਨਲ ਬਣਾਏ । ਬੇਨਾਮੀਆਂ ਅਤੇ ਝੂਠੇ ਬਿਆਨ ਜਿਹੜੇ ਦਿੰਦੇ ਹਨ ਉਨ੍ਹਾਂ ਦੇ ਲਈ ਸਜ਼ਾਵਾਂ ਵਧਾਈਆਂ । ਉਸਦੇ ਨਾਲ ਵਧੇਰੇ ਪ੍ਰੋਗਰੈਸ, ਉਨ੍ਹਾਂ ਸੂਬਿਆਂ ਵਿਚ ਹੋਈ । ਜਿਤਨਾ ਚਿਰ ਹਾਲਤ ਇਹ ਹੈ ਕਿ ਬੜੇ ਬੜੇ ਆਗੂ, ਬੜੇ ਬੜੇ ਵਜ਼ੀਰ ਸਾਹਿਬਾਨ, 17 ਕਿਲੇ ਦੀ ਥਾਂ 100, 100 ਜਾਂ 200, 200 ਕਿੱਲੇ ਰੱਖੀ ਬੈਠੇ ਹਨ, ਉਤਨੀ ਦੇਰ ਲੈਣ ਦੇਣ ਨੂੰ ਕੁਝ ਨਹੀਂ ਨਿਕਲਣਾ । ਮੈਂ ਆਪਣੀ ਗੱਲ ਨਹੀਂ ਕਰਦਾ । ਸ਼ਿੰਦੇ ਸਾਹਿਬ ਜਿਹੜੇ ਕਿ ਸੈਂਟਰ ਦੇ ਵਜ਼ੀਰ ਹਨ, ਉਨ੍ਹਾਂ ਦਾ ਲੇਟੈਸਟ ਬਿਆਨ ਹੈ । ਉਨ੍ਹਾਂ ਨੇ ਐਗਰੀਕਲਚਰਲ ਲੈਂਡ ਰਿਫਾਰਮਜ਼ ਦੇ ਮਸਲੇ ਨੂੰ ਰਿਵਿਊ ਕੀਤਾ ਅਤੇ ਉਨ੍ਹਾਂ ਨੇ ਕਿਹਾ :

'There seems to be lack of political will to implement the land reform measures.'

ਉਨ੍ਹਾਂ ਨੇ ਕਿਹਾ ਹੈ ਕਿ ਸੂਬਿਆਂ ਦੇ ਅੰਦਰ ਲੀਡਰਸ਼ਿਪ ਪੂਰੀ ਤਰ੍ਹਾਂ ਸਿਦਕ ਦਿਲੀ ਨਾਲ ਜ਼ਮੀਨਾਂ ਦੇ ਮਸਲੇ ਨੂੰ ਹੱਲ ਨਹੀਂ ਕਰਨਾ ਚਾਹੁੰਦੀ ਹੈ । ਇਸ ਦਾ ਮਤਲਬ ਹੈ ਕਿ ਤੁਹਾਡੇ ਵਿਚ ਕੋਈ ਸਿਦਕ ਦਿਲੀ ਵਾਲਾ ਨਹੀਂ । ਇਹ ਕਰ ਲਓ ਨਹੀਂ ਤਾਂ ਭੁਗਤਾਨ ਭੁਗਤਣਾ ਪਵੇਗਾ । ਸਾਲ ਨੂੰ, ਦੋ ਸਾਲ ਨੂੰ, ਵਾਜਾ ਫਿਰ ਵਜੇਗਾ ।

**ਚੌਧਰੀ ਦਰਸ਼ਨ ਸਿੰਘ** : ਸਾਡੇ ਵਿਚ ਕੋਈ ਨਹੀਂ, ਤੁਹਾਡੇ ਵਿਚ ਕੋਈ ਨਾ ਹੋਵੇ ।

**ਸ਼੍ਰੀ ਸਭਾਪਤੀ** : ਇੰਟਰੱਪਟ ਨਾ ਕਰੋ ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਤੂੰ ਕਦੋਂ ਤੋਂ ਪਰਦੇ ਪਾਉਣ ਲਗ ਪਿਆ ਹੈਂ ? ਅਗੇ ਤਾਂ ਸਾਨੂੰ ਆਪ ਆ ਕੇ ਦਸਦਾ ਹੁੰਦਾ ਸੀ ਕਿ ਕਿਹੜੇ ਵਜ਼ੀਰ ਕੋਲ ਕਿਤਨੀ ਜ਼ਮੀਨ ਹੈ । (ਤਾੜੀਆਂ)

**ਚੌਧਰੀ ਦਰਸ਼ਨ ਸਿੰਘ** : ਆਨ ਏ ਪੁਆਇੰਟ ਆਫ਼ ਪਰਸਨਲ ਐਕਸਪਲੇਨੇਸ਼ਨ, ਸਰ ।

**ਸ਼੍ਰੀ ਸਭਾਪਤੀ** : ਇਨ੍ਹਾ ਨੂੰ ਬੋਲ ਲੈਣ ਦਿਉ । ਬਾਅਦ ਵਿਚ ਕਰ ਲੈਣਾ ।

**ਚੌਧਰੀ ਦਰਸ਼ਨ ਸਿੰਘ** : ਤੁਸੀਂ ਸੀਰੀਅਸ ਕਿਉਂ ਹੋ ਗਏ ਹੋ ?

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਮੈਂ ਕਿਥੇ ਸੀਰੀਅਸ ਹਾਂ । ਆਪਾਂ ਤਾਂ ਰਲ ਕੇ ਟੱਲਣ ਲਗਣਾ ਹੈ । ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਆਰਥਿਕ ਤੌਰ ਤੇ ਜਿਹੜਾ ਸਮਾਜ ਵਿਚ ਫਰਕ ਹੈ ਇਸ ਨੂੰ ਖਤਮ ਕਰਨ ਦੀ ਲੋੜ ਹੈ । ਭਾਵੇਂ ਠੀਕ ਹੈ ਕਿ ਰਾਜਸੀ ਤੌਰ ਤੇ ਅਸੀਂ ਅਮਰੀਕਾ ਨੂੰ ਬੜੀ ਭਾਰੀ ਫ਼ਾਈਟ ਦਿੱਤੀ ਹੈ । ਬੰਗਲਾ ਦੇਸ਼ ਵਿਚ ਤੇ ਵੀਤਨਾਮ ਵਿਚ ਸਿੱਧੀ ਟੱਕਰ ਰਹੀ ਹੈ । ਲੇਕਿਨ ਕਈ ਦਫਾ ਮੁੜ ਮੁੜ ਕੇ ਇਹ ਗੱਲ ਕੀਤੀ ਜਾਂਦੀ ਹੈ, ਹਮ ਭੀ ਜ਼ਮਹੂਰੀ ਹੈਂ ਔਰ ਆਪ ਭੀ ਜਮਹੂਰੀ ਅਪਨਾ ਥੋੜਾ ਫਰਕ ਹੈ । ਜਫਾ ਪਾਉਣ ਤੇ ਸਾਂਝ ਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ । ਬਘਿਆੜ ਅਤੇ ਛੇਲੇ ਦੀ ਕੋਈ ਸਾਂਝ ਨਹੀਂ ਹੋ ਸਕਦੀ । ਕੋਰੀਆ, ਵੀਤਨਾਮ, ਅੰਗੋਲਾ ਅਤੇ ਬੰਗਲਾ ਦੇਸ਼ ਨੂੰ ਪੁੱਛ ਲਉ । ਇਹ ਸਾਂਝੇ ਇਕਨਾਮਿਕ ਕਮਿਸ਼ਨ ਬਣਾ ਲੈਂਦੇ ਹਨ ਅਤੇ ਕਹਿੰਦੇ ਹਨ ਕਿ ਹਮ ਭੀ ਜਮਹੂਰੀ ਔਰ ਤੁਮ ਭੀ ਜਮਹੂਰੀ । ਮੈਂ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਨੂੰ ਆਪਣੇ ਦੇਸ਼ ਦੇ ਵਿਚੋਂ ਕੱਢਣ ਦੀ ਲੋੜ ਹੈ । ਅੱਜ ਇਥੇ ਫਾਇਰਸਟੋਨ, ਡਨਲੱਪ, ਬਰੁਕਬਾਂਡ ਅਤੇ ਲਿਪਟਨ ਕਿਸਦੇ ਹਨ, ਸਨਲਾਈਟ ਕਿਸਦਾ ਹੈ? ਇਹ ਹਰ ਇੰਡਸਟਰੀ ਦੇ ਵਿਚ ਹਨ । ਇਥੇ ਫਿਰ ਟੂਥ ਪੇਸਟ ਲਿਆਂਦੀ ਹੈ । ਮੈਂ ਕਹਿੰਦਾ ਹਾਂ ਕਿ ਦਾਤਣ ਰਹਿਣ ਦਿਓ, ਕੀ ਇਹ ਮਾੜੀ ਹੈ ?

Original with;
Punjab Vidhan Sabha
Digitized by;
Panjab Digital Library

ਫਿਰ ਕੋਲਗੇਟ, ਫਾਰਹੈਂਜ਼ ਟੂਥ ਪੇਸਟ ਆ ਗਈ, ਕੋਕਾ ਕੋਲਾ ਆ ਗਿਆ। ਇਹ ਚੀਜ਼ਾਂ ਬਾਹਰ ਦੀਆਂ ਕੰਪਨੀਆਂ ਤੋਂ ਬਣੀਆਂ ਕਿਉਂ ਵਰਤਦੇ ਹਾਂ। ਆਪ ਅਸੀਂ ਕਿਉਂ ਨਹੀਂ ਬਣਾਉਂਦੇ, ਅਮਰੀਕਾ ਤੋਂ ਕਿਉਂ ਮੰਗਦੇ ਹਾਂ। ਫਿਰ ਮਿਲਕ ਫੂਡ ਲੈ ਲਵੋ, ਉਸ ਦੀ ਕੀਮਤ 70 ਪੈਸੇ ਹੈ, ਕਚੀ ਲਸੀ ਉਸ ਦੇ ਨਾਲੋਂ ਚੰਗੀ ਹੈ। ਸੋ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਤੁਸੀਂ ਕੋਈ ਚੀਜ਼ ਲੈਣੀ ਹੈ ਤਾਂ ਅਟਾਮਿਕ ਪਾਵਰ ਵਾਲੀ ਚੀਜ਼ ਹੋਵੇ ਜਾਂ ਕੋਈ ਹੋਰ ਇਸ ਤਰ੍ਹਾਂ ਦੀ ਗਲ ਹੋਵੇ ਤਾਂ ਠੀਕ ਹੈ ਪਰ ਉਨ੍ਹਾਂ ਕੋਲੋਂ ਕਿਉਂ ਹਰ ਚੀਜ਼ ਲੈਂਦੇ ਹੋ, ਉਨ੍ਹਾਂ ਨੇ ਤਾਂ ਫਿਰ ਜਦੋਂ ਵਕਤ ਲਗਾ ਤਾਂ ਡੰਗ ਮਾਰਨਾ ਹੈ। ਚੇਅਰਮੈਨ ਸਾਹਿਬ, ਮੈਂ ਆਪ ਨੂੰ ਏ. ਜੀ. ਫਿਲਿਪ ਦੇ ਬਾਰੇ ਦਸਣਾ ਚਾਹੁੰਦਾ ਹਾਂ ਜਿਸ ਨੇ ਅਮਰੀਕਾ ਦੀ ਸੀ. ਆਈ. ਏ. ਵਿਚ 15 ਸਾਲ ਕੰਮ ਕੀਤਾ ਅਤੇ ਉਸ ਨੇ ਆਪਣੀ ਇਕ ਡਾਇਰੀ ਲਿਖੀ ਹੈ, ਜਿਸ ਵਿਚ ਉਹ ਲਿਖਦਾ ਹੈ ਕਿ ਅਮਰੀਕਾ ਨੇ ਤਾਂ ਇਹ ਚੀਜ਼ ਲਭਣੀ ਹੁੰਦੀ ਹੈ ਕਿ ਉਨ੍ਹਾਂ ਦੇ ਮਤਲਬ ਦਾ ਕਿਹੜਾ ਕੰਟਰੀ ਹੈ ਅਤੇ ਉਨ੍ਹਾਂ ਦੇ ਮਤਲਬ ਦੇ ਬੰਦੇ ਕਿਥੇ ਮਿਲ ਸਕਦੇ ਹਨ, ਜਿਸ ਦਾ ਨਤੀਜਾ ਕੀ ਹੁੰਦਾ ਹੈ ਕਿ ਜਿਨ੍ਹਾਂ ਮੁਲਕਾਂ ਨੇ ਕਪੜਾ ਲੈਣਾ ਹੁੰਦਾ ਹੈ, ਜਾਂ ਹੋਰ ਚੀਜ਼ਾਂ ਲੈਣੀਆਂ ਹੁੰਦੀਆਂ ਹਨ, ਉਹ ਉਨ੍ਹਾਂ ਦੇ ਕਾਬੂ ਵਿਚ ਆ ਜਾਂਦੇ ਹਨ ਅਤੇ ਇਸ ਤਰ੍ਹਾਂ ਕਰਕੇ ਉਹ ਬੜੇ ਬੜੇ ਜਾਗੀਰਦਾਰਾਂ ਅਤੇ ਸਰਮਾਏਦਾਰਾਂ ਨੂੰ ਆਪਣਾ ਸਾਂਝੀ ਬਣਾ ਲੈਂਦੇ ਹਨ ਅਤੇ ਆਪਣਾ ਪੈਰ ਜਮਾ ਲੈਂਦੇ ਹਨ। ਇਸ ਦਾ ਨਤੀਜਾ ਕੀ ਹੁੰਦਾ ਹੈ ਕਿ ਉਹ ਅਮਰੀਕਾ ਵਾਲੇ ਆਪਣੇ ਲਿੰਕ ਵਧਾ ਕੇ ਫਿਰ ਤੋੜ ਫੋੜ ਦੀਆਂ ਕਾਰਵਾਈਆਂ ਕਰਵਾਉਂਦੇ ਹਨ ਆਪਣੇ ਦੂਜੇ ਦੇਸ਼ਾਂ ਦੇ ਮਿਤਰਾਂ ਦੇ ਰਾਹੀਂ.... ।

**ਸ੍ਰੀ ਸਭਾਪਤੀ :** ਤੁਸੀਂ ਹੁਣ ਵਾਇੰਡ-ਅਪ ਕਰੋ ਜੀ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ :** ਚੇਅਰਮੈਨ ਸਾਹਿਬ, ਹੁਣ ਤਾਂ ਖੁਲ੍ਹਾ ਟਾਈਮ ਹੈ।

**ਸ੍ਰੀ ਸਭਾਪਤੀ :** ਤੁਸੀਂ ਕਿੰਨਾਂ ਵਕਤ ਲਵੋਗੇ ਜੀ ?

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ :** ਅਜੇ ਤਾਂ ਮੈਂ ਸ਼ੁਰੂ ਹੀ ਕੀਤਾ ਹੈ। ਜਿਹੜਾ ਇਥੇ ਪੰਥ ਨਹੀਂ ਹੈ, ਉਨ੍ਹਾਂ ਦੇ ਬਦਲੇ ਵੀ ਮੈਂ ਹੀ ਕਹਿਣਾ ਹੈ। (ਹਾਸਾ)

**ਸ੍ਰੀ ਸਭਾਪਤੀ :** ਤੁਸੀਂ 5 ਮਿੰਟ ਹੋਰ ਲੈ ਲਵੋ ਜੀ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ :** ਚੇਅਰਮੈਨ ਸਾਹਿਬ, ਸਾਡਾ ਟਰਾਂਸਪੋਰਟ ਦਾ ਬੜਾ ਲੰਮਾ ਚੌੜਾ ਸਿਸਟਮ ਹੈ। ਇਸ ਬਾਰੇ ਮੈਂ ਇਹ ਕਹਿਣਾ ਚਹੁੰਦਾ ਹਾਂ ਕਿ ਸਾਨੂੰ ਇਥੇ ਆਟੋਮੈਟਿਕ ਟਰੈਕਟਰ ਆਪ ਤਿਆਰ ਕਰਨਾ ਚਾਹੀਦਾ ਹੈ, ਅਸੀਂ ਇਸ ਚੀਜ਼ ਨੂੰ ਇਥੇ ਕਿਉਂ ਡਿਵੈਲਪ ਨਹੀਂ ਕਰਦੇ। ਇਸ ਵੇਲੇ ਕੀ ਹੈ ਕਿ 35 ਹਾਰਸ ਪਾਵਰ ਦਾ ਟਰੈਕਟਰ 60,000 ਰੁਪਏ ਦਾ ਪੈਂਦਾ ਹੈ ਅਤੇ ਰੂਸ ਦਾ ਟਰੈਕਟਰ 14,000 ਦਾ ਹੁੰਦਾ ਹੈ।....

**ਇਕ ਆਵਾਜ਼ :** ਸੰਦਾਂ ਤੋਂ ਇਲਾਵਾ 60,000 ਰੁਪਏ ਦਾ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ :** ਫਿਰ ਤਾਂ ਪੂਰਾ ਟਰੈਕਟਰ 80,000 ਜਾਂ ਇਕ ਲੱਖ ਰੁਪਏ ਦਾ ਪੈਂਦਾ ਹੈ। ਸਾਨੂੰ ਚਾਹੀਦਾ ਹੈ ਕਿ ਇਹ ਜਿਹੜੀਆਂ ਬਾਹਰ ਦੀਆਂ ਫਰਮਾਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਕਨੇਡੀਅਨ]

ਹਨ, ਫਰਗੂਸਨ, ਫੋਰਡ ਅਤੇ ਹੋਰ ਇਨ੍ਹਾਂ ਨੂੰ ਇਲੀਮੀਨੇਟ ਕਰਨਾ ਚਾਹੀਦਾ ਹੈ, ਇਨ੍ਹਾਂ ਇੰਟਰਨੈਸ਼ਨਲ ਫਰਮਾਂ ਨੂੰ ਸਾਨੂੰ ਨਹੀਂ ਰਖਣਾ ਚਾਹੀਦਾ ਅਤੇ ਸਾਨੂੰ ਇਹ ਚੀਜ਼ਾਂ ਇੰਪੋਰਟ ਨਹੀਂ ਕਰਨੀਆਂ ਚਾਹੀਦੀਆਂ, ਸਾਨੂੰ ਆਪ ਤਿਆਰ ਕਰਨੀਆਂ ਚਾਹੀਦੀਆਂ ਹਨ, ਇਸ ਪਾਸੇ ਕੋਈ ਕਦਮ ਉਠਾਉਣਾ ਚਾਹੀਦਾ ਹੈ।

ਇਸ ਦੇ ਨਾਲ ਮੈਂ ਫਾਈਨੈਂਸ ਮਨਿਸਟਰ ਸਾਹਿਬ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਜੋ ਟੈਕਸੇਸ਼ਨ ਪਾਲਿਸੀ ਦੇ ਮੁਤਾਬਿਕ ਟੈਕਸਿਜ਼ ਹਨ, ਉਹ ਜਿਹੜਾ ਇਨਡਾਇਰੈਕਟ ਟੈਕਸ ਹੈ, ਉਹ 119 ਰੁਪਏ ਫੀ ਕਸ ਹੈ ਅਤੇ ਜਿਹੜਾ ਸਿਧਾ ਟੈਕਸ ਹੈ ਉਹ ਸਿਰਫ 12.61 ਪੈਸੇ ਹੈ। ਮਤਲਬ ਇਹ ਕਿ ਸਿਧਾ ਟੈਕਸ ਪਰਾਪਰਟੀ ਓਨਰਜ਼ ਤੇ, ਸਰਮਾਏਦਾਰਾਂ ਤੇ ਅਤੇ ਵਡੇ ਵਡੇ ਟਰੇਡਰਜ਼ ਤੇ ਇੰਨਾ ਹੀ ਹੈ ਅਤੇ ਹੋਰ ਜਿਹੜਾ ਐਕਸਾਈਜ਼ ਦਾ, ਸ਼ਰਾਬ ਦਾ, ਜਿੰਨਾਂ ਟੈਕਸ ਦਾ ਬੋਝ ਹੈ, ਇਹ ਸਾਰਾ ਗਰੀਬ ਆਦਮੀ ਤੇ ਹੀ ਪੈਂਦਾ ਹੈ। ਜ਼ਿਆਦਾ ਟੈਕਸ ਤਾਂ ਉਨ੍ਹਾਂ ਲੋਕਾਂ ਤੇ ਚਾਹੀਦਾ ਹੈ, ਜਿਹੜੇ ਵਡੇ ਵਡੇ ਸਰਮਾਏਦਾਰ, ਜਾਗੀਰਦਾਰ ਅਤੇ ਅਮੀਰ ਹਨ ਜਿਹੜੇ ਕਿ ਗਰੀਬਾਂ ਨੂੰ ਲੁਟਦੇ ਹਨ ਅਤੇ ਗਰੀਬਾਂ ਦਾ ਪੈਸਾ ਮਾਰਦੇ ਹਨ। ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਇਸ ਦੇ ਨਾਲ ਹੀ ਸਰਕਾਰ ਨੇ ਇਥੇ ਸਵਾਲ ਦੇ ਜਵਾਬ ਵਿਚ ਕਿਹਾ ਸੀ ਕਿ 2 ਕਰੋੜ 88 ਲੱਖ ਰੁਪਏ ਥਿਕਰੀ ਟੈਕਸ ਦੇ ਕੁਝ ਲੋਕ ਨਹੀਂ ਦਿੰਦੇ। ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਇਨ੍ਹਾਂ ਲੋਕਾਂ ਨੂੰ ਜ਼ਿਆਦਾ ਸਜ਼ਾਵਾਂ ਦੇਣੀਆਂ ਚਾਹੀਦੀਆਂ ਹਨ। ਇਸ ਦੇ ਬਾਰੇ 20 ਨੁਕਾਤੀ ਪ੍ਰੋਗਰਾਮ ਵਿਚ ਵੀ ਹੈ ਕਿ ਸਮਰੀ ਟਰਾਇਲਜ਼ ਕਰਕੇ ਸਜ਼ਾਵਾਂ ਦਿਤੀਆਂ ਜਾਣ। ਸੋ ਇਸ ਬਾਰੇ ਸਰਕਾਰ ਨੂੰ ਕਦਮ ਚੁਕਣੇ ਚਾਹੀਦੇ ਹਨ ਅਤੇ ਗਵਰਨਮੈਂਟ ਦਾ ਟੈਕਸ ਵਸੂਲਿਆ ਜਾਣਾ ਚਾਹੀਦਾ ਹੈ।

ਹੁਣ ਮੈਂ ਟਰਾਂਸਪੋਰਟ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ ਅਤੇ ਇਕ ਹੋਰ ਗਲ ਬਿਜਲੀ ਬੋਰਡ ਬਾਰੇ ਵੀ ਕਹਾਂਗਾ। ਇਹ ਦੋ ਅਦਾਰੇ ਇਸ ਕਿਸਮ ਦੇ ਹਨ ਕਿ ਇਨ੍ਹਾਂ ਵਿਚ ਕਰੋੜਾਂ ਰੁਪਏ ਦਾ ਸਵਾਲ ਹੈ। ਟਰਾਂਸਪੋਰਟ ਦੇ ਬਾਰੇ ਗਲ ਇਹ ਹੈ ਕਿ ਜੇ ਇਕ ਟੈਂਪੋ ਕਿਸੇ ਕੋਲ ਹੋਵੇ ਤਾਂ ਉਹ 10,000 ਰੁਪਿਆ ਬਣਾ ਲੈਂਦਾ ਹੈ, ਪਰ ਪੰਜਾਬ ਰੋਡਵੇਜ਼ ਦਾ ਇਹ ਹਾਲ ਹੈ ਕਿ ਹੁਸ਼ਿਆਰਪੁਰ ਡਿਪੋ ਵਿਚ 2 ਲੱਖ ਮੀਲ ਮਿਸ ਕੀਤੇ ਗਏ ਅਤੇ 10 ਲਖ ਰੁਪਏ ਦਾ ਘਾਟਾ ਹੋਇਆ, ਇਕ ਹੋਰ ਡਿਪੋ ਵਿਚ 11 ਲੱਖ ਮੀਲ ਮਿਸ ਕੀਤੇ ਅਤੇ 38 ਲੱਖ ਰੁਪਏ ਦਾ ਘਾਟਾ ਹੋਇਆ, ਮੋਗਾ ਡਿਪੋ ਵਿਚ 10 ਲੱਖ ਮੀਲ ਮਿਸ ਕੀਤੇ ਗਏ ਅਤੇ 24 ਲੱਖ ਦਾ ਘਾਟਾ ਹੋਇਆ ਅਤੇ ਸਾਰਾ ਜਿਹੜਾ ਘਾਟਾ ਹੋਇਆ ਇਹ ਸਾਰੀ ਰੋਡਵੇਜ਼ ਦਾ ਇਕ ਕਰੋੜ 57 ਲੱਖ 12 ਹਜ਼ਾਰ ਹੋਇਆ। ਜਿਹੜੇ ਮੀਲ ਇਹ ਰੋਡਵੇਜ਼ ਵਾਲੇ ਮਿਸ ਕਰਦੇ ਹਨ, ਉਥੇ ਪ੍ਰਾਈਵੇਟ ਕੰਪਨੀਆਂ ਵਾਲੇ ਪੈਸੇ ਬਣਾਉਂਦੇ ਹਨ, ਉਹ ਟੈਕਸ ਵੀ ਦਿੰਦੇ ਹਨ ਅਤੇ ਪੈਸੇ ਵੀ ਵੱਧ ਕਮਾਉਂਦੇ ਹਨ ਪਰ ਰੋਡਵੇਜ਼ ਦਾ ਇਹ ਹਾਲ ਹੈ ਕਿ ਮਾਈਲੇਜ ਵੀ ਮਿਸ ਕਰਦੇ ਹਨ ਅਤੇ ਘਾਟਾ ਵੀ ਹੁੰਦਾ ਹੈ। ਮੈਂ ਸਰਕਾਰ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਕਿਉਂ ਨਹੀਂ ਆਪਣੇ ਜਨਰਲ ਮੈਨੇਜਰਾਂ ਨੂੰ ਪੁਛਦੇ ਕਿ ਇਸ ਤਰ੍ਹਾਂ ਕਿਉਂ ਹੁੰਦਾ ਹੈ। ਉਨ੍ਹਾਂ ਦਾ ਜੇ ਕੰਮ ਠੀਕ ਨਹੀਂ ਤਾਂ ਕਿਉਂ ਨਹੀਂ ਉਨ੍ਹਾਂ ਨੂੰ ਸਜ਼ਾਵਾਂ ਦਿਤੀਆਂ ਜਾਂਦੀਆਂ ਜਦੋਂ ਕਿ ਉਨ੍ਹਾਂ ਨੂੰ 1,000 ਰੁਪਏ ਜਾਂ ਇਸ ਤੋਂ ਵੀ ਵਧ ਤਨਖਾਹਾਂ ਦਿਤੀਆਂ ਜਾਂਦੀਆਂ ਹਨ, ਪਰ ਉਨ੍ਹਾਂ ਨੂੰ ਪੁਛਦਾ ਹੀ ਕੋਈ ਨਹੀਂ ਕਿ ਉਹ ਕਿਸ ਤਰ੍ਹਾਂ ਕੰਮ ਕਰਦੇ ਹਨ ਅਤੇ ਉਨ੍ਹਾਂ ਦਾ ਸਟਾਫ ਕਿਸ ਤਰ੍ਹਾਂ ਕੰਮ ਕਰਦਾ ਹੈ। ਇਸ ਦੇ ਨਾਲ ਹੀ ਇਹ ਵੀ

Original with;
Punjab Vidhan Sabha
Digitized by;
Panjab Digital Library

ਅਜ ਹੀ ਅਖਬਾਰ ਵਿਚ ਆਇਆ ਹੈ ਕਿ ਟਰਾਂਸਪੋਰਟ ਦੀ ਨੈਸ਼ਨੇਲਾਈਜ਼ੇਸ਼ਨ ਅਜੇ ਨਹੀਂ ਹੋ ਸਕੇਗੀ। ਪਹਿਲਾਂ ਕਿਹਾ ਗਿਆ ਸੀ ਕਿ 1969 ਦੇ ਵਿਚ ਹੋਵੇ। ਫਿਰ ਇਸ ਸਰਕਾਰ ਨੇ ਕਿਹਾ ਕਿ 1976 ਵਿਚ ਟਰਾਂਸਪੋਰਟ ਦਾ ਕੌਮੀਕਰਨ ਹੋ ਜਾਵੇਗਾ, ਪਰ ਹੁਣ ਕਿਹਾ ਗਿਆ ਹੈ ਕਿ ਪੈਸੇ ਨਹੀਂ ਹਨ, ਇਸ ਕਰਕੇ 3-4 ਸਾਲ ਵਿਚ ਇਹ ਕੰਮ ਕੀਤਾ ਜਾ ਸਕੇਗਾ। ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ, ਇਸ ਪਾਸੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਅਤੇ ਰੋਡਵੇਜ਼ ਦੀ ਵਰਕਿੰਗ ਨੂੰ ਵੀ ਸੁਧਾਰਨਾ ਚਾਹੀਦਾ ਹੈ ਤਾਂ ਜੋ ਘਾਟਾ ਨਾ ਪਵੇ।

ਹੁਣ ਮੈਂ ਬਿਜਲੀ ਬੋਰਡ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਇਸ ਦੀ ਬਰੀ ਹਾਲਤ ਹੈ। ਇਸ ਮਹਿਕਮੇ ਦੇ ਵਿਚ ਬਿਜਲੀ ਦੀ 34% ਲੀਕੇਜ ਅਤੇ ਚੋਰੀ ਹੈ। ਜਿਸ ਆਦਮੀ ਨੇ 7 ਹਾਰਸ ਪਾਵਰ ਦੀ ਮੋਟਰ ਲਗਾਈ ਹੋਈ ਹੈ, ਉਸ ਦੀ ਮੋਟਰ ਨੂੰ 5 ਹਾਰਸ ਪਾਵਰ ਦਾ ਸ਼ੋ ਕੀਤਾ ਜਾਂਦਾ ਹੈ ਅਤੇ ਬਿਜਲੀ ਬੋਰਡ ਨੂੰ ਕਰੋੜਾਂ ਰੁਪਏ ਦਾ ਇਸ ਤਰ੍ਹਾਂ ਨਾਲ ਘਾਟਾ ਪਾਇਆ ਜਾਂਦਾ ਹੈ। ਸਰਦਾਰ ਹਰਬੰਸ ਸਿੰਘ, ਜੋ ਪਹਿਲਾਂ ਬਿਜਲੀ ਬੋਰਡ ਦਾ ਚੇਅਰਮੈਨ ਸੀ, ਨੇ ਕਰੋੜਾਂ ਰੁਪਏ ਦੇ ਮੀਟਰ ਖਰੀਦੇ ਅਤੇ ਉਨ੍ਹਾਂ ਵਿਚ ਗੜਬੜ ਕੀਤੀ ਅਤੇ ਉਸ ਦਾ ਕੁਝ ਨਹੀਂ ਬਣਿਆ, ਉਹ ਅਜ ਵੀ ਆਰਾਮ ਨਾਲ ਬੈਠਾ ਹੈ ਅਤੇ ਜਿਹੜਾ ਬਿਜਲੀ ਬੋਰਡ ਨੂੰ ਨੁਕਸਾਨ ਹੋਇਆ ਉਸ ਦਾ ਕੁਝ ਨਹੀਂ ਬਣਿਆ। ਇਸ ਪਾਸੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਨਹੀਂ ਤਾਂ ਇਸ ਬੋਰਡ ਵਿਚ ਘਾਟਾ ਹੀ ਘਾਟਾ ਰਹੇਗਾ। ਪਬਲਿਕ ਅੰਡਰਟੇਕਿੰਗਜ਼ ਕਮੇਟੀ ਨੇ ਆਪਣੀ ਰਿਪੋਰਟ ਵਿਚ ਲਿਖਿਆ ਹੈ ਕਿ ਕਰੋੜਾਂ ਦਾ ਨੁਕਸਾਨ ਟਰਾਂਸਮੀਟਰ ਸੜਨ ਦੀ ਵਜ੍ਹਾ ਨਾਲ ਹੋਇਆ। ਇਸ ਦੇ ਨਾਲ ਜੋ ਥਰਮਲ ਪਲਾਂਟ ਹੈ, ਉਸ ਤੇ 57 ਕਰੋੜ ਰੁਪਿਆ ਖਰਚ ਹੋਇਆ ਹੈ, ਪਹਿਲਾਂ ਇਹ ਐਸਟੀਮੇਟ 40 ਕਰੋੜ ਰੁਪਏ ਦਾ ਸੀ। ਇਸ ਦੇ ਬਾਰੇ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਪੌਣੇ ਦੋ ਕਰੋੜ ਰੁਪਏ ਦੇ ਬੰਗਲੇ ਅਫਸਰਾਂ ਵਾਸਤੇ ਉਥੇ ਪਹਿਲਾਂ ਹੀ ਬਣਵਾਏ ਗਏ। ਜਦ ਰਿਸੋਰਸਿਜ਼ ਨਹੀਂ ਸਨ, ਤਾਂ ਇਹ ਬੰਗਲੇ ਪਹਿਲਾਂ ਹੀ ਬਣਾਉਣ ਦੀ ਕੀ ਲੋੜ ਸੀ। ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਪਹਿਲਾਂ 5 ਘੋੜੇ ਦੀ ਮੋਟਰ ਲਈ 40 ਰੁਪਏ ਸਨ, ਫਿਰ ਸਾਢੇ 57 ਰੁਪਏ ਕੀਤੇ ਅਤੇ ਹੁਣ 95 ਰੁਪਏ ਹਨ, ਬਿਜਲੀ ਦੇ ਰੇਟ ਵਧਦੇ ਹੀ ਜਾ ਰਹੇ ਹਨ, ਪਰ ਜਿਹੜਾ ਬਿਜਲੀ ਬੋਰਡ ਵਿਚ ਨੁਕਸਾਨ ਹੁੰਦਾ ਹੈ ਉਸ ਬਾਰੇ ਕੁਝ ਨਹੀਂ ਕੀਤਾ ਜਾਂਦਾ। ਇਸ ਦੇ ਨਾਲ ਹੀ ਫਰਟੇਲਾਈਜ਼ਰ ਦੀਆਂ ਕੀਮਤਾਂ ਹੋਰ ਵਧਾ ਦਿਤੀਆਂ ਹਨ ਅਤੇ ਲੋਕਾਂ ਵਿਚ ਹਾਹਾਕਾਰ ਮਚੀ ਹੋਈ ਹੈ। ਇਸ ਅਦਾਰੇ ਦੇ ਕੰਮ ਨੂੰ ਵੀ ਸੁਧਾਰਨ ਦੀ ਲੋੜ ਹੈ।

3.40 P.M.

(ਇਸ ਵੇਲੇ ਸ੍ਰੀ ਡਿਪਟੀ ਸਪੀਕਰ ਨੇ ਪਰਧਾਨਗੀ ਦੀ ਕਰਸੀ ਸੰਭਾਲੀ।)

ਹੁਣ ਦੋ ਤਿੰਨ ਗਲਾਂ ਕਹਿ ਕੇ ਬਸ ਕਰਾਂਗਾ। ਇਕ ਗਲ ਮੈਂ, ਡਿਪਟੀ ਸਪੀਕਰ ਸਾਹਿਬ, ਮਜ਼ਦੂਰਾਂ ਦੇ ਬਾਰੇ ਕਹਿਣੀ ਚਾਹੁੰਦਾ ਹਾਂ। ਇਸ ਬਜਟ ਵਿਚ ਬਹੁਤ ਕੁਝ ਨਹੀਂ ਹੈ। ਚੰਗਾ ਹੁੰਦਾ ਜੇ ਮਜ਼ਦੂਰਾਂ ਲਈ ਵੀ ਕੋਈ ਹੋਰ ਚੰਗਾ ਕਦਮ ਚੁਕਿਆ ਜਾਂਦਾ। ਮਜ਼ਦੂਰਾਂ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਚਪੜਾਸੀਆਂ ਜਿੰਨੀ ਵੀ ਤਨਖਾਹ ਨਹੀਂ ਮਿਲਦੀ, ਅਤੇ ਇਹ ਬੜੀ ਬੇਇਨਸਾਫੀ ਹੈ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਕਨੇਡੀਅਨ]

ਇਕ ਮਜ਼ਦੂਰ ਦੀ ਤਨਖਾਹ ਇਕ ਸਰਕਾਰ ਦੇ ਕਲਾਸ ਫੋਰ ਕਰਮਚਾਰੀ ਦੇ ਬਰਾਬਰ ਵੀ ਇਹ ਸਰਕਾਰ ਨਹੀਂ ਕਰ ਸਕੀ, ਇਹ ਬੜੇ ਅਫਸੋਸ ਦੀ ਗਲ ਹੈ। ਇਸ ਦੇ ਨਾਲ ਮੈਂ ਮਜ਼ਦੂਰਾਂ ਦੀ ਹਾਲਤ ਬਾਰੇ ਕਹਿਣਾ ਚਾਹੁੰਦਾ ਹਾਂ, ਇਕ ਮਾਨਯੋਗ ਮੈਂਬਰ ਨੇ ਇਥੇ ਹਾਊਸ ਵਿਚ ਇਨਫਰਮੇਸ਼ਨ ਦਿਤੀ ਕਿ ਲੁਧਿਆਣਾ ਵਿਚ ਸਾਢੇ 34 ਹਜ਼ਾਰ ਮਜ਼ਦੂਰ ਕੰਮ ਕਰਦਾ ਹੈ ਅਤੇ ਹਾਸਪੀਟਲਾਂ ਤੋਂ ਜੋ ਸਰਵੇ ਕੀਤਾ ਗਿਆ ਉਸ ਦੇ ਮੁਤਾਬਿਕ 14 ਹਜ਼ਾਰ ਮਜ਼ਦੂਰ ਟੀ. ਬੀ. ਦੇ ਮਰੀਜ਼ ਨਿਕਲੇ। ਇਹ ਉਥੇ ਦੀ ਹਾਲਤ ਹੈ, ਮਜ਼ਦੂਰਾਂ ਦੀ ਇਹ ਹਾਲਤ ਹੈ, ਪਰ ਉਨ੍ਹਾਂ ਨੂੰ ਚਪੜਾਸੀ ਜਿੰਨੀ ਤਨਖਾਹ ਵੀ ਨਹੀਂ ਦਿਤੀ ਜਾਂਦੀ। ਡਿਪਟੀ ਸਪੀਕਰ ਸਾਹਿਬ, ਕੀ ਇਹ ਸ਼ਰਮ ਦੀ ਗੱਲ ਨਹੀਂ ਹੈ ਕਿ ਉਹ ਗਰੀਬ ਮਜ਼ਦੂਰ ਬੀਮਾਰੀ ਦਾ ਸ਼ਿਕਾਰ ਹੋ ਰਹੇ ਹਨ ਅਤੇ ਉਨ੍ਹਾਂ ਦੀ ਕੋਈ ਪਰਵਾਹ ਨਹੀਂ ਕੀਤੀ ਜਾਂਦੀ ? ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਹ ਜਿਹੜੇ ਸਰਮਾਏਦਾਰ ਮਜ਼ਦੂਰਾਂ ਨੂੰ ਲੁਟ ਰਹੇ ਹਨ ਇਨ੍ਹਾਂ ਨੂੰ ਰਗੜਾ ਚੜ੍ਹਾਇਆ ਜਾਵੇ। ਇਹ ਇਨ੍ਹਾਂ ਗਰੀਬ ਮਜ਼ਦੂਰਾਂ ਕੋਲੋਂ ਕੰਮ ਵੱਧ ਲੈਂਦੇ ਹਨ ਅਤੇ ਪੈਸੇ ਥੋੜ੍ਹੇ ਦਿੰਦੇ ਹਨ। ਇਸ ਲਈ ਸਾਡੀ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

ਹੁਣ ਮੈਂ, ਡਿਪਟੀ ਸਪੀਕਰ ਸਾਹਿਬ, ਸਰਕਾਰੀ ਮੁਲਾਜ਼ਮ ਜਿਹੜੇ ਹਨ ਇਨ੍ਹਾਂ ਵਲ ਆਉਂਦਾ ਹਾਂ। ਇਥੇ ਇਹ ਮੰਨਿਆ ਗਿਆ ਕਿ ਜਿੰਨਾ ਵੀ ਡੀ. ਏ. ਸੈਂਟਰ ਦੀ ਸਰਕਾਰ ਦੇਵੇਗੀ ਉਹ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਨੂੰ ਵੀ ਦਿੱਤਾ ਜਾਵੇਗਾ। ਇਹ ਸਰਕਾਰ ਨੇ ਆਪ ਮੰਨਿਆ। ਪਰ ਅੱਜ ਸਰਕਾਰ ਉਸ ਤੋਂ ਵੀ ਭੱਜ ਗਈ ਹੈ। ਸੈਂਟਰ ਦੀ ਸਰਕਾਰ ਨੇ ਆਪਣੇ ਮੁਲਾਜ਼ਮਾਂ ਨੂੰ ਡੀ. ਏ. ਦੀਆਂ 5 ਕਿਸ਼ਤਾਂ ਦਿੱਤੀਆ ਅਤੇ ਹੁਣ 6ਵੀਂ ਵੀ ਦੇਣ ਲਗੇ ਹਨ, ਪਰ ਇਹ ਸਿਰਫ 2 ਕਿਸ਼ਤਾਂ ਦੇ ਕੇ ਮੈਦਾਨ ਛੱਡ ਗਏ ਹਨ। ਇਨ੍ਹਾਂ ਤੇ ਇਸ ਦਾ ਕੋਈ ਅਸਰ ਨਹੀਂ ਪੈਣ ਲਗਿਆ। ਮੈਂ ਇਹ ਨਹੀਂ ਕਹਿੰਦਾ ਕਿ ਤੁਸੀਂ ਮੁਲਾਜ਼ਮਾਂ ਨੂੰ ਕੁਝ ਵੱਧ ਦਿਉ, ਪਰ ਜੋ ਕੁਝ ਮੰਨਿਆ ਹੈ ਉਹ ਤਾਂ ਦਿਉ। ਫਿਰ ਜਿਹੜੇ ਆਈ. ਏ. ਐਸ. ਅਫਸਰ ਹਨ ਇਨ੍ਹਾਂ ਨੂੰ ਤਾਂ ਡੀ. ਏ. ਦੀਆਂ ਪੰਜੇ ਕਿਸ਼ਤਾਂ ਮਿਲ ਰਹੀਆਂ ਹਨ। ਇਹ ਵੀ ਪੰਜਾਬ ਸਰਕਾਰ ਦਾ ਹੀ ਕੰਮ ਕਰਦੇ ਹਨ, ਪਰ ਜਿਹੜਾ ਗਰੀਬ ਮੁਲਾਜ਼ਮ ਹੈ ਉਸ ਨੂੰ ਕੁਝ ਨਹੀਂ ਮਿਲਿਆ। ਇਸੇ ਤਰ੍ਹਾਂ ਹੀ ਪੀ. ਸੀ. ਐਸ. ਅਫਸਰਾਂ ਨੂੰ ਇਹ ਸਰਕਾਰ 100 ਰੁਪਏ ਸਪੈਸ਼ਲ ਪੇ ਦਿੰਦੀ ਹੈ, ਪਰ ਗਰੀਬ ਮੁਲਾਜ਼ਮ ਦਾ ਖਿਆਲ ਨਹੀਂ।

ਫਿਰ ਸ਼ਰਮਾ ਜੀ ਨੇ ਆਪਣੀ ਬਜਟ ਸਪੀਚ ਵਿਚ ਇਹ ਕਹਿ ਦਿੱਤਾ ਕਿ ਅਸੀਂ ਕੰਪਨਸੇਟਰੀ ਅਲਾਊਂਸ 50 ਰੁਪਏ ਤੋਂ 75 ਰੁਪਏ ਕਰ ਦਿੱਤਾ ਹੈ, ਪਰ ਇਸ ਨਾਲ ਫਾਇਦਾ ਕਿਸ ਨੂੰ ਹੋਇਆ ? ਜੇ ਅਸੀਂ ਗੌਰ ਨਾਲ ਵੇਖੀਏ ਤਾਂ ਪਤਾ ਲਗਦਾ ਹੈ ਕਿ ਇਸ ਦਾ ਸਿਰਫ ਉਨ੍ਹਾਂ ਨੂੰ ਫਾਇਦਾ ਹੋਇਆ ਹੈ ਜਿਹੜੇ ਕਿ 400 ਰੁਪਏ ਤੋਂ ਉਪਰ ਬੇਸਿਕ ਤਨਖਾਹ ਲੈਂਦੇ ਹਨ ਬਾਕੀ ਕਿਸੇ ਨੂੰ ਇਸ ਦਾ ਫਾਇਦਾ ਨਹੀਂ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਜਿਹੜੇ ਪੈਸੇ ਵਾਲੇ ਹਨ ਉਨ੍ਹਾਂ ਨੂੰ ਹੀ ਇਸ ਸਰਕਾਰ ਨੇ ਕੁਝ ਦਿੱਤਾ ਹੈ ਹੋਰ ਕਿਸੇ ਗਰੀਬ ਮੁਲਾਜ਼ਮ ਨੂੰ ਕੁਝ ਨਹੀਂ ਦਿੱਤਾ।

ਫਿਰ ਇਕ ਗਲ ਮੈਂ ਮੁਲਾਜ਼ਮਾਂ ਦੀ ਹੋਰ ਕਹਾਂ ਕਿ ਮੁਲਾਜ਼ਮਾਂ ਨੂੰ ਟ੍ਰਾਂਸਪੋਰਟ ਦਾ ਅਲਾਊਂਸ ਨਹੀਂ ਦਿੱਤਾ। ਜਿਹੜਾ ਮੁਲਾਜ਼ਮ ਇੰਨੀ ਦੂਰ ਤੋਂ ਚਲ ਕੇ ਇਥੇ ਆਉਂਦਾ ਹੈ

Original with;
Punjab Vidhan Sabha
Digitized by;
Panjab Digital Library

ਉਹ ਕੁਝ ਨਾ ਕੁਝ ਤਾਂ ਖਰਚ ਕਰਦਾ ਹੀ ਹੈ, ਉਹ ਗਰੀਬ ਮੁਲਾਜ਼ਮ ਹੈ ਭਾਵੇਂ ਇਸ ਤੇ ਕਿਸੇ ਦਾ ਖਰਚ ਥੋੜ੍ਹਾ ਹੈ ਜਾਂ ਜ਼ਿਆਦਾ ਹੈ ਪਰ ਉਸ ਨੂੰ ਇਹ ਖਰਖ ਕਰਨਾ ਪੈਂਦਾ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਇਹ ਜਿਹੜੀ ਮੁਲਾਜ਼ਮਾਂ ਦੀ ਮੰਗ ਹੈ ਇਹ ਉਨ੍ਹਾਂ ਦੀ ਜਾਇਜ਼ ਮੰਗ ਹੈ ਅਤੇ ਸਾਡੀ ਸਰਕਾਰ ਨੂੰ ਇਹ ਮੰਨ ਲੈਣੀ ਚਾਹੀਦੀ ਹੈ।

ਇਸੇ ਤਰ੍ਹਾਂ ਹੀ ਟੀਚਰਾਂ ਬਾਰੇ ਹੈ। ਟੀਚਰਾਂ ਨੂੰ ਯੂ. ਜੀ. ਸੀ. ਦੇ ਗਰੇਡ ਬਾਰੇ ਸਾਡੀ ਸਰਕਾਰ ਨੇ ਪ੍ਰਿੰਸੀਪਲੀ ਮੰਨ ਲਿਆ ਹੈ ਪਰ ਦੂਜੇ ਪਾਸੇ ਹਰਿਆਣਾ ਨੇ ਇਨ੍ਹਾਂ ਗਰੇਡਾਂ ਨੂੰ ਪਰਵਾਨ ਕੀਤਾ ਹੈ, ਦਿੱਲੀ ਨੇ ਪਰਵਾਨ ਕੀਤਾ ਹੋਇਆ ਹੈ, ਪਰ ਇਹ ਕਿਉਂ ਨਹੀਂ ਮੰਨਦੇ, ਇਹ ਉਨ੍ਹਾਂ ਦੀ ਜਾਇਜ਼ ਮੰਗ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਇਹ ਉਨ੍ਹਾਂ ਦੀ ਮੰਗ ਮੰਨ ਲੈਣੀ ਚਾਹੀਦੀ ਹੈ ਅਤੇ ਜਨਵਰੀ, 1973 ਤੋਂ ਇਨ੍ਹਾਂ ਨੂੰ ਪੈਸੇ ਦੇ ਦੇਣੇ ਚਾਹੀਦੇ ਹਨ। ਇਸੇ ਤਰ੍ਹਾਂ ਉਨ੍ਹਾਂ ਦੀਆਂ ਕੁਝ ਹੋਰ ਮੰਗਾਂ ਹਨ ਸਰਵਿਸ ਸਿਕਿਉਰਿਟੀ ਬਾਰੇ ਆਦਿ। ਇਹ ਵੀ ਉਨ੍ਹਾਂ ਦੀਆਂ ਮੰਨ ਲੈਣੀਆਂ ਚਾਹੀਦੀਆਂ ਹਨ।

ਫਿਰ, ਡਿਪਟੀ ਸਪੀਕਰ ਸਾਹਿਬ, ਪ੍ਰਾਈਵੇਟ ਸਕੂਲਾਂ, ਕਾਲਜਾਂ ਦੇ ਵਿਚ ਅੱਜਕਲ ਗੰਦ ਪਿਆ ਹੋਇਆ ਹੈ। ਡੀ. ਏ. ਵੀ. ਕਾਲਜ ਹੁਸ਼ਿਆਰਪੁਰ ਨੂੰ ਉਥੋਂ ਦੀ ਮੈਨੇਜਮੈਂਟ ਨੇ ਬੰਦ ਕਰਨ ਦਾ ਫੈਸਲਾ ਕੀਤਾ ਹੈ ਇਸ ਤਰ੍ਹਾਂ ਜਿਹੜੇ ਸੈਂਕੜੇ ਮੁੰਡੇ ਉਥੇ ਪੜ੍ਹਨ ਵਾਲੇ ਹਨ ਉਨ੍ਹਾਂ ਦੀ ਵਿਦਿਆ ਦਾ ਨੁਕਸਾਨ ਹੋ ਜਾਵੇਗਾ। ਇਸ ਲਈ ਮੇਰੀ ਬੇਨਤੀ ਹੈ ਕਿ ਸਾਡੀ ਸਰਕਾਰ ਨੂੰ ਇਨ੍ਹਾਂ ਪ੍ਰਾਈਵੇਟ ਇੰਸਟੀਚਿਊਸ਼ਨਾਂ ਵਿਚ ਵੀ ਦਖਲ ਦੇ ਕੇ ਉਨ੍ਹਾਂ ਦੀ ਪੜ੍ਹਾਈ ਦਾ ਇੰਤਜ਼ਾਮ ਸਹੀ ਢੰਗ ਨਾਲ ਕਰਾਉਣਾ ਚਾਹੀਦਾ ਹੈ ਤਾਕਿ ਉਨ੍ਹਾਂ ਦੀ ਪੜ੍ਹਾਈ ਜਾਰੀ ਰਹਿ ਸਕੇ।

ਇਕ ਗਲ ਦੀ ਮੈਂ ਗਿਆਨੀ ਜੀ ਨੂੰ ਵੀ ਵਧਾਈ ਦਿੰਦਾ ਹਾਂ ਕਿ ਜਿਹੜਾ ਉਨ੍ਹਾਂ ਨੇ ਕਿਹਾ ਹੈ ਕਿ ਉਹ ਡਾਊਰੀ ਬਿਲ ਲਿਆ ਰਹੇ ਹਨ, ਮੈਨੂੰ ਆਸ ਹੈ ਕਿ ਉਹ ਇਹ ਡਾਊਰੀ ਬਿਲ ਜ਼ਰੂਰ ਇਸ ਸੈਸ਼ਨ ਵਿਚ ਲੈ ਆਉਣਗੇ। ਇਸ ਸਿਲਸਿਲੇ ਵਿਚ ਮੈਂ ਬੇਨਤੀ ਕਰਦਾ ਹਾਂ ਕਿ ਉਹ ਇਸ ਨੂੰ ਸਿਰਫ ਕਾਗਜ਼ਾਂ ਤੇ ਹੀ ਨਾ ਰਹਿਣ ਦੇਣ, ਜ਼ਰੂਰ ਇਸ ਨੂੰ ਅਮਲੀ ਰੂਪ ਦੇਣ। ਇਸ ਨਾਲ ਸਾਡੇ ਦੇਸ਼ ਦੇ ਗਰੀਬ ਲੋਕਾਂ ਨੂੰ ਬਹੁਤ ਸਹੂਲਤ ਮਿਲ ਸਕੇਗੀ।

ਫਿਰ ਦੂਜਾ ਪੱਖ ਔਰਤਾਂ ਦੀ ਰਿਜ਼ਰਵੇਸ਼ਨ ਬਾਰੇ ਹੈ ਕਿ ਉਨ੍ਹਾਂ ਦੀ ਰਿਜ਼ਰਵੇਸ਼ਨ ਪੂਰੀ ਕੀਤੀ ਜਾਵੇ। ਇਸ ਵਲ ਵੀ ਸਾਡੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਅਤੇ ਔਰਤਾਂ ਦੀ ਜਿਹੜੀ ਰਿਜ਼ਰਵੇਸ਼ਨ ਹੈ ਇਹ ਪੂਰੀ ਕਰਨੀ ਚਾਹੀਦੀ ਹੈ।

ਡਿਪਟੀ ਸਪੀਕਰ ਸਾਹਿਬ, ਅਗਲੀ ਗਲ ਜਿਹੜੀ ਮੈਂ ਕਰਨੀ ਚਾਹੁੰਦਾ ਹਾਂ ਉਹ 20-ਨੁਕਾਤੀ ਪ੍ਰੋਗਰਾਮ ਬਾਰੇ ਵਿਚ ਹੈ। ਅਸੀਂ ਵੀ ਇਸ 20-ਨੁਕਾਤੀ ਪ੍ਰੋਗਰਾਮ ਦੇ ਬੜੇ ਸਮੱਰਥਕ ਹਾਂ ਅਤੇ ਇਸ ਦੀ ਸਰਾਹਨਾ ਕਰਦੇ ਹਾਂ। ਪਰ ਇਸ ਬਾਰੇ ਮੈਂ ਇਕ ਗਲ ਪੰਜਾਬ ਸਰਕਾਰ ਨੂੰ ਕਹਿਣੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਇਸ 20-ਨੁਕਾਤੀ ਪ੍ਰੋਗਰਾਮ ਦੇ ਲਈ 125 ਕਰੋੜ ਰੁਪਿਆ ਰਖਿਆ ਹੈ, ਪਰ ਇਸ 125 ਕਰੋੜ ਰੁਪਏ ਵਿਚੋਂ 119 ਕਰੋੜ ਰੁਪਿਆ ਤਾਂ ਬਿਜਲੀ ਅਤੇ ਸਿੰਜਾਈ ਦੇ ਵਾਸਤੇ ਰਖਿਆ ਹੈ। ਬਾਕੀ ਜਿਹੜੇ 19 ਪੁਆਇੰਟ ਹਨ ਉਨ੍ਹਾਂ ਵਾਸਤੇ ਸਿਰਫ 5 ਕਰੋੜ ਰੁਪਿਆ ਰਖਿਆ ਹੈ। ਮੈਂ ਇਹ ਬੇਨਤੀ ਕਰਦਾ ਹਾਂ ਕਿ ਇਹ ਜਿਹੜਾ ਬਿਜਲੀ ਅਤੇ ਸਿੰਜਾਈ ਵਾਸਤੇ 119 ਕਰੋੜ ਰੁਪਿਆ ਰਖਿਆ ਹੈ, ਇਹ ਤਾਂ ਤੁਸੀਂ ਰੱਖਣਾ ਹੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਕਨੇਡੀਅਨ]

ਸੀ, ਇਹ ਤਾਂ ਹਰ ਸਾਲ ਹੀ ਇਸੇ ਤਰ੍ਹਾਂ ਹੀ ਰਖਿਆ ਜਾਂਦਾ ਹੈ, ਉਹੀ ਇਨ੍ਹਾਂ ਨੇ ਇਸ ਵਿਚ ਰਖਿਆ ਹੈ । ਪਰ ਬਾਕੀ 19 ਨੁਕਤਿਆਂ ਵਾਸਤੇ ਤਾਂ ਇਨ੍ਹਾਂ ਨੇ ਸਿਰਫ 5 ਕਰੋੜ ਹੀ ਰਖਿਆ ਹੈ, ਇਸ ਲਈ ਇਹ ਬਾਕੀ ਦੇ 19 ਪੁਆਇੰਟ ਕਿਸ ਤਰ੍ਹਾਂ ਸਿਰੇ ਚੜ੍ਹ ਸਕਣਗੇ ?

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਸੀਲਿੰਗ ਲਾਗੂ ਕਰਨ ਲਈ 1 ਕਰੋੜ 49 ਲੱਖ ਰੁਪਿਆ ਰਖਿਆ ਹੈ ਪਰ ਪਿਛਲੇ ਸਾਲ ਜਿਸ ਵੇਲੇ ਇਹ 20 ਪੁਆਇੰਟ ਦਾ ਪ੍ਰੋਗਰਾਮ ਨਹੀਂ ਸੀ ਤਾਂ ਉਸ ਵੇਲੇ ਇਨ੍ਹਾਂ ਨੇ ਇਸ ਵਾਸਤੇ 1 ਕਰੋੜ 72 ਲੱਖ ਰੁਪਿਆ ਰਖਿਆ ਸੀ । ਇਸ ਦਾ ਮਤਲਬ ਇਹ ਹੈ ਕਿ ਹੁਣ ਇਨ੍ਹਾਂ ਨੇ ਇਸ ਵਾਸਤੇ ਜਦ ਕਿ 20 ਪੁਆਇੰਟ ਪ੍ਰੋਗਰਾਮ ਲਾਗੂ ਕਰਨਾ ਹੈ ਇਸ ਲਈ ਘੱਟ ਪੈਸਾ ਰੱਖਿਆ ਹੈ, ਇਹ ਇਨ੍ਹਾਂ ਦਾ ਦਾਰੋਮਦਾਰ ਹੈ ।

ਇਸ ਤੋਂ ਅੱਗੇ, ਡਿਪਟੀ ਸਪੀਕਰ ਸਾਹਿਬ, ਮੈਂ ਮਕਾਨਾਂ ਬਾਰੇ ਕੁਝ ਬੇਨਤੀ ਕਰਦਾ ਹਾਂ। ਇਨ੍ਹਾਂ ਨੇ ਕਿਹਾ ਹੈ ਕਿ 12,700 ਨੂੰ ਮਕਾਨ ਬਣਾ ਕੇ ਦਿੱਤੇ ਹਨ । ਪਰ ਮੈਂ ਜਦੋਂ ਵੀ ਆਪਣੇ ਪਿੰਡ ਵਲ ਵੇਖਦਾ ਹਾ ਜਾਂ ਆਪਣੇ ਪਿੰਡ ਦੇ ਆਲੇ ਦੁਆਲੇ ਵੇਖਦਾ ਹਾਂ ਤਾਂ ਮੈਨੂੰ ਤਾਂ ਕੋਈ ਇੰਨੇ ਮਕਾਨ ਬਣੇ ਨਜ਼ਰ ਨਹੀਂ ਆਉਂਦੇ । ਇਹ ਤਾਂ ਸਿਰਫ ਕਾਗਜ਼ੀ ਕਾਰਵਾਈ ਕੀਤੀ ਗਈ ਹੈ ਪਰ ਅਸਲ ਤਾਂ ਸਿਰਫ 2—4 ਹਜ਼ਾਰ ਨੂੰ ਹੀ ਦਿੱਤੇ ਗਏ ਹਨ । ਇਨ੍ਹਾਂ ਨੇ ਇਹ ਵੀ ਕਿਹਾ ਕਿ 3 ਲੱਖ ਤੋਂ ਵੱਧ ਵਿਅਕਤੀਆਂ ਨੂੰ ਪਲਾਟ ਦਿੱਤੇ ਜਾ ਚੁਕੇ ਹਨ, ਪਰ ਜਿਹੜੇ ਪਲਾਟ ਉਨ੍ਹਾਂ ਨੂੰ ਦਿੱਤੇ ਗਏ ਉਥੇ ਕੋਈ ਜਾਣ ਨੂੰ ਤਿਆਰ ਨਹੀਂ । ਇਹ ਪਲਾਟ ਉਨ੍ਹਾਂ ਨੂੰ ਟੋਖਿਆਂ ਵਿਚ ਅਤੇ ਜੰਗਲਾਂ ਵਿਚ ਦਿੱਤੇ ਗਏ ਹਨ ਜਿਥੇ ਕਿ ਵਸੋਂ ਹੀ ਨਹੀਂ ਹੈ । ਜਿਨ੍ਹਾਂ ਲੋਕਾਂ ਨੂੰ ਇਹ ਪਲਾਟ ਦਿੱਤੇ ਹਨ ਉਹ ਉਥੇ ਜਾਣ ਨੂੰ ਤਿਆਰ ਨਹੀਂ ਹਨ, ਇਸ ਲਈ ਮੇਰੀ ਬੇਨਤੀ ਹੈ ਕਿ ਜਿਹੜੇ ਉਨ੍ਹਾਂ ਨੂੰ ਪਲਾਟ ਦਿੱਤੇ ਜਾਂਦੇ ਹਨ ਉਹ ਉਨ੍ਹਾਂ ਨੂੰ ਟੋਬਿਆਂ ਵਿਚ ਨਹੀਂ ਦੇਣੇ ਚਾਹੀਦੇ । ਪਿਛਲੇ ਸਾਲ ਸਾਡੀ ਸਰਕਾਰ ਨੇ ਇਸ ਵਾਸਤੇ 2 ਕਰੋੜ 38 ਲੱਖ ਰੁਪਿਆ ਰਖਿਆ ਸੀ ਅਤੇ ਇਸ ਸਾਲ ਇਨ੍ਹਾਂ ਨੇ ਇਸ ਵਾਸਤੇ 2 ਕਰੋੜ 10 ਲੱਖ ਰੁਪਿਆ ਰਖਿਆ ਹੈ, ਇਹ ਇਨ੍ਹਾਂ ਦੇ ਜਿਹੜੇ ਆਂਕੜੇ ਹਨ ਉਹ ਦੱਸਦੇ ਹਨ । ਇਸ ਨਾਲ ਇਹ ਕਿਸ ਤਰ੍ਹਾਂ ਦਾਵਾ ਕਰਦੇ ਹਨ ਕਿ ਅਸੀਂ ਐਨੇ ਵੱਧ ਮਕਾਨ ਜਾਂ ਪਲਾਟ ਗਰੀਬਾਂ ਨੂੰ ਦੇਣੇ ਹਨ ਫਿਰ ਸਾਡੀ ਸਰਕਾਰ ਕਹਿੰਦੀ ਹੈ ਕਿ ਅਸੀਂ 12,700 ਖੰਡ ਦੇ ਡਿਪੂ ਖੋਲ੍ਹ ਦਿੱਤੇ ਹਨ, ਪਰ ਖੰਡ ਕਿਤੇ ਮਿਲਦੀ ਨਹੀਂ ਇਸ ਲਈ ਇਹ ਜਿਹੜਾ ਪਬਲਿਕ ਡਿਸਟਰੀਬਿਊਸ਼ਨ ਸਿਸਟਮ ਹੈ ਇਹ ਵੀ ਠੀਕ ਨਹੀਂ ਹੈ । ਇਸ ਵਿਚ ਸਰਕਾਰ ਨੂੰ ਸੁਧਾਰ ਲਿਆਉਣਾ ਚਾਹੀਦਾ ਹੈ ! ਸਾਡੀ ਸਰਕਾਰ ਨੇ ਇਹ ਐਲਾਨ ਕੀਤਾ ਹੈ ਕਿ 3 ਲੱਖ ਪਲਾਟ ਦਿੱਤੇ ਜਾਣੇ ਹਨ, ਪਰ ਇਹ ਜਿਹੜੇ ਪਲਾਟ ਦਿੱਤੇ ਜਾਂਦੇ ਹਨ ਟੋਬਿਆਂ ਵਿਚ ਦਿੱਤੇ ਜਾਂਦੇ ਹਨ, ਜਿਥੇ ਕਿ ਕੋਈ ਜਾਣਾ ਪਸੰਦ ਵੀ ਨਹੀਂ ਕਰਦਾ । ਮੈਂ ਇਸ ਦੇ ਲਈ ਇਹ ਵੀ ਬੇਨਤੀ ਕਰਦਾ ਹਾਂ ਕਿ ਇਹ ਜਿਹੜੇ ਪਲਾਟਾਂ ਦਾ ਕੰਮ ਹੈ ਇਹ ਸਿਰਫ ਕਾਗਜ਼ਾਂ ਵਿਚ ਹੀ ਨਹੀਂ ਰਹਿਣਾ ਚਾਹੀਦਾ ਇਸ ਨੂੰ ਅਸਲੀ ਰੂਪ ਦੇਣਾ ਚਾਹੀਦਾ ਹੈ ਅਤੇ ਜਿਹੜੇ ਪਲਾਟ ਦਿਤੇ ਜਾਣ ਉਹ ਐਸੀ ਥਾਂ ਤੇ ਦਿੱਤੇ ਜਾਣ ਜਿਥੇ ਕਿ ਲੋਕ ਮਕਾਨ ਪਾਉਣਾ ਪਸੰਦ ਕਰਨ ਇਹ ਨਾ ਹੋਵੇ ਕਿ ਉਨ੍ਹਾਂ ਨੂੰ ਟੋਬਿਆਂ ਵਿਚ ਦਿੱਤੇ ਜਾਣ । ਸਰਕਾਰ ਦਾ ਇਥੇ ਐਲਾਨ ਕਰਨ ਅਤੇ ਉਸ ਨੂੰ ਅਮਲੀ ਰੂਪ ਦੇਣ ਵਿਚ ਇਹੀ ਅੰਤਰ ਹੈ ਕਿ ਕਾਗਜ਼ਾਂ ਵਿਚ ਤਾਂ ਸਭ ਕੁਝ ਲਿੱਖ ਦਿੱਤਾ ਜਾਂਦਾ ਹੈ, ਪਰ ਅਸਲ ਵਿਚ ਉਹ ਪੂਰਾ ਨਹੀਂ ਹੋ ਸਕਦਾ । ਇਸ ਦੇ ਬਾਰੇ ਮੈਂ ਦਸਦਾ ਹਾਂ ਕਿ ਇਨ੍ਹਾਂ ਨੇ ਪਿਛਲੇ ਸਾਲ ਇਸ ਵਾਸਤੇ 83 ਲੱਖ ਰੁਪਿਆ ਅਤੇ ਇਸ ਸਾਲ ਇਸ ਲਈ ਇਕ ਕਰੋੜ ਰੁਪਿਆ ਰਖਿਆ ਹੈ,

Original with;
Punjab Vidhan Sabha
Digitized by;
Panjab Digital Library

ਜਿਸ ਦੇ ਨਾਲ ਇਨ੍ਹਾਂ ਨੇ ਉਨ੍ਹਾਂ ਗਰੀਬ ਆਦਮੀਆਂ ਨੂੰ 4, 4 ਹਜ਼ਾਰ ਦਾ ਕੋਠਾ ਪਾ ਕੇ ਦੇਣਾ ਹੈ, ਇਸ ਹਿਸਾਬ ਨਾਲ ਤਾਂ ਇਸ ਰਕਮ ਨਾਲ ਕਰੀਬ 46 ਸੌ ਹੀ ਕੋਠੇ ਪੈ ਸਕਣਗੇ ਪਰ ਜਿਹੜੀਆਂ ਦਰਖਾਸਤਾਂ ਆਈਆਂ ਹਨ ਉਨ੍ਹਾਂ ਦੀ ਗਿਣਤੀ ਹੈ 3 ਲੱਖ। ਬਾਕੀ ਦੇ ਕਿਥੇ ਜਾਣਗੇ ?

ਸਾਨੂੰ ਇਸ ਦੇ ਲਈ ਕੇਰਲਾ ਦੀ ਮਿਸਾਲ ਲੈਣੀ ਚਾਹੀਦੀ ਹੈ। ਉਨ੍ਹਾਂ ਨੇ ਇਕ ਲੱਖ ਗਰੀਬ ਲੋਕਾਂ ਨੂੰ ਕੋਠੇ ਪਾ ਕੇ ਦਿੱਤੇ ਹਨ। ਉਨ੍ਹਾਂ ਦੀ ਇਸ ਸਰਕਾਰ ਨੂੰ ਨਕਲ ਕਰਨੀ ਚਾਹੀਦੀ ਹੈ। ਫਿਰ ਜਿਹੜੀ ਜ਼ਮੀਨ ਇਨ੍ਹਾ ਨੇ ਹਰੀਜਨਾਂ ਨੂੰ ਦੇਣ ਵਾਸਤੇ ਰਖੀ ਹੈ ਇਹ ਵੀ ਬੜੀ ਘੱਟ ਹੈ। ਮੇਰੀ ਬੇਨਤੀ ਹੈ ਕਿ ਇਸ ਵਲ ਵੀ ਧਿਆਨ ਦੇ ਕੇ ਹਰੀਜਨਾਂ ਨੂੰ ਜ਼ਮੀਨ ਦੇਣੀ ਚਾਹੀਦੀ ਹੈ।

ਹੁਣ ਮੈਂ ਵਿਦਿਆਰਥੀਆਂ ਬਾਰੇ ਕੁਝ ਅਰਜ਼ ਕਰਨੀ ਚਾਹੁੰਦਾ ਹਾਂ। ਇਨ੍ਹਾਂ ਨੇ ਪਿਛਲੇ ਸਾਲ ਇਸ ਵਾਸਤੇ 20 ਲੱਖ ਰੁਪਿਆ ਰਖਿਆ ਸੀ ਅਤੇ ਹੁਣ ਰਖਿਆ ਹੈ 12 ਲੱਖ 80 ਹਜ਼ਾਰ, ਇਹ ਘੱਟ ਗਿਆ ਹੈ। ਜਦ ਕਿ ਸਾਡੀ ਪ੍ਰਾਈਮ ਮਨਿਸਟਰ ਦੇ 20-ਪੁਆਇੰਟ ਪ੍ਰੋਗਰਾਮ ਵਿਚ ਇਸ ਤੇ ਜ਼ੋਰ ਦਿੱਤਾ ਗਿਆ ਹੈ। ਇਸ ਪੱਖ ਵਿਚ ਵੀ ਇਸ ਵਿਚ ਸੁਧਾਰ ਕਰਨ ਦੀ ਲੋੜ ਹੈ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਹ ਜਿਹੜਾ ਇਨ੍ਹਾਂ ਨੇ 20-ਪੁਆਇੰਟ ਦੇ ਵਾਸਤੇ ਪੈਸਾ ਰਖਿਆ ਹੈ ਇਹ ਬਹੁਤ ਥੋੜ੍ਹਾ ਰਖਿਆ ਹੈ ਇਹ ਜ਼ਰੂਰ ਵੱਧ ਹੋਣਾ ਚਾਹੀਦਾ ਸੀ।

ਅਗਲੀ ਗਲ ਮੈਂ ਜਿਹੜੀ ਕਰਨੀ ਚਾਹੁੰਦਾ ਹਾਂ (ਘੰਟੀ) ਮੈਂ ਸਿਰਫ 2 ਗੱਲਾਂ ਹੀ ਕਰਨੀਆਂ ਹਨ, ਇਹ ਦੋਨੇ ਗੱਲਾਂ ਕਹਿ ਕੇ ਮੈਂ ਸਮਾਪਤ ਕਰਾਂਗਾ। ਪਹਿਲੀ ਗੱਲ ਤਾਂ ਇਹ ਹੈ ਕਿ ਜਿਹੜੀ ਇਹ ਕਹਿੰਦੇ ਹਨ ਕਿ ਸਮਾਜਵਾਦ ਵਿਚ ਸੁਧਾਰ ਲਿਆਉਣਾ ਹੈ। ਇਹ ਗਰੀਬਾਂ ਦੀ ਭਲਾਈ ਕਰਨਾ ਚਾਹੁੰਦੇ ਹਨ। ਜਿਹੜੀ ਗਲ ਵੀ ਇਹ ਕਰਦੇ ਹਨ ਇਹ ਕਹਿੰਦੇ ਹਨ ਕਿ ਇਹ ਸਮਾਜਵਾਦੀ ਕਦਮ ਹੈ। ਸਮਾਜਵਾਦੀ ਕਦਮ ਤਾਂ ਉਹੀ ਹੋ ਸਕਦਾ ਹੈ ਜਿਹੜਾ ਕਿ ਸਰਮਾਏਦਾਰੀ ਨੂੰ ਖਤਮ ਕਰਕੇ ਗਰੀਬਾਂ ਨੂੰ ਉਚਾ ਚੁਕਿਆ ਜਾਵੇ। ਕਾਰਖਾਨੇ, ਟ੍ਰਾਂਸਪੋਰਟ ਆਦਿ ਸਭ ਨੂੰ ਆਪਣੇ ਹੱਥਾਂ ਵਿਚ ਲਿਆ ਜਾਵੇ ਤਾਕਿ ਜਿਹੜੇ ਵੱਡੇ ਵੱਡੇ ਸਰਮਾਏਦਾਰ ਹਨ ਉਨ੍ਹਾਂ ਤੇ ਕੁਝ ਅਸਰ ਪੈ ਸਕੇ। ਜਿੰਨੇ ਤਕ ਇਹ ਨਹੀਂ ਕੀਤਾ ਜਾਂਦਾ ਇੰਨੇ ਤਕ ਸਮਾਜਵਾਦ ਵਿਚ ਸੁਧਾਰ ਨਹੀਂ ਆ ਸਕਦਾ। ਜਿਹੜੇ ਗੱਧੇ ਹਨ ਉਨ੍ਹਾਂ ਨੇ ਗੱਧੇ ਹੀ ਰਹਿਣਾ ਹੈ ਉਨ੍ਹਾਂ ਨੇ ਕਪਿਲਾ ਗਊ ਨਹੀਂ ਬਣ ਜਾਣਾ। ਸਾਡੇ ਗਵਰਨਰ ਸਾਹਿਬ ਨੇ ਵੀ ਆਪਣੇ ਐਡਰੈਸ ਵਿਚ 9 ਸਫੇ ਤੇ ਸਮਾਜਵਾਦ ਵਿਚ ਸੁਧਾਰ ਲਿਆਉਣ ਬਾਰੇ ਕਿਹਾ ਹੈ।

ਇਹ ਜਨਤਾ ਨੂੰ ਰਿਆਇਤਾਂ ਦੇਣ ਦੇ ਕਦਮ ਹਨ। ਮੇਰੇ ਪਾਸ, ਡਿਪਟੀ ਸਪੀਕਰ ਸਾਹਿਬ, ਇਕ ਕਿਤਾਬ ਪਈ ਹੈ। ਇਹ ਕਾਗਜ਼ ਹੈ ਫਿਲਪ ਦਾ, ਜਿਹੜਾ ਸੀ. ਆਈ. ਏ. ਦਾ ਬਹੁਤ ਵੱਡਾ ਏਜੰਟ ਰਿਹਾ ਹੈ। ਉਹ ਕਹਿੰਦਾ ਹੈ ਕਿ ਅਮਰੀਕਾ ਦੀਆਂ ਜਿਹੜੀਆਂ ਮਲਟੀ-ਨੈਸ਼ਨਲ ਕਾਰਪੋ-ਰੇਸ਼ਨਜ਼ ਹਨ ਉਨ੍ਹਾਂ ਨੂੰ ਚਾਹੀਦਾ ਹੈ ਕਿ ਮਿਲਕੇ ਲੁੱਟ ਖਸੁੱਟ ਕਰਨ। ਅੱਛਾ ਲਓ ਜੀ ਇਹ ਸੁਣ ਲੈਣਾ :

American multinational corporations have built up colossal interests all over the world, and you can bet your ass that wherever you find U.S. business interests, you also find the CIA. Why? Because the foreign operations of American companies

Original with;
Punjab Vidhan Sabha
Digitized by;
Panjab Digital Library

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ]

are the key to your domestic prosperity. The multinational corporations want a peaceful status quo in countries where they have investments, because that gives them undisturbed access to cheap raw materials, cheap labour and stable markets for their finished goods. The status quo suits bankers, because their money remains secure and multiplies. And, of course, the status quo suits the small ruling groups the CIA supports abroad, because all they want is to keep themselves on top of the socio-economic pyramid and the majority of their people on the bottom.

ਗਰੀਬ ਜਨਤਾ ਨੂੰ ਹੇਠਾਂ ਰੱਖੋ ਔਰ ਲੁੱਟ ਖਸੁੱਟ ਕਰੋ । ਇਹ ਹਨ ਅਮਰੀਕਾ ਦੀਆਂ ਮਲਟੀ ਨੈਸ਼ਨਲ ਕਾਰਪੋਰੇਸ਼ਨਜ਼ । ਇਹ ਲੋਕ ਉਨ੍ਹਾਂ ਦੇ ਕਾਰਕੁਨ ਬਣ ਜਾਂਦੇ ਹਨ ਔਰ ਸੀ. ਆਈ. ਏ. ਦੇ ਏਜੰਟ ਬਣ ਜਾਂਦੇ ਹਨ । ਸੰਨ 1961-62 ਦਾ ਕਿਊਬਾ ਵਿਚ ਅਸਰ ਪੈ ਰਿਹਾ ਹੈ । ਉਥੇ ਇਕੂਏਡਰ ਜਿਹੜਾ ਹੈ ਉਹ ਵੇਖਦਾ ਹੈ ਕਿ ਲਹਿਰ ਜਿਹੜੀ ਹੈ ਉਹ ਤਕੜੀ ਨਾ ਹੋ ਜਾਏ । ਮੈਂ ਉਸ ਦੇ ਕਹਿਣੇ ਮੁਤਾਬਿਕ ਦੱਸ ਦਿੰਦਾ ਹਾਂ । ਹਾਂ ਜੀ ਮੈਂ ਇੰਗਲਿਸ਼ ਵਿਚ ਹੀ ਪੜ੍ਹ ਦਿੰਦਾ ਹਾਂ । ਫਿਲਪ ਕੀ ਜਵਾਬ ਦਿੰਦਾ ਹੈ, ਕਹਿੰਦਾ ਹੈ :—

The amount spent was about * 2,000,000. We bought everybody willing to sell himself to get our jobs done. The vice-president of the country-his name was Reinaldo Varea— was a CIA agent. We paid him * 1000 a month and kept a suite for him in Quoto's best hotel, where he could take his girl friends. The President's personal physician, Felipe Ovalle, was on the CIA's pay roll, too. So were the president of the Chamber of Deputies, the minister of the treasury, the minister of labour and the chief of policy intelligence......

ਜਿਸ ਦਾ ਨਾਮ ਸੀ ਮੈਟੀਓਨ ਕਰਾਊਨ, ਮੈਕਸੀਕੋ ਦਾ ਪ੍ਰੈਜ਼ੀਡੈਂਟ ਹੈ, ਉਹ ਮੱਦਦ ਦੇ ਰਿਹਾ ਹੈ । ਲੋਕਾਂ ਨੂੰ ਜੇਲ ਵਿਚ ਫਸਾ ਕੇ, ਆਜ਼ਾਦੀ ਦੀ ਜੇਲ੍ਹ ਵਿਚ ਰੱਖਿਆ ਗਿਆ ਹੈ । ਜਿਹੜੇ ਲੋਕ ਦੇਸ਼ ਵਿਚ ਤਬਦੀਲੀ ਨਹੀਂ ਚਾਹੁੰਦੇ ਉਹ ਉਨ੍ਹਾਂ ਨੂੰ ਫੜਦੇ ਹਨ । ਇਸ ਲਈ ਮੈਂ ਇਹ ਕਹਾਂਗਾ ਕਿ ਸਾਨੂੰ ਵੀ ਇਸ ਕਿਸਮ ਦੇ ਜਿਹੜੇ ਐਲੀਮੈਂਟਸ ਹਨ ਉਨ੍ਹਾਂ ਨੂੰ ਖਤਮ ਕਰਨਾ ਚਾਹੀਦਾ ਹੈ । ਇਸ ਬਾਰੇ ਪ੍ਰੋਵੀਜ਼ਨ ਹੋਣਾ ਚਾਹੀਦਾ ਹੈ ।

ਅੰਤ ਵਿਚ ਮੈਂ ਅਕਾਲੀ ਭਰਾਵਾਂ ਬਾਰੇ ਕਹਿਕੇ ਆਪਣੀ ਸਪੀਚ ਨੂੰ ਖਤਮ ਕਰ ਦੇਣਾ ਹੈ । ਡਿਪਟੀ ਸਪੀਕਰ ਸਾਹਿਬ, ਇਕ ਪੰਜਾਬੀ ਵਿਚ ਮਿਸਾਲ ਆਉਂਦੀ ਹੈ । ਕਿਸੇ ਨੂੰ ਸਜ਼ਾ ਮਿਲਣੀ ਸੀ । ਉਸ ਨੂੰ ਕਿਹਾ ਕਿ ਸੌ ਜੁੱਤੀਆਂ ਜਾਂ 100 ਗੰਢੇ । ਉਸ ਨੇ ਗੰਢੇ ਖਾਣੇ ਮੰਨ ਲਏ । ਜਦੋਂ ਦਸ ਕੁ ਗੰਢੇ ਖਾਧੇ ਤਾਂ ਹੋਰ ਖਾਧੇ ਨਾ ਜਾਣ ਤਾਂ 10 ਜੁੱਤੀਆਂ ਖਾਧੀਆਂ । ਦਸ ਜੁੱਤੀਆਂ ਖਾਣ ਤੋਂ ਬਾਅਦ ਫਿਰ ਗੰਢਿਆਂ ਵਲ ਹੋ ਗਿਆ । ਡਿਪਟੀ ਸਪੀਕਰ ਸਾਹਿਬ, ਮੈਨੂੰ ਤਾਂ ਸਮਝ ਨਹੀਂ ਆਉਂਦੀ ਕਿ ਪਹਿਲਾਂ ਤਾਂ ਖੱਪ ਕਰ ਲਈ ਔਰ ਫਿਰ ਮੁਆਫੀ ਮੰਗ ਲਈ । ਫਿਰ ਮੁਆਫੀ ਮੰਗਣ ਵਾਲੇ ਪਾਸੇ ਵੀ ਤੁਰ ਪਏ । ਫਿਰ ਇਥੋਂ ਚਲੇ ਵੀ ਗਏ । ਜੇਕਰ ਉਹ ਇਥੇ ਹੋਣ ਤਾਂ ਸੁਣ ਵੀ ਲੈਣ । ਪਰ ਜੇਕਰ ਉਹ ਨਹੀਂ ਵੀ ਸੁਣਦੇ, ਤਾਂ ਮੈਂ ਕਰਨੀ ਵੀ ਜ਼ਰੂਰ ਹੈ ਕਿਉਂਕਿ ਪੰਜਾਬ ਦਾ ਇਸ ਨਾਲ ਤੁਅਲਕ ਹੈ । ਉਹ ਹਰ ਵੇਲੇ ਕਹਿੰਦੇ ਹਨ ਕਿ ਅਸੀਂ ਸਿੱਖਾਂ ਦੇ ਰਾਖੇ ਹਾਂ, ਪੰਜਾਬ ਦੇ ਰਾਖੇ ਹਾਂ, ਕਿਸਾਨ ਦੇ ਰਾਖੇ ਹਾਂ । ਕਹਿੰਦੇ ਹਨ, ਹਮ ਹੈਂ ਸਹੀ ਪੰਜਾਬ ਕੇ ਰਾਖੇ । ਪਹਿਲਾਂ ਤਾਂ ਉਨ੍ਹਾਂ ਨੇ ਪੰਜਾਬੀ ਸੂਬਾ ਬਣਵਾਇਆ, ਉਸਦੇ ਨਾਲ ਸਿੱਖਾਂ ਦਾ ਕੀ ਭਲਾ ਹੋਇਆ, ਇਹ ਵੀ ਸੁਣ ਲਓ । ਹਰਿਆਣੇ ਵਿਚੋਂ ਜ਼ਮੀਨਾਂ ਮਿਲਣੀਆਂ ਬੰਦ ਹੋ ਗਈਆਂ, ਨਕਰੀਆਂ ਮਿਲਣੀਆਂ ਬੰਦ ਹੋ ਗਈਆਂ । ਪੰਜਾਬੀ ਪੜ੍ਹਨੀ ਬਾਹਰ ਬੰਦ ਹੋ ਗਈ । ਕੋਈ ਓ, ਐੜਾ ਪੰਜਾਬ ਤੋਂ ਬਾਹਰ ਨਹੀਂ ਪੜ੍ਹਦਾ । ਸੋ ਪੰਜਾਬੀ ਤਾਂ ਬਾਹਰ ਪੜ੍ਹਨੀਂ ਪੜ੍ਹਾਉਣੀ ਬੰਦ ਹੋ ਗਈ । ਫਿਰ ਅਬੋਹਰ ਅਤੇ ਫਾਜ਼ਿਲਕਾ ਵੀ ਬਖਸ਼ ਦਿੱਤੇ,

Original with;
Punjab Vidhan Sabha
Digitized by;
Panjab Digital Library

ਅੱਧਾ ਜ਼ਿਲ੍ਹਾ ਦੂਸਰੇ ਪਾਸੇ ਦੇ ਦਿੱਤਾ। ਡਿਪਟੀ ਸਪੀਕਰ ਸਾਹਿਬ, ਇਹ ਸਿੱਖਾਂ ਦਾ ਭਲਾ ਨਹੀਂ ਹੈ, ਗਲ ਇਹ ਹੈ ਕਿ ਚੌਧਰ ਜੋ ਹੈ, ਲੈਂਡ ਲਾਰਡਜ਼ ਜਿਹੜੇ ਹਨ, ਉਨ੍ਹਾਂ ਦਾ ਇੰਟਰੈਸਟ ਜਿਹੜਾ ਹੈ, ਉਸ ਦੀ ਰਾਖੀ ਕਰਦੇ ਹਨ। ਲੈਂਡ ਲਾਰਡਜ਼ ਨੂੰ ਚੌਧਰ ਚਾਹੀਦੀ ਹੈ। ਜਦੋਂ ਦੀ ਕਾਂਗਰਸ ਖੇਤਰ ਵਿਚ ਆ ਗਈ ਹੈ, ਉਨ੍ਹਾਂ ਦੀ ਉਹ ਚੌਧਰ ਬਣਦੀ ਨਹੀਂ ਹੈ। ਲੈਂਡ ਸੀਲਿੰਗ ਪਾਸ ਕਰ ਦਿੰਦੇ ਹਨ। ਇਹ ਵੈਸੇ ਤਾਂ ਕਹਿੰਦੇ ਹਨ ਕਿ ਅਸੀਂ ਡਰਦੇ ਨਹੀਂ, ਪਰ ਰਾਤ ਨੂੰ ਕੱਚੀਆਂ ਤ੍ਰੇਲੀਆਂ ਆਉਂਦੀਆਂ ਹਨ। ਇਨ੍ਹਾਂ ਨੇ ਪੰਜਾਬੀ ਸੂਬਾ ਤਾਂ ਇਸ ਤਰ੍ਹਾਂ ਦਾ ਬਣਾਇਆ ਸੀ ਕਿ ਉਨ੍ਹਾਂ ਦੀ ਚੌਧਰ ਚਲਦੀ ਰਹੇ। ਲੇਕਿਨ ਉਨ੍ਹਾਂ ਦੇ ਪੈਰ ਲਗੇ ਨਹੀਂ ਤਾਂ ਕੀ ਕੀਤਾ। ਇਨ੍ਹਾਂ ਦੇ ਹਿਮਾਇਤੀ ਕਹਿਣ ਲਗੇ :—

"ਧੋਤੀ ਟੋਪੀ ਜਮਨਾ ਪਾਰ"

ਅਤੇ ਇਸ ਤਰ੍ਹਾਂ ਹੀ "ਕੱਛ, ਕੜਾ, ਕਿਰਪਾਨ, ਕੰਘਾ ਭੇਜੋ ਇਨ੍ਹਾਂ ਨੂੰ ਪਾਕਿਸਤਾਨ"। ਉਹ ਜਨਸੰਘ ਜਿਹੜਾ ਕਿ ਪੰਜਾਬੀ ਸੂਬੇ ਦੇ ਖਿਲਾਫ ਸੀ, ਉਹ ਜਨਸੰਘ ਜਿਹੜਾ ਬਾਹਰਲੇ ਦੇਸ਼ਾਂ ਦੇ ਏਜੰਟ ਨੇ, ਉਹ ਜਨਸੰਘ ਜਿਨ੍ਹਾਂ ਨੇ ਕਦੇ ਨਹੀਂ ਕਿਹਾ ਕਿ ਦੇਸ਼ ਨੂੰ ਤਕੜਾ ਕਰਨਾ ਹੈ, ਉਹ ਜਨਸੰਘ ਜਿਹੜਾ ਵਪਾਰੀਆਂ ਦਾ ਰਾਖਾ ਹੈ, ਇਨ੍ਹਾਂ ਨੇ ਉਸ ਨਾਲ ਹੱਥ ਮਿਲਾਇਆ। ਹੁਣ ਹੱਥ ਮਿਲਦਿਆਂ ਕਿੱਥੇ ਪੁੱਜ ਗਏ, ਜਨਸੰਘ ਦੀ ਗੱਡੀ ਬੈਠ ਗਏ ਜਿਸ ਨੂੰ ਅਮਰੀਕਾ ਦਾ ਇੰਜਨ ਲਗਿਆ ਹੋਇਆ ਹੈ। ਇਹ ਠੀਕ ਹੈ ਕਿ ਅਕਾਲੀਆਂ ਨੇ ਆਜ਼ਾਦੀ ਦੀ ਲਹਿਰ ਵਿਚ ਬੜਾ ਹਿੱਸਾ ਪਾਇਆ ਹੈ। ਲੇਕਿਨ ਇਹ ਜਨਸੰਘ ਦੀ ਗੱਡੀ ਵਿਚ ਬੈਠ ਗਏ ਹਨ ਔਰ ਅਮਰੀਕਾ ਦੇ ਰਸਤੇ ਤੇ ਪੈ ਗਏ ਹਨ। ਅੱਗੇ ਕਿਸ ਨੂੰ ਲਗਾ ਦਿੱਤਾ, ਜੇ. ਪੀ. ਨੂੰ ਔਰ ਪਰਕਾਸ਼ ਸਿੰਘ ਬਾਦਲ ਹੋਰੀਂ ਪਿੱਛੇ ਪਿੱਛੇ ਚਲਣ ਲਗ ਪਏ। ਜਿਸ ਗੱਡੀ ਵਿਚ ਇਹ ਬੈਠੇ ਹਨ ਉਹ ਕਿਸ ਦੀ ਹੈ ? ਮੁਰਾਰ ਜੀ ਦੀ। ਔਰ ਅੱਗੇ ਕਿਸ ਨੂੰ ਲਗਾਇਆ ਹੈ, ਜੈ ਪ੍ਰਕਾਸ਼ ਨੂੰ। ਉਸ ਨੂੰ ਕਿਉਂ ਲਾਇਆ ? ਇਸ ਲਈ ਕਿ ਜਦੋਂ ਰਾਵਣ ਨੇ ਸੀਤਾ ਨੂੰ ਭਰਮਾਣਾ ਸੀ ਤਾਂ ਉਸ ਨੇ ਮੋਹਰੇ ਦੀ ਸੁਨਹਿਰੀ ਹਿਰਨ ਲੰਘਾਇਆ ਸੀ। ਜੇ. ਪੀ. ਸੁਨੈਹਰੀ ਹਿਰਨ ਸਮਝਕੇ ਮੋਹਰੇ ਲਗਾਇਆ ਹੈ ਤਾਕਿ ਜਨਤਾ ਨੂੰ ਭਰਮਾਇਆ ਜਾ ਸਕੇ ਔਰ ਉਹ ਉਸ ਦੇ ਪਿੱਛੇ ਲੱਗ ਜਾਵੇ। ਇਸ ਲਈ ਮੈਂ ਕਹਿੰਦਾ ਹਾਂ ਕਿ ਅਕਾਲੀ ਦਲ ਬੜੇ ਖਤਰਨਾਕ ਰਾਹ ਤੇ ਖੜਾ ਹੈ। ਮੇਰਾ ਖਿਆਲ ਹੈ ਕਿ ਸ਼ਾਇਦ ਇਹ ਵਾਪਸੀ ਕੁਝ ਮੋੜ ਪਾਉਣਗੇ।......

**ਸ੍ਰੀ ਡਿਪਟੀ ਸਪੀਕਰ** : ਕਨੇਡੀਅਨ ਸਾਹਿਬ, ਰੈਲੇਵੈਂਟ ਬੋਲੋ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਬੱਸ ਮੁੱਕ ਗਿਆ ਜੀ। ਗਲ ਹੀ ਮੁਕ ਗਈ ਹੈ। ਪਰ ਇਕ ਗਲ ਜਿਹੜੀ ਕਿ ਮੈਂ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਅਕਾਲੀ ਦਲ ਜਨਸੰਘ ਨਾਲ ਰਲ ਕੇ ਦੇਸ਼ ਦਾ ਭਾਰੀ ਨੁਕਸਾਨ ਕਰ ਰਿਹਾ ਹੈ, ਸੇਵਾ ਨਹੀਂ ਕਰ ਰਿਹਾ। ਮੇਰੀ ਅੰਤਮ ਗਲ ਇਹ ਹੈ ਕਿ ਜਿਹੜੀਆਂ ਇਨਕਲਾਬੀ ਪਾਰਟੀਆਂ ਹਨ ਜਿਹੜੀਆਂ ਕਿ ਇਹ ਸਮਝਦੀਆਂ ਹਨ ਕਿ ਹਨੂਮਾਨ ਦੀ ਪੂਛ ਨੂੰ ਅੱਗ ਲਗਾ ਦਿੱਤੀ ਹੈ ਉਹ ਵੀ ਠੀਕ ਨਹੀਂ ਕਰ ਰਹੀਆਂ। ਕਾਂਗਰਸ ਵਿਚ ਭਾਵੇਂ 3200 ਨੁਕਸ ਹੋਣਗੇ ਜਿਹੜੇ ਕਿ ਮੈਂ ਹੁਣੇਂ ਹੀ ਦੱਸੇ ਹਨ ਕਈ ਸਾਨੂੰ ਕਹਿੰਦੇ ਹਨ ਕਿ ਸੁਸਤ ਪਾਰਟੀ ਹੈ। ਡਿਪਟੀ ਸਪੀਕਰ ਸਾਹਿਬ, ਅੱਜ ਅਕਾਲੀ ਕਿਸ ਤਰ੍ਹਾਂ ਤਰੱਕੀ ਪਸੰਦ ਹੋ ਗਏ। ਜਿਹੜੇ ਕਿ ਸੀਲਿੰਗ ਤੋਂ ਡਰਦੇ ਮਾਰੇ, ਮਜ਼ਦੂਰ ਦੇ ਹਿੱਤਾਂ ਦਾ ਨਾਮ ਲੈ ਕੇ ਜਨਸੰਘ ਨਾਲ ਰਲ ਕੇ ਖੜੇ ਹਨ। ਜਨਸੰਘ ਅਮਰੀਕਾ ਦਾ ਝੋਲੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਕਨੇਡੀਅਨ]

ਚੁੱਕ ਬਣਿਆ ਹੋਇਆ ਹੈ । ਫਿਰ ਕਹਿੰਦੇ ਹਨ "ਹੰਮ ਇਨਕਲਾਬੀ ਹੈਂ "। ਉਹ ਤਾਂ ਹਿਰਖ ਦੀ ਮਾਰੀ ਨਰਕਾਂ ਵਿਚ ਜਾਣ ਵਾਲੀ ਗਲ ਹੈ । ਸਾਡੇ ਮਾਰਕਸੀ ਪਾਰਟੀ ਵਾਲੇ ਭਰਾ ਹਨ ਉਨ੍ਹਾਂ ਨੂੰ ਤਾਂ ਪਤਾ ਹੀ ਨਹੀਂ ਲਗਦਾ ਕਿ ਕਿਧਰ ਜਾਈਏ । ਅਕਾਲੀਆਂ ਨਾਲ ਜਾਈਏ, ਜਨਸੰਘ ਨਾਲ ਜਾਈਏ ਜਾਂ ਕਿਧਰ ਜਾਈਏ । ਜਦੋਂ ਬੈਂਕਾਂ ਦੀ ਗਲ ਚਲਦੀ ਹੈ ਤਾਂ ਇਹ ਇਨਕਲਾਬੀ ਲੋਕ ਪਤਾ ਨਹੀਂ ਕਿਧਰ ਚਲੇ ਜਾਂਦੇ ਹਨ । ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਤੁਸੀਂ ਸਮਾਜਵਾਦ ਦੇ ਦੁਸ਼ਮਣ ਹੋ । (ਘੰਟੀ)

**ਸ੍ਰੀ ਡਿਪਟੀ ਸਪੀਕਰ :** ਸੀ. ਐਮ. ਸਾਹਿਬ, ਕਨੇਡੀਅਨ ਸਾਹਿਬ ਕਹਿੰਦੇ ਹਨ ਕਿ ਬੱਜਟ ਵਿਚ ਪ੍ਰੋਵੀਜ਼ਨ ਨਹੀਂ ਹੈ ਕਿ ਿਐਕਸ਼ਨਰੀਜ਼ ਦੇ ਖਿਲਾਫ ਕਾਰਵਾਈ ਕੀਤੀ ਜਾਵੇ ।

**ਮੁੱਖ ਮੰਤਰੀ :** ਡਿਪਟੀ ਸਪੀਕਰ ਸਾਹਿਬ, ਪ੍ਰੋਵੀਜ਼ਨ ਜਿਹੜਾ ਇਸ ਤਰ੍ਹਾਂ ਦਾ ਇਹ ਚਾਹੁੰਦੇ ਹਨ ਉਸ ਤਰ੍ਹਾਂ ਦਾ ਜ਼ਮਾਨਾ ਅਜੇ ਨਹੀਂ ਆਇਆ, ਉਹ ਪ੍ਰੋਵੀਜ਼ਨ ਵੈਸੇ ਹੀ ਹੁੰਦੇ ਹਨ ਹਰ ਤਰ੍ਹਾਂ ਦਾ ਇੰਤਜ਼ਾਮ ਕਰਨ ਲਈ । ਮੈਂ ਮੁਨਾਸਿਬ ਨਹੀਂ ਸਮਝਦਾ ਕਿ ਉਨ੍ਹਾਂ ਦੀ ਤਕਰੀਰ ਦਾ ਅੱਜ ਹੀ ਜਵਾਬ ਦੇਵਾਂ । ਦੋ ਦਿਨ ਲੋਕਾਂ ਦੇ ਮਨਾਂ ਵਿਚ ਵਸ ਜਾਣ ਦਿਓ । ਫਿਰ ਫਾਇਨਾਂਸ ਮਨਿਸਟਰ ਸਾਹਿਬ ਜਵਾਬ ਦੇਣਗੇ ।

**ਚੌਧਰੀ ਰਾਮ ਸਿੰਘ** (ਪਠਾਨਕੋਟ) **:** ਡਿਪਟੀ ਸਪੀਕਰ ਸਾਹਿਬ, ਮੈਂ, ਜਿਹੜਾ ਬਜਟ ਪੰਜਾਬ ਵਿਧਾਨ ਸਭਾ ਵਿਚ ਪੇਸ਼ ਹੋਇਆ ਹੈ ਉਸ ਦੀ ਤਾਈਦ ਕਰਨ ਲਈ ਖੜਾ ਹੋਇਆ ਹਾਂ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਬਜਟ ਪੇਸ਼ ਹੋਇਆ ਹੈ ਇਹ ਹਰ ਪਖੋਂ ਕਿੰਨਾ ਗੁਣਵਾਨ ਹੈ । ਡਿਪਟੀ ਸਪੀਕਰ ਸਾਹਿਬ, ਸ਼ਹਿਰਾਂ ਵੱਲ ਜਾਂ ਹਾਊਸਿੰਗ ਵਲ, ਦਿਹਾਤ ਵੱਲ ਜਾਂ ਮਕਾਨ ਉਸਾਰੀ ਦੀ ਲੋੜ ਵੱਲ ਹਰ ਬੰਦੇ ਨੂੰ ਮਕਾਨ ਦੇਣ ਲਈ ਬਣਾਈ ਗਈ ਪੰਜਾਬ ਮਕਾਨ ਉਸਾਰੀ ਵਿਕਾਸ ਬੋਰਡ ਅਤੇ ਸਨਅੱਤੀ ਮਕਾਨ ਉਸਾਰੀ ਸਕੀਮਾਂ, ਇਹ ਗਰੀਬ ਲੋਕਾਂ ਦੀ ਮਦਦ ਲਈ ਹਨ । ਪੰਜਾਬ ਸਰਕਾਰ ਨੇ, ਗਿਆਨੀ ਜੀ ਦੀ ਸਰਕਾਰ ਨੇ ਤਕਰੀਬਨ 12 ਕਰੋੜ ਰੁਪਏ ਹਾਊਸਿੰਗ ਵਾਸਤੇ ਅਤੇ 13 ਕਰੋੜ ਰੁਪਏ ਅਰਬਨ ਡਿਵੈਲਪਮੈਂਟ ਵਾਸਤੇ ਰਖਿਆ ਹੈ । ਇਤਨੀ ਵੱਡੀ ਰਕਮ 25 ਕਰੋੜ ਰੁਪਏ ਇਸ ਕੰਮ ਲਈ ਰੱਖੀ ਗਈ ਹੈ । ਜਿਹੜੀ ਹਿੰਦੁਸਤਾਨ ਵਿਚ ਕਿਸੇ ਗੌਰਮਿੰਟ ਨੇ ਇਤਨੀ ਵੱਡੀ ਰਕਮ ਨਹੀਂ ਰੱਖੀ ਹੋਵੇਗੀ (ਤਾੜੀਆਂ) । ਇਹ ਕਰੈਡਿਟ ਗਿਆਨੀ ਜੀ ਦੀ ਸਰਕਾਰ ਨੂੰ ਜਾਂਦਾ ਹੈ । 3 ਲੱਖ ਤੋਂ ਵੱਧ ਬੇਜ਼ਮੀਨੇ ਕਾਮਿਆਂ ਨੂੰ ਮੁਫਤ ਪਲਾਟ ਅਲਾਟ ਕਰਨ ਅਤੇ ਕਬਜ਼ਾ ਦੇਣ ਦਾ ਕੰਮ ਕਾਮਯਾਬੀ ਨਾਲ ਪੂਰਾ ਕੀਤਾ ਹੈ । ਜਿਹੜਾ ਕਨੇਡੀਅਨ ਜੀ ਨੇ ਕਿਹਾ ਹੈ ਇਹ ਬਿਲਕੁਲ ਗਲਤ ਕਿਹਾ ਹੈ । ਹੋ ਸਕਦਾ ਹੈ ਕਿ 2 ਜਾਂ 3 ਫੀਸਦੀ ਕਿਧਰੇ ਗਲਤ ਅਲਾਟਮੈਂਟ ਹੋਈ ਹੋਵੇ ਸ਼ਾਇਦ ਇਨ੍ਹਾ ਕਰਕੇ ਹੋ ਗਿਆ ਹੋਵੇ ਪਰ ਕਰੈਡਿਟ ਵਾਲੀ ਗੱਲ ਨੂੰ ਡਿਸਕਰੈਡਿਟ ਵਿਚ ਕਹਿਣਾ ਠੀਕ ਨਹੀਂ ਹੈ । ਮੈਂ ਸਮਝਦਾ ਹਾਂ ਕਿ ਪੰਜਾਬ ਸਰਕਾਰ ਨੇ ਇਸ ਵਿਚ ਸਭ ਤੋਂ ਅੱਗੇ ਲੀਡ ਕੀਤਾ ਹੈ ਬੇਘਰਾਂ ਨੂੰ ਪਲਾਟ ਅਲਾਟ ਕਰਨ ਵਿਚ । ਡਿਪਟੀ ਸਪੀਕਰ ਸਾਹਿਬ, ਮਕਾਨ ਦਿਹਾਤਾਂ ਦੇ ਲੋਕਾਂ ਨੂੰ ਦਿੱਤੇ ਗਏ । ਇਹ ਜਿਹੜੇ ਕੱਚੇ ਘਰਾਂ ਵਿਚ ਰਹਿੰਦੇ ਹਨ ਜਾਂ ਝੌਂਪੜੀਆਂ ਵਿਚ ਰਹਿੰਦੇ ਹਨ । ਉਨ੍ਹਾਂ ਨੂੰ ਮਕਾਨ ਦੇਣ ਲਈ ਰੁਪਏ ਦਾ ਇੰਤਜ਼ਾਮ ਕੀਤਾ ਗਿਆ ਹੈ । ਸ਼ਹਿਰਾਂ ਦੇ ਵਿਚ ਜਿਹੜੀ ਲੇਬਰ ਕਾਲੋਨੀ ਹੈ ਜਿਹੜੇ ਮਜ਼ਦੂਰ ਮੇਹਨਤੀ ਕੰਮ ਕਰਦੇ ਹਨ, ਝੌਂਪੜੀਆਂ ਵਿਚ ਰਹਿੰਦੇ ਹਨ, ਜੇ ਉਸ ਕੋਲ ਪੱਕਾ ਮਕਾਨ ਹੋਵੇਗਾ ਅਤੇ ਉਸ ਨੂੰ ਪਤਾ ਹੋਵੇਗਾ ਕਿ ਮੈਂ ਘਰ ਜਾਕੇ ਆਰਾਮ ਕਰਾਂਗਾ ਅਤੇ

Original with;
Punjab Vidhan Sabha
Digitized by;
Panjab Digital Library

ਮੇਰੇ ਬੱਚੇ ਵੀ ਆਰਾਮ ਕਰਦੇ ਹੋਣਗੇ ਤਾਂ ਉਸ ਨੂੰ ਕਿਤਨੀ ਖੁਸ਼ੀ ਹੋਵੇਗੀ। ਉਹ ਆਪਣਾ ਮਕਾਨ ਕਰਜ਼ ਤੇ ਰੁਪਏ ਲੈ ਕੇ ਬਣਾ ਸਕਦੇ ਹਨ। ਇਸੇ ਤਰ੍ਹਾਂ ਸਰਕਾਰ ਇੰਡਸਟਰੀਅਲ ਕਾਲੋਨੀਜ਼ ਵੀ ਬਣਾ ਰਹੀ ਹੈ। ਇਸ ਨਾਲ ਮਜ਼ਦੂਰ ਨੂੰ ਕਿਤਨੀ ਖੁਸ਼ੀ ਹੋਵੇਗੀ। ਇਹ 25 ਕਰੋੜ ਰੁਪਏ ਦੀ ਰਕਮ ਮਾਮੂਲੀ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਇਤਨੀ ਵੱਡੀ ਰਕਮ ਰੱਖੀ ਗਈ ਹੈ।

ਇਸ ਤਰ੍ਹਾਂ ਪੁਲਿਸ ਕਰਮਚਾਰੀਆਂ ਵਾਸਤੇ ਇੱਕ ਕਰੋੜ ਰੁਪਿਆ ਰਖਿਆ ਗਿਆ ਹੈ ਜੋ ਕਿਸੇ ਹੋਰ ਸਰਕਾਰ ਨੇ ਪੁਲਿਸ ਕਰਮਚਾਰੀਆਂ ਵਾਸਤੇ ਕਦੇ ਨਹੀਂ ਸੀ ਰਖਿਆ ਪਰ ਹੁਣ ਦੀ ਸਰਕਾਰ ਨੇ ਇਸ ਵੱਲ ਧਿਆਨ ਦਿੱਤਾ ਹੈ। ਇਹ ਉਹ ਹਨ ਜਿਹੜੇ ਲਾਅ ਐਂਡ ਆਰਡਰ ਨੂੰ ਮੇਨਟੇਨ ਕਰਦੇ ਹਨ ਅਤੇ ਜਿਨ੍ਹਾਂ ਨੇ ਲੋਕਾਂ ਨੂੰ ਇਨਸਾਫ ਦੇਣਾ ਹੈ। ਪਹਿਲੇ ਉਹ ਉਸੇ ਚੌਕੀ ਵਿਚ ਜਾਂ ਉਸੇ ਪੁਲਿਸ ਸਟੇਸ਼ਨ ਵਿਚ ਟੁੱਟੀਆਂ ਹੋਈਆਂ ਬੈਠਕਾਂ ਵਿਚ ਰਹਿੰਦੇ ਸਨ ਪਰ ਹੁਣ ਉਨ੍ਹਾਂ ਦੇ ਵਾਸਤੇ ਮਕਾਨ ਬਣਾਉਣ ਲਈ ਇੱਕ ਕਰੋੜ ਰੁਪਏ ਰੱਖੇ ਗਏ ਹਨ ਤਾਕਿ ਉਹ ਵੀ ਆਪਣੇ ਮਕਾਨਾਂ ਵਿਚ ਰਹਿ ਸਕਣ। ਡਿਪਟੀ ਸਪੀਕਰ ਸਾਹਿਬ, ਇਹ ਹੀ ਨਹੀਂ ਬਲਕਿ ਮਕਾਨ ਉਸਾਰੀ ਵਿਕਾਸ ਬੋਰਡ ਨੂੰ ਪੰਜਾਬ ਸਰਕਾਰ ਨੇ ਸਾਢੇ ਪੰਜ ਕਰੋੜ ਰੁਪਏ ਇਸ ਕਰਕੇ ਦਿੱਤੇ ਹਨ ਤਾਕਿ ਉਹ ਵੀ ਆਪਣੀ ਹਾਊਸਿੰਗ ਕਾਲੋਨੀਜ਼ ਬਣਾਏ ਅਤੇ ਹੋਰ ਵੀ ਹਾਊਸਿੰਗ ਕਾਲੋਨੀਜ਼ ਬਣ ਰਹੀਆਂ ਹਨ ਕਿਉਂਕਿ ਸ਼ਹਿਰਾਂ ਦੀ ਆਬਾਦੀ ਵੱਧ ਰਹੀ ਹੈ। ਐਸਾ ਨਹੀਂ ਹੈ ਕਿ ਮਹਾਤਮਾ ਗਾਂਧੀ ਜੀ ਦੇ ਅਸੂਲਾਂ ਦੇ ਮੁਤਾਬਿਕ ਪਿੰਡਾਂ ਦੇ ਵੱਲ ਜ਼ਿਆਦਾ ਧਿਆਨ ਦਿੱਤਾ ਜਾਵੇ ਔਰ ਸ਼ਹਿਰਾਂ ਵੱਲ ਘੱਟ ਦਿੱਤਾ ਜਾਵੇ ਕਿਉਂਕਿ ਸ਼ਹਿਰਾਂ ਵਿਚ ਅੱਜ ਲੋੜ ਉਤਨੀ ਹੈ ਜਿਤਨੀ ਕਿ ਪਿੰਡਾਂ ਵਿਚ ਸੀ। ਭਾਵੇਂ ਕੋਈ ਮਜ਼ਦੂਰ ਰਹਿੰਦਾ ਹੈ ਉਸ ਨੂੰ ਵੀ ਕਿਰਾਇਆ ਦੇਣਾ ਪੈਂਦਾ ਹੈ ਕੋਈ ਕਰਮਚਾਰੀ ਰਹਿੰਦਾ ਹੋਵੇ ਉਸ ਨੂੰ ਵੀ ਕਿਰਾਇਆ ਦੇਣਾ ਪੈਂਦਾ ਹੈ। ਇਸ ਲਈ ਸਰਕਾਰ ਨੇ ਉਨ੍ਹਾਂ ਨੂੰ ਮਕਾਨ ਬਣਾ ਕੇ ਦੇਣ ਦੀ ਸਕੀਮ ਬਣਾਈ ਹੈ। ਤਹਿਸੀਲ ਹੈਡ ਕੁਆਰਟਰਜ਼ ਅਤੇ ਜ਼ਿਲ੍ਹਾ ਹੈਡ ਕੁਆਰਟਰਜ਼ ਵਿਚ ਮਕਾਨ ਬਣਾਏ ਜਾ ਰਹੇ ਹਨ ਤਾਕਿ ਕਰਮਚਾਰੀ ਦੀ ਜਿਸ ਵੇਲੇ ਟਰਾਂਸਫਰ ਹੋਵੇ ਉਸ ਨੂੰ ਮਕਾਨ ਦੀ ਕੋਈ ਦਿੱਕਤ ਨਾ ਹੋਵੇ ਉਸ ਨੂੰ ਜਾਣ ਲੱਗੇ ਮਕਾਨ ਦੀ ਕੋਈ ਚਿੰਤਾ ਨਹੀਂ ਹੋਵੇਗੀ। ਇਸ ਨਾਲ ਕਲੀਨ ਐਡਮਨਿਸਟਰੇਸ਼ਨ ਹੋਵੇਗੀ ਇਸ ਵਾਸਤੇ ਸਰਕਾਰ ਨੇ ਰੁਪਏ ਰੱਖੇ ਹਨ। ਡਿਪਟੀ ਸਪੀਕਰ ਸਾਹਿਬ, ਇਤਨੀ ਵੱਡੀ ਰਕਮ ਇਸ ਵਾਸਤੇ 25 ਕਰੋੜ ਰੁਪਏ ਰੱਖੇ ਗਏ ਹਨ ਚਾਹੇ ਆਫੀਸ਼ਲ ਹਨ ਜਾਂ ਨਾਨ-ਆਫੀਸ਼ਲ ਹਨ ਜਾਂ ਪੁਲਿਸ ਕਰਮਚਾਰੀ ਹੈ, ਦੇ ਵਾਸਤੇ ਇਤਨੇ ਰੁਪਏ ਰੱਖੇ ਗਏ ਹਨ ਕਿ ਉਨ੍ਹਾਂ ਨੂੰ ਮਕਾਨ ਮਿਲ ਸਕੇ। ਇਸ ਗੱਲ ਦੀ ਮੈਂ ਗਿਆਨੀ ਜੀ ਦੀ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ।

ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸ਼ਹਿਰੀ ਡਿਵੈਲਪਮੈਂਟ ਦੇ ਬਾਰੇ ਵਿਚ ਪੰਜਾਬ ਸਰਕਾਰ ਨੇ ਬੜੀ ਤਰੱਕੀ ਕੀਤੀ ਹੈ ਉਨ੍ਹਾਂ ਲਈ ਰੁਪਏ ਦਾ ਇੰਤਜ਼ਾਮ ਕੀਤਾ ਗਿਆ ਹੈ ਇਸ ਦੇ ਨਾਲ ਸ਼ਹਿਰਾਂ ਦੀ ਸਫਾਈ ਲਈ ਸੀਵਰੇਜ ਸਿਸਟਮ ਦਾ ਇੰਤਜ਼ਾਮ ਕੀਤਾ ਗਿਆ ਹੈ ਅਤੇ ਗਿਆਨੀ ਜੀ ਦੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਗੰਦ ਨੂੰ ਸਿਰਾਂ ਉੱਤੇ ਢੋਣ ਦੀ ਸਦੀਆਂ ਪੁਰਾਣੀ ਪ੍ਰਥਾ ਨੂੰ ਸਿਲਸਿਲੇਵਾਰ ਖਤਮ ਕਰ ਦਿਤਾ ਜਾਵੇਗਾ। ਇਸ ਮੰਤਵ ਲਈ ਰਾਜ ਦੇ ਸਾਰੇ ਕਸਬਿਆਂ ਅਤੇ ਸ਼ਹਿਰਾਂ ਵਿਚ

Original with;
Punjab Vidhan Sabha
Digitized by;
Panjab Digital Library

[ਚੌਧਰੀ ਰਾਮ ਸਿੰਘ]

ਵੱਧ ਤੋਂ ਵੱਧ ਇਲਾਕੇ ਨੂੰ ਸੀਵਰੇਜ ਅਧੀਨ ਲਿਆਉਣ ਦਾ ਇਕ ਫ਼ੈਸਲਾ ਕੀਤਾ ਹੈ। ਇਨ੍ਹਾਂ ਨੇ ਰੁਪਿਆ ਕਰਜ਼ ਲਿਆ ਹੈ ਐਲ. ਆਈ. ਸੀ. ਕੋਲੋਂ, ਗੌਰਮਿੰਟ ਆਫ ਇੰਡੀਆ ਕੋਲੋਂ, ਤਾਕਿ ਪੰਜਾਬ ਦੇ ਹਰ ਸ਼ਹਿਰ ਦੀ ਪਲਾਨਿੰਗ ਠੀਕ ਢੰਗ ਨਾਲ ਹੋ ਜਾਵੇ, ਤਾਕਿ ਸੀਵਰੇਜ ਸਿਸਟਮ ਬਣਾਇਆ ਜਾਵੇ ਅਤੇ ਜਿਹੜੀ ਸਿਰ ਤੇ ਗੰਦ ਦੀ ਬਾਲਟੀ ਚੁੱਕਣ ਦਾ ਪੁਰਾਣਾ ਰਿਵਾਜ਼ ਹੈ, ਉਸ ਨੂੰ ਖਤਮ ਕੀਤਾ ਜਾਵੇ। ਇਹ ਜਿਹੜੇ ਸਵੀਪਰ ਆਦਿ ਸਿਰ ਤੇ ਗੰਦ ਦੀ ਟੋਕਰੀ ਚੁੱਕਣ ਵਾਲੇ ਹਨ ਇਹ ਵੀ ਸਾਡੇ ਸ਼ਹਿਰੀ ਭਾਈ ਹਨ ਉਨ੍ਹਾਂ ਵਾਸਤੇ ਵੀ ਬੰਦੋਬਸਤ ਕੀਤਾ ਜਾ ਰਿਹਾ ਹੈ। ਉਨ੍ਹਾਂ ਦਾ ਫਿਊਚਰ ਬੇਹਤਰ ਬਣਾਉਣ ਵਾਸਤੇ ਇਹ ਰੁਪਿਆ ਰੱਖਿਆ ਜਾ ਰਿਹਾ ਹੈ ਤਾਕਿ ਉਨ੍ਹਾਂ ਦੇ ਪੁਰਾਣੇ ਸਿਸਟਮ ਨੂੰ ਬਦਲਿਆ ਜਾਵੇ। ਸ਼ਹਿਰਾਂ ਦੀ ਸਫਾਈ ਵਾਸਤੇ, ਸੜਕਾਂ ਵਾਸਤੇ, ਵਾਟਰ ਸਪਲਾਈ ਵਾਸਤੇ, ਡਿਪਟੀ ਸਪੀਕਰ ਸਾਹਿਬ, ਇਸ ਗਿਆਨੀ ਜੀ ਦੀ ਸਰਕਾਰ ਨੇ ਸ਼ਹਿਰਾਂ ਵੱਲ ਤਵੱਜੋਂ ਬਹੁਤ ਦਿੱਤੀ ਹੈ, ਨਹੀਂ ਤਾਂ ਪੰਜਾਬ ਦੀ ਤੁਸੀਂ ਸਾਰੀ ਹਿਸਟਰੀ ਪੜ੍ਹ ਲਵੋ ਕਿਸੇ ਵੇਲੇ, ਕਿਸੇ ਸਰਕਾਰ ਨੇ ਕਿਸੇ ਬੱਜਟ ਵਿਚ ਕੋਈ ਕਦੇ ਐਨਾ ਰੁਪਿਆ ਸ਼ਹਿਰਾਂ ਦੀ ਡਿਵੈਲਪਮੈਂਟ ਵਾਸਤੇ ਨਹੀਂ ਰੱਖਿਆ। ਇਹੀ ਵਜਾ ਹੈ ਕਿ ਹਰ ਪੱਖ ਤੋਂ ਪੰਜਾਬ ਤਰੱਕੀ ਕਰ ਰਿਹਾ ਹੈ। ਸਿਟੀ ਡਿਵੈਲਪਮੈਂਟ ਬੋਰਡ ਬਣਾਇਆ ਹੈ ਤਾਕਿ ਸ਼ਹਿਰਾਂ ਦੀ ਪਲਾਨਿੰਗ ਠੀਕ ਢੰਗ ਨਾਲ ਹੋਵੇ, ਚਾਹੇ ਉਹ ਸ਼ਹਿਰ ਪਟਿਆਲਾ ਹੈ, ਚਾਹੇ ਬਟਾਲਾ ਹੈ, ਚਾਹੇ ਅੰਮ੍ਰਿਤਸਰ ਹੈ, ਚਾਹੇ ਗੁਰਦਾਸਪੁਰ ਹੈ ਅਤੇ ਚਾਹੇ ਉਹ ਸ਼ਹਿਰ ਹੁਸ਼ਿਆਰਪੁਰ ਹੈ। ਅਰਬਨ ਕਾਲੋਨੀਜ਼ ਬਣਾਈਆਂ ਜਾ ਰਹੀਆ ਹਨ। ਇਸ ਵਾਸਤੇ 8 ਕਰੋੜ ਰੁਪਿਆ ਰੱਖਿਆ ਹੈ ਤਾਕਿ ਸ਼ਹਿਰਾਂ ਦੀ ਡਿਵੈਲਪਮੈਂਟ ਹੋਵੇ, ਉਸ ਵਿਚ ਵਾਟਰ ਸਪਲਾਈ ਵੀ ਹੋਵੇਗਾ, ਡਰੇਨੇਜ ਦਾ ਕੰਮ ਵੀ ਹੋਵੇਗਾ ਅਤੇ ਸੀਵਰੇਜ ਸਿਸਟਮ ਵੀ ਹੋਵੇਗਾ ਤਾਕਿ ਲੋਕ ਉਥੇ ਚੰਗੀ ਤਰ੍ਹਾਂ ਵਸ ਸਕਣ। ਮੈਂ, ਡਿਪਟੀ ਸਪੀਕਰ ਸਾਹਿਬ, ਇਹ ਅਰਜ਼ ਕਰ ਰਿਹਾ ਸੀ ਕਿ ਇਨ੍ਹਾਂ ਨੇ ਸ਼ਹਿਰਾਂ ਨੂੰ ਠੀਕ ਢੰਗ ਨਾਲ ਬਣਾਉਣ ਵਾਸਤੇ ਇਹ ਜਿਹੜਾ ਹਾਊਸਿੰਗ ਬੋਰਡ ਬਣਾਇਆ ਹੈ, ਇਸ ਵਾਸਤੇ 25 ਕਰੋੜ ਅਤੇ ਕੁਝ ਲੱਖ ਰੁਪਿਆ ਰੱਖਿਆ ਹੈ, ਜੋ ਕਿ ਇਕ ਬਹੁਤ ਹੀ ਸ਼ਲਾਘਾਯੋਗ ਕੰਮ ਹੈ। ਇਸ ਦੀ ਜਿੰਨੀ ਵੀ ਤਾਰੀਫ ਕੀਤੀ ਜਾਵੇ, ਇਸ ਮਾਮਲੇ ਵਿਚ ਗਿਆਨੀ ਜੀ ਦੀ ਸਰਕਾਰ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ, ਉਹ ਥੋੜ੍ਹੀ ਹੈ।

ਇਸ ਤੋਂ ਅੱਗੇ, ਡਿਪਟੀ ਸਪੀਕਰ ਸਾਹਿਬ, ਮੈਂ ਥੀਨ ਡੈਮ ਦੇ ਬਾਰੇ ਅਰਜ਼ ਕਰਨਾ ਚਾਹੁੰਦਾ ਹਾਂ। ਗਿਆਨੀ ਜੀ ਦੀ ਸਰਕਾਰ ਨੇ, ਗਿਆਨੀ ਜੀ ਨੇ ਆਪਣੀ ਪਰਸਨਲ ਐਫਰਟਸ ਦੇ ਨਾਲ ਇਹ ਜਿਹੜਾ ਬੜੀ ਦੇਰ ਦਾ ਲਟਕਦਾ ਆ ਰਿਹਾ ਮਸਲਾ ਸੀ ਹੱਲ ਕਰ ਲਿਆ ਹੈ। ਮੈਂ ਇਸ ਗੱਲ ਦੀ ਪੁਰਜ਼ੋਰ ਇਨ੍ਹਾਂ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਇਨ੍ਹਾਂ ਨੇ ਇਹ ਮਸਲਾ ਹੱਲ ਕਰ ਲਿਆ ਹੈ। ਇਸ ਵਿਚ 11-12 ਹਜ਼ਾਰ ਏਕੜ ਜ਼ਮੀਨ ਜੇ. ਐਂਡ ਕੇ. ਦੀ ਹੈ ਅਤੇ 5-6 ਸੌ ਏਕੜ ਜ਼ਮੀਨ ਇਸ ਵਿਚ ਹਿਮਾਚਲ ਦੀ ਹੈ। ਇਹ ਦਰਿਆ ਬੁਰਦ ਜ਼ਮੀਨ ਹੈ। ਇਹ ਕੰਮ ਜਲਦੀ ਸ਼ੁਰੂ ਹੋ ਜਾਵੇਗਾ। ਮੈਨੂੰ ਉਮੀਦ ਹੈ ਕਿ ਬੱਜਟ ਵਿਚ ਇਸ ਵਾਸਤੇ ਰੁਪਿਆ ਰਖਿਆ ਗਿਆ ਹੈ ਤਾਕਿ ਉਥੇ ਅਫਸਰਾਂ ਅਤੇ ਹੋਰ ਮੁਲਾਜ਼ਮਾਂ ਲਈ ਕਾਲੋਨੀਜ਼ ਬਣਾਈਆਂ ਜਾਣ ਇਹ ਇਕ ਬਹੁਤ ਵੱਡੀ ਗੱਲ ਹੈ। ਇਥੇ ਪੰਜਾਬ ਦੇ ਇੰਜੀਨੀਅਰਜ਼, ਅਤੇ ਟੈਕਨੀਕਲ ਸਟਾਫ ਵਗੈਰਾ ਰੁਜ਼ਗਾਰ ਤੇ ਲੱਗ ਜਾਣਗੇ। ਇਸ ਤਰ੍ਹਾਂ ਹੋਰ ਬਹੁਤ ਸਾਰੇ ਲੋਕਾਂ ਨੂੰ ਇੰਪਲਾਇਮੈਂਟ ਮਿਲ ਜਾਵੇਗੀ। ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਗਿਆਨੀ ਜੀ ਦੀ ਸੇਵਾ ਵਿਚ ਅਰਜ਼ ਕਰਾਂਗਾ ਕਿ ਜਿਥੇ ਇਹ ਕੰਮ

Original with;
Punjab Vidhan Sabha
Digitized by;
Panjab Digital Library

ਸ਼ੁਰੂ ਕਰਨਾ ਹੈ ਅਤੇ ਜਿਹੜੀ ਉਥੋਂ ਦੇ ਲੋਕਾਂ ਦੀ ਜ਼ਮੀਨ ਲਈ/ਲੈਣੀ ਹੈ, ਉਨ੍ਹਾਂ ਨੂੰ ਤੁਸੀਂ ਵਸਾਉਣਾ ਹੈ। ਤੁਸੀਂ ਉਨ੍ਹਾਂ ਨੂੰ ਕੁਝ ਦਿਤਾ ਹੈ ਅਤੇ ਕੁਝ ਉਨ੍ਹਾਂ ਨੇ ਹਿੰਮਤ ਕਰਕੇ ਲੈ ਲਿਆ ਹੈ। ਉਨ੍ਹਾਂ ਨੇ ਕਿਹਾ ਕਿ ਚਲੋ ਸਾਡੇ ਪੰਜਾਬ ਵਾਸਤੇ ਬੜੀ ਅੱਛੀ ਚੀਜ਼ ਬਣ ਰਹੀ ਹੈ। ਉਨ੍ਹਾਂ ਨੂੰ ਵਸਾਉਣ ਵਾਸਤੇ ਪੰਜਾਬ ਵਿਚ ਬਹੁਤ ਸਾਰੀ ਸ਼ਾਮਲਾਤ ਦੇਹ ਪਈ ਹੈ, ਜਿਸ ਤਰਾਂ ਨਰੋਟ ਜੈਮਲ ਸਿੰਘ ਵਿਖੇ ਜ਼ਮੀਨ ਬਹੁਤ ਪਈ ਹੈ, ਉਥੇ ਮੁਸਲਿਮ ਪ੍ਰਾਪਰਟੀ ਹੈ ਉਹ ਇਸ ਵਾਸਤੇ ਨਹੀਂ ਸੀ ਦਿਤੀ ਗਈ ਕਿ ਇਥੇ ਅਲਾਟੀਜ਼ ਨੂੰ ਵਸਾਉਣਾ ਹੈ। ਮੈਂ ਕਹਾਂਗਾ ਕਿ ਉਨ੍ਹਾਂ ਨੂੰ ਉਥੇ ਵਸਾਇਆ ਜਾਵੇ। ਇਸ ਵਾਸਤੇ ਕਿਸੇ ਅਫਸਰ ਦੀ ਡਿਊਟੀ ਲਗਾ ਦਿਓ ਤਾਕਿ ਉਨ੍ਹਾਂ ਲੋਕਾਂ ਨੂੰ ਬਾਹਰ ਹੋਰ ਕਿਸੇ ਸਟੇਟ ਵਿਚ ਨਾ ਜਾਣਾ ਪਵੇ। ਅਜਿਹੀ ਜ਼ਮੀਨ ਉਨ੍ਹਾਂ ਡਿਸਲੋਕੇਟਿਡ ਪਰਸਨਜ਼ ਨੂੰ, ਡਿਸਪਲੇਸਡ ਪਰਸਨਜ਼ ਨੂੰ ਦਿਤੀ ਜਾਵੇ ਤਾਕਿ ਉਹ ਆਪਣਾ ਰੁਜ਼ਗਾਰ ਚਲਾ ਸਕਣ। ਜੇ ਤੁਸੀਂ ਉਨ੍ਹਾਂ ਨੂੰ ਅਜਿਹੀ ਜਗ੍ਹਾ ਤੇ ਵਸਾ ਦਿਉਗੇ ਤਾਂ ਉਹ ਬਾਹਰ ਕਿਤੇ ਨਹੀਂ ਜਾਣਗੇ। ਉਨ੍ਹਾਂ ਨੂੰ ਪ੍ਰਾਇਰਟੀ ਬੇਸਿਜ਼ ਤੇ ਜਗ੍ਹਾਂ ਮਿਲਣੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਇਸ ਤੋਂ ਇਲਾਵਾ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਗਿਆਨੀ ਜੀ ਦੀ ਸਰਕਾਰ ਨੇ ਸਬਮਾਉਂਟੇਨੀਅਸ ਏਰੀਆ, ਕੰਡੀ ਏਰੀਆ ਅਤੇ ਬਾਡਰ ਦੇ ਏਰੀਆਜ਼ ਵਿਚ ਕੌਂਸਿਲਜ਼ ਬਣਾਈਆ ਹਨ। ਡਿਪਟੀ ਸਪੀਕਰ ਸਾਹਿਬ, ਸਬਮਾਉਂਟੇਨੀਅਸ ਏਰੀਆ ਅਤੇ ਕੰਡੀ ਦੇ ਏਰੀਆਜ਼ ਵਿਚ ਬਹੁਤ ਡਿਵੈਲਪਮੈਂਟ ਹੋਈ ਹੈ। ਉਥੇ ਵਾਟਰ ਸਪਲਾਈ ਦਾ ਕੰਮ ਕਾਫੀ ਹੋ ਰਿਹਾ ਹੈ, ਮੈਡੀਕਲ ਏਡ ਮਿਲ ਰਹੀ ਹੈ ਅਤੇ ਸੜਕਾਂ ਵੀ ਕਾਫੀ ਬਣੀਆਂ ਅਤੇ ਬਣ ਰਹੀਆਂ ਹਨ। ਸਾਰੇ ਪੱਖਾਂ ਤੋਂ ਕਾਫੀ ਕੰਮ ਹੋਇਆ ਅਤੇ ਹੋ ਰਿਹਾ ਹੈ। ਲੇਕਿਨ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਗਿਆਨੀ ਜੀ ਦੀ ਸੇਵਾ ਵਿਚ ਅਰਜ਼ ਕਰਨਾ ਚਾਹੁੰਦਾ ਹਾਂ ਕਿ ਉਥੇ ਦੀਆਂ 2-4 ਪ੍ਰਾਬਲਮਜ਼ ਹਨ। ਟੀਚਰਾਂ ਵਿਚ ਖਾਸ ਕਰਕੇ ਇਹ ਸ਼ਿਕਾਇਤ ਹੈ ਕਿ ਸ਼ਿਕਾਇਤ ਕਰਕੇ ਉਨ੍ਹਾਂ ਨੂੰ ਪਹਾੜੀ ਏਰੀਆ ਵਿਚ ਭੇਜਿਆ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਘੱਟੋ ਘੱਟ ਇਸ ਸਬਮਾਉਂਟੇਨੀਅਸ ਏਰਆ ਵਿਚ ਰੋਪੜ, ਗੁਰਦਾਸਪੁਰ ਅਤੇ ਹੁਸ਼ਿਆਰਪੁਰ ਦੇ ਸਬਮਾਉਂਟੇਨੀਅਸ ਏਰੀਆ ਵਿਚ ਘੱਟੋ ਘੱਟ 2-2 ਸਾਲ ਵਾਸਤੇ ਜੇ. ਬੀ. ਟੀ. ਕਲਾਸਿਜ਼ ਦੇ ਸਕੂਲ ਖੋਲ੍ਹੇ ਜਾਣ ਤਾਕਿ ਉਥੇ ਦੇ ਬੱਚੇ ਪੜ੍ਹਕੇ ਉਥੇ ਹੀ ਲੱਗ ਜਾਣ ਕਿਉਂਕਿ ਬਾਹਰੋਂ ਕੋਈ ਵੀ ਟੀਚਰ ਸਬਮਾਉਂਟੇਨੀਅਸ ਏਰੀਆ ਵਿਚ ਜਾਣ ਵਾਸਤੇ ਤਿਆਰ ਨਹੀਂ ਹੈ। ਜੇ ਕਿਸੇ ਦੀ ਉਥੇ ਦੀ ਟਰਾਂਸਫਰ ਹੋ ਜਾਂਦੀ ਹੈ ਤਾਂ ਉਹ ਜਾਂਦੇ ਹੀ ਨਹੀਂ ਹਨ। ਇਸ ਲਈ ਉਥੇ ਜੇ. ਬੀ. ਟੀ. ਕਲਾਸਿਜ਼ ਦੇ ਸਕੂਲ ਖੋਲ੍ਹੇ ਜਾਣ ਤਾਕਿ ਉਥੇ ਦੇ ਬੱਚੇ ਪੜ੍ਹਕੇ ਉਥੇ ਟੀਚਰ ਲੱਗ ਸਕਣ। ਬਾਹਰੋਂ ਕੋਈ ਟੀਚਰ ਪਹਾੜੀ ਏਰੀਆ ਵਿਚ ਜਾਣ ਲਈ ਤਿਆਰ ਨਹੀਂ ਹੈ। ਇਸੇ ਤਰ੍ਹਾਂ ਹੀ ਡਾਕਟਰਾਂ ਦੇ ਸਬੰਧ ਵਿਚ ਮੈਂ ਗਿਆਨੀ ਜੀ ਦੀ ਸੇਵਾ ਵਿਚ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਇਹ ਜਿਹੜੇ ਡਾਕਟਰ ਹਨ ਉਨ੍ਹਾਂ ਨੂੰ 3 ਸਾਲ ਲਈ ਪਿੰਡਾਂ ਵਿਚ ਜਾਣਾ ਜ਼ਰੂਰੀ ਹੈ, ਇਹ ਡੇਢ ਜਾਂ ਦੋ ਸਾਲ ਕਰ ਦਿਓ। ਦੂਸਰਾ ਇਸ ਤਰ੍ਹਾਂ ਕਰੋ ਜਿਸ ਤਰ੍ਹਾਂ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਕੀਤਾ ਸੀ। ਉਨ੍ਹਾਂ ਨੂੰ ਉਨ੍ਹਾਂ ਦੀ ਚੁਆਇਸ ਦਾ ਸਟੇਸ਼ਨ ਦਿਓ ਇਸ ਤਰ੍ਹਾਂ ਉਹ ਖੁਸ਼ ਹੋ ਕੇ ਆਪਣੀ ਚੁਆਇਸ ਦੇ ਪਹਾੜੀ ਏਰੀਆ ਵਿਚ ਜਾਵੇਗਾ। ਦੂਸਰਾ ਇਹ ਕਰੋ ਕਿ ਜਿਹੜਾ ਕੋਈ ਸਬਮਾਉਂਟੇਨੀਅਸ ਏਰੀਆ ਵਿਚ, ਕੰਡੀ ਏਰੀਆ ਵਿਚ ਲਗੇ ਉਸ ਨੂੰ ਸਪੈਸ਼ਲ ਅਲਾਊਂਸ ਮਿਲਣਾ ਚਾਹੀਦਾ ਹੈ। (ਘੰਟੀ) ਉਨ੍ਹਾਂ ਨੂੰ ਚੁਆਇਸ ਦੇ ਮੁਤਾਬਿਕ ਸਟੇਸ਼ਨ ਦਿਤੇ ਜਾਣ ਤਾਂ ਉਹ ਖੁਸ਼ ਹੋ ਕੇ ਜਾਣਗੇ।

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ :** ਤੁਸੀਂ ਵਾਈਂਡ ਅੱਪ ਕਰੋ ।

**ਚੌਧਰੀ ਰਾਮ ਸਿੰਘ :** ਉਨ੍ਹਾਂ ਨੂੰ ਉਨ੍ਹਾਂ ਦੀ ਚੁਆਇਸ ਦਾ ਸਟੇਸ਼ਨ ਦਿਤਾ ਜਾਵੇ । ਇਹ ਜਿਹੜੇ ਮੁਲਾਜ਼ਮ ਉਥੇ ਦੀ ਟਰਾਂਸਫ਼ਰ ਹੋ ਜਾਣ ਤੇ ਉਥੇ ਨਹੀਂ ਜਾਂਦੇ ਅਗਰ ਉਨ੍ਹਾਂ ਨੂੰ ਅਲਾਊਂਸ ਦਿਤਾ ਜਾਵੇ ਤਾਂ ਉਹ ਸਮਝਣਗੇ ਕਿ ਸਰਕਾਰ ਸਾਨੂੰ ਸਹੂਲਤਾਂ ਦੇ ਰਹੀ ਹੈ ਅਤੇ ਉਹ ਉਥੇ ਚਲੇ ਜਾਣਗੇ ਅਤੇ ਉਥੇ ਉਹ ਇਸ ਤਰ੍ਹਾਂ ਖੁਸ਼ੀ ਨਾਲ ਜਾਣਗੇ । ਡਿਪਟੀ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਾਂਗਾ ਕਿ ਇਹ ਜਿਹੜੀ ਚੱਕੀ ਦਰਿਆ ਹੈ ਉਥੇ 50% ਸਾਡਾ ਹਿੱਸਾ ਹੈ ਅਤੇ 50% ਹਿਮਾਚਲ ਦਾ ਹਿੱਸਾ ਹੈ । ਉਥੇ ਲਿਫਟ ਇਰੀਗੇਸ਼ਨ ਸਕੀਮ ਬਣਾਈ ਜਾ ਰਹੀ ਹੈ । ਮੈਂ ਬੇਨਤੀ ਕਰਾਂਗਾ ਕਿ ਉਸ ਨੂੰ ਜਲਦੀ ਬਣਾਇਆ ਜਾਵੇ । (ਘੰਟੀ) ਮੈਂ ਕਹਾਂਗਾ ਕਿ ਇਹ ਬਹੁਤ ਜ਼ਰੂਰੀ ਹੈ, ਪਾਣੀ ਜ਼ਾਇਆ ਜਾਂਦਾ ਹੈ । ਡੀਪ ਟਿਊਬਵੈਲ ਲੱਗਣੇ ਚਾਹੀਦੇ ਹਨ ਅਤੇ ਇਹ ਵੀ ਜਲਦੀ ਲਗਵਾਏ ਜਾਣ । ਇਸ ਬਾਰੇ ਫੈਸਲਾ ਵੀ ਕੀਤਾ ਗਿਆ ਸੀ । ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬੱਜਟ ਹੈ ਇਸ ਦੀਆਂ ਬਹੁਤ ਖੂਬੀਆਂ ਹਨ । ਗਵਰਨਰ ਦੇ ਐਡਰੈਸ ਵੇਲੇ ਜੋ ਮੈਂ ਕਿਹਾ ਸੀ ਉਸ ਨੂੰ ਮੈਂ ਦੁਹਰਾਉਣਾ ਨਹੀਂ ਚਾਹੁੰਦਾ । ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਵ੍ਹਾਈਟ ਰੈਵੋਲਿਊਸ਼ਨ ਹੈ ਉਸ ਦੇ ਵਿਚ ਪੰਜਾਬ ਨੇ ਦੋ ਢਾਈ ਕਰੋੜ ਰੁਪਿਆ ਰੱਖਿਆ ਹੈ ਪਸ਼ੂਆਂ ਦੀ ਬਿਹਤਰੀ ਵਾਸਤੇ । ਇਹ ਕੋਈ ਥੋੜ੍ਹੀ ਰਕਮ ਨਹੀਂ ਹੈ । ਪਸ਼ੂਆਂ ਦੀ ਬਿਹਤਰੀ ਲਈ ਜਾਂ ਹਸਪਤਾਲਾਂ ਲਈ ਅਤੇ ਜਾਂ ਨਸਲਾਂ ਲਈ ਦੋ ਢਾਈ ਕਰੋੜ ਰੁਪਿਆ ਰੱਖਿਆ ਹੈ ਤਾਕਿ ਉਹ ਪਸ਼ੂ ਧਨ ਜਿਸ ਦੇ ਨਾਲ ਪੰਜਾਬ ਦਾ ਨੌਜਵਾਨ ਤਕੜਾ ਹੁੰਦਾ ਹੈ ਅਤੇ ਮਜ਼ਬੂਤ ਹੁੰਦਾ ਹੈ ਅਤੇ ਪਾਕਿਸਤਾਨ ਦੇ ਨਾਲ ਜਾਂ ਹੋਰ ਦੁਸ਼ਮਣ ਨਾਲ ਲੜ ਸਕਦਾ ਹੈ, ਉਸ ਨੂੰ ਦੁੱਧ ਦਹੀ ਮਿਲਦਾ ਹੈ, ਉਸ ਦੇ ਲਈ ਇਹ ਰਕਮ ਬੱਜਟ ਵਿਚ ਰੱਖੀ ਗਈ ਹੈ । ਇਹ ਕੋਈ ਦੋ ਢਾਈ ਕਰੋੜ ਰੁਪਏ ਦੀ ਰਕਮ ਰੱਖੀ ਗਈ ਹੈ ਤਾਕਿ ਪੰਜਾਬ ਦਾ ਪਸ਼ੂ ਧਨ ਜ਼ਿਆਦਾ ਤੋਂ ਜ਼ਿਆਦਾ ਮਜ਼ਬੂਤ ਹੋਵੇ ਅਤੇ ਜ਼ਿਆਦਾ ਤੋਂ ਜ਼ਿਆਦਾ ਲੋਕ ਉਸ ਤੋਂ ਫਾਇਦਾ ਉਠਾਉਣ ਅਤੇ ਜ਼ਿਆਦਾ ਤੋਂ ਜ਼ਿਆਦਾ ਲੋਕ ਇਨ੍ਹਾਂ ਪਸ਼ੂਆਂ ਨੂੰ ਆਪਣੇ ਘਰਾਂ ਵਿਚ ਰੱਖਣ ਅਤੇ ਪੰਜਾਬ ਦੇ ਲੋਕ ਤਕੜੇ ਹੋਣ । ਇਸ ਦੇ ਨਾਲ ਹੀ ਡੇਅਰੀ ਡਿਵੈਲਪਮੈਂਟ ਦੀ ਗੱਲ ਹੈ । ਜਿਥੇ ਮਿਲਕ ਪਲਾਂਟ ਲਗਾਏ ਜਾ ਰਹੇ ਹਨ ਉਥੇ ਚਿਲਿੰਗ ਸਟੇਸ਼ਨ ਖੋਲ੍ਹੇ ਜਾ ਰਹੇ ਹਨ ਤਾਕਿ ਪੰਜਾਬ ਹਰ ਪੱਖੋਂ ਤਰੱਕੀ ਕਰੇ । (ਘੰਟੀ) ਦੁੱਧ ਦੇ ਬਗੈਰ ਇਨਸਾਨ ਦਾ ਜੀਵਨ ਕੋਈ ਨਹੀਂ ਹੈ । ਅਸੀਂ ਡੇਅਰੀ ਡਿਵੈਲਪਮੈਂਟ ਦੇ ਰਾਹੀਂ ਹਰ ਪੱਖ ਤੋਂ ਤਰੱਕੀ ਕੀਤੀ ਹੈ ਤਾਕਿ ਅਸੀਂ ਦੁੱਧ ਪੀਵੀਏ ਅਤੇ ਲੱਸੀ ਪੀਵੀਏ । ਇਸ ਤਰ੍ਹਾਂ ਸ਼ਾਰਟੇਜ ਦੂਰ ਹੋਵੇਗੀ । ਚਿਲਿੰਗ ਸੈਂਟਰ ਖੁਲ੍ਹਣਗੇ ਅਤੇ ਮਿਲਕ ਪਲਾਂਟ ਲੱਗਣਗੇ ਅਤੇ ਇਸ ਤਰ੍ਹਾਂ ਮੱਝਾਂ, ਪਸ਼ੂ ਜ਼ਿਆਦਾ ਪਲਣਗੇ ਅਤੇ ਉਸ ਦੇ ਨਾਲ ਵੀਕਰ ਸੈਕਸ਼ਨ ਮਜ਼ਬੂਤ ਹੋਵੇਗਾ ਅਤੇ ਉਨ੍ਹਾਂ ਦੀ ਇਕਨਾਮਿਕ ਹਾਲਤ ਠੀਕ ਹੋਵੇਗੀ ।

ਹੁਣ ਮੈਂ ਐਗਰੀਕਲਚਰ ਵੱਲ ਆਉਂਦਾ ਹਾਂ । ਡਿਪਟੀ ਸਪੀਕਰ ਸਾਹਿਬ, ਐਗਰੀਕਲਚਰ ਲਈ ਜਿਥੇ ਪੰਜਾਬ ਇੰਡੀਆ ਵਿਚ ਪਹਿਲੇ ਨੰਬਰ ਤੇ ਹੈ ਇਸੇ ਤਰ੍ਹਾਂ ਹੀ ਇਹ ਬਿਜਲੀ ਦੀ ਪਰੋਡਕਸ਼ਨ ਵਿਚ ਵੀ ਅਤੇ ਪਸ਼ੂ ਧਨ ਲਈ ਵੀ ਸਾਰੇ ਪੱਖਾਂ ਤੋਂ ਤਰੱਕੀ ਤੇ ਜਾ ਰਿਹਾ ਹੈ । ਔਰ ਉਹ ਦਿਨ ਦੂਰ ਨਹੀਂ ਜਦੋਂ ਕਿ ਗਿਆਨੀ ਜੀ ਦੀ ਰਹਿਨੁਮਾਈ ਵਿਚ ਪੰਜਾਬ, ਹੋਰ ਵੀ ਦਿਨ ਦੁਗਣੀ ਔਰ ਰਾਤ ਚੌਗਣੀ ਤਰੱਕੀ ਕਰੇਗਾ । ਮੈਂ ਇਸ ਬਜਟ ਦਾ ਸਮਰਥਨ ਕਰਦਾ

Original with;
Punjab Vidhan Sabha
Digitized by;
Panjab Digital Library

ਹਾਂ ਔਰ ਗਿਆਨੀ ਜੀ ਔਰ ਸ਼ਰਮਾ ਜੀ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਅਜਿਹਾ ਅੱਛਾ ਬਜਟ ਪੇਸ਼ ਕੀਤਾ ਹੈ ।

**ਸਰਦਾਰ ਕ੍ਰਿਪਾਲ ਸਿੰਘ ਢਿੱਲੋਂ (ਕਪੂਰਥਲਾ)** : ਡਿਪਟੀ ਸਪੀਕਰ ਸਾਹਿਬ, ਮੇਰੇ ਫਾਜ਼ਲ ਦੋਸਤ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਨੇ ਕਾਫੀ ਦੁਨੀਆਂ ਵਿਚ ਚੱਕਰ ਲਗਾਏ ਹਨ, ਉਨ੍ਹਾਂ ਦੀ ਸਪੀਚ ਤੋਂ ਮੇਰੇ ਮਨ ਉਤੇ ਤਿੰਨ ਗੱਲਾਂ ਦਾ ਅਸਰ ਹੋਇਆ ਹੈ । ਉਨ੍ਹਾਂ ਵਿਚੋਂ ਇਕ ਤਾਂ ਅੰਗਰੇਜ਼ੀ ਦੇ ਫਿਲਾਸਫਰ ਦੀ ਗੱਲ ਹੈ ਜੋ ਉਨ੍ਹਾਂ ਆਪਣੀ ਸਪੀਚ ਵਿਚ ਦੱਸੀ ਹੈ ਔਰ ਦੋ ਗੱਲਾਂ ਆਪਣੇ ਮੁਲਕ ਦੀਆਂ ਦੇਸੀ ਜ਼ਬਾਨ ਵਿਚ ਹਨ । ਜੋ ਅੰਗਰੇਜ਼ੀ ਫਿਲਾਸਫਰ ਵਿਕਟਰ ਹਿਊਗੋ ਦੀ ਗੱਲ ਹੈ, ਉਹ ਇਸ ਤਰ੍ਹਾਂ ਹੈ :- Budget a fish strang and monoster vast To which from all sides a nook is cast. ਵਿਕਟਰ ਹਿਊਗੋ ਨੇ ਬਜਟ ਦੀ ਤੁਲਨਾ ਮਛੀ ਜਾਂ ਕਿਸੇ ਵੀ ਆਬੀ ਜਾਨਵਰ ਨਾਲ ਕੀਤੀ ਹੈ, ਜਿਸ ਨੂੰ ਹਰ ਪਾਸਿਉਂ ਕੁੰਡੀ ਲਗਾਉਣ ਦਾ ਯਤਨ ਕਰਦਾ ਹੈ । ਬੱਜਟ ਚੀਜ਼ ਹੀ ਐਸੀ ਹੈ ਕਿ ਜਦੋਂ ਉਹ ਪੇਸ਼ ਹੋ ਜਾਵੇ ਤਾਂ ਫਿਰ ਹਰ ਕੋਈ ਮਨੁਖ ਆਪਣੇ ਆਪਣੇ ਢੰਗ ਨਾਲ ਦੇਖਦਾ ਹੈ ਅਤੇ ਜੋ ਗੱਲ ਚੰਗੀ ਨਾ ਲੱਗੇ ਉਸ ਨੂੰ ਜ਼ਿਆਦਾ ਵਾਈਟ ਵਾਸ਼ ਕਰਦਾ ਹੈ । ਉਨ੍ਹਾਂ ਨੇ ਜੋ ਗੱਲ ਮੰਨ ਲਈ ਹੈ ਮੈਂ ਪਹਿਲਾਂ ਉਸ ਬਾਰੇ ਕਹਿਣਾ ਚਾਹੁੰਦਾ ਹਾਂ ਇਹ ਸਟੇਟ ਦਸ ਗੱਲਾਂ ਵਿਚ ਫਸਟ ਹੈ ਉਨਾਂ ਨੇ ਮੰਨ ਲਈਆਂ ਹਨ ਭਾਵੇਂ ਉਨ੍ਹਾਂ ਨੇ ਫਸਟ ਦਾ ਲਫ਼ਜ਼ ਨਹੀਂ ਵਰਤਿਆ ਉਹ ਰਿਜ਼ਰਵ ਰੱਖਿਆ ਹੈ । ਪੰਜਾਬ ਦੀ ਪਰ ਕੈਪੀਟਾ ਇਨਕਮ ਸਾਰੇ ਮੁਲਕ ਨਾਲੋਂ ਯਾਨੀ ਨੈਸ਼ਨਲ ਪਰ ਕੈਪੀਟਾ ਇਨਕਮ ਨਾਲੋਂ ਵੱਧ ਹੈ, ਇਹ ਵੀ ਮੰਨ ਲਿਆ ਹੈ ਕਿ ਪੰਜਾਬ ਦਾ ਗਰੋਥ ਰੇਟ ਨੈਸ਼ਨਲ ਗਰੋਥ ਰੇਟ ਨਾਲੋਂ 2% ਵੱਧ ਹੈ । ਪੰਜਾਬ ਦੀ ਪਰ ਕੈਪੀਟਾ ਇਨਕਮ 13.70/- ਰੁਪਏ ਹੈ ਜਦ ਕਿ ਨੈਸ਼ਨਲ ਪਰ ਕੈਪੀਟਾ ਇਨਕਮ 850 /- ਰੁਪਏ ਹੈ । ਇਹ ਵੀ ਮੰਨ ਲਿਆ ਹੈ ਕਿ ਪੰਜਾਬ ਦਾ ਮਨੁੱਖ ਅੱਗੇ ਨਾਲੋਂ ਵਧ ਜੀਉਂਦਾ ਹੈ । ਲੌਂਗੇਵਿਟੀ ਆਫ ਲਾਈਫ ਪੰਜਾਬ ਦੇ ਬੰਦਿਆਂ ਦੀ 63.5 ਸਾਲ ਹੈ ਜਦ ਕਿ ਇਸ ਦੇ ਮੁਕਾਬਲੇ ਦੇਸ਼ ਦੀ ਲੌਂਗੇਵਿਟੀ ਆਫ ਲਾਈਫ 51.9 ਸਾਲ ਹੈ । ਗਰੀਨ ਰੈਵੋਲਿਊਸ਼ਨ ਵਿਚ ਵੀ ਪੰਜਾਬ ਨੰਬਰ ਇਕ ਤੇ ਹੈ । ਅਨਾਜ ਦੀ ਸੈਂਟਰਲ ਪੂਲ ਵਿਚ ਪੰਜਾਬ ਇਕੱਲਾ ਹੀ ਉਨਾਂ ਹਿੱਸਾ ਪਾਉਂਦਾ ਹੈ ਜਿੰਨਾਂ ਕਿ ਹੋਰ ਸਾਰੀਆਂ ਸਟੇਟਾਂ ਰਲ ਕੇ ਵੀ ਨਹੀਂ ਪਾਉਂਦੀਆਂ ਹਨ । (ਥੰਪਿੰਗ) ਜੇ ਉਹ ਨਹੀਂ ਮੰਨਦਾ ਤਾਂ ਬਜਟ ਮੰਨਦਾ ਹੈ ਕਿ ਵ੍ਹਾਈਟ ਰੈਵੋਲਿਊਸ਼ਨ ਦੇ ਆਉਣ ਤੇ ਪੰਜਾਬ ਵਿਚ ਦੁੱਧ ਦੀ ਪ੍ਰਾਪਤੀ 443 ਗਰਾਮ ਪ੍ਰਤੀ ਮਨੁਖ ਆਉਂਦੀ ਹੈ ਔਰ ਇਸ ਦੇ ਮੁਕਾਬਲੇ ਨੈਸ਼ਨਲ ਪ੍ਰਤੀ ਮਨੁੱਖ ਪ੍ਰਾਪਤੀ 118 ਗਰਾਮ ਹੈ । ਇਹ ਕੋਈ ਛੋਟਾ ਫਰਕ ਨਹੀਂ ਹੈ । ਇਸ ਪੰਜਾਬ ਦੀ ਹਰ ਮੁਟਿਆਰ ਅਤੇ ਹਰ ਗਭਰੂ ਹੋਰ ਦੇਸ਼ ਦੇ ਬੰਦਿਆ ਨਾਲੋਂ ਜ਼ਿਆਦਾ ਸਿਹਤਮੰਦ ਹੈ ।

ਕਮਿਊਨੀਕੇਸ਼ਨ ਦੇ ਸਿਲਸਿਲੇ ਵਿਚ, ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਇਸ ਸਬੰਧ ਵਿਚ ਵੀ ਹਿੰਦੁਸਤਾਨ ਨਾਲੋਂ ਅੱਗੇ ਹੈ । ਸੜਕਾਂ ਬਣਾਉਣ ਦੇ ਸਬੰਧ ਵਿਚ ਜਿਥੇ ਪੰਜਾਬ ਨੇ 60 ਮੀਲ ਪ੍ਰਤੀ ਸੌ ਸੁਕੇਅਰ ਕਿਲੋਮੀਟਰ ਸੜਕਾਂ ਬਣਾਈਆ ਉਥੇ ਸਾਰੇ ਦੇਸ਼ ਲਈ ਇਹ 26 ਮੀਲ ਹਨ । ਸੋ ਇਸ ਪਾਸੇ ਵੀ ਪੰਜਾਬ ਨੇ ਕਾਫੀ ਤਰੱਕੀ ਕੀਤੀ ਹੈ ।

ਇਸ ਤਰ੍ਹਾਂ ਹੀ ਲਿਟ੍ਰੇਸੀ ਵਿਚ ਰੈਵੋਲਿਊਸ਼ਨ ਲਿਆਉਣ ਵਲ ਵੀ ਪੰਜਾਬ ਨੇ ਬਹੁਤ ਤਰੱਕੀ ਕੀਤੀ ਹੈ । 150 ਵੋਕੇਸ਼ਨਲ ਐਜੂਕੇਸ਼ਨਲ ਇੰਸਟੀਚਿਊਸ਼ਨਜ਼ ਖੋਲ੍ਹ ਕੇ ਗਿਆਨੀ ਜੀ ਦੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ ਢਿਲੋਂ]

ਸਰਕਾਰ ਨੇ ਬਹੁਤ ਵੱਡਾ ਕੰਮ ਕੀਤਾ ਹੈ । ਉਥੇ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਟੈਕਨੀਕਲੀ ਟ੍ਰੇਂਡ ਕਰਨ ਦਾ ਪਰਬੰਧ ਕੀਤਾ ਹੈ ਜਿਸ ਨਾਲ ਉਹ ਟ੍ਰੇਨਿੰਗ ਹਾਸਲ ਕਰਨ ਉਪਰੰਤ ਆਪਣਾ ਪੇਟ ਆਪ ਪਾਲ ਸਕਣ । ਲਿਟ੍ਰੇਸੀ 98 % ਤਕ ਪਹੁੰਚ ਚੁੱਕੀ ਹੈ ।

ਇਸ ਹਾਊਸ ਵਿਚ ਹਾਊਸ ਸਾਈਟਸ, ਪਲਾਟਸ ਦੇਣ ਬਾਰੇ ਗੱਲ ਕੀਤੀ ਗਈ ਕਿ 3 ਲੱਖ ਪਲਾਟਸ ਢਾਬਾਂ ਔਰ ਛੱਪੜਾਂ ਆਦਿ ਥਾਵਾਂ ਤੇ ਦੇ ਦਿੱਤੇ ਗਏ ਹਨ । ਮੈਂ ਇਹ ਕਹਿੰਦਾ ਹਾਂ ਕਿ ਸਾਰੇ ਪੰਜਾਬ ਵਿਚ ਹਰੀਜਨਾਂ ਨੂੰ ਉਨ੍ਹਾਂ ਦੀ ਰਜ਼ਾਮੰਦੀ ਨਾਲ ਪਲਾਟਸ ਅਲਾਟ ਕੀਤੇ ਗਏ ਹਨ । ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਗੱਲਾਂ ਨੂੰ ਮੰਨ ਕੇ ਫਿਰ ਵੀ ਜੇ ਇਹ ਇਸ ਤਰ੍ਹਾਂ ਕਹੀ ਜਾਣ ਤਾਂ ਫਿਰ ਤਾਂ ਇਹ ਉਹੀ ਪੰਜਾਬੀ ਦੀ ਗੱਲ ਹੀ ਹੋਈ ਜਿਵੇਂ ਜਦੋ ਬਾਜ਼ੀ ਪੈਂਦੀ ਹੈ ਤੇ ਜਿਉਂ ਜਿਉਂ ਗੁਸ਼ਾਲਾ ਉਚੀ ਛਾਲ ਮਾਰਦਾ ਹੈ, ਢੋਲ ਵਾਲਾ ਬੁੱਢਾ ਕਹਿੰਦਾ ਹੈ, ਮੇਰਾ ਮਨ ਨਹੀਂ ਮੰਨਿਆ, ਗੁਸ਼ਾਲਿਆ ਛਾਲ ਹੋਰ ਮਾਰ । ਗੁਸ਼ਾਲਾ ਫਿਰ ਛਾਲ ਮਾਰ ਜਾਂਦਾ ਹੈ ਤੇ ਹੋਰ ਟੱਪ ਜਾਂਦਾ ਹੈ ਪਰ ਢੋਲ ਵਾਲਾ ਬੁੱਢਾ ਕਹਿੰਦਾ ਹੈ ਮੈਂ ਅਜੇ ਵੀ ਨਹੀਂ ਮੰਨਿਆ । ਮੇਰਾ ਦਿਲ ਅਜੇ ਵੀ ਰਾਜ਼ੀ ਨਹੀਂ ਹੋਇਆ । ਇਹ ਹੀ ਕਨੇਡੀਅਨ ਸਾਹਿਬ ਦੀ ਗਲ ਹੈ ।

ਕੋਈ ਵੀ ਜਿਹੜਾ ਚੰਗਾ ਔਰੇਟਰ ਹੋਵੇ ਉਹਦੀ ਉਸ ਪਾਸੇ ਪਰਫਾਰਮੈਂਸ ਬੈਸਟ ਹੋ ਸਕਦੀ ਹੈ । ਮੈਂ ਸਮਝਦਾ ਹਾਂ ਕਿ ਕਨੇਡੀਅਨ ਸਾਹਿਬ ਮੰਨੇ ਹੋਏ ਔਰੇਟਰ ਹਨ । ਇਨ੍ਹਾਂ ਨੇ ਕਿਹਾ ਹੈ ਕਿ 20 ਪੁਆਇੰਟ ਪ੍ਰੋਗਰਾਮ ਲਈ ਸਿਰਫ 125 ਕਰੋੜ ਰੁਪਏ ਹੀ ਰਖੇ ਗਏ ਹਨ । 119 ਕਰੋੜ ਰੁਪਏ ਤਾਂ ਇਰੀਗੇਸ਼ਨ ਐਂਡ ਪਾਵਰ ਲਈ ਰਖੇ ਹੋਏ ਹਨ ਅਤੇ ਬਾਕੀ 5-6 ਕਰੋੜ ਰੁਪਏ ਰਹਿ ਗਏ । ਇਹ ਇਨ੍ਹਾਂ ਨੇ ਗਲਤ ਕੈਲਕੁਲੇਟ ਕੀਤਾ ਹੈ (ਵਿਘਨ)

**ਚੌਧਰੀ ਜਗਤ ਰਾਮ :** ਆਨ ਏ ਪੁਆਇੰਟ ਆਫ ਆਰਡਰ, ਸਰ । ਸਾਡੇ ਮੈਂਬਰ ਸਾਹਿਬ ਕਨੇਡੀਅਨ ਸਾਹਿਬ ਨੂੰ ਕਹੀ ਜਾਂਦੇ ਹਨ ਕਿ ਮੈਂ ਨਾ ਮਾਨੂੰ । ਉਹ ਕਿਸ ਤਰ੍ਹਾਂ, ਉਹ ਤਾਂ ਛਾਲ ਮਾਰ ਕੇ ਸਾਡੇ ਵਲ ਆ ਬੈਠੇ ਹਨ ।

**ਸਰਦਾਰ ਕਿਰਪਾਲ ਸਿੰਘ ਢਿੱਲੋਂ** : ਡਿਪਟੀ ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਇਨ੍ਹਾਂ ਨੇ ਕੈਲਕੁਲੇਸ਼ਨ ਗਲਤ ਤਰੀਕੇ ਨਾਲ ਕੀਤੀ ਹੋਈ ਹੈ । 20 ਪੁਆਇੰਟ ਪ੍ਰੋਗਰਾਮ ਵਾਸਤੇ ਜੋ ਪੰਜਾਬ ਸਰਕਾਰ ਨੇ ਪੈਸੇ ਐਲੋਕੇਟ ਕੀਤੇ ਹਨ, ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਦੀ ਗੱਲ ਕਰਦਿਆਂ ਸੋਸ਼ਲਿਜ਼ਮ ਦੀ ਗੱਲ ਕੀਤੀ ਹੈ, ਸਮਾਜਵਾਦ ਦੀ ਗਲ ਕੀਤੀ ਹੈ ਉਸ ਸਬੰਧ ਵਿਚ ਮੈਂ ਬਹੁਤਾ ਨਹੀਂ ਪਰ ਇੱਕ ਗਲ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਹਿੰਦੁਸਤਾਨ ਕਿਸੇ ਵਿਦੇਸ਼ੀ ਸਮਾਜਵਾਦ ਨੂੰ ਆਪਣਾ ਨਿਸ਼ਾਨਾ ਨਹੀਂ ਬਣਾ ਸਕਦਾ । ਹਿੰਦੁਸਤਾਨ ਦਾ ਆਪਣਾ ਸਮਾਜਵਾਦ ਹੈ । (ਥੰਪਿੰਗ) ਇੱਕ ਗੱਲ ਉਨ੍ਹਾਂ ਨੇ ਫਰੇਮ ਵਰਕ ਦੀ ਦੱਸੀ ਹੈ । ਜਿਸ ਫਰੇਮ ਵਿਚ ਸੁੰਦਰ ਫੋਟੋ ਜੜੀ ਹੋਈ ਹੋਵੇ ਕਿਸੇ ਆਰਟਿਸਟ ਨੇ, ਉਸ ਸੁੰਦਰ ਫਰੇਮ ਵਿਚੋਂ ਪਹਿਲੀ ਫੋਟੋ ਕੱਢ ਕੇ ਆਪਣੀ ਫੋਟੋ ਜੜ ਦਿਓ ਅਤੇ ਕੋਕੇ ਲਗਾ ਦਿਉ, ਇਸ ਤਰ੍ਹਾਂ ਦੀ ਇਨ੍ਹਾਂ ਨੇ ਮਿਸਾਲ ਦਿੱਤੀ । ਬਰਤਾਨੀਆ ਔਰ ਅਮਰੀਕਾ ਜਾਂ ਹੋਰ ਸਰਮਾਇਦਾਰ ਦੇਸ਼ਾਂ ਦੇ ਜੋ ਬਜਟ ਹੁੰਦੇ ਹਨ ਉਸੇ ਤਰ੍ਹਾਂ ਹੀ ਇਨ੍ਹਾਂ ਨੇ ਸਾਡੇ ਬਜਟ ਦਾ ਫਰੇਮ ਦਸਿਆ ਹੈ। ਮੈਂ ਇਸ ਸਬੰਧ ਵਿਚ, ਡਿਪਟੀ ਸਪੀਕਰ ਸਾਹਿਬ, ਇਹ ਗੱਲ ਦੱਸਣਾ ਚਾਹੁੰਦਾ ਹਾਂ ਕਿ ਇੰਗਲਿਸ਼ ਔਰ ਫਰੈਂਚ ਕਨਸੈਪਸ਼ਨ ਆਫ ਦੇ ਬਜਟ ਬਾਰੇ ਇਨ੍ਹਾਂ ਨੇ ਵਿਸਲੇਸ਼ਨ ਕਰਦਿਆਂ ਚਾਰ ਐਲੀਮੈਂਟਸ ਔਰ 10 ਕਰੈਕ-ਟਰਇਸਟਿਕਸ ਨੂੰ ਡਿਫਾਇਨ ਕੀਤਾ ਹੈ । ਇਹ ਚਾਰ ਐਲੀਮੈਂਟਸ ਹਨ,ਐਂਟੀਸਪੇਟਿਡ ਰੈਵਨਿਊ

Original with;
Punjab Vidhan Sabha
Digitized by;
Panjab Digital Library

ਕਿਤੇ ਸਟੇਟ ਦਾ, ਦੂਸਰਾ ਪਰੋਪੋਜ਼ਡ ਐਕਸਪੈਂਡੀਚਰ । ਤੀਸਰਾ ਮਟਿਪੁਲੇਟਿਡ ਪੀਰੀਅਡ ਔਰ ਚੌਥਾ ਐਕਟਿਵਿਟੀ ਫਾਰ ਦੀ ਐਮੇਨਿਟੀਜ਼ ਆਫ ਦੀ ਸੋਸਾਇਟੀ ਐਂਡ ਐਕਟਿਵਿਟੀਜ਼ ਆਫ ਦੀ ਗੌਰਮਿੰਟ । ਇਹ ਚਾਰੇ ਐਲੀਮੈਂਟਸ ਹਰ ਬਜਟ ਵਿਚ ਸ਼ਾਮਿਲ ਹੋਣਗੇ । ਅੰਗਰੇਜ਼ੀ ਆਥਰਜ਼ ਨੇ ਜਿਨ੍ਹਾਂ ਵਿਚ ਮਿਸਿਜ਼ ਹਿੱਕ, ਪਾਲ ਲੀਨ ਅਤੇ ਪੀ. ਈ. ਟੇਲਰ ਵਰਗੇ ਸ਼ਾਮਿਲ ਹਨ, ਉਨ੍ਹਾਂ ਨੇ ਬੜੇ ਸੁਚੱਜੇ ਢੰਗ ਨਾਲ ਬਿਆਨ ਕੀਤਾ ਸੀ । ਉਸ ਨੂੰ ਇੰਝ ਸਮਝਣਾ ਚਾਹੀਦਾ ਹੈ ਕਿ

Finance Minister has been defined as under:- "He is just a Bulldog lying on the strong steel box to defend the Treasury from the people because it is national property and not an individual's property.'

ਫਰਾਂਸ ਵਾਲਿਆਂ ਦੀ ਸ਼ਬਦਾਵਲੀ ਵੱਖਰੀ ਸੀ ਪਰ ਢੰਗ ਇਹੀ ਸੀ । Thwiers, a French economist, described the Finance Minister of a State to be possessed with a quality of ferocity, or in other words. ਮੈਂ ਤਾਂ, ਡਿਪਟੀ ਸਪੀਕਰ ਸਾਹਿਬ, ਇਹ ਗੱਲ ਇਥੇ ਲਿਆਉਣੀ ਚਾਹੁੰਦਾ ਹਾਂ ਕਿ ਕੋਈ ਸਟਰੌਂਗ ਹੈਂਡ ਹੋਵੇ, ਸੁੰਦਰਤਾਂ ਨਾਲ ਇਥੇ ਕੋਈ ਚੀਜ਼ ਪ੍ਰੀਜ਼ੈਂਟ ਕਰਨ ਵਾਲਾ ਹੋਵੇ । ਬਿਊਟੀ ਅਤੇ ਸੁੰਦਰਤਾ ਦੇਖੋ ਇਸ ਲੀਡਰ ਦੀ ਜਿਸ ਨੇ ਇਹ ਬਜਟ ਪੇਸ਼ ਕੀਤਾ ਹੈ । The Punjab Finance Minister being handsome has presented a wholesome Budget ਉਨ੍ਹਾਂ ਨੇ ਇਕ ਹੈਂਡ ਸੱਮ ਬਜਟ ਤਿਆਰ ਕੀਤਾ ਹੈ ਔਰ ਵਿਚੋਂ ਦੀ ਵਾਇਆ ਮੀਡੀਆ ਕੱਢ ਕੇ ਕਿਸ ਤਰ੍ਹਾਂ ਬਿਊਟੀਫੁਲੀ ਬਜਟ ਪੇਸ਼ ਕੀਤਾ ਹੈ । ਮੈਂ ਸਮਝਦਾ ਹਾਂ ਕਿ ਉਹ ਇਕ ਆਰਟਿਸਟ ਹੈ । ਇਹ ਵੀ ਇਕ ਆਰਟ ਹੈ । ਡਾਕਟਰ ਗਿਆਨੀ ਜ਼ੈਲ ਸਿੰਘ ਪੰਜਾਬ ਦੇ ਮਹਾਨ ਆਦਮੀ ਤੇ ਨੇਤਾ ਨੇ । ਅੰਗਰੇਜ਼ੀ ਅਤੇ ਫਰਾਂਸੀਸੀ ਕਨਸੈਪਸ਼ਨ ਦੇ ਥੀਸਿਜ਼ ਅਤੇ ਐਂਟੀਥੀਸਿਜ਼ ਦਾ ਸਿੰਥੇਸਿਜ਼ ਪੈਦਾ ਕੀਤਾ ਹੈ ਅਤੇ ਉਨ੍ਹਾਂ ਨੇ ਸਿਧ ਕੀਤਾ ਹੈ ਕਿ Finance Minister is an artist in extortion who can bring maximum money with minimum discontent in the public. ਡਿਪਟੀ ਸਪੀਕਰ ਸਾਹਿਬ, ਕੀ ਕਨੇਡੀਅਨ ਸਾਹਿਬ ਨੇ ਇਹ ਨਹੀਂ ਮੰਨਿਆ ਕਿ ਬਜਟ ਵਿਚ ਕੋਈ ਟੈਕਸ ਨਹੀਂ ਲਾਇਆ । ਕੋਈ ਟੈਕਸ ਨਾ ਲਾਉਣਾ ਕੋਈ ਛੋਟੀ ਜਿਹੀ ਗੱਲ ਹੈ ? ਬਿਨਾ ਟੈਕਸ ਤੋਂ ਇੰਨਾ ਵੱਡਾ ਪਲੈਨ ਬਣਾਇਆ ਹੈ । 126 ਕਰੋੜ ਰੁਪਏ ਦਾ ਪਲੈਨ ਸੀ ਇਹ ਵਧਾ ਕੇ ਹੁਣ 219 ਕਰੋੜ ਰੁਪਏ ਦਾ ਕੀਤਾ ਹੈ । ਇਹ ਸਾਰੀਆਂ ਗੱਲਾਂ ਮੰਨਦੇ ਹੋਏ ਵੀ ਇਹ ਉਨ੍ਹਾਂ ਨੇ ਕਹਿ ਦਿੱਤਾ ਹੈ ਕਿ ਇਹ ਇਕ ਸਾਮਰਾਜੀ ਫਰੇਮ ਵਰਕ ਹੈ, ਇਹ ਕੈਪੀਟੇਲਿਸਟਿਕ ਢਾਂਚਾ ਹੈ ਅਤੇ ਇਸ ਦੇ ਵਿਚੋਂ ਕੋਈ ਪ੍ਰਾਪਤੀ ਨਹੀਂ ਹੋਈ । ਇਹ ਤਾਂ, ਡਿਪਟੀ ਸਪੀਕਰ ਸਾਹਿਬ, ਉਹ ਗੱਲ ਹੋਈ ਜਦੋਂ ਮੈਂ ਛੋਟਾ ਹੁੰਦਾ ਸੀ ਤਾਂ ਸਾਡੇ ਪਿੰਡ ਕਪੜਾ ਵੇਚਣ ਵਾਲਾ ਆਇਆ । ਆਮ ਪਿੰਡਾਂ ਵਿਚ ਫੇਰੀ ਵਾਲੇ ਕਪੜਾ ਵੇਚਣ ਜਾਂਦੇ ਹਨ । ਸਾਡੇ ਪਿੰਡ ਵੀ ਇਕ ਕਪੜਾ ਵੇਚਣ ਵਾਲਾ ਬੰਦਾ ਆਇਆ । ਉਹ ਵੇਹੜੇ ਵਿਚ ਆਪਣਾ ਕੱਪੜਾ ਰੱਖ ਕੇ ਵੇਚਣ ਲਗ ਪਿਆ ਅਤੇ ਕਪੜਾ ਪਾੜਨ ਲਗ ਪਿਆ । ਉਥੇ ਇਕ ਗਵਾਂਢੀ ਹੁਸ਼ਿਆਰ ਔਰਤ ਵੀ ਸੀ । ਮੈਂ ਤਾਂ ਉਥੇ ਔਬਜ਼ਰਵਰ ਦੇ ਤੌਰ ਤੇ ਖੜਾ ਸੀ ਕਿ ਕੀ ਕੋਈ ਖਰੀਦਦਾ ਹੈ ਅਤੇ ਕੀ ਕੋਈ ਲੈਂਦਾ ਹੈ । ਉਸ ਨੇ ਕੱਪੜਾ ਪਾੜਿਆ ਤੇ ਨਾਪ ਕੇ ਪੂਰਾ ਕੱਟ ਦਿੱਤਾ । ਜਦੋਂ ਉਹ ਗਵਾਂਢੀ ਹੁਸ਼ਿਆਰ ਔਰਤ ਕੱਪੜਾ ਮਿਣੇ ਤਾਂ ਕਪੜਾ ਪੌਣਾ ਗਜ਼ ਘੱਟ ਜਾਏ ਅਤੇ ਜਦੋਂ ਉਹ ਬੰਦਾ ਆਪ ਮਿਣੇ ਤਾਂ ਕੱਪੜਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ ਢਿਲੋਂ]

ਪੂਰਾ ਹੋ ਜਾਵੇ । ਗਵਾਂਢੀ ਹੁਸ਼ਿਆਰ ਔਰਤ ਵਾਂਗ ਕਨੇਡੀਅਨ ਸਾਹਿਬ ਨੇ ਕੱਪੜਾ ਹੀ ਸਾਡਾ ਘਟਾ ਦਿੱਤਾ ਜਦ ਕਿ ਕੱਪੜਾ ਪੂਰਾ ਹੈ ਅਤੇ ਇਕ ਇੰਚ ਜਾਂ ਇਕ ਮਿਲੀ ਮੀਟਰ ਦਾ ਵੀ ਫਰਕ ਨਹੀਂ ਅਤੇ ਨਾ ਹੀ ਨਿਕਲ ਸਕਦਾ ਹੈ ਪਰ ਉਨ੍ਹਾਂ ਨੇ ਉਸ ਗਵਾਂਢੀ ਔਰਤ ਵਾਂਗ ਕੀਤਾ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਆਪ ਦਾ ਧਿਆਨ ਇਸ ਗੱਲ ਵੱਲ ਦਿਵਾਉਣਾ ਚਾਹੁੰਦਾ ਹਾਂ ਜਿਹੜੀ ਕਿ ਕਨੇਡੀਅਨ ਸਾਹਿਬ ਨੇ ਲਾਸਟ ਵਿਚ ਕਹੀ ਹੈ ਕਿਉਂਕਿ ਮੇਰੇ ਸਾਹਮਣੇ ਉਨ੍ਹਾਂ ਦੀ ਸਪੀਚ ਇਕ ਪੂਰਾ ਨਕਸ਼ਾ ਬਣਾ ਗਈ ਹੈ ਅਤੇ ਉਸ ਨਕਸ਼ੇ ਨੂੰ ਮੈਂ ਪੂਰੀ ਤਰ੍ਹਾਂ ਫ਼ਿਲ ਕਰਦੇ ਜਾਣਾ ਹੈ । ਲਾਸਟ ਵਿਚ ਉਨ੍ਹਾਂ ਨੇ ਬਜਟ ਵਲੋਂ ਧਿਆਨ ਹਟਾ ਕੇ ਸਾਹਮਣੇ ਬੈਂਚਾਂ (ਅਕਾਲੀ ਬੈਂਚਾਂ ਵੱਲ ਇਸ਼ਾਰਾ) ਵਲ, ਜੋ ਇਸ ਵੇਲੇ ਖਾਲੀ ਹਨ, ਵਲ ਧਿਆਨ ਦੁਆਇਆ । ਡਿਪਟੀ ਸਪੀਕਰ ਸਾਹਿਬ, ਬਿਨਾ ਰਗੜ ਦੇ ਬਿਜਲੀ ਪੈਦਾ ਨਹੀਂ ਹੋ ਸਕਦੀ । ਦੁਨੀਆਂ ਵਿਚ ਬਹੁਤ ਸਾਰਿਆਂ ਨੇ ਇਹ ਕੋਸ਼ਿਸ਼ ਕੀਤੀ ਪਰ ਬਿਨਾ ਰਗੜ ਦੇ ਬਿਜਲੀ ਪੈਦਾ ਨਹੀਂ ਹੋ ਸਕੀ । ਜਦੋਂ ਤਕ ਕੋਈ ਫ੍ਰਿਕਸ਼ਨ ਨਹੀਂ ਹੋਵੇਗੀ, ਬਿਜਲੀ ਪੈਦਾ ਨਹੀਂ ਹੋਵੇਗੀ । ਜਦੋਂ ਤਕ ਪੂਰੀ ਰਗੜ ਨਹੀਂ ਮਿਲਦੀ ਉਦੋਂ ਤਕ ਪੂਰੀ ਬਿਜਲੀ ਨਹੀਂ ਪੈਦਾ ਹੁੰਦੀ । ਉਹ (ਅਕਾਲੀ ਬੈਂਚਾਂ ਵਲ ਇਸ਼ਾਰਾ) ਇਥੇ ਹਾਊਸ ਵਿਚ ਬੈਠਦੇ, ਕੋਈ ਅਕਲ ਦੀ ਗੱਲ ਸੁਣਦੇ ਤੇ ਕੁਝ ਬਿਹਤਰੀ ਦੀਆਂ ਗੱਲਾਂ ਦੱਸਦੇ ਤਾਂ ਹੀ ਕੋਈ ਗੱਲ ਬਣਨੀ ਸੀ । (ਵਿਘਨ) ਡਿਪਟੀ ਸਪੀਕਰ ਸਾਹਿਬ, ਪੰਜਾਬ ਇਕ ਬਹੁਤ ਵੱਡਾ ਪਰਵਾਰ ਹੈ ਅਤੇ ਇਹ ਪਰਵਾਰ ਦਿਨ ਪ੍ਰਤੀ ਦਿਨ ਵੱਧਦਾ ਹੀ ਜਾ ਰਿਹਾ ਹੈ । ਹਰ ਸਾਲ ਇਹ ਪਰਵਾਰ ਵੱਧਦਾ ਹੀ ਜਾ ਰਿਹਾ ਹੈ । ਇਸ ਵੇਲੇ ਡੇਢ ਕਰੋੜ ਤਾਂ ਨਹੀਂ ਪਰ 1 ਕਰੋੜ 40 ਲੱਖ ਦੇ ਕਰੀਬ ਇਸ ਪਰਵਾਰ ਦੇ ਮੈਂਬਰਾਂ ਦੀ ਗਿਣਤੀ ਹੋ ਚੁਕੀ ਹੈ ਔਰ ਇਹ ਪਰਵਾਰ ਅੱਜ 50,000 ਸੁਕੇਅਰ ਕਿਲੋ ਮੀਟਰ ਵਿਚ ਵੱਸਦਾ ਹੈ ਔਰ 108 ਵੱਡੇ ਨਗਰ ਅਤੇ 12,188 ਨਗਰ ਇਸ ਪਰਵਾਰ ਦੇ ਹਨ । ਇਸ ਇਤਨੇ ਵੱਡੇ ਜੀਊਂਦੇ ਜਾਗਦੇ ਪਰਵਾਰ ਨੂੰ ਇਕ ਬਹੁਤ ਵੱਡੇ ਕਸਟੋਡੀਅਨ ਦੀ ਲੋੜ ਸੀ, ਇਕ ਬਹੁਤ ਸਿਆਣੇ ਅਤੇ ਸੁਲਝੇ ਆਦਮੀ ਦੀ ਲੋੜ ਸੀ, ਇਕ ਟਰੱਸਟੀ ਦੀ ਲੋੜ ਸੀ ਜਿਹੜੀ ਲੋੜ ਕਿ ਡਾਕਟਰ ਗਿਆਨੀ ਜ਼ੈਲ ਸਿੰਘ ਜੀ ਨੇ ਪੂਰੀ ਕੀਤੀ ਹੈ । (ਥੰਪਿਗ) ਸਾਰੇ ਹਿੰਦੁਸਤਾਨ ਵਿਚ 65 ਕਰੋੜ ਦਾ ਪਰਵਾਰ ਬਣਿਆ ਹੈ ਔਰ ਉਸ ਦੇ ਵਿਚ 1 ਪੁਆਇੰਟ ਕੁਝ ਹਿੱਸਾ ਇਸ ਪਰਵਾਰ ਦਾ ਹੈ । ਇਸ ਦੀਆਂ ਟਰੈਡੀਸ਼ਨਜ਼, ਇਸ ਦੀਆਂ ਰਵਾਇਤਾਂ, ਇਸ ਦੀ ਇਨਹੈਰੀਟੈਂਸ, ਰਿਲੀਜਸ ਹੈਰੀਟੇਜ, ਪੋਲੀਟੀਕਲ ਹੈਰੀਟੇਜ, ਸੋਸ਼ਲ ਹੈਰੀਟੇਜ ਅਤੇ ਕਲਚਰਲ ਹੈਰੀਟੇਜ ਜੋ ਹਨ ਉਨ੍ਹਾਂ ਦੇ ਨਾਲ ਸਾਰੀ ਦੁਨੀਆਂ ਵਿਚ ਇਸ ਦਾ ਸਿਰ ਉਚਾ ਹੁੰਦਾ ਹੈ । ਰਿਲੀਜਸ ਹੈਰੀਟੇਜ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਥੇ ਇਸ ਧਰਤੀ ਤੇ ਰਾਮ ਚੰਦਰ ਦੇ ਮਾਤਾ ਕੁਸ਼ਲਿਆ ਜੀ ਹੋਏ, ਮਾਤਾ ਸੀਤਾ ਜੀ ਇਸ ਮਹਾਨ ਧਰਤੀ ਤੇ ਹੋਏ, ਪੰਡਿਤ ਜਵਾਹਰ ਲਾਲ ਨਹਿਰੂ ਜੋ ਸਾਡੇ ਦੇਸ਼ ਦੇ ਪ੍ਰਾਈਮ ਮਨਿਸਟਰ ਸਨ ਉਨ੍ਹਾ ਦੇ ਮਾਤਾ ਜੀ, ਜਿਨ੍ਹਾਂ ਦੇ ਨਾਮ ਤੇ ਕੱਲ੍ਹ ਹੀ ਡਾਕਟਰ ਗਿਆਨੀ ਜ਼ੈਲ ਸਿੰਘ ਜੀ ਨੇ ਕਾਲਜ ਦਾ ਨਾਮ ਰੱਖਿਆ ਹੈ, ਉਨ੍ਹਾਂ ਦਾ ਜਨਮ ਵੀ ਇਥੇ ਹੋਇਆ । ਬੇਬੇ ਨਾਨਕੀ ਜੀ, ਮਾਤਾ ਗੁਜਰੀ ਜੀ ਅਤੇ ਬੀਬੀ ਭਾਨੀ ਜੀ ਵੀ ਇਥੇ ਹੀ ਪੈਦਾ ਹੋਏ । ਇਸੇ ਤਰ੍ਹਾਂ ਬਾਬਾ ਫਰੀਦ ਜੀ, ਗੁਰੂ ਨਾਨਕ ਜੀ, ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ, ਨੌਵੇਂ ਪਾਤਸ਼ਾਹ ਗੁਰੂ ਤੇਗ਼ ਬਾਹਾਦੁਰ ਸਾਹਿਬ ਅਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ

Original with;
Punjab Vidhan Sabha
Digitized by;
Panjab Digital Library

ਵੀ ਇਸੇ ਧਰਤੀ ਤੇ ਹੋਏ । ਇਹ ਤਾਂ, ਡਿਪਟੀ ਸਪੀਕਰ ਸਾਹਿਬ, ਸਾਡੀ ਰਿਲੀਜਸ ਹੈਰੀਟੇਜ ਹੈ ।

ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਸਾਡੀ ਪੋਲੀਟੀਕਲ ਹੈਰੀਟੇਜ ਵੀ ਮਹਾਨ ਹੈ । ਇਸ ਧਰਤੀ ਤੇ ਸ਼ਹੀਦ ਭਗਤ ਸਿੰਘ ਜੀ ਪੈਦਾ ਹੋਏ, ਸਰਦਾਰ ਊਧਮ ਸਿੰਘ ਜੀ ਪੈਦਾ ਹੋਏ । ਲਾਲਾ ਲਾਜਪਤ ਰਾਇ ਜੀ ਪੈਦਾ ਹੋਏ ਅਤੇ ਹਕੀਕਤ ਰਾਇ ਜੀ ਪੈਦਾ ਹੋਏ । ਇਹ ਸਾਡੀ ਪੋਲੀਟੀਕਲ ਹੈਰੀਟੇਜ ਹੈ । ਇਸੇ ਤਰ੍ਹਾਂ ਪੰਜਾਬ ਦੀ ਕਲਚਰਲ ਹੈਰੀਟੇਜ ਵੀ ਹੈ । (ਵਿਘਨ) ਐਸੇ ਸਰਬਰਾਹ ਵੀ ਹੋਏ ਹਨ ਜੋ ਫਕਤ ਹਿੰਦੂ ਸਨ ਜਾਂ ਸਿੱਖ ਸਨ, ਇਨਸਾਨ ਨਹੀਂ ਸਨ । ਉਸ ਸ਼ਾਇਰ ਦੇ ਕਥਨ ਵਾਂਗ ਜਿਸ ਨੇ ਕਿਹਾ ਹੈ—

ਕੁਛ ਮੁਸ਼ਕਲੇਂ ਆਈਂ ਨਜ਼ਰ,<br>
ਇਨਸਾਨ ਬਨਨੇ ਮੇਂ ਜਬ ।<br>
ਕੋਈ ਹਿੰਦੂ ਬਨ ਗਿਆ ਔਰ,<br>
ਕੋਈ ਮੁਸਲਮਾਨ ਹੋ ਗਿਆ ।

ਡਿਪਟੀ ਸਪੀਕਰ ਸਾਹਿਬ, ਇਸ ਪੰਜਾਬ ਦੇ ਵਿਚ ਪਹਿਲਾਂ ਵੀ ਲੀਡਰ ਆਏ ਹਨ । ਡਾਕਟਰ ਗਿਆਨੀ ਜ਼ੈਲ ਸਿੰਘ ਜੀ ਤੋਂ ਪਹਿਲਾਂ ਜੋ ਲੀਡਰ ਇਥੇ ਆਏ ਉਹ ਜਾਂ ਹਿੰਦੂ ਸਨ ਜਾਂ ਸਿੱਖ ਸਨ । ਜੋ ਹਿੰਦੂ ਸੀ ਉਸ ਨੇ ਹਿੰਦੂ ਦੇ ਤੌਰ ਤੇ ਕੰਮ ਕੀਤਾ ਅਤੇ ਜੋ ਸਿੱਖ ਸੀ ਉਸ ਨੇ ਸਿੱਖ ਦੇ ਤੌਰ ਤੇ ਕੰਮ ਕੀਤਾ । ਪਰ ਡਾਕਟਰ ਗਿਆਨੀ ਜ਼ੈਲ ਸਿੰਘ ਇਕ ਐਸਾ ਸਿੱਖ ਹੈ ਜਿਸ ਨੇ ਹਿੰਦੂਆਂ ਔਰ ਸਿੱਖਾਂ ਦੀ ਸਾਂਝੀ ਗੱਲ ਕੀਤੀ ਹੈ । ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਡਾਕਟਰ ਗਿਆਨੀ ਜ਼ੈਲ ਸਿੰਘ ਇਥੇ ਸਾਡੇ ਪਹਿਲਾਂ ਲੀਡਰ ਹੁੰਦੇ ਤਾਂ ਜੋ ਇਹ ਪੰਜਾਬੀ ਸੂਬਾ ਹੈ ਇਹ ਪੰਜਾਬੀ ਸੂਬਾ ਜਮਨਾ ਦੇ ਤਟ ਤਕ ਹੁੰਦਾ ਅਤੇ ਇਸ ਦੀ ਆਖਰੀ ਹੱਦ ਦਰਿਆਏ ਕੋਸੀ ਹੁੰਦੀ ਨਾ ਕਿ ਘੱਗਰ । ਇਸ ਦੀਆਂ ਤਿੰਨ ਰਾਜਧਾਨੀਆਂ ਹੁੰਦੀਆਂ ਗਰਮੀਆਂ ਦੀ ਰਾਜਧਾਨੀ ਸ਼ਿਮਲਾ ਤੇ ਸਰਦੀਆਂ ਦੀ ਚੰਡੀਗੜ੍ਹ ਅਤੇ ਫਰੀਦਾਬਾਦ (ਵਿਘਨ) ਅਸੀਂ ਕੁਲ ਪੰਜਾਬ ਦੇ ਮਾਲਕ ਹੁੰਦੇ । ਮੇਰਾ ਵਿਚਾਰ ਹੈ ਕਿ ਅੱਜ ਤੋਂ ਪਹਿਲਾਂ ਅਗਰ ਡਾਕਟਰ ਗਿਆਨੀ ਜ਼ੈਲ ਸਿੰਘ ਜੀ ਇਸ ਪਰਵਾਰ ਦੇ ਮਾਲਕ ਹੁੰਦੇ, ਸਰਪ੍ਰਸਤ ਹੁੰਦੇ ਤਾਂ ਪੰਜਾਬ ਦੀ ਹੱਦ ਕੋਸੀ ਤਕ ਹੁੰਦੀ ਅਤੇ ਘਗਰ ਦੇ ਕੰਢੇ ਤੇ ਬੈਠ ਕੇ ਅੱਜ ਪਾਠ ਨਾ ਕਰਨਾ ਪੈਂਦਾ । (ਥੰਪਿੰਗ) (ਵਿਘਨ)

Columbus discovered America and Vascode Gama discovered India, but they discovered America and India only physically not spiritually, not socially, not politically, not culturally, it is only Dr. Zail Singh, who discovered Punjab politically, socially, economically, culturally and religiously.

ਇਸ ਪੰਜਾਬ ਦੀ ਡਿਸਕਵਰੀ ਦੀ ਲੋੜ ਸੀ । ਕੌਣ ਇਸ ਪੰਜਾਬ ਨੂੰ ਡਿਸਕਵਰ ਕਰ ਸਕਦਾ ਹੈ ? ਇਹ ਪੰਜਾਬ ਦੇ ਲੀਡਰ ਡਾਕਟਰ ਗਿਆਨੀ ਜ਼ੈਲ ਸਿੰਘ ਜੀ ਹਨ ਜਿਨ੍ਹਾਂ ਨੇ ਪੰਜਾਬ ਦੀ ਡਿਸਕਵਰੀ ਕੀਤੀ ਅਤੇ ਹਰ ਲਿਹਾਜ਼ ਨਾਲ ਡਿਸਕਵਰੀ ਕੀਤੀ । ਉਨ੍ਹਾਂ ਨੇ ਰਿਲੀਜਨ ਦੀ ਵੀ ਡਿਸਕਵਰੀ ਕੀਤੀ । ਉਨ੍ਹਾਂ ਨੇ ਰਿਲੀਜਨ ਨੂੰ ਉਚਾ ਚੁਕਿਆ, ਗੁਰੂਆਂ ਗੁਰਦੇਵਾਂ ਨੂੰ ਪੂਰਾ ਸਨਮਾਨ ਦਿੱਤਾ । ਗੁਰੂ ਤੇਗ਼ ਬਹਾਦੁਰ, ਜਿਨ੍ਹਾਂ ਦੀ ਇਸ ਮੁਲਕ ਵਾਸਤੇ ਵੱਡੀ ਕੁਰਬਾਨੀ ਸੀ ਉਨ੍ਹਾਂ ਦੀ

Original with;
Punjab Vidhan Sabha
Digitized by;
Panjab Digital Library

ਤਿੰਨ ਸੌ ਸਾਲਾ ਸ਼ਹੀਦੀ ਮਨਾਈ। ਗੁਰੂ ਗੋਬਿਦ ਸਿੰਘ ਮਾਰਗ ਬਣਾਇਆ। ਜਿਵੇਂ ਸਿਖ ਗੁਰੂਆਂ ਨੂੰ ਸਨਮਾਨ ਦਿੱਤਾ ਇਸੇ ਤਰ੍ਹਾਂ ਆਰੀਆ ਸਮਾਜ ਦੀ ਸੌਵੀਂ ਵਰ੍ਹੇਗੰਢ ਮਨਾਉਣ ਲਈ ਵੀ ਮੁੱਖ ਮੰਤਰੀ ਜੀ ਨੇ 5 ਲੱਖ ਰੁਪਏ ਦੀ ਭੇਂਟ ਕੀਤੀ ਔਰ ਜੈਨ ਮਤ ਦੀ 2500 ਸਾਲਾ ਸ਼ਤਾਬਦੀ ਮਨਾਉਣ ਲਈ ਵੀ 5 ਲੱਖ ਰੁਪਏ ਦੀ ਭੇਂਟ ਕੀਤੀ। ਇਸੇ ਤਰ੍ਹਾਂ ਰਾਮ ਤੀਰਥ ਅਸਥਾਨ ਦੀ ਉੱਨਤੀ ਵਾਸਤੇ ਇਨ੍ਹਾਂ ਨੇ 25 ਲੱਖ ਰੁਪਿਆ ਦਿੱਤਾ। ਕਹਿਣ ਦਾ ਭਾਵ ਇਹ ਹੈ ਕਿ ਡਾਕਟਰ ਗਿਆਨੀ ਜ਼ੈਲ ਸਿੰਘ ਜੀ ਸਾਰੇ ਧਰਮਾਂ ਦੇ ਸਾਂਝੇ ਭਾਈਵਾਲ ਹਨ। ਇਨ੍ਹਾਂ ਨੇ ਲੋਕਾਂ ਦੇ ਹਰ ਧਰਮ ਨੂੰ ਉਤਸ਼ਾਹ ਦਿੱਤਾ ਹੈ। ਇਹ ਉਹ ਮਨੁੱਖ ਹਨ ਜਿਨ੍ਹਾਂ ਨੇ ਸਿਖ ਦੇ ਤੌਰ ਤੇ ਅਤੇ ਹਿੰਦੂ ਦੇ ਤੌਰ ਤੇ ਆਪਣਾ ਪੂਰਾ ਪੂਰਾ ਧਿਆਨ ਹਰ ਗੱਲ ਵੱਲ ਦਿੱਤਾ ਹੈ।

ਹਿੰਦੂ ਅੰਨ੍ਹਾ, ਤੁਰਕੂ ਕਾਣਾ ਦੋਨਾਂ ਤੋਂ ਗਿਆਨੀ ਸਿਆਣਾ।

ਗੁਰਬਾਣੀ ਦੇ ਇਸ ਵਾਕ ਨੂੰ ਸਿੱਧ ਕੀਤਾ ਹੈ। ਇਨ੍ਹਾਂ ਨੇ ਹਿੰਦੂਆਂ ਅਤੇ ਸਿੱਖਾਂ ਦਾ ਸਾਂਝਾ ਸੋਚਿਆ ਹੈ। ਉਨ੍ਹਾਂ ਨੂੰ ਇਕ ਪਲੇਟ ਫਾਰਮ ਤੇ ਇਕੱਠਾ ਕੀਤਾ ਹੈ। ਉਨ੍ਹਾਂ ਵਿਚ ਅੱਜ ਯੂਨਿਟੀ ਤੇ ਹਾਰਮਨੀ ਪੈਦਾ ਕੀਤੀ ਹੈ। ਜਿਉਂ ਉਨ੍ਹਾਂ ਨੇ ਬਜਟ ਵਿਚ ਸਖ਼ਤ ਤੇ ਨਰਮ ਦੋਨਾਂ ਵਿਚਾਰਾਂ ਦਾ ਸਿੰਥੇਸਿਜ਼ ਕੀਤਾ ਹੈ ਇਨ ਬਿਨ ਇਸੇ ਤਰ੍ਹਾਂ ਧਾਰਮਕ ਤੇ ਰਾਜਸੀ ਖੇਤਰ ਵਿਚ ਵੀ ਡਾਕਟਰ ਗਿਆਨੀ ਜ਼ੈਲ ਸਿੰਘ ਜੀ ਸਿੰਥੇਸਿਜ਼ ਦਾ ਇਕ ਐਂਬਲਮ ਤੇ ਸਿੰਬਲ ਹਨ।

ਜੋ ਫਿਰਕੂ ਸਰਕਾਰ ਜਨਸੰਘੀਆਂ ਔਰ ਅਕਾਲੀਆਂ ਨੇ ਰਿੱਲ ਕੇ ਬਣਾਈ ਸੀ ਉਸ ਵੇਲੇ ਦੀ ਅਤੇ ਹੁਣ ਜਦੋਂ ਕਿ ਗਿਆਨੀ ਜ਼ੈਲ ਸਿੰਘ ਨੇ ਚਾਰਜ ਸੰਭਾਲਿਆ ਹੈ, ਉਸ ਤੋਂ ਬਾਅਦ ਕੀ ਤਰੱਕੀ ਹੋਈ ਹੈ ਇਸ ਗੱਲ ਤੋਂ ਉਨ੍ਹਾਂ ਵਿਚ ਕੀ ਅੰਤਰ ਹੈ, ਇਹ ਇਨ੍ਹਾਂ ਅੰਕੜਿਆਂ ਤੋਂ ਸਿੱਧ ਹੁੰਦਾ ਹੈ। 1972 ਵਿਚ ਡਿਪਟੀ ਸਪੀਕਰ ਸਾਹਿਬ, ਐਗਰੀਕਲਚਰ ਦੀ ਟੋਟਲ ਪ੍ਰੋਡਕਸ਼ਨ ਦੀ ਨੈਟ ਫਾਰਮ ਵੈਲਿਊ ਲਈਏ ਤਾਂ 6,870 ਮਿਲੀਅਨ ਰੁਪਏ ਸੀ ਅਤੇ ਅੱਜ 12,040 ਮਿਲੀਅਨ ਹੋ ਗਈ ਹੈ, ਯਾਨੀ ਦੁਗਣੀ ਹੋ ਗਈ ਹੈ। ਫੂਡ ਗਰੇਨ ਪ੍ਰੋਡਕਸ਼ਨ ਜੋ 60 ਲੱਖ ਟਨ ਸੀ ਇਸ ਸਾਲ 84 ਲੱਖ ਟਨ ਹੋਈ ਹੈ। ਸ਼ੂਗਰਕੇਨ 4 ਲੱਖ ਟਨ ਤੋਂ ਸਾਢੇ 6 ਲੱਖ ਟਨ ਪ੍ਰੋਡਿਊਸ ਕੀਤਾ ਹੈ। ਕਾਟਨ ਦੀਆਂ ਗੱਠਾਂ 9 ਲੱਖ ਸਨ ਜੋ 12 ਲੱਖ ਹੋਈਆਂ ਹਨ, ਆਇਲ ਸੀਡਜ਼ ਢਾਈ ਲੱਖ ਟਨ ਤੋਂ ਸਾਢੇ ਤਿੰਨ ਲੱਖ ਟਨ ਪੈਦਾ ਕੀਤੇ ਹਨ। ਡਿਪਟੀ ਸਪੀਕਰ ਸਾਹਿਬ, ਛੋਟੇ ਜ਼ਿਮੀਂਦਾਰ ਦੀ ਗੱਲ ਲਵੋ ਜੋ ਕਿ 20 ਨੁਕਾਤੀ ਪ੍ਰੋਗਰਾਮ ਵਿਚ ਸ਼ਾਮਲ ਹੈ। ਉਸ ਵਾਸਤੇ ਦੋ ਸਕੀਮਾਂ ਬਣਾਈਆਂ ਹਨ ਸਫਲਾ ਅਤੇ ਮਫਲਾ। ਇਨ੍ਹਾਂ ਸਕੀਮਾਂ ਵਿਚ 4 ਲੱਖ 36 ਹਜ਼ਾਰ ਛੋਟੇ ਕਿਸਾਨ ਲਿਆਂਦੇ ਗਏ ਹਨ। ਇਨ੍ਹਾਂ ਦੀ ਪਹਿਲੇ ਕਦੇ ਕਿਸੇ ਨੇ ਲਿਸਟ ਨਹੀਂ ਬਣਾਈ ਸੀ ਅਤੇ ਹੁਣ ਇਨ੍ਹਾਂ ਦੀ ਮਦੱਦ ਕੀਤੀ ਜਾਏਗੀ, 1972 ਤੋਂ ਪਹਿਲਾਂ ਇਨ੍ਹਾਂ ਤੇ ਇਕ ਧੇਲਾ ਵੀ ਖਰਚ ਨਹੀਂ ਸੀ ਕੀਤਾ ਗਿਆ। ਇਨ੍ਹਾਂ ਅਜੰਸੀਆਂ ਨੇ ਛੋਟੇ ਜ਼ਿਮੀਂਦਾਰਾਂ ਲਈ 25,372 ਟਿਊਬਵੈਲਜ਼ ਸਿੰਕ ਕੀਤੇ। ਸੁਬਸਿਡੀ ਜੋ 1972 ਵਿਚ ਨਿਲ ਸੀ ਇਹ 444.48 ਲੱਖ ਦਿੱਤੀ ਗਈ ਹੈ। ਇਸ ਤਰ੍ਹਾਂ ਕਰੈਡਿਟ ਔਰ ਕਰਜ਼ੇ ਜੋ 1972 ਵਿਚ ਇਕ ਧੇਲਾ ਨਹੀਂ ਸੀ ਦਿਤੇ ਗਏ ਅੱਜ ਉਹ 2,484.24 ਲੱਖ ਦਿੱਤੇ ਗਏ ਹਨ। ਇਹ ਛੋਟੇ ਜ਼ਿਮੀਂਦਾਰ, ਮਾਰਜਨਲ ਔਰ ਸਮਾਲ ਫਾਰਮਰਜ਼ ਵੱਲ ਗਿਆਨੀ ਜੀ ਦੀ ਸਰਕਾਰ ਨੇ ਤਵੱਜੋ ਕੀਤੀ ਹੈ ਔਰ ਇਹ ਚੀਜ਼ ਹਿਸਟਰੀ

Original with;
Punjab Vidhan Sabha
Digitized by;
Panjab Digital Library

ਵਿਚ ਆਏਗੀ । ਐਗਰੀਕਲਚਰ ਦੇ ਸਬੰਧ ਵਿਚ ਇਕ ਗਰੀਨ ਬੁਕਸ ਸਕੀਮ ਬਣਾਈ ਹੈ ਔਰ ਇਸ ਦੇ ਅਨੁਸਾਰ ਹਰ ਪਿੰਡ ਵਿਚੋਂ 5 ਛੋਟੇ ਕਿਸਾਨ ਲਏ ਜਾਣਗੇ ਅਤੇ ਉਨ੍ਹਾਂ ਨੂੰ ਚਾਹੇ ਇਨਪੁਟਸ ਦੀ ਅਤੇ ਟੈਕਨੀਕ ਦੀ ਅਤੇ ਭਾਵੇਂ ਕੋਈ ਹੋਰ ਹੈ ਉਨ੍ਹਾਂ ਸਬੰਧੀ ਸਪੈਸ਼ਲ ਅਸਿਸਟੈਂਸ ਦਿੱਤੀ ਜਾਏਗੀ ਤਾਕਿ ਉਹ ਲੋਕ ਆਪਣੀ ਆਮਦਨ ਦਾ ਸੋਰਸ ਬਣਾ ਸਕਣ । ਡਿਪਟੀ ਸਪੀਕਰ ਸਾਹਿਬ, ਐਗਰੀਕਲਚਰ ਦਾ ਬੜਾ ਵੱਡਾ ਫ਼ੀਲਡ ਹੈ । ਇਸ ਵਿਚ ਐਨੀਮਲ ਹਸਬੰਡਰੀ ਵੀ ਸ਼ਾਮਲ ਹੈ । ਐਨੀਮਲ ਹਸਬੈਂਡਰੀ ਦੇ ਜਿਥੇ 189 ਹਸਪਤਾਲ ਸਨ ਅੱਜ 321 ਹਨ । ਦੇਸ਼ ਵਿਚ ਮਿਲਕ ਪਰ ਕੈਪਿਟਾ 118 ਗਰਾਮ ਪਰਾਪਤ ਹੈ ਪਰ ਸਾਡੇ ਪੰਜਾਬ ਦੇ ਨੌਜਵਾਨ ਨੂੰ 442 ਗਰਾਮ ਰੋਜ਼ ਦਾ ਮਿਲਦਾ ਹੈ । ਜਿਹੜੀ ਮਿਲਕ ਦੀ ਪ੍ਰੋਡਕਸ਼ਨ ਹੈ ਉਹ 5 ਮਿਲੀਅਨ ਲਿਟਰਜ਼ ਤੋਂ ਵੱਧ ਕੇ ਸਾਢੇ 7 ਮਿਲੀਅਨ ਲਿਟਰਜ਼ ਹੋ ਗਈ ਹੈ । ਡਿਪਟੀ ਸਪੀਕਰ ਸਾਹਿਬ, ਕੋਆਪ੍ਰੇਟਿਵ ਮਹਿਕਮੇ ਦੀ ਗੱਲ ਲੈ ਲਵੋ । ਇਸ ਵਿਚ 18 ਹਜ਼ਾਰ ਸੋਸਾਇਟੀਆਂ ਸਨ ਜਿਹੜੀਆਂ ਕਿ ਹੁਣ 25,388 ਹੋ ਗਈਆਂ ਹਨ । ਇਨ੍ਹਾਂ ਸੋਸਾਇਟੀਆਂ ਰਾਹੀਂ ਗਰੀਬਾਂ ਦੇ ਹੱਕ ਵਿਚ 30% ਲੋਨ ਤੂੰ ਤੇਜ਼ ਕਰਕੇ 70% ਕੀਤਾ ਹੈ । ਇਹ ਸਾਰਾ ਕੰਮ ਇਸ ਸਰਕਾਰ ਦੀ ਅਗਵਾਈ ਹੇਠ ਹੋਇਆ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਤਵੱਜੋਂ ਅਤੇ ਤੁਹਾਡੇ ਰਾਹੀਂ ਹਾਊਸ ਦੀ ਤਵੱਜੋਂ ਇਸ ਗੱਲ ਵੱਲ ਲਿਆਉਣਾ ਚਾਹੁੰਦਾ ਹਾਂ ਕਿ 1972 ਵਿਚ 70% ਸਕੂਲ ਗੋਇੰਗ ਬੱਚੇ ਸਨ ਜਦੋਂ ਕਿ ਅੱਜ 98% ਬੱਚੇ ਸਕੂਲਾਂ ਵਿਚ ਜਾਂਦੇ ਹਨ । 1972 ਵਿਚ 6 ਤੋਂ 11 ਸਾਲ ਦੀ ਉਮਰ ਦੇ ਕੇਵਲ 1.6 ਮਿਲੀਅਨ ਬੱਚੇ ਸਕੂਲ ਜਾਂਦੇ ਸਨ ਜਦ ਕਿ ਅੱਜ 2.7 ਮਿਲੀਅਨ ਜਾਂਦੇ ਹਨ । ਪ੍ਰਾਇਮਰੀ ਸਕੂਲ 7 ਹਜ਼ਾਰ ਤੋਂ 9,451, ਮਿਡਲ ਸਕੂਲ 1.061 ਤੋਂ 1,547, ਹਾਈ ਸਕੂਲ 1,000 ਤੋਂ 1,281 ਅਤੇ ਵੋਕੇਸ਼ਨਲ ਐਜੂਕੇਸ਼ਨ ਵਾਸਤੇ, ਡਿਪਟੀ ਸਪੀਕਰ ਸਾਹਿਬ, ਜਿਹੜੀ ਕਿ ਹੈ ਹੀ ਨਹੀਂ ਸੀ, ਅੱਜ 100 ਮਿਡਲ ਸਕੂਲਾਂ ਵਿਚ ਅਤੇ 50 ਹਾਈ ਸਕੂਲਾਂ ਵਿਚ ਸ਼ੁਰੂ ਕੀਤੀ ਹੈ ਅਤੇ ਬਜਟ ਅਗੇ ਨਾਲੋਂ 5 ਲੱਖ ਵਧਾਇਆ ਹੈ ਅਤੇ ਇਸ ਵਿਚ 150 ਸਕੂਲ ਹੋਰ ਲਏ ਗਏ ਹਨ । ਹੁਣ ਐਮਪਲਾਇਮੈਂਟ ਦੀ ਗੱਲ ਲਵੋ । ਐਮਪਲਾਇਮੈਂਟ ਜੋ ਬਜਟ ਦਾ ਪਹਿਲਾ ਕਰੈਕਟਰ ਹੁੰਦਾ ਹੈ, ਜੋ ਬਜਟ ਦੀ ਪਹਿਲੀ ਦੇਣ ਹੈ ਕਿਸੇ ਮੁਲਕ ਵਿਚ The budget should provide for more and more employment and lastly full employment. ਇਸ ਐਂਪਲਾਇਮੈਂਟ ਦੇ ਸਬੰਧ ਵਿਚ ਵੀ ਮੈਂ ਅਰਜ਼ ਕਰਾਂ ਕਿ 1972 ਵਿਚ ਕੇਵਲ 7 ਲੱਖ ਮਨੁੱਖ ਨੌਕਰੀ ਕਰਦੇ ਸਨ ਅੱਜ 8.10 ਲੱਖ ਹੋ ਗਏ ਹਨ । 1 ਲੱਖ 10 ਹਜ਼ਾਰ ਦਾ ਵਾਧਾ ਹੋਇਆ ਹੈ । ਇਸੇ ਤਰ੍ਹਾਂ ਔਰਤਾਂ ਦਾ ਨੌਕਰੀਆਂ ਵਿਚ 80 ਹਜ਼ਾਰ ਦਾ ਵਾਧਾ ਹੋਇਆ ਹੈ । ਹੁਣ ਮੈਂ ਸਿਹਤ ਵੱਲ ਆਉਂਦਾ ਹਾਂ । ਇਸ ਖੇਤਰ ਵਿਚ ਕਈ ਚੀਜ਼ਾਂ ਦਾ ਨਾਮ ਤੱਕ ਨਹੀਂ ਸੀ ਆਉਂਦਾ । ਜਿਥੇ ਅਗੇ 3 ਮੈਡੀਕਲ ਕਾਲਜ ਸਨ, ਹੁਣ 4 ਹੋ ਗਏ ਹਨ । 3 ਟੀਚਿੰਗ ਮੈਡੀਕਲ ਕਾਲਜਾਂ ਦੀ ਬਜਾਏ ਹੁਣ 4 ਹੋ ਗਏ ਹਨ । 50 ਹਸਪਤਾਲਾਂ ਦੀ ਥਾਂ ਤੇ 88 ਹਸਪਤਾਲ ਹੋ ਗਏ ਹਨ । ਐਲੋਪੈਥਿਕ ਡਿਸਪੈਂਸਰੀਆਂ ਜਿਥੇ 258 ਸਨ ਉਥੇ 480 ਹੋ ਗਈਆਂ ਹਨ, ਆਯੁਰਵੈਦਿਕ 275 ਤੋਂ 388, ਹੋਮੋਪੈਥਿਕ ਡਿਸਪੈਂਸਰੀਆਂ ਬਿਲਕੁਲ ਨਹੀਂ ਸਨ, ਹੁਣ 18 ਹੋ ਗਈਆਂ ਹਨ । ਇਸ ਤੋਂ ਇਲਾਵਾ ਮੈਡੀਕਲ ਮੰਥਨ ਕਰਵਾਇਆ । 10 ਮੈਡੀਕਲ ਮੰਥਨ ਹੋਏ । ਇਨ੍ਹਾਂ ਮੰਥਨਾਂ ਕਰਕੇ ਪੰਜਾਬ ਸਰਕਾਰ ਨੇ ਹਿੰਦੁਸਤਾਨ ਭਰ ਵਿਚ ਪੰਜਾਬ ਦਾ ਨਾਮ ਪਹਿਲੇ ਨੰਬਰ ਤੇ ਲਿਆਂਦਾ ਹੈ । 39 ਲੱਖ ਮਨੁਖਾਂ ਦਾ ਘਰ ਵਿਚ ਬੈਠੇ ਬੈਠੇ ਪਿੰਡਾਂ ਵਿਚ ਐਗਜ਼ਾਮੀਨੇਸ਼ਨ ਕੀਤਾ ਗਿਆ । ਉਨ੍ਹਾਂ ਦੀ ਬੀਮਾਰੀ ਦਾ ਅਨੇਲੇਸਿਜ਼ ਕੀਤਾ ਗਿਆ । ਹਸਪਤਾਲਾਂ ਵਿਚ ਜਾਣ ਦੀ ਲੋੜ ਨਹੀਂ ਪਈ। ਇਸ ਮੈਡੀਕਲ ਮੰਥਨ ਔਰ ਸਿਵਿਕ ਮੰਥਨ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ ਢਿਲੋਂ]

ਨਾਲ ਪੰਜਾਬ ਦੀ ਸਿਹਤ ਵਿਚ ਵਾਧਾ ਹੋਇਆ। ਅਡੱਲਟਰੇਸ਼ਨ ਜੋ 1972 ਵਿਚ 32.30% ਸੀ ਅੱਜ ਉਹ 11.4% ਰਹਿ ਗਈ ਹੈ। ਡਿਪਟੀ ਸਪੀਕਰ ਸਾਹਿਬ, ਇਸ ਤੋਂ ਬਾਅਦ ਪੰਜਾਬ ਵਿਚ ਮੀਨਜ਼ ਆਫ ਕਮਿਊਨੀਕੇਸ਼ਨ ਵਿਚ ਰੈਵੋਲਿਊਸ਼ਨ ਲਿਆਂਦਾ ਗਿਆ। ਇਥੇ ਸੜਕਾਂ 1972 ਵਿਚ ਕੇਵਲ 13,377 ਕਿਲੋਮੀਟਰ ਲੰਬੀਆਂ ਸਨ ਅਤੇ ਅੱਜ 25,400 ਕਿਲੋ-ਮੀਟਰ ਹਨ ਯਾਨੀ 60 ਮੀਲ ਪਰ 100 ਸਕੇਅਰ ਕਿਲੋਮੀਟਰ। 1972 ਵਿਚ ਕੇਵਲ 5 ਹਜ਼ਾਰ ਪਿੰਡ ਸੜਕਾਂ ਨਾਲ ਜੋੜੇ ਗਏ ਸਨ ਜਦ ਕਿ ਅੱਜ 11,800 ਪਿੰਡ ਕਵਰ ਕੀਤੇ ਗਏ ਹਨ। ਇਸ ਤੋਂ ਇਲਾਵਾ ਸੋਸ਼ਲ ਵੈਲਫੇਅਰ ਵਿਚ ਵਾਧਾ ਕੀਤਾ ਗਿਆ ਹੈ ਇਸ ਵਾਧੇ ਵਿਚ ਓਲਡ ਏਜ ਪੈਨਸ਼ਨ 25 ਰੁਪਏ ਤੋਂ ਵਧਾ ਕੇ 50 ਰੁਪਏ ਕਰ ਦਿੱਤੀ ਹੈ। ਵਿਡੋਜ਼ ਐਂਰ ਡੈਸਟੀਚੂਟਸ ਨੂੰ ਜਿਥੇ 20 ਰੁਪਏ ਮਿਲਦੇ ਸਨ ਉਥੇ 50 ਰੁਪਏ ਕਰ ਦਿੱਤੇ ਗਏ ਹਨ। ਪਹਿਲਾਂ ਕੇਵਲ ਅਜਿਹੇ 14,500 ਵਿਅਕਤੀਆਂ ਨੂੰ ਇਹ ਏਡ ਮਿਲਦੀ ਸੀ ਜਦੋਂ ਕਿ ਹੁਣ 22,311 ਨੂੰ ਦਿੱਤੀ ਜਾਂਦੀ ਹੈ। ਪਹਿਲਾਂ ਵਿਡੋਜ਼ ਐਂਰ ਡੈਸਟੀਚੂਟਸ ਕੇਵਲ 417 ਬੈਨੀ-ਫਿਸ਼ੀਜ਼ ਸਨ ਹੁਣ ਇਨ੍ਹਾਂ ਦੀ ਤਾਦਾਦ 2,335 ਹੈ। ਡਿਪਟੀ ਸਪੀਕਰ ਸਾਹਿਬ, ਜਿਥੋਂ ਤੱਕ ਸ਼ਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਨੂੰ ਰੇਜ਼ਰਵੇਸ਼ਨ ਦੇਣ ਦਾ ਸੁਆਲ ਹੈ ਗਿਆਨੀ ਜੀ ਨੇ ਪੰਜਾਬ ਨੂੰ ਹਿੰਦੁਸਤਾਨ ਭਰ ਵਿਚ ਪਹਿਲੇ ਨੰਬਰ ਤੇ ਲਿਆ ਦਿੱਤਾ ਹੈ। 20% ਤੋਂ 25% ਰਿਕਰੂਟਮੈਂਟ ਵਿਚ ਰੇਜ਼ਰਵੇਸ਼ਨ ਦਿੱਤੀ ਹੈ ਅਤੇ (14+2) ਕਲਾਸ II ਅਤੇ ਕਲਾਸ I ਦੀਆਂ ਪਰੋਮੋਸ਼ਨ ਵਿਚ ਦਿੱਤੀ ਹੈ।

ਡਿਪਟੀ ਸਪੀਕਰ ਸਾਹਿਬ, ਸਾਰੇ ਪੰਜਾਬ ਵਿਚ ਤਕਰੀਬਨ 940 ਧਰਮਸ਼ਾਲਾਵਾਂ ਸਨ ਜਦ ਕਿ ਹੁਣ 9,840 ਹਨ। ਜੋ ਕਾਂਸਟੇਬਲਜ਼ ਦੀ ਭਰਤੀ ਵਿਚ 20% ਰੈਜ਼ਰਵੇਸ਼ਨ ਸੀ ਉਹ 40% ਕਰ ਦਿੱਤੀ ਹੈ ਅਤੇ ਬੈਕਵਰਡ ਕਲਾਸਿਜ਼ ਲਈ 2% ਤੋਂ 5% ਰੈਜਰਵੇਸ਼ਨ ਕਰ ਦਿੱਤੀ ਗਈ ਹੈ। 1972 ਵਿਚ ਟਿਊਬਵੈਲ ਕੁਨੈਕਸ਼ਨਜ਼ 93,200 ਸਨ, ਅੱਜ 1,42,546 ਹੋ ਗਏ ਹਨ। ਇੰਡਸਟਰੀਅਲ ਕੁਨੈਕਸ਼ਨਜ਼ 28 ਹਜ਼ਾਰ ਤੋਂ ਵੱਧ ਕੇ 34 ਹਜ਼ਾਰ ਹੋ ਗਏ ਹਨ। 1972 ਵਿਚ ਪਿੰਡਾਂ ਵਿਚ ਇਰੀਗੇਟਿਡ ਏਰੀਆ 50 ਲੱਖ ਏਕੜ ਸੀ ਜੋ ਵੱਧ ਕੇ 60 ਲੱਖ ਏਕੜ ਹੋ ਗਿਆ ਹੈ। ਇੰਡਸਟਰੀ ਦੇ 28,000 ਯੂਨਿਟ ਤੋਂ ਵੱਧ ਕੇ 40,000 ਯੂਨਿਟ ਹੋ ਗਏ ਹਨ। ਐਂਰ ਜੋ ਲਾਇਸੰਸ ਐਂਰ ਪ੍ਰੋਜੈਕਟਸ ਹਨ ਉਸ ਸਬੰਧ ਵਿਚ ਲੈਟਰ ਆਫ ਇੰਟੈਂਟਸ ਜੋ ਹਨ ਉਹ ਕੇਵਲ 11/12 ਸਨ ਜੋ ਅੱਜ ਵੱਧ ਕੇ 48 ਤਕ ਪਹੁੰਚ ਚੁਕੇ ਹਨ। ਇਸ ਤੋਂ ਇਲਾਵਾ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮਿਨੀਮਮ ਵੇਜ ਜੋ ਅੱਨਸਕਿਲਡ ਲੇਬਰ ਨੂੰ 125 ਰੁਪਏ ਮਹੀਨਾ ਮਿਲਦੀ ਸੀ ਹੁਣ 166.50 ਰੁਪਏ ਹੋ ਗਈ ਹੈ। ਟੈਕਸਟਾਇਲ ਇੰਡਸਟਰੀ ਵਿਚ 125 ਰੁਪਏ ਤੋਂ 187 ਰੁਪਏ, ਸਿਨੇਮਾ ਵਰਕਰ ਦੀ 130 ਰੁਪਏ ਤੋਂ 206 ਰੁਪਏ ਅਤੇ ਫ਼ਾਰਮ ਵਰਕਰ ਦੀ 600 ਰੁਪਏ ਤੋਂ 1,200 ਰੁਪਏ ਹੋ ਗਈ ਹੈ। ਹੁਣ ਮੈਂ, ਡਿਪਟੀ ਸਪੀਕਰ ਸਾਹਿਬ, ਕਾਮਰੇਡ ਕਨੇਡੀਅਨ ਨੂੰ ਇਹ ਪੁੱਛਦਾ ਹਾਂ ਕਿ ਕਿਹੜੀ ਉਹ ਸ਼ਕਤੀ ਹੈ ਗਿਆਨੀ ਜ਼ੈਲ ਸਿੰਘ ਕੋਲ ਜੋ ਪੰਜਾਬ ਦੀ ਵਾਹ ਵਾਹ ਅੱਜ ਸਾਰੇ ਮੁਲਕ ਵਿੱਚ ਉਨ੍ਹਾਂ ਨੇ ਕਰਵਾਈ ਹੈ। ਮੈਂ ਕਹਿੰਦਾ ਹਾਂ ਕਿ ਇੰਗਲੈਂਡ ਦਾ ਫਾਊਂਡਰ ਆਫ ਦੀ ਬਜਟ ਗਲੈਡਸਟੋਨ ਸੀ। ਉਸਨੇ ਪਹਿਲੀ ਵਾਰ 1840 ਵਿੱਚ ਇੰਗਲੈਂਡ ਦੀ ਪਾਰਲੀਮੈਂਟ ਵਿੱਚ ਬਜਟ ਪੇਸ਼ ਕੀਤਾ ਸੀ ਅਤੇ ਬਜਟ ਵਿੱਚ ਸਿਸਟਮ, ਰੈਗੁਲੈਰਿਟੀ, ਕੰਪਰੀਹੈਂਸਿਵਨੈਸ, ਐਕਸਕਲੂਸਿਵਨੈਸ ਅਤੇ ਕਰੈਰੀਟੀ ਗੋਲਡਸਮਿਥ ਨੇ ਕੀਤੀ ਸੀ। ਮੈਂ ਸਮਝਦਾ ਹਾਂ ਕਿ ਡਾਕਟਰ ਗਿਆਨੀ ਜ਼ੈਲ ਸਿੰਘ ਪੰਜਾਬ ਦੇ ਗਲੈਡਸਟੋਨ ਹਨ ਜਿਨ੍ਹਾਂ ਨੇ ਪੰਜਾਬ ਦਾ ਐਨਾ ਨਿਖਰਵਾਂ ਅਤੇ ਸੁਚੱਜਾ ਫਾਇਨਾਂਸ

Original with;
Punjab Vidhan Sabha
Digitized by;
Panjab Digital Library

ਮਨਿਸਟਰ ਸ੍ਰੀ ਹੰਸ ਰਾਜ ਸ਼ਰਮਾ ਲਿਆ ਹੈ । ਮੈਂ ਸਮਝਦਾ ਹਾਂ ਕਿ ਡਾਕਟਰ ਗਿਆਨੀ ਜ਼ੈਲ ਸਿੰਘ ਨੂੰ ਬਜਾ ਤੌਰ ਤੇ ਪੰਜਾਬ ਦਾ ਗੋਲਡਸਮਿਥ ਕਿਹਾ ਜਾ ਸਕਦਾ ਹੈ । ਮੈਕਾਲੇ ਇੰਗਲੈਂਡ ਦਾ ਸਭ ਤੋਂ ਵੱਧ ਫੇਮੱਸ ਪਰੋਜ਼ ਰਾਈਟਰ ਹੋਇਆ ਹੈ । ਉਹ ਹਿਸਟੋਰੀਅਨ ਸੀ । ਕਿਹਾ ਜਾਂਦਾ ਹੈ ਕਿ ਮੈਕਾਲੇ ਤੋਂ ਪਹਿਲਾਂ ਲੋਕੀਂ ਹਿਸਟਰੀ ਪੜ੍ਹ ਕੇ ਬੋਰ ਹੋ ਜਾਂਦੇ ਸੀ ਅਤੇ ਇਸ ਨੂੰ ਬੋਰਿੰਗ ਸਬਜੈਕਟ ਸਮਝਦੇ ਸੀ । ਇਹ ਕਿਹਾ ਜਾਂਦਾ ਸੀ ਕੀ ਹਿਸਟਰੀ ਸਰਟਨ ਇਵੈਂਟਸ ਦੇ ਫੈਕਟਸ ਦੀ ਸਟੇਟਮੈਂਟ ਹੈ । ਲੇਕਿਨ ਮੈਕਾਲੇ ਦੇ ਹਿਸਟਰੀ ਲਿਖਣ ਤੋਂ ਬਾਅਦ ਲੋਕੀਂ ਹਿਸਟਰੀ ਪੜ੍ਹਨ ਲੱਗ ਪਏ । ਕਾਰਲਾਈਲ ਵੀ ਉਸੇ ਪੱਧਰ ਦਾ ਰਾਈਟਰ ਹੋਇਆ ਹੈ ਉਸ ਨੇ 'ਹੀਰੋ ਐਂਡ ਹੀਰੋ ਵਰਸ਼ਿਪ' ਕਿਤਾਬ ਲਿਖੀ । ਉਹ ਕਿਤਾਬ ਲਿਖਣ ਤੋਂ ਬਾਅਦ ਲੋਕੀਂ ਉਸ ਨੂੰ ਹੀਰੋ ਸਮਝਣ ਲੱਗ ਪਏ । ਮੈਂ ਸਮਝਦਾ ਹਾਂ ਕਿ ਗਿਆਨੀ ਜ਼ੈਲ ਸਿੰਘ ਜੀ ਪੰਜਾਬ ਦੇ ਮੈਕਾਲੇ ਤੇ ਕਾਰਲਾਈਲ ਹਨ ਜਿਨ੍ਹਾਂ ਨੇ ਪੁਰਾਣੇ ਸਾਰੇ ਹੀਰੋਜ਼ ਦੀ ਪਰਸੰਸਾ ਕੀਤੀ ਹੈ । ਐਮਰਸਨ ਜੋ ਕਿ ਅਮਰੀਕਾ ਦਾ ਸੀ ਉਸਨੇ ਹਿਊਮਨ ਲਾਈਫ ਤੇ ਬੜੀਆਂ ਕਿਤਾਬਾਂ ਲਿਖੀਆਂ । ਮੈਂ ਸਮਝਦਾ ਹਾਂ ਕਿ ਹਿਊਮਨ ਲਾਈਫ ਦੀ ਏਕਤਾ ਯੂਨਿਟੀ ਨੂੰ ਤੋੜਨ ਵਾਲੇ ਅੱਜ ਪੰਜਾਬ ਵਿੱਚ ਇੱਧਰ ਉੱਧਰ ਦੌੜੇ ਫਿਰਦੇ ਹਨ । ਇਸ ਲਈ ਗਿਆਨੀ ਜ਼ੈਲ ਸਿੰਘ ਜੀ ਨੂੰ ਪੰਜਾਬ ਦਾ ਐਮਰਸੈਨ ਕਹਿਣਾ ਚਾਹੀਦਾ ਹੈ ਜਿਨ੍ਹਾਂ ਨੇ ਪੰਜਾਬ ਦੇ ਵਿੱਚ ਏਕਤਾ ਲਿਆਉਣ ਦਾ ਯਤਨ ਕੀਤਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਹੁਣ ਉਸ ਗੱਲ ਵੱਲ ਹਾਊਸ ਦਾ ਧਿਆਨ ਲਿਆਉਣਾ ਚਾਹੁੰਦਾ ਹਾਂ ਜਿਸ ਗਲ ਬਾਰੇ ਕਾਮਰੇਡ ਕਨੇਡੀਅਨ ਤੇ ਮੇਰੇ ਤੋਂ ਪਹਿਲਾਂ ਚੌਧਰੀ ਰਾਮ ਸਿੰਘ ਨੇ ਕੁਝ ਰੋਸ਼ਨੀ ਪਾਈ ਹੈ । ਮੈਂ ਉਨ੍ਹਾਂ ਚੀਜ਼ਾਂ ਵੱਲ ਸਪੈਸੀਫਿਕਲੀ ਹਾਊਸ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿਉਂਕਿ ਬਜਟ ਸਪੈਸੀਫਿਕ ਚੀਜ਼ ਹੈ । ਸਾਡਾ ਜੋ ਬਜਟ ਹੈ ਉਸ ਦੇ ਕੁਝ ਸੇਲੀਐਂਟ ਫੀਚਰਜ਼ ਹਨ । ਉਨ੍ਹਾਂ ਸੇਲੀਐਂਟ ਫੀਚਰਜ਼ ਨੇ ਪੰਜਾਬ ਦੀ ਇਕਾਨਮੀ ਨੂੰ ਅਸਲੀ ਬੁਨਿਆਦ ਤੇ ਲਿਆ ਦਿੱਤਾ ਹੈ । 1967 ਤੋਂ 1972 ਦੇ ਪੰਜ ਸਾਲਾਂ ਦਾ ਸਮਾਂ ਬੜਾ ਅਜੀਬ ਸੀ । ਉਨਾਂ ਪੰਜ ਸਾਲਾਂ ਵਿੱਚ ਸੱਤ ਸਰਕਾਰਾਂ ਬਦਲੀਆਂ। ਇਤਨੀ ਜਲਦੀ ਤਾਂ ਇੱਕ ਸਾਲ ਵਿੱਚ ਮੌਸਮ ਵੀ ਨਹੀਂ ਬਦਲਦਾ। ਇਤਨੀ ਜਲਦੀ ਤਾਂ ਇਨਸਾਨ ਆਪਣੇ ਕੱਪੜੇ ਵੀ ਨਹੀਂ ਬਦਲਦਾ ਜਿਤਨੀ ਜਲਦੀ ਇਥੇ ਸਰਕਾਰਾਂ ਬਦਲਦੀਆਂ ਰਹੀਆਂ । ਉਦੋਂ ਜਿਸ ਕਿਸੇ ਇੰਡਸਟਰੀਅਲਿਸਟ ਨੂੰ ਪੁਛਿਆ, ਤਾਂ ਉਹ ਕਹਿੰਦਾ ਸੀ ਕਿ ਮੈਂ ਤਾਂ ਇਥੋਂ ਚਲੇ ਜਾਣਾ ਹੈ, ਇਥੋਂ ਦੀ ਫੈਕਟਰੀ ਤਾਂ ਮੈਂ ਕੇਵਲ ਪਾਰਟ ਟਾਈਮ ਵਰਕਰਾਂ ਲਈ ਰੱਖੀ ਹੈ । ਅਗਲੀ ਇੰਡਸਟਰੀ ਤਾਂ ਮੈਂ ਫਰੀਦਾਬਾਦ, ਯੂ. ਪੀ. ਜਾਂ ਕੇਰਲਾ ਵਿੱਚ ਜਾ ਕੇ ਲਾਉਣੀ ਹੈ । ਲੇਕਿਨ ਇਹ ਗਿਆਨੀ ਜ਼ੈਲ ਸਿੰਘ ਜੀ ਦੀ ਸਿਆਣਪ ਹੈ ਕਿ ਕੇਰਲਾ ਤੋਂ ਮੁੜ ਆਨੰਦ ਬੈਟਰੀਜ਼ ਵਾਲੇ ਚੰਡੀਗੜ੍ਹ ਆ ਗਏ ਹਨ ਅਤੇ ਮੁਹਾਲੀ ਵਿੱਚ ਆਪਣੀ ਫੈਕਟਰੀ ਲਾਈ ਹੈ । ਮੈਂ ਉਨ੍ਹਾਂ ਸੇਲੀਐਂਟ ਫੀਚਰਜ਼ ਵਲ ਹਾਊਸ ਦਾ ਧਿਆਨ ਦਿਵਾਉਂਦਾ ਹਾਂ । ਇਸ ਬਜਟ ਨੂੰ ਫਰੇਮ ਕਰਦੇ ਹੋਏ ਸਰਕਾਰ ਨੇ ਟੂ ਪਰੋਂਗਡ ਸਟਰੈਟੇਜੀ ਇਸ ਵਿੱਚ ਰੱਖੀ ਹੈ। ਗਿਆਨੀ ਜੀ ਆਪ ਪਲਾਨਿੰਗ ਬੋਰਡ ਦੇ ਚੇਅਰਮੈਨ ਹਨ । ਗਿਆਨੀ ਜੀ ਨੇ ਇੰਡਸਟਰੀ ਵੱਲ ਖਾਸ ਧਿਆਨ ਦਿੱਤਾ । ਜਿਹੜੇ ਲੰਗੜੇ ਪਹੀਏ ਸਨ, ਨਿਰਬਲ ਪਹੀਏ ਸਨ, ਜਿਨ੍ਹਾਂ ਵਿੱਚ ਸਪੀਡ ਤੇ ਵੈਲਾਸਿਟੀ ਨਹੀਂ ਸੀ ਅਤੇ ਜਿਨ੍ਹਾਂ ਨੂੰ ਜ਼ੋਰ ਦੇਣ ਦੀ ਲੋੜ ਸੀ, ਉਨ੍ਹਾਂ ਵਲ ਧਿਆਨ ਦਿੱਤਾ ਹੈ । ਤਿੰਨ ਕੀ (key) ਸੈਕਟਰਜ਼, ਪਾਵਰ ਐਂਡ ਇਰੀਗੇਸ਼ਨ, ਐਗਰੀਕਲਚਰ ਅਤੇ ਇੰਡਸਟਰੀ ਹਨ । ਫੈਕਟਰੀਆਂ ਦੇ ਦੋਵੇਂ ਪਹੀਏ ਐਗਰੀਕਲਚਰ ਅਤੇ ਪਾਵਰ ਹਨ । ਜਿਤਨੀ ਬਿਜਲੀ ਜ਼ਿਆਦਾ ਪੈਦਾ ਹੋਵੇਗੀ ਉਤਨੀ ਜ਼ਿਆਦਾ ਇੰਡਸਟਰੀ ਦੀ ਪਰੋਡਕਸ਼ਨ ਹੋਵੇਗੀ । ਇਨ੍ਹਾਂ ਸੈਕਟਰਜ਼ ਲਈ 1974-75 ਵਿੱਚ 126 ਕਰੋੜ ਰੁਪਿਆ, 1975-76 ਵਿੱਚ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ ਢਿਲੋਂ]

163 ਕਰੋੜ ਰੁਪਿਆ ਅਤੇ ਹੁਣ 1976-77 ਵਿੱਚ 219.47 ਕਰੋੜ ਰੁਪਿਆ ਰੱਖਿਆ ਹੈ । 20 ਪਆਇੰਟ ਪ੍ਰੋਗਰਾਮ ਇਸ ਬਜਟ ਦਾ ਖਾਸ ਫੀਚਰ ਹੈ ਜਿਸ ਗੱਲ ਵਲ ਮੈਂ ਤੁਹਾਡਾ ਧਿਆਨ ਲੈ ਜਾਣਾ ਚਾਹੁੰਦਾ ਹਾਂ । ਇਸ ਵਿੱਚ ਘਾਟਾ ਬੜਾ ਥੋੜਾ ਹੈ, ਕੇਵਲ 14.80 ਕਰੋੜ ਰੁਪਏ ਦਾ ਘਾਟਾ ਹੈ । ਉਹ ਵੀ ਚੰਗੀ ਸੂਝ ਤੇ ਐਕਸਪੀਰੀਐਂਸ ਦੇ ਨਤੀਜੇ ਵਜੋਂ ਵੱਖਰੇ ਵੱਖਰੇ ਰਿਸੋਰਸਿਜ਼ ਤੋਂ ਪੂਰਾ ਕਰਨ ਦਾ ਯਤਨ ਕੀਤਾ ਹੈ । ਟੋਲ ਟੈਕਸ ਤੇ ਸਾਈਕਲ ਟੈਕਸ ਇਸ ਸਰਕਾਰ ਨੇ ਮੁਆਫ ਕੀਤਾ ਹੈ ।

ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਇੰਮਪਲਾਈਜ਼ ਦਾ ਡੀਅਰਨੈਸ ਅਲਾਊਂਸ ਵੀ ਵਧਾਇਆ ਹੈ ਅਤੇ ਇਸ ਦੀਆਂ ਦੋ ਕਿਸ਼ਤਾਂ ਦਿੱਤੀਆਂ ਹਨ ।

ਡਿਪਟੀ ਸਪੀਕਰ ਸਾਹਿਬ, ਇਸ ਬਜਟ ਦਾ ਸਪੈਸ਼ਲ ਫੀਚਰ ਇਹ ਹੈ ਕਿ ਐਗਰੀਕਲਚਰ ਦੇ ਫੀਲਡ ਵਿੱਚ ਪੰਜਾਬ ਦੇ ਵਿੱਚ ਜਿਹੜੇ ਲੋਕ ਵਸਦੇ ਹਨ ਅਤੇ ਜਿਨ੍ਹਾਂ ਦੀ ਆਮਦਨੀ 500 ਰੁਪਏ ਤੋਂ ਘੱਟ ਹੈ ਅਤੇ ਉਨ੍ਹਾਂ ਦੇ ਬੱਚੇ ਦੀ ਜੇ ਮੈਟ੍ਰਿਕ ਵਿੱਚ ਫਸਟ ਡਿਵੀਜ਼ਨ ਆਵੇ ਤਾਂ ਉਸਦਾ ਵਜ਼ੀਫਾ 20 ਰੁਪਏ ਤੋਂ 70 ਰੁਪਏ ਕਰਨਾ ਗਿਆਨੀ ਜ਼ੈਲ ਸਿੰਘ ਜੀ ਦੀ ਹੀ ਸੂਝ ਹੋ ਸਕਦੀ ਹੈ । ਮੈਨੂੰ ਮੁਗਾਲਤਾ ਨਾ ਹੋਵੇ ਤਾਂ ਪੰਜਾਬ ਦੇ ਵਿੱਚ 12,188 ਪਿੰਡਾਂ ਵਿੱਚ ਇੱਕ ਜਾਂ ਦੋ ਸਰਦਾਰ ਹੋਇਆ ਕਰਦੇ ਸਨ ਅਤੇ ਬਾਕੀ ਦੇ ਸਾਰੇ ਪਿੰਡ ਦੇ ਵਾਸੀ ਉਨ੍ਹਾਂ ਨੂੰ ਸਰਦਾਰ ਜੀ, ਸਰਦਾਰ ਜੀ ਕਹਿੰਦੇ ਸਨ । ਅੱਜ ਪੰਜਾਬ ਦੇ 12,188 ਪਿੰਡਾਂ ਵਿੱਚ ਹਰ ਮਨੁੱਖ ਸਰਦਾਰ ਹੋਵੇਗਾ ਅਤੇ ਉਥੇ ਇੱਕ ਜਾਂ ਦੋ ਸਰਦਾਰ ਨਹੀਂ ਹੋਣਗੇ ਅਤੇ ਉਨ੍ਹਾਂ ਨਾਲ ਹੀ ਪਿੰਡ ਨਹੀਂ ਵੱਸਣਗੇ । ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਬਜਟ ਵਿੱਚ ਸਰਕਾਰ ਦੀ ਜੋ ਮੇਨ ਕੰਟਰੀਬਿਊਸ਼ਨ ਹੈ, ਇਸਦੇ ਵਿੱਚ 20 ਪੁਆਇੰਟ ਪ੍ਰੋਗਰਾਮ ਦੇ ਜੋ ਸੇਲੀਐਂਟ ਫੀਚਰਜ਼ ਹਨ, ਉਨ੍ਹਾਂ ਵਲ ਮੈਂ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਸਭ ਤੋਂ ਪਹਿਲੀ ਚੀਜ਼ ਜਿਹੜੀ ਕਿਸੇ ਬਜਟ ਦੀ ਖਾਸ ਕਰੈਕਟਰਿਸਟਿਕ ਹੁੰਦੀ ਹੈ ਉਹ ਸਟੇਬਿਲਿਟੀ ਆਫ ਪ੍ਰਾਈਸਜ਼, ਸਟੇਬਿਲਿਟੀ ਆਫ ਇਕਾਨਮੀ ਹੁੰਦੀ ਹੈ । ਪੰਜਾਬ ਸਰਕਾਰ ਨੇ ਪੂਰੇ ਜ਼ੋਰ ਨਾਲ ਪ੍ਰਾਈਸਿਜ਼ ਨੂੰ ਕੰਟਰੋਲ ਕੀਤਾ ਹੈ ਅਤੇ ਪੰਜਾਬ ਵਿੱਚ ਅਸੈਂਸ਼ੀਅਲ ਗੁਡਜ਼ ਦੀ ਪ੍ਰੋਡਕਸ਼ਨ, ਪ੍ਰਕਿਊਰਮੈਂਟ ਅਤੇ ਡਿਸਟ੍ਰੀਬਿਊਸ਼ਨ ਬੜੀ ਮਿਹਨਤ ਨਾਲ ਕੀਤੀ ਹੈ । ਗੌਰਮਿੰਟ ਦੇ ਖਰਚੇ ਵਿੱਚ ਵੀ ਕਮੀ ਕੀਤੀ ਹੈ । ਪੈਟਰੋਲ, ਟਰਾਂਸਪੋਰਟ ਅਤੇ ਟੈਲੀਫੂਨਾਂ ਤੇ ਜੋ ਖ਼ਰਚਾ ਆਉਂਦਾ ਸੀ ਉਸ ਤੋਂ ਪੰਜ ਕਰੋੜ ਰੁਪਿਆ ਖ਼ਰਚ ਪੰਜਾਬ ਸਰਕਾਰ ਨੇ ਆਪਣੀ ਕਰੜੀ ਨੀਤੀ ਨਾਲ ਘਟਾਇਆ ਹੈ । ਡਿਪਟੀ ਸਪੀਕਰ ਸਾਹਿਬ, ਐਤਕੀ ਗੰਦਮ ਦੀ ਜੋ 2.42 ਮੀਲੀਅਨ ਟਨ ਪ੍ਰਕਿਊਰਮੈਂਟ ਹੋਈ ਸੀ ਉਸ ਦੇ ਵਿੱਚੋਂ 2.36 ਮੀਲੀਅਨ ਟਨ ਸੈਂਟਰਲ ਪੂਲ ਵਿੱਚ ਦਿੱਤੀ ਹੈ ਜਿਹੜੀ ਕਿ 98% ਬਣਦੀ ਹੈ । ਇਸੇ ਤਰ੍ਹਾਂ ਰਾਈਸ ਦਾ 8 ਲੱਖ ਟਨ ਦਾ ਟਾਰਗੇਟ ਸੀ ਜੋ ਕਿ ਸੈਂਟਰਲ ਪੂਲ ਵਿਚ ਦੇਣਾ ਸੀ ਪਰ 8,63,855 ਟਨ ਰਾਈਸ ਪੰਜਾਬ ਨੇ ਸੈਂਟਰਲ ਪੂਲ ਵਿਚ ਦਿਤਾ ਹੈ । ਡਿਪਟੀ ਸਪੀਕਰ ਸਾਹਿਬ, ਸੀਮੈਂਟ ਦੀ ਡਿਸਟਰੀਬਿਊਸ਼ਨ ਵਿੱਚ ਕਾਫੀ ਰਿਲੈਕਸੇਸ਼ਨ ਕਰ ਦਿੱਤੀ ਹੈ । ਬੜਾ ਰੌਲਾ ਸੀ ਕਿ ਕਿਸਾਨ ਨੂੰ ਡੀਜ਼ਲ ਆਇਲ ਨਹੀਂ ਮਿਲਦਾ । ਇਹ ਸਾਰੀਆਂ ਚੀਜ਼ਾਂ ਠੀਕ ਕੀਮਤ ਤੇ ਫੇਅਰ ਪ੍ਰਾਈਸ ਸ਼ਾਪਸ ਰਾਹੀਂ ਦੇਣ ਦਾ ਇੰਤਜ਼ਾਮ ਕੀਤਾ ਹੈ ਅਤੇ ਪੰਜਾਬ ਸਰਕਾਰ ਨੇ ਲੋਕਾਂ ਦਾ ਇਹ ਦੁੱਖ ਨਿਵਰਤ ਕੀਤਾ ਹੈ ।

ਡਿਪਟੀ ਸਪੀਕਰ ਸਾਹਿਬ, ਪੰਜਾਬ ਵਿੱਚ ਹੋਰਡਰਜ਼ ਵਧ ਗਏ ਸਨ ਅਤੇ ਉਨ੍ਹਾਂ ਦੇ ਹੌਸਲੇ ਵੀ ਵੱਧ ਚੁੱਕੇ ਸਨ । ਪੰਜਾਬ ਸਰਕਾਰ ਦੇ ਪੁਲਿਸ ਡਿਪਾਰਟਮੈਂਟ ਨੇ 1326 ਹੋਰਡਰਜ਼ ਡਿਟੈਕਟ ਕੀਤੇ ਅਤੇ 128 ਨੂੰ ਅਰੈਸਟ ਕੀਤਾ ਹੈ ਤਾਂ ਕਿ ਇਹ ਡਿਮਾਰੇਲਾਈਜ਼ ਹੋਣ ।

Original with;
Punjab Vidhan Sabha
Digitized by;
Panjab Digital Library

ਫਿਰ ਡਿਪਟੀ ਸਪੀਕਰ ਸਾਹਿਬ, ਮੇਰੇ ਕਾਮਰੇਡ ਦੋਸਤ ਕਨੇਡੀਅਨ ਸਾਹਿਬ ਨੇ ਕਿਹਾ ਸੀ ਕਿ ਸਰਪਲਸ ਜ਼ਮੀਨ ਕੋਈ ਨਹੀਂ ਕਢੀ ਗਈ ਅਤੇ ਨਾ ਹੀ ਵੰਡੀ ਗਈ, ਇਹ ਬੜੀ ਮਜ਼ਾਕ ਵਾਲੀ ਗੱਲ ਹੈ। ਪਹਿਲਾਂ ਪੰਜਾਬ ਵਿਚ ਅਤੇ ਪੈਪਸੂ ਵਿਚ ਦੋ ਟੇਨੈਂਸੀ ਐਕਟ ਵਖਰੇ ਵਖਰੇ ਸਨ। ਦਿਹਾਤਾਂ ਵਿਚ ਜੋ ਜ਼ਮੀਨ ਲੈਂਡਲੈਸ ਨੂੰ ਵੰਡੀ ਗਈ ਹੈ, ਉਹ 73,000 ਏਕੜ ਹੈ। ਜਦੋਂ ਲੈਂਡ ਰਿਫਾਰਮਜ਼ ਐਕਟ ਪੰਜਾਬ ਦਾ ਬਣਿਆ ਤਾਂ ਹਾਈ ਕੋਰਟ ਅਤੇ ਹੋਰ ਕੋਰਟਾਂ ਵਿਚ ਲੋਕਾਂ ਨੇ ਦਾਹਵੇ ਦਾਇਰ ਕਰ ਦਿਤੇ। ਫਿਰ ਕੰਸਟੀਚਿਊਸ਼ਨ ਦੇ 9ਵੇਂ ਸ਼ਿਡਿਊਲ ਵਿਚ ਇਸ ਚੀਜ਼ ਨੂੰ ਸ਼ਾਮਿਲ ਕਰਕੇ ਲੈਂਡ ਰਿਫਾਰਮਜ਼ ਨੂੰ ਠੀਕ ਕੀਤਾ ਅਤੇ ਇਸ ਚੀਜ਼ ਨੂੰ ਨਾਨ-ਕਾਗਨੀਜੇਬਲ ਕਰਾਰ ਦਿੱਤਾ ਗਿਆ ਹੈ ਜਿਸ ਨਾਲ ਹੁਣ ਸਰਪਲਸ ਲੈਂਡ ਨੂੰ ਵੰਡਣ ਵਿਚ ਕੋਈ ਰੁਕਾਵਟ ਨਹੀਂ ਪਵੇਗੀ। ਜਿਹੜੀ ਇਨਫੀਰੀਅਰ ਇਵੈਕੂਈ ਲੈਂਡ 48,114 ਏਕੜ ਅਤੇ 34874 ਏਕੜ ਨਜ਼ੂਲ ਲੈਂਡ ਸੀ ਉਹ ਲੈਂਡਲੈਸ ਲੋਕਾਂ ਨੂੰ ਹਰੀਜਨਾਂ ਨੂੰ ਦਿੱਤੀ ਗਈ ਹੈ। ਇਸ ਦੇ ਨਾਲ ਜੋ ਪਲਾਟਸ ਇਸ ਸਰਕਾਰ ਨੇ ਗ਼ਰੀਬ ਲੋਕਾਂ ਨੂੰ ਦਿੱਤੇ ਹਨ, ਉਹ 4,04,043 ਵਿਚੋਂ 3,01,454 ਨੂੰ ਦਿਤੇ ਹਨ। 42 ਸਿਵਿਲ ਰਿਟਾਂ ਪੈਂਡਿੰਗ ਹਨ ਅਤੇ ਇਨ੍ਹਾਂ ਤੋਂ ਇਲਾਵਾ ਬਾਕੀ ਦੇ ਲੋਕਾਂ ਨੂੰ ਅਲਾਟਡ ਪਲਾਟਸ ਦਾ ਕਬਜ਼ਾ ਦਿਵਾਇਆ ਜਾਵੇਗਾ। ਇਸ ਦੇ ਨਾਲ ਹੀ ਉਨ੍ਹਾਂ ਲੋਕਾਂ ਨੂੰ ਕੋਆਪਰੇਟਿਵ ਸੋਸਾਇਟੀ ਰਾਹੀਂ ਮਕਾਨ ਬਣਾਉਣ ਵਾਸਤੇ ਤਾਂ ਕਿ ਉਨ੍ਹਾਂ ਨੂੰ ਮਾਲੀ ਸਹਾਇਤਾ ਵੀ ਦਿੱਤੀ ਜਾਵੇ, ਸਰਕਾਰ ਨੇ ਇਸ ਲਈ ਵੀ ਪ੍ਰਬੰਧ ਕੀਤਾ ਹੈ। ਸਾਰੀ ਚੀਜ਼ ਇਕ ਫੇਜ਼ਡ ਤਰੀਕੇ ਨਾਲ ਚਲ ਰਹੀ ਹੈ। Rome was not built in a day. ਸਹਿਜ ਨਾਲ ਹੀ ਸਾਰਾ ਕੰਮ ਸਿਰੇ ਚੜ੍ਹਦਾ ਹੈ। ਸਰਕਾਰ ਨੇ ਪਿੰਡਾਂ ਵਿਚ 11 ਲੱਖ ਹਾਊਸ ਹੋਲਡਰਜ਼ ਨੂੰ ਲਗਾਤਾਰ ਇੰਡੈਟਿਡਨੈਸ ਤੋਂ ਬਚਾਉਣ ਦਾ ਯਤਨ ਕੀਤਾ ਹੈ ਅਤੇ ਇਸ ਬਾਰੇ ਸੈਂਟਰ ਦੀ ਹੋਰ ਲੈਜਿਸਲੇਸ਼ਨ ਵੀ ਆ ਰਹੀ ਹੈ, ਜਿਸ ਨਾਲ ਅਰਬਨ ਏਰੀਆਜ਼ ਵਿਚ ਵੀ ਇੰਡੈਟਿਡਨੈਸ ਨੂੰ ਲਿਕੁਈਡੇਟ ਕੀਤਾ ਜਾਵੇਗਾ। ਇਸ ਦੇ ਨਾਲ ਐਗਰੀਕਲਚਰਲ ਲੇਬਰ ਦੀ ਮੀਨੀਮਮ ਵੇਜ ਨੂੰ ਵੀ ਵਧਾਇਆ ਹੈ। ਇਸ ਪਾਸੇ ਵੀ ਸਰਕਾਰ ਦਾ ਕਦਮ ਸ਼ਲਾਘਾਯੋਗ ਹੈ।

ਇਸ ਦੇ ਨਾਲ ਹੀ ਇਰੀਗੇਸ਼ਨ ਐਂਡ ਪਾਵਰ ਵਾਸਤੇ ਵੀ ਬਹੁਤ ਕੁਝ ਕੀਤਾ ਗਿਆ ਹੈ। ਸਾਡੇ ਮਾਨਯੋਗ ਪ੍ਰਧਾਨ ਮੰਤਰੀ ਜੀ ਨੇ ਵੀ ਇਹ ਕਿਹਾ ਹੈ ਕਿ ਇਸ ਸਾਲ ਵਿਚ 5 ਮਿਲੀਅਨ ਹੈਕਟੇਅਰ ਜ਼ਮੀਨ ਨੂੰ ਇਰੀਗੇਟ ਕਰਨਾ ਹੈ। ਅਸੀਂ 1,85,700 ਹੈਕਟੇਅਰ ਵਿਚੋਂ 50,000 ਏਕੜ ਸੇਰਾਬ ਕਰ ਚੁਕੇ ਹਾਂ। ਇਸ ਦੇ ਨਾਲ ਹੀ 120 ਡੀਪ ਟਿਊਬਵੈਲਜ਼ ਸਬ ਮਾਊਂਟੇਨ ਏਰੀਆ ਵਿਚ ਲਗਾਏ ਗਏ ਹਨ, 446 ਪਿੰਡਾਂ ਨੂੰ ਬਿਜਲੀ ਦਿੱਤੀ ਗਈ ਹੈ ਅਤੇ ਗਾਂਧੀ ਜੀ ਦੀ ਐਨੀਵਰਸਰੀ ਤੇ ਕੋਈ ਵੀ ਪਿੰਡ ਬਿਜਲੀ ਤੋਂ ਬਿਨਾਂ ਨਹੀਂ ਰਹੇਗਾ।

ਸਰਕਾਰ ਨੇ ਇਕ ਟੈਕਸਟਾਈਲ ਡਿਵੈਲਪਮੈਂਟ ਕਾਰਪੋਰੇਸ਼ਨ ਸੈਟ-ਅਪ ਕਰਨ ਦਾ ਵੀ ਫੈਸਲਾ ਕੀਤਾ ਹੈ, ਜਿਸ ਨਾਲ ਕਿ ਹੈਂਡ-ਲੂਮ ਕਲਾਥ ਨੂੰ ਮਾਰਕੀਟ ਵਿਚ ਵਧਾਇਆ ਜਾਵੇਗਾ ਅਤੇ ਇਸ ਮਕਸਦ ਵਾਸਤੇ ਸਰਕਾਰ ਨੇ ਹੈਂਡਲੂਮ ਦਾ ਕੰਮ ਕਰਨ ਵਾਲਿਆਂ ਨੂੰ 5,000 ਰੁਪਏ ਫਰੀ ਆਫ ਇੰਟਰੈਸਟ ਲੋਨ ਦੇਣ ਦਾ ਫੈਸਲਾ ਕੀਤਾ ਹੈ।

ਫਿਰ ਪੰਜਾਬ ਸਰਕਾਰ ਨੇ ਸਟੂਡੈਂਟਸ ਨੂੰ ਕੰਟਰੋਲ ਭਾਅ ਤੇ ਕਪੜਾ ਦੇਣ ਦਾ ਫੈਸਲਾ ਕੀਤਾ ਹੈ ਅਤੇ ਉਨ੍ਹਾਂ ਦੀਆਂ ਹੋਰ ਤਕਲੀਫਾਂ ਵੀ ਦੂਰ ਕੀਤੀਆਂ। ਸਟੂਡੈਂਟਸ ਨੂੰ ਖਪਤ ਦੀਆਂ ਜਰੂਰੀ ਵਸਤਾਂ, ਜਿਵੇਂ ਕਿ ਆਟਾ, ਖੰਡ ਆਦਿ ਰਾਜ ਵਿਚਲੇ ਵਿਦਿਆਰਥੀਆਂ ਦੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ ਢਿਲੋਂ]

ਹੋਸਟਲਾਂ ਨੂੰ ਸਪਲਾਈ ਕੀਤੀਆਂ ਜਾਂਦੀਆਂ ਹਨ ਅਤੇ 20-ਨੁਕਾਤੀ ਪ੍ਰੋਗਰਾਮ ਦੀ ਇਕ ਜ਼ਰੂਰੀ ਮੱਦ ਅਰਥਾਤ ਵਿਦਿਆਰਥੀਆਂ ਨੂੰ ਕੰਟਰੋਲ ਸ਼ੁਦਾ ਕੀਮਤਾਂ ਤੇ ਲਿਖਣ-ਸਮੱਗਰੀ ਅਤੇ ਪੁਸਤਕਾਂ ਸਪਲਾਈ ਕਰਨ ਨੂੰ ਵੀ ਇਸ ਸਰਕਾਰ ਨੇ ਪੂਰੀ ਤਰ੍ਹਾਂ ਲਾਗੂ ਕਰ ਦਿੱਤਾ ਹੈ । ਇਸ ਸਕੀਮ ਦੇ ਤਹਿਤ 34,04,000 ਸਟੂਡੈਂਟਸ ਨੂੰ ਟੈਕਸਟ ਬੁਕਸ ਦਿੱਤੀਆਂ ਗਈਆਂ ਹਨ ।

ਇਸ ਦੇ ਨਾਲ ਹੀ ਇਨਕਮ ਟੈਕਸ ਦੀ ਵੀ 8,000 ਰੁਪਏ ਤਕ ਛੋਟ ਦਿੱਤੀ ਗਈ ਹੈ, ਇਹ ਚੀਜ਼ ਵੀ 20-ਨੁਕਾਤੀ ਪ੍ਰੋਗਰਾਮ ਵਿਚ ਹੈ । ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਇਕ ਹੋਰ ਨਵੀਂ ਸਕੀਮ ਹੈ, ਵਰਕਰਜ਼ ਪਾਰਟੀਸਿਪੇਸ਼ਨ ਇਨ ਇੰਡਸਟਰੀ, ਪਬਲਿਕ ਸੈਕਟਰ ਅਤੇ ਕੋਆਪਰੇਟਿਵ ਅੰਡਰਟੇਕਿੰਗਜ਼ ਵਿਚ; ਇਹ ਵੀ ਸਰਕਾਰ ਨੇ ਇਕ ਬਹੁਤ ਵੱਡਾ ਕੰਮ ਕੀਤਾ ਹੈ ਅਤੇ ਪੰਜਾਬ ਸਰਕਾਰ ਦਾ ਇਹ ਕਦਮ ਬੜਾ ਹੀ ਪ੍ਰਸੰਸ਼ਾਯੋਗ ਹੈ ।

ਇਸ ਤੋਂ ਬਾਅਦ ਪੰਜਾਬ ਸਰਕਾਰ ਨੇ ਸਟੇਟ ਅਪੈਕਸ ਬਾਡੀ ਦੀ ਕੰਨਸਲਟੇਸ਼ਨ ਨਾਲ, ਜਿਸ ਵਿਚ ਕਿ ਵਰਕਰਜ਼ ਦੇ ਰਿਪਰੇਜ਼ੈਂਟੇਟਿਵਜ਼, ਮਨਿਸਟਰ ਫਾਰ ਲੇਬਰ ਅਤੇ ਹੋਰ ਆਫੀਸ਼ਲਜ਼ ਹੁੰਦੇ ਹਨ. ਬਾਈਲੇਟਰਲ ਕਮੇਟੀਜ਼ ਬਣਾਉਣ ਦਾ ਫੈਸਲਾ ਕੀਤਾ ਹੈ ਅਤੇ ਇਨ੍ਹਾਂ ਕਮੇਟੀਜ਼ ਨੂੰ ਹੋਰ ਅਦਾਰਿਆਂ ਤੋਂ ਇਲਾਵਾ ਪੰਜਾਬ ਰੋਡਵੇਜ਼ ਅਤੇ ਪੈਪਸੂ ਟਰਾਂਸਪੋਰਟ ਕਾਰਪੋਰੇਸ਼ਨ ਵਿਚ ਵੀ ਬਣਾਇਆ ਜਾਵੇਗਾ, ਇਹ ਵੀ ਸਰਕਾਰ ਦਾ ਇਕ ਬੜਾ ਸ਼ਲਾਘਾਯੋਗ ਕੰਮ ਹੈ ।

ਸਰਕਾਰ ਨੇ ਐਂਟੀ-ਸਮਗਲਿੰਗ ਮੈਯਰਜ਼ ਵੀ ਚੁਕੇ ਹਨ, ਇਸ ਲਈ ਵੀ ਵਧਾਈ ਦੀ ਪਾਤਰ ਹੈ । ਇਸ ਦੇ ਨਾਲ ਹੀ ਪੰਜਾਬ ਸਰਕਾਰ ਨੇ ਇਹ ਵੀ ਕੀਤਾ ਹੈ ਕਿ ਹਰੀਜਨ ਲੋਕਾਂ ਨੂੰ ਗਰੀਬ ਲੋਕਾਂ ਨੂੰ ਪਲਾਟ ਦਿੱਤੇ ਜਾਣ ਅਤੇ ਇਸ ਮਕਸਦ ਲਈ ਇੰਪਰੂਵਮੈਂਟ ਟਰੱਸਟਾਂ ਨੂੰ ਹਦਾਇਤਾਂ ਕੀਤੀਆਂ ਹਨ ਕਿ 67% ਪਲਾਟ ਵੀਕਰ ਸੈਕਸ਼ਨਜ਼ ਵਾਸਤੇ ਰਿਜ਼ਰਵ ਕੀਤੇ ਜਾਣ ਅਤੇ ਇਸ ਦੇ ਨਾਲ ਹੀ 500 ਸੁਕੇਅਰ ਯਾਰਡ ਤੋਂ ਵੱਧ ਕੋਈ ਪਲਾਟ ਨਾ ਹੋਵੇ । ਸੋ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਸਰਕਾਰ ਨੂੰ ਵਧਾਈ ਦਿੱਤੀ ਜਾਣੀ ਚਾਹੀਦੀ ਹੈ । ਜਿਸ ਨੇ ਗ਼ਰੀਬ ਲੋਕਾਂ ਵਾਸਤੇ ਇੰਨੇ ਚੰਗੇ ਅਤੇ ਸੋਹਣੇ ਕੰਮ ਕੀਤੇ ਹਨ ।

ਹੁਣ ਮੈਂ ਇੰਡਸਟਰੀ ਵਲ ਆਉਂਦਾ ਹਾਂ । ਪੰਜਾਬ ਇਸ ਮਾਮਲੇ ਵਿਚ ਬੜਾ ਖੁਸ਼ਕਿਸਮਤ ਹੈ ਕਿ ਗਿਆਨੀ ਜ਼ੈਲ ਸਿੰਘ ਜੀ ਦੀ ਅਗਵਾਈ ਹੇਠ ਇਸ ਮਹਿਕਮੇ ਨੇ ਬੜੀ ਤਰੱਕੀ ਕੀਤੀ ਹੈ । ਇਸ ਮਹਿਕਮੇ ਨੇ ਇਕ ਅਜਿਹਾ ਮਾਹੌਲ ਕਾਇਮ ਕੀਤਾ ਹੈ ਕਿ ਹੁਣ ਹਰ ਇੰਡਸਟਰੀਅਲਿਸਟ ਨੂੰ ਪੰਜਾਬ ਵਿਚ ਇੰਡਸਰੀ ਲਗਾਉਣ ਲਈ ਅਟਰੈਕਸ਼ਨ ਹੈ । ਪਹਿਲਾਂ ਕੁਝ ਸ਼ਕੂਕ ਇੰਡਸਟਰੀ ਲਗਾਉਣ ਵਾਲਿਆਂ ਨੂੰ ਹੋ ਜਾਂਦੇ ਸਨ, ਪਰ ਇਸ ਵੇਲੇ ਪੰਜਾਬ ਵਿਚ ਇਸ ਮਹਿਕਮੇ ਨੇ ਬੜੀ ਤਰੱਕੀ ਕੀਤੀ ਹੈ ਅਤੇ ਇਸ ਲਈ ਗਿਆਨੀ ਜੀ ਵਧਾਈ ਦੇ ਪਾਤਰ ਹਨ । 1971-72 ਦੇ ਮੁਕਾਬਲੇ ਵਿਚ ਅੱਜ ਇਥੇ ਪੰਜਾਬ ਵਿਚ ਇੰਡਸਟਰੀ ਬਹੁਤ ਜ਼ਿਆਦਾ ਤਰੱਕੀ ਕਰ ਗਈ ਹੈ । 1973-74 ਵਿਚ ਜਦੋਂ ਇਹ ਮਹਿਕਮਾ ਗਿਆਨੀ ਜੀ ਨੇ ਸੰਭਾਲਿਆ ਸੀ ਤਾਂ 24 ਲੈਟਰ ਆਫ ਇੰਟੈਂਟ ਇਸ਼ੂ ਹੋਏ ਅਤੇ 20 ਇੰਡਸਟਰੀਅਲ ਲਾਈਸੈਂਸ ਮਿਲੇ । 1974-75 ਵਿਚ 40 ਲੈਟਰ ਆਫ ਇੰਟੈਂਟ ਈਸ਼ੂ ਹੋਏ ਅਤੇ 41 ਇੰਡਸਟਰੀਅਲ ਲਾਈਸੈਂਸ ਮਿਲੇ ਅਤੇ 1975-76 ਵਿਚ 28 ਲੈਟਰ ਆਫ ਇੰਟੈਂਟ-ਪਹਿਲੇ ਛੇ ਮਹੀਨਿਆਂ ਵਿਚ ਅਤੇ 29 ਇੰਡਸਟਰੀਅਲ ਲਾਈਸੈਂਸ ਮਿਲੇ । ਡਿਪਟੀ ਸਪੀਕਰ ਸਾਹਿਬ, ਇਹ ਸਾਰੀ ਐਕਸਪੈਨਸ਼ਨ ਇੰਡਸਟਰੀ ਦੀ ਗਿਆਨੀ ਜੀ ਦੇ ਵੇਲੇ ਹੋਈ ਹੈ ਅਤੇ 3500 ਮਿਲੀਅਨ ਰੁਪਏ ਇਨਵੈਸਟਮੈਂਟ ਹੋਈ । ਇਸ ਦੇ ਨਾਲ ਪੰਜਾਬ ਦੇ ਲੱਖਾਂ ਹੀ ਲੋਕਾਂ ਨੂੰ ਰੋਜ਼ਗਾਰ ਮਿਲਿਆ ।

Original with;
Punjab Vidhan Sabha
Digitized by;
Panjab Digital Library

ਹੁਣ ਮੈਂ ਪਬਲਿਕ ਸੈਕਟਰ ਅਤੇ ਜੁਆਇੰਟ ਪਬਲਿਕ ਸੈਕਟਰ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਪੰਜਾਬ ਇੰਡਸਟਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਨੇ ਬੜਾ ਹੀ ਸ਼ਲਾਘਾਯੋਗ ਕੰਮ ਕੀਤਾ ਹੈ। ਉਨ੍ਹਾਂ ਨੇ ਪੰਜਾਬ ਦੇ ਵਿਚ ਟਰੈਕਟਰਜ਼, ਬੈਟਰੀਜ਼, ਕੌਨਕਾਸਟ, ਟੈਲੀਵੀਜ਼ਨ ਫੁਟਵੀਅਰਜ਼, ਕੈਮੀਪਲਾਂਟ, ਪੰਜਾਬ ਟੈਨਰੀਜ਼ ਅਤੇ ਕਨਕਰੀਟ ਵਰਕਸ ਵਗੈਰਾ ਸ਼ੁਰੂ ਕਰਕੇ ਪੰਜਾਬ ਦੀ ਇੰਡਸਟਰੀ ਵਿਚ ਬਹੁਤ ਤਰੱਕੀ ਕੀਤੀ ਹੈ ਅਤੇ ਇਸ ਦੇ ਨਾਲ 16 ਹਜ਼ਾਰ ਲੋਕਾਂ ਨੂੰ ਰੋਜ਼ਗਾਰ ਮਿਲਿਆ ਹੈ ਅਤੇ ਲੱਖਾਂ ਰੁਪਏ ਸਰਕੂਲੇਸ਼ਨ ਵਿਚ ਹਨ। ਇਸ ਕਾਰਪੋਰੇਸ਼ਨ ਨੇ ਇਕ ਬਹੁਤ ਵੱਡਾ ਸੈਕਟਰ ਥਰੋ-ਅਪ ਕੀਤਾ ਹੈ। ਇਸ ਦੇ ਨਾਲ ਹੀ ਸਰਕਾਰ ਨੇ ਇੰਡਸਟਰੀ ਲਗਾਉਣ ਵਾਲਿਆਂ ਵਾਸਤੇ ਕਈ ਰਿਆਇਤਾਂ ਵੀ ਦਿੱਤੀਆਂ ਹਨ, ਲੋਨ ਦਿਤੇ ਹਨ, ਇਲੈਕ-ਟ੍ਰਿਸਿਟੀ ਡਿਊਟੀ ਵੀ ਮਾਫ਼ ਕੀਤੀ ਹੈ ਅਤੇ ਜੋ ਆਪਣੇ ਜੈਨਰੇਟਿੰਗ ਸੈਟ ਲਗਾਉਂਦੇ ਹਨ, ਉਨ੍ਹਾਂ ਨੂੰ ਵੀ ਰਿਆਇਤ ਦਿਤੀ, ਉਨ੍ਹਾਂ ਨੂੰ ਸਬਸਿਡੀ ਦਿਤੀ ਜਾਵੇਗੀ। ਇਸ ਦੇ ਨਾਲ ਹੋਰ ਵੀ ਸਰਕਾਰ ਨੇ ਕਈ ਰਿਆਇਤਾਂ ਦਿੱਤੀਆਂ ਹਨ, ਜਿਨ੍ਹਾਂ ਨਾਲ ਸਾਡੇ ਪੰਜਾਬ ਵਿਚ ਇੰਡਸਟਰੀ ਗਿਆਨੀ ਜੀ ਦੀ ਅਗਵਾਈ ਹੇਠ ਹੋਰ ਵੀ ਤਰੱਕੀ ਕਰੇਗੀ।

ਡਿਪਟੀ ਸਪੀਕਰ ਸਾਹਿਬ, ਇਸੇ ਤਰ੍ਹਾਂ ਸਾਡੀ ਸਰਕਾਰ ਨੇ ਸਪੈਸ਼ਲ ਅਟੈਨਸ਼ਨ ਸਮਾਲ ਸਕੇਲ ਇੰਡਸਟਰੀ ਵਲ ਵੀ ਦਿਤੀ ਹੈ। ਇਹ ਪਹਿਲੀ ਵਾਰ ਹੀ ਹੈ ਜਦ ਕਿ ਸਾਡੇ ਸੂਬੇ ਵਿਚ ਪਿਗ ਆਈਰਨ ਦੀ, ਸਟੀਲ ਦੀ, ਹਾਰਡ ਕੋਕ, ਸੋਫਟ ਕੋਕ ਅਤੇ ਇਸੇ ਤਰ੍ਹਾਂ ਦੀ ਜਿਹੜੀ ਰਾ-ਮੈਟੀਰੀਅਲ ਦੀ ਕਮੀ ਹੁੰਦੀ ਸੀ, ਉਹ ਨਹੀਂ ਹੋਣ ਦਿਤੀ।

ਡਿਪਟੀ ਸਪੀਕਰ ਸਾਹਿਬ, ਮੈਂ ਪੰਜਾਬ ਨੂੰ ਬਹੁਤ ਹੀ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ 30 ਫੋਕਲ ਪੁਆਇੰਟਸ ਬਣਾਏ ਹਨ ਇਨ੍ਹਾਂ ਵਿਚੋਂ ਕੁਝ ਫੋਕਲ ਪੁਆਇੰਟਸ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਲਾਏ ਹਨ ਅਤੇ ਕੁਝ ਢੰਡਾਰੀ ਕਲਾਂ ਅਤੇ ਕੁਝ ਰਾਜਪੁਰੇ ਅਤੇ ਲੁਧਿਆਣੇ ਵਿਖੇ ਲਾਏ ਹਨ। ਇਸ ਵੇਲੇ ਇਸ ਦੇ 200 ਯੂਨਿਟ ਜਿਹੜੇ ਹਨ ਉਹ ਪੂਰਾ ਕੰਮ ਕਰ ਰਹੇ ਹਨ ਅਤੇ 225 ਯੂਨਿਟ ਜਿਹੜੇ ਹਨ ਉਹ ਪਰੋਗਰੈਸ ਵਿਚ ਹਨ। ਡਿਪਟੀ ਸਪੀਕਰ ਸਾਹਿਬ, ਇੰਡਸਟਰੀ ਦਾ ਕੰਮ ਐਨਾਂ ਪਿਛਲੇ ਕਿਸੇ ਸਾਲਾਂ ਵਿਚ ਨਹੀਂ ਹੋਇਆ ਜਿੰਨ੍ਹਾ ਕਿ ਪਿਛਲੇ 3 ਸਾਲਾਂ ਵਿਚ ਜਦੋਂ ਗਿਆਨੀ ਜੀ ਦੀ ਸਰਕਾਰ ਆਈ ਹੈ, ਕੀਤਾ ਹੈ। ਇੰਨ੍ਹਾਂ ਤਿੰਨ ਸਾਲਾਂ ਵਿਚ ਇਸ ਸਰਕਾਰ ਨੇ ਇੰਡਸਟਰੀ ਦੀ ਬਹੁਤ ਤਰੱਕੀ ਕੀਤੀ ਹੈ। ਇਸ ਸਰਕਾਰ ਨੇ ਇੰਡਸਟਰੀ ਨੂੰ ਤਰੱਕੀ ਦੇਣ ਲਈ 213.7 ਮਿਲੀਅਨ ਰੁਪਏ ਦੀ ਪਿਛਲੇ 3 ਸਾਲਾਂ ਵਿਚ ਮਾਲੀ ਸਹਾਇਤਾ ਕੀਤੀ ਹੈ ਤਾਂ ਕਿ ਇੰਡਸਟਰੀ ਨੂੰ ਐਡਵਾਂਸ ਕੀਤਾ ਜਾ ਸਕੇ। ਪਰ ਮੈਂ ਇਹ ਦਾਵੇ ਨਾਲ ਕਹਿੰਦਾ ਹਾਂ ਕਿ ਇੰਡਸਟਰੀ ਲਈ ਸਹਾਇਤਾ ਪਿਛਲੇ 15 ਸਾਲਾਂ ਵਿਚ ਨਹੀਂ ਕੀਤੀ ਗਈ। ਇਹ ਪੰਜਾਬ ਦੀ ਹਿਸਟਰੀ ਵਿਚ ਪਹਿਲੀ ਵਾਰ ਹੀ ਹੋਈ ਹੈ।

ਇਸ ਤੋਂ ਅਗਲੀ ਗਲ ਜਿਹੜੀ ਮੈਂ ਕਹਿਣੀ ਚਾਹੁੰਦਾ ਹਾਂ ਉਹ ਇਹ ਹੈ ਕਿ ਇਸ ਸਰਕਾਰ ਨੇ ਐਕਸਪੋਰਟ ਪਰਮੋਸ਼ਨ ਬੋਰਡ ਸਥਾਪਿਤ ਕੀਤਾ ਹੈ ਜਿਸ ਨੇ ਕਿ ਐਗਰੀਕਲਚਰ ਅਤੇ ਇੰਡਸਟਰੀ ਦੀ ਪਰੋਡਕਸ਼ਨ ਨੂੰ ਐਕਸਪੋਰਟ ਕਰਨਾ ਹੈ। ਇਹ ਐਕਸਪੋਰਟ ਪਰਮੋਸ਼ਨ ਬੋਰਡ ਲੁਧਿਆਣੇ ਦੀ ਹੌਜ਼ਰੀ ਦੀ 20 ਕਰੋੜ ਰੁਪਏ ਦੀ ਐਕਸਪੋਰਟ ਕਰਦਾ ਹੈ ਅਤੇ ਇਸ ਹੋਜ਼ਰੀ ਦੇ ਕੰਮ ਨੂੰ ਹੋਰ ਉਤਸ਼ਾਹ ਦੇਣ ਲਈ ਸਾਡੀ ਸਰਕਾਰ ਨੇ ਪੰਜਾਬ ਸੇਲਜ਼ ਕਾਰਪੋਰੇਸ਼ਨ ਬਣਾਈ ਹੈ ਜਿਸ ਨੇ ਕਿ ਛੋਟੇ ਇੰਡਸਟਰੀਅਲਿਸਟਸ ਨੂੰ ਸਹਾਇਤਾ ਦੇਣੀ ਹੈ। ਇਸ ਨੇ ਹੋਜ਼ਰੀ ਦੀ ਸੇਲਜ਼ ਨੂੰ ਵਧਾਉਣ ਲਈ ਹਰ ਸਟੇਟ ਦੀ ਕੈਪੀਟਲ ਵਿਚ ਆਪਣੀ ਦੁਕਾਨ,

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ ਢਿਲੋਂ]
ਆਪਣਾ ਇਮਪੋਰੀਅਮ ਖੋਲ੍ਹਣ ਦਾ ਫੈਸਲਾ ਕੀਤਾ ਹੈ, ਜਿਸ ਨਾਲ ਕਿ ਪੰਜਾਬ ਦੀ ਤਰੱਕੀ ਹੋ ਸਕੇ; ਜਿਹੜਾ ਪੰਜਾਬ ਦਾ ਛੋਟਾ ਇੰਡੀਸਟਰੀਅਲਿਸਟ ਹੈ, ਉਹ ਤਰੱਕੀ ਕਰ ਸਕੇ ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਬੈਕਵਰਡ ਏਰੀਏ ਦੇ ਬਾਰੇ ਕੁਝ ਅਰਜ਼ ਕਰਨੀ ਚਾਹੁੰਦਾ ਹਾਂ । ਸਾਡੀ ਸਰਕਾਰ ਨੇ ਬੈਕਵਰਡ ਏਰੀਏ ਵਲ ਸਪੈਸ਼ਲ ਅਟੈਨਸ਼ਨ ਦਿਤੀ ਹੈ । ਗੌਰਮਿੰਟ ਆਫ ਇੰਡੀਆ ਨੇ ਬਠਿੰਡਾ, ਸੰਗਰੂਰ ਅਤੇ ਹੁਸ਼ਿਆਰਪੁਰ ਨੂੰ ਬੈਕਵਰਡ ਏਰੀਆ ਕਰਾਰ ਦਿੱਤਾ ਸੀ । ਸਾਡੀ ਸਰਕਾਰ ਇਨ੍ਹਾਂ ਸ਼ਹਿਰਾਂ ਨੂੰ ਤਰੱਕੀ ਵਲ ਲੈ ਜਾਣ ਲਈ ਬਠਿੰਡੇ ਵਿਚ 200 ਮਿਲੀਅਨ ਦੇ ਯੂਨਿਟ ਸੈਟਅੱਪ ਕਰ ਰਹੀ ਹੈ । ਇਸੇ ਤਰ੍ਹਾਂ ਹੀ ਸੰਗਰੂਰ ਵਿਚ 200 ਮਿਲੀਅਨ ਦੇ ਕਰੀਬ ਯੂਨਿਟ ਸੈਟਅੱਪ ਕੀਤੇ ਜਾ ਰਹੇ ਹਨ ਅਤੇ ਬਠਿੰਡੇ ਵਿਚ ਇਹ ਸਰਕਾਰ ਸਪੈਸ਼ਲ ਅਟੈਨਸ਼ਨ ਦੇ ਕੇ 400 ਮਿਲੀਅਨ ਦੇ ਯੂਨਿਟ ਸੈਟਅੱਪ ਕਰ ਰਹੀ ਹੈ । ਇਸ ਨਾਲ ਇਹ ਜਿਹੜੇ ਇਲਾਕੇ ਬੈਕਵਰਡ ਕਰਾਰ ਦਿੱਤੇ ਗਏ ਹਨ ਉਨ੍ਹਾਂ ਦੀ ਤਰੱਕੀ ਹੋ ਸਕੇਗੀ ਅਤੇ ਪੰਜਾਬ ਦੀ ਤਰੱਕੀ ਹੋਰ ਜ਼ਿਆਦਾ ਹੋਵੇਗੀ ।

ਡਿਪਟੀ ਸਪੀਕਰ ਸਾਹਿਬ, ਲਾਸਟ ਵਿਚ ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਜਿਹੜਾ ਬਹੁਤ ਹੀ ਚੰਗਾ ਕੰਮ ਕੀਤਾ ਹੈ ਉਹ ਹੈ ਇਸ ਸਰਕਾਰ ਨੇ 20 ਨੁਕਾਤੀ ਪ੍ਰੋਗ੍ਰਾਮ ਨੂੰ ਮੁੱਖ ਰਖਦੇ ਹੋਏ ਇਕ ਇੰਡਸਟਰੀਅਲ ਪਰੋਡਕਸ਼ਨ ਕਮੇਟੀ ਬਣਾਈ ਹੈ । ਇਸ ਕਮੇਟੀ ਦੇ ਚੇਅਰਮੈਨ ਵੀ ਸਾਡੇ ਗਿਆਨੀ ਜ਼ੈਲ ਸਿੰਘ ਜੀ ਹੀ ਹਨ । ਇਸ ਕਮੇਟੀ ਨੇ 20 ਪੁਆਇੰਟ ਪ੍ਰੋਗ੍ਰਾਮ ਦੇ ਤਹਿਤ ਜਿਹੜੇ ਇੰਡਸਟਰੀਅਲ ਯੂਨਿਟ ਕਾਇਮ ਹੋਣੇ ਹਨ, ਉਨ੍ਹਾਂ ਦੀ ਦੇਖ ਭਾਲ ਕਰਨੀ ਹੈ; ਇਸ ਲਈ ਇਸ ਕਮੇਟੀ ਨੂੰ ਸਾਡੇ ਮੁੱਖ ਮੰਤਰੀ ਜੀ ਨੇ ਆਪਣੀ ਨਿਗਰਾਨੀ ਹੇਠ ਰਖਿਆ ਹੈ । (ਘੰਟੀ) ਸੋ, ਡਿਪਟੀ ਸਪੀਕਰ ਸਾਹਿਬ, ਇਸੇ ਤਰ੍ਹਾਂ ਐਗਰੀਕਲਚਰ ਵਿਚ ਵੀ ਪੰਜਾਬ ਨੇ ਬਹੁਤ ਤਰੱਕੀ ਕੀਤੀ ਹੈ । ਮੈਂ ਜ਼ਿਆਦਾ ਡਿਟੇਲ ਵਿਚ ਨਹੀਂ ਜਾਣਾ ਚਾਹੁੰਦਾ ਅਤੇ ਸਿਰਫ ਇੰਨਾ ਹੀ ਕਹਾਂਗਾ ਕਿ ਇਸ ਵੇਲੇ ਸਾਡੇ ਪੰਜਾਬ ਵਿਚ 53 ਹਜ਼ਾਰ ਟਰੈਕਟਰ ਕੰਮ ਕਰ ਰਹੇ ਹਨ ਅਤੇ 4.47 ਲੱਖ ਟਿਊਬਵੈੱਲ ਚਲ ਰਹੇ ਹਨ । ਇਸੇ ਤਰ੍ਹਾਂ ਸਾਡਾ ਪੰਜਾਬ ਸਾਰੇ ਹਿੰਦੁਸਤਾਨ ਦੇ ਵਿਚ ਇਸ ਮਾਮਲੇ ਵਿਚ ਫਸਟ ਸਟੇਜ ਤੇ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਬਹੁਤ ਹੀ ਜ਼ਰੂਰੀ ਜਿਹੜੀ ਗੱਲ ਕਹਿਣੀ ਚਾਹੁੰਦਾ ਹਾਂ । ਉਹ ਇਹ ਹੈ ਕਿ ਇਸ ਵੇਲੇ ਪੰਜਾਬ ਦਾ ਏਰੀਆ ਜਿਹੜਾ ਕਿ ਅੰਡਰ ਕਲਟੀਵੇਸ਼ਨ ਹੈ ਉਹ ਹੈ 86% ਅਤੇ ਸਾਰੇ ਹਿੰਦੁਸਤਾਨ ਦਾ ਏਰੀਆ ਜਿਹੜਾ ਕਿ ਅੰਡਰ ਕਲਟੀਵੇਸ਼ਨ ਹੈ ਉਹ ਹੈ 40% । ਇਸ ਤਰ੍ਹਾਂ ਅਸੀਂ ਸਾਰੇ ਹਿੰਦੁਸਤਾਨ ਵਿਚ ਇਸ ਕਲਟੀਵੇਸ਼ਨ ਦੇ ਕੰਮ ਲਈ ਪਹਿਲੀ ਸਟੇਜ ਤੇ ਰਹੇ ਹਾਂ । ਇਸੇ ਤਰ੍ਹਾਂ ਹੀ ਟੋਟਲ ਕਰਾਪਿੰਗ ਇਨਟੈਨਸਿਟੀ ਜਿਹੜੀ ਕਿ ਪੰਜਾਬ ਵਿਚ ਹੈ ਉਹ ਹੈ 146.8% ਅਤੇ ਸਾਰੇ ਹਿੰਦੁਸਤਾਨ ਵਿਚ ਟੋਟਲ ਕਰਾਪਿੰਗ ਇਨਟੈਨਸਿਟੀ ਜਿਹੜੀ ਹੈ ਉਹ 118.6% ਹੈ । (ਤਾੜੀਆਂ) ਮੈਂ ਮੁਬਾਰਕ ਦਿੰਦਾ ਹਾਂ ਪੰਜਾਬ ਸਰਕਾਰ ਨੂੰ ਜਿਸ ਨੇ ਪੰਜਾਬ ਨੂੰ ਐਨੀ ਤਰੱਕੀ ਵੱਲ ਲੈ ਆਂਦਾ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਇਰੀਗੇਸ਼ਨ ਦੇ ਬਾਰੇ ਵਿਚ ਵੀ ਦੱਸਣਾ ਚਾਹੁੰਦਾ ਹਾਂ । ਇਹ ਦੱਸ ਕੇ ਮੈਂ ਇਹ ਸਾਬਤ ਕਰਾਂਗਾ ਕਿ ਪੰਜਾਬ ਸਾਰੇ ਹਿੰਦੁਸਤਾਨ ਵਿਚੋਂ ਇਸ ਕੰਮ ਲਈ ਫਸਟ ਰਿਹਾ ਹੈ । ਇਸ ਵੇਲੇ ਜਿਹੜਾ ਪੰਜਾਬ ਵਿਚ ਨੈਟ ਕਲਟੀਵੇਟਿਡ ਏਰੀਆ ਅੰਡਰ ਇਰੀਗੇਸ਼ਨ ਹੈ ਉਹ 72% ਹੈ ਅਤੇ ਹਿੰਦੁਸਤਾਨ ਵਿਚ ਕਲਟੀਵੇਟਿਡ ਏਰੀਆ

Original with;
Punjab Vidhan Sabha
Digitized by;
Panjab Digital Library

ਅੰਡਰ ਇਰੀਗੇਸ਼ਨ ਜਿਹੜਾ ਹੈ ਉਹ ਸਿਰਫ 22.2% ਹੈ। ਇਸ ਲਈ ਸਾਡਾ ਪੰਜਾਬ ਇਰੀਗੇਸ਼ਨ ਦੇ ਮਾਮਲੇ ਵਿਚ ਸਾਰੇ ਹਿੰਦੁਸਤਾਨ ਵਿਚੋਂ ਫਸਟ ਰਿਹਾ ਹੈ। ਜੇ ਇਸ ਤਰ੍ਹਾਂ ਅਸੀਂ ਗੰਦਮ ਦੀ ਉਪਜ ਦਾ, ਜਿਹੜੀ ਕਿ ਪੰਜਾਬ ਵਿਚ ਹੋਈ ਹੈ, ਉਸ ਦਾ ਸਾਰੇ ਹਿੰਦੁਸਤਾਨ ਨਾਲ ਮੁਕਾਬਲਾ ਕਰੀਏ ਤਾਂ ਵੀ ਅਸੀਂ ਫਸਟ ਰਹਿੰਦੇ ਹਾਂ। ਇਹ ਮੈਂ ਦੱਸਦਾ ਹਾਂ ਕਿ ਗੰਦਮ ਪੰਜਾਬ ਵਿਚ ਇਕ ਹੈਕਟੇਅਰ ਵਿਚ 2216 ਕਿਲੋਗ੍ਰਾਮ ਹੁੰਦੀ ਹੈ ਅਤੇ ਬਾਕੀ ਸਾਰੇ ਹਿੰਦੁਸਤਾਨ ਵਿਚ ਇਸ ਦੀ ਉਪਜ ਇਕ ਹੈਕਟੇਅਰ ਵਿਚ 1158 ਕਿਲੋਗ੍ਰਾਮ ਹੈ। ਇਸੇ ਤਰ੍ਹਾਂ ਰਾਈਸ ਦੀ ਪਰ ਹੈਕਟੇਅਰ ਉਪਜ ਪੰਜਾਬ ਵਿਚ 2287 ਕਿਲੋਗ੍ਰਾਮ ਹੈ ਅਤੇ ਬਾਕੀ ਸਾਰੇ ਹਿੰਦੁਸਤਾਨ ਵਿਚ ਇਸ ਦੀ ਉਪਜ 1151 ਕਿਗ੍ਰਾਮ ਪਰ ਹੈਕਟੇਅਰ ਹੈ; ਹੋਰ ਕਾਟਨ ਵਿਚ ਪੰਜਾਬ ਸਭ ਤੋਂ ਅੱਗੇ ਰਿਹਾ ਹੈ। ਇਸ ਦੀ ਪਰ ਹੈਕਟੇਅਰ ਉਪਜ ਪੰਜਾਬ ਵਿਚ 376 ਕਿਲੋਗ੍ਰਾਮ ਹੈ ਅਤੇ ਬਾਕੀ ਸਾਰੇ ਸਾਰੇ ਹਿੰਦੁਸਤਾਨ ਵਿਚ ਇਸ ਦੀ ਉਪਜ 138 ਕਿਲੋਗਰਾਮ ਪਰ ਹੈਕਟੇਅਰ ਹੈ। ਬਾਜਰਾ ਜੋ ਹੈ ਇਸ ਦੀ ਪੰਜਾਬ ਵਿਚ ਪਰ ਹੈਕਟੇਅਰ ਉਪਜ 982 ਕਿਲੋਗਰਾਮ ਹੈ ਅਤੇ ਇੰਡੀਆ ਵਿਚ ਇਸ ਦੀ ਪਰ ਹੈਕਟੇਅਰ ਉਪਜ ਸਿਰਫ 519 ਕਿਲੋਗਰਾਮ ਹੈ।

ਇਸ ਤੋਂ ਅੱਗੇ ਜਿਹੜੀ ਮੈਂ ਬਹੁਤ ਹੀ ਪ੍ਰਸ਼ੰਸਾ ਵਾਲੀ ਗੱਲ ਇਸ ਹਾਊਸ ਨੂੰ ਦੱਸਣੀ ਚਾਹੁੰਦਾ ਹਾਂ ਉਹ ਇਹ ਹੈ ਕਿ ਜਿਸ ਵਿਚ ਅਸੀਂ ਸਾਰੇ ਸੰਸਾਰ ਦੇ ਨਾਲੋਂ ਅੱਗੇ ਹਾਂ। ਮੈਨੂੰ ਇਹ ਦਸਦੇ ਹੋਏ ਬਹੁਤ ਖੁਸ਼ੀ ਹੋ ਰਹੀ ਹੈ ਕਿ ਵ੍ਹੀਟ ਪਰੋਡਕਸ਼ਨ ਲੁਧਿਆਣੇ ਦੇ ਵਿਚ ਪਰ ਹੈਕਟੇਅਰ 2,929 ਕਿਲੋਗਰਾਮ ਹੈ ਜਿਹੜੀ ਕਿ ਦੁਨੀਆਂ ਦੇ ਵਿਚ ਸਭ ਤੋਂ ਜ਼ਿਆਦਾ ਹੈ (ਤਾੜੀਆਂ)।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਪਾਵਰ ਦੇ ਬਾਰੇ ਵੀ ਕੁਝ ਅਰਜ਼ ਜ਼ਰੂਰ ਕਰਨੀ ਚਾਹੁੰਦਾ ਹਾਂ। ਜਿਹੜਾ ਸਾਡੀ ਪ੍ਰਾਈਮ ਮਨਿਸਟਰ ਦਾ 20-ਪੁਆਇੰਟ ਪ੍ਰੋਗਰਾਮ ਹੈ ਉਸ ਵਿਚ ਵੀ ਇਸ ਦਾ ਜ਼ਿਕਰ ਕੀਤਾ ਗਿਆ ਹੈ। ਸਾਡੇ ਮੁੱਖ ਮੰਤਰੀ ਜੀ ਨੇ ਇਸ ਨੂੰ ਵਧਾਉਣ ਲਈ ਬੜੇ ਉਪਰਾਲੇ ਕੀਤੇ ਹਨ। ਮੈਂ ਇਸ ਗੱਲ ਦੀ ਸ਼ੰਕਾ ਕਰਦਾ ਸੀ ਅਤੇ ਸਾਡੀ ਆਪੋਜ਼ੀਸ਼ਨ ਦੀਆਂ ਪਾਰਟੀਆਂ ਵੀ ਪਾਵਰ ਬਾਰੇ ਬੜੀਆਂ ਗੱਲਾਂ ਕਰਦੀਆਂ ਸਨ ਕਿ ਪੰਜਾਬ ਸਰਕਾਰ ਇਸ ਵਿਚ ਪਿੱਛੇ ਹੈ। ਪਰ ਮੈਨੂੰ ਖੁਸ਼ੀ ਹੈ ਕਿ ਸਾਡੀ ਸਰਕਾਰ ਨੇ ਇਸ ਪਾਸੇ ਇਕ ਸ਼ਲਾਘਾ ਭਰਿਆ ਕਦਮ ਚੁੱਕਿਆ ਹੈ। ਮੈਂ ਇਸ ਦੇ ਬਾਰੇ ਜ਼ਿਆਦਾ ਡਿਟੇਲ ਵਿਚ ਨਾ ਜਾਂਦਾ ਹੋਇਆ ਇੰਨਾ ਕਹਾਂਗਾ ਕਿ ਸਾਡੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਜੀ ਨੇ ਥੀਨ ਡੈਮ ਬਾਰੇ ਜੰਮੂ ਕਸ਼ਮੀਰ ਦੇ ਚੀਫ ਮਨਿਸਟਰ ਨਾਲ, ਜੋ ਐਗਰੀਮੈਂਟ ਕੀਤਾ ਹੈ ਇਹ ਬੜਾ ਹੀ ਸ਼ਲਾਘਾਯੋਗ ਹੈ। ਥੀਨ ਡੈਮ ਦਾ ਕੰਮ ਜਿਹੜਾ ਕਿ ਕਾਫੀ ਦੇਰ ਤੋਂ ਰੁਕਿਆ ਪਿਆ ਸੀ, ਉਹ ਹੁਣ ਸ਼ੁਰੂ ਹੋ ਗਿਆ ਹੈ। ਇਸ ਬਾਰੇ ਸਾਡੇ ਗਿਆਨੀ ਜ਼ੈਲ ਸਿੰਘ ਜੀ ਹਿਮਾਚਲ ਦੇ ਚੀਫ ਮਨਿਸਟਰ ਵਾਈ. ਐਸ. ਪਰਮਾਰ ਨਾਲ ਵੀ ਗੱਲ ਕਰਕੇ ਪਾਵਰ ਸਪਲਾਈ ਦੇ ਵਿਚ ਹੋਰ ਵਾਧਾ ਕਰ ਰਹੇ ਹਨ। ਇਹ ਇਕ ਬੜਾ ਹੀ ਸ਼ਲਾਘਾ ਭਰਿਆ ਕਦਮ ਹੈ ਅਤੇ ਇਸ ਲਈ ਅਸੀਂ ਗਿਆਨੀ ਜ਼ੈਲ ਸਿੰਘ ਜੀ ਨੂੰ ਅਤੇ ਇਨ੍ਹਾਂ ਦੀ ਸਰਕਾਰ ਨੂੰ ਵਧਾਈ ਦਿੰਦੇ ਹਾਂ।

ਡਿਪਟੀ ਸਪੀਕਰ ਸਾਹਿਬ, ਮੈਂ ਲਾਸਟ ਵਿਚ ਕੇਵਲ ਇਹ ਦੱਸਣਾ ਚਾਹੁੰਦਾ ਹਾਂ ਕਿ 25 ਦੇ ਕਰੀਬ ਹੋਰ ਐਸੇ ਕੰਮ ਹਨ ਜਿਹੜੇ ਕਿ ਸਮਾਜ ਭਲਾਈ ਦੇ ਹਨ ਜਿਨ੍ਹਾਂ ਵਿਚ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ ਢਿਲੋਂ]

ਇੰਪਲਾਇਮੈਂਟ, ਲੇਬਰ, ਰੋਡਜ਼, ਹਸਪਤਾਲ, ਐਜੂਕੇਸ਼ਨ, ਹੈਲਥ ਅਤੇ ਇਸੇ ਤਰ੍ਹਾਂ ਵਾਟਰ ਸਪਲਾਈ ਅਤੇ ਸੀਵਰਜ ਆਦਿ ਸ਼ਾਮਿਲ ਹਨ ਇਨ੍ਹਾਂ ਦੀ ਵੀ ਇਸ ਸਰਕਾਰ ਨੇ ਬਹੁਤ ਤਰੱਕੀ ਕੀਤੀ ਹੈ। ਇਸੇ ਤਰ੍ਹਾਂ ਵੈਲਫੇਅਰ ਆਫ ਸ਼ਡਿਊਲਡ ਕਾਸਟਸ ਹੈ ਜਿਸ ਲਈ ਇਕ ਹਰਚੰਦ ਸਿੰਘ ਕਮੇਟੀ ਵੀ ਬਣਾਈ ਹੈ ਅਤੇ ਇਸ ਕਮੇਟੀ ਨੇ ਹਰੀਜਨਾਂ ਦੀ ਭਲਾਈ ਲਈ ਬਹੁਤ ਕੰਮ ਕੀਤੇ ਹਨ ਅਤੇ ਉਨ੍ਹਾਂ ਨੂੰ ਉੱਚਾ ਚੁੱਕਿਆ ਹੈ। (ਘੰਟੀ) ਮੈਂ ਖਤਮ ਹੀ ਕਰ ਰਿਹਾ ਹਾਂ ਜੀ, ਇਕ ਦੋ ਗੱਲਾਂ ਹੋਰ ਦਸਣੀਆਂ ਹਨ। ਸਾਡੀ ਸਰਕਾਰ ਨੇ ਆਪਣੇ ਮੁਲਾਜ਼ਮਾਂ ਨੂੰ ਐਡੀਸ਼ਨਲ ਡੀ. ਏ. ਅਲਾਊਂਸ ਦੇ ਕੇ ਬੜਾ ਹੀ ਅੱਛਾ ਕੰਮ ਕੀਤਾ ਹੈ। ਇਸ ਤਰ੍ਹਾਂ ਇਹ 25 ਦੇ ਕਰੀਬ ਐਸੇ ਸਮਾਜ ਭਲਾਈ ਦੇ ਕੰਮ ਹਨ, ਜਿਨ੍ਹਾਂ ਦਾ ਕਿ ਇਸ ਬਜਟ ਵਿਚ ਜ਼ਿਕਰ ਕੀਤਾ ਗਿਆ ਹੈ ਅਤੇ ਸਾਡੀ ਸਰਕਾਰ ਨੇ ਇਸ ਪਾਸੇ ਕਾਫੀ ਕਦਮ ਚੁੱਕੇ ਹਨ। (ਘੰਟੀ) ਡਿਪਟੀ ਸਪੀਕਰ ਸਾਹਿਬ, ਮੇਰਾ ਖਿਆਲ ਤਾਂ ਹਾਲੇ ਹੋਰ ਵੀ ਬੋਲਣ ਦਾ ਸੀ ਪਰ ਹੁਣ ਇੰਨਾ ਹੀ ਕਹਿ ਕੇ ਖਤਮ ਕਰਦਾ ਹਾਂ ਕਿ ਮੈਂ ਇਸ ਬਜਟ ਲਈ, ਜੋ ਕਿ ਇਸ ਹਾਊਸ ਵਿਚ ਪੇਸ਼ ਕੀਤਾ ਗਿਆ ਹੈ ਇਸ ਲਈ ਗਿਆਨੀ ਜ਼ੈਲ ਸਿੰਘ ਜੀ ਦਾ ਅਤੇ ਉਨ੍ਹਾਂ ਦੀ ਕੈਬਨਿਟ ਦਾ ਬਹੁਤ ਧੰਨਵਾਦੀ ਹਾਂ ਅਤੇ ਆਪ ਜੀ ਦਾ ਵੀ ਸ਼ੁਕਰੀਆ ਅਦਾ ਕਰਦਾ ਹਾਂ।

**ਭਗਤ ਗੁਰਾਂਦਾਸ ਹੰਸ** (ਸ਼ਾਮ ਚੌਰਾਸੀ ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਜਟ ਸ਼ਰਮਾ ਜੀ ਨੇ ਇਸ ਹਾਊਸ ਵਿਚ ਪੇਸ਼ ਕੀਤਾ ਹੈ, ਇਹ ਬਹੁਤ ਹੀ ਸਰਾਹਨਾ-ਯੋਗ ਹੈ। ਅਗਰ ਅਸਲ ਵਿਚ ਵੇਖਿਆ ਜਾਵੇ ਤਾਂ ਇਹ ਬਜਟ ਗ਼ਰੀਬਾਂ ਦਾ ਬਜਟ ਹੈ (ਤਾੜੀਆਂ) ਇਸ ਬਜਟ ਵਿਚ ਜਿੰਨੀਆਂ ਵੀ ਸਕੀਮਾਂ ਗ਼ਰੀਬਾਂ ਦੇ ਮੁਤੱਲਕ ਦੱਸੀਆਂ ਗਈਆਂ ਹਨ ਉਹ ਬਹੁਤ ਹੀ ਸ਼ਲਾਘਾਯੋਗ ਹਨ।

ਡਿਪਟੀ ਸਪੀਕਰ ਸਾਹਿਬ, ਮੈਂ ਇਸ ਲਈ ਸਭ ਤੋਂ ਪਹਿਲਾਂ ਵਧਾਈ ਆਪਣੇ ਐਫ. ਐਮ. ਸਾਹਿਬ ਨੂੰ ਦਿੰਦਾ ਹਾਂ। ਡਿਪਟੀ ਸਪੀਕਰ ਸਾਹਿਬ. ਪਹਿਲੇ ਜਿਸ ਵੇਲੇ ਅਸੀਂ ਪਿੰਡਾਂ ਵਿਚ ਜਾਂਦੇ ਸੀ ਤਾਂ ਸਾਨੂੰ ਕਈ ਗ਼ਰੀਬ ਲੋਕ ਕਹਿੰਦੇ ਹੁੰਦੇ ਸਨ ਕਿ ਸਾਡੇ ਨਾਲੋਂ ਤਾਂ ਤੁਸੀਂ ਚੰਗੇ ਹੋ, ਤੁਹਾਡੇ ਬੱਚੇ ਚਾਹੇ ਜਿੰਨੇ ਵੀ ਹੁਸ਼ਿਆਰ ਕਿਉਂ ਨਾ ਹੋਣ ਉਹ ਪੜ੍ਹ ਨਹੀਂ ਸਕਦੇ ਕਿਉਂਕਿ ਸਾਡੇ ਕੋਲੋਂ ਉਨ੍ਹਾਂ ਨੂੰ ਪੜ੍ਹਾਉਣ ਵਾਸਤੇ ਪੈਸੇ ਨਹੀਂ ਹਨ। ਮੈਂ ਇਸ ਗੱਲ ਦੀ ਸਰਾਹਨਾ ਕਰਦਾ ਹਾਂ ਕਿ ਗਿਆਨੀ ਜੀ ਨੇ ਜੋ ਐਲਾਨ ਕੀਤਾ ਹੈ ਕਿ ਜਿਹੜੇ ਵੀ ਬੱਚੇ ਆਪਣੀ ਪੜ੍ਹਾਈ ਵਿਚ ਲਾਇਕ ਹੋਣਗੇ ਉਨ੍ਹਾਂ ਨੂੰ ਪੜ੍ਹਾਈ ਜਾਰੀ ਰੱਖਣ ਲਈ ਮੁਫ਼ਤ ਵਿਦਿਆ ਦਿੱਤੀ ਜਾਵੇਗੀ। ਇਸ ਨਾਲ ਸਾਡਾ ਦੇਸ਼ ਤਰੱਕੀ ਕਰੇਗਾ ਅਤੇ ਹੋਰ ਉੱਚਾ ਹੋਵੇਗਾ। ਸਾਡੇ ਪੰਜਾਬ ਦੇ ਲੋਕ ਰੋਟੀ ਕਪੜਾ ਅਤੇ ਮਕਾਨ ਮੰਗਦੇ ਸਨ। ਇਸ ਲਈ ਸਾਡੀ ਗੌਰਮਿੰਟ ਨੇ ਆਪਣੇ ਪੰਜਾਬ ਨਿਵਾਸੀਆਂ ਲਈ ਰੋਟੀ ਕੱਪੜਾ ਅਤੇ ਮਕਾਨ ਦਾ ਪ੍ਰਬੰਧ ਕਰਕੇ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ ਹੈ। ਮਿਸਾਲ ਦੇ ਤੌਰ ਤੇ ਜਿਹੜੇ ਤਿੰਨ ਲੱਖ ਲੋਕਾਂ ਨੂੰ ਪਲਾਟ ਦਿੱਤੇ ਹਨ ਇਹ ਵੀ ਇਕ ਬਹੁਤ ਵੱਡਾ ਕੰਮ ਹੈ। ਔਰ ਉਨ੍ਹਾਂ ਪਲਾਟਾਂ ਤੇ ਮਕਾਨ ਪਾਉਣ ਲਈ ਜਿਹੜੀ ਸਹਾਇਤਾ ਸਾਡੀ ਸਰਕਾਰ ਵਲੋਂ ਕੀਤੀ ਜਾਣੀ ਹੈ ਇਹ ਕੋਈ ਛੋਟੀ ਗੱਲ ਨਹੀਂ। ਇਹ ਬੜਾ ਅੱਛਾ ਕੰਮ ਹੈ। ਇਹ ਠੀਕ ਹੈ ਕਿ ਸ਼ਹਿਰਾਂ ਦੇ ਵਿਚ ਸਾਰੇ ਲੋਕ ਅਮੀਰ ਨਹੀਂ ਰਹਿੰਦੇ, ਉਨ੍ਹਾਂ ਵਿਚ ਗ਼ਰੀਬ ਵੀ ਰਹਿੰਦੇ ਹਨ ਸਾਡੀ ਸਰਕਾਰ ਨੇ ਉਨ੍ਹਾਂ ਵਾਸਤੇ ਵੀ ਸਾਢੇ 7 ਕਰੋੜ ਰੁਪਿਆ ਰਖਿਆ ਹੈ ਜਿਸ ਨਾਲ ਉਨ੍ਹਾਂ ਨੂੰ ਮਕਾਨ ਤੇ ਪਲਾਟ ਦੇਣੇ ਹਨ। ਇਹ ਇਕ ਬੜਾ ਅੱਛਾ ਕਦਮ ਹੈ।

Original with;
Punjab Vidhan Sabha
Digitized by;
Punjab Digital Library

ਡਿਪਟੀ ਸਪੀਕਰ ਸਾਹਿਬ, ਮੈਂ ਸਿਵਲ ਸਪਲਾਈ ਮਨਿਸਟਰ ਦਾ ਵੀ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਕਿ ਅਨਾਜ ਦੇ ਮਸਲੇ ਨੂੰ ਹਲ ਕੀਤਾ ਹੈ । ਅਨਾਜ ਦੀ ਉਪਜ ਵਿਚ ਵੀ ਬਹੁਤ ਵਾਧਾ ਕੀਤਾ ਗਿਆ ਹੈ । ਜਦੋਂ ਅਸੀਂ ਪਿੰਡਾਂ ਵਿਚ ਜਾਂਦੇ ਸੀ ਤਾਂ ਸਾਨੂੰ ਲੋਕ ਕਹਿੰਦੇ ਸਨ ਕਿ ਤੁਹਾਡੇ ਸ਼ਹਿਰਾਂ ਵਿੱਚ ਤਾਂ ਹਰ ਤਰ੍ਹਾਂ ਦਾ ਪ੍ਰਬੰਧ ਹੈ, ਉਥੇ ਹਸਪਤਾਲ ਵੀ ਹਨ, ਐਜੂਕੇਸ਼ਨ ਦਾ ਵੀ ਪ੍ਰਬੰਧ ਹੈ ਅਤੇ ਹੋਰ ਵੀ ਬਹੁਤ ਸਹੂਲਤਾਂ ਹਨ । ਪਰ ਅੱਜ ਸਾਡੀ ਸਰਕਾਰ ਨੇ ਹਰ ਪਿੰਡ ਵਿਚ ਹਸਪਤਾਲ ਖੋਲ ਕੇ ਅਤੇ ਸਕੂਲ ਖੋਲਕੇ ਬੜਾ ਹੀ ਅੱਛਾ ਕੰਮ ਕੀਤਾ ਹੈ । ਉਹ ਆਪਣੇ ਪਿੰਡ ਦੇ ਹਾਲ ਨੂੰ ਵੇਖਕੇ ਕਹਿੰਦੇ ਸਨ ਕਿ ਸਾਡੀ ਵੋਟ ਅਤੇ ਉਨ੍ਹਾਂ ਦੀ ਵੋਟ ਵਿੱਚ ਕਿੰਨਾਂ ਫਰਕ ਹੈ । ਸਾਨੂੰ ਉਸ ਵੇਲੇ ਸ਼ਰਮ ਆਉਂਦੀ ਸੀ । ਮੈਂ ਸਿਵਲ ਸਪਲਾਈ ਮਨਿਸਟਰ ਦਾ ਧੰਨਵਾਦੀ ਹਾਂ ਕਿ ਕਿ ਉਨ੍ਹਾਂ ਨੇ ਇਸ ਪੀਰਅਡ ਦੇ ਵਿੱਚ ਬਹੁਤ ਅੱਛੇ ਡਿਪੂ ਖੋਲ੍ਹੇ ਹਨ ।ਉਹ ਸਮਝਦੇ ਹਨ ਕਿ ਸ਼ਹਿਰਾਂ ਵਿਚ ਹੀ ਸਹੂਲਤਾਂ ਨਹੀਂ ਮਿਲਣੀਆਂ ਚਾਹੀਦੀਆਂ ਸਗੋਂ ਪਿੰਡਾਂ ਵਿਚ ਵੀ ਡਿਪੂ ਖੋਲੇ ਹਨ । ਖੰਡ ਅਤੇ ਚਾਵਲਾਂ ਦੇ ਜਿਨ੍ਹਾਂ ਨਾਲ ਤਕਰੀਬਨ 18 ਲੱਖ ਲੋਕਾਂ ਨੂੰ ਸਹੂਲਤ ਪੁਜੀ ਹੈ । ਇਸ ਕਰਕੇ ਇਹ ਕਦਮ ਜਿਹੜਾ ਹੈ ਇਹ ਵੀ ਬੜਾ ਸ਼ਲਾਘਾਯੋਗ ਹੈ । ਸਾਡੇ ਦੇਸ਼ ਵਿਚੋਂ ਗਰੀਬੀ ਨੂੰ ਦੂਰ ਕਰਨ ਦਾ ਜਿਹੜਾ ਨਾਹਰਾ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਨੇ ਦਿੱਤਾ ਸੀ, ਸਾਡੀ ਗੌਰਮਿੰਟ ਜਿਹੜੀ ਹੈ, ਉਸ ਦੇ ਨਕਸ਼ੇ-ਕਦਮ ਉਤੇ ਚਲਦੀ ਹੋਈ ਗਰੀਬੀ ਨੂੰ ਖਤਮ ਕਰਨ ਵਾਲੇ ਪਾਸੇ ਤਰ ਪਈ ਹੈ ।

ਡਿਪਟੀ ਸਪੀਕਰ ਸਾਹਿਬ, ਵੱਡੀ ਗੱਲ ਹੈ ਬੱਚਿਆਂ ਨੂੰ ਰਿਆਇਤਾਂ ਦੇਣ ਦੀ । ਮੈਂ ਪਹਿਲਾਂ ਵੀ ਬੇਨਤੀ ਕੀਤੀ ਸੀ ਕਿ 25, 22 ਔਰ 19 ਰੁਪਏ ਵਿਦਿਆਰਥੀਆਂ ਨੂੰ ਮਹੀਨੇ ਦੇ ਦੇਣੇ ਇਕ ਬੜਾ ਵੱਡਾ ਕਦਮ ਹੈ । ਮੇਰਾ ਤਜਰਬਾ ਹੈ, ਮੈਂ 20 ਸਾਲਾਂ ਤੋਂ ਵੇਖਦਾ ਆ ਰਿਹਾ ਹੈ ਕਿ 6 ਰੁਪਏ ਵਜ਼ੀਫਾ ਮਿਲਦਾ ਸੀ ਔਰ ਜਿਹੜਾ ਮਿਲਦਾ ਵੀ ਸੀ ਉਹ ਵੀ ਉਸ ਵੇਲੇ ਮਿਲਦਾ ਸੀ ਜਦੋਂ ਕਿ ਬੱਚੇ ਨੂੰ ਦਸਵੀਂ ਕੀਤਿਆਂ ਚਾਰ ਸਾਲ ਹੋ ਜਾਂਦੇ ਸਨ । ਇਸ ਵਜ਼ੀਫੇ ਦੇ ਵਧਾਉਣ ਨਾਲ ਸਰਕਾਰ ਦਾ ਖਰਚਾ ਤਕਰੀਬਨ 3 ਕਰੋੜ 90 ਲੱਖ ਰੁਪਏ ਦੇ ਕਰੀਬ ਹੋਣਾ ਹੈ । ਮੈਂ ਇਹ ਜ਼ਰੂਰੀ ਬੇਨਤੀ ਕਰਾਂਗਾ ਜਿਹੜੀ ਇਹ ਵਜ਼ੀਫੇ ਦੇਣ ਦੀ ਗੱਲ ਹੈ । ਜਿੱਥੇ ਸਰਕਾਰ ਨੇ ਇਤਨਾ ਕੰਮ ਕੀਤਾ ਹੈ ਉਥੇ ਇਹ ਵੀ ਕਰ ਦੇਣਾ ਚਾਹੀਦਾ ਹੈ ਕਿ ਇਹ ਵਜ਼ੀਫ਼ਾ ਹਰ ਮਹੀਨੇ ਦੇਣ ਦਾ ਯਤਨ ਕੀਤਾ ਜਾਵੇ ਤਾਂਕਿ ਗਰੀਬ ਬੱਚੇ ਕਿਤਾਬਾਂ ਵੇਲੇ ਸਿਰ ਖਰੀਦ ਸਕਣ । ਜੇਕਰ ਪੜ੍ਹਾਈ ਕਰਨ ਤੋਂ ਬਾਦ ਹੀ ਵਜੀਫਾ ਮਿਲਿਆ ਤਾਂ ਗਰੀਬ ਨੂੰ ਉਤਨਾਂ ਫ਼ਾਇਦਾ ਨਹੀਂ ਹੋਣ ਲੱਗਾ । ਗਰੀਬ ਨੂੰ ਤਾਂ ਸਹਾਇਤਾ ਉਸ ਵਕਤ ਹੀ ਦਿੱਤੀ ਜਾਵੇ ਜਦੋਂ ਉਸ ਨੂੰ ਸਹੀ ਮਾਹਨਿਆਂ ਵਿਚ ਲੋੜ ਹੋਵੇ ਤਾਂ ਉਹ ਖੁਸ਼ ਹੁੰਦਾ ਹੈ ਔਰ ਉਸ ਦੀ ਆਤਮਾ ਅਸੀਸ ਦਿੰਦੀ ਹੈ । ਬਾਕੀ ਜਿਹੜੇ ਆਮ ਬੱਚੇ ਹਨ ਉਨ੍ਹਾਂ ਨੂੰ ਵੀ ਫੀਸਾਂ ਦੀ ਸਹੂਲਤ ਜਿਹੜੀ ਦਿੱਤੀ ਹੈ ਇਹ ਵੀ ਬੜਾ ਅੱਛਾ ਕਦਮ ਹੈ ।

ਡਿਪਟੀ ਸਪੀਕਰ ਸਾਹਿਬ, ਹਿੰਦੁਸਤਾਨ ਸਾਡਾ ਜਿਸਮ ਹੈ । ਮੈਂ ਕਿਸੇ ਸੂਬੇ ਦੀ ਸਿਫਤ ਨਹੀਂ ਕਰਦਾ ਮਗਰ ਇਹ ਗੱਲ ਫ਼ਖਰ ਨਾਲ ਕਹਿ ਸਕਦਾ ਹਾਂ ਕਿ ਪੰਜਾਬ ਦਾ ਸੂਬਾ ਜਿਹੜਾ ਹੈ ਇਸ ਦੇ ਲੋਕਾਂ ਨੇ ਆਪਣੇ ਹੱਥ ਦੀ ਕਮਾਈ ਕਰਕੇ, ਮੇਹਨਤ ਕਰਕੇ ਦੱਸੀ ਹੈ । ਮੈਂ ਆਪਣੇ ਨੇਤਾ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਪੰਜਾਬ ਦੇ ਵਿਚ ਕਿਸ ਤਰ੍ਹਾਂ ਚੰਡੀਗੜ੍ਹ ਦੇ ਨੇੜੇ ਸਮਾਗਮ ਕਰਕੇ ਸਾਰੇ ਹਿੰਦੁਸਤਾਨ ਦੇ ਲੋਕਾਂ ਨੂੰ ਦੱਸ ਦਿੱਤਾ ਹੈ ਕਿ ਪੰਜਾਬ ਬਹੁਤ ਮੇਹਨਤੀ ਸੂਬਾ ਹੈ, ਪੰਜਾਬ ਵਿਚ ਬਹੁਤ ਸਿਫਤਾਂ ਹਨ, ਪਦਾਰਥ ਬਹੁਤ ਹੈ, ਇਸ ਦਾ ਮੁਕਾਬਲਾ ਕੋਈ ਨਹੀਂ ਕਰ ਸਕਦਾ । ਮੈਂ ਫਿਗਰਾਂ ਕੀ ਦੇਵਾਂ, ਫਿਲੋਂ ਸਾਹਿਬ ਨੇ ਸਾਰੀਆਂ ਹੀ ਦੇ ਦਿੱਤੀਆਂ

Original with;
Punjab Vidhan Sabha
Digitized by;
Panjab Digital Library

[ਭਗਤ ਗੁਰਾਂ ਦਾਸ ਹੰਸ]

ਹਨ । ਮੈਂ ਸਮਝਦਾ ਹਾਂ ਕਿ ਇਹ ਕਦਮ ਅੱਛਾ ਹੈ । ਜਦੋਂ ਅਸੀਂ ਜਾਂ ਸਾਡੀ ਕੋਈ ਕਮੇਟੀ ਸੂਬੇ ਤੋਂ ਬਾਹਰ ਜਾਂਦੀ ਹੈ ਤਾਂ ਅਸੀਂ ਉਨ੍ਹਾਂ ਨੂੰ ਦੱਸਦੇ ਹਾਂ ਅੌਰ ਉਨ੍ਹਾਂ ਦਾ ਸਾਨੂੰ ਪਤਾ ਲੱਗਦਾ ਹੈ ਕਿ ਉਨ੍ਹਾਂ ਦੀ ਸਰਕਾਰਾਂ ਦੀ ਕੀ ਪਾਲਿਸੀ ਹੈ । ਮੈਨੂੰ ਨਾਗਾਲੈਂਡ ਜਾਂ ਦੂਜਿਆਂ ਸੂਬਿਆਂ ਵਿਚ ਜਾਣਾ ਪਿਆ । ਮੈਂ ਡਿਪਟੀ ਸਪੀਕਰ ਸਾਹਿਬ ਕੋਈ ਇਲਾਕਿਆਂ ਦਾ ਜਿਕਰ ਨਹੀਂ ਕਰਨਾ ਚਾਹੁੰਦਾ ਪਰ ਐਸੇ ਸੂਬੇ ਹਨ ਜਿਥੇ ਲੋਕਾਂ ਨੂੰ ਕਪੜਾ ਪਹਿਨਣ ਨੂੰ ਨਹੀਂ ਮਿਲਦਾ ਹੈ । ਮੈਂ ਦੱਸਦਾ ਹਾਂ ਕਿ ਸਾਡਾ ਪੰਜਾਬੀ ਸੱਤ ਗਜ਼ ਦੀ ਪਗੜੀ ਬੰਨ੍ਹਦਾ ਹੈ ਪਰ ਹਿੰਦੋਸਤਾਨ ਦੀਆਂ ਕਈ ਔਰਤਾਂ ਹਨ ਦੂਜੇ ਸੂਬਿਆਂ ਦੀਆਂ ਜਿਨ੍ਹਾਂ ਪਾਸ ਤਿੰਨ ਗਜ਼ ਕਪੜਾ ਵੀ ਆਪਣਾ ਤਨ ਢਕਣ ਨੂੰ ਨਹੀਂ ਹੁੰਦਾ ਹੈ । ਉਨ੍ਹਾਂ ਵਲ ਵੇਖ ਕੇ ਤਰਸ ਆਉਂਦਾ ਹੈ । ਉਹ ਮਿਹਨਤ ਘੱਟ ਕਰਦੇ ਹਨ, ਉਨ੍ਹਾਂ ਕੋਲ ਜ਼ਮੀਨ ਸਾਡੇ ਨਾਲੋਂ ਕੋਈ ਘੱਟ ਨਹੀਂ ਹੈ । ਅਸੀਂ ਕਲਕੱਤੇ ਗਏ । ਉਥੇ ਦੇ ਗਵਰਨਰ ਸਾਹਿਬ ਨੇ ਸਾਨੂੰ ਖਾਣੇ ਤੇ ਸੱਦਿਆ । ਅਸੀਂ ਕਿਹਾ ਤੁਸੀਂ ਅਫ਼ਸਰਾਂ ਨੂੰ ਨਹੀਂ ਸੱਦਿਆ ਤਾਂ ਉਹ ਕਹਿਣ ਲੱਗੇ ਕਿ ਮੈਂ ਕੋਸ਼ਿਸ਼ ਕੀਤੀ ਸੀ ਕਿ ਆਪਣੀ ਵਰਤੋਂ ਲਈ ਅਨਾਜ ਆਪਣੀ ਕੋਠੀ ਵਿਚ ਹੀ ਪੈਦਾ ਕੀਤਾ ਹੋਇਆ ਹੀ ਵਰਤਿਆ ਜਾਵੇ । ਬਾਹਰੋਂ ਨਾ ਲਿਆ ਜਾਵੇ । ਇਸ ਲਈ ਮੈਂ ਹੋਰ ਅਫਸਰ ਨਹੀਂ ਬੁਲਾਏ । ਇਸ ਤੇ ਲੋਕਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਜੇਕਰ ਟਿਊਬਵੈਲ ਲਗਾਉਣੇ ਸ਼ੁਰੂ ਕਰ ਦਿੱਤੇ ਤਾਂ ਮੱਛੀਆਂ ਜਿਹੜੀਆਂ ਜੋਹੜਾਂ ਵਿਚ ਹਨ ਤੁਹਾਡੇ ਮਕਾਨ ਅੱਗੇ ਉਹ ਮਰ ਜਾਣਗੀਆਂ ਔਰ ਫਸਲ ਪੈਦਾ ਨਹੀਂ ਹੋਣੀ । ਪਰ ਹੁਣ ਅਸੀਂ ਇਸ ਕੋਠੀ ਵਿਚ ਦੋ ਸੌ ਆਦਮੀ ਲਈ ਫਸਲ ਪੈਦਾ ਕਰਦੇ ਹਾਂ । ਸਾਡੇ ਸੂਬੇ ਦੇ ਨੌਜਵਾਨਾਂ ਨੇ ਬੰਗਲਾ ਦੇਸ਼ ਅਤੇ ਕੋਰੀਆਂ ਵਿਚ ਜਾ ਕੇ ਹਿੰਮਤ ਅਤੇ ਬਹਾਦਰੀ ਵਿਖਾਈ ਹੈ । ਇਸ ਤਰ੍ਹਾਂ ਹੀ ਹਰ ਥਾਂ ਤੇ ਇਹ ਆਪਣੀ ਹਿੰਮਤ ਵਿਖਾਉਂਦੇ ਹਨ । ਸਾਰੇ ਲੋਕ ਮਿਹਨਤੀ ਹਨ ਭੀਖ ਨਹੀਂ ਮੰਗ ਸਕਦੇ । ਡਿਪਟੀ ਸਪੀਕਰ ਸਾਹਿਬ, ਇਕ ਹੋਰ ਗੱਲ ਮੈਂ ਕਹਾਂਗਾ ਕਿ ਸਾਡੀ ਸਰਕਾਰ ਨੂੰ ਕਿਸਾਨਾਂ ਦੇ ਜੱਥੇ ਬਣਾ ਕੇ ਬਾਹਰਲੇ ਸੂਬਿਆਂ ਵਿਚ ਭੇਜਣੇ ਚਾਹੀਦੇ ਹਨ ਤਾਂ ਕਿ ਉਹ ਦੱਸਣ ਕਿ ਕਿਸ ਤਰ੍ਹਾਂ ਕੰਮ ਕਰਨਾ ਚਾਹੀਦਾ ਹੈ ਟਿਊਬਵੈਲਾਂ ਨਾਲ ਕਿਸ ਤਰ੍ਹਾਂ ਖੇਤੀ ਕੀਤੀ ਜਾਂਦੀ ਹੈ । ਇਸ ਤਰ੍ਹਾਂ ਉਹ ਲੋਕ ਵੀ ਖੁਸ਼ਹਾਲ ਬਣ ਸਕਦੇ ਹਨ । ਮੈਂ ਵੇਖਦਾ ਹਾਂ ਕਿ ਦੁਕਾਨਾਂ ਉਤੇ, ਸੜਕਾਂ ਉਤੇ ਲੋਕ ਮੰਗਦੇ ਫਿਰਦੇ ਹਨ, ਪਰ ਸਾਡਾ ਸੂਬਾ ਅੱਛਾ ਹੈ, ਕੰਮ ਕਰਕੇ ਵਿਖਾਉਂਦਾ ਹੈ । ਅੱਜ ਠੀਕ ਹੈ ਕਿ ਮੇਰੇ ਕਈ ਭਾਈ ਅਕਾਲੀ ਇਥੇ ਨਹੀਂ ਹਨ, ਅਗਰ ਹੁੰਦੇ ਤਾਂ ਉਨ੍ਹਾਂ ਸਾਹਮਣੇ ਆਪਣੀਆਂ ਗੱਲਾਂ ਕਰਦੇ, ਉਨ੍ਹਾਂ ਨੂੰ ਪਤਾ ਲੱਗਦਾ । ਉਹ ਨੁਕਤਾਚੀਨੀ ਕਰਨ ਤਾਂ ਜਵਾਬ ਦੇਣ ਨੂੰ ਵੀ ਜੀ ਕਰਦਾ ਹੈ । ਡਿਪਟੀ ਸਪੀਕਰ ਸਾਹਿਬ, ਸਾਡਾ ਦੇਸ਼ ਬਹੁਤ ਤਰੱਕੀ ਕਰ ਰਿਹਾ ਹੈ । ਹੁਸ਼ਿਆਰਪੁਰ ਵਿਚ ਦਸ ਵੀਹ ਸਾਲ ਪਹਿਲਾਂ ਵੇਖੋ ਕੋਈ ਸੜਕ ਨਹੀਂ ਸੀ ਹੁੰਦੀ । । ਜਦੋਂ ਬਰਸਾਤ ਹੁੰਦੀ ਸੀ ਤਾਂ ਕੋਈ ਜਾ ਨਹੀਂ ਸਕਦਾ ਸੀ । ਹੁਸ਼ਿਆਰਪੁਰ ਦੀ ਸੜਕ ਉਪਰ ਇਕੋ ਹੀ ਪੁੱਲ ਹੁੰਦਾ ਸੀ ਜਲੰਧਰ ਨੂੰ ਜਾ ਸਕਦੇ ਸੀ ਹੋਰ ਪਾਸਿਉਂ ਨਹੀਂ ਸੀ ਜਾ ਸਕਦੇ । ਅਸੀਂ ਸਰਦਾਰ ਪ੍ਰਤਾਪ ਸਿੰਘ ਕੈਰੋਂ ਵੇਲੇ ਬੇਨਤੀ ਕੀਤੀ ਸੀ ਤਾਂ ਉਸ ਵੇਲੇ ਇਕ ਪੁਲ ਬਣ ਗਿਆ ਸੀ । ਇਕ ਵਾਰੀ ਟਰੱਕਾਂ ਵਾਲੇ ਕਹਿਣ ਲੱਗੇ ਕਿ ਸਾਥੋਂ ਜਿਤਨੇ ਮਰਜ਼ੀ ਹੀ ਪੈਸੇ ਲੈ ਲਵੋ ਪਰ ਜਦੋਂ ਸਾਡਾ ਟਰੱਕ ਚੋ ਵਿਚ ਫਸ ਜਾਂਦਾ ਹੈ ਤਾਂ ਬੜੀ ਮੁਸ਼ਕਲ ਹੁੰਦੀ ਹੈ, ਇਸ ਲਈ ਤੁਸੀਂ ਪੁਲ ਦਾ ਪ੍ਰਬੰਧ ਕਰ ਦਿਉ । ਸਰਦਾਰ ਪ੍ਰਤਾਪ ਸਿੰਘ ਕੈਰੋਂ ਜਿਹੜੇ ਕਿ ਦੇਸ਼ ਨਾਲ ਹਿੱਤ ਰੱਖਦੇ ਸਨ ਕਾਫੀ ਸਹੂਲਤ ਦਿੱਤੀ ਸੀ ਪਰ ਗਿਆਨੀ ਜੀ ਨੇ ਤਾਂ ਹੁਣ ਚੋਆਂ ਉਪਰ ਪੁੱਲਾਂ ਦੀ ਲਾਈਨ ਲਗਾ ਦਿੱਤੀ ਹੈ । ਪਹਿਲਾਂ ਤਾਂ ਲੋਕੀਂ ਸਾਡੇ ਉਪਰ ਇਤਬਾਰ ਨਹੀਂ ਸੀ ਕਰਦੇ ਅਤੇ ਕਹਿੰਦੇ

Original with;
Punjab Vidhan Sabha
Digitized by;
Panjab Digital Library

ਸਨ ਕਿ ਤੁਸੀਂ ਵੋਟ ਲੈ ਲਵੋ ਪਰ ਬਨਾਉਣਾ ਕੀ ਹੈ, ਹੁਣ ਉਹ ਇਤਬਾਰ ਕਰਨ ਲੱਗ ਪਏ ਹਨ। ਹੁਣ ਮਹਿੰਗਰੋਵਾਲ ਜਨੌੜੀ ਡੈਮ ਬਣ ਰਿਹਾ ਹੈ ਔਰ ਹੁਣ ਲੋਕੀ ਵੀ ਮੰਨਦੇ ਹਨ ਕਿ ਅਸੀਂ ਠੀਕ ਕਹਿੰਦੇ ਹਾਂ। ਪਹਿਲਾਂ ਹੁਸ਼ਿਆਰਪੁਰ ਵਿਚ ਇਕ ਹੀ ਇੰਡਸਟਰੀ ਬਰਫ਼ ਦੀ ਹੁੰਦੀ ਸੀ। ਉਥੇ ਚੌਧਰੀ ਦਰਸ਼ਨ ਸਿੰਘ ਜੀ ਗਏ ਹਨ ਸਰਦਾਰ ਦਰਬਾਰਾ ਸਿੰਘ ਦੀ ਇਲੈਕਸ਼ਨ ਜਦੋਂ ਲੜੀ ਸੀ। ਇਨ੍ਹਾਂ ਨੂੰ ਪਤਾ ਹੈ। ਉਸ ਇੰਡਸਟਰੀ ਬਾਰ ਸਰਦਾਰ ਪਰਤਾਪ ਸਿੰਘ ਜੀ ਕਹਿਣ ਲੱਗੇ 50 ਲੱਖ ਤੁਸੀਂ ਦਿਓ, 50 ਲੱਖ ਸਰਕਾਰ ਦੇਵੇਗੀ ਤਾਂ ਇਥੇ ਪਟੇ ਬਣਾਉਣ ਦੀ ਇੰਡਸਟਰੀ ਲਗਾ ਦਿੰਦੇ ਹਾਂ। ਇਕ ਕਰੋੜ ਰੁਪਿਆ ਲਗੇਗਾ ਪਰ ਉਹ ਲੋਕ ਨਹੀਂ ਮੰਨੇ। ਪਰ ਹੁਣ ਖੁਸ਼ੀ ਹੈ ਕਿ ਹੁਸ਼ਿਆਰਪੁਰ ਫਗਵਾੜਾ ਰੋਡ ਉਤੇ ਜਾਓ ਤਾ ਪਤਾ ਲੱਗਦਾ ਹੈ ਕਿ 60 ਕਰੋੜ ਰੁਪਏ ਦੀ ਇੰਡਸਟਰੀ ਉਥੇ ਲੱਗੀ ਹੋਈ ਹੈ। ਉਸ ਦਾ ਫਾਇਦਾ ਇਹ ਹੋਇਆ ਹੈ ਕਿ ਉਹ ਬਰਾਂਚ ਲਾਇਨ ਸੀ। ਪਰ ਗੌਰਮਿੰਟ ਨੇ ਇਹ ਕਰ ਦਿੱਤਾ ਕਿ 20% ਸਬਸਿੱਡੀ ਸਰਕਾਰ ਦੇਵਗੀ ਜਿਹੜਾ ਇੰਡਸਟਰੀ ਲਗਾਵੇਗਾ। ਉਸ ਦੇ ਨਾਲ ਇਹ ਫਾਇਦਾ ਹੋਇਆ ਕਿ ਇੰਡਸਟਰੀ ਲਗੀ ਔਰ ਚੰਡੀਗੜ੍ਹ ਤੋਂ ਰੋਪੜ ਅਤੇ ਰੋਪੜ ਤੋਂ ਅੱਗੇ ਹੁਸ਼ਿਆਰਪੁਰ ਜਾਣਾ ਹੋਵੇ ਤਾਂ 22 ਫੁੱਟ ਚੌੜੀ ਸੜਕ ਹੁਸ਼ਿਆਰਪੁਰ ਤੋਂ ਟਾਂਡਾ ਰੋਡ ਤੇ ਲੋਕਾਂ ਦੇ ਸਾਹਮਣੇ ਕੰਮ ਹੋ ਰਿਹਾ ਹੈ। ਉਹ ਸੜਕ ਹੁਣ ਬਣ ਰਹੀ ਹੈ ਔਰ ਗੌਰਮਿੰਟ ਨੇ ਇਹ ਵੀ ਕੀਤਾ ਹੈ ਕਿ ਹੁਸ਼ਿਆਰਪੁਰ-ਗੜ੍ਹਦੀਵਾਲ-ਦਸੂਹਾ ਰੋਡ ਉਪਰ 23 ਚੋ ਆਉਂਦੇ ਹਨ, ਉਥੇ ਵੀ ਡਬਲ ਸੜਕ ਬਣਾਉਣ ਦਾ ਯਤਨ ਕੀਤਾ ਹੈ। ਮੈਂ ਇਹ ਸਮਝਦਾ ਹਾਂ ਕਿ ਇਹ ਕਦਮ ਬੜੇ ਹੀ ਸ਼ਲਾਘਾਯੋਗ ਹਨ।

ਦੂਸਰੇ ਮੈਂ ਇਹ ਫਿਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਰਕਾਰ ਨੇ ਹਰੀਜਨ ਬੱਚਿਆਂ ਨੂੰ ਵਜੀਫੇ ਦੇਣ ਦੀ ਦਰ ਵਧਾਈ ਹੈ। ਫਿਰ ਇਸ ਤਰ੍ਹਾਂ ਹੀ ਡਿਪਟੀ ਸਪੀਕਰ ਸਾਹਿਬ ਬਿਜਲੀ ਦੇ ਮੁਤੱਲਕ ਹੈ। ਪੰਜਾਬ ਦੇ 12, 185 ਪਿੰਡ ਹਨ ਔਰ ਸਾਡੀ ਗੌਰਮਿੰਟ ਨੇ ਯਤਨ ਕਰਕੇ ਜਿਹੜਾ ਹੁਣ ਬਿਜਲੀ ਬੋਰਡ ਦਾ ਚੇਅਰਮੈਨ ਲਗਿਆ ਹੋਇਆ ਹੈ ਸਰਦਾਰ ਜੋਰਾ ਸਿੰਘ ਜੀ, ਉਸ ਨੇ ਚਾਹੇ ਮਾਰਕੀਟ ਕਮੇਟੀਆਂ ਤੋਂ ਚਾਹੇ ਹੋਰ ਕਿਤੋਂ ਪੈਸਾ ਲਿਆ ਹੈ, ਪਿੰਡਾਂ ਨੂੰ ਬਿਜਲੀ ਪਹੁੰਚਾਉਣ ਦਾ ਉਪਰਾਲਾ ਕੀਤਾ ਹੈ ਔਰ 8,504 ਪਿੰਡਾਂ ਵਿਚ ਬਿਜਲੀ ਪਹੁੰਚਾ ਦਿੱਤੀ ਗਈ ਹੈ। ਹੁਣ ਯਕੀਨ ਹੈ ਕਿ 1977 ਤਕ 508 ਪਿੰਡਾਂ ਨੂੰ ਹੋਰ ਬਿਜਲੀ ਦਿੱਤੀ ਜਾਵੇਗੀ। ਇਸ ਤੋਂ ਪਤਾ ਲਗਦਾ ਹੈ ਕਿ ਸਾਡਾ ਕਦਮ ਕਿੱਥੇ ਜਾ ਰਿਹਾ ਹੈ। ਬਿਜਲੀ ਨਾਲ ਇੰਡਸਟਰੀ ਲਗ ਸਕਦੀ ਹੈ। ਇਸ ਤਰ੍ਹਾਂ ਹੀ ਰਿਕਸ਼ਾ ਵਾਲਿਆਂ ਨੂੰ ਮੋਟਰਾਂ ਲਗਾ ਕੇ ਦਿੱਤੀਆਂ ਜਾ ਰਹੀਆਂ ਹਨ। ਇਹ ਕੰਮ ਸ਼ੁਰੂ ਕੀਤਾ ਹੈ। ਉਨ੍ਹਾਂ ਨੂੰ ਕਰਜਾ ਦਿੱਤਾ ਹੈ। ਇਕ ਆਦਮੀ ਰਿਕਸ਼ਾ ਚਲਾਉਂਦਾ ਹੈ ਔਰ ਦੋ ਨੂੰ ਖਿੱਚਦਾ ਹੈ ਪਰ ਹੁਣ ਉਨ੍ਹਾਂ ਨੂੰ ਕਰਜ਼ਾ ਦੇ ਕੇ ਉਨ੍ਹਾਂ ਦੇ ਰਿਕਸ਼ਾ ਨੂੰ ਮੋਟਰਾਂ ਲਗ ਰਹੀਆਂ ਹਨ ਔਰ ਫਿਰ ਜਿਹੜਾ ਉਨ੍ਹਾਂ ਨੂੰ ਕਰਜ਼ਾ ਦਿੱਤਾ ਜਾ ਰਿਹਾ ਹੈ, ਉਸ ਦਾ ਸੂਦ ਜਿਹੜਾ ਹੈ ਉਹ ਡਿਪਟੀ ਸਪੀਕਰ ਸਾਹਿਬ ਗੌਰਮਿੰਟ ਨੇ ਆਪ ਦੇਣ ਦਾ ਜ਼ਿਮਾ ਲਿਆ ਹੈ। ਇਸ ਤਰ੍ਹਾਂ ਕਾਂਗਰਸ ਗੌਰਮਿੰਟ ਨੇ ਜਿਹੜੇ ਕੰਮ ਕੀਤੇ ਹਨ ਉਹ ਬਹੁਤ ਅੱਛੇ ਹਨ। ਹਸਪਤਾਲ ਅਤੇ ਡਿਸਪੈਂਸਰੀਆਂ ਕਾਫੀ ਤਾਦਾਦ ਵਿਚ ਬਣਾ ਰਹੇ ਹਨ। ਲੇਕਿਨ ਸਾਡੇ ਇਲਾਕੇ ਵਿਚ ਹਸਪਤਾਲ 100 ਬੈਡਾਂ ਦਾ ਮਨਜ਼ੂਰ ਹੋਇਆ ਹੈ (ਘੰਟੀ) ਹੁਣ ਜਦੋਂ ਹਸਪਤਾਲ ਵਿਚ ਜਾਓ ਤਾਂ ਕਈ ਮਰੀਜ਼ ਬਰਾਂਡਿਆਂ ਵਿਚ ਪਏ ਹੁੰਦੇ ਹਨ। ਇਸ ਲਈ ਉਹ 100 ਬੈਡਾਂ ਦਾ ਬਣਨਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

[ਭਗਤ ਗੁਰਾਂ ਦਾਸ ਹੰਸ]

ਇਸ ਤਰ੍ਹਾਂ ਹੀ ਕੁਰੱਪਸ਼ਨ ਬਾਰੇ ਗੱਲ ਹੈ । ਇੰਦਰਾ ਜੀ ਨੇ 20 ਨੁਕਤੇ ਦੱਸੇ ਹਨ ਔਰ ਉਨ੍ਹਾਂ ਰਾਹੀਂ ਦੇਸ਼ ਵਿਚ ਜਿਹੜੇ ਕੁਰਪਟ ਬੰਦੇ ਹਨ, ਉਨ੍ਹਾਂ ਨੂੰ ਹੱਥ ਪਾਇਆ ਹੈ । ਮੈਂ ਆਪਣੇ ਹਲਕੇ ਵਿਚ ਲੋਕਾਂ ਨੂੰ ਦੱਸਿਆ ਹੈ ਕਿ ਐਮਰਜੈਂਸੀ ਗਰੀਬਾਂ ਵਾਸਤੇ ਹੈ, ਅਮੀਰ ਲੋਕਾਂ ਨੂੰ ਕਾਬੂ ਕਰਨ ਵਾਸਤੇ ਹੈ। ਜਿਹੜਾ ਦੇਸ਼ ਧਰੋਹੀ ਹੈ, ਉਸ ਨੂੰ ਨੁਕਸਾਨ ਹੋਣਾ ਚਾਹੀਦਾ ਹੈ ਔਰ ਫੜਨਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਐਮਰਜੈਂਸੀ ਦੇ ਨਾਲ ਕੀਮਤਾਂ ਘਟੀਆਂ ਹਨ ਜਿਸ ਨਾਲ ਲੋਕਾਂ ਨੂੰ ਬੜੀ ਖੁਸ਼ੀ ਹੋਈ ਹੈ । ਇਸ ਦਾ ਸਬੂਤ ਸਾਰਿਆਂ ਨੂੰ ਪਤਾ ਹੈ ਕਿ ਲੋਕਾਂ ਨੇ ਦਿੱਲੀ ਜਾ ਕੇ ਪ੍ਰਧਾਨ ਮੰਤਰੀ ਜੀ ਦਾ ਧੰਨਵਾਦ ਕੀਤਾ ਅਤੇ ਲੋਕਾਂ ਨੇ ਉਨ੍ਹਾਂ ਨੂੰ ਕਿਹਾ ਕਿ ਅਸੀਂ ਤੁਹਾਡੇ ਪਸੀਨੇ ਤੇ ਆਪਣਾ ਖੂਨ ਬਹਾਉਣ ਲਈ ਤਿਆਰ ਹਾਂ । ਇਸ ਦੇਸ਼ ਦੀ ਬਾਗ ਡੋਰ ਤੁਸੀਂ ਬੜੀ ਚੰਗੀ ਤਰ੍ਹਾਂ ਨਾਲ ਸੰਭਾਲੀ ਹੈ । ਇਸ ਨਾਲ ਕੀਮਤਾਂ ਵਿਚ ਅਤੇ ਸਿਕੇ ਦੇ ਫੈਲਾਓ ਨੂੰ ਰੋਕਣ ਅਤੇ ਜੀਵਨ ਦੇ ਹਰ ਖੇਤਰ ਵਿਚ ਨਿਪੁੰਨਤਾ ਲਿਆਉਣ ਵਿਚ ਬੜੀ ਸਹਾਇਤਾ ਕੀਤੀ ਹੈ । ਪੰਜਾਬ ਦੇ ਲੋਕਾਂ ਨੇ ਪ੍ਰਧਾਨ ਮੰਤਰੀ ਜੀ ਦੇ 20 ਨੁਕਾਤੀ ਪ੍ਰੋਗਰਾਮ ਨੂੰ ਲਾਗੂ ਕਰਨ ਵਿਚ ਬਹੁਤ ਸਹਿਯੋਗ ਦਿੱਤਾ ਹੈ । ਪੰਜਾਬੀਆਂ ਨੇ ਲਗਨ ਦੀ ਭਾਵਨਾ ਨਾਲ ਆਰਥਕ ਅਤੇ ਸਮਾਜਕ ਟੀਚਿਆਂ ਦੀ ਪੂਰਤੀ ਲਈ ਅੱਗੇ ਵਧਣ ਵਿਚ ਇਸ ਐਮਰਜੈਂਸੀ ਦਾ ਫਾਇਦਾ ਉਠਾਇਆ ਹੈ । ਪੰਜਾਬੀਆਂ ਨੇ ਆਪਣੇ ਦੇਸ਼ ਦੇ ਨਾਂ ਨੂੰ ਅਤੇ ਦੇਸ਼ ਦੀ ਸ਼ਾਨ ਨੂੰ ਉੱਚਾ ਚੁਕਿਆ ਹੈ । ਕਿਉਂਕਿ ਸਾਡੇ ਰਿਸ਼ੀਆਂ ਮੁਨੀਆਂ ਨੇ ਸਾਨੂੰ ਇਹ ਹੀ ਸਿਖਿਆ ਦਿੱਤੀ ਹੈ ਕਿ ਅਸੀਂ ਆਪਣੇ ਦੇਸ਼ ਦੀ ਸੇਵਾ ਕਰੀਏ ਇਸ ਦੇ ਨਾਲ ਹੀ ਮੈਂ ਇਹ ਵੀ ਕਹਾਂਗਾ ਕਿ ਜਿਹੜੇ ਸਾਡੇ ਮੁਲਾਜ਼ਮ ਭਰਾ ਹਨ ਉਨ੍ਹਾਂ ਨੂੰ 2 ਕਿਸ਼ਤਾਂ ਦਿਤੀਆਂ ਗਈਆਂ ਹਨ ਮੈਂ ਸ਼ਰਮਾ ਜੀ ਅਤੇ ਗਿਆਨੀ ਜੀ ਨੂੰ ਕਹਾਂਗਾ ਕਿ ਇਨ੍ਹਾਂ ਨੂੰ ਪੂਰੀਆਂ ਕਿਸ਼ਤਾਂ ਦਿੱਤੀਆਂ ਜਾਣ ਤਾਕਿ ਉਹ ਠੀਕ ਤਰ੍ਹਾਂ ਗੁਜ਼ਾਰਾ ਕਰ ਸਕਣ ਕਿਉਂਕਿ ਜਿਹੜੇ ਮੁਲਾਜ਼ਮ ਹਨ ਇਹ ਸਰਕਾਰ ਦੀ ਇਕ ਰੀੜ੍ਹ ਦੀ ਹੱਡੀ ਹਨ । ਇਨ੍ਹਾਂ ਨੂੰ ਤਕਲੀਫ ਨਹੀਂ ਦੇਣੀ ਚਾਹੀਦੀ । ਇਨ੍ਹਾਂ ਛੋਟੇ ਮੁਲਾਜ਼ਮਾਂ ਵੱਲ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ ਬਜਾਏ ਜਿਹੜੇ 4-4 ਹਜ਼ਾਰ ਰੁਪਏ ਤਨਖਾਹ ਲੈਂਦੇ ਹਨ । ਉਨ੍ਹਾਂ ਨੂੰ ਇਤਨੇ ਪੈਸੇ ਦੀ ਜ਼ਰੂਰਤ ਨਹੀਂ ਹੁੰਦੀ । ਉਨ੍ਹਾਂ ਦੇ ਬੱਚੇ 2 ਜਾਂ 3 ਹੁੰਦੇ ਹਨ, ਉਨ੍ਹਾਂ ਦੇ ਬੱਚੇ ਹਾਇਰ ਪੜ੍ਹਾਈ ਲਈ ਚੰਗੇ ਚੰਗੇ ਸਕੂਲਾਂ ਵਿਚ ਪੜ੍ਹਦੇ ਹਨ ।

ਡਿਪਟੀ ਸਪੀਕਰ ਸਾਹਿਬ, ਮੈਂ ਸ਼ਰਮਾ ਜੀ ਨੂੰ ਅਤੇ ਗਿਆਨੀ ਜੀ ਨੂੰ ਵਧਾਈ ਦੇਵਾਂਗਾ ਕਿ ਇਕ ਕਮੇਟੀ ਬਣਾਈ ਸੀ ਜਿਸ ਦਾ ਮੈਂ ਚੇਅਰਮੈਨ ਹਾਂ । ਸਵੀਪਰਜ਼ ਜਿਹੜਾ ਇਸ ਸਮਾਜ ਦਾ ਪਛੜਿਆ ਹੋਇਆ ਅੰਗ ਹੈ । ਜਿਹੜਾ ਅੱਜ ਦੇ ਵਕਤ ਵਿਚ ਵੀ ਆਪਣੇ ਸਿਰਾਂ ਉਤੇ ਗੰਦ ਢੋਂਦਾ ਹੈ । ਜਿਹੜੇ ਲੋਕ ਗੰਦ ਪਾਉਂਦੇ ਹਨ ਉਹ ਖੁਦ ਇਸ ਨੂੰ ਨਾ ਪਸੰਦ ਕਰਦੇ ਹਨ। ਸਵੀਪਰਜ਼ ਵਿਚਾਰੇ ਸਵੇਰੇ ਬਗੈਰ ਆਪਣੇ ਬੱਚਿਆ ਨੂੰ ਸਾਫ ਕਰਨ ਦੇ ਉਨ੍ਹਾਂ ਲੋਕਾਂ ਦੀ ਸਫਾਈ ਕਰਨ ਲਈ ਆਉਂਦੇ ਹਨ । ਨਾ ਤਾਂ ਉਹ ਵਾਹਿਗੁਰੂ ਦਾ ਨਾਂ, ਪਰਮਾਤਮਾ ਦਾ ਸਵੇਰੇ ਨਾ ਲੈਂਦੇ ਹਨ ਨਾ ਉਹ ਸਵੇਰੇ ਗੁਰਦੁਵਾਰਾ ਜਾ ਮੰਦਰ ਜਾਂਦੇ ਹਨ । ਪਰ ਇਸ ਗੱਲ ਦਾ ਅਫਸੋਸ ਹੈ ਕਿ ਜਿਹੜੇ ਲੋਕ ਗੰਦ ਪਾਉਂਦੇ ਹਨ ਉਹੀ ਲੋਕ ਇਨ੍ਹਾਂ ਲੋਕਾਂ ਨਾਲ ਨਫਰਤ ਕਰਦੇ ਹਨ । ਉਨ੍ਹਾਂ ਨੂੰ ਚੰਗਾ ਨਹੀਂ ਸਮਝਦੇ, ਨਾ ਉਨ੍ਹਾਂ ਨਾਲ ਬੈਠਣਾ ਪਸੰਦ ਕਰਦੇ ਹਨ ਨਾ ਉਨ੍ਹਾਂ ਨਾਲ ਖਾਂਦੇ ਹਨ । ਇਸ ਬੁਰਾਈ ਨੂੰ ਗਿਆਨੀ ਜੀ ਦੀ ਸਰਕਾਰ ਨੇ ਫੈਸਲਾ ਕੀਤਾ ਹੈ ਦੂਰ ਕਰਨ ਦਾ । ਮੈਂ ਇੰਗਲੈਂਡ ਦੀ ਗੱਲ ਦਸਦਾ ਹਾਂ ਕਿ ਉਥੇ ਵੀ ਸਵੀਪਰਜ਼ ਹਨ ।

Original with;
Punjab Vidhan Sabha
Digitized by;
Panjab Digital Library

ਉਥੇ ਹਵਾਈ ਅੱਡੇ ਤੇ ਸਵੀਪਰਜ਼ ਲੜਕੀਆਂ ਕੰਮ ਕਰਦੀਆਂ ਹਨ ਪਰ ਉਨ੍ਹਾਂ ਦੀਆਂ ਤਨਖਾਹ 2-3 ਹਜ਼ਾਰ ਰੁਪਏ ਹੁੰਦੀ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਸ਼ਰਮਾ ਜੀ ਨੂੰ ਕਹਾਂਗਾ ਕਿ ਪ੍ਰਾਈਵੇਟ ਸਵੀਪਰਜ਼ ਦੇ ਲੈਵਲ ਦੀ ਕਮੇਟੀ ਬਣਾਈ ਜਾਵੇ ਜਿਹੜੀ ਸਵੀਪਰਜ਼ ਦੀ ਭਲਾਈ ਵਾਸਤੇ ਹੋਵੇ । ਜਿਸ ਦੀ ਸਭ ਤੋਂ ਵੱਧ ਲੋੜ ਹੈ । ਮੈਂ ਬੇਨਤੀ ਕਰਾਂਗਾ ਕਿ ਇਨ੍ਹਾਂ ਨੇ ਮੇਰੀ ਕਮੇਟੀ ਦੀਆਂ ਸਾਰੀਆਂ ਸਿਫਾਰਸ਼ਾਂ ਮੰਨ ਲਈਆਂ ਹਨ । ਮੈਂ ਕਹਾਂਗਾ ਕਿ ਰਿਪੋਰਟ ਜਿਹੜੀ ਹੈ ਇਹ ਛੱਪਣੀ ਚਾਹੀਦੀ ਹੈ । ਕਿਉਂਕਿ ਸਾਨੂੰ ਸਵੀਪਰਜ਼ ਦੀਆਂ ਦਿੱਕਤਾਂ ਨੂੰ ਵੇਖਣ ਲਈ 5 ਸੂਬਿਆਂ ਵਿਚ ਭੇਜਿਆ ਗਿਆ । ਉਥੇ ਪਈ ਆਈ. ਏ. ਐਸ. ਅਫਸਰ ਲੱਗੇ ਹੋਏ ਸਨ ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਲੋਕਲ ਬਾਡੀਜ਼ ਮਨਿਸਟਰ ਅਤੇ ਚੀਫ ਮਨਿਸਟਰ ਦਾ ਬੜਾ ਦਿਮਾਗ ਹੈ ਅਤੇ ਤੁਹਾਡੀ ਸਰਕਾਰ ਦੀ ਸਿਆਣਪ ਹੈ ਕਿ ਉਨ੍ਹਾਂ ਨੇ ਇਸ ਵਲ ਧਿਆਨ ਦਿੱਤਾ ਹੈ ਜਿਸ ਵੱਲ ਅੱਜ ਤੱਕ ਕਿਸੇ ਨਹੀਂ ਦਿੱਤਾ ਹੈ । ਇਹ ਇਕ ਚੰਗਾ ਕਦਮ ਸੀ । ਇਸ ਦੇ ਨਾਲ ਉਨ੍ਹਾਂ ਨੇ ਕਿਹਾ ਸੀ ਕਿ ਤੁਸੀਂ ਇਸ ਕਮੇਟੀ ਦੀ ਰਿਪੋਰਟ ਦੀ ਕਾਪੀ ਸਾਨੂੰ ਵੀ ਭੇਜ ਦੇਣਾ ਤਾਕਿ ਅਸੀਂ ਉਨ੍ਹਾਂ ਗਲਾਂ ਵੱਲ ਧਿਆਨ ਦੇ ਸਕੀਏ । ਅਤੇ ਸਵੀਪਰਜ਼ ਦੀ ਹਾਲਤ ਨੂੰ ਸੁਧਾਰ ਸਕੀਏ । ਮੈਂ ਸਰਕਾਰ ਦਾ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਮਿਊਨਿਸਪਲ ਕਮੇਟੀਆਂ ਦੇ ਸਵੀਪਰਜ਼ ਲਈ ਜਿਹੜੀ ਕਮੇਟੀ ਬਣਾਈ ਸੀ, ਇਹ ਸਵੀਪਰਜ਼ ਦੀ ਹਾਲਤ ਨੂੰ ਸੁਧਾਰਨ ਲਈ ਬਣਾਈ ਗਈ ਸੀ । ਜਿਹੜੇ ਸਵੀਪਰਜ਼ ਘਰਾਂ ਵਿਚ ਕੰਮ ਕਰਦੇ ਹਨ ਜਿਥੇ ਫਲੱਸ਼ ਸਿਸਟਮ ਨਹੀਂ ਹੈ, ਉਨ੍ਹਾਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ । ਮਿਉਂਸੀਪਲ ਕਮੇਟੀਆਂ ਵਿਚ ਜਿਹੜੇ ਸਵੀਪਰ ਹਨ ਉਨ੍ਹਾਂ ਨੇ ਯੂਨੀਅਨਾਂ ਬਣਾਈਆਂ ਹਨ ਅਤੇ ਉਹ ਐਜੀਟੇਸ਼ਨ ਕਰਕੇ ਇਨ੍ਹਾਂ ਕੋਲੋਂ ਮੰਗਾਂ ਮਨਵਾ ਲੈਂਦੇ ਹਨ ਪਰ ਜਿਹੜੇ ਘਰਾਂ ਵਿੱਚ ਸਵੀਪਰ ਕੰਮ ਕਰਦੇ ਹਨ ਉਨ੍ਹਾਂ ਦਾ ਵੀ ਸੁਧਾਰ ਕਰਨਾ ਚਾਹੀਦਾ ਹੈ । 15 ਪ੍ਰਤੀਸ਼ਤ ਸਵੀਪਰ ਮਿਉਂਸੀਪਲ ਕਮੇਟੀਆਂ ਵਿਚ ਕੰਮ ਕਰਦੇ ਹਨ ਅਤੇ 85 ਪ੍ਰਤੀਸ਼ਤ ਸਵੀਪਰ ਲੋਕਾਂ ਦੇ ਘਰੀਂ ਕੰਮ ਕਰਦੇ ਹਨ । ਇਸ ਲਈ ਮੈਂ ਕਹਾਂਗਾ ਕਿ ਕੋਈ ਅੱਛਾ ਰੂਲ ਬਣਾਕੇ ਉਨ੍ਹਾਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਟਾਈਮ ਦਿੱਤਾ ਹੈ ।

**ਸ੍ਰੀ ਡਿਪਟੀ ਸਪੀਕਰ :** ਤੁਸੀਂ ਖਤਮ ਕਰੋ ਜੀ ।

**ਭਗਤ ਗੁਰਾਂ ਦਾਸ ਹੰਸ :** ਡਿਪਟੀ ਸਪੀਕਰ ਸਾਹਿਬ, ਜੇ ਕਹੋ ਤਾਂ ਮੈਂ ਥੋੜ੍ਹਾ ਜਿਹਾ ਹੋਰ ਬੋਲ ਲਵਾਂ । ਡਿਪਟੀ ਸਪੀਕਰ ਸਾਹਿਬ, ਅਨਪੜ੍ਹਤਾ ਦੇਸ਼ ਨੂੰ ਖਰਾਬ ਕਰਦੀ ਹੈ । ਇਸ ਅਨਪੜ੍ਹਤਾ ਨੂੰ ਗੌਰਮਿੰਟ ਖਤਮ ਕਰ ਰਹੀ ਹੈ ਤਾਕਿ ਛੋਟੇ ਤਬਕਿਆਂ ਦੇ ਲੋਕੀਂ ਫਖਰ ਨਾਲ ਪਿੰਡਾਂ ਵਿਚ ਰਹਿ ਸਕਣ ਅਤੇ ਲੋਕੀਂ ਵਿਦਿਆ ਵੱਲ ਧਿਆਨ ਦੇਣ । ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਦਾ ਧੰਨਵਾਦੀ ਹਾਂ ਇਨ੍ਹਾਂ ਨੇ ਆਪਣੇ ਸਮੇਂ ਵਿਚ ਕਾਫ਼ੀ ਸੁਚੱਜੇ ਢੰਗ ਨਾਲ ਚੀਫ ਮਨਿਸਟਰ ਸਾਹਿਬ ਨਾਲ ਅਤੇ ਫਾਈਨੈਂਸ ਮਨਿਸਟਰ ਸਾਹਿਬ ਨਾਲ ਬੈਠਕੇ ਇਸ ਪਾਸੇ ਧਿਆਨ ਦਿਤਾ ਹੈ । (ਘੰਟੀ) ਐਜੂਕੇਸ਼ਨ ਨਾਲ ਇਨਸਾਨ ਦਾ ਜੀਵਨ ਚੰਗਾ ਬਣਦਾ ਹੈ । ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਜਿਥੇ ਤੁਸੀਂ ਸਵੀਪਰਾਂ ਦਾ ਇਕ ਰੁਪਿਆ ਵਧਾਇਆ ਹੈ ਇਹ ਇਸ ਤੋਂ ਜ਼ਿਆਦਾ ਵਧਾਉਣਾ ਚਾਹੀਦਾ ਹੈ । ਐਜੂਕੇਸ਼ਨ ਮਨਿਸਟਰ ਨੌਜਵਾਨ ਹਨ ਅਗਰ ਉਹ ਸਵੀਪਰਾਂ ਦਾ ਧਿਆਨ ਰੱਖਣਗੇ ਤਾਂ ਉਨ੍ਹਾਂ ਦਾ ਜੀਵਨ ਤਦ ਚੰਗਾ ਹੋ ਸਕਦਾ ਹੈ, ਠੀਕ ਹੋ

Original with;
Punjab Vidhan Sabha
Digitized by;
Panjab Digital Library

ਸਕਦਾ ਹੈ । ਮੈਂ ਕਹਿੰਦਾ ਹਾਂ ਕਿ ਇਨ੍ਹਾਂ ਦੇ ਬੱਚਿਆਂ ਲਈ ਸ਼ਹਿਰ ਤੋਂ 20-25 ਮੀਲ ਤੋਂ ਦੂਰ ਕੋਈ ਸਕੂਲ ਬਣਾਕੇ ਉਥੇ ਇਨ੍ਹਾਂ ਨੂੰ ਸਿਖਿਆ ਦਿਉ । ਉਥੇ ਇਨ੍ਹਾਂ ਦੇ ਬੱਚਿਆ ਨੂੰ ਰੋਟੀ ਦਿਓ, ਕਪੜਾ ਦਿਓ । ਮੈਂ ਇਹ ਵੀ ਨਹੀਂ ਕਹਿੰਦਾ ਕਿ ਇਹ ਸਿਰਫ ਸਵੀਪਰਾਂ ਲਈ ਹੀ ਹੋਵੇ ਬਲਕਿ ਹੋਰ ਜਿਹੜੇ ਲੋਕੀਂ ਮੰਗ ਕੇ ਗੁਜ਼ਾਰਾ ਕਰਦੇ ਹਨ, ਗਰੀਬ ਹਨ ਉਨ੍ਹਾਂ ਦੇ ਬੱਚਿਆਂ ਨੂੰ ਵੀ ਸਿਖਿਆ ਦਿੱਤੀ ਜਾਵੇ । ਉਹ ਦਸਵੀਂ ਜਮਾਤ ਉਥੇ ਪਾਸ ਕਰਨ ਫਿਰ ਚਾਹੇ ਉਹ ਦਸਤਕਾਰੀ ਲਾਉਣ ਅਤੇ ਚਾਹ ਕਲਰਕ ਬਣਨ । ਭਾਵੇਂ ਉਨ੍ਹਾਂ ਦੇ ਮਾਪੇ ਉਨ੍ਹਾਂ ਨੂੰ ਮਹੀਨੇ ਵਿਚ ਇਕ ਵਾਰੀ ਜਾਂ ਛੇ ਮਹੀਨਿਆਂ ਵਿਚ ਇਕ ਵਾਰੀ ਦੋ ਘੰਟਿਆਂ ਵਾਸਤੇ ਮਿਲਣ । ਇਸ ਤਰ੍ਹਾਂ ਉਨ੍ਹਾਂ ਨੂੰ ਸਿਖਿਆ ਦੇ ਕੇ ਫਿਰ ਤੁਸੀਂ ਉਨ੍ਹਾਂ ਦੇ ਦਿਮਾਗ ਦਾ ਅੰਦਾਜ਼ਾ ਲਗਾ ਸਕਦੇ ਹੋ । ਸਾਡੇ ਕਈ ਆਈ. ਏ. ਐਸ. ਅਫਸਰ ਬਣੇ ਹਨ । ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਪੈਸਾ ਤੁਹਾਡਾ ਜ਼ਰੂਰ ਲੱਗੇਗਾ ਪਰ ਤੁਸੀਂ ਇਸ ਪਾਸੇ ਵੀ ਧਿਆਨ ਦਿਓ ਕਿ ਜਿਹੜੇ ਗਰੀਬਾਂ ਦੇ ਬੱਚੇ ਹਨ ਇਨ੍ਹਾਂ ਲਈ ਸ਼ਹਿਰਾਂ ਤੋਂ ਬਾਹਿਰ ਕਿਸੇ ਜਗ੍ਹਾਂ, ਕਿਸੇ ਸਾਫ ਸੁਥਰੀ ਜਗ੍ਹਾ ਉਤੇ ਕੋਈ ਹਾਈ ਸਕੂਲ ਬਣਾਕੇ ਉਥੇ ਇਨ੍ਹਾਂ ਗਰੀਬਾਂ ਦੇ ਬੱਚਿਆਂ ਨੂੰ ਮੁਫਤ ਤਾਲੀਮ ਦਿਓ, ਉਨ੍ਹਾਂ ਨੂੰ ਰੋਟੀ ਅਤੇ ਕਪੜਾ ਮੁਫਤ ਦਿਓ । ਫਿਰ ਉਹ ਤੁਹਾਨੂੰ ਕਦੇ ਨਹੀਂ ਭੁਲਾ ਸਕਦੇ । ਇਸ ਤਰ੍ਹਾਂ ਜੇ ਤੁਸੀਂ ਗਰੀਬਾਂ ਨੂੰ ਮੁਫਤ ਕਿਤਾਬਾਂ ਆਦਿ ਦੇ ਕੇ ਪੜ੍ਹਾਉਗੇ ਤਾਂ ਉਹ ਕਦੇ ਇਹ ਗੱਲਾਂ ਭੁਲਾ ਨਹੀਂ ਸਕਣਗੇ ।

**ਸ੍ਰੀ ਡਿਪਟੀ ਸਪੀਕਰ** : ਤੁਸੀਂ ਵਾਈਂਡ ਅੱਪ ਕਰੋ ।

**ਭਗਤ ਗੁਰਾਂ ਦਾਸ ਹੰਸ** : ਜੇ ਤੁਸੀਂ ਉਨ੍ਹਾਂ ਵਾਸਤੇ ਇਹ ਚੀਜ਼ਾਂ ਕਰੋਗੇ ਤਾਂ ਉਹ ਪੜ੍ਹ ਕੇ ਤੁਹਾਡੇ ਅਹਿਸਾਨਮੰਦ ਹੋਣਗੇ । ਮੈਂ ਤੁਹਾਨੂੰ ਇਹ ਵੀ ਦਸਣਾ ਚਾਹੁੰਦਾ ਹਾਂ ਕਿ ਕਈ ਸਾਡੇ ਮੁੰਡੇ ਪੜ੍ਹ ਕੇ ਡਾਕਟਰ ਬਣਦੇ ਹਨ । ਉਹ ਪੈਸਾ ਗੌਰਮਿੰਟ ਦਾ ਖਰਚ ਕਰਦੇ ਹਨ ਪਰ ਫਿਰ ਇੱਥੋਂ ਜਾ ਕੇ ਵਲਾਇਤ ਵਿਚ ਨੌਕਰੀ ਕਰਦੇ ਹਨ । ਜਿਹੜੇ ਲੋਕਾਂ ਨੂੰ ਉਨ੍ਹਾਂ ਨੇ ਸੁਖ ਪਹੁੰਚਾਉਣਾ ਸੀ ਉਹ ਸਗੋਂ ਇਸ ਦੇ ਉਲਟਾ ਬਾਹਰਲੇ ਮੁਲਕਾਂ ਵਿਚ ਜਾ ਕੇ ਨੌਕਰੀ ਕਰਦੇ ਹਨ । ਉਹ ਪਿੰਡਾਂ ਦੀ ਨੌਕਰੀ ਕਰਨੀ ਪਸੰਦ ਨਹੀਂ ਕਰਦੇ । ਮੈਂ ਕਹਿੰਦਾ ਹਾਂ ਕਿ ਡਾਕਟਰਾਂ ਨੂੰ ਪਹਿਲਾਂ 2-3 ਸਾਲ ਵਾਸਤੇ ਪਿੰਡਾਂ ਵਿਚ ਨੌਕਰੀ ਦਿਓ ਤਾਕਿ ਉਨ੍ਹਾਂ ਨੂੰ ਲੋਕਾਂ ਦੀਆਂ ਤਕਲੀਫਾਂ ਦਾ ਪਤਾ ਲੱਗ ਸਕੇ । (ਘੰਟੀ) ਮੈਂ ਐਨਾ ਕੁਝ ਕਹਿੰਦਾ ਹੋਇਆ ਸਮਾਪਤ ਕਰਦਾ ਹਾਂ ।

**ਚੌਧਰੀ ਸੁੰਦਰ ਸਿੰਘ** (ਨਰੋਟ ਮਹਿਰਾ, ਐਸ. ਸੀ.) : (ਤਾੜੀਆਂ) ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਜਟ ਦੀ ਪ੍ਰੋੜ੍ਹਤਾ ਕਰਨ ਵਾਸਤੇ ਖੜਾ ਹੋਇਆ ਹਾਂ । ਇਹ ਬਜਟ ਬੜਾ ਸ਼ਾਨਦਾਰ ਹੈ । ਇਸ ਦੇ ਵਿਚ ਗਰੀਬਾਂ ਦੇ ਵਾਸਤੇ ਕਾਫੀ ਰਕਮ ਰੱਖੀ ਗਈ ਹੈ । ਮੈਂ ਇਹ ਸਮਝਦਾ ਹਾਂ ਕਿ ਇਹ ਜਿਹੜਾ ਗਿਆਨੀ ਜੀ ਦਾ ਆਦਰਸ਼ ਹੈ, ਉਨ੍ਹਾਂ ਦੇ ਜਿਹੜੇ ਖਿਆਲਾਤ ਹਨ ਉਨ੍ਹਾਂ ਦੇ ਉਤੇ ਅਮਲ ਹੋਇਆ ਹੈ । ਗਿਆਨੀ ਜੀ ਗਰੀਬ ਘਰ ਦੇ ਵਿਚ ਪੈਦਾ ਹੋਏ ਹਨ ਅਤੇ ਗਰੀਬਾਂ ਵਾਸਤੇ ਉਹ ਕੰਮ ਕਰਦੇ ਹਨ ਅਤੇ ਇਹ ਚੀਜ਼ ਜਿਸ ਤੇ ਇਨ੍ਹਾਂ ਨੇ ਅਮਲ ਕੀਤਾ ਹੈ ਇਹ ਮਹਾਤਮਾ ਗਾਂਧੀ ਦਾ ਆਦਰਸ਼ ਹੈ ਕਿ ਇਨ੍ਹਾਂ ਗਰੀਬਾਂ ਦੀ ਮਦਦ ਕਰਨੀ ਚਾਹੀਦੀ ਹੈ ਅਤੇ ਜੇ ਨਾਂ ਮਦਦ ਕਰੋਗੇ ਤਾਂ ਇਹ ਰੈਵੋਲਿਊਸ਼ਨ ਨਹੀਂ ਆ ਸਕਦਾ । ਮੈਂ ਇਹ ਤੁਹਾਨੂੰ ਥੋੜ੍ਹਾ ਜਿਹਾ ਪੜ੍ਹ ਕੇ ਸੁਣਾ ਦਿੰਦਾ ਹਾਂ, ਇਸ ਦੇ ਵਿਚ ਉਨ੍ਹਾਂ ਨੇ ਸੋਸ਼ਲਿਜ਼ਮ ਦੇ ਮੁਤੱਲਕ ਪਹਿਲਾਂ ਹੀ ਕਿਹਾ ਹੈ ਕਿ.....

Original with;
Punjab Vidhan Sabha
Digitized by;
Panjab Digital Library

'Working for economic equality means abolishing the eternal conflict between capital and labour. It means the levelling down of the few rich in whose hands is concentrated the bulk of the nation's wealth on the one hand and the levelling up of the semi-starved naked millions on the other. A non-violent system of government is clearly an impossibility so long as the wide gulf between the rich and the hungry millions persits. The contrast between the plaaces of New Delhi and the miserable hovels of the poor labouring class nearby can't last one day in a free India in which the poor will enjoy the same power as the richest in the land. A violent and bloody revolution is a certainty one day unless there is a voluntary abdication of riches and the power that riches give and sharing them for the common good.'

5.46 ਸ਼ਾਮ (ਇਸ ਸਮੇਂ ਸ੍ਰੀ ਸਰਦਾਰੀ ਲਾਲ ਕਪੂਰ, ਮੈਂਬਰ ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਇਹ ਮਹਾਤਮਾ ਗਾਂਧੀ ਦਾ ਸੋਸ਼ਲਿਜ਼ਿਮ ਦੇ ਬਾਰੇ ਆਦਰਸ਼ ਹੈ। ਇਸ ਉਤੇ ਗਿਆਨੀ ਜੀ ਨੇ ਅਮਲ ਕੀਤਾ ਹੈ। ਮੈਂ ਇਹ ਸਮਝਦਾ ਹਾਂ ਕਿ ਜਿਹੜਾ ਕਿਸਾਨ ਹੁੰਦਾ ਹੈ ਉਸ ਦੀ ਤਰੱਕੀ ਦੋ ਤਿੰਨ ਗੱਲਾਂ ਕਰਕੇ ਹੁੰਦੀ ਹੈ। ਪਹਿਲਾਂ ਤਾਂ ਉਹ ਹੁੰਦਾ ਹੈ ਜਿਹੜਾ ਆਦਮੀ ਸਕਸੈਸਫੁਲ ਹੋਵੇ।

'Every successful man must have behind him some where tremendous integrity and tremendous sincerity. That is the cause of success in life. He may not be perfectly un-selfish yet he was tending towards it. Had he been perfectly un-selfish his would have been as great sacirfices as of Bhuddas and of Christ. The degree of un-selfishness mark the degree of success every where.'

'Vivekanand

ਜਿਹੜਾ ਸਕਸੈਸਫੁਲ ਆਦਮੀ ਹੁੰਦਾ ਹੈ ਉਸ ਦਾ ਮਾਈਂਡ ਉਸ ਪਾਸੇ ਚੱਲਦਾ ਹੈ, ਉਸ ਦਾ ਮਾਈਂਡ ਠੀਕ ਪਾਸੇ ਚਲਦਾ ਹੈ। ਇਸ ਗੌਰਮਿੰਟ ਦਾ ਮਾਈਂਡ ਉਸ ਪਾਸੇ ਚਲ ਰਿਹਾ ਹੈ ਭਾਵੇਂ ਕੋਈ ਇਸ ਨੂੰ ਸਮਝੇ ਅਤੇ ਭਾਵੇਂ ਨਾ ਸਮਝੇ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਇਨ੍ਹਾਂ ਨੇ ਬੱਜਟ ਲਿਆਂਦਾ ਹੈ ਇਸ ਦੇ ਵਿਚ ਪਹਿਲੇ 10 ਹਜ਼ਾਰ ਰੁਪਿਆ ਲੀਗਲ ਅਸਿਸਟੈਂਸ ਵਾਸਤੇ ਸੀ ਜਿਹੜਾ ਕਿ ਹੁਣ 10 ਲੱਖ ਰੁਪਿਆ ਕਰ ਦਿੱਤਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਦਿਹਾਤਾਂ ਵਿਚ ਬੜੇ ਮੁਕੱਦਮੇ ਹੁੰਦੇ ਹਨ ਇਸ ਵਾਸਤੇ ਇਨ੍ਹਾਂ ਨੇ ਇਹ ਰਕਮ 10 ਲੱਖ ਰੁਪਿਆ ਕਰ ਦਿਤੀ ਹੈ। ਇਹ ਬੜਾ ਸ਼ਾਨਦਾਰ ਕੰਮ ਹੈ। ਇਸ ਦੇ ਵਿਚ ਮੈਂ ਫ਼ਾਈਨੈਂਸ ਮਨਿਸਟਰ ਨੂੰ ਖਾਸ ਕਰਕੇ ਵਧਾਈ ਦਿੰਦਾ ਹਾਂ ਕਿਉਂਕਿ ਫਾਈਨੈਂਸ ਮਨਿਸਟਰ ਨੂੰ ਵਧਾਈ ਘੱਟ ਮਿਲੀ ਹੈ। (ਹਾਸਾ) ਇਹ ਕੰਮ ਸਾਰਾ ਇਸ ਦਾ ਹੀ ਹੈ। ਦੂਸਰਾ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਜਿਸ ਢੰਗ ਦੇ ਨਾਲ ਇਹ ਗੌਰਮਿੰਟ ਨਿਕਲ ਰਹੀ ਹੈ, ਚਲ ਰਹੀ ਹੈ, ਮੈਂਨੂੰ ਇਹ ਪਤਾ ਹੈ ਬੜੀ ਮੁਸ਼ਕਿਲ ਜਿਹੀ ਗੱਲ ਹੈ। ਇਸ ਦੇ ਵਿਚ ਕਈ ਆਦਮੀ ਚੰਗੇ ਹਨ ਅਤੇ ਕਈ ਪਿਛਾਂਹ ਖਿੱਚੂ ਵੀ ਹਨ। ਪਰ ਇਸ ਵਿਚ ਗਿਆਨੀ ਜੀ ਬੜੀ ਸਮਝਦਾਰੀ ਨਾਲ ਅਤੇ ਅੱਛੇ ਢੰਗ ਨਾਲ ਚਲ ਰਹੇ ਹਨ। ਉਹ ਸਾਰਿਆਂ ਨੂੰ ਨਾਲ ਲੈਕੇ ਚੱਲ ਰਹੇ ਹਨ। ਕੋਈ ਆਦਮੀ ਐਸਾ ਨਹੀਂ ਹੈ ਜਿਹੜਾ ਉਨ੍ਹਾਂ ਦੇ ਖਿਲਾਫ ਹੋਵੇ। ਉਨ੍ਹਾਂ ਨੇ ਬੜੇ ਅੱਛੇ ਕੰਮ ਕੀਤੇ ਹਨ। ਇਹ ਉਨ੍ਹਾਂ ਨੇ ਬਹੁਤ ਵੱਡਾ ਕੰਮ ਕੀਤਾ ਹੈ ਜਿਹੜਾ ਕਿ ਉਨ੍ਹਾਂ ਨੇ ਪ੍ਰਾਈਮ ਮਨਿਸਟਰ ਦੀ ਡਟਕੇ ਮੱਦਦ ਕੀਤੀ ਹੈ (ਤਾੜੀਆਂ) ਜਿਹੜੀ ਪ੍ਰਾਈਮ ਮਨਿਸਟਰ ਦੀ ਮੱਦਦ ਹੈ ਇਹ ਗਰੀਬਾਂ ਦੀ ਮੱਦਦ ਹੈ। ਪ੍ਰਾਈਮ ਮਨਿਸਟਰ ਦਾ ਜਿਹੜਾ ਐਲਾਨ ਹੁੰਦਾ ਹੈ ਉਹ ਗਰੀਬਾਂ ਅਤੇ ਦਿਹਾਤੀ ਲੋਕਾਂ

Original with;
Punjab Vidhan Sabha
Digitized by;
Panjab Digital Library

[ਚੌਧਰੀ ਸੁੰਦਰ ਸਿੰਘ]

ਦੀ ਮੱਦਦ ਵਾਸਤੇ ਹੁੰਦਾ ਹੈ ਅਤੇ ਪ੍ਰਾਈਮ ਮਨਿਸਟਰ ਦੀ ਜੋ ਖਾਹਿਸ਼ ਹੁੰਦੀ ਹੈ ਉਸ ਦੇ ਮੁਤਾਬਿਕ ਹੀ ਗਿਆਨੀ ਜੀ ਹਿੰਦੁਸਤਾਨ ਵਿਚ ਸਭ ਤੋਂ ਜ਼ਿਆਦਾ ਉਸ ਦੀ ਪੈਰਵਈ ਕਰਦੇ ਹਨ। ਇਸ ਗੱਲ ਨੂੰ ਸਾਹਮਣੇ ਰੱਖਕੇ ਹੀ ਇਨ੍ਹਾਂ ਨੇ ਬੱਜਟ ਬਣਾਇਆ ਹੈ। ਮਗਰ ਸਾਨੂੰ ਨਜ਼ਰ ਅਉਂਦਾ ਹੈ ਕਿ ਗਰੀਬੀ ਨੂੰ ਦੂਰ ਕਰਨ ਵਾਸਤੇ ਜਿਸ ਪਾਸੇ ਸਰਕਾਰ ਚਲ ਰਹੀ ਹੈ, ਇਹ ਕੋਈ ਛੇਤੀ ਨਾਲ ਕੰਮ ਨਹੀਂ ਹੋ ਸਕਦਾ। ਮਗਰ ਮੈਂ ਫਿਰ ਵੀ ਇਹ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਇਨ੍ਹਾਂ ਦਾ ਸਾਥ ਦਿਓ, ਇਨ੍ਹਾਂ ਦੇ ਨਾਲ ਰਹੋ, ਇਨ੍ਹਾਂ ਦੇ ਨਾਲ ਚਲੋ ਤਾਂ ਸਭ ਕੁਝ ਠੀਕ ਹੋ ਜਾਵੇਗਾ। ਜਿਹੜੇ ਨਿਕੰਮੇ ਆਦਮੀ ਹੁੰਦੇ ਹਨ ਉਹ ਉਨ੍ਹਾਂ ਨੂੰ ਵੀ ਨਾਲ ਲੈ ਕੇ ਚੱਲਦੇ ਹਨ ਅਤੇ ਗਰੀਬਾਂ ਦੀ ਮੱਦਦ ਕਰਦੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ 4 ਕਰੋੜ ਰੁਪਿਆ ਗਰੀਬਾਂ ਨੂੰ ਦਿੱਤਾ ਹੈ। ਇਹ ਐਜੂਕੇਸ਼ਨ ਮਨਿਸਟਰ ਨੇ ਕਮਾਲ ਕਰ ਦਿਤੀ ਹੈ। 4 ਕਰੋੜ ਰੁਪਿਆ ਛੇਤੀ ਨਾਲ ਕੱਢਕੇ ਉਨ੍ਹਾਂ ਨੂੰ ਦੇ ਦਿਤਾ ਹੈ। ਮੈਂ ਇਨ੍ਹਾਂ ਨੂੰ ਮੁਬਾਰਕਬਾਦ ਦਿੰਦਾ ਹਾਂ। 1500 ਜੇ. ਬੀ. ਟੀ. ਹਰੀਜਨ ਮੁੰਡਿਆਂ ਨੂੰ ਟਰੇਨਿੰਗ ਦਿਤੀ ਜਾ ਰਹੀ ਹੈ, ਇਸ ਤਰ੍ਹਾਂ ਉਹ ਟਰੇਨਿੰਗ ਕਰਕੇ ਨੌਕਰੀ ਤੇ ਲੱਗਣਗੇ ਅਤੇ ਅਨਇੰਪਲਾਇਮੈਂਟ ਦੂਰ ਹੋਵੇਗੀ। ਇਸ ਵਿਚ ਐਜੂਕੇਸ਼ਨ ਮਨਿਸਟਰ ਦਾ ਬਹੁਤ ਕੰਮ ਹੈ। ਜਿਹੜੇ ਮੁੰਡੇ ਜੇ. ਬੀ. ਟੀ. ਦੀ ਟਰੇਨਿੰਗ ਲੈ ਲੈਣਗੇ ਉਹ ਨੌਕਰੀਆਂ ਤੇ ਲੱਗਣਗੇ ਇਹ ਬਹੁਤ ਅੱਛਾ ਕੰਮ ਕੀਤਾ ਹੈ।

ਹੁਣ ਮੈਂ ਲੈਂਡ ਰਿਫਾਰਮ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਸਾਡੇ ਹਿੰਦੁਸਤਾਨ ਦੇ ਜਿਹੜੇ ਲੋਕ ਹਨ ਇਹ ਲੀਡਰੀ ਨੂੰ ਜ਼ਿਆਦਾ ਚੰਗਾ ਸਮਝਦੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਲੈਂਡ ਰਿਫਾਰਮ ਕੀਤੀ ਹੈ ਸ਼ੇਖ ਅਬਦੁੱਲਾ ਨੇ ਜਿਥੇ ਕਿ ਬਗੈਰ ਮੁਆਵਜ਼ੇ ਦੇ ਲੈਂਡ ਰਿਫਾਰਮ ਹੋਈ ਹੈ। ਅਸੀਂ ਉਸ ਦਾ ਮੁਕਾਬਲਾ ਨਹੀਂ ਕਰ ਸਕਦੇ। ਅਸੀਂ ਸਹਿਜੇ ਸਹਿਜੇ ਡੈਮੋਕਰੇਸੀ ਵਿਚ ਚੱਲਦੇ ਹਾਂ। ਇਨ੍ਹਾਂ ਨੂੰ ਸਹਿਜ ਨਾਲ ਪਤਾ ਲੱਗ ਜਾਵੇਗਾ ਕਿ ਸਹਿਜ ਖਾਏ ਸੋ ਖੰਡ ਖਾਏ। (ਤਾੜੀਆਂ) ਗਿਆਨੀ ਜੀ ਕੋਸ਼ਿਸ਼ ਕਰ ਰਹੇ ਹਨ। ਇਸ ਦੇ ਵਿਚ ਸ਼ੱਕ ਨਹੀਂ ਕਿ ਲੈਂਡ ਲਾਰਡਜ਼ ਥੋੜੇ ਬਹੁਤ ਹਨ। ਪਰ ਜ਼ਮੀਨ ਦੇਣੀ ਬੜੀ ਮੁਸ਼ਕਿਲ ਹੈ। ਉਹ ਜ਼ਮੀਨ ਦਿੰਦੇ ਨਹੀਂ ਅਤੇ ਕੋਸ਼ਿਸ਼ ਕਰਦੇ ਹਨ ਕਿ ਜ਼ਮੀਨ ਸਾਡੇ ਕੋਲੋਂ ਚਲੀ ਨਾ ਜਾਵੇ। ਲੈਂਡ ਰਿਫਾਰਮ ਜਿਹੜੀ ਹੋਈ ਹੈ ਉਸ ਦੇ ਮੁਤੱਲਕ ਮੈਂ ਆਪਣੇ ਇਲਾਕੇ ਦੀ ਗੱਲ ਦੱਸਦਾ ਹਾਂ। ਮੇਰੇ ਇਲਾਕੇ ਵਿਚ ਜਿਹੜੀ ਜੰਗਲਾਤ ਦੀ ਜ਼ਮੀਨ ਹੈ ਉਹ ਲੋਕਾਂ ਨੇ ਲੱਖਾਂ ਰੁਪਏ ਦੀ ਵੇਚੀ ਹੈ।

ਉਹ ਵੀ ਮੈਂ ਐਫ. ਐਮ. ਸਾਹਿਬ ਨੂੰ ਕਹਾਂਗਾ ਕਿ ਤੁਸੀਂ ਉਹ ਇਲਾਕਾ ਵੇਖੋ, ਜਿਹੜੀ ਜੰਗਲਾਤ ਦੀ ਜ਼ਮੀਨ ਸੀ ਉਹ ਵੀ ਲੱਖਾਂ ਰੁਪਏ ਦੀ ਵਿਕੀ ਹੈ। ਉਹਦੇ ਵੱਲ ਧਿਆਨ ਦੇਣਾ ਚਾਹੀਦਾ ਹੈ। ਹੁਣ ਥੋੜੀ ਜਿਹੀ ਗੱਲ ਮੈਂ ਆਪਣੇ ਇਲਾਕੇ ਦੀ ਦਸਾਂਗਾ। ਮੇਰੇ ਇਲਾਕੇ ਵਿਚ ਸਬ ਤਹਿਸੀਲ ਖੋਲ੍ਹੀ ਹੈ ਮਗਰ ਉਥੇ ਟਰੇਜ਼ਰੀ ਨਹੀਂ ਖੋਲ੍ਹੀ ਗਈ ਹੈ। ਇਸ ਲਈ ਲੋਕਾਂ ਨੂੰ ਪਠਾਨਕੋਟ ਆਉਣਾ ਪੈਂਦਾ ਹੈ। ਇਸ ਦਾ ਜਲਦੀ ਪਰਬੰਧ ਕਰਨਾ ਚਾਹੀਦਾ ਹੈ। ਅਤੇ ਉਥੇ ਟਰੇਜ਼ਰੀ ਖੋਲ੍ਹਣੀ ਚਾਹੀਦੀ ਹੈ। ਮੇਰਾ ਇਲਾਕਾ ਨਰੋਟ ਜੈਮਲ ਸਿੰਘ ਸੱਭ ਤੋਂ ਜ਼ਿਆਦਾ ਬੈਕਵਰਡ ਇਲਾਕਾ ਹੈ। ਉਥੇ ਕੋਈ ਤਰੱਕੀ ਨਹੀਂ ਹੋਈ ਹੈ। ਉਥੇ ਗਿਆਨੀ ਜੀ ਵੀ ਗਏ ਹਨ। ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ ਉਥੇ ਪੁਲ ਬਣਾਉਣਾ ਚਾਹੀਦਾ ਹੈ। ਉਸ ਦੇ 5 ਫੁੱਟ ਥੱਲੇ ਬਜਰੀ ਹੈ। ਉਸ ਨਾਲ ਬਜਰੀ ਦੇ

Original with;
Punjab Vidhan Sabha
Digitized by;
Panjab Digital Library

ਕਾਰਖਾਨੇ ਖੁਲ੍ਹ ਸਕਦੇ ਹਨ ਅਤੇ ਅਨ-ਐਂਪਲਾਇਮੈਂਟ ਦੂਰ ਹੋ ਸਕਦੀ ਹੈ। ਉਹ ਪੁਲ ਬਨਣ ਨਾਲ 25 ਮੀਲ ਦਾ ਰਸਤਾ ਘਟ ਜਾਂਦਾ ਹੈ। ਉਥੇ ਰਸਤੇ ਵਿਚ ਦਰਿਆ ਪੈਂਦਾ ਹੈ ਜਿਸ ਨਾਲ ਲੋਕਾਂ ਨੂੰ ਬੜੀ ਤਕਲੀਫ ਹੁੰਦੀ ਹੈ। ਲੋਕ ਤਾਂ ਤੰਗ ਹੋਕੇ ਇਹ ਕਹਿੰਦੇ ਹਨ ਕਿ ਉਨ੍ਹਾਂ ਦਾ ਇਲਾਕਾ ਜੰਮੂ ਐਂਡ ਕਸ਼ਮੀਰ ਨਾਲ ਮਿਲਾ ਦਿਤਾ ਜਾਵੇ। ਉਹ ਲੋਕ ਬੜੇ ਗਰੀਬ ਆਦਮੀ ਹਨ। ਉਹ ਕਿਸੇ ਨਾਲ ਲੜਾਈ ਵੀ ਨਹੀਂ ਲੜ ਸਕਦੇ ਹਨ। ਮੈਨੂੰ ਇੱਕਲੇ ਨੂੰ ਉਨ੍ਹਾਂ ਲਈ ਲੜਾਈ ਲੜਨੀ ਪੈਂਦੀ ਹੈ। ਮਾਸਟਰ ਗੁਰਬੰਤਾ ਸਿੰਘ ਵੀ ਉਥੇ ਗਏ ਸੀ। ਉਨ੍ਹਾਂ ਨੇ ਕਿਹਾ ਸੀ ਕਿ ਪੈਸੇ ਦਿਆਂਗੇ। ਕਲ ਪਰਸੋਂ ਮੀਟਿੰਗ ਹੋਈ ਹੈ ਪਰ ਕੋਈ ਫੈਸਲਾ ਨਹੀਂ ਹੋਇਆ ਹੈ। ਮਿਲਟਰੀ ਪੁਆਇੰਟ ਆਫ ਵਿਊ ਕਰਕੇ ਕੋਈ ਫ਼ੈਸਲਾ ਨਹੀਂ ਹੋਇਆ ਹੈ। ਉਸ ਨਰੋਟ ਜੈਮਲ ਸਿੰਘ ਵਾਲਿਆਂ ਦੀਆਂ ਲੜਕੀਆਂ ਪੜ੍ਹਨ ਵਾਸਤੇ ਬੜੀ ਦੂਰੋਂ ਆਉਂਦੀਆਂ ਹਨ। ਇਸ ਵਲ ਵੀ ਧਿਆਨ ਦੇਣਾ ਚਾਹੀਦਾ ਹੈ। ਫੋਕਲ ਪੁਆਇੰਟ ਡਿਕਲੇਅਰ ਕਰਨ ਵੇਲੇ ਬੈਕਵਰਡ ਏਰੀਆ ਗੁਰਦਾਸਪੁਰ ਦਾ ਨਾਂ ਨਹੀਂ ਲਿਆ ਗਿਆ ਹੈ। ਉਥੇ ਦੇ ਲੋਕ ਬੜੇ ਭਲੇਮਾਨਸ ਹਨ! ਉਸ ਦੀ ਵਜ੍ਹਾ ਉਨ੍ਹਾਂ ਦੀ ਬੈਕਵਰਡਨੈਸ ਹੀ ਹੈ। (ਵਿਘਨ)

**ਸ੍ਰੀ ਪਿਆਰਾ ਰਾਮ ਧੰਨੋਵਾਲੀ** : ** ** **

**ਸ੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਚੌਧਰੀ ਸੁੰਦਰ ਸਿੰਘ** : ਮੈਂ ਦਸਣਾ ਚਾਹੁੰਦਾ ਹਾਂ ਕਿ ਇਹ ਸਾਡੀ ਮਾਰਲ ਡਿਊਟੀ ਹੈ। ਵੋਟ ਉਹ ਲੋਕ ਕਾਂਗਰਸ ਨੂੰ ਪਾਉਂਦੇ ਹਨ। ਮੈਂ ਸਰਦਾਰ ਸਵਰਨ ਸਿੰਘ ਔਰ ਸ੍ਰੀ ਜਗਜੀਵਨ ਰਾਮ ਨੂੰ ਵੀ ਮਿਲਿਆ ਸੀ। ਉਹ ਕਹਿੰਦੇ ਸੀ ਕਿ ਇਹ ਕੰਮ ਤਾਂ ਪੰਜਾਬ ਗੌਰਮਿਟ ਦਾ ਹੈ। ਪੰਜਾਬ ਗੌਰਮਿੰਟ ਥੋੜਾ ਜਿਹਾ ਬਹਾਨਾ ਲਗਾ ਰਹੀ ਹੈ ਕਿ ਇਸ ਕੰਮ ਲਈ ਪੈਸੇ ਜ਼ਿਆਦਾ ਲਗ ਜਾਂਦੇ ਹਨ। ਕਈ ਜਗ੍ਹਾ ਪੈਸੇ ਲਗਦੇ ਹਨ। ਫਿਰ ਇਹ ਲੋਕ ਤਾਂ ਬਹੁਤ ਗਰੀਬ ਅਤੇ ਪਛੜੇ ਹੋਏ ਹਨ—

Where should you seek for God? Are not the poor, the miserable, the down trodden Gods? Worship them first. I do not believe in a God and Religion who cannot wipe off tears from widow's face and cannot bring a morsel of food to the orphan's mouth.

Vivekanand

ਉਥੇ ਜਿਹੜੇ ਗਰੀਬ ਆਦਮੀ ਰਹਿੰਦੇ ਹਨ ਉਨ੍ਹਾਂ ਵਲ ਤੁਸੀਂ ਧਿਆਨ ਨਹੀਂ ਦਿੰਦੇ ਹੋ। ਬੈਕਵਰਡ ਇਲਾਕੇ ਦੇ ਆਦਮੀਆਂ ਦੀ ਮਦਦ ਦੂਸਰੇ ਆਦਮੀਆਂ ਨੂੰ ਕਰਨੀ ਚਾਹੀਦੀ ਹੈ। ਜਿੰਨੀ ਮਰਜ਼ੀ ਤੁਸੀਂ ਡਿਵੈਲਪਮੈਂਟ ਕਰੀ ਜਾਉ। ਇਹਦਾ ਮਤਲਬ ਇਹ ਹੋਇਆ ਕਿ ਸੈਲਫਿਸ਼ਨੈਸ ਨਾਲ ਕੰਮ ਹੁੰਦਾ ਹੈ ਅਤੇ ਬਾਅਦ ਵਿਚ ਉਹਨੂੰ ਵੋਟ ਨਹੀਂ ਮਿਲਦੀ ਹੈ। ਜੇ ਵੋਟ ਬਾਰੇ ਮਿਸਾਲ ਦਿਆਂ ਤਾਂ ਭੈੜੀ ਗਲ ਲਗੇਗੀ। ਇਸ ਲਈ ਮੈਂ ਕੋਈ ਮਿਸਾਲ ਨਹੀਂ ਦੇਣਾ ਚਾਹੁੰਦਾ ਹਾਂ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਚੌਧਰੀ ਸੁੰਦਰ ਸਿੰਘ]

ਚੇਅਰਮੈਨ ਸਾਹਿਬ, ਮੈਂ ਸਮਝਦਾ ਹਾਂ ਕਿ ਜਿਥੋਂ ਤਕ ਕੰਪਲਸਰੀ ਰਿਟਾਇਰਮੈਂਟ ਦਾ ਤਾਲੁਕ ਹੈ, ਹਰੀਜਨਾਂ ਨੂੰ ਕੰਪਲਸਰੀ ਰਿਟਾਇਰ ਕੀਤਾ ਜਾ ਰਿਹਾ ਹੈ । ਇਨ੍ਹਾਂ ਗਰੀਬ ਆਦਮੀਆਂ ਨੂੰ ਤਾਂ ਛੱਡ ਦੇਣਾ ਚਾਹੀਦਾ ਹੈ । ਜਿਹੜੇ ਹਰੀਜਨ ਕੰਪਲਸਰੀ ਰਿਟਾਇਰ ਹੋਏ ਹਨ, ਉਨ੍ਹਾਂ ਨੂੰ ਰੀ-ਇਨਸਟੇਟ ਕਰਨਾ ਚਾਹੀਦਾ ਹੈ । ਇਹ 20 ਪੁਆਇੰਟ ਪਰੋਗਰਾਮ ਵਿਚ ਸ਼ਾਮਿਲ ਹੈ । ਇਹ ਥੋੜੇ ਜਿਹੇ ਆਦਮੀ ਹਨ, ਇਨ੍ਹਾਂ ਨੂੰ ਛੱਡ ਦੇਣਾ ਚਾਹੀਦਾ ਹੈ ।

**ਸਰਦਾਰ ਬੇਅੰਤ ਸਿੰਘ** : ਆਨ-ਏ-ਪੁਆਇੰਟ ਆਫ ਆਰਡਰ ਸਰ । ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਕੱਲਿਆਂ ਹਰੀਜਨਾਂ ਨੂੰ ਤਾਂ ਰਿਟਾਇਰ ਨਹੀਂ ਕਰ ਰਹੇ ਹਾਂ ।

**ਸ੍ਰੀ ਚੇਅਰਮੈਨ** : ਉਨ੍ਹਾਂ ਦਾ ਮਤਲਬ ਇਹ ਨਹੀਂ ਹੈ ।

**ਚੌਧਰੀ ਸੁੰਦਰ ਸਿੰਘ** : ਅੱਗੇ ਹੀ ਇਹ ਢਾਈ ਟੋਟਰੂ ਹਨ । ਇਨ੍ਹਾਂ ਨੂੰ ਛੱਡ ਦੇਣਾ ਚਾਹੀਦਾ ਹੈ (ਵਿਘਨ) ਫਿਰ ਮੈਂ ਇਹ ਕਹਾਂਗਾ ਕਿ ਪੁਲਿਸ ਵਿਚ ਹਰੀਜਨਾਂ ਦੀ ਜ਼ਿਆਦਾ ਭਰਤੀ ਕਰਨੀ ਚਾਹੀਦੀ ਹੈ । ਮੈਂ ਪ੍ਰਾਈਮ-ਮਨਿਸਟਰ ਸਾਹਿਬਾ ਨਾਲ ਗਲ ਕੀਤੀ ਹੈ ਕਿ ਜ਼ਮੀਨ ਦੀ ਵੰਡ ਵਿਚ ਤਾਂ ਸ਼ਾਇਦ ਇਨ੍ਹਾਂ ਨੂੰ ਜ਼ਮੀਨ ਘਟ ਵਧ ਮਿਲੇ ਪਰ ਪੁਲਿਸ ਵਿਚ ਤਾਂ ਸਾਡੇ ਆਦਮੀ ਹੋਣੇ ਚਾਹੀਦੇ ਹਨ ਤਾਂ ਕਿ ਸਾਡੀਆਂ ਜਾਨਾਂ ਸੇਫ ਰਹਿ ਸਕਣ । ਪੁਲਿਸ ਵਿਚ ਹਰੀਜਨਾਂ ਦੀ ਭਰਤੀ ਹੋਣੀ ਚਾਹੀਦੀ ਹੈ । ਇਨ੍ਹਾਂ ਨੂੰ ਐਸ. ਪੀ., ਡੀ. ਐਸ. ਪੀ., ਐਸ. ਆਈ. ਔਰ ਏ. ਐਸ. ਆਈ. ਇਹ ਡਾਇਰੈਕਟ ਹਰੀਜਨਾਂ ਵਿਚੋਂ ਲੈਣੇ ਚਾਹੀਦੇ ਹਨ । ਥੋੜੀ ਜਿਹੀ ਮੈਂ ਆਪਣੀ ਗਲ ਕਰਨੀ ਚਾਹੁੰਦਾ ਹਾਂ । ਜਿਥੋਂ ਤਕ ਅਫਸਰਾਂ ਦਾ ਤਅੱਲੁਕ ਹੈ । ਜਦੋਂ ਮੈਂ ਮਨਿਸਟਰ ਸੀ ਉਦੋਂ ਕੋਈ ਇਨ੍ਹਾਂ ਵਿਚੋਂ ਪੀ. ਸੀ. ਐਸ. ਅਫਸਰ ਨਹੀਂ ਸੀ, ਉਦੋਂ ਮੈਂ ਬਣਾਏ ਸੀ । ਉਸ ਤੋਂ ਬਾਅਦ ਬਹੁਤ ਅਫਸਰ ਬਣੇ ਹਨ ਪਰ ਦੇਖਣ ਵਿਚ ਆਉਂਦਾ ਹੈ ਕਿ ਉਨ੍ਹਾਂ ਦਾ ਰਿਕਾਰਡ ਖਰਾਬ ਕੀਤਾ ਜਾਂਦਾ ਹੈ ਤਾਂ ਕਿ ਉਹ ਅੱਗੇ ਨੂੰ ਤਰੱਕੀ ਨਾ ਕਰ ਸਕਣ । ਉਨ੍ਹਾਂ ਵਲ ਵੀ ਧਿਆਨ ਦੇਣਾ ਚਾਹੀਦਾ ਹੈ (ਥੰਪਿੰਗ) ਇਸ ਵਾਸਤੇ ਤੁਹਾਨੂੰ ਫੁਲ ਜਸਟੀਫਿਕੇਸ਼ਨ ਕਰਨੀ ਚਾਹੀਦੀ ਹੈ ਹਰੀਜਨਾਂ ਨਾਲ । ਬੜੇ ਪਾਪ ਕੀਤੇ ਹਨ । ਇਹ ਪਾਪ ਤੁਹਾਨੂੰ ਧੋਣੇ ਚਾਹੀਦੇ ਹਨ । ਸਾਡਾ ਕੋਈ ਜ਼ੋਰ ਨਹੀਂ ਹੈ । ਲੜਾਈ ਕਰਨ ਨੂੰ ਸਾਡਾ ਜੀ ਨਹੀਂ ਕਰਦਾ ਹੈ ਅਤੇ ਲੜਾਈ ਕਰ ਵੀ ਨਹੀਂ ਸਕਦੇ । ਇਹ ਕਾਂਗਰਸ ਦੀ ਮੇਹਰਬਾਨੀ ਨਾਲ ਸਾਡੀ ਇਮਦਾਦ ਹੋ ਰਹੀ ਹੈ । ਇਹ ਐਮਰਜੈਂਸੀ ਬਹੁਤ ਚਿਰ ਪਹਿਲਾਂ 1952 ਵਿਚ ਲਗਣੀ ਚਾਹੀਦੀ ਸੀ । ਇਹ ਦੇਰ ਨਾਲ ਲੱਗੀ ਹੈ । 1952 ਵਿਚ ਸਾਡੇ ਆਦਮੀ ਮਰਦੇ ਸਨ ਜੁਤੀਆਂ ਖਾਂਦੇ ਪਏ ਸਨ ਅਤੇ ਤੁਹਾਨੂੰ ਹੁਣ ਖਤਰਾ ਹੋਇਆ ਹੈ । ਇਨ੍ਹਾਂ ਨੇ ਆਪਣੀਆ ਜਾਨਾਂ ਬਹੁਤ ਚਿਰ ਤੋਂ ਖਤਰੇ ਵਿਚ ਪਾਈਆਂ ਹੋਈਆਂ ਹਨ । ਮੈਂ ਸਮਝਦਾ ਹਾਂ ਕਿ ਤੁਸੀਂ ਜਿਹੜਾ ਕੰਮ ਕਰਨਾ ਹੈ ਆਪਣੀ ਬੇਹਤਰੀ ਵਾਸਤੇ ਕਰਨਾ ਹੈ । ਸਾਡੀ ਬੇਹਤਰੀ ਵਾਸਤੇ ਨਹੀਂ ਕਰਨਾ ਹੈ ।

**ਸ੍ਰੀ ਵਿਸ਼ਵਾ ਮਿੱਤਰ ਸੇਖੜੀ** : ਆਨ-ਏ-ਪੁਆਇੰਟ ਆਫ ਆਰਡਰ ਸਰ । ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਚੌਧਰੀ ਸਾਹਿਬ ਦਾ ਮੂਡ ਬਣ ਗਿਆ ਹੈ । ਇਹ ਕਹਿੰਦੇ ਹਨ ਕਿ ਤੁਸੀਂ ਨਹੀਂ ਕਰਨਾ ਹੈ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਚੇਅਰਮੈਨ** : ਮੇਰੀ ਅਰਜ਼ ਸੁਣੋ ਔਰ ਇਨ੍ਹਾਂ ਨੂੰ ਬੋਲਣ ਦਿਉ ।

**ਚੌਧਰੀ ਸੁੰਦਰ ਸਿੰਘ** : ਮੈਂ ਉਨ੍ਹਾਂ ਦੀ ਮਾਰਫਤ ਤੁਹਾਨੂੰ ਸੁਣਾਂਦਾ ਪਿਆ ਹਾਂ । (ਵਿਘਨ) ਇਸ ਵਾਸਤੇ ਮੈਂ ਸਮਝਦਾ ਹਾਂ ਕਿ ਜਿਥੋਂ ਤਕ ਹਰੀਜਨਾਂ ਦੀਆਂ ਤਕਲੀਫਾਂ ਦਾ ਤੁਆਲਕ ਹੈ ਉਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ।

'ਜਿਸ ਤਨ ਲਾਗੈ ਸੋ ਤਨ ਜਾਣੇ, ਕੌਣ ਜਾਣੇ ਪੀੜ ਪਰਾਈ'

ਮਹਾਤਮਾ ਗਾਂਧੀ ਜੀ ਨੇ ਕਿਹਾ ਸੀ—

I do not want to be re-born but if I have to be born again I should be born as an untouchable so that I may share their sorrows and sufferings afflicted upon them. I therefore pray that if I have to be born again, I should not do so as Brahman, Kashatria, Vaish or Shudra but as an Atishudra.

ਉਨ੍ਹਾਂ ਨੇ ਕਿਹਾ ਸੀ ਕਿ ਮੈਂ ਉਨ੍ਹਾਂ ਦੇ ਘਰ ਜਨਮ ਲਵਾਂ ਤਾਂ ਹੀ ਪਤਾ ਲੱਗ ਸਕਦਾ ਹੈ । ਅਸੀਂ ਇਸੇ ਕਰਕੇ ਮਹਾਤਮਾ ਗਾਂਧੀ ਜੀ ਨੂੰ ਮੰਨਦੇ ਹਾਂ । ਹੁਣ, ਚੇਅਰਮੈਨ ਸਾਹਿਬ, ਸਾਡੇ ਪ੍ਰਾਇਮ ਮਨਿਸਟਰ ਨੇ ਸਾਡੀ ਜ਼ਿਮੇਵਾਰੀ ਲੈ ਲਈ ਹੈ, ਉਹ ਜ਼ਿਮੇਵਾਰ ਸਾਡੇ ਬਣ ਗਏ ਹਨ ਇਸ ਲਈ ਹੁਣ ਸਾਨੂੰ ਕੋਈ ਚਿੰਤਾ ਨਹੀਂ ਹੈ । ਗਿਆਨੀ ਜ਼ੈਲ ਸਿੰਘ ਜੀ ਨੇ ਸਾਡੇ ਵਾਸਤੇ ਬੜੇ ਚੰਗੇ ਕੰਮ ਕੀਤੇ ਹਨ ਅਤੇ ਉਨ੍ਹਾਂ ਨੂੰ ਸਾਡੀ ਪੂਰੀ ਚਿੰਤਾ ਹੈ, ਇਸ ਵਾਸਤੇ ਸਾਡੀ ਹੁਣ ਕੋਈ ਸ਼ਿਕਾਇਤ ਨਹੀਂ ਹੈ । ਚੰਦ ਲੋਕ ਜਿਹੜੇ ਸਾਡੇ ਕੰਮ ਵਿਚ ਰੋੜਾ ਅਟਕਾਉਂਦੇ ਹਨ, ਉਨ੍ਹਾਂ ਦੀ ਹੁਣ ਕੋਈ ਗੱਲ ਨਹੀਂ ਬਣਨੀ । (ਚੌਧਰੀ ਦਰਸ਼ਨ ਸਿੰਘ ਜੀ ਵਲੋਂ ਵਿਘਨ)

**ਸ੍ਰੀ ਸਭਾਪਤੀ** : ਮਿਹਰਬਾਨੀ ਕਰਕੇ ਉਨ੍ਹਾਂ ਨੂੰ ਸੁਣੋ ।

**ਚੌਧਰੀ ਸੁੰਦਰ ਸਿੰਘ** : ਚੌਧਰੀ ਦਰਸ਼ਨ ਸਿੰਘ ਜੀ ਬੜੇ ਇੰਟੈਲੀਜੈਂਟ ਹਨ । ਮੈਂ ਇਕ ਸਿੱਧੀ ਗੱਲ ਦੱਸਦਾ ਹਾਂ ਕਿ ਐਜੂਕੇਸ਼ਨ ਜਿਹੜੀ ਹੈ ਉਹ ਬੜੀ ਚੰਗੀ ਹੁੰਦੀ ਹੈ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ—

Education is not an amount of information that is put in your brain and runs riot there. Education should be life building, character building and assimilation of ideas. If you have assimilated five ideas and made them your life and character, you are more educated than a man who has got by heart the whole library. If education were identical with informations then the libraries would be the greatest sages in the world and encyclopedia the Rishies.

ਇਹ ਵੀ ਮੈਂ ਜਾਣਦਾ ਹਾਂ, ਉਹ ਵੀ ਮੈਂ ਜਾਣਦਾ ਹਾਂ ਇਸ ਤਰ੍ਹਾਂ ਕੰਮ ਨਹੀਂ ਚਲਦਾ, ਗੱਲ ਨਹੀਂ ਬਣਦੀ । (ਵਿਘਨ) (ਇਸ ਵਕਤ ਖੇਤੀਬਾੜੀ ਅਤੇ ਜੰਗਲਾਤ ਦੇ ਮੰਤਰੀ ਮਾਸਟਰ ਗੁਰਬੰਤਾ ਸਿੰਘ ਜੀ ਹਾਊਸ ਵਿਚ ਆਪਣੀ ਸੀਟ ਤੇ ਆ ਕੇ ਬੈਠ ਗਏ)

**ਕੁਝ ਆਵਾਜ਼ਾਂ** : ਚੌਧਰੀ ਸਾਹਿਬ, ਮਾਸਟਰ ਜੀ ਆ ਗਏ ਹਨ ।

**ਚੌਧਰੀ ਸੁੰਦਰ ਸਿੰਘ** : ਮਾਸਟਰ ਜੀ ਬੜੇ ਸ਼ਾਨਦਾਰ ਆਦਮੀ ਹਨ, ਬੜੇ ਸਿਆਣੇ ਆਦਮੀ ਹਨ । ਸਾਡੇ 2 ਵਜ਼ੀਰ ਇਧਰ ਬੈਠੇ ਹਨ ਅਤੇ ਇਹ ਬੜੇ ਸ਼ਾਨਦਾਰ ਕੰਮ ਕਰ ਰਹੇ ਹਨ । ਮੈਂ ਕਹਾਂਗਾ ਕਿ ਉਹ ਡੱਟ ਕੇ ਕੰਮ ਕਰਨ, ਬਾਕੀਆਂ ਦੇ ਨਾਲੋਂ ਚੰਗੇ ਕੰਮ ਕਰਨ ਤਾਂ ਕਿ ਸੱਭ ਨੂੰ ਪਤਾ ਲੱਗ ਜਾਵੇ । ਚੇਅਰਮੈਨ ਸਾਹਿਬ, ਮੈਂ ਤਾਂ ਕਈ ਵਾਰੀ ਸੋਚਦਾ ਸੀ ਕਿ ਸਾਨੂੰ ਹਰੀਜਨਾਂ ਨੂੰ ਜਿਹੜੀ ਤਕਲੀਫ ਹੁੰਦੀ ਹੈ, ਸਾਡੀ ਇਹ ਤਕਲੀਫ ਕਦੋਂ

Original with;
Punjab Vidhan Sabha
Digitized by;
Panjab Digital Library

[ਚੌਧਰੀ ਸੁੰਦਰ ਸਿੰਘ]

ਖ਼ਤਮ ਹੋਵੇਗੀ। ਮੈਂ ਕਹਿੰਦਾ ਸੀ ਯਾ ਪ੍ਰਮਾਤਮਾ, ਸਾਨੂੰ ਕੁਟ ਮਾਰ ਅਤੇ ਚੰਗੀ ਤਰ੍ਹਾਂ ਜਿਹੜੀਆਂ ਜੁਤੀਆ ਮਾਰਨੀਆਂ ਹਨ ਮਾਰ ਲੈ ਤਾਂ ਕਿ ਸਾਡੀ ਜੁਤੀਆਂ ਖਾਣ ਦੀ ਵਾਰੀ ਜਲਦੀ ਜਲਦੀ ਖੱਤਮ ਹੋਵੇ ਅਤੇ ਸਾਡੀ ਵੀ ਵਾਰੀ ਹਕੂਮਤ ਕਰਨ ਦੀ ਆਵੇ। ਜਲਦੀ ਜਲਦੀ ਜਿਤਨੀ ਮਾਰ ਦੇਣੀ ਹੈ ਦੇ ਦੇ ਤਾਂ ਕਿ ਸਾਡਾ ਮਾਰ ਖਾਣ ਦਾ ਕੋਟਾ ਪੂਰਾ ਹੋ ਜਾਵੇ ਅਤੇ ਸਾਡੀ ਵਾਰੀ ਜਲਦੀ ਜਲਦੀ ਆਵੇ। ਹੁਣ, ਚੇਅਰਮੈਨ ਸਾਹਿਬ, ਉਹ ਗੱਲ ਮੁੱਕ ਗਈ ਹੈ। ਸਾਡੇ ਪ੍ਰਾਈਮ ਮਨਿਸਟਰ ਸਾਹਿਬ ਸਾਡੇ ਬਾਰੇ ਪੂਰੀ ਤਰ੍ਹਾਂ ਸੋਚ ਰਹੇ ਹਨ ਅਤੇ ਸਾਡੀ ਪੂਰੀ ਜ਼ਿਮੇਵਾਰੀ ਉਨ੍ਹਾਂ ਨੇ ਲਈ ਹੈ। ਡਾਕਟਰ ਜ਼ੈਲ ਸਿੰਘ ਜੀ ਇਸ ਪਾਸੇ ਵਲ ਤੁਰ ਪਏ ਹਨ ਤੇ ਸਾਡੇ ਗਰੀਬਾਂ ਦਾ ਭਲਾ ਹੁਣ ਹੋਵੇਗਾ। ਇਹ ਈਸ਼ਵਰ ਨੂੰ ਮੰਨਣ ਵਾਲੇ ਆਦਮੀ ਹਨ, ਨੇਕ ਦਿਲ ਹਨ, ਬੜੀ ਇਨਟੈਗਰਿਟੀ ਦੇ ਆਦਮੀ ਹਨ ਅਤੇ ਗਰੀਬਾਂ ਦਾ ਭਲਾ ਸੋਚਣ ਵਾਲੇ ਹਨ। ਜਿਹੜਾ ਇਨਸਾਨ ਈਸ਼ਵਰ ਨੂੰ ਮੰਨਣ ਵਾਲਾ ਹੋਵੇਗਾ ਉਹੀ ਗਰੀਬਾਂ ਦਾ ਹਿਮਾਇਤੀ ਹੋਵੇਗਾ। ਇਨ੍ਹਾਂ ਦਾ ਝੁਕਾ ਗਰੀਬਾਂ ਵਲ ਬਹੁਤ ਜ਼ਿਆਦਾ ਹੈ ਅਤੇ ਇਨ੍ਹਾਂ ਦੇ ਸਾਥੀ ਜਿਹੜੇ ਹਨ ਉਹ ਚੰਗੇ ਹੋਣੇ ਚਾਹੀਦੇ ਹਨ। ਕੰਪਨੀ ਚੰਗੀ ਹੋਵੇ ਤਾਂ ਸਾਰੀ ਗੱਲ ਬਣ ਸਕਦੀ ਹੈ। ਜਿਹੜੀ ਇਨ੍ਹਾਂ ਦੇ ਨਾਲ ਕੰਪਨੀ ਹੈ ਅਗਰ ਕੰਪਨੀ ਚੰਗੇ ਇਨਸਾਨਾਂ ਦੀ ਹੈ ਤਾਂ ਕੰਮ ਬੜੇ ਪ੍ਰੋਗਰੈਸਿਵ ਹੋ ਸਕਦੇ ਹਨ। (ਵਿਘਨ) ਚੇਅਰਮੈਨ ਸਾਹਿਬ, ਮੈਨੂੰ ਬੜੀ ਖ਼ੁਸ਼ੀ ਹੁੰਦੀ ਹੈ, ਖ਼ੁਸ਼ੀ ਇਸ ਗੱਲ ਦੀ ਹੁੰਦੀ ਹੈ ਕਿ ਡਾਕਟਰ ਜ਼ੈਲ ਸਿੰਘ ਜੀ ਨੇ ਗਰੀਬਾਂ ਦੀ ਬਹੁਤ ਮਦਦ ਕੀਤੀ ਅਤੇ ਮਦਦ ਕਰ ਰਹੇ ਹਨ। ਜਿਹੜਾ ਪ੍ਰਧਾਨ ਮੰਤਰੀ ਜੀ ਨੇ 20 ਪੁਆਇੰਟ ਪ੍ਰੋਗਰਾਮ ਸਾਡੇ ਸਾਹਮਣੇ ਰਖਿਆ ਹੈ ਉਨ੍ਹਾਂ ਨੂੰ ਸਿਰੇ ਚਾੜ੍ਹਨ ਵਾਸਤੇ ਪ੍ਰੈਕਟੀਕਲੀ ਕੰਮ ਕਰ ਰਹੇ ਹਨ। ਜਿਹੜੇ ਲੋਕਾਂ ਦਾ ਭੁਲੇਖਾ ਹੈ ਉਹ ਹੁਣ ਦੂਰ ਹੋ ਜਾਵੇਗਾ ਅਤੇ ਡਾਕਟਰ ਜ਼ੈਲ ਸਿੰਘ ਜੀ ਗਰੀਬਾਂ ਵਾਸਤੇ ਹੋਰ ਜ਼ਿਆਦਾ ਕੰਮ ਕਰਕੇ ਇਨ੍ਹਾਂ ਸਾਰੇ ਪ੍ਰੋਗਰਾਮਾਂ ਨੂੰ ਸੱਭ ਤੋਂ ਪਹਿਲਾਂ ਨੇਪਰੇ ਚਾੜ੍ਹਨਗੇ। (ਥੰਪਿੰਗ)

ਮੇਰੇ ਹਲਕੇ ਦੇ ਕੁਝ ਕੰਮ ਸਨ, ਚੇਅਰਮੈਨ ਸਾਹਿਬ, ਕੁਝ ਪਾਂਡੇ ਸਾਹਿਬ ਨੂੰ ਕਹਿ ਕੇ ਕਰਵਾ ਦਿੱਤੇ ਹਨ ਔਰ ਬਾਕੀ ਦੇ ਜਿਹੜੇ ਹਨ ਇਸੇ ਤਰ੍ਹਾਂ ਹੀ ਕਰਦੇ ਜਾਣਗੇ। ਹਲਕੇ ਦੀ ਵੀ ਤਾਂ ਗੱਲ ਅਸੀਂ ਕਰਨੀ ਹੈ ਨਾ। (ਵਿਘਨ) ਜਿਹੜੀ ਥੋੜੀ ਬਹੁਤ ਕਸਰ ਰਹਿ ਗਈ ਹੈ ਉਹ ਇਸ ਪਾਸੇ ਵਲ ਹੁਣ ਤੁਰ ਪਏ ਹਨ ਅਤੇ ਹੁਣ ਸਾਰੇ ਕੰਮ ਹੁੰਦੇ ਜਾਣਗੇ। (ਵਿਘਨ) ਮੈਂ ਗਿਆਨੀ ਜੀ ਨੂੰ ਕਹਾਂਗਾ ਕਿ ਸਾਡੇ ਜਿਹੜੇ ਅਫਸਰ ਹਨ ਉਨ੍ਹਾਂ ਦੀ ਹਿਫਾਜ਼ਤ ਕਰੋ। ਸਾਡੇ ਦਿਹਾਤਾਂ ਦੇ ਆਦਮੀਆਂ ਦਾ ਤਾਂ ਤੁਹਾਨੂੰ ਪਹਿਲਾਂ ਹੀ ਖਿਆਲ ਹੈ। ਸਾਰੇ ਕੰਮਾਂ ਵਲ, ਸਾਰੀਆਂ ਗੱਲਾਂ ਵਲ ਤੁਸੀਂ ਆਪ ਹੀ ਖਿਆਲ ਕਰ ਰਹੇ ਹੋ। ਮੈਨੂੰ ਸਮਝ ਨਹੀਂ ਆਉਂਦੀ ਕਿ ਮੈਂ ਕਿਹੜੀ ਗੱਲ ਕਰਾਂ ਕਿ ਜਿਹੜੀ ਤੁਹਾਨੂੰ ਪਤਾ ਨਹੀਂ ਹੈ। ਤੁਸੀਂ ਹਰ ਪਾਸੇ ਪ੍ਰੈਕਟੀਕਲੀ ਕੰਮ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਜਿਹੜਾ ਬਜਟ ਹੈ, ਇਸ ਬਜਟ ਦੇ ਵਿਚ ਹਰੀਜਨਾਂ ਨੂੰ ਕੋਈ ਗਿਲਾ ਨਹੀਂ ਹੈ। ਪਲਾਟ ਇਥੇ ਸਾਨੂੰ ਪਹਿਲਾਂ ਮਿਲੇ ਹਨ ਔਰ ਜਿਥੇ ਹਾਲੇ ਕਬਜ਼ਾ ਨਹੀਂ ਹੈ ਉਥੇ ਜ਼ਰੂਰ ਮਿਲਣਗੇ। ਜਿਹੜੇ ਵਿਚਾਰੇ ਰਿਕਸ਼ਾ ਵਾਲੇ ਸਨ ਉਨ੍ਹਾਂ ਨੂੰ ਮਾਲਕ ਤੁਸੀਂ ਬਣਾ ਦਿੱਤਾ ਹੈ।

6-10 P.M

(ਇਸ ਵਕਤ ਸ੍ਰੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਕੋਈ ਵੀ ਚੀਜ਼ ਲੈ ਲਉ ਉਸ ਪਾਸੇ ਵਲ ਡਾਕਟਰ ਜ਼ੈਲ ਸਿੰਘ ਜੀ ਨੇ ਪੂਰਾ ਪੂਰਾ ਧਿਆਨ ਦਿੱਤਾ ਹੈ। ਇਹ ਪ੍ਰਮਾਤਮਾ ਨੂੰ ਬਹੁਤ ਮੰਨਣ ਵਾਲੇ ਹਨ ਅਤੇ ਪ੍ਰਮਾਤਮਾ ਨੂੰ ਮੰਨਣ ਵਾਲਾ

Original with;
Punjab Vidhan Sabha
Digitized by;
Panjab Digital Library

ਇਨਸਾਨ ਹੀ ਗਰੀਬਾਂ ਦਾ ਭਲਾ ਸੋਚ ਸਕਦਾ ਹੈ । ਜਿਹੜਾ ਇਨਸਾਨ ਪ੍ਰਮਾਤਮਾ ਨੂੰ ਮੰਨਣ ਵਾਲਾ ਨਾ ਹੋਵੇ ਉਹ ਇਹੋ ਜਿਹੇ ਗਰੀਬਾਂ ਦੇ ਭਲੇ ਵਾਸਤੇ ਕੰਮ ਕਰ ਹੀ ਨਹੀਂ ਸਕਦਾ । ਸੋ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਬੜਾ ਪ੍ਰੋਗਰੈਸਿਵ ਬਜਟ ਹੈ ਔਰ ਜਿਸ ਤਰ੍ਹਾਂ ਦੇ ਇਹ ਕੰਮ ਕਰ ਰਹੇ ਹਨ ਹਿੰਦੁਸਤਾਨ ਵਿਚ ਇਸ ਸੂਬੇ ਦਾ ਨਾਮ ਉਚਾ ਹੋਵੇਗਾ । ਪ੍ਰਮਾਤਮਾ ਕਰੇ ਇਨ੍ਹਾਂ ਨੂੰ ਨਜ਼ਰ ਨਾ ਲੱਗ ਜਾਵੇ ਜਿਸ ਤਰ੍ਹਾਂ ਇਥੇ ਕਈ ਸਾਥੀ ਗੱਲਾਂ ਕਰਦੇ ਹਨ । (ਵਿਘਨ) ਇਨ੍ਹਾਂ ਦੇ ਖਿਆਲਾਤ ਇਸੇ ਤਰ੍ਹਾਂ ਦੇ ਉਚੇ ਰਹਿਣ । ਇਹ ਸਵੇਰੇ ਉਠ ਕੇ ਭਜਨ ਕਰਦੇ ਹਨ । ਗਰੀਬਾਂ ਦੀ ਮਦੱਦ ਹੀ ਸੱਭ ਤੋਂ ਵੱਡਾ ਭਜਨ ਹੈ । ਸਪੀਕਰ ਸਾਹਿਬ, ਇਨ੍ਹਾਂ ਸ਼ਬਦਾਂ ਨਾਲ ਤੁਹਾਡਾ ਸ਼ੁਕਰੀਆ ਅਦਾ ਕਰਦਾ ਹਾਂ ਅਤੇ ਨਾਲ ਹੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਖਿਆਲਾਤ ਮੈਂ ਤੁਹਾਡੇ ਸਾਹਮਣੇ ਕੁਝ ਰਖੇ ਹਨ ਉਨ੍ਹਾਂ ਵਲ ਧਿਆਨ ਦੇਵੋਗੇ । ਤੁਸੀਂ ਡੱਟ ਕੇ ਗਰੀਬਾਂ ਦਾ ਭਲਾ ਕਰੋ, ਗਰੀਬਾਂ ਦਾ ਭਲਾ ਕਰਨਾ ਆਪਣਾ ਭਲਾ ਕਰਨਾ ਹੈ । ਮੈਂ ਸਮਝਦਾ ਹਾਂ ਕਿ ਪ੍ਰਧਾਨ ਮੰਤਰੀ ਜੀ ਦਾ ਜਿਹੜਾ 20-ਨੁਕਾਤੀ ਪ੍ਰੋਗਰਾਮ ਹੈ ਉਹ ਹਿੰਦੁ-ਸਤਾਨ ਵਿਚ ਲਾਗੂ ਹੋਣਾ ਹੈ ਅਤੇ ਮੈਨੂੰ ਪਤਾ ਹੈ ਕਿ ਡਾਕਟਰ ਜ਼ੈਲ ਸਿੰਘ ਜੀ ਨੇ ਸੱਭ ਤੋਂ ਪਹਿਲਾਂ ਲਾਗੂ ਕਰ ਦੇਣਾ ਹੈ । ਹਰ ਇਕ ਚੀਜ਼ ਇਹ ਪੂਰੀ ਕਰਨਗੇ ਅਤੇ ਤੁਸੀਂ ਜਿਹੜੇ ਸਾਥੀ ਹੋ ਇਨ੍ਹਾਂ ਦਾ ਪੂਰਾ ਪੂਰਾ ਸਾਥ ਦਿਉਗੇ । ਸ਼ੁਕਰੀਆ ।

**ਸਰਦਾਰ ਬੇਅੰਤ ਸਿੰਘ** (ਪਾਇਲ) : ਸਪੀਕਰ ਸਾਹਿਬ, ਸਾਡੇ ਇਸ ਵੇਲੇ ਦੇ ਫਾਈਨਾਂਸ ਮਨਿਸਟਰ ਸਾਹਿਬ ਨੇ ਇਹ ਪੰਜਵਾਂ ਬਜਟ ਪੇਸ਼ ਕੀਤਾ ਹੈ । 5ਵਾਂ ਬਜਟ ਵੇਖਣ ਦਾ ਮੌਕਾ ਮਿਲਿਆ ਹੈ । ਹਰ ਸਾਲ ਬਜਟ ਪੇਸ਼ ਕਰਨ ਦੀ ਡਿਊਟੀ ਅਤੇ ਉਸ ਦੇ ਵਿਚ ਜਿਹੜੇ ਚੰਗੇ ਫੀਚਰ ਹਨ ਉਹ ਲਿਆਉਣ ਦਾ ਕੰਮ ਹਰ ਸਾਲ ਵੱਧਦਾ ਗਿਆ ਹੈ । ਮੈਂ ਸਮਝਦਾ ਹਾਂ ਕਿ ਪਤਾ ਨਹੀਂ ਇਹ ਐਕਸਪਰਟ ਹੋ ਗਏ ਹਨ ਏਨ੍ਹਾਂ ਚਿਰ ਕੰਮ ਕਰਦੇ ਕਰਦੇ ਜਾਂ ਪਤਾ ਨਹੀਂ ਪਹਿਲਾ ਤਜਰਬਾ ਸੀ । ਇਸ ਲਈ ਮੈਂ ਇਨ੍ਹਾਂ ਨੂੰ ਮੁਬਾਰਕਬਾਦ ਦਿਤੇ ਬਗੈਰ ਨਹੀਂ ਰਹਿ ਸਕਦਾ । ਬੇਸ਼ਕ ਬਜਟ ਵਿਚ 14.80 ਕਰੋੜ ਰੁਪਏ ਦਾ ਘਾਟਾ ਹੈ ਔਰ ਫਿਰ ਉਸ ਤੋਂ ਬਾਅਦ ਹਰੀਜਨਾਂ ਦੀਆਂ ਸਕੀਮਾਂ ਅਤੇ ਕੁਝ ਗੱਲਾਂ ਕਰਕੇ ਇਹ ਘਾਟਾ 22 ਕਰੋੜ ਰੁਪਿਆ ਹੋ ਜਾਂਦਾ ਹੈ ਲੇਕਿਨ ਮੈਂ ਸਮਝਦਾ ਹਾਂ ਕਿ 22 ਕਰੋੜ ਰੁਪਏ ਦਾ ਜਿਹੜਾ ਘਾਟਾ ਹੈ ਉਹ ਅਸੀਂ ਟਾਲਰੇਟ ਕਰ ਸਕਦੇ ਹਾਂ । ਲੇਕਿਨ ਮੈਂ, ਸਪੀਕਰ ਸਾਹਿਬ, ਇਕ ਗੱਲ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕਲ ਕਲਕੱਤਾ ਵਿਚ ਸਾਡੇ ਪ੍ਰੈਜ਼ੀਡੈਂਟ ਸਾਹਿਬ ਸ੍ਰੀ ਫਖ਼ਰੁਦੀਨ ਅਲੀ ਅਹਿਮਦ ਸਾਹਿਬ ਨੇ ਕਿਹਾ ਹੈ ਕਿ ਅਗਰ ਕੋਈ ਪ੍ਰਿਵਿਲਿਜਡ ਕਲਾਸ ਹੋਣੀ ਹੈ ਤਾਂ ਉਹ ਬੱਚੇ ਹੋਣੇ ਚਾਹੀਦੇ ਹਨ । 'If there is to be any privileged class, it should be children' ਇਹ ਬੱਚੇ ਹੀ ਪ੍ਰਿਵਿਲਿਜਡ ਕਲਾਸ ਹਨ । ਲੇਕਿਨ ਸਾਡੇ ਵਿਚ ਹੋਰ ਵੀ ਪ੍ਰਿਵਿਲਿਜਡ ਕਲਾਸਾਂ ਹਨ । ਮੈਂ ਸੁਝਾਉ ਦੇਣਾ ਚਾਹੁੰਦਾ ਹਾਂ, ਬੇਸ਼ਕ ਬੜੀ ਖੁਸ਼ੀ ਦੀ ਗੱਲ ਹੈ ਕਿ ਹਾਊਸ ਵਿਚ ਹਰ ਪਾਸਿਉਂ, ਮੇਰੇ ਅਕਾਲੀ ਵੀਰ ਤਾਂ ਬੈਠੇ ਹੀ ਨਹੀਂ ਅਤੇ ਉਨ੍ਹਾਂ ਨੇ ਬਜਟ ਬਾਰੇ ਕਹਿਣਾ ਹੀ ਕੀ ਸੀ ਉਨ੍ਹਾਂ ਨੂੰ ਤਾਂ ਬਜਟ ਬਾਰੇ ਸਮਝ ਵੀ ਨਹੀਂ, ਸ਼ਲਾਘਾ ਹੋਈ ਹੈ । ਇਨ੍ਹਾਂ ਨੇ ਕੋਈ ਟੈਕਸ ਨਹੀਂ ਲਾਇਆ, ਬਲਕਿ ਟੋਲ ਟੈਕਸ ਅਬਾਲਿਸ਼ ਵੀ ਕੀਤਾ ਹੈ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਾਡੇ ਵਿਚ ਜਿਹੜੀਆਂ ਪ੍ਰਿਵਿਲਿਜਡ ਕਲਾਸਾਂ ਹਨ ਅਗਰ ਉਨ੍ਹਾਂ ਦੇ ਇਸਤੇਮਾਲ ਦੀਆਂ ਜਿਹੜੀਆਂ ਲਗਜ਼ਰੀ ਗੁਡਜ਼ ਹਨ ਅਗਰ ਉਨ੍ਹਾਂ ਤੇ ਟੈਕਸ ਲਗਾ ਦਿੱਤਾ ਜਾਂਦਾ ਤਾਂ ਸਾਡੇ ਹਰੀਜਨ ਭਰਾਵਾਂ ਨੂੰ ਜਿਹੜੇ ਕਿ ਪਿੱਛੇ ਰਹੇ ਹੋਏ ਹਨ ਸੋਸਾਇਟੀ ਤੋਂ ਉਨ੍ਹਾਂ ਨੂੰ ਸ਼ਾਇਦ ਹੋਰ ਰਿਆਇਤਾਂ ਮਿਲਦੀਆਂ । ਸਾਡੇ ਚੀਫ ਮਨਿਸਟਰ ਅਤੇ ਫ਼ਾਈਨੈਂਸ ਮਨਿਸਟਰ ਨੇ ਕਿਹਾ ਹੈ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੇਅੰਤ ਸਿੰਘ]

ਕਿ ਆਪਣੇ ਰਹਿਣ ਸਹਿਣ ਦਾ ਜਿਹੜਾ ਤਰੀਕਾ ਹੈ ਇਸ ਨੂੰ ਥੋੜਾ ਬਹੁਤਾ ਘਟਾਉ ਤਾਂ ਕਿ ਜਿਹੜਾ ਗੈਪ ਹੈ ਸੋਸਾਇਟੀ ਵਿਚ ਉਹ ਨਾ ਰਹੇ । ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਕੋਲ ਕਾਰਾਂ ਹਨ, ਫਰਿਜ ਹਨ ਔਰ ਹੋਰ ਸਾਰਾ ਲਗਜ਼ਰੀ ਦਾ ਸਮਾਨ ਹੈ ਇਨ੍ਹਾਂ ਚੀਜ਼ਾਂ ਤੇ ਟੈਕਸ ਵਧਾ ਦਿੱਤਾ ਜਾਂਦਾ । ਇਸ ਦੇ ਨਾਲ ਹੀ ਮੈਂ ਫਾਇਨਾਂਸ ਮਨਿਸਟਰ ਸਾਹਿਬ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਜਿਹੜਾ 10 ਲੱਖ ਰੁਪਇਆ ਓਲਡ ਔਰ ਰਿਟਾਇਰਡ ਪਰਸਨਜ਼ ਵਾਸਤੇ ਰਖਿਆ ਹੈ । ਇਕ ਹੋਰ ਗੱਲ ਇਹ ਹੈ ਕਿ ਸਾਡੇ ਸਿਨੇਮੇ ਵਧੇ ਹਨ । ਉਨ੍ਹਾਂ ਦੀ ਗਰੋਥ ਵਧੀ ਹੈ । ਹਰ ਇਕ ਸ਼ਹਿਰ ਵਿਚ 3-4 ਸਿਨੇਮੇ ਨਵੇਂ ਬਣੇ ਹਨ । ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਬੇਸ਼ਕ ਗਰੀਬ ਆਦਮੀ ਵੀ ਜਾਂਦੇ ਹਨ, ਪਰ ਜਿਹੜੀ ਪ੍ਰਿਵਿਲਜਡ ਕਲਾਸ ਹੈ ਜਿਹੜੇ ਕਿ ਅਮੀਰ ਕਹਾਉਂਦੇ ਹਨ ਉਹ ਸਿਨੇਮਾ ਵੇਖਦੇ ਹਨ ਉਹ ਹਰ ਕਿਸਮ ਦੀ ਐਂਟਰ-ਟੇਨਮੈਂਟ ਕਰਦੇ ਹਨ ਅਗਰ ਉਨ੍ਹਾਂ ਦੀ ਕਲਾਸ ਤੇ ਟੈਕਸ ਲਾ ਦਿਤਾ ਜਾਂਦਾ ਤਾਂ ਕੋਈ ਮਾੜੀ ਗੱਲ ਨਹੀਂ ਸੀ । ਅਗੇ ਯੂਨੀਵਰਸਿਟੀਆਂ ਬਣਾਈਆਂ ਹਨ ਹੋਰ ਵੱਡੇ ਕੰਮ ਕੀਤੇ ਹਨ ਅਤੇ ਸਾਰੇ ਸੂਬੇ ਵਿਚ ਸੈਸ ਲਗਾਏ ਹਨ ਔਰ ਹੁਣ ਵੀ ਸੈਸ ਲੱਗ ਜਾਂਦਾ ਤਾਂ ਕੋਈ ਮਾੜੀ ਗੱਲ ਨਹੀਂ ਸੀ ਹੋਣੀ । ਮੈਂ ਪਿੰਡਾਂ ਵਿਚ ਰਹਿਣ ਵਾਲਾ ਹਾਂ, ਮੈਨੂੰ ਪਤਾ ਹੈ ਕਿ ਪਿੰਡਾਂ ਵਿਚ ਪਲਾਟ ਮਿਲੇ ਹਨ । ਭਾਵੇਂ ਥੋੜ੍ਹੀ ਦੂਰੀ ਤੇ ਮਿਲੇ ਹੋਣ ਮਿਲੇ ਜ਼ਰੂਰ ਹਨ । ਅਗਰ ਨੇੜੇ ਦੀ ਜ਼ਮੀਨ ਸਾਡੀ ਸਰਕਾਰ ਇਕੁਆਇਰ ਕਰਨਾ ਚਾਹੁੰਦੀ ਸੀ ਤਾਂ ਜਿਸ ਜ਼ਿਮੀਂਦਾਰ ਦੀ ਜ਼ਮੀਨ ਸੀ ਉਹ ਕੋਰਟ ਵਿਚ ਜਾਂਦਾ ਸੀ ਅਤੇ ਮਾਮਲਾ ਡਿਲੇ ਹੋ ਜਾਂਦਾ, ਇਸ ਝਗੜੇ ਤੋਂ ਬਚਣ ਦੀ ਖਾਤਰ ਅੱਧ ਮੀਲ, ਦੋ ਫ਼ਰਲਾਂਗ ਦੂਰ ਦੇ ਦਿੱਤੇ ਤਾਂ ਕੋਈ ਮਾੜੀ ਗੱਲ ਨਹੀਂ । ਉਥੇ ਹੀ ਕਾਲੋਨੀਆਂ ਬਸ ਜਾਣਗੀਆਂ । ਜਦੋਂ ਅਸੀਂ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਕੋਲ ਦੀ ਲੰਘਦੇ ਹਾਂ ਅਤੇ ਜਿਹੜੇ ਬਣੇ ਹੋਏ ਕੁਆਟਰਜ਼ ਦਿਸਦੇ ਹਨ ਤਾਂ ਦਿਲ ਕਰਦਾ ਹੈ ਕਿ ਅਸੀਂ ਉਨ੍ਹਾਂ ਵਿਚ ਆ ਕੇ ਵਸੀਏ । ਗਰੀਬ ਆਦਮੀ ਕੁਆਟਰਜ਼ ਨੂੰ ਵੇਖ ਕੇ ਖੁਸ਼ ਹੁੰਦੇ ਹਨ । ਮੈਂ ਕਹਿੰਦਾ ਹਾਂ ਕਿ ਚਾਹੇ ਸਾਨੂੰ ਥੋੜ੍ਹਾ ਬਹੁਤਾ ਸੈਸ ਹੀ ਕਿਉਂ ਨਾ ਲਾਉਣਾ ਪੈਂਦਾ ਗਰੀਬ ਹਰੀਜਨਾਂ ਨੂੰ ਮਕਾਨ ਬਣਾ ਕੇ ਦਿੰਦੇ ਅਤੇ ਉਹ ਲੋਕ ਕਹਿੰਦੇ ਕਿ ਸਾਨੂੰ ਬੜੀ ਭਾਰੀ ਰਾਹਤ ਮਿਲੀ ਹੈ । ਹੁਣ ਸ਼ਕ ਪੈਂਦਾ ਹੈ ਕਿ ਹਰੀਜਨ ਪਲਾਟ ਲੈ ਕੇ ਕਿਤੇ ਵੇਚ ਨਾ ਦੇਣ ਅਤੇ ਆਪਣੇ ਪਹਿਲੇ ਸਲਮਜ਼ ਵਿਚ ਨਾ ਰਹਿਣ ਲਗ ਪੈਣ । ਉਹ ਸਲਮਜ਼ ਰਹਿਣ ਦੇ ਬਿਲਕੁਲ ਕਾਬਿਲ ਨਹੀਂ । ਉਨ੍ਹਾਂ ਸਲਮਜ਼ ਵਿਚ ਫੈਮਲੀਜ਼ ਦਾ ਬਿਲਕੁਲ ਗੁਜ਼ਾਰਾ ਨਹੀਂ ਹੋ ਸਕਦਾ। ਉਥੇ ਆਪ ਰਹਿੰਦੇ ਹਨ, ਉਨ੍ਹਾਂ ਦੇ ਲੜਕੇ ਰਹਿੰਦੇ ਹਨ ਅਤੇ ਨੂੰਹਾਂ ਰਹਿੰਦੀਆਂ ਹਨ । ਮੈਂ ਕਹਿੰਦਾ ਹਾਂ ਕਿ ਇਹ ਕੰਪਲਸਰੀ ਕਰ ਦਿੱਤਾ ਜਾਏ ਅਤੇ ਉਨ੍ਹਾਂ ਨੂੰ ਨਵੇਂ ਮਕਾਨਾਂ ਵਿਚ ਭੇਜਣਾ ਚਾਹੀਦਾ ਹੈ । ਮੈਂ ਕਹਿੰਦਾ ਹਾਂ ਕਿ ਸਾਡੀ ਸਰਕਾਰ ਨੂੰ ਸੈਸ ਲਗਾ ਕੇ ਉਨ੍ਹਾਂ ਨੂੰ ਮਕਾਨ ਬਣਾ ਕੇ ਦੇਣੇ ਚਾਹੀਦੇ ਹਨ ।

ਇਸ ਬਜਟ ਵਿਚ ਇਕ ਹੋਰ ਵਡੀ ਗੱਲ ਕੀਤੀ ਗਈ ਹੈ ਕਿ ਆਉਣ ਵਾਲਾ ਜਿਹੜਾ ਪਲਾਨ ਹੈ ਉਸ ਵਿਚ ਪਹਿਲੋਂ 126.‍8 ਕਰੋੜ ਸੀ 1974-75 ਵਿਚ, ਅਤੇ 163.60 ਕਰੋੜ 1975-76 ਵਿਚ ਅਤੇ ਹੁਣ 1976-77 ਵਿਚ 219.47 ਕਰੋੜ ਕਰ ਦਿੱਤਾ ਹੈ । ਇਸ ਗੱਲ ਦੀ ਮੈਂ ਬੜੀ ਭਾਰੀ ਮੁਬਾਰਕ ਬਾਦ ਦਿੰਦਾ ਹਾਂ ।

Original with;
Punjab Vidhan Sabha
Digitized by;
Panjab Digital Library

ਇਸ ਤੋਂ ਅੱਗੇ ਮੈਂ ਇਕ ਹੋਰ ਗੱਲ ਵਾਸਤੇ ਮੁਬਾਰਕਬਾਦ ਦਿੰਦਾ ਹਾਂ ਔਰ ਉਹ ਹੈ ਪਾਵਰ । ਮੈਂ ਕਹਿੰਦਾ ਹਾਂ ਕਿ ਜਿਨੇ ਵੀ ਸੋਸ਼ਲਿਸਟ ਕੰਟਰੀਜ਼ ਹਨ ਉਹ ਪਾਵਰ ਦੇ ਸਿਰ ਤੇ ਹੀ ਤਰੱਕੀ ਕਰਦੇ ਹਨ । ਅਗਰ ਵੇਖਿਆ ਜਾਵੇ ਤਾਂ ਕੋਈ ਵੀ ਐਸਾ ਕੰਮ ਨਹੀਂ ਜਿਹੜਾ ਬਿਜਲੀ ਬਿਨਾ ਹੋ ਸਕੇ । ਬਿਜਲੀ ਤਰੱਕੀ ਦਾ ਧੁਰਾ ਹੈ । ਇਸ ਦੇ ਨਾਲ ਸਾਰੀ ਇੰਡਸਟਰੀ ਚਲਦੀ ਹੈ, ਐਗਰੀਕਲਚਰ ਦਾ ਕੰਮ ਚਲਦਾ ਹੈ । 90 ਕਰੋੜ ਰੁਪਇਆ ਬਿਜਲੀ ਵਾਸਤੇ ਰਖਿਆ ਹੈ । ਜਿਹੜੇ ਛੋਟੇ ਛੋਟੇ ਪ੍ਰੋਜੈਕਟਸ ਸਨ ਆਨੰਦਪੁਰ ਹਾਇਡਲ ਸਟੇਸ਼ਨ, ਸ਼ਾਨਨ । ਥੀਂ ਡੈਮ ਵਿਚ ਲੋੜ ਹੈ । ਉਸ ਤੇ ਕੁਝ ਕਰੋੜ ਪਿਛਲੇ ਸਾਲ ਵਿਚ ਖ਼ਰਚ ਕੀਤਾ ਗਿਆ । ਮੈਂ ਕਹਿੰਦਾ ਹਾਂ ਕਿ ਜਦੋਂ ਸਾਡੇ ਕੋਲ ਪਾਵਰ ਆ ਗਈ ਤੁਸੀਂ ਚੰਦ ਸਾਲਾਂ ਵਿਚ ਵੇਖੋਗੇ ਕਿ ਕਿਤਨੀ ਤਰੱਕੀ ਹੋਈ ਹੈ । ਪਿੰਡਾਂ ਵਿਚ ਬਿਜਲੀ ਨਹੀਂ ਸੀ, ਇਹ ਉਨ੍ਹਾਂ ਦੇ ਨਾਲ ਅਨਿਆਏ ਸੀ । ਪਿੰਡਾਂ ਵਿਚ ਬਿਜਲੀ ਨਹੀਂ ਸੀ, ਕੋਸ਼ਿਸ਼ ਕਰਕੇ ਮਾਰਕੀਟ ਕਮੇਟੀਆਂ ਤੋਂ ਪੈਸੇ ਦਵਾਏ ਹਨ, ਭਾਵੇਂ ਕ੍ਰਿਟੀਸਿਜ਼ਮ ਹੋਇਆ ਹੈ । ਮੈਂ ਇਹ ਕਹਾਂਗਾ ਕਿ ਮਾਰਕੀਟ ਕਮੇਟੀਆਂ ਜ਼ਿਮੀਦਾਰਾਂ ਤੋਂ ਪੈਸੇ ਉਗਰਾਹੁੰਦੀਆਂ ਹਨ ਉਨ੍ਹਾਂ ਦੀ ਤਰੱਕੀ ਵਾਸਤੇ ਲਾਉਂਦੀਆਂ ਹਨ । ਉਨ੍ਹਾਂ ਲਈ ਸੜਕਾਂ, ਬਿਜਲੀ ਪ੍ਰੋਵਾਈਡ ਕਰਨੀ ਹੈ । ਗਲੀਆਂ ਪਕੀਆਂ ਕਰਨੀਆਂ ਹਨ । ਜ਼ਿਮੀਦਾਰ ਜਿਹੜਾ ਪੈਸੇ ਦਿੰਦਾ ਹੈ ਉਹ ਆਪਣੀ ਤਰੱਕੀ ਵਾਸਤੇ ਦਿੰਦਾ ਹੈ । ਅਗਰ ਉਸ ਦੀ ਬਿਜਲੀ ਲਈ ਪੈਸੇ ਲਾਏ ਜਾਂਦੇ ਹਨ ਤਾਂ ਇਹ ਬੜੀ ਚੰਗੀ ਗੱਲ ਹੈ । ਕੋਈ ਪਿੰਡ ਬਿਜਲੀ ਤੋਂ ਬਗੈਰ ਨਹੀਂ ਰਹਿ ਜਾਏਗਾ । ਮੈਂ ਸਮਝਦਾ ਹਾਂ ਕਿ ਇਹ ਨਿਹਾਇਤ ਚੰਗੀ ਗੱਲ ਕੀਤੀ ਗਈ ਹੈ । ਇਸ ਦੇ ਨਾਲ ਹੀ ਜਿਹੜਾ ਕੰਜ਼ਿਊਮਰ ਪ੍ਰਾਈਸ ਇੰਡੈਕਸ ਹੈ ਵਰਕਿੰਗ ਕਲਾਸ ਦਾ ਅਗਰ 1966 ਨੂੰ ਬੇਸ ਰਖੀਏ ਤਾਂ ਜਨਵਰੀ 1976 ਵਿਚ 214 ਰਹਿ ਗਿਆ ਹੈ ਜਿਹੜਾ ਕਿ ਪਹਿਲਾਂ 224 ਸੀ ਇਹ ਬੜੀ ਚੰਗੀ ਗੱਲ ਹੋਈ ਹੈ । ਜਿਹੜੀਆਂ ਕੀਮਤਾਂ ਰੋਜ਼ ਰੋਜ਼ ਰਾਈਜ਼ ਹੋ ਜਾਂਦੀਆਂ ਸਨ ਅਤੇ ਅਸੀਂ ਵੇਖਦੇ ਸੀ ਕਿ ਚੀਜ਼ਾਂ ਨਹੀਂ ਸੀ ਮਿਲਦੀਆਂ ਹਣ ਠੀਕ ਹੁੰਦੀਆਂ ਜਾ ਰਹੀਆਂ ਹਨ । ਹਾਲਾਤ ਇਹ ਹੋ ਗਏ ਸਨ ਕਿ ਅਗਰ ਸਾਬਣ ਲੈਣਾ ਹੁੰਦਾ ਸੀ ਤਾਂ ਬੜੀ ਮੁਸ਼ਕਿਲ ਹੁੰਦੀ ਸੀ, ਘੀ ਲਈ ਲਾਈਨ ਵਿਚ ਖੜੇ ਰਹਿਣਾ ਪੈਂਦਾ ਸੀ। ਅਗਰ ਕੋਈ ਇਕ ਚਾਰ ਕਿੱਲੋ ਦੀ ਪੀਪੀ ਘੀ ਦੀ ਲਿਆ ਦਿੰਦਾ ਸੀ ਤਾਂ ਇਹ ਸਮਝਦੇ ਸੀ ਕਿ ਕੋਈ ਤੋਹਫ਼ਾ ਦੇ ਗਿਆ ਹੈ । ਪਰ ਅੱਜ ਹਾਲਤ ਇਹ ਹੈ ਕਿ ਘੀਂ ਦਾ ਟੀਨ 107-108 ਰੁਪਏ ਵਿਚ ਮਿਲਦਾ ਹੈ ਅਤੇ ਉਸ ਵਕਤ 190 ਜਾਂ 200 ਰੁਪਏ ਦਾ ਮਿਲਦਾ ਸੀ । ਮੈਂ ਸਮਝਦਾ ਹਾਂ ਕਿ ਪ੍ਰਾਈਸ ਨੂੰ ਕੰਟਰੋਲ ਕਰਕੇ ਬੜੀ ਭਾਰੀ ਗੱਲ ਕੀਤੀ ਹੈ । ਪਬਲਿਕ ਨੂੰ ਇਤਮਾਦ ਹੋ ਗਿਆ ਹੈ ਕਿ ਸਰਕਾਰ ਨੇ ਸਾਡੇ ਵਾਸਤੇ ਕੋਈ ਚੰਗੀ ਗੱਲ ਕੀਤੀ ਹੈ । ਐਜੂਕੇਸ਼ਨ ਦੇ ਬਾਰੇ ਵਿਚ ਮੈਂ ਇਹ ਕਹਾਂਗਾਂ ਕਿ ਐਜੂਕੇਸ਼ਨ ਲਈ 55.97 ਕਰੋੜ 1975-76 ਅਤੇ 66.99 ਕਰੋੜ 1976-77 ਵਿਚ ਰਖਿਆ ਗਿਆ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਜਿਹੜੇ 6 ਸਾਲ ਤੋਂ 11 ਸਾਲ ਦੇ ਬੱਚੇ ਹਨ ਉਨ੍ਹਾਂ ਦਾ ਜਿਹੜਾ ਨੈਸ਼ਨਲ ਟਾਰਗੇਟ ਹੈ ਉਹ 88% ਹੈ ਸਾਡੇ ਪੰਜਾਬ ਦਾ 93.8% ਹੈ । ਇਹ ਸਾਡੇ ਲੋਕਾਂ, ਸਾਡੀ ਸਰਕਾਰ ਅਤੇ ਸਾਡੇ ਐਜੂਕੇਸ਼ਨ ਮਨਿਸਟਰ ਸਾਹਿਬ ਦੀ ਮੇਹਰਬਾਨੀ ਨਾਲ ਹੋਇਆ ਹੈ ਕਿ ਇਤਨੇ ਬੱਚੇ ਸਕੂਲਾਂ ਵਿਚ ਜਾਣ ਲੱਗ ਪਏ । ਅੱਜ ਗਰੀਬ ਦਾ ਬੱਚਾ ਜਿਹੜਾ ਹੈ ਉਸ ਦੀ ਐਜੂਕੇਸ਼ਨ ਵਿਚ ਔਰ ਅਮੀਰ ਬੱਚੇ ਦੀ ਐਜੂਕੇਸ਼ਨ ਵਿਚ ਫਰਕ ਹੈ । ਕਿਉਂਕਿ ਗਰੀਬ ਦਾ ਬੱਚਾ ਐਸੇ ਪ੍ਰਾਈਮਰੀ ਸਕੂਲ ਵਿਚ ਜਾਂਦਾ ਹੈ ਜਿਹੜਾ ਪਿੰਡਾਂ ਵਿਚ ਹੈ । ਸਪੀਕਰ ਸਾਹਿਬ, ਅਗਰ ਪਿੰਡ ਵਿੱਚ ਇੱਕ ਪ੍ਰਾਈਮਰੀ ਸਕੂਲ ਹੁੰਦਾ ਹੈ ਤਾਂ ਉਹਦੇ ਵਿੱਚ ਟੀਚਰ ਵੀ ਇੱਕ ਜਾਂ ਦੋ ਹੁੰਦੇ ਹਨ ਤੇ ਉਹ ਠੀਕ ਕੰਟਰੋਲ ਕਰ ਨਹੀਂ ਸਕਦੇ । ਨਾਂ ਬੱਚੇ ਨਹਾਉਂਦੇ ਹਨ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੇਅੰਤ ਸਿੰਘ]

ਅਤੇ ਨਾ ਹੀ ਕੇਸ ਵਗੈਰਾ ਵਾਹੁੰਦੇ ਹਨ । ਉਸੇ ਤਰ੍ਹਾਂ ਹੀ ਨੰਗੇ ਉਹ ਸਕੂਲ ਵਿੱਚ ਚਲੇ ਜਾਂਦੇ ਹਨ । ਮੈਂ ਸਮਝਦਾ ਹਾਂ ਕਿ ਕੰਟਰੋਲ ਨਾ ਹੋਣ ਕਰਕੇ ਅਤੇ ਟੀਚਰਜ਼ ਦਾ ਪੂਰਾ ਇੰਟਰੈਸਟ ਨਾ ਹੋਣ ਕਰਕੇ ਉਹ ਬੱਚੇ ਕੋਰੇ ਦੇ ਕੋਰੇ ਹੀ ਸਕੂਲ ਵਿੱਚੋਂ ਪੜ੍ਹ ਕੇ ਬਾਹਰ ਨਿਕਲ ਆਉਂਦੇ ਹਨ । ਸਪੀਕਰ ਸਾਹਿਬ, ਮੈਂ ਮਿਸਾਲ ਦੇਣਾ ਚਾਹੁੰਦਾ ਹਾਂ ਕਿ ਚੰਡੀਗੜ੍ਹ ਵਿੱਚ ਇੱਕ ਸ਼ਿਵਾਲਿਕ ਸਕੂਲ ਹੈ ਅਤੇ ਲੁਧਿਆਣੇ ਸੇਕਰਿਡ ਹਾਰਟ ਸਕੂਲ ਹੈ । ਉਥੇ ਜਿਹੜੇ ਬੱਚੇ ਪੜ੍ਹਦੇ ਹਨ ਮੈਂ ਉਨ੍ਹਾਂ ਨੂੰ ਵੇਖਿਆ ਹੈ । ਮੈਂ ਸਮਝਦਾ ਹਾਂ ਕਿ ਉਨ੍ਹਾਂ ਬੱਚਿਆਂ ਤੇ ਗਰੀਬ ਆਦਮੀ ਦੇ ਬੱਚਿਆਂ ਵਿੱਚ ਬੜਾ ਭਾਰੀ ਫਰਕ ਹੈ । ਇਹ ਇਸ ਸੋਸ਼ਲਿਸਟ ਦੇਸ਼ ਵਿੱਚ ਸ਼ੋਭਦਾ ਨਹੀਂ ਇਸ ਫਰਕ ਨੂੰ ਦੂਰ ਕਰਨਾ ਚਾਹੀਦਾ ਹੈ । ਇੱਕ ਪਾਸੇ ਤਾਂ ਬੱਚੇ ਕਾਰਾਂ ਵਿੱਚ, ਮੋਟਰਾਂ ਵਿੱਚ ਬੈਠ ਕੇ ਪੜ੍ਹਨ ਜਾਂਦੇ ਹਨ ਅਤੇ ਸਾਫ ਕਪੜੇ ਪਾ ਕੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਬਹੁਤ ਚੰਗਾ ਖਾਣਾ ਉਥੇ ਮਿਲਦਾ ਹੈ, ਉਨ੍ਹਾਂ ਦਾ ਗਰੀਬ ਬੱਚੇ ਕਿਸ ਤਰ੍ਹਾਂ ਮੁਕਾਬਲਾ ਕਰ ਸਕਦੇ ਹਨ । ਮੇਰੀ ਅਰਜ਼ ਹੈ ਕਿ ਇਹ ਜਿਹੜੀ ਤਾਲੀਮ ਹੈ ਇਹ ਇੱਕੋ ਜਿਹੀ ਹੋਣੀ ਚਾਹੀਦੀ ਹੈ । ਮੈਂ, ਸਪੀਕਰ ਸਾਹਿਬ, ਐਜੂਕੇਸ਼ਨ ਦੇ ਬਾਰੇ ਵਿੱਚ ਇੱਕ ਗਲ ਹੋਰ ਕਹਿਣੀ ਚਾਹੁੰਦਾ ਹਾਂ । ਕਈ ਸਕੂਲ ਇਸ ਕਰਕੇ ਟੇਕ-ਓਵਰ ਨਹੀਂ ਕੀਤੇ ਜਾਂਦੇ ਕਿਉਂਕਿ ਪੈਸੇ ਨਹੀਂ ਹੁੰਦੇ ਹਨ । ਮੈਂ ਤਾਂ ਇਹ ਕਹਿੰਦਾ ਹਾਂ ਕਿ ਤਾਲੀਮ ਨੇਸ਼ਨੇਲਾਈਜ਼ ਹੋਣੀ ਚਾਹੀਦੀ ਹੈ । ਅੱਜ ਕਈ ਕਿਸਮ ਦੀ ਤਾਲੀਮ ਸਾਡੇ ਸਕੂਲਾਂ ਵਿਚ ਦਿੱਤੀ ਜਾਂਦੀ ਹੈ । ਆਰੀਆ ਸਮਾਜ ਵਾਲੇ ਆਪਣੀ ਅਲੱਗ ਤਾਲੀਮ ਦਿੰਦੇ ਹਨ ਅਤੇ ਸਾਡੇ ਅਕਾਲੀ ਭਰਾ ਅਲੱਗ ਤਾਲੀਮ ਦਿੰਦੇ ਹਨ । ਮੇਰਾ ਵਿਚਾਰ ਹੈ ਕਿ ਇੱਕੋ ਜਿਹੀ ਤਾਲੀਮ ਦੇ ਕੇ ਬੱਚਿਆਂ ਨੂੰ ਪੜ੍ਹਾਇਆ ਜਾਵੇ । ਇਹ ਬੱਚੇ ਹੀ ਸਾਡਾ ਭਵਿਖ ਹਨ ਅਤੇ ਇਨ੍ਹਾਂ ਬੱਚਿਆਂ ਨੇ ਹੀ ਨੇਸ਼ਨ ਨੂੰ ਬਣਾਉਣਾ ਹੈ । ਜੇਕਰ ਇਸ ਤਰ੍ਹਾਂ ਨਾ ਕੀਤਾ ਗਿਆ ਤਾਂ ਤਾਲੀਮ ਬਿਲਕੁਲ ਪਿੱਛੇ ਰਹਿ ਜਾਵੇਗੀ । ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਕਾਫੀ ਕਾਲਜ ਬਣਾਏ ਹਨ । ਯੂਨੀਵਰਸਿਟੀਆਂ ਖੋਲ੍ਹੀਆਂ ਹਨ । ਮੈਂ ਅਰਜ਼ ਕਰਦਾ ਹਾਂ ਕਿ ਆਰਟਸ ਕਾਲਜ ਬਣਾਉਣ ਦਾ ਕੋਈ ਫਾਇਦਾ ਨਹੀਂ । ਮੇਰੇ ਆਪਣੇ ਹਲਕੇ ਵਿੱਚ ਇੱਕ ਆਰਟਸ ਕਾਲਜ਼ ਹੈ । ਉਸ ਕਾਲਜ ਵਿੱਚ ਜਿਹੜੇ ਨੌਜਵਾਨ ਪੜ੍ਹਨ ਜਾਂਦੇ ਹਨ ਕੁਝ ਵੀ ਸਿਖ ਕੇ ਨਹੀਂ ਆਉਂਦੇ । ਮੈਂ ਤਾਂ ਇਹ ਸੁਝਾਓ ਦੇਵਾਂਗਾ ਕਿ ਹਰ ਇੱਕ ਸਕੂਲ ਵਿੱਚ ਸਾਈਕੇਟਰਿਸਟ ਹੋਣੇ ਚਾਹੀਦੇ ਹਨ । ਉਹ ਵੇਖਣ ਕਿ ਬੱਚਿਆਂ ਦੀ ਰੁੱਚੀ ਕਿਸ ਤਰਫ ਹੈ । ਹੁਣ ਸਾਡੀ ਸਰਕਾਰ ਨੇ 150 ਸਕੂਲਾਂ ਵਿੱਚ ਬੱਚਿਆਂ ਨੂੰ ਟਰੇਨਿੰਗ ਦੇਣੀ ਸ਼ੁਰੂ ਕੀਤੀ ਹੈ । ਅਗਰ ਕੋਈ ਬੱਚਾ ਹੋਰ ਪੜ੍ਹਨ ਦੇ ਕਾਬਿਲ ਹੈ ਤਾਂ ਹੀ ਉਸ ਨੂੰ ਕਾਲਜ ਵਿੱਚ ਭੇਜਣਾ ਚਾਹੀਦਾ ਹੈ । ਅਗਰ ਉਹ ਖੇਤੀ ਦਾ ਕੰਮ ਕਰਨ ਦੇ ਕਾਬਿਲ ਹੈ ਤਾਂ ਉਸ ਨੂੰ ਖੇਤੀ ਬਾੜੀ ਵਲ ਭੇਜਣਾ ਚਾਹੀਦਾ ਹੈ । ਇਹ ਨਹੀਂ ਹੋਣਾ ਚਾਹੀਦਾ ਕਿ ਅਗਰ ਕਿਸੇ ਦਾ ਮਾਂ ਬਾਪ ਅਮੀਰ ਹੈ ਤਾਂ ਉਹ ਪੈਸੇ ਦੇ ਬਲ ਤੇ ਵਧੀਆ ਐਜੂਕੇਸ਼ਨ ਲੈ ਲਵੇ ਭਾਵੇਂ ਉਹ ਬਿਲਕੁਲ ਹੀ ਕਾਬਿਲ ਨਾ ਹੋਵੇ । ਮੈਂ ਤਾਂ ਇਹ ਸੁਝਾਓ ਦੇਵਾਂਗਾ ਕਿ ਹਰ ਸਕੂਲ ਵਿੱਚ ਸਾਈਕੇਟਰਿਸਟ ਦਾ ਬੰਦੋਬਸਤ ਹੋਣਾ ਚਾਹੀਦਾ ਹੈ । ਹਾਈ ਸਕੂਲ ਵਿਚ ਸਾਈਕੇਟਰਿਸਟ ਉਨ੍ਹਾਂ ਦੀ ਅਕਲ, ਰੁਚੀ ਅਤੇ ਦਿਮਾਗ ਦਾ ਟੈਸਟ ਕਰੇ । ਉਸਦੀ ਰਿਪੋਰਟ ਵੇਖ ਕੇ ਫਿਰ ਉਸ ਨੂੰ ਅੱਗੇ ਭੇਜਣਾ ਚਾਹੀਦਾ ਹੈ । ਕਾਲਜ ਵਿਚ ਜੇ 2 ਜਾਂ 3 ਫੀ ਸਦੀ ਬੱਚੇ ਜਾਣਗੇ ਤਾਂ ਮੈਂ ਸਮਝਦਾ ਹਾਂ ਕਿ ਸਾਡਾ ਇੰਪਲਾਇਮੈਂਟ ਦਾ ਮਸਲਾ ਹੱਲ ਹੋ ਜਾਵੇਗਾ । ਜਿਹੜੇ ਬੱਚੇ ਇੰਟੈਲੀਜੈਂਟ ਹਨ ਉਹ ਕੰਪੀਟੀਸ਼ਨ ਵਿਚ ਬੈਠ ਕੇ ਡਾਕਟਰਜ਼ ਜਾਂ ਇੰਜੀਨੀਅਰਜ਼ ਬਣ ਜਾਣਗੇ ਜਾਂ ਆਈ.ਏ.ਐਸ. ਅਫਸਰ ਬਣ ਜਾਣਗੇ ।

Original with;
Punjab Vidhan Sabha
Digitized by;
Panjab Digital Library

ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਇਹ ਤਰੀਕਾ ਤਾਂ ਹੀ ਹੋ ਸਕਦਾ ਹੈ ਜੇ ਹੇਠਾਂ ਤੋਂ ਹੀ ਇਹ ਕੰਮ ਸ਼ੁਰੂ ਕੀਤਾ ਜਾਵੇ। ਐਗਜ਼ਾਮੀਨੇਸ਼ਨ ਦੇ ਸਿਸਟਮ ਨੂੰ ਚੇਂਜ ਕਰਨ ਬਾਰੇ ਵੀ ਸਾਡੀ ਸਰਕਾਰ ਕਾਫੀ ਦੇਰ ਤੋਂ ਸੋਚ ਰਹੀ ਹੈ। ਬਾਹਰਲੇ ਕਈ ਮੁਲਕਾਂ ਵਿਚ ਇਮਤਿਹਾਨ ਨਹੀਂ ਲਏ ਜਾਂਦੇ। ਇਮਤਿਹਾਨਾਂ ਤੋਂ ਬਗੈਰ ਹੀ ਬੱਚੇ ਨੂੰ ਪ੍ਰਮੋਟ ਕੀਤਾ ਜਾਂਦਾ ਹੈ। ਮੈਂ ਇਹ ਸੁਝਾਉ ਦੇਵਾਂਗਾ ਕਿ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ, ਵਾਂਗ ਸਮੈਸਟਰ ਸਿਸਟਮ ਸ਼ੁਰੂ ਕਰਨਾ ਚਾਹੀਦਾ ਹੈ (ਘੰਟੀ)

**ਸ੍ਰੀ ਸਪੀਕਰ:** ਤਿੰਨ ਚਾਰ ਮਿੰਟਾਂ ਵਿਚ ਵਾਈਂਡ ਅੱਪ ਕਰੋ। ਤੁਹਾਨੂੰ 20 ਮਿੰਟ ਬੋਲਦਿਆਂ ਨੂੰ ਹੋ ਗਏ ਹਨ।

**ਸਰਦਾਰ ਬੇਅੰਤ ਸਿੰਘ:** ਸਪੀਕਰ ਸਾਹਿਬ, ਮੈਂ ਥੋੜਾ ਚਿਰ ਹੀ ਬੋਲਿਆ ਹਾਂ। ਮੈਂ ਤਾਂ ਐਜੂਕੇਸ਼ਨ ਦੇ ਬਾਰੇ ਵਿਚ ਕਹਿਣ ਲੱਗ ਪਿਆ ਹਾਂ। ਮੇਰਾ ਮੇਨ ਸਬਜੈਕਟ ਤਾਂ ਐਗਰੀਕਲਚਰ ਹੈ। ਮੈਨੂੰ ਥੋੜਾ ਟਾਈਮ ਬੋਲਣ ਲਈ ਹੋਰ ਦਿਓ। ਸਪੀਕਰ ਸਾਹਿਬ, ਮੈਂ ਇਹ ਕਹਿ ਰਿਹਾ ਸਾਂ ਕਿ ਇਥੇ ਸਮੈਸਟਰ ਸਿਸਟਮ ਹੋਣਾ ਚਾਹੀਦਾ ਹੈ। ਬੱਚੇ ਦਾ ਰੋਜ਼ ਦਾ ਕੰਮ, ਉਸ ਦੀ ਪਰੋਗਰੈਸ ਨੂੰ ਵੇਖਣਾ ਚਾਹੀਦਾ ਹੈ ਅਤੇ ਤਾਂ ਜਾ ਕੇ ਉਸ ਨੂੰ ਪ੍ਰਮੋਟ ਕਰਨਾ ਚਾਹੀਦਾ ਹੈ। ਇਮਤਿਹਾਨ ਹਫਤੇ ਦੇ ਹਫਤੇ ਹੋਣੇ ਚਾਹੀਦੇ ਹਨ। ਜਿਹੜਾ ਬੱਚਾ ਰੈਗੂਲਰਲੀ ਕੰਮ ਕਰਦਾ ਹੈ, ਉਸਨੂੰ ਪ੍ਰਮੋਟ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਨਾ ਹੋਵੇ ਕਿ ਸਕੂਲ ਤੋਂ ਘਰ ਆਏ ਅਤੇ ਬਸਤਾ ਇਕ ਪਾਸੇ ਸੁੱਟ ਦਿੱਤਾ ਜਾਂ ਫਿਰ ਫੇਰਾ ਤੋਰੀ ਵਿਚ ਲੱਗ ਗਏ। ਨਾਲਾਇਕ ਤੇ ਅਵਾਰਾਗਰਦੀ ਰੋਕਣ ਵਾਸਤੇ ਸਾਡੀ ਸਰਕਾਰ ਨੇ ਸਪੋਰਟਸ ਦਾ ਇਕ ਅਲੱਗ ਡਾਇਰੈਕਟੋਰੇਟ ਬਣਾ ਦਿੱਤਾ ਹੈ। ਮੈਂ ਇਸ ਵਾਸਤੇ ਚੀਫ਼ ਮਨਿਸਟਰ ਸਾਹਿਬ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਇਕ ਪੀਰੀਅਡ ਸਪੋਰਟਸ ਵਾਸਤੇ ਲਾਜ਼ਮੀ ਕਰ ਦਿੱਤਾ ਹੈ। ਸਕੂਲਾਂ ਵਿਚ ਜਿਹੜਾ ਇਹ ਕੰਪਲਸਰੀ ਪੀਰੀਅਡ ਸਪੋਰਟਸ ਵਾਸਤੇ ਅਲਾਟ ਕੀਤਾ ਹੈ ਇਹ ਕੋਈ ਐਡਾ ਚੰਗਾ ਸਾਬਤ ਨਹੀਂ ਹੋਇਆ। ਜਿਹੜੇ ਬੱਚੇ ਚੰਗੇ ਖੇਡਣ ਵਾਲੇ ਹਨ, ਉਨ੍ਹਾਂ ਨੂੰ ਅੱਗੇ ਲਿਆਉਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਪੂਰੀ ਟਰੇਨਿੰਗ ਦੇਣੀ ਚਾਹੀਦੀ ਹੈ। ਸਾਡੇ ਮੁਲਕ ਵਿਚ ਖੇਡਣ ਦਾ ਟੇਲੰਟ ਵੀ ਬੜਾ ਹੈ, ਤਾਕਤ ਵੀ ਹੈ ਅਤੇ ਹਿੰਮਤ ਵੀ ਹੈ। ਲੇਕਿਨ ਇਸ ਟੇਲੰਟ ਨੂੰ ਕਾਬੂ ਕਰਨ ਦੀ ਲੋੜ ਹੈ। ਹਾਕੀ ਵਿਚ ਅਸੀਂ ਇਨਾਮ ਪਾਇਆ ਹੈ। ਲੇਕਿਨ ਮੈਨੂੰ ਇਹ ਕਹਿਣ ਵਿਚ ਅਫਸੋਸ ਹੈ ਕਿ ਕਈ ਹੋਰ ਖੇਡਾਂ ਵਿਚ ਜਿਸ ਤਰ੍ਹਾਂ ਸ਼ਾਟ ਪੁੱਟਸ ਵਗੈਰਾ ਹਨ ਇਨ੍ਹਾਂ ਵਿਚ ਬਹੁਤ ਪਿੱਛੇ ਹਾਂ। ਲੇਕਿਨ ਸਮੇਂ ਸਿਰ ਟੇਲੰਟ ਨੂੰ ਕਾਬੂ ਕਰਕੇ ਟਰੇਨਿੰਗ ਦੇਣ ਦੀ ਜ਼ਰੂਰਤ ਹੈ। ਪਹਿਲੀ ਦੂਸਰੀ ਜਮਾਤ ਤੋਂ ਹੀ ਇਹ ਟਰੇਨਿੰਗ ਦੇਣੀ ਸ਼ੁਰੂ ਕਰਨੀ ਚਾਹੀਦੀ ਹੈ। ਸਾਡੇ ਡਾਇਰੈਕਟਰ ਸਪੋਰਟਸ ਬੜੇ ਟੇਲੰਟਡ ਆਦਮੀ ਹਨ ਅਤੇ ਪੁਰਾਣੇ ਹਾਕੀ ਦੇ ਪਲੇਅਰ ਹਨ। ਸਪੀਕਰ ਸਾਹਿਬ, ਢਿੱਲੋਂ ਸਾਹਿਬ ਨੇ ਇਥੇ ਬਹੁਤ ਹੀ ਅੰਕੜੇ ਦਿੱਤੇ ਹਨ। ਇਸ ਲਈ ਇਨ੍ਹਾਂ ਆਂਕੜਿਆਂ ਨੂੰ ਦੁਬਾਰਾ ਇਥੇ ਦੁਹਰਾਉਣ ਦੀ ਲੋੜ ਨਹੀਂ। ਮੈਡੀਕਲ ਅਤੇ ਹੈਲਥ ਦੇ ਸਿਲਸਲੇ ਵਿਚ ਵੀ ਬੜੀ ਭਾਰੀ ਤਰੱਕੀ ਹੋਈ ਹੈ। ਅੱਜ ਤੁਸੀਂ ਜਾ ਕੇ ਵੇਖੋ, ਹਸਪਤਾਲਾਂ ਵਿਚ ਮਰੀਜ਼ਾਂ ਦੀ ਬੜੀ ਭਾਰੀ ਭੀੜ ਹੁੰਦੀ ਹੈ। ਮੈਡੀਕਲ ਮੰਥਨ ਹੋਏ ਹਨ। ਇਸ ਵਿਚ ਹਰ ਬੀਮਾਰੀ ਟੈਸਟ ਕੀਤੀ ਗਈ ਹੈ। ਅੱਖਾਂ ਟੈਸਟ ਕੀਤੀਆਂ ਗਈਆਂ ਹਨ। ਮੈਂ ਹੈਲਥ ਮਨਿਸਟਰ ਸਾਹਿਬ ਨੂੰ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜਿਹੜਾ ਕੋਈ ਵੀ ਮੰਥਨ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੇਅੰਤ ਸਿੰਘ]

ਹੁੰਦਾ ਹੈ ਉਸ ਨੂੰ ਹੋਰ ਮੇਨਟੇਨ ਕਰਨਾ ਚਾਹੀਦਾ ਹੈ। ਜਿਹੜੀ ਬੀਮਾਰੀ ਪਕੜੀ ਜਾਂਦੀ ਹੈ ਉਸ ਨੂੰ ਦੁਬਾਰਾ ਚੈਕ-ਅਪ ਕਰਨਾ ਚਾਹੀਦਾ ਹੈ ਤਾਕਿ ਪਤਾ ਲੱਗ ਸਕੇ ਕਿ ਕੀ ਇੰਪਰੂਵਮੈਂਟ ਹੋਈ (ਘੰਟੀ) ਇਹ ਸਾਰੀਆਂ ਗੱਲਾਂ ਦੀ ਸਾਨੂੰ ਮੈਡੀਕਲ ਚੈਕ-ਅੱਪ ਕਰਨੀ ਚਾਹੀਦੀ ਹੈ। ਜਿਹੜੇ ਥੋੜੀ ਇਨਕਮ ਵਾਲੇ ਹਨ ਉਨ੍ਹਾਂ ਦੀ ਸਾਡੀ ਸਰਕਾਰ ਨੇ ਕਾਫੀ ਮੱਦਦ ਕੀਤੀ ਹੈ। ਜਿਹੜੇ ਆਦਮੀ ਗਰੀਬ ਹਨ ਉਨ੍ਹਾਂ ਦੀ ਆਈ ਸਾਈਟ ਕਮਜ਼ੋਰ ਹੋ ਜਾਂਦੀ ਹੈ। ਮੈਂ ਸਮਝਦਾ ਹਾਂ ਕਿ ਕਿਸੇ ਏਜ ਤੋਂ ਬਾਅਦ ਉਨ੍ਹਾਂ ਨੂੰ ਨਜ਼ਰਾਂ ਦੀਆਂ ਐਨਕਾਂ ਮੁਫਤ ਸਰਕਾਰ ਨੂੰ ਦੇਣੀਆਂ ਚਾਹੀਦੀਆਂ ਹਨ। ਇਨ੍ਹਾਂ ਨੂੰ ਫੈਮਿਲੀ ਪਲਾਨਿੰਗ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ......

*(The Hon. Member was still on his legs)*

**Mr. Speaker :** The House stands adjourned till 9.00 A.M. on Tuesday, the 3rd February, 1976.

---

6. 0 p.m.

*(The Sabha then adjourned till 9.00 A.M. on Tuesday, the 3rd February, 1976.)*

---

1865—24-7-73—233 ਪੰਜਾਬ ਸਰਕਾਰੀ ਪਰੈਸ, ਪਟਿਆਲਾ।

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

C... Re...rter
P...jab ... Sabha
Chandigarh

©

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

*Original with:*
Punjab Vidhan Sabha
*Digitized by:*
Panjab Digital Library

B-18285

Original with;
Punjab Vidhan Sabha
Digitized by
Panjab Digital Library

Original with;
Punjab Vidhan Sabha
Digitized by;
Panjab Digital Library